ਆਤਮ ਮਾਰਗ ਪਬਲੀਕੇਸ਼ਨ

# ਬਾਤ ਅਗੰਮ ਕੀ





ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਵ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥

ਕਰਤਾ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

# ਬਾਤ ਅਗੰਮ ਕੀ ਭਾਗ (1)

# ਕੁਝ ਜਾਨਣ ਲਈ

'ਆਤਮ ਮਾਰਗ' ਦਾ ਪਹਿਲਾ ਅੰਕ ਅਪ੍ਰੈਲ 1995 ਵਿਚ ਪ੍ਰਕਾਸ਼ਿਤ ਹੋਇਆ, ਇਸਦੀ ਹਰਮਨ ਪਿਆਰਤਾ ਹਰ ਮਹੀਨੇ ਵਧਦੀ ਹੀ ਗਈ ਅਤੇ ਜੂਨ ਤਕ ਇਸ ਦੀ ਛਪਾਈ 25000 ਹਜ਼ਾਰ ਮੈਗਜ਼ੀਨ ਦੀ ਗਿਣਤੀ ਤਕ ਪਹੁੰਚ ਗਈ। ਇਸ ਦੇ ਅਧਿਆਤਮਕਵਾਦੀ ਲੇਖਾਂ ਨੂੰ ਪੜ੍ਹ ਕੇ ਸੂਝਵਾਨ ਵਿਅਕਤੀਆਂ ਦੀਆਂ ਪਤਰਕਾਵਾਂ ਆਉਂਦੀਆਂ ਰਹਿੰਦੀਆਂ ਹਨ ਜਿਸ ਵਿਚ ਅਜਿਹੇ ਪ੍ਰਸੰਸਾ ਭਰੇ ਸ਼ਬਦ ਅੰਕਿਤ ਹੋਇਆ ਕਰਦੇ ਹਨ ਕਿ ਅਸੀਂ ਉਨ੍ਹਾਂ ਦੀ ਸੂਝ ਦੀ ਪੂਰੀ ਤਰ੍ਹਾਂ ਕਦਰ ਕਰਦੇ ਹਾਂ। ਬਹੁਤ ਸਾਰੇ ਪ੍ਰੇਮੀਆਂ ਦਾ ਤਾਂ ਇਹ ਖਿਆਲ ਹੈ ਕਿ ਇਹ ਮੈਗਜ਼ੀਨ ਬਹੁਤ ਹੀ ਢੁਕਵੇਂ ਸਮੇਂ ਵਿਚ ਪ੍ਰਕਾਸ਼ਿਤ ਹੋਇਆ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਹੀ ਗਹਿਰੇ ਸਿਧਾਂਤਾਂ ਨੂੰ ਉਪਰਲੀਆਂ ਪੇਤਲੀਆਂ ਪਰਤਾਂ ਤਕ ਹੀ ਸੀਮਤ ਕਰਕੇ ਇਹ ਦਾਵਾ ਕੀਤਾ ਜਾਂਦਾ ਹੈ ਕਿ ਅਸੀਂ ਗੁਰਮਤਿ ਸਿਧਾਂਤ ਦਾ ਪ੍ਰਚਾਰ ਕਰ ਰਹੇ ਹਾਂ ਪਰ ਇਹ ਗੱਲਾਂ ਪਹਿਲੀ ਦੂਜੀ ਜਮਾਤ ਦੇ ਵਿਦਿਆਰਥੀਆਂ ਦੀ ਸੂਝ ਤੋਂ ਉਤਾਂਹ ਨਹੀਂ ਜਾਂਦੀਆਂ ਅਤੇ ਅੰਦਰਲੀ ਸ਼ਾਂਤੀ ਦੀ ਗਹਿਰੀ ਪੜਤ ਤਕ ਲੋਚਦੀਆਂ ਰੂਹਾਂ ਨੂੰ ਕੁਝ ਢਾਰਸ ਨਹੀਂ ਮਿਲਦੀ ਕੇਵਲ ਕਕਾਰਾਂ ਦੇ ਪਹਿਨਣ, ਨਿਤਨੇਮ ਦੀਆਂ ਬਾਣੀਆਂ, ਖਾਣ ਪੀਣ ਅੰਮ੍ਰਿਤ ਬਾਰੇ ਹੀ ਪੁਛਾਂ ਪੁਛਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਵਿਸ਼ਵ ਨੂੰ ਮਾਰਗ ਪ੍ਰਦਰਸ਼ਨ ਕਰਦੇ ਸਿਧਾਂਤਾਂ ਤੋਂ ਖਾਲੀ ਹੀ ਰਿਹਾ ਜਾਂਦਾ ਹੈ। ਇਸ 'ਆਤਮ ਮਾਰਗ' ਮੈਗਜ਼ੀਨ ਵਿਚ ਪੂਰਨ ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਦਰਜ ਕੀਤੇ ਜਾਂਦੇ ਹਨ। ਜੋ ਸ਼ੌਂਕ ਵਾਲੇ ਰੂਹਾਨੀ ਪ੍ਰਚਾਰਕਾਂ, ਜਗਿਆਸੂਆਂ, ਸਾਧੂਆਂ, ਸੰਤਾਂ, ਨਵੇਂ ਕੀਰਤਨੀਆਂ ਨੂੰ ਵਿਆਖਿਆ ਲਈ ਹੀਰੇ ਰਤਨਾਂ ਵਰਗੇ ਬਚਨਾਂ ਦੀ ਪ੍ਰਾਪਤੀ ਹੁੰਦੀ ਹੈ।

ਮੈਗਜ਼ੀਨ ਹਰ ਮਹੀਨੇ ਛਪਦਾ ਹੈ ਬਹੁਤ ਸਾਰੇ ਪ੍ਰੇਮੀਆਂ ਤੋਂ ਉਨ੍ਹਾਂ ਦੇ ਦੋਸਤ-ਮਿਤਰ ਮੈਗਜ਼ੀਨ ਲੈ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਕਿਸੇ ਬਚਨ ਨੂੰ ਸਰੋਤਿਆਂ ਨਾਲ ਸਾਂਝੇ ਕਰਨ ਦਾ ਸਮਾਂ ਪ੍ਰਾਪਤ ਹੁੰਦਾ ਹੈ ਤਾਂ ਅਸਲੀ ਚੀਜ਼ ਸਾਹਮਣੇ ਨਾ ਹੋਣ ਕਰਕੇ ਕਈ ਵਾਰੀ ਅਸ਼ੁਧ ਸਿਧਾਂਤ ਪ੍ਰਗਟ ਕੀਤੇ ਜਾਂਦੇ ਹਨ।

ਪਾਠਕਾਂ ਦੀ ਸਹੂਲੀਅਤ ਵਾਸਤੇ ਅਸੀਂ ਉਹ ਬਚਨ ਲੜੀਬੱਧ ਕਰਕੇ ਇਕ ਪੁਸਤਕ ਦੇ ਰੂਪ ਵਿਚ ਛਾਪ ਰਹੇ ਹਾਂ ਤਾਂ ਕਿ ਲੋੜ ਵੇਲੇ ਉਨ੍ਹਾਂ ਨੂੰ ਮੈਗਜ਼ੀਨਾਂ ਦੀ ਫੋਲਾ-ਫਾਲੀ ਨਾ ਕਰਨੀ ਪਵੇ। ਇਕ ਔਕੜ ਸਾਡੇ ਸਾਹਮਣੇ ਇਹ ਵੀ ਹੈ ਕਿ ਜੋ ਪ੍ਰੇਮੀ ਇਸ ਮੈਗਜ਼ੀਨ ਦੇ ਪੱਕੇ ਗਾਹਕ ਹੁਣ ਬਣ ਰਹੇ ਹਨ ਉਹ ਪਿਛਲੇ ਮੈਗਜ਼ੀਨ ਲੜੀ ਜੋੜਨ ਲਈ ਅਸਾਡੇ ਤੋਂ ਮੰਗਦੇ ਰਹਿੰਦੇ ਹਨ। ਅਸਾਨੂੰ ਐਨੀ ਤੀਬਰ ਜਗਿਆਸਾ ਦਾ ਅਨੁਮਾਨ ਨਾ ਹੋਣ ਕਰਕੇ ਇਨ੍ਹਾਂ ਲੋੜਾਂ ਦਾ ਕੋਈ ਧਿਆਨ ਨਹੀਂ ਸੀ। ਬਹੁਤ ਸਾਰੇ ਪਿਛਲੇ ਮੈਗਜ਼ੀਨ ਸਾਡੇ ਸਟਾਕ ਵਿਚ ਖਤਮ ਹੋ ਚੁਕੇ ਹਨ ਅਤੇ office copy ਮਿਲਣੀ ਵੀ ਔਖੀ ਹੈ। ਇਸ ਕਰਕੇ ਇਹ ਪੁਸਤਕ ਇਸ ਘਾਟ ਨੂੰ ਪੂਰੀ ਤਰ੍ਹਾਂ ਪੂਰਾ ਕਰੇਗੀ। ਇਸ ਪੁਸਤਕ ਵਿਚ ਗਹਿਰੇ ਅਧਿਆਤਮਵਾਦ ਨੂੰ ਪੂਰਨ ਮਹਾਂਪੁਰਸ਼ਾਂ ਰਾਹੀਂ ਅੱਖਰੀ ਵਸਤਰ ਪਹਿਨਾਉਣ ਕਰਕੇ ਰੂਪਮਾਨ ਕੀਤਾ ਗਿਆ ਹੈ ਅਤੇ ਅਗੰਮ

ਦੀ ਵਾਰਤਾ ਅੱਖਰਾਂ ਦੇ ਰੂਪ ਵਿਚ ਪ੍ਰਗਟ ਹੋਈ ਹੈ। ਵਾਹਿਗੁਰੂ ਜੀ ਅਗੰਮਤਾ ਦੇ ਦਾਇਰੇ ਤੋਂ ਅਛੋਹ ਹੋਣ ਕਰਕੇ ਅਗੰਮ ਕਹਾਉਂਦੇ ਹਨ ਇਸ ਕਰਕੇ ਉਸ ਅਗੰਮ ਦੀ ਇਕ ਗੱਲ ਕੀਤੀ ਜਾ ਰਹੀ ਹੈ ਇਸ ਕਰਕੇ ਇਸਦਾ ਨਾਮ 'ਬਾਤ ਅਗੰਮ ਕੀ' ਰਖਿਆ ਗਿਆ ਹੈ। ਅਸੀਂ 'ਆਤਮ ਮਾਰਗ' ਸੰਸਥਾ ਵਲੋਂ ਪੂਰਨ ਆਸ ਕਰਦੇ ਹਾਂ ਕਿ ਇਹ ਪੁਸਤਕ ਖੋਜੀ ਪੁਰਸ਼ਾਂ ਨੂੰ ਬਹੁਤ ਸਹੂਲਤ ਦੇਵੇਗੀ। ਆਪਣੇ ਪੱਕੇ ਗਾਹਕਾਂ ਨੂੰ ਅਸੀਂ ਬਿਨਾਂ ਮੋਖ ਤੋਂ ਭੇਜ ਰਹੇ ਹਾਂ ਦੂਸਰਿਆਂ ਤੋਂ ਕੇਵਲ ਖਰਚ ਮਾਤਰ 20 ਰੁਪਏ ਫੀ ਕਾਪੀ ਕੀਮਤ ਰੱਖੀ ਹੈ। ਇਸ ਪੁਸਤਕ ਮਾਲਾ ਦੀਆਂ ਲੜੀਆਂ ਹਰ ਤਿੰਨ ਮਹੀਨੇ ਪਿਛੋਂ ਛਪਦੀਆਂ ਰਹਿਣਗੀਆਂ ਅਤੇ ਪਾਠਕਾਂ ਦੇ ਪਾਸ ਪੁਜਣਗੀਆਂ। ਆਸ ਹੈ ਕਿ ਅਸਾਡਾ ਪਾਠਕ ਪ੍ਰਵਾਰ ਇਸ ਨਿਗੁਣੇ ਜਤਨ ਦੀ ਕਦਰ ਕਰੇਗਾ।

ਬਹੁਤ ਸਾਰੇ ਪ੍ਰੇਮੀ ਪੰਜਾਬ ਤੋਂ ਬਾਹਰ ਰਹਿਣ ਕਰਕੇ ਲੰਬੇ ਸਮੇਂ ਤੋਂ ਪੰਜਾਬੀ ਦੀ ਜਾਣਕਾਰੀ ਤੋਂ ਵਾਂਝੇ ਰਹਿ ਰਹੇ ਹਨ ਕਿਉਂਕਿ ਸਕੂਲਾਂ ਵਿਚ ਪੰਜਾਬੀ ਘੱਟ ਪੜ੍ਹਾਈ ਜਾ ਰਹੀ ਹੈ ਅਤੇ ਹਿੰਦੀ National Language ਹੋਣ ਕਰਕੇ ਹਰ ਸੂਬੇ ਵਿਚ ਪੜ੍ਹਾਈ ਜਾਂਦੀ ਹੈ। ਸਾਡਾ ਭਵਿੱਖ ਕਾਲ ਦਾ ਵਿਰਸਾ ਪੰਜਾਬੀ ਤੋਂ ਦੂਰ ਰਹਿ ਜਾਣ ਕਰਕੇ ਆਪਣੇ ਮੂਲ ਨਾਲੋਂ ਵਿਛੜਦਾ ਜਾ ਰਿਹਾ ਹੈ। ਇਸ ਕਰਕੇ ਉਨ੍ਹਾਂ ਬੱਚਿਆਂ ਲਈ ਜਿਹੜੇ ਹਿੰਦੀ/ਇੰਗਲਿਸ਼ ਹੀ ਜਾਣਦੇ ਹਨ, ਉਨ੍ਹਾਂ ਲਈ 'ਆਤਮ ਮਾਰਗ' ਫਰਵਰੀ, 1996 ਤੋਂ ਹਿੰਦੀ ਵਿਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋ ਗਿਆ ਹੈ। ਸਾਨੂੰ ਆਪਣੇ ਮੈਂਬਰਾਂ ਦੀ ਤੀਬਰ ਜਗਿਆਸਾ ਦਾ ਪਤਾ ਫਰਵਰੀ, 1996 ਵਿਚ ਹੀ ਲੱਗਿਆ ਜਦੋਂ ਇਹ ਮੈਗਜ਼ੀਨ ਹਿੰਦੀ ਵਿਚ ਛਪ ਕੇ 5000 ਦੀ ਗਿਣਤੀ ਵਿਚ ਹੱਥੋ-ਹਥੀ ਖ਼ਤਮ ਹੋ ਗਿਆ। ਇਕ ਮਹੀਨੇ ਵਿਚ ਹੀ ਹਰਿਆਣਾ, ਯੂ.ਪੀ., ਮੱਧ ਪ੍ਰਦੇਸ਼, ਬੰਗਾਲ, ਮਹਾਰਾਸ਼ਟਰ, ਬਿਹਾਰ, ਕਲਕੱਤਾ ਤੋਂ ਹੁੰਦਾ Bombay ਤੱਕ, ਵਿਚ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਗਿਆ। ਆਸ ਹੈ ਇਹ ਵੀ ਆਪਣੇ ਮੈਂਬਰ ਪਾਠਕਾਂ ਦੇ ਸਹਿਯੋਗ ਨਾਲ ਛੇਤੀਂ ਹੀ 10000 ਤੋਂ ਵੱਧ ਛਪਣ ਲੱਗ ਜਾਵੇਗਾ ਅਤੇ ਉਨ੍ਹਾਂ ਪਾਠਕਾਂ ਵਾਸਤੇ ਵੀ 'ਬਾਤ ਅਗੰਮ ਕੀ' ਪੁਸਤਕ ਸੀਰੀਜ਼ ਪੁੱਜਣੀ ਸ਼ੁਰੂ ਹੋ ਜਾਵੇਗੀ। 'ਆਤਮ ਮਾਰਗ' ਅਦਾਰਾ ਸਾਰੇ ਪਾਠਕ ਮੈਂਬਰਾਂ ਦਾ ਅਤੀ ਧੰਨਵਾਦੀ ਹੈ ਕਿ ਆਪ ਸਾਰਿਆਂ ਨੇ ਇਸ ਅਧਿਆਤਮਕ ਮੈਗਜ਼ੀਨ ਨੂੰ ਧੁਰ ਹਿਰਦਿਓਂ ਅਪਣਾਅ ਲਿਆ ਹੈ ਜਿਸਦੇ ਸਬੂਤ ਵਜੋਂ ਆਪ ਦੇ ਅਨੇਕਾਂ ਪ੍ਰਸੰਸਾ ਭਰੇ ਪੱਤਰ ਇਸ ਗੱਲ ਦੇ ਸੂਚਕ ਹਨ।

ਐਸ.ਏ.ਐਸ ਨਗਰ **ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
30-6-1996

ਬਾਨੀ, ਮੁਖੀ ਤੇ ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਸੰਤ ਬਚਨ

(ਭਾਗ ਪਹਿਲਾ)

**ਪਰਮ ਸੰਤ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਸੰਗਤਾਂ ਪ੍ਰਤੀ ਕੀਤੇ ਪ੍ਰਸ਼ਨ ਉਤਰ –**

1 ਮਈ 1961 ਤੋਂ ਪਹਿਲਾਂ ਚੰਡੀਗੜ੍ਹ ਦੀਆਂ ਸੰਗਤਾਂ ਵਿਚ ਸੰਤ ਮਹਾਰਾਜ (108 ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਚੰਡੀਗੜ੍ਹ ਪਹੁੰਚਣ ਦੀ ਉਡੀਕ ਵਿਚ ਸੰਗਤਾਂ ਦੇ ਮਨਾਂ ਵਿਚ ਬਹੁਤ ਹੀ ਉਤਸ਼ਾਹ ਸੀ ਕਿਉਂਕਿ ਇਸ ਤੋਂ ਪਹਿਲਾਂ 1960 ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19-ਸੀ, ਦੀ ਬੁਨਿਆਦ ਸੰਤ ਮਹਾਰਾਜ ਜੀ ਨੇ ਆਪਣੇ ਕਰ ਕਮਲਾਂ ਰਾਹੀਂ ਰੱਖੀ ਸੀ, ਇਸੇ ਸਾਲ 29 ਅਪ੍ਰੈਲ ਤੋਂ 5 ਮਈ ਤੱਕ 19 ਸੈਕਟਰ ਦੇ ਖੁਲ੍ਹੇ ਪੰਡਾਲ ਵਿਚ ਦੀਵਾਨ ਲਗਦੇ ਰਹੇ ਅਤੇ ਬਹੁਤ ਸਾਰੀਆਂ ਨਵੀਆਂ ਸੰਗਤਾਂ ਨੇ ਮਹਾਂਪੁਰਸ਼ਾਂ ਦੇ ਤੱਤ ਬਚਨ ਸੁਣ ਕੇ ਅਤੇ ਸੰਤ ਦਰਸ਼ਨ ਕਰਕੇ ਆਪਣੇ ਜੀਵਨ ਨੂੰ ਸਫਲਾ ਕੀਤਾ। ਪਰ ਇਕ ਗੱਲ ਦਾ ਮਨ ਵਿਚ ਬੜਾ ਖੇਦ ਰਿਹਾ ਕਿ ਜਿਸ ਕੋਠੀ ਵਿਚ ਮਹਾਰਾਜ ਜੀ ਨੂੰ ਠਹਿਰਾਇਆ ਹੋਇਆ ਸੀ, ਉਸ ਕਮਰੇ ਵਿਚ ਧੁੱਪ ਤੇ ਗਰਮੀ ਬਹੁਤ ਸੀ ਕਿਉਂਕਿ ਅਸੀਂ ਸਧਾਰਣ ਬੰਦੇ ਸੀ, ਅਸੀਂ ਏਸ ਹੋ ਰਹੀ ਨਾ-ਮੁਆਫਕਤਾ ਨੂੰ ਅਨੁਭਵ ਹੀ ਨਾ ਕਰ ਸਕੇ। ਬਾਦ ਵਿਚ ਸਾਨੂੰ ਬਹੁਤ ਪਛਤਾਵਾ ਰਿਹਾ। ਅਗਲੇ ਸਾਲ ਆਪ ਨੇ 1 ਮਈ 1961 ਤੋਂ 12 ਮਈ ਤੱਕ ਸਮਾਂ ਦੇ ਕੇ ਚੰਡੀਗੜ੍ਹ ਦਰਸ਼ਨ ਦਿਤੇ। ਇਸ ਵਾਰੀ ਆਪ ਦੀ ਰਿਹਾਇਸ਼ ਸਰਦਾਰ ਅਜਮੇਰ ਸਿੰਘ ਰੈਵਿਨਿਊ ਮਨਿਸਟਰ, ਪੰਜਾਬ ਸਰਕਾਰ, ਦੀ ਬਣੀ 10 ਸੈਕਟਰ ਦੀ ਕੋਠੀ ਵਿਚ ਰੱਖੀ। ਸੰਤ ਮਹਾਰਾਜ ਜੀ ਦੀ ਕੁਰਸੀ ਦਿਨ ਵਿਚ ਦੋ ਵਾਰੀ ਲਗਦੀ ਸੀ। ਅੰਮ੍ਰਿਤ ਵੇਲੇ ਕਰਮਚਾਰੀਆਂ ਦੇ ਦਫਤਰ ਜਾਣ ਤੋਂ ਪਹਿਲਾਂ ਲੱਗਿਆ ਕਰਦੀ ਸੀ।

ਚੰਡੀਗੜ੍ਹ ਕਿਉਂਕਿ ਨਵਾਂ ਸ਼ਹਿਰ ਬਣਿਆ ਸੀ, ਇਸ ਵਿਚ ਬਹੁਤ ਸਾਰੀਆਂ ਸੰਪਰਦਾਵਾਂ ਦੇ ਅਨੁਆਈ ਅਤੇ ਬਹੁਤ ਸਾਰੇ ਸਾਧੂਆਂ ਤੋਂ ਵਰੋਸਾਏ ਹੋਏ ਗੁਰਮੁਖ ਪਿਆਰੇ ਰਹਿੰਦੇ ਸਨ। ਉਨ੍ਹਾਂ ਨੇ 1960 ਵਿਚ ਲੱਗੇ ਦੀਵਾਨਾਂ ਸਮੇਂ ਮਹਾਂਪੁਰਸ਼ਾਂ ਦੇ ਤੱਤ ਬਚਨ ਸਰਵਣ ਕਰਕੇ ਨਿਹਚੇ ਕਰ ਲਿਆ ਸੀ ਕਿ ਆਪ ਜੀ ਪੂਰਨ ਬ੍ਰਹਮਗਿਆਨੀ, ਪੂਰਨ ਪੁਰਸ਼ ਅਤੇ ਮਹਾਨ ਅਨੁਭਵੀ ਹਨ। ਇਸ ਸਾਲ 1961 ਵਿਚ ਮਹਾਰਾਜ ਜੀ ਨਾਲ ਬਚਨ ਕਰਨ ਵਾਸਤੇ ਸਾਰੀਆਂ ਹੀ ਸੰਪਰਦਾਵਾਂ ਦੇ, ਜਿਨ੍ਹਾਂ ਵਿਚ ਰਾਧਾ ਸੁਆਮੀ, ਨਾਮਧਾਰੀ ਸੰਪਰਦਾ ਦੇ ਪ੍ਰੇਮੀ, ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਤੋਂ ਵਰੋਸਾਈ ਹੋਈ ਸੰਗਤ, ਮਸਤੂਆਣੇ ਵਾਲੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨਾਲ ਪਿਆਰ ਕਰਨ ਵਾਲੇ ਜਗਿਆਸੂ ਅਤੇ ਭਾਈ ਸਾਹਿਬ ਡਾ. ਭਾਈ ਵੀਰ ਸਿੰਘ ਜੀ ਦੀ ਵਿਦਵਤਾ ਤੋਂ ਮੋਹਿਤ ਹੋਏ ਹੋਏ ਸੂਝਵਾਨ ਪ੍ਰੇਮੀ, ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਦੇ ਪ੍ਰੇਮੀ ਹੁੰਮ-ਹੁਮਾ ਕੇ ਸਵੇਰ ਵੇਲੇ ਦੀ ਕੁਰਸੀ ਸਮੇਂ ਨਮਸ਼ਕਾਰ ਕਰਨ ਆਉਂਦੇ ਅਤੇ ਖਾਸ ਕਰਕੇ ਸ਼ਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਵੇਲੇ ਕੁਰਸੀ ਦੇ ਸਮੇਂ ਵਿਚ ਇਕ ਘੰਟਾ ਹੋਰ ਵਾਧਾ ਹੋਣ ਕਰਕੇ ਬਹੁਤ ਬਚਨ ਮਹਾਂਪੁਰਸ਼ਾਂ ਤੋਂ ਪੁੱਛੇ ਜਾਂਦੇ। ਆਮ ਤੌਰ ਤੇ ਪ੍ਰਸ਼ਨ ਕਰਤਾ, ਮੈਨੂੰ ਹੀ ਆਪਣਾ ਪ੍ਰਸ਼ਨ ਦੱਸ ਕੇ ਉਸ ਦੇ ਸਮਾਧਾਨ ਦੀ ਯਾਚਨਾ ਕਰਦਾ। ਸੋ ਮਹਾਂਪੁਰਸ਼ਾਂ ਤੋਂ ਪੁੱਛੇ ਬਚਨਾਂ ਨੂੰ ਇਸ ਲੇਖ ਵਿਚ ਅੰਕਿਤ ਕਰਨ ਦਾ ਜਤਨ ਕੀਤਾ ਗਿਆ ਹੈ।

ਪ੍ਰਸ਼ਨ – **ਮਹਾਰਾਜ ਜੀ! ਕੱਲ ਦੇ ਦੀਵਾਨ ਵਿਚ ਆਪ ਨੇ ਪੰਜ ਕਲੇਸ਼ਾਂ ਦਾ ਜ਼ਿਕਰ ਕੀਤਾ ਸੀ। ਇਹ ਸੰਗਤ ਬੇਨਤੀ ਕਰਦੀ ਹੈ ਕਿ ਆਪ ਕ੍ਰਿਪਾ ਕਰਕੇ ਇਨ੍ਹਾਂ ਕਲੇਸ਼ਾਂ ਬਾਰੇ ਦੱਸ ਕੇ ਸੰਗਤ ਨੂੰ ਪ੍ਰਕਾਸ਼ ਬਖਸ਼ੋ?**

ਉਤਰ – ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਕਲੇਸ਼ਾਂ ਦੀ ਕੋਈ ਗਿਣਤੀ ਤਾਂ ਨਹੀਂ ਦਿਤੀ, ਪਰ ਅਨੇਕ ਥਾਂਈਂ ਕਲੇਸ਼ਾਂ ਦਾ ਜ਼ਿਕਰ ਕੀਤਾ ਪਰ ਪਾਤੰਜਲ ਰਿਸ਼ੀ ਜੀ ਨੇ ਆਪਣੇ ਯੋਗ ਸ਼ਾਸ਼ਤਰ

ਵਿਚ ਕਲੇਸ਼ਾਂ ਦੀ ਗਿਣਤੀ ਦੇ ਕੇ ਇਨ੍ਹਾਂ ਨੂੰ ਪੰਜ ਕਲੇਸ਼ਾਂ ਵਿਚ ਨਿਰਣੇ ਕੀਤਾ ਹੈ।

ਮਾਨਸ ਸਰੀਰ ਪ੍ਰਕ੍ਰਿਤਕ ਸੰਸਾਰ ਵਿਚ ਸਭ ਤੋਂ ਉਤਮ ਸਰੀਰ ਹੈ। ਇਸ ਰਾਹੀਂ ਆਤਮ ਸ਼ਾਖਸ਼ਾਤ ਕਰਕੇ, ਪ੍ਰਭੂ ਪ੍ਰਾਪਤੀ ਪਰਮ ਮਨੋਰਥ ਹੈ। ਨਿਰੰਤਰ ਆਤਮ ਅਭਿਆਸ ਰਾਹੀਂ ਅਸੀਂ ਮਨੋਰਥ ਪ੍ਰਾਪਤੀ ਦਾ ਜਤਨ ਕਰਨਾ ਹੈ ਜਿਸ ਲਈ ਸਭ ਤੋਂ ਵੱਧ ਮਨ ਦੀ ਇਕਾਗਰਤਾ, ਚਿੱਤ ਦੀ ਸਾਵਧਾਨੀ ਅਤੀ ਆਵੱਸ਼ਕ ਹੈ। ਸੰਸਾਰ ਦਾ ਇਕ ਅਸਲੀ ਸਰੂਪ ਹੈ ਜਿਸਨੂੰ ਨਿਸ਼ਚੇ-ਪੂਰਵਕ ਜਾਣ ਲੈਣ ਕਰਕੇ ਇਹ ਪ੍ਰਮੇਸ਼ਰ ਰੂਪ ਪ੍ਰਤੀਤ ਦਿੰਦਾ ਹੈ ਜੋ ਸਤਯ ਅਵਸਥਾ ਹੈ, ਪਰਮ ਆਨੰਦ ਹੈ। ਦੂਜਾ ਸਰੂਪ ਇਸਦੇ ਵਿਪਰੀਤ ਹੈ - ਇਹੋ ਸੰਸਾਰ ਦੁਖਾਂ ਦਾ ਘਰ, ਬੇਚੈਨੀ, ਹੌਕੇ-ਹਾਵਿਆਂ, ਵੈਰ-ਵਿਰੋਧਾਂ, ਹਾਣ-ਲਾਭ ਦਾ ਦੇਣਹਾਰ, ਜ਼ਹਿਰ ਭਰਿਆ ਪ੍ਰਤੀਤ ਦਿੰਦਾ ਹੈ।

ਪੰਜ ਗਿਆਨ ਇੰਦ੍ਰੀਆਂ ਰਾਹੀਂ ਅਸਾਨੂੰ ਸੰਸਾਰ ਦਾ ਗਿਆਨ ਹੁੰਦਾ ਹੈ ਜੋ ਪੰਜ ਸੂਖਮ ਭੂਤਾਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਦਾ ਪ੍ਰਭਾਵ ਕਬੂਲਦੀਆਂ ਸੁਖ-ਦੁਖ, ਹਰਖ-ਸੋਗ ਆਦਿ ਮਹਿਸੂਸ ਕਰਾਉਂਦੀਆਂ ਹਨ। ਪੰਜ ਪ੍ਰਾਣ (ਪ੍ਰਾਣ, ਉਪਾਨ, ਓਦਾਨ, ਬਿਆਨ, ਸੁਮਾਨ) ਸਰੀਰ ਦੀ ਕ੍ਰਿਆ ਆਪੋ ਆਪਣੇ ਧਰਮਾਂ ਅਨੁਸਾਰ ਨਿਭਾਉਂਦੇ ਹਨ। ਮਨ, ਬੁੱਧੀ ਅਤੇ ਅਹੰਭਾਵ ਕਰਕੇ ਚੇਤਨ ਆਤਮਾ ਆਪਣੇ ਅਸਲੀ ਸਰੂਪ ਦੀ ਥਾਂ ਜੀਵ ਆਤਮਾ ਪ੍ਰਤੀਤ ਦੇਣ ਲਗ ਜਾਂਦੀ ਹੈ ਅਤੇ ਅਹੰਭਾਵ ਅਧੀਨ ਕਰਮ ਕਰਕੇ ਹਉਂ ਧਾਰਦੀ ਹੈ ਅਤੇ ਕਰਮ ਜਾਲ ਵਿਚ ਫਸ ਕੇ ਜੰਮਣ-ਮਰਣ ਦੇ ਚੱਕਰ ਵਿਚ ਪੈ ਕੇ, ਪਰਮ ਦੁਖ ਮਹਿਸੂਸ ਕਰਦੀ ਹੈ। ਇਹ ਦੁਖ ਦੂਰ ਕਰਕੇ, ਪਰਮ ਆਨੰਦ ਆਪਣੀ ਸਤਿ ਤੇ ਚਿਤ ਅਵਸਥਾ ਪ੍ਰਾਪਤ ਕਰਨੀ ਜ਼ਰੂਰੀ ਹੈ ਜਿਸ ਲਈ ਚਿਤ ਦੀ ਇਕਾਗਰਤਾ ਅਤਿ ਜ਼ਰੂਰੀ ਹੈ ਪਰ ਗਿਆਨ ਇੰਦ੍ਰੀਆਂ ਅਤੇ ਅੰਤਸ਼ਕਰਣ ਰਾਹੀਂ ਪਏ ਅਨੰਤ ਪ੍ਰਭਾਵ, ਚਿਤ ਇਕਾਗਰ ਨਹੀਂ ਹੋਣ ਦਿੰਦੇ। ਇਸ ਮੰਤਵ ਦੀ ਪ੍ਰਾਪਤੀ ਵਾਸਤੇ ਦ੍ਰਿੜ੍ਹ ਅਭਿਆਸ ਕਰਨਾ ਪੈਂਦਾ ਹੈ। ਆਤਮ ਗਿਆਨ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਜੋ ਰੁਕਾਵਟਾਂ ਪੈਂਦੀਆਂ ਹਨ, ਉਨ੍ਹਾਂ ਨੂੰ ਕਲੇਸ਼ ਕਿਹਾ ਜਾਂਦਾ ਹੈ ਜੋ ਸ਼ਾਸ਼ਤਰਕਾਰਾਂ ਨੇ ਪੰਜ ਰੂਪਾਂ ਵਿਚ ਵੰਡੇ ਹਨ।

ਇਹ ਪੰਜ ਪ੍ਰਕਾਰ ਦੇ ਕਲੇਸ਼ ਇਸ ਜੀਵਨ ਪ੍ਰਵਾਹ ਰੂਪ ਨਦੀ ਵਿਚ ਪੰਜ ਜ਼ਹਿਰੀਲੇ ਸਰੋਤਾਂ ਰੂਪ, ਪੰਜ ਗਿਆਨ ਇੰਦ੍ਰੀਆਂ ਰਾਹੀਂ ਹਰ ਜੀਵਨ ਉਪਰ ਮਾਰੂ ਅਸਰ ਕਰ ਰਹੇ ਹਨ। ਜਦੋਂ ਤਾਈਂ ਇਨ੍ਹਾਂ ਕਲੇਸ਼ਾਂ ਦੀ ਨਵਿਰਤੀ ਨਹੀਂ ਹੋ ਜਾਂਦੀ, ਆਪਣਾ ਲਖਸ਼ ਪ੍ਰਾਪਤ ਹੋਣਾ ਅਸੰਭਵ ਹੈ। ਇਨ੍ਹਾਂ ਦੇ ਨਾਮ ਹਨ - ਅਵਿਦਿਆ, ਅਸਿਮਤਾ, ਰਾਗ, ਦ੍ਵੈਖ ਅਤੇ ਅਭਿਨਿਵੇਸ਼।

1. **ਅਵਿਦਿਆ ਕਲੇਸ਼** - ਅਨਿਤ ਵਿਚ ਨਿਤ, ਅਪਵਿਤ੍ਰ ਵਿਚ ਪਵਿਤ੍ਰ, ਦੁਖ ਵਿਚ ਸੁਖ, ਅਤੇ ਅਨਾਤਮ ਵਿਚ ਆਤਮਾ ਦਾ ਗਿਆਨ ਅਵਿਦਿਆ ਕਿਹਾ ਜਾਂਦਾ ਹੈ। ਜਿਸਦਾ ਜੋ ਧਰਮ ਨਹੀਂ ਹੈ, ਉਸ ਵਿਚ ਓਹੋ ਧਰਮ ਮੰਨ ਲੈਣਾ ਅਵਿਦਿਆ ਹੈ। ਇਹ ਸੰਪੂਰਨ ਜਗਤ ਅਤੇ ਇਸਦੀ ਸੰਪਤੀ ਅਨਿਤ ਹੈ ਅਤੇ ਨਾਸ਼ਮਾਨ ਹੈ। ਇਸਨੂੰ ਨਾਸ਼ਮਾਨ ਨ ਸਮਝਣਾ ਅਵਿਦਿਆ ਹੈ।

ਸਰੀਰ ਕਫ, ਲਹੂ, ਮਲ ਮੂਤਰ ਅਤੇ ਅਨੇਕਾਂ ਮੈਲਾਂ ਕਰਕੇ ਅਪਵਿਤ੍ਰ ਹੈ - ਇਸਨੂੰ ਪਵਿਤ੍ਰ ਮੰਨ ਲੈਣਾ; ਅਤੇ ਅਧਰਮ, ਪਾਪ, ਹਿੰਸਾ ਦਾ ਭਰਿਆ ਹੋਇਆ ਅੰਤਸ਼ਕਰਣ ਅਪਵਿਤ੍ਰ ਹੈ - ਇਸ ਸਰੀਰ ਨੂੰ ਪਵਿਤ੍ਰ ਮੰਨਣਾ; ਸੰਸਾਰ ਦੇ ਸਾਰੇ ਵਿਸ਼ੇ ਦੁਖਾਂ ਨਾਲ ਭਰੇ ਹੋਏ ਹਨ - ਉਨ੍ਹਾਂ ਵਿਚ ਸੁਖ ਮੰਨਣਾ, ਇਸੇ ਤਰ੍ਹਾਂ ਅਨਾਤਮ ਵਿਚ ਆਤਮ ਗਿਆਨ। ਇੰਦ੍ਰੀਆਂ, ਸਰੀਰ ਅਤੇ ਮਨ, ਚਿਤ, ਬੁਧ ਆਦਿ ਜੋ ਜੜ੍ਹ ਰੂਪ ਹਨ - ਇਨ੍ਹਾਂ ਨੂੰ ਆਤਮਾ ਮੰਨਣਾ, ਇਹ ਅਵਿਦਿਆ ਹੈ।

ਤਿੰਨਾਂ ਗੁਣਾਂ ਦਾ ਕੁਦਰਤੀ ਸੁਭਾਵ ਛਿਨ-ਛਿਨ ਕਰਕੇ ਬਦਲਦੇ ਰਹਿਣਾ ਹੈ। ਮਨੁਖੀ ਚਿਤ, ਤਿੰਨ ਗੁਣਾਂ ਸਹਿਤ ਜੜ੍ਹ ਹੈ ਜਿਸ ਵਿਚ ਈਸ਼ਵਰੀ ਚਿਤ ਦਾ ਪ੍ਰਤੀਬਿੰਬ ਪੈਣ ਕਰਕੇ ਵਖਰਾ-ਪਨ ਦਾ ਅਹਿਸਾਸ ਹੋ ਰਿਹਾ ਹੈ,

ਅਵਿਦਿਆ ਕਰਕੇ ਆਤਮਾ ਤੇ ਜੀਵ-ਆਤਮਾ ਭਿੰਨ-ਭਿੰਨ ਪ੍ਰਤੀਤ ਹੋ ਰਹੇ ਹਨ ਜਿਵੇਂ ਲੱਖਾਂ ਪਾਣੀ ਦੇ ਬਰਤਨਾਂ ਵਿਚ ਇਕੋ ਚੰਦਰਮਾਂ ਦਾ ਪ੍ਰਤੀਬਿੰਬ ਪੈਣ ਕਰਕੇ ਹਰ ਬਰਤਨ ਵਿਚ ਅਨੇਕਤਾ ਦਾ ਪ੍ਰਭਾਵ ਪੈ ਰਿਹਾ ਹੈ ਅਤੇ ਜੜ੍ਹ ਚਿਤ ਅਤੇ ਚੇਤਨ ਪੁਰਸ਼ ਵਿਚ, ਭੇਦ ਗਿਆਨ ਦਾ ਹੋ ਜਾਣਾ, ਅਸਿਮਤਾ ਕਲੇਸ਼ ਉਤਪੰਨ ਕਰਦਾ ਹੈ।

2. **ਅਸਿਮਤਾ ਕਲੇਸ਼** - ਪੁਰਸ਼ ਦ੍ਰਿਸ਼ਟਾ ਹੈ, ਚਿਤ ਦਿਖਾਉਣ ਵਾਲਾ ਉਸਦਾ ਇਕ ਕਰਣ ਹੈ, ਆਤਮਾ ਚੇਤਨ ਹੈ, ਚਿਤ ਜੜ੍ਹ ਹੈ। ਆਤਮਾ ਕ੍ਰਿਆ ਰਹਿਤ ਹੈ, ਚਿਤ ਕ੍ਰਿਆਸ਼ੀਲ ਹੈ ਆਤਮ ਕੇਵਲ ਹੈ ਚਿਤ ਤਿੰਨਾਂ ਗੁਣਾਂ - ਰਜੋ, ਤਮੋ, ਸਤੋ ਸਹਿਤ ਹੈ। ਆਤਮਾ ਵਿਚ ਕੋਈ ਬਦਲੀ ਨਹੀਂ, ਚਿਤ ਪ੍ਰਣਾਮਸ਼ੀਲ ਹੈ - ਛਿਨ-ਛਿਨ ਬਦਲਦਾ ਹੈ। ਆਤਮਾ ਸੁਆਮੀ ਹੈ, ਚਿਤ ਉਸਦੀ ਸੰਪਤੀ ਹੈ। ਇਸ ਤਰ੍ਹਾਂ ਆਤਮਾ ਅਤੇ ਚਿਤ ਅਤਿਅੰਤ ਭਿੰਨ ਹਨ। ਅਵਿਦਿਆ ਕਰਕੇ ਦੋਹਾਂ ਪ੍ਰਤੀਕੂਲ ਗੁਣਾਂ ਕਰਕੇ ਜੜ੍ਹ ਚਿਤ ਅਤੇ ਚੇਤਨ (ਪੁਰਸ਼) ਆਤਮਾ ਵਿਚ ਅਵਿਦਿਆ ਕਰਕੇ ਭੇਦ ਦਾ ਗਿਆਨ ਨਹੀਂ ਰਹਿੰਦਾ ਅਤੇ ਬੁਧੀ ਨੂੰ ਆਤਮਾ ਕਰਕੇ ਜਾਨਣ ਲਗ ਜਾਂਦਾ ਹੈ। ਇਹ ਪ੍ਰਸਥਿਤੀ ਪੈਦਾ ਹੋ ਜਾਣੀ ਹਿਰਦੇ ਗ੍ਰੰਥੀ (ਗੰਢ) ਕਹਾਉਂਦੀ ਹੈ। ਨਿਸ਼ਚੇ ਪੂਰਵਕ ਜੜ੍ਹ ਚਿਤ ਅਤੇ ਆਤਮਾ ਨੂੰ ਇਕੋ ਜਾਣ ਲੈਣਾ ਅਸਿਮਤਾ ਕਲੇਸ਼ ਕਹਾਉਂਦਾ ਹੈ। ਚਿਤ ਦੀ ਜੜ੍ਹਤਾ ਆਤਮ ਦੀ ਚੇਤਨਤਾ ਦਾ ਪਰਤੱਖ ਗਿਆਨ ਨਿਸ਼ਚੇ ਪੂਰਵਕ ਹੋ ਜਾਣ ਨਾਲ ਇਸ ਕਲੇਸ਼ ਦਾ ਨਾਸ਼ ਹੋ ਜਾਂਦਾ ਹੈ।

3. **ਰਾਗ ਕਲੇਸ਼** - ਉਪਰ ਦੱਸੇ ਅਸਿਮਤਾ ਕਲੇਸ਼ ਦੇ ਕਾਰਨ ਮਨ, ਇੰਦ੍ਰੀਆਂ ਅਤੇ ਸਰੀਰ ਵਿਚ ਆਤਮ ਭਾਵ ਪੈਦਾ ਹੋ ਕੇ, ਸੁਖ ਦੇਣ ਵਾਲੇ ਵਿਸ਼ਿਆਂ ਵਿਚ ਰਾਗ (attachment) ਪੈਦਾ ਹੋ ਜਾਣੀ 'ਰਾਗ' ਕਹਾਉਂਦਾ ਹੈ। ਇਸ ਸੁਖ ਦੇ ਪ੍ਰਾਪਤ ਕਰਨ ਦੇ ਸਾਧਨਾਂ ਨਾਲ ਜੋ ਇੱਛਾ ਰੂਪ ਤ੍ਰਿਸ਼ਨਾ ਅਤੇ ਲੋਭ ਪੈਦਾ ਹੋ ਜਾਂਦਾ ਹੈ, ਉਸਦੇ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ ਇਸ ਮਾਨਸਿਕ ਸਥਿਤੀ ਦਾ ਨਾਮ 'ਰਾਗ' ਕਲੇਸ਼ ਹੈ।

4. **ਦ੍ਵੈਸ਼ ਕਲੇਸ਼** - ਉਪਰ ਕਥਿਆ 'ਰਾਗ' ਹੀ ਦ੍ਵੈਤ ਦਾ ਜਨਮ ਦਾਤਾ ਹੈ ਕਿਉਂਕਿ ਜਦੋਂ ਰਾਗ ਦੇ ਸੰਸਕਾਰ ਚਿਤ ਵਿਚ ਜੰਮ ਜਾਂਦੇ ਹਨ ਜਿਨ੍ਹਾਂ ਵਸਤਾਂ ਵਿਚ ਸਰੀਰ ਅਤੇ ਮਨ ਨੂੰ ਦੁਖ ਪ੍ਰਤੀਤ ਦਿੰਦਾ ਹੈ ਅਥਵਾ ਜਿਨ੍ਹਾਂ ਕਰਕੇ ਸੁਖ ਪ੍ਰਾਪਤੀ ਵਿਚ ਬਿਘਨ ਪ੍ਰਤੀਤ ਹੋ ਜਾਂਦਾ ਹੈ, ਉਨ੍ਹਾਂ ਨਾਲ ਦ੍ਵੈਸ਼ ਹੋ ਜਾਣਾ ਹੀ ਦ੍ਵੈਸ਼ ਕਲੇਸ਼ ਹੈ। ਜਿਨ੍ਹਾਂ ਵਸਤੂਆਂ, ਜਿਨ੍ਹਾਂ ਸਾਧਨਾਂ ਤੋਂ ਦੁਖ ਪ੍ਰਤੀਤ ਹੋਵੇ, ਉਸ ਤੋਂ ਘ੍ਰਿਣਾ, ਕ੍ਰੋਧ, ਈਰਖਾ, ਵੈਰ, ਉਦਾਸੀਨਤਾ ਪੈਦਾ ਹੋਵੇ ਅਤੇ ਉਸ ਤੋਂ ਜੋ ਸੰਸਕਾਰ ਪੈਦਾ ਹੋ ਜਾਣ, ਈਰਖਾ, ਨਿੰਦਾ, ਨਫਰਤ,ਦ੍ਵੈਸ਼, ਕ੍ਰੋਧ ਆਦਿ ਦੇ ਜਿਹੜੇ ਪ੍ਰਭਾਵ ਚਿਤ ਗ੍ਰਹਿਣ ਕਰੇ, ਉਸ ਨੂੰ ਦ੍ਵੈਸ਼ ਕਲੇਸ਼ ਕਹਿੰਦੇ ਹਨ। ਰਾਗ ਦ੍ਵੈਸ਼ ਦੇ ਕਾਰਨ ਚਿਤ ਨਿਸਚਲ ਨਹੀਂ ਹੁੰਦਾ ਅਤੇ ਗਿਆਨ ਦੀ ਪ੍ਰਾਪਤੀ ਵਿਚ ਪੂਰਨ ਰੂਪ ਵਿਚ ਵਿਘਨਕਾਰੀ ਰੁਕਾਵਟ ਬਣੀ ਰਹਿੰਦੀ ਹੈ -

> ***ਜਬ ਧਾਰੈ ਕੋਊ ਬੈਰੀ ਮੀਤੁ॥***
> ***ਤਬ ਲਗੁ ਨਿਹਚਲੁ ਨਾਹੀ ਚੀਤੁ॥***
> ***ਜਬ ਲਗੁ ਮੋਹ ਮਗਨ ਸੰਗਿ ਮਾਇ॥***
> ***ਤਬ ਲਗੁ ਧਰਮਰਾਇ ਦੇਇ ਸਜਾਇ॥***
>
> ***ਅੰਗ - 278***

5. **ਅਭਿਨਿਵੇਸ਼ ਕਲੇਸ਼** - ਸਰੀਰ ਇੰਦ੍ਰੀਆਂ ਆਦਿ ਨੂੰ ਦੁੱਖ ਤੋਂ ਬਚਾਉਣ ਦੇ ਸੰਸਕਾਰ ਹੀ ਅਭਿਨਿਵੇਸ਼ ਕਲੇਸ਼ ਦਾ ਕਾਰਨ ਹਨ। ਮਰਣ ਦਾ ਭੈ ਵਿਦਵਾਨ ਅਤੇ ਮੂਰਖ ਦੇ ਮਨ ਵਿਚ ਸੁਭਾਵਕ ਹੀ ਪ੍ਰਤੀਤ ਹੋ ਰਿਹਾ ਹੈ। ਮਰਣ ਦਾ ਭੈ ਜਨਮਾਂ ਜਨਮਾਂਤਰਾਂ ਤੋਂ ਬਹੁਤ ਗਹਿਰੇ ਸੰਸਕਾਰ ਚਿਤ ਵਿਚ ਪੈਦਾ ਕਰ ਰਿਹਾ ਹੈ ਇਹ ਭੈ ਦੇ ਸੰਸਕਾਰ ਚਲ ਰਹੇ ਹਨ ਅਤੇ ਹਰ ਪ੍ਰਾਣੀ ਇਹ ਚਾਹੁੰਦਾ ਹੈ ਕਿ ਮੈਂ ਸਦਾ ਹੀ ਆਪਣੀ ਸੰਪਤੀ, ਪੁਤਰ, ਪੋਤਰੇ, ਪ੍ਰਵਾਰ ਵਿਚ (ਮੋਹ ਦਾ ਬੰਨ੍ਹਿਆਂ) ਰਹਾਂ, ਕਦੇ ਮੇਰਾ ਅਭਾਵ ਨ ਹੋਵੇ, ਮੇਰਾ ਵਿਯੋਗ ਕਦੇ ਭੀ ਨਾ ਹੋਵੇ, ਮੇਰੀ ਅਮੀਰੀ, ਮੇਰੇ ਪਿਆਰੇ ਸਬੰਧੀ

ਸਦਾ ਹੀ ਰਹਿਣ। ਇਹ ਲੋਚਾ ਤੇ ਭੈ (ਅੰਦੇਸ਼ਾ) ਅਭਿਨਿਵੇਸ਼ ਕਲੇਸ਼ ਕਹਾਉਂਦਾ ਹੈ।

ਅਗਿਆਨ ਦੇ ਕਾਰਨ ਉਪਰ ਕਥੇ ਪੰਜ ਕਲੇਸ਼ ਜੀਵ ਆਤਮਾ ਨੂੰ ਅੰਤਸ਼ਕਰਣ ਵਿਚ ਭਰੇ ਸੰਸਕਾਰਾਂ ਦੇ ਕਾਰਨ ਜਨਮ ਮਰਨ ਦੇ ਚੱਕਰ ਵਿਚ ਪਾ ਕੇ ਅਨੰਤ ਕਾਲ ਤੋਂ ਦੁਖੀ ਕਰ ਰਹੇ ਹਨ। ਗਿਆਨਵਾਨ ਪੁਰਸ਼ ਜਾਣਦਾ ਹੈ ਕਿ ਆਤਮਾ ਕਿਸੇ ਕਾਲ ਵਿਚ ਵੀ ਜਨਮ ਨਹੀਂ ਲੈਂਦਾ ਅਤੇ ਨਾ ਹੀ ਮਰਦਾ ਹੈ, ਨਾ ਹੀ ਕਿਸੇ ਸਮੇਂ ਇਸਦੀ ਅਣਹੋਂਦ ਹੁੰਦੀ ਹੈ ਕਿਉਂਕਿ ਇਹ ਅਜਨਮਾ, ਨਿਤਿ ਅਤੇ ਪੁਰਾਤਨ ਹੈ, ਸਰੀਰ ਦੇ ਨਾਸ਼ ਹੋਣ ਨਾਲ ਆਤਮਾ ਦਾ ਨਾਸ਼ ਨਹੀਂ ਹੋਇਆ ਕਰਦਾ।

ਕ੍ਰਿਸ਼ਨ ਮਹਾਰਾਜ ਜੀ ਗੀਤਾ ਵਿਚ ਫੁਰਮਾਉਂਦੇ ਹਨ ਕਿ ਹੇ ਅਰਜਨ! ਜੋ ਪੁਰਸ਼ ਇਸ ਆਤਮਾ ਨੂੰ ਨਾਸ਼ ਰਹਿਤ, ਨਿਤਿ, ਅਜਨਮਾ ਜਾਣਦਾ ਹੈ, ਉਹ ਪੁਰਖ ਕਿਵੇਂ ਕਿਸੇ ਨੂੰ ਮਰਵਾਉਂਦਾ ਹੈ ਅਤੇ ਕਿਵੇਂ ਕਿਸੇ ਨੂੰ ਮਾਰਦਾ ਹੈ। ਜਿਵੇਂ ਮਨੁੱਖ ਪੁਰਾਣੇ ਬਸਤਰਾਂ ਨੂੰ ਤਿਆਗ ਕੇ ਦੂਸਰੇ ਨਵੇਂ ਬਸਤਰਾਂ ਨੂੰ ਗ੍ਰਹਿਣ ਕਰਦਾ ਹੈ, ਉਸੇ ਤਰ੍ਹਾਂ ਆਤਮਾ ਵੀ ਪੁਰਾਣੇ ਸਰੀਰਾਂ ਨੂੰ ਤਿਆਗ ਕੇ ਨਵੇਂ ਸਰੀਰਾਂ ਨੂੰ ਧਾਰਨ ਕਰਦਾ ਹੈ। ਇਸ ਆਤਮਾ ਨੂੰ ਨਾ ਹੀ ਕੋਈ ਸ਼ਸ਼ਤਰ ਕੱਟ ਸਕਦਾ ਹੈ, ਇਸ ਨੂੰ ਅੱਗ ਜਲਾ ਵੀ ਨਹੀਂ ਸਕਦੀ, ਜਲ ਡੁਬੋ ਨਹੀਂ ਸਕਦਾ ਅਤੇ ਵਾਯੂ ਸੁਕਾ ਨਹੀਂ ਸਕਦੀ। ਨਾ ਇਹ ਆਤਮਾ ਸ਼ਸ਼ਤਰਾਂ ਤੋਂ ਕੱਟਿਆ ਜਾ ਸਕਦਾ ਹੈ, ਨਾ ਹੀ ਜਲਾਇਆ ਜਾ ਸਕਦਾ ਹੈ, ਨਾ ਹੀ ਗਲਦਾ ਹੈ, ਸੁਕਾਇਆ ਵੀ ਨਹੀਂ ਜਾ ਸਕਦਾ। ਸੋ ਇਹ ਆਤਮਾ ਬਿਨਾਂ ਸ਼ੱਕ ਨਿਤਿ, ਸਰਵ-ਵਿਆਪਕ, ਅਚੱਲ, ਕੁਟਸਥ ਅਤੇ ਸਨਾਤਨ ਹੈ। ਇਹ ਆਤਮਾ ਅਵਿਅਕਤ ਅਰਥਾਤ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ, ਨਾ ਹੀ ਇਹ ਆਤਮਾ ਮਨ ਦਾ ਵਿਸ਼ਾ ਹੈ, ਨਾ ਹੀ ਆਤਮਾ ਵਿਚ ਕੋਈ ਵਿਕਾਰ ਆਇਆ ਕਰਦਾ ਹੈ। ਇਸ ਕਰਕੇ ਇਹ ਨਿਸ਼ਚੇ ਪੂਰਵਕ ਸਮਝ ਕਿ ਆਤਮਾ ਕਦੇ ਭੀ ਮਰਦਾ ਨਹੀਂ। ਇਸ ਕਰਕੇ ਇਹ ਅਭਿਨਿਵੇਸ਼ ਕਲੇਸ਼ ਮਨ ਦੀ ਹੀ ਇਕ ਵਿਅਰਥ ਕਲਪਨਾ ਹੈ ਪਰ ਏਨੇ ਗਿਆਨ ਦੇ ਹੁੰਦਿਆਂ, ਰਾਗ ਅਤੇ ਦ੍ਵੈਸ਼ ਦੇ ਕਲੇਸ਼ ਦੇ ਕਾਰਨ ਸਰੀਰ ਵਿਚ ਹੀ ਆਤਮ ਅਧਿਆਸ ਹੋ ਜਾਇਆ ਕਰਦਾ ਹੈ। ਮੂਰਖ ਤੋਂ ਲੈ ਕੇ ਪੁਸਤਕਾਂ ਪੜ੍ਹ ਕੇ ਹੋਏ ਵਿਦਵਾਨ, ਆਪਣੇ ਵਾਸਤਵਿਕ ਆਤਮ ਸਰੂਪ ਨੂੰ ਭੁੱਲ ਕੇ ਭੌਤਿਕ (ਪ੍ਰਾਕ੍ਰਿਤਕ) ਸਰੀਰ ਦੀ ਰਖਸ਼ਾ ਵਿਚ, ਪਾਲਣ-ਪੋਸ਼ਣ ਵਿਚ ਹਰ ਸਮੇਂ ਲੱਗੇ ਰਹਿੰਦੇ ਹਨ ਅਤੇ ਇਸਦੇ ਨਾਸ਼ ਹੋਣ ਤੋਂ ਘਬਰਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਇਸ ਮ੍ਰਿਤੂ ਦੇ ਭੈ ਦੇ ਜੋ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ, ਇਨ੍ਹਾਂ ਸੰਸਕਾਰਾਂ ਰਾਹੀਂ ਘਬਰਾਹਟ ਪੈਦਾ ਹੋ ਕੇ ਚਿਤ ਦੁਖੀ ਰਹਿੰਦਾ ਹੈ। ਏਸੇ ਅਵਸਥਾ ਨੂੰ ਅਭਿਨਿਵੇਸ਼ ਕਲੇਸ਼ ਕਹਿੰਦੇ ਹਨ। ਇਹ ਅਭਿਨਿਵੇਸ਼ ਕਲੇਸ਼ ਹੀ ਸੁਕਾਮ ਕਰਮਾਂ ਦਾ ਕਾਰਨ ਹੈ ਜਿਨ੍ਹਾਂ ਦੀਆਂ ਵਾਸ਼ਨਾਵਾਂ ਚਿਤ ਭੂਮੀ ਵਿਚ ਬੈਠ ਕੇ ਵਰਤਮਾਨ ਅਤੇ ਅਗਲੇ ਜਨਮਾਂ (ਆਵਾਗਵਨ) ਨੂੰ ਦੇਣ ਵਾਲੀਆਂ ਹੁੰਦੀਆਂ ਹਨ।

ਇਨ੍ਹਾਂ ਕਲੇਸ਼ਾਂ ਦਾ ਸੂਖਸ਼ਮ ਬੀਜ, ਅੰਤਸ਼ਕਰਣ ਵਿਚ ਗੁਪਤ ਰੂਪ ਵਿਚ ਜਨਮਾਂ-ਜਨਮਾਂਤਰਾਂ ਤੱਕ ਲੁਕਿਆ ਰਹਿੰਦਾ ਹੈ ਅਤੇ ਆਤਮ ਸਰੂਪ ਦੀ ਲੱਖਤਾ ਹੋਣ ਵਿਚ ਬਹੁਤ ਹੀ ਵਿਘਨਕਾਰੀ ਹੋਣ ਕਰਕੇ ਇਸ ਜੀਵ ਨੂੰ ਆਪਣੇ ਵਾਸਤਵਿਕ ਸਰੂਪ ਤੋਂ ਇਹ ਕਲੇਸ਼ ਸਦਾ ਹੀ ਭੁਲਾ ਕੇ ਰੱਖਦੇ ਹਨ। ਗੁਰਬਾਣੀ ਦੇ ਅੰਦਰ ਬਾਰ-ਬਾਰ ਇਨ੍ਹਾਂ ਕਲੇਸ਼ਾਂ ਬਾਰੇ ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਰਹਿੰਦੇ ਹਨ ਅਤੇ **ਇਨ੍ਹਾਂ ਸਾਰਿਆਂ ਕਲੇਸ਼ਾਂ ਦਾ ਇਲਾਜ ਆਪ ਜੀ ਨੇ ਇਕ ਮਨ, ਇਕ ਚਿਤ ਹੋ ਕੇ ਪ੍ਰਭੂ ਸਿਮਰਨ ਹੀ ਦੱਸਿਆ ਹੈ –**

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥***

***ਅੰਗ – 262***

ਵਾਹਿਗੁਰੂ ਜੀ ਦੀ ਯਾਦ ਵਿਚ ਲਿਵਲੀਨ ਹੋਣ ਨਾਲ ਅਤੇ ਨਿਸ਼ਕਾਮ ਸ਼ੁਭ ਕਰਮਾਂ ਵਿਚ ਪਰਵਿਰਤ ਹੋ ਕੇ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ, ਕਰਮ, ਉਪਾਸ਼ਨਾ ਦੇ ਰਾਹੀਂ

ਮਲ ਤੇ ਵਿਖਸ਼ੇਪ ਦੇ ਦੋਸ਼ ਦੂਰ ਕਰਕੇ ਅਤੇ ਮਹਾਂਪੁਰਸ਼ਾਂ ਤੇ ਗੁਰਮਤਿ ਸਿਧਾਂਤ ਦੇ ਗਿਆਨ ਰੂਪੀ ਬਚਨ ਧਾਰਨ ਕਰਕੇ ਇਹ ਕਲੇਸ਼ ਦੂਰ ਹੋ ਜਾਂਦੇ ਹਨ। ਨਹੀਂ ਤਾਂ ਮਨੁੱਖ ਦੀ ਅਚੇਤਤਾ ਇਸਨੂੰ ਜਨਮ ਮਰਨ ਦੇ ਦੁਖਦਾਈ ਚੱਕਰ ਵਿਚੋਂ ਕੱਢ ਨਹੀਂ ਸਕਦੀ। ਸੋ ਸੁਖੈਨ ਮਾਰਗ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨਾ, ਦ੍ਰਿੜ੍ਹ ਚਿਤ ਹੋ ਕੇ ਨਾਮ ਅਭਿਆਸ ਕਰਨਾ ਅਤੇ ਨਿਸ਼ਕਾਮ, ਵਾਸ਼ਨਾ ਰਹਿਤ ਹੋ ਕੇ ਪੂਰੀ ਵਿਧੀ ਨਾਲ ਸੰਗਤ ਕਰਨ, ਗੁਰੂ ਤੇ ਵਾਹਿਗੁਰੂ ਜੀ ਦੀ ਸੇਵਾ ਵਿਚ ਆਪਣਾ ਜੀਵਨ ਬਤੀਤ ਕਰਨ ਨਾਲ ਵਿਖਸ਼ੇਪ ਤੇ ਮਲ ਦੋਸ਼ ਦੂਰ ਹੋ ਜਇਆ ਕਰਦੇ ਹਨ। ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਅਵਰਨ ਨੂੰ ਦੂਰ ਕਰ ਦੇਂਦੀ ਹੈ। ਇਸ ਲਈ ਗੁਰੂ ਸਿਧਾਂਤ ਵਿਚ ਸੰਗਤ ਕਰਨ ਦੀ ਬਹੁਤ ਹੀ ਮਹਾਨਤਾ ਦੱਸੀ ਗਈ ਹੈ।

ਸੰਗਤ ਉਹ ਹੀ ਹੋਇਆ ਕਰਦੀ ਹੈ ਜਿਥੇ ਕੇਵਲ ਨਾਮ ਦੀ ਪ੍ਰੇਰਨਾ ਮਿਲੇ ਅਤੇ ਸ਼ੁਭ ਕਰਮ ਕਰਨ ਦਾ ਉਤਸ਼ਾਹ ਹਿਰਦੇ ਵਿਚ ਉਤਪੰਨ ਹੋਵੇ। ਸੋ ਐਸੀ ਸੰਗਤ ਪੂਰਬਲੇ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦੀ -

***ਹਰਿ ਕੀਰਤਿ ਸਾਧ ਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥***

***ਅੰਗ - 642***

ਤੱਤ ਬੇਤੇ ਮਹਾਂਪੁਰਸ਼, ਜਿਨ੍ਹਾਂ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਚੁਕਿਆ ਹੋਵੇ ਅਤੇ ਖੁਸ਼ਕ ਗਿਆਨ ਦੀ ਥਾਂ ਰਸਕ ਬੈਰਾਗੀ ਹੋਣ, ਉਨ੍ਹਾਂ ਦੀ ਸੰਗਤ, ਉਨ੍ਹਾਂ ਦਾ ਮਿਲਾਪ ਪਿਛਲੇ ਕੀਤੇ ਹੋਏ ਸ਼ੁਭ ਕਰਮ ਉਦੈ ਹੋਣ ਤੋਂ ਹੋਇਆ ਕਰਦਾ ਹੈ। ਐਸੇ ਮਹਾਂਪੁਰਸ਼ਾਂ ਨੂੰ ਦੇਖਦੀ ਤਾਂ ਸਾਰੀ ਦੁਨੀਆਂ ਹੈ ਅਤੇ ਨੇੜੇ ਵੀ ਬਹੁਤ ਰਹਿੰਦੇ ਹਨ ਪਰ ਉਨ੍ਹਾਂ ਦੇ ਬਚਨਾਂ ਦੀ ਪ੍ਰਤੀਤੀ ਕਿਸੇ ਭਾਗਾਂ ਵਾਲੇ ਦੇ ਹਿਰਦੇ ਵਿਚ ਹੀ ਪ੍ਰਕਾਸ਼ਿਤ ਹੁੰਦੀ ਹੈ। ਐਸਾ ਫੁਰਮਾਨ ਹੈ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥***

***ਅੰਗ - 204***

ਉਨ੍ਹਾਂ ਨੂੰ ਮਿਲ ਕੇ ਅਵਿਦਿਆ ਆਦਿ ਸਮੂੰਹ ਕਲੇਸ਼ਾਂ, ਸ਼ੰਕਿਆਂ, ਕਰਮਾਂ ਦਾ ਪਾਇਆ ਹੋਇਆ ਅਗਿਆਨ ਹਨ੍ਹੇਰਾ ਮਿਟ ਜਾਇਆ ਕਰਦਾ ਹੈ ਅਤੇ ਜਨਮਾਂ ਜਨਮਾਤਰਾਂ ਤੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਮਾਇਆ ਦੇ ਪ੍ਰਭਾਵ ਵਿਚ ਸੁੱਤੀ ਪਈ ਸੁਰਤੀ ਜਾਗ ਕੇ ਆਪਣੇ ਆਤਮਿਕ ਸਰੂਪ ਨੂੰ ਸ਼ਾਖਸ਼ਾਤ ਕਰ ਲੈਂਦੀ ਹੈ। ਮਹਾਤਮਾ ਭਾਵੇਂ ਪੂਰਨ ਬ੍ਰਹਮ ਗਿਆਤਾ ਅਤੇ ਪ੍ਰਭੂ ਵਿਚ ਅਭੇਦ ਅਵਸਥਾ ਵਾਲਾ ਭੀ ਕਿਉਂ ਨਾ ਹੋਵੇ ਪਰ ਜੇ ਜਗਿਆਸੂ ਦੇ ਹਿਰਦੇ ਵਿਚ ਸ਼ਰਧਾ, ਅੰਤਿਮ ਸੀਮਾਂ ਤੱਕ ਪੈਦਾ ਨਹੀਂ ਹੁੰਦੀ ਤਾਂ ਮਹਾਤਮਾ ਦਾ ਉਪਦੇਸ਼ ਐਸੇ ਜਗਿਆਸੂ ਦੇ ਮਨ ਵਿਚ ਪਏ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਿਆ ਕਰਦਾ ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ***
***ਜਿਉ ਬਾਂਸੁ ਬਜਾਈਐ ਫੂਕ॥***

***ਅੰਗ -1372***

ਦੇਖਿਆ ਇਹ ਗਿਆ ਹੈ ਕਿ ਪਹਿਲਾਂ ਤਾਂ ਜਗਿਆਸਾ ਦੀ ਅਣਹੋਂਦ ਹੋਣ ਕਰਕੇ ਆਪਣੇ ਆਤਮ ਸਰੂਪ ਨੂੰ ਜਾਨਣ ਦੀ ਤੀਬਰਤਾ ਨਹੀਂ ਹੈ ਅਤੇ ਨਾ ਹੀ ਮਹਾਤਮਾ ਉਪਰ ਪੂਰਨ ਸ਼ਰਧਾ ਹੁੰਦੀ ਹੈ। ਕਾਰਨ ਇਹ ਹੈ ਕਿ ਇਸ ਜੀਵ ਦੇ ਅੰਤਸ਼ਕਰਣ ਵਿਚ ਭੇਦ ਵਾਦੀਆਂ ਦੇ ਬਚਨਾਂ ਅਤੇ ਕੇਵਲ ਬੁੱਧੀ ਤਕ ਸੀਮਤ ਰਹਿਣ ਵਾਲਿਆਂ ਦੀਆਂ ਅਨੇਕ ਜੁਗਤੀਆਂ ਭਰੀਆਂ ਪੁਸਤਕਾਂ ਦੇ ਸੰਸਕਾਰ ਸ਼ਰਧਾ ਨੂੰ ਪੂਰੀ ਤਰ੍ਹਾਂ ਨਾਲ ਅਛਾਦਨ ਕਰ ਦਿੰਦੇ ਹਨ ਅਤੇ ਇਸ ਸ਼ਰਧਾ ਵਿਚ ਨਹੀਂ ਆਉਂਦੇ -

***ਸੰਤ ਅਨੰਤਹਿ ਅੰਤਰੁ ਨਾਹੀ॥***

***ਅੰਗ - 466***

ਸੰਤਾਂ ਨੂੰ ਕੇਵਲ ਇਕ ਮਨੁੱਖ ਕਰਕੇ ਹੀ

ਵੇਖਦੇ ਹਨ ਅਤੇ ਪਤਲੀ ਜਿਹੀ ਸ਼ਰਧਾ ਧਾਰ ਕੇ ਬਚਨ ਸੁਣਦੇ ਹਨ। ਸੋ ਐਨੀ ਪਤਲੀ ਸ਼ਰਧਾ ਨਾਲ ਸੁਣੇ ਹੋਏ ਬਚਨ, ਸੰਸਿਆਂ ਦੇ ਭਰੇ ਹੋਏ ਮੈਲੇ ਅੰਤਸ਼ਕਰਣ ਨੂੰ ਪਵਿੱਤਰ ਕਰਨ ਤੋਂ ਅਸਮਰਥ ਹੁੰਦੇ ਹਨ। ਇਕ ਇਹ ਵੀ ਗੱਲ ਹੈ ਕਿ ਸੰਤ ਨਾ ਤਾਂ ਭੇਖ ਤੋਂ ਹੀ ਪਛਾਣਿਆ ਜਾਂਦਾ ਹੈ, ਨਾ ਕਿਸੇ ਜਪਾਂ ਤਪਾਂ ਤੋਂ ਪਛਾਣ ਹੁੰਦਾ ਹੈ ਕਿਉਂਕਿ ਸੰਤਾਂ ਦੀ ਮਹਿਮਾ ਨੂੰ ਸੰਤ ਹੀ ਜਾਣਦੇ ਹਨ। ਭੇਖੀ ਅਤੇ ਵਾਕ ਚਤੁਰ ਦੰਭੀ ਪੁਰਸ਼ ਦਾ ਮਨ, ਮਾਇਆਕਾਰ ਹੋਣ ਕਰਕੇ ਮਾਇਆ ਵਿਚ ਫਸਿਆ ਰਹਿੰਦਾ ਹੈ। ਆਪਣੇ ਅੰਦਰ ਹਨ੍ਹੇਰਾ ਹੋਣ ਕਰਕੇ ਦੂਸਰੇ ਦੇ ਹਿਰਦੇ ਵਿਚ ਪ੍ਰਕਾਸ਼ਮਈ ਜੋਤ ਨਹੀਂ ਜਗਾ ਸਕਦਾ। ਸੋ ਏਸ ਕਲਜੁਗ ਦੇ ਅੰਦਰ ਇਹ ਬਹੁਤ ਹੀ ਵੱਡੀ ਔਕੜ ਜਗਿਆਸੂਆਂ ਦਾ ਭਲਾ ਨਹੀਂ ਹੋਣ ਦਿੰਦੀ। ਵਾਹਿਗੁਰੂ ਜੀ ਕ੍ਰਿਪਾ ਕਰਨ, ਜਗਿਆਸੂ ਦੇ ਭਾਗ ਜਾਗ ਪੈਣ ਤਾਂ ਸੱਚੇ ਸੰਤ ਨਾਲ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਹੀ ਮੇਲ ਹੁੰਦਾ ਹੈ। ਐਸਾ ਸੰਤ ਭਾਵੇਂ ਆਪਣੇ ਖੇਤਾਂ ਵਿਚ ਖੇਤੀ ਕਰ ਰਿਹਾ ਹੈ ਜਾਂ ਫੌਜ ਵਿਚ ਡਿਊਟੀ ਦੇ ਰਿਹਾ ਹੈ ਜਾਂ ਵਣਜ ਵਪਾਰ ਦੇ ਸਰਕਲ ਵਿਚ ਆਪਣੀ ਸੁੱਚੀ ਕਿਰਤ ਨਾਲ ਜੁੜਿਆ ਹੋਇਆ ਹੈ; ਕੁਝ ਕਿਹਾ ਨਹੀਂ ਜਾ ਸਕਦਾ। ਜੀਵ ਦੇ ਵਸ ਵਿਚ ਕੇਵਲ ਇਕ ਅਰਦਾਸ ਹੈ ਕਿ ਹੇ ਵਾਹਿਗੁਰੂ! ਕੋਈ ਆਪਣਾ ਐਸਾ ਗੁਰਮੁਖ ਪਿਆਰਾ ਮੇਲ ਦੇ, ਜਿਸਨੂੰ ਮਿਲਕੇ ਮੇਰਾ ਜਨਮ ਸਫਲਾ ਹੋ ਜਾਵੇ। ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਬਾਰ-ਬਾਰ ਆਦੇਸ਼ ਦਿੰਦੀ ਹੈ ਕਿ ਤੂੰ ਪ੍ਰਭੂ ਪਿਆਰੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਆਪਣਾ ਜੀਵਨ ਮਨੋਰਥ ਪੂਰਾ ਕਰਨ ਦਾ ਉਪਰਾਲਾ ਕਰ।

ਸੰਤਾਂ ਨੂੰ ਕੋਈ ਵਾਸ਼ਨਾ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਇਹ ਸਾਰਾ ਦਿਸਦਾ ਸੰਸਾਰ ਕੇਵਲ ਵਾਹਿਗੁਰੂ ਹੀ ਹੈ। ਸੋ ਉਹ ਕਿਸਨੂੰ ਉਪਦੇਸ਼ ਦੇਣ ਜਦੋਂ ਕਿ ਸਾਰਾ ਸੰਸਾਰ ਵਾਹਿਗੁਰੂ ਦੀ ਆਪਣੀ ਮੌਜ ਵਿਚ ਕੀਤੀ ਜਾਂਦੀ ਇਕ ਖੇਲ੍ਹ ਹੀ ਹੈ। ਪਰ ਸੰਤ ਦਾ ਸਰੀਰ, ਜੀਵਾਂ ਦੀ ਪਰਾਲਬਧ ਦੇ ਵਸ ਹੁੰਦਾ ਹੋਇਆ, ਪ੍ਰਭੂ ਹੁਕਮ ਵਿਚ ਤੱਤ ਬਚਨਾਂ ਦਾ ਉਪਦੇਸ਼ ਦੇ ਰਿਹਾ ਹੁੰਦਾ ਹੈ। ਆਪ ਉਹ ਪੂਰਨ ਗਿਆਨ ਦੀ ਸਥਿਤੀ ਵਿਚ ਸਦਾ ਹੀ ਅਭੇਦ ਅਵਸਥਾ ਵਿਚ ਸਥਿਤ ਰਹਿੰਦੇ ਹਨ। ਇਹ ਗੱਲ ਆਮ ਮਨੁੱਖ ਦੀ ਸਮਝ ਤੋਂ ਅਛੋਹ ਹੈ, ਸਮਝ ਵਿਚ ਆਉਣੀ ਮੁਸ਼ਕਲ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ, ਆਪ ਹੀ ਆਪਣੀ ਕ੍ਰਿਆ ਵਿਚ ਕੌਤਕ ਵਰਤਾ ਕੇ ਅਜਿਹੇ ਸੰਜੋਗ ਪੈਦਾ ਕਰਨ।

ਖਿਆਲ ਹੈ ਕਿ ਤੁਸੀਂ ਸਾਰੇ ਇਸ ਵਿਚਾਰ ਨੂੰ ਭਲੀ-ਭਾਂਤ ਸਮਝ ਗਏ ਹੋਵੋਂਗੇ ਅਤੇ ਆਪਣੇ ਮਨ ਦੀ ਸੂਈ ਨੂੰ ਸਤਿਸੰਗ ਦੇ ਪਿਆਰ ਵਿਚ ਰੱਖ ਕੇ ਸਤਿਸੰਗ ਕਰਨ ਦਾ ਉਪਰਾਲਾ ਕਰਦੇ ਰਹੋਂਗੇ

# ਸੰਤ ਬਚਨ

(ਭਾਗ ਦੂਜਾ)

## (ਸੰਤ ਰਾੜੇ ਸਾਹਿਬ ਵਾਲਿਆਂ ਦੇ ਅੰਮ੍ਰਿਤ ਬਚਨ)

1961, ਮਈ ਵਿਚ ਆਪ ਜੀ ਦੇ ਸਤਿਸੰਗ ਵਿਚ ਬਹੁਤ ਵੱਡੇ ਇਕੱਠ ਹੋਇਆ ਕਰਦੇ ਸਨ ਅਤੇ ਅੰਮ੍ਰਿਤ ਵੇਲੇ ਦਫਤਰਾਂ ਵਿਚ ਜਾਣ ਦੇ ਸਮੇਂ ਤੋਂ ਪਹਿਲਾਂ ਬਹੁਤ ਸਾਰੇ ਸੂਝਵਾਨ ਪ੍ਰੇਮੀ ਆਪ ਜੀ ਦੇ ਅੰਮ੍ਰਿਤ ਬਚਨ ਸੁਣਨ ਲਈ ਆਇਆ ਕਰਦੇ ਸਨ। ਅੱਜ ਦਾ ਪ੍ਰਸ਼ਨ -

**ਪ੍ਰਸ਼ਨ - ਆਪ ਜੀ ਨੇ ਦੀਵਾਨ ਵਿਚ ਜਗਿਆਸੂਆਂ ਦਾ ਜ਼ਿਕਰ ਕੀਤਾ ਸੀ, ਕ੍ਰਿਪਾ ਕਰਕੇ ਸੰਗਤ ਦੀ ਗਿਆਤ ਲਈ ਵਿਸਥਾਰ ਸਹਿਤ ਪ੍ਰਕਾਸ਼ ਪਾਉਣ ਦੀ ਮਿਹਰ ਕਰੋ?**

ਉਤਰ - ਇਸ ਸੰਸਾਰ ਅੰਦਰ ਉਤਮ, ਮੱਧਮ, ਕਨਿਸ਼ਟ ਕਰਮਾਂ ਦੇ ਫਲ ਮੁਤਾਬਿਕ ਸੰਸਕਾਰਾਂ ਦਾ ਪ੍ਰਭਾਵ ਅੰਤਸ਼ਕਰਣ ਵਿਚ ਪੈਣ ਕਰਕੇ ਹਰ ਪ੍ਰਾਣੀ ਮਾਤਰ ਦੀ ਮਤਿ ਇਕੋ ਜਿਹੀ ਨਹੀਂ ਹੁੰਦੀ। ਹਰ ਪ੍ਰਾਣੀ ਦੀ ਸੋਚ ਪੱਧਰ ਆਪਣੇ ਪੂਰਬਲੇ ਕਰਮਾਂ, ਖਾਨਦਾਨੀ ਵਿਰਸੇ ਅਤੇ ਆਪਣੇ ਚੁਗਿਰਦੇ ਦੇ ਅਸਰ ਅਧੀਨ ਉਤਮ, ਮਧਮ, ਕਨਿਸ਼ਟ ਦਰਜਿਆਂ ਵਿਚ ਹੋਇਆ ਕਰਦੀ ਹੈ। ਇਕਨਾਂ ਦਾ ਚਿਤ ਸਤਿਸੰਗ ਵਿਚ ਲਗਦਾ ਹੈ ਅਤੇ ਗੁਰੂ ਦੇ ਬਚਨਾਂ, ਮਹਾਂਪੁਰਸ਼ਾਂ ਦੀ ਵਿਆਖਿਆ ਨੂੰ ਬਹੁਤ ਸਾਵਧਾਨਤਾ ਨਾਲ ਸ੍ਰਵਣ ਕਰਕੇ ਕਬੂਲਦੇ ਹਨ ਪ੍ਰੰਤੂ ਇਸਦੇ ਵਿਪਰੀਤ ਇਕ ਅਜਿਹੇ ਪੁਰਸ਼ ਵੀ ਸਤਿਸੰਗ ਵਿਚ ਕਿਸੇ ਪੂਰਬਲੇ ਕਰਮ ਦੇ ਵਸੀਕਾਰ ਹੋ ਕੇ ਪੁਜਦੇ ਹਨ, ਜਿਨ੍ਹਾਂ ਦਾ ਚਿਤ ਸਾਵਧਾਨੀ ਰਹਿਤ, ਸ਼ਰਧਾ ਦੀ ਹੀਣਤਾ ਕਰਕੇ ਅੰਮ੍ਰਿਤ ਬਚਨ ਹਿਰਦੇ ਵਿਚ ਵਸਾਉਣ ਤੋਂ ਉਚਾਟ ਰਹਿੰਦਾ ਹੈ। ਇਸ ਕਰਕੇ ਸਾਰੇ ਸਰੋਤਿਆਂ ਉਪਰ ਇਕੋ ਜਿਹਾ ਅਸਰ ਨਹੀਂ ਹੋਇਆ ਕਰਦਾ। ਸੂਝਵਾਨਾਂ ਨੇ ਸਰੋਤਿਆਂ ਦੀ ਵੰਡ ਕਰਦਿਆਂ ਫੁਰਮਾਇਆ ਹੈ ਕਿ ਪਹਿਲੀ ਕਿਸਮ ਦੇ ਸਰੋਤਿਆਂ ਅੰਦਰ ਉਤਸ਼ਾਹ ਦੀ ਘਾਟ ਕਰਕੇ, ਜੇ ਕਰਮ ਦੇ ਪਰੇਰੇ ਹੋਏ ਸਤਿਸੰਗ ਵਿਚ ਚਲੇ ਵੀ ਜਾਣ, ਤਾਂ ਉਨ੍ਹਾਂ ਦੀ ਰੁਚੀ, ਰੌਚਕ ਨਾ ਹੋਣ ਕਰਕੇ ਆਲਸ ਅਧੀਨ ਅੱਖਾਂ ਮੀਚ ਕੇ, ਗਰਦਨ ਨੀਵੀਂ ਕਰਕੇ ਊਂਘਣ ਲਗ ਜਾਂਦੇ ਹਨ। ਸੋ ਇਨ੍ਹਾਂ ਨੂੰ **'ਊਂਘੇ'** ਕਿਹਾ ਜਾਂਦਾ ਹੈ।

ਇਕ ਸਰੋਤੇ ਐਸੇ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਆਪਣੀ ਵਿਦਿਆ ਦੀ ਅਲਪੱਗਤਾਈ ਦਾ ਅਭਿਮਾਨ ਹੋਣ ਕਰਕੇ ਸਿਰਫ ਇਹੀ ਵੇਖਣ ਲਈ ਸਤਿਸੰਗ ਵਿਚ ਆਉਂਦੇ ਹਨ ਕਿ ਇਹ ਬੁਲਾਰਾ ਕਿਸ ਤਰ੍ਹਾਂ ਦੇ ਬਚਨ ਕਰਦਾ ਹੈ। ਉਨ੍ਹਾਂ ਦੀ ਬਿਰਤੀ judging ਦੀ ਹੋਣ ਕਰਕੇ ਇਕ ਤਰ੍ਹਾਂ ਨਾਲ ਉਹ smell ਹੀ ਲਿਆ ਕਰਦੇ ਹਨ। ਜਿਵੇਂ ਭੌਰਾ ਇਕ ਫੁੱਲ ਤੇ ਟਿਕ ਕੇ smell ਨਹੀਂ ਲੈਂਦਾ, ਬਾਰ-ਬਾਰ, ਵੱਖਰੇ-ਵੱਖਰੇ ਫੁੱਲਾਂ ਤੇ ਉਡਾਰੀਆਂ ਮਾਰਦਾ ਹੈ। ਅਜਿਹੇ ਸਰੋਤਿਆਂ ਨੂੰ ਸੂਝਵਾਨਾਂ ਨੇ **'ਸੁੰਘੇ'** ਦਾ ਨਾਮ ਦਿਤਾ ਹੈ।

ਤੀਸਰੀ ਤਰ੍ਹਾਂ ਦੇ ਅਜਿਹੇ ਸਰੋਤੇ ਸੰਗਤ ਵਿਚ ਆ ਜਾਂਦੇ ਹਨ ਜਿਨ੍ਹਾਂ ਦਾ ਮਨ ਟਿਕਿਆ ਹੋਇਆ ਨਾ ਹੋਣ ਕਰਕੇ ਫੈਲਾਓ ਵਿਚ ਹੁੰਦਾ ਹੈ ਅਤੇ ਅਨੇਕ ਸੰਕਲਪਾਂ ਦੀ ਮਧਾਣੀ ਅੰਦਰ ਚਲ ਰਹੀ ਹੁੰਦੀ ਹੈ। ਉਨ੍ਹਾਂ ਦਾ ਚਿਤ ਨਾ ਲੱਗਣ ਕਰਕੇ ਉਹ ਸਾਵਧਾਨ ਹੋ ਕੇ ਦ੍ਰਿੜ੍ਹਤਾਪੂਰਵਕ ਸੰਗਤ ਵਿਚ ਨਹੀਂ ਬੈਠਦੇ। ਮੱਥਾ ਟੇਕਣ ਵਾਲਿਆਂ ਵੱਲ ਦੇਖਣਾ, ਫਿਰ ਇਹ ਜਾਨਣ ਦੀ ਕੋਸ਼ਿਸ਼ ਕਰਨੀ ਕਿ ਇਹ ਬੰਦਾ ਕੌਣ ਹੈ, ਕਿਥੋਂ ਆਇਆ ਹੈ ਅਤੇ ਕਿਥੇ ਜਾ ਕੇ ਬਹਿੰਦਾ ਹੈ, ਇਸ ਨੂੰ ਕਿਸੇ ਨੇ ਇਸ਼ਾਰਾ ਕਰਕੇ ਬੁਲਾਇਆ ਹੈ ਜਾਂ ਆਪੇ ਹੀ ਕੋਈ ਥਾਂ ਦੇਖ ਕੇ ਬੈਠਿਆ ਹੈ; ਇਸ ਤੋਂ ਵੱਧ ਉਸ ਦੇ ਕੱਪੜਿਆਂ ਨੂੰ ਦੇਖਦੇ ਰਹਿੰਦੇ ਹਨ, ਅਨੁਮਾਨ ਲਾਉਂਦੇ ਹਨ; ਜੇ ਉਸ ਨੂੰ ਜਾਣਦੇ ਹੋਣ ਤਾਂ ਉਸਦੇ ਗੁਣਾਂ-ਔਗੁਣਾਂ ਦੀ ਅੰਦਰ ਹੀ ਅੰਦਰ ਪਰਖ ਕਰਦੇ ਹਨ। ਮਹਾਂਪੁਰਸ਼ਾਂ ਦੇ ਬਚਨ ਉਨ੍ਹਾਂ ਲਈ ਸੁਣੇ-ਅਣਸੁਣੇ ਹੁੰਦੇ ਹਨ। ਉਨ੍ਹਾਂ ਦਾ ਆਸਣ ਸਥਿਰ ਨਾ ਹੋਣ ਕਰਕੇ ਕਦੇ ਇਕ ਗੋਡਾ ਖੜ੍ਹਾ ਕਰਦੇ ਹਨ, ਕਦੇ ਦੂਜਾ; ਕਦੇ ਉਬਾਸੀ ਲੈਣ ਲਗ ਜਾਂਦੇ ਹਨ, ਕਦੇ ਖੰਘਣ ਲਗ ਜਾਂਦੇ ਹਨ। ਪੂਰਾ ਸਤਿਸੰਗ ਕਰਨ ਤੋਂ ਬਾਦ ਵੀ ਉਨ੍ਹਾਂ ਤੋਂ

ਜੇ ਪੁਛਿਆ ਜਾਵੇ ਕਿ ਕੀ ਸੁਣਿਆ ਹੈ? ਤਾਂ ਉਹ ਇਕ ਦੋ ਮਿੰਟ ਵੀ ਨਹੀਂ ਦੱਸ ਸਕਦੇ, ਖੰਘਦੇ ਰਹਿੰਦੇ ਹਨ। ਮਤਲਬ ਇਹ ਕਿ ਨਾ ਆਪ ਸਤਿਸੰਗ ਸੁਣਦੇ ਹਨ ਸਗਵਾਂ ਦੂਸਰਿਆਂ ਦੇ ਸੁਣਨ ਵਿਚ ਵੀ ਬਾਧਕ ਹੁੰਦੇ ਹਨ। ਅਜੇਹੇ ਸਰੋਤਿਆਂ ਨੂੰ **'ਖੂੰਘੇ'** ਕਿਹਾ ਜਾਂਦਾ ਹੈ।

ਚੌਥੀ ਕਿਸਮ ਦੇ ਉਤਮ ਸਰੋਤੇ ਉਹ ਹੁੰਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਕਲਜੁਗ ਦਾ ਮਹਾਨ ਫਲ ਦਾਤਾ ਕਰਮ, ਹਰੀ ਕੀਰਤਨ ਤੇ ਸਾਧੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਉਹ ਜਦੋਂ ਕਿਸੇ ਤੱਤ ਬੇਤੇ ਮਹਾਂਪੁਰਸ਼ ਦੇ ਸਤਿਸੰਗ ਬਾਰੇ ਸੁਣਦੇ ਹਨ ਤਾਂ ਅੰਦਰ ਬਹੁਤ ਉਤਸ਼ਾਹ ਹੋਣ ਕਰਕੇ ਉਹ ਆਪ ਤਾਂ ਸਤਿਸੰਗ ਵਿਚ ਜਾਂਦੇ ਹੀ ਹਨ ਅਤੇ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੀ ਪ੍ਰੇਰਨਾ ਕਰਕੇ ਲੈ ਜਾਇਆ ਕਰਦੇ ਹਨ। ਉਹ ਸਤਿਸੰਗ ਵਿਚ ਸੋਹਣੀ ਥਾਂ ਵੇਖ ਕੇ ਬੈਠ ਜਾਇਆ ਕਰਦੇ ਹਨ ਅਤੇ ਪੂਰੇ ਉਤਸ਼ਾਹ ਪਿਆਰ ਨਾਲ ਹਰੀ ਦਾ ਜਸ, ਸਾਧੂਆਂ ਦੇ ਬਚਨ ਸ੍ਰਵਣ ਕਰਦੇ ਹਨ। ਇਕ-ਇਕ ਬਚਨ ਨੂੰ ਸੁਣ ਕੇ ਮੰਨਨ ਕਰਦੇ ਹਨ ਅਤੇ ਬੁੱਧੀ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਦੇ ਹਨ। ਮਹਾਂਪੁਰਸ਼ਾਂ ਦੀ ਬਾਣੀ ਨੂੰ 'ਸਤਿ-ਸਤਿ' ਕਰਕੇ ਮੰਨਦੇ ਹਨ। ਇਸ ਪ੍ਰਕਾਸ਼ ਅਧੀਨ ਆਪਣੇ ਜੀਵਨ ਦੀ ਚਾਲ ਨਿਰਧਾਰਿਤ ਕਰਦੇ ਹਨ। ਅਜਿਹੇ ਸਰੋਤੇ ਸਤਿਸੰਗ ਦੇ ਮਹਾਤਮ ਦਾ ਪੂਰਾ-ਪੂਰਾ ਲਾਭ ਪ੍ਰਾਪਤ ਕਰਿਆ ਕਰਦੇ ਹਨ। ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ॥ ਅੰਗ-546***

ਅਜਿਹੇ ਸਰੋਤਿਆਂ ਨੂੰ ਸੂਝਵਾਨ ਵਿਦਵਾਨਾਂ ਨੇ **'ਚੂੰਘੇ'** ਦਾ ਨਾਮ ਦਿਤਾ ਹੈ।

ਸੰਸਾਰ ਵਿਚ ਜੋ ਪ੍ਰਭੂ ਦੀ ਰਚਨਾ ਰਚੀ ਹੋਈ ਹੈ, ਉਸ ਵਿਚੋਂ ਇਨਸਾਨਾਂ ਦੀ ਮਨੋਬਿਰਤੀ ਚਾਰ ਕਿਸਮ ਦੀ ਸੋਚ ਅਧੀਨ ਵੰਡੀ ਹੋਈ ਹੈ।

ਇਨ੍ਹਾਂ ਵਿਚੋਂ ਤਕਰੀਬਨ 60% ਉਹ ਪ੍ਰੇਮੀ ਹੁੰਦੇ ਹਨ, ਜਿਨ੍ਹਾਂ ਦੇ ਅੰਦਰ ਇਸ ਸੰਸਾਰ ਤੋਂ ਬਗੈਰ ਕਿਸੇ ਹੋਰ ਅਵਸਥਾ ਦੀ ਸੂਝ ਨਹੀਂ ਹੁੰਦੀ। ਉਨ੍ਹਾਂ ਦਾ ਕੰਮ ਖਾਣਾ-ਪੀਣਾ, ਸੌਣਾ, ਚੰਗੇ-ਮੰਦੇ ਢੰਗ ਨਾਲ ਪੈਸਾ ਕਮਾਉਣਾ, ਹਰ ਕਿਸਮ ਦੇ ਨਸ਼ਿਆਂ ਵਿਚ ਗੁਲਤਾਨ ਰਹਿਣਾ; ਰੂਹਾਨੀ ਸੂਝ ਦੀ ਪੂਰੀ ਤਰ੍ਹਾਂ ਅਣਹੋਂਦ, ਉਨ੍ਹਾਂ ਦੀ Intellectual leval (ਸੂਝ-ਪੱਧਰ) ਪਸ਼ੂਆਂ ਨਾਲ ਮਿਲਦੀ ਜੁਲਦੀ ਹੋਇਆ ਕਰਦੀ ਹੈ। ਉਹ ਨਾ ਹੀ ਪ੍ਰਮੇਸ਼ਰ ਨੂੰ ਮੰਨਦੇ ਹਨ ਅਤੇ ਨਾ ਹੀ ਸ਼ੁਭ ਕਰਮਾਂ ਦੀ ਕੋਈ ਮਹੱਤਤਾ ਉਨ੍ਹਾਂ ਦੇ ਜੀਵਨ ਅੰਦਰ ਹੋਇਆ ਕਰਦੀ ਹੈ। ਪ੍ਰਲੋਕ ਦੀ ਸੂਝ ਤੋਂ ਸੁੰਨੇ ਹੁੰਦੇ ਹਨ। ਆਮ ਅਖਾਣ ਦੇ ਮੁਤਾਬਿਕ Eat drink and be merry for we shall have to die. ਖਾਓ ਪੀਓ ਤੇ ਐਸ਼ ਕਰੋ, ਕਿਉਂਕਿ ਸੰਸਾਰ ਵਿਚ ਸਦਾ ਨਹੀਂ ਰਹਿਣਾ। Beg borrow or steal ਉਨ੍ਹਾਂ ਦਾ 'ਜੀਵਨ ਧੇਅ' ਹੋਇਆ ਕਰਦਾ ਹੈ। ਦੂਸਰੇ ਨੂੰ ਦੁਖੀ ਕਰਕੇ ਆਪਣਾ ਅਰਥ ਸਿੱਧ ਕਰਨਾ ਉਨ੍ਹਾਂ ਲਈ ਪ੍ਰਿਯ ਹੋਇਆ ਕਰਦਾ ਹੈ। ਨਾ ਹੀ ਉਨ੍ਹਾਂ ਵਾਸਤੇ ਮਹਾਂਪੁਰਸ਼ਾਂ ਦੇ, ਸਤਿਸੰਗ ਦੇ ਬਚਨ ਕੋਈ ਖਿੱਚ ਰੱਖਦੇ ਹਨ ਅਤੇ ਨਾ ਹੀ ਅੰਦਰ ਜਗਿਆਸਾ ਜਾਗਦੀ ਹੈ। ਐਸੇ ਮਨੁੱਖਾਂ ਦੇ ਜਨ-ਸਮੂੰਹ ਨੂੰ **'ਪਾਮਰ'** ਕਿਹਾ ਜਾਂਦਾ ਹੈ।

ਦੂਸਰੀ ਕਿਸਮ ਦਾ ਜਨ-ਸਮੂੰਹ, ਭੋਗਾਂ ਦੇ ਵਿਚ ਪ੍ਰਬਲ ਰੁਚੀ ਰੱਖਣ ਕਰਕੇ ਭੋਗੀ ਕਹਾਉਂਦਾ ਹੈ। ਇਨ੍ਹਾਂ ਦੇ ਕੋਲ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਜਤਨ ਕਰਨਾ ਹੀ ਪ੍ਰਮ ਮਨੋਰਥ ਹੋਇਆ ਕਰਦਾ ਹੈ। ਹੋਰ ਇਨ੍ਹਾਂ ਦਾ ਮਤਲਬ ਸਤਿਸੰਗ ਵਿਚ ਜਾਣ ਦਾ ਕੋਈ ਨਹੀਂ ਹੁੰਦਾ। ਭੋਗਾਂ ਦੀ ਰੁਚੀ ਪ੍ਰਬਲ ਹੋਣ ਕਰਕੇ ਮਨ ਦੇ ਸੰਕਲਪ, ਭੋਗਾਂ ਦੀ ਪ੍ਰਾਪਤੀ ਲਈ ਉਠਦੇ ਰਹਿੰਦੇ ਹਨ। ਨਾ ਹੀ ਚਿਤ ਦੀ ਇਕਾਗਰਤਾ ਨਾਲ ਇਹ ਸਤਿਸੰਗ ਸ੍ਰਵਣ ਕਰ ਸਕਦੇ ਹਨ, ਨਾ ਹੀ ਮਹਾਂਪੁਰਸ਼ਾਂ ਦੇ ਬਚਨਾਂ ਦੀ ਗਹਿਰਾਈ ਤਕ ਇਨ੍ਹਾਂ ਦੀ ਸੂਝ ਪੁਜਦੀ ਹੈ ਅਤੇ ਨਾ ਹੀ ਕੋਈ ਰੁਚੀ ਜਾਗਦੀ ਹੈ। ਜੇ ਇਹ ਸਤਿਸੰਗ ਕਰਦੇ ਵੀ ਹਨ ਤਾਂ ਕੇਵਲ ਮਾਤਰ ਆਪਣੀ ਵਾਸ਼ਨਾ ਦੀ ਪੂਰਤੀ ਲਈ ਹੀ ਪ੍ਰਬਲ ਇੱਛਾ ਲੈ ਕੇ ਕਰਦੇ ਹਨ। ਇਨ੍ਹਾਂ ਵਿਚੋਂ ੫% ਬੰਦਿਆਂ ਦੀਆਂ ਰੁਚੀਆਂ ਨੂੰ ਸ਼ੁੱਧ ਹੋ ਕੇ ਅਗਲੀ ਅਵਸਥਾ ਦੀ ਪ੍ਰਾਪਤੀ ਕਰਨ ਦਾ ਅਵਸਰ ਮਿਲਦਾ ਹੈ। ਸਤਿਸੰਗ ਵਿਚ ਆਉਣ ਵਾਲੇ ੯੦% ਪ੍ਰੇਮੀਆਂ ਦੀ ਗਿਣਤੀ, ਭੋਗੀ ਸ਼੍ਰੇਣੀ, ਵਿਚ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਤੀਜੀ ਕਿਸਮ ਦੇ ਵਿਰਲੇ ਪ੍ਰੇਮੀ ਉਹ ਹੋਇਆ ਕਰਦੇ ਹਨ ਜਿਨ੍ਹਾਂ ਦੇ ਪੂਰਬਲੇ ਜਨਮਾਂ ਦੇ ਸੰਸਕਾਰ ਬਹੁਤ ਹੀ ਪ੍ਰਬਲ ਹੁੰਦੇ ਹਨ। ਉਨ੍ਹਾਂ

ਦੇ ਪੁੰਨ-ਕਰਮ ਪ੍ਰੇਰਨਾ ਦੇ ਕੇ ਸਤਿਸੰਗ ਪ੍ਰਾਪਤੀ ਦਾ ਉਤਸ਼ਾਹ ਹਿਰਦੇ ਵਿਚ ਪ੍ਰਗਟ ਕਰਦੇ ਹਨ। ਉਨ੍ਹਾਂ ਅੰਦਰ ਭੋਗਾਂ ਦੀ ਰੁਚੀ ਨਹੀਂ ਹੋਇਆ ਕਰਦੀ, ਸਗਮਾਂ ਇਸ ਦੇ ਵਿਪਰੀਤ ਹਿਰਦੇ ਵਿਚ ਕੋਈ ਅਣਜਾਣੀ ਪਿਆਸ ਹੋਇਆ ਕਰਦੀ ਹੈ ਕਿ ਉਹ ਜੀਵਨ ਦਾ ਜੋ ਅਸਲੀ ਮਨੋਰਥ ਹੈ, ਉਸਨੂੰ ਪ੍ਰਾਪਤ ਕਰਨ ਦਾ ਅਵਸਰ ਪ੍ਰਾਪਤ ਕਰ ਸਕਣ। ਉਨ੍ਹਾਂ ਦੇ ਕਰਮ ਕਿਸੇ ਪੂਰਨ ਮਹਾਂਪੁਰਸ਼ ਨਾਲ ਬਚਪਨ ਵਿਚ ਹੀ ਮਿਲਾਪ ਕਰਾ ਦਿੰਦੇ ਹਨ। ਉਹ ਮਹਾਂਪੁਰਸ਼ਾਂ ਦੀ ਸੰਗਤ ਦੀ ਪ੍ਰਾਪਤੀ ਸਮੇਂ; ਉਨ੍ਹਾਂ ਦਾ ਇਕ-ਇਕ ਬਚਨ ਹਿਰਦੇ ਵਿਚ ਧਾਰਨ ਕਰਕੇ ਪੂਰੀ ਤਰ੍ਹਾਂ ਮੰਨਨ ਕਰਦੇ ਹਨ। ਅੰਮ੍ਰਿਤ ਵੇਲੇ ਜਾਗਣਾ, ਬਾਣੀ ਦਾ ਪਾਠ ਕਰਨਾ, ਗੁਰ ਇਤਿਹਾਸ ਦੀ ਪ੍ਰਬਲ ਇੱਛਾ ਆਦਿ, ਸ਼ੁਭ ਕਰਮ ਕਰਨ ਲਈ ਅੰਦਰੋਂ ਹੀ ਜ਼ਬਰਦਸਤ ਪ੍ਰੇਰਨਾ ਮਿਲਦੀ ਰਹਿੰਦੀ ਹੈ। ਚਿੱਤ ਦੀ ਇਕਾਗਰਤਾ ਉਨ੍ਹਾਂ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਮਹਾਂਪੁਰਸ਼ਾਂ ਦਾ ਪਿਆਰ ਉਨ੍ਹਾਂ ਨੂੰ ਪ੍ਰਾਪਤ ਹੋਣ ਲਗ ਜਾਂਦਾ ਹੈ। ਅਜਿਹੇ ਜਨ-ਸਮੂੰਹ ਦੇ ਵਰਗ ਨੂੰ 'ਜਗਿਆਸੂ' ਕਿਹਾ ਜਾਂਦਾ ਹੈ। ਸਤਿਸੰਗ ਦੇ ਅਧਿਕਾਰੀ ਕਰਮ, ਉਪਾਸ਼ਨਾ ਅਤੇ ਗਿਆਨ ਦੀ ਪ੍ਰਾਪਤੀ ਜਗਿਆਸੂਆਂ ਦੇ ਹੀ ਭਾਗ ਵਿਚ ਆਇਆ ਕਰਦੀ ਹੈ। ਇਸ ਕਰਕੇ ਸਰੋਤੇ ਕਨਿਸ਼ਟ, ਮਧਮ ਅਤੇ ਉਤਮ ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦਾ ਰੂਹਾਨੀ ਦਰਬਾਰ ਸਜਿਆ ਹੋਇਆ ਸੀ ਤਾਂ ਇਕ ਪ੍ਰੇਮੀ ਨੇ ਦੋਵੇਂ ਹੱਥ ਜੋੜ ਕੇ, ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਦੇ ਪ੍ਰੇਮ ਪਵਿੱਤਰ ਅੰਮ੍ਰਿਤਮਈ ਬਚਨ ਸਤਿਸੰਗੀ ਬੜੇ ਪ੍ਰੇਮ ਤੇ ਸ਼ਰਧਾ ਨਾਲ ਸ੍ਰਵਣ ਕਰਦੇ ਹਨ, ਪਰ ਵੇਖਿਆ ਇਹ ਗਿਆ ਹੈ ਕਿ ਆਪ ਦੇ ਅਮੋਘ ਬਾਣਾਂ ਵਰਗੇ ਬਚਨ ਸਾਰਿਆਂ ਉਪਰ ਇਕੋ ਜਿਹਾ ਅਸਰ ਕਿਉਂ ਨਹੀਂ ਕਰਦੇ? ਪਾਤਸ਼ਾਹ! ਇਸ ਵਿਚ ਕੀ ਭੇਦ ਹੈ?

ਦਸ਼ਮੇਸ਼ ਪਿਤਾ ਜੀ ਨੇ ਸੁਣ ਕੇ ਕਿਹਾ ਕਿ ਪ੍ਰੇਮੀਓ! ਜੋ ਬੇਨਤੀ ਇਸ ਪ੍ਰੇਮੀ ਨੇ ਕੀਤੀ ਹੈ, ਇਸਨੂੰ ਆਪ ਜੀ ਸਮਝਣ ਦਾ ਜਤਨ ਕਰੋ। ਅਸੀਂ ਤੁਹਾਨੂੰ ਪ੍ਰਤੱਖ ਰੂਪ ਵਿਚ ਸਤਿਸੰਗ ਦੇ ਭੇਦ ਪ੍ਰਗਟ ਕਰਨੇ ਚਾਹੁੰਦੇ ਹਾਂ।

ਆਪ ਜੀ ਨੇ ਇਕ ਪ੍ਰੇਮੀ ਨੂੰ ਕਿਹਾ ਕਿ ਤਿੰਨ ਸਰਬ ਲੋਹ ਦੇ ਬਾਟੇ, ਜਲ ਦੇ ਭਰ ਕੇ ਸਾਡੇ ਪਾਸ ਲਿਆਓ। ਇਕ ਪ੍ਰੇਮੀ ਨੂੰ ਹੁਕਮ ਕੀਤਾ ਕਿ ਔਹ ਛੋਟਾ ਪੱਥਰ ਇਕ ਬਾਟੇ ਦੇ ਪਾਣੀ ਵਿਚ ਪਾ ਦੇਵੋ, ਦੂਜੇ ਨੂੰ ਕਿਹਾ ਕਿ ਮਿੱਟੀ ਦਾ ਡਲ੍ਹਾ ਚੁਕ ਕੇ ਦੂਜੇ ਬਾਟੇ ਵਿਚ ਪਾ ਦੇਵੋ ਤੇ ਤੀਸਰੇ ਪ੍ਰੇਮੀ ਨੂੰ ਕਿਹਾ ਕਿ ਆਹ ਸਾਡੇ ਸਾਹਮਣਿਓਂ ਥੋੜ੍ਹੇ ਪਤਾਸੇ ਚੁਕ ਕੇ ਤੀਸਰੇ ਬਾਟੇ ਵਿਚ ਪਾ ਦੇਵੋ। ਹੁਕਮ ਦੀ ਤਾਮੀਲ ਹੋਈ ਤੇ ਆਪ ਜੀ ਸੰਗਤ ਨਾਲ ਬਚਨ ਕਰਦੇ ਰਹੇ। ਕੁਝ ਸਮਾਂ ਬੀਤ ਜਾਣ ਤੋਂ ਪਿਛੋਂ ਆਪ ਜੀ ਨੇ ਉਨ੍ਹਾਂ ਹੀ ਪ੍ਰੇਮੀਆਂ ਨੂੰ ਕਿਹਾ ਕਿ ਆਪੋ-ਆਪਣੇ ਬਾਟੇ ਸਾਡੇ ਪਾਸ ਲਿਆਓ। ਸੰਗਤ ਬਹੁਤ ਅਸਚਰਜਤਾ ਭਰੇ ਇਸ ਕੌਤਕ ਦਾ ਮਨ ਹੀ ਮਨ ਅੰਦਰ ਅਨੁਮਾਨ ਲਾ ਰਹੀ ਸੀ ਤੇ ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿ ਪਾਤਸ਼ਾਹ ਕੀ ਕੌਤਕ ਕਰਕੇ ਨਿਰਣਾ ਕਰਨਗੇ।

ਹੁਕਮ ਹੋਇਆ ਕਿ ਆਪੋ-ਆਪਣੇ ਬਾਟਿਆਂ ਵਿਚੋਂ ਪੱਥਰ, ਮਿੱਟੀ ਦਾ ਡਲ੍ਹਾ ਅਤੇ ਪਤਾਸ਼ੇ ਬਾਹਰ ਕੱਢੋ। ਪਹਿਲੇ ਪ੍ਰੇਮੀ ਨੇ ਝੱਟ ਹੀ ਪੱਥਰ ਬਾਹਰ ਕੱਢਿਆ। ਮਹਾਰਾਜ ਜੀ ਕਹਿਣ ਲੱਗੇ ਕਿ ਪ੍ਰੇਮੀਆਂ! ਇਹ ਪੱਥਰ ਭਿੱਜ ਗਿਆ ਹੈ ਜਾਂ ਸੁੱਕਾ ਹੀ ਹੈ? ਤਾਂ ਉਸ ਪ੍ਰੇਮੀ ਨੇ ਉਤਰ ਦਿਤਾ ਕਿ ਪਾਤਸ਼ਾਹ ਜਦੋਂ ਮੈਂ ਪੱਥਰ ਪਾਣੀ ਵਿਚੋਂ ਆਪ ਜੀ ਦੇ ਹੁਕਮ ਮੁਤਾਬਿਕ ਕੱਢਿਆ ਸੀ ਤਾਂ ਉਸ ਵੇਲੇ ਮਾਮੂਲੀ ਜਿਹਾ ਭਿੱਜਿਆ ਹੋਇਆ ਸੀ ਪਰ ਜਦੋਂ ਇਸ ਚਲਦੀ ਗਰਮ ਹਵਾ ਨਾਲ ਇਸਨੇ ਸਪਰਸ਼ ਕੀਤਾ ਤਾਂ ਮੇਰੇ ਹੱਥ ਵਿਚ ਹੀ ਸੁੱਕ ਗਿਆ ਅਤੇ ਹੁਣ ਬਿਲਕੁਲ ਵੀ ਗਿੱਲਾ ਨਹੀਂ ਹੈ।

ਦੂਸਰੇ ਨੂੰ ਹੁਕਮ ਕੀਤਾ ਕਿ ਤੈਂ ਭਾਈ! ਮਿੱਟੀ ਦਾ ਡਲ੍ਹਾ ਬਾਹਰ ਨਹੀਂ ਕੱਢਿਆ ਤਾਂ ਉਸਨੇ ਬੇਨਤੀ ਕੀਤੀ ਕਿ ਪਾਤਸ਼ਾਹ! ਮਿੱਟੀ ਦਾ ਡਲ੍ਹਾ ਪਾਣੀ ਵਿਚ ਘੁਲ ਕੇ ਗਾਰੇ ਦਾ ਰੂਪ ਧਾਰਨ ਕਰ ਚੁੱਕਿਆ ਹੈ। ਹੁਣ ਇਹ ਡਲ੍ਹਾ ਉਸ ਸ਼ਕਲ ਵਿਚ ਬਾਹਰ ਨਹੀਂ ਕੱਢਿਆ ਜਾ ਸਕਦਾ ਜੋ ਆਪ ਦੇ ਹੁਕਮ ਅਨੁਸਾਰ ਪਹਿਲਾਂ ਪਾਣੀ ਵਿਚ ਪਾਇਆ ਸੀ। ਤਾਂ ਫੁਰਮਾਨ ਹੋਇਆ ਕਿ ਇਸ ਨੂੰ ਧੁੱਪੇ ਰੱਖ ਦੇਵੋ। ਥੋੜ੍ਹਾ ਇੰਤਜ਼ਾਰ ਕਰਨ ਪਿਛੋਂ ਜਦੋਂ

ਧੁੱਪ ਅਤੇ ਗਰਮ ਹਵਾ ਲੱਗੀ ਤਾਂ ਪਾਣੀ ਸੁੱਕ ਗਿਆ ਤੇ ਉਹ ਡਲ੍ਹਾ ਆਪਣੇ ਅਸਲੀ ਰੂਪ ਵਿਚ ਬਦਲ ਗਿਆ।

ਇਸ ਉਪਰੰਤ ਤੀਸਰੇ ਨੂੰ ਹੁਕਮ ਦਿਤਾ ਕਿ ਭਾਈ ਗੁਰਮੁਖਾ! ਤੂੰ ਪਤਾਸ਼ੇ ਬਾਹਰ ਕਿਉਂ ਨਹੀਂ ਕੱਢੇ? ਹੁਣ ਕੱਢੋ। ਉਸ ਪ੍ਰੇਮੀ ਨੇ ਬੇਨਤੀ ਕੀਤੀ ਕਿ ਦੀਨ ਦਿਆਲ ਪਾਤਸ਼ਾਹ ਜੀ! ਮੈਂ ਪਾਣੀ ਵਿਚ ਆਪਣਾ ਹੱਥ ਪਾ ਕੇ ਪਤਾਸੇ ਕੱਢਣ ਦਾ ਜਤਨ ਕੀਤਾ ਸੀ, ਜੋ ਅਜੇ ਆਪਣਾ ਵਜੂਦ ਪਾਣੀ ਵਿਚ ਵਿਖਾ ਰਹੇ ਸਨ ਪਰ ਮੇਰੇ ਹੱਥ ਲੱਗਣ ਨਾਲ ਉਹ ਘੁਲ ਕੇ ਪਾਣੀ ਦਾ ਹੀ ਰੂਪ ਬਣ ਗਏ ਹਨ। ਪਾਤਸ਼ਾਹ ਜੀ! ਹੁਣ ਇਹ ਕਿਸੇ ਤਰ੍ਹਾਂ ਨਾਲ ਵੀ ਅਸਲੀ ਰੂਪ ਵਿਚ ਨਹੀਂ ਆ ਸਕਦੇ।

ਗੁਰੂ ਮਹਾਰਾਜ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਫੁਰਮਾਨ ਕੀਤਾ ਕਿ ਦੇਖੋ ਪ੍ਰੇਮੀਓ! ਤਿੰਨਾਂ ਬਾਟਿਆਂ ਵਿਚ ਇਕੋ ਹੀ ਪਾਣੀ ਭਰਿਆ ਹੋਇਆ ਸੀ ਪਰ ਤਿੰਨਾਂ ਚੀਜ਼ਾਂ ਤੇ ਇਸ ਪਾਣੀ ਨੇ ਵੱਖੋ-ਵੱਖਰਾ ਅਸਰ ਕੀਤਾ। ਇਵੇਂ ਜਿਵੇਂ ਇਕ ਵਰਗ ਦੇ ਪ੍ਰੇਮੀ ਪੱਥਰਵਤ ਅੰਦਰੋਂ ਬਾਹਰੋਂ ਜਗਿਆਸਾ ਤੋਂ ਪੂਰੀ ਤਰ੍ਹਾਂ ਨਾਲ ਸੁੰਨ ਹੁੰਦੇ ਹਨ। ਆਪਣੇ ਖਿਆਲਾਂ ਵਿਚ ਪੱਥਰ ਦੀ ਸਖਤਾਈ ਵਾਂਗੂੰ ਦ੍ਰਿੜ੍ਹ ਹੁੰਦੇ ਹਨ ਅਤੇ ਛੇਤੀਂ-ਛੇਤੀਂ ਕਿਸੇ ਚੀਜ਼ ਦਾ ਅਸਰ ਕਬੂਲ ਨਹੀਂ ਕਰਿਆ ਕਰਦੇ। ਉਨ੍ਹਾਂ ਉਤੇ ਕੁਝ ਛਿਨਾਂ ਲਈ ਭਾਵਕ ਅਸਰ ਇਵੇਂ ਹੀ ਹੋ ਜਾਇਆ ਕਰਦਾ ਹੈ ਜਿਵੇਂ ਪੱਥਰ ਪਾਣੀ ਵਿਚ ਰੱਖਿਆ ਗਿੱਲਾ ਹੋ ਗਿਆ ਸੀ, ਇਵੇਂ ਕੁਝ ਛਿਨਾਂ ਲਈ ਉਨ੍ਹਾਂ ਉਪਰ ਓਪਰਾ ਜਿਹਾ ਅਸਰ ਬਚਨਾਂ ਦਾ ਹੋ ਜਾਇਆ ਕਰਦਾ ਹੈ ਪਰ ਕੁਸੰਗ ਦੇ ਪਹਿਲੇ ਬੁੱਲੇ ਨਾਲ ਹੀ ਉਹ ਅਸਰ ਦੂਰ ਹੋ ਜਾਇਆ ਕਰਦਾ ਹੈ ਅਤੇ ਉਹ ਆਪਣੀ ਅਮੋੜ ਅਤੇ ਦ੍ਰਿੜ੍ਹ ਬਿਰਤੀ ਵਿਚ ਫਿਰ ਆ ਜਾਇਆ ਕਰਦੇ ਹਨ। ਸੋ ਇਹ ਸਰੋਤੇ ਪੱਥਰਵਤ ਹੋਇਆ ਕਰਦੇ ਹਨ ਜਿਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਦੇ ਸ਼ਬਦ ਨਾਲ ਘਟ ਹੀ ਪਰਿਵਰਤਨ ਹੋਇਆ ਕਰਦਾ ਹੈ।

ਦੂਜੀ ਕਿਸਮ ਦੇ ਪ੍ਰੇਮੀ ਇਸ ਮਿੱਟੀ ਦੇ ਡਲ੍ਹੇ ਦੀ ਤਰ੍ਹਾਂ ਸਤਿਸੰਗ ਦੇ ਬਚਨ ਸੁਣ ਕੇ ਅੰਦਰੋਂ ਬਾਹਰੋਂ ਭਿੱਜ ਜਾਂਦੇ ਹਨ ਪਰ ਆਪਣਾ ਰੂਪ ਨਹੀਂ ਛੱਡਦੇ, ਹੋਂਦ ਨਹੀਂ ਛੱਡਦੇ। ਉਨ੍ਹਾਂ ਨੂੰ ਸਤਿਸੰਗ ਦਾ ਕੁਝ ਹਫ਼ਤਿਆਂ, ਮਹੀਨਿਆਂ ਲਈ ਅਸਰ ਰਹਿੰਦਾ ਹੈ ਪਰ ਕੁਸੰਗ ਦੇ ਗਰਮ ਝੋਲਿਆਂ ਨਾਲ ਸਪਰਸ਼ ਕਰਦਿਆਂ ਹੀ ਉਨ੍ਹਾਂ ਦੇ ਹਿਰਦੇ ਵਿਚੋਂ ਅੰਮ੍ਰਿਤ ਚਸ਼ਮੇ ਤੋਂ ਵਰ੍ਹਿਆ ਉਪਦੇਸ਼ ਖਤਮ ਹੋ ਜਾਇਆ ਕਰਦਾ ਹੈ ਅਤੇ ਉਹ ਮੁੜ ਆਪਣੀ ਅਸਲ ਬਿਰਤੀ ਵਿਚ ਪ੍ਰਵੇਸ਼ ਕਰ ਲਿਆ ਕਰਦੇ ਹਨ। ਸੋ ਅਜਿਹੇ ਪ੍ਰੇਮੀਆਂ ਉਪਰ ਵਕਤੀ ਅਸਰ ਹੋਇਆ ਕਰਦਾ ਹੈ। ਪਰ ਜੇ ਛੇਤੀਂ ਸਤਿਸੰਗ ਦੀ ਪ੍ਰਾਪਤੀ ਦੁਬਾਰਾ ਨਾ ਮਿਲ ਸਕੇ ਤਾਂ ਉਹ ਉਪਦੇਸ਼ ਦਾ ਅਸਰ ਭੁੱਲ ਕੇ ਫਿਰ ਵਿਸ਼ੇ ਵਿਕਾਰਾਂ ਵਿਚ ਪਰਵਿਰਤ ਹੋ ਜਾਇਆ ਕਰਦੇ ਹਨ।

ਤੀਸਰੀ ਕਿਸਮ ਦੇ ਉਹ ਪ੍ਰੇਮੀ ਹੋਇਆ ਕਰਦੇ ਹਨ ਜਿਨ੍ਹਾਂ ਦੇ ਉਤਮ ਭਾਗ ਜਾਗ ਪੈਂਦੇ ਹਨ ਅਤੇ ਗੁਰੂ ਸ਼ਰਨ ਪ੍ਰਾਪਤ ਕਰਕੇ ਗੁਰਬਚਨਾਂ ਵਿਚ ਪਤਾਸਿਆਂ ਵਾਂਗੂੰ ਲੀਨ ਹੋ ਜਾਇਆ ਕਰਦੇ ਹਨ। ਉਨ੍ਹਾਂ ਉਪਰ ਕੁਸੰਗ ਦਾ ਮੁੜ ਅਸਰ ਨਹੀਂ ਹੋਇਆ ਕਰਦਾ। ਉਹ ਨਾਮ ਅਭਿਆਸ ਕਰਦਿਆਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਵਿਚ ਦਰਜਾ-ਬ-ਦਰਜਾ ਤਰੱਕੀ ਕਰਕੇ ਗੁਰੂ ਦਾ ਰੂਪ 'ਖਾਲਸਾ' ਹੀ ਬਣ ਜਾਇਆ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਐਸੇ ਪ੍ਰੇਮੀ ਗੁਰੂ ਦਰਬਾਰ ਵਿਚ ਆਉਂਦੇ ਹਨ ਜਿਨ੍ਹਾਂ ਨੇ ਪੂਰਬਲੇ ਜਨਮਾਂ ਦੇ ਰੂਹਾਨੀ ਸਫਰ ਦੀਆਂ ਉਚੀਆਂ ਮੰਜ਼ਲਾਂ ਪ੍ਰਾਪਤ ਕਰ ਲਈਆਂ ਹੁੰਦੀਆਂ ਹਨ ਅਤੇ ਸਿਰਫ ਇਕ-ਅੱਧ ਆਖਰੀ ਮੰਜ਼ਲ ਹੀ ਲੰਘਣੀ ਬਾਕੀ ਰਹਿ ਜਾਇਆ ਕਰਦੀ ਹੈ। ਉਨ੍ਹਾਂ ਦੇ ਉਤੇ ਗੁਰੂ ਦੇ ਬਚਨਾਂ ਦਾ ਅਸਰ ਇਕ ਦਮ ਇਤਨਾ ਗਹਿਰਾ ਹੋ ਜਾਇਆ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੇ ਅੰਦਰ ਫੁਰਮਾਨ ਹੈ -

***ਕਬੀਰ ਸਤਿਗੁਰ ਸੂਰਮੇ***
***ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ***
***ਪਰਿਆ ਪਰਾ ਕਰੇਜੇ ਛੇਕੁ ॥***

***ਅੰਗ - 1374***

ਸੋ ਗੁਰਮੁਖ ਪਿਆਰਿਓ! ਗੁਰ ਸੰਗਤ ਵਿਚ ਆਉਣ ਵਾਲੇ ਪ੍ਰੇਮੀ ਇਕੋ ਜਿਹੇ ਅਧਿਕਾਰੀ ਨਹੀਂ ਹੋਇਆ ਕਰਦੇ। ਪਹਿਲੀ ਕਿਸਮ ਦੇ **'ਮੁਰੀਦ'** ਕਹਾਉਂਦੇ ਹਨ। ਇਨ੍ਹਾਂ ਤੋਂ ਉਤਮ ਪਦਵੀ ਵਾਲੇ **'ਮੁਰੀਦ-ਏ-ਸਾਧਿਕ'** ਕਹੇ ਜਾਂਦੇ ਹਨ। ਤੀਸਰੇ

ਕਿਸਮ ਦੇ ਅਤਿ ਉਤਮ **'ਮੁਰੀਦ-ਏ-ਫਿਦਾਈ'** ਕਹੇ ਜਾਂਦੇ ਹਨ।

ਇਕ ਸਿੱਖ ਹੁੰਦੇ ਹਨ, ਦੂਜੇ ਸਿਦਕੀ ਸਿੱਖ ਹੁੰਦੇ ਹਨ, ਤੀਸਰੇ ਮਰਜੀਵੜੇ ਸਿੱਖ ਹੋਇਆ ਕਰਦੇ ਹਨ। ਮਰਜੀਵੜੇ ਸਿੱਖਾਂ ਨੇ ਸਭ ਕੁਝ ਗੁਰੂ ਦੇ ਅਰਪਣ ਕਰ ਦਿਤਾ ਹੁੰਦਾ ਹੈ।

ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ ਕਿ ਮੇਰੀ ਸਿੱਖਿਆ ਸੁਣੋ, ਬਾਣੀ ਸ਼ੁੱਧ ਪੜ੍ਹਿਆ ਕਰੋ। ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਬਹੁਤ ਵੱਡਾ ਮਹਾਤਮ ਪ੍ਰਾਪਤ ਹੋਇਆ ਕਰਦਾ ਹੈ। ਹਲਤ ਅਤੇ ਪਲਤ, ਏਥੇ ਅਤੇ ਉਥੇ, ਦੋਈਂ ਥਾਂਈਂ ਨਿਹਾਲ ਹੋ ਜਾਇਆ ਕਰਦਾ ਹੈ ਪਰ ਇਸ ਵਿਚ ਵੀ ਫਰਕ ਹੈ। ਪੰਜ ਕਿਸਮ ਦੀ ਸਿੱਖੀ ਹੁੰਦੀ ਹੈ-

ਇਕ ਧੰਧੇ ਦੀ ਸਿੱਖੀ, ਦੂਜੀ ਦੇਖਾ-ਦੇਖੀ ਦੀ, ਤੀਜੀ ਹਿਰਸ ਦੀ, ਚੌਥੀ ਸਿੱਖੀ ਸਿਦਕ ਦੀ ਹੋਇਆ ਕਰਦੀ ਹੈ ਤੇ ਪੰਜਵੀਂ ਭਾਵਨੀ ਦੀ ਸਿੱਖੀ ਹੁੰਦੀ ਹੈ।

ਪਹਿਲੀ ਸਿੱਖੀ **'ਧੰਧੇ'** ਦੀ ਇਸ ਤਰ੍ਹਾਂ ਹੁੰਦੀ ਹੈ - ਮਨ ਦੇ ਵਿਚ ਖਿਆਲ ਆਉਂਦਾ ਹੈ ਕਿ ਜਿਸ ਤਰ੍ਹਾਂ ਦੇ ਨਾਲ ਮੇਰਾ ਭਾਈਚਾਰਾ ਚੱਲ ਰਿਹਾ ਹੈ, ਮੈਂ ਵੀ ਉਸੇ ਤਰ੍ਹਾਂ ਚੱਲਾਂ। ਕਿਤੇ ਇਹ ਮੈਨੂੰ ਨਿਗੁਰਾ ਕਹਿ ਕੇ ਸ਼ਰਮਿੰਦਾ ਨਾ ਕਰਨ ਤੇ ਮੈਂ ਵੀ ਇਨ੍ਹਾਂ ਦੇ ਨਾਲ ਸਿੱਖੀ ਧਾਰਨ ਕਰ ਲਵਾਂ। ਇਸ ਸਿੱਖੀ ਨੂੰ ਧੰਦੇ ਦੀ ਸਿੱਖੀ ਕਹਿੰਦੇ ਹਨ। ਸੰਤ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਭਾਈ ਸੰਤੋਖ ਸਿੰਘ ਜੀ ਨੇ ਰਿਤੂ 3, ਅੰਸੂ 34 ਵਿਚ 5120 ਪੰਨੇ ਤੇ ਪੰਜ ਪ੍ਰਕਾਰ ਦੀ ਸਿੱਖੀ ਦੀ ਵਿਆਖਿਆ ਕੀਤੀ ਹੈ, ਆਪ ਲਿਖਦੇ ਹਨ -

***ਪ੍ਰਥਮਾ ਇਮ ਜਿਮ ਭਾਈਚਲੇ।***
***ਸਭਿਸਗੁਰੇ ਮੁਝ ਨਿਗੁਰਾ ਕਹੈਂ।***
***ਲੇ ਸਿੱਖੀ, ਧੰਧੇ ਕੀ ਅਹੈ।।***

***ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ - ਪੰਨਾ - 5120***

ਦੂਸਰੀ ਸਿੱਖੀ **'ਦੇਖਾ-ਦੇਖੀ'** ਦੀ ਹੁੰਦੀ ਹੈ ਕਿ ਕਿਸੇ ਪ੍ਰੇਮੀ ਨੂੰ ਸਿੱਖ ਬਣਿਆ ਦੇਖਿਆ, ਉਸਦੇ ਪਰਿਵਾਰ ਵਿਚ ਵਿਕਾਰਾਂ ਦਾ ਨਾਸ਼ ਹੋਣ ਕਰਕੇ, ਪਰਿਵਾਰ ਨਸ਼ਿਆਂ ਤੋਂ ਛੁੱਟ ਗਿਆ ਤੇ ਉਨ੍ਹਾਂ ਦਾ ਘਰ ਮਿਹਨਤ ਕਰਨ ਕਰਕੇ ਪਦਾਰਥਾਂ ਨਾਲ ਭਰ ਗਿਆ, ਪੁੱਤਰ ਵੀ ਹੋ ਗਏ, ਪੈਸਾ ਵੀ ਹੋ ਗਿਆ, ਪੱਤ ਵੀ ਉਚੀ ਹੋ ਗਈ, ਘਰ ਵਿਚ ਦੁੱਧ ਆ ਗਿਆ ਤੇ ਇਜ਼ਤ ਹੋਣੀ ਸ਼ੁਰੂ ਹੋ ਗਈ; ਮਾਨੋ! ਸਾਰੇ ਸੁੱਖ ਘਰ ਵਿਚ ਆ ਗਏ ਤੇ ਇਸਨੇ ਦੇਖਿਆ ਕਿ ਇਨ੍ਹਾਂ ਦੀ ਹਾਲਤ ਸਿੱਖ ਹੋਣ ਕਰਕੇ ਬਹੁਤ ਅੱਛੀ ਹੋ ਗਈ, ਸੁੱਖ-ਸ਼ਾਂਤੀ ਨਾਲ ਰਹਿਣ ਲਗ ਗਏ; ਜੇ ਮੈਂ ਵੀ ਸਿੱਖ ਬਣ ਜਾਵਾਂ ਤਾਂ ਮੇਰਾ ਘਰ ਵੀ ਪਦਾਰਥਾਂ ਨਾਲ ਭਰ ਜਾਵੇ। ਇਸ ਤਰ੍ਹਾਂ ਦੀ ਸਿੱਖੀ ਦੇਖਾ-ਦੇਖੀ ਦੀ ਸਿੱਖੀ ਕਹਾਉਂਦੀ ਹੈ।

ਤੀਜੀ **'ਹਿਰਸ'** ਦੀ ਸਿੱਖੀ - ਸਿੱਖ ਤਾਂ ਬਣ ਗਿਆ; ਨਾ ਤਾਂ ਗੁਰੂ ਦੇ ਸ਼ਬਦ ਨਾਲ ਪਿਆਰ ਪਿਆ, ਨਾ ਹੀ ਬਾਣੀ ਪੜ੍ਹਨ ਦਾ ਉਤਸ਼ਾਹ ਹਿਰਦੇ ਵਿਚ ਉਠਿਆ, ਨਾ ਹੀ ਗੁਰਮੰਤ੍ਰ, ਮੂਲਮੰਤ੍ਰ ਦਾ ਜਾਪ ਅਤੇ ਨਾ ਗੁਰੂ ਦਾ ਸਰੂਪ ਹਿਰਦੇ ਵਿਚ ਵਸਾਇਆ; ਸਿਰਫ ਬਾਕੀਆਂ ਨੂੰ ਦੇਖ ਕੇ, ਕਿ ਜੋ ਕੁਝ ਉਹ ਕਰਦੇ ਹਨ, ਉਸੇ ਤਰ੍ਹਾਂ ਕਰਨ ਦੀ ਮਨ ਵਿਚ ਠਾਨ ਲਈ। ਕੋਈ ਸੋਝੀ ਹਿਰਦੇ ਵਿਚ ਨਾ ਆਈ ਅਤੇ ਨਾ ਹੀ ਗੁਰਮਤਿ ਦੀ ਵਿਚਾਰ ਹਾਸਿਲ ਕੀਤੀ, ਨਾ ਹੀ ਸੰਗਤ ਵਿਚ ਜਾ ਕੇ ਹਾਜ਼ਰੀਆਂ ਭਰੀਆਂ, ਨਾ ਹੀ ਅੰਮ੍ਰਿਤ ਦੇ ਭੇਦ ਨੂੰ ਜਾਣਿਆ; ਕੇਵਲ ਉਪਰੋਂ-ਉਪਰੋਂ ਸਿੱਖ ਬਣ ਗਿਆ। ਇਸ ਸਿੱਖੀ ਨੂੰ ਹਿਰਸ ਦੀ ਸਿੱਖੀ ਆਖਦੇ ਹਨ।

ਚੌਥੀ ਜੋ ਸਿੱਖੀ ਹੁੰਦੀ ਹੈ ਉਹ **'ਸਿਦਕ'** ਦੀ ਹੈ। ਸਿਦਕੀ ਸਿੱਖ ਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਮੰਨਿਆ ਕਰਦਾ, ਹਰ ਅਵਸਥਾ ਵਿਚ ਗੁਰੂ ਦੀ ਸ਼ਰਨ ਵਿਚ ਹੀ ਰਹਿੰਦਾ ਹੈ ਅਤੇ ਜਿਵੇਂ ਬੇੜੀ ਤੇ ਚੜ੍ਹੇ ਹੋਏ ਸਵਾਰ ਕਿਸ਼ਤੀ ਨੂੰ ਨਹੀਂ ਛੱਡਿਆ ਕਰਦੇ, ਇਵੇਂ ਜਿਵੇਂ ਇਹ ਸਿੱਖੀ ਰੂਪ ਬੇੜੀ ਨੂੰ ਨਹੀਂ ਛੱਡਿਆ ਕਰਦਾ। ਤਨ ਨੂੰ ਮਿਥਿਆ ਕਰਕੇ ਜਾਣਦਾ ਹੈ ਅਤੇ ਸਿੱਖੀ ਸਿਦਕ ਨਿਭਾਉਣ ਲਈ ਆਪਣੇ ਪ੍ਰਾਣਾਂ ਦੇ ਜਾਣ ਅਤੇ ਸਿਰ ਦੇ ਲਗ ਜਾਣ ਦੀ ਕੋਈ ਪ੍ਰਵਾਹ ਨਹੀਂ ਕਰਦਾ। ਕਿੰਨੇ ਵੀ ਕਸ਼ਟ ਸਰੀਰ ਉਪਰ ਆ ਜਾਣ, ਕਿੰਨੇ ਵੀ ਸੰਤਾਪ ਝੱਲਣੇ ਪੈਣ, ਉਹ ਆਪਣਾ ਸਿਦਕ ਕਿਸੇ ਤਰ੍ਹਾਂ ਵੀ ਨਹੀਂ ਹਾਰਿਆ ਕਰਦਾ ਅਤੇ ਗੁਰੂ ਵਾਕ ਦੀ ਪੂਰੀ ਤਰ੍ਹਾਂ ਪਾਲਣਾ

ਕਰਿਆ ਕਰਦਾ ਹੈ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥***

***ਅੰਗ - 1412***

ਅਜਿਹਾ ਸਿਦਕੀ ਸਿੱਖ, ਗੁਰੂ ਮਹਾਰਾਜ ਜੀ ਫੁਰਮਾਉਣ ਲੱਗੇ ਕਿ ਮੇਰਾ ਹੀ ਰੂਪ ਹੋਇਆ ਕਰਦਾ ਹੈ, ਮੇਰੇ ਵਿਚ ਅਭੇਦ ਹੋਇਆ ਕਰਦਾ ਹੈ।

ਪੰਜਵੀਂ ਸਿੱਖੀ **'ਭਾਵਨਾ'** ਦੀ ਹੋਇਆ ਕਰਦੀ ਹੈ। ਗੁਰਸਿੱਖ, ਗੁਰੂ ਅਤੇ ਪ੍ਰਮੇਸ਼ਰ ਦੇ ਵਿਚ ਕੋਈ ਵੀ ਭੇਦ ਨਾ ਜਾਣਦਾ ਹੋਇਆ, ਆਪਣੇ ਗੁਰੂ ਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਕਰਕੇ ਮੰਨਦਾ ਹੈ। ਦਿਨ ਰਾਤ ਗੁਰੂ ਦੀ ਮੂਰਤ ਹਿਰਦੇ ਵਿਚ ਧਾਰਨ ਕਰਕੇ ਰੱਖਦਾ ਹੈ ਅਤੇ ਉਸ ਦੇ ਪਿਆਰ ਵਿਚ ਰਹਿੰਦਾ ਹੈ। ਉਸਦਾ ਹਰ ਸੁਆਸ ਗੁਰੂ ਦੀ ਯਾਦ ਵਿਚ ਲੰਘਦਾ ਹੈ ਅਤੇ ਗੁਰੂ ਨੂੰ ਹੀ ਸਭ ਕੁਝ ਜਾਣਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਹੋ ਜਿਹੀ ਕਿਸੇ ਦੀ ਭਾਵਨਾ ਹੋਇਆ ਕਰਦੀ ਹੈ, ਉਹੋ ਜਿਹਾ ਹੀ ਫਲ ਪ੍ਰਾਪਤ ਹੋਇਆ ਕਰਦਾ ਹੈ।

ਸੰਤ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਤੁਸੀਂ ਜਗਿਆਸਾ ਬਾਰੇ ਗੱਲ ਕੀਤੀ ਸੀ, ਸੋ ਉਸ ਬਾਰੇ ਇਸ ਤਰ੍ਹਾਂ ਹੈ ਕਿ ਜੋ ਜਗਿਆਸੂ ਹੋਇਆ ਕਰਦਾ ਹੈ, ਉਸਦਾ ਨਿਰਣਾ ਉਪਰ ਹੋ ਚੁਕਿਆ ਹੈ। ਚੌਥੀ ਕਿਸਮ ਦੇ ਪ੍ਰਾਣੀ ਬਹੁਤ ਹੀ ਘਟ ਹੋਇਆ ਕਰਦੇ ਹਨ। ਉਨ੍ਹਾਂ ਨੂੰ **'ਮੁਕਤ ਪੁਰਸ਼'** ਕਿਹਾ ਜਾਂਦਾ ਹੈ। ਉਨ੍ਹਾਂ ਦੇ ਕੰਮ ਸੰਸਾਰ ਨੂੰ ਅਗਿਆਨ ਦੀ ਹਨ੍ਹੇਰੀ ਗੁਫਾ ਵਿਚੋਂ ਕੱਢ ਕੇ ਗਿਆਨ ਦੇ ਪ੍ਰਕਾਸ਼ ਵਿਚ ਲਿਆ ਕੇ, ਜਨਮ-ਮਰਨ ਦੇ ਮਹਾਨ ਦੁੱਖ ਤੋਂ ਛੁਡਾਉਣਾ ਹੋਇਆ ਕਰਦਾ ਹੈ।

ਜਗਿਆਸੂ ਕਿਸ ਕਿਸਮ ਦਾ ਹੁੰਦਾ ਹੈ? ਇਹ ਆਪ ਦਾ ਮੁੱਖ ਪ੍ਰਸ਼ਨ ਸੀ। ਉਸ ਬਾਰੇ ਇਸ ਤਰ੍ਹਾਂ ਹੈ ਕਿ ਜਗਿਆਸੂ ਵਿਚ ਸਤਿਗੁਰੂ ਦੀ ਭਗਤੀ ਦੀ ਲੋਚਾ ਬਹੁਤ ਜ਼ਿਆਦਾ ਹੋਇਆ ਕਰਦੀ ਹੈ, ਉਸ ਵਿਚ ਸ਼ਰਧਾ ਦਾ ਹੋਣਾ ਅਤਿ ਜ਼ਰੂਰੀ ਹੈ। ਉੱਜਲ ਮਤਿ, ਧਰਮਾਤਮਾ, ਗੁਣ ਗ੍ਰਾਹਕ, ਬੁਧੀਵਾਨ, ਆਗਿਆਕਾਰੀ, ਮਨ ਦਾ ਸ਼ੁਧ, ਵਾਸ਼ਨਾਵਾਂ ਤੋਂ ਰਹਿਤ ਹੋਣਾ, ਨਿੰਮਰਤਾ ਧਾਰਨ ਕਰਨ ਵਾਲਾ, ਕੋਮਲ ਹਿਰਦੇ ਵਾਲਾ, ਜਿਸਦੀ ਲੋਚਾ ਕੇਵਲ ਆਤਮ ਪ੍ਰਾਪਤੀ ਹੀ ਹੋਵੇ ਅਤੇ ਜੋ ਮਨ, ਬਚਨ, ਕਰਮ ਸਮੇਤ ਪਾਖੰਡ ਤੋਂ ਰਹਿਤ ਹੋਵੇ, ਜਿਸਦਾ ਚਿਤ ਸ਼ਾਂਤ ਹੋਵੇ ਤੇ ਬਚਨਾਂ ਦੇ ਉਤੇ ਅਮਲ ਕਰਨ ਵਾਲਾ, ਗੁਰਸਿੱਖਾਂ ਨਾਲ ਪਿਆਰ ਕਰਨ ਵਾਲਾ ਹੋਵੇ, ਭਜਨ ਕਰਨ ਵੇਲੇ ਮਨ ਦੇ ਫੁਰਨੇ ਰੋਕ ਕੇ ਸਾਵਧਾਨ ਹੋ ਕੇ ਅਭਿਆਸ ਕਰੇ, ਵਿਸ਼ਿਆਂ ਵਿਚ ਕਿਸੇ ਕਿਸਮ ਦੀ ਵੀ ਪ੍ਰੀਤ ਨਾ ਹੋਵੇ ਅਤੇ ਅੰਤਰ ਮੋਖਸ਼ ਦੀ ਪ੍ਰਬਲ ਭਾਵਨਾ ਹੋਵੇ। ਸੰਸਾਰਕ ਸਬੰਧੀਆਂ, ਰਿਸ਼ਤੇਦਾਰਾਂ ਦਾ ਮੋਹ ਤਜਿ ਕੇ ਇਹ ਜਾਣੇ ਕਿ ਇਹ ਬੰਧਨ ਹਨ। ਲੋਕ ਲਾਜ, ਕੁਲ ਲਾਜ ਨੂੰ ਛੱਡ ਕੇ ਗੁਰੂ ਦੇ ਬਚਨ ਨੂੰ ਕਮਾਉਣ ਵਾਲਾ, ਭੇਦਵਾਦੀ ਤੇ ਅਗਿਆਨੀ ਦੀ ਸੰਗਤ ਤਿਆਗਣ ਵਾਲਾ, ਸੰਤਾਂ ਦੇ ਬਚਨਾਂ ਨਾਲ ਦ੍ਰਿੜ੍ਹਤਾ ਸਹਿਤ ਪਿਆਰ ਕਰਨ ਵਾਲਾ ਹੋਵੇ, ਨਿਤਿ ਵਸਤ 'ਆਤਮ' ਜੋ ਸਤਿ-ਚਿੱਤ-ਆਨੰਦ ਰੂਪ ਹੈ, ਇਸ ਨਾਲ ਪਿਆਰ ਪਾਵੇ। ਦੇਹ ਨੂੰ ਜੜ੍ਹ, ਅਸੱਤਿ, ਮੈਲੇ ਦੁੱਖ ਦਾ ਖੂਹ ਜਾਣਦਾ ਹੋਇਆ ਇਸ ਵਿਚੋਂ ਦੇਹ ਦੇ ਸਬੰਧੀਆਂ ਦਾ ਮੋਹ ਪੂਰਨ ਤੌਰ ਤੇ ਛੱਡ ਕੇ ਕੇਵਲ ਪ੍ਰਭੂ ਨੂੰ ਪਿਆਰ ਕਰਨ ਵਾਲਾ ਹੋਵੇ ਕਿਉਂਕਿ ਜਿੰਨੀ ਦੇਰ ਤੱਕ ਮੋਹ ਦੀ ਅੰਸ ਹੈ, ਮੋਹ ਦੀ ਮੈਲ ਹੈ, ਓਨੀ ਦੇਰ ਤਕ ਜੀਵ, ਬੰਧਨਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਪੂਰੀ ਤਰ੍ਹਾਂ ਮੋਹ ਮਿਟ ਜਾਵੇ ਅਤੇ ਮੋਹ ਦਾ ਪਰਿਵਾਰ ਕਾਮ, ਕ੍ਰੋਧ, ਲੋਭ, ਅਹੰਕਾਰ ਇਹ ਦੂਰ ਹੋ ਜਾਣ। ਅਜਿਹੇ ਖਿਆਲ ਰੱਖਣ ਵਾਲਾ ਜੋ ਪ੍ਰੇਮੀ ਹੋਇਆ ਕਰਦਾ ਹੈ, ਉਸ ਨੂੰ **'ਜਗਿਆਸੂ'** ਕਿਹਾ ਜਾਂਦਾ ਹੈ।

ਪ੍ਰਸ਼ਨ - **ਮਹਾਰਾਜ! advanced stage ਦੇ ਜਗਿਆਸੂਆਂ ਦੇ ਕੀ ਲੱਛਣ ਹੁੰਦੇ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਚਿਤ ਵਿਚ ਪ੍ਰਸੰਨਤਾ ਹੋ ਜਾਵੇ?**

ਉਤਰ - ਇਸ ਜਗਤ ਵਿਚ ਜਗਿਆਸੂ ਭਜਨ ਬੰਦਗੀ ਕਰਦੇ ਹਨ ਪਰ ਜਿਸ ਤਰ੍ਹਾਂ ਦੇ ਨਾਲ ਦੱਸਿਆ ਹੈ ਕਿ ਉਨ੍ਹਾਂ ਦੇ ਵਿਚ ਅੱਡ-ਅੱਡ ਦਰਜੇ ਹੁੰਦੇ ਹਨ - ਇਕ ਉਤਮ ਜਗਿਆਸੂ ਹਨ, ਦੂਜੇ ਮਧਮ ਜਗਿਆਸੂ ਤੇ ਤੀਜੇ ਕਨਿਸ਼ਟ ਜਗਿਆਸੂ ਹੋਇਆ ਕਰਦੇ ਹਨ। ਲਗਨ ਅਤੇ

ਪ੍ਰਾਪਤੀ ਦੇ ਪੱਖੋਂ ਇਹ ਦਰਜੇ ਆਪਣੇ ਆਪ ਹੀ ਬਣ ਜਾਇਆ ਕਰਦੇ ਹਨ। ਪਹਿਲਾਂ ਤਾਂ ਇਸ ਸੰਸਾਰ ਦੇ ਅੰਦਰ ਸਾਧੂ ਕੋਈ ਵਿਰਲਾ ਹੀ ਹੈ ਜਿਸਨੂੰ ਗੁਰਮੁਖ ਦਾ ਦਰਜਾ ਪ੍ਰਾਪਤ ਹੋਵੇ। ਇਸਦੇ ਵਿਪਰੀਤ ਕਪਟੀ, ਭੇਖੀ, ਲਾਲਚੀ, ਦੰਭੀ, ਸਵਾਰਥੀ ਅਨੇਕਾਂ ਹੀ ਮਿਲ ਜਾਣਗੇ, ਪਰ ਸਾਧੂ ਕੋਈ ਵਿਰਲਾ ਹੀ ਹੋਵੇਗਾ। ਸਾਧੂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਜਦੋਂ ਅਸੀਂ ਉਸ ਦੇ ਦਰਸ਼ਨ ਕਰੀਏ ਤਾਂ ਅਸਾਡੇ ਉਤੇ ਐਸਾ ਅਸਰ ਹੋਵੇ ਕਿ ਸਾਡੇ ਅੰਦਰੋਂ ਪ੍ਰਭੂ ਦਾ ਨਾਮ ਬਗੈਰ ਕਿਸੇ ਜਤਨ ਤੋਂ ਆਪਣੇ ਆਪ ਹੀ ਚਲ ਪਵੇ, ਰਟਨ ਹੋਣ ਲਗ ਜਾਵੇ; ਭਾਵੇਂ ਉਹ ਰਸਨਾ ਨਾਲ ਹੈ, ਭਾਵੇਂ ਸੁਆਸ ਨਾਲ।

ਸੋ ਐਸੇ ਗੁਰਮੁਖਾਂ ਦੇ ਦਰਸ਼ਨ ਲਈ ਗੁਰਮੁਖ ਪਿਆਰੇ ਹਰ ਰੋਜ਼ ਇਕੱਲੇ-ਇਕੱਲੇ ਵੀ ਤੇ ਸੰਗਤ ਨਾਲ ਮਿਲਕੇ ਵੀ ਅਰਦਾਸ ਕਰਦੇ ਹਨ। ਇਸੇ ਤਰ੍ਹਾਂ ਨਾਲ ਉਤਮ ਜਗਿਆਸੂ ਬਹੁਤ ਦੁਰਲੱਭ ਹਨ। ਪਹਿਲਾਂ-ਪਹਿਲਾਂ ਬਹੁਤਿਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਪ੍ਰਭੂ ਦੀ ਪ੍ਰਾਪਤੀ ਵਾਸਤੇ ਕੋਈ ਇਕਾਂਤ ਥਾਂ, ਜਿਥੇ ਨਾ ਕੋਈ ਝੰਝਟ ਹੋਣ, ਨਾ ਵਿਖਸ਼ੇਪਤਾ ਹੋਵੇ ਅਤੇ ਨਾ ਹੀ ਕੋਈ ਉਲਝਣਬਾਜ਼ੀ ਹੋਵੇ, ਮਿਲੇ। ਫਿਰ ਮਹਾਂਪੁਰਸ਼ਾਂ ਨੂੰ ਮਿਲ ਕੇ ਸੇਵਾ ਤੇ ਸਿਮਰਨ ਵਿਚ ਪਰਪੱਕ ਹੋਈਏ। ਪਰ ਮਾਨਸਿਕ ਕਮਜ਼ੋਰੀਆਂ ਹੋਣ ਦੇ ਕਾਰਨ ਬਹੁਤ ਸਾਰਿਆਂ ਦੀ ਜਗਿਆਸਾ ਮੰਦ ਪੈ ਜਾਂਦੀ ਹੈ। ਮਾਇਆ ਦੇ ਥਪੇੜ, ਮਾਇਆ ਦੇ ਚਕਾ-ਚੂੰਧ ਕਰਦੇ ਅਸਰ, ਜਗਿਆਸੂ ਨੂੰ ਡਾਵਾਂ-ਡੋਲ ਕਰ ਦਿਆ ਕਰਦੇ ਹਨ। ਇਸ ਤਰ੍ਹਾਂ ਅੱਧ ਵਿਚਾਲੇ ਰਹਿ ਜਾਇਆ ਕਰਦੇ ਹਨ ਪਰ ਜਿਨ੍ਹਾਂ ਦੇ ਹਿਰਦੇ ਵਿਚ ਪੂਰੀ ਸ਼ਰਧਾ ਹੈ ਅਤੇ ਰਾਗ, ਦ੍ਵੈਸ਼ ਤੋਂ ਰਹਿਤ ਹਿਰਦੇ ਵਿਚ ਨਿਰਮਲਤਾਈ ਹੈ ਅਤੇ ਮਹਾਂਪੁਰਸ਼ਾਂ ਨਾਲ ਪਿਆਰ ਹੈ, ਉਹ ਵਿਰਲੇ ਹੀ ਹੁੰਦੇ ਹਨ। ਉਨ੍ਹਾਂ ਵਿਚ ਜੋ ਮੁਖ ਗੁਣ ਹਨ, ਉਹ ਹਨ - ਆਗਿਆਕਾਰੀ ਹੋ ਕੇ ਬਚਨ ਦੀ ਕਮਾਈ ਕਰਨੀ, ਮਨ ਨੂੰ ਹਰ ਵਕਤ ਖੇੜੇ ਵਿਚ ਰੱਖਣਾ, ਗੁਰੂ ਦੇ ਬਚਨ ਪਰਖ ਕੇ ਹਿਰਦੇ ਵਿਚ ਧਾਰਨ ਕਰਨੇ, ਉੱਜਲ ਮਤਿ ਦੇ ਹੋਣਾ।

ਸੰਸਾਰ ਦੇ ਅੰਦਰ ਦ੍ਰਿਸ਼ਟੀ ਦੋ ਤਰ੍ਹਾਂ ਦੀ ਹੈ - ਇਕ ਤਾਂ ਦੂਸਰੇ ਦੇ ਔਗੁਣਾਂ ਨੂੰ ਹੀ ਚੁਣਦੀ ਰਹਿੰਦੀ ਹੈ। ਉਨ੍ਹਾਂ ਨੂੰ **'ਦੋਖ-ਦ੍ਰਿਸ਼ਟ'** ਵਾਲੇ ਕਿਹਾ ਜਾਂਦਾ ਹੈ। ਦੂਸਰੇ ਗੁਣਾਂ ਦੇ ਗਾਹਕ ਹੁੰਦੇ ਹਨ, ਉਨ੍ਹਾਂ ਨੂੰ **'ਗੁਣ ਗ੍ਰਾਹਕ'** ਕਿਹਾ ਜਾਂਦਾ ਹੈ। ਜਗਿਆਸੂ ਲਈ ਪ੍ਰੇਮ ਤੇ ਪ੍ਰੀਤ ਵਿਚ ਭਿੱਜੇ ਰਹਿਣਾ ਅਤੇ ਸਤਿ ਵਸਤੂ ਨੂੰ ਦ੍ਰਿੜ੍ਹਤਾ ਸਹਿਤ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਇਸਤੋਂ ਉਪਰੰਤ ਸਤਿਗੁਰੂ ਦੀ ਸੇਵਾ ਕਰਨ ਲਈ ਸਹੀ ਤਰੀਕੇ ਨਾਲ ਸੇਵਕ ਬਣਨਾ, ਬਹੁਤ ਜ਼ਰੂਰੀ ਹੈ। ਉਤਮ ਸੇਵਕ ਉਹ ਹੁੰਦੇ ਹਨ ਜਿਹੜੇ ਆਪਣਾ ਤਨ, ਮਨ, ਧਨ ਅਤੇ ਬਾਣੀ ਸਤਿਗੁਰੂ ਦੇ ਚਰਨਾਂ ਵਿਚ ਅਰਪਣ ਕਰਕੇ ਨਿਰਮਾਣਤਾ ਸਹਿਤ ਸੇਵਾ ਕਰਦੇ ਹਨ। ਪੁਰਸ਼ਾਰਥ ਕਰਕੇ ਅੰਮ੍ਰਿਤ ਵੇਲੇ ਉਠ ਕੇ, ਸਾਵਧਾਨ ਹੋ ਕੇ ਨਾਮ ਦਾ ਸਿਮਰਨ ਕਰਨ ਵਾਲੇ ਅਤੇ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਨ ਵਾਲੇ, ਅਵਿਦਿਆ ਦੇ ਲੇਸ਼ ਕੱਟਣ ਲਈ ਬ੍ਰਹਮ ਵਿਚਾਰ ਹਿਰਦੇ ਵਿਚ ਧਾਰਨ ਕਰਿਆ ਕਰਦੇ ਹਨ। ਕੁਸੰਗੀ ਤੇ ਭੇਦਵਾਦੀ ਦਾ ਸੰਗ ਭੁੱਲ ਕੇ ਵੀ ਨਹੀਂ ਕਰਦੇ। ਸ਼ਰੀਅੱਤ ਦੇ ਬਚਨ ਭੇਖ ਤੋਂ ਬਾਹਰ ਨਹੀਂ ਨਿਕਲਣ ਦਿੰਦੇ। ਮਹਾਂਪੁਰਸ਼ਾਂ ਦੇ ਤੱਤ ਬਚਨ ਅਵਿਦਿਆ ਨੂੰ ਕੱਟਣ ਲਈ ਸਮਰੱਥ ਹੁੰਦੇ ਹਨ। ਸੋ ਉਨ੍ਹਾਂ ਦੇ ਬਚਨਾਂ ਨੂੰ ਪ੍ਰੀਤ ਸਹਿਤ ਹਿਰਦੇ ਵਿਚ ਸੰਚਿਤ ਕਰਨਾ, ਸਮ, ਦਮ, ਉਪਰਾਮ ਅਤੇ ਵੈਰਾਗ ਵਾਲੀਆਂ ਬਿਰਤੀਆਂ ਧਾਰਨ ਕਰਨੀਆਂ। ਵਿਵੇਕ ਦੀ ਮਦਦ ਨਾਲ ਆਤਮ ਰਾਮ ਦੀ ਖੋਜ ਅੰਦਰੋਂ ਹੀ ਕਰਨੀ ਜ਼ਰੂਰੀ ਹੋਇਆ ਕਰਦੀ ਹੈ। ਹੰਗਤਾ ਤੇ ਮਮਤਾ ਛੱਡ ਕੇ ਗੁਰੂ ਦੇ ਚਰਨਾਂ ਨਾਲ ਪ੍ਰੀਤ ਵਿਚ ਆਪਣੇ ਆਪ ਨੂੰ ਰੱਖਣਾ, ਸੁਭਾਅ ਸ਼ੀਤਲ ਰੱਖਣਾ, ਰਾਗ ਦੋਖ ਤੋਂ ਸਾਵਧਾਨ ਹੋ ਕੇ ਨਿਆਰੇ ਰਹਿਣਾ, ਸੰਤੋਖ ਮਨ ਵਿਚ ਧਾਰਨਾ, ਚਿੱਤ ਨੂੰ ਤ੍ਰਿਪਤ ਰੱਖਣਾ, ਵਾਸ਼ਨਾਵਾਂ ਵਿਚ ਗਰਕ ਨਾ ਹੋਣਾ; ਉਤਮ ਜਗਿਆਸੂ ਦੇ ਲੱਛਣ ਹਨ। ਉਸ ਦੇ ਹਿਰਦੇ ਵਿਚ ਭੁੱਲ ਕੇ ਵੀ ਕਾਮ ਤੇ ਕ੍ਰੋਧ ਵਰਗੇ ਦੀਰਘ ਮਾਰੂ ਸ਼ਤਰੂਆਂ ਦਾ ਨਿਵਾਸ ਨਹੀਂ ਹੋਣਾ ਚਾਹੀਦਾ। ਮੋਹ, ਅਭਿਮਾਨ ਅਤੇ ਲੋਭ ਤੋਂ ਵੀ ਆਪਣੇ ਆਪ ਨੂੰ ਸਦਾ ਹੀ ਉਪਰਾਮ ਰੱਖਣਾ।

# ਸੰਤ ਕਾ ਮਾਰਗ

(ਭਾਗ ਪਹਿਲਾ)

ਪ੍ਰਸ਼ਨ - 1. **ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੇ ਮੁਤਾਬਿਕ ਇਹ ਸੰਸਾਰ *'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।'* ਅਤੇ *'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।। ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।'* ਤਾਂ ਫੇਰ ਅਸਾਨੂੰ ਜਗਤ ਕਿਉਂ ਦਿਸ ਰਿਹਾ ਹੈ ਅਤੇ ਜਗਤ ਕਿਵੇਂ ਬਣ ਗਿਆ?**

ਉਤਰ - ਯਥਾਰਥ ਰੂਪ ਵਿਚ ਸਿਰਫ ਇਕੋ ਇਕ ਪਾਰਬ੍ਰਹਮ ਪ੍ਰਮੇਸ਼ਰ ਆਪਣੇ ਆਪ ਵਿਚ ਅਨੇਕ ਰੂਪ ਧਾਰਨ ਕਰਕੇ ਇਕ ਖੇਲ੍ਹ-ਖੇਲ੍ਹ ਰਿਹਾ ਹੈ। ਜਿਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ 'ਜਾਪੁ ਸਾਹਿਬ' ਵਿਚ ਫੁਰਮਾਨ ਕੀਤਾ ਹੈ ਕਿ -

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ***
***ਅੰਤ ਕੋ ਫਿਰਿ ਏਕ।।*** ***ਜਾਪੁ ਸਾਹਿਬ***

ਇਥੇ ਇਕੋ ਹੀ ਪ੍ਰਮੇਸ਼ਰ ਬੇਅੰਤ ਜੀਵਨ ਧਾਰਾਵਾਂ, ਸ਼ਕਲਾਂ, ਸੂਰਤਾਂ, ਰਸਾਂ, ਰੰਗਾਂ, ਵਜੂਦਾਂ ਵਿਚ ਅਨੇਕ ਹੋਇਆ ਪ੍ਰਤੀਤ ਦੇ ਰਿਹਾ ਹੈ। ਆਪੋ ਆਪਣੀ ਬੁੱਧੀ ਦੇ ਪ੍ਰਾਪਤ ਹੋਏ ਬਲ ਦੇ ਮੁਤਾਬਿਕ ਇਹ ਸੰਸਾਰ ਨੂੰ ਵਿਆਖਿਆ ਜਾ ਰਿਹਾ ਹੈ। ਕਈਆਂ ਵਿਦਵਾਨਾਂ ਦਾ ਇਹ ਮਤ ਹੈ ਕਿ ਇਹ ਸੰਸਾਰ ਪ੍ਰਮਾਣੂਆਂ ਤੋਂ ਉਤਪਤ ਹੋਇਆ ਹੈ ਅਤੇ ਕਈਆਂ ਦਾ ਮਤ ਹੈ ਕਿ ਇਹ ਸੰਸਾਰ ਈਸ਼ਵਰ ਦੀ ਸੱਤਾ ਪ੍ਰਾਪਤ ਕਰਕੇ ਮਾਇਆ ਤੋਂ ਉਤਪੰਨ ਹੋਇਆ ਹੈ। ਮਾਇਆ, ਈਸ਼ਵਰ ਅਤੇ ਜੀਵ ਸੱਤਾ ਨੂੰ ਕਈ ਵਿਦਵਾਨ ਭਿੰਨ-ਭਿੰਨ ਸਮਝਦੇ ਹੋਏ ਇਸ ਮਤ ਦੇ ਹਨ ਕਿ ਜਦੋਂ ਮਾਇਆ ਦੇ ਤਿੰਨ ਗੁਣਾਂ ਵਿਚ ਉਥੱਲ-ਪੁਥੱਲ ਹੋਈ ਤਾਂ ਜੀਵ ਇਸ ਮਾਇਆ ਵਿਚ ਫਸ ਗਿਆ ਤੇ ਮੋਹਿਤ ਹੋਇਆ-ਹੋਇਆ ਕਰਮ ਕਰਕੇ ਇਹ ਦ੍ਰਿੜ੍ਹ ਨਿਸ਼ਚਾ ਰਖਦਾ ਹੈ ਕਿ ਕਰਮ ਮੈਂ ਕੀਤੇ ਹਨ। ਇਨ੍ਹਾਂ ਕਰਮਾਂ ਦਾ ਫਲ ਭੋਗਦਾ ਜਨਮ ਮਰਨ ਦੇ ਚੱਕਰ 'ਚ ਪਿਆ ਅਨੰਤ ਕਾਲ ਤੋਂ ਦੁੱਖੀ ਹੁੰਦਾ ਵਿਆਕੁਲ ਹੋ ਰਿਹਾ ਹੈ। ਇਨ੍ਹਾਂ ਸਿਆਣਿਆਂ ਨੇ ਇਸ ਜੀਵ ਨੂੰ ਮਾਇਆ ਤੋਂ ਭਿੰਨ ਕਰਨ ਲਈ ਯੋਗ ਸਾਧਨਾਂ ਦਾ ਬਹੁਤ ਹੀ ਵਿਸਥਾਰ ਪੂਰਵਕ ਵਰਣਨ ਕੀਤਾ ਹੈ ਜਿਸ ਵਿਚ ਵਾਸ਼ਨਾਵਾਂ ਨੂੰ ਕਾਬੂ ਕਰਕੇ ਕਰਮਾਂ ਤੋਂ ਅ-ਕਰਤਾ ਭਾਵ ਉਤਪੰਨ ਕਰਕੇ ਨਿਸ਼ਕਾਮ ਕਰਮਾਂ ਰਾਹੀਂ ਅਭਿਆਸ (ਯੋਗ) ਦੇ ਬਲ ਨਾਲ ਸਮਾਧੀ ਵਿਚ ਲੀਨ ਹੋ ਕੇ, ਮਾਇਆ ਤੋਂ ਛੁੱਟ ਕੇ ਮੁਕਤ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਪਰ ਗੁਰਮਤਿ ਅਨੁਸਾਰ ਏਸ ਜੱਗ ਦੀ ਵੱਖਰੀ ਸਤੱਤਾ ਨੂੰ ਨਹੀਂ ਮੰਨਿਆ ਗਿਆ ਅਤੇ ਸਤਿ ਸਿਧਾਂਤ ਸੰਸਾਰ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਇਹ ਸੰਸਾਰ ਪ੍ਰਭੂ ਤੋਂ ਬਗੈਰ ਹੋਰ ਕੁਝ ਵੀ ਨਹੀਂ। ਵੈਸੇ ਇਸ ਸਿਧਾਂਤ ਨੂੰ ਵਰਣਨ ਕਰਨ ਲਈ ਕਈ ਥਾਵਾਂ ਤੇ ਵਿਆਖਿਆ ਵੀ ਕੀਤੀ ਗਈ ਹੈ।

ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਗੁਰੂ ਘਰ ਦੇ ਵੇਦ ਵਿਆਸ ਦੀ ਉਪਾਧੀ ਦੇ ਕੇ ਪ੍ਰਮੁਖ ਵਿਦਵਾਨ ਕਿਹਾ ਜਾਂਦਾ ਹੈ, ਆਪ ਜੀ ਦਾ ਫੁਰਮਾਨ ਹੈ ਕਿ ਸੰਸਾਰ ਦੀ ਉਤਪਤੀ ਤੋਂ ਪਹਿਲਾਂ 'ਸਤਿ' (being), ਆਪਣੇ ਆਪ ਵਿਚ ਸਮਾਧਿਸ਼ਟ ਅਵਸਥਾ ਨੂੰ ਉਹ ਆਪ ਹੀ ਜਾਣਦਾ ਸੀ। ਉਹ ਕੋਈ ਅਣਹੋਂਦ ਜਾਂ ਸੁੰਨ (nothing) ਨਹੀਂ ਸੀ ਪਰ ਇਸ ਦੀ ਥਾਂ ਤੇ ਅਗੰਮ, ਅਗੋਚਰ ਅਵਸਥਾ ਵਿਚ ਇਹ ਸਤਿ (being) ਆਪਣੀ ਮਹਿਮਾ ਨੂੰ ਆਪ ਹੀ ਜਾਣਦਾ ਹੈ। ਇਸ ਅਵਸਥਾ ਨੂੰ ਕਿਸੇ ਵੀ ਤਰੀਕੇ ਦੇ ਨਾਲ ਪ੍ਰਾਕ੍ਰਿਤਕ organs (ਇੰਦ੍ਰੀਆਂ) ਰਾਹੀਂ ਵਿਆਖਿਆ ਨਹੀਂ ਜਾ ਸਕਦਾ। ਉਸਦੀ ਭਿੰਨ-ਭਿੰਨ ਵਿਆਖਿਆ ਬੁਧੀਵਾਨਾਂ ਨੇ ਆਪਣੀ ਪਹੁੰਚ ਦੇ ਮੁਤਾਬਿਕ ਕਰਕੇ ਅਨੇਕ ਪ੍ਰਾਕ੍ਰਿਤਕ ਮਤ ਕਾਇਮ ਕੀਤੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਇਸ ਬਾਰੇ ਫੁਰਮਾਨ ਕਰਦੇ ਹਨ -

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*

***ਚੌਪਈ***

ਸਿੱਧਾਂ ਨੇ ਵੀ ਗੁਰੂ ਨਾਨਕ ਪਾਤਸ਼ਾਹ ਨੂੰ ਆਦਿ ਦੀ ਅਵਸਥਾ ਬਾਰੇ ਕੁਝ ਵਿਆਖਿਆ ਕਰਨ ਲਈ ਬੇਨਤੀ ਕੀਤੀ ਅਤੇ ਕਿਹਾ -

*ਆਦਿ ਕਉ ਕਵਨੁ ਬੀਚਾਰੁ*
*ਕਥੀਅਲੇ ਸੁੰਨ ਕਹਾ ਘਰ ਵਾਸੋ॥*

***ਅੰਗ - 940***

ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ*
*ਸੁੰਨ ਨਿਰੰਤਰਿ ਵਾਸੁ ਲੀਆ॥*

***ਅੰਗ - 940***

ਸੋ ਵਿਸਮਾਦਕ ਅਵਸਥਾ ਨੂੰ ਅਤੇ ਆਪਣੇ ਵਿਚ ਸਥਿਤ ਸਤਿ ਨੂੰ ਇਹ ਸਤਿ ਆਪ ਹੀ ਜਾਣਦਾ ਹੈ ਕਿਉਂਕਿ ਮਨੁੱਖ ਲਈ ਇਹ ਅਵਸਥਾ ਅਗੰਮ ਤੇ ਅਗੋਚਰ ਹੈ। ਸੋ ਇਸ ਅਵਸਥਾ ਨੂੰ ਨਿਰੰਕਾਰ ਦੀ ਆਪੇ ਆਪ ਜਾਨਣ ਵਾਲੀ ਅਵਸਥਾ ਹੀ ਕਹਿ ਸਕਦੇ ਹਾਂ ਪਰ ਸਮਝਣ ਵਾਸਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ -

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ॥*

***ਭਾਈ ਗੁਰਦਾਸ ਜੀ - ਵਾਰ 26/2***

ਏਕੰਕਾਰ ਨਿਰੰਕਾਰ ਜੀ ਦਾ ਸਰਗੁਨ ਸਰੂਪ ਹੈ ਅਤੇ ਇਸ 'ਏਕੰਕਾਰ' ਤੋਂ -

*ਏਕੰਕਾਰਹੁੰ ਸਬਦ ਧੁਨਿ*
*ਓਅੰਕਾਰ ਆਕਾਰੁ ਬਨਾਯਾ॥*

***ਭਾਈ ਗੁਰਦਾਸ ਜੀ - ਵਾਰ 26/2***

ਗੁਰੂ ਮਹਾਰਾਜ ਜੀ ਨੇ ਮੂਲਮੰਤ੍ਰ ਵਿਚ 'ਏਕੰਕਾਰ' ਅਤੇ 'ਓਅੰਕਾਰ' ਨੂੰ ਵੱਖੋ-ਵੱਖਰਾ ਨਹੀਂ ਦਰਸਾਇਆ, ਸਗਮਾਂ ਦੋਹਾਂ ਨੂੰ ਇਕੋ ਰੂਪ 'ੴ' ਦਾ ਦਿਤਾ। 'ੴ' ਹੀ ਇਸ ਰੂਪ ਵਿਚ 'ਸਤਿ' ਦੱਸਿਆ ਅਤੇ ਇਸ 'ੴ' ਸ਼ਕਤੀ ਜਿਸਨੂੰ ਨਾਮ ਸ਼ਕਤੀ ਕਿਹਾ, ਤੋਂ ਕ੍ਰਿਆ ਸ਼ੁਰੂ ਹੋਈ ਅਤੇ ਇਸ ਸ਼ਬਦ ਤੋਂ ਅਨੰਤ ਧਾਰਾਂ ਦੇ ਵਿਚ ਅਨੰਤ ਰੂਪ ਰੇਖਾਵਾਂ ਵਾਲੀ, ਰਸਾਂ, ਰੰਗਾਂ ਵਾਲੀ ਸ੍ਰਿਸ਼ਟੀ ਮੌਲਣ ਲੱਗੀ ਅਤੇ ਨਿਰੰਤਰ ਮੌਲ ਰਹੀ ਹੈ। ਜਿਵੇਂ ਇਕ ਬਟਕ ਬੀਜ ਤੋਂ ਬਹੁਤ ਵਿਸਥਾਰ ਵਾਲਾ ਬ੍ਰਿਛ ਵਜੂਦ ਵਿਚ ਆ ਗਿਆ। ਇਹ ਬ੍ਰਿਛ ਉਸ ਨਿੱਕੇ ਜਿਹੇ ਬੀਜ ਦਾ ਹੀ ਸਰਗੁਨ ਸਰੂਪ ਹੈ। ਨਿਰਗੁਨ ਪ੍ਰਮਾਤਮਾ ਦੇ ਆਸਰੇ ਹੋ ਕੇ ਇਹੋ ਬ੍ਰਹਮ, ਜਗਤ ਰੂਪ ਕਰਕੇ ਜਾਣਿਆ ਜਾਣ ਲੱਗਾ। ਜੇ ਥੋੜ੍ਹੇ ਵਿਸਥਾਰ ਨਾਲ ਹੋਰ ਸਮਝਣਾ ਹੋਵੇ ਤਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਿੱਧਾਂ ਦੇ ਪ੍ਰਸ਼ਨ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*

***ਅੰਗ - 946***

ਦੇ ਉਤਰ ਵਿਚ ਬਹੁਤ ਹੀ ਸੰਖੇਪ ਭਾਵ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ॥*
*ਗੁਰਮੁਖਿ ਹੋਵੈ ਸੁ*
*ਗਿਆਨੁ ਤਤੁ ਬੀਚਾਰੈ*
*ਹਉਮੈ ਸਬਦਿ ਜਲਾਏ॥*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ*
*ਸਾਚੈ ਰਹੈ ਸਮਾਏ॥*

***ਅੰਗ - 946***

ਨਾਲ ਇਸ ਜਗਤ ਦੀ ਉਤਪਤੀ ਦਾ ਕਾਰਨ ਅਗਿਆਨਤਾ ਹੀ ਦੱਸਿਆ। ਸੋ ਹਉਮੈ ਦੀ ਅਗਿਆਨਤਾ ਕਾਰਨ ਏਕੋ ਬ੍ਰਹਮ, ਜਗਤ ਹੋ ਕੇ ਭਾਸਣ ਲਗ ਗਿਆ। ਇਸ ਦੀ ਹੋਰ ਖੋਲ੍ਹ ਕੇ ਵਿਆਖਿਆ ਭੀ ਇਸ ਥਾਂ ਬੇਲੋੜੀ ਨਹੀਂ ਹੋਵੇਗੀ। ਉਹ ਇਸ ਤਰ੍ਹਾਂ ਹੈ ਕਿ ਵਿਸ਼ਿਸ਼ਟ ਚੇਤਨ 'ਈਸ਼ਰ' ਤੋਂ ਸ਼ਬਦ ਸੰਯੁਕਤ ਅਕਾਸ਼ ਦੀ ਉਤਪਤੀ ਹੁੰਦੀ ਹੈ। ਅਕਾਸ਼ ਵਿਚ ਕੇਵਲ ਇਕੋ ਸ਼ਬਦ ਗੁਣ ਹੈ। ਅਕਾਸ਼ ਤੋਂ ਸਪਰਸ਼ ਯੁਕਤ ਵਾਯੂ ਦੀ ਉਤਪਤੀ ਹੋਈ। ਵਾਯੂ ਵਿਚ ਦੋ ਗੁਣ ਹੁੰਦੇ ਹਨ - ਸਪਰਸ਼ ਦਾ ਗੁਣ ਤਾਂ ਉਸਦਾ ਆਪਣਾ ਹੈ ਤੇ ਸ਼ਬਦ ਦਾ ਗੁਣ ਅਕਾਸ਼ ਦਾ ਹੈ। ਵਾਯੂ ਤੋਂ ਰੂਪ (ਅਗਨ) ਦੀ ਉਤਪਤੀ ਹੁੰਦੀ ਹੈ। ਰੂਪ ਵਿਚ ਤਿੰਨ ਗੁਣ ਹਨ - ਰੂਪ ਉਸਦਾ ਆਪਣਾ ਗੁਣ ਹੈ ਅਤੇ

ਸ਼ਬਦ, ਸਪਰਸ਼ ਇਹ ਗੁਣ ਪਹਿਲੇ ਤੱਤਾਂ ਦੇ ਹਨ। Gasses ਤੋਂ ਰਸ, ਰੂਪ, ਜਲ ਦੀ ਉਤਪਤੀ ਹੋਈ। ਇਸ ਤਰ੍ਹਾਂ ਜਲ ਵਿਚ ਚਾਰ ਗੁਣ ਹੋਏ – ਰਸ ਜਲ ਦਾ ਆਪਣਾ ਰੂਪ; ਸ਼ਬਦ, ਸਪਰਸ਼, ਰੂਪ ਪਹਿਲੇ ਤਿੰਨਾਂ ਦੇ ਗੁਣ। ਜਲ ਤੋਂ ਗੰਧ ਸਹਿਤ ਧਰਤੀ ਦੀ ਉਤਪਤੀ ਹੋਈ – ਗੰਧ ਧਰਤੀ ਦਾ ਰੂਪ ਤੇ ਸ਼ਬਦ, ਸਪਰਸ਼, ਰੂਪ, ਰਸ ਪਹਿਲੇ ਤੱਤਾਂ ਦੇ ਗੁਣ। ਇਨ੍ਹਾਂ ਗੁਣਾਂ ਦੇ ਸਤੋ ਗੁਣ ਅੰਸ਼ ਤੋਂ ਅੰਤਹਕਰਣ ਦੀ ਉਤਪਤੀ ਹੋਈ। ਇਹ ਅੰਤਹਕਰਣ, ਬਿਰਤੀ ਭੇਦ ਤੋਂ ਚਾਰ ਤਰ੍ਹਾਂ ਦਾ ਵਿਆਖਿਆ ਜਾਂਦਾ ਹੈ। ਇਨ੍ਹਾਂ ਦੇ ਨਾਮ ਕਰਮਵਾਰ ਮਨ, ਬੁੱਧ, ਚਿਤ ਤੇ ਅਹੰਭਾਵ ਹਨ। ਇਸੇ ਤਰ੍ਹਾਂ ਪੰਜਾਂ ਤੱਤਾਂ ਦੇ ਰਜੋ ਅੰਸ ਤੋਂ ਪੰਜ ਪ੍ਰਾਣ – ਪ੍ਰਾਣ, ਉਪਾਨ, ਸੁਮਾਨ, ਉਦਾਨ ਤੇ ਬਿਆਨ ਹਨ। ਇਹ ਵੀ ਇਕੋ ਪੌਣ ਦੇ ਸਥਾਨ ਭੇਦ ਕਰਕੇ ਪੰਜ ਨਾਮ ਪੈ ਗਏ ਜਿਵੇਂ ਕਿ ਹਿਰਦੇ ਸਥਾਨ ਵਿਚ 'ਪ੍ਰਾਣਾਂ' ਦਾ ਨਿਵਾਸ ਹੈ ਅਤੇ ਗੁਦਾ ਸਥਾਨ ਵਿਚ 'ਉਪਾਨ', ਨਾਭੀ ਵਿਚ 'ਸੁਮਾਨ', ਕੰਠ ਵਿਚ 'ਉਦਾਨ' ਅਤੇ ਸਾਰੇ ਸਰੀਰ ਵਿਚ ਨਿਵਾਸ ਰੱਖਣ ਵਾਲੇ ਦਾ ਨਾਮ 'ਬਿਆਨ' ਹੈ।

ਇਕੋ ਪੌਣ ਦੇ ਵੱਖ-ਵੱਖ ਸਥਾਨਾਂ ਤੇ ਨਿਵਾਸ ਕਰਨ ਕਰਕੇ ਇਨ੍ਹਾਂ ਪੰਜ ਪ੍ਰਾਣਾਂ ਦੇ ਧਰਮ ਵੀ ਵੱਖੋ-ਵੱਖਰੇ ਪ੍ਰਤੀਤ ਦੇਣ ਲੱਗੇ। ਜਿਸ ਤਰ੍ਹਾਂ ਭੁੱਖ, ਪਿਆਸ ਦਾ ਲੱਗਣਾ 'ਪ੍ਰਾਣ' ਦਾ ਧਰਮ ਹੈ, ਮਲਮੂਤਰ ਦਾ ਤਿਆਗਣਾ 'ਉਪਾਨ' ਦਾ ਧਰਮ ਹੈ, ਖਾਧੇ ਹੋਏ ਅੰਨ ਅਤੇ ਪੀਤੇ ਹੋਏ ਪਾਣੀ ਨੂੰ ਹਜ਼ਮ ਕਰਨਾ 'ਸਮਾਨ' ਦਾ ਧਰਮ ਹੈ, ਅੰਨ ਜਲ ਦੇ ਮੇਹਦੇ ਵਿਚ ਪ੍ਰਾਪਤ ਹੋਏ ਅਨੇਕ ਕਿਸਮ ਦੇ ਰਸਾਂ ਨੂੰ ਆਪੋ-ਆਪਣੇ ਸਥਾਨ ਪਹੁੰਚਾਉਣਾ 'ਉਦਾਨ' ਪ੍ਰਾਣ ਦਾ ਧਰਮ ਹੈ ਅਤੇ ਸਾਰੇ ਅੰਗਾਂ ਦੇ ਜੋੜਾਂ ਨੂੰ ਪ੍ਰੇਰਨਾ ਦੇ ਕੇ ਕੰਮ ਲੈਣ ਲਈ 'ਬਿਆਨ' ਪ੍ਰਾਣ ਦਾ ਧਰਮ ਹੈ। ਇਸੇ ਤਰ੍ਹਾਂ ਦੇ ਇਕ-ਇਕ ਤੱਤ ਦੇ ਸਤੋ ਅੰਸ਼ ਤੋਂ ੨੫ ਪ੍ਰਾਕ੍ਰਿਤੀਆਂ ਬਣ ਕੇ ਗਿਆਨ ਇੰਦਰੀਆਂ ਦੀ ਉਤਪਤੀ ਹੁੰਦੀ ਹੈ। ਜਿਵੇਂ ਕਿ ਅਕਾਸ਼ ਤੋਂ ਸਤੋ ਅੰਸ਼ ਦੀ, ਕੰਨਾਂ ਦੀ, ਵਾਯੂ ਤੋਂ ਤਵੱਚਾ ਦੀ, ਰੂਪ ਤੋਂ ਅੱਖਾਂ ਦੀ, ਜਲ ਤੋਂ ਰਸਨਾ ਦੀ, ਧਰਤੀ ਤੋਂ ਨੱਕ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਹੀ ਤੱਤਾਂ ਦੇ ਰਜੋ ਅੰਸ਼ ਤੋਂ ਕਰਮ ਇੰਦ੍ਰੀਆਂ ਦੀ ਉਤਪਤੀ ਹੁੰਦੀ ਹੈ ਜਿਵੇਂ ਕਿ ਅਕਾਸ਼ ਤੋਂ ਵਾਕਸੱਤਾ, ਵਾਯੂ ਤੋਂ ਹੱਥ ਸ਼ਕਤੀ, ਰੂਪ ਤੋਂ ਪੈਰਾਂ ਦੀ, ਜਲ ਤੋਂ ਉਪਸਥ 'ਲਿੰਗ ਇੰਦ੍ਰੇ' ਦੀ, ਧਰਤੀ ਤੋਂ ਗੁਦਾ ਦੀ ਉਤਪਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਸੂਖਮ ਰਚਨਾ ਤੋਂ ਮਗਰੋਂ ਪ੍ਰਮਾਤਮਾ ਦੀ ਇੱਛਾ ਨਾਲ ਪੰਜਾਂ ਤੱਤਾਂ ਤੋਂ ਇਕ-ਇਕ ਤੱਤ ਦੇ ਦੋ ਦੋ ਹਿੱਸੇ ਹੋ ਗਏ। ਉਨ੍ਹਾਂ ਵਿਚੋਂ ਇਕ ਹਿੱਸਾ ਤਾਂ ਜਿਉਂ ਦਾ ਤਿਉਂ ਰਿਹਾ ਅਤੇ ਦੂਜਾ ਹਿੱਸਾ ਆਪਣੇ ਪਹਿਲੇ ਹਿੱਸੇ ਨੂੰ ਛੱਡ ਕੇ ਦੋਹਾਂ ਦੇ ਨਾਲ ਮਿਲ ਗਿਆ। ਇਹੋ ਸਾਰੇ ਪੰਚੀਕਰਣ ਕਹਾਉਂਦੇ ਹਨ। ਇਸ ਪੰਚੀ ਕਿਰਤ ਪੰਜਾਂ ਤੱਤਾਂ ਤੋਂ ਹੀ ਸਥੂਲ ਬ੍ਰਹਿਮੰਡ ਪੈਦਾ ਹੋਇਆ, ਉਨ੍ਹਾਂ ਬ੍ਰਹਿਮੰਡਾਂ ਵਿਚ ਹੀ ਅਨੰਤ – ਮਾਤ ਲੋਕ, ਪਤਾਲ ਲੋਕ, ਸਵਰਗ ਲੋਕ ਵਜੂਦ ਵਿਚ ਆਏ। ਇਹ ਸਾਰਾ ਪ੍ਰਪੰਚ ਪ੍ਰਮੇਸ਼ਰ ਤੋਂ ਹੀ ਵਧਿਆ, ਫੁੱਲਿਆ, ਫਲਿਆ ਅਤੇ ਅਗਿਆਨ, ਮਾਇਆ ਦੀ ਅਮਿਟ ਸ਼ਕਤੀ ਕਰਕੇ ਪ੍ਰਮੇਸ਼ਰ ਤੋਂ ਵੱਖਰਾ ਭਾਸਦਾ ਵੱਖਰੇ-ਪੁਣ ਦਾ ਪੱਕਾ ਅਧਿਆਸ ਹੋ ਕੇ ਜਗਤ ਪ੍ਰਤੀਤ ਦੇਣ ਲੱਗਿਆ।

ਦਰਅਸਲ ਇਹ ਸਾਰਾ ਹੀ ਪਸਾਰਾ ਇਉਂ ਹੈ ਜਿਵੇਂ ਸਮੁੰਦਰ ਤੋਂ ਅਨੇਕਾਂ ਲਹਿਰਾਂ ਉਠ ਕੇ ਉਹ ਸਮੁੰਦਰ ਤੋਂ ਨਾ ਹੀ ਕਿਸੇ ਤਰ੍ਹਾਂ ਵੱਖ ਹੁੰਦੀਆਂ ਹਨ ਪਰ ਅਸੀਂ ਇਸ ਉਛਲਦੇ ਪਾਣੀ ਨੂੰ ਲਹਿਰਾਂ, ਝੱਗ, ਬੁਲਬਲਿਆਂ ਦੀ ਉਪਾਧੀ ਦੇ ਕੇ ਪਾਣੀ ਤੋਂ ਵੱਖ ਵੇਖਦੇ ਹਾਂ ਪਰ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ–

***ਜਲ ਤਰੰਗ ਅਰੁ ਫੇਨ ਬੁਦਬੁਦਾ***
***ਜਲ ਤੇ ਭਿੰਨ ਨ ਹੋਈ॥***

***ਅੰਗ – 485***

ਇਹ ਸਾਰਾ ਸਾਗਰ ਹੀ ਹੈ, ਸਾਗਰ ਆਪਣੀ ਮੌਜ ਵਿਚ ਆਪਣੀ ਖੇਲ੍ਹ ਖੇਲ੍ਹ ਰਿਹਾ ਅਨੇਕਾਂ ਰੂਪਾਂ ਵਿਚ ਨਜ਼ਰ ਆ ਕੇ ਵੱਖਰੇ-ਪੁਣ ਦਾ ਭਰਮ ਪੈਦਾ ਕਰਦਾ ਹੈ ਪਰ ਵਿਚਾਰਸ਼ੀਲ ਵਿਅਕਤੀ ਇਸ ਸਾਗਰ ਨੂੰ ਸਾਗਰ ਦੀ ਖੇਲ੍ਹ ਹੀ ਸਮਝਦਾ ਹੈ। ਇਹ ਇਕ ਭਰਮ ਮਾਤਰ ਮਾਨਸਿਕ ਸਥਿਤੀ ਹੈ।

ਇਕ ਹੋਰ ਤਰ੍ਹਾਂ ਵੀ ਇਹ ਗੱਲ ਸੁਖੈਨ ਹੀ ਸਮਝ ਵਿਚ ਆ ਜਾਂਦੀ ਹੈ ਕਿ ਮਟਕ ਚਾਨਣੇ

ਰੂਪ ਹਨ੍ਹੇਰੇ ਵਿਚ ਇਕ ਰੱਸੀ ਘਰ ਦੇ ਦਰਵਾਜ਼ੇ ਅੱਗੇ ਪਈ ਹੋਵੇ ਤਾਂ ਉਸਨੂੰ ਦੇਖ ਕੇ ਦ੍ਰਿੜ੍ਹ ਅਧਿਆਸ ਹੋ ਜਾਂਦਾ ਹੈ ਕਿ ਇਹ ਸੱਪ ਪਿਆ ਹੈ। ਉਸਦਾ ਦੁਖਦਾਈ ਅਸਰ ਸਰੀਰ ਉਤੇ ਅਗਿਆਨ ਕਰਕੇ ਘਬਰਾਹਟ, ਡਰ ਦੇ ਰੂਪ ਦੇ ਵਿਚ ਪ੍ਰਗਟ ਹੋ ਕੇ ਮਾਨਸਿਕ ਸੋਚ ਨੂੰ ਉਥੱਲ-ਪੁਥੱਲ ਕਰ ਦਿੰਦਾ ਹੈ ਅਤੇ ਅਣਹੋਏ ਸੱਪ ਦਾ ਮਨ ਬੁੱਧੀ ਵਿਚ ਅਨੇਕ ਤਰ੍ਹਾਂ ਦੀਆਂ ਕਲਪਨਾਵਾਂ ਖੜ੍ਹੀਆਂ ਕਰ ਦਿੰਦਾ ਹੈ ਪਰ ਜਦੋਂ ਗਿਆਨ ਰੂਪ ਦਿਨ ਦਾ ਪ੍ਰਕਾਸ਼ ਹੋ ਜਾਵੇ ਤਾਂ ਇਹ ਭਰਮ ਵਸ ਅਗਿਆਨਮਈ ਕਲਪਨਾ ਹੀ ਸੀ। ਇਸੇ ਤਰ੍ਹਾਂ ਦੇ ਨਾਲ ਚੰਦ ਚਾਂਦਨੀ ਵਿਚ ਪਈ ਚਮਕ ਰਹੀ ਸਿੱਪੀ ਚਾਂਦੀ ਪ੍ਰਤੀਤ ਦਿੰਦੀ ਹੈ। ਸੋ ਅਸਲੀਅਤ, ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਜੋ ਗੁਰਮਤਿ ਸਿਧਾਂਤ ਰਾਹੀਂ ਪ੍ਰਗਟ ਹੁੰਦੀ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ - 846***

***ਸਰਬ ਭੂਤ ਆਪਿ ਵਰਤਾਰਾ॥***
***ਸਰਬ ਨੈਨ ਆਪਿ ਪੇਖਨਹਾਰਾ॥***

***ਅੰਗ - 294***

ਸਾਰਿਆਂ ਨੇਤਰਾਂ ਦੇ ਰਾਹੀਂ ਆਪ ਹੀ ਦੇਖ ਰਿਹਾ ਹੈ। ਆਪ ਹੀ ਦ੍ਰਿਸ਼ ਹੈ, ਆਪ ਹੀ ਦ੍ਰਿਸ਼ਟ ਸ਼ਕਤੀ ਹੈ। ਜਦ ਸਾਰੇ ਆਪਣਾ ਹੀ ਰੂਪ ਦਿਸ ਰਿਹਾ ਹੈ ਤਾਂ ਇਥੇ ਦੂਸਰੇ ਦੀ ਕਲਪਨਾ ਕਰਨਾ ਅਣਹੋਈ ਬਾਤ ਹੈ। ਇਹ ਸਾਰਾ ਸੰਸਾਰ 'ਵਾਹਿਗੁਰੂ' ਹੀ ਹੈ। ਪੰਜ ਕਿਸਮ ਦੇ ਭਰਮ ਪੈਣ ਕਰਕੇ ਇਹ ਵਾਹਿਗੁਰੂ ਜਗਤ ਰੂਪ ਹੋ ਕੇ ਦਿਸ ਰਿਹਾ ਹੈ ਅਤੇ ਦੇਖਣ ਵਾਲੇ ਨੇਤਰ, ਘੋਰ ਅੰਧਕਾਰ ਵਿਚ ਹੋਣ ਕਰਕੇ ਅੰਧੇ ਹਨ, ਜਦੋਂ ਗੁਰੂ ਰਾਹੀਂ ਸ਼ਬਦ ਦੀ ਪ੍ਰਾਪਤੀ ਹੋ ਜਾਵੇ ਅਤੇ ਉਸਦਾ ਵਿਧੀ ਪੂਰਵਕ ਅਭਿਆਸ ਕਰਕੇ ਦਿਬਯ-ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਵੇ ਤਾਂ ਗੁਰੂ ਮਹਾਰਾਜ ਜੀ ਦੇ ਫੁਰਮਾਨ ਦੇ ਮੁਤਾਬਿਕ ਇਹ ਸਾਰਾ ਜਗਤ ਹਰੀ ਦਾ ਰੂਪ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਫੁਰਮਾਨ ਹੈ -

***ਏ ਨੇਤ੍ਰਹੁ ਮੇਰਿਹੋ***
***ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥***

***ਅੰਗ - 922***

ਪਰ ਇਹ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਕਰਮ, ਉਪਾਸ਼ਨਾ, ਗਿਆਨ ਦੀਆਂ ਮੰਜ਼ਲਾਂ ਰਾਹੀਂ ਅੰਤਸ਼ਕਰਣ ਵਿਚ ਪਈ ਹੋਈ ਜਨਮਾਂ-ਜਨਮਾਂਤਰਾਂ ਦੀ ਕਾਲੀ ਸਿਆਹ ਮੈਲ ਦੂਰ ਕਰਕੇ, ਅੰਤਸ਼ਕਰਣ ਪ੍ਰਕਾਸ਼ਮਈ ਹੋ ਜਾਂਦਾ ਹੈ ਤਾਂ ਝੂਠੀ 'ਮੈਂ' ਦਾ ਅਧਿਆਸ ਖਤਮ ਹੋ ਜਾਂਦਾ ਹੈ ਅਤੇ ਸੱਚੀ 'ਮੈਂ' ਆਤਮਾ ਜਿਉਂ ਦੀ ਤਿਉਂ ਪ੍ਰਕਾਸ਼ਮਈ ਆਪਣੇ ਸਰੂਪ ਵਿਚ ਸਥਿਤ ਨਜ਼ਰੀ ਪੈਂਦੀ ਹੈ। ਜਦੋਂ ਤਕ ਗਿਆਨ ਅੰਜਨ ਗੁਰੂ ਤੋਂ ਪ੍ਰਾਪਤ ਨਹੀਂ ਹੁੰਦਾ, ਓਨੇ ਸਮੇਂ ਤਾਂਈਂ ਬੁੱਧੀ ਸ਼ਕਤੀ ਰਾਹੀਂ ਜਾਣਿਆ ਗਿਆਨ ਅਗਿਆਨ ਹੀ ਹੋਇਆ ਕਰਦਾ ਹੈ। ਜਦੋਂ ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ ਤਾਂ 'ਮੈਂ' ਤੇ 'ਤੂੰ' ਦਾ ਭੇਦ ਮਿਟ ਕੇ ਆਪੇ ਆਪ ਹੀ ਆਪਣੀ ਮਹਿਮਾ ਵਿਚ ਸਥਿਤ 'ਏਕੰਕਾਰ' ਅਨੇਕਾਂ ਰੂਪਾਂ, ਰੰਗਾਂ ਵਿਚ ਖੇਲ੍ਹਦਾ ਆਪਣੇ ਆਪ ਨੂੰ ਆਪੇ ਹੀ ਭਾਸਣ ਲੱਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਵਾਹਿਗੁਰੂ, ਭਰਮ ਕਰਕੇ ਜਗਤ ਪ੍ਰਤੀਤ ਦਿੰਦਾ ਸੀ ਅਤੇ ਜਦੋਂ ਭਰਮ ਦਾ ਨਾਸ਼ ਹੋ ਗਿਆ ਤਾਂ ਹਉਮੈ ਦੀ ਸੁਰਤ ਮਰ ਗਈ, ਇਹ ਆਪੇ ਆਪ ਹਰ ਰੰਗ ਵਿਚ ਖੇਲ੍ਹਦਾ ਆਪਣੀ ਮਹਿਮਾਂ ਵਿਚ ਆਪ ਹੀ ਸਥਿਤ ਹੁੰਦਾ ਹੈ।

ਪ੍ਰਸ਼ਨ - 2. **ਕਈ ਸ਼ਾਸ਼ਤਰਾਂ ਦਾ ਮਤ ਹੈ ਕਿ ਪਹਿਲਾਂ ਕਰਮ ਕਰੇ, ਫੇਰ ਉਪਾਸ਼ਨਾ ਦਾ ਦਰਜਾ ਆਉਂਦਾ ਹੈ। ਜਦੋਂ ਉਪਾਸ਼ਨਾ ਸਿੱਧ ਹੋ ਜਾਵੇ ਤਾਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਇਸ ਦਾ ਕੀ ਪ੍ਰੋਜਨ ਹੈ?**

ਉਤਰ - ਕਰਮ ਦੋ ਤਰ੍ਹਾਂ ਦੇ ਹੋਇਆ ਕਰਦੇ ਹਨ। ਇਕ ਕਰਮ ਕਾਮਨਾ ਕਰਕੇ ਕੀਤੇ ਜਾਂਦੇ ਹਨ

ਅਤੇ ਕਰਮ ਦਾ ਫਲ ਅਸੀਂ ਸੁਖ ਦੀ ਪ੍ਰਾਪਤੀ ਮੰਗਦੇ ਹਾਂ। ਸੁਕਾਮ ਕਰਮ ਕਰਨ ਦੇ ਨਾਲ ਆਦਮੀ ਨੂੰ ਫਲ ਭੋਗਣਾ ਪੈਂਦਾ ਹੈ। ਇਹ ਫਲ ਸੰਸਾਰ ਵਿਚ ਵੀ ਭੋਗਣੇ ਪੈਂਦੇ ਹਨ ਅਤੇ ਸੰਸਾਰ ਤਿਆਗਣ ਤੋਂ ਪਿਛੋਂ ਸਵਰਗ ਲੋਕਾਂ ਵਿਚ ਜਾ ਕੇ ਵੀ ਭੋਗਣੇ ਪੈਂਦੇ ਹਨ। ਜਿਸ ਤਰ੍ਹਾਂ ਫੁਰਮਾਨ ਹੈ –

***ਪੁੰਨ ਦਾਨੁ ਜੋ ਬੀਜਦੇ***
***ਸਭ ਧਰਮ ਰਾਇ ਕੈ ਜਾਈ॥***
***ਅੰਗ – 1414***

ਇਸੇ ਤਰ੍ਹਾਂ ਪਾਪ ਕਰਮਾਂ ਦਾ ਫਲ ਵੀ ਕੁਝ ਇਸ ਸੰਸਾਰ ਵਿਚ ਭੋਗਿਆ ਜਾਂਦਾ ਹੈ ਅਤੇ ਕੁਝ ਮਰਨ ਉਪਰੰਤ ਕਰੜੀਆਂ ਸਜ਼ਾਵਾਂ ਦੇ ਰੂਪ ਵਿਚ ਦਰਗਾਹ ਵਿਚ ਭੋਗਦੇ ਹਾਂ, ਜਿਵੇਂ ਕਿ –

***ਲੈ ਫਾਹੇ ਰਾਤੀ ਤੁਰਹਿ***
***ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆਂ***
***ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ***
***ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ***
***ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ***
***ਤਿਲ ਪੀੜੇ ਘਾਣੀ॥ ਅੰਗ – 315***

ਵੈਸੇ ਜੇ ਕਰਮਾਂ ਨੂੰ ਹੋਰ ਵਿਸਥਾਰ ਨਾਲ ਦੇਖੀਏ ਤਾਂ ਇਹ ਕਈ ਕਿਸਮ ਦੇ ਹੁੰਦੇ ਹਨ ਜਿਸ ਤਰ੍ਹਾਂ ਕਿ ਹਰ ਰੋਜ਼ ਕਰਨ ਵਾਲੇ ਕਰਮ –

**ਕਾਇਕ ਕਰਮ** – ਇਸ਼ਨਾਨ ਕਰਨਾ, ਦੰਦਾਂ ਦੀ ਸਫਾਈ ਵਾਸਤੇ ਦਾਤਨ, ਸਰੀਰ ਦੀ ਤੰਦਰੁਸਤੀ ਵਾਸਤੇ ਵਰਜਿਸ਼, ਅਤੇ ਸੰਤਾਂ ਦੀ ਸੇਵਾ।

**ਵਾਚਕ ਕਰਮ** – ਪੰਜ ਬਾਣੀਆਂ ਦਾ ਪਾਠ ਕਰਨਾ, ਚਿਤ ਬਿਰਤੀ ਇਕਾਗਰ ਕਰਕੇ ਨਾਮ ਸਿਮਰਨਾ, ਸੱਚ ਬੋਲਣਾ, ਸਤਸੰਗ ਵਿਚ ਜਾ ਕੇ ਕੀਰਤਨ ਕਰਨਾ ਤੇ ਮਿੱਠਾ ਬੋਲਣਾ।

**ਮਾਨਸਿਕ ਕਰਮ** –

1. ਸਰਬ ਜੀਵਾਂ ਨੂੰ ਤਨ ਮਨ ਧਨ ਨਾਲ ਸੁਖ ਦੇਣਾ।
2. (ਏਕਾ ਨਾਰੀ ਸਦਾ ਜਤੀ) ਰੂਪ ਬ੍ਰਹਮਚਰਜ ਧਾਰਨ ਕਰਨਾ।
3. ਧੀਰਜ ਵਿਚ ਰਹਿਣਾ।
4. ਸੰਤੋਖ ਵਾਲੀ ਬਿਰਤੀ ਦ੍ਰਿੜ੍ਹ ਰੱਖਣੀ ਅਤੇ ਸਭ ਕਿਸੇ ਨੂੰ ਪ੍ਰੇਮ ਕਰਨਾ।

ਇਨ੍ਹਾਂ ਤੋਂ ਇਲਾਵਾ ਪ੍ਰਾਸ਼ਚਿਤ ਕਰਮ, ਨਮਿਤ ਕਰਮ ਆਦਿ ਅਨੇਕ ਕਰਮ ਹੋਇਆ ਕਰਦੇ ਹਨ। ਸੁਕਾਮ ਕਰਮ ਕਰਨ ਨਾਲ ਜੀਵ ਨੂੰ ਬੰਧਨ ਪੈ ਜਾਂਦਾ ਹੈ ਅਤੇ ਫਲ ਭੋਗਣ ਲਈ ਉਸਨੂੰ ਜਨਮ ਧਾਰਨੇ ਪੈਂਦੇ ਹਨ।

**ਨਿਸ਼ਕਾਮ ਕਰਮ** – ਇਹ ਸ਼ੁਭ ਕਰਮ ਨਿਸ਼ਕਾਮ ਸੇਵਾ ਕਰਕੇ, ਗੁਰੂ ਦੇ ਅਰਪਣ ਕਰ ਦੇਣ ਨਾਲ ਅੰਤਸ਼ਕਰਣ ਦੀ ਮੈਲ ਉਤਰ ਕੇ ਪ੍ਰਕਾਸ਼ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਵਿਚ ਸੱਚ ਬੋਲਣਾ, ਵਿਅਰਥ ਬਚਨ ਨਾ ਕਰਨੇ, ਮੂਲਮੰਤ੍ਰ ਦਾ ਜਪ ਕਰਦੇ ਰਹਿਣਾ, ਸੰਗਤ ਨਾਲ ਰਲ ਕੇ ਕੀਰਤਨ ਕਰਨਾ, ਸਤਿ ਉਪਦੇਸ਼ ਦੀ ਕਥਾ ਸਰਵਣ ਕਰਦੇ ਰਹਿਣਾ ਅਤੇ ਗੁਰੂ, ਗੁਰਸੰਗਤ ਅਤੇ ਪ੍ਰਭੂ ਦੀ ਸ੍ਰਿਸ਼ਟੀ ਦੀ ਨਿਸ਼ਕਾਮ ਸੇਵਾ ਕਰਨੀ। ਮਨੁੱਖੀ ਸਰੀਰ ਵਿਚ ਤਿੰਨ ਕਰਮ ਕੀਤੇ ਜਾਂਦੇ ਹਨ। ਇਕ ਇੰਦਰਿਆਂ ਨੂੰ ਸ਼ੁੱਧ ਕਰਨ ਵਾਸਤੇ, ਦੂਜਾ ਅੰਤਸ਼ਕਰਣ ਨੂੰ ਸ਼ੁੱਧ ਕਰਨ ਵਾਸਤੇ, ਤੀਸਰਾ ਜੀਵ ਆਤਮਾ ਦੀ ਸ਼ੁੱਧਤਾ ਵਾਸਤੇ। ਸਰੀਰਕ ਨਿਸ਼ਕਾਮ ਕਰਮਾਂ ਦੇ ਕਰਨ ਨਾਲ ਇੰਦ੍ਰੇ ਸ਼ੁੱਧ ਹੁੰਦੇ ਹਨ ਅਤੇ ਜਗਿਆਸੂ, ਉਪਾਸ਼ਨਾ ਦਾ ਅਧਿਕਾਰੀ ਬਣ ਜਾਂਦਾ ਹੈ। ਉਪਾਸ਼ਨਾ ਕਰਨ ਦੇ ਨਾਲ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਕਾਲੀ ਸਿਆਹ ਮੈਲ ਉਤਰ ਜਾਇਆ ਕਰਦੀ ਹੈ। ਉਪਾਸ਼ਨਾ ਦੋ ਪ੍ਰਕਾਰ ਦੀ ਹੁੰਦੀ ਹੈ –

1. **ਅੰਤਰੀਵ ਉਪਾਸ਼ਨਾ**
2. **ਬਾਹਰਲੀ ਉਪਾਸ਼ਨਾ**

ਅੰਦਰਲੀ ਉਪਾਸ਼ਨਾ ਗੁਰੂ ਦੇ ਧਿਆਨ ਨੂੰ ਅਕਾਸ਼ੀ ਹਿਰਦੇ ਵਿਚ ਧਾਰਨ ਕਰਕੇ ਪਿਆਰ ਨਾਲ ਹਜ਼ੂਰੀ ਵਿਚ ਬੈਠ ਕੇ ਬਾਣੀ ਪੜ੍ਹਨੀ, ਨਾਮ ਜਪਣਾ ਅਤੇ ਮਨ ਦੇ ਫੁਰਨਿਆਂ ਨੂੰ ਰੋਕ ਕੇ ਗੁਰੂ ਦੇ ਸਾਕਾਰ ਧਿਆਨ ਵਿਚ ਜਾਂ ਗੁਰਮੰਤ੍ਰ ਰੂਪੀ ਸ਼ਬਦ ਦੀ ਧੁਨ ਵਿਚ ਲੀਨ ਕਰਨਾ, ਕੋਈ ਫੁਰਨਾ ਨਾ ਆਉਣ ਦੇਣਾ, ਬਾਣੀ ਦੀ ਵਿਚਾਰ ਹਿਰਦੇ ਵਿਚ ਧਾਰਨ ਕਰਨੀ ਤੇ ਉਸ ਬਾਣੀ ਦੇ ਸਿਧਾਂਤ

ਨੂੰ ਧਾਰਨ ਕਰਕੇ ਜੀਵਨ ਵਿਚ ਵਰਤੋਂ ਕਰਨੀ। ਇਸ ਨਾਲ ਅੰਤਸ਼ਕਰਣ ਸ਼ੁੱਧ ਹੋ ਜਾਇਆ ਕਰਦਾ ਹੈ।

ਨਿਸ਼ਕਾਮ ਕਰਮ ਕਰਨ ਦੇ ਨਾਲ 'ਮਲ ਦੋਸ਼' ਦੂਰ ਹੋ ਜਾਇਆ ਕਰਦਾ ਹੈ। ਜਦੋਂ ਇਹ ਦੋਸ਼ ਦੂਰ ਹੋ ਜਾਵੇ ਤਾਂ ਭਜਨ ਵਿਚ ਮਨ ਫੁਰਨੇ ਛੱਡ ਕੇ ਲੀਨ ਹੋਣਾ ਸ਼ੁਰੂ ਕਰ ਦਿੰਦਾ ਹੈ ਅਤੇ ਸੰਕਲਪ ਛੱਡ ਕੇ ਨਾਮ ਰਸ ਵਿਚ ਮਗਨ ਹੋਣਾ ਸ਼ੁਰੂ ਕਰਦਾ ਹੈ। ਉਪਾਸ਼ਨਾ ਰਾਹੀਂ ਬਿਰਤੀ ਆਪਣੇ ਧੇਅ ਉਪਰ ਕੇਂਦਰਿਤ ਹੋ ਕੇ ਰਸ ਅਨੁਭਵ ਕਰਦੀ ਹੈ ਅਤੇ ਸ਼ਬਦ ਸਿਧਾਂਤ ਰਸ ਵਿਚ ਅਨੰਦ ਰੂਪ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਵਿਖਸ਼ੇਪਤਾ ਦਾ ਦੋਸ਼ ਦੂਰ ਹੋ ਜਾਇਆ ਕਰਦਾ ਹੈ।

ਤੀਸਰਾ ਗਿਆਨ ਵਿਚਾਰ ਨਾਲ ਜੀਵ ਸ਼ੁੱਧ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੇ ਸਰੂਪ ਦੀ ਨੇਸ਼ਟਾ ਵਿਚ ਵਿਸ਼ਵਾਸ਼ ਉਤਪੰਨ ਹੋ ਕੇ ਬਿਰਤੀ ਵਿਵੇਕਮਈ ਹੋ ਜਾਂਦੀ ਹੈ ਅਤੇ ਜੀਵ ਨੂੰ ਆਪਣਾ ਜੀਵ ਭਾਵ ਤਿਆਗ ਕੇ ਆਤਮ ਵਿਸ਼ੈਣੀ ਬੁੱਧ ਪ੍ਰਾਪਤ ਹੋ ਜਾਂਦੀ ਹੈ, ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਕੇ ਗਿਆਨ ਦਾ ਅਧਿਕਾਰੀ ਹੋ ਜਾਂਦਾ ਹੈ। ਇਉਂ ਸਮਝੋ ਕਿ ਸ਼ੁਭ ਕਰਮਾਂ ਅਤੇ ਉਪਾਸ਼ਨਾ ਸਿੱਧ ਦਾ ਫਲ ਗਿਆਨ ਦੀ ਸਥਿਤੀ ਹੋਇਆ ਕਰਦੀ ਹੈ। ਇਸ ਤਰ੍ਹਾਂ ਨਾਲ ਨਿਸ਼ਕਾਮ ਕਰਮ ਅਤੇ ਉਪਾਸ਼ਨਾ, ਗਿਆਨ ਪ੍ਰਾਪਤੀ ਦੇ ਸਹਾਇਕ ਹਨ। ਆਤਮ ਚਿੰਤਨ ਕਰਕੇ ਚਿਤ ਇਕਾਗਰ ਹੋ ਜਾਂਦਾ ਹੈ ਅਤੇ ਨਿਰੁੱਧ ਅਵਸਥਾ ਨੂੰ ਪ੍ਰਾਪਤ ਕਰਕੇ ਜੀਵਨ ਮੁਕਤੀ ਦਾ ਅਨੰਦ ਭੋਗਣ ਦਾ ਅਧਿਕਾਰੀ ਹੋ ਜਾਂਦਾ ਹੈ।

ਹੁਣ ਜਗਿਆਸੂ ਨੂੰ ਚਾਹੀਦਾ ਹੈ ਕਿ ਪੂਰਬ ਕਰੇ ਹੋਏ ਸ਼ੁਭ ਕਰਮਾਂ ਦਾ ਅਭਿਆਸ ਕਰਕੇ ਅੰਤਸ਼ਕਰਣ ਨੂੰ ਸ਼ੁੱਧ ਕਰੇ ਅਤੇ ਮਾਨਸਿਕ ਕਰਮਾਂ ਦਾ ਅਭਿਆਸ ਕਰਕੇ ਗਿਆਨ ਮੰਡਲ ਵਿਚ ਪ੍ਰਵੇਸ਼ ਕਰੇ। ਗਿਆਨ ਦਾ ਸਬੰਧ ਮਨ ਨਾਲ ਹੈ। ਕਾਇਆਂ ਅਤੇ ਬਾਣੀ, ਮਨ ਦੇ ਅਧੀਨ ਹਨ। ਜਦੋਂ ਮਨ ਸ਼ੁੱਧ ਹੋ ਜਾਵੇਗਾ, ਬਾਣੀ ਅਤੇ ਕਾਇਆਂ ਆਪਣੇ ਆਪ ਹੀ ਸ਼ੁੱਧ ਹੋ ਜਾਣਗੇ। ਤਾਂ ਤੇ ਚਾਹੀਦਾ ਹੈ ਕਿ ਮਨ ਦੀ ਸ਼ੁੱਧਤਾ ਦਾ ਅਭਿਆਸ ਕਰੇ। ਅੰਤਸ਼ਕਰਣ ਸ਼ੁੱਧ ਹੋਏ ਬਿਨਾਂ ਗਿਆਨ ਪ੍ਰਫੁੱਲਤ ਨਹੀਂ ਹੋਇਆ ਕਰਦਾ। ਇਸ ਕਰਕੇ ਆਤਮ ਜਗਿਆਸੂਆਂ ਲਈ ਸ਼ੁਭ ਕਰਮ, ਉਪਾਸ਼ਨਾ ਅਤਿਅੰਤ ਜ਼ਰੂਰੀ ਹੈ।

ਪ੍ਰਸ਼ਨ - 3. **ਸ਼ੁਭ ਕਰਮਾਂ ਦੀ ਪ੍ਰਾਪਤੀ ਅਤੇ ਅਸ਼ੁਭ ਕਰਮਾਂ ਦੀ ਨਵਿਰਤੀ ਵਾਸਤੇ ਕੀ ਉਪਾਅ ਕਰਨੇ ਚਾਹੀਦੇ ਹਨ?**

ਉਤਰ - ਜਗਿਆਸੂ ਨੂੰ ਉਚਿਤ ਹੈ ਕਿ ਉਹ ਆਪਣੇ ਆਪ ਦੀ, ਆਪਣੇ ਕਰਮਾਂ ਦੀ ਨਿਤਪ੍ਰਤ ਵਿਚਾਰ ਕਰਕੇ ਸ਼ੁਭ ਕਰਮਾਂ ਨੂੰ ਦ੍ਰਿੜ੍ਹ ਤੇ ਪਰਪੱਕ ਕਰਨ ਦਾ ਦ੍ਰਿੜ੍ਹਤਾ ਪੂਰਵਕ ਜਤਨ ਕਰਦਾ ਰਹੇ ਅਤੇ ਅਸ਼ੁਭ ਕਰਮਾਂ ਦੇ ਕੀਤੇ ਜਾਣ ਦਾ ਪ੍ਰਾਸਚਿਤ ਸੱਚੇ ਦਿਲ ਦੀ ਕੀਤੀ ਹੋਈ ਅਰਦਾਸ ਤੇ ਪਸ਼ਚਾਤਾਪ ਨਾਲ ਕਰੇ। ਨਿਰੰਤਰ ਮਨ ਦੇ ਅੰਦਰ ਸ਼ੁੱਭ ਕਰਮਾਂ ਦੀ ਵਿਚਾਰ ਕਰਦਾ ਰਹੇ। ਇਸ ਤਰ੍ਹਾਂ ਕਰਨ ਦੇ ਨਾਲ ਹੌਲੀ-ਹੌਲੀ ਉਹ ਅਸ਼ੁੱਭ ਕਰਮ ਕਰਨ ਤੋਂ ਹਟ ਜਾਵੇਗਾ ਅਤੇ ਸ਼ੁੱਭ ਕਰਮਾਂ ਦੇ ਬਲ ਨਾਲ ਆਤਮ ਗਿਆਨ ਦਾ ਅਧਿਕਾਰੀ ਹੋ ਜਾਵੇਗਾ। ਪਰ ਇਸ ਵਿਚ ਇਕ ਜ਼ਰੂਰੀ ਕਰਮ, ਜੋ ਹਰ ਕੀਮਤ ਉਤੇ ਕਰਨਾ ਉਚਿਤ ਹੈ, ਉਹ ਹੈ - ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਗਿਆਨਵਾਨ ਮਹਾਂਪੁਰਸ਼ਾਂ ਦੀ ਸੰਗਤ ਹਰ ਰੋਜ਼ ਕਰਨ ਦਾ ਜਤਨ ਕਰਦਾ ਰਹੇ। ਗੁਰੂ ਦੀ ਬਾਣੀ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਕੇ ਆਪਣੇ ਮਨ ਨੂੰ ਗੁਰਮਤਿ ਦੇ ਸਿਧਾਂਤਾਂ ਦੀ ਰੌਸ਼ਨੀ ਵਿਚ ਮਨਾਵੇ ਅਤੇ ਆਪਣਾ ਜੀਵਨ ਉਸ ਪ੍ਰਕਾਸ਼ ਦੀ ਗਿਆਨ ਜੋਤੀ ਵਿਚ ਗੁਜ਼ਾਰੇ।

ਪ੍ਰਸ਼ਨ - 4. **ਮਨੁੱਖ ਸਾਰੀਆਂ ਪਦਾਰਥਕ ਪ੍ਰਾਪਤੀਆਂ ਹੁੰਦਿਆਂ ਹੋਇਆਂ ਵੀ ਕਿਉਂ ਕਲੇਸ਼ ਵਿਚ ਦੁਖੀ ਹੋ ਰਿਹਾ ਹੈ?**

ਉਤਰ - ਇਹ ਸਰੀਰ ਨਾਸ਼ਵੰਤ ਹੈ। ਇਹ ਕੋਈ ਨਿਸ਼ਚੇ ਪੂਰਵਕ ਅਨੁਮਾਨ ਨਹੀਂ ਕਿ ਕਦੋਂ ਸਰੀਰ ਦਾ ਨਾਸ਼ ਹੋ ਜਾਵੇ। ਜੋ ਵਿਵਹਾਰ ਇਸਨੇ ਫੈਲਾਅ ਰੱਖੇ ਹਨ, ਉਹ ਕਦੇ ਵੀ ਪੂਰਨ ਨਹੀਂ ਹੋਇਆ ਕਰਦੇ। ਗ੍ਰਿਹਸਤ ਦਾ ਮੋਹ ਦਿਨੋ-ਦਿਨ, ਜਿਉਂ-ਜਿਉਂ ਉਮਰ ਲੰਘਦੀ ਜਾਂਦੀ ਹੈ, ਇਹ ਵਧਦਾ ਹੀ ਤੁਰਿਆ ਜਾਂਦਾ ਹੈ, ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਸਤਵੈ ਸੰਜਿ ਕੀਆ ਘਰ ਵਾਸੁ॥***

***ਅੰਗ - 137***

ਸਤਿਗੁਰੂ ਦਾ ਉਪਦੇਸ਼ ਇਨ੍ਹਾਂ ਵਿਵਹਾਰਾਂ ਦੇ ਫੈਲਾਓ ਕਰਕੇ ਬਿਲਕੁਲ ਹੀ ਨਹੀਂ ਠਹਿਰਦਾ ਅਤੇ ਇਸਦਾ ਹਾਲ ਕੋਹਲੂ ਚਲ ਰਹੇ ਬੈਲ ਵਰਗਾ ਹੋ ਜਾਂਦਾ ਹੈ, ਜੋ ਚਲਦਾ ਤਾਂ ਸਾਰਾ ਦਿਨ ਹੈ ਪਰ ਮੰਜ਼ਿਲ ਕੋਈ ਵੀ ਤਹਿ ਨਹੀਂ ਹੁੰਦੀ। ਜਦੋਂ ਖੋਪੇ ਖੁਲ੍ਹਦੇ ਹਨ ਤਾਂ ਕੀ ਦੇਖਦਾ ਹੈ ਕਿ ਉਸੇ ਪੈੜ ਵਿਚ ਸਾਰਾ ਦਿਨ ਘੁੰਮਦਾ ਰਿਹਾ ਤੇ ਉਥੇ ਹੀ ਖੜ੍ਹਾ ਹੈ। ਇਸ ਤਰ੍ਹਾਂ ਦੇ ਨਾਲ ਇਹ ਜੀਵ ਮਰਨ ਤਕ ਕੋਹਲੂ ਦੇ ਬੈਲ ਵਾਂਗੂੰ ਖਪ ਕੇ ਹਾਰ ਜਾਂਦਾ ਹੈ ਅਤੇ ਵਿਪਰਜੇ ਗਤੀ ਨੂੰ ਪ੍ਰਾਪਤ ਹੁੰਦਾ ਹੈ। ਨਿਰਾਰਥਕ ਜਤਨ, ਚਿੰਤਾ, ਦੀਨਤਾ ਅਤੇ ਬੰਧਨਾਂ ਵਿਚ ਬੰਨ੍ਹਿਆਂ ਹੋਇਆ, ਕੁੜਮ-ਕਬੀਲਿਆਂ ਵਿਚ ਘਿਰਿਆ ਹੋਇਆ, ਦੁਨੀਆਂ ਦੀ ਦੌੜ ਵਿਚ ਦੌੜਦਾ ਹੋਇਆ, ਅਧੂਰੇ ਕੰਮਾਂ ਵਿਚ ਫਸਿਆ ਹੋਇਆ ਆਯੂ ਬਤੀਤ ਕਰਦਾ, ਹਉਕੇ-ਹਾਵਿਆਂ ਦੇ ਵਿਚ ਜ਼ਿੰਦਗੀ ਬਤੀਤ ਕਰਦਾ, ਚਿੰਤਾ, ਦੀਨਤਾ, ਆਸ਼ੇ, ਅੰਦੇਸ਼ੇ ਇਸ ਦੇ ਮਨ ਨੂੰ ਪੀੜ ਰਹੇ ਹਨ ਅਤੇ ਤ੍ਰਿਸ਼ਨਾ ਦੀ ਅੱਗ ਇਸਦੀ ਸ਼ਾਂਤੀ ਨੂੰ ਭਾਂਬੜ ਬਣ ਕੇ ਸੁਆਹ ਬਣਾ ਰਹੀ ਹੈ। ਇਸਨੂੰ ਇਸ ਹਾਲਤ ਵਿਚ, ਨਾ ਹੀ ਸਤਿਸੰਗ ਵਿਚ ਸਥਿਤ ਹੋਣ ਦੀ ਪ੍ਰਾਪਤੀ ਕਰਕੇ ਅਗਿਆਨ ਨੂੰ ਨਾਸ਼ ਕਰਨ ਦਾ ਸਮਾਂ ਮਿਲਦਾ ਹੈ ਅਤੇ ਨਾ ਹੀ ਸਤਿਗੁਰੂ ਦੇ ਉਪਦੇਸ਼ ਨੂੰ ਰਿਦੇ ਵਿਚ ਧਾਰਨ ਕਰਦਾ ਹੈ। ਇਸਦੇ ਵਿਪਰੀਤ ਧਨ ਦੇ, ਇਸਤਰੀ ਦੇ, ਪੁੱਤਰ-ਪੋਤਰੇ ਦੇ, ਜਾਇਦਾਦ ਦੇ, ਪ੍ਰਭਤਾ ਦੇ ਮੋਹ ਵਿਚ ਪੂਰੀ ਤਰ੍ਹਾਂ ਬੰਨ੍ਹਿਆਂ ਜਾਣ ਕਰਕੇ ਸਤਿਗੁਰੂ ਅਤੇ ਸੰਤਾਂ ਤੋਂ ਬੇ-ਮੁੱਖ ਹੋ ਜਾਂਦਾ ਹੈ। ਅਨੇਕ ਕਿਸਮ ਦੀਆਂ ਵਾਸ਼ਨਾਵਾਂ ਜਿਵੇਂ ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਪ੍ਰਭਤਾ ਵਾਸ਼ਨਾ, ਸ਼ਾਸ਼ਤਰ ਵਾਸ਼ਨਾ ਆਦਿ ਨਾਲ ਬੰਨ੍ਹਿਆਂ ਹੋਇਆ ਅਨੇਕ ਕਿਸਮ ਦੇ ਕਲੇਸ਼ ਸਹਿੰਦਾ ਹੈ। ਇਸ ਦੇ ਵਿਪਰੀਤ ਇਹ ਬੁੱਧਹੀਣ ਆਪਣੇ ਆਪ ਨੂੰ ਚਤੁਰ, ਬੁੱਧਮਾਨ, ਮਾਨਧਾਰੀ ਸਮਝਦਾ ਹੈ। ਵਾਸਤਵ ਵਿਚ ਐਸੇ ਪੁਰਸ਼ ਨੂੰ ਗੁਰਬਾਣੀ ਫਿਟਕਾਰਾਂ ਪਾਉਂਦੀ ਹੈ, ਮੂੜ-ਮਤਿ ਅਤੇ ਬੁੱਧਹੀਨ ਦੱਸਦੀ ਹੈ ਕਿਉਂਕਿ ਜਿਸ ਕੰਮ ਨੂੰ ਕਰਨ ਵਾਸਤੇ ਇਸਨੂੰ ਮਾਨਸ ਜਨਮ ਦੀ ਪ੍ਰਾਪਤੀ ਹੋਈ ਸੀ, ਉਸ ਕਰਮ ਤੋਂ ਤਾਂ ਸਾਰੀ ਜ਼ਿੰਦਗੀ ਬਿਪਰੀਤ ਚਲਦਾ ਰਿਹਾ ਅਤੇ ਜਿਨ੍ਹਾਂ ਕਰਮਾਂ ਨੇ ਇਸਨੂੰ ਦੁੱਖਾਂ ਵਿਚ ਫਸਾਉਣਾ ਸੀ, ਉਨ੍ਹਾਂ ਨਾਲ ਪ੍ਰੀਤ ਪਾ ਰੱਖੀ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ॥***
***ਅਨਦ ਕੇਲ ਮਾਇਆ ਰੰਗਿ ਰਸੈ॥***

***ਅੰਗ - 267***

ਜੀਵ ਦੀ ਐਸੀ ਅਵਸਥਾ ਦੇਖ ਕੇ ਮਹਾਂਪੁਰਸ਼ ਦਇਆ ਵਸ ਹੁੰਦੇ ਹੋਏ ਇਸਨੂੰ ਆਪਣੀ ਬਾਣੀ ਅਤੇ ਲਿਖਤ ਰਾਹੀਂ ਉਪਦੇਸ਼ ਕਰਦੇ ਹਨ ਪਰ ਉਨ੍ਹਾਂ ਉਪਦੇਸ਼ਾਂ ਨੂੰ ਨਾ ਸੁਣਦਾ ਹੋਇਆ, ਕੰਨ ਹੁੰਦੇ ਹੋਏ ਵੀ ਬੰਦ ਰਖਦਾ ਹੈ, ਬੁੱਧੀ ਹੁੰਦੇ ਹੋਏ ਵੀ ਬੁਧੀਹੀਨ ਰਹਿੰਦਾ ਹੈ ਅਤੇ ਮਹਾਂਪੁਰਸ਼ਾਂ ਦੇ ਉਪਦੇਸ਼ ਉਪਰ ਇਹ ਮੂੜ, ਕਿੰਤੂ ਕਰਕੇ ਹਾਸੀ ਕਰਦਾ ਹੈ ਅਤੇ ਮਹਾਂਪੁਰਸ਼ਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਹੈ ਤੇ ਉਨ੍ਹਾਂ ਵਿਚ ਦੋਸ਼ ਢੂੰਡਣ ਦਾ ਜਤਨ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਮੂੜ-ਗਤੀ ਪੁਰਸ਼ ਸੰਸਾਰ ਦੇ ਸੁੰਨੇ ਬਣ ਵਿਚ ਅੰਨ੍ਹੇ ਮਿਰਗ ਵਾਂਗੂੰ ਭਟਕ-ਭਟਕ ਕੇ ਪੰਜਾਂ ਕਲੇਸ਼ਾਂ ਦੇ ਦੁੱਖ ਸਹਿੰਦਾ, ਹਉਕੇ-ਹਾਵਿਆਂ ਵਿਚ ਜੀਵਨ ਬਤੀਤ ਕਰਕੇ ਘੋਰ ਨਰਕਾਂ ਦਾ, ਆਪਣੇ ਆਪ ਨੂੰ ਅਧਿਕਾਰੀ ਬਣਾਉਂਦਾ ਹੈ।

ਪ੍ਰਸ਼ਨ - 5. **ਦੇਖਿਆ ਗਿਆ ਹੈ ਕਿ ਬਹੁਤ ਸਾਰੇ ਪ੍ਰੇਮੀ ਜਨ, ਸੰਤਾਂ ਨੂੰ ਅਕਾਰਨ ਦੁੱਖ ਦਿੰਦੇ ਹਨ ਅਤੇ ਨਿੰਦਿਆ ਕਰਦੇ ਹਨ। ਐਸੀ ਸਥਿਤੀ ਵਿਚ ਸੰਤਾਂ ਨੂੰ ਜੀਵਨ ਚਾਲ ਵਿਚ ਕਿਸ ਤਰ੍ਹਾਂ ਨਾਲ ਵਰਤਣਾ ਚਾਹੀਦਾ ਹੈ?**

ਉਤਰ - ਜਦੋਂ ਕੋਈ ਪੁਰਖ ਅਕਾਰਨ ਦੁੱਖ ਦੇਵੇ, ਨਿੰਦਿਆ ਕਰੇ ਜਾਂ ਈਰਖਾ ਵਸ ਹੋ ਕੇ ਹੋਰ ਕੋਈ ਨੁਕਸਾਨ ਪਹੁੰਚਾਉਣ ਦਾ ਜਤਨ ਕਰੇ ਤਾਂ ਸੰਤਾਂ ਨੂੰ ਉਚਿਤ ਹੈ ਕਿ ਉਸਨੂੰ ਸਮਝਾਉਣ ਦਾ ਜਤਨ ਕਰੇ। ਸ਼੍ਰੇਸ਼ਟ ਪੁਰਸ਼ਾਂ ਨੂੰ ਕਹਿ ਕੇ ਉਸਦੇ ਅਕਾਰਨ ਭਰਮ ਜੋ ਈਰਖਾ ਦੇ ਬਣ ਰਹੇ ਹਨ, ਦੂਰ ਕਰਨ ਦਾ ਜਤਨ ਕਰੇ। ਜੇ ਤਾਂ ਇਸ ਤਰ੍ਹਾਂ ਕਰਨ ਨਾਲ ਮਲੀਨ ਸੁਭਾਅ ਵਾਲਾ ਪੁਰਸ਼ ਆਪਣੇ ਮਾੜੇ ਸੁਭਾਅ ਦਾ ਤਿਆਗ ਕਰ ਦੇਵੇ ਤਾਂ ਭਲਾ, ਜੇ ਨਹੀਂ ਕਰਦਾ ਤਾਂ ਨਿਆਏ ਧਰਮ ਅਤੇ ਰਾਜਨੀਤਿਕ ਧਰਮ ਅਨੁਸਾਰ ਉਸ ਨਾਲ ਵਰਤੇ। ਜੇ ਹੋ ਸਕਦਾ ਹੋਵੇ ਤਾਂ ਉਸਦਾ ਕਲੇਸ਼ ਨਵਿਰਤ

ਕਰ ਦੇਵੇ। ਆਪ ਕਿਸੇ ਤਰ੍ਹਾਂ ਵੀ ਵਿਰੋਧੀ ਭਾਵ ਧਾਰਨ ਕਰਕੇ ਸ਼੍ਰੇਸ਼ਟ ਚਲਨ ਦੇ ਵਿਰੁੱਧ ਕੋਈ ਕਰਮ ਨਾ ਕਰੇ, ਨਾ ਹੀ ਧੀਰਜ ਦਾ ਤਿਆਗ ਕਰੇ, ਕ੍ਰੋਧਵਾਨ ਕਿਸੇ ਹਾਲਤ ਵਿਚ ਨਾ ਹੋਵੇ ਤੇ ਆਪਣੇ ਸ਼ਾਂਤ ਸੁਭਾਅ ਨੂੰ ਕਦੀ ਵਿਗੜਨ ਨਾ ਦੇਵੇ। ਗੁਰਬਾਣੀ ਦੇ ਚਾਨਣੇ ਵਿਚ ਜਿਵੇਂ ਕਿ -

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***

***ਅੰਗ - 278***

ਵਿਚ ਆਪਣੀ ਵਰਤੋਂ ਰੱਖੇ ਅਤੇ ਅਗਿਆਨ ਦਾ ਪਰਛਾਵਾਂ ਆਪਣੇ ਅੰਤਸ਼ਕਰਣ ਵਿਚ ਨਾ ਆਉਣ ਦੇਵੇ। ਇਸ ਦੇ ਵਿਪਰੀਤ ਗੁਰਬਾਣੀ ਵਿਚ ਜਿਵੇਂ ਕਿ -

***ਫਰੀਦਾ ਬੁਰੇ ਦਾ ਭਲਾ***
***ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ***
***ਪਲੈ ਸਭੁ ਕਿਛੁ ਪਾਇ॥***

***ਅੰਗ - 1381***

ਇਸ ਸਿਧਾਂਤ ਨੂੰ ਹਿਰਦੇ ਵਿਚ ਧਾਰ ਕੇ ਵਰਤੇ ਅਤੇ ਆਪਣੇ ਸਰੂਪ ਦਾ ਵਾਸਤਵ ਵਿਚ ਵਿਚਾਰ ਕਰੇ। ਆਪਣੇ ਆਪ ਨੂੰ ਆਤਮਿਕ ਸਰੂਪ ਸਮਝ ਕੇ ਸਭਨਾਂ ਵਿਚ ਇਕ ਪਾਰਬ੍ਰਹਮ ਹੀ ਦੇਖੇ ਅਤੇ ਸਮਝੇ ਕਿ ਇਹ ਵਾਹਿਗੁਰੂ ਦੇ ਹੁਕਮ ਵਿਚ ਜੋ ਕੁਛ ਹੋ ਰਿਹਾ ਹੈ, ਸਭ ਭਲਾ ਕਰਕੇ ਮੰਨੇ ਅਤੇ ਬੁਰੇ ਦਾ ਭਲਾ ਕਰਨ ਦਾ ਉਤਸ਼ਾਹ ਮਨ ਵਿਚ ਰੱਖੇ। ਆਪਣੇ ਹਿਰਦੇ ਤੋਂ ਕਿਸੇ ਨੂੰ ਸ਼ਤਰੂ ਨਾ ਮੰਨੇ, ਸਭਨਾਂ ਨੂੰ ਇਕੋ ਆਤਮਾ ਨਿਸ਼ਚੇ ਕਰੇ। ਬੁਰਾ ਕਰਨ ਵਾਲੇ ਨੂੰ ਦੇਖ ਕੇ ਨਫ਼ਰਤ, ਈਰਖਾ, ਕ੍ਰੋਧ, ਗਿਲਾਨਤਾ ਨਾ ਕਰੇ। ਸ਼ਾਂਤ ਆਤਮਾ, ਗੰਭੀਰ ਮਤੀ, ਸੁਮਿੱਤਰ, ਸੁਹਿਰਦ ਮੂਰਤ ਅਤੇ ਪ੍ਰਸੰਨ ਚਿਤ ਰਹੇ। ਕਿਸੇ ਤਰ੍ਹਾਂ ਵੀ ਦੂਸਰੇ ਦੇ ਕਰਮਾਂ ਨੂੰ ਦੇਖ ਕੇ ਆਪਣੇ ਸੁਭਾਅ ਨੂੰ ਨਾ ਵਿਗਾੜੇ। ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ -

***ਹਰਿ ਜਨੁ ਰਾਮ ਨਾਮ ਗੁਨ ਗਾਵੈ॥***
***ਜੇ ਕੋਈ ਨਿੰਦ ਕਰੇ ਹਰਿ ਜਨ ਕੀ***
***ਅਪੁਨਾ ਗੁਨੁ ਨ ਗਵਾਵੈ॥***

***ਅੰਗ - 720***

ਸੋ ਇਸ ਤਰ੍ਹਾਂ ਨਾਲ ਆਪਣਾ ਸੁਭਾਅ ਸ਼ੁੱਧ ਰੱਖੇ।

ਪ੍ਰਸ਼ਨ - 6. **ਐਸੀ ਅਵਸਥਾ ਵਿਚ ਗੁਰਮੁਖਾਂ ਨੂੰ ਕਿਸ ਪ੍ਰਕਾਰ ਵਰਤਾਰਾ ਕਰਨਾ ਚਾਹੀਦਾ ਹੈ?**

ਉਤਰ - ਗੁਰਮੁਖਾਂ ਦਾ ਜੋ ਸੁਭਾਅ ਹੈ ਉਸ ਵਿਚੋਂ, 'ਮੈਂ', 'ਹਉਮੈ' ਦਾ ਪੂਰੀ ਤਰ੍ਹਾਂ ਅਭਾਵ ਹੋ ਚੁੱਕਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਭਨਾਂ ਦੇ ਅੰਦਰੋਂ ਇਕੋ ਪ੍ਰਮੇਸ਼ਰ ਦ੍ਰਿਸ਼ਟੀ ਆਉਂਦਾ ਹੈ ਜਿਸ ਤਰ੍ਹਾਂ ਭਾਈ ਘਨਈਆ ਜੀ ਨੇ ਆਪਣੇ ਅਤੇ ਬੇਗਾਨਿਆਂ ਨੂੰ ਇਕ ਰਸ ਗੁਰੂ ਰੂਪ ਜਾਣ ਕੇ ਪਾਣੀ ਪਿਲਾਇਆ। ਇਸ ਵਰਤਾਰੇ ਨੂੰ ਗੁਰੂ ਦਸ਼ਮੇਸ਼ ਪਿਤਾ ਨੇ ਪਿਆਰ ਦੇ ਕੇ ਬ੍ਰਹਮਗਿਆਨੀ ਕਹਿ ਕੇ ਅਸੀਸ ਦਿਤੀ ਅਤੇ ਹੁਕਮ ਕੀਤਾ ਕਿ ਅੱਗੇ ਵਾਸਤੇ ਮੇਰੇ ਜ਼ਖਮਾਂ ਉਤੇ ਮਲ੍ਹਮ ਲਾ ਕੇ ਪੱਟੀ ਵੀ ਬੰਨ੍ਹਿਆਂ ਕਰ। ਇਹ advanced stage (ਉਚੀ ਅਵਸਥਾ) ਦੇ ਗੁਰਸਿੱਖਾਂ ਦੀ ਸਮਤਾ ਭਰੀ ਬਿਰਤੀ ਹੈ ਜੋ ਹਰ ਘਟ ਵਿਚ ਪ੍ਰਭੂ ਦੇਖਦੀ, ਸਭ ਨਾਲ ਪਿਆਰ-ਪ੍ਰੇਮ ਨਾਲ ਵਰਤਦੀ, ਵੈਰੀ ਤੇ ਬੇਗਾਨੇ ਦੇ ਭਾਵਾਂ ਤੋਂ ਅਛੋਹ ਰਹਿੰਦੀ, ਧੀਰਜ ਤੇ ਸ਼ਾਂਤ ਰੱਖਦੀ ਹੈ ਕਿਉਂਕਿ ਗੁਰਮੁਖਾਂ ਦਾ ਮਨ, ਗਿਆਨ ਅਗਨ ਵਿਚ ਭਸਮ ਹੋ ਕੇ ਅ-ਮਨ ਹੋ ਚੁਕਿਆ ਹੁੰਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ 'ਖ੍ਹੈ' ਹੋ ਕੇ ਤੱਤ ਗਿਆਨ ਦੀ ਪ੍ਰਤੱਖ ਪ੍ਰਾਪਤੀ ਹੋ ਚੁੱਕੀ ਹੁੰਦੀ ਹੈ। ਸੋ ਸੁਖ ਦੇਣ ਵਾਲਾ, ਪੀੜਾ ਕਰਨ ਵਾਲਾ, ਮਾਨ ਦੇਣ ਵਾਲਾ, ਅਪਮਾਨ ਕਰਨ ਵਾਲਾ ਹੋਰ ਕੋਈ ਨਹੀਂ ਹੁੰਦਾ, ਆਪਣਾ ਹੀ ਆਤਮਾ ਹੋਇਆ ਕਰਦਾ ਹੈ ਅਤੇ ਸਾਰਿਆਂ ਦੇ ਨਾਲ ਸਮਾਨ ਵਰਤਾਰਾ ਕਰਦੇ ਹਨ। ਸੱਚ ਦੀ ਪ੍ਰਾਪਤੀ ਕਰ ਲੈਣਾ, ਸਤਿ ਮੰਡਲ ਵਿਚ ਸਥਿਤੀ ਪ੍ਰਾਪਤ ਕਰਕੇ ਸੱਚ ਦੇ ਅਚਾਰ ਵਿਚ ਸੰਸਾਰ ਨਾਲ ਵਰਤਣਾ ਪਰਮ ਪਦ ਦੀ ਪੂਰਨ ਅਵਸਥਾ ਹੈ, ਜਿਥੇ ਆਪਣੇ ਬੇਗਾਨੇ ਦਾ ਭੇਦ ਖਤਮ ਹੋ ਜਾਇਆ ਕਰਦਾ ਹੈ। ਦੁੱਖ-ਸੁੱਖ ਸਭ ਨੂੰ ਪ੍ਰਮੇਸ਼ਰ ਦੀ ਦਾਤ ਸਮਝ ਕੇ ਉਸਦੇ ਹੁਕਮ ਵਿਚ ਪ੍ਰਵਾਨ ਕਰਕੇ ਸਦਾ ਹੀ ਅਨੰਦਮਈ ਅਵਸਥਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਜੀਵਨ ਦੀ ਵਿਆਖਿਆ ਇਨ੍ਹਾਂ ਸਬਦਾਂ ਦੇ ਨਾਲ ਪ੍ਰਤੱਖ ਰੂਪ ਵਿਚ ਸਮਝ ਆ ਜਾਵੇਗੀ ਜਿਵੇਂ ਕਿ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ***
***ਜਾ ਕੈ ਕੰਚਨ ਮਾਟੀ ਮਾਨੈ॥***

*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ*
*ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥*
*ਗੁਰ ਕਿਰਪਾ ਜਿਹ ਨਰ ਕਉ*
*ਕੀਨੀ ਤਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ*
*ਸਿਉ ਜਿਉ ਪਾਨੀ ਸੰਗਿ ਪਾਨੀ॥*
*ਅੰਗ - 633-34*

ਇਸ ਤਰ੍ਹਾਂ ਜੀਵਨ ਸ਼ਕਤੀ ਦਾ ਪ੍ਰੇਮ ਅਨੰਦ ਮਾਣਦੇ ਹੋਏ ਆਪਣੇ ਜੀਵਨ ਨੂੰ ਹੁਕਮ ਦੇ ਵਿਚ ਇਕਤਾਰ ਪਰੋਤਾ ਹਾਨ-ਲਾਭ, ਮਾਨ-ਅਪਮਾਨ, ਵੈਰੀ-ਮਿੱਤਰ, ਆਪਣੇ-ਬੇਗਾਨੇ ਤੋਂ ਅਛੋਹ ਰਹਿੰਦੇ ਹੋਏ ਇਉਂ ਪ੍ਰਤੀਤ ਕਰਦੇ ਹਨ ਜਿਵੇਂ ਜਲ ਵਿਚ ਕਮਲ ਫੁੱਲ ਪਾਣੀ ਦੀਆਂ ਲਹਿਰਾਂ ਦੀਆਂ ਥਪੇੜਾਂ ਖਾਂਦਾ ਹੋਇਆ ਸਦਾ ਹੀ ਵਿਗਾਸ ਵਿਚ ਰਹਿੰਦਾ ਹੈ। ਗੁਰਮੁਖਿ ਦਾ ਹਿਰਦਾ ਕਦੇ ਵੀ ਨਿਰਾਸ਼ਾ ਵਿਚ ਨਹੀਂ ਜਾਂਦਾ ਅਤੇ ਨਾ ਹੀ ਦੁੱਖਾਂ ਨੂੰ ਦੇਖ ਕੇ ਮਲੀਨਤਾ ਧਾਰਨ ਕਰਦਾ ਹੈ। ਉਹ ਸੰਸਾਰ ਵਿਚ ਇਉਂ ਰਹਿੰਦਾ ਹੈ ਜਿਵੇਂ ਪਾਣੀ ਵਿਚ ਤਾਰੀਆਂ ਲਾਉਂਦੀ ਮੁਰਗਾਬੀ ਆਪਣੇ ਫੰਘਾਂ ਨੂੰ ਭਿੱਜਣ ਤੋਂ ਅਛੋਹ ਰੱਖਦੀ ਹੈ। ਪ੍ਰਭੂ ਪਿਆਰ ਵਿਚ ਆਪਣੇ ਆਪ ਨੂੰ ਉਸਦਾ ਰੂਪ ਜਾਣਦਾ ਹੋਇਆ ਆਪਣੀ ਵਿਕਲੋਤਰੀ ਹਉਂ ਤੋਂ ਮੁਕਤ ਰਹਿੰਦਾ ਜੀਵਨ ਬਤੀਤ ਕਰਦਾ ਹੈ। ਜਿਵੇਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ।ਅੰਗ - ੨੭੫*

ਪ੍ਰਸ਼ਨ - 7. **ਆਦਮੀ ਨੂੰ ਹਰ ਵਕਤ ਸੰਕਲਪ ਆਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਕਿਸ ਤਰ੍ਹਾਂ ਨਾਲ ਖਹਿੜਾ ਛੁਡਾਇਆ ਜਾ ਸਕਦਾ ਹੈ?**

ਉਤਰ - ਲੰਘ ਗਏ ਸਮੇਂ ਦੀ ਵਿਅਰਥ ਯਾਦ, ਸਮਾਂ ਬਰਬਾਦ ਕਰਦੀ ਹੈ। ਜੋ ਕੁਛ ਭੂਤਕਾਲ ਵਿਚ ਹੋ ਚੁਕਿਆ ਹੈ, ਉਹ ਹੋ ਹੀ ਚੁੱਕਿਆ ਹੈ, ਉਹ ਸਮਾਂ ਕਦੇ ਵੀ ਹੱਥ ਵਿਚ ਨਹੀਂ ਆਇਆ ਕਰਦਾ। ਸੋ ਲੰਘ ਗਏ ਸਮੇਂ ਦੀਆਂ ਘਟਨਾਵਾਂ ਨੂੰ ਸਿਮ੍ਰਿਤੀ ਵਿਚ ਲਿਆ ਕੇ ਘਾਟੇ ਹੀ ਘਾਟੇ ਹਨ। ਪਹਿਲਾਂ ਤਾਂ ਰਿਦੇ ਵਿਚ ਰਾਗ-ਦ੍ਵੈਸ਼ ਧਾਰਨ ਕਰਦਾ ਹੈ, ਦੂਸਰਾ ਲੰਘ ਚੁੱਕੀਆਂ ਵਿਅਕਤੀਆਂ ਦੇ ਨਾਲ ਵੈਰ ਧਾਰਨ ਕਰਦਾ ਹੈ, ਜੋ ਮਹਾਂਮੂਰਖਾਂ ਵਾਲਾ ਵਰਤਾਰਾ ਹੈ।

ਭਵਿੱਖਤ ਕਾਲ ਦੀ ਚਿੰਤਾ ਕਰਕੇ ਵਿਅਰਥ ਸਮਾਂ ਬਰਬਾਦ ਕਰਦਾ ਹੈ ਕਿਉਂਕਿ ਇਸਨੂੰ ਕੋਈ ਪਤਾ ਨਹੀਂ ਕਿ ਅਗਲੇ ਪਲ ਮੇਰੇ ਨਾਲ ਕੀ ਹੋਣ ਵਾਲਾ ਹੈ ਅਤੇ ਨਾ ਹੀ ਇਸ ਦੇ ਸੋਚਿਆਂ ਇਸਦੀ ਮਰਜ਼ੀ ਦੇ ਮੁਤਾਬਿਕ ਕੋਈ ਕੰਮ ਹੋ ਸਕਦਾ ਹੈ ਕਿਉਂਕਿ ਮਹਾਰਾਜ ਦਾ ਫੁਰਮਾਨ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਅੰਗ - ੨੭੭*

ਸੱਤਤਾ ਇਹ ਹੈ ਕਿ ਇਥੇ ਸਾਰੀ ਖੇਲ੍ਹ ਹੁਕਮ ਦੇ ਅਧੀਨ ਹੋ ਰਹੀ ਹੈ ਤਾਂ ਚਿੰਤਾ ਕਰਨ ਦਾ ਕੀ ਫਾਇਦਾ ਹੈ? ਜੋ ਕੁਛ ਵਿਧਾਤਾ ਨੇ ਕਰਨਾ ਹੈ, ਉਹ ਤਾਂ ਹੋ ਹੀ ਰਿਹਾ ਹੈ। ਹਾਂ, ਇਕ ਹੱਲ ਹੈ ਕਿ ਸ਼ੁੱਧ ਹਿਰਦੇ ਨਾਲ ਅਰਦਾਸ ਕੀਤੀ ਜਾਵੇ ਜੋ ਅਸੀਂ ਹਰ ਰੋਜ਼ ਨਿਤਨੇਮ ਪਿਛੋਂ ਅਰਦਾਸ ਕਰਕੇ ਰਹਿੰਦੇ ਹਾਂ ਕਿ ਹੇ ਪ੍ਰਭੂ! ਚਾਰ ਪਹਿਰ ਦਿਨ ਆਇਆ ਹੈ, ਚਾਰ ਪਹਿਰ ਰਾਤ ਆਈ ਹੈ ਆਪਣੇ ਪਿਆਰ ਵਿਚ ਰਖਦਿਆਂ, ਆਪਣੀ ਕ੍ਰਿਪਾ ਦਾ ਪਾਤਰ ਬਣਾਉਂਦਿਆਂ ਸੁਖ ਨਾਲ ਬਤੀਤ ਹੋਵੇ। ਜੋ ਪ੍ਰੇਮੀ ਐਸੀ ਬਿਰਤੀ ਧਾਰਨ ਕਰਦਾ ਹੈ, ਉਸਦੇ ਮਨ ਵਿਚ ਨਿਰਾਰਥਕ ਸੰਕਲਪ ਨਹੀਂ ਉਠਿਆ ਕਰਦੇ।

# ਸੰਤ ਕਾ ਮਾਰਗ

(ਭਾਗ ਦੂਜਾ)

**ਪ੍ਰਸ਼ਨ – ਅਗਿਆਨਤਾ ਦਾ ਭ੍ਰਮ ਦੁਖ ਕਿਸ ਸਾਧਨ ਨਾਲ ਦੂਰ ਹੋਇਆ ਕਰਦਾ ਹੈ?**

**ਉੱਤਰ –** ਅਗਿਆਨਤਾ, ਅਵਿਦਿਆ ਅਤੇ ਮਾਇਆ – ਇਹ ਸਾਰੇ ਹੀ ਭ੍ਰਮ ਦੁੱਖਾਂ ਦਾ ਮੂਲ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਪੂਰੇ ਸਤਿਗੁਰੂ ਦੀ ਸੰਗਤ, ਬ੍ਰਹਮਗਿਆਨੀ ਦੀ ਸੰਗਤ ਦਾ ਮਿਲਾਪ, ਹਿਰਦੇ ਵਿਚ ਮਹਾਂਪੁਰਸ਼ਾਂ ਲਈ ਪੂਰਾ ਪਿਆਰ, ਸ਼ਰਧਾ ਅਤੇ ਗੁਰੂ ਸ਼ਬਦ ਉਤੇ ਪੂਰਾ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ।

ਅੰਤਸ਼ਕਰਣ ਵਿਚ ਜਨਮਾਂ-ਜਨਮਾਂਤਰਾਂ ਦੇ ਸੰਸਕਾਰ ਭਰੇ ਪਏ ਹਨ। ਚਾਰ ਕਿਸਮ ਦੀਆਂ ਮੁਖ ਹਾਲਤਾਂ ਅੰਤਸ਼ਕਰਣ ਵਿਚ ਪਿਛਲੀਆਂ ਜੂਨਾਂ ਹੰਢਾਉਣ ਕਰਕੇ ਜਮ੍ਹਾਂ ਪਈਆਂ ਹਨ। ਇਹ ਮੁੱਖ ਰੂਪ ਵਿਚ ਚਾਰ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ –

੧. ਪਸ਼ੂ ਬਿਰਤੀ।

੨. ਭੂਤ-ਪ੍ਰੇਤ ਬਿਰਤੀ।

੩. ਮਾਰ-ਪਾੜ ਖਾਣ ਵਾਲੇ ਬਘਿਆੜ, ਸ਼ੇਰ ਆਦਿ ਜਾਨਵਰਾਂ ਦੀ ਬਿਰਤੀ।

੪. ਵੱਲ-ਛੱਲ, ਕਪਟ, ਝੂਠ, ਠੱਗੀ-ਠੋਰੀ ਕਰਨ ਵਾਲੀ ਭੂਤ ਬਿਰਤੀ ਧਾਰਨ ਕਰਨੀ।

ਇਨ੍ਹਾਂ ਸਾਰੀਆਂ ਬਿਰਤੀਆਂ ਦੀ ਤਹਿ ਵਿਚ ਅੰਤਸ਼ਕਰਣ ਵਿਚ ਨਿਰਮਲ ਬਿਰਤੀ ਦਾ ਭੀ ਅਕਸ਼ (ਪ੍ਰਤੀਬਿੰਬ) ਰਹਿੰਦਾ ਹੈ। ਇਨ੍ਹਾਂ ਵਿਚੋਂ ਚਾਰ ਮੰਦ ਬਿਰਤੀਆਂ ਨਾਸਤਿਕਤਾ, ਮਨਮੁਖਤਾਈ ਦਾ ਕਾਰਨ ਹਨ ਜਿਨ੍ਹਾਂ ਕਰਕੇ ਜੀਵਨ ਵਿਚ ਇਨਸਾਨ ਨੂੰ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੂਸਰਾ ਇਸ ਤੋਂ ਬਿਨਾਂ ਇਨ੍ਹਾਂ ਮੈਲਾਂ ਦੇ ਉਤਪੰਨ ਕੀਤੇ ਹੋਏ ਤਿੰਨ ਦੋਖ ਆਦਮੀ ਨੂੰ ਪ੍ਰਮੇਸ਼ਰ ਨਾਲ ਮਿਲਣ ਵਿਚ ਬਹੁਤ ਹੀ ਵੱਡੀ ਰੁਕਾਵਟ ਹਨ। ਇਨ੍ਹਾਂ ਦੇ ਕ੍ਰਮਵਾਰ ਨਾਮ – ਮਲ, ਵਿਖਸ਼ੇਪ ਅਤੇ ਆਵਰਨ ਹਨ। ਇਨ੍ਹਾਂ ਦੋਖਾਂ ਨੂੰ ਦੂਰ ਕਰਨ ਲਈ ਨਾ ਤਾਂ ਦੁਨਿਆਵੀ ਵਿਦਿਆ ਅਤੇ ਨਾ ਹੀ ਦੁਨਿਆਵੀ ਮਾਇਕ ਪਦਾਰਥ, ਸਮਰੱਥ ਹਨ।

**ਮਲ ਦੋਸ਼** – ਮਲ ਰੂਪ ਮੈਲ ਹੋਣ ਕਰਕੇ ਆਦਮੀ ਦੇ ਮਨ ਵਿਚ ਅਨੇਕ ਕਿਸਮ ਦੇ ਵਿਸ਼ਿਆਂ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਉਸਦੀ ਬਿਰਤੀ ਸਤਿਸੰਗ, ਨਾਮ-ਸਿਮਰਨ, ਸਤਿ ਸ਼ਾਸ਼ਤਰਾਂ ਦੀ ਵਿਚਾਰ ਕਰਨ ਵਲੋਂ ਪੂਰੀ ਤਰ੍ਹਾਂ ਅਸਮਰੱਥ ਰਹਿੰਦੀ ਹੈ।

**ਵਿਖਸ਼ੇਪ ਦੋਸ਼** – ਦੂਜਾ ਦੋਸ਼ ਵਿਖਸ਼ੇਪ ਦਾ ਸਦਾ ਹੀ ਵਿਸ਼ਿਆਂ ਦੀ ਚਿਤਵਨਾ ਵਿਚ ਅਤੇ ਜਗਤ ਦੇ ਵਿਵਹਾਰ ਸਿੱਧ ਕਰਨ ਦੀ ਚਿੰਤਾ ਵਿਚ, ਮਾਇਕ ਪਦਾਰਥ ਤੇ ਮਾਇਕ ਭੋਗ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਰਹਿਣ ਕਰਕੇ ਨਾ ਹੀ ਬਾਣੀ ਦਾ ਰਸ ਲੈ ਸਕਦਾ ਹੈ ਤੇ ਨਾ ਹੀ ਬਾਣੀ ਵਿਚ ਸੁਰਤਿ ਲਗਦੀ ਹੈ।

**ਆਵਰਨ ਦੋਸ਼** – ਤੀਸਰਾ ਦੋਸ਼ ਆਵਰਨ ਦਾ ਹੈ। ਆਵਰਨ ਦੋਸ਼ ਹੋਣ ਕਰਕੇ ਜਗਤ ਦੀ ਅਸਲੀਅਤ ਨੂੰ ਨਹੀਂ ਤਕ ਸਕਦਾ ਜਿਵੇਂ ਕਿ ਅੱਖਾਂ ਦੇ ਹੁੰਦਿਆਂ ਹੋਇਆਂ, ਮੋਤੀਆ ਬਿੰਦ ਵਾਲਾ ਕੋਲ ਪਈਆਂ ਚੀਜ਼ਾਂ ਨੂੰ ਵੀ ਨਹੀਂ ਤਕ ਸਕਦਾ। ਸੋ ਆਵਰਨ ਦੇ ਹੁੰਦਿਆਂ ਜੀਵ ਅਗਿਆਨ ਵਿਚ ਗ੍ਰਸਤ ਰਹਿੰਦਾ ਹੈ। ਜਦੋਂ ਤਕ ਇਹ ਦੋਸ਼ ਨਵਿਰਤ ਨਹੀਂ ਹੁੰਦੇ, ਉਸ ਵੇਲੇ ਤਕ ਗਿਆਨ ਦਾ ਪ੍ਰਕਾਸ਼ ਪੂਰੀ ਤਰ੍ਹਾਂ ਅੰਤਸ਼ਕਰਣ ਵਿਚ ਲਿਸ਼ਕਾਰੇ ਨਹੀਂ ਮਾਰ ਸਕਦਾ ਅਤੇ ਜੀਵ ਜਨਮਾਂ-ਜਨਮਾਂਤਰਾਂ ਦੇ ਦੁਖਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਅੰਤਸ਼ਕਰਣ ਦੇ ਜੋ ਤਿੰਨੇ ਦੋਖ ਹਨ ਉਨ੍ਹਾਂ ਦੀ ਨਵਿਰਤੀ ਕ੍ਰਮਵਾਰ – ਕਰਮ, ਉਪਾਸ਼ਨਾ ਅਤੇ ਗਿਆਨ ਤੋਂ ਹੀ ਹੋਇਆ ਕਰਦੀ ਹੈ। ਸ਼ੁਭ ਕਰਮ ਅਤੇ ਨਿਸ਼ਕਾਮ ਕਰਮ ਅੰਤਸ਼ਕਰਣ ਦੇ ਮਲ ਦੋਖ ਨੂੰ ਦੂਰ ਕਰਦੇ ਹਨ। ਇਹ ਕਰਮ ਬਹੁਤ ਪ੍ਰਕਾਰ ਦੇ ਹਨ ਪਰ ਇਥੇ ਤਿੰਨ ਪ੍ਰਕਾਰ ਦੇ ਕਰਮਾਂ ਦੀ

ਵਿਸ਼ੇਸ਼ ਜ਼ਰੂਰਤ ਹੈ। ਇਨ੍ਹਾਂ ਦੇ ਵਿਚ ਪਹਿਲਾ ਨਿਤਨੇਮ ਕਰਮ ਹੈ, ਦੂਸਰਾ ਵਾਚ ਕਰਮ ਹੈ ਤੇ ਤੀਸਰਾ ਮਾਨਸ ਕਰਮ ਹੋਇਆ ਕਰਦਾ ਹੈ।

**ਨਿਤਨੇਮ ਕਰਮ** – ਇਸ ਕਰਮ ਵਿਚ ਗੁਰੂ ਮਹਾਰਾਜ ਦਾ ਜੋ ਫੁਰਮਾਨ ਹੈ ਕਿ–

***ਕਰਿ ਇਸਨਾਨੁ ਸਿਮਰਿ***
***ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।।***
***ਅੰਗ – ੬੧੧***

ਬਹੁਤ ਜ਼ਰੂਰੀ ਹੈ। ਸਰੀਰ ਦੀ ਸਫਾਈ, ਮੰਜਨ ਵਗੈਰਾ ਕਰਨਾ, ਚੰਗੀ ਤਰ੍ਹਾਂ ਨਾਲ ਮਲ ਕੇ ਇਸ਼ਨਾਨ ਕਰਨਾ, ਪੰਜ ਬਾਣੀਆਂ ਦਾ ਨਿਤਨੇਮ ਕਰਨਾ, ਗੁਰ ਧਾਮਾਂ ਦੀ ਸ਼ਰਧਾ ਨਾਲ ਯਾਤਰਾ ਕਰਨਾ, ਸਤਿਗੁਰੂ, ਸੰਤ ਸੇਵਾ, ਸੰਗਤਾਂ ਦੀ ਸੇਵਾ ਨਿਸ਼ਕਾਮ ਹਿਰਦੇ ਨਾਲ ਕਰਨੀ ਬਹੁਤ ਜ਼ਰੂਰੀ ਹੈ।

**ਵਾਚਕ ਕਰਮ** – ਬਾਣੀ ਦਾ ਪਾਠ ਕਰਨਾ, ਮੂਲਮੰਤ੍ਰ, ਗੁਰਮੰਤ੍ਰ ਦਾ ਵਿਧੀਪੂਰਵਕ ਜਾਪ ਕਰਨਾ, ਮੁੱਖ ਤੋਂ ਸਤਿ ਬਚਨ ਬੋਲਣੇ, ਕੀਰਤਨ ਕਰਨਾ, ਮਿੱਠੇ ਬਚਨ ਬੋਲਣੇ, ਵਾਚਕ ਕਰਮ ਹੋਇਆ ਕਰਦੇ ਹਨ।

**ਮਾਨਸ ਕਰਮ** – ਸਾਰੇ ਜੀਵਾਂ ਦੇ ਉਤੇ ਦਇਆ ਕਰਨੀ ਅਤੇ ਤਨ, ਮਨ, ਧਨ ਕਰਕੇ ਦੁਖੀ ਜੀਵਾਂ ਨੂੰ ਸੁਖ ਪਹੁੰਚਾਉਣ ਦਾ ਯਥਾਸ਼ਕਤ ਜਤਨ ਕਰਦੇ ਰਹਿਣਾ।

***ਏਕਾ ਨਾਰੀ ਜਤੀ ਹੋਇ***
***ਪਰ ਨਾਰੀ ਧੀ ਭੈਣ ਵਖਾਣੈ।।***
***ਭਾਈ ਗੁਰਦਾਸ ਜੀ, ਵਾਰ – ੬/੮***
***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।।***
***ਅੰਗ – ੨੭੪***

ਮਨ ਨੂੰ ਪਰ-ਇਸਤਰੀ ਸੰਗਿ ਦੀ ਮਲੀਨਤਾ ਤੋਂ ਦੂਰ ਰੱਖਣ ਲਈ ਨਾ ਹੀ ਕਾਮਕ ਬਚਨ ਸੁਣਨੇ ਤੇ ਨਾ ਹੀ ਪਰ-ਇਸਤਰੀ ਨੂੰ ਦਿਲ ਵਿਚ ਯਾਦ ਕਰਨਾ, ਨਾ ਕਾਮਾਂਤਰ ਗੀਤ ਗਾਉਣੇ, ਨਾ ਹੀ ਚਿਤਵਨਾ ਕਰਨੀ ਅਤੇ ਨਾ ਹੀ ਇਕਾਂਤ ਹੋ ਕੇ ਪਰ-ਇਸਤਰੀ ਨੂੰ ਮਿਲਣ ਦਾ ਸੰਕਲਪ ਕਰਨਾ ਅਤੇ ਨਾ ਹੀ ਗੰਦੀਆਂ ਫਿਲਮਾਂ ਦੇਖਣੀਆਂ। ਇਨ੍ਹਾਂ ਕਰਮਾਂ ਨਾਲ ਆਦਮੀ ਦੇ ਮਨ ਵਿਚ ਕਾਮ ਸੰਕਲਪ, ਮਨ ਨੂੰ ਮਲੀਨ ਕਰ ਦਿੰਦੇ ਹਨ ਅਤੇ ਨਾਮ, ਬਾਣੀ ਵਲ ਮਨ ਦੀ ਰੁਚੀ ਬਿਲਕੁਲ ਹੀ ਨਹੀਂ ਰਹਿੰਦੀ। ਇਸ ਤੋਂ ਇਲਾਵਾ ਸੁਭਾਅ ਦੇ ਵਿਚ ਕਾਹਲਾ-ਪਣ ਨਾ ਹੋਣਾ, ਉਸ ਦੀ ਥਾਂ ਤੇ ਧੀਰਜੀ ਹੋਣਾ, ਜੀਵਾਂ ਤੇ ਖਿਮਾ ਕਰਨੀ, ਦਇਆ ਕਰਨੀ।

ਦੱਸਦੇ ਹਨ ਕਿ ਜੋ ਪ੍ਰਸਿੱਧ ਸਾਇੰਸਦਾਨ ਨਿਊਟਨ ਹੋਇਆ ਹੈ, ਉਸ ਨੇ ਕਈ ਸਾਲ ਖੋਜ ਕਰਨ ਉਪਰੰਤ ਆਪਣਾ ਰਿਕਾਰਡ ਆਪਣੀ ਮੇਜ਼ ਉਪਰ ਰੱਖਿਆ ਹੋਇਆ ਸੀ। ਮੋਮਬੱਤੀ ਦੇ ਚਾਨਣੇ ਵਿਚ ਲਿਖ ਰਿਹਾ ਸੀ। ਕਿਸੇ ਕੰਮ ਵਾਸਤੇ ਉਹ ਆਪਣੀ ਸੀਟ ਤੋਂ ਉਠ ਕੇ ਦੂਸਰੇ ਕਮਰੇ ਵਿਚ ਚਲਿਆ ਗਿਆ। ਉਸ ਦੀ ਬਿੱਲੀ ਨੇ ਮੇਜ਼ ਉਤੇ ਛਾਲ ਮਾਰੀ ਅਤੇ ਮੇਜ਼ ਤੇ ਪਈ ਮੋਮਬੱਤੀ ਗਿਰ ਗਈ, ਉਸ ਨੇ ਕਈ ਸਾਲਾਂ ਦੀ ਕੀਤੀ ਹੋਈ ਮਿਹਨਤ ਵਾਲੇ ਕਾਗਜ਼ਾਂ ਨੂੰ ਅੱਗ ਲਾ ਦਿਤੀ। ਜਦੋਂ ਨਿਊਟਨ ਆਇਆ ਤਾਂ ਸਾਰੇ ਕਾਗਜ਼ਾਤ ਜਲ ਚੁਕੇ ਸਨ ਅਤੇ ਬਿੱਲੀ ਡਰਦੀ ਮਾਰੀ ਸਹਿਮ ਕੇ ਬੈਠੀ ਹੋਈ ਸੀ। ਉਸ ਨੇ ਆਪਣੀ ਬਿੱਲੀ ਨੂੰ ਗੋਦ ਵਿਚ ਲੈ ਕੇ ਪਿਆਰ ਦੇਣਾ ਸ਼ੁਰੂ ਕੀਤਾ ਤੇ ਕਿਹਾ ਕਿ ਤੈਨੂੰ ਨਹੀਂ ਸੀ ਪਤਾ ਕਿ ਤੇਰੇ ਮਾਲਕ ਨੇ ਕਿੰਨੀ ਮਿਹਨਤ ਕਰਕੇ ਵਿਗਿਆਨਕ (Scientific) ਤੱਥ ਇਕੱਤਰ ਕੀਤੇ ਸਨ ਅਤੇ ਨਾ ਹੀ ਤੂੰ ਜਾਣਦੀ ਸੀ ਕਿ ਤੇਰੇ ਮਾਲਕ ਨੂੰ ਇਨ੍ਹਾਂ ਕਾਗਜ਼ਾਂ ਦੇ ਜਲਣ ਉਪਰੰਤ ਕਿੰਨਾਂ ਖੇਦ ਹੋਵੇਗਾ। ਤੂੰ ਫਿਕਰ ਨਾ ਕਰ ਅਤੇ ਨਾ ਹੀ ਡਰ ਕੇ ਸਹਿਮ; ਮੈਂ ਫੇਰ ਮਿਹਨਤ ਕਰਕੇ ਸਾਰੇ ਤੱਥ ਇਕੱਠੇ ਕਰ ਲਵਾਂਗਾ। ਬਿੱਲੀ ਨੂੰ ਪਲੋਸਦਾ ਰਿਹਾ ਤੇ ਪਿਆਰ ਦਿੰਦਾ ਰਿਹਾ ਅਤੇ ਆਪਣੇ ਧੀਰਜ ਨੂੰ ਨਹੀਂ ਗਵਾਇਆ।

ਸੰਤੋਖ ਵੀ ਮਾਨਸਿਕ ਕਰਮ ਹੈ ਜਿਸ ਨਾਲ ਹਿਰਦੇ ਦੀਆਂ ਵਾਸ਼ਨਾਵਾਂ ਦਾ ਜਵਾਰਭਾਟਾ ਸਦਾ ਹੀ ਸੰਤੁਲਨ ਵਿਚ ਰਹਿੰਦਾ ਹੈ ਅਤੇ ਤ੍ਰਿਸ਼ਨਾ ਦੀ ਅਗਨ ਭੜਕ ਕੇ ਸ਼ਾਂਤੀ ਦਾ ਨਾਸ਼ ਨਹੀਂ ਕਰਦੀ। ਇਸੇ ਤਰ੍ਹਾਂ ਦੇ ਨਾਲ ਸੰਸਾਰ ਵਿਚ ਹਰ ਘਟਿ ਵਿਚ ਵਸਦੇ ਵਾਹਿਗੁਰੂ ਨੂੰ ਪਛਾਣ ਕੇ ਸਭ ਨਾਲ ਪਿਆਰ-ਪ੍ਰੇਮ ਦਾ ਵਰਤਾਰਾ ਰੱਖਣਾ, ਕਿਸੇ ਨਾਲ ਨਫ਼ਰਤ ਨਾ ਕਰਨੀ, ਕਿਸੇ ਲਈ ਵੈਰ ਭਾਵਨਾ ਨਾ ਰੱਖਣੀ, ਕਿਸੇ ਨਾਲ ਕ੍ਰੋਧ ਕਰਕੇ ਉਸਨੂੰ

ਨੁਕਸਾਨ ਪਹੁੰਚਾਉਣ ਦਾ ਜਤਨ ਨਾ ਕਰਨਾ, ਦੋਖ ਦ੍ਰਿਸ਼ਟੀ ਕਿਸੇ ਨਾਲ ਭੀ ਧਾਰਨ ਨਾ ਕਰਨੀ, ਸਭਨਾਂ ਜੀਵਾਂ ਨਾਲ ਪਿਆਰ ਕਰਨਾ, ਇਹ ਤਿੰਨ ਕਰਮਾਂ ਦੇ ਨਾਲ ਮਲ ਦੋਖ ਦੂਰ ਹੋ ਜਾਇਆ ਕਰਦਾ ਹੈ।

ਵਿਖਸ਼ੇਪ ਦੋਖ ਕਰਕੇ ਮਨ ਇਕ ਸੈਕਿੰਡ ਵਾਸਤੇ ਵੀ ਨਹੀਂ ਟਿਕਦਾ। ਇਸਨੂੰ ਦੂਰ ਕਰਨ ਲਈ ਉਪਾਸ਼ਨਾ ਦਾ ਸਾਧਨ ਅਤਿਅੰਤ ਜ਼ਰੂਰੀ ਹੈ। ਇਸ ਦੇ ਵਿਚ ਗੁਰੂ ਰੂਪ ਦਾ ਸਾਕਾਰ ਧਿਆਨ ਜਾਂ ਗੁਰੂ ਸ਼ਬਦ ਦੀ ਧੁਨ ਦਾ ਅਖੰਡ ਧਿਆਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਪ੍ਰਭੂ ਦਾ ਧਿਆਨ ਕਰਨਾ ਬਹੁਤ ਹੀ ਜ਼ਰੂਰੀ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ।।***
***ਅੰਗ - ੮੬੪***

***ਧੁਨਿ ਮਹਿ ਧਿਆਨੁ***
***ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ।। ਅੰਗ-੮੭੯***

ਸੋ ਉਸ ਧੁਨ ਦੇ ਧਿਆਨ ਦੀ ਪਰਪੱਕਤਾ ਨਾਲ ਅੰਤਸ਼ਕਰਣ ਦੀ ਮਲ ਹਟਕੇ ਬਿਰਤੀ ਸ਼ਰਧਾਕਾਰ ਹੋ ਜਾਇਆ ਕਰਦੀ ਹੈ ਅਤੇ ਅੰਤਸ਼ਕਰਣ ਵਿਚ ਰਸ ਦੀ, ਅੰਮ੍ਰਿਤ ਧਾਰ ਦੀ ਨਿਝਰ ਧਾਰ ਝਰਦੀ ਹੈ। ਇਸ ਨਾਲ ਵਿਖਸ਼ੇਪਤਾ ਦੋਖ ਦੂਰ ਹੋ ਜਾਂਦਾ ਹੈ।

ਤੀਸਰਾ ਆਵਰਨ ਦੀ ਨਵਿਰਤੀ ਵਾਸਤੇ ਤੱਤ ਬੇਤੇ ਮਹਾਪੁਰਸ਼ ਦੀ ਸੰਗਤ ਰਾਹੀਂ, ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਇਸਦੀ ਪਰਪੱਕਤਾ ਦੇ ਜਤਨ ਕਰਨੇ। ਇਸ ਨਾਲ ਗਿਆਨ ਦਾ ਝਲਕਾਰਾ ਵਜਦਾ ਹੈ। ਜਦੋਂ ਗਿਆਨ ਦਾ ਪ੍ਰਕਾਸ਼ ਅੰਤਸ਼ਕਰਣ ਵਿਚ ਪ੍ਰਗਟ ਹੋ ਜਾਵੇ ਤਾਂ ਤੀਸਰਾ ਦੋਸ਼ 'ਆਵਰਨ' ਨਵਿਰਤ ਹੋ ਜਾਇਆ ਕਰਦਾ ਹੈ।

**ਪ੍ਰਸ਼ਨ - ਉਤਪਤ ਹੋਏ ਗਿਆਨ ਦੀ ਰਖਸ਼ਾ ਕਿਹੜੇ ਸਾਧਨਾਂ ਦੇ ਨਾਲ ਹੁੰਦੀ ਹੈ?**

ਉਤਰ - ਇਸ ਬਾਰੇ ਮਹਾਂਪੁਰਸ਼ਾਂ ਦੇ ਮੱਤ ਹਨ ਕਿ ਸਤਿ ਦੀ ਪ੍ਰਾਪਤੀ ਵਾਸਤੇ ਗਿਆਨ ਦੀ ਬਹੁਤ ਅਵੱਸ਼ਕਤਾ ਹੈ। ਗਿਆਨ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦਾ। ਜਿਸ ਤਰ੍ਹਾਂ ਗੁਰਬਾਣੀ ਵਿਚ ਫੁਰਮਾਨ ਹੈ -

***ਭਾਈ ਰੇ ਗੁਰ ਬਿਨੁ***
***ਗਿਆਨੁ ਨ ਹੋਇ।।***
***ਪੂਛਹੁ ਬ੍ਰਹਮੇ ਨਾਰਦੈ***
***ਬੇਦ ਬਿਆਸੈ ਕੋਇ।। ਅੰਗ - ੫੯***

ਪੂਰਨ ਗੁਰੂ ਦੇ ਲੱਛਣ ਜੋ ਗੁਰਬਾਣੀ ਵਿਚ ਆਉਂਦੇ ਹਨ, ਉਨ੍ਹਾਂ ਬਾਰੇ ਫੁਰਮਾਨ ਹੈ-

***ਘਰ ਮਹਿ ਘਰੁ ਦੇਖਾਇ ਦੇਇ ਸੋ***
***ਸਤਿਗੁਰੁ ਪੁਰਖੁ ਸੁਜਾਣੁ।।***
***ਅੰਗ - ੧੨੯੧***

ਉਹ ਘਰ ਜਿਸਦਾ ਜ਼ਿਕਰ ਗੁਰੂ ਮਹਾਰਾਜ ਜੀ ਨੇ ਇਸ ਮਹਾਂਵਾਕ ਰਾਹੀਂ ਫੁਰਮਾਇਆ ਹੈ ਕਿ ਉਹ ਆਦਮੀ ਦੇ ਸਰੀਰ ਦੇ ਅੰਦਰ ਹੀ ਹੈ, ਜਿਥੇ ਅਗਿਆਨ ਦੀ ਮੈਲ ਛੋਹ ਨਹੀਂ ਸਕਦੀ। ਪਰ ਉਥੇ ਤੱਕ ਪੁੱਜਣ ਲਈ ਬਹੁਤ ਕਰੜਾ ਸੰਘਰਸ਼ ਗੁਰੂ ਦੀ ਕ੍ਰਿਪਾ ਨਾਲ, ਬਹੁਤ ਹੀ ਸ਼ਕਤੀਸ਼ਾਲੀ ਅੰਤਰੀਵੀ ਫੌਜ ਨਾਲ ਜਿਸਦੇ ਸਮੂੰਹ ਨੂੰ ਆਸਰੀ ਸੰਪਰਦਾ ਕਹਿੰਦੇ ਹਨ, ਨਾਲ ਕਰਨਾ ਪੈਂਦਾ ਹੈ। ਇਸਦੇ ਅਜਿੱਤ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਆਸਾ, ਅੰਦੇਸ਼ਾ, ਤ੍ਰਿਸ਼ਨਾ, ਪਾਖੰਡ, ਕਪਟ ਆਦਿ ਹਨ, ਜਿਨ੍ਹਾਂ ਦੇ ਅੱਗੇ ਇਕੱਲੇ ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ। ਗੁਰੂ ਦੀ ਕ੍ਰਿਪਾ ਅਤੇ ਸਾਧੂ ਦੀ ਸੰਗਤ ਨਾਲ ਸਤਿ, ਸੰਤੋਖ, ਸ਼ਾਂਤੀ, ਧੀਰਜ, ਦਇਆ, ਖਿਮਾ, ਵਿਵੇਕ ਆਦਿ ਸੂਰਮਿਆਂ ਨੂੰ ਨਾਲ ਲੈ ਕੇ ਇਕ ਮਹਾਂਯੁੱਧ, ਮਹਾਂਭਾਰਤ ਤੋਂ ਕਿਤੇ ਵਧੀਕ ਕਰੜਾ, ਕਰਨਾ ਪੈਂਦਾ ਹੈ ਕਿਉਂਕਿ ਇਸ ਸਰੀਰ ਦਾ ਮਾਲਕ ਜੀਵ ਆਤਮਾ, ਗਲਤੀ ਕਰਕੇ ਵੈਰੀਆਂ ਦੇ ਦਾਵ-ਪੇਚ, ਚਾਲਾਂ ਵਿਚ ਬੁਰੀ ਤਰ੍ਹਾਂ ਉਲਝ ਗਿਆ ਹੈ ਅਤੇ ਉਨ੍ਹਾਂ ਨੂੰ ਮਿੱਤਰ ਅਤੇ ਸਹਾਇਕ ਜਾਣ ਕੇ ਅਪਣੱਤ ਦਿਖਾਉਂਦਾ, ਸਨੇਹ ਨਾਲ ਵਰਤ ਰਿਹਾ ਹੈ। ਜੋ ਸਦਾ ਸੰਗ ਰਹਿਣ ਵਾਲਾ ਵਾਹਿਗੁਰੂ, ਗੁਰ ਉਪਦੇਸ਼, ਗੁਰੂ ਮਿਹਰ, ਸਾਧੂ ਦੀ ਕ੍ਰਿਪਾ ਹੈ - ਇਸ ਤੋਂ ਸਦਾ ਹੀ ਮੂੰਹ ਮੋੜ ਕੇ ਰੱਖਦਾ ਹੈ ਅਤੇ ਵੈਰੀ ਇਸਦੇ ਨਾਮ ਧਨ ਨੂੰ ਲੁੱਟ ਕੇ ਇਸਨੂੰ ਕੰਗਾਲ, ਦਲਿੱਦਰੀ ਅਤੇ ਬੇ-ਵਸ ਬਣਾ ਦਿੰਦੇ ਹਨ। ਜਿਵੇਂ ਕਿ ਫੁਰਮਾਨ ਹੈ-

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ*
*ਆਪਨ ਕਰਿ ਕਰਮ॥ ਅੰਗ - ੨੬੭*

ਸੋ ਇਸ ਤਰ੍ਹਾਂ ਏਸ ਭੁੱਲੇ ਹੋਏ ਜੀਵ ਨੂੰ ਇਨ੍ਹਾਂ ਮਹਾਂ ਭਿਆਨਕ ਸ਼ਤਰੂਆਂ ਤੋਂ ਛੁਡਾਉਣ ਲਈ ਬਹੁਤ ਕਰੜੇ ਸੰਘਰਸ਼ ਦੀ ਲੋੜ ਹੈ ਅਤੇ ਗੁਰੂ ਉਪਰ ਪੂਰਨ ਸ਼ਰਧਾ ਦੀ ਜ਼ਰੂਰਤ ਹੈ। ਇਸੇ ਲਈ ਕਿਹਾ ਹੈ -

*ਖ਼ਾਲਸਾ ਸੋ ਜੋ ਕਰੈ ਨਿਤ ਜੰਗ॥*

ਤੇ ਇਸੇ ਸਬੰਧ ਵਿਚ ਦਸ਼ਮੇਸ਼ ਪਿਤਾ ਨੇ -

*ਦੇਹ ਸਿਵਾ ਬਰ ਮੋਹਿ ਇਹੈ,*
*ਸੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ,*
*ਨਿਸਚੈ ਕਰ ਅਪਨੀ ਜੀਤ ਕਰੋਂ॥*
*ਅਰੁ ਸਿਖ ਹੌਂ ਆਪਨੇ ਹੀ ਮਨ ਕੌਂ,*
*ਇਹ ਲਾਲਚ ਹਉ ਗੁਨ ਤਉ ਉਚਰੌਂ॥*
*ਜਬ ਆਵ ਕੀ ਅਉਧ ਨਿਧਾਨ ਬਨੈ,*
*ਅਤ ਹੀ ਰਨ ਮੈ ਤਬ ਜੂਝ ਮਰੋਂ॥*
*(ਚੰਡੀ ਚਰਿਤ੍ਰ)*

ਦੀ ਕਾਮਨਾ ਕੀਤੀ ਹੈ।

ਸੋ ਇਸ ਤਰ੍ਹਾਂ ਗਿਆਨ; ਗੁਰੂ ਪ੍ਰਤੀਤੀ, ਮਹਾਂਵਾਕਾਂ ਦੀ ਕਮਾਈ ਕੀਤੇ ਬਗੈਰ ਹਿਰਦੇ ਵਿਚ ਆਪਣੇ-ਆਪ ਪ੍ਰਗਟ ਨਹੀਂ ਹੋਇਆ ਕਰਦਾ। ਮਹਾਂਪੁਰਸ਼ਾਂ ਦੇ ਬਚਨਾਂ ਰਾਹੀਂ ਅੰਤਲਾ ਭਰਮ ਦਾ ਪਰਦਾ ਟੁਟਦਾ ਹੈ ਅਤੇ ਜੀਵ ਦਾ ਭ੍ਰਮਕ ਹਸਤੀ ਜੋ ਤਿੰਨ ਕਾਲ ਮਿਥਿਆ ਹੈ, ਤੋਂ ਛੁਟਕਾਰਾ ਮਿਲ ਕੇ ਆਪਣੇ ਆਤਮ ਸਰੂਪ ਨੂੰ ਲੱਖਦਾ ਹੈ।

ਸੋ ਇਸ ਅਵਸਥਾ ਨੂੰ ਪਹੁੰਚਣ ਲਈ ਮਹਾਂਪੁਰਸ਼ਾਂ ਨੇ ਕੁਝ ਸਾਧਨਾਂ ਦੀ ਵਿਆਖਿਆ ਕੀਤੀ ਹੈ।

੧. **ਵਿਵੇਕ** - ਵਿਵੇਕ ਬਿਰਤੀ ਨੂੰ ਹੰਸ ਦੇ ਨਾਲ ਤਰਜੀਹ ਦਿੰਦੇ ਹਨ ਜਿਵੇਂ ਹੰਸ ਸਾਹਮਣੇ ਪਏ ਦੁੱਧ ਵਿਚੋਂ ਪਾਣੀ ਛੱਡ ਕੇ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ। ਏਸੇ ਤਰ੍ਹਾਂ ਨਾਲ ਵਿਵੇਕੀ ਨਿਰੰਤਰ ਸਤਿ ਅਤੇ ਅਸੱਤਿ ਦੀ ਵਿਚਾਰ ਵਿਚ ਸਦੀਵ ਕਾਲ ਪ੍ਰਵੇਸ਼ ਰੱਖਦਾ ਹੈ। ਇਸ ਸੰਸਾਰ ਦੇ ਅੰਦਰ ਸਤਿ ਵਸਤੂ ਕੇਵਲ ਆਤਮਾ ਹੀ ਹੈ ਅਤੇ ਆਤਮਾ ਤੋਂ ਉਤਪਤ ਹੋਇਆ ਜਗਤ ਇਕ ਭਰਮ ਮਾਤਰ ਸੁਪਨੇ ਦੀ ਮਨੋਮਈ ਸੰਪਤ ਹੈ। ਨਿਤ ਅਤੇ ਅਨਿਤ ਦੀ ਵਿਚਾਰ ਕਰਦੇ ਰਹਿਣਾ ਕਿ ਨਿਤ ਆਤਮਾ ਹੈ ਅਤੇ ਅਨਿਤ ਸਾਰਾ ਦ੍ਰਿਸ਼ਟਮਾਨ ਹੈ। ਦ੍ਰਿਸ਼ਟਮਾਨ ਪਰਿਵਰਤਨਸ਼ੀਲ ਹੋਣ ਕਰਕੇ ਮਿਥਿਆ ਹੈ ਜਿਵੇਂ ਕਿ ਫੁਰਮਾਨ ਹੈ -

*ਦ੍ਰਿਸਟਿਮਾਨ ਹੈ ਸਗਲ ਮਿਥੇਨਾ॥*
*ਅੰਗ - ੧੦੮੩*

ਸੋ ਸਤਿ ਕੇਵਲ ਪ੍ਰਮੇਸ਼ਰ ਆਪ ਹੀ ਸਭਨਾਂ ਘਟਾਂ ਵਿਚ ਵਰਤ ਕੇ ਆਪਣੇ ਆਪ ਤੋਂ ਆਪ ਹੀ ਅਨੇਕ ਰੂਪ ਧਾਰ ਕੇ ਆਪਣੀ ਮਹਿਮਾ ਵਿਚ ਸਥਿਤ ਹੈ। ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰਿ ਏਕ॥ ਜਾਪੁ ਸਾਹਿਬ*

ਸੋ ਐਸੇ ਵਿਚਾਰਾਂ ਨੂੰ ਹਿਰਦੇ ਵਿਚ ਸਦਾ ਹੀ ਚਿਤਵਦੇ ਰਹਿਣ ਦਾ ਨਾਂ **ਵਿਵੇਕ** ਹੈ।

੨. **ਵੈਰਾਗ** - ਜੋ ਕੁਛ ਵੀ ਦਿਸ ਰਿਹਾ ਹੈ, ਇਹ ਸਾਰਾ ਹੀ ਨਾਸ਼ਵਾਨ ਅਤੇ ਪਰਿਵਰਤਨਸ਼ੀਲ ਛਿੰਨ-ਛਿੰਨ ਵਿਚ ਬਦਲਣ ਵਾਲਾ, ਸੰਸਾਰ ਰੂਪ ਹੋ ਕੇ ਭਾਸ ਰਿਹਾ ਹੈ। ਇਸਦਾ ਅਧਾਰ, ਵਾਹਿਗੁਰੂ ਜੀ, ਆਪ ਸਦਾ ਇਕ ਰਸ ਰਹਿਣ ਵਾਲਾ, ਨਿਤ ਅਤੇ ਅ-ਬਦਲ, ਘਟਿ-ਘਟਿ ਵਿਚ ਵਿਆਪਕ ਜਿਸਦੇ ਅਧਾਰ ਤੇ ਸਾਰੇ ਦ੍ਰਿਸ਼ਟਮਾਨ ਦਾ ਰੂਪ, ਰੰਗ, ਨਾਮ-ਠਾਮ, ਜਾਤ-ਜਿਨਸ ਨਜ਼ਰੀ ਪੈ ਰਿਹਾ ਹੈ। ਉਸ ਪ੍ਰਭੂ ਨੂੰ ਨਿਤ ਜਾਣ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਸਾਰੇ ਅਨਰਥ ਰੂਪ ਅਨਿਤ

ਦਾ ਤਿਆਗ ਕਰਦੇ ਰਹਿਣਾ ਵੈਰਾਗ ਕਹਾਉਂਦਾ ਹੈ।

**੩. ਖਟਸਮਤੀ –**

***ਸ਼ਮ ਦਮ ਸ਼੍ਰਧਾ ਤੀਸਰੀ***
***ਸਮਾਧਾਨ ਉਪਰਾਮ।।***
***ਛਠੀ ਤਿਤੀਕਸ਼ਾ ਜਾਨਿਏਂ***
***ਭਿੰਨ ਭਿੰਨ ਯਹ ਨਾਮ।।***
***ਮਨ ਵਿਸ਼ਯਨ ਤੇ ਰੋਕ ਨੌਂ***
***ਸ਼ਮ ਤਿਹਿਂ ਕਹਤ ਸੁਧੀਰ।।***
***ਇੰਦ੍ਰਯਗਣ ਕੋ ਰੋਕਨੋਂ***
***ਦਮ ਭਾਖਤ ਬੁਧ ਵੀਰ।।***

***ਵਿਚਾਰ ਸਾਗਰ ਪੰਨਾ – ੫***

**(ੳ) ਸਮ** – ਇਹ ਦਸ ਪ੍ਰਕਾਰ ਦਾ ਹੁੰਦਾ ਹੈ –

(ੳ) **ਹਿੰਸਾ ਦਾ ਤਿਆਗ** :- ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ – ਮਾਨਸਿਕ ਅਹਿੰਸਾ, ਵਾਕ ਅਹਿੰਸਾ, ਦੇਹ ਅਹਿੰਸਾ। ਮਨ ਕਰਕੇ ਕਿਸੇ ਦਾ ਬੁਰਾ ਨਾ ਚਿਤਵਨਾ, ਸਰਬੱਤ ਦੇ ਭਲੇ ਦੀ ਕਾਮਨਾ ਮਨ ਵਿਚ ਰੱਖਣਾ। ਇਹ **'ਮਾਨਸਿਕ ਅਹਿੰਸਾ'** ਹੈ।

ਗੁਰੂ ਦੇ ਸਿਧਾਂਤ ਮੁਤਾਬਿਕ ਫਿਕਾ ਬੋਲ ਕੇ ਦਿਲ ਨਾ ਤੋੜਨਾ, ਕ੍ਰੋਧ ਨਾਲ ਕਿਸੇ ਨੂੰ ਕੁ-ਬਚਨ ਨਾ ਬੋਲਣਾ, ਝੂਠ ਨਾ ਬੋਲਣਾ, ਕਪਟ ਦੇ, ਛਲ ਦੇ ਬਚਨ ਨਾ ਕਰਨਾ **'ਵਾਕ ਅਹਿੰਸਾ'** ਹੈ।

ਸਰੀਰ ਕਰਕੇ ਜਾਂ ਸ਼ਸ਼ਤਰਾਂ ਦੀ ਮਦਦ ਨਾਲ ਜੀਵਾਂ ਨੂੰ ਨਾ ਦੁਖ ਦੇਣਾ, ਨਾ ਜਾਨ ਤੋਂ ਮਾਰਨਾ, ਦੂਸਰੇ ਦਾ ਨੁਕਸਾਨ ਨਾ ਕਰਨਾ; ਇਹ **'ਸਰੀਰਕ ਅਹਿੰਸਾ'** ਹੈ। ਇਸ ਉਪਰ ਪਾਬੰਦ ਰਹਿਣਾ ਅਹਿੰਸਾ ਕਹਾਉਂਦੀ ਹੈ।

**(ਅ) ਝੂਠ ਬਿਲਕੁਲ ਨਾ ਬੋਲੇ**; ਜਿਥੇ ਕਿਸੇ ਦਾ ਸੱਚ ਬੋਲਣ ਨਾਲ ਘਾਤ ਹੁੰਦਾ ਹੋਵੇ, ਗਰੀਬਮਾਰ ਹੁੰਦੀ ਹੋਵੇ, ਉਥੇ ਮੋਨ ਹੀ ਧਾਰਨ ਕਰੇ।

**(ੲ) ਅਚੋਰੀ** – ਕਿਸੇ ਦਾ ਧਨ ਪਦਾਰਥ ਸੰਨ੍ਹ ਲਾ ਕੇ, ਧੱਕੇ ਨਾਲ ਜ਼ੋਰ-ਜ਼ਬਰ ਨਾਲ ਖੋਹ ਕੇ ਜਾਂ ਰਿਸ਼ਵਤ ਲੈ ਕੇ ਆਪਣਾ ਨਾ ਬਣਾਵੇ ਅਤੇ ਕਿਸੇ ਦੀ ਕਵਿਤਾ, ਕਿਸੇ ਦੇ ਲੇਖ, ਕਿਸੇ ਦੇ ਪੁਸਤਕ ਵਿਚ ਆਏ ਬਚਨਾਂ ਨੂੰ ਨਿਰਲੱਜਤਾ ਨਾਲ ਆਪਣਾ ਬਣਾ ਕੇ ਨਾ ਦੱਸੇ। ਇਸਨੂੰ ਖਿਆਲਾਂ ਦੀ ਚੋਰੀ ਆਖਦੇ ਹਨ। ਕਿਸੇ ਦੀ ਗੁਪਤ ਗੱਲ ਸੁਣਨ ਦਾ ਜਤਨ ਨਾ ਕਰੇ ਅਤੇ ਨਾ ਹੀ ਕਿਸੇ ਵਲ ਬੁਰੀ ਨਜ਼ਰ ਨਾਲ ਵੇਖੇ।

**(ਸ)** ***'ਏਕਾ ਨਾਰੀ ਜਤੀ ਹੋਇ'*** ਗ੍ਰਿਹਸਤੀ ਲਈ ਬਹੁਤ ਜ਼ਰੂਰੀ ਹੈ ਅਤੇ ਬਿਹੰਗਮ ਲਈ ਪੂਰਨ 'ਬ੍ਰਹਮਚਰੀਯ' ਧਾਰਨ ਕਰਨਾ, ਅੱਠ ਰਹਿਤਾਂ ਦਾ ਧਾਰਨੀ ਹੋਣਾ ਬਹੁਤ ਹੀ ਜ਼ਰੂਰੀ ਹੈ। ਉਹ ਰਹਿਤਾਂ ਹਨ- ਇਕਾਂਤ ਵਿਚ ਨਾ ਮਿਲਣਾ, ਇਕਾਂਤ ਵਿਚ ਬੁਰੇ ਇਰਾਦੇ ਦੇ ਨਾਲ ਨਾ ਗੱਲ ਕਰਨੀ, ਇਸਤਰੀ ਦੇ ਅੰਗਾਂ, ਪ੍ਰ-ਅੰਗਾਂ ਦੀਆਂ ਗੱਲਾਂ ਨਾ ਕਰਨੀਆਂ, ਅੰਗ ਨਾ ਪਰਸਨੇ, ਹਿਤ ਨਾਲ ਨਾ ਦੇਖਣਾ, ਮਨ ਵਿਚ ਮੰਦ ਵਾਸ਼ਨਾ ਦੀ ਚਿਤਵਨੀ ਨਾ ਕਰਨੀ ਆਦਿ ਹੋਰ ਰਹਿਤਾਂ ਦਾ ਧਾਰਨੀ ਹੋਣਾ ਜੱਤਿ ਕਹਾਉਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਨੇ – ***'ਰੇ ਮਨ ਐਸੋ ਕਰਿ ਸੰਨਿਆਸਾ।।'*** ਵਿਚ ਜੱਤਿ ਦੀਆਂ ਜਟਾਂ ਧਾਰਨ ਕਰਨੀਆਂ ਫੁਰਮਾਇਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਵੀ – ***'ਜਤੁ ਪਾਹਾਰਾ ਧੀਰਜੁ ਸੁਨਿਆਰੁ।।'*** ਵਿਚ ਫੁਰਮਾਨ ਕੀਤਾ ਹੈ। ਮਨ ਦੀਆਂ ਵਾਸ਼ਨਾਵਾਂ ਇਸ ਕੁਕਰਮ ਵਲੋਂ ਰੋਕਣੀਆਂ ਜੱਤਿ ਕਹਾਉਂਦੀਆਂ ਹਨ।

**(ਹ) ਧੀਰਜ** – ਦੁੱਖ-ਸੁੱਖ, ਹਾਣ-ਲਾਭ, ਆਦਰ-ਨਿਰਾਦਰ ਵਿਚ ਸਮਬਿਰਤੀ ਦਾ ਧਾਰਨੀ ਹੋਣਾ ਧੀਰਜ ਕਹਾਉਂਦੀ ਹੈ।

**(ਕ) ਖਿਮਾ** – ਕਿਸੇ ਦੇ ਔਗੁਣ ਵੇਖ ਕੇ ਉਸਨੂੰ ਮੁਆਫ ਕਰ ਦੇਣਾ, ਸਿੱਧੇ ਰਸਤੇ ਪਾ ਦੇਣਾ ਅਤੇ ਉਸਦਾ ਕਿਸੇ ਤਰ੍ਹਾਂ ਵੀ ਨੁਕਸਾਨ ਨਾ ਕਰਨਾ, ਖਿਮਾ ਕਹਾਉਂਦੀ ਹੈ। ਖਿਮਾਵੰਤ ਪੁਰਸ਼ ਉਦਾਰ ਵੀ ਹੁੰਦਾ ਹੈ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਟ ਮਾਰਨ ਵਾਲੇ ਬੱਚੇ ਨੂੰ ਉਸਦੀ ਬੇਰ ਝਾੜਨ ਵਾਲੀ ਕ੍ਰਿਆ ਨੂੰ ਆਪਣੇ ਨਾਲ ਤੁਲਨਾ ਦਿੰਦਿਆਂ ਹੋਇਆਂ ਦੋ ਪਿੰਡ ਬਖਸ਼ ਦਿੱਤੇ। ਇਹ ਖਿਮਾ ਦੀ ਬਹੁਤ ਉਚੀ ਮਿਸਾਲ ਹੈ।

**(ਖ) ਦਇਆ** – ਕਿਸੇ ਜੀਵ ਨੂੰ ਦੁਖੀ ਦੇਖ ਕੇ

ਉਸਦੀ ਸਹਾਇਤਾ ਅੰਨ, ਵਸਤਰ, ਪੈਸੇ ਆਦਿ ਨਾਲ ਕਰਨੀ ਅਤੇ ਉਸ ਦੀਆਂ ਲੋੜਾਂ ਯਥਾਸ਼ਕਤ ਪੂਰੀਆਂ ਕਰਨੀਆਂ। ਸੰਕਟ ਵਿਚ ਆਏ ਨੂੰ ਦੁਖ ਦੂਰ ਕਰਨ ਲਈ ਕੋਈ ਹੱਲ ਦੱਸਣਾ, ਦਇਆ ਕਹਾਉਂਦੀ ਹੈ। ਨਿਰਦਈ ਪੁਰਸ਼ ਦੇ ਹਿਰਦੇ ਵਿਚ ਧਰਮ ਕਿਸੇ ਹਾਲਤ ਵਿਚ ਵੀ ਜਨਮ ਨਹੀਂ ਲੈ ਸਕਦਾ। ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਧੌਲੁ ਧਰਮੁ ਦਇਆ ਕਾ ਪੂਤੁ।।***
***ਅੰਗ – ੩***

ਇਨ੍ਹਾਂ ਗੁਰਵਾਕਾਂ ਦੇ ਪ੍ਰਕਾਸ਼ ਵਿਚ ਬਹੁਤ ਹੀ ਅਸੰਭਵ ਲਗਦਾ ਹੈ ਕਿ ਜੀਵਾਂ ਨੂੰ ਮਾਰ ਕੇ ਖਾਣ ਵਾਲੇ ਆਪਣੇ-ਆਪ ਨੂੰ ਕਿਵੇਂ ਧਰਮੀ ਅਖਵਾਉਂਦੇ ਹਨ – ਜਿਵੇਂ ਕਿ ਫੁਰਮਾਨ ਹੈ –

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ।।***
***ਆਪਸ ਕਉ ਮੁਨਿਵਰ***
***ਕਰਿ ਥਾਪਹੁ ਕਾ ਕਉ ਕਹਹੁ ਕਸਾਈ।।***
***ਅੰਗ – ੧੧੦੩***

ਗੁਰੂ ਧਰਮ ਅਤੇ ਆਮ ਧਰਮਾਂ ਵਿਚ ਦਇਆ ਦੇ ਕਈ ਪ੍ਰਮਾਣ ਆਉਂਦੇ ਹਨ ਜਿਵੇਂ ਕਿ ਰਾਵੀਆ ਜੀ ਨੇ ਹੱਜ ਕਰਦਿਆਂ ਮੱਕੇ ਤੋਂ ੬੦ ਕੋਹ ਉਰੇ ਇਕ ਕੁੱਤੀ ਨੂੰ ਆਪਣੇ ਸਿਰ ਦੇ ਵਾਲ ਅਤੇ ਸਾਰੇ ਕੱਪੜੇ ਪਾੜ ਕੇ ਪਾਣੀ ਕੱਢ ਕੇ, ਕੁੱਤੀ ਅਤੇ ਕਤੂਰਿਆਂ ਨੂੰ ਪਿਲਾਇਆ ਸੀ ਅਤੇ ਆਪ ਧਰਤੀ ਖੋਦ ਕੇ ਮਿੱਟੀ ਵਿਚ ਬੈਠ ਕੇ ਆਪਣੇ ਸਰੀਰ ਨੂੰ ਢੱਕਿਆ। ਐਸਾ ਮਹਾਂਪੁਰਸ਼ ਦੱਸਦੇ ਹਨ ਕਿ ਉਸਨੂੰ ਦਰਸ਼ਨ ਦੇਣ ਵਾਸਤੇ ਕਾਹਬਾ ਸ਼ਰੀਫ ੬੦ ਮੀਲ ਤੋਂ ਉਸਦੇ ਸਾਹਮਣੇ ਆਇਆ। ਇਸੇ ਤਰ੍ਹਾਂ ਨਾਲ ਗੁਰੂ ਦਰਸ਼ਨਾਂ ਨੂੰ ਆਉਂਦੀ ਸੰਗਤ ਪ੍ਰੇਮੇ ਕੋਹੜੀ ਨੂੰ ਵਾਰੀ-ਵਾਰੀ ਆਪਣੀ ਪਿੱਠ ਤੇ ਚੁੱਕ ਕੇ ਗੁਰੂ ਤੀਸਰੇ ਪਾਤਸ਼ਾਹ ਕੋਲ ਲੈ ਆਏ ਤੇ ਪਾਤਸ਼ਾਹ ਨੇ ਉਸਦਾ ਕੁਸ਼ਟ ਰੋਗ ਦੂਰ ਕਰਕੇ ਆਪਣੀ ਅਤਿਅੰਤ ਪ੍ਰਸੰਨਤਾ ਸੰਗਤ ਉਤੇ ਕੀਤੀ।

**(ਗ) ਕੋਮਲ ਹਿਰਦਾ** – ਸਰਬੱਤ ਦਾ ਭਲਾ ਲੋਚਦਿਆਂ, ਸ਼ੁਭ ਉਪਦੇਸ਼, ਬਗੈਰ ਵਿਤਕਰੇ ਤੋਂ ਦੇਣੇ ਅਤੇ ਕਿਸੇ ਪ੍ਰਤੀ ਰਾਗ ਦ੍ਵੈਸ਼ ਦੇ ਧਾਰਨੀ ਨਾ ਹੋਣਾ।

**(ਘ) ਮਰਿਆਦਾ** –

***ਅਲਪ ਅਹਾਰ ਸੁਲਪ ਸੀ***
***ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।।***
***ਪਾਤਸ਼ਾਹੀ 10***

ਦੇ ਮਹਾਂਵਾਕ ਅਨੁਸਾਰ ਭੁੱਖ ਤੋਂ ਚਉਥਾ ਹਿੱਸਾ ਘੱਟ ਖਾਣਾ ਅਤੇ ਸਵਾਦੂ ਭੋਜਨ ਨਾ ਖਾਣਾ ਕਿਉਂਕਿ ਸਵਾਦਾਂ ਤੋਂ ਹੀ ਹਮੇਸ਼ਾਂ ਰੋਗਾਂ ਦੀ ਉਤਪਤੀ ਹੁੰਦੀ ਹੈ। ਅੰਮ੍ਰਿਤ ਵੇਲੇ ਜਾਗ ਕੇ ਭਜਨ ਕਰਨ ਲਈ ਪਸ਼ੂਆਂ ਵਾਂਗੂੰ ਪੇਟ ਭਰ ਕੇ ਨਹੀਂ ਖਾਣਾ ਚਾਹੀਦਾ। ਪੌਸ਼ਟਿਕ ਅਹਾਰ ਜਿਨ੍ਹਾਂ ਤੋਂ ਬਗੈਰ ਸਰੀਰ ਵਿਚ ਸਾਂਤਵਿਕ, ਨਰੋਆ-ਪਣ ਆਵੇ, ਅਜਿਹੇ ਸਤੋਗੁਣੀ ਭੋਜਨ ਖਾਣੇ ਸਿਹਤ ਅਤੇ ਨਾਮ ਜਪਣ ਲਈ ਬਹੁਤ ਹੀ ਸਹਿਯੋਗੀ ਹੋਇਆ ਕਰਦੇ ਹਨ।

**(ਙ) ਇਸ਼ਨਾਨ** – ਸਰੀਰ ਦੀ ਸ਼ੁਧਤਾ ਵਾਸਤੇ ਸਰੀਰਕ ਇਸ਼ਨਾਨ ਜ਼ਰੂਰੀ ਹੈ ਜਿਵੇਂ ਕਿ –

***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ***
***ਕਰੇ ਅੰਮ੍ਰਿਤ ਸਰਿ ਨਾਵੈ।।***
***ਅੰਗ – ੩੦੫***

ਅੰਮ੍ਰਿਤ ਰੂਪੀ ਗੁਰਬਾਣੀ ਦੇ ਅੰਮ੍ਰਿਤ ਕੁੰਡ ਵਿਚ ਮਨ ਦਾ ਇਸ਼ਨਾਨ ਕਰਾ ਕੇ ਮਨ ਵਿਚੋਂ ਰਾਗ, ਦ੍ਵੈਸ਼, ਈਰਖਾ, ਵੈਰ, ਵਿਰੋਧ, ਕ੍ਰੋਧ, ਛਲ, ਕਪਟ, ਧੋਖਾ, ਚੋਰੀ, ਬੇ-ਵਿਸ਼ਵਾਸ਼ੀ, ਰਿਣ ਹੱਤਿਆ ਆਦਿ ਮੈਲ ਤੋਂ, ਅੰਤਸ਼ਕਰਣ ਨੂੰ ਪਵਿੱਤਰ ਰੱਖਣਾ। ਚਿਤ ਦੇ ਇਸ਼ਨਾਨ ਲਈ ਗੁਰਮੰਤ੍ਰ, ਮੂਲਮੰਤ੍ਰ ਦਾ ਇਕਾਗਰ ਚਿਤ ਨਾਲ ਜਾਪ ਕਰਨਾ ਅਤੇ ਜੀਵ ਆਤਮਾ ਦੇ ਇਸ਼ਨਾਨ ਲਈ ਬ੍ਰਹਮ ਵਿਚਾਰ ਦਾ ਚਿੰਤਨ ਕਰਨਾ।

ਇਨ੍ਹਾਂ ਸਾਰੇ ਗੁਣਾਂ ਨੂੰ ਧਾਰਨ ਕਰਨਾ ਸਤਿ ਦੇ ਪ੍ਰਕਾਸ਼ ਲਈ ਅਤਿਅੰਤ ਜ਼ਰੂਰੀ ਹੈ।

**(ii) ਦਮ** – ਅਰਥਾਤ **(ੳ) ਤਪ** – ਤਿੰਨ ਪ੍ਰਕਾਰ ਦਾ ਹੁੰਦਾ ਹੈ।

* **ਤਾਮਸੀ ਤਪ** – ਜਲ ਧਾਰੇ ਕਰਨੇ, ਅਗਨੀ ਤਾਪਣੀ, ਭੁੱਖੇ ਰਹਿਣਾ, ਰੋੜਾਂ ਤੇ ਸੌਣਾ, ਸਰੀਰ ਨੂੰ ਦੁਖੀ ਕਰਨਾ ਤਾਮਸੀ ਤਪ ਕਹਾਉਂਦਾ ਹੈ।
* **ਰਾਜਸੀ ਤਪ** – ਬੁਰੇ ਕਰਮਾਂ ਤੋਂ ਆਪਣੇ ਮਨ

ਨੂੰ ਰੋਕਣਾ। ਬਾਰ-ਬਾਰ ਗੁਰੂ ਸ਼ਬਦ ਦੀ ਵਿਚਾਰ ਰਾਹੀਂ ਮਨ ਨੂੰ ਸਮਝਾਉਣਾ, ਸੇਵਾ ਕਰਨੀ - ਰਾਜਸੀ ਤਪ ਕਹਾਉਂਦਾ ਹੈ।

* **ਸਾਂਤਕੀ ਤਪ** - ਬਿਰਤੀ ਨੂੰ ਸੰਕਲਪ ਅਤੇ ਵਿਕਲਪ ਦੀਆਂ ਲਹਿਰਾਂ ਤੋਂ ਅਛੋਹ ਕਰਕੇ ਨਾਮ ਧੁਨ, ਕੀਰਤਨ ਵਿਚ ਟਿਕਾਉਣਾ। ਇਸਨੂੰ ਸਾਂਤਕੀ ਤਪ ਕਿਹਾ ਕਰਦੇ ਹਨ। ਗੁਰੂ ਘਰ ਵਿਚ ਗੁਰਬਾਣੀ ਪੜ੍ਹਨਾ, ਵਿਚਾਰਨਾ, ਸਤਿ ਸ਼ਾਸ਼ਤਰ ਪੜ੍ਹਨਾ-ਸੁਣਨਾ ਸਾਂਤਕੀ ਤਪ ਹੋਇਆ ਕਰਦਾ ਹੈ। ਸਾਂਤਕੀ ਤਪ ਨਾਲ ਆਪਣਾ ਰੂਹਾਨੀ ਸਫਰ ਬਹੁਤ ਛੇਤੀ ਹੀ ਤਹਿ ਹੋ ਜਾਇਆ ਕਰਦਾ ਹੈ।

**(ਅ) ਸੰਤੋਖ** - ਜੀਅ ਭਰਕੇ ਮਿਹਨਤ ਕਰਨੀ, ਜੋ ਕੁਛ ਆਪਣੀ ਪਰਾਲਬਧ ਅਨੁਸਾਰ ਹੱਥ ਵਿਚ ਆਵੇ, ਉਸ ਉਤੇ ਮਨ ਵਿਚ ਸੰਤੋਖ ਧਾਰਨਾ, ਤ੍ਰਿਸ਼ਨਾ ਦੇ ਚੱਕਰ ਵਿਚ ਨਾ ਪੈਣਾ ਅਤੇ ਸੰਤੁਸ਼ਟ, ਖੁਸ਼ ਰਹਿਣਾ ਸੰਤੋਖ ਹੋਇਆ ਕਰਦਾ ਹੈ। ਪਦਾਰਥ ਨਾ ਹੱਥ ਆਉਣ ਤੇ ਆਪਣੇ ਆਪ ਨੂੰ ਸੰਤੋਖੀ ਕਹਿਣਾ, ਸੰਤੋਖੀ ਨਹੀਂ ਕਹਾਉਂਦਾ। ਇਹ ਇਕ ਮਜ਼ਬੂਰੀ ਹੋਇਆ ਕਰਦੀ ਹੈ ਕਿਉਂਕਿ ਮਨ ਵਿਚ ਸਤੁੰਸ਼ਟਤਾ ਨਹੀਂ ਹੁੰਦੀ। ਅੱਖਾਂ, ਕੰਨਾਂ, ਹੱਥਾਂ, ਪੈਰਾਂ ਨੂੰ ਸੰਤੋਖ ਵਿਚ ਰੱਖਣਾ ਉਤਮ ਸੰਤੋਖ ਹੈ।

**(ੲ) ਆਸਤਿਕ ਭਾਵ** - ਗੁਰਵਾਕਾਂ ਤੇ, ਗੁਰਬਾਣੀ ਤੇ ਪੂਰਨ ਵਿਸ਼ਵਾਸ਼ ਲਿਆ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਉਸਦੇ ਮੁਤਾਬਿਕ ਆਪਣਾ ਜੀਵਨ ਬਿਤਾਉਣਾ, ਇਹ ਤੀਸਰਾ ਨੇਮ ਆਸਤਿਕ ਕਹਾਉਂਦਾ ਹੈ।

**(ਸ) ਦਾਨ** - ਦਾਨ ਤਿੰਨ ਕਿਸਮ ਦਾ ਹੈ ਅਤੇ ਇਸਦਾ ਫਲ ਵੀ ਘਟ-ਵਧ ਅਵਸਥਾ ਭੇਦ ਨਾਲ ਹੋ ਜਾਇਆ ਕਰਦਾ ਹੈ।

* **ਤਾਮਸੀ ਦਾਨ** - ਦਾਨ ਦੇਣ ਦੀ ਆਪਣੇ ਵਿਚ ਸਮਰੱਥਾ ਤਾਂ ਹੈ ਨਹੀਂ, ਪਰ ਦੂਸਰਿਆਂ ਨੇ ਕਹਿ ਕਹਾ ਕੇ ਵਿੱਤ ਤੋਂ ਵੱਧ ਦਾਨ ਕਰਾ ਦਿਤਾ, ਜਿਸ ਨਾਲ ਮਨ ਖੁਸ਼ ਹੋਣ ਦੀ ਥਾਂ ਅਫਸੋਸ ਵਿਚ ਚਲਾ ਗਿਆ। ਅਜਿਹੇ ਦਾਨ ਨੂੰ ਤਾਮਸੀ ਦਾਨ ਕਿਹਾ ਜਾਂਦਾ ਹੈ ਅਤੇ ਇਸਦਾ ਫਲ ਪੁੰਨ ਦੀ ਥਾਂ ਪਾਪ ਹੋਇਆ ਕਰਦਾ ਹੈ। ਦਾਨ ਲੈਣ ਵਾਲਿਆਂ ਅਤੇ ਦੇਣ ਵਾਲਿਆਂ ਉਪਰ ਇਸ ਦਾ ਕੁ-ਪ੍ਰਭਾਵ ਪੈਂਦਾ ਹੈ।

* **ਰਾਜਸੀ ਦਾਨ** - ਆਪਣੀ ਮਾਇਆ ਦਾ ਅਭਿਮਾਨ ਕਰਨਾ। ਦੂਸਰਿਆਂ ਨੂੰ ਇਹ ਦੱਸਣ ਵਾਸਤੇ ਕਿ ਮੈਂ ਬਹੁਤ ਵੱਡਾ ਦਾਨੀ ਹਾਂ ਅਤੇ ਆਪਣੇ ਦਿਤੇ ਹੋਏ ਦਾਨ ਦਾ ਜਸ ਕਰਾਉਣ ਦੀ ਭਾਵਨਾ ਨਾਲ ਦਾਨ ਦੇਣਾ, ਪੱਥਰ ਲਵਾਉਣਾ, ਅਖਬਾਰਾਂ ਵਿਚ advertisement ਦੇਣੀਆਂ ਅਤੇ ਆਪਣੇ ਆਪ ਨੂੰ ਮਸ਼ਹੂਰ ਕਰਕੇ ਜਸ ਲੈਣ ਦੀ ਭਾਵਨਾ ਰੱਖਣੀ, ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਸਦਾ ਫਲ, ਜੋ ਪ੍ਰਸੰਸਾ ਮਿਲ ਗਈ, ਉਤਨਾ ਹੀ ਹੋਇਆ ਕਰਦਾ ਹੈ ਪਰ ਅਸਲੀਅਤ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਫੁਰਮਾਨ ਹੈ -

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ***
***ਕੁੰਚਰ ਇਸਨਾਨੁ॥ ਅੰਗ - ੧੪੨੮***

* **ਸਾਂਤਕੀ ਦਾਨ** - ਸਾਂਤਕੀ ਦਾਨ ਉਸਨੂੰ ਕਹਿੰਦੇ ਹਨ ਕਿ ਵਾਹਿਗੁਰੂ ਵਲੋਂ ਦਿਤੀਆਂ ਦਾਤਾਂ ਉਸਦੀ ਮਿਹਰ ਦੇ ਸਦਕੇ ਆਪਣੇ ਆਪ ਨੂੰ ਬਖਸ਼ੀਆਂ ਜਾਨਣਾ ਅਤੇ ਭਾਵਨਾ ਸਹਿਤ ਹੋ ਕੇ ਨਿਮਰਤਾ ਨਾਲ ਵਾਹਿਗੁਰੂ ਦਾ ਦਿਤਾ ਹੀ ਉਸਨੂੰ ਸੌਂਪਣਾ, ਇਹ ਸਾਂਤਕੀ ਦਾਨ ਹੋਇਆ ਕਰਦਾ ਹੈ। ਇਸ ਵਿਚ ਦਾਤੇ ਨੂੰ ਬਹੁਤ ਖੁਸ਼ੀ ਵੀ ਮਿਲਦੀ ਹੈ, ਪ੍ਰਸੰਨਤਾ ਹੁੰਦੀ ਹੈ, ਵਿਘਨਾਂ ਦਾ ਨਾਸ਼ ਵੀ ਹੁੰਦਾ ਹੈ, ਕਾਰੋਬਾਰ ਵਿਚ ਤਰੱਕੀ ਵੀ ਹੁੰਦੀ ਹੈ। ਨਿਸ਼ਕਾਮ ਕੀਤਾ ਸਾਂਤਕੀ ਦਾਨ, ਜਨਮਾਂ-ਜਨਮਾਂਤਰਾਂ ਦੀ ਅੰਤਸ਼ਕਰਣ ਵਿਚ ਪਈ ਮੈਲ ਨੂੰ ਕੱਟਦਾ ਹੈ।

**(ਹ) ਪੂਜਾ** - ਅੰਤਰ ਆਤਮੇ ***'ਗੁਰ ਕੀ ਮੂਰਤਿ ਮਨ ਮਹਿ ਧਿਆਨੁ'*** ਜਾਂ ਨਾਮ ਧੁਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਜੋਤੀ ਦਾ ਧਿਆਨ ਪੂਰੀ ਵਿਧੀ ਤੇ ਸ਼ਰਧਾ ਨਾਲ ਕਰਨਾ। ਅੰਤਰੰਗ ਸ਼ਰਧਾ, ਇਸਦਾ ਫਲ ਵਿਖਸ਼ੇਪ ਦੁੱਖ ਦੂਰ ਹੋ ਕੇ ਇਕਾਗਰ ਚਿਤ ਦੀ ਪ੍ਰਾਪਤੀ ਹੋਣੀ, ਇਸ ਅਨੁਸਾਰ ਕੀਤਾ ਪਠਨ-ਪਾਠ, ਮੰਤਰ-ਸਿਮਰਨ ਦਾ ਫਲ ਬਹੁਤ ਹੀ ਅਧਿਕ ਹੋਇਆ ਕਰਦਾ ਹੈ।

**(ਕ) ਪਾਠ** – ਨਿਤਨੇਮ ਕਰਨਾ, ਗੁਰੂ ਸਿਧਾਂਤ ਨੂੰ ਸ੍ਰਵਣ ਕਰਨਾ ਅਤੇ ਮਨ ਵਿਚ ਧਾਰਨ ਕਰਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਆਪਣੇ ਜੀਵਨ ਨੂੰ ਗੁਰੂ ਦੀ ਦੱਸੀ ਸੇਧ ਵਿਚ ਤੋਰਨਾ – ਪਾਠ ਕਹਾਉਂਦਾ ਹੈ।

**(ਖ) ਦੰਭ ਬਿਨਾਂ** – ਜੀਵਨ ਨੂੰ ਬਗੈਰ ਕਿਸੇ ਕਪਟ ਤੋਂ, ਛਲ ਤੋਂ ਸੁਥਰਾ ਰੱਖਣਾ, ਸਰਲ ਜੀਵਨ ਨੂੰ ਅਪਨਾਉਣਾ – ਇਹ ਸੱਤਵਾਂ ਨੇਮ ਹੈ।

**(ਗ) ਸਾਂਤਕੀ ਬਿਰਤੀ** – ਮਨ ਵਿਚ ਪੂਰੀ ਤਰ੍ਹਾਂ ਦੇ ਨਾਲ ਇਹ ਧਾਰਨ ਕਰਨਾ ਕਿ –

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥ ਅੰਗ – ੧੩੬੪***

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਅੰਗ – ੭੨੮***

ਅਭਿਮਾਨ ਤੋਂ ਆਪਣੇ ਆਪ ਨੂੰ ਸਾਫ-ਸੁਥਰਾ ਰੱਖਣਾ, ਅਤੇ ਵਿਅਰਥ ਚਿਤਵਨੀਆਂ ਵਿਚ, day dreams (ਜਾਗ੍ਰਤ ਸੁਪਨੇ) ਤੋਂ ਆਪਣੇ ਆਪ ਨੂੰ ਅਛੋਹ ਰੱਖਣਾ, ਮਿੱਠਾ ਬੋਲਣਾ, ਸਰਬੱਤ ਦਾ ਭਲਾ ਮਨ ਵਿਚ ਰੱਖਣਾ। ਦੁਖੀ, ਗਰੀਬ ਉਤੇ ਦਇਆ ਦੀ ਭਾਵਨਾ ਰੱਖਣੀ ਅਤੇ ਕੌੜੇ, ਫਿੱਕੇ ਬੋਲ ਸਹਾਰਨੇ, ਆਪਣੀ ਨਿੰਦਾ ਸੁਣ ਕੇ ਦੁਖੀ ਨਾ ਹੋਣਾ। ਇਹ ਸਾਂਤਕੀ ਬਿਰਤੀ ਹੋਇਆ ਕਰਦੀ ਹੈ।

**(ਘ) ਅਬੋਲ** – ਗੁਰਬਾਣੀ ਦਾ ਪਾਠ ਕਰਨ ਸਮੇਂ ਕਿਸੇ ਹੋਰ ਵਾਕ ਵਲੋਂ ਮੋਨ ਰੱਖਣਾ ਅਤੇ ਬਾਣੀ ਪੜ੍ਹਦੇ ਹੋਛੀਆਂ ਗੱਲਾਂ ਨਾ ਕਰਨੀਆਂ, ਸਿਮਰਨ ਕਰਨ ਵੇਲੇ ਮਨ ਵਿਚ ਕੋਈ ਫੁਰਨਾ ਨਾ ਆਉਣ ਦੇਣਾ – ਇਸਨੂੰ ਅਬੋਲ ਕਹਿੰਦੇ ਹਨ।

**(ਙ) ਹੋਮ** –ਭੁੱਖੇ ਨੂੰ ਅੰਨ, ਜਲ, ਦੁੱਧ ਦੇਣਾ; ਅੰਨ ਵਸਤਰ ਅਜਿਹੀ ਥਾਂ ਤੇ ਭੇਟਾ ਕਰਨੇ ਜਿਥੋਂ ਭੁੱਖਿਆਂ ਨੂੰ ਪ੍ਰਸ਼ਾਦਾ, ਨੰਗਿਆਂ ਨੂੰ ਬਸਤਰ, ਦਵਾ-ਦਾਰੂ ਅਤੇ ਹੋਰ ਮਦਦ ਕੀਤੀ ਜਾਂਦੀ ਹੋਵੇ, ਉਸ ਥਾਂ ਇਨ੍ਹਾਂ ਚੀਜ਼ਾਂ ਨੂੰ ਨਿਮਰਤਾ ਸਹਿਤ ਦੇਣਾ। ਇਹ ਬ੍ਰਹਮ ਹੋਮ ਕਹਾਉਂਦਾ ਹੈ।

**(iii) ਸ਼ਰਧਾ** – ਗੁਰੂ ਵਾਕ, ਸੰਤ ਬਚਨ ਉਤੇ ਪੂਰਨ ਸ਼ਰਧਾ ਰੱਖ ਕੇ ਮੰਨਨ ਕਰਨਾ ਅਤੇ ਸ਼ਰਧਾ ਦੇ ਨਾਲ ਗੁਰੂ ਨੂੰ ਪ੍ਰਮੇਸ਼ਰ ਦਾ ਪੂਰਨ ਰੂਪ ਜਾਨਣਾ, ਉਨ੍ਹਾਂ ਦੇ ਬਚਨ ਵਿਚ ਸਤਿ ਪ੍ਰਤੀਤ ਰੱਖਣਾ – ਸ਼ਰਧਾ ਕਹਾਉਂਦੀ ਹੈ। ਸ਼ਰਧਾ, ਭਰੋਸਾ, ਪ੍ਰਤੀਤ ਇਕੋ ਚੀਜ਼ ਦੇ ਵੱਖ-ਵੱਖ ਨਾਮ ਹਨ। ਜਦੋਂ ਤਕ ਪ੍ਰਤੀਤ ਹਿਰਦੇ ਵਿਚ ਧਾਰਨ ਨਹੀਂ ਕਰਦੇ, ਉਨੀਂ ਦੇਰ ਤੱਕ ਬ੍ਰਹਮ ਵਾਕ, ਮਹਾਂਵਾਕ ਹਿਰਦੇ ਵਿਚ ਕੋਈ ਅਸਰ ਨਹੀਂ ਕਰਿਆ ਕਰਦੇ। ਜਿਵੇਂ ਕਿ ਫੁਰਮਾਨ ਹੈ –

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***
***ਅੰਗ – ੨੮੩***

**(iv) ਸਮਾਧਾਨ** – ਸਾਵਧਾਨ ਹੋ ਕੇ ਸਮ, ਦਮ ਅਤੇ ਹੋਰ ਦੱਸੇ ਹੋਏ ਸਾਧਨਾਂ ਦੀ ਕਮਾਈ ਕਰਨੀ। ਗੁਰੂ ਦੇ ਉਪਦੇਸ਼ ਨੂੰ ਸੁਣਨਾ, ਸੁਣਨ ਸਮੇਂ ਨੀਂਦ ਅਤੇ ਆਲਸ ਦੀ ਲੈਅਤਾ ਬਿਰਤੀ, ਪੁਰਾਣੀਆਂ ਗੱਲਾਂ ਦੀ ਯਾਦ ਅਰਥਾਤ ਸਿਮ੍ਰਿਤੀ ਬਿਰਤੀ, ਗੁਰੂ ਸਿਧਾਂਤ ਰੂਪੀ ਗੁਰ ਪ੍ਰਮਾਣਾਂ ਨੂੰ ਨਾ ਸਮਝਣ ਦੀ ਮੂੜ੍ਹਤਾ ਬਿਰਤੀ ਅਤੇ ਚਿਤ ਦੀ ਚੰਚਲਤਾ ਤੋਂ ਰਹਿਤ ਹੋ ਕੇ ਗੁਰ ਉਪਦੇਸ਼ ਨੂੰ ਸੁਣਨਾ ਅਤੇ ਕਮਾਉਣਾ- ਸਮਾਧਾਨਤਾ ਕਹਾਉਂਦੀ ਹੈ।

**(v) ਉਪਰਾਮ** – ਵਿਵਹਾਰੀ ਵਿਸ਼ਿਆਂ ਭਰੇ ਵਿਚਾਰ, ਭੇਦਵਾਦੀ ਬਚਨ, ਬੇ-ਮਤਲਬਾ ਬਕਵਾਸ ਸੁਣਨ ਤੋਂ ਆਪਣੇ ਆਪ ਨੂੰ ਦੂਰ ਰੱਖਣਾ। ਗ੍ਰਿਹਸਤ ਦੀਆਂ ਉਲਝਣਾਂ ਵਿਚ ਮਨ ਨੂੰ ਨਾ ਫਸਾਉਣਾ ਅਤੇ ਅਗਿਆਨੀ, ਭਰਮ ਵਿਚ ਡੁੱਬੇ ਹੋਏ ਮਨੋਂ ਅੰਧੇ-ਕੂਪ ਪ੍ਰਾਣੀਆਂ ਦੇ ਸੰਗ ਤੋਂ ਆਪਣੇ ਆਪ ਨੂੰ ਦੂਰ ਰੱਖਣਾ – ਉਪਰਾਮ ਕਹਾਉਂਦਾ ਹੈ। ਇਸ ਸਾਰੇ ਉਪਰ ਕਥੇ ਬਚਨਾਂ ਨੂੰ 'ਖਟ-ਸਮਤੀ' ਦਾ ਨਾਮ ਮਹਾਂਪੁਰਸ਼ ਦਿੰਦੇ ਹਨ। ਬਾਣੀ ਦਾ ਫੁਰਮਾਨ ਹੈ –

***ਵਿਣੁ ਗੁਣ ਕੀਤੇ ਭਗਤਿ ਨ ਹੋਇ॥***
***ਅੰਗ – ੪***

**(vi) ਤਿਤੀਕਸ਼ਾ** – ਦੁੱਖ-ਸੁੱਖ, ਮਾਨ-ਅਪਮਾਨ, ਭੁੱਖ-ਤ੍ਰਿਖਾ ਦੇ ਪ੍ਰਭਾਵਾਂ ਨੂੰ, ਹਠ ਕਰਕੇ ਸਹਿਨ ਕਰਨਾ ਤਿਤੀਕਸ਼ਾ ਕਹਾਉਂਦੀ ਹੈ।

**4. ਮੋਖਸ਼ ਇੱਛਾ** – ਸੰਸਾਰ ਨੂੰ ਨਾਸ਼ਵਾਨ ਅਤੇ ਛਿੰਨ-ਭੰਗਰ ਜਾਣ ਕੇ, ਦੁੱਖਾਂ ਦਾ ਭਰਿਆ ਜਾਣ ਕੇ ਇਸਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਨਾਮ ਮੋਖਸ਼ ਇੱਛਾ ਹੈ। ਇਸ ਇੱਛਾ ਦੇ ਅਧੀਨ ਸਮਰੱਥ ਗੁਰੂ ਦੀ ਸ਼ਰਨ ਵਿਚ ਜਾਣਾ, ਸਤਿਸੰਗ ਕਰਨਾ, ਸ਼ੁਭ ਕਰਮ ਕਰਨੇ ਅਤੇ ਗੁਰੂ ਤੋਂ ਪ੍ਰਾਪਤ ਹੋਏ ਉਪਦੇਸ਼ਾਂ ਨੂੰ ਕਮਾਉਣ ਦੀ ਪੂਰੀ ਲਾਲਸਾ ਮਨ ਵਿਚ ਰੱਖਣੀ, ਮੋਖਸ਼ ਇੱਛਾ ਕਹਾਉਂਦੀ ਹੈ।

ਜਦੋਂ ਇਹ ਚਾਰ ਸਾਧਨ ਪਰਪੱਕ ਹੋ ਜਾਣ ਤਾਂ ਜਗਿਆਸੂ ਗਿਆਨ ਦਾ ਅਧਿਕਾਰੀ ਗਿਣਿਆ ਜਾਂਦਾ ਹੈ। ਗਿਆਨ ਦੀ ਪਰਪੱਕਤਾ ਵਾਸਤੇ ਤਿੰਨ ਸਾਧਨਾਂ ਦੀ ਬਹੁਤ ਹੀ ਜ਼ਰੂਰੀ ਲੋੜ ਹੈ, ਜਿਨ੍ਹਾਂ ਵਿਚੋਂ ਸ੍ਰਵਣ, ਮੰਨਣ, ਨਿਧਿਆਸਣ ਬਾਰੇ ਗੁਰਬਾਣੀ ਵਿਚ ਬਾਰ-ਬਾਰ ਆਦੇਸ਼ ਦਿਤੇ ਹੋਏ ਮਿਲਦੇ ਹਨ। ਸ੍ਰਵਣ ਦੀ ਅਤੇ ਮੰਨਣ ਦੀ ਮਹੱਤਤਾ 'ਜਪੁਜੀ ਸਾਹਿਬ' ਵਿਚ ਚਾਰ-ਚਾਰ ਪੌੜੀਆਂ ਰਾਹੀਂ ਬਹੁਤ ਹੀ ਵਿਸਥਾਰ ਪੂਰਵਕ ਕਰਕੇ, ਏਸ ਜੀਵ ਨੂੰ ਦੱਸੀ ਗਈ ਹੈ। ਨਿਧਿਆਸਣ ਕਰਨ ਵਾਸਤੇ ਗੁਰਬਾਣੀ ਵਿਚ ਬਾਰ-ਬਾਰ ਪ੍ਰੇਰਨਾ ਆਉਂਦੀ ਹੈ, ਜਿਸ ਤਰ੍ਹਾਂ ਕਿ –

***ਸਾਸਿ ਸਾਸਿ ਸਿਮਰਹੁ ਗੋਬਿੰਦ॥***
***ਮਨ ਅੰਤਰ ਕੀ ਉਤਰੈ ਚਿੰਦ॥***
***ਅੰਗ – ੨੯੫***
***ਬਾਰੰ ਬਾਰ ਬਾਰ ਪ੍ਰਭੁ ਜਪੀਐ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥***
***ਅੰਗ – ੨੮੬***

ਅਨੇਕਾਂ ਗੁਰਵਾਕ ਨਿਧਿਆਸਣ ਦਾ ਅਭਿਆਸ ਕਰਨ ਦੀ ਪ੍ਰੇਰਨਾ ਕਰਦੇ ਹਨ। ਬ੍ਰਹਮਗਿਆਨੀ ਮਹਾਤਮਾ ਦੇ ਬਚਨਾਂ ਨੂੰ ਪੂਰਨ ਸ਼ਰਧਾ, ਵਿਚਾਰ ਦੇ ਪ੍ਰਕਾਸ਼ ਵਿਚ, ਹਿਰਦੇ ਦੇ ਪ੍ਰੇਮ ਨਾਲ, ਚਿਤ ਦੀ ਇਕਾਗਰਤਾ ਧਾਰਨ ਕਰਕੇ, ਆਸਤਿਕ ਬੁੱਧੀ ਧਾਰਨ ਕਰਕੇ, ਦ੍ਰਿੜ੍ਹਤਾ ਸਹਿਤ ਸੁਣਨਾ, ਅਰ ਸੁਣਕੇ ਹਿਰਦੇ ਵਿਚ ਉਨ੍ਹਾਂ ਬਚਨਾਂ ਦਾ ਬਾਰੰਬਾਰ ਸਿਮਰਨ ਕਰਨਾ, ਵਿਚਾਰ ਕਰਨਾ ਅਤੇ ਉਨ੍ਹਾਂ ਬਚਨਾਂ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨਾ ਬਹੁਤ ਹੀ ਜ਼ਰੂਰੀ ਹੈ। ਗਾਵਿਆ ਤੇ ਸੁਣਿਆ ਤਾਂ ਹੀ ਥਾਂ ਪੈਂਦਾ ਹੈ। ਗੁਰੂ ਆਗਿਆ ਨੂੰ ਸਤਿ-ਸਤਿ ਕਰਕੇ ਮੰਨਣਾ ਅਤੇ ਉਸਦੇ ਮੁਤਾਬਿਕ ਆਪਣੀ ਜੀਵਨ ਚਾਲ ਨੂੰ ਤੋਰਨਾ ਜ਼ਰੂਰੀ ਹੈ; ਫੁਰਮਾਨ ਹੈ –

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ***
***ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ***
***ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ॥***
***ਅੰਗ – ੬੬੯***

ਸ੍ਰਵਣ, ਮੰਨਣ ਕਰਕੇ ਜੋ ਗੁਰਬਾਣੀ ਦਾ ਸਿਧਾਂਤ **'ਏਕੰਕਾਰ'** ਅਰਥਾਤ ***'ਏਕੋ ਬ੍ਰਹਮ ਦੁਤੀਆ ਨਾਸਤੀ'*** ਜਾਂ ***'ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਾਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥'*** ਦੇ ਨਾਲ ਬਿਰਤੀ ਨੂੰ ਐਸਾ ਲੀਨ ਕਰਨਾ ਜਿਵੇਂ ਪਤਾਸੇ ਪਾਣੀ ਵਿਚ ਘੁਲ-ਮਿਲ ਜਾਂਦੇ ਹਨ ਜਾਂ ਨਮਕ ਪਾਣੀ ਵਿਚ ਪਾਇਆਂ, ਵਿਚ ਹੀ ਰਲ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ***'ਏਕੋ ਬ੍ਰਹਮ ਦੁਤੀਆ ਨਾਸਤੀ'*** ਦੀ ਬਿਰਤੀ ਨੂੰ ਅਦ੍ਵੈਤ ਵਸਤੂ ਪ੍ਰਮਾਤਮਾ ਵਿਚ ਲੀਨ ਕਰਨ ਨਾਲ ਨਿਧਿਆਸਣ ਪਰਪੱਕ ਹੋ ਜਾਇਆ ਕਰਦਾ ਹੈ। ਜਦੋਂ ਨਿਧਿਆਸਣ ਪਰਪੱਕ ਹੋ ਜਾਵੇ ਤਾਂ ਸਤਿ ਸਰੂਪ ਪ੍ਰਮ-ਆਤਮਾ ਦਾ ਇਸ ਹਿਰਦੇ ਵਿਚ ਸ਼ਾਖਸ਼ਾਤਕਾਰ ਹੋ ਕੇ ਦਿਬ ਦ੍ਰਿਸ਼ਟੀ ਖੁੱਲ੍ਹ ਜਾਇਆ ਕਰਦੀ ਹੈ ਅਤੇ 'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ' ਦਾ ਪ੍ਰਤੱਖ ਨਜ਼ਾਰਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਅੰਦਰ ਬਾਹਰ ਹਰ ਥਾਂ ਉਪਰ ਇਕੋ ਹੀ ਪ੍ਰਮੇਸ਼ਵਰ ਪੂਰਨ ਰੂਪ ਵਿਚ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਜਿਵੇਂ ਕਿ ਗੁਰੂਵਾਕ ਅਨੁਸਾਰ –

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***

*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*
*ਅੰਗ - ੨੯੩-੯੪*

ਆਪਣਾ ਆਪਾ, ਆਪਣੀ 'ਮੈਂ' ਦਾ ਪੂਰੀ ਤਰ੍ਹਾਂ ਨਾਲ ਅਭਾਵ ਹੋ ਜਾਇਆ ਕਰਦਾ ਹੈ। ਆਪਣੇ ਵਿਚ ਅਤੇ ਸਾਰੇ ਸੰਸਾਰ ਵਿਚ ਇਕੋ ਹੀ ਅਦ੍ਵੈਤ ਵਸਤੂ ਰਹਿ ਜਾਂਦੀ ਹੈ। ***'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥'*** ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਇਹ ਪਰਮ ਨਿਸ਼ਚਾ ਸਮਰੱਥ ਗੁਰੂ ਦੀ ਕ੍ਰਿਪਾ ਤੋਂ ਬਗੈਰ ਜਾਂ ਪੂਰਨ ਤੱਤ ਬੇਤੇ ਬ੍ਰਹਮਗਿਆਨੀ, ਸੰਤ ਦੀ ਕ੍ਰਿਪਾ ਤੋਂ ਬਗੈਰ ਨਾ ਹੀ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਵਾਕਾਂ ਦੇ ਉਪਰ ਸ਼ਰਧਾ ਉਤਪੰਨ ਹੁੰਦੀ ਹੈ। ਇਸ ਪੂਰਨ ਗਿਆਨ ਦੇ ਉਦੈ ਹੋਣ ਨਾਲ ਤਿੰਨ ਚੀਜ਼ਾਂ ਅਸਾਡੇ ਸਾਹਮਣੇ ਆਇਆ ਕਰਦੀਆਂ ਹਨ।

(i) **ਮਨੋਨਾਸ਼** - ਇਕ ਤਾਂ ਮਨ ਦਾ ਨਾਸ਼ ਹੋ ਕੇ ਅ-ਮਨ ਹੋ ਜਾਇਆ ਕਰਦਾ ਹੈ। ਮਨ ਦੀਆਂ ਪੰਜ ਪ੍ਰਕਾਰ ਦੀਆਂ ਬਿਰਤੀਆਂ - ਪ੍ਰਮਾਣ, ਵਿਕਲਪ, ਸਿਮ੍ਰਿਤੀ, ਅਭਾਵ ਅਤੇ ਉਦਾਸੀਨਤਾ ਖਤਮ ਹੋ ਜਾਇਆ ਕਰਦੀਆਂ ਹਨ। ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ ਖਤਮ ਹੋ ਜਾਇਆ ਕਰਦੇ ਹਨ। ਇਸ ਤਰ੍ਹਾਂ ਮਨ ਦਾ ਨਾਸ਼ ਹੋ ਕੇ ਸ਼੍ਰੇਸ਼ਟ ਬੁੱਧੀ ਜਿਸਨੂੰ ਸਿੱਧ ਅਤੇ ਸੁੱਧ ਆਖਦੇ ਹਨ, ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਜੀਵ ਦਾ ਸਾਰਾ ਕਾਰ-ਵਿਹਾਰ ਹੁਕਮ ਅੰਦਰ ਚਲਦਾ ਪ੍ਰਤੱਖ ਭਾਸਦਾ ਹੈ, ਪਰ ਇਸ ਵਿਚ ਜੀਵ ਦਾ ਅਹੰਭਾਵ ਲੇਸ਼ ਮਾਤਰ ਵੀ ਨਹੀਂ ਹੁੰਦਾ।

(ii) **ਤੱਤ ਗਿਆਨ** - ਆਪਣੇ ਸਰੂਪ ਦਾਂ ਅਸਲੀ ਰੂਪ ਵਿਚ ਗਿਆਨ ਹੋ ਜਾਣਾ ਤੱਤ ਗਿਆਨ ਹੋਇਆ ਕਰਦਾ ਹੈ। ਲੇਸ਼ ਮਾਤਰ ਵੀ ਕੋਈ ਭਰਮ ਨਹੀਂ ਰਹਿੰਦਾ ਅਤੇ ਅਵਸਥਾ ਗੁਰੂਵਾਕ ਅਨੁਸਾਰ ਪ੍ਰਾਪਤ ਹੋ ਜਾਂਦੀ ਹੈ-

*ਏ ਨੇਤ੍ਰਹੁ ਮੇਰਿਹੋ ਹਰਿ*
*ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ*
*ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ*
*ਦਿਬ ਦ੍ਰਿਸਟਿ ਹੋਈ॥ ਅੰਗ - ੯੨੨*

ਸੋ ਦਿਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਕੇ ਦਿਬ ਇੰਦ੍ਰੇ, ਦਿਬ ਹੋਂਦ ਨੂੰ ਪ੍ਰਤੱਖ ਅਨੁਭਵ ਕਰਦੇ ਹਨ।

(iii) **ਵਾਸ਼ਨਾ ਖੈ** - ਮਨ ਦੇ ਵਿਚੋਂ ਲੋਕ ਵਾਸ਼ਨਾ, ਪੁੱਤਰ ਵਾਸ਼ਨਾ, ਸ਼ਾਸ਼ਤਰ ਵਾਸ਼ਨਾ, ਦੇਹ ਵਾਸ਼ਨਾ, ਅਲੋਪ ਹੋ ਕੇ ਮਨ ਸ਼ੁਧ ਹੋ ਜਾਇਆ ਕਰਦਾ ਹੈ। ਸੰਸਾਰ ਵਿਚ ਜੀਵਨ ਬਤੀਤ ਕਰਦਿਆਂ ਇਹ ਖਿਆਲ ਕਦੇ ਵੀ ਨਹੀਂ ਆਉਂਦਾ ਕਿ ਲੋਕ ਮੇਰੀ ਉਸਤਤ ਕਰਨ ਅਤੇ ਮੈਨੂੰ ਭਲਾ-ਭਲਾ ਕਹਿਣ। ਇਹ ਲੋਕ ਵਾਸ਼ਨਾ ਧਾਰਨੀ, ਪੂਰਨ ਮੂਰਖਤਾ ਹੈ ਕਿਉਂਕਿ ਕਦੇ ਵੀ ਕਿਸੇ ਪ੍ਰਾਣੀ ਨੂੰ ਸਾਰੇ ਭਲਾ ਨਹੀਂ ਕਿਹਾ ਕਰਦੇ। ਸੋ ਇਹ ਸਾਰੀਆਂ ਵਾਸ਼ਨਾਵਾਂ ਨਾਸ਼ ਹੋ ਕੇ ਗਿਆਨ ਦੀ ਪੂਰੀ ਤਰ੍ਹਾਂ ਰਾਖੀ ਕਰਦੀਆਂ ਹਨ। ਸੋ ਗਿਆਨ ਦੀ ਰੱਖਿਆ ਵਾਸਤੇ ਉਪਰ ਕਥੇ ਸਾਧਨਾਂ ਰਾਹੀਂ ਗਿਆਨ, ਆਪਣਾ ਆਤਮਾ ਹੋ ਜਾਂਦਾ ਹੈ, ਤਦੋਂ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਹੋ ਕੇ ਆਪ ਹੀ ਆਪਣੇ ਵਿਚ ਮਗਨ ਹੋ ਜਾਂਦਾ ਹੈ। ਕਰਮ, ਉਪਾਸ਼ਨਾ, ਗਿਆਨ ਨੂੰ ਲੰਘ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਕੇ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਜੀਵਨ ਨਿਰਭੈ, ਨਿਸ਼ਕਾਮ ਅਤੇ ਰਾਗ ਤੋਂ ਰਹਿਤ ਹੋ ਕੇ ਪ੍ਰਮ ਅਨੰਦ ਵਿਚ ਸਦਾ ਹੀ ਲੀਨ ਰਹਿੰਦਾ ਹੈ। ਐਸੇ ਗਿਆਨਵਾਨ ਪੁਰਸ਼ਾਂ ਦੀ ਸੰਗਤ ਅਤਿਅੰਤ ਉਚੇ ਭਾਗ ਜਾਗਣ, ਤਾਂ ਹੋਇਆ ਕਰਦੀ ਹੈ।

# ਧਰਮ ਕੀ ਪਉੜੀ

ਸਤਿਜੁਗ, ਤ੍ਰੇਤਾ ਅਤੇ ਦੁਆਪਰ ਜੁਗ ਬੀਤਣ ਤੋਂ ਬਾਅਦ ਕਲਿਜੁਗ ਦੇ ਪ੍ਰਭਾਵ ਹੇਠ ਆਇਆ ਜਗਿਆਸੂ ਡਾਵਾਂ-ਡੋਲ ਹੋ ਗਿਆ। ਸਤਿਜੁਗ ਦਾ ਸਾਧਨ ਸਤਿ, ਤ੍ਰੇਤੇ ਦਾ ਸਾਧਨ ਯੱਗ, ਦੁਆਪਰ ਦੇ ਸਾਧਨ ਪੂਜਾ ਸਨ ਪਰ ਕਲਿਜੁਗ ਦੇ ਸਮੇਂ ਅੰਦਰ ਇਹ ਆਪਣਾ ਫਲ ਦੇਣ ਤੋਂ ਅਸਮਰਥ ਹੋ ਗਏ। ਪਾਪ ਦਾ ਪਸਾਰਾ ਹੋ ਗਿਆ। ਨ ਰਾਜੇ ਵਿਚ ਧਰਮ ਰਿਹਾ ਤੇ ਪਰਜਾ ਗਿਆਨ ਦੇ ਨੇਤ੍ਰ ਗੁਆ ਕੇ ਅੰਨ੍ਹੀ ਹੋ ਗਈ। ਰਾਜਿਆਂ ਨੇ ਪਰਜਾ ਨੂੰ ਪਾਲਣ ਦਾ ਧਰਮ ਛੱਡ ਕੇ ਕਸਾਈ ਦਾ ਰੂਪ ਧਾਰਣ ਕਰ ਲਿਆ। ਪਾਖੰਡ ਆਦਿ ਅਨੇਕ ਕਿਸਮ ਦੇ ਅੰਧ-ਕਰਮ ਪ੍ਰਚਲਤ ਹੋਣ ਕਰਕੇ ਕਲਿਜੁਗ ਦੇ ਜੀਵ ਡਾਵਾਂ-ਡੋਲ ਹੋ ਗਏ ਅਤੇ ਆਪਣੇ ਉਧਾਰ ਦਾ ਕੋਈ ਸਾਧਨ ਨਾ ਦੇਖ ਕੇ ਅੰਧਕਾਰ ਵਿਚ ਗੁਆਚ ਗਏ। ਸੱਚ ਦਾ ਕਾਲ ਪੈ ਗਿਆ। ਜਨਤਾ ਦੇ ਸਰਬੱਤ ਅੰਗਾਂ ਵਿਚ ਕੂੜ ਦਾ ਪਸਾਰਾ ਹੋ ਗਿਆ। ਮਨੁਖ ਨੂੰ ਕੋਈ ਰਾਹ ਸੁੱਝ ਨਹੀਂ ਸੀ ਰਿਹਾ ਕਿ ਸੰਸਾਰ ਸਮੁੰਦਰ ਤੋਂ ਕਿਹੜੇ ਸਾਧਨ ਨਾਲ ਪਾਰ ਜਾਇਆ ਜਾ ਸਕੇ। ਅਨੇਕ ਕਿਸਮ ਦੇ ਨਾਸਤਕ ਮਤਿ ਪ੍ਰਧਾਨ ਹੋ ਗਏ ਅਰ ਧਰਮ ਗ੍ਰੰਥਾਂ ਦੇ ਸੁਚੇ ਅਰਥ ਮਨਮਤਿ ਦੇ ਸਿਧਾਂਤਾਂ ਵਿਚ ਗੁਆਚ ਗਏ।

ਐਸੇ ਸਮੇਂ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁਖ ਦਾ ਬੁੱਤ ਪੂਜਾ ਵੱਲ ਰੁਝਾਨ ਅਤੇ ਸਤਿ ਵਿਸ਼ਵਾਸ਼ ਦੀ ਅਣਹੋਂਦ ਆਦਿ ਤਰਸਯੋਗ ਸਥਿਤੀ ਨੂੰ ਦੇਖਦਿਆਂ ਸੰਸਾਰ ਨੂੰ ਸੋਧ ਦਿਤੀ ਕਿ ਹੁਣ ਕਲਿਜੁਗ ਦਾ ਸਮਾਂ ਆ ਗਿਆ ਹੈ, ਇਸ ਵਿਚ ਕੇਵਲ ਹਿਰਦੇ ਵਿਚ ਬੀਜਿਆ ਹੋਇਆ ਪਰਮੇਸ਼ਰ ਦਾ ਨਾਮ ਹੀ ਫਲੀਭੂਤ ਹੁੰਦਾ ਹੈ ਪਰ ਅੰਤਸ਼ਕਰਣ ਵਿਚ ਪਏ ਹੋਏ ਪਹਿਲਾਂ ਦੇ ਅੰਧ ਸੰਸਕਾਰ ਪ੍ਰਭੂ ਨਾਮ ਦੇ ਸਿਮਰਨ ਵਿਚ ਵਿਘਨਕਾਰੀ ਹੋ ਕੇ ਰਾਹ ਰੋਕ ਰਹੇ ਸਨ। ਰਾਮ-ਰਾਮ, ਅਲਾਹ-ਅਲਾਹ, ਗੋਬਿੰਦ, ਨਰਾਇਣ ਆਦਿ ਅਨੇਕਾਂ ਨਾਮ ਪ੍ਰਚੱਲਤ ਸਨ ਪਰ ਮਨੁੱਖ ਦੇ ਹਿਰਦੇ ਵਿਚ ਨਾਮ ਦਾ ਬੀਜ ਪੁੰਗਰਦਾ ਨਹੀਂ ਸੀ। ਪਹਿਲਿਆਂ ਸਮਿਆਂ ਦੇ ਪ੍ਰਚਲਤ ਸਾਧਨ ਐਨੇ ਬਿਖੜੇ ਸਨ ਕਿ ਆਮ ਰੁਝੇਵਿਆਂ ਭਰੇ ਜੀਵਨ ਵਾਲੇ ਮਨੁਖ ਤੋਂ ਕਿਸੇ ਤਰ੍ਹਾਂ ਭੀ ਨਹੀਂ ਸਨ ਹੋ ਸਕਦੇ। ਇਨ੍ਹਾਂ ਸਾਰਿਆਂ ਵਿਘਨਾਂ ਨੂੰ ਦੇਖਦਿਆਂ ਹੋਇਆਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕਲਜੁਗ ਦੇ ਅੰਦਰ ਕਲਿਆਣ ਦਾ ਮੁਖ ਸਾਧਨ ਕੇਵਲ ਨਾਮ ਜਪਣ ਦਾ ਹੀ ਹੈ ਅਤੇ ਨਾਮ ਦੀ ਸਹਾਇਕ ਪ੍ਰਮੁਖ ਭਗਤੀ ਹਰੀ ਕੀਰਤਨ ਕਰਨਾ, ਧਿਆਨ ਨਾਲ ਸ੍ਰਵਣ ਕਰਨਾ ਅਤੇ ਫਿਰ ਮੰਨਣ ਕਰਨਾ ਆਦਿ ਅੰਤ੍ਰੀਵ ਸਾਧਨ ਪ੍ਰਚਲਤ ਕੀਤੇ, ਤੇ ਦੱਸਿਆ ਕਿ ਨਾਮ ਦੇ ਵਾਸਤੇ ਹਿਰਦੇ ਦੀ ਸ਼ੁਧਤਾ ਬਹੁਤ ਹੀ ਅਵੱਸ਼ਕ ਹੈ। ਸਰੀਰ ਰੂਪੀ ਧਰਤੀ ਨੂੰ ਨਾਮ ਦਾ ਬੀਜ ਬੀਜਣ ਤੋਂ ਪਹਿਲਾਂ ਸਾਧਣਾਂ ਬਹੁਤ ਜ਼ਰੂਰੀ ਹੈ। ਹਿਰਦੇ ਵਿਚੋਂ ਵਿਕਾਰਾਂ ਰੂਪੀ ਨਦੀਣ ਕੱਢਣਾ ਅਤੇ ਸਰੀਰ ਰੂਪੀ ਖੇਤ ਨੂੰ ਜੋਤਣਾਂ ਤੇ ਮਨ ਹਾਲੀ ਨੂੰ ਸਾਥ ਲੈ ਕੇ ਸੰਤੋਖ ਦਾ ਸੁਹਾਗਾ ਦੇਣਾ ਅਤੇ ਫੇਰ ਖੇਤੀ ਦੀ ਰੱਖਿਆ ਵਾਸਤੇ ਬਾੜ ਨਿੰਮ੍ਰਤਾ ਭਰੇ ਗੁਣਾਂ ਦੀ ਕਰਨੀ ਜ਼ਰੂਰੀ ਦੱਸੀ; ਜਿਸ ਬਾਰੇ ਇਸ ਤਰ੍ਹਾਂ ਫੁਰਮਾਇਆ ਹੈ-

***ਮਨੁ ਹਾਲੀ ਕਿਰਸਾਣੀ ਕਰਣੀ***
***ਸਰਮੁ ਪਾਣੀ ਤਨੁ ਖੇਤੁ॥***
***ਨਾਮੁ ਬੀਜੁ ਸੰਤੋਖੁ ਸੁਹਾਗਾ***
***ਰਖੁ ਗਰੀਬੀ ਵੇਸੁ॥***
***ਭਾਉ ਕਰਮ ਕਰਿ ਜੰਮਸੀ***
***ਸੇ ਘਰ ਭਾਗਠ ਦੇਖੁ॥ ਅੰਗ - ੫੯੫***

ਧਰਮ ਦੇ ਕਰਮ ਕਰਨ ਦੇ ਨਾਲ ਸਾਵਧਾਨ ਹੋ ਕੇ ਨਾਮ ਖੇਤੀ ਦੀ ਰਾਖੀ ਕਰਦਿਆਂ ਹੋਇਆਂ ਗੁਰੂ ਰਾਹੀਂ ਪ੍ਰਾਪਤ ਕੀਤਾ ਹੋਇਆ ਮੰਤਰ ਫਲੀਭੂਤ ਹੋ ਕੇ ਨਾਮ ਦੇ ਮੰਡਲ ਵਿਚ ਵਾਸਾ ਕਰਾ ਸਕਦਾ ਹੈ। ਇਕ ਥਾਂ ਆਪ ਨੇ ਇਉਂ ਫੁਰਮਾਨ ਕੀਤਾ ਹੈ ਕਿ -

***ਸਚੁ ਤਾ ਪਰੁ ਜਾਣੀਐ ਜਾ***
***ਜੁਗਤਿ ਜਾਣੈ ਜੀਉ॥***
***ਧਰਤਿ ਕਾਇਆ ਸਾਧਿ ਕੈ***
***ਵਿਚਿ ਦੇਇ ਕਰਤਾ ਬੀਉ॥***

***ਅੰਗ-੪੬੮***

ਅਤੇ ਐਸਾ ਭੀ ਫੁਰਮਾਨ ਹੈ -

***ਪਹਿਲਾ ਧਰਤੀ ਸਾਧਿ ਕੈ***
***ਸਚੁ ਨਾਮ ਦੇਇ ਦਾਣ॥***
***ਨਉ ਨਿਧਿ ਉਪਜੈ ਨਾਮੁ***
***ਏਕੁ ਕਰਮਿ ਪਵੈ ਨੀਸਾਣੁ॥***

***ਅੰਗ - ੧੯***

ਇਸ ਤਰ੍ਹਾਂ ਤਨ ਰੂਪੀ ਧਰਤੀ ਨੂੰ ਸਾਧਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਇਸ ਵਿਚੋਂ ਨਦੀਣ ਰੂਪੀ ਬੇਅੰਤ ਕਿਸਮ ਦੇ ਵਿਕਾਰ, ਸ਼ੰਕੇ, ਗਲਤ ਧਾਰਨਾਵਾਂ ਅਤੇ ਗਲਤ ਨਿਹਚੇ ਕਢਣੇ ਅਤੀ ਲਾਜ਼ਮੀ ਹਨ। ਹੇਠ ਲਿਖੀਆਂ ਅੰਤ੍ਰੀਵ ਰਹਿਤਾਂ ਨਾਮ ਦੀ ਪ੍ਰਾਪਤੀ ਲਈ ਅਵੱਸ਼ਕ ਹਨ -

**੧. ਵਾਹਿਗੁਰੂ ਜੀ ਤੇ ਪੂਰਨ ਪ੍ਰਤੀਤ -** ਇਸ ਸਬੰਧ ਵਿਚ ਫੁਰਮਾਨ ਹੈ -

***ਜਿਮੀ ਜਮਾਨ ਕੇ ਬਿਖੈ ਸਮਸਤ***
***ਏਕ ਜੋਤਿ ਹੈ॥***
***ਨ ਬਾਢ ਹੈ ਨ ਘਾਟ ਹੈ***
***ਨ ਬਾਢ ਘਾਟ ਹੋਤ ਹੈ॥***

ਉਸ ਦੀ ਸੱਤਾ, ਸਤਯਤਾ ਅਤੇ ਹਜ਼ੂਰੀ ਵਿਚ ਦ੍ਰਿੜ੍ਹ ਵਿਸ਼ਵਾਸ਼ ਹੋਵੇ, ਪੂਰਨ ਨਿਸਚਾ ਹੋਵੇ ਕਿ -

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥***

***ਅੰਗ - ੬੧੨***

ਅਤੇ -

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ***
***ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ***
***ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ***
***ਸੋ ਅਲਪ ਸੁਖੁ ਭਨੀਐ॥***

***ਅੰਗ - ੬੭੭***

ਅਤੇ ਇਹ ਭੀ ਵਿਸ਼ਵਾਸ਼ ਪੂਰਨ ਰੂਪ ਵਿਚ ਹੋਣਾ ਜ਼ਰੂਰੀ ਹੈ ਕਿ ਉਹ ਵਾਹਿਗੁਰੂ ਜੀ, ਜਿਸ ਨੂੰ ਮੈਂ ਬਾਰ ਬਾਰ ਯਾਦ ਕਰਦਾ ਹਾਂ, ਮੇਰੇ ਅੰਦਰ ਪੂਰਨ ਰੂਪ ਵਿਚ ਬਿਰਾਜਮਾਨ ਹਨ। ਇਸ ਨਿਸਚੇ ਨੂੰ ਹੋਰ ਸਪਸ਼ਟ ਕਰਨ ਵਾਸਤੇ ਇਕ ਸਧਾਰਣ ਜਿਹੀ ਮਿਸਾਲ ਇਸ ਪ੍ਰਕਾਰ ਹੈ ਕਿ ਇਕ ਮਹਾਤਮਾ ਆਪਣੇ ਦੋ ਪ੍ਰਮੁਖ ਚੇਲਿਆਂ ਵਿਚੋਂ ਚੋਣ ਕਰਕੇ ਇਕ ਨੂੰ ਆਪਣੀ ਥਾਂ ਸੰਗਤ ਨੂੰ ਉਪਦੇਸ਼ ਕਰਨ ਵਾਸਤੇ ਥਾਪਣਾ ਚਾਹੁੰਦੇ ਸਨ। ਇਸ ਕਾਰਜ ਹਿਤ ਸਾਰੀਆਂ ਸੰਗਤਾਂ ਦੇ ਸਾਹਮਣੇ ਦੋਨਾਂ ਚੇਲਿਆਂ ਨੂੰ ਬੁਲਾਇਆ ਅਤੇ ਆਪਣਾ ਮੰਤਵ ਦੱਸਿਆ ਅਤੇ ਨਾਲ ਹੀ ਇਹ ਕਿਹਾ ਕਿ ਇਹ ਦੋ ਕਬੂਤਰਾਂ ਵਿਚੋਂ ਇਕ-ਇਕ ਆਪਣੇ ਹੱਥਾਂ ਵਿਚ ਫੜ ਲਓ। ਇਨ੍ਹਾਂ ਨੂੰ ਮਾਰ ਕੇ ਜਿਹੜਾ ਪਹਿਲਾਂ ਮੇਰੇ ਪਾਸ ਪਹੁੰਚ ਜਾਵੇਗਾ, ਉਹ ਇਸ ਪਦਵੀ ਦਾ ਅਧਿਕਾਰੀ ਹੋਵੇਗਾ। ਪਰ ਸ਼ਰਤ ਇਹ ਹੈ ਕਿ ਕਬੂਤਰ ਉਸ ਥਾਂ ਤੇ ਜਾ ਕੇ ਮਾਰਨੇ ਹਨ ਜਿਥੇ ਕੋਈ ਵੀ ਦੇਖਦਾ ਨ ਹੋਵੇ। ਇਹ ਸੁਣਦੇ ਸਾਰ ਇਕ ਚੇਲਾ ਤਾਂ ਦੌੜ ਕੇ ਨੇੜੇ ਹੀ ਇਕ ਮਕਾਨ ਦੇ ਪਿਛੇ, ਉਹਲੇ ਜਿਹੇ ਗਿਆ, ਆਲਾ-ਦੁਆਲਾ ਦੇਖਿਆ ਅਤੇ ਕਬੂਤਰ ਦੀ ਗਰਦਨ ਝਟਪਟ ਮਰੋੜ ਕੇ ਮਹਾਤਮਾ ਦੇ ਕੋਲ ਲਿਆ ਸੁੱਟਿਆ। ਇਸ ਦੇ ਵਿਪ੍ਰੀਤ ਦੂਸਰਾ ਚੇਲਾ ਪਹਿਲਾਂ ਇਕ ਗੰਨੇ ਦੇ ਖੇਤ 'ਚ ਗਿਆ ਅਤੇ ਸੋਚਿਆ ਕਿ ਏਥੇ ਕੋਈ ਦੇਖ ਤਾਂ ਨਹੀਂ ਰਿਹਾ ਪਰ ਉਸੇ ਸਮੇਂ ਗੰਨਿਆਂ ਦੇ ਉਤੇ ਛੋਟੀਆਂ-ਛੋਟੀਆਂ ਟਿੱਡੀਆਂ ਉਡਾਰੀ ਮਾਰਦੀਆਂ ਫਿਰਦੀਆਂ ਦੇਖੀਆਂ ਅਤੇ ਆਪਣੇ ਆਪ ਨੂੰ ਕਿਹਾ ਕਿ ਏਥੇ ਤਾਂ ਇਹ ਜਾਨਵਰ ਦੇਖ ਰਹੇ ਹਨ। ਫੇਰ ਕਬੂਤਰ ਸਮੇਤ ਜੰਗਲ ਵਿਚ ਚਲਾ ਗਿਆ ਤਾਂ ਉਥੇ ਪੰਛੀ ਦੇਖ ਰਹੇ ਸਨ; ਫੇਰ ਇਕ ਟੋਏ ਵਿਚ ਵੜ ਗਿਆ ਅਤੇ ਆਪਣੇ ਉਪਰ ਕਪੜਾ ਲੈ ਲਿਆ ਤੇ ਉਸ ਵੇਲੇ ਮਨ ਵਿਚ ਆਇਆ ਕਿ ਹੁਣ ਇਹਨੂੰ ਮੈਂ ਦੇਖ ਰਿਹਾ ਹਾਂ ਅਤੇ ਇਹ ਮੈਨੂੰ ਦੇਖ ਰਿਹਾ ਹੈ। ਇਹ ਸੋਚ ਕੇ ਉਸ ਨੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਲਈ ਅਤੇ ਕਿਹਾ ਕਿ ਇਥੇ ਹੁਣ ਕੌਣ ਦੇਖ ਰਿਹਾ ਹੈ? ਉਸ ਵੇਲੇ ਆਪਣੇ ਨਿਜ ਦੇ ਪ੍ਰਕਾਸ਼ ਵਿਚ ਦੇਖਿਆ ਕਿ ਸਾਰੀ ਸ੍ਰਿਸ਼ਟੀ ਦਾ ਮਾਲਕ ਕਣ-ਕਣ ਵਿਚ ਵਿਆਪਕ ਹੋ ਕੇ ਆਪਣੀ ਖੇਡ ਦੇਖ ਰਿਹਾ ਹੈ; ਉਹ ਮੈਨੂੰ ਵੀ ਅਤੇ ਕਬੂਤਰ ਨੂੰ ਭੀ ਦੇਖ ਰਿਹਾ ਹੈ। ਇਸ ਕਾਰਨ ਉਹ ਕਬੂਤਰ ਨੂੰ ਮਾਰ ਨਾ ਸਕਿਆ ਅਤੇ ਵਾਪਸ ਮਹਾਤਮਾ ਦੇ

ਪਾਸ ਜਿਉਂਦਾ ਹੀ ਕਬੂਤਰ ਲੈ ਕੇ ਉਨ੍ਹਾਂ ਦੇ ਚਰਨਾਂ ਵਿਚ ਭੇਟ ਕਰ ਦਿਤਾ ਅਤੇ ਬੇਨਤੀ ਕੀਤੀ ਕਿ ਮਹਾਰਾਜ! ਮੈਨੂੰ ਐਸੀ ਕੋਈ ਥਾਂ ਨਹੀਂ ਲੱਭੀ ਜਿਥੇ ਕੋਈ ਨ ਦੇਖਦਾ ਹੋਵੇ, ਐਸੀ ਕੋਈ ਗੁਪਤ ਥਾਂ ਨਹੀਂ ਹੈ, ਜਿਥੇ ਪ੍ਰਭੂ ਨ ਤੱਕ ਰਿਹਾ ਹੋਵੇ।

ਐਨੇ ਬਚਨ ਸੁਣ ਕੇ ਮਹਾਤਮਾ ਨੇ ਸੰਗਤ ਵਿਚ ਐਲਾਨ ਕਰ ਦਿਤਾ ਕਿ ਜਿਸ ਪ੍ਰਾਣੀ ਦੇ ਮਨ ਵਿਚ ਵਾਹਿਗੁਰੂ ਦੀ ਹਜ਼ੂਰੀ ਉਤੇ ਐਡਾ ਵਿਸ਼ਵਾਸ਼ ਹੈ ਉਹ ਸੁਰਤਿ ਰਾਹੀਂ ਪਰਮੇਸ਼ਰ ਵਿਚ ਹੀ ਰਹਿੰਦਾ ਹੈ ਇਸ ਕਰਕੇ ਮੈਂ ਆਪਣੀ ਥਾਂ ਤੇ ਇਹਨੂੰ ਹੀ ਥਾਪਦਾ ਹਾਂ ਅਤੇ ਦੂਸਰਾ ਚੇਲਾ ਅੰਦਰੂਨੀ ਨੈਣ ਨ ਹੋਣ ਕਰਕੇ ਅੰਧਕਾਰ ਵਿਚ ਵਸਦਾ ਹੈ ਅਤੇ ਅੰਧਕਾਰ ਵਿਚ ਵਸਦੇ ਪ੍ਰੇਮੀ ਦੇ ਬਚਨ ਭਾਵੇਂ ਕਿੰਨੇ ਹੀ ਸੁੰਦਰ ਕਿਉਂ ਨ ਹੋਣ, ਉਹ ਅੰਧਕਾਰ ਵਿਚ ਹੀ ਰਹਿੰਦੇ ਹਨ ਅਤੇ ਕਿਸੇ ਨੂੰ ਠੀਕ ਅਗਵਾਈ ਨਹੀਂ ਦੇ ਸਕਦੇ।

੨. **ਗੁਰੂ ਉਤੇ ਵਿਸ਼ਵਾਸ਼** – ਗੁਰੂ ਦੀ ਪਦਵੀ ਬਹੁਤ ਹੀ ਉਚੀ ਹੋਇਆ ਕਰਦੀ ਹੈ। ਜਗਿਆਸੂ ਦੇ ਮਨ ਵਿਚ ਗੁਰੂ ਉਤੇ ਪੂਰਾ ਵਿਸ਼ਵਾਸ਼ ਹੋਵੇ ਤਾਂ ਹੀ ਨਾਮ ਚਿਤ ਆਇਆ ਕਰਦਾ ਹੈ, ਇਸੇ ਪ੍ਰਤੀ ਗੁਰੂ ਜੀ ਦਾ ਫੁਰਮਾਨ ਹੈ ਕਿ –

***ਜਾ ਕੈ ਮਨਿ ਗੁਰ ਕੀ ਪਰਤੀਤਿ।।***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ।।***
***ਅੰਗ – ੨੮੩***

ਸੰਗਤਾਂ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਦਰਬਾਰ ਵਿਚ ਬੈਠੀਆਂ ਬਚਨ ਸ੍ਰਵਣ ਕਰ ਰਹੀਆਂ ਸਨ। ਅਚਾਨਕ ਹੀ ਗੁਰੂ ਮਹਾਰਾਜ ਜੀ ਨੇ ਭਾਈ ਬਾਲਾ ਜੀ ਵੱਲ ਦੇਖਦਿਆਂ ਹੋਇਆਂ ਫੁਰਮਾਇਆ ਕਿ ਭਾਈ ਬਾਲਾ ਜੀ! ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਸਾਰੀ ਉਮਰ ਜਿਥੋਂ ਤਕ ਧਰਤੀ ਹੈ ਅਤੇ ਜਿਥੋਂ ਤੱਕ ਵੀ ਆਬਾਦੀ ਹੈ, ਰਹੇ ਹੋ ਅਤੇ ਕੌਤਕ ਦੇਖਦੇ ਰਹੇ ਹੋ; ਸੋ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ ਹੋ? ਅਤੇ ਕਿਸ ਵਿਸ਼ਵਾਸ਼ ਨਾਲ ਗੁਰੂ ਪਾਤਸ਼ਾਹ ਦੇ ਨਾਲ ਉਦਾਸੀਆਂ ਸਮੇਂ ਸੰਗ ਰਹੇ ਹੋ?

ਤਾਂ ਭਾਈ ਬਾਲਾ ਜੀ ਨੇ ਕਿਹਾ, "ਮਹਾਰਾਜ! ਗੁਰੂ ਨਾਨਕ ਪਾਤਿਸ਼ਾਹ ਪੂਰਨ ਸੰਤ ਸਨ।" ਇਹ ਸੁਣ ਕੇ ਗੁਰੂ ਮਹਾਰਾਜ ਨੇ ਬਚਨ ਕੀਤਾ, "ਭਾਈ ਬਾਲਾ! ਤੁਸੀਂ ਪੂਰਨ ਸੰਤ ਹੋਏ।" ਅਤੇ ਫੇਰ ਆਪ ਜੀ ਨੇ ਬਾਬਾ ਬੁਢਾ ਜੀ ਨੂੰ ਭੀ ਇਹੋ ਪ੍ਰਸ਼ਨ ਪੁਛਿਆ ਤਾਂ ਬਾਬਾ ਜੀ ਨੇ ਫੁਰਮਾਇਆ ਕਿ ਗੁਰੂ ਨਾਨਕ ਪਾਤਸ਼ਾਹ ਤਾਂ ਪੂਰਨ ਬ੍ਰਹਮਗਿਆਨੀ ਸਨ। ਤਾਂ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਬਾਬਾ ਜੀ, ਤੁਸੀਂ ਬ੍ਰਹਮ ਗਿਆਨੀ ਹੋਏ।" ਅਤੇ ਇਸੇ ਤਰ੍ਹਾਂ ਹੋਰ ਸਿਖਾਂ ਤੋਂ ਉਨ੍ਹਾਂ ਦਾ ਨਿਹਚਾ ਗੁਰੂ ਬਾਬਾ ਜੀ ਬਾਰੇ ਜਾਣਨਾ ਕੀਤਾ ਤਾਂ ਆਪੋ ਆਪਣੇ ਵਿਚਾਰਾਂ ਅਨੁਸਾਰ ਸਾਰਿਆਂ ਨੇ ਉਤਰ ਦਿਤੇ। ਅਖੀਰ ਵਿਚ ਸਾਰੀ ਸੰਗਤ ਨੇ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕੀ ਸਮਝਦੇ ਸੀ।" ਤਾਂ ਉਸ ਵੇਲੇ ਆਪ ਬਹੁਤ ਗੰਭੀਰ ਹੋ ਗਏ ਅਤੇ ਬਚਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਤਾਂ, ਸਾਧ ਸੰਗਤ ਜੀ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਆਪ ਨਾਰਾਇਣ ਹੀ ਕਲਾ ਧਾਰਿ ਗੁਰੂ ਰੂਪ ਹੋ ਕੇ ਇਸ ਸੰਸਾਰ ਵਿਚ ਪ੍ਰਗਟੇ ਅਤੇ ਆਪ ਦੇ ਹੁਕਮ ਵਿਚ ਕਰੋੜਾਂ ਦੇਵੀ ਦੇਵਤੇ, ਗਣ ਗੰਧਰਬ ਆਦਿ ਆਪ ਦੀ ਮਹਿਮਾ ਗਾਇਨ ਕਰਦੇ ਹਨ। ਸੋ, ਗੁਰੂ ਨਾਨਕ ਪਾਤਸ਼ਾਹ ਤਾਂ ਆਪ ਗੁਰ ਪਰਮੇਸ਼ਰ ਰੂਪ ਵਿਚ ਲੋਕਾਈ ਦੇ ਅਗਿਆਨ ਨੂੰ ਨਾਸ਼ ਕਰਨ ਵਾਸਤੇ ਪ੍ਰਗਟ ਹੋਏ ਸਨ।

ਇਹ ਬਚਨ ਸੁਣ ਕੇ ਸਾਰਿਆਂ ਨੇ ਸੀਸ ਨਿਵਾਇਆ ਅਤੇ ਕਿਹਾ ਕਿ ਪਾਤਸ਼ਾਹ ਆਪ ਇਸੇ ਕਰਕੇ ਹੀ ਪਰਮੇਸ਼ਰ ਬਣ ਗਏ ਹੋ। ਗੁਰਬਾਣੀ ਅੰਦਰ ਪਾਵਨ ਫੁਰਮਾਨ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ।।***
***ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ।।***
***ਅੰਗ – ੪੪੨***

ਸੋ, ਜੋ ਗੁਰੂ ਅਤੇ ਪਰਮੇਸ਼ਰ ਵਿੱਚ ਭੇਦ ਸਮਝਦਾ ਹੈ, ਉਸ ਨੂੰ ਕਦੇ ਵੀ ਪਰਮ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਜੋ ਗੁਰੂ ਨੂੰ ਮਨੁਖ ਰੂਪ ਵਿੱਚ ਚਿਤਵਨੀ ਕਰਦਾ ਹੈ, ਉਹ ਸ਼ਰਧਾ

ਤੋਂ ਹੀਣਾ ਕਿਸੇ ਵੀ ਆਤਮਕ ਅਵਸਥਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਸ ਕਰਕੇ ਜਗਿਆਸੂ ਸਦਾ ਹੀ ਗੁਰੂ ਨੂੰ ਪਰਮੇਸ਼ਰ ਦੇ ਰੂਪ ਵਿੱਚ ਦੇਖੇ। ਵੈਸੇ ਕਈ ਤਰ੍ਹਾਂ ਦਾ ਵਿਸ਼ਵਾਸ਼ ਗੁਰੂ ਉਤੇ ਹੁੰਦਾ ਹੈ। ਪਹਿਲਾ ਇਹ ਕਿ ਮੇਰਾ ਗੁਰੂ ਇਕ ਚੰਗਾ ਸੰਤ ਹੈ; ਦੂਸਰਾ ਵਿਸ਼ਵਾਸ਼ ਇਹ ਕਿ ਮੇਰਾ ਗੁਰੂ ਸਭ ਸੰਤਾਂ ਤੋਂ ਵੱਡਾ ਸੰਤ ਹੈ, ਤੀਸਰਾ – ਮੇਰਾ ਗੁਰੂ ਪਰਮੇਸ਼ਰ ਵਰਗਾ ਹੀ ਹੈ ਅਤੇ ਚੌਥਾ ਇਹ ਕਿ ਮੇਰਾ ਗੁਰੂ ਤਾਂ ਆਪ ਪਰਮੇਸ਼ਰ ਹੀ ਹੈ। ਸੋ, ਜਦੋਂ ਤੱਕ ਇਹ ਚੌਥੀ ਧਾਰਨਾ ਵਾਲਾ ਵਿਸ਼ਵਾਸ਼ ਜਗਿਆਸੂ ਦੇ ਹਿਰਦੇ ਵਿੱਚ ਉਤਪੰਨ ਨਹੀਂ ਹੁੰਦਾ, ਓਨੇ ਚਿਰ ਤੱਕ ਗੁਰੂ ਦੇ ਅਗਾਧ ਬੋਧ ਬਚਨਾਂ ਤੇ ਕਦਾਚਿਤ ਵਿਸ਼ਵਾਸ਼ ਨਹੀਂ ਉਪਜ ਸਕਦਾ ਅਤੇ ਆਪਣੇ ਮਨ ਦੀ ਮੱਤ ਨਹੀਂ ਤਿਆਗ ਸਕਦਾ।

**੩. ਗੁਰ ਮੰਤਰ ਉਤੇ ਪ੍ਰਤੀਤ** – ਗੁਰੂ ਜੋ ਮੰਤਰ ਦਿੰਦਾ ਹੈ, ਉਸ ਉੱਤੇ ਪ੍ਰਤੀਤ ਨ ਕਰਕੇ ਐਵੇਂ ਵਾਦ-ਵਿਵਾਦ ਵਿੱਚ ਪੈਣਾ ਕਿ ਫਲਾਣਾ ਮੰਤਰ ਉਚਤਮ ਹੈ ਜਾਂ ਫਲਾਣੇ ਗੁਰੂ ਦੀ ਸੰਪਰਦਾ ਵਿੱਚ ਦਿੱਤਾ ਹੋਇਆ ਮੰਤਰ ਛੇਤੀਂ ਫਲੀਭੂਤ ਹੁੰਦਾ ਹੈ, ਵਿਅਰਥ ਹੈ ਕਿਉਂਕਿ ਐਸੇ ਡੋਲਵੇਂ ਵਿਸ਼ਵਾਸ਼ ਮਨ ਵਿੱਚ ਆਉਣ ਨਾਲ ਗੁਰੂ ਮੰਤਰ ਉਤੇ ਭਰੋਸਾ ਨਹੀਂ ਹੋਣ ਦਿੰਦੇ। ਜਦੋਂ ਤੱਕ ਮੰਤਰ ਉਪਰ ਭਰੋਸਾ ਨਾ ਆਵੇ ਤਾਂ ਆਪਣੇ ਮਨੋਰਥ ਵਿੱਚ ਸਿਧੀ ਪ੍ਰਾਪਤੀ ਨਹੀਂ ਹੁੰਦੀ।

ਇਸ ਪਰਥਾਇ ਮਹਾਂ ਪੁਰਖ ਫੁਰਮਾਉਂਦੇ ਹਨ ਕਿ ਕਿਸੇ ਮਹਾਤਮਾ ਦੇ ਕੋਲ ਇਕ ਭੋਲੇ-ਭਾਲੇ ਜਗਿਆਸੂ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਗੁਰ ਮੰਤਰ ਦੀ ਦਾਤ ਬਖਸ਼ੋ ਤਾਂ ਕਿ ਮੈਂ ਉਸ ਦਾ ਜਾਪ ਕਰਕੇ ਆਪਣਾ ਮਨੋਰਥ ਸਿੱਧ ਕਰ ਸਕਾਂ ਅਤੇ ਜੰਮਣ-ਮਰਨ ਦੇ ਚੱਕਰ ਵਿੱਚੋਂ ਛੁਟ ਜਾਵਾਂ।

ਸੰਤਾਂ ਨੇ ਫੁਰਮਾਨ ਕੀਤਾ ਕਿ ਪ੍ਰੇਮੀਆਂ! ਅੰਤਸ਼ਕਰਨ ਵਿੱਚ ਤਿੰਨ ਦੋਸ਼ ਹੋਇਆ ਕਰਦੇ ਨੇ ਅਤੇ ਜਦੋਂ ਤੱਕ ਉਹ ਦੋਸ਼ ਦੂਰ ਨਹੀਂ ਹੁੰਦੇ, ਇਹ ਜੀਵ ਭਗਤੀ ਦਾ ਅਧਿਕਾਰੀ ਨਹੀਂ ਹੁੰਦਾ। ਸੋ ਪਹਿਲਾ ਦੋਸ਼ ਇਹ ਹੈ ਕਿ ਜਨਮਾਂ ਜਨਮਾਂਤਰਾਂ ਵਿੱਚ ਕੀਤੇ ਹੋਏ ਕਰਮਾਂ ਦੀ ਮੈਲ ਅੰਤਸ਼ਕਰਣ ਨੂੰ ਮੈਲਾ ਕਰ ਦਿੰਦੀ ਹੈ ਅਤੇ ਜਦੋਂ ਤੱਕ ਇਹ ਮੈਲ ਨਾ ਉਤਾਰੀ ਜਾਵੇ, ਓਨਾਂ ਚਿਰ ਨਾਮ ਦਾ ਨਿਵਾਸ ਹਿਰਦੇ ਵਿੱਚ ਨਹੀਂ ਹੋ ਸਕਿਆ ਕਰਦਾ ਅਤੇ ਇਸ ਮੈਲ ਨੂੰ ਉਤਾਰਨ ਵਾਸਤੇ ਗੁਰਬਾਣੀ ਦਾ ਵਿਚਾਰ ਸਹਿਤ ਪਠਨ ਪਾਠਨ, ਸ੍ਰਵਣ ਅਤੇ ਮੰਨਣ ਬਹੁਤ ਹੀ ਜ਼ਰੂਰੀ ਕਰਮ ਹਨ ਅਤੇ ਇਸ ਦੇ ਨਾਲ-ਨਾਲ ਸੰਗਤਾਂ ਦੀ ਸੇਵਾ ਅਤੇ ਹੋਰ ਨਿਸ਼ਕਾਮ ਕਰਮ ਕਰਨੇ ਭੀ ਜ਼ਰੂਰੀ ਹਨ ਕਿਉਂਕਿ ਨਿਸ਼ਕਾਮ ਕਰਮ ਕਰਨ ਦੇ ਨਾਲ ਅੰਤਸ਼ਕਰਣ ਨਿਰਮਲ ਹੋ ਜਾਇਆ ਕਰਦਾ ਹੈ। ਦੂਸਰਾ ਦੋਸ਼ ਅੰਤਸ਼ਕਰਣ ਦਾ, ਵਿਖਸ਼ੇਪਤਾ ਹੁੰਦਾ ਹੈ। ਇਹ ਜੀਵ ਵਾਸ਼ਨਾਵਾਂ ਦੇ ਅਤੀ ਕਰੜੇ ਅਤੇ ਘਣੇ ਜਾਲ ਵਿੱਚ ਫਸਿਆ ਹੋਇਆ ਹੈ ਅਤੇ ਮਾਇਆ ਦੀਆਂ ਭੁੱਲ-ਭੁਲੱਈਆਂ ਵਿੱਚ ਆਪਣੇ ਆਪ ਨੂੰ ਮੂਲੋਂ ਹੀ ਭੁੱਲ ਚੁੱਕਿਆ ਹੈ। ਵਾਸ਼ਨਾਵਾਂ ਦੀ ਪੂਰਤੀ ਲਈ ਬਹੁਤ ਹੀ ਲੰਮੀਆਂ ਉਡਾਰੀਆਂ ਮਾਰਦਾ ਅਤੇ ਦੁਖੀ ਹੁੰਦਾ ਰਹਿੰਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਪੰਖੀ ਬਿਰਖ ਸੁਹਾਵੜੇ***
***ਊਡਹਿ ਦਹਿਦਿਸ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ – ੬੬***

ਅਤੇ

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨਾ ਪਾਇ ਮਾਇ॥ ਅੰਗ-੫੦***

ਇਨ੍ਹਾਂ ਵਾਸ਼ਨਾਵਾਂ ਦੀਆਂ ਲਹਿਰਾਂ ਵਿੱਚ ਫਸਿਆ ਹੋਇਆ ਜੀਵ ਹਰ ਵਕਤ ਸੰਕਲਪ ਅਤੇ ਵਿਕਲਪ ਕਰਦਾ ਰਹਿੰਦਾ ਹੈ ਅਤੇ ਦੁਖੀ ਹੋ ਕੇ ਵਿਰਲਾਪ ਕਰਦਾ ਹੈ। ਮਨ, ਇਕਾਗ੍ਰਤਾ ਦੇ ਘਰ ਵਿੱਚ ਟਿਕ ਨਹੀਂ ਸਕਦਾ, ਇਸ ਦੋਸ਼ ਨੂੰ **'ਵਿਖਸ਼ੇਪਤਾ'** ਕਹਿੰਦੇ ਹਨ ਅਤੇ ਇਹ ਦੋਸ਼ ਮਨ ਦੀ ਇਕਾਗ੍ਰਤਾ ਪ੍ਰਾਪਤ ਹੋਣ ਨਾਲ ਜਾਂਦਾ ਹੈ ਜਿਸ ਦੇ ਵਾਸਤੇ ਉਪਾਸ਼ਨਾ ਕਰਨੀ ਪੈਂਦੀ ਹੈ। ਉਪਾਸ਼ਨਾ ਦੇ ਦੋ ਭੇਦ ਹਨ – ਇਕ **'ਬਹਿਰੰਗ**

**ਉਪਾਸ਼ਨਾ'** ਹੁੰਦੀ ਹੈ ਜਿਵੇਂ ਕਿ ਆਪਣੇ ਇਸ਼ਟ ਦੀ ਪ੍ਰਤੱਖ ਰੂਪ ਵਿੱਚ ਉਪਾਸ਼ਨਾ ਕਰਨਾ, ਇਸ਼ਨਾਨ ਕਰਾਉਣਾ, ਭੋਗ ਲਵਾਉਣਾ ਅਤੇ ਸੇਵਾ ਕਰਨੀ ਆਦਿ ਉਪਾਸ਼ਨਾ ਦੇ ਅੰਗ ਹੋਇਆ ਕਰਦੇ ਹਨ। ਦੂਸਰੀ **'ਅੰਤ੍ਰੀਵ ਉਪਾਸ਼ਨਾ'** ਇਹ ਹੈ ਕਿ ਸ਼ਬਦ ਦੀ ਧੁਨਿ ਉਪਰ ਬਿਰਤੀਆਂ ਨੂੰ ਸੰਕੋਚ ਕੇ ਸੁਰਤਿ ਨੂੰ ਕੇਂਦ੍ਰਤ ਕਰਨਾ ਜਾਂ ਗੁਰੂ ਦੇ ਸਰੂਪ ਦਾ ਸਾਕਾਰ ਰੂਪ ਵਿੱਚ ਧਿਆਨ ਧਰਨਾ ਅਤੇ ਉਸ ਦੀ ਹਜ਼ੂਰੀ ਵਿੱਚ ਬੈਠ ਕੇ ਭਜਨ ਕਰਨਾ। ਜਦੋਂ ਅੰਤਸ਼ਕਰਣ ਸ਼ੁੱਧ ਹੋ ਜਾਵੇ ਅਤੇ ਅੰਤਸ਼ਕਰਣ ਤੋਂ ਵਿਖਸ਼ੇਪ ਦੋਸ਼ ਦੂਰ ਹੋ ਜਾਵੇ ਤਾਂ 'ਅਵਰਨ' ਦਾ ਪਰਦਾ ਗੁਰੂ ਗਿਆਨ ਤੋਂ ਬਗੈਰ ਨਹੀਂ ਉਤਰਿਆ ਕਰਦਾ।

ਸੋ ਇਹ ਸਾਧਨ ਕਰਨ ਲਈ ਪਹਿਲਾਂ ਤਾਂ ਸੰਗਤਾਂ ਦੀ ਸੇਵਾ-ਸੰਭਾਲ ਕਰਨਾ, ਲੰਗਰ ਤਿਆਰ ਕਰਨਾ, ਬਰਤਨ ਮਾਂਜਣੇ, ਪਾਣੀ ਭਰਨਾ, ਝਾੜੂ ਦੇਣਾ ਇਤਿਆਦਿ ਅਨੇਕ ਕਿਸਮ ਦੀਆਂ ਸੇਵਾਵਾਂ ਹਨ, ਕਰਿਆ ਕਰ। ਇਸ ਪ੍ਰਕਾਰ ਸੇਵਾ ਕਰਦਿਆਂ ਸਮਾਂ ਬੀਤ ਗਿਆ।

ਇਕ ਦਿਨ ਮਹਾਂਪੁਰਖਾਂ ਦੇ ਪਾਸ ਹਾਜ਼ਰ ਹੋ ਕੇ ਗੁਰ ਮੰਤਰ ਲੈਣਾ ਚਾਹੁੰਦਾ ਹੈ ਪਰ ਉਸ ਸਮੇਂ ਮਹਾਤਮਾ ਪਾਸ ਇਕ ਰਾਜੇ ਦੇ ਆਉਣ ਕਰਕੇ ਉਸ ਦੇ ਅਹਿਲਕਾਰਾਂ ਨੇ ਕੀਮਤੀ ਗਲੀਚੇ ਵਿਛਾਏ ਹੋਏ ਸਨ ਅਤੇ ਉਸ ਪ੍ਰੇਮੀ ਦੇ ਪੈਰ ਲਿਬੜੇ ਹੋਏ ਹੋਣ ਕਰਕੇ ਮਹਾਤਮਾ ਨੇ ਉਸਨੂੰ ਦੂਰੋਂ ਹੀ ਆਵਾਜ਼ ਦਿੰਦਿਆਂ ਫੁਰਮਾਨ ਕੀਤਾ - ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ। ਉਸ ਪ੍ਰੇਮੀ ਨੇ ਸਮਝਿਆ ਕਿ ਮੈਨੂੰ ਮੰਤਰ ਪ੍ਰਾਪਤ ਹੋ ਗਿਆ ਅਤੇ ਇਸ ਲਈ ਇਸ ਉਪਰ ਪੂਰਾ-ਪੂਰਾ ਵਿਸ਼ਵਾਸ਼ ਕਰਕੇ ਇਸਦਾ ਅਖੰਡ ਜਾਪ ਸ਼ੁਰੂ ਕਰ ਦਿਤਾ। ਜਿਸ ਕਰਕੇ ਥੋੜੇ ਸਮੇਂ ਪਿਛੋਂ ਸ਼ਬਦ ਉਪਾਸ਼ਨਾ ਦੁਆਰਾ ਮਨ ਦੀ ਵਿਖਸ਼ੇਪਤਾ ਦੂਰ ਹੋ ਗਈ ਅਤੇ ਚਿਤ ਇਕਾਗਰ ਹੋ ਗਿਆ ਅਤੇ ਰਸ ਵਿਚ ਰਹਿਣ ਲਗਿਆ ਅਤੇ ਹਰ ਸਮੇਂ ਇਸ ਮੰਤਰ ਦਾ ਅਭਿਆਸ ਕਰਦਾ ਰਿਹਾ ਕਰੇ, ਰਿਧੀਆਂ-ਸਿਧੀਆਂ ਸੇਵਾ ਕਰਨ ਲਈ ਹਾਜ਼ਰ ਹੋਣ ਲਗੀਆਂ।

ਇਕ ਦਿਨ ਇਸ ਪ੍ਰੇਮੀ ਨੂੰ ਮਹਾਂਪੁਰਸ਼ਾਂ ਨੇ ਕੁਝ ਪ੍ਰਸ਼ਨਾਂ ਦਾ ਉਤਰ ਲੈਣ ਲਈ ਕਿਸੇ ਦੂਸਰੇ ਮਹਾਤਮਾ ਪਾਸ ਭੇਜਣਾ ਸੀ ਅਤੇ ਜਾਣ ਲਈ ਹੁਕਮ ਦਿਤਾ ਤਾਂ ਇਸ ਦੇ ਚਿਤ ਵਿਚ ਸਫਰ ਨੂੰ ਦੇਖ ਕੇ ਕੁਝ ਚਿਤਵਨੀ ਹੋਈ ਤਾਂ ਘਟ-ਘਟ ਵਿਚ ਵਿਆਪਕ ਪ੍ਰਭੂ ਪ੍ਰਗਟ ਹੋ ਕੇ ਮਹਾਤਮਾ ਵਲੋਂ ਦੱਸੀ ਗਈ ਸੇਵਾ ਨਿਭਾ ਆਇਆ ਅਤੇ ਕੁਛ ਮਿੰਟਾਂ ਵਿਚ ਹੀ ਉਤਰ ਲਿਆ ਕੇ ਮਹਾਤਮਾ ਦੇ ਅੱਗੇ ਪੇਸ਼ ਕਰਨ ਲਗਿਆ। ਮਹਾਤਮਾ ਉਤਰ ਪੜ੍ਹ ਕੇ ਅਸਚਰਜਤਾ ਦੇ ਘਰ ਵਿਚ ਆ ਕੇ ਹੈਰਾਨ ਹੋ ਕੇ ਸੋਚਣ ਲੱਗੇ ਕਿ ਮੈਂ ਤਾਂ ਅਜੇ ਇਸ ਪ੍ਰੇਮੀ ਨੂੰ ਮੰਤਰ ਭੀ ਨਹੀਂ ਦਿਤਾ, ਇਹਦੀ ਭਾਵਨਾ ਨੂੰ ਐਨੀ ਛੇਤੀਂ ਫਲ ਕਿਵੇਂ ਲਗ ਗਿਆ ਕਿ ਪ੍ਰਭੂ ਆਪ ਹੀ ਉਤਰ ਲੈ ਕੇ ਆ ਗਿਆ। ਮਹਾਤਮਾ ਸਮਾਧਿਸ਼ਟ ਹੋ ਕੇ ਪ੍ਰਭੂ ਦੇ ਦਰ ਪੁਜੇ ਅਤੇ ਇਹ ਜਾਨਣ ਦੀ ਲਾਲਸਾ ਆਪ ਦੇ ਹਿਰਦੇ ਵਿਚ ਵੇਖ ਕੇ ਪ੍ਰਭੂ ਨੇ ਫੁਰਮਾਇਆ ਕਿ ਇਹ ਮੇਰਾ ਪਰਮ ਭਗਤ ਹੈ ਅਤੇ ਮੈਨੂੰ 'ਪਰ੍ਹੇ-ਪਰ੍ਹੇ' ਕਹਿ ਕੇ ਹਰਦਮ ਯਾਦ ਕਰਦਾ ਹੈ। ਮਹਾਤਮਾ ਜੀ ਇਹ ਸੁਣ ਕੇ ਹੈਰਾਨ ਹੋ ਗਏ ਕਿ ਹੇ ਪ੍ਰਭੂ! ਇਹ ਭੀ ਤੇਰਾ ਨਾਮ ਹੈ? ਪ੍ਰਭੂ ਕਹਿਣ ਲੱਗੇ ਕਿ ਸੰਸਾਰ ਮੈਨੂੰ 'ਅਪਰੰਪਰ' ਆਖਦਾ ਹੈ ਅਤੇ ਮੈਂ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ, ਹੋਂਦ ਤੋਂ ਪਰ੍ਹੇ ਆਪਣੇ ਸਰੂਪ ਵਿਚ ਆਪ ਹੀ ਇਸਥਿਤ ਹਾਂ ਅਤੇ 'ਪਰ੍ਹੇ-ਪਰ੍ਹੇ' ਮੇਰਾ ਨਾਮ ਇਸ ਪ੍ਰੇਮੀ ਨੇ ਜਪਿਆ ਹੈ।

ਸੋ, ਐਸੀਆਂ ਕਥਾਵਾਂ ਸੁਣਾ ਕੇ ਮਹਾਂਪੁਰਸ਼ ਗੁਰਮੰਤਰ ਵਿਚ ਪੂਰਨ ਵਿਸ਼ਵਾਸ਼ ਕਰਾਉਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਤਕ ਜਪਣ ਵਾਲੇ ਮੰਤਰ ਵਿਚ ਵਿਸ਼ਵਾਸ਼ ਹੀ ਨਹੀਂ ਹੋਇਆ ਤਾਂ ਮਨ ਡਾਵਾਂ-ਡੋਲ ਰਿਹਾ ਅਤੇ ਇਸ ਕਰਕੇ ਮੰਤਰ ਫਲੀਭੂਤ ਨਹੀਂ ਹੋਇਆ ਕਰਦਾ। ਇਸ ਕਰਕੇ ਨਾਮ ਜਪਣ ਲਈ ਗੁਰੂ ਦੇ ਮੰਤਰ ਉਤੇ ਪ੍ਰਤੀਤ ਹੋਣੀ ਅਤੀ ਜ਼ਰੂਰੀ ਹੈ।

**੪. ਨਾਮ ਦੀ ਮਹਿਮਾ ਉਤੇ ਵਿਸ਼ਵਾਸ਼** - ਇਸੇ ਤਰ੍ਹਾਂ ਨਾਮ ਦੀ ਮਹਿਮਾ ਉਤੇ ਜਦੋਂ ਤਕ ਵਿਸ਼ਵਾਸ਼ ਨਹੀਂ ਆਉਂਦਾ, ਓਨੇ ਚਿਰ ਤਕ ਨਾਮ ਨੂੰ ਇਕ ਬਹੁਤ ਹੀ ਸਸਤਾ ਜਿਹਾ ਪਦਾਰਥ ਮੰਨਦਾ ਹੈ - ਜਗਿਆਸੂ। ਪਰ ਨਾਮ ਦੀ ਮਹਿਮਾ ਕੇਵਲ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ ਅਤੇ ਸੰਸਾਰ ਨੂੰ ਅਮੋਲਕ ਨਾਮ ਦੀ ਮਹਿਮਾ ਉਤੇ ਕੋਈ

ਭਰੋਸਾ ਨਹੀਂ, ਵਿਸ਼ਵਾਸ਼ ਨਹੀਂ ਅਤੇ ਵਿਸ਼ਵਾਸ਼ ਤੋਂ ਹੀਣਾ ਮਨੁਖ ਨਾਮ ਦੀ ਪ੍ਰਾਪਤੀ ਲਈ ਕੋਈ ਵੀ ਸਾਧਨ ਨਹੀਂ ਕਰਦਾ।

ਮਾਤਾ ਲੋਈ ਅਤੇ ਭਗਤ ਕਬੀਰ ਜੀ ਦੀ ਸਾਖੀ ਸਭ ਨੇ ਸੁਣੀ ਹੈ, ਜਿਸ ਵਿਚ ਮਾਤਾ ਲੋਈ ਜੀ ਨੇ ਇਕ ਰਾਜੇ ਦਾ ਰੋਗ ਦੂਰ ਕਰਨ ਲਈ ਤਿੰਨ ਵਾਰ ਉਸ ਤੋਂ 'ਰਾਮ' ਕਹਾਇਆ ਸੀ। ਪਰ ਤਿੰਨ ਵਾਰ 'ਰਾਮ' ਕਹਾਉਣਾ ਭਗਤ ਕਬੀਰ ਜੀ ਦੇ ਮਨ ਵਿਚ ਨ ਭਾਇਆ ਅਤੇ ਨਰਾਜ਼ਗੀ ਪ੍ਰਗਟ ਕੀਤੀ। ਤਾਂ ਮਾਤਾ ਲੋਈ ਨੇ ਬੇਨਤੀ ਕੀਤੀ, "ਮਹਾਰਾਜ! ਮੈਂ ਪਹਿਲੀ ਵਾਰੀ 'ਰਾਮ' ਕਹਾ ਕੇ ਰਾਜੇ ਦੇ ਕਰੋੜਾਂ ਪਾਪਾਂ ਨੂੰ ਖਤਮ ਕੀਤਾ; ਦੂਸਰੀ ਵਾਰ 'ਰਾਮ' ਉਸ ਦੇ ਰੋਗੀ ਸਰੀਰ ਨੂੰ ਅਰੋਗ ਕਰਨ ਵਾਸਤੇ ਕਹਾਇਆ ਅਤੇ ਤੀਸਰੀ ਵਾਰ 'ਰਾਮ' ਉਸਨੂੰ ਮੰਤਰ ਰੂਪ ਦਿਤਾ ਤਾਂ ਕਿ ਫੇਰ ਮੁੜ ਕੇ ਵਿਕਾਰਾਂ ਵਿਚ ਪਰਵਿਰਤ ਨ ਹੋ ਜਾਵੇ।"

ਸੋ, ਇਸ ਤਰ੍ਹਾਂ ਨਾਮ ਦੀ ਮਹਿਮਾ ਸੰਤ ਜਨਾਂ ਦੇ ਹਿਰਦਿਆਂ ਵਿਚ ਵਸਦੀ ਹੈ। ਜਦੋਂ ਤਕ ਇਹ ਮਹਿਮਾ ਇਸ ਡਿਗਰੀ ਤਕ ਹਿਰਦੇ ਵਿਚ ਨਹੀਂ ਵਸਦੀ, ਜਗਿਆਸੂ ਨਾਮ ਜਪਣ ਵੇਲੇ ਅਨੇਕਾਂ ਹੀ ਫੁਰਨਿਆਂ ਵਿਚ ਪਿਆ ਰਹਿੰਦਾ ਹੈ।

**੫. ਪੰਜਵਾਂ ਗੁਣ ਪ੍ਰਭੂ ਦੀ ਸੱਤਾ ਉਪਰ ਵਿਸ਼ਵਾਸ਼ ਰੱਖਣਾ** – ਕਿ ਸੰਸਾਰ ਵਿਚ ਸਾਰੇ ਹੀ ਜੀਵ ਜੰਤੂ ਹੁਕਮ ਵਿਚ ਕਾਰ ਕਰ ਰਹੇ ਹਨ ਅਤੇ ਹਰ ਜੀਵ ਦੇ ਨਾਲ ਹੁਕਮ ਰਾਹੀਂ ਲੇਖ ਲਿਖੇ ਹੋਏ ਹਨ। ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਜਿਵੇਂ ਕਿ ***'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'*** ਅਤੇ ***'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।'*** ਐਸੇ ਅਨੇਕਾਂ ਗੁਰਬਾਣੀ ਦੇ ਫੁਰਮਾਨਾਂ ਰਾਹੀਂ ਇਸ ਜੀਵ ਨੂੰ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਲਈ ਪ੍ਰੇਰਿਆ ਗਿਆ ਹੈ ਕਿਉਂਕਿ ਇਸ ਹੁਕਮ ਦੀ ਰਜ਼ਾ ਵਿਚ ਖਿੜੇ ਮੱਥੇ ਰਹਿਣਾ ਨਾਮ ਦਾ ਸਹਾਇਕ ਹੋਇਆ ਕਰਦਾ ਹੈ ਜਿਵੇਂ ਕਿ ਭਾਈ ਭਿਖਾਰੀ ਜੀ ਦਾ ਪੁਤਰ ਮ੍ਰਿਤੂ ਹੋ ਗਿਆ ਸੀ ਪਰ ਆਪ ਵਿਆਹ ਦੇ ਕਾਰਜ ਦੌਰਾਨ ਭੀ ਇਕ ਰਸ ਬਿਰਤੀ ਵਿਚ ਰਾਜ਼ੀ ਰਹੇ।

**੬. ਵਾਸ਼ਨਾਵਾਂ ਤੋਂ ਆਪਣੇ ਮਨ ਨੂੰ ਅਛੋਹ ਰਖਣਾ–** ਕਿਉਂਕਿ ਜਨਮ ਮਰਨ ਦਾ ਹੇਤੂ ਕੇਵਲ ਇਹ ਛਿਨ ਭੰਗਰ ਸੁਖ ਦੇਣ ਵਾਲੀਆਂ ਵਾਸ਼ਨਾਵਾਂ ਹੀ ਹੋਇਆ ਕਰਦੀਆਂ ਹਨ ਅਤੇ ਵਾਸ਼ਨਾਵਾਂ ਦਾ ਬੰਨ੍ਹਿਆਂ ਹੋਇਆ ਜੀਵ ਇਸ ਸੰਸਾਰ ਰੂਪੀ ਭਵਸਾਗਰ ਵਿਚ ਸਦੀਵ ਕਾਲ ਗੋਤੇ ਖਾਂਦਾ ਰਹਿੰਦਾ ਹੈ। ਵਾਸ਼ਨਾਵਾਂ ਦਾ ਅਸਰ ਐਨਾ ਗਹਿਰਾ ਚਲਿਆ ਜਾਂਦਾ ਹੈ ਕਿ ਭੁੱਲਿਆ ਹੀ ਨਹੀਂ ਕਰਦਾ।

ਯੋਗ ਵਸ਼ਿਸ਼ਟ ਵਿਚ ਆਇਆ ਹੈ ਕਿ ਇਕ ਵਾਰ ਵਸ਼ਿਸ਼ਟ ਜੀ, ਜੋ ਕਿ ਸ੍ਰੀ ਰਾਮਚੰਦਰ ਜੀ ਦੇ ਗੁਰੂ ਸਨ, ਨੇ ਸ੍ਰੀ ਰਾਮ ਚੰਦਰ ਜੀ ਤੋਂ ਅਧਿਆਤਮਕ ਸਭਾ ਵਿਚ ਬੈਠਿਆਂ ਉਚੀ-ਉਚੀ ਹੱਸਣ ਦੇ ਕਾਰਨ ਦੀ ਸਪਸ਼ਟਤਾ ਲਈ ਬੇਨਤੀ ਕੀਤੀ, ਤਾਂ ਸ੍ਰੀ ਰਾਮ ਚੰਦਰ ਜੀ ਨੇ ਫੁਰਮਾਇਆ ਕਿ ਮੈਂ ਇਸ ਟੁੱਟੀਆਂ ਹੋਈਆਂ ਲੱਤਾਂ ਵਾਲੇ ਕੀੜੇ ਨੂੰ, ਜੋ ਕਿ ਦੀਵਾਰ ਉਪਰ ਚੜ੍ਹ ਰਿਹਾ ਹੈ, ਦੇਖ ਕੇ ਹੱਸਿਆ ਹਾਂ ਕਿਉਂਕਿ ਇਸ ਦੀ ਮਨੋਬਿਰਤੀ ਜਾਣ ਕੇ ਮੈਨੂੰ ਅਸਚਰਜਤਾ ਹੋਈ ਹੈ ਕਿ ਇਹ ਜੀਵ ਅੱਜ ਤੋਂ ਪਹਿਲਾਂ ੧੪ ਵਾਰ ਸਵਰਗ ਦੇ ਰਾਜੇ ਇੰਦਰ ਦੀ ਪਦਵੀ ਉਤੇ ਸ਼ੁਸ਼ੋਭਿਤ ਹੋ ਚੁਕਿਆ ਹੈ ਪਰ ਵਾਸ਼ਨਾਵਾਂ ਦਾ ਬੰਨ੍ਹਿਆਂ ਹੋਇਆ ਚੁਰਾਸੀ ਦੇ ਚੱਕਰ ਵਿਚ ਅਜੇ ਭੀ ਘੁਮੇਟਣੀਆਂ ਖਾ ਰਿਹਾ ਹੈ ਅਤੇ ਅਜੇ ਭੀ ਇਸ ਦੇ ਮਨ ਵਿਚ ਇਹ ਹੈ ਕਿ ਮੈਂ ਮਨੁੱਖ ਦਾ ਜਨਮ ਧਾਰ ਕੇ ਇਕ ਸੌ ਜੱਗ ਨਿਰਵਿਘਨ ਕਰਕੇ ਮੁੜ ਇੰਦਰ ਦੀ ਪਦਵੀ ਪ੍ਰਾਪਤ ਕਰਾਂ। ਇਸ ਮੂਰਖ ਨੂੰ ਇਹ ਗਿਆਨ ਨਹੀਂ ਕਿ ਮੈਂ ਗੁਰੂ ਦੀ ਸੰਗਤ ਕਰਕੇ, ਵਾਸ਼ਨਾਵਾਂ ਦਾ ਤਿਆਗ ਕਰਕੇ ਪਰਮ ਪਦ ਨੂੰ ਪ੍ਰਾਪਤ ਕਰਾਂ ਅਤੇ ਸਦੀਵ ਕਾਲ ਲਈ ਪਰਮ ਸੁਖ ਵਿਚ ਲੀਨ ਹੋ ਜਾਵਾਂ।

ਸੋ, ਇਸ ਪ੍ਰਕਾਰ ਬਹੁਤ ਕਿਸਮ ਦੀਆਂ ਵਾਸ਼ਨਾਵਾਂ ਸਾਡੇ ਅੰਤਸ਼ਕਰਨ ਵਿਚ ਛੁਪੀਆਂ ਪਈਆਂ ਹਨ ਅਤੇ ਇਹ ਨਾਮ ਜਪਣ ਵਿਚ ਬਹੁਤ ਹੀ ਵਿਘਨਕਾਰੀ ਹੋਇਆ ਕਰਦੀਆਂ ਹਨ। ਜਦੋਂ ਤਾਂਈਂ ਅਸੀਂ ਪ੍ਰਭੂ ਦੇ ਹੁਕਮ ਵਿਚ ਨਹੀਂ ਰਹਿੰਦੇ, ਵਾਸ਼ਨਾਵਾਂ ਸਾਨੂੰ ਜਨਮ ਮਰਨ ਦੇ ਗੇੜ

ਵਿਚ ਘੁਮਾਉਂਦੀਆਂ ਹੀ ਰਹਿਣਗੀਆਂ। ਧਨ ਵਾਸ਼ਨਾ, ਪੁਤਰ ਵਾਸ਼ਨਾ, ਲੋਕ ਵਾਸ਼ਨਾ, ਸਵਰਗ ਵਾਸ਼ਨਾ, ਸ਼ਾਸ਼ਤਰ ਵਾਸ਼ਨਾ, ਅਨੁਸ਼ਠਾਨ ਵਾਸ਼ਨਾ, ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਦੀ ਵਾਸ਼ਨਾ, ਰਾਜਸੀ ਸ਼ਕਤੀ ਦੀ ਪ੍ਰਾਪਤੀ ਦੀ ਵਾਸ਼ਨਾ ਇਤਿਆਦਿ ਅਨੇਕਾਂ ਵਾਸ਼ਨਾਵਾਂ ਅੰਤਸ਼ਕਰਣ ਵਿਚ ਮੌਜੂਦ ਹਨ ਜਿਨ੍ਹਾਂ ਕਰਕੇ ਜੀਵ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦਾ। ਇਸ ਲਈ ਵਾਸ਼ਨਾਵਾਂ ਤੋਂ ਰਹਿਤ ਹੋ ਕੇ ਜਦੋਂ ਗੁਰ ਮੰਤਰ ਦਾ ਜਾਪ ਕਰਾਂਗੇ ਤਾਂ ਇਹ ਸ਼ੀਘ੍ਰ ਹੀ ਫਲੀਭੂਤ ਹੋ ਕੇ ਨਾਮ ਮੰਡਲ ਵਿਚ ਨਿਵਾਸ ਕਰ ਦੇਵੇਗਾ।

**੭. ਨਾਮ ਜਪਣ ਲਈ ਦ੍ਰਿੜ੍ਹ ਲਗਨ** - ਜਿਸ ਤਰ੍ਹਾਂ ਭਗਤ ਪ੍ਰਹਿਲਾਦ ਅਤੇ ਭਗਤ ਧਰੂ ਜੀ ਨੇ ਦ੍ਰਿੜ੍ਹਤਾ ਨਾਲ ਨਾਮ ਦੀ ਅਰਾਧਨਾ ਕੀਤੀ। ਭਗਤ ਧਰੂ ਨੇ ਨਾਰਦ ਤੋਂ ਉਪਦੇਸ਼ ਪ੍ਰਾਪਤ ਕਰਕੇ ਆਪਣੇ ਆਪ ਨੂੰ ਭਜਨ ਵਿਚ ਲੀਨ ਕਰ ਦਿਤਾ, ਉਸਦੀ ਦ੍ਰਿੜ੍ਹਤਾ ਨੂੰ ਦੇਖ ਕੇ ਜਗਤ ਹੈਰਾਨ ਹੋ ਗਿਆ। ਇਸ ਪਰਥਾਇ ਗੁਰਬਾਣੀ ਅੰਦਰ ਫੁਰਮਾਨ ਹੈ -

***ਨਾਰਦ ਕਹਤ ਸੁਨਤ ਧ੍ਰੂਅ ਬਾਰਿਕ***
***ਭਜਨ ਮਾਹਿ ਲਿਪਟਾਨੋ॥***

***ਪੰਨਾ - ੯੩੦***

ਇਕ ਥਾਂ ਹੋਰ ਫੁਰਮਾਨ ਹੈ -

***ਹਸਤੀ ਸਿਰਿ ਜਿਉ ਅੰਕਸੁ ਹੈ***
***ਅਹਰਣਿ ਜਿਉ ਸਿਰੁ ਦੇਇ॥***
***ਮਨੁ ਤਨੁ ਆਗੈ ਰਾਖਿ ਕੈ***
***ਊਭੀ ਸੇਵ ਕਰੇਇ॥***

***ਅੰਗ - ੬੪੭***

ਨਿਸ਼ਕਾਮਤਾ ਸਹਿਤ ਗੁਰੂ ਦੀ ਸੇਵਾ ਕਰਨ ਨਾਲ ਅੰਤਸ਼ਕਰਨ ਵਿਚ ਨਿਰਮਲਤਾਈ ਦਾ ਪ੍ਰਕਾਸ਼ ਹੁੰਦਾ ਹੈ ਅਤੇ ਇਸ ਤਰ੍ਹਾਂ ਜਨਮਾਂ ਜਨਮਾਂਤਰਾਂ ਦੀ ਲੱਗੀ ਹੋਈ ਮੈਲ ਨੂੰ ਨਾਮ ਦਾ ਜਾਪ ਧੋ ਦਿੰਦਾ ਹੈ ਅਤੇ ਸੇਵਾ ਕਰਨ ਨਾਲ ਸ਼ੀਘਰ ਹੀ ਸਿੱਧਤਾ ਪ੍ਰਾਪਤ ਹੋ ਜਾਂਦੀ ਹੈ। ਪਰ ਸੇਵਾ ਕਰਨ ਲਈ ਗੁਰੂ ਮਹਾਰਾਜ ਦੇ ਸਿਧਾਂਤ ਨੂੰ ਅਪਨਾਉਣਾ ਅਤੀ ਜ਼ਰੂਰੀ ਹੈ ਕਿ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***

***ਪੰਨਾ - ੨੮੭***

ਇਸ ਤੋਂ ਅਗੇ ਦੋ ਵੱਡੇ ਦੋਸ਼ ਹੁੰਦੇ ਹਨ - **ਉਸਤਤਿ ਅਤੇ ਨਿੰਦਾ।** ਆਪਣੀ ਉਸਤਤਿ ਸੁਣ ਕੇ ਮਨੁਖ ਦੇ ਮਨ ਵਿਚ ਬਹੁਤ ਖੁਸ਼ੀ ਹੁੰਦੀ ਹੈ ਅਤੇ ਇਸਦੇ ਵਿਪ੍ਰੀਤ ਨਿੰਦਿਆ ਸੁਣ ਕੇ ਮਨੁਖ ਦਾ ਮਨ ਉਦਾਸੀਨਤਾ ਵਿਚ ਆ ਜਾਂਦਾ ਹੈ। ਫੇਰ ਇਹ ਦੋਵੇਂ - ਉਸਤਤਿ ਅਤੇ ਨਿੰਦਿਆ, ਰਾਗ ਅਤੇ ਦਵੈਸ਼ ਦਾ ਕਲੇਸ਼ ਪੈਦਾ ਕਰਕੇ ਮਨ ਨੂੰ ਵਿਚਲਤ ਕਰਦੀਆਂ ਹਨ ਅਤੇ ਭਜਨ ਕਰਨ ਵਿਚ ਮਨ ਨਹੀਂ ਲਗਦਾ ਸਗੋਂ ਅਨੇਕ ਕਿਸਮ ਦੇ ਫੁਰਨੇ ਉਠਦੇ ਰਹਿੰਦੇ ਹਨ। ਇਸ ਲਈ ਗੁਰੂ ਬਾਬਾ ਜੀ ਨੇ ਇਨ੍ਹਾਂ ਦੋਨਾਂ ਦਾ ਤਿਆਗ ਕਰਾਉਂਦੇ ਹੋਏ ਫੁਰਮਾਨ ਕੀਤਾ ਕਿ ਨਿਰਬਾਣ ਪਦਵੀ ਦੀ ਖੋਜ ਕਰੋ। ਸੋ ਇਸ ਪ੍ਰਕਾਰ ਉਸਤਤਿ ਨਿੰਦਿਆ ਦੋਨੋਂ ਹੀ ਬਹੁਤ ਵਿਘਨਕਾਰੀ ਹਨ। ਇਨ੍ਹਾਂ ਤੋਂ ਇਲਾਵਾ ਹੋਰ ਸ਼ੁਭ ਗੁਣ ਜਿਵੇਂ ਕਿ ਧੀਰਜ, ਖਿਮਾ, ਦਾਨ, ਕੋਮਲ ਹਿਰਦਾ, ਸਤਿ ਦਾ ਜੀਵਨ ਅਤੇ ਕੋਮਲ ਬਚਨ ਕਰਨੇ ਜਗਿਆਸੂ ਦੇ ਰਾਹ ਵਿਚ ਬਹੁਤ ਸਹਾਇਕ ਹੋਇਆ ਕਰਦੇ ਹਨ; ਨਿਰਮਾਣਤਾ, ਭਜਨ ਬੰਦਗੀ ਕਰਨ ਵਾਲੇ ਦਾ ਅਤਿ ਉਤਮ ਭੂਸ਼ਣ (ਗਹਿਣਾ) ਹੋਇਆ ਕਰਦਾ ਹੈ। ਜੀਵਨ ਨੂੰ ਗੁਰੂ ਮਹਾਰਾਜ ਵਲੋਂ ਦੱਸੀ ਮਰਯਾਦਾ ਵਿਚ ਰਖਣਾ ਜਿਵੇਂ ਕਿ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***

***ਅੰਗ - ੨੭੪***

***ਕਰਨ ਨ ਸੁਨੈ ਕਾਹੂ ਕੀ ਨਿੰਦਾ॥***

***ਅੰਗ - ੨੭੪***

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ***
***ਪਲੈ ਸਭੁ ਕਿਛੁ ਪਾਇ॥***

***ਅੰਗ - ੧੩੮੧***

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥***

***ਅੰਗ - ੨੫੯***

***ਬਿਨ ਸੇਵਾ ਧ੍ਰਿਗ ਹਥ ਪੈਰ***

*ਹੋਰ ਨਿਹਫਲ ਕਰਣੀ॥*

***ਭਾਈ ਗੁਰਦਾਸ ਜੀ, ਵਾਰ*** -

ਇਨ੍ਹਾਂ ਉਪਦੇਸ਼ਾਂ ਦੇ ਪ੍ਰਕਾਸ਼ ਵਿਚ ਜਿਉਣਾ ਹੀ ਮਰਯਾਦਾ ਦਾ ਜੀਵਨ ਹੋਇਆ ਕਰਦਾ ਹੈ।

ਫੇਰ, ਪਵਿੱਤਰਤਾ ਬਹੁਤ ਹੀ ਵੱਡਾ ਗੁਣ ਹੈ। ਸਰੀਰ ਦੀ ਪਵਿਤ੍ਰਤਾ, ਅਨੇਕਾਂ ਰੋਗਾਂ ਅਤੇ ਵਿਘਨਾਂ ਤੋਂ ਬਚਾ ਕੇ ਰਖਦੀ ਹੈ। ਇਸੇ ਵਾਸਤੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਜ਼ਰੂਰੀ ਦੱਸਿਆ ਹੈ। ਇਸ ਤੋਂ ਉਪਰ ਅਪਣੇ ਵਾਕ ਦੀ ਪਵਿਤ੍ਰਤਾ ਵੀ ਜ਼ਰੂਰੀ ਹੈ ਕਿਉਂਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਫਿਕਾ ਬੋਲਿ ਵਿਗੁਚਣਾ*
*ਸੁਣਿ ਮੂਰਖ ਮਨ ਅਜਾਣ॥*

***ਅੰਗ - ੧੫***

ਫੇਰ -

*ਨਾਨਕ ਫਿਕੈ ਬੋਲਿਐ*
*ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ*
*ਫਿਕੇ ਫਿਕੀ ਸੋਇ॥*
*ਫਿਕਾ ਦਰਗਹਿ ਸਟੀਐ*
*ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ*
*ਪਾਣਾ ਲਹੈ ਸਜਾਇ॥*

***ਅੰਗ - ੪੭੩***

**੮. ਮਨ ਦੀ ਪਵਿੱਤਰਤਾ** - ਮਨ ਵਿਚ ਕਿਸੇ ਨਾਲ ਭੀ ਰਾਗ ਦਵੈਸ਼ ਰੂਪੀ ਮੈਲ ਨ ਰਖੇ, ਕਿਸੇ ਦੀ ਬੁਰਾਈ ਚਿਤਵਣੀ ਨ ਕਰੇ, ਬੁਧੀ ਦੇ ਨਾਲ ਕਿਸੇ ਨੂੰ ਧੋਖਾ ਫਰੇਬ ਕਰਨ ਵਾਲਾ ਸੁਝਾਉ ਨ ਦੇਵੇ।

ਇਸੇ ਤਰ੍ਹਾਂ ਅਹਿੰਸਾ ਰਖੇ, ਅਰਥਾਤ ਹਿੰਸਾ ਤੋਂ ਆਪਣੇ ਮਨ ਨੂੰ ਸਾਫ-ਸੁਥਰਾ ਰਖੇ। ਨ ਹੀ ਸਰੀਰਕ ਹਿੰਸਾ, ਨ ਹੀ ਵਾਕ ਹਿੰਸਾ, ਨ ਹੀ ਮਾਨਸਿਕ ਹਿੰਸਾ ਅਤੇ ਨ ਹੀ ਬੁਧੀ ਰਾਹੀਂ ਹਿੰਸਾ ਅਤੇ ਨ ਹੀ ਆਪਣੀਆਂ ਸ਼ਕਤੀਆਂ ਰਾਹੀਂ ਹਿੰਸਾ ਕਰੇ। ਇਸ ਦੀ ਥਾਂ ਤਨੋ ਮਨੋ ਹੋ ਕੇ ਅਰਦਾਸਿ ਕਰੇ ਕਿ ਹੇ ਵਾਹਿਗੁਰੂ! 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਇਸ ਭਾਵਨਾ ਨੂੰ ਮਨ ਵਿਚ ਰਖ ਕੇ ਕਿਸੇ ਪ੍ਰਾਣੀ ਨਾਲ ਵੈਰ ਅਤੇ ਹਿੰਸਾ ਭਾਵਨਾ ਨ ਰਖੇ, ਸਗੋਂ ਅਹਿੰਸਾ ਦਾ ਪਾਲਣ ਕਰੇ। ਲੰਗਰ ਨੂੰ ਵੰਡ ਕੇ ਛਕਣਾ, ਗੁਰੂ ਦਾ ਦਸਵੰਧ ਦੇਣਾ ਆਦਿ ਨਿਰਮਲ ਕਰਮ ਹਨ। ਦਾਨ ਦੇਣ ਦੀ ਬਿਰਤੀ ਮਨੁਖ ਨੂੰ ਮਾਇਆ ਦੇ ਮੋਹ ਤੋਂ ਮੁਕਤ ਕਰ ਦਿੰਦੀ ਹੈ। ਸੰਤੋਖ ਹਿਰਦੇ ਵਿਚ ਧਾਰਨ ਕਰੇ ਅਤੇ ਮਾਨਸਿਕ ਮੌਨ ਦੀ, ਇੰਦ੍ਰੀਆਂ ਦੀ ਖੁੱਲ੍ਹੀ ਉਡਾਰੀ ਨੂੰ ਰੋਕ ਕੇ ਪਾਲਣਾ ਕਰੇ।

ਸੋ ਜਦੋਂ ਅਸੀਂ ਆਪਣੀਆਂ ਗਿਆਨ ਇੰਦ੍ਰੀਆਂ ਨੂੰ ਅਤੇ ਮਨ ਨੂੰ ਸਾਧ ਲਵਾਂਗੇ, ਫੇਰ ਸਾਡੇ ਲਈ ਨਾਮ ਜਪਣਾ ਬਹੁਤ ਹੀ ਸਹਿਲ ਹੋ ਜਾਵੇਗਾ।

ਇਸ ਤਰ੍ਹਾਂ ਨਾਲ ਜਦੋਂ ਅਸੀਂ ਆਪਣੀ ਤਨ ਰੂਪੀ ਧਰਤੀ ਨੂੰ ਸਾਧ ਕੇ ਇਸ ਵਿਚ ਜੁਗਤਿ ਅਨੁਸਾਰ ਗੁਰ ਮੰਤਰ ਰੂਪੀ ਨਾਮ ਦਾ ਬੀਜ ਬੀਜਾਂਗੇ ਅਤੇ ਉਪਰ ਦੱਸੇ ਅਨੁਸਾਰ ਕਮਾਈ ਕਰਾਂਗੇ ਤਾਂ ਨਾਮ ਛੇਤੀਂ ਹੀ ਫਲੀਭੂਤ ਹੋ ਜਾਵੇਗਾ ਅਤੇ ਨਵ ਨਿਧੀਆਂ, ਅਠਾਰਾਂ ਸਿਧੀਆਂ ਪਿਛੇ ਲਗੀਆਂ ਫਿਰਨਗੀਆਂ ਅਤੇ ਨਾਮ ਦੇ ਮੰਡਲ ਵਿਚ ਪਰਵੇਸ਼ ਕਰਕੇ ਨਾਮ-ਅੰਮ੍ਰਿਤ ਨੂੰ ਪੀ ਕੇ ਅਤੇ ਦਿਬ ਦ੍ਰਿਸ਼ਟੀ ਪ੍ਰਾਪਤ ਕਰਕੇ, ਸਾਰੀਆਂ ਘਟਾਂ ਵਿਚ ਪ੍ਰਭੂ ਨੂੰ ਰਮਿਆ ਹੋਇਆ ਵੇਖ ਕੇ ਆਪਣੀ ਹੋਂਦ ਨੂੰ ਪ੍ਰਭੂ ਵਿਚ ਲੀਨ ਕਰਾਂਗੇ ਤਾਂ ਫੇਰ ਇਹ ਜਨਮ ਜਨਮਾਤਰਾਂ ਤੋਂ ਵਿਛੁੜਿਆ ਹੋਇਆ ਜੀਵ, ਪ੍ਰਭੂ ਰੂਪ ਹੋ ਨਿਬੜੇਗਾ ਅਤੇ ਸਾਰਿਆਂ ਦੁਖਾਂ ਤੋਂ ਛੁਟਕਾਰਾ ਪਾ ਕੇ ਆਪਣੇ ਅਸਲੀ ਸਰੂਪ **'ਸਤਿ ਚਿਤ ਅਨੰਦ'** ਵਿਚ ਪ੍ਰਗਟ ਹੋ ਜਾਵੇਗਾ।

# "ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ"

ਸੰਨ ੧੬੬੬ ਈਸਵੀ (ਸੰਮਤ ੧੭੨੩ ਬਿਕ੍ਰਮੀ ਪੋਹ ਸੁਦੀ ਸੱਤਵੀਂ) ਦੀ ਸੁਭਾਗੀ ਰਾਤ ਨੂੰ ਸਾਰੇ ਅਕਾਸ਼ ਮੰਡਲ ਵਿਚ ਇਕ ਮਹਾਨ ਪ੍ਰਕਾਸ਼ ਹੋਇਆ ਅਤੇ ਗੁਰੂ ਦਸਮੇਸ਼ ਪਿਤਾ ਜੀ ਸੰਸਾਰ ਦੇ ਕਰਮ ਮੰਡਲ ਉਪਰ ਪ੍ਰਵੇਸ਼ ਹੋਏ। ਉਚੀਆਂ ਉਡਾਰੀਆਂ ਵਾਲੀਆਂ ਰੂਹਾਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਇਕ ਭੀਖਣ ਸ਼ਾਹ ਫਕੀਰ, ਘੁੜਾਮ (ਜ਼ਿਲ੍ਹਾ ਪਟਿਆਲਾ) ਨਿਵਾਸੀ ਨੂੰ ਭੀ ਪ੍ਰਤੱਖ ਰੂਪ ਵਿੱਚ ਇਹ ਮਹਾਨ ਪ੍ਰਕਾਸ਼ ਪਟਨੇ ਵਿਖੇ ਇਕ ਬਾਲ ਸਰੀਰ ਵਿਚ ਪ੍ਰਵੇਸ਼ ਕਰਦਾ ਦਿਸਿਆ; ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆਇਆ ਹੈ। ਹੋਰ ਭੀ ਕਈ ਪੁੱਗੀਆਂ ਹੋਈਆਂ ਰੂਹਾਂ ਨੂੰ ਇਸ ਮਹਾਨ ਪ੍ਰਕਾਸ਼ ਦਾ ਅਨੁਭਵ ਹੋਇਆ। ਇਹ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਇਆ ਕਰਦੀ। ਆਦਮੀ ਦੇ ਅੰਦਰ ਪਰਮੇਸ਼ਰ ਨੇ ਅਜਿਹੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਪੂਰੀ ਤਰ੍ਹਾਂ ਨਾਲ ਗਿਆਨ ਹੋ ਜਾਇਆ ਕਰਦਾ ਹੈ। ਜਗਤ ਤਾਰਕ ਗੁਰੂ ਨਾਨਕ ਸਾਹਿਬ ਜੀ ਏਮਨਾਬਾਦ (ਪਾਕਿਸਤਾਨ) ਵਿੱਚ ਸਨ ਜਦੋਂ ਆਪ ਜੀ ਨੇ ਇਲਾਹੀ ਸ਼ਬਦ ਦਾ ਉਚਾਰਣ ਕਰਕੇ ਇਉਂ ਫੁਰਮਾਨ ਕੀਤਾ ਸੀ-

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ***
***ਜੋਰੀ ਮੰਗੈ ਦਾਨੁ ਵੇ ਲਾਲੋ॥***

***(ਅੰਗ - ੭੨੨)***

ਇਸ ਸ਼ਬਦ ਵਿੱਚ ਅਗੇ ਜਾ ਕੇ ਫੁਰਮਾਨ ਕੀਤਾ ਕਿ-

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿੰਦੁਸਤਾਨੁ ਸਮਾਲਸੀ ਬੋਲਾ॥***

***(ਅੰਗ - ੭੨੨)***

ਇਸ ਸ਼ਬਦ ਦੇ ਉਚਾਰਣ ਹੋਣ ਤੋਂ ਪੂਰੇ ੧੩ ਸਾਲ ਬਾਅਦ ਬਾਬਰ ਨੇ ਇਸ ਸ਼ਹਿਰ ਨੂੰ ਲੁਟ-ਪੁੱਟ ਕੇ ਮਿੱਟੀ ਵਿਚ ਮਿਲਾ ਦਿੱਤਾ ਅਤੇ ਜਨਤਾ ਦੇ ਕਾਇਆਂ ਰੂਪੀ ਕਪੜੇ ਟੁਕੜੇ - ਟੁਕੜੇ ਹੋ ਕੇ ਬਾਜ਼ਾਰਾਂ ਵਿੱਚ ਰੁਲਦੇ ਰਹੇ ਸਨ। ਇਨ੍ਹਾਂ ਅਗੰਮੀ ਖੇਡਾਂ ਦਾ ਅਨੁਭਵ ਬੁੱਧੀ ਮੰਡਲ ਦੀ ਹੱਦ ਤੱਕ ਨਹੀਂ ਹੋਇਆ ਕਰਦਾ ਪਰ ਜਦੋਂ ਸੁਰਤਿ ਆਤਮ ਮੰਡਲ ਵਿਚ ਪ੍ਰਵੇਸ਼ ਕਰਦੀ ਹੈ ਅਤੇ ਇਕੋ ਆਤਮਾ ਨੂੰ ਸਾਰੇ ਪਰੀਪੂਰਨ ਸਾਖਸ਼ਾਤ ਕਰ ਲਵੇ ਤਾਂ ਅਜਿਹੇ ਕੌਤਕ ਵਾਪਰਨ ਵਾਲੇ ਸਮੇਂ ਤੋਂ ਪਹਿਲਾਂ ਹੀ ਦੇਖੇ ਜਾ ਸਕਦੇ ਹਨ। ਜਿਸ ਤਰ੍ਹਾਂ ਨਾਲ ਵੀਡੀਓ ਫਿਲਮ ਟੈਲੀਵਿਜ਼ਨ ਉਪਰ ਚੱਲ ਰਹੀ ਹੋਵੇ ਤਾਂ ਇਸ ਦਾ ਚਾਲਕ ਜੇ ਚਾਹੇ ਤਾਂ ਫਿਲਮ ਨੂੰ ਰਿਵਰਸ ਕਰਕੇ ਪਿਛੇ ਲੈ ਜਾ ਕੇ ਲੰਘ ਚੁਕੇ ਦ੍ਰਿਸ਼ ਦੇਖ ਸਕਦਾ ਹੈ ਅਤੇ ਫੇਰ ਫਾਰਵਰਡ ਕਰਕੇ ਅੱਗੋਂ ਆਉਣ ਵਾਲੇ ਦ੍ਰਿਸ਼ ਭੀ ਦੇਖ ਸਕਦਾ ਹੈ; ਐਨ੍ਹ ਉਸੇ ਤਰ੍ਹਾਂ ਨਾਲ ਮਹਾਂਪੁਰਖ ਭੂਤਕਾਲ ਵਿਚ ਹੋ ਚੁਕੀਆਂ ਘਟਨਾਵਾਂ ਨੂੰ ਪ੍ਰਤੱਖ ਦੇਖ ਸਕਦੇ ਹਨ ਅਤੇ ਭਵਿੱਖਤ ਵਿਚ ਆਉਣ ਵਾਲੀਆਂ ਘਟਨਾਵਾਂ ਭੀ ਵੇਖੀਆਂ ਜਾ ਸਕਦੀਆਂ ਹਨ। ਅੰਜੀਲ ਅੰਦਰ ਮੁਕਾਸ਼ਫਾਤ ੧੯/੧੧ ਅਤੇ ੬/੨ ਵਿਚ ਈਸਾ ਜੀ ਵਲੋਂ ਭੀ ਭਵਿਖ ਦ੍ਰਿਸ਼ ਵੇਖਣ ਦੀ ਲਿਖਤ ਮਿਲਦੀ ਹੈ ਜੋ ਕਿ ਇਸ ਪ੍ਰਕਾਰ ਹੈ:-

"ਫਿਰ ਮੈਂ ਨੇ ਆਸਮਾਨ ਕੋ ਖੁਲ੍ਹਾ ਹੂਆ ਦੇਖਾ ਔਰ ਕਿਆ ਦੇਖਤਾ ਹੂੰ ਕਿ ਏਕ ਸਫੇਦ ਘੋੜਾ ਔਰ ਇਸ ਕਾ ਅਸਵਾਰ ਹੈ ਸੱਚਾ ਪਾਤਸ਼ਾਹ ਬਰਹੱਕ (ਖੁਦ ਕੋ) ਕਹਿਲਾਤਾ ਹੈ ਔਰ ਵੁਹ ਰਾਸਤੀ ਸੇ ਅਦਾਲਤ ਕਰਤਾ ਔਰ ਲਿਖਤਾ ਹੈ।"

"ਔਰ ਮੈ ਨੇ ਨਿਗਾਹ ਕੀ ਤੋ ਕਿਆ ਦੇਖਤਾ ਹੂੰ ਕਿ ਏਕ ਸਫੈਦ ਘੋੜਾ ਹੈ ਔਰ ਇਸ ਕਾ ਅਸਵਾਰ ਸਾਮਾਨ ਲੀਏ ਹੁਏ ਹੈ। ਔਰ ਮੈ ਦੇਖਤਾ ਹੂੰ ਕਿ ਇਸੇ ਏਕ ਤਾਜ ਦੀਅ ਗਿਆ ਹੈ ਔਰ ਵੁਹ ਫਤਿਹ ਕਰਤਾ ਹੁਆ ਨਿਕਲਾ ਤਾਂਕਿ ਔਰ ਵੀ ਫਤਿਹ ਕਰੇ।"

ਇਹ ਅਰਸ਼ੀ ਇਲਹਾਮ ਅਤੇ ਚਮਤਕਾਰ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਤੋਂ ੧੬੦੦ ਸਾਲ

ਪਹਿਲਾਂ ਪੈਗੰਬਰ ਈਸਾ ਜੀ ਨੂੰ ਰੱਬ ਜੀ ਵੱਲੋਂ ਵਿਖਾਇਆ ਗਿਆ ਜੋ ਉਨ੍ਹਾਂ ਨੇ ਅਪਣੇ ਚੇਲਿਆਂ ਨੂੰ ਦੱਸਿਆ ਸੀ। ਇਹ ਭੀ ਮਾਨੋ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪੈਗੰਬਰੀ ਤੇ ਆਮਦ ਦਰਸਾਉਣ ਦੀ ਪੇਸ਼ੀਨਗੋਈ ਕੀਤੀ ਲਗਦੀ ਹੈ ਕਿਉਂਕਿ ੧੬੦੦ ਸਾਲ ਦੇ ਸਮੇਂ ਵਿੱਚ ਇਸ ਸੰਸਾਰ ਉਪਰ ਹੋਰ ਕੋਈ ਅਜਿਹਾ ਪੈਗੰਬਰ ਨਹੀਂ ਆਇਆ ਜਿਸ ਦਾ ਘੋੜਾ ਸਫੈਦ ਹੋਵੇ ਅਤੇ ਤੀਰ ਕਮਾਨ ਦਾ ਧਾਰਨੀ ਅਤੇ ਵਿਸ਼ਵ ਪ੍ਰਸਿਧ ਹੋਵੇ। ਗੁਰੂ ਮਹਾਰਾਜ ਦਸਮੇਸ਼ ਪਿਤਾ ਜੀ ਹਲਕੇ ਨੀਲੇ ਘੋੜੇ ਦੇ ਸ਼ਾਹ-ਅਸਵਾਰ ਸਨ ਅਤੇ ਸੱਚੇ ਪਾਤਸ਼ਾਹ ਵੀ ਮੰਨੇ ਗਏ; ਉਹ ਸੱਚ ਦੀ ਅਦਾਲਤ (ਤਖ਼ਤ ਉਤੇ ਬੈਠ) ਕਰਦੇ ਰਹੇ। ਐਸਾ ਇਲਹਾਮ ਤੇ ਨੂਰੀ ਝਲਕਾਰਾ ਜੋ ੧੬੦੦ ਸਾਲ ਪਹਿਲਾਂ ਈਸਾ ਜੀ ਨੇ ਦੇਖਿਆ, ਅੱਜ ਪੁੱਗੀ ਹੋਈ ਮਹਾਨ ਆਤਮਾ ਪੀਰ ਭੀਖਣ ਸ਼ਾਹ ਨੂੰ ਭੀ ਪ੍ਰਭੂ ਨੇ ਕਿਰਪਾ ਕਰਕੇ ਵਿਖਾਇਆ। ਇਹ ਪੀਰ ਪਟਨੇ ਵਿੱਚ ਪਹੁੰਚ ਕੇ ਦਰਸ਼ਨ ਕਰਕੇ ਪਰਖਣ ਦਾ ਯਤਨ ਕਰਦਾ ਹੈ ਕਿ ਇਹ ਪੈਗੰਬਰ ਕਿਹੜੇ ਧਰਮ ਨਾਲ ਸਬੰਧ ਰਖੇਗਾ- ਕੀ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ। ਇਹ ਫਕੀਰ ਨੇ ਪਟਨੇ ਪਹੁੰਚ ਕੇ ਦਰਸ਼ਨ ਕੀਤੇ। ਪਹਿਲਾਂ ਪਲੰਘ ਦੇ ਨੇੜੇ ਜਾ ਕੇ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਦੇ ਨੈਣ ਪਾਣੀ ਨਾਲ ਤਰ ਹੋ ਚੁਕੇ ਸਨ। ਸਿੱਜਦਾ ਕਰਨ ਉਪਰੰਤ ਉਸ ਦਾ ਸਿਰ ਉਠਿਆ ਅਤੇ ਦੋਵੇਂ ਹੱਥ ਖੋਲ੍ਹੇ ਅਤੇ ਖੁੱਲ੍ਹੇ ਨੈਣਾਂ ਨੂੰ ਗੁਰੂ ਨੇਤਰਾਂ ਵੱਲ ਜੋੜ ਲਿਆ ਅਤੇ ਅਬੋਲ ਭਾਵਨਾ ਦੀ ਬੋਲੀ ਵਿੱਚ ਪੀਰ ਜੀ ਨੇ ਉਸੇ ਮਹਾਨ ਆਤਮਾ ਅੱਗੇ ਕੀ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਕੋਈ ਨਹੀਂ ਜਾਣ ਸਕਦਾ ਪਰ ਇਹ ਦੇਖਿਆ ਗਿਆ ਕਿ ਪੀਰ ਜੀ ਨੇ ਦੋ ਕੁੱਜੇ ਮਿਠਾਈ ਦੇ ਆਪਣੇ ਮੁਰੀਦਾਂ ਕੋਲੋਂ ਲੈ ਕੇ ਗੁਰੂ ਜੀ ਅੱਗੇ ਪੇਸ਼ ਕੀਤੇ ਜੋ ਗੁਰੂ ਮਹਾਰਾਜ ਜੀ ਦੇ ਦੋਵੇਂ ਪਾਸੇ ਹੱਥਾਂ ਦੇ ਨੇੜੇ ਟਿਕਾਏ। ਗੁਰੂ ਮਹਾਰਾਜ ਜੀ ਨੇ ਆਪਣੇ ਕੋਮਲ ਬਾਲ ਹਸਤ ਕਮਲ ਉਠਾਏ ਅਤੇ ਦੋਹਾਂ ਕੁੱਜਿਆਂ ਉਪਰ ਰੱਖ ਕੇ ਆਪ ਸਿਆਣੇ ਵਿਅਕਤੀਆਂ ਵਾਂਗ ਮੁਸਕਰਾਏ। ਪੀਰ ਜੀ ਨੇ ਭੇਦ ਸਮਝ ਲਿਆ, ਵਿਸਮਾਦ ਵਿੱਚ ਆਇਆ ਅਤੇ 'ਸੁਭਾਨ ਅੱਲਾ, ਸੁਭਾਨ ਅੱਲਾ' ਕਹਿੰਦਾ ਹੋਇਆ ਮੁੜ ਸਿੱਜਦਾ ਕਰਨ ਲੱਗਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਪ੍ਰੀਖਿਆ ਕੀਤੀ ਹੈ, ਹੇ ਵਲੀ ਅੱਲਾ! ਜਿਵੇਂ ਗੁਰੂ ਬਾਬਾ ਨਾਨਕ ਜੀ ਨੇ ਛੋਟੀ ਉਮਰ ਵਿੱਚ ਰਾਏ ਬੁਲਾਰ ਨੂੰ ਚਮਤਕਾਰ ਵਿਖਾ ਕੇ ਮੁਰੀਦ ਬਣਾ ਲਿਆ ਸੀ, ਤਿਵੇਂ ਹੀ ਮੈਨੂੰ ਆਪ ਨੇ ਗਿਆਨ ਕਰਾ ਕੇ ਮੁਰੀਦ ਬਣਾਇਆ ਹੈ, ਮੈਨੂੰ ਮੁਆਫ ਕਰ ਦੇਣਾ। ਇਸ ਤਰ੍ਹਾਂ ਦੇ ਨਾਲ ਪੀਰ ਭੀਖਣ ਸ਼ਾਹ ਨੇ ਪ੍ਰਤੱਖ ਸ਼ਕਤੀ ਵੇਖੀ। ਗੁਰੂ ਦਸਮੇਸ਼ ਪਿਤਾ ਜੀ ਨੇ ਇਸੇ ਹੀ ਘਟਨਾ ਨੂੰ ਸਪਸ਼ਟ ਕਰਦੇ ਹੋਏ ਅਪਣੀ ਰਚਨਾ 'ਅਕਾਲ ਉਸਤਤਿ' ਵਿੱਚ ਇਉਂ ਅੰਕਿਤ ਕੀਤਾ ਹੈ:-

***ਕੋਊ ਭਇਓ ਮੁੰਡੀਆ ਸੰਨਿਆਸੀ***
***ਕੋਊ ਜੋਗੀ ਭਇਓ***
***ਕੋਊ ਬ੍ਰਹਮਚਾਰੀ ਕੋਈ***
***ਜਤੀਅਨ ਮਾਨਬੋ॥***
***ਹਿੰਦੂ ਔ ਤੁਰਕ ਕੋਊ***
***ਰਾਫਸੀ ਇਮਮਸਾਫੀ***
***ਮਾਨਸ ਕੀ ਜਾਤ ਸਬੈ***
***ਏਕੈ ਪਹਿਚਾਨਬੋ॥***
***ਕਰਤਾ ਕਰੀਮ ਸੋਈ ਰਾਜ਼ਕ ਰਹੀਮ***
***ਓਈ ਦੂਸਰੋ ਨ ਭੇਦ ਕੋਈ***
***ਭੂਲ ਭਰਮ ਮਾਨਬੋ॥***
***ਏਕ ਹੀ ਕੀ ਸੇਵ ਸਭਹੀ***
***ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ***
***ਏਕੈ ਜੋਤ ਜਾਨਬੋ॥ (ਅੰਗ - ੧੫੯੫)***

ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ ਅਤੇ ਸੰਸਾਰ ਨੂੰ ਪੈਗਾਮ ਦਿੱਤਾ, ਉਸ ਰਾਹੀਂ ਆਪ ਜੀ ਨੇ ਫੁਰਮਾਇਆ ਹੈ ਕਿ ਆਦਮੀ ਦੇ ਅੰਦਰ ਇਕੋ ਪਰਮੇਸ਼ਰ ਦੀ ਜੋਤਿ ਪਸਰੀ ਹੋਈ ਹੈ:-

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ***
***ਤੈਸਾ ਤਿਨ ਨਾਉ॥***

*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*(ਅੰਗ - ੨੭੫)*

ਇਸ ਇਲਾਹੀ ਸਿਧਾਂਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਜੀਵਨ ਅੰਦਰ ਪ੍ਰਤੱਖ ਰੂਪ ਵਿਚ ਵਰਤੋਂ ਵਿਚ ਲਿਆਂਦਾ। ਆਪ ਨੂੰ ਜਿੰਨਾਂ ਸਤਿਕਾਰ ਦੇਹੁਰੇ ਦਾ ਸੀ, ਓਨਾਂ ਹੀ ਮਸੀਤ ਦਾ ਸੀ। ਆਪ ਪੂਜਾ ਕਰਨ ਵਾਲੇ ਨੂੰ ਭੀ ਸਤਿਕਾਰਦੇ ਸਨ ਅਤੇ ਨਿਮਾਜ਼ ਪੜ੍ਹਨ ਵਾਲੇ ਨੂੰ ਭੀ ਪਿਆਰਦੇ ਸਨ। ਇਨ੍ਹਾਂ ਗੱਲਾਂ ਦਾ ਸਹੀ ਸਰੂਪ ਆਪ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਭਾਸਦਾ ਹੈ। ਆਪ ਜੀ ਦੇ ਬਚਨ ਹਨ-

*ਦੇਹੁਰਾ ਮਸੀਤ ਸੋਈ*
*ਪੂਜਾ ਔ ਨਿਮਾਜ਼ ਓਈ*
*ਮਾਨਸ ਸਬੈ ਏਕ ਪੈ*
*ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੈਛ*
*ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ*
*ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ*
*ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ*
*ਔ ਕੁਰਨ ਓਈ*
*ਏਕ ਹੀ ਸਰੂਪ ਸਬੈ*
*ਏਕ ਹੀ ਬਨਾਉ ਹੈ॥*
*(ਅਕਾਲ ਉਸਤਤਿ)*

ਆਪ ਜੀ ਦੇ ਜੀਵਨ ਵਿੱਚ ਜੰਗਾਂ ਯੁੱਧਾਂ ਦਾ ਬਹੁਤ ਜ਼ਿਕਰ ਆਉਂਦਾ ਹੈ ਪਰ ਉਨ੍ਹਾਂ ਦੇ ਮੰਤਵ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਇਹ ਯੁੱਧ ਕਿਸੇ ਰਾਜਸੀ ਲਾਲਚ, ਕਿਸੇ ਸਮਾਜਿਕ ਬੜੌਤੀ ਜਾਂ ਕਿਸੇ ਹੋਰ ਮੰਤਵ ਲਈ ਜਾਂ ਕਿਸੇ ਧਰਮ ਨੂੰ ਨੀਚਾ ਦਿਖਾਉਣ ਲਈ ਨਹੀਂ ਸਨ ਲੜੇ ਗਏ। ਇਹ ਤਾਂ ਸਤਿ ਉਪਰ ਆਧਾਰਤ ਸਨ ਅਤੇ ਮਾਨੁਖ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਜਾਬਰਾਂ ਨਾਲ ਲੜੇ ਗਏ ਸਨ। ਜਾਬਰ ਭਾਵੇਂ ਪਹਾੜੀ ਰਾਜੇ ਸਨ ਜਾਂ ਆਮ ਮੁਲਖਈਆ ਜਾਂ ਮੁਸਲਮਾਨ ਸਰਕਾਰਾਂ। ਪਰ ਆਪ ਕੇਵਲ ਜਬਰ ਨੂੰ ਹਟਾਉਣ ਲਈ ਅਤੇ ਆਦਮੀ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਅਤੇ ਸਾਰੇ ਮਜ਼ਹਬਾਂ ਦੀ ਆਜ਼ਾਦੀ ਲਈ, ਜਿਵੇਂ ਕਿ ਦੇਹੁਰੇ ਅਤੇ ਮਸੀਤ ਦੀ ਸਮਾਨਤਾ, ਪੂਜਾ ਅਤੇ ਨਿਮਾਜ਼ ਪੜ੍ਹਨ ਦੀ ਆਜਾਦੀ ਲਈ ਹੀ ਲੜਦੇ ਸਨ। ਇਸਲਾਮ ਵਾਲੇ ਗੁਰੂ ਮਹਾਰਾਜ ਜੀ ਦਾ ਤਨੋ ਮਨੋ ਸਤਿਕਾਰ ਕਰਦੇ ਸਨ। 'A Friend in Need is a Friend Indeed' ਦੇ ਕਥਨ ਅਨੁਸਾਰ ਜਦੋਂ ਅਸੀਂ ਗੁਰੂ ਮਹਾਰਾਜ ਜੀ ਦੇ ਜੀਵਨ ਉਤੇ ਝਾਤ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ ਸਭ ਤੋਂ ਪਹਿਲਾਂ ਇਨ੍ਹਾਂ ਦੀ ਪੈਗੰਬਰੀ ਦਾ ਐਲਾਨ ਕਰਨ ਵਾਲਾ ਪਰਤਾਪੀ ਪੀਰ ਭੀਖਣ ਸ਼ਾਹ ਸੀ ਅਤੇ ਉਨ੍ਹਾਂ ਨਾਲ ਹਾਰਦਿਕ ਪਿਆਰ ਕਰਨ ਵਾਲੇ ਪਟਨੇ ਦੇ ਦੋ ਨਵਾਬ ਰਹੀਮ ਬਖਸ਼ ਅਤੇ ਕਰੀਮ ਬਖਸ਼ ਸਨ। ਉਨ੍ਹਾਂ ਦਾ ਪਿਆਰ ਐਨਾ ਵਧ ਗਿਆ ਸੀ ਕਿ ਜਦੋਂ ਬਾਲ ਗੁਰੂ ਜੀ, ਪਿਤਾ ਗੁਰੂ ਜੀ ਦੀ ਆਗਿਆ ਅਨੁਸਾਰ ਪਟਨੇ ਤੋਂ ਪੰਜਾਬ ਦੇਸ ਨੂੰ ਚੱਲੇ ਤਾਂ ਉਨ੍ਹਾਂ ਨੇ ਗੁਰੂ ਜੀ ਪ੍ਰਤੀ ਆਪਣਾ ਬਿਰਹਾ ਪ੍ਰਗਟ ਕਰਦੇ ਹੋਏ ਕਿਹਾ ਕਿ 'ਸਾਹਿਬ! ਅਸੀਂ ਆਪ ਦੇ ਦੀਦਾਰ ਬਿਨਾਂ ਕਿਵੇਂ ਜਿਉਂਦੇ ਰਹਾਂਗੇ ਸਾਡੇ ਤਾਂ ਰੋਮ-ਰੋਮ ਵਿੱਚ ਤੇਰਾ ਪਿਆਰ ਰਚ ਗਿਆ ਹੈ ਅਤੇ ਜਿਵੇਂ ਮਛਲੀ ਪਾਣੀ ਤੋਂ ਬਿਨਾਂ ਜਿਊਂਦੀ ਨਹੀਂ ਰਹਿ ਸਕਦੀ, ਤਿਵੇਂ ਅਸੀਂ ਭੀ ਅਪਣੇ ਪ੍ਰਾਣ ਤਿਆਗ ਦਿਆਂਗੇ।' ਉਨ੍ਹਾਂ ਦੇ ਨੇਤਰਾਂ ਵਿੱਚੋਂ ਜਲ ਵਹਿ ਰਿਹਾ ਸੀ ਅਤੇ ਬੋਲਿਆ ਨਹੀਂ ਸੀ ਜਾ ਰਿਹਾ; ਸਾਰਾ ਮਾਹੌਲ ਹੀ ਪਿਆਰ ਦੇ ਵਲਵਲਿਆਂ ਨਾਲ ਭਰਿਆ ਹੋਇਆ ਸੀ। ਆਪ ਜੀ ਨੇ ਉਨ੍ਹਾਂ ਨੂੰ ਪਿਆਰ ਦਿੱਤਾ ਅਤੇ ਪਿੱਠ ਤੇ ਹੱਥ ਰਖਦੇ ਹੋਏ ਕਿਹਾ ਕਿ ਤੁਸੀਂ ਨਿਮਾਜ਼ ਪੜ੍ਹਨ ਪਿਛੋਂ ਜਦੋਂ ਜਪੁ ਸਾਹਿਬ ਦਾ

ਪਾਠ ਕਰਿਆ ਕਰੋਂਗੇ, ਉਸ ਸਮੇਂ ਤੁਹਾਨੂੰ ਸਾਡੇ ਪ੍ਰੱਤਖ ਦਰਸ਼ਨ ਹੋਇਆ ਕਰਨਗੇ। ਇਸੇ ਤਰ੍ਹਾਂ ਆਪ ਪਿਆਰ ਜਿੱਤਾਂ ਜਿੱਤਦੇ ਪੰਡਤ ਸ਼ਿਵ ਦੱਤ ਅਤੇ ਰਾਣੀ ਮੈਣੀ ਨੂੰ ਧੀਰਜ ਦਿੰਦੇ ਹੋਏ ਲਖਨੌਰ ਪਹੁੰਚਦੇ ਹਨ। ਉਥੇ ਦਾ ਪੀਰ ਆਰਫ ਦੀਨ ਆਪ ਜੀ ਨੂੰ ਸਤਿਕਾਰ ਸਹਿਤ ਸਿੱਜਦਾ ਕਰਦਾ ਹੋਇਆ ਐਲਾਨ ਕਰਦਾ ਹੈ ਕਿ ਇਹ ਬਾਲ ਰੂਪ ਵਿੱਚ ਆਇਆ ਪੈਗੰਬਰ ਸਭ ਤੋਂ ਉਚਾ ਹੈ। ਮੁਰੀਦਾਂ ਦੇ ਪੁੱਛਣ ਤੇ ਕਿ ਤੁਸੀਂ ਇਸ ਬਾਲਕ ਨੂੰ ਕਿਉਂ ਐਨੀ ਪ੍ਰੇਮ ਭਾਵਨਾ ਨਾਲ ਸਿੱਜਦਾ ਕੀਤਾ ਹੈ, ਪੀਰ ਆਰਫ ਦੀਨ ਨੇ ਬਹੁਤ ਅਦਬ ਵਿੱਚ ਆ ਕੇ ਫੁਰਮਾਨ ਕੀਤਾ, ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਆਪਣੀ ਸ਼ਰਧਾ ਭਰੀ ਕਲਮ ਨਾਲ ਦਸ਼ਮੇਸ਼ ਚਮਤਕਾਰ ਦੇ ਪੰਨਾ ੬੦੯ ਉਤੇ ਇਉਂ ਅੰਕਿਤ ਕੀਤਾ ਹੈ-

*ਸੱਚਾ ਪ੍ਰਸ਼ਨ ਸੁਣੋਂ ਬਈ ਲੋਕੋ!*
*ਦੇਖਿਆ ਹੈ ਦਿਆਂ ਸੁਣਾਯਾ।*
*'ਕਦੇ ਕਦੇ ਜਦ ਚੜ੍ਹਾਂ*
*ਮੁਾਕਬੇ ਵਿੱਚ ਸਮਾਧੀ ਜਾਵਾਂ।*
*'ਵਿਚ ਦਰਗਾਹ ਜਦੋਂ ਮੈਂ ਜਾਵਾਂ,*
*ਜਾਕੇ ਕੀਹ ਤਕਾਵਾਂ।*
*'ਏਹੋ ਬਾਲ, ਜੋਤਿ ਦਾ ਜਾਮਾਂ*
*ਜਗਮਗ ਰੂਪ ਨੂੰਰਾਨੀ।*
*'ਸੁੰਦਰਤਾ ਜਿਸ ਦੇ ਪਗ ਚੁੰਮੇ*
*ਨੂਰੋ ਨੂਰ ਰੂਹਾਨੀ।*
*'ਸਭ ਤੋਂ ਉਚਾ,*
*ਸਭ ਤੋਂ ਵੱਡਾ ਸਭ ਤੋਂ ਨੂਰ ਜਲਾਲੀ।*
*'ਸਭ ਝੁਕਦੇ ਹਨ ਇਸ ਦੇ ਅੱਗੇ*
*ਇਸ ਦੀ ਚਾਲ ਨਿਰਾਲੀ।*
*'ਅੱਲਾ ਵਿੱਚ ਫਨਾ - ਦਾ ਦਰਜਾ,*
*ਮੇਰੀ ਪਹੁੰਚ ਨ ਜਿਥੇ।*
*'ਓਥੋਂ ਤਕ ਦੇਖਿਆ ਇਸ ਨੂੰ,*
*ਅੱਜ ਡਿਠਾ ਮੈ ਇਥੇ।*
*'ਉਥੋਂ ਇਹ ਏਥੇ ਹੈ ਆਇਆ,*
*ਅੱਲਾ ਆਪ ਪਠਾਯਾ।*
*ਕੁਫਰ ਜ਼ੁਲਮ ਦਾ ਪਾਪ ਮੇਟਸੀ,*
*ਏਸ ਲਈ ਹੈ ਆਯਾ।*
*'ਮੈ ਅੱਲਾ ਦੇ ਦਰ ਤੇ*
*ਏਹੋ ਸਭ ਤੋਂ ਉਚਾ ਡਿਠਾ।*
*'ਅੱਜ ਸਿਵਾਤਾ ਖਾਕੀ ਜਾਮਾ,*
*ਰੰਗ ਜਮਾਲੀ ਮਿੱਠਾ।*
*'ਸਿੱਜਦਾ ਏਸ ਲਈ ਮੈ ਕੀਤਾ,*
*ਤੁਸੀਂ ਅਦਬ ਵਿੱਚ ਆਓ।*
*'ਸ਼ੱਕ ਕਰੋ ਤਾਂ ਕਾਫਰ ਹੋਸੋ,*
*ਲਿਆ ਇਮਾਨ ਸੁਖ ਪਾਓ।*
*'ਅੱਲਾ ਕਰਨੇ ਅੱਲਾ ਜਾਣੇ,*
*ਸਾਨੂੰ ਚਾਹੀਏ ਝੁਕਣਾ।*
*'ਹੁਕਮ ਉਸ ਦੇ ਅੱਗੇ ਝੁਕਣਾ,*
*ਸਚ ਕਹਿਣੋਂ ਨਾ ਰੁਕਣਾ।*
*ਤਦੋਂ ਮੁਰੀਦਾਂ ਸੀਸ ਨਿਵਾਯਾ,*
*'ਪੀਰਾਂ ਕਿਹਾ ਸਿਰ ਧਰਿਆ।*
*ਛਡ ਤੁੱਅਸਬ ਸੱਚ ਪਛਾਤਾ,*
*ਝੂਠਾ ਹਠ ਨ ਕਰਿਆ।"*

ਇਸੇ ਤਰ੍ਹਾਂ ਪੀਰ ਬੁਧੂ ਸ਼ਾਹ ਸੁਢੌਰ ਵਾਲੇ ਗੁਰੂ ਮਹਾਰਾਜ ਜੀ ਪਾਸ ਪਹੁੰਚਦੇ ਹਨ ਅਤੇ ਪ੍ਰਸ਼ਨ ਕਰਦੇ ਹਨ- "ਖੁਦਾ ਕਾ ਔਰ ਰੂਹ ਕਾ ਮੇਲ ਕੈਸੇ?" ਗੁਰੂ ਮਹਾਰਾਜ ਜੀ ਨੇ ਉਤਰ ਵਿੱਚ ਕਿਹਾ - "ਦਿਨ ਕਾ ਔਰ ਰਾਤ ਕਾ ਜੈਸੇ।" ਗੱਲ ਉਸ ਦੀ ਸਮਝ 'ਚ ਨ ਆਈ, ਇਸ ਲਈ ਉਸ ਨੇ ਫੇਰ ਆਪਣਾ ਪ੍ਰਸ਼ਨ ਦੁਹਰਾਇਆ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ 'ਸੱਚ ਕਾ ਔਰ ਝੂਠ ਕਾ ਜੈਸੇ' ਅਤੇ ਆਪਣੇ ਉਤਰ ਨੂੰ ਹੋਰ ਵਿਸਥਾਰ ਦਿੰਦੇ ਹੋਏ ਫੁਰਮਾਇਆ ਕਿ ਬੁੱਧੂ ਸ਼ਾਹ! ਸੱਚ ਵਾਹਿਗੁਰੂ ਹੈ, ਇਸ ਦਾ ਪ੍ਰਕਾਸ਼ ਹੋਇਆਂ ਅਗਿਆਨ ਦੀ ਰਾਤ ਨਹੀਂ ਰਿਹਾ ਕਰਦੀ। ਇਸ ਸਰੀਰ ਵਿੱਚ ਆਤਮਾ ਪ੍ਰੀਪੂਰਨ ਹੈ ਪਰ ਹਉਮੈ ਦਾ ਪਰਦਾ ਪੈ ਜਾਣ ਕਰਕੇ ਆਪਣੇ ਆਪ ਨੂੰ ਪ੍ਰਭੂ ਤੋਂ ਵੱਖਰਾ ਜਾਣ ਕੇ ਇਕ ਝੂਠੀ ਕੰਧ ਖੜ੍ਹੀ ਕਰ ਲਈ ਹੈ ਅਤੇ ਅਪਣੀ ਹਸਤੀ ਨੂੰ ਪਰਮ ਆਤਮਾ ਨਾਲੋਂ ਵੱਖਰੀ ਕਰਨ ਕਰਕੇ ਇਹ ਜੀਵ, ਅਗਿਆਨ ਦੇ ਪਾਏ ਹੋਏ ਦੁਖਾਂ ਨੂੰ ਸਹਿ ਰਿਹਾ ਹੈ।' ਇਹ ਸੁਣ ਕੇ ਪੀਰ ਜੀ ਵਲੋਂ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਕਿਰਪਾ ਕੀਤੀ ਅਤੇ ਇਸੇ ਸਰੀਰ ਰੂਪੀ ਘਰ ਵਿੱਚ ਪ੍ਰਭੂ ਦਾ ਅਸਲ ਘਰ ਦਿਖਾ ਦਿੱਤਾ ਅਤੇ ਆਤਮਾ ਸਾਖਸ਼ਾਤ ਹੋਣ ਤੇ ਪੀਰ ਬੁੱਧੂ ਸ਼ਾਹ ਸਦਾ ਲਈ ਗੁਰੂ ਮਹਾਰਾਜ

ਜੀ ਦਾ ਬਣ ਗਿਆ। ਜਦੋਂ ਪਹਾੜੀ ਰਾਜਿਆਂ ਨਾਲ ਪਾਉਂਟਾ ਸਾਹਿਬ ਦੇ ਨੇੜੇ ਭੰਗਾਣੀ ਦਾ ਯੁੱਧ ਹੋਇਆ ਤਾਂ ਆਪਣੇ ੭੦੦ ਮੁਰੀਦ ਲੈ ਕੇ ਬੜੀ ਭਾਰੀ ਕੁਰਬਾਨੀ ਦਿੱਤੀ। ਉਸ ਦੇ ਦੋ ਪੁੱਤਰ ਸ਼ਹੀਦ ਹੋ ਗਏ ਅਤੇ ਪਰਿਵਾਰ ਦੇ ਹੋਰ ਕਈ ਬੰਦੇ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਲੋਕਾਂ ਨੇ ਪੀਰ ਜੀ ਤੋਂ ਪੁੱਛਿਆ ਕਿ ਤੈਂ ਗੁਰੂ ਗੋਬਿੰਦ ਸਿੰਘ ਦੀ ਮਦਦ ਕਰਕੇ ਕੀ ਖੱਟਿਆ, ਤੇਰੇ ਘਰ ਦੇ ਦੀਵੇ ਬੁਝ ਗਏ ਅਤੇ ਹਨ੍ਹੇਰਾ ਛਾ ਗਿਆ ਕਿਉਂਕਿ ਤੇਰੇ ਦੋ ਫਰਜੰਦ ਸ਼ਹੀਦ ਹੋ ਗਏ ਹਨ। ਉਨ੍ਹਾਂ ਦੇ ਸ਼ਬਦ ਸਨ:-

*"ਬੁਝ ਗਏ ਉਹ ਜਗਦੇ ਦੀਵੇ*
*ਘੁੱਪ ਹਨੇਰਾ ਕਰ ਗਏ।*
*ਚਸ਼ਮ ਚਰਾਗ ਜਿਗਰ ਦੇ ਟੁਕੜੇ*
*ਦੋ ਘੜੀ ਵਿੱਚ ਤੁਰ ਗਏ।*
*ਮਰ ਗਏ ਆਪ ਮਾਰ ਗਏ ਮਾਪੇ,*
*ਲਾ ਗਏ ਸੱਲ ਅਵੱਲਾ।*
*ਪੁੱਤਾਂ ਨਾਲ ਸੰਤਾਨ ਸ਼ਾਹ ਦੀ*
*ਦੇ ਗਿਆ ਜਗ ਤਰਥੱਲਾ।"*

ਬੁੱਧੂ ਸ਼ਾਹ ਨੇ ਆਪਣਾ ਯਕੀਨ ਕਾਇਮ ਰਖਦਿਆਂ ਅਤੇ ਆਪਣੇ ਅਗੰਮੀ ਪਿਆਰ ਦੇ ਮਹਾਨ ਅਨੰਦ ਨੂੰ ਅਨੁਭਵ ਕਰਦਿਆਂ ਫੁਰਮਾਨ ਕੀਤਾ-

*ਕਿਉਂ ਅਫਸੋਸ ਕਰੇਂ ਤੇ*
*ਰੋਵੇਂ ਕੁਰਲਾਵੇਂ ਹੇ ਭੋਲੇ।*
*ਧੰਨ ਧੰਨ ਹਨ ਮੇਰੇ ਬਚੜੇ,*
*ਗੁਰੂ ਦੇ ਦਰ ਲੱਗੇ।*
*ਜਿਊਣਾ ਮਰਨਾ ਸਫਲ*
*ਉਨ੍ਹਾਂ ਦਾ ਜੋ ਜੂਝੇ ਹੋਇ ਅੱਗੇ।*
*ਧੰਨ ਜਣੇਦੀ ਮਾਉਂ ਜਿਨਿ ਜਣਿ*
*ਐਸੇ ਪੁੱਤਰ ਪਾਲੇ।*
*ਧੰਨ ਪਿਤਾ ਹੈ ਕੁੱਲ*
*ਜਿਸ ਵਿੱਚ ਜੰਮਣ ਐਸੇ ਕਰਮਾਂ ਵਾਲੇ।*
*ਮਰੇ ਨਹੀਂ ਉਹ ਜੀਵੇ ਹਨ*
*ਉਹ ਜੀਵਨ ਲਾਹਾ ਲੈ ਗਏ।*
*ਗੰਢੇ ਗਏ, ਨਹੀਂ ਉਹ ਟੁੱਟੇ,*
*ਮੁਕਤੀ ਮਾਰਗ ਪੈ ਗਏ।*
*ਧੰਨ ਹੈ ਪ੍ਰਭੂ, ਜਿਨ੍ਹਾਂ ਮੈ ਆਜਿਜ਼ ਨੂੰ*
*ਐਸੀ ਨੇਕੀ ਦਿੱਤੀ।*
*ਜਿਸ ਦੀ ਅੰਸ਼ ਨੇ ਗੁਰੂ ਗੋਬਿੰਦ ਸਿੰਘ*
*ਹੱਥੋਂ ਸ਼ਹੀਦੀ ਲੀਤੀ।*
*ਸਫਲ ਜਨਮ ਉਹ ਕਰ ਗਏ ਪਿਆਰੇ,*
*ਧਰ ਗਏ ਨੇਕ ਨਿਸ਼ਾਨੀ।*
*ਸਾਂਈ ਸੱਦੇ ਕਿਸੇ ਅਵਸਥਾ,*
*ਬਾਲਕ ਬਿਰਧ ਜਵਾਨੀ।*
*ਗੁਰ ਸੇਵਾ ਵਿੱਚ ਮਿਲੇ ਸ਼ਹੀਦੀ,*
*ਇਸ ਤੋਂ ਵੱਧ ਕੁਝ ਹੈ ਨ।*
*ਬਿਨ ਪੁਛੇ ਖੁੱਲ੍ਹੇ ਦਰਵਾਜ਼ੀ*
*ਹਰਿ ਚਰਣੀ ਜਾ ਪੈਣਾ।।*

ਇਸੇ ਤਰ੍ਹਾਂ ਨਾਲ ਜਦੋਂ ਗੁਰੂ ਮਹਾਰਾਜ ਜੀ ਸਰਸੇ ਦੇ ਕੰਢੇ ਬਚਨ ਤੋਂ ਫਿਰਿਆਂ ਪਸ਼ੂ ਮਨੁੱਖਾਂ - ਨਾਲ ਜੁੱਧ ਕਰਕੇ ਚਾਲੀ ਬਚਦੇ ਸਿੰਘਾਂ ਨਾਲ ਨਿਹੰਗ ਖਾਨ ਦੇ ਕਿਲੇ ਵਿੱਚ ਕੋਟਲੇ ਵਿਖੇ ਪਹੁੰਚਦੇ ਹਨ ਤਾਂ ਉਸ ਨੇ ਆਪਣੇ ਕਿਲੇ ਵਿੱਚ ਪਨਾਹ ਦਿੱਤੀ। ਜਦੋਂ ਤਲਾਸ਼ੀ ਹੋਈ ਤਾਂ ਉਸ ਨੇ ਬੰਦ ਕਮਰੇ ਵਿੱਚ ਜਖਮੀ ਪਏ ਭਾਈ ਬਚਿੱਤਰ ਸਿੰਘ ਦੀ ਜਾਨ ਬਚਾਉਣ ਲਈ ਨੰਗੀ ਤਲਵਾਰ ਲੈ ਕੇ ਪਹਿਰਾ ਦਿੰਦਿਆਂ ਇਹ ਗੱਲ ਆਖੀ ਕਿ 'ਇਹ ਕਮਰਾ ਮੈ ਨਹੀਂ ਖੋਲ੍ਹਣਾ ਇਉਂਕਿ ਏਥੇ ਮੇਰਾ ਜਵਾਈ ਅਤੇ ਲੜਕੀ ਆਰਾਮ ਕਰ ਰਹੇ ਹਨ।' ਕਿੱਡੀ ਭਾਵਨਾ ਸੀ- ਉਸ ਖਾਨ ਦੇ ਅੰਦਰ। ਜੇ ਉਹ ਉਸ ਸਮੇਂ ਗੁਰੂ ਮਹਾਰਾਜ ਜੀ ਦੀ ਦੱਸ ਪਾ ਦਿੰਦਾ ਤਾਂ ਉਸ ਨੂੰ ਤਾਂ ਇਨਾਮ ਹੀ ਬਹੁਤ ਮਿਲਣਾ ਸੀ ਪਰ ਉਹ ਗੁਰੂ ਜੀ ਦੇ ਪਿਆਰ ਵਿੱਚ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਅੜਿਆ ਰਿਹਾ।

ਗੁਰੂ ਮਹਾਰਾਜ ਜੀ ਰੋਪੜ ਤੋਂ ਚੱਲ ਕੇ ਚਮਕੌਰ ਦੀ ਗੜ੍ਹੀ ਵਿੱਚ ੪੦ ਸਿੰਘਾਂ ਸਮੇਤ ਪਹੁੰਚਦੇ ਹਨ। ਆਪ ਜੀ ਬੜੇ ਸਾਬਤ ਕਦਮ, ਬੁਲੰਦ ਹੌਸਲੇ ਨਾਲ ਕਿਲਾਬੰਦੀ ਕਰਵਾ ਰਹੇ ਹਨ ਕਿਉਂਕਿ ਆਪ ਪਿਛੇ ਬਹੁਤ ਵਡੀ ਫੌਜ ਆ ਰਹੀ ਸੀ ਅਤੇ ਇਹ ਵੀ ਪਤਾ ਲੱਗਿਆ ਕਿ ਦਿੱਲੀ ਤੋਂ ਤਾਜ਼ਾ-ਦਮ ਫੌਜ ਤੋਪਖਾਨਾ ਲੈ ਕੇ ਪਹੁੰਚ ਰਹੀ ਹੈ।। ਸਾਰਾ ਦਿਨ ਬਹੁਤ ਹੀ ਬਹਾਦਰੀ ਨਾਲ ਇਹ ਯੁੱਧ ਸਿੰਘਾਂ ਨੇ ਲੜਿਆ। ਗੁਰੂ ਪਾਤਸ਼ਾਹ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਆਪ ਯੁਧ ਵਿੱਚ

ਆਏ ਇਕ-ਇਕ ਪਹਿਰ ਜੂਝੇ। ਦੁਨੀਆਂ ਭਰ ਵਿੱਚ ਕਦੇ ਵੀ ਅਜਿਹਾ ਭਿਆਨਕ ਯੁੱਧ ਨਹੀਂ ਹੋਇਆ। ਜਦੋਂ ਵੱਡੇ ਸਾਹਿਬਜ਼ਾਦੇ ਜੰਗ ਲਈ ਤਿਆਰ ਹੋ ਕੇ ਪੰਜ ਸਿੰਘਾਂ ਸਮੇਤ ਗੁਰੂ ਹੁਕਮ ਨਾਲ ਬਾਹਰ ਨਿਕਲਦੇ ਹਨ ਤਾਂ ਉਸ ਝਾਕੀ ਨੂੰ ਇਕ ਮਹਾਨ ਕਵੀ ਯੋਗੀ ਅੱਲਾ ਯਾਰ ਖਾਨ ਨੇ ਇਉਂ ਬਿਆਨ ਕੀਤਾ ਹੈ-

***ਗੋਬਿੰਦ ਕੇ ਦਿੱਲਦਾਰ***
***ਕਿਲੇ ਸੇ ਨਿਕਲ ਆਏ।***
***ਵੁਹ ਦੇਖੀਏ ਸਰਕਾਰ***
***ਕਿਲੇ ਸੇ ਨਿਕਲ ਆਏ।***
***ਘੋੜੋਂ ਪੈ ਹੋ ਅਸਵਾਰ***
***ਕਿਲੇ ਸੇ ਨਿਕਲ ਆਏ।***
***ਲੇ ਹਾਥ ਮੇਂ ਤਲਵਾਰ***
***ਕਿਲੇ ਸੇ ਨਿਕਲ ਆਏ।***
***ਕਿਆ ਵਸਫ ਹੋ***
***ਉਸ ਤੇਗ ਕਾ ਇਸ ਤੇਰੀ ਜੁਬਾਨ ਸੇ।***
***ਵੁਹ ਮਿਆਨ ਸੇ ਨਿਕਲੀ ਨਹੀਂ***
***ਯੇ ਵਹਾਂ ਸੇ।***
***ਤਲਵਾਰ ਸੀ, ਤਲਵਾਰ ਥੀ***
***ਕਿਆ ਜਾਨੀਏ ਕਿਆ ਥੀ।***
***ਖੂੰਖਾਰ ਥੀ, ਖੂੰਨ ਬਾਜ ਥੀ***
***ਆਫਤ ਥੀ ਬਲਾ ਥੀ।***
***ਥੀ ਆਬ ਯਾ ਫੌਲਾਦ ਪੈ***
***ਬਿਜਲੀ ਕੀ ਜੁਲਾ ਥੀ।***
***'ਯਮ ਰਾਜ' ਕੀ ਅੰਮਾਂ ਥੀ***
***ਵਹੁ ਸ਼ਮਸ਼ੇਰ ਕੱਜ਼ਾ ਥੀ।***
***ਅਰਦਲ ਮੇ ਬਿਚਾਰੇ***
***'ਮਲਕਲ ਮੌਤ' ਖੜੇ ਥੇ-***
***ਅਪਨੇ ਸ਼ੁਗਲੇ ਖਾਸ ਮੇ***
***ਮੱਸ਼ਗੂਲ ਖੜੇ ਥੇ।***

ਸਾਹਿਬਜ਼ਾਦਾ ਅਜੀਤ ਸਿੰਘ ਦੇ ਸ਼ਹੀਦ ਹੋਣ ਉਪਰੰਤ ਦੂਸਰੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਆਪ ਤਿਆਰ ਕਰਕੇ ਯੁੱਧ ਵਿੱਚ ਭੇਜਦੇ ਹਨ ਜਿਸ ਦੀ ਬਾਬਤ ਭੀ ਉਪਰੋਕਤ ਕਵੀ ਲਿਖਦਾ ਹੈ:-

***ਯਾਕੂਬ ਕੋ ਯੂਸਫ ਕੇ***
***ਬਿਛੁੜਨੇ ਨੇ ਰੁਲਾਇਆ।***
***ਸਾਬਰ ਕੋਈ ਕੰਮ ਐਸਾ***
***ਰਸੂਲੋਂ ਮੈ ਹੈ ਆਇਆ।***
***ਕੱਟਵਾ ਕੇ ਪਿਸਰ ਚਾਰ***
***ਇਕ ਆਂਸੂ ਨ ਗਿਰਾਇਆ।***
***ਰੁੱਤਬਾ ਗੁਰੂ ਗੋਬਿੰਦ ਸਿੰਘ ਨੇ***
***ਰਿਸ਼ੀਓਂ ਕਾ ਬੜ੍ਹਾਇਆ।***

ਗੁਰੂ ਮਹਾਹਾਜ ਜੀ ਨੇ ਗੜ੍ਹੀ ਉਪਰਲੇ ਸ਼ਿਖਰ ਤੇ ਬੈਠ ਕੇ ਖੁਦ ਇਹ ਸਭ ਕੁਝ ਦੇਖਿਆ ਅਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ ਕਿ ਸਾਹਿਬਜ਼ਾਦਿਆਂ ਦੀ ਜਨਨੀ ਦੀ ਕੁੱਖ ਸਫਲ ਹੋ ਗਈ। ਇਨ੍ਹਾਂ ਨੇ ਹਿੰਦੂ, ਮੁਸਲਮਾਨਾਂ, ਗਰੀਬਾਂ ਦੇ ਹੱਕਾਂ ਦੀ ਰਾਖੀ ਕਰਦਿਆਂ ਆਪਣੇ ਪ੍ਰਾਣਾਂ ਦਾ ਬਲੀਦਾਨ ਦਿੱਤਾ। ਦਸਮੇਸ਼ ਪਿਤਾ ਨੇ ਦੂਸਰੇ ਦਿਨ ਸਵੇਰੇ ਆਪ ਲੜਨ ਦੀਆਂ ਵਿਉਂਤਾਂ ਬਣਾਈਆਂ। ਆਪ ਜੀ ਚੜ੍ਹਦੀ ਕਲਾ ਵਿੱਚ ਸਨ। ਇਹ ਭਾਂਪ ਕੇ ਇਸ ਥਾਂ ਤੇ ਪੰਜ ਪਿਆਰਿਆਂ ਵਲੋਂ ਗੁਰੂ ਮਹਾਰਾਜ ਜੀ ਨੂੰ ਸਹੀ ਸਲਾਮਤ ਨਿਕਲ ਜਾਣ ਦਾ ਹੁਕਮ ਹੋਇਆ ਤਾਂ ਆਪ ੨੨ ਦਸੰਬਰ, ੧੭੦੪ ਈ: ਨੂੰ ਚਮਕੌਰ ਦੀ ਗੜ੍ਹੀ ਤੋਂ ਪੈਦਲ ਚੱਲ ਕੇ ਤਾੜੀ ਸਾਹਿਬ ਦੇ ਅਸਥਾਨ ਵਿਖੇ ਤਾੜੀ ਮਾਰਦੇ ਹੋਏ ਉਚੀ ਆਵਾਜ ਵਿੱਚ "ਪੀਰ-ਏ-ਹਿੰਦ ਮੇ ਰਵੱਦ" ਕਹਿੰਦੇ ਹੋਏ ਚਲੇ ਜਾਂਦੇ ਹਨ ਅਤੇ ਮਾਛੀਵਾੜੇ ਵਿਖੇ ਗੁਲਾਬੇ ਮਸੰਦ ਦੇ ਪਾਸ ਪਹੁੰਚ ਜਾਂਦੇ ਹਨ। ਤਾਂ ਸ਼ਹਿਰ ਨੂੰ ਪੰਜ ਹਜ਼ਾਰ ਫੌਜ ਨੇ ਪਿੱਛਾ ਕਰਕੇ ਘੇਰਾ ਪਾ ਲਿਆ। ਉਸ ਸਮੇਂ ਗ਼ਨੀ ਖਾਂ ਅਤੇ ਨਬੀ ਖਾਂ ਦੋਨੋਂ ਭਰਾ ਆਪ ਜੀ ਦੀ ਚਰਣ ਸ਼ਰਣ ਵਿੱਚ ਆਏ ਅਤੇ ਮਹਾਨ ਖਤਰਾ ਸਹੇੜਦੇ ਹੋਏ ਗੁਰੂ ਜੀ ਨੂੰ ਆਪਣੇ ਘਰ ਲੈ ਗਏ ਅਤੇ ਫੇਰ ਉਸ ਘੇਰੇ ਵਿੱਚੋਂ 'ਉਚ ਦੇ ਪੀਰ' ਦੇ ਰੂਪ ਵਿੱਚ ਆਪ ਜੀ ਨੂੰ ਬਾਹਰ ਲੈ ਜਾ ਰਹੇ ਸਨ ਜਦੋਂ ਫੌਜ ਨੇ ਰੋਕ ਲਏ ਤਾਂ ਉਸੇ ਵੇਲੇ ਸੱਯਦ ਅਨਾਇਤ ਅਲੀ ਸ਼ਾਹ ਨੂਰ ਪੁਰੀਆਂ ਨੇ ਜਰਨੈਲ ਦਲੇਰ ਖਾਂ ਨੂੰ ਦੱਸਿਆ ਕਿ ਆਪ ਜੀ 'ਉੱਚ ਦੇ ਪੀਰ' ਹਨ। ਪੀਰ ਮੁਹੰਮਦ ਸਲੋਹ ਵਾਲੇ ਅਤੇ ਸੱਯਦ ਹਸਨ ਅਲੀ ਮੋਠੂਮਾਜਰੀਆ ਨੇ ਭੀ ਗਵਾਹੀ ਦਿੱਤੀ ਕਿ ਆਪ 'ਉਚ ਦੇ ਪੀਰ' ਹਨ ਅਤੇ ਇਸ ਪ੍ਰਕਾਰ ਗੁਰੂ ਮਹਾਰਾਜ ਜੀ ਦਾ ਬਹੁਤ ਹੀ ਸਤਿਕਾਰ ਕੀਤਾ। ਇਸ ਤਰ੍ਹਾਂ ਜਾਂਦੇ

ਹੋਏ ਜਦੋਂ ਗੁਰੂ ਮਹਾਰਾਜ ਰਾਏ ਕੱਲ੍ਹੇ ਦੇ ਪਾਸ ਰਾਏਕੋਟ ਪਹੁੰਚੇ ਤਾਂ ਉਸ ਵੇਲੇ ਨਵਾਬ ਸਰਹੰਦ ਨੂੰ ਪਤਾ ਲਗ ਜਾਂਦਾ ਹੈ ਤਾਂ ਚਿੱਠੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਉਸ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਤੇ ਰਾਏ ਕੋਟ ਦਾ ਰਾਜਾ ਜੋ ਮੁਸਲਮਾਨ ਸੀ, ਨੇ ਲਿਖ ਭੇਜਿਆ ਕਿ ਗੁਰੂ ਗੋਬਿੰਦ ਸਿੰਘ ਮੇਰੇ ਅਤੇ ਮੇਰੀ ਰਿਆਯਾ ਦੇ ਪੀਰ ਹਨ ਅਤੇ ਪੀਰਾਂ ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਹਨ ਅਤੇ ਆਪਣੇ ਪੀਰ ਨੂੰ ਆਂਚ ਨਹੀਂ ਆਉਣ ਦਿੰਦੇ; ਉਸੇ ਤਰ੍ਹਾਂ ਨਾਲ ਇਸ ਸਮੇਂ ਇਹ ਬਾਤ ਤੁਸੀਂ ਸਮਝੋ।

ਰਾਏ ਕਲ੍ਹੇ ਨੇਂ ਛੋਟੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਅਪਣੇ ਪਰਖੇ ਹੋਏ ਦੂਤ(ਮਾਹੀ) ਨੂੰ ਸਰਹੰਦ ਭੇਜਿਆ। ਉਸਨੇ ਜਾ ਕੇ ਸਾਰੀ ਖ਼ਬਰ ਪ੍ਰਾਪਤ ਕੀਤੀ ਅਤੇ ਗੁਰੂ ਮਹਾਰਾਜ ਦੀ ਮੇਹਰ ਦੇ ਸਦਕੇ ਉਸੇ ਦਿਨ, ਸ਼ਾਮ ਨੂੰ ਅਗੰਮੀ ਸ਼ਕਤੀ ਦੀ ਵਰਤੋਂ ਕਰਦਾ ਵਾਪਸ ਰਾਏਕੋਟ ਪਹੁੰਚ ਗਿਆ। ਗੁਰੂ ਮਹਾਰਾਜ ਉਸ ਸਮੇਂ ਪਲੰਘ ਤੇ ਬੈਠੇ ਸਨ ਤੇ ਰਾਇ ਕਲਾ ਆਪਣੇ ਅਧਿਕਾਰੀਆਂ ਸਹਿਤ ਗੁਰੂ ਜੀ ਪਾਸ ਬਹੁਤ ਹੀ ਅਫਸੋਸ ਭਰੇ ਦਿਲ ਨਾਲ ਬੈਠਾ ਸੀ। ਜਦੋਂ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਅਤਿ ਦਰਦ ਭਰੀ ਸ਼ਹਾਦਤ ਦਾ ਵਰਨਣ ਕੀਤਾ ਤਾਂ ਸਭਨਾਂ ਸਰੋਤਿਆਂ ਦੇ ਨੇਤਰਾਂ ਵਿਚੋਂ ਹੰਝੂ ਵਗ ਰਹੇ ਸਨ। ਗੁਰੂ ਮਹਾਰਾਜ ਜੀ ਅਡੋਲ ਉਸਦੀ ਵਾਰਤਾ ਨੂੰ ਸੁਣਦੇ ਰਹੇ ਅਤੇ ਪੁਛਿਆ ਕਿ ਕੋਈ ਅਜਿਹਾ ਬੰਦਾ ਵੀ ਉਸ ਸਮੇਂ ਹਾਜ਼ਰ ਸੀ ਜਿਸ ਨੇ ਹਾਅ ਦਾ ਨਾਹਰਾ ਮਾਰਿਆ ਹੋਵੇ। ਉਤਰ ਵਿਚ ਮਾਹੀ ਨੇ ਦੱਸਿਆ ਕਿ ਮਲੇਰ ਕੋਟਲੇ ਵਾਲਿਆਂ ਨੇ ਇਹ ਕਹਿੰਦੇ ਹੋਏ ਕਿ ਮਾਸੂਮ ਬੱਚਿਆਂ ਨੂੰ ਸਜ਼ਾਏ ਮੌਤ ਦੇਣੀ ਕਿਸ ਕਾਨੂੰਨ ਵਿਚ ਲਿਖੀ ਹੋਈ ਹੈ? ਇਸ ਗੈਰ-ਵਿਧਾਨਿਕ ਕਿਰਿਆ ਨਾਲ ਅਸੀਂ ਬਿਲਕੁਲ ਸਹਿਮਤ ਨਹੀਂ ਹਾਂ। ਇਸ ਮਹਾਨ ਘਿਨਾਉਣੇ ਗੁਨਾਹ ਵਿਚ ਸੱਚਾ ਮੁਸਲਮਾਨ ਕਿਸੇ ਤਰ੍ਹਾਂ ਵੀ ਸ਼ਾਮਲ ਨਹੀਂ ਹੋ ਸਕਦਾ। ਇਹ ਕਹਿੰਦੇ ਹੋਏ ਉਹ ਕਚਹਿਰੀ ਵਿਚੋਂ ਬਾਹਰ ਚਲੇ ਗਏ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਮਲੇਰਕੋਟਲੀਆਂ ਨੇ ਆਪਣੇ ਰਾਜ ਦੀ ਜੜ੍ਹ ਬਚਾ ਲਈ ਹੈ। ਇਕ ਕਾਂਹੀਂ ਦਾ ਬੂਟਾ ਤੀਰ ਦੀ ਨੋਕ ਨਾਲ ਪੁਟਦਿਆਂ ਹੋਇਆਂ ਫੁਰਮਾਨ ਕੀਤਾ ਕਿ ਸਮੁੱਚੇ ਮੁਗਲ ਰਾਜ ਦੀ ਜੜ੍ਹ ਪੁਟੀ ਗਈ ਹੈ। ਰਾਏ ਕਲ੍ਹੇ ਦੇ ਬੇਨਤੀ ਕਰਨ ਤੇ ਕਿ ਮਹਾਰਾਜ!ਅਸੀਂ ਵੀ ਉਸ ਰਾਜ ਦੇ ਇਕ ਅੰਗ ਹਾਂ, ਅਸਾਡੇ ਉਪਰ ਕਿਰਪਾ ਕਰੋ। ਗੁਰੂ ਮਹਾਰਾਜ ਜੀ ਨੇ ਸਿਰੀ ਸਾਹਿਬ ਦੇ ਕੇ ਬਚਨ ਕੀਤਾ ਕਿ ਜਦ ਤਕ ਤੁਸੀਂ ਸਿਰੀ ਸਾਹਿਬ ਦਾ ਆਪ ਦੀਆਂ ਆਉਣ ਵਾਲੀਆਂ ਕੁਲਾਂ ਸਤਿਕਾਰ ਕਰਨਗੀਆਂ, ਤੁਹਾਡਾ ਰਾਜ ਵੀ ਕਾਇਮ ਰਹੇਗਾ। ਇਸ ਥਾਂ ਉਹ ਲੋਟਾ ਜਿਸ ਵਿਚ ਸੈਂਕੜੇ ਛੇਦ ਹੋਣ ਦੇ ਬਾਵਜੂਦ ਵੀ ਦੁਧ ਨਹੀਂ ਚੋਇਆ ਸੀ, ਉਹ ਇਨ੍ਹਾਂ ਨੂੰ ਬਖਸ਼ ਦਿਤਾ ਜੋ ਅਜ ਤਕ ਇਨ੍ਹਾਂ ਦੇ ਖਾਨਦਾਨ ਪਾਸ ਹੈ। ਅਜਿਹੀਆਂ ਬਰਕਤਾਂ ਗੁਰੂ ਮਹਾਰਾਜ ਜੀ ਦੇ ਸਭਨਾਂ ਦੇ ਅੰਦਰ ਵਸੇ ਪਿਆਰ ਨੂੰ ਪ੍ਰਗਟ ਕਰਦੀਆਂ ਹਨ।

ਉਪਰਲੀਆਂ ਘਟਨਾਵਾਂ ਲਿਖਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਮਹਾਹਾਜ ਜੀ ਦੇਹੁਰਾ ਮਸੀਤ ਅਤੇ ਪੂਜਾ ਨਿਮਾਜ਼ ਨੂੰ ਬਰਾਬਰ ਸਤਿਕਾਰ ਦਿੰਦੇ ਸਨ। ਗੁਰੂ ਮਹਾਹਾਜ ਜੀ ਨੇ ਹੋਰ ਸਪਸ਼ਟ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ ਸਾਰੀ ਸ਼੍ਰਿਸ਼ਟੀ ਇਕੋ ਪਰੀਪੂਰਨ ਜੋਤਿ ਵਿੱਚੋਂ ਰੂਪਮਾਨ ਹੋਈ ਹੈ ਅਤੇ ਉਸੇ ਵਿੱਚ ਹੀ ਸਮਾ ਜਾਂਦੀ ਹੈ ਜਿਸ ਤਰ੍ਹਾਂ ਕਿ ਅੱਗ ਦੇ ਚੰਗਿਆੜੇ ਨਿਕਲ, ਮੁੜ ਅੱਗ ਵਿੱਚ ਹੀ ਸਮਾ ਜਾਂਦੇ ਹਨ; ਜ਼ਮੀਨ ਵਿੱਚੋਂ ਧੂੜ ਉਡਦੀ ਹੈ ਫੇਰ ਜਮੀਨ ਵਿੱਚ ਹੀ ਸਮਾ ਜਾਂਦੀ ਹੈ; ਪਾਣੀ ਵਿਚੋਂ ਅਨੇਕਾਂ ਲਹਿਰਾਂ ਉਠਦੀਆਂ ਹਨ ਪਰ ਉਹ ਫੇਰ ਪਾਣੀ ਵਿੱਚ ਹੀ ਸਮਾ ਜਾਂਦੀਆਂ ਹਨ, ਉਸੇ ਤਰ੍ਹਾਂ ਵਾਹਿਗੁਰੂ ਜੀ ਦੀਆਂ ਅਨੇਕ ਪਰਕਾਰ ਦੀਆਂ ਸ਼੍ਰਿਸ਼ਟੀਆਂ ਅੰਤ ਨੂੰ ਉਸੇ ਵਿੱਚ ਹੀ ਸਮਾ ਜਾਂਦੀਆਂ ਹਨ ਅਤੇ ਇਹ ਸਾਰੀ ਅਨੇਕਤਾ ਇਕੋ ਦਾ ਹੀ ਰੂਪ ਹੋਇਆ ਕਰਦੀ ਹੈ; ਇਕੋ ਪਰਦੇ ਉਤੇ ਅਨੇਕ ਰੂਪ ਪ੍ਰਗਟ ਹੋ ਕੇ ਅਨੇਕ ਰੂਪਾਂ ਵਿੱਚ ਦਰਸ਼ਨ ਦਿੰਦੇ ਹਨ ਅਤੇ ਖੇਡ ਖ਼ਤਮ ਹੋਣ ਤੇ ਉਹ ਅਨੇਕਤਾ ਸਮਾਪਤ ਹੋ ਜਾਇਆ ਕਰਦੀ ਹੈ ਤੇ ਅਸਲੀਅਤ ਇਕੋ ਪਰੀਪੂਰਨ ਵਾਹਿਗੁਰੂ ਅਪਣੇ ਨਿਰਗੁਣ ਸਰੂਪ ਵਿੱਚ, ਆਪਣੀ-ਮਹਿਮਾ ਵਿੱਚ ਸਥਿਤ ਹੋ ਜਾਂਦੇ ਹਨ-

*ਜੈਸੇ ਏਕ ਆਗ ਤੇ ਕਨੂਕਾ*
*ਕੋਟ ਆਗ ਉਠੇ*
*ਨਿਆਰੇ ਨਿਆਰੇ ਹੁਇਕੈ*
*ਫਿਰ ਆਗ ਮੈਂ ਮਿਲਾਹਗੇ॥*
*ਜੈਸੇ ਏਕ ਧੂਰ ਤੇ*
*ਅਨੇਕ ਧੂਰ ਪੂਰਤ ਹੈ*
*ਧੂਰ ਕੇ ਕਨੂਕਾ*
*ਫੇਰ ਧੂਰ ਹੀ ਸਮਾਹਗੇ॥*
*ਜੈਸੇ ਏਕ ਨਦ ਤੇ*
*ਤਰੰਗ ਕੋਟ ਉਪਜਤ ਹੈਂ*
*ਪਾਨ ਕੇ ਤਰੰਗ ਸਬੇ*
*ਪਾਨ ਹੀ ਕਹਾਹਗੇ॥*
*ਤੈਸੇ ਬਿਸ੍ਵ ਰੂਪ ਤੇ*
*ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ*
*ਤਾਹੀ ਮੈ ਸਮਾਹਗੇ॥*

*(ਅਕਾਲ ਉਸਤਤਿ)*

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤਿ ਕੋ ਫਿਰ ਏਕ॥*

*(ਜਾਪ ਸਾਹਿਬ)*

ਗੁਰੂ ਮਹਾਰਾਜ ਨੇ ਪਖੰਡੀ ਕਿਰਿਆ ਨੂੰ ਪ੍ਰਵਾਨ ਨਹੀਂ ਕੀਤਾ। ਪ੍ਰਭੂ ਦੇ ਗਿਆਨ ਤੋਂ ਬਗੈਰ ਕੀਤੇ ਹੋਏ ਸਾਰੇ ਕਰਮ ਧਰਮ ਨਿਰਾਰਥਕ ਹਨ। ਆਪ ਜੀ ਫੁਰਮਾਨ ਕਰਦੇ ਹਨ-

*ਖੂਕ ਮਲਹਾਰੀ ਗਜ ਗਦਹਾ*
*ਬਿਭੂਤ ਧਾਰੀ*
*ਗਿਦੂਆ ਮਸਾਨ ਬਾਸ*
*ਕਰਿਓ ਈ ਕਰਤ ਹੈ॥*
*ਘੁਘੂ ਮਟ ਬਾਸੀ ਲਗੇ*
*ਡੋਲਤ ਉਦਾਸੀ*
*ਮ੍ਰਿਗ ਤਰਵਰ ਸਦੀਵ*
*ਮੋਨ ਸਾਧੇ ਈ ਮਰਤ ਹੈ॥*
*ਬਿੰਦ ਕੇ ਸਧੱਯਾ*
*ਤਾਹਿ ਹੀਜ ਕੀ ਬਢਯਾ*
*ਦੇਤ ਬੰਦਰਾ ਸਦੀਵ ਪਾਇ*
*ਨਾਗੇ ਈ ਫਿਰਤ ਹੈ॥*
*ਅੰਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ*
*ਏਕ ਗਿਆਨ ਕੇ ਬਿਹੀਨ*
*ਛੀਨ ਕੈਸੇ ਕੈ ਤਰਤ ਹੈ॥*

(ਅਕਾਲ ਉਸਤਤਿ)

ਇਸੇ ਤਰ੍ਹਾਂ ਦੇ ਨਾਲ ਪਖੰਡ ਕਰਮਾਂ ਨੂੰ ਰੱਦ ਕਰਦੇ ਹੋਏ ਆਪ ਜੀ ਦਿਲ ਦੀ ਸਚਿਆਈ, ਨਾਮ ਵਿੱਚ ਵਿਸ਼ਵਾਸ਼ ਅਤੇ ਗਿਆਨ ਦੇ ਪ੍ਰਕਾਸ਼ ਵਿੱਚ ਸੁਰਤਿ ਨੂੰ ਪ੍ਰਵਾਨ ਕਰਦੇ ਹਨ। ਆਪ ਜੀ ਨੇ ਰੂਹਾਨੀ ਮੰਡਲ ਵਿੱਚ ਇਸ ਜੀਵ ਦੀ ਪ੍ਰਭੂ ਨਾਲ ਅਭੇਦਤਾ ਬਾਰੇ ਫੁਰਮਾਨ ਕੀਤਾ ਹੈ ਕਿ-

*ਸਾਚ ਕਹੌਂ ਸੁਨ ਲੇਹੁ ਸਭੈ ਜਿਨਿ*
*ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥*

*(ਸੁਧਾ ਸੱਵਯੇ ਪਾ:10)*

ਨਾਮ ਦੇ ਆਧਾਰ ਤੋਂ ਬਿਨਾਂ ਅਨੇਕ ਕਿਸਮਾਂ ਦੇ ਕਰਮ ਸਭ ਫੋਕਟ ਹਨ ਜਿਵੇਂ ਕਿ ਫੁਰਮਾਨ ਹੈ:-

*ਸਭ ਕਰਮ ਫੋਕਟ ਜਾਨ,*
*ਸਭ ਧਰਮ ਨਿਹਫਲ ਮਾਨ।*
*ਬਿਨਾਂ ਏਕ ਨਾਮ ਆਧਾਰ*
*ਸਭ ਕਰਮ ਭਰਮ ਵਿਚਾਰ॥*

ਅਤੇ ਵਾਹਿਗੁਰੂ ਜੀ ਨੂੰ ਇਸ ਸ੍ਰਿਸ਼ਟੀ ਵਿੱਚ ਪ੍ਰਤੱਖ ਰੂਪ ਵਿੱਚ ਦਰਸਾਂਉਂਦੇ ਹੋਏ ਆਪ ਜੀ ਫੁਰਮਾਨ ਕਰਦੇ ਹਨ:-

*ਜਿਮੀ ਜਮਾਨ ਕੇ ਵਿਖੇ ਸਮਸਤ*
*ਏਕ ਜੋਤਿ ਹੈ।*
*ਨ ਬਾਢ ਹੈ ਨ ਘਾਟ ਹੈ*
*ਨ ਘਾਟ ਬਾਢ ਹੋਤ ਹੈ।*

ਅਤੇ 'ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੂ ਹੀ, ਤੁ ਹੀ' ਦੀ ਧੁਨਿ ਉਚਾਰਣ ਕਰਦੇ ਹਨ।

ਉਪਰ ਕਥੀਆਂ ਘਟਨਾਵਾਂ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਗੁਰੂ ਮਹਾਰਾਜ ਜੀ ਦੇ ਜੀਵਨ ਬਾਰੇ ਸੋਝੀ ਪੈਂਦੀ ਹੈ ਕਿ ਆਪ ਜੀ ਸਚਮੁਚ ਹੀ ਪੂਜਾ ਅਤੇ ਨਿਮਾਜ਼ ਨੂੰ ਸਤਿਕਾਰ ਭਰਿਆ ਦਰਜਾ ਦਿੰਦੇ ਹਨ। ਮਸਜਿਦ ਤੇ ਮੰਦਰ ਦੇ ਅੰਦਰ ਕੋਈ ਵੀ ਫਰਕ ਨਹੀਂ ਸਮਝਦੇ। ਉਨ੍ਹਾਂ ਦੀ ਨਿਗ੍ਹਾ ਵਿਚ

ਮਸਜਿਦ ਪ੍ਰਭੂ ਪਿਆਰਿਆਂ ਦੇ ਇਕੱਠੇ ਹੋ ਕੇ ਪ੍ਰਭੂ ਨਾਲ ਪਿਆਰ ਕਰਨ ਦੀ ਥਾਂ ਹੈ। ਇਸੇ ਤਰ੍ਹਾਂ ਮੰਦਰ ਵਿਚ ਪ੍ਰਭੂ ਦੇ ਪਿਆਰੇ ਇਕੱਠੇ ਹੋ ਕੇ ਉਸ ਇੱਕੋ ਦੇ ਗੁਣ ਗਾਉਂਦੇ ਹਨ।

ਇਤਿਹਾਸ ਵਿਚ ਇਕ ਬਹੁਤ ਵੱਡਾ ਭੁਲੇਖਾ ਪਾਇਆ ਗਿਆ ਹੈ ਕਿ ਗੁਰੂ ਮਹਾਰਾਜ ਜਦੋਂ ਅਨੰਦਗੜ੍ਹ ਦਾ ਕਿਲਾ ਛੱਡ ਕੇ ਸਰਸੇ ਵਲ ਵਧ ਰਹੇ ਸਨ ਤਾਂ ਇਤਿਹਾਸ ਨੇ ਇਹ ਗਲ ਮਹਾਰਾਜ ਜੀ ਦੇ ਮੁਖ ਤੋਂ ਕਹਾਈ ਕਿ ਪਿਆਰਿਓ ਗੁਰਸਿਖੋ! ਇਕ ਗੱਲ ਦਾ ਸਦਾ ਹੀ ਧਿਆਨ ਰੱਖਣਾ ਕਿ ਮੁਸਲਮਾਨ ਦਾ ਕਦੇ ਵੀ ਇਤਬਾਰ ਨਾ ਕਰਨਾ ਭਾਵੇਂ ਉਹ ਲੱਖਾਂ ਸੁਗੰਧਾਂ ਵੀ ਖਾਵੇ, ਜਿਵੇਂ ਕਿ ਪਤਲੇ ਗੁੜ ਵਿਚ ਬਾਂਹ ਲਬੇੜ ਕੇ ਤਿਲਾਂ ਦੇ ਢੇਰ ਵਿਚ ਬਾਂਹ ਪਾ ਦੇਈਏ ਤਾਂ ਜਿੰਨੇ ਵੀ ਤਿਲ ਬਾਂਹ ਨੂੰ ਚਿੰਬੜ ਜਾਣ, ਜੇ ਏਨੀਆਂ ਕਸਮਾਂ ਵੀ ਖਾਵੇ ਤਾਂ ਵੀ ਇਤਬਾਰ ਨਹੀਂ ਕਰਨਾ। ਕਿੱਡੀ ਸੌੜੀ ਸੋਚ ਹੈ- ਉਸ ਮਹਾਨ ਵਿਅਕਤੀ ਬਾਰੇ ਜਿਹੜੇ ਅਪਣੀ ਸਾਰੀ ਬਾਣੀ ਵਿਚ ਅਵਾਜ਼ੇ-ਬੁਲੰਦ ਨਾਲ ਸਮਝਾ ਰਹੇ ਹਨ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪ ਹੀ ਜੋਤਿ ਰੂਪ ਹੋ ਕੇ ਘਟ-ਘਟ ਵਿਚ ਬਿਰਾਜਮਾਨ ਹੁੰਦੇ ਹੋਏ ਆਪਣੀ ਕਿਰਿਆ ਕਰ ਰਹੇ ਹਨ। ਇਹ ਸਾਰੀ ਕਿਰਿਆ ਹੁਕਮ ਵਿਚ ਹੋ ਰਹੀ ਹੈ ਜਿਸ ਤਰ੍ਹਾਂ ਦੇ ਨਾਲ ਆਪ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ:-

***ਕਹੂੰ ਜੱਛ ਗੰਧਰਬ ਉਰਗ***
***ਕਹੂੰ ਬਿਦਯਾਧਰ,***
***ਕਹੂੰ ਭਏ ਕਿੰਨਰ ਪਿਸਾਚ***
***ਕਹੂੰ ਪ੍ਰੇਤ ਹੋ॥***
***ਕਹੂੰ ਹੁਇਕੈ ਹਿੰਦੂਆ ਗਾਇਤ੍ਰੀ***
***ਕੋ ਗੁਪਤ ਜਪਿਓ,***
***ਕਾਹੂੰ ਹ੍ਵੈ ਕੈ ਤੁਰਕਾ***
***ਪੁਕਾਰੇ ਬਾਂਗ ਦੇਤ ਹੋ॥***
***ਕਹੂੰ ਕੋਕ ਕਾਬ ਹੁਇਕੈ***
***ਪੁਰਾਨ ਕੋ ਪੜ੍ਹਤ ਮਤ,***
***ਕਤਹੂੰ ਕੁਰਾਨ ਕੋ***
***ਨਿਦਾਨ ਜਾਨ ਲੇਤ ਹੋ॥***
***ਕਹੂੰ ਬੇਦ ਗੀਤ***
***ਕਹੂੰ ਤਾ ਸਿਉ ਬਿਪ੍ਰੀਤਿ,***
***ਕਹੂੰ ਤ੍ਰਿਗੁਨ ਅਤੀਤ***
***ਕਹੂੰ ਸਰਗੁਨ ਸਮੇਤ ਹੋ॥***

***(ਅਕਾਲ ਉਸਤਤਿ)***

ਉਨ੍ਹਾਂ ਦੇ ਫੁਰਮਾਨ ਵਿਚ ਕਿਸੇ ਵੀ ਰਾਗ ਤੇ ਦਵੈਸ਼ ਦਾ ਝਲਕਾਰਾ ਨਹੀਂ ਪੈਂਦਾ। ਇਸ ਵਾਸਤੇ ਇਤਿਹਾਸਕਾਰਾਂ ਦਾ ਇਹ ਲਿਖ ਦੇਣਾ, ਇਹ ਲਿਖ ਕੇ ਦੋਸ਼ ਮੁਸਲਮਾਨਾਂ ਤੇ ਥੋਪ ਦੇਣਾ, ਇਕ ਅਨਜਾਣਪੁਣਾ ਹੀ ਹੈ। ਅਸਲ ਗਲ ਇਹ ਹੈ ਕਿ ਰਾਜਸੀ ਬਚਨ ਕਦੇ ਵੀ ਸੱਤਿ ਤੇ ਅਧਾਰਤ ਨਹੀਂ ਹੁੰਦੇ, ਇਹ ਇਕ ਡੰਗ ਟਪਾਊ (**face saving**) ਕਿਰਿਆ ਹੁੰਦੀ ਹੈ। ਇਹ ਅਹਿਦਨਾਮੇ ਉਸ ਸਮੇਂ ਤਕ ਕਾਇਮ ਰਹਿੰਦੇ ਹਨ ਜਦੋਂ ਤਕ ਦੋਹਾਂ ਧਿਰਾਂ ਵਿਚ ਤਾਕਤ ਹੋਵੇ ਅਤੇ ਹਿਤਾਂ ਦੀ ਪੂਰਤੀ ਹੁੰਦੀ ਰਹੇ। ਸਰਕਾਰ ਦੇ ਅਹਿਦਨਾਮਿਆਂ ਦਾ ਕੋਈ ਇਤਬਾਰ ਨਹੀਂ ਹੋਇਆ ਕਰਦਾ। ਅੰਗਰੇਜ਼ ਦਾ ਕੀਤਾ ਹੋਇਆ ਅਹਿਦਨਾਮਾ ਖਾਲਸਾ ਰਾਜ ਨਾਲ ਉਨਾ ਚਿਰ ਹੀ ਸਤਿਕਾਰਯੋਗ ਰਿਹਾ, ਜਿਨਾਂ ਚਿਰ ਦੋਹਾਂ ਧਿਰਾਂ ਵਿਚ ਬਰਾਬਰ ਦੀ ਸ਼ਕਤੀ ਸੀ। ਜਦੋਂ ਉਨ੍ਹਾਂ ਨੇ ਖਾਲਸਾ ਰਾਜ ਵਿਚ ਫੁੱਟ ਪਾ ਕੇ ਇਸ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ ਤਾਂ ਸਿਰਫ ਪੰਜਾਬ ਤੀਕ ਹੀ ਕਬਜ਼ਾ ਨਹੀਂ ਕੀਤਾ, ਸਗੋਂ ਇਸ ਦੇ ਮਸੂਮ ਬਾਦਸ਼ਾਹ (ਮਹਾਰਾਜਾ ਦਲੀਪ ਸਿੰਘ) ਨੂੰ ਦੀਨੋ ਬੇਦੀਨ ਕਰਕੇ ਆਪਣੀ ਜਨਮ ਭੂਮੀ ਉਪਰ ਅੰਤਿਮ ਸਫਰ ਭੀ ਖਤਮ ਨਾ ਕਰਨ ਦਿਤਾ।

ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਦੀ ਦਾਤ ਗੁਰਸਿੱਖਾਂ ਨੂੰ ਬਖਸ਼ੀ। ਅੰਮ੍ਰਿਤ ਦੀ ਖੋਜ, ਆਦਿ ਕਾਲ ਤੋਂ ਹੀ ਬਣੀ ਹੋਈ ਸੀ। ਕੋਈ ਇਸ ਨੂੰ ਪਹਾੜਾਂ ਦੇ ਚਸ਼ਮਿਆਂ ਵਿੱਚ ਭਾਲਦਾ ਸੀ ਅਤੇ ਕੋਈ ਯੋਗ ਸਾਧਨਾ ਸਾਧ ਕੇ ਆਪਣੇ ਹੀ ਅੰਦਰ ਅੰਮ੍ਰਿਤ ਦੀ ਖੋਜ ਕਰਦਾ ਸੀ। ਦੇਵੀ ਦੇਵਤਿਆਂ ਨੇ ਅੰਮ੍ਰਿਤ ਦੀ ਪ੍ਰਾਪਤੀ ਲਈ ਦੈਂਤਾਂ ਨਾਲ ਯੁੱਧ ਕੀਤੇ। ਇਹ ਸਾਰੀਆਂ ਬੇਅੰਤ ਕਥਾ-ਕਹਾਣੀਆਂ ਹਨ ਪਰ ਗੁਰੂ ਮਹਾਰਾਜ ਜੀ ਨੇ ਗੁਰਬਾਣੀ ਅੰਦਰ ਅੰਮ੍ਰਿਤ ਬਾਰੇ ਦੱਸਿਆ ਹੈ ਕਿ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***

*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ।*

*(ਅੰਗ - ੬੪੪)*

ਇਸ ਮਹਾਨ ਅੰਮ੍ਰਿਤ ਦੀ ਕਦਰ ਮਨਮੁਖਾਂ ਨੂੰ ਨ ਹੋਣ ਕਰਕੇ ਮਨੁਖ ਨੇ ਅਪਣਾ ਜਨਮ ਬਿਰਥਾ ਗਵਾ ਲਿਆ। ਇਹ ਅੰਮ੍ਰਿਤ ਤਾਂ ਆਪਣੇ ਅੰਦਰ ਹੀ ਸੀ ਜਿਸ ਦੇ ਬਾਰੇ ਸੁਖਮਨੀ ਸਾਹਿਬ ਅੰਦਰ ਫੁਰਮਾਨ ਆਇਆ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*(ਅੰਗ - ੨੯੩)*

ਗੁਰੂ ਦਸਮੇਸ਼ ਪਿਤਾ ਜੀ ਨੇ ਇਸ ਅੰਮ੍ਰਿਤ ਤੱਕ ਰੁਸਵਾਈ ਕਰਨ ਲਈ ਬਾਣੀ ਦੀ ਸ਼ਕਤੀ ਨਾਲ ਜਲ ਉਪਰ ਬਾਣੀਆਂ ਪੜ੍ਹਕੇ ਖੰਡੇ ਬਾਟੇ ਵਿਚ ਤਿਆਰ ਕੀਤੀ ਪਾਹੁਲ ਬਣਾਈ ਅਤੇ ਸਿਖਾਂ ਨੂੰ ਜਦੋਂ ਪਿਲਾਈ ਤਾਂ ਗੁਰ ਮੰਤਰ ਦੇ ਬਲ ਨਾਲ ਇਨਸਾਨ ਦੀ ਸੁਰਤਿ ਅੰਮ੍ਰਿਤ ਤੱਕ ਸਹਿਜੇ ਹੀ ਪਹੁੰਚ ਗਈ। ਅੰਮ੍ਰਿਤ ਦੀ ਪ੍ਰਾਪਤੀ ਕਰਨ ਉਪ੍ਰੰਤ ਮੌਤ ਅਤੇ ਜਿੰਦਗੀ ਦੇ ਭੇਦ ਨੂੰ ਪ੍ਰਾਪਤ ਕਰ ਲਿਆ ਅਤੇ ਉਹੀ ਜੀਵ ਪੂਰਨ ਨਿਰਭੈ ਅਵਸਥਾ ਵਿੱਚ ਆ ਕੇ ਪੂਰਨ ਨਿਆਂਕਾਰੀ, ਰਾਗ ਦਵੈਸ਼ ਤੋਂ ਉਚਾ, ਸਭ ਦਾ ਸਾਂਝਾ, ਸਭ ਦਾ ਪਿਆਰਾ, ਪਰਉਪਕਾਰੀ ਗੁਰਮੁਖ, ਸਾਧੂ ਸੰਤ, ਖਾਲਸਾ ਬਣ ਗਿਆ ਅਤੇ ਪਰਮ ਉਚਤਾ ਪ੍ਰਾਪਤ ਕਰਕੇ ਸੰਸਾਰ ਨੂੰ ਸੁਖਾਂ ਦਾ ਸੰਦੇਸ਼ ਦੇਣ ਲਈ ਅਤੇ ਸੰਸਾਰ ਵਿਚੋਂ ਬੁਰਿਆਈਆਂ ਦੀ ਕੋਹਝ ਨੂੰ ਹੂੰਝ ਕੇ ਬਾਹਰ ਸੁੱਟਣ ਲਗਿਆ। ਇਕ ਸਾਧਾਰਣ ਮਨੁਖ ਨੂੰ ਮੰਤ੍ਰ ਕੀਤਾ ਹੋਇਆ ਜਲ, ਜਿਸ ਨੂੰ 'ਪਾਹੁਲ' ਕਹਿੰਦੇ ਹਨ, ਪਿਲਾ ਕੇ ਐਨਾ ਉੱਚਾ ਕਰ ਦਿੱਤਾ ਕਿ ਉਸ ਦੀ ਬਰਾਬਰੀ ਆਪ ਨੇ ਵਾਹਿਗੁਰੂ ਜੀ ਦੇ ਸਮਾਨ ਪ੍ਰਗਟ ਕਰ ਦਿੱਤੀ-

*ਆਤਮ ਰਸ ਜਿਹ ਜਾਨਹੀ*
*ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ*
*ਤਾਸ ਮਹਿ ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ)*

ਇਸ ਅੰਮ੍ਰਿਤ ਦੀ ਘਟਨਾ ਨੇ ਭਾਰਤੀ ਜਨਤਾ ਵਿੱਚ ਇਕ ਇਨਕਲਾਬ ਲਿਆ ਦਿੱਤਾ। ਮੌਤ ਦਾ ਡਰ ਕਤਈ ਖਤਮ ਹੋ ਗਿਆ ਅਤੇ ਜੀਵਨ ਨੂੰ ਪਰਮ ਉਚ ਸੇਵਾ ਵਿੱਚ ਲਾਉਣ ਲਈ ਉਤਸੁਕਤਾ ਜਾਗ ਪਈ ਜਿਸ ਨੇ ਦੇਸ਼ ਵਿੱਚ ਇਨਕਲਾਬ ਲਿਆ ਦਿੱਤਾ। ਮਨੁਖੀ ਹੱਕ ਸੁਰੱਖਿਅਤ ਹੋ ਗਏ ਅਤੇ ਇਹ ਦੇਸ਼ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਸੁਤੰਤਰ ਹੋ ਗਿਆ। ਅੰਮ੍ਰਿਤ ਦੀ ਪ੍ਰਾਪਤੀ ਦੀ ਸੋਝੀ ਬਖਸ਼ ਦਿੱਤੀ ਅਤੇ ਭਟਕਦਾ ਜੀਵ ਅੰਮ੍ਰਿਤ ਦੀ ਪ੍ਰਾਪਤੀ ਕਰਕੇ ਸਦੀਵ ਕਾਲ ਲਈ ਅਮਰ ਹੋ ਗਿਆ। ਇਨਸਾਨੀ ਜੀਵਨ ਅੰਦਰ ਇਹ ਇਕ ਬਹੁਤ ਵੱਡਾ ਇਨਕਲਾਬ ਸੀ ਜੋ ਗੁਰੂ ਦਸਮੇਸ਼ ਪਿਤਾ ਜੀ ਨੇ ਕਿਰਪਾ ਕਰਕੇ ਬਖਸ਼ਿਆ।

ਗੁਰੂ ਮਹਾਰਾਜ ਜੀ ਦੇ ਜੀਵਨ ਦੀਆਂ ਅਨੇਕਾਂ ਹੀ ਛੋਟੀਆਂ-੨ ਘਟਨਾਵਾਂ ਹਨ ਜਿਨ੍ਹਾਂ ਤੋਂ ਸਾਨੂੰ ਜੀਵਨ ਦੇ ਸਹੀ ਪਥ-ਪ੍ਰਦਰਸ਼ਨ ਦੀ ਸੋਝੀ ਮਿਲਦੀ ਹੈ। ਇਕ ਵਾਰੀ ਗੁਰੂ ਮਹਾਰਾਜ ਜੀ ਨੇ ਇਕ ਗਧੇ ਉਪਰ ਸ਼ੇਰ ਦੀ ਖੱਲ ਮੜ੍ਹਵਾ ਕੇ ਉਸ ਨੂੰ ਚੁਗਣਾ ਛੱਡ ਦਿੱਤਾ। ਉਸ ਸ਼ੇਰ ਨੂੰ ਵੇਖ ਕੇ ਲੋਕ ਬਹੁਤ ਹੀ ਭੈਭੀਤ ਹੋਣ ਲਗੇ। ਕੋਈ ਵੀ ਉਸ ਸ਼ੇਰ ਦੇ ਨੇੜੇ ਨ ਜਾਵੇ ਅਤੇ ਖੇਤਾਂ ਵਿੱਚ ਕੰਮ-ਕਾਜ ਠੱਪ ਹੋ ਗਏ। ਤਾਂ ਗੁਰੂ ਮਹਾਰਾਜ ਜੀ ਪਾਸ ਆ ਕੇ ਸਾਰਿਆਂ ਨੇ ਫ਼ਰਿਆਦ ਕੀਤੀ ਕਿ ਮਹਾਰਾਜ! ਸ਼ੇਰ ਬਹੁਤ ਵੱਡਾ ਹੈ, ਕੋਈ ਵੀ ਬੰਦਾ ਡਰਦਾ ਮਾਰਿਆ ਉਸ ਦੇ ਕੋਲ ਜਾਣ ਦੀ ਹਿੰਮਤ ਨਹੀਂ ਕਰਦਾ, ਸਾਡੀਆਂ ਖੇਤੀਆਂ ਦਾ ਨੁਕਸਾਨ ਹੋ ਰਿਹਾ ਹੈ। ਆਪ ਕ੍ਰਿਪਾ ਕਰਕੇ ਕਿਸੇ ਸੂਰਬੀਰ ਯੋਧੇ ਨੂੰ ਭੇਜ ਕੇ ਇਸ ਸ਼ੇਰ ਤੋਂ ਸਾਡੀ ਖਲਾਸੀ ਕਰਵਾਓ ਜੀ। ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਇਹ ਸ਼ੇਰ ਦੇ ਗੋਲੀ ਨਹੀਂ ਮਾਰਨੀ, ਇਸ ਨੂੰ ਜਿਉਂਦਾ ਹੀ ਫੜਨਾ ਹੈ ਪਰ ਕਿਸੇ ਦੀ ਵੀ ਹਿੰਮਤ ਨ ਪਵੇ ਕਿ ਇਸ ਸ਼ੇਰ ਦੇ ਸਾਹਮਣੇ ਜਾਵੇ। ਸਾਰੇ ਖੜ੍ਹੇ ਹੋਏ ਸ਼ੇਰ ਨੂੰ ਕੁੱਦਦੇ ਨੂੰ ਛਲਾਂਗਾਂ ਮਾਰਦੇ ਨੂੰ ਦੇਖਦੇ ਰਹਿੰਦੇ ਹਨ।

ਅਚਾਨਕ ਇਕ ਘੁਮਿਆਰ ਆਪਣੇ ਗਧੇ ਲਈਂ ਨੇੜੇ ਦੀ ਲੰਘ ਰਿਹਾ ਸੀ। ਜਦੋਂ ਅਖੌਤੀ ਸ਼ੇਰ ਦੀ ਨਜ਼ਰ ਵਿੱਚ ਗਧਾ ਆਇਆ ਤਾਂ ਦੌੜਦਾ ਹੋਇਆ ਗਧਿਆਂ ਦੇ ਕੋਲ ਆ ਕੇ ਹੀਂਗਣ ਲਗ ਗਿਆ, ਸੁਣ ਕੇ ਓਧਰਲੇ ਗਧੇ ਵੀ ਹੀਂਗਣ ਲਗ ਗਏ। ਤਾਂ ਗਧਿਆਂ ਦਾ ਮਾਲਕ ਪਛਾਣ ਗਿਆ ਕਿ ਇਹ ਬੋਲੀ ਤਾਂ ਮੇਰੇ ਗਧੇ ਦੀ ਹੀ ਹੈ। ਤਾਂ ਉਹ ਸ਼ੇਰ ਰੂਪ ਗਧੇ ਨੂੰ ਫੜ ਕੇ ਗੁਰੂ ਮਹਾਰਾਜ ਜੀ ਪਾਸ ਲੈ ਆਇਆ। ਸਾਰਿਆਂ ਵਿੱਚ ਬਹੁਤ ਹੈਰਾਨੀ ਛਾਈ ਅਤੇ ਇਹ ਕੌਤਕ ਨੂੰ ਸਮਝਣ ਦਾ ਯਤਨ ਕੀਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਪਿਆਰਿਓ! ਤੁਹਾਨੂੰ ਅਸੀਂ ਬਾਣਾ ਬਖਸ਼ ਕੇ ਅਤੇ ਅੰਮ੍ਰਿਤ ਦੀ ਦਾਤ ਦੇ ਕੇ ਸ਼ੇਰ ਬਣਾਇਆ ਹੈ ਅਤੇ ਆਪਣਾ ਸਾਰਾ ਤੇਜ ਤੁਹਾਡੇ ਵਿੱਚ ਪ੍ਰਵੇਸ਼ ਕਰਿਆ ਹੈ ਜਿਵੇਂ ਕਿ ਫੁਰਮਾਨ ਹੈ:-

***ਜਬ ਲਗ ਖਾਲਸਾ ਰਹੇ ਨਿਆਰਾ।।***
***ਤਬ ਲਗ ਤੇਜ ਦੀਓ ਮੈਂ ਸਾਰਾ।।***
***ਜਬ ਇਹ ਗਹੈ ਬਿਪਰਨ ਕੀ ਰੀਤਿ।।***
***ਮੈਂ ਨ ਕਰੋਂ ਇਨ ਕੀ ਪ੍ਰਤੀਤ।।***
***(ਸਰਬ ਲੋਹ ਗ੍ਰੰਥ)***

ਦੇਖੋ, ਜਦੋਂ ਤਕ ਇਹ ਗਧਾ ਆਪਣੀ ਬੋਲੀ ਨਹੀਂ ਸੀ ਬੋਲਿਆ, ਓਨਾਂ ਚਿਰ ਤੱਕ ਇਸ ਦਾ ਤਪ ਤੇਜ ਕਿਵੇਂ ਬਣਿਆ ਰਿਹਾ ਪਰ ਜਦੋਂ ਇਸ ਨੇ ਆਪਣੇ ਗਧੇ ਭਾਈਆਂ ਨਾਲ ਰਲ ਕੇ ਆਪਣੀ ਬੋਲੀ-ਬੋਲੀ ਤਾਂ ਮੁੜ ਕੇ ਅਪਣੇ ਮਾਲਕ ਦੇ ਹੱਥ ਵਿੱਚ ਫੇਰ ਆ ਗਿਆ ਅਤੇ ਉਸ ਨੂੰ ਫੇਰ ਆਪਣੀ ਪਿਠ ਉਤੇ ਬੋਝ ਢੋਣਾ ਪਵੇਗਾ। ਤੁਹਾਨੂੰ ਵਾਹਿਗੁਰੂ ਜੀ ਦੇ ਹੁਕਮ ਵਿੱਚ ਅਸੀਂ ਆਤਮਕ ਨਿਰਭੈਤਾ ਬਖਸ਼ ਕੇ ਇਕ ਮਹਾਨ ਯੋਧੇ, ਯੋਗੀ ਪਰਉਪਕਾਰੀ ਰੂਪ ਵਿੱਚ ਪ੍ਰਗਟ ਕੀਤਾ ਹੈ। ਜੇ ਤੁਸੀਂ ਮੁੜ ਕੇ ਫੇਰ ਸ਼ਰਾਬਾਂ ਕਬਾਬਾਂ ਵਿਚ, ਨਿੰਦਿਆ ਚੁਗਲੀ ਈਰਖਾ ਵਿੱਚ ਪਰਸਪਰ ਵੈਰ-ਵਿਰੋਧ, ਧੜੇਬੰਦੀਆਂ ਵਿੱਚ ਪ੍ਰਵੇਸ਼ ਕਰਕੇ ਆਪਣੇ ਆਤਮਿਕ ਸਰੂਪ ਨੂੰ ਭੁੱਲ ਜਾਓਗੇ ਤਾਂ ਤੁਹਾਡੀ ਹਾਲਤ ਭੀ ਇਸ ਗਧੇ ਵਾਲੀ ਹੀ ਹੋ ਜਾਵੇਗੀ। ਜਦੋਂ ਮਾਲਕ ਨੂੰ ਪਤਾ ਲਗ ਗਿਆ ਕਿ ਸ਼ੇਰ ਦੇ ਰੂਪ ਵਿੱਚ ਇਹ ਹੀ ਮੇਰਾ ਗਧਾ ਹੈ ਤਾਂ ਉਸ ਨੇ ਇਸ ਨੂੰ ਫੜ ਲਿਆ। ਉਹ ਹੀ ਹਾਲ ਤੁਸੀਂ ਆਪਣਾ ਸਮਝੋ। ਜੇਕਰ ਜੀਵਨ ਕੀਮਤਾਂ-ਕਦਰਾਂ ਨੂੰ ਆਪਣਾਉਂਦੇ ਹੋਏ ਨਿਰਭੈ ਤੇ ਨਿਰਵੈਰ ਰਹੋਗੇ, ਨਾਮ-ਬਾਣੀ ਦੇ ਵਿੱਚ ਜੀਵਨ ਬਤੀਤ ਕਰੋਗੇ, ਸਰਬੱਤ ਦਾ ਭਲਾ ਮੰਗੋਗੇ ਅਤੇ ਮਾਨਵੀ ਹੱਕਾਂ ਦੀ ਰਾਖੀ ਲਈ ਤੱਤਪਰ ਰਹੋਗੇ, ਓਦੋਂ ਤੱਕ ਤੁਹਾਡੇ ਵਿੱਚ ਮੇਰਾ ਤੇਜ ਵਰਤਦਾ ਰਹੇਗਾ, ਨਹੀਂ ਮੈ ਤੁਹਾਡੇ ਨਾਲ ਕੋਈ ਸੰਬੰਧ ਨਹੀਂ ਰੱਖਣਾ ਕਿਉਂਕਿ ਮੇਰਾ ਵਿਸ਼ਵਾਸ਼ ਤੋੜ ਦਿੱਤਾ।

ਇਸ ਤਰ੍ਹਾਂ ਨਾਲ ਆਪ ਨੇ ਇਕ ਦਿਨ ਹੁਕਮ ਦਿੱਤਾ ਕਿ ਅੱਜ ਸ਼ਿਕਾਰ ਸਮੇਂ ਚੌਲ ਤਿਆਰ ਕਰਕੇ ਨਾਲ ਲੈ ਜਾਣੇ ਹਨ ਅਤੇ ਸ਼ਿਕਾਰੀ ਕੁੱਤੇ ਵੀ ਨਾਲ ਲੈ ਜਾਣੇ ਹਨ। ਜੰਗਲ ਵਿੱਚ ਜਾ ਕੇ ਗੁਰੂ ਜੀ ਨੇ ਚਾਦਰ ਵਿਛਵਾ ਕੇ ਉਪਰ ਚੌਲਾਂ ਦਾ ਢੇਰ ਲਗਵਾ ਦਿੱਤਾ ਅਤੇ ਹੁਕਮ ਦਿੱਤਾ ਕਿ ਸਾਰੇ ਕੁੱਤਿਆਂ ਨੂੰ ਛੱਡ ਦਿਓ। ਉਹ ਚੌਲ ਖਾਣ ਦੀ ਬਜਾਏ ਆਪਸ ਵਿੱਚ ਲੜਨ ਲਗ ਪਏ, ਮਿੱਟੀ ਉਡ-ਉਡ ਕੇ ਚੌਲਾਂ ਵਿਚ ਪੈ ਗਈ ਅਤੇ ਸਾਰੇ ਹੀ ਚੌਲ ਧੂੜ ਦਾ ਰੂਪ ਬਣ ਗਏ। ਕਿਸੇ ਵੀ ਕੁੱਤੇ ਨੇ ਚੌਲ ਨਹੀਂ ਖਾਧੇ ਅਤੇ ਆਪਸ ਵਿੱਚ ਲੜਦੇ ਹੋਏ ਲਹੂ-ਲੋਹਾਣ ਹੋ ਗਏ; ਨ ਆਪ ਖਾਧੇ ਨ ਦੂਜਿਆਂ ਨੂੰ ਖਾਣ ਦਿੱਤੇ। ਗੁਰੂ ਮਹਾਰਾਜ ਜੀ ਦੇ ਹੁਕਮ ਨਾਲ ਸਾਰੇ ਕੁੱਤਿਆਂ ਨੂੰ ਫੜਿਆ ਗਿਆ ਅਤੇ ਫੁਰਮਾਨ ਕੀਤਾ ਕਿ ਇਨ੍ਹਾਂ ਦੇ ਜਖਮਾਂ ਉਤੇ ਦਵਾ-ਦਾਰੂ ਲਾਓ। ਫੇਰ ਸਾਰਿਆਂ ਨੂੰ ਸੰਬੋਧਨ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਗੁਰਸਿੱਖੋ! ਤੁਹਾਡਾ ਤਪ ਅਤੇ ਤੇਜ ਵਾਲਾ ਜੀਵਨ ਪਰਮੇਸ਼ਰ ਨੂੰ ਘਟ ਘਟ ਵਿੱਚ ਵਿਆਪਕ ਜਾਣਨ ਵਾਲਾ ਆਤਮਿਕ ਪ੍ਰਭਾਵ ਵਾਲਾ ਜੀਵਨ ਸਾਰੇ ਸੰਸਾਰ ਨੂੰ ਰਾਹ ਦਿਖਾਏਗਾ ਅਤੇ ਸਾਰੀਆਂ ਬਰਕਤਾਂ ਰਾਜ ਭਾਗ ਸਣੇ ਤੁਹਾਡੇ ਪਿਛੇ ਫਿਰਨਗੀਆਂ। ਜੇ ਤਾਂ ਤੁਸੀਂ ਸਬਰ ਸੰਤੋਖ ਦੇ ਅਸੂਲਾਂ ਨੂੰ ਅਪਣਾਅ ਕੇ ਇਨਸਾਫ ਭਰੀ ਵੰਡ ਕਰਕੇ ਪ੍ਰਾਪਤ ਕਰਦੇ ਰਹੋਗੇ ਤਾਂ ਤੁਸੀਂ ਸਦਾ ਸੁਖੀ ਰਹੋਗੇ ਅਤੇ ਤੁਹਾਡਾ ਰਾਜ ਭਾਗ, ਤੇਜ ਬਣਿਆ ਰਹੇਗਾ ਪਰ ਜੇਕਰ ਤੁਸੀਂ ਇਨ੍ਹਾਂ ਬੇਅਸੂਲੇ ਕੁੱਤਿਆਂ ਵਾਂਗ ਆਪਣਾ ਜੀਵਨ ਗੁਜ਼ਾਰਿਆ ਤਾਂ ਤੁਸੀਂ ਆਪਸ ਵਿੱਚ ਲੜੋ-ਭਿੜੋਗੇ ਅਤੇ ਖਤਮ ਹੁੰਦੇ

ਰਹੋਗੇ, ਤੁਹਾਨੂੰ ਪ੍ਰਾਪਤੀਆਂ ਹੁੰਦਿਆਂ ਹੋਇਆਂ ਵੀ ਕੁਝ ਹਥ ਨਹੀਂ ਆਵੇਗਾ। ਪਰ ਜੇ ਤੁਸੀਂ ਮਿਲ ਕੇ ਚੱਲੋਗੇ ਤਾਂ ਤੁਹਾਡਾ ਸੰਸਾਰ ਭਰ ਵਿੱਚ ਬੋਲਬਾਲਾ ਹੋਵੇਗਾ।

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਸਿਮਰਨ ਤੇ ਸੇਵਾ ਨੂੰ ਬਹੁਤ ਹੀ ਪ੍ਰਧਾਨਗੀ ਦਿੱਤੀ ਅਤੇ ਸੇਵਾ ਤੋਂ ਬਗੈਰ ਜੀਵਨ ਨੂੰ ਨਿਹਫਲ ਦੱਸਿਆ। ਗੁਰਸਿਖ ਨੂੰ ਸੇਵਾ ਦੀ ਮੂਰਤੀ ਬਣਨ ਵਾਸਤੇ ਸਦਾ ਹੀ ਉਪਦੇਸ਼ ਦਿੰਦੇ ਰਹੇ। ਸੇਵਾਦਾਰ ਵਲੋਂ ਕੀਤੀ ਸੇਵਾ ਜੇ ਗੁਰੂ ਨੂੰ ਪ੍ਰਵਾਨ ਹੋ ਜਾਵੇ ਤਾਂ ਸਾਰੀਆਂ ਬਰਕਤਾਂ ਆ ਜਾਂਦੀਆਂ ਹਨ। ਸੇਵਾ ਕਰਦਿਆਂ ਅਭਿਮਾਨ ਨੂੰ ਤਿਆਗਣਾ ਅਤੀ ਜ਼ਰੂਰੀ ਦੱਸਿਆ। ਆਪ ਨੇ ਫੁਰਮਾਨ ਕੀਤਾ-

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ॥***

***ਅੰਗ - ੩੧੪***

***ਵਿਚਿ ਦੁਨੀਆ ਸੇਵ ਕਮਾਈਐ***
***ਤਾ ਦਰਗਹਿ ਬੈਸਣੁ ਪਾਈਐ॥***

***ਅੰਗ - ੨੬***

ਸੇਵਾ ਤੋਂ ਹੀ ਸਾਰੇ ਪਦਾਰਥ ਮਿਲਦੇ ਹਨ:-

***ਚਾਰਿ ਪਦਾਰਥ ਜੇ ਕੋ ਮਾਗੈ।***
***ਸਾਧ ਜਨਾ ਕੀ ਸੇਵਾ ਲਾਗੈ॥***

***(ਅੰਗ - ੨੬੬)***

ਅਜਿਹੇ ਉਪਦੇਸ਼ ਦੇ ਕੇ ਗੁਰਸਿਖਾਂ ਨੂੰ ਸੇਵਾ ਵਿੱਚ ਨਿਪੁੰਨ ਕੀਤਾ ਅਤੇ ਸੇਵਾ-ਰਹਿਤ ਜੀਵਨ ਨੂੰ ਮੁਰਦਾ ਦੱਸਿਆ। ਇਸ ਸਬੰਧ ਵਿਚ ਵੀ ਇਕ ਸਾਖੀ ਹੈ:-

ਇਕ ਵਾਰੀ ਗੁਰੂ ਮਹਾਰਾਜ ਜੀ ਦੀਵਾਨ ਵਿੱਚ ਅਪਣੇ ਤਖਤ ਉਪਰ ਸੁਸ਼ੋਭਤ ਸਨ ਤਾਂ ਆਪ ਦੇ ਮੁਖ ਤੋਂ 'ਪਾਣੀ' ਦੀ ਆਵਾਜ਼ ਨਿਕਲੀ। ਚੌਰ ਬਰਦਾਰ ਨੇੜੇ ਨ ਹੋਣ ਕਰਕੇ ਇਕ ਅਮੀਰ ਘਰਾਣੇ ਦੇ ਬੱਚੇ ਨੇ ਜਾ ਕੇ ਪਾਣੀ ਲਿਆਂਦਾ। ਜਦੋਂ ਜਲ ਭਰਿਆ ਕਟੋਰਾ ਹੱਥ ਉਤੇ ਰੱਖ ਕੇ ਗੁਰੂ ਮਹਾਰਾਜ ਜੀ ਦੇ ਪੇਸ਼ ਕੀਤਾ ਤਾਂ ਗੁਰੂ ਮਹਾਰਾਜ ਜੀ ਨੇ ਕਟੋਰਾ ਫੜ ਕੇ ਉਸ ਦੇ ਹੱਥਾਂ ਵੱਲ ਦੇਖਿਆ ਕਿ ਹੱਥ ਬਹੁਤ ਹੀ ਕੋਮਲ ਸਨ ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਉਸ ਬੱਚੇ ਨੇ ਕਦੇ ਵੀ ਕੋਈ ਕੰਮ ਆਪਣੇ ਹੱਥੀਂ ਨਹੀਂ ਕੀਤਾ ਹੋਣਾ। ਆਪ ਨੇ ਸਹਿਜੇ ਹੀ ਬੱਚੇ ਨੂੰ ਪੁੱਛ ਲਿਆ ਕਿ ਬੇਟਾ! ਤੈਂ ਇਨ੍ਹਾਂ ਹੱਥਾਂ, ਜੋ ਪ੍ਰਭੂ ਨੇ ਬਖਸ਼ਿਸ਼ ਕੀਤੇ ਹਨ, ਨਾਲ ਕਦੇ ਸੇਵਾ ਵੀ ਕੀਤੀ ਹੈ? ਤਾਂ ਉਸ ਬੱਚੇ ਨੇ ਕਿਹਾ ਕਿ ਮਹਾਰਾਜ ਜੀ! ਆਪ ਦੀ ਦਿੱਤੀ ਹੋਈ ਐਨੀ ਦੌਲਤ ਹੈ ਕਿ ਸਾਡੇ ਪਰਵਾਰ ਦੇ ਕਿਸੇ ਜੀਅ ਨੂੰ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ। ਘਰ ਵਿੱਚ ਨੌਕਰ-ਚਾਕਰ ਹੀ ਸਾਰਾ ਕੰਮ-ਕਾਜ ਕਰਦੇ ਹਨ। ਇਹ ਸੁਣ ਕੇ ਗੁਰੂ ਮਹਾਰਾਜ ਜੀ ਨੇ ਫੇਰ ਪੁਛਿਆ ਕਿ ਤੈਂ ਕਦੇ ਇਨ੍ਹਾਂ ਹੱਥਾਂ ਨਾਲ ਦਰੀਆਂ ਝਾੜੀਆਂ ਹੋਣ ਸੰਗਤ ਦੀਆਂ, ਸੰਗਤ ਦੀ ਧੂੜ ਅਪਣੇ ਸਰੀਰ ਉਤੇ ਪੁਆਈ ਹੋਵੇ, ਕਦੇ ਜੋੜੇ ਝਾੜੇ ਹੋਣ, ਕਦੇ ਪਿਆਸੇ ਨੂੰ ਪਾਣੀ ਪਿਆਇਆ ਹੋਵੇਗਾ, ਕਦੇ ਕਿਸੇ ਥੱਕੇ ਹੋਏ ਨੂੰ ਮੁਠੀ-ਚਾਪੀ ਕੀਤੀ ਹੋਵੇਗੀ। ਉਤਰ ਵਿੱਚ ਉਸ ਬੱਚੇ ਨੇ ਕਿਹਾ ਕਿ ਮਹਾਰਾਜ ਜੀ! ਮੇਰੀ ਜਿੰਦਗੀ ਵਿੱਚ ਅੱਜ ਇਹ ਪਹਿਲਾ ਦਿਨ ਹੈ ਕਿ ਮੈਂ ਆਪ ਜੀ ਵਾਸਤੇ ਜਲ ਦਾ ਕਟੋਰਾ ਲੈ ਕੇ ਆਇਆ ਹਾਂ। ਇਹ ਸੁਣਦਿਆਂ ਹੀ ਗੁਰੂ ਮਹਾਰਾਜ ਜੀ ਨੇ ਜਲ ਦਾ ਕਟੋਰਾ ਡੋਲ ਦਿੱਤਾ।

ਸੰਗਤ ਨੂੰ ਇਹ ਦ੍ਰਿਸ਼ ਵੇਖ ਕੇ ਕੁਝ ਸੰਸਾ ਹੋਇਆ। ਗੁਰੂ ਮਹਾਰਾਜ ਜੀ ਦੇ ਪੁਛਣ ਤੇ ਆਵਾਜ਼ ਆਈ ਕਿ ਮਹਾਰਾਜ ਆਪਜੀ ਨੇ ਜਲ ਕਿਉਂ ਨਹੀਂ ਛਕਿਆ, ਸਗੋਂ ਡੋਲ੍ਹ ਦਿੱਤਾ। ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਤੁਹਾਡੇ ਵਿਚੋਂ ਕਦੇ ਕਿਸੇ ਨੇ ਮੁਰਦੇ ਨਾਲ ਛੁਹਿਆ ਹੋਇਆ ਜਲ ਛਕਿਆ ਜਾਂ ਖਾਣਾ ਖਾਧਾ ਹੈ? ਉਨ੍ਹਾਂ ਕਿਹਾ ਮਹਾਰਾਜ! ਮੁਰਦਾ ਤਾਂ ਸਾਰਾ ਹੀ ਮਹਾਂ ਅਪਵਿਤਰ ਹੋਇਆ ਕਰਦਾ ਹੈ। ਅਸੀ ਮੁਰਦੇ ਨਾਲ ਛੁਹੀ ਹੋਈ ਕੋਈ ਚੀਜ ਨਹੀਂ ਛਕ ਸਕਦੇ। ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸੇਵਾ ਤੋਂ ਬਗੈਰ ਆਦਮੀ ਮੁਰਦਾ ਹੋਇਆ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

***ਅੰਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***

*ਮਿਰਤਕ ਕਹੀਅਹਿ ਨਾਨਕਾ ਜਿਹ*
*ਪ੍ਰੀਤਿ ਨਹੀਂ ਭਗਵੰਤ॥*

*ਅੰਗ - ੨੫੩*

ਅਤੇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ-

*ਬਿਨ ਸੇਵਾ ਧ੍ਰਿਗ ਹਥ ਪੈਰ*
*ਹੋਰ ਨਿਹਫਲ ਕਰਣੀ॥*

ਇਸ ਬੱਚੇ ਨੇ ਅੱਜ ਤੋਂ ਪਹਿਲਾਂ ਕਦੇ ਵੀ ਕੋਈ ਸੇਵਾ ਨਹੀਂ ਕੀਤੀ ਬਾਵਜੂਦ ਇਸ ਦੇ ਕਿ ਇਹ ਮਹਾਨ ਧਨੀ ਹੈ ਤੇ ਸੁੰਦਰਤਾ ਇਸ ਦੇ ਚਿਹਰੇ ਤੇ ਡੁੱਲ੍ਹ-ਡੁੱਲ੍ਹ ਪੈਂਦੀ ਹੈ ਪਰ ਪਿਆਰ ਤੋਂ ਬਿਨਾਂ ਸੇਵਾ ਤੋਂ ਹੀਣਾ ਹੋਣ ਕਰਕੇ ਇਹ ਮੁਰਦਾ ਹੈ। ਇਸ ਪ੍ਰਕਾਰ ਗੁਰੂ ਮਹਾਰਾਜ ਜੀ ਨੇ ਸੇਵਾ ਨੂੰ ਪ੍ਰਧਾਨਗੀ ਦਿੱਤੀ। ਆਪਣੇ ਸਰੀਰ ਦਾ ਬਲੀਦਾਨ ਇਕ ਮਹਾਨ ਸੇਵਾ ਹੈ। ਜੋ ਪ੍ਰਭੂ ਦੇ ਦਰ ਉਤੇ ਪ੍ਰਵਾਨ ਹੋਇਆ ਕਰਦੀ ਹੈ।

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ, ਪਖੰਡਾਂ, ਕਰਮ ਕਾਂਡਾਂ ਅਤੇ ਅੰਨ੍ਹੇਵਾਹ ਦਾਨ ਦੇਣ ਦੀ ਪ੍ਰਥਾ ਨੂੰ ਰੋਕਦਿਆਂ ਫੁਰਮਾਨ ਕੀਤਾ ਕਿ ਦਾਨ ਹਮੇਸ਼ਾ ਉਨ੍ਹਾਂ ਗੁਰਮੁਖ ਪਿਆਰਿਆਂ ਨੂੰ, ਮਹਾਂਪੁਰਖਾਂ ਨੂੰ ਦੇਣਾ ਚਾਹੀਦਾ ਹੈ ਜਿਹੜੇ ਆਪਣੇ ਐਸ਼ ਆਰਾਮ ਦੀ ਥਾਂ ਦੂਜਿਆਂ ਦੀ ਭਲਾਈ ਵਾਸਤੇ ਤੱਤਪਰ ਰਹਿੰਦੇ ਹਨ ਅਤੇ ਗੁਰਮੁਖਾਂ ਵੱਲ ਇਸ਼ਾਰਾ ਕਰਕੇ ਫੁਰਮਾਇਆ ਕਿ-

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ*
*ਨ ਲਾਗਤ ਨੀਕੋ॥*
*ਆਗੈ ਫਲੈ ਇਨਹੀ ਕੋ ਦਯੋ,*
*ਜਗ ਮੈ ਜਸੁ,*
*ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹਿ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ*
*ਸਭਹੀ ਇਨਹੀ ਕੋ॥*
*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ*
*ਸੁ ਬਿਦਿਆ ਲਈ,*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀ ਮੋ ਸੇ ਗਰੀਬ ਕਰੋਰ ਪਰੇ॥*

ਇਸ ਪ੍ਰਕਾਰ ਗੁਰੂ ਮਹਾਰਾਜ ਜੀ ਦੇ ਜੀਵਨ ਵਿੱਚ ਅਨੇਕਾਂ ਕੌਤਕ ਅਜਿਹੇ ਹਨ ਜਿਹੜੇ ਸਾਨੂੰ ਬਹੁਤ ਹੀ ਸੋਚ ਸਮਝ ਕੇ ਅਪਨਾਉਣੇ ਚਾਹੀਦੇ ਹਨ। ਗੁਰੂ ਮਹਾਰਾਜ ਜੀ ਬਹੁਤ ਹੀ ਦਿਆਲੂ ਸਨ। ਗੁਰਸਿੱਖਾਂ ਵਲੋਂ ਭੁੱਲ ਚੁੱਕ ਹੋਣ ਤੇ ਆਪ ਜੀ ਮੁਆਫ ਕਰ ਦਿਆ ਕਰਦੇ ਸਨ ਅਤੇ ਅੱਗੇ ਵਾਸਤੇ ਸ਼ੁਧ ਭਾਵਨਾ ਦੀ ਦਾਤ ਬਖਸ਼ ਦਿਆ ਕਰਦੇ ਸਨ।

ਅੱਜ ਅਸੀਂ ਐਸੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਦਿਵਸ ਮਨਾ ਰਹੇ ਹਾਂ। ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੇ ਦਰਸਾਏ ਹੋਏ ਮਾਰਗ ਉੱਤੇ ਚੱਲੀਏ, ਰਹਿਤ ਬਹਿਤ ਵਿੱਚ ਆਈਏ ਅਤੇ ਪਿੱਠ ਦੇ ਕੇ ਬੇਮੁਖ ਨ ਬਣੀਏ। ਆਪ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਥਾਂ ਅੱਗੋਂ ਵਾਸਤੇ ਗੁਰੂ ਥਾਪ ਕੇ ਸ਼ਬਦ ਗੁਰੂ ਨੂੰ ਮਹਾਨਤਾ ਪ੍ਰਦਾਨ ਕੀਤੀ। ਗੁਰੂ ਗ੍ਰੰਥ ਸਾਹਿਬ ਸਾਰੀਆਂ ਬਰਕਤਾਂ, ਸਾਰੀਆਂ ਰੂਹਾਨੀ ਸ਼ਕਤੀਆਂ ਨਾਲ ਭਰਪੂਰ ਹਨ। ਜੇ ਕੋਈ ਘਾਟ ਹੈ ਤਾਂ ਸਾਡੇ ਆਪਣੇ ਵਿਸ਼ਵਾਸ਼ ਵਿੱਚ ਘਾਟ ਹੋਣ ਕਰਕੇ ਅਸੀਂ ਕੋਈ ਰੂਹਾਨੀ ਤਰੱਕੀ ਨਹੀਂ ਕਰ ਰਹੇ। ਅਰਦਾਸ ਹੈ ਕਿ ਗੁਰੂ ਮਹਾਰਾਜ ਜੀ ਕਿਰਪਾ ਕਰਨ ਅਤੇ ਸਾਨੂੰ ਚੜ੍ਹਦੀ ਕਲਾ ਵਾਲਾ ਜੀਵਨ ਬਖਸ਼ਿਸ਼ ਕਰਨ, ਅਸੀਂ ਅੰਮ੍ਰਿਤ ਦੇ ਨਾਲ ਮਖਮੂਰ ਹੋਈਏ ਜਿਸ ਨੂੰ ਆਪ ਜੀ ਨੇ ਸੰਸਾਰ ਵਿੱਚ ਪ੍ਰਗਟ ਕਰਕੇ ਹਰ ਜੀਵ ਦੇ ਭਾਗ ਵਿੱਚ ਬਖਸ਼ਿਆ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ – 'ਸਰਵੋਤਮ'

(ਭਾਗ ਪਹਿਲਾ)

ਸ੍ਰੀ ਸੰਤ ਜੀ (ਸੰਤ ਵਰਿਆਮ ਸਿੰਘ ਜੀ) ਸੇ ਮਿਲਕਰ ਮੁਝੇ ਜੋ ਪ੍ਰਸੰਨਤਾ ਮਿਲੀ, ਮੁਝੇ ਐਸਾ ਮਾਲੂਮ ਹੁਆ ਕਿ ਜੀਵਨ ਮੇਂ ਕੋਈ ਵਿਅਕਤੀ ਤੋ ਐਸਾ ਹੈ, ਜੋ ਜਿਤਨਾ ਅੰਦਰ ਸੇ, ਵੈਸਾ ਹੀ ਬਾਹਰ ਸੇ ਅਪਨਾ ਜੀਵਨ ਬਤੀਤ ਕਰਤਾ ਹੈ। ਸੱਚਾ, ਸਰਲ; ਕੋਈ ਛਲ ਕਪਟ ਪਾਖੰਡ ਨਹੀਂ ਹੈ। ਏਕ ਮਹਾਨ ਬਾਤ – ਅਗਰ ਹਮਾਰੇ ਭਾਰਤ ਵਰਸ਼ ਮੇਂ ਸਭੀ ਸੰਤ ਲੋਗ ਇਸੀ ਤਰਹ ਕਾ ਜੀਵਨ ਅਪਨਾਅ ਲੇਂ ਤੋ ਹਮਾਰਾ ਭਾਰਤ ਵਰਸ਼ ਫਿਰ ਅਪਨੀ ancient glory (ਪ੍ਰਾਚੀਨ ਮਾਣ) ਕੋ ਪ੍ਰਾਪਤ ਕਰ ਸਕਤਾ ਹੈ। ਅਬ ਮੁਝੇ ਆਪ ਸੇ ਕਹਨਾ ਹੈ – ਆਪ ਸਭ ਕੋ ਯੇ ਭੀ ਗਿਆਨ ਹੋਨਾ ਚਾਹੀਏ ਕਿ ਆਪ ਨਿਤਯ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਤੇ ਹੋ, ਜਪ ਕਰਤੇ ਹੋ ਲੇਕਿਨ ਏਕ ਬਾਤ ਆਪ ਸਮਝ ਲੀਜੀਏ ਕਿ ਸੰਸਾਰ ਮੇਂ ਜਿਤਨੇ ਭੀ ਧਰਮ ਗ੍ਰੰਥ ਹੈਂ, ਉਨ ਸਭ ਮੇਂ ਸੇ ਸਰਲ ਗ੍ਰੰਥ, ਗੁਰੂ ਗ੍ਰੰਥ ਸਾਹਿਬ ਹੈਂ। ਜਿਤਨਾ ਸਰਲ ਗ੍ਰੰਥ, ਗੁਰੂ ਗ੍ਰੰਥ ਸਾਹਿਬ ਹੈਂ, ਔਰ ਸੰਸਾਰ ਕਾ ਕੋਈ ਭੀ ਗ੍ਰੰਥ ਨਹੀਂ – ਏਕ ਬਾਤ। ਦੂਸਰੀ ਬਾਤ ਯੇ ਹੈ ਕਿ ਜੋ ਨਿਚੋੜ ਸਾਰੇ ਧਰਮੋਂ ਕਾ, ਗੁਰੂ ਗ੍ਰੰਥ ਸਾਹਿਬ ਕੇ ਅੰਦਰ ਹੈ, ਵੋ ਅਨਯ ਗ੍ਰੰਥੋਂ ਮੇਂ ਨਹੀਂ ਮਿਲੇਗਾ ਆਪ ਕੋ। ਯੇ ਤੋ ਸਾਰੇ ਸੰਸਾਰ ਕੇ ਜਿਤਨੇ ਭੀ ਧਰਮ ਹੈਂ, ਉਨ ਕੋ ਫਿਲਟਰ (filter) ਕਰਕੇ ਬਨਾਇਆ ਗਿਆ ਹੈ। ਯੇ ਸੂੱਤਾ ਹੈ ਗੁਰੂ ਨਾਨਕ ਦੇਵ ਜੀ ਕੀ, ਉਨਕੀ ਮਹਾਨ ਕਿਰਪਾ ਸੇ, ਔਰ ਅੱਨਯ ਗੁਰੂਓਂ ਕੀ ਕਿਰਪਾ ਸੇ, ਉਨ ਕੇ ਬਲੀਦਾਨ ਸੇ ਬਨਾ ਹੈ। ਕੋਈ ਵੀ ਸੰਸਾਰ ਕਾ ਧਰਮ ਗ੍ਰੰਥ – ਮੈਂ ਇਸ ਚੀਜ਼ ਕੋ ਆਪ ਕੇ ਸਾਮਨੇ ਨਹੀਂ ਬੋਲ ਰਹਾਂ ਹੂੰ, ਅਗਰ ਕੋਈ ਇਸ ਕੇ ਊਪਰ discussion (ਚਰਚਾ) ਕਰਨਾ ਚਾਹੇ ਤੋ ਮੈਂ ਉਸਕੋ ੧੦੧ ਪੁਆਇੰਟ (point) ਬਨਾ ਕਰ ਕੇ ਬਤਾ ਸਕਤਾ ਹੂੰ ਕਿ ਐਸਾ ਗ੍ਰੰਥ ਔਰ ਦੂਸਰਾ ਨਹੀਂ ਹੈ।

ਤੀਨ ਚੀਜ਼ੇਂ ਸਮਝਨੇ ਕੀ ਹੋਤੀ ਹੈਂ। ਸਿੱਖ ਸ਼ਬਦ – ਸੇਵਕ ਕੇ ਲੀਏ ਆਇਆ ਹੈ, ਜੋ ਸੇਵਾ ਕਰਨੇ ਮੇਂ ਹੀ ਅਪਨਾ ਪੂਰਾ ਜੀਵਨ ਬਤੀਤ ਕਰ ਦੇਤਾ ਹੈ। ਸਿਖ ਉਸੇ ਕਹਿਤੇ ਹੈਂ ਜੋ ਕਿ ਦੂਸਰੋਂ ਕੀ ਸੇਵਾ ਕਰਨੇ ਮੇਂ ਆਨੰਦ ਲੇਤਾ ਹੈ। ਜੋ ਦੁਖੀ ਹੋ, ਜਿਸ ਕੋ ਅਵੱਸ਼ਕਤਾ ਹੋ, ਉਸੀ ਕੀ ਸੇਵਾ ਕਰਤਾ ਹੈ। ਦੂਸਰਾ ਹੈ ਸ਼ਬਦ – ਗ੍ਰੰਥ। ਗੁਰੂਓਂ ਕੀ ਜਿਤਨੀ ਬਾਣੀ ਹੈ, ਸੰਤੋਂ ਕੀ ਬਾਣੀ ਕੋ ਗ੍ਰੰਥਿਤ ਕਰ ਦੀਆ ਗਿਆ ਹੈ, ਏਕ ਸੁਚਾਰੂ ਰੂਪ ਮੇਂ ਸੰਜੋਅ ਦੀਆ ਗਿਆ ਹੈ; ਉਸ ਕੋ ਕਹਿਤੇ ਹੈਂ – ਗੁਰੂ ਗ੍ਰੰਥ ਸਾਹਿਬ। ਮੈਨੇ ਕਈ ਭਾਸ਼ਾਓਂ ਮੇਂ – ਜਿਨ ਭਾਸ਼ਾਓਂ ਕੋ ਮੈਂ ਜਾਨਤਾ ਹੂੰ – ਉਨ ਮੇਂ ਗੁਰੂ ਗ੍ਰੰਥ ਸਾਹਿਬ ਕਾ ਸਵੈਧਯ ਅਧਿਐਨ ਕੀਆ ਤੋ ਮੁਝੇ ਯੇ ਲਗਾ ਕਿ ਗੀਤਾ – ਵੋ ਵਿਕਲਿਸ਼ਟ ਚੀਜ਼ ਹੈ; ਬਾਈਬਲ – ਵੋ ਭੀ ਸਭ ਕੇ ਸਮਝ ਮੇਂ ਨਹੀਂ ਆਤੀ; ਕੁਰਾਨ ਮਜੀਦ – ਵੋ ਭੀ ਸਭ ਸਮਝ ਨਹੀਂ ਪਾਤੇ, ਲੇਕਿਨ ਗੁਰੂ ਗ੍ਰੰਥ ਸਾਹਿਬ ਕੋ ਕੋਈ ਅਗਰ ਪੜ੍ਹ ਲੇ, ਤੋ ਸਭ ਕੇ ਸਮਝ ਮੇਂ ਆ ਸਕਤੀ ਹੈ; ਬੋਧ, ਅਬੋਧ, ਵਿਦਵਾਨ ਭੀ ਉਸ ਕੋ ਸਮਝ ਲੇਤੇ ਹੈਂ। ਅਬ ਤਰਕ-ਬਤਰਕ ਮੇਂ ਜਾਕਰ – ਕਿ ਸ਼ਬਦ ਕਾ ਕਿਆ ਅਰਥ ਹੋਤਾ ਹੈ, ਕੈਸੇ ਕਹਾ ਗਿਆ ਹੈ ਤੋ ਇਸ ਕੇ ਲੀਏ ਮੈਂ ਆਪ ਸੇ ਏਕ ਬਾਤ ਕਹਨਾ ਚਾਹਤਾ ਹੂੰ। ਗੁਰੂ ਲੋਗ ਏਕ ਸਥਾਨ ਸੇ ਦੂਸਰੇ ਸਥਾਨ ਪਰ travel (ਯਾਤਰਾ) ਕਰਤੇ-ਕਰਤੇ-ਕਰਤੇ-ਕਰਤੇ-ਕਰਤੇ-ਕਰਤੇ ਚਲੇ ਗਏ। ਔਰ ਉਨਕੀ ਬੋਲੀਓਂ ਕੋ, ਜਹਾਂ-ਜਹਾਂ ਗਏ, ਵਹਾਂ-ਵਹਾਂ ਕੇ ਸ਼ਬਦੋਂ ਕੋ ਉਨਹੋਂ ਨੇ ਬਤਾਇਆ – ਗ੍ਰੰਥ ਸਾਹਿਬ ਮੇਂ। ਅਭੀ ਯੇ ਸੋਧ ਨਹੀਂ ਹੂਆ ਜੈਸੇ ਮੈਂ ਆਪਸੇ ਕਹਤਾ ਹੂੰ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋ ਸਿਰਫ਼ ਚੜ੍ਹ ਗਈ ਥੀ। ਅਬ ਯੇ ਸਿਰਫ਼ word (ਸ਼ਬਦ) ਜੋ ਹੈ, ਕੇਵਲ ਪਹਾੜੀ ਆਦਮੀ ਜਾਨ ਸਕਤਾ

ਹੈ ਕਿ ਸਿਰੜ ਕਿਆ ਹੋਤੀ ਹੈ - ਯੇ ਪਹਾੜੀ ਸ਼ਬਦ ਹੈ। ਜਿਤਨੀ ਭੀ ਆਪ ਕੀ ਭਾਸ਼ਾਏਂ ਹੈਂ, ਉਨ ਕੇ ਸ਼ਬਦ ਆਪ ਕੋ ਗ੍ਰੰਥ ਸਾਹਿਬ ਮੇਂ ਮਿਲ ਜਾਏਂਗੇ - ਜੋ ਭੀ ਬੋਲੇ ਆਪ। ਜੋ ਭੀ ਭਾਸ਼ਾ ਹੋ, ਉਸ ਕੇ ਸ਼ਬਦ ਅਵੱਸ਼ਿਆ ਗੁਰੂ ਗ੍ਰੰਥ ਸਾਹਿਬ ਮੇਂ ਮਿਲੇ ਹੂਏ ਹੈਂ। ਇਸ ਕਾ ਕਾਰਣ ਹੈ ਕਿ ਗੁਰੂ ਲੋਗ ਭਾਰਤ ਭ੍ਰਮਣ ਕੀਏ, ਉਸ ਭ੍ਰਮਣ ਮੇਂ, ਉਸ journey ਮੇਂ ਜਹਾਂ ਜਹਾਂ ਗਏ, ਵਹਾਂ ਵਹਾਂ ਕੀ ਭਾਸ਼ਾ ਭੀ ਉਨਹੋਂ ਨੇ ਗੁਰੂ ਗ੍ਰੰਥ ਸਾਹਿਬ ਮੇਂ ਗ੍ਰੰਥਿਤ ਕਰ ਦੀ। ਏਕ ਮਹਾਨ ਸਾਗਰ ਹੈ - ਸਾਗਰ ਮੇਂ ਜੋ ਜਿਤਨੀ ਡੁਬਕੀ ਲਗਾਏਗਾ, ਉਤਨਾ ਹੀ ਉਸ ਕੋ ਕੁਛ ਨਾ ਕੁਛ ਪ੍ਰਾਪਤ ਹੋਗਾ। ਤੋ ਮੇਰੇ ਕਹਨੇ ਕਾ ਮਤਲਬ ਯੇ ਹੈ ਕਿ ਸ਼ਰਧਾ ਸੇ, ਭਕਤੀ ਸੇ ਆਪ ਗੁਰੂ ਗ੍ਰੰਥ ਸਾਹਿਬ ਕਾ ਸ੍ਵੈਧਯ ਕਰੇਂ। ਕੇਵਲ ਗੁਰੂ ਗ੍ਰੰਥ ਸਾਹਿਬ ਕੋ ਪੂਜਨਾ ਹੀ ਕਾਫੀ ਨਹੀਂ ਹੈ। ਹਮ ਲੋਗ ਕਿਆ ਕਰਤੇ ਹੈਂ - ਪ੍ਰਾਯ, ਆਰਤੀ ਲੇਕਰ, ਗੁਰੂ ਗ੍ਰੰਥ ਸਾਹਿਬ ਕੋ ਊਪਰ ਸਥਾਨ ਦੇ ਕਰ ਪੂਜਤੇ ਹੈਂ। ਅੱਛੀ ਬਾਤ ਹੈ ਵੋ। ਵੋ ਤੋ ਹੋਨਾ ਹੀ ਚਾਹੀਏ - ਆਦਰ ਔਰ ਸਤਿਕਾਰ ਹੋਨਾ ਚਾਹੀਏ। ਲੇਕਿਨ ਉਸ ਕਾ ਸ੍ਵੈਧਯ ਕਰਨਾ, ਉਸ ਕੋ ਸਮਝਨਾ, ਉਸ ਕੇ ਅਨੁਰੂਪ ਚਲਨਾ; ਬਹੁਤ ਬੜੀ ਭਾਰੀ ਬਾਤ ਹੈ। ਵਿਦੇਸ਼ੋਂ ਮੇਂ ੧੫੬ ਦੇਸ਼ੋਂ ਕਾ ਭ੍ਰਮਣ ਕਰਨੇ ਕੇ ਪਸ਼ਚਾਤ ਮੈਂ ਇਸ ਨਿਰਨੇ ਪਰ ਪਹੁੰਚਾ ਹੂੰ ਕਿ ਵੋ ਕੋਈ ਭੀ ਦੇਸ਼ ਨਹੀਂ, ਜਹਾਂ ਸਿੱਖ ਨਹੀਂ ਹੈਂ। ਅਰ ਵੋ ਭੀ ਕੋਈ ਦੇਸ਼ ਨਹੀਂ, ਜਹਾਂ ਸਿੱਖ ਧਰਮ, ਜਹਾਂ ਗੁਰੂਦੁਆਰਾ ਨਾ ਬਨਾ ਹੋ।

ਅਬ ਆਪ ਕੋ ਏਕ ਬਾਤ ਬਤਾਊਂ - ਮੈਂ ਲੰਡਨ ਮੇਂ ਥਾ, ਤੋ ਗੁਰੂਦੁਆਰਾ ਮੇਂ ਜੈਸੇ ਸਭ ਨੇ ਅਪਨੇ ਅਪਨੇ ਭਾਵ ਪ੍ਰਗਟ ਕੀਏ; ਮੈਨੇ ਭੀ ਭਾਵ ਪ੍ਰਗਟ ਕੀਏ। ਜਬ ਪ੍ਰਸ਼ਾਦ ਬੰਟਨੇ ਲਗਾ, ਤੋ ਕੁਛ ਲੋਗ ਨਾਰਾਜ਼ ਹੋ ਗਏ ਕਿ ਚਮਚ ਸੇ ਪ੍ਰਸ਼ਾਦ ਮਤ ਲੋ, ਹਾਥ ਸੇ ਲੋ। ਇਸੀ ਪੇ ਝਗੜਾ ਹੋ ਗਿਆ, ਤਲਵਾਰੇਂ ਨਿਕਲ ਪੜੀ, ਔਰ ਕਈ ਲੋਗ ਘਾਇਲ ਹੋ ਗਏ। ਇਨ ਬਾਤੋਂ ਸੇ ਸਿਖ ਧਰਮ ਕੋ ਬਹੁਤ ਨੁਕਸਾਨ ਹੁਆ ਹੈ। ਐਸੇ ਭਾਵਨਾਓਂ ਸੇ, ਜਿਸਮੇਂ ਅਪਨੇ ਹੀ ਭਾਈਓਂ ਕੋ, ਅਪਨੇ ਹੀ ਧਰਮ ਕੋ, ਔਰ ਅਪਨੇ ਹੀ ਲੋਗੋਂ ਕੋ ਨੁਕਸਾਨ ਹੋ; ਇਸ ਕੋ ਕਤੱਈ ਨਹੀਂ ਕਰਨਾ ਚਾਹੀਏ। ਮੈਂ ਤੋ ਚੁਪ ਚਾਪ ਰਹਾ ਬੈਠਾ ਹੁਆ। ਉਸ ਮੇਂ ੪੫ ਆਦਮੀ ਘਾਇਲ ਹੋ ਗਏ ਥੇ - ਤਲਵਾਰੋਂ ਸੇ। ਮੈਨੇ ਕਹਾ, ਯੇ ਕਿਰਪਾਨ, ਜੋ ਆਪ ਪਹਿਨੇ ਹੋ, ਇਸ ਲੀਏ ਤੋ ਨਹੀਂ ਬਨੀ ਕਿ ਅਪਨੇ ਭਾਈਓਂ ਕੇ ਊਪਰ ਉਸਕਾ ਪ੍ਰਹਾਰ ਕਰੋ। ਸ਼ਕਤੀ ਕਾ ਸਦਉਪਯੋਗ ਸੰਸਾਰ ਮੇਂ ਕਿਸੀ ਨੇ ਨਹੀਂ ਕੀਆ, ਜੈਸੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀਆ। ਉਨ ਕੇ ਏਕ ਏਕ ਸ਼ਬਦ ਕੋ ਦੇਖ ਲੀਜੀਏ, ਸੰਪੂਰਨ ਜੀਵਨ ਵੋ ਅਧਰਮ ਕੇ ਪ੍ਰਤੀ ਯੁੱਧ ਕਰਤੇ ਰਹੇ, ਪਰ ਕਹੀਂ ਪਰ ਭੀ ਵੋ ਝੁਕੇ ਨਹੀਂ।

ਤੋ ਭਾਈਓ ਔਰ ਬਹਿਨੋ, ਮੇਰਾ ਆਪ ਸੇ ਯਹੀ ਅਨੁਰੋਧ ਹੈ, ਔਰ ਯਹੀ ਕਹਿਨਾ ਹੈ ਕਿ ਆਪ ਕਾ ਧਰਮ ਸਭ ਸੇ ਮਹਾਨ ਹੈ, ਸਭ ਸੇ ਸਰਲ ਹੈ ਔਰ ਉਸ ਮੇਂ ਏਕ ਬਚਿੱਤਰ ਚੀਜ਼, ਏਕ ਸਰਲ ਸੇ ਸਰਲ ਚੀਜ਼ ਬਤਾਈ ਗਈ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਕਾ ਸਾਰ ਹੈ - ਜਪ ਕੇ ਊਪਰ। ਅਬ ਜਿਤਨੇ ਦਿਨ ਭੀ ਹਮ ਬੋਲੇਂਗੇ, ਕੇਵਲ ਯਹੀ Theme (ਵਿਸ਼ਾ) ਕੋ ਲੇਕਰ ਕੇ ਬੋਲੇਂਗੇ ਕਿ ਜਪ ਕੈਸੇ ਹੋਨਾ ਚਾਹੀਏ? ਕਿਤਨੇ ਪ੍ਰਕਾਰ ਕਾ ਜਪ ਹੋਤਾ ਹੈ? ਕੈਸੇ ਜਪ ਕੀਆ ਜਾਤਾ ਹੈ? ਮਾਲਾ ਸੇ ਜਪ ਕਰਨੇ ਮੇਂ ਕਿਆ ਲਾਭ ਹੈ? ਮੂੰਹ ਸੇ ਜਪ ਕਰਨੇ ਮੇਂ ਕਿਆ ਲਾਭ ਹੈ? ਸਵਾਸ ਮੇਂ ਜਪ ਕਰਨੇ ਸੇ ਕਿਆ ਲਾਭ ਹੈ? ਔਰ ਮਨ ਹੀ ਮਨ ਜਪ ਕਰਨੇ ਮੇਂ ਕਿਆ ਲਾਭ ਹੈ? ਯੇ ਸਭ ਵਿਚਾਰ ਹਮ ਆਪ ਕੇ ਸਨਮੁਖ ਰਖੇਂਗੇ। ਅਪਨੇ ਹੀ ਅਨੁਭਵ ਸੇ ਨਹੀਂ, ਜਿਨ-ਜਿਨ ਮਹਾਂਪੁਰਸ਼ੋਂ ਕੇ ਚਰਨੋ ਮੇਂ ਬੈਠ ਕਰ ਤੀਨ ਬਰਸ਼ ਕੀ ਆਯੂ ਸੇ ਲੇਕਰ ਅਬ ਤਕ ਜੋ ਭੀ ਮੈਨੇ ਸੀਖਾ ਹੈ - ਧਿਆਨ ਔਰ ਜਪ ਕੇ ਵਿਸ਼ੇ ਮੇਂ - ਮੈਂ ਉਸੇ ਆਪ ਕੇ ਸਾਮਨੇ ਰਖਨਾ ਚਾਹਤਾ ਹੂੰ।

ਤੋ ਆਜ ਕਾ ਵਿਸ਼ਾ ਯੇ ਹੋਗਾ ਕਿ ਜਬ

ਆਪ ਜਪ ਕਰੋ, ਤੋ ਕੈਸੇ ਆਪ ਕੋ ਬੈਠਨਾ ਚਾਹੀਏ? ਜੈਸੇ ਆਪ ਬੈਠੇਂ, ਵੈਸੇ ਹੀ ਆਪ ਸਵਾਸ ਲੇਂਗੇਂ ; ਕੌਨ ਸਾ ਅੱਛਾ ਤਰੀਕਾ ਹੈ ਜੋ ਅੱਛੇ ਬੈਠਨੇ ਸੇ, ਔਰ ਫਿਰ ਸੁਆਸ ਲੇਨੇ ਸੇ ਆਪ ਕਾ ਜਪ ਔਰ ਧਿਆਨ, ਔਰ ਗਹਿਰਾਈ ਮੇਂ ਜਾ ਸਕਤਾ ਹੈ। ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖਨਾ ਚਾਹੀਏ, ਜਿਸ ਵਕਤ ਕਿ ਆਪ ਜਪ ਔਰ ਧਿਆਨ ਕਰੇਂ। ਯੇ ਵਿਸ਼ੇਸ਼ ਏਕ ਪ੍ਰਕ੍ਰਿਆ ਹੋਤੀ ਹੈ। ਵੈਸੇ ਤੋ ਹਰ ਵਕਤ ਹੋ ਸਕਤਾ ਹੈ; ਭਾਓ ਹੋ, ਕੁਭਾਓ ਹੋ, ਆਲਸ ਹੋ; ਹਰ ਵਕਤ ਜਪ ਹੋ ਸਕਤਾ ਹੈ ਲੇਕਿਨ ਜੋ ਸਵਸਥ ਹੈਂ ਔਰ ਬਾਲਪਨ ਸੇ ਯੇ ਸਿਖਸ਼ਾ ਜਬ ਦੀ ਜਾਏਗੀ ਤੋ ਉਸ ਮੇਂ ਜਿਹ ਹੋਨਾ ਚਾਹੀਏ ਕਿ ਜਪ ਕੈਸੇ ਹੋ, ਧਿਆਨ ਕੈਸੇ ਹੋ। ਅਬ ਕਹੋ ਕਿ ਧਿਆਨ ਕਿਸ ਕਾ ਕਰੋ। ਮੇਰਾ ਮਤਲਬ ਨਹੀਂ ਕਿ ਕਿਸੀ ਮੂਰਤੀ ਕਾ ਧਿਆਨ ਕਰੋ; ਯੇ ਮਤਲਬ ਨਹੀਂ। ਜਪ ਠੀਕ ਹੋ ਰਹਾ ਹੈ ਜਾਂ ਨਹੀਂ ਹੋ ਰਹਾ ਹੈ, ਇਸੀ ਕਾ ਹੀ ਧਿਆਨ ਰੱਖਨਾ ਚਾਹੀਏ ਕਿ ਮੇਰਾ ਮਨ ਇਧਰ ਉਧਰ ਤੋ ਨਹੀਂ ਭਟਕ ਰਹਾ ਹੈ, ਮੇਰਾ ਮਨ ਕਿਤਨੀ ਬਾਰ ਭਟਕ ਕਰ ਕੇ ਇਧਰ ਉਧਰ ਜਾ ਰਹਾ ਹੈ? ਯੇ ਜਬ ਵਿਚਾਰ ਹੋਨੇ ਲਗੇਗਾ, ਤੋ ਧੀਰੇ-ਧੀਰੇ, ਮਨ ਅਪਨੇ ਕਾਬੂ ਆ ਜਾਏਗਾ। ਤੋ ਸਿਰ ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖ ਕਰਕੇ ਸਥਿਰਤਾ ਸੇ ਬੈਠੇਂ। ਪੈਰ ਕੈਸੇ ਰਹੇਂ, ਕਿਆ ਰਹੇਂ; ਯੇ secondary (ਦੂਸਰੀ) ਚੀਜ਼ ਹੈ। ਉਸੀ ਆਸਨ ਮੇਂ ਬੈਠਨਾ ਚਾਹੀਏ ਔਰ ਉਸੀ ਕੋ ਨਿਤ ਅਭਿਆਸ ਕਰਤੇ ਰਹਨਾ ਚਾਹੀਏ। ਰੋਜ਼ ਆਸਨ ਬਦਲ ਕਰ, ਕਭੀ ਇਧਰ, ਕਭੀ ਇਧਰ ਕਰਕੇ ਬੈਠਨਾ ਅੱਛਾ ਨਹੀਂ। ਏਕ ਹੀ ਆਸਨ ਮੇਂ ਅਭਿਆਸ ਕਰ ਲੇਨਾ ਚਾਹੀਏ। ਪਹਿਲੇ ਅਪਨੇ ਸਰੀਰ ਕੀ ਗਤੀ ਕੋ ਦੇਖ ਲੇਂ ਕਿ ਕੌਨ ਆਸਨ ਮੁਝੇ ਅੱਛਾ ਲਗਤਾ ਹੈ, ਤੋ ਉਸੀ ਆਸਨ ਮੇਂ ਬੈਠਨਾ ਚਾਹੀਏ। 'ਸਥਿਰ ਸੁਖ ਆਸਨੰ' - ਜਿਸ ਆਸਨ ਸੇ ਸੁਖ ਭੀ ਮਿਲੇ ਔਰ ਸਥਿਰਤਾ ਰਹੇ, stillness ਰਹੇ।

ਬਾਈਬਲ ਮੇਂ ਭੀ ਏਕ ਬਹੁਤ ਸੁੰਦਰ word (ਸ਼ਬਦ) ਆਇਆ ਹੈ, ਲੇਕਿਨ ਉਸ ਮੇਂ christien (ਈਸਾਈ) ਲੋਗ ਸਮਝਤੇ ਨਹੀਂ। ਬਾਈਬਲ ਮੇਂ ਲਿਖਾ ਹੈ ÒBe still and know that I am God.Ó (ਸਥਿਰ ਰਹੋ ਔਰ ਸਮਝੋ ਕਿ ਮੈਂ ਭਗਵਾਨ ਹੂੰ)। ਬਹੁਤ ਬੜੀ ਭਾਰੀ ਚੀਜ਼ ਲਿਖ ਦੀ ਹੈ - Be still and know that I am God. ਵੋ ਸਾਧਕੋਂ ਕੇ ਲੀਏ ਲਿਖਾ ਹੈ ਕਿ ਹੇ ਸਾਧਕ! ਜਬ ਤਕ ਤੂੰ still (ਸਥਿਰ) ਨਹੀਂ ਹੋਗਾ, ਤਬ ਤਕ ਤੂੰ God ਕੋ ਨਹੀਂ ਮਿਲੇਗਾ। God ਕਾ ਮਤਲਬ ਕਿਆ ਹੈ? ਅਪਨੇ ਸੇ ਬਾਹਰ ਵਾਲੇ God, ਜੋ ਚਾਂਦ, ਸੂਰਜ, ਸਿਤਾਰੋਂ ਸੇ ਊਪਰ ਰਹਿਤਾ ਹੈ, ਉਸ ਕੀ ਬਾਤ ਨਹੀਂ ਕੀ। ਅਪਨੇ ਅੰਦਰ - ਨਹਿਤ ਜੋ ਪ੍ਰਮਾਤਮਾ ਹੈ, ਉਸ ਕਾ ਅਨੁਭਵ ਤੁਮਕੋ ਨਹੀਂ ਹੋ ਸਕਤਾ। ਪ੍ਰਮਾਤਮਾ ਸਰਬਤ੍ਰ ਹੈਂ - Omnipresent (ਸਰਬ ਵਿਆਪਕ), Omnipotent (ਸਰਬ ਸ਼ਕਤੀਮਾਨ), Omniscient (ਸਰਵੱਗ) ਹੈਂ; ਸਭ ਜਗਹ, ਸਰਬਤ੍ਰ ਪ੍ਰਮਾਤਮਾ ਹੈਂ, ਅਪਨੇ ਅੰਦਰ-ਨਹਿਤ ਪ੍ਰਮਾਤਮਾ ਕੋ ਛੋਡ ਕਰ, ਜੋ ਇਧਰ ਉਧਰ ਭਟਕਤੇ ਹੈਂ, ਉਨ ਕੋ ਮੂਰਖ ਕਹਾ ਜਾਤਾ ਹੈ। ਇਸ ਤੀਰਥ ਮੇਂ ਜਾ ਰਹੇ ਹੈਂ, ਉਸ ਤੀਰਥ ਮੇਂ ਜਾ ਰਹੇ ਹੈਂ; ਜਿਹ ਤੀਰਥ ਹੈਂ ਕਿਆ? ਜਹਾਂ-ਜਹਾਂ ਸੰਤ ਗਏ ਔਰ ਸੰਤੋਂ ਨੇ ਨਿਵਾਸ ਕੀਆ ਔਰ ਅਭਿਆਸ ਕੀਆ; ਵਹੀ ਜਗਹ ਤੀਰਥ ਹੋ ਗਈ। ਸਬ ਸੇ ਬੜਾ ਭਾਰੀ ਤੀਰਥ ਹੈ - ਆਪ ਕੇ ਅੰਦਰ। ਅਗਰ ਆਪ ਕੋ ਕਹੀਂ ਜਾਨਾ ਹੋ, ਤੋ ਅਪਨੇ ਅੰਦਰ ਪ੍ਰਵੇਸ਼ ਕੀਜੀਏ। ਗੁਰੂ ਨਾਨਕ ਦੇਵ ਜੀ ਨੇ ਇਸਕੋ ਬਹੁਤ ਪਹਿਲੇ ਹੀ ਸਮਝ ਲੀਆ ਥਾ। ਵੋ ਸੰਨਿਆਸ ਧਰਮ ਮੇਂ ਵਿਸਵਾਸ਼ ਨਹੀਂ ਕਰਤੇ ਥੇ ਕਿਉਂਕਿ ਸੰਨਿਆਸ ਧਰਮ ਸਭ ਕੇ ਲੀਏ ਨਹੀਂ ਹੈ; ਲੋਹੇ ਕੇ ਚਨੇ ਚਬਾਨੇ ਹੈਂ। ਇਤਨੀ ਗਲਤੀਆਂ ਹੋ ਜਾਤੀ ਹੈਂ - ਹਮ ਹੀ ਸੇ ਜੀਵਨ ਮੇਂ ਇਤਨੀ ਗਲਤੀਆਂ ਹੁਈਂ ਕਿ ਜਬ ਯਾਦ ਆਤੀ ਹੈ ਤੋ ਰੋਤਾ ਹੂੰ। ਇਸ ਲੀਏ ਜਹਾਂ ਹੋ,

ਗ੍ਰਹਿਸਤ ਜੀਵਨ ਮੇਂ ਰਹਿ ਕਰ, ਪਤੀ ਪਤਨੀ ਅਪਨਾ ਜੀਵਨ ਇਸ ਤਰਹ ਸੇ ਬਨਾਏਂ ਜੈਸੇ ਕਿ ਏਕ ਰਥ ਕੇ ਦੋ ਪਹੀਏ ਹੋਤੇ ਹੈਂ, ਔਰ ਉਨਹੀਂ ਦੋ ਪਹੀਓਂ ਸੇ ਰਥ ਪੂਰਾ ਆਗੇ ਚਲਾ ਜਾਤਾ ਹੈ। ਯਹੀ ਗੁਰੂ ਨਾਨਕ ਦੇਵ ਜੀ ਕਾ ਸਿਧਾਂਤ ਗ੍ਰਹਿਸਤ ਕੇ ਲੀਏ ਹੈ ਕਿ ਗ੍ਰਹਿਸਤ ਜੀਵਨ ਬਤੀਤ ਕਰਤੇ ਹੂਏ ਹੀ ਪ੍ਰਮਾਤਮਾ ਕਾ ਸ਼ਾਖਸ਼ਾਤਕਾਰ ਕਰੋ।

ਤੀਨ ਮਹਾਂਪੁਰਸ਼ੋਂ ਕਾ ਬਹੁਤ ਭਾਰੀ ਮੇਰੇ ਜੀਵਨ ਪਰ ਅਸਰ ਪੜਾ ਹੈ - ਗੁਰੂ ਨਾਨਕ ਦੇਵ ਜੀ, ਮਹਾਤਮਾ ਬੁਧ ਔਰ ਏਕ ਮੁਝੇ ਐਸੇ ਸੰਤ ਮਿਲੇ ਥੇ, ਮੈਂ ਤੋ ਅਸਚਰਯ ਹੀ ਆਜ ਤਕ ਨਹੀਂ ਸਮਝ ਪਾਇਆ, ਕਿਉਂ ਐਸਾ ਕਰਤੇ ਥੇ। ਇਲਾਹਬਾਦ ਕੀ ਬਾਤ ਹੈ। ਵਹਾਂ ਪਹਿਲੇ ਪੜ੍ਹਤਾ ਭੀ ਥਾ ਮੈਂ। ਤੋ ਸੰਗਮ ਮੇਂ ਗਿਆ, ਜਹਾਂ ਪਰ ਕਿ ਗੰਗਾ ਔਰ ਜਮੁਨਾ ਮਿਲਤੀ ਹੈਂ, ਤੋ ਸ਼ਾਮ ਕੋ ਏਕ ਸੰਤ ਮੁਝੇ ਮਿਲਾ। ਤੋ ਬੋਲੇ, ਇਧਰ ਆ ਬੇ। ਤੂਨੇ ਪਹਿਚਾਨਾ ਨਹੀਂ ਮੁਝੇ? ਮੈਨੇ ਕਹਾ, ਆਪ ਕੌਨ ਹੋ? ਬੋਲੇ, ਜਿਸਕੀ ਗੁਦੜੀ ਤੂੰ ਉਠਾ ਨਹੀਂ ਪਾਇਆ ਥਾ, ਵੋਹੀ ਹੂੰ ਮੈਂ। ਮੁਝੇ ਯਾਦ ਆ ਗਈ ਕਿ ਏਕ ਬਾਰ ਹੇਮਕੁੰਟ ਕੇ ਰਾਸਤੇ ਮੇਂ - ਉਸ ਵਕਤ ਤੋ ਗੁਰਦੁਆਰਾ ਨੀਚੇ ਨਹੀਂ ਬਨਾ ਥਾ - ਮੁਝੇ ਏਕ ਸੰਤ ਮਿਲੇ ਥੇ। ਉਨ ਕਾ ਨਾਮ ਥਾ - ਗੁਦੜੀ ਵਾਲੇ ਬਾਬਾ, ਹਮ ਤੋ ਕੋਈ ਜਾਨਤਾ ਨਹੀਂ ਥਾ। ਪਰ ਅਭੀ ਤੱਕ ਮੁਝੇ ਸਿਖੋਂ ਮੇਂ ਯਾ ਕਿਸੀ ਭੀ ਧਰਮ ਕੇ ਕਿਸੀ ਮਨੁਸ਼ਯ ਕੋ ਮੈਨੇ ਨਹੀਂ ਦੇਖਾ ਜਿਸਕੋ ਪੂਰਾ ਗੁਰੂ ਗ੍ਰੰਥ ਸਾਹਿਬ by heart (ਜ਼ਬਾਨੀ) ਯਾਦ ਹੋ। ਵੋ ਲੇਟ ਜਾਤੇ ਥੇ, ਔਰ ਪੂਰਾ ਗੁਰੂ ਗ੍ਰੰਥ ਸਾਹਿਬ ਬੋਲ ਦੇਤੇ ਥੇ - by heart, ਔਰ ਯੇ ਰੋਜ਼ ਕਾ ਕਾਰਯ ਥਾ ਉਨ ਕਾ - ਪਾਠ ਕਰਨੇ ਕਾ; ਇਤਨੀ ਤੇਜ਼ੀ ਸੇ ਬੋਲਤੇ ਥੇ ਵੋ, ਇਤਨੀ ਜਲਦੀ-ਜਲਦੀ ਬੋਲਤੇ ਥੇ। ਉਸ ਮਹਾਂਪੁਰਸ਼ ਕਾ ਭੀ ਮੇਰੇ ਜੀਵਨ ਪਰ ਬੜਾ ਭਾਰੀ ਏਕ ਛਾਪ ਪੜੀ। ਤੋ ਮੈਨੇ ਕਹਾ ਯੇ ਲੋਗ ਬਹੁਤ ਤੰਗ ਕਰਤੇ ਹੈਂ; ਮੇਰੇ ਸਰੀਰ ਪਰ ਹੀ ਲੋਗੋਂ ਕਾ ਜ਼ਿਆਦੇ ਧਿਆਨ ਹੈ; ਸੁਬਹ ਸੇ ਹੀ ਖਿਲਾਨਾ, ਪਿਲਾਨਾ - ਬਹੁਤ ਤੰਗ ਆ ਗਿਆ ਤੋ ਮੈਂ ਚਲਾ ਆਇਆ - ਇਲਾਹਾਬਾਦ ਮੇਂ। ਯਹਾਂ ਕੋਈ ਪਹਿਚਾਨਤਾ ਨਹੀਂ; ਲੋਗ ਸਮਝਤੇ ਹੈਂ - ਪਾਗਲ ਹੈ। ਪਾਗਲੋਂ ਕੀ ਤਰਹ ਬੋਲਤਾ ਹੂੰ, ਕੋਈ ਮੇਰੀ ਬਾਤ ਸਮਝਤਾ ਨਹੀਂ ਬੇਟਾ, ਔਰ ਮੈਂ ਜਾਨ ਬੂਝ ਕਰ ਕਰਤਾ ਹੂੰ। ਤੁਮ ਕੋ ਪਹਿਚਾਨਾ, ਇਸ ਲੀਏ ਤੁਮ ਕੋ ਬੁਲਾ ਲੀਆ।

ਐਸੇ ਭੀ ਹਮਾਰੇ ਭਾਰਤ ਵਰਸ਼ ਮੇਂ ਮਹਾਂਪੁਰਸ਼ ਹੈਂ ਜਿਨ ਕੀ ਕਿਰਪਾ ਸੇ ਹਮ ਲੋਗ, ਹਮਾਰਾ ਭਾਰਤ-ਵਰਸ਼ ਚਲਤਾ ਹੈ। ਹਮਾਰਾ ਭਾਰਤ-ਵਰਸ਼ ਕਿਸੀ politicians ਕੇ ਆਧਾਰ ਪਰ ਨਹੀਂ ਚਲਤਾ। ਯੇ ਤੋ ਈਸ਼ਵਰ ਕੀ ਕਿਰਪਾ ਕੇ ਊਪਰ ਚਲਤਾ ਹੈ, ਸੰਤੋਂ ਕੀ ਕਿਰਪਾ ਕੇ ਊਪਰ ਚਲਤਾ ਹੈ। ਤੋ ਅਬ ਮੈਂ ਆਪਸੇ ਮੇਂ ਬਾਤ ਕਰੂੰਗਾ। ਮੇਰੇ ਵਿਚਾਰ ਮੇਂ ਹਮਾਰੇ ਜੋ ਲੈਕਚਰਜ਼, ਲੈਕਚਰਜ਼ ਨਾ ਹੋ ਕਰ ਏਕ ਸਾਧਨਾ ਕੀ ਬਾਤਚੀਤ ਹੋ ਤੋ ਅੱਛਾ ਹੈ। ਮੈਨੇ ਕਹਾ ਕਿ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧੀ ਰਖ ਕਰ ਬੈਠਨੇ ਕਾ ਅਭਿਆਸ ਕਰੋ। ਔਰ ਧੀਰੇ-ਧੀਰੇ ਆਪ ਕੋ ਇਹ ਲਗੇਗਾ; ਇਤਨਾ ਨਾ ਆਪ ਸੋਚੇਂ ਪਹਿਲੇ ਕਿ ਕਿਤਨੀ ਦੇਰ ਤਕ ਬੈਠਨਾ ਹੈਂ; ਸਮਯ ਨ ਦੇਖਾ ਕਰੇਂ। ਜਿਤਨੀ ਦੇਰ ਤੱਕ ਆਪ ਕਾ ਮਨ ਖੁਸ਼ ਰਹੇ, ਪ੍ਰਫੁੱਲਤ ਰਹੇ; ਉਤਨੀ ਦੇਰ ਤੱਕ ਬੈਠਨਾ ਚਾਹੀਏ ਔਰ ਧੀਰੇ-ਧੀਰੇ, ਸਨੇ-ਸਨੇ ਅਭਿਆਸ ਕਰਤੇ ਰਹਿਨਾ ਚਾਹੀਏ। ਸਮਯ ਔਰ ਆਸਨ, ਦੋ ਚੀਜ਼ੋਂ ਕਾ ਪ੍ਰਬਲ ਪ੍ਰਭਾਵ ਹੋਤਾ ਹੈ। ਠੀਕ ਸਮਯ ਪਰ, ਔਰ ਏਕ ਹੀ ਆਸਨ ਪਰ, ਜੋ ਆਪ ਕੋ ਪਸੰਦ ਹੋ - ਵੋ ਕਰੇਂ। ਇਹ ਜੋ limits (ਸੀਮਾ) ਹੈਂ - upper extremities (ਊਪਰ ਕੀ ਸੀਮਾ) ਔਰ lower extremities (ਨੀਚੇ ਕੀ ਸੀਮਾ) ; ਇਨਕੋ ਸਮੇਟ ਲੇਨਾ ਹੀ ਅੱਛਾ ਹੈ।

ਆਪ ਦੇਖੇਂਗੇ - ਜਬ ਆਪ ਬੈਠੇਂਗੇ, ਕਿਸੀ ਬੱਚੇ ਕੋ ਬਿਠਾ ਕਰ ਔਰ ਏਕ ਕੈਮਰਾ ਫਿਟ

ਕਰਕੇ ਦੇਖ ਲੀਜੀਏ; ਹਮਨੇ ਇਸ ਕੋ scientifically observe (ਵਿਗਿਆਨਕ ਨਿਰੀਖਣ) ਕੀਆ - ਇਨ ਚੀਜ਼ੋਂ ਕੋ। ਤੋ ਪਹਿਲੇ ਜਿਸ ਕੋ ਭੀ ਆਪ, ਕਿਸੀ ਕੋ ਭੀ; ਜਾਨਵਰ ਸੇ ਲੇਕਰ, ਮਨੁਸ਼ਯ ਸੇ ਲੇਕਰ ਕਿਸੀ ਕੋ ਭੀ ਆਪ discipline (ਅਨੁਸ਼ਾਸ਼ਨ) ਕਰੇਂਗੇ, ਸੰਯਮ ਮੇਂ ਰੱਖੇਂਗੇ ਤੋ ਉਸ ਕੇ ਅੰਦਰ ਸੰਯਮ ਕੇ ਖਿਲਾਫ ਏਕ ਚੀਜ਼ ਪੈਦਾ ਹੋ ਜਾਤੀ ਹੈ - ਕਿਉਂ ਮੁਝੇ ਸੰਜਮ ਮੇਂ ਰੱਖਾ ਜਾ ਰਹਾ ਹੈ? ਆਪ ਸਰੀਰ ਕੋ ਜਬ discipline ਕਰਤੇ ਹੈਂ ਤੋ ਸਰੀਰ ਚੁਪ ਚਾਪ ਬੈਠੇ, ਤੋ ਕਬੀ ਗਰਦਨ ਇਉਂ ਹੋ ਜਾਏਗੀ, ਕਬੀ ਇਉਂ ਹੋ ਜਾਏਗੀ, ਕਬੀ ਇਉਂ ਹੋ ਜਾਏਗੀ। ਯੇ ਇਸ ਲੀਏ ਹੋਤੀ ਹੈ ਕਿ ਸਰੀਰ ਕੋ ਹਮਨੇ discipline (ਅਨੁਸ਼ਾਸ਼ਨ) ਮੇਂ ਨਹੀਂ ਕੀਆ ਹੈ। ਸਰੀਰ ਕੋ ਸਵਸਥ ਬਨਾਨਾ ਹੀ ਪਰਿਆਪਤ (ਕਾਫੀ) ਨਹੀਂ; ਕਿਸ ਲੀਏ ਸਵਸਥ ਹੋ ਸਰੀਰ? ਆਪ ਨੇ ਸੋਚਾ ਹੋਗਾ ਨ, ਕਈ ਮਹਾਤਮਾ ਆਤੇ ਹੈਂ ਕਿ ਹਮ ਤੋ ਪਾਨੀ-ਪਾਨੀ ਪੀਤੇ ਹੈਂ। ਤੋ ਮੈਂ ਅਪਨੇ ਗੁਰੂ ਜੀ ਕੇ ਪਾਸ ਗਿਆ ਤੋ ਮੈਨੇਂ ਕਹਾ, ਮਹਾਰਾਜ! ਆਪ ਸੇ ਭੀ ਊਂਚਾ ਏਕ ਸੰਤ ਆਇਆ ਹੂਆ ਹੈ ਜੋ ਕਹਿਤਾ ਹੈ, ਹਮ ਪਾਨੀ-ਪਾਨੀ ਪੀਤੇ ਹੈਂ - ਬੜੀ ਜ਼ੋਰ ਸੇ ਹੰਸੇ। ਬੋਲੇ, ਅਬੈ! ਮੱਛਲੀ ਭੀ ਤੋ ਰੋਜ਼ ਪਾਨੀ ਪੀਤੀ ਹੈ; ਪਾਨੀ-ਪਾਨੀ ਹੀ ਤੋ ਪੀਤੀ ਹੈ, ਔਰ ਕਿਆ ਪੀਤੀ ਹੈ। ਇਸ ਤਰਹ ਕੇ ਬਾਹਰੀ ਆਚਰਣ ਸੇ, ਪਾਖੰਡੋਂ ਸੇ ਭਈਆ, ਕਹੀਂ ਕੁਛ ਨਹੀਂ ਹੋਤਾ - ਮੇਰਾ ਜੋ observation (ਨਿਰੀਖਣ) ਹੈ। ਤੋ ਜਬ ਆਪ ਨੇ ਦੇਖਾ ਕਿ ਕੁਛ ਕਾਲ ਤਕ ਯੇ gosh (ਹੈਰਾਨੀਜਨਕ) disturbances (ਅਸ਼ਾਂਤੀ) ਜੋ body (ਸਰੀਰ) ਮੇਂ ਹੈਂ, ਯੇ ਸਮਾਪਤ ਹੋ ਜਾਤੇ ਹੈਂ - ਖੁਦ ਹੀ, ਸਵੈਮ ਹੀ। ਆਪਨੇ ਸੋਚਾ ਕੁਛ ਭੀ ਹੋ, ਸਬ ਸੇ ਮਹਾਨ ਚੀਜ਼ ਆਪ ਕੇ ਜੀਵਨ ਮੇਂ ਏਕ ਹੈ, ਆਪ ਕੇ ਅੰਦਰ ਹੈ - ਸੰਕਲਪ ਸ਼ਕਤੀ। ਸੰਕਲਪ ਸ਼ਕਤੀ determination (ਪੱਕਾ ਇਰਾਦਾ) - ਮੈਂ ਕਰੂੰਗਾ, ਮੁਝੇ ਕਰਨਾ ਹੈ, ਮੈਂ ਕਰ ਸਕਤਾ ਹੂੰ। ਏਕ determination (ਪੱਕਾ ਇਰਾਦਾ) ਹੋਨਾ ਚਾਹੀਏ, ਏਕ ਸੰਕਲਪ ਬਨਾ ਲੇਨਾ ਚਾਹੀਏ - ਕੁਛ ਭੀ ਹੋ ਸੰਸਾਰ ਮੇਂ, ਮੈਂ ਇਤਨਾ ਸਮਯ ਜ਼ਰੂਰ ਧਿਆਨ ਕਰੂੰਗਾ, ਜਪ ਕਰੂੰਗਾ; ਹਰ ਵਕਤ ਕਰਤਾ ਰਹੂੰਗਾ ਲੇਕਿਨ ਉਸ ਵਕਤ ਜਪ ਕੇ ਸਿਵਾ ਕੋਈ ਦੂਸਰੀ ਚੀਜ਼ ਨਹੀਂ ਆਨੇ ਦੂੰਗਾ। ਉਸ ਸੰਕਲਪ ਸ਼ਕਤੀ ਸੇ will power ਬੜ੍ਹਤੀ ਹੈ, ਆਤਮ-ਸ਼ਕਤੀ ਬੜ੍ਹਤੀ ਹੈ ਔਰ ਉਸ ਆਤਮ-ਸ਼ਕਤੀ ਸੇ ਜੀਵਨ ਕ੍ਰਿਤਾਰਥ ਹੋਤਾ ਹੈ।

ਸਾਧਨਾ ਬਹੁਤ ਬੜੀ ਭਾਰੀ ਚੀਜ਼ ਹੈ। ਅਭਿਆਸ ਕਰਨੇ ਸੇ ਜੋ ਪ੍ਰਾਪਤ ਹੋਤਾ ਹੈ, ਜੋ ਸੁਖ ਔਰ ਸ਼ਾਂਤੀ ਪ੍ਰਾਪਤ ਹੋਤੀ ਹੈ, ਵੋ ਸੰਸਾਰ ਮੇਂ ਕੋਈ ਭੀ ਸੁਖ ਔਰ ਸ਼ਾਂਤੀ ਬਾਹਰੀ ਉਪਕਰਨੋਂ ਸੇ ਨਹੀਂ ਮਿਲ ਸਕਤੀ; ਸਾਧਨਾ ਸੇ ਮਿਲਤੀ ਹੈ। ਆਪ ਸਭ ਸੇ ਜ਼ਿਆਦੇ ਸੁਰਖਸ਼ਿਤ ਅਭੀ ਨਹੀਂ ਹੈਂ। ਆਪ ਸੋਚ ਰਹੇ ਹੈਂ ਕਿ ਅਭੀ ਹਮ ਸੁਰਖਸ਼ਿਤ ਹੈਂ; ਨਹੀਂ ਹੈਂ। ਲੇਕਿਨ ਜਿਸ ਵਕਤ ਆਪ ਸਾਧਨਾ ਕਰੇਂਗੇ, ਸਭ ਸੇ ਜ਼ਿਆਦੇ ਸੁਰਖਸ਼ਿਤ ਹੈਂ - ਆਪ। ਮੈਂ ਆਪ ਕੋ ਏਕ ਕਿੱਸਾ ਸੁਨਾਤਾ ਹੂੰ - ਮੈਂ Bombay ਮੇਂ ਥਾ, ਜਬ ਭੂ-ਕੰਪ (Bucwl) ਆਇਆ। ਸਾਰਾ ਬਲੈਕ ਆਊਟ ਹੋ ਗਿਆ। ਤੋ ਦੋਨੋਂ ਧਾਰ - Horizontal ਔਰ vertical; ਤੋ ਪਹਿਲੇ ਧੱਕਾ ਲਗਾ, ਤੋ ਮੈਂ ਬੈਠੇ-ਬੈਠੇ ਆਗੇ ਖਿਸਕਾ; ਫਿਰ ਧੱਕਾ ਲਗਾ ਤੋ ਮੈਂ - ਦੋ ਚਾਰਪਾਈ ਸਾਥ-ਸਾਥ ਥੀ, ਏਕ ਸੇ ਦੂਸਰੇ ਮੇਂ ਚਲਾ ਗਿਆ। ਤੋ ਆਂਖ ਬੰਦ ਕੀਆ ਤੋ ਮੈਨੇ ਕਹਾ, ਭਾਈ ਕਿਉਂ ਤੰਗ ਕਰ ਰਹੇ ਹੋ? ਗ੍ਰਿਹਿਸਤੋਂ ਕੇ ਘਰ ਠਹਿਰਨੇ ਮੇਂ ਯਹੀ ਨੁਕਸਾਨ ਹੈ ਇਨਕੋ। ਚਾਰੋਂ ਤਰਫ ਸੇ ਸ਼ੋਰ ਮਚ ਰਹਾ ਥਾ - ਭਾਗੋ-ਭਾਗੋ, ਅੰਧਕਾਰ ਚਾਰੋਂ ਤਰਫ - ਲੋਗ ਭਾਗ ਰਹੇ ਥੇ। ਤਬ ਮੁਝੇ ਖਿਆਲ ਆਇਆ, ਯੇ ਤੋ ਭੂ-ਕੰਪ ਆ ਗਿਆ ਹੈ, earth-quake ਹੋ ਗਿਆ ਹੈ, ਮੈਨੇ ਆਂਖ ਬੰਦ ਕਰ ਲੀ ਔਰ ਅਪਨੇ ਜਪ ਧਿਆਨ ਮੇਂ ਲਗ ਗਿਆ। ਜਪ ਔਰ ਧਿਆਨ ਕਰਤੇ ਹੁਏ ਸਰੀਰ ਛੂਟ ਜਾਏ, ਇਸ ਸੇ

ਬੜ ਕਰ ਕਿਆ ਚੀਜ਼ ਹੈ, ਇਸ ਸੇ ਬੜਕਰ ਕੌਨ ਸੀ ਮਿਰਤੂ ਹੋ ਸਕਤੀ ਹੈ - ਕੋਈ ਨਹੀਂ ਹੋ ਸਕਤੀ। ਪ੍ਰਮਾਤਮਾ ਕਾ ਭੈ ਨਹੀਂ ਹੈ, ਔਰ ਮਿਰਤੂ ਕਾ ਭੈ ਹੋ ਜਾਏ! ਇਸ ਸੇ ਮਹਾਨ ਮੂਰਖਤਾ ਕਿਆ ਹੋ ਸਕਤੀ ਹੈ? ਜੋ ਈਸ਼ਵਰ ਸੇ ਭੈ ਨਾ ਖਾਏ, ਔਰ ਮੌਤ ਸੇ ਭੈ ਖਾਏ; ਉਸ ਕਾ ਜੀਵਨ ਤੋ ਨਿਰਾਰਥਕ ਹੀ ਹੈ। ਮੁਝੇ ਤੋ ਜਬ ਕਭੀ ਭੀ ਕੋਈ ਕਸ਼ਟ ਹੋਤਾ ਹੈ, ਤਬ ਪ੍ਰਤੀਤ ਹੋਤਾ ਹੈ, ਮਹਿਸੂਸ ਹੋਤਾ ਹੈ; ਏਕ ਮਾਨਵ ਔਰ ਸਰੀਰ-ਧਾਰੀ ਬਾਤ ਕਰ ਰਹਾ ਹੂੰ, ਮੈਂ ਤੋ ਉਸਕਾ ਨਾਮ ਚੁਪ-ਚਾਪ ਬੈਠ ਕਰ ਜਪਨੇ ਲਗਤਾ ਹੂੰ, ਬਾਹਰੀਯ ਸਭ ਚੀਜ਼ੇਂ ਬੰਦ ਕਰਕੇ ਜਪਨੇ ਲਗਤਾ ਹੂੰ। ਮੇਰੇ ਸਭ ਕਾਮ ਉਸ ਕੇ ਨਾਮ ਪਰ ਹੋਤੇ ਹੈਂ। ਇਤਨੀ ਆਪਨੇ ਤਾਰੀਫ ਕੀ ਕਿ ਸੁਆਮੀ ਰਾਮ ਯੇ ਹੈ, ਸੁਆਮੀ ਰਾਮ ਯੇ ਹੈ; ਕੁਛ ਨਹੀਂ ਹੈ, ਵੋ ਤੋ ਕੱਖ ਭੀ ਨਹੀਂ ਹੈ। ਕੁਛ ਹੈ! ਈਸ਼ਵਰ ਕਾ ਨਾਮ, ਭਗਵਾਨ ਕਾ ਨਾਮ, ਗੁਰੂ ਕਾ ਦੀਆ ਹੂਆ ਨਾਮ। ਉਸ ਪਰ ਜਿਤਨਾ ਭੀ ਵਿਸ਼ਵਾਸ਼ ਆਪ ਕਰੋਗੇ, ਉਤਨਾ ਹੀ ਕਲਿਆਣ ਹੋਗਾ, ਉਸੀ ਮੇਂ ਆਪ ਕਾ ਜੀਵਨ ਸਫਲ ਹੋਗਾ। ਮੈਂ ਆਪ ਕੋ ਕੋਈ ਸ਼ਿਖਸ਼ਾ ਦੇਨੇ, ਆਦੇਸ਼ ਦੇਨੇ ਨਹੀਂ ਆਇਆ ਹੂੰ, ਮੈਂ ਤੋ ਆਪ ਕੋ ਅਪਨੇ ਅਨੁਭਵ ਕੀ ਬਾਤ ਕਹ ਰਹਾ ਹੂੰ ਭਾਈਓ। ਯਹਾਂ ਪਰ ਕੋਈ ਵਿਦਵਤਾ ਕੀ ਬਾਤ ਜਾ discussion ਕਰਨੇ ਤੋ ਨਹੀਂ ਆਇਆ ਹੂੰ। ਨਾਮ ਕੈਸੇ ਜਪਨਾ ਚਾਹੀਏ - ਅਬ ਦੇਖੇਂ ਇਸ ਮੇਂ।

ਕਬੀਰ ਸਾਹਿਬ ਜਿਸ ਵਕਤ ਸਰੀਰ ਛੋਡਨੇ ਲਗੇ ਤੋ ਸਭ ਜੋ ਹੈਂ ਵਹਾਂ ਪਰ ਖੜਤਾਲੇਂ ਬਜਾਨੇ ਲਗੇ। ਤੋ ਬੋਲੇ 'ਏਕ ਰਾਮ ਘਟ ਘਟ ਮੇਂ ਬੈਠਾ। ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਨੇ ਜਗਤ ਪਸਾਰਾ। ਏਕ ਰਾਮ ਹੈ ਸਭ ਸੇ ਨਿਆਰਾ।' ਬੋਲੋ ਤੁਮ ਕਿਸ ਰਾਮ ਕੋ ਜਪ ਰਹੇ ਹੋ - ਬਤਾਓ। ਕਿਸੀ ਨੇ ਕਹਾ ਬਈ 'ਏਕ ਰਾਮ ਦਸਰਥ ਕਾ ਬੇਟਾ।' ਉਸ ਨੇ ਕਹਾ, ਬਾਹਰ ਨਿਕਲੋ। ਫਿਰ ਆਇਆ ਦੂਸਰਾ, ਬਈ ਤੁਮ ਕਿਸ ਰਾਮ ਕੋ ਜਪ ਰਹੇ ਹੋ? ਏਕ ਰਾਮ ਨੇ ਜਗਤ ਪਸਾਰਾ; ਉਨਹੋਂ ਨੇ ਕਹਾ, ਤੁਮ ਭੀ ਬਾਹਰ ਜਾਓ। ਅਬ ਬਚ ਗਏ ਦੋ - ਏਕ ਰਾਮ ਘਟ ਘਟ ਮੇਂ ਬੈਠਾ ਔਰ ਏਕ ਰਾਮ ਹੈ ਸਭ ਸੇ ਨਿਆਰਾ। ਉਸਨੇ ਕਹਾ, ਜੋ ਤੁਮ ਘਟ ਘਟ ਮੇਂ ਬੈਠਨੇ ਵਾਲੀ ਬਾਤ ਕਰਤੇ ਹੋ, ਬਾਤ ਤੋ ਸਹੀ ਹੈ ਲੇਕਿਨ ਜਿਹ ਪਹਿਲੀ ਸਟੇਜ ਹੈ, ਪਹਿਲੀ ਪਉੜੀ ਹੈ। ਏਕ ਰਾਮ ਹੈ ਸਭ ਸੇ ਨਿਆਰਾ - ਜੋ ਅਸੰਗ ਔਰ ਅਲਿਪਤ ਹੈ, ਯੇ ਉਤਮ ਪ੍ਰਕ੍ਰਿਤੀ ਕਾ ਯਹੀ ਹੈ। ਹੋ ਸਕਤਾ ਹੈ ਅਗਰ ਦੂਰ ਬੈਠਾ ਹੋ, ਉਸ ਕੋ ਕਹਾ, ਬੇਟਾ ਤੁਮ ਨਜ਼ਦੀਕ ਆ ਜਾਓ। ਹਮ ਨੇ ਜੋ ਸ਼ਿਖਸ਼ਾ ਦੀ, ਤੁਮਹੀ ਨੇ ਸਮਝਾ ਇਸਕੋ। ਅਬ ਹਮ ਅਪਨਾ ਅੰਤਰ ਧਿਆਨ ਹੋਤੇ ਹੈਂ - ਔਰ ਵੋ ਗਾਇਬ ਹੋ ਗਏ। ਐਸੇ ਹੀ ਜਪ ਕੀ ਭੀ ਬਾਤ ਹੈ। ਜਿਹ ਬੋਧ ਹੋ ਜਾਨਾ ਚਾਹੀਏ ਕਿ ਜਿਸ ਕਾ ਹਮ ਜਪ ਕਰ ਰਹੇ ਹੈਂ, ਵੋ ਅਪਨੇ ਅੰਦਰ ਹੀ ਹੈ ਯਾ ਅਪਨੇ ਸੇ ਪਰ੍ਹੇ ਹੈ - ਇਸ ਕਾ ਬੋਧ ਹੋਨਾ ਚਾਹੀਏ। ਅਬ ਇਸ ਪਰ ਏਕ-ਏਕ ਮਤ ਬਤਾਤੇ ਹੈਂ। ਗੀਤਾ ਮੇਂ ਕਹਾ ਹੈ - 'ਈਸ਼ਵਰੰਮ ਸਰਬ ਭੂਤਾਨਮ ਹਿਰਦਾਯਮ ਸਥਿਤਮ॥' ਹੇ ਅਰਜਨ ! ਈਸ਼ਵਰ ਸਭ ਜਗਹ ਤੋ ਹੈ, ਯੇ ਤੋ ਪੱਕੀ ਬਾਤ ਹੈ, ਲੇਕਿਨ ਤੂੰ ਪਹਿਲੇ ਅਪਨੇ ਦਿਲ ਮੇਂ ਦੇਖ। ਅਗਰ ਅਪਨੇ ਅੰਦਰ ਨਹੀਂ ਦੇਖਤਾ ਤੋ ਤੁਝ ਕੋ ਯੇ ਗਿਆਨ ਨਹੀਂ ਹੋ ਪਾਏਗਾ। ਅਬ ਜੈਸੇ ਕਰਿਸਚੀਅਨ ਬਾਈਬਲ ਮੇਂ ਭੀ ਕਹਾ ਕਿ ਅਪਨੇ ਅੰਦਰ ਹੀ ਤੁਮ ਈਸ਼ਵਰ ਕੋ ਦੇਖੋ। ਜੈਸੇ ਕਿ ਜਿਸ ਵਕਤ ਜੀਸਸ ਕਰਾਈਸਟ ਕੋ ਕਰਾਸ (cross) ਪੇ ਖੜ੍ਹਾ ਹੋ ਕਰ ਕੇ ਉਸ ਕੋ torture ਕੀਆ ਜਾ ਰਹਾ ਥਾ ਤੋ ਉਸਨੇ pardon ਤੋ ਨਹੀਂ ਕਹਾ, ਕਿ ਮੁਝੇ ਮੁਆਫ ਕਰ ਦੋ। ਸਰੀਰ ਸੇ ਜਬ ਆਦਮੀ ਬਿਲਗ ਹੋ ਜਾਤਾ ਹੈ - ਸਾਧਨਾ ਕਰਤੇ-ਕਰਤੇ, ਤੋ ਸਾਰਾ ਵਿਸ਼ਵ ਹੀ ਉਸ ਕਾ ਸਰੀਰ ਹੋ ਜਾਤਾ ਹੈ, ਉਸ ਕਾ ਏਕ ਛੋਟਾ ਸਾ ਸਰੀਰ ਤੋ ਰਹਿਤਾ ਨਹੀਂ। ਪਰਮਹੰਸ ਰਾਮ ਕ੍ਰਿਸ਼ਨ ਜੀ ਕੋ ਏਕ ਬਾਰ ਕੈਂਸਰ

ਹੋ ਗਿਆ ਥਾ ਗਲੇ ਮੇਂ। ਤੋ ਬਿਬੇਕਾਨੰਦ ਰੋਨੇ ਲਗੇ; ਉਨਕੇ ਜਿਤਨੇ ਭੀ ਸ਼ਿਸ਼ਅ ਥੇ, ਰੋਨੇ ਲਗੇ ਕਿ ਗੁਰਦੇਵ! ਹਮ ਲੋਗ ਖਾਤੇ ਹੈਂ ਰੋਜ਼ ਖਾਨਾ, ਔਰ ਆਪ ਨਹੀਂ ਖਾ ਪਾਤੇ - ਹਮੇਂ ਬਹੁਤ ਦੁਖ ਹੋਤਾ ਹੈ। ਵੋ ਮੁਸਕਰਾਏ ਔਰ ਬੋਲਨੇ ਲਗੇ, ਅਰੇ ਮੈਂ ਨਹੀਂ ਖਾ ਸਕਤਾ, ਤੁਮ ਲੋਗ ਤੋ ਖਾ ਰਹੇ ਹੋ। ਮੈਂ ਇਸੀ ਮੇਂ ਖੁਸ਼ ਹੂੰ ਕਿ ਸਭ ਲੋਗ ਖਾ ਰਹੇ ਹੈਂ।

ਸਾਧਨਾ ਸੇ ਸਰੀਰਕ ਕਸ਼ਟ, ਕਸ਼ਟ ਨਹੀਂ ਰਹਤਾ। ਇਸੀ ਲੀਏ ਹਰ ਕਿਸੀ ਕੋ ਸਾਧਨਾ ਕਰਨੀ ਚਾਹੀਏ ਔਰ ਸਾਧਨਾ ਕਾ, ਪ੍ਰਭੂ ਕਾ ਅੰਗ ਹੈ - ਜਪ। ਕੋਈ ਸਾਧਨਾ ਸੰਸਾਰ ਮੇਂ ਐਸੀ ਨਹੀਂ ਜੋ ਜਪ ਸੇ ਪ੍ਰਾਰੰਭ ਨ ਹੁਈ ਹੋ। In the beginning, there was a word and word was in God and God was in word. ਸੰਸਾਰ ਕੇ ਪ੍ਰਾਰੰਭਿਕ ਅਵਸਥਾ ਮੇਂ ਵੋ ਸ਼ਬਦ ਥਾ। ਕਿਆ ਥਾ? ਤੁਲਸੀ ਦਾਸ ਜੀ ਨੇ ਬਹੁਤ ਮਾਥਾ ਪਕਚੀ ਕੀ ਇਸ ਕੇ ਊਪਰ, ਕਿ ਵੋ ਸ਼ਬਦ ਕਿਆ ਹੋ ਸਕਤਾ ਹੈ। ਆਖਿਰ ਉਨਹੋਂ ਨੇ ਕਹਾ, ਵੋ ਸ਼ਬਦ, ਜਿਸ ਕੋ ਕਿ ਉਲਟੇ ਭੀ ਔਰ ਪੁਲਟੇ ਭੀ ਕਹਾ ਜਾਏ ਤੋ ਵੋਹੀ ਸ਼ਬਦ ਹੈ। ਤੋ ਉਨਹੋਂ ਨੇ ਕਹਾ, ਐਸੀ ਕੌਨ ਸੀ ਬਾਤ ਹੈ, ਕੌਨ ਸੀ ਚੀਜ਼ ਹੈ ਜੋ ਉਲਟੇ ਭੀ ਔਰ ਪੁਲਟੇ ਭੀ; ਜੇਸੇ ਭੀ ਹੋ, ਏਕ ਹੀ ਅਰਥ ਨਿਕਲਤਾ ਹੋ। ਤੋ ਉਨਹੋਂ ਨੇ ਕਹਾ - 'ਅਹੰ-ਸਹ-ਸੋ-ਅਹੰ।' ਸੁਆਸ ਮੇਂ ਅਗਰ ਆਪ ਧਿਆਨ ਸੇ ਸੁਨੋਗੇ ਤੋ ਦੋ ਸ਼ਬਦ ਨਿਕਲਤੇ ਹੈਂ। ਸੁਆਸ ਜੋ ਹੈ ਹਮਾਰਾ, ਏਕ ਗਾਇਨ ਕਰਤੇ, ਗਾਤੀ ਹੈ। ਜੈਸੇ ਆਪ ਸ਼ਬਦ ਗਾਤੇ ਹੋ ਨਾ, ਵੈਸੇ ਸੁਆਸ ਮੇਂ ਭੀ ਏਕ ਗਾਇਨ ਚਲਤਾ ਹੈ। ਉਸ ਗਾਇਨ ਮੇਂ ਦੋ ਸਵਰ ਆਪ ਕੋ ਸੁਨਾਈ ਦੇਤੇ ਹੈਂ; ਏਕ ਸਵਰ ਹੋਤਾ ਹੈ, ਜੋ ਸਾਂਸ ਲੇ ਰਹੇ ਹੋ, 'ਸੋ......' ਔਰ ਜਬ ਸਾਂਸ ਛੋਡਤੇ ਹੋ, ਤੋ ਹੋਤਾ ਹੈ 'ਅਹੰ......।' ਯੇ ਸ਼ਬਦੋਂ ਕਾ ਸੰਬੰਧ ਕੁੰਡਲਨੀ ਸੇ ਹੈ। ਆਪ ਕੇ ਸਰੀਰ ਕੇ ਅੰਦਰ, ਆਪ ਕੇ ਮੂਲਾਧਾਰ ਮੇਂ ਏਕ ਸ਼ਕਤੀ ਸੋਈ ਹੁਈ ਹੈ। ਤੋ ਕਹਤੇ ਹੈਂ ਕਿ ਸੋਹੰ ਕੀ ਧੌਂਕਨੀ ਸੇ ਉਸ ਕੋ ਜਾਗ੍ਰਿਤ ਕੀਆ ਜਾਤਾ ਹੈ ਔਰ ਸਭ ਚੱਕਰੋਂ ਕਾ ਭੇਦਨ ਕਰਕੇ ਵੋ ਫਿਰ ਅਪਨੇ ਸਹਸਰਾਰ ਮੇਂ ਅਪਨੇ ਪਤੀ-ਦੇਵ ਸੇ ਏਕ ਹੋ ਜਾਤੀ ਹੈ। ਐਸੇ, ਗ੍ਰੰਥੋਂ ਮੇਂ ਉਸਕਾ ਵਰਣਨ ਆਇਆ ਹੈ। ਤੋ ਏਕ ਪ੍ਰਬਤ ਕੀ ਸ਼ਿਖਾ ਹੈ, ਉਸ ਪ੍ਰਬਤ ਕੀ ਸ਼ਿਖਾ ਕੋ ਜਾਨੇ ਕੇ ਲੀਏ ਹਜ਼ਾਰੋਂ ਮਾਰਗ ਹੈਂ। ਔਰ ਸਬ ਸੇ ਸਰਲ ਮਾਰਗ ਹੈ - ਨਾਮ ਜਪ ਕਰਨਾ। ਸਬ ਕਾਰਯ ਕਰਤੇ ਹੁਏ, ਸੰਸਾਰ ਕੇ ਸਭ ਕ੍ਰਿਆ ਕਲਾਵ ਕਰਤੇ ਹੁਏ ਮਨ ਹੀ ਮਨ, ਸਿਮਰਨ ਕਰਤੇ ਰਹਨਾ ਚਾਹੀਏ। ਇਸ ਸੇ ਮਹਾਨ ਸੁਰਖਸ਼ਾ ਕਵਚ ਕੋਈ ਨਹੀਂ ਹੈ।

ਅਬ ਹਮ ਨੇ ਕਹਾ ਕਿ ਅਗਰ ਹਮਨੇ ਸਿਰ, ਗਰਦਨ ਔਰ ਰੀੜ ਕੀ ਹੱਡੀ ਸੀਧੀ ਰਖਨੀ ਸੀਖ ਲੀ ਤੋ ਫਿਰ ਸੂਖਸ਼ਮ ਬੁੱਤ ਪ੍ਰਾਪਤ ਫਿਰ ਭੀ ਹੋਤੇ ਰਹਤੇ ਹੈਂ, body twitch ਕਰਤੀ ਹੈ (ਹਿਲਤੀ ਜੁਲਤੀ ਹੈ) ਜੋ involuntary control (ਸਵੈ ਇੱਛਾ ਕੇ ਵਿਰੁੱਧ) ਕਹਤੇ ਹੈਂ ਅੰਗ੍ਰੇਜ਼ੀ ਮੇਂ। Voluntary control in involuntary system ਵੋ ਨਹੀਂ ਹੋ ਪਾਤਾ; ਵੋ twitching ਹੋਤੀ ਰਹਤੀ ਹੈ; ਉਸ ਸੇ ਭੀ ਮਨ ਜਪ ਸੇ ਹਟਤਾ ਹੈ, ਕਿਉਂਕਿ ਅਭੀ ਸਾਧਨਾ ਕੀ ਅਵਸਥਾ ਹੈ। ਲੇਕਿਨ ਉਸ ਵਕਤ ਜਿਹ ਹੋ ਕਿ ਕੁਛ ਭੀ ਹੋ, ਕੈਸੇ ਭੀ ਹੋ, ਕਿਸੀ ਭੀ ਦਸ਼ਾ ਮੇਂ ਕੁਛ ਭੀ ਹੋ ਜਾਏ; ਹਮ ਵੋ ਕਰੇਂਗੇ। 'ਜਾਤਕ ਪਿਟਯਕਾ' ਏਕ ਗ੍ਰੰਥ ਹੈਂ ਜਿਸ ਮੇਂ ਬੁੱਧ ਕਾ ਜੀਵਨ, ਉਨ ਕੇ ਜੋ ਨਜ਼ਦੀਕ ਕੇ ਸ਼ਿਸ਼ਅ ਥੇ; ਉਨ ਕੀ ਵਾਰਤਾਲਾਪ ਹੈ। ਤੋ ਬੁਧ ਸੇ ਪੂਛਾ ਕਿ ਮਹਾਰਾਜ! ਹਮ ਮੇਂ ਤੋ ਸ਼ਕਤੀ ਨਹੀਂ ਹੈ, ਜਿਤਨੀ ਆਪ ਮੇਂ ਹੈ। ਆਪ ਬਤਾਈਏ ਕਿ ਯੇ ਹੋ ਕੈਸੇ ਗਿਆ ਕਿ ਤਲਵਾਰ ਲੇਕਰ ਕੇ ਉਂਗਲੀ ਮਾਰ ਡਾਕੂ, ਆਪ ਕੋ ਮਾਰਨੇ ਕੇ ਲੀਏ ਗਿਆ, ਤੋ ਉਸ ਕੀ ਤਲਵਾਰ ਵਹੀਂ ਰਹਿ ਗਈ; ਯੇ ਬਾਤ ਕਿਆ ਹੈ। ਆਪ ਤੋ ਕਹੀਂ ਔਰ ਦੇਖ ਰਹੇ ਥੇ; ਕੈਸੇ ਹੂਆ? ਵੋ ਮੁਸਕਰਾ ਦੀਏ, ਤੋ ਆਨੰਦ ਜੋ ਉਨ ਕਾ ਸ਼ਿਸ਼ਅ ਥਾ, ਉਸਨੇ ਕਹਾ,

ਗੁਰੁ ਦੇਵ! ਮੈਂ ਤੋ ਆਪ ਕਾ ਬੇਟਾ ਹੂੰ, ਮੁਝੇ ਤੋ ਬਤਾਈਏ। ਉਨਹੋਂ ਨੇ ਕਹਾ, ਬੇਟਾ, ਐਸਾ ਹੈ, ਕਈ ਚੀਜ਼ੇਂ unexplained ( ਵਿਆਖਿਆ ਰਹਿਤ) ਹੋਤੀ ਹੈਂ ਜਿਸ ਕੋ ਆਦਮੀ explain ਕਰ ਹੀ ਨਹੀਂ ਸਕਤਾ, ਬੋਲ ਹੀ ਨਹੀਂ ਸਕਤਾ, ਉਸ ਕਾ ਵਰਣਨ ਕਰ ਹੀ ਨਹੀਂ ਸਕਤਾ। ਜੈਸੇ ਹਮ ਮਿਠਾਈ ਖਾ ਰਹੇਂ ਹੈਂ, ਅਗਰ ਆਪ ਹਮ ਸੇ ਪੂਛੇਂ, ਸੁਆਮੀ ਜੀ! ਮੀਠੇ ਕਾ ਕਿਆ ਸੁਆਦ ਹੈ, ਤੋ ਮੈਂ ਤੋ ਯਹੀ ਕਹਿ ਸਕਤਾ ਹੂੰ ਨਾ, ਆਹਾ! ਕਿਤਨਾ ਅੱਛਾ ਹੈ। ਲੇਕਿਨ ਉਸ ਸੇ ਮਿਠਾਈ ਕਾ ਸੁਆਦ ਕਾ ਵਰਣਨ ਤੋ ਨਹੀਂ ਹੋ ਪਾਤਾ। ਜੋ ਲੋਗ, ਜੋ ਸੰਤ, ਪ੍ਰਭੂ ਕ੍ਰਿਪਾ ਸੇ ਅਨੁਭਵ ਕਰਤੇ ਹੈਂ, ਵੋ ਆਖਿਰ ਮੇਂ ਮੋਨ ਹੋ ਜਾਤੇ ਹੈਂ; ਬੋਲ ਹੀ ਨਹੀਂ ਪਾਤੇ। ਇਸ ਲੀਏ ਸਤਯ ਕਹਾ ਹੈ - 'ਤਾਤ ਸਵਰਗ ਅਪਵਰਗ ਸੁਖ ਧਰੋ ਤੁਲਾ ਏਕ ਅੰਗੁ।।'

ਸੰਸਾਰ ਭਰ ਕੇ ਸਭ ਸੁਖੋਂ ਕੋ ਏਕ ਤਰਫ ਤਰਾਜੂ ਮੇਂ ਤੋਲ ਦੀਜੀਏ ਔਰ ਸਤਸੰਗ ਕੋ ਦੂਸਰੀ ਤਰਫ; ਸਤਸੰਗ ਭਾਰੀ ਨਿਕਲੇਗਾ, ਔਰ ਸਭ ਸੁੱਖ ਬੇਕਾਰ ਨਿਕਲੇਂਗੇ। ਹਮੇਸ਼ਾ ਸੰਤੋਂ ਕੇ ਸਤਸੰਗ ਮੇਂ, ਸੰਗ ਮੇਂ ਰਹਿਨੇ ਸੇ ਮਨੁੱਸ਼ਯ ਕੇ ਬਿਕਾਰ ਧੁਲ ਜਾਤੇ ਹੈਂ। ਆਪ ਨੇ ਸੁਨਾ ਹੋਗਾ - ਬਾਲਮੀਕ ਕਿਤਨਾ ਮਹਾਨ ਡਾਕੂ ਥਾ? ਸੰਸਾਰ ਕੇ ਮਸ਼ਹੂਰ ਡਾਕੂਓਂ ਮੇਂ ਥਾ - ਬਾਲਮੀਕ, ਲੇਕਿਨ ਮਹਾਨ ਸੰਤ ਬਨ ਗਿਆ। ਐਸੇ ਹੀ soul on the way to domestication, ਉਸ ਕਾ ਪਰਿਵਰਤਨ ਹੋ ਗਿਆ; ਮਹਾਨ ਡਾਕੂ ਆਦਮੀ ਥਾ, ਮਹਾਨ ਬਦਮਾਸ਼ ਆਦਮੀ ਥਾ। ਇਸੀ ਸੰਸਾਰ ਮੇਂ, ਇਸੀ ਜਨਮ ਮੇਂ ਸੰਪੂਰਨ ਜੀਵਨ ਬਦਲ ਜਾਤਾ ਹੈ, ਅਗਰ ਆਦਮੀ ਸਤਸੰਗ ਮੇਂ ਰਹੇ ਤੋ। ਤੋ ਦੋ ਚੀਜ਼ੋਂ ਕਾ ਸਾਰ ਹਮ ਨੇ ਪਾਇਆ - ਸਤਸੰਗ ਮੇਂ ਰਹੇ ਔਰ ਜਪ ਕਰਤਾ ਰਹੇ। ਜੋ ਸਾਧਕ ਲੋਗ ਜਪ ਕੋ ਗਹਿਰਾਈ ਮੇ ਲੇ ਜਾਨਾ ਚਾਹਤੇ ਹੈਂ, ਮੈਂ ਉਨ ਸੇ ਯਹੀ ਕਹੂੰਗਾ ਕਿ ਏਕ ਸਮਯ ਨਿਰਧਾਰਨ ਕਰ ਲੇਂ ਜਿਸ ਸਮਯ ਕੁਛ ਭੀ ਹੋ, ਕੈਸਾ ਭੀ ਹੋ; ਵੋ ਸਮਯ ਕਿਸੀ ਦੂਸਰੇ ਕਾਮ ਕੋ ਨਾ ਦੇਂ, ਕੇਵਲ ਧਿਆਨ ਔਰ ਜਪ ਕੇ ਲੀਏ ਕਰੇਂ - ਪਹਿਲੀ ਚੀਜ਼। ਦੂਸਰੀ ਚੀਜ਼ - ਏਕ ਆਸਨ ਐਸਾ ਸਾਧਨਾ ਮੇਂ ਲਾਏਂ ਕਿ ਉਸ ਕੋ ਬਾਰ-ਬਾਰ ਪਰਿਵਰਤਨ ਨਾ ਕਰੇਂ, ਜਬ ਆਪ ਧਿਆਨ ਕਰੇਂ। ਐਸੇ ਹੀ ਜੀਵਨ ਕੇ ਲੀਏ ਕੁਛ ਬਾਹਰੀਯ ਜੀਵਨ ਮੇਂ ਸਤਸੰਗ, ਔਰ ਅੰਤਰਿਕ ਜੀਵਨ ਮੇਂ ਨਾਮ ਜਪ ਕਾ ਅਭਿਆਸ ਬਨਾਏ ਰਖਨੇ ਸੇ ਕੁਛ ਅਵਸ਼ਕਤਾ ਹੀ ਨਹੀਂ ਹੈ, ਔਰ ਦੂਸਰੀ ਚੀਜ਼ ਕੀ ਕਿਆ ਅਵਸ਼ਕਤਾ ਹੈ? ਮੇਰੇ ਕਹਿਨੇ ਕਾ ਤਾਤਪਰੀਯ ਜਿਹ ਹੈ ਕਿ ਆਪ ਲੋਗੋਂ ਕੇ ਊਪਰ ਗੁਰੂ ਕੀ ਮਹਾਨ ਕਿਰਪਾ ਹੈ ਕਿ ਆਪ ਸਿੱਖ ਧਰਮ ਕਾ ਅਨੁਸ਼ਰਨ ਕਰਤੇ ਹੈਂ, ਸਿਖ ਪਰਿਵਾਰ ਮੇਂ ਪੈਦਾ ਹੂਏ ਹੈਂ, ਸਿਖ ਧਰਮ ਕੋ ਮਾਨਤੇ ਹੈਂ; ਸਿੱਖ ਧਰਮ ਕੇ ਅਨੁਸਾਰ ਚਲਨਾ, ਯੇ ਅਬ ਆਪ ਕਾ ਕਰਤਵਯ ਹੈ। ਅਬ ਭਗਵਾਨ ਚਾਹੇਗਾ ਔਰ ਆਪ ਲੋਗ ਆਸ਼ੀਰਵਾਦ ਦੋਗੇ, ਅਗਲੇ ਵਰਸ਼ ਇਸੀ ਅਸਥਾਨ ਪਰ ਸੰਪੂਰਨ ਗੁਰੂ ਗ੍ਰੰਥ ਸਾਹਿਬ ਅੰਗਰੇਜ਼ੀ ਕਬਿੱਤ ਮੇਂ ਆਪ ਕੇ ਸਾਮਨੇ ਰੱਖੂੰਗਾ।

ਸੰਤ ਜੀ ਕਾ (ਸੰਤ ਵਰਿਆਮ ਸਿੰਘ ਜੀ) ਔਰ ਵਿਸ਼ੇਸ਼ ਕਰ ਅਪਨੀ ਮਾਂ ਕਾ (ਬੀਬੀ ਰਣਜੀਤ ਕੌਰ ਜੀ) ਜੋ ਹਰ ਦੋ ਮਿੰਟ ਮੇਂ ਮੁਝੇ ਖਿਲਾਤੀ ਹੈਂ; ਮੈਨੇ ਕਹਾ, ਮਾਂ ਮੇਰੇ ਪੇਟ ਮੇਂ ਕੋਈ ਜਗਹ ਨਹੀਂ ਹੈ; ਬੋਲੇ, ਥੋੜਾ ਸਾ ਔਰ ਖਾ ਲੋ; ਕਿਨ ਸ਼ਬਦੋਂ ਸੇ - ਕਿਉਂਕਿ ਮੈਨੇ ਤੋ ਅਪਨੀ ਮਾਂ ਦੇਖੀ ਹੀ ਨਹੀਂ, ਬਚਪਨ ਮੇਂ ਹੀ ਮੈਂ ਤੋ orphan (ਯਤੀਮ) ਹੋ ਗਿਆ ਥਾ; ਵੋ ਜੋ ਪਿਆਰ ਮੁਝੇ ਦੇਤੀ ਹੈਂ, ਉਸ ਪਿਆਰ ਕਾ ਭੀ ਮੁਝੇ ਕਹੀਂ ਔਰ ਜਗਹ ਅਨੁਭਵ ਨਹੀਂ ਹੂਆ। ਆਪ ਮਹਾਨ ਭਾਗੀ ਹੋ - ਕਿਤਨੇ ਸਰਲ, ਸ਼ੁਧ ਚਿੱਤ, ਸਤਿਤਾ ਸੇ ਜੀਵਨ ਬਤੀਤ ਕਰਨੇ ਵਾਲੇ ਸੰਤ ਔਰ ਇਤਨੀ ਅੱਛੀ ਮਾਤਾ ਮਿਲ ਗਈ; ਔਰ ਕਿਆ ਚਾਹੀਏ?

# ਸ੍ਰੀ ਗੁਰੂ ਗ੍ਰੰਥ ਸਾਹਿਬ – 'ਸਰਵੋਤਮ'

(ਭਾਗ ਦੂਜਾ)

ਸਿਖ ਧਰਮ ਕੇ ਵਿਸ਼ੇ ਮੇਂ ਜਿਤਨੀ ਭੀ ਚਰਚਾ ਹੋਤੀ ਹੈ, ਹੁਈ ਹੈ ਜਾ ਹੋਗੀ; ਵੋ ਕਮ (ਥੋੜੀ) ਹੀ ਹੈ ਕਿਉਂਕਿ ਸੰਸਾਰ ਮੇਂ ਸਿਖ ਧਰਮ ਹੀ ਏਕ ਐਸਾ ਧਰਮ ਹੈ ਜੋ ਕਿ ਸੰਤੋਂ ਕੀ ਦੇਨ ਹੈ। ਅਨਿਅ ਧਰਮੋਂ ਮੇਂ ਵਿਦਵਾਨੋਂ ਕਾ interference (ਦਖ਼ਲ) ਬਹੁਤ ਰਹਾ ਹੈ ਜਿਸਕੀ ਵਜਹ ਸੇ ਉਸ ਮੇਂ ਬੌਧਿਕ intellectualism (ਬੁੱਧੀਵਾਦ) ਕੇ ਆਨੇ ਸੇ ਏਕ corruption (ਦੋਸ਼ਪੂਰਨਤਾ) ਸੀ ਆ ਗਈ ਹੈ। ਕਿੰਤੂ ਸਿਖ ਧਰਮ ਮੇਂ ਐਸੀ ਚੀਜ਼ ਨਹੀਂ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੋ ਹੈਂ, ਕਿਸੀ ਨੇ ਲਿਖੇ ਨਹੀਂ; ਵੋ ਤੋ ਗੁਰਬਾਣੀ ਹੈ। ਆਪ ਸੰਸਾਰ ਕੇ ਕਿਸੀ ਭੀ ਗ੍ਰੰਥ ਕੋ ਦੇਖੇਂ, ਉਸ ਮੇਂ correction (ਸੋਧ) ਹੂਆ ਹੈ। ਹਮਾਰੇ ਯੁਗ ਕਾ ਟੈਗੋਰ ਏਕ ਬਹੁਤ ਬੜਾ ਭਾਰੀ poet (ਕਵੀ) ਮਾਨਾ ਜਾਤਾ ਹੈ। ਤੋ ਜਬ ਮੈਂ ਟੈਗੋਰ ਕੇ ਸਮਯ ਸ਼ਾਂਤੀ-ਨਿਕੇਤਨ ਮੇਂ ਥਾ, ਤਬ ਤੋ ਮੁਝੇ ਮਾਲੂਮ ਨਹੀਂ ਥਾ। ਉਸ ਕੇ ਪਸਚਾਤ ਮੈਨੇ ਜਬ ਉਨਕੀ ਡਾਇਰੀ ਦੇਖੀ ਤੋ ਕਟਾ-ਫਟ ੫੦ ਜਗਹ ਹੋਤੀ ਥੀ, ਤਬ ਵੋ ਕਹੀਂ ਅਪਨੀ poetry (ਕਵਿਤਾ) ਬਨਾਤੇ ਥੇ। ਗੁਰਬਾਣੀ ਮੇਂ ਵੋ ਚੀਜ਼ ਨਹੀਂ ਹੈ। ਵੋ ਤੋ ਗੁਰੂ ਕੀ ਬਾਣੀ ਹੈ, ਵੋ ਏਕ spontaneity (ਆਪਮੁਹਾਰਤਾ) ਮੇਂ ਬਹਿਤਾ ਹੂਆ ਅਖੰਡ ਏਕ ਦਰਿਆ ਹੈ। ਕਿਤਨੀ ਭੀ research (ਖੋਜ) ਕਰੇਂਗੇ ਆਪ – ਗੁਰੂ ਗ੍ਰੰਥ ਸਾਹਿਬ ਕੇ ਊਪਰ; ਉਸ ਕੋ ਮੈਂ ਪੂਰਨ ਨਹੀਂ ਮਾਨ ਸਕਤਾ। ਏਕ-ਏਕ ਸ਼ਬਦ ਕੇ ਊਪਰ ਏਕ ਗ੍ਰੰਥ ਤਿਆਰ ਹੋ ਸਕਤਾ ਹੈ। ਔਰ ਏਕ ਦਿਨ ਵੋ ਆਨਾ ਚਾਹੀਏ, ਜੈਸੇ ਹਮਾਰਾ ਬੇਟਾ ਡਾ. ਮਹਿੰਦਰ ਸਿੰਘ ਜੈਸਾ ਵਿਅਕਤੀ ਇਸ ਕਾਮ ਕੋ ਲੇ ਸਕਤਾ ਹੈ, ਕਿ ਏਕ-ਏਕ ਸ਼ਬਦ ਕੇ ਉਪਰ ਜਿਸ ਵਕਤ ਵਿਆਖਿਆ ਹੋਨੇ ਲਗੇਗੀ, ਉਸ ਦਿਨ ਮੈਂ ਸਮਝੂੰਗਾ ਕਿ ਸਿਖ ਧਰਮ ਕੇ ਅਨੁਆਈ, ਜੋ ਆਪ ਲੋਗ ਹੈਂ; ਆਪ ਲੋਗ ਕੁਛ ਕਰ ਰਹੇ ਹੈਂ। ਦੇਖੀਏ! ਸੰਸਾਰ ਮੇਂ ਦੋ ਮਤਿ ਹੋਤੇ ਹੈਂ – ਹਰ ਧਰਮ ਕੇ। ਏਕ ਤੋ ਸੰਤੋਂ ਕਾ, ਔਰ ਏਕ ਗੁਰਦੁਆਰਾ, ਮੰਦਿਰ, ਮਸਜਿਦੋਂ ਕਾ। ਗੁਰਦੁਆਰਾ, ਮੰਦਿਰ ਔਰ ਮਸਜਿਦ; ਵੋ ਅਪਨੇ ਮੇਂ ਬੰਧੇ ਹੁਏ ਹੈਂ – ਚਾਰ ਦੀਵਾਰੀ ਮੇਂ ਬੰਧੇ ਹੁਏ ਹੈਂ, ਕੁਛ ਨਹੀਂ ਕਰ ਸਕਤੇ। ਲੇਕਿਨ ਡੇਰੇ ਵਾਲੇ ਸੰਤ ਲੋਗ ਜੋ ਹੈਂ, ਵੋ ਬਹੁਤ ਕੁਛ ਕਰ ਸਕਤੇ ਹੈਂ। ਵੋਹ ਕਰ ਸਕਤੇ ਹੈਂ ਜੋ ਕਿਸੀ ਨੇ ਨਾ ਕੀਆ ਹੋ। ਤੋ ਮੇਰੀ ਆਪ ਸਭ ਲੋਗੋਂ ਸੇ ਪਹਿਲੀ ਪ੍ਰਾਥਨਾ ਤੋ ਯੇ ਹੈ ਕਿ ਰੀਸਰਚ ਖ਼ੂਬ ਹੋਨੀ ਚਾਹੀਏ। ਅਭੀ ਆਪ ਕਹੋ ਕਿ ਬਹੁਤ ਰੀਸਰਚ ਹੋ ਚੁਕੀ ਹੈ, ਬਹੁਤ ਗ੍ਰੰਥ ਲਿਖੇ ਜਾ ਚੁਕੇ ਹੈਂ; ਮੈਂ ਤੋਂ ਨਹੀਂ ਮਾਨਤਾ। ਅਬੀ ਤੋ ਕੁਛ ਕਾਮ ਹੀ ਨਹੀਂ ਹੂਆ sikhism ਕੇ ਊਪਰ। ਇਸ ਕੇ ਲੀਏ ਧਨ ਕਹਾਂ ਸੇ ਆਏ; ਆਵਸ਼ਕਤਾ ਹੀ ਨਹੀਂ ਹੈ। ਕਿਆ ਅਵਸ਼ਕਤਾ ਹੈ, ਕਿਸ ਧਨ ਕੀ ਅਵਸ਼ਕਤਾ ਹੈ? ਜਿਸ ਵਕਤ ਕੋਈ ਐਸੀ ਚੀਜ਼ ਤਿਆਰ ਹੋਗੀ, ਹਜ਼ਾਰੋਂ ਲੋਗ ਖੜ੍ਹੇ ਹੋ ਜਾਏਂਗੇ ਉਸ ਕੋ ਪ੍ਰਕਾਸ਼ਿਤ ਕਰਨੇ ਕੇ ਲੀਏ। ਮੈਨੇ ਜਿਤਨੇ ਭੀ ਸਿਖ ਧਰਮ ਕੇ ਊਪਰ ਗ੍ਰੰਥ ਲਿਖੇ, ਮੇਰੇ ਪਾਸ ਕੋਈ ਪੈਸਾ ਨਹੀਂ ਥਾ। ਲੇਕਿਨ ਸਬ ਪ੍ਰਕਾਸ਼ਿਤ ਹੁਏ ਹੈਂ, ਖ਼ੂਬ ਚਲਤੇ ਹੈਂ। ਔਰ ਜੋ ਪਾਸ਼ਚਾਤ ਦੇਸ਼ (western countries) ਕੇ ਵਿਦਵਾਨ ਹੈਂ – ਅੰਗਰੇਜ਼ੀ ਜਾਨਨੇ ਵਾਲੇ; ਬੜਾ ਉਸ ਕਾ ਆਦਰ ਭੀ ਕਰਤੇ ਹੈਂ। ਅਗਲੇ ਵਰਸ਼, ਫਿਰ ਦੁਹਰਾਤਾ ਹੂੰ ਕਿ ਆਜ ਕੇ ਦਿਨ ਆਪ ਕੇ ਸਾਮਨੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਿਤ ਹੋ ਕਰ ਰਹੇਗਾ। ਯੇ ਬਾਤ ਸੰਤ ਜੀ ਨੇ ਮੁਝੇ ਕਹੀ, ਕਿ ਹੋਨਾ ਹੈ। ਹਮਨੇ ਕਹਾ, ਜ਼ਰੂਰ ਹੋਗਾ। ਸਾਲ ਭਰ ਤੋ ਬਹੁਤ ਹੋਤਾ ਹੈ, ਛੇ ਮਹੀਨੇ ਮੇਂ ਹੋ ਜਾਏਗਾ ਯੇ ਤੋ। ਔਰ ਜਿਸ ਤਰਹ ਸੇ ਹਮਾਰਾ ਵੋ ਗ੍ਰੰਥ ਹੈ – ਬਾਲਮੀਕ ਰਮਾਇਣ ਕੇ ਊਪਰ ਦੋ volume (ਭਾਗ) ਕਾ, ਜਿਸ ਕੋ ਕਿ

world (ਸੰਸਾਰ) ਮੇਂ ਬਹੁਤ ਅੱਛਾ ਪ੍ਰਕਾਸ਼ਨ ਭੀ ਮਾਨਤੇ ਹੈਂ ਔਰ tome (ਗ੍ਰੰਥ) ਭੀ ਮਾਨਤੇ ਹੈਂ; ਉਸ ਸੇ ਅੱਛੀ ਟੱਕਰ ਕਾ ਹੋਗਾ। ਯੇ ਤੋ ਰਹੀ ਬਾਹਰ ਕੀ ਬਾਤ। ਗ੍ਰੰਥ ਸਾਹਿਬ ਕਾ ਸਾਰ, ਨਾਮ ਜਪ ਮੇਂ ਹੈ। ਔਰ ਜਿਸਨੇ ਸਚੇ ਹਿਰਦੇ ਸੇ ਨਾਮ ਜਪ ਕਰਨਾ ਸੀਖ ਲੀਆ, ਉਸ ਕਾ ਕਲਿਆਣ ਹੋ ਗਿਆ। ਦੇਖੀਏ, ਸਾਰਾ ਸੰਸਾਰ ਪੂਰਬ ਸੇ ਲੇਕਰ ਪੱਛਿਮ ਤਕ ਦੁਖੀ ਹੈ। ਸਬ ਦੁਖ ਹੀ ਦੁਖ ਬਿਆਪਤ ਹੈ - ਚਾਰੋਂ ਔਰ। ਗੁਰੂ ਨਾਨਕ ਦੇਵ ਜੀ ਨੇ ਤੋ ਪਹਿਲੇ ਹੀ ਕਹਿ ਦੀਆ ਹੈ ਨ -

***ਨਾਨਕ ਦੁਖੀਆ ਸਭੁ ਸੰਸਾਰੁ॥***

***ਅੰਗ - ੯੫੪***

ਦੁਖ ਤੋ ਹੈਈ, ਸੁਖੀ ਕੌਨ ਹੈ; ਕੋਈ ਰਾਜਾ ਕੋ ਨਹੀਂ ਬਤਾਇਆ - ਸੁਖੀ ਹੈ, ਕਿਸੀ ਧਰਮ ਗੁਰੂ ਕੋ ਨਹੀਂ ਬਤਾਇਆ - ਸੁਖੀ ਹੈ, ਕਿਸੀ ਵਿਅਕਤੀ ਕੋ ਨਹੀਂ ਬਤਾਇਆ - ਸੁਖੀ ਹੈ; ਜੋ ਨਾਮ ਕੇ ਊਪਰ ਅਪਨਾ ਪੂਰਾ ਵਿਸ਼ਵਾਸ਼ ਕਰਤਾ ਹੋ, ਜੀਵਨ ਬਤੀਤ ਕਰਤਾ ਹੋ - ਵੋਹੀ ਸੁਖੀ ਹੈ। ਜਿਸ ਸੰਤ ਨੇ ਏਕ ਛੋਟੀ ਸੀ ਬਾਤ ਅਪਨਾਅ ਲੀ ਹੋ, ਔਰ ਉਸ ਪਰ ਚਲਤਾ ਹੋ, ਉਸ ਕਾ ਜੀਵਨ ਕਲਿਆਣ ਹੋ ਜਾਤਾ ਹੈ, ਔਰ ਜਿਸ ਕੋ ਛੂਹ ਜਾਏ, ਉਸ ਕਾ ਭੀ ਕਲਿਆਣ ਹੋ ਜਾਤਾ ਹੈ - ਐਸੀ ਬਾਤ ਹੈ। ਉਸ ਕੇ ਲੀਏ ਕੋਈ ਚੀਜ਼ ਅਸੰਭਵ ਨਹੀਂ। ਆਪ ਜਬ medical history (ਡਾਕਟਰੀ ਇਤਿਹਾਸ) ਪੜ੍ਹੇਂਗੇ ਔਰ ਆਪਨੇ Doctor ਸੇ ਸੱਤਤਾ ਸੇ ਪੂਛੇਂਗੇ ਕਿ ਬਤਾਓ ਭਾਈ, ਤੁਮਾਰੇ medical science (ਡਾਕਟਰੀ ਵਿਗਿਆਨ) ਮੇਂ ਕਿਆ ਹੈ; ਤੋ ਦੁਖੀ ਹੋ ਜਾਤੇ ਹੈਂ। ਸਭੀ ਕਹਤੇ ਹੈਂ ਕਿ 80% of the diseases are mental diseases, Psychosomatic diseases; 80% ਬਿਮਾਰੀਆਂ ਮਾਨਸਿਕ ਬਿਮਾਰੀਆਂ ਹੈਂ, ਉਸਕਾ ਕੋਈ ਉਪਚਾਰ ਨਹੀਂ ਦਿਖਾਈ ਦੇਤਾ - ਨਾ East (ਪੂਰਬ) ਵਾਲੋਂ ਕੋ, ਔਰ ਨਾ West (ਪੱਛਮ) ਵਾਲੋਂ ਕੋ। ੨੦% ਬਿਮਾਰੀਓਂ ਕੀ ਖੋਜ ਇਨ ਲੋਗੋਂ ਨੇ ਕੀ ਹੈ ਜੋ infectious (ਛੂਤ ਕੀ) ਬਿਮਾਰੀਆਂ ਹੈਂ - ਜੈਸੇ ਪਲੇਗ ਹੂਈ, ਹੈਜ਼ਾ ਹੂਆ, ਯੇ ਬਿਮਾਰੀ ਹੂਈ, ਯੇ ਬਿਮਾਰੀ ਹੂਈ। ਇਸ ਕਾ ਮਤਲਬ ਹੈ ਕਿ ਸਾਰੀ humanity (ਮਨੁੱਖਤਾ), ਸਾਰਾ ਸੰਸਾਰ - ੮੦% ਸੰਸਾਰ ਬਿਮਾਰ ਹੈ, ਔਰ ਉਸਕੀ ਕੋਈ ਦਵਾ ਨਹੀਂ। ਲੇਕਿਨ ਗੁਰੂ ਨਾਨਕ ਦੇਵ ਜੀ ਨੇ ਕਹਾ - ਅਰੇ ਸੁਖੀ ਹੋਨਾ ਚਾਹਤੇ ਹੋ ਤੋ ਨਾਮ ਕਾ ਸਿਮਰਨ ਕਰਨਾ ਸੀਖੋ। ਉਸ ਕੀ ਭੀ ਏਕ ਵਿਧੀ ਹੈ, ਏਕ ਤਰੀਕਾ ਹੈ। ਵੈਸੇ ਤੋ ਯੇ ਹੈ ਕਿ ਹਰ ਹਾਲਤ ਮੇਂ ਕੀਆ ਜਾ ਸਕਤਾ ਹੈ; ਜਹਾਂ ਭੀ ਰਹੋ, ਜੈਸੇ ਭੀ ਰਹੋ। ਗੀਤਾ ਮੇਂ ਕ੍ਰਿਸ਼ਨ ਨੇ ਅਰਜੁਨ ਸੇ ਕਹਾ ਕੀ ਬਈ ਦੇਖੋ! ਈਸ਼ਵਰ ਤੋਂ ਸਰਬਤ੍ਰ ਹੈ, ਸਭ ਜਗਹ ਹੈ। ਤੋ ਕੈਸੇ ਦੇਖੇਗਾ ਉਸ ਈਸ਼ਵਰ ਕੋ, ਉਸ ਮਹਾਨ ਵਿਸ਼ਵ ਵਿਆਪੀ ਪਰਮ ਪਿਤਾ ਪ੍ਰਮੇਸ਼ਵਰ ਕੋ, ਜੋ ਸਬ ਸੇ ਪਰ੍ਹੇ ਭੀ ਹੈ; ਕੈਸੇ ਇਸ ਕਾ ਅਨੁਭਵ ਕਰੇਗਾ? ਤੋ ਹਿਰਦੇ ਸਥਿਤ ਤੱਤ ਕੋ ਪਹਿਲੇ ਅਪਨੇ ਅੰਦਰ ਦੇਖ। 'ਗੁ' ਔਰ 'ਰੂ' ਦੋ ਚੀਜ਼ੇਂ ਹੈਂ, ਦੋ ਸ਼ਬਦ ਸੇ ਗੁਰੂ ਸ਼ਬਦ ਬਨਾ ਹੈ। 'ਗੁ' ਕਹਤੇ ਹੈਂ ਅੰਧਕਾਰ ਕੋ, ਔਰ 'ਰੂ' ਕਹਤੇ ਹੈਂ ਪ੍ਰਕਾਸ਼ ਕੋ। ਜੋ ਗਿਆਨ ਰੂਪੀ ਪ੍ਰਕਾਸ਼, ਅਗਿਆਨਤਾ ਕੇ ਅੰਧਕਾਰ ਕੋ ਦੂਰ ਕਰੇ, ਉਸੀ ਕੋ ਗੁਰੂ ਕਹਤੇ ਹੈਂ।

ਗੁਰੂ ਨਾਨਕ ਦੇਵ ਜੀ ਐਸੇ ਮਹਾਨ ਗੁਰੂ ਥੇ। ਉਨ ਕਾ ਅਵਤਾਰ ਉਸ ਸਮਯ ਹੁਆ ਥਾ ਜਬ ਭਾਰਤ ਵਰਸ਼ ਮੇਂ ਏਕ ਅੰਧਕਾਰ ਸਾ ਛਾ ਗਿਆ ਥਾ। ਕੈਸਾ ਭੀ ਹੋ, ਕੁਛ ਭੀ ਹੋ; ਹਮਾਰੇ ਭਾਰਤ ਵਰਸ਼ ਮੇਂ ਏਕ ਵਿਸ਼ੇਸ਼ ਚੀਜ਼ ਹੈ। ਜਬ-ਜਬ ਕੋਈ ਕਸ਼ਟ ਦੇਸ਼ ਪੇ ਆਤਾ ਹੈ ਤੋ ਕੋਈ ਮਹਾਨ ਵਿਅਕਤਿਤ੍ਵ ਉਤਪੰਨ ਹੋ ਜਾਤੀ ਹੈ। ਭਾਰਤਵਰਸ਼ ਮੇਂ ਉਸ ਸਮਯ ਗੁਰੂ ਨਾਨਕ ਦੇਵ ਜੀ ਉਤਪੰਨ ਹੂਏ, ਔਰ ਉਨਕੀ ਪਰੰਪਰਾ ਅਭੀ ਤਕ ਚਲੀ ਜਾ ਰਹੀ ਹੈ ਔਰ ਬੜ੍ਹਤੀ ਜਾ ਰਹੀ ਹੈ। ਤੋ ੮੦% ਜੋ ਬਿਮਾਰੀਆਂ ਹੈਂ, ਉਨਕੋ ਦੂਰ ਕਰਨੇ ਕਾ ਏਕ ਹੀ ਉਪਾਏ ਹੈ, ਵੋ ਹੈ ਅਪਨੇ ਅੰਦਰ ਕੀ ਗਹਿਰਾਈਓਂ ਮੇਂ ਜਾ ਕਰ ਜਪ ਕਰੋ। ਜੋ ਬਾਹਰ ਜਪ ਹੋਤਾ ਹੈ, ਮਾਲਾ ਸੇ ਜਪ ਹੋਤਾ

ਹੈ, ਉਸ ਕੋ ਕੇਵਲ ਜਪ ਕਹਤੇ ਹੈਂ। ਲੇਕਿਨ ਜਿਸ ਮੇਂ ਜ਼ਬਾਨ ਨਾ ਹਿਲੇ ਔਰ ਜੋ ਸੁਆਸ ਸੇ ਭੀ ਪਰ੍ਹੇ, ਸੁਆਸਾ ਜਪ ਸੇ ਭੀ ਪਰ੍ਹੇ ਮਨ ਕੋ ਇਕਾਗਰ ਔਰ ਅੰਤਰਮੁਖ ਬਨਾ ਕਰਕੇ ਜਪ ਕਰਨੇ ਵਾਲਾ ਵਿਅਕਤੀ ਦੁਖੋਂ ਸੇ ਮੁਕਤ ਹੋ ਜਾਤਾ ਹੈ। ਜਿਸ ਕੋ ਜਹਾਂ ਮੁਕਤੀ ਪ੍ਰਾਪਤ ਨਹੀਂ, ਮਰਨੇ ਕੇ ਪਸ਼ਚਾਤ ਮੁਕਤੀ ਤੋ ਏਕ ਝੂਠੀ ਵਿਡੰਬਨਾ ਹੈ। ਕਈ ਗ੍ਰੰਥ ਕਹਿਤੇ ਹੈਂ, ਜੀਵਨ ਮੇਂ ਹੀ, ਯਹੀਂ ਪਰ ਮੁਕਤੀ ਪ੍ਰਾਪਤ ਹੋਨੀ ਚਾਹੀਏ ਔਰ ਬਹੁਤ ਸਰਲ ਸੇ ਸਰਲ ਬਾਤ ਹੈ; ਅਪਨੇ ਅੰਦਰਨਹਿਤ ਪ੍ਰਮਾਤਮਾ ਕੋ ਜੋ ਜਾਨ ਜਾਤਾ ਹੈ, ਵੋਹ ਯਹੀਂ ਪਰ ਮੁਕਤ ਹੋ ਜਾਤਾ ਹੈ। ਉਸਕੀ ਮੁਕਤੀ ਕੇ ਲੀਏ ਕਹੀਂ ਜਾਨੇ ਕੀ ਜ਼ਰੂਰਤ ਨਹੀਂ, ਕਿਸੀ ਤੀਰਥ ਮੇਂ ਜਾਨੇ ਕੀ ਜ਼ਰੂਰਤ ਨਹੀਂ, ਕਹੀਂ ਦੇਸ਼ਾ-ਰਟਨ ਕਰਨੇ ਕੀ ਜ਼ਰੂਰਤ ਨਹੀਂ। ਸਬ ਸੇ ਸਰਲ ਹੋਤਾ ਹੈ ਭਗਵਾਨ ਸੇ ਮਿਲਨਾ। ਔਰਤ ਜੋ ਆਪ ਕੇ ਸਾਥ ਰਹਤੀ ਹੈ, ਜਿਸਨੇ ਯੇ ਸ਼ਪਤ ਖਾਈ ਹੈ ਕਿ ਆਪ ਕੇ ਸਾਥ ਰਹੇਗੀ; ਉਸੇ ਭੀ ਬੋਲਨੇ ਕੀ ਜ਼ਰੂਰਤ ਹੈ। ਈਸ਼ਵਰ ਸੇ ਬਾਤ ਕਰਨੇ ਕੇ ਲੀਏ ਮੋਨ ਹੋ ਜਾਈਏ; ਸੁਨੇਗਾ ਆਪ ਕੀ ਬਾਤ - ਸਭ ਸੇ ਸਰਲ। ਇਸੀ ਲੀਏ ਹਮ ਜੋਗੀ ਬਨ ਗਏ। ਹਮ ਨੇ ਕਹਾ ਠੀਕ ਹੈ, ਜੋ ਇਤਨੀ ਆਸਾਨ ਚੀਜ਼ ਹੈ, ਸਭ ਛੋਡ ਛਾਡ ਕੇ ਭਾਗ ਖੜ੍ਹੇ ਹੋ; ਯਹੀ ਸਬ ਸੇ ਸਰਲ ਹੈ, ਔਰ ਹਮਾਰੀ ਬਾਤ ਕੋ ਕੌਨ ਸੁਨੇਗਾ - ਭਗਵਾਨ ਕੇ ਸਿਵਾ। ਤੋ ਕੁਛ ਦੇਰ, ਰੋਜ਼ ਸੁਬਹ ਔਰ ਸ਼ਾਮ ਕੋ, ਨਿਸ਼ਚਿਤ ਕਰ ਲੇਨਾ ਚਾਹੀਏ ਕਿ ਉਸ ਸਮਯ ਕੁਛ ਭੀ ਹੋ, ਮੈਂ ਦੂਸਰਾ ਕਾਰਯ ਤੋ ਕਰੂੰਗਾ ਹੀ ਨਹੀਂ, ਕਰੂੰਗੀ ਹੀ ਨਹੀਂ। ਮੈਨੇ ਆਪਸੇ ਕਲ ਕਹਾ ਥਾ ਕਿ ਸਭ ਸੇ ਜ਼ਿਆਦੇ ਆਪ ਸੁਰਖਸ਼ਿਤ ਤਬੀ ਹੈਂ ਜਬ ਆਪ ਧਿਆਨ ਕਰ ਰਹੇ ਹੈਂ। ਜਬ ਜਪ ਕੋ intense (ਪ੍ਰਬਲ) ਕਰ ਲੇਤੇ ਹੈਂ ਔਰ ਜਪ ਕੋ silence (ਖਾਮੋਸ਼ੀ) ਮੇਂ ਲੇ ਜਾਤੇ ਹੈਂ; ਉਸਕੋ ਧਿਆਨ ਕਹਤੇ ਹੈਂ- ਫਰਕ ਕੁਛ ਨਹੀਂ ਹੈ। ਇਕ settle ਚੀਜ਼ ਹੈ, ਏਕ ਸੂਖਸ਼ਮ ਚੀਜ਼ ਹੈ। ਸੂਖਸ਼ਮਾਤ ਔਰ ਸੂਖਸ਼ਮ ਰੂਪ ਮੇਂ ਜਬ ਆਪ ਜਪ ਲੇ ਜਾਏਂਗੇ ਔਰ ਵਹਾਂ ਪਰ ਤੋ ਕੋਈ ਸ਼ਬਦ ਨਹੀਂ ਰਹਤਾ; ਤੋ ਵਹੀਂ ਸਮਾਧਿਸ਼ਟ ਹੋ ਜਾਤਾ ਹੈ। ਭਾਸ਼ਾ ਅਲੱਗ ਅਲੱਗ ਹੈਂ ਪਰ key not ਹੈ - ਜਪ ਕਰਨਾ। ਤੋ ਇਸ ਤਰਹ ਸੇ ਅਭਿਆਸ ਕਰਤੇ-ਕਰਤੇ ਮਨੁਸ਼ਯ ਇਸੀ ਜਨਮ ਮੇਂ, ਸਿੱਧੀ ਪ੍ਰਾਪਤ ਕਰਤੇ ਹੁਏ ਮੁਕਤ ਹੋ ਜਾਤਾ ਹੈ। ਲੋਗ ਕਹਿਤੇ ਹੈਂ, ਸਿਖ ਕਿਸ ਕੋ ਕਹਤੇ ਹੈਂ? ਸਿਖ ਕੀ ਪਰਿਭਾਸ਼ਾ - ਡਾ. ਮਹਿੰਦਰ ਸਿੰਘ ਜੀ ਨੇ ਬੜੀ ਅੱਛੀ ਪਰਿਭਾਸ਼ਾ ਕੀ। ਸਿਖ ਸ਼ਬਦ ਕਾ ਅਰਥ ਹੈ ਸੇਵਕ, ਪਰ ਕਿਸ ਕਾ ਸੇਵਨ ਕਰਨਾ? ਸੇਵਕ ਕਹਤੇ ਹੈਂ ਜੋ ਸੇਵਨ ਕਰਤਾ ਹੈ, ਆਨੰਦ ਲੇਤਾ ਹੈ। ਤੋ ਸਿੱਖ ਉਸੇ ਕਹਤੇ ਹੈਂ ਜੋ ਬਾਹਰ ਤੋ ਸੇਵਾ ਕਰਤਾ ਹੈ ਔਰ ਅੰਦਰ ਸੇ ਆਨੰਦ ਲੇਤਾ ਹੈ - ਸੇਵਾ ਮੇਂ, ਔਰ ਭਗਵਾਨ ਕੇ ਜਪ ਮੇਂ - ਇਸੀ ਕੋ ਸਿਖ ਕਹਤੇ ਹੈ। ਬੜਾ ਭਾਗ ਉਸਕਾ ਹੈ ਜੋ ਸਿਖ, ਏਕ ਸੰਤ ਕੇ ਪਰਿਵਾਰ ਮੇਂ ਹੋ ਕਰਕੇ ਪੈਦਾ ਹੁਆ ਹੈ ਔਰ ਜਪ ਮੇਂ ਲੀਨ ਰਹਤਾ ਹੈ।

ਮੈਂ ਕਿਨ ਸ਼ਬਦੋਂ ਸੇ ਸ੍ਰੀ ਸੰਤ ਜੀ (ਸੰਤ ਵਰਿਆਮ ਸਿੰਘ ਜੀ) ਕਾ, ਇਨਕੀ ਸੰਗਤ ਕਾ ਔਰ ਸਬ ਮਾਤਾਓਂ ਕਾ, ਬਹਨੋਂ ਕਾ ਔਰ ਬੱਚੋਂ ਕਾ ਧੰਨਵਾਦ ਕਿਨ ਸ਼ਬਦੋਂ ਮੇਂ ਦੂੰ; ਮੇਰੇ ਪਾਸ ਤੋਂ ਕੋਈ ਸ਼ਬਦ ਹੀ ਨਹੀਂ ਹੈਂ, ਸਬ ਸ਼ਬਦ ਸਮਾਪਤ ਹੋ ਜਾਤੇ ਹੈਂ। ਆਪ ਕਾ ਪਿਆਰ, ਆਪ ਕੀ ਸ਼ਰਧਾ ਮਹਾਨ ਹੈ। ਆਪ ਕਾ ਪਿਆਰ ਦੇਖ ਕਰ, ਜੋ ਸਿਖ ਧਰਮ ਕੋ ਨਹੀਂ ਸਮਝਤਾ, ਵੋ ਭੀ ਸਮਝਨੇ ਲਗੇਗਾ ਕਿ ਪਹਿਲੇ ਪਿਆਰ ਕਰਨਾ ਸੀਖੋ, ਤਬ (ਸਿਖੀਜ਼ਮ) sikhisim ਕੇ ਊਪਰ ਬਾਤ ਕਰੋ। ਸੇਵਾ ਕਰਨਾ ਸੀਖੋ, ਤਬ ਸਿੱਖ ਬਨੋ। ਤੋ ਮੇਰੇ ਪਾਸ ਤੋ ਐਸੇ ਕੋਈ ਸ਼ਬਦ ਨਹੀਂ ਹੈਂ।

ਜਬ ਮੋਨ ਹੋ ਕਰ ਕੇ ਚੁਪ ਚਾਪ, ਜੈਸੇ ਮੈਨੇ ਕਹਾ, ਜੋ ਧਿਆਨ ਕਰਨੇ ਵਾਲੇਂ ਹੈ - ਉਨ ਕੋ, ਜਬ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰਖ ਕਰਕੇ ਕੁਛ ਦੇਰ ਆਪ ਸਥਿਰ ਸੁਭਾਵ ਸੇ ਬੈਠਤੇ ਹੈਂ ਔਰ gently ਧੀਰੇ-ਧੀਰੇ ਅਪਨੀ ਆਖੋਂ ਕੋ ਬੰਦ ਕਰ ਲੇਤੇ ਹੈਂ ਔਰ ਆਪ ਸ੍ਵਾਸ-ਸ੍ਵਾਸ ਪ੍ਰਾਣੋਂ ਕੀ ਪ੍ਰੀਕ੍ਰਿਆ ਕੋ ਸਮਝਤੇ ਹੈਂ ਕਿ ਇਸ ਈਸ਼ਵਰ ਕੇ ਮੰਦਿਰ ਮੇਂ ਦੋ Guard ਹੈਂ,

ਦੋ ਚੌਕੀਦਾਰ ਹੈਂ; ਉਨ ਚੌਕੀਦਾਰੋਂ ਕਾ ਨਾਮ ਹੈ - ਪ੍ਰਾਨ ਔਰ ਉਪਾਨ; ਇਸ ਮਹਾਨ ਮੰਦਿਰ ਕੀ, ਜਿਸਕੋ ਮਨੁੱਸ਼ਯ ਕਹਤੇ ਹੈਂ, ਜੋ ਕਿ ਗੁਰੂ ਕਾ ਦੁਆਰਾ ਹੈ, ਉਸਕੀ ਸਦਾ ਰਖਸ਼ਾ ਕੀਆ ਕਰਤੇ ਹੈਂ। ਜਿਸ ਵਕਤ ਆਪ ਇਸ ਕਾ ਸਵਾਧਯ ਕਰੋਗੇ, ਆਪ ਕੋ ਅਸਚਰਯ ਹੋਨੇ ਲਗੇਗਾ। ਆਪ ਸੁਆਸ ਲੇਤੇ ਹੈਂ - ਉਸੇ ਪ੍ਰਾਨ ਕਹਿਤੇ ਹੈਂ, ਔਰ ਜਬ ਆਪ ਸੁਆਸ ਛੋੜਤੇ ਹੈਂ, ਉਸੇ ਉਪਾਨ ਕਹਤੇ ਹੈ। ਇਸ ਕਾ ਸਵਾਧਯ - ਏਕ ਵਿਸ਼ਾ ਹੀ ਅਲੱਗ ਹੈ; ਕੇਵਲ ਸੰਤ ਲੋਗ ਹੀ ਇਸ ਵਿਸ਼ੇ ਕੋ ਜਾਨਤੇ ਹੈ। ਮੈਨੇ ਕਹਾ, ਕੇਵਲ ਆਪ ਗਹਰੀ ਸੇ ਗਹਰੀ ਸਵਾਸ ਲੇਨਾ ਸੀਖੇਂ ਔਰ ਜਬ ਆਪ ਸੁਆਸ ਲੇਂ, ਤੋ abdomen (ਪੇਟ) ਕੋ ਆਗੇ ਆਨਾ ਚਾਹੀਏ; ਜਬ ਸੁਆਸ ਛੋੜੇਂ, ਪੇਟ ਕੋ ਅੰਦਰ ਜਾਨਾ ਚਾਹੀਏ; ਇਸ ਸੇ ਜੋ ਸਭ ਸੇ healthy (ਅੱਛੀ) muscle (ਤੰਤੂ) ਮਸਲ ਜੋ ਆਪ ਕੇ diaphragm (ਝਿੱਲੀ) ਮੇਂ ਹੈਂ, ਉਸ ਕੋ ਫਿਰ ਅਭਿਆਸ ਹੋ ਜਾਤਾ ਹੈ। ਔਰ lungs (ਫੇਫੜੇ) ਕੋ ਪ੍ਰੈਸ ਕਰਕੇ ਜੋ ਗੰਦੀ ਕਾਰਬਨ-ਡਾਈਔਕਸਾਈਡ used up gas ਹੈ, ਉਸ ਕੋ ਬਾਹਰ ਫੈਂਕਨੇ ਮੇਂ ਸਹਾਇਤਾ ਕਰਤੀ ਹੈ। ਜਿਸ ਨੇ ਸੁਆਸ ਵਿਦਿਆ ਕੋ, ਪ੍ਰਾਨ ਵਿਦਿਆ ਕੋ ਸੀਖ ਲੀਆ, ਉਸ ਨੇ ਮਿਰਤੂ ਪਰ ਵਿਜੈ ਪ੍ਰਾਪਤ ਕਰ ਲੀ। ਲੇਕਿਨ ਬਹੁਤ ਜੀਨਾ ਭੀ ਅੱਛੀ ਬਾਤ ਨਹੀਂ ਹੈ। ਬਹੁਤ ਜੀਏਂ ਔਰ ਨਿਰਾਰਥਕ ਜੀਵਨ ਬਤੀਤ ਕਰੇਂ, ਸੰਸਾਰ ਕੇ ਭੋਗੋਂ ਕੇ ਲੀਏ ਬਤੀਤ ਕਰੇਂ, ਫਿਰ ਤੋ ਬਿਲਕੁਲ ਹੀ ਪਸ਼ਵਤ ਜੀਵਨ ਹੈ। ਹਾਂ, ਜੀਏ, ਸੌ-ਸੌ ਬਰਸ਼ ਤਕ ਜੀਏ, ਉਸ ਸੇ ਭੀ ਅਧਿਕ ਜੀਏ, ਲੇਕਿਨ ਨਾਮ ਸਿਮਰਨ ਕਰਨੇ ਕੇ ਲੀਏ ਜੀਏ; ਤੋ ਜੀਨਾ ਚਾਹੀਏ। ਤੋ ਜਬ ਮਨ ਕੋ ਊਰਧ ਕਰ ਲੇਤਾ ਹੈ - ਆਦਮੀ, ਮਨ ਬਾਹਰ ਕੀ ਔਰ ਨਹੀਂ ਜਾਤਾ, ਆਤਮਾ ਕੀ ਹੀ ਔਰ ਜਾਤਾ ਹੈ; ਐਸੀ ਦਸ਼ਾ ਮੇਂ ਮਨ ਕੋ ਬਹੁਤ ਆਨੰਦ ਆਤਾ ਹੈ - ਵੋਹ ਆਨੰਦ ਆਤਾ ਹੈ, ਜਿਸੇ ਵਰਣਨ ਨਹੀਂ ਕੀਆ ਜਾ ਸਕਤਾ। ਛੋਟਾ ਮੋਟਾ ਆਨੰਦ ਹੀ ਵਰਣਨ ਨਹੀਂ ਹੋਤਾ, ਫਿਰ ਵੋਹ ਆਨੰਦ ਕੈਸੇ ਵਰਣਨ ਹੋ ਸਕਤਾ ਹੈ? ਲੇਕਿਨ ਯੇ ਤਬੀ ਹੋਤਾ ਹੈ ਕਿ ਹਰ ਸਤੱਰ ਪਰ ਜਪ ਕਰਤਾ ਰਹੇ; ਮਨ ਕੋ ਇਕਾਗਰ ਕਰੇ, ਅੰਤਰਮੁਖ ਕਰੇ, ਤਬ ਆਤਮਾ ਅਨੁਭੂਤੀ ਹੋਤੀ ਹੈ। ਮੈਂ ਏਕ ਵਿਅਕਤੀ ਹੂੰ, ਮੇਰਾ ਨਾਮ ਯੇ ਹੈ, ਮੇਰਾ ਨਾਮ ਯੇ ਹੈ; ਯੇ ਸਭ ਸ਼ੁਦਰ ਭਾਵਨਾਓਂ ਸੇ ਮੁਕਤ ਹੋ ਜਾਤਾ ਹੈ - ਵਿਅਕਤੀ, ਔਰ ਉਸ ਕਾ ਸਰੂਪ ਵਿਸ਼ਵ-ਵਿਆਪੀ ਹੋ ਜਾਤਾ ਹੈ। ਵੋ ਸਬ ਕੋ ਅਪਨਾਤਾ ਹੈ, ਸਬ ਉਸ ਕੇ ਹੋ ਜਾਤੇ ਹੈਂ। ਮੈਨੇ ਕਹਾ ਨਾ - ਸਭ ਬਿਆਧੀਓਂ ਸੇ, ਸਭ ਦੁਖੋਂ ਸੇ, ਸਭ ਕਲੇਸ਼ੋਂ ਸੇ, ਸਭ ਭੈਅ ਸੇ ਆਪ ਮੁਕਤ ਹੈਂ; ਆਪ ਅਗਰ ਜਪ ਕਰਤੇ ਰਹੇਂ। ਜਿਤਨੀ ਦੇਰ ਤੱਕ ਆਪ ਜਪ ਕਰਤੇ ਰਹੇਂਗੇ, ਉਤਨੀ ਹੀ ਦੇਰ ਸੁਰਖਸ਼ਿਤ ਹੈਂ; ਜਬ ਜਪ ਨਹੀਂ ਕਰੋਗੇ, ਨਹੀਂ ਸੁਰਖਸ਼ਿਤ ਹੈਂ। ਕੁਛ ਸੁਨਾ ਆਪ ਨੇ! ਫਲਾਣਾ ਮਰ ਗਿਆ। ਕੈਸੇ ਮਰਾ? ਚਾਰਪਾਈ ਪੇ ਮਰਾ, ਪਾਈ-ਪਾਈ ਪੇ ਮਰਾ, ਏਕ ਪਾਈ ਪੇ ਮਰਾ; ਕਿਸੀ ਕੋ ਸੁਨਾ ਆਪ ਨੇ ਕਿ ਜਪ ਕਰਤੇ-ਕਰਤੇ ਮਰਾ।

ਮੈਂ ਆਪ ਕੋ ਅਪਨੇ ਜੀਵਨ ਕੀ ਏਕ ਘਟਨਾ ਸੁਨਾਤਾ ਹੂੰ। ਹਲਦਵਾਨੀ, ਨੈਨੀਤਾਲ ਕੇ ਰਾਸਤੇ ਮੇਂ ਪੜਤਾ ਹੈ - ਕੁਮਾਓਂ ਮੇਂ। ਜਬ ਮੈ ਪਰਬਤੋਂ ਪੇ ਬਚਪਨ ਮੇਂ ਰਹਾ ਕਰਤਾ ਥਾ, ਏਕ ਮਾਤਾ ਜੀ ਬਹੁਤ ਮੁਝ ਕੋ ਅਪਨੇ ਬੇਟੇ ਕੀ ਤਰਹ ਪਿਆਰ ਕਰਤੀ ਥੀ। ਜੰਗਲੋਂ ਮੇਂ ਕੁਛ ਖਾਨੇ ਕੋ ਤੋ ਮਿਲਤਾ ਨਹੀਂ ਥਾ, ਤੋ ਖਾਨਾ ਰੱਖਾ ਕਰਤੀ ਥੀ। ਤੋ ਮੈਨੇ ਕਹਾ, ਯੇ ਬਹੁਤ ਮੋਹ ਕਰਤੀ ਹੈ; ਮੈਂ ਭਾਗ ਖੜਾ ਹੁਆ। ਮੈਨੇ ਕਹਾ, ਅਬੀ ਆਤਾ ਹੂੰ, ਤੋ ਭਾਗ ਗਿਆ ਜੰਗਲ ਕੋ। ਉਸਨੇ ਵੋ ਖਾਨਾ ਊਪਰ ਕਹੀਂ ਰੱਖ ਦੀਆ - ਰੋਟੀ। ਸਾਲ ਭਰ ਬਾਅਦ ਜਬ ਮੈਂ ਆਇਆ, ਉਸਨੇ ਮੇਰੇ ਕੋ ਪਕੜਾ, ਦੋਨੋਂ ਲੜਕੋਂ ਕੋ ਬੁਲਾਇਆ ਕਿ ਬਾਂਧੋ ਇਸ ਕੇ ਹਾਥ। ਯੇ ਬਦਮਾਸ਼ ਮੁਝੇ ਰੁਲਾ ਗਿਆ - ਸਾਲ ਭਰ ਤਕ, ਔਰ ਆਇਆ ਨਹੀਂ; ਨਿਕਾਲੋ ਰੋਟੀ। ਤਬ ਤਕ ਤੋ ਰੋਟੀ ਤਲਵਾਰ ਹੋ ਗਈ ਥੀ - ਸੂਖ ਕੇ; ਜ਼ਬਰਦਸਤੀ ਮੁਝੇ ਖਿਲਾਈ, ਮੇਰਾ

ਮੂੰਹ ਲਹੂ ਲੁਹਾਨ ਹੋ ਗਿਆ। ਰੋਏ ਔਰ ਖਿਲਾਏ। ਮੈਨੇ ਕਹਾ, ਯੇ ਅੱਛੀ ਸਜ਼ਾ ਮਿਲੀ ਝੂਠ ਬੋਲਨੇ ਕੀ ਕਿ ਅਬੀ ਆਤੇ ਹੈਂ ਔਰ ਗਾਇਬ ਹੋ ਗਏ। ਸਾਲ ਭਰ ਬਾਦ ਆ ਰਹੇ ਹੋ ਤੁਮ। ਪਿਆਰ ਕੇ ਅਨੇਕ ਸਰੂਪ ਹੈਂ। ਸਭ ਸਰੂਪੋਂ ਮੇਂ ਜੋ ਕਿਸੀ ਕੋ ਘ੍ਰਿਣਾ ਕਰਤਾ ਹੈ, ਉਸ ਕੋ ਭੀ ਮੈਂ ਕਹਤਾ ਹੂੰ ਜਿਹ ਪਿਆਰ ਕਰਤਾ ਹੈ; ਜਾਨਤਾ ਨਹੀਂ ਹੈ ਪਿਆਰ ਕਰਨਾ, ਬਸ ਇਤਨੀ ਬਾਤ ਹੀ ਹੈ। ਕਿਸੀ ਸੇ ਦਵੈਸ਼ ਕਰਤਾ ਹੈ, ਨਿਰਬੁੱਧ ਹੈ, ਮੂਰਖ ਹੈ; ਯੇ ਭੀ ਉਸ ਕਾ ਪਿਆਰ ਹੈ। ਏਕ ਪਾਗਲ ਕਿਸੀ ਸੇ ਪਿਆਰ ਕਰਤਾ ਹੈ, ਏਕ ਦੁਸ਼ਟ ਕਿਸੀ ਸੇ ਪਿਆਰ ਕਰਤਾ ਹੈ, cobra (ਸਾਂਪ) ਕਿਸੀ ਕੋ ਪਿਆਰ ਕਰਤਾ ਹੈ ਤੋ ਜ਼ਹਿਰ ਹੀ ਤੋ ਦੇ ਸਕਤਾ ਹੈ। ਲੇਕਿਨ ਏਕ ਸੰਤ ਕਿਸੀ ਕੋ ਪਿਆਰ ਕਰੇਗਾ, ਤੋ ਅੰਮ੍ਰਿਤ ਹੀ ਦੇਗਾ। ਇਸ ਲੀਏ ਸਤਸੰਗ ਮੇਂ ਰਹਿ ਕਰ, ਨਿਰੰਤਰ ਸਤਸੰਗ ਮੇਂ ਰਹਿ ਕਰ, ਔਰ ਕੁਛ ਕਾਲ ਸੁਬਹ ਔਰ ਸ਼ਾਮ ਜਪ ਕਰਨਾ ਚਾਹੀਏ। ਯੇ ਆਪ ਅਜਮਾਅ ਲੀਜੀਏ ਕਿ ਆਪ ਕੋ ਕੋਈ ਅਵਸ਼ਕਤਾ ਨਹੀਂ ਇੱਛਾ ਕਰਨੇ ਕੀ ਕਿ ਹੇ ਭਗਵਾਨ! ਮੇਰੀ ਇੱਛਾ ਪੂਰੀ ਹੋ ਜਾਏ, ਤੇਰਾ ਏਕ ਹਜ਼ਾਰ ਜਪ ਕਰੂੰਗਾ, ਦਸ ਹਜ਼ਾਰ ਜਪ ਕਰੂੰਗਾ - ਐਸਾ ਕਭੀ ਨਹੀਂ ਕਰਨਾ। ਜਪ ਕਰਨਾ ਸ਼ੁਰੂ ਕਰੋ, ਸੁਤੇ ਹੀ ਸਭ ਠੀਕ ਹੋ ਜਾਏਗਾ। ਅਸੰਭਵ ਸੇ ਅਸੰਭਵ ਬਾਤੇਂ ਠੀਕ ਹੋ ਜਾਏਂਗੀ। ਤੋ ਮੈਨੇ ਆਪ ਸੇ ਕਹਾ ਕਿ 80% ਬਿਮਾਰੀਓਂ ਕਾ ਇਲਾਜ world ਕੇ ਕਿਸੀ ਭੀ medical centre ਮੇਂ ਨਹੀਂ ਹੈ। ਕਿਤਨੇ ਹਸਪਤਾਲ ਖੁਲ੍ਹੇਂ; ਵੋ ਹੈ ਤੋ ਕੇਵਲ ਧਿਆਨ ਔਰ ਜਪ ਮੇਂ ਹੀ ਹੈ, ਦੂਸਰਾ ਕੋਈ ਇਲਾਜ ਨਹੀਂ ਹੈ। ਇਸ ਲੀਏ ਹਰੇਕ ਕੋ ਥੋੜੀ ਦੇਰ ਤਕ ਰੋਜ਼ therapeutic value (ਵੈਦਿਕ ਮੂਲਯ) ਕੇ ਲੀਏ ਹੀ ਸਹੀ; ਧਿਆਨ ਔਰ ਜਪ ਕਰਨਾ ਚਾਹੀਏ। ਮੇਰਾ ਬੇਟਾ ਡਾਕਟਰ, ਪੰਡਿਤ ਸਰਵਉਚ ਸੰਸਾਰ ਕਾ ਮਹਾਨ ਵਿਦਵਾਨ ਵਿਅਕਤੀ ਹੈ, ਆਪ ਕੇ ਸਾਮਨੇ ਆਇਆ ਹੈ। ਮੈਂ ਤੋ ਪੰਜਾਬੀ ਨਹੀਂ ਬੋਲ ਪਾਤਾ, ਯੇ ਪੰਜਾਬੀ ਮੇਂ ਬੋਲਤਾ ਹੈ। ਗੁਰੂ ਗ੍ਰੰਥ ਸਾਹਿਬ ਕਾ ਬਹੁਤ ਗਹਿਨ ਸਵੈ ਸਵਾਧਯ ਹੈ। ਮੇਰੀ ਇੱਛਾ ਹੈ ਕਿ ਡਾ. ਮਹਿੰਦਰ ਸਿੰਘ ਕੋ ਫਿਰ ਬੁਲਵਾਏਂ ਕਲ - ਜਬਰਦਸਤੀ, ਵੋ ਅੱਛਾ ਬੋਲਤਾ ਹੈ ਔਰ ਅੱਛਾ ਵਿਦਵਾਨ ਆਦਮੀ ਹੈ, ਔਰ ਸੰਤ ਜੀ ਕਾ ਤੋ ਮੁਝੇ ਮਾਲੂਮ ਹੀ ਨਹੀਂ ਥਾ, ਕਿ ਇਤਨਾ ਅੱਛਾ ਗਾਤੇ ਹੋ ਆਪ। ਵਹਾਂ ਤੋ medical college ਕੀ ਸਥਾਪਨਾ ਮੇਂ ਆਏ ਥੇ, ਵਹਾਂ ਤੋ ਗਾਇਆ ਨਹੀਂ। ਔਰ ਦੁਬਾਰਾ ਆਏਂਗੇ ਤੋ ਜ਼ਬਰਦਸਤੀ ਗਾਨਾ ਪੜੇਗਾ। ਹਮ ਭੀ ਗਾਤੇ ਹੈਂ - classical music; ਜਬ ਦੁਬਾਰਾ ਆਏਂਗੇ, ਹਮ ਗਾਏਂਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ – 'ਸਰਵੋਤਮ'
## ਭਾਗ – ੩

ਜੈਸੇ ਮੈਨੇ ਆਪ ਕੋ ਕੱਲ ਕਹਾ ਕਿ ਸੰਸਾਰ ਮੇਂ ਜਿਤਨੀ ਭੀ diseases ਹੈਂ, ਬਿਮਾਰੀਆਂ ਹੈਂ; ਉਨਮੇਂ 80% of the diseases ਬਿਮਾਰੀਆਂ (Psyhosomatic) ਹੈਂ। ਕੇਵਲ ੨੦% ਬਿਮਾਰੀਆਂ ਦਵਾਓਂ ਸੇ ਠੀਕ ਹੋਤੀ ਹੈਂ; infectious diseases ਹੈਂ, ਪਲੇਗ ਹੂਆ, ਹੈਜ਼ਾ ਹੂਆ; ਔਰ ਇਸ ਤਰਹ ਕੀ ਕਈ diseases ਹੈਂ। ਆਪਾਸ਼ਚਾਤ ਦੇਸ਼ ਕੇ, western world ਕੇ ਲੋਗ ਭੀ, doctors ਭੀ, experts ਔਰ scientists ਭੀ ਯੇ ਕਹਨੇ ਲਗੇ ਹੈਂ ਕਿ ਹਮੇਂ ਕੁਛ ਸੋਚਨਾ ਚਾਹੀਏ ਕਿ 80% ਜੋ diseases ਹੈਂ, ਕੈਸੇ ਠੀਕ ਹੋ ਸਕਤੀ ਹੈਂ। ਯੁਗੋਂ ਪੂਰਵ ਗੁਰੂ ਨਾਨਕ ਦੇਵ ਜੀ ਨੇ ਭਵਿਸ਼ਅ ਦੇਖ ਕਰ ਇਸ ਕੇ ਉਪਾਏ ਬਤਾਏ ਹੈਂ।

ਮੈਂ ਅਬ ਆਪ ਕੋ relaxation ਕੇ ਬਾਰੇ ਮੇਂ ਬਤਾ ਰਹਾ ਹੂੰ, ਕਿਤਨੇ ਸਰਲ ਤਰੀਕੇ ਸੇ ਆਪ ਕੋ relaxation (ਵਿਸ਼ਰਾਮ) ਹੋ ਸਕਤੀ ਹੈ। ਥੋੜਾ ਸਾ ਪਾਂਚ ਮਿੰਟ ਕਾ demonstration ਦੇ ਕਰ ਫਿਰ ਮੈਂ ਧਿਆਨ ਕੇ ਊਪਰ ਬੋਲੂੰਗਾ। ਅਬ ਦੇਖੀਏ, ਕਈ ਲੋਗ ਕਹਤੇ ਹੈਂ muscle tension (ਤੰਤੂ ਤਨਾਵ) ਕੋ, muscles ਕੋ loose (ਢੀਲੇ) ਕਰਨੇ ਕੋ relaxation (ਵਿਸ਼੍ਰਾਮ) ਕਹਤੇ ਹੈ – ਯੇ ਗਲਤ ਬਾਤ ਹੈ। ਹਜ਼ਾਰੋਂ ਦੁਨੀਆਂ ਕੇ hospitals (ਹਸਪਤਾਲ) ਮੇਂ ਲੋਗ ਐਸੇ ਹੀ muscle conduction ਕੇ loss ਸੇ ਬਿਮਾਰ ਪੜੇ ਹੂਏ ਹੈਂ; ਤੋ muscles ਕੋ loose (ਢੀਲਾ) ਕਰਨੇ ਸੇ relaxation ਨਹੀਂ ਹੋਤਾ – ਯੇ ਸਮਝ ਲੀਜੀਏ scientific act ( ਵਿਗਿਆਨਕ ਕ੍ਰਿਆ)।

ਤੋ relaxation ਕੈਸੇ ਹੋਤਾ ਹੈ – ਅਬ ਆਪ ਥੋੜਾ ਸਾ ਇਸ ਕੋ ਦੇਖੇਂ। Abdomen (ਪੇਟ) ਜੋ ਹੈ, ਜਬ ਆਪ ਇਸ ਕੋ ਅੰਦਰ pushing ਕਰੇਂਗੇ (ਦਬਾਏਂਗੇ) (push in your abdomen) ਔਰ ਉਸ ਵਕਤ exhale ਕਰੇਂਗੇ, ਸਵਾਸ ਬਾਹਰ ਛੋਡੇਂਗੇ; ਅਪਨੀ comfortable capacity (ਆਰਾਮਦਾਇਕ ਸਮਰਥਾ) ਸੇ ਇਸਕੋ ਕੀਜੀਏ ਆਪ। ਜਿਸ ਵਕਤ ਆਪ ਬਾਹਰ ਲਾਏਂਗੇ ਪੇਟ ਕੋ, ਆਰਾਮਦਾਇਕ ਸਮਰਥਾ ਸੇ, ਤੋ ਪੇਟ ਕੋ ਫੁਲਾਨੇ ਕੀ ਅਵਸ਼ਕਤਾ ਨਹੀਂ। ਜਿਤਨੀ capacity (ਸਮਰਥਾ) ਹੈ, ਉਸਕੇ ਅਨੁਸਾਰ ਆਪ ਸੁਆਸ ਲੇਂਗੇ। ਇਸ ਚੀਜ਼ ਕੋ ਨੋਟ ਕਰ ਲੀਜੀਏ ਆਪ, ਜਬ ਆਪ ਕਾ ਪੇਟ ਅੰਦਰ ਜਾਏ ਤੋ ਸੁਆਸ ਬਾਹਰ ਆਏ। ਉਲਟਾ ਨਾ ਕੀਜੀਏਗਾ, ਉਲਟਾ ਤੋ ਆਪ ਕਰ ਹੀ ਰਹੇ ਹੋ। ਜਬ ਪੇਟ ਅੰਦਰ ਜਾਏ ਤੋ ਸੁਆਸ ਬਾਹਰ ਆਏ; ਜਬ ਪੇਟ ਫਿਰ ਬਾਹਰ ਆ ਜਾਤਾ ਹੈ ਤਬ ਆਪ ਸੁਆਸ ਲੀਜੀਏ। ਸੁਆਸ ਲੇਨੇ ਮੇਂ ਚਾਰ ਚੀਜ਼ੋਂ ਕਾ ਖਿਆਲ ਰੱਖੀਏਗਾ – No noise – ਮੈਂ ਸਾਂਸ ਲੇ ਰਹਾ ਹੂੰ, ਕਿਤਨਾ ਹੀ magnify ਕਰ ਲੀਜੀਏ, ਫੁਲਾ ਲੀਜੀਏ ਆਪ ਅਪਨੇ ਪੇਟ ਕੋ, ਕੋਈ ਅਵਾਜ਼ ਨਹੀਂ ਆਏਗੀ – silent breathing (ਖਾਮੋਸ਼ ਸਵਾਸ ਕ੍ਰਿਆ)। ਦੂਸਰੀ ਚੀਜ਼ - No rhythm – ਝਟਕੇ ਨਹੀਂ। ਤੀਸਰੀ ਚੀਜ਼ – No short breath , (ਛੋਟਾ ਸਾਂਸ ਨਹੀਂ ਲੇਨਾ) Deep breath - according to your comfortable capacity (ਆਪਨੀ ਆਰਾਮਦਾਇਕ ਸਮਰਥਾ ਕੇ ਹਿਸਾਬ ਸੇ ਗਹਰੀ ਸੁਆਸ)। ਚੌਥੀ ਚੀਜ਼ – ਜਬ ਸੁਆਸ ਲੇਤੇ ਹੈਂ ਔਰ ਛੋਡਤੇ ਹੈਂ, ਉਸ ਕੇ ਬੀਚ ਮੇਂ ਏਕ pause (ਵਕਫਾ) ਆਤਾ ਹੈ; ਉਸ ਕੋ ਕਹਤੇ ਹੈਂ – pause – ਕੁੰਭ ਜਿਸੇ ਕਹਤੇ ਹੈਂ। ਤੋ ਹਮਨੇ ਸੁਆਸ ਲੀਆ, ਔਰ ਜ਼ਰੂਰਤ ਨਹੀਂ ਕੁੰਭ create ਕਰਨੇ ਕੀ, pause ਲੇਨੇ ਕੀ; ਸੁਆਸ ਛੋਡ ਦੀਆ – ਸਰਲ ਸੀ ਬਾਤ ਹੈ। ਇਸ ਕੋ ਅਗਰ ਆਪ ਤੀਨ ਮਿੰਟ, ਦਿਨ ਮੇਂ ਤੀਨ ਬਾਰ ਲੇਂਗੇ ਤੋ ਮੈਂ ਲਿਖ ਕੇ ਦੇ ਸਕਤਾ ਹੂੰ ਔਰ ਸੰਸਾਰ ਕੇ ਜਿਤਨੇ ਮਹਾਨ scientist (ਵਿਗਿਆਨਕ)

ਹੈਂ, ਵੋ ਭੀ ਲਿਖ ਕੇ ਦੇ ਦੇਂਗੇ ਕਿ ਆਪ ਕੋ ਚਾਰ ਬਿਮਾਰੀਆਂ ਕਭੀ ਨਹੀਂ ਹੋਂਗੀ। Sun-stroke (ਗਰਮੀ ਕਾ ਮਾਰੂ ਅਸਰ) ਕਭੀ ਨਹੀਂ ਹੋਗਾ, heart diseases (ਦਿਲ ਕੀ ਬਿਮਾਰੀ ਨਹੀਂ ਹੋਗੀ ਆਪ ਕੋ। ਯੇ ਜੋ excess fat ਹੋ ਜਾਤਾ ਹੈ (ਜ਼ਿਆਦਾ ਮੋਟਾਪਾ); ਹਮ ਲੋਗ ਖੂਬ ਖਾਤੇ ਹੈਂ; ਜਹਾਂ ਕੋਈ ਕਸ਼ਟ ਹੋਤਾ ਹੈ ਤੋ ਆਦਮੀ ਖਾਨੇ ਪੇ ਜਾਤਾ ਹੈ, ਔਰ ਸੋਨੇ ਪੇ ਜਾਤਾ ਹੈ, ਜ਼ਿਆਦੇ ਖਾਨੇ ਲਗਤਾ ਹੈ; ਇਸ Stress (ਦਬਾਅ ) ਮੇਂ ਨਹੀਂ ਜਾਏਗਾ। ਇਸ ਕੇ ਅਨੰਤ benefits (ਲਾਭ) ਹੈਂ। Simple (ਸੀਧੀ) ਸੀ ਬਾਤ ਹੈ। ਇਸ ਕੋ ਔਰ ਭੀ ਆਗੇ ਸਮਯ ਕੀ ਕਮੀ ਕੇ ਕਾਰਨ ਪੂਰਾ ਨਹੀਂ ਬਤਲਾ ਪਾਊਂਗਾ। ਲੇਕਿਨ ਯੇ ਤੋ ਮੇਰਾ ਘਰ ਹੈ ਨਾ; ਜਬ ਕਭੀ ਭੀ ਆਪ ਬੁਲਾਓਗੇ, ਮੈਂ ਤੋ ਯਹਾਂ ਹਾਜ਼ਰ ਹੋ ਜਾਊਂਗਾ; ਔਰ ਨਹੀਂ ਭੀ ਬੁਲਾਓਗੇ, ਤੋ ਭੀ ਹਾਜ਼ਰ ਹੂੰਗਾ। ਮੈਂ ਆਪ ਲੋਗੋਂ ਕਾ ਸੇਵਕ ਹੂੰ ਕਿਉਂਕਿ ਸਿਖ ਸ਼ਬਦ ਕਾ ਅਰਥ ਹੀ ਸੇਵਕ ਹੋਤਾ ਹੈ। ਔਰ ਮੁਝੇ ਵਿਦੇਸ਼ੋਂ ਮੇਂ ਜੋ ਸਿਖ ਧਰਮ ਕਾ ਪ੍ਰਚਾਰ ਕਰਨੇ ਕਾ ਸਮਯ ਮਿਲਾ, ਉਸ ਮੇਂ ਮੈਨੇ ਯੇ ਹੀ ਸੀਖਾ ਕਿ ਜਿਸ ਦਿਨ ਸਾਰਾ ਸੰਸਾਰ ਸਿਖ ਹੋ ਜਾਏਗਾ, ਉਸ ਦਿਨ ਸਭੀ ਸੁਖੀ ਹੋ ਜਾਏਂਗੇ ਔਰ ਸਭ ਕੋ ਹੋਨਾ ਚਾਹੀਏ।

ਅਬ ਮੈਂ ਨਾਮ-ਜਪ ਪਰ ਆ ਰਹਾ ਹੂੰ। ਮੈਨੇ ਆਪ ਸੇ ਕਹਾ, ਅਬ ਤੋਤਾ ਕੋ ਦੇਖ ਲੀਜੀਏ, ਵੋ ਨਾਮ ਜਪ ਕਰਤਾ ਹੈ। ਮੇਰੇ ਪਾਸ ਏਕ ਤੋਤਾ ਥਾ, ਉਸ ਕੋ ਮੈਨੇ ਸਿਖਾਇਆ ਹੂਆ ਥਾ। ਵੋ ਜਪ ਕਰਤਾ ਰਹਤਾ ਥਾ - ਹਰ ਵਕਤ। ਤੋ ਕਿਆ ਉਸ ਤੋਤੇ ਕਾ ਕਲਿਆਣ ਸੰਭਵ ਹੈ? ਮੇਰੀ ਸਮਝ ਮੇਂ ਆਤਾ ਹੈ, ਨਾਮ-ਜਪ ਕੇ ਸਾਥ-ਸਾਥ ਚੇਤਨਾ ਭੀ ਜਾਗ੍ਰਤ ਹੋਨੀ ਚਾਹੀਏ। ਔਰ ਸੰਤੋਂ ਕਾ ਯੇ ਮਤ ਹੈ ਕਿ ਵੋ ਚੇਤਨਾ ਜਾਗ੍ਰਤ ਸਵੈਂਮ (ਆਪਨੇ ਆਪ) ਮਨੁਸ਼ਯ ਅਪਨੇ ਅੰਦਰ ਕਰ ਸਕਤਾ ਹੈ। ਖੁਦ, ਵੋ ਚੇਤਨਾ ਅਪਨੇ ਅੰਦਰ ਉਤਪੰਨ ਕਰ ਸਕਤਾ ਹੈ। ਮੈਂਨੇ ਆਪਸੇ ਕਹਾ ਕਿ ਆਪ ਹਰ ਵਕਤ ਚਲਤੇ, ਉਠਤੇ, ਬੈਠਤੇ, ਖਾਤੇ-ਪੀਤੇ ਹਰ ਦਸ਼ਾ ਮੇਂ, ਹਰ ਹਾਲਤ ਮੇਂ ਨਾਮ ਜਪਤੇ ਰਹੇਂ ਲੇਕਿਨ ਕੁਛ ਦੇਰ ਸੁਬਹ ਔਰ ਸ਼ਾਮ, ਕਮ-ਸੇ-ਕਮ ਦੋ ਬਾਰ ਆਪ ਸਥਿਰ ਹੋ ਕਰਕੇ ਸਿਰ, ਗਰਦਨ ਔਰ ਰੀੜ ਕੀ ਹੱਡੀ ਕੋ ਸੀਧਾ ਰੱਖ ਕਰ upper body (ਸਰੀਰ ਕਾ ਊਪਰੀ ਭਾਗ) ਕਾ ਜੋ weight (ਭਾਰ) ਹੈ, locomotive (ਟਾਂਗ ਔਰ ਪੈਰ) ਪਰ ਨਾ ਛੋਡ ਕਰ ਆਪ ਬੈਠ ਜਾਏਂ। ਬੇਹਤਰ ਯਹੀ ਹੈ, ਕਿਸੀ ਭੀ ਮੁਦਰਾ ਮੇਂ ਬੈਠ ਕਰ, ਅਬ ਇਸ ਕੇ ਬਾਦ ਕਿਆ ਕਰੇਂ ਆਪ; ਅਗਰ ਕੁਛ ਟਾਈਮ ਦੇ ਦੇਂਗੇ ਮਨ ਕੋ, ਤੋ ਮਨ ਇਧਰ ਉਧਰ ਕੋ ਭਾਗ ਜਾਏਗਾ। ਇਸ ਕੇ ਬਾਦ ਆਪ ਕੋ ਸੀਧੇ ਸੁਆਸ ਪਰ ਧਿਆਨ ਦੇਨਾ ਚਾਹੀਏ। ਸੁਆਸ ਲੇ ਰਹੇ ਹੈਂ; ਗਹਿਰੀ ਸੁਆਸ ਹੋਨੀ ਚਾਹੀਏ, ਇਸ ਮੇਂ ਝਟਕੇ ਨਹੀਂ ਹੋਨੇ ਚਾਹੀਏ, ਇਸ ਮੇਂ ਅਵਾਜ਼ ਨਹੀਂ ਹੋਨੀ ਚਾਹੀਏ ਸੁਆਸ ਲੇਨੇ ਮੇਂ ਔਰ ਛੋਡਨੇ ਮੇਂ, ਜਿਸ ਕੋ ਪਰਾਨ ਔਰ ਉਪਾਨ ਕਹਤੇ ਹੈ; "hey are considered to be two guards of city of life. (ਉਨ ਕੋ ਸਰੀਰ ਕੇ ਦੋ ਪਹਿਰੇਦਾਰ ਸਮਝਾ ਜਾਤਾ ਹੈ); ਉਨ ਕੋ watch (ਨਿਗਰਾਨੀ) ਕਰ ਰਹੇਂ ਹੈਂ - ਪ੍ਰਾਨ ਔਰ ਉਪਾਨ। ਏਕ ਬਚਿਤਰ ਚੀਜ਼ ਹੈ ਯੇ; ਜਿਸਨੇ ਇਸ ਵਿਦਿਆ ਕੋ ਸੀਖ ਲੀਆ, ਉਸ ਕੇ ਪਾਸ ਮੌਤ ਨਾਮ ਕੀ ਕੋਈ ਭੀ ਚੀਜ਼ ਕਭੀ ਨਿਕਟ ਨਹੀਂ ਆ ਸਕਤੀ। ਕਿਉਂ? Pause means death; ਸੁਆਸ ਲੇ, ਔਰ ਫਿਰ ਛੋੜੇ ਨਹੀਂ; ਔਰ ਸੁਆਸ ਛੋਡੇ, ਫਿਰ ਲੇ ਨਹੀਂ; ਵਹੀ ਤੋ death (ਮੌਤ) ਹੈ। ਪਰ ਜੋ ਵਿਅਕਤੀ ਇਸ ਵਿਦਿਆ ਕੋ ਸੀਖ ਲੇਤਾ ਹੈ, ਵੋ death ਅਪਨੀ ਇੱਛਾ ਸੇ 'ਇੱਛਾ ਮ੍ਰਿਤੂ' ਹੋਤੀ ਹੈ; ਜੈਸੇ gown (ਚੋਲਾ) ਕੋ ਤਿਆਗ ਦੀਆ ਜਾਤਾ ਹੈ, ਤਕੀਆ ਕੇ cover (ਗ਼ਿਲਾਫ) ਕੋ ਫੈਂਕ ਦੀਆ ਜਾਤਾ ਹੈ, book (ਕਿਤਾਬ) ਕੀ ਜਿਲਦ ਕੋ ਫੈਂਕ ਦੀਆ ਜਾਤਾ ਹੈ, ਦੂਸਰੀ ਲਗਾਈ ਜਾਤੀ ਹੈ; ਵੈਸੇ ਹੀ ਵੋ ਸਰੀਰ ਕੋ ਭੀ ਅਲੱਗ ਕਰ ਦੇਤਾ ਹੈ। ਮੌਤ ਸੇ ਮੂਰਖ ਭੈ ਖਾਤੇ ਹੈਂ ਕਿਉਂਕਿ ਉਨ ਕੋ ਉਸ ਕਾ

ਗਿਆਨ ਨਹੀਂ ਹੈ। ਸੰਤ ਔਰ ਯੋਗੀ ਕੇ ਲੀਏ ਕੋਈ ਮੌਤ ਨਹੀਂ ਹੈ। ਅਬ ਹੈ ਜੀਵਨ - ਜੀਨੇ ਮੇਂ ਹੀ ਆਨੰਦ ਹੈ; ਦੁੱਖ ਸੇ ਔਰ ਭੈ ਸੇ ਜੀਵਤ ਰਹਿਨੇ ਮੇਂ ਕਿਆ ਅਨੰਦ ਹੈ? ਕੁਛ ਭੀ ਆਨੰਦ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਏਕ ਮਹਾਨ ਬਾਤ ਕਹੀ ਹੈ ਔਰ ਅਗਰ ਕੋਈ ਸਾਧਕ ਅਪਨੇ ਪੱਲੇ ਇਸ ਬਾਤ ਕੋ ਰੱਖ ਲੇ ਤੋ ਫਿਰ ਕੁਛ ਬਨ ਪਾਏਗਾ। ਸਾਰੇ ਸੰਸਾਰ ਕੇ ਸਭੀ ਸੁਖੋਂ ਕੋ ਨਿਰੂਪਣ ਕੀਆ - ਉਨਹੋਂ ਨੇ, Analysis (ਵਿਸ਼ਲੇਸ਼ਣ) ਕੀਆ ਔਰ ਦੇਖਾ, ਸਾਰੇ ਸੰਸਾਰ ਮੇਂ ਸੁਖ ਤੋ ਕਹੀਂ ਹੈ ਹੀ ਨਹੀਂ -

***ਨਾਨਕ ਦੁਖੀਆ ਸਭੁ ਸੰਸਾਰੁ ॥***
***ਅੰਗ - ੯੫੪***

ਸਭ analysis (ਵਿਸ਼ਲੇਸ਼ਣ) ਕਰਕੇ ਉਨਹੋਂ ਨੇ ਦੇਖਾ ਕਿ ਸੁਖ ਤੋ ਕੇਵਲ ਨਾਮ ਕੇ ਆਧਾਰ ਮੇਂ ਹੈ, ਵਰਨਾ ਬਹੁਤ ਫਰਕ ਹੈ। ਨਾਮ ਜਪਨੇ ਔਰ ਸੰਪੂਰਨ ਨਾਮ ਕੇ ਊਪਰ ਹੀ ਆਧਾਰ ਰਹਨਾ, ਪੂਰਨ ਵਿਸ਼ਵਾਸ਼ ਕਰਕੇ ਅਪਨੇ ਜੀਵਨ ਕੋ ਛੋਡ ਦੇਨਾ - ਅਬ ਯੇ ਤੋ ਗੁਰਮੁਖ ਬਾਤ ਹੈ। ਵੋ ਨਾਮ ਕਿਆ ਹੈ? ਬਾਈਬਲ ਕਹਿਤੀ ਹੈ - In the begining, there was a word and word was in God and God was in word. ਲੇਕਿਨ ਜਿਨਹੋਂ ਨੇ ਗੁਰੂ ਗ੍ਰੰਥ ਸਾਹਿਬ ਕਾ ਸਵਾਧਯ ਕੀਆ, ਉਨ ਕੋ ਉਸ ਨਾਮ ਕਾ ਗਿਆਨ ਹੈ। '੧ੴ ਸਤਿਨਾਮੁ ਸ੍ਰੀ ਵਾਹਿਗੁਰੂ।' - ਏਕ ਹੈ, ਦੋ ਨਹੀਂ ਹੈ; ਦੋ ਕੇ ਲੀਏ ਕੋਈ ਜਗਹ ਨਹੀਂ ਹੈ। ਜਿਸ ਵਕਤ ਯੇ knowledge (ਗਿਆਨ) ਹੋ ਜਾਏਗਾ ਕਿ ਸਰਬਤ੍ਰ ਏਕ ਹੀ ਏਕ ਹੈ ਤੋ ਫਿਰ ਪ੍ਰਸ਼ਨ ਹੀ ਕਹਾਂ? ਯੇ ਤਬ ਹੋਤਾ ਹੈ ਜਬ ਆਦਮੀ ਸਾਧਨਾ ਕਰਤਾ ਹੈ, ਸਾਧਕ ਸਾਧਨਾ ਕਰਤਾ ਹੈ। ਸਾਧਨਾ ਕੀ ਤੀਨ ਪਉੜੀਆਂ ਹੋਤੀ ਹੈਂ; ਮੈਂ ਤੇਰਾ ਹੂੰ, ਮੁਝੇ accept (ਕਬੂਲ) ਕਰ ਲੇ। ਜਿਸ ਕੋ ਵਿਸ਼ਵਾਸ਼ ਹੋ ਜਾਤਾ ਹੈ, ਤੋ ਕੁਛ ਦਿਨੋਂ ਮੇਂ ਆਤਾ ਹੈ ਕਿ ਤੂੰ ਮੇਰਾ ਹੈ; ਅਬ ਮੈਂ ਔਰ ਤੂੰ ਇਤਨੇ ਘੁਲ ਮਿਲ ਗਏ ਹੈਂ ਕਿ ਮੈਂ ਤੋ ਸਮਝ ਈ ਨਹੀਂ ਸਕਤਾ ਕਿ ਮੈਂ ਕਹੀਂ ਹੂੰ; ਮੈਂ ਤੋ ਹੂੰ ਹੀ ਨਹੀਂ, ਤੂੰ ਹੀ ਤੂੰ ਸਰਬਤ੍ਰ ਹੈ। ਐਸੀ ਦਸ਼ਾ ਮੇਂ ਮਹਾਂਪੁਰਸ਼ੋਂ ਨੇ ਮਹਾਂਵਾਕਯ ਕਹੇ ਹੈਂ - 'ਅਹੰਬ੍ਰਹਮ ਅਸ੍ਮੀ', ਵੋ ਅਨੁਭੂਤਿ ਹੋ ਜਾਤੀ ਹੈ, ਵੋ ਗਿਆਨ ਹੋ ਜਾਤਾ ਹੈ ਔਰ ਉਸੀ ਗਿਆਨ ਸੇ ਮਨੁਸ਼ਯ ਮੁਕਤ ਹੋ ਜਾਤਾ ਹੈ।

ਮੈਂ ਆਪ ਕੋ ਛੋਟੀ ਸੀ ਏਕ ਕਹਾਨੀ ਸੁਨਾ ਕਰ, ਜਿਸਮੇਂ ਏਕ ਸਤਿਯ ਹੈ, ਯੇ ਸਰੀਰ (ਮੇਰਾ ਸਰੀਰ) ਜੋ ਆਪ ਕੇ ਸਾਮਨੇ ਹੈ, ਉਸੀ ਕੇ ਪੂਰਵਜੋਂ ਕੇ ਪਰਿਵਾਰ ਕੀ ਬਾਤ ਹੈ ਯੇ ਸਤਿਯ ਬਾਤ ਹੈ, ਇਸ ਮੇਂ ਕੋਈ ਝੂਠੀ ਘੜਤ ਨਹੀਂ ਹੈ। ਪਹਾੜ ਮੇਂ ਏਕ ਜਗਹ ਸੇ ਦੂਸਰੀ ਜਗਹ ਜਾਨੇ ਕੇ ਲੀਏ ਮੋਟਰੇਂ ਔਰ ਕੋਈ ਦੂਸਰਾ ਯੰਤਰ ਤੋ ਥਾ ਨਹੀਂ। ਔਰ ਹਮਾਰੇ ਪੂਰਵਜ, ਜਿਨ ਕੀ ਇਸਤਰੀ ਕਾ ਪਹਿਲਾ ਬੱਚਾ ਹੋਨੇ ਵਾਲਾ ਥਾ, ਉਸਨੇ ਕਹਾ, ਪਹਿਲਾ ਬੱਚਾ ਮਾਇਕੇ ਮੇਂ ਹੋਨਾ ਚਾਹੀਏ ਕਿਉਂਕਿ ਮਮਾ ਬੱਚੇ ਕੇ ਬਹੁਤ ਨਿਕਟ ਹੋਤੀ ਹੈ; ਮਦਦ ਕਰੇਗੀ। ਤੋ ਰਾਸਤੇ ਮੇਂ ਹੀ ਉਸ ਕੋ pain (ਦਰਦ) ਹੁਆ ਔਰ ਬੱਚਾ ਉਤਪੰਨ ਹੋ ਗਿਆ। ਰਾਸਤੇ ਮੇਂ ਏਕ ਸਾਧੂ ਜਾ ਰਹੇ ਥੇ। ਤੋ ਉਸਨੇ ਬੱਚੇ ਕੋ ਦੇਖਾ, ਇਸਤਰੀ ਕੀ ਮਿਰਤੂ ਹੋ ਗਈ ਥੀ; ਉਸੀ ਹਾਲਤ ਮੇਂ ਉਸਨੇ ਪੱਤੋਂ ਕੇ ਬੀਚ ਮੇਂ ਬੱਚੇ ਕੋ ਰੱਖਾ। ਉਸਨੇ ਦੇਖਾ ਕਿ ਮੇਰਾ ਤੋ ਸਮਯ ਆ ਗਿਆ ਹੈ ਕਿ ਮੈਂ ਧਿਆਨ ਕਰੂੰ, ਤੋ ਮੈਂ ਕਿਆ ਕਰੂੰ ? ਇਸਤਰੀ ਕਾ ਜੋ ਸ਼ਵ ਹੈ, ਇਸ ਕੋ ਜਲਾਊਂ ਯਾ ਬੱਚੇ ਕੀ ਰਖਸ਼ਾ ਕਰੂੰ ਯਾ ਧਿਆਨ ਕਰੂੰ? ਤੋ ਉਸਕੇ ਮਨ ਮੇਂ ਆਇਆ ਕਿ ਮੈਂ ਧਿਆਨ ਕਰੂੰਗਾ। ਤੋ ਏਕ ਨਦੀ ਥੀ, ਬੈਠ ਕਰਕੇ ਧਿਆਨ ਕਰਨੇ ਲਗਾ। ਜਿਸਕੋ ਆਦਤ ਹੋਤੀ ਹੈ - ਧਿਆਨ ਕਰਨੇ ਕੀ, ਵੋ ਛੋਡਤਾ ਵੋੜਤਾ ਕੁਛ ਨਹੀਂ; ਸਬ ਸੁਤਯ ਹੀ ਛੂਟ ਜਾਤਾ ਹੈ, ਸਰੀਰ ਕਾ ਅਭਾਨ ਨਹੀਂ ਰਹਤਾ; ਮੈਂ ਕੌਨ ਹੂੰ, ਇਸਕਾ ਧਿਆਨ ਨਹੀਂ ਰਹਤਾ। ਔਰ ਕਈ ਸਥਿਤੀਆਂ ਆ ਜਾਤੀ ਹੈਂ, ਜੈਸੇ ਕਿ ਜਿਸੇ ਸਮਾਧੀ ਕਹਿਤੇ ਹੈਂ;

ਸਮਾਧੀ ਕਿਸੇ ਕਹਤੇ ਹੈਂ? ਉਸ ਕਾ ਏਕ ਸੰਧਿ ਹੈ - ਸਮਾ-ਇਤਿਮ। ਜਿਸ ਵਕਤ ਕੋਈ question (ਪ੍ਰਸ਼ਨ) ਰਹੇਗਾ ਹੀ ਨਹੀਂ ਤੋ ਮਨ ਕੀ ਕਿਆ ਹਾਲਤ ਹੋਗੀ? ਮਨ ਤੋ ਵਾਦਾ-ਵਿਵਾਦ ਕਰਤਾ ਰਹਤਾ ਹੈ। ਏਕ ਸਮਯ ਐਸਾ ਆਤਾ ਹੈ ਜਬ ਕਿ ਮਨ ਮੇਂ ਕੋਈ quesiton ਹੀ ਨਹੀਂ, ਫਿਰ ਮਨ ਕਹਾਂ ਜਾਏਗਾ? ਮਨ ਉਸੀ ਸਥਿਤੀ ਮੇਂ ਚਲਾ ਜਾਏਗਾ - ਆਨੰਦਿਤ ਪਰਮਾਨੰਦਿਤ ਸਥਿਤੀ ਮੇਂ ਚਲਾ ਜਾਏਗਾ, ਉਸੀ ਕੋ ਸਮਾਧੀ ਕਹਤੇ ਹੈਂ। ਸਮਾ-ਇਤਿਮ - When all questions are resolved, mind attains a state of freedom, ਉਸ state of freedom ਕੋ ਹੀ ਸਮਾਧੀ ਕਹਤੇ ਹੈਂ।

ਅਬ ਬੋਲੀਏ ਸਮਾਧੀ ਪ੍ਰਾਪਤ ਕਰਨੇ ਕੇ ਲੀਏ ਕਿਆ ਕਰਨਾ ਪੜੇਗਾ? ਕੁਛ ਕਰਨੇ ਕੀ ਜ਼ਰੂਰਤ ਨਹੀਂ। ਕਹੀਂ ਸੁਆਮੀ ਬਨਨਾ ਪੜੇਗਾ, ਸਾਧੂ ਬਨਨਾ ਪੜੇਗਾ, ਕੋਈ ਪਾਖੰਡ ਕਰਨਾ ਪੜੇਗਾ, ਕੋਈ ਮਠ ਮੰਦਰ ਬਨਾਨਾ ਪੜੇਗਾ? ਨਹੀਂ, ਜਹਾਂ ਹੈਂ, ਵਹੀਂ ਰਹੀਏ ਔਰ ਅਪਨੇ ਅੰਦਰ, ਜੋ ਸਬ ਸੇ ਮਹਾਨ ਮੰਦਿਰ ਹੈ, ਇਸ ਕੇ ਅੰਦਰ ਪ੍ਰਵੇਸ਼ ਕਰਨੇ ਕੀ ਵਿਦਿਆ ਦੇਖੇਂ। ਜੋ ਇਸ ਵਿਦਿਆ ਕੋ ਜਾਨਤਾ ਹੈ, ਉਸੇ ਸਭ ਕੁਛ ਪ੍ਰਾਪਤ ਹੋ ਜਾਏਗਾ। ਕਿਸੀ ਨੇ ਕਹਾ ਥਾ - ਰੱਬ ਦਾ ਕੀ ਪਾਉਣਾ, ਇਥੋਂ ਤੋੜਨਾ ਉਥੇ ਲਾਉਣਾ। ਹਮਨੇ ਕਹਾ ਕਿ ਬਾਤ ਕਿਆ ਹੈ, ਈਸ਼ਵਰ ਸੇ ਕੈਸੇ ਮਿਲੇਂ? ਸਰਲ ਬਾਤ ਹੈ, ਸਭ ਸੇ ਸਰਲ ਬਾਤ ਯਹੀ ਹੈ। ਸਭ ਸੇ ਸਰਲ ਬਾਤ ਕਿਆ ਹੈ? ਇਧਰ ਤੋੜ ਕੇ ਉਧਰ ਜੋੜ ਦੋ। ਤੋੜਨੇ ਕੀ ਬਾਤ ਤੋ ਕਿਆ ਹੈ, ਮੂੰਹ ਮੋੜਨੇ ਕੀ ਬਾਤ ਹੈ। ਜਿਸ ਵਕਤ ਆਪ ਅਪਨੇ ਮਨ ਕੋ ਅੰਤਰਮੁਖ ਕਰ ਲੋਗੇ; ਮਨ, ਸਰੀਰ, ਇੰਦ੍ਰੀਆਂ ਔਰ ਸੁਆਸ ਬਾਹਰੀਯ ਬ੍ਰਿਤੀ ਕੋ ਤਿਆਗ ਕਰਕੇ ਔਰ ਅੰਤਰਮੁਖ ਹੋਨੇ ਲਗੇਗਾ, ਮਨ ਉਸੀ ਦਿਨ ਸ਼ਾਂਤ ਹੋ ਜਾਏਗਾ, ਔਰ ਸ਼ਾਂਤ ਮਨ ਆਤਮ ਅਨੁਭੂਤੀ ਕਰਤਾ ਹੈ, ਜਹਾਂ ਪ੍ਰਮਾਤਮਾ ਕਾ ਨਿਵਾਸ ਹੈ। ਰੇ ਮਨੁਸ਼ਯ! ਜੋ ਈਸ਼ਵਰ Omnipresent, omniscient and omnipotent (ਸਰਬ-ਵਿਆਪਕ, ਸਰਬੱਗ ਅਤੇ ਸਰਬ-ਸ਼ਕਤੀਮਾਨ) ਹੈ; ਵੋ ਤੇਰੇ ਅੰਦਰ ਭੀ ਤੋ ਹੈ, ਕਿਉਂ ਇਧਰ ਉਧਰ ਭਾਗਤਾ ਹੈ ਭਾਈ? ਕਿਉਂ ਇਧਰ ਉਧਰ ਦੌੜਤਾ ਹੈ? ਯੇ ਭ੍ਰਮ ਹੈ - ਤੇਰਾ। ਤੁਝੇ ਕਹੀਂ ਕੋਈ ਕੁਛ ਨਹੀਂ ਦੇ ਸਕਤਾ; ਜਾਨ ਇਸ ਚੀਜ਼ ਕੋ। ਅਪਨੇ ਮਨ ਕੋ ਅੰਤਰ ਮੁਖ ਕਰ ਔਰ ਉਸਮੇਂ ਨਾਮ ਜਪ ਕਾ, ਸਿਮਰਨ ਕਰਨੇ ਕਾ ਬੜਾ ਆਨੰਦ ਹੈ। ਸਾਧਕ ਨਾਮ ਜਪਤਾ ਰਹੇ, ਜਿਸ ਵਕਤ ਮਨ, ਮਨੋ ਲੈਅ ਹੋ ਜਾਤਾ ਹੈ; ਦੋ ਸਥਿਤੀਆਂ ਆਤੀ ਹੈਂ। ਏਕ ਤੋ ਪੇੜ ਕਟ ਜਾਤਾ ਹੈ, ਲੇਕਿਨ ਫਿਰ ਕੁਛ ਦਿਨੋਂ ਮੇਂ ਉਸਕੇ ਅੰਕੁਰ ਆ ਜਾਤੇ ਹੈਂ; ਦੂਸਰੀ ਸਥਿਤੀ ਮੇਂ ਮਨੋ-ਨਾਸ਼ ਹੋ ਜਾਤਾ ਹੈ, ਮਨ ਰਹਿਤਾ ਹੀ ਨਹੀਂ। ਯੇ ਕਬੀਰ ਸਾਹਿਬ ਨੇ ਇਸ ਕੋ self surrender (ਆਤਮ-ਸਮਰਪਣ) ਕਰਕੇ explain (ਬਿਆਨ) ਕੀਆ - **"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥"** ਮਨੁਸ਼ਯ ਕਹਤਾ ਹੈ - ਮੈਨੇ ਯੇ ਕੀਆ ਅਰ ਵੋ ਕੀਆ॥ ਅਰੇ ਕਿਆ ਕੀਆ, ਤੇਰਾ ਹੈ ਬੀ ਕਿਆ ਜੋ ਤੂੰ ਕੁਛ ਕਰ ਸਕਤਾ ਹੈ? ਯੇ ਤੋ ਕੇਵਲ ਏਕ ਅਹੰਕਾਰ ਹੈ। ਹੇ ਪ੍ਰਭੂ! ਜੋ ਤੇਰੀ ਹੀ ਵਸਤੂ ਹੈ, ਅਗਰ ਮੈਨੇ ਤੁਝ ਕੋ ਸਉਂਪ ਦੀ, ਤੋ ਕੌਨ ਸੀ ਮੈਨੇ ਬੜੀ ਭਾਰੀ ਪੂਜਾ ਕਰ ਦੀ; ਵੋ ਤੋ ਕਰਨੀ ਹੀ ਚਾਹੀਏ। ਤੋ self surrender is highest of all yogas, highest of all paths, I am thy in dark mind, then I & thou are one and we are inseparately mingled for ever and ever.

ਇਸ ਤਰਹ ਕੀ ਆਨੰਦ ਅਨੁਭੂਤੀ ਜਬ ਹੁਈ - ਮੈਂ ਆਪ ਕੋ ਆਜ ਅਪਨਾ ਏਕ ਰਾਜ ਬਤਾ ਹੀ ਦੂੰ ਕਿ ਮੈਂ ਗੁਰੂ ਨਾਨਕ ਦੇਵ ਜੀ ਕੋ ਕਬ ਸੇ ਮਾਨਤਾ ਹੂੰ। ਬਤਾਨਾ ਤੋ ਨਹੀਂ ਚਾਹੀਏ ਥਾ, Secret (ਭੇਦ) ਤੋ secret (ਭੇਦ) ਰਹਨਾ ਚਾਹੀਏ ਲੇਕਿਨ ਸੰਤੋਂ ਕੇ ਸਾਮਨੇ ਬਤਾਨੇ ਮੇਂ ਕੋਈ

ਹਰਜ਼ ਨਹੀਂ। ਏਕ ਬਾਰ ਮੈਂ ਪਹਾੜ ਸੇ ਗਿਰ ਪੜਾ। ਖੜਾਂਵ ਪਹਿਨਤਾ ਥਾ, ਰਿਪਟ ਗਈ plants (ਝਾੜੀਓਂ) ਕੀ needles (ਕਾਂਟੇ) ਮੇਂ। ਲੁੜਕਤੇ-ਲੁੜਕਤੇ ਨੀਚੇ ਜਬ ਗਿਆ, ਤੋ ਏਕ ਛੋਟੀ ਸੀ ਝਾੜੀ ਥੀ, ਉਸ ਝਾੜੀ ਮੇਂ ਮੈਂ ਅਟਕ ਗਿਆ ਔਰ ਏਕ ਖੂੰਟਾ ਮੇਰੇ ਪੇਟ ਮੇਂ ਗਡ ਗਿਆ, ਜਿਸ ਕਾ ਨਿਸ਼ਾਨ ਅਬੀ ਤੱਕ ਹੈ। ਮੈਨੇ ਸਭ ਮੰਤਰ ਜਪ, ਜਪ ਡਾਲੇ, ਸਬ ਕਾ ਨਾਮ ਲੇ ਲੀਆ; ਕੁਛ ਭੀ ਨਹੀਂ ਹੂਆ। ਇਸ ਜੀ ਕੋ, ਉਸ ਜੀ ਕੋ, ਸਭ ਕਾ ਨਾਮ ਲੀਆ। ਮੈਨੇ ਕਹਾ, ਯੇ ਤੋ ਕਿਆ ਬਾਤ ਹੈ, ਕਿਆ ਮੇਰਾ ਅੰਤ ਆਨੇ ਵਾਲਾ ਹੈ? ਅੰਦਰ ਸੇ ਆਵਾਜ਼ ਆਈ, ਨਹੀਂ, ਅਭੀ ਤੋ ਬਹੁਤ ਭੋਗਨਾ ਹੈ; ਅੰਤ ਕਹਾਂ ਸੇ ਆਏਗਾ। ਬਹੁਤ ਭੋਗਨਾ ਪੜਤਾ ਹੈ ਨਾ - ਸੰਸਾਰ ਮੇਂ! ਤੋ ਮੈਨੇ ਕਹਾ, ਸਭ ਕੋ ਯਾਦ ਕੀਆ; ਏਕ ਕੋ ਮੈਨੇ ਅਭੀ ਯਾਦ ਨਹੀਂ ਕੀਆ, ਦੇਖੋ ਕਿਆ ਹੋਤਾ ਹੈ। ਐ ਮੇਰੇ Lord (ਮਾਲਕ) ਨਾਨਕ! ਕਹਾਂ ਗਿਆ ਤੂੰ, ਤੂੰ ਮੁਝੇ ਪਿਆਰ ਕਰਤਾ ਥਾ, ਮੇਰੇ ਅੰਦਰ ਤੋ ਕੋਈ ਸ਼ਕਤੀ ਨਹੀਂ। ਮੇਰੇ ਸਾਮਨੇ ਕੋਈ ਆਇਆ ਔਰ ਮੁਝੇ ਯੂੰ ਕਰਕੇ; ਉਠਾ ਕਰਕੇ ਪੀਛੇ ਧਕੇਲ ਦੀਆ। ਉਸ ਵਕਤ ਮੈਨੇ ਦੇਖਾ ਕਿ ਕੁਝ ਪਹਾੜੀ ਔਰਤੇਂ ਪੀਛੇ ਥੀ, ਜੋ ਰੱਸੀ ਜੋੜ ਕਰਕੇ ਨੀਚੇ ਆਈਂ। ਔਰ ਉਨਹੋਂ ਨੇ ਮੁਝੇ ਖੀਂਚ ਲੀਆ ਊਪਰ। ਵੋ ਸਥਾਨ ਅਭੀ ਭੀ ਹੈ। ਮੈ ਏਕ ਬਾਰ ਵਹਾਂ ਏਕ ਗੁਰੂਦੁਆਰਾ ਬਨਾਨਾ ਚਾਹਤਾ ਥਾ। ਤੋ ਰਾਤ ਕੋ ਸਵਪਨ ਮੇਂ ਬੋਲੇ, "ਤੇਰੇ ਕੋ ਵੋ ਡੰਡੇ ਬਰਸਾਊਂਗਾ, ਤਬੀਅਤ ਠੀਕ ਹੋ ਜਾਏਗੀ। ਬੜਾ ਗੁਰੂਦੁਆਰਾ ਬਨਾਨੇ ਵਾਲਾ ਆਇਆ! ਹਾਂ, ਕਿਤਨੇ ਗੁਰੂਦੁਆਰਾ ਦੁਨੀਆਂ ਮੇਂ ਬਨੇ, ਔਰ ਕੋਈ ਨਾਮ ਸਿਮਰਨ ਹੀ ਨਹੀਂ ਕਰਤਾ ਹੈ। ਤੂੰ ਨਇਆ ਗੁਰੂਦੁਆਰਾ ਬਨਾਏਗਾ ਅਬੈ।" ਫਿਰ ਮੈਂ ਚੁਪ ਹੋ ਗਿਆ।

ਜਿਸਨੇ ਅਪਨੇ ਇਸ ਮੰਦਿਰ ਕੋ ਗੁਰੂਦੁਆਰਾ ਬਨਾ ਲੀਆ, ਵੋ ਧੰਨਯ ਹੈ; ਔਰ ਇਸੀ ਜਨਮ ਮੇਂ ਹੋ ਸਕਤਾ ਹੈ। ਬਸ ਏਕ ਖਿਆਲ ਰਖੋ, ਹਰ ਕਮਰੇ ਮੇਂ ਅਪਨੇ ਏਕ ਚੀਜ਼ ਰਖੋ। ਨਾਮ ਸਿਮਰਨ ਸਭ ਜਗਹ; bathroom (ਗੁਸਲਖਾਨਾ) ਤਕ ਭੀ ਸਿਮਰਨ ਕਰਨਾ ਚਾਹੀਏ, ਕਹੀਂ ਭੀ ਹੋ। ਮਨ ਸੇ ਸਿਮਰਨ ਕੀਆ ਜਾਤਾ ਹੈ। ਤੋ ਜਪਤੇ-ਜਪਤੇ ਜਬ ਜਪ, ਅਜਪਾ ਜਾਪ ਚਲਨੇ ਲਗਤਾ ਹੈ, ਤਬ ਆਦਮੀ ਕੋ ਵਿਸ਼ਵਾਸ਼ ਹੋ ਜਾਤਾ ਹੈ, ਠੀਕ ਹੈ। ਸੋ ਕੇ ਉਠਾ ਹੈ, ਏਕ ਦਮ ਜਪ ਚਲ ਰਹਾ ਹੈ। ਗੁਸਾ ਨਾਮ ਕੀ ਤੋ ਕੋਈ ਚੀਜ਼ ਹੀ ਨਹੀਂ ਰਹਿਤੀ। ਕਿਸੀ ਨੇ ਕਹਿ ਦੀਆ, ਬਦਮਾਸ਼ ਹੈ ਯੇ; ਕਿਆ ਫਰਕ ਪੜਤਾ ਹੈ।

ਮੈਨੇ ਏਕ ਬਾਰ ਦੇਖਾ, ਕੁਛ ਲੋਗੋਂ ਨੇ ਖੂਬ ਫੂਲ ਬਰਸਾਏ; ਬੋਲੇ ਸੁਆਮੀ ਰਾਮ ਤੋ ਅੱਛਾ ਹੈ! ਯੇ ਹੈ, ਸੋ ਹੈ। Prosecution ਹੈ - ਤਾਰੀਫ ਕਰਨਾ ਕਿਸੀ ਕੀ। ਸਾਧਕ ਕੀ ਤਾਰੀਫ ਕਰ ਲੋ, ਤੋ ਉਸਕਾ ਪਤਨ ਹੈ। ਸੁਬਹ ਸੇ ਲੇਕਰ ਦੁਪਹਿਰ ਤਕ ਖੂਬ ਲੋਗੋਂ ਨੇ ਕਹਾ। ਹਮ ਨੇ ਕਹਾ, ਯੇ ਤੋ ਬਹੁਤ ਬੁਰੀ ਬਾਤ ਹੈ। ਬਹੁਤ ਨੁਕਸਾਨ ਹੋ ਜਾਏਗਾ - ਇਸ ਤਰਹ ਸੇ; ਠੀਕ ਨਹੀਂ ਹੈ। ਤੋ ਹਮਨੇ ਕਹਾ, ਚਲੋ weight (ਵਜ਼ਨ) ਦੇਖੇਂ, ਹਮਾਰਾ weight ਘਟਾ ਹੈ ਯਾ ਬੜ੍ਹਾ ਹੈ। ਤੋ ਜੈਸੇ ਕਲ ਥਾ, ਉਤਨਾ ਹੀ ਥਾ। ਫਿਰ ਏਕ ਦਿਨ ਲੋਗੋਂ ਨੇ ਖੂਬ ਗਾਲੀਆਂ ਦੀ - ਯੇ ਗੁੰਡਾ ਹੈ, ਬਦਮਾਸ਼ ਹੈ, ਯੇ ਚੋਰ ਹੈ, ਲਫੰਗਾ ਹੈ; ਜੋ ਨਹੀਂ ਬੋਲਨਾ ਚਾਹੀਏ - ਖੂਬ ਬੋਲਾ। ਹਮਨੇ ਕਹਾ ਫਿਰ weight ਲਓ; weight ਉਤਨਾ ਹੀ ਥਾ। ਮੇਰੇ ਕਹਨੇ ਕਾ ਮਤਲਬ ਯੇ ਹੈ ਕਿ ਯੇ ਤੋ ਏਕ ਮੇਲਾ ਹੈ; ਅਪਨਾ ਮਾਰਗ ਢੂੰਡਨਾ ਚਾਹੀਏ, ਨਿਕਲ ਜਾਨਾ ਚਾਹੀਏ - ਇਸ ਸੇ ਆਗੇ। ਸੁਖ ਦੁਖ ਸੇ ਭੀ ਪਰ੍ਹੇ ਏਕ ਸਥਿਤੀ ਹੈ ਜਿਸ ਕੇ ਲੀਏ 'ਸਮ' ਸ਼ਬਦ ਆਇਆ ਹੈ, ਸਮ ਬਿਰਤੀ ਹੋ ਜਾਤੀ ਹੈ। ਔਰ ਮੈਨੇ ਆਪ ਸੇ ਕਹਾ ਹੈ ਕਿ ਬਨ-ਬਨ ਡੋਲਨੇ ਕੀ ਆਵਸ਼ਕਤਾ ਨਹੀਂ, ਕਹੀਂ ਕੁਛ ਨਹੀਂ ਮਿਲੇਗਾ ਆਪ ਕੋ। ਔਰ ਊਪਰ ਜਾਓਗੇ ਤੋ Army ਲਗੀ ਹੈ - border (ਸੀਮਾ) ਪੇ, ਵੋ ਤੁਮ ਕੋ pros-ecute ਕਰੇਂਗੇ, ਔਰ ਨੀਚੇ ਜਾਓਗੇ ਤੋ dampness (ਨਮੀ) ਹੋਗੀ, ਤੁਮਾਰਾ ਬਦਨ

ਦਰਦ ਕਰੇਗਾ; ਖਾਨਾ ਵਹਾਂ ਕੁਛ ਮਿਲੇਗਾ ਨਹੀਂ, ਹਰ ਵਕਤ ਤੁਮ ਖਾਨੇ ਕੀ ਸੋਚਤੇ ਰਹੋਗੇ; ਬੇਕਾਰ ਚੀਜ਼ੇਂ ਹੈਂ। ਹਮਨੇ ਕਰਕੇ ਦੇਖ ਲੀ ਹੈਂ ਸਭ; ਤੋ ਹਮਾਰੀ ਬਾਤ ਮਾਨੋ। ਯਹੀਂ ਜਹਾਂ ਪਰ ਹੋ, ਵਹੀਂ ਪਰ ਰਹੋ। ਯੇ ਮਨ ਸੇ ਬਿਲਕੁਲ ਹਟਾ ਦੋ ਕਿ ਇਧਰ ਉਧਰ ਭਟਕਨੇ ਸੇ ਕੁਛ ਮਿਲਤਾ ਹੈ - Waste of time and energy ਹੈ, ਸਮਯ ਔਰ ਸ਼ਕਤੀ ਬਰਬਾਦ ਕਰਨਾ ਹੈ। ਮੈਂ ਆਪ ਕੋ ਗੁਮਰਾਹ ਕਰਨੇ ਵਾਲੀ ਬਾਤ ਨਹੀਂ, ਸਤਯਤਾ ਕੀ ਬਾਤ ਕਹਤਾ ਹੂੰ। ਆਪ ਸੁਤਯ ਹੀ ਸਬ ਕੇ ਸਬ ਸੁਆਮੀ ਹੋ। ਸੁਆਮੀ ਕਹਤੇ ਹੈਂ ਜੋ ਅਪਨੇ ਅੰਗ ਪ੍ਰਤਿਅੰਗ ਕਾ, ਮਨ-ਕਰਮ-ਬਚਨ ਕਾ ਮਾਸਟਰ ਹੋ; ਉਸੀ ਕੋ ਸੁਆਮੀ ਕਹਤੇ ਹੈਂ। ਤੋ ਆਪ ਸਬ ਅਪਨੇ ਆਪ ਮੇਂ ਸੁਆਮੀ ਔਰ ਸੁਆਮਿਨ ਹੋ। ਔਰ ਮੈਂ ਸੰਤ ਜੀ ਸੇ ਯਹੀ ਕਹੂੰਗਾ ਕਿ ਯਹੀਂ ਸੇ ਪਹਿਲੇ ਵੋ clinic (ਇਲਾਜ ਕਰਨੇ ਕੀ ਜਗਹ) ਸ਼ੁਰੂ ਹੋ ਜਾਏ, ਜਿਸਕੀ ਹਮ ਲੋਗ ਬਾਤ ਕਰਤੇ ਹੈਂ। ਯੇ ਸਰੀਰ, ਮਨ ਔਰ ਬੁੱਧੀ ਜੋ ਕੁਛ ਭੀ ਮੇਰੇ ਪਾਸ, ਜਿਸੇ ਮੈਂ ਅੱਛਾ ਸਮਝਤਾ ਹੂੰ, ਵੋ ਆਪ ਕੀ ਹੈ; ਜੋ ਬੁਰਾ ਹੈ, ਵੋ ਤੋ ਮੇਰਾ ਹੈ ਈ। ਲੇਕਿਨ ਮੈਨੇ ਆਪ ਸੇ ਕਹਾ, ਅਗਰ ਆਨੰਦ ਲੇਨਾ ਚਾਹਤੇ ਹੋ ਤੋ ਪਾਂਚ ਦਸ ਮਿੰਟ ਸੇ ਜ਼ਿਆਦੇ ਨਹੀਂ। ਕੁਛ ਲੋਗ ਘੰਟੋਂ ਬੈਠਤੇ ਹੈ ਔਰ ਟਾਈਮ ਦੇਖਤੇ ਰਹਿਤੇ ਹੈਂ ਕਿ ਆਜ ਆਧਾ ਘੰਟਾ ਬੈਠਾ, ਕੱਲ ਏਕ ਘੰਟੇ ਬੈਠਾ; ਉਸ ਸੇ ਕੁਛ ਨਹੀਂ, ਬੇਕਾਰ ਚੀਜ਼ ਹੈ ਵੋ।

ਅਗਰ ਦਸ ਮਿੰਟ ਤਕ ਕੋਈ ਅਪਨੇ ਮਨ ਕੀ ਇਕਾਗਰਤਾ ਕੋ ਰਖ ਸਕੇ ਤੋ ਵੋ ਸਮਾਧੀ ਕੋ ਪ੍ਰਾਪਤ ਕਰ ਲੇਤਾ ਹੈ - ਇਸ ਮੇਂ ਕੋਈ ਸੰਦੇਹ ਨਹੀਂ। ਔਰ ਕਭੀ ਕਭੀ ਸਮਾਧੀ ਮੇਂ ਐਸੀ ਭੀ ਅਨੁਭੂਤੀਆਂ ਹੋਤੀ ਹੈਂ ਕਿ ਵਹਾਂ ਦੇਸ਼, ਕਾਲ ਔਰ ਸਮਯ ਸੇ ਪਰ੍ਹੇ ਕੀ ਬਾਤ ਹੋ ਜਾਤੀ ਹੈ। ਮੈਂ ਕੌਨ ਥਾ, ਕਿਆ ਹੂੰਗਾ; ਯੇ ਸਬ ਭੂਲ ਕਰਕੇ here and now ਮੇਂ ਸਥਿਤ ਹੋ ਜਾਤਾ ਹੈ। Neither past nor future but now; here and now. ਇਸ ਲੀਏ ਫਰਕ ਯੇ ਹੈ ਕਿ ਜਿਸ ਵਕਤ ਜਪ ਕੋ ਆਪ ਅੰਤਰਮੁਖ ਹੋ ਕਰਕੇ ਕਰਨੇ ਲਗੋਗੇ, ਉਸੇ ਧਿਆਨ ਕਹਤੇ ਹੈਂ। ਜਬ ਜਪ ਕੋ ਬਾਹਰ ਕਰਨੇ ਲਗੋਗੇ ਤੋ ਜਪ ਕਹਿਲਾਇਆ ਜਾਤਾ ਹੈ। ਫਰਕ ਸਿਰਫ ਇਤਨਾ ਹੀ ਹੈ। ਇਸ ਮੇਂ confuse (ਉਲਝਨ) ਹੋਨੇ ਕੀ ਜ਼ਰੂਰਤ ਨਹੀਂ ਹੈ ਕਿ ਧਿਆਨ; ਯੇ ਨਈ ਚੀਜ਼ ਕਿਆ ਬਤਲਾ ਰਹਾ ਹੈ। ਜਪ ਜਿਤਨੀ ਗਹਿਰਾਈ ਮੇਂ ਆਪ ਕਰਤੇ ਰਹੋਗੇ, ਉਸੇ ਹੀ ਧਿਆਨ ਕਹਤੇ ਹੈਂ। ਸੁਤਯ-ਸੁਤਯ silence (ਚੁੱਪ) ਮੇਂ ਮਨ ਚਲਾ ਜਾਤਾ ਹੈ, ਮਨੋ ਨਾਸ਼ ਹੋ ਜਾਤਾ ਹੈ, ਆਤਮਾ ਅਨੁਭੂਤ ਹੋਨੇ ਲਗਤੀ ਹੈ, ਉਸ ਆਤਮਾ ਕੇ ਅੰਦਰ ਪ੍ਰਮਾਤਮਾ ਨਿਹਿਤ ਹੀ ਕਾ ਅਨੁਭਵ ਹੋਨੇ ਲਗਤਾ ਹੈ। ਇਸੀ ਕੋ ਸਮਾਧੀ ਸਥਿਤ ਕਹਤੇ ਹੈਂ ਔਰ ਅਭਿਆਸ ਸੇ ਸਭ ਸੰਭਵ ਹੈ। ਸੰਸਾਰ ਮੇਂ ਏਕ ਹੀ ਸ਼ਕਤੀ ਹੈ ਜੋ ਮਨੁਸ਼ਯ ਕੇ ਮਨ ਕੋ ਬਿਖੇਰ ਦੇਤੀ ਹੈ; ਯੇ ਸੰਸਾਰ ਮੇਂ ਸ਼ਕਤੀ ਹੈ। ਕਿਉਂਕਿ ਮਨ ਕੇ ਕਈ agents (ਪ੍ਰਾਕ੍ਰਿਤਿਕ ਸ਼ਕਤੀਆਂ) ਹੈਂ - ਪੰਚ ਗਿਆਨ ਇੰਦ੍ਰੀਆਂ, ਪੰਚ ਕਰਮ ਇੰਦ੍ਰੀਆਂ - ਹੂਏ ਦਸ। ਇਸੀ ਲੀਏ ਇਸ ਮਨ ਕੋ ਰਾਵਣ ਭੀ ਕਹਾ ਹੈ। ਦਸ ਮੁਖ ਇਸ ਕੇ ਹੈਂ। ਤੋ ਮਨ ਜਬ ਬਾਹਰ ਜਾਤਾ ਹੈ, ਬਾਹਰ ਮੁਖ ਹੋਤਾ ਹੈ, ਤੋ ਪੰਚ ਗਿਆਨ ਇੰਦਰੀਓਂ, ਕਰਮ ਇੰਦਰੀਓਂ ਕਾ ਆਸਰਾ ਲੇਕਰ ਸੰਸਾਰ ਮੇਂ ਵਿਅਸਤ ਰਹਤਾ ਹੈ। ਲੇਕਿਨ ਜਬ ਮਨ ਏਕਾਂਤਿਕ ਬਨਾਇਆ ਜਾਤਾ ਹੈ, ਅਕੇਲਾ ਹੋਤਾ ਹੈ। ਇਸ ਦਸ਼ਾ ਮੇਂ ਕਭੀ-ਕਭੀ ਮਨ ਕੋ ਭੈ ਲਗਤਾ ਹੈ - ਪਹਿਲੇ, ਪਹਿਲੇ; ਸਾਧਕ ਭੈ ਖਾ ਜਾਤੇ ਹੈਂ ਕਿਉਂਕਿ ਏਕਾਂਤ ਮੇਂ ਰਹਨੇ ਕਾ ਅਭਿਆਸ ਤੋ ਹੋਤਾ ਨਹੀਂ। ਐਸੇ ਸਾਧਕੋਂ ਕੋ ਸੰਤ ਲੋਗੋਂ ਕੇ ਪਾਸ ਜਾਕਰ ਪੂਛਨਾ ਚਾਹੀਏ; ਕਿਆ ਕਰਨਾ ਚਾਹੀਏ ਆਗੇ? ਵੋ ਕਹਤੇ ਹੈਂ persist (ਡਟੇ ਰਹੋ) continue your sadhna (ਸਾਧਨਾ ਕੋ ਜਾਰੀ ਰਖੋ)। ਸਾਧਨਾ continue ਕਰਨੇ ਪਰ ਵੋ ਭੀ ਏਕ ਸਮਯ ਨਿਕਲ ਜਾਤਾ ਹੈ ਔਰ ਧੀਰੇ-ਧੀਰੇ ਅਭੈ ਹੋਤਾ ਹੈ।

ਮੈਂ ਆਪ ਸੇ ਬਾਰ-ਬਾਰ ਕਹਤਾ ਹੂੰ, ਜਬ

ਤਕ ਆਪ ਬਾਹਰ ਫਿਰ ਰਹੇ ਹੋ, ਤਬ ਤਕ ਆਪ ਸੁਰਖਸ਼ਿਤ ਨਹੀਂ ਹੋ। ਲੇਕਿਨ ਜਿਸ ਵਕਤ ਆਪ ਨਾਮ ਜਪ ਰਹੇ ਹੋ ਯਾ ਧਿਆਨ ਮੇਂ ਹੋ, ਆਪ ਕਾ ਕੋਈ ਭੀ ਕੁਛ ਨਹੀਂ ਕਰ ਸਕਤਾ, ਆਪ ਮਹਾਨ ਸੁਰਖਸ਼ਿਤ ਹੋ। ਭੈ ਕੇ ਲੀਏ ਜੀਵਨ ਮੇਂ ਕੋਈ ਅਸਥਾਨ ਹੀ ਨਹੀਂ ਹੋਨਾ ਚਾਹੀਏ। ਭੈ ਕਾ ਮਤਲਬ ਹੈ - ਉਸ ਕੋ ਭੂਲ ਕਰ ਕਿਸੀ ਔਰ ਪਰ ਵਿਸ਼ਵਾਸ਼ ਕਰਨਾ। ਤੋ ਕਹਨੇ ਕਾ ਮੇਰਾ ਮਤਲਬ ਯੇ ਹੈ ਕਿ ਅਭੈ ਪਦ ਪ੍ਰਾਪਤ ਕਰਨਾ ਹੋ ਤੋ ਅਪਨੇ ਕੋ ਬਾਰ-ਬਾਰ, ਬਾਰ-ਬਾਰ ਯੇ ਸਿਮਰਨ ਦਿਲਵਾਓ - ਮੈਂ ਮਨੁਸ਼ਅ ਨਹੀਂ, ਮੈਂ ਉਸ ਕਾ ਮੰਦਿਰ ਹੂੰ। ਆਪ ਤੋ ਸੁਨੇ ਹੋਂਗੇ (ਗੁਰੂ ਨਾਨਕ ਦੇਵ ਜੀ) ਗਿਨਤੇ-ਗਿਨਤੇ ੧੩ ਪਰ ਜਬ ਗਏ, ਉਨਹੋਂ ਨੇ ਕਹਾ ਤੇਰਾ, ਤੇਰਾ; ਸਬ ਤੇਰਾ ਹੂਆ। ਤੋ ਅਭਿਆਸ ਕਰਨਾ ਬਹੁਤ ਜ਼ਰੂਰੀ ਹੈ ਔਰ ਅਭਿਆਸ ਕਰਨੇ ਕੇ ਲੀਏ ਕਿਸੀ ਕਾਲਜ ਕੀ ਡਿਗਰੀ ਸੇ ਕੋਈ ਤਤਪਰਯ ਨਹੀਂ। ਅਭਿਆਸੀ ਕੋ ਕੋਈ ਬਾਹਰਲੀ education (ਪੜ੍ਹਾਈ) ਕੀ ਅਵਸ਼ਕਤਾ ਨਹੀਂ। ਯੇ ਤੋ ਏਕ ਹੂਆ ਨਾ, ਮੈਨੇ ਇਸ ਧਰਮ ਕੇ ਬਾਬਤ ਪੜ੍ਹਾ, ਉਸ ਧਰਮ ਕੇ ਬਾਬਤ ਨਹੀਂ ਪੜ੍ਹਾ। ਯੇ ਤੋ ਏਕ ਤ੍ਰਿਸ਼ਨਾ ਹੋਤੀ ਹੈ। ਸ਼ਾਸ਼ਤਰੋਂ ਮੇਂ ਤੀਨ ਪ੍ਰਕਾਰ ਕੀ - ਪੁਤ੍ਰਿਸਨਾ, ਬੁਤ੍ਰਿਸ਼ਨਾ ਔਰ ਲੋਕ-ਤ੍ਰਿਸ਼ਨਾ; ਲੇਕਿਨ ਏਕ ਔਰ ਤ੍ਰਿਸ਼ਨਾ ਹੋਤੀ ਹੈ - ਵਿਦਿਆ ਪ੍ਰਾਪਤ ਕਰਨੇ ਕੀ; ਯੇ ਭੀ ਏਕ ਤ੍ਰਿਸ਼ਨਾ ਹੈ। ਯੇ ਤਬੀ ਛੂਟਤੀ ਹੈ ਜਬ ਥੋੜਾ ਸਾ ਅਨੁਭਵ ਸਵਾਦ ਮਿਲਨੇ ਲਗਤਾ ਹੈ। ਅਰ ਜਬ ਵੋ ਸਵਾਦ ਮਿਲ ਜਾਤਾ ਹੈ, ਫਿਰ ਕੁਛ ਨਹੀਂ। Jesus Christ (ਈਸਾ ਜੀ) ਕੌਨ ਸੇ ਕਾਲਜ ਮੇਂ ਪੜ੍ਹੇ ਥੇ? ਗੁਰੂ ਨਾਨਕ ਦੇਵ ਜੀ ਕਹਾਂ ਪੜ੍ਹੇ ਥੇ? ਬੁਧ ਕਹਾਂ ਪੜ੍ਹੇ ਥੇ? ਤੋ ਦੁਨੀਆਂ ਮੇਂ ਜਿਤਨੇ research centres (ਖੋਜ ਕੇਂਦਰ) ਹੈਂ, ਇਨ ਕੇ ਸ਼ਬਦੋਂ ਕੇ ਊਪਰ ਚਲ ਰਹੇ ਹੈ ਔਰ ਅਭੀ ਤੱਕ ਕੁਛ ਭੀ ਨਹੀਂ ਕਰ ਪਾਏ ਹੈਂ। ਸਭ ਗ੍ਰੰਥੋਂ ਕਾ ਸਾਰ ਯਹੀ ਹੈ ਕਿ ਅਪਨੇ ਅੰਦਰ ਦੇਖ; ਕਿਉਂ ਭਟਕਤਾ ਹੈ ਇਧਰ ਉਧਰ। ਤੋ, ਮੇਰਾ ਤੋ ਪੂਰਨ ਵਿਸ਼ਵਾਸ਼ ਹੈ; ਅਗਰ ਸਚਮੁਚ ਕਹੇਂ, ਕਈ ਬਾਰ ਐਸਾ ਹੂਆ ਭੀ ਹੈ ਜੋ ਮੈਂ ਬੋਲ ਰਹਾ ਹੂੰ, ਔਰ ਮੁਝੇ ਕੋਈ ਚਿੰਤਾ ਨਹੀਂ ਹੈ। ਅਬ ਕਹਤੇ ਹੈਂ 'ਤੇਰੀ ਗਰਦਨ ਉਤਾਰਤੇ ਹੈਂ।' "ਅਗਰ ਦੇਖਤੇ ਹੋ ਕਿ ਹੈ ਸਚਮੁਚ ਗਰਦਨ, ਤੋ ਉਤਾਰ ਲੋ। ਅਗਰ ਹੈਈ ਨਹੀਂ ਤੋ ਕਿਆ ਉਤਾਰਗੇ।" ਵਹੀਂ ਪਰ ਭੈ ਆ ਜਾਏਗਾ ਸਾਮਨੇ, ਜਬ ਕਿ ਆਪ ਭੂਲੋਗੇ। ਕਿਸ ਕਾ ਭੈ, ਕਿਸ ਲੀਏ ਭੈ? ਉਸ ਸਥਿਤੀ ਕਾ ਆਨੰਦ ਲੇਨਾ ਚਾਹੀਏ। Christian Bibles (ਕ੍ਰਿਸ਼ਚੀਅਨ ਬਾਈਬਲ) ਮੇਂ last book (ਆਖਰੀ ਪੁਸਤਕ) ਹੈ ਜਿਸ ਕੋ ਕਹਤੇ ਹੈ Book of Revolutions (ਕ੍ਰਾਂਤੀਕਾਰੀ ਪੁਸਤਕ)। ਉਸ Book of Revolutions ਮੇਂ seven churches ਕਾ (ਸਾਤ ਗਿਰਜਾ ਘਰੋਂ ਕਾ) ਵਰਣਨ ਹੈ - ਵੋ ਮੂਲਾਧਾਰ ਸੇ ਸਹਸਰਾਰ ਤੱਕ ਸਾਤੋਂ ਹੀ ਚਕਰੋਂ ਕਾ ਵਰਣਨ ਹੈ - ਉਸਮੇਂ। ਔਰ ਜਿਸਨੇ ਉਸ ਵਿਦਿਆ ਕੋ ਜਾਨਾ, ਵੋ ਕਿਸੀ organised church (ਖਾਸ ਮੱਤ) ਕਾ ਨਹੀਂ ਹੈ; ਸਭ ਸੇ ਬੜੀ ਭਾਰੀ ਬਾਤ ਹੈ। ਸੰਤ ਕੋਈ ਭੀ ਹੋ ਸਕਤਾ ਹੈ; ਜਿਸ ਪਰ ਪ੍ਰਭੂ ਕੀ ਕ੍ਰਿਪਾ ਹੋ ਜਾਏ, ਵਹੀ ਹੋ ਜਾਏਗਾ।

ਮੈਨੇ ਆਪ ਸੇ ਕਹਾ ਥਾ ਨਾ, ਆਪ ਕੋ ਫਿਰ ਯਾਦ ਦਿਲਾਤਾ ਹੂੰ; ਏਕ ਇਸਤਰੀ ਇਤਨੀ ਅੱਛੀ ਥੀ, ਔਰ ਹਰ ਵਕਤ ਪੂਜਾ ਕੀਆ ਕਰਤੀ ਥੀ। ਵੋ ਅਪਨੇ ਪਤੀ ਕੋ ਬਾਰ ਬਾਰ ਕਹਾ ਕਰਤੀ ਥੀ; ਜੈਸੇ ਔਰਤੋਂ ਕਾ ਅਧਿਕਾਰ ਹੋਤਾ ਹੈ ਨਾ, ਕਿ ਤੁਮ ਪੂਜਾ ਨਹੀਂ ਕਰਤੇ। ਕਮ-ਸੇ-ਕਮ ਏਕ ਦਿਨ ਤੋ ਪੂਜਾ ਕਰ ਲੋ, ਮੇਰੇ ਸਾਥ ਮੰਦਿਰ ਚਲੇ ਚਲੋ। ਉਸਨੇ ਕਹਾ, "ਬਈ ਤੂੰ ਹੀ ਕਰ ਲੇ, ਮੈ ਕਿਆ ਕਰੂੰ; ਤੇਰੇ ਕਾਮ ਮੇਂ, ਤੇਰੇ ਬੀਚ ਮੇਂ ਮੈਂ ਨਹੀਂ ਆਤਾ, ਲੇਕਿਨ ਤੁਮ ਕਰਤੀ ਰਹੋ; ਮੇਰੇ ਕੋ ਬਈ ਤੰਗ ਮਤ ਕਰ।" ਕਈ ਸਾਲ ਹੋ ਗਏ, ਉਸਨੇ ਕਹਾ, "ਮੈਂ ਦੇਖੂੰਗੀ ਕਿ ਏਕ ਦਿਨ ਤੂੰ ਭਗਵਾਨ ਪਰ ਵਿਸ਼ਵਾਸ਼ ਕਰੇਗਾ। ਤੂੰ ਏਕ ਬਾਤ ਭੀ ਨਹੀਂ ਮਾਨਾ ਮੇਰੀ, ਏਕ ਦਿਨ ਮੇਰੇ ਸਾਥ ਮੰਦਿਰ ਨਹੀਂ ਗਿਆ।" ਮੈਨੇ ਕਹਾ, "ਤੁਮ ਚਲੀ ਜਾਓ, ਅੱਛੀ ਬਾਤ ਹੈ; ਮੈਂ ਕਿਆ ਕਰੂੰਗਾ

ਜਾਕਰ।" ਏਕ ਦਿਨ ਸਵਪਨ ਮੇਂ ਪਤੀ ਕੇ ਮੂੰਹ ਸੇ ਨਿਕਲਾ – 'ਰਾਮ'। ਤੋ ਉਸਨੇ ਆਰਤੀ ਸਜਾਈ ਔਰ ਅਪਨੇ ਪਤੀ ਕੀ ਆਰਤੀ ਕਰਨੇ ਲਗੀ। ਉਸਨੇ ਕਹਾ, "ਕਿਆ ਹੋ ਰਹਾ ਹੈ ਯੇ ਆਧੀ ਰਾਤ ਕੋ। ਅਬੀ ਤੋ ਦੋ ਬਜੇ ਹੈਂ, ਕਿਉਂ ਆਰਤੀ ਕਰ ਰਹੇ ਹੋ ਤੁਮ ਮੇਰੀ? ਔਰ ਦਿਨ ਤੋ ਕਭੀ ਆਰਤੀ ਨਹੀਂ ਕਰਤੀ ਥੀ।" ਉਸ ਨੇ ਪ੍ਰਣਾਮ ਕਰਾ, "ਆਜ ਭਗਵਾਨ ਨੇ ਮੇਰੀ ਬਾਤ ਸੁਨ ਲੀ।" ਬੋਲੇ, "ਕਿਆ?" ਬੋਲੇ, "ਮੈਂ ਰੋਜ਼ ਪ੍ਰਾਥਨਾ ਕਰਤੀ ਥੀ ਕਿ ਕਭੀ ਮੈਂ ਤੁਮਾਰੇ ਮੂੰਹ ਸੇ ਭਗਵਾਨ ਕਾ ਨਾਮ ਸੁਨੂੰ।" "ਅਰੇ ਕਿਆ ਹੁਆ?" ਬੋਲੇ, "ਤੁਮਨੇ ਸਵਪਨ ਮੇਂ 'ਰਾ......ਮ' ਕਹਿ ਦੀਆ।" ਉਸ ਨੇ ਕਹਾ, "ਕਿਆ ਮੇਰੇ ਮੂੰਹ ਸੇ ਬਾਹਰ ਨਿਕਲ ਪੜਾ?" ਵੋ ਸਰੀਰ ਛੋੜ ਗਿਆ – ਉਸੀ ਵਕਤ। ਉਸ ਕੋ ਇਤਨਾ ਦੁਖ ਹੁਆ ਕਿ ਜਿਸਕੋ ਮੈ ਅਭੀ ਤਕ ਹਿਰਦੇ ਮੇਂ ਰਖਾ ਰਹਤਾ ਥਾ; ਔਰ ਜਿਸ ਕੋ ਕਭੀ ਮੈਨੇ ਮੂੰਹ ਪਰ ਨਹੀਂ ਆਨੇ ਦੀਆ ਕਿਉਂਕਿ ਮੂੰਹ ਪਰ ਜੋ ਚੀਜ਼ ਆਤੀ ਹੈ, ਵੋ ਗੰਦੀ ਹੋ ਜਾਤੀ ਹੈ, ਜੂਠੀ ਹੋ ਜਾਤੀ ਹੈ। ਤੋ ਜਿਸ ਕੋ ਮੈਨੇ ਹਿਰਦੇ ਮੇਂ ਸੰਜੋਅ ਕਰਕੇ ਰਖਾ ਥਾ, ਕਿਆ ਵੋ ਮੂੰਹ ਪੇ ਆ ਗਿਆ? ਇਸ ਕਸ਼ਟ ਮੇਂ ਉਸ ਕਾ ਸਰੀਰ ਛੂਟ ਗਿਆ। ਏਕ ਭਗਤੀ ਤੋ ਵੋ ਭੀ ਹੈ। ਇਸ ਲੀਏ ਭਗਤੀ ਕੇ ਜੋ ਵਿਭਿੰਨ ਸਰੂਪ ਹੈਂ – ਬਾਹਰੀਯ ਏਵਮ ਆਂਤਰਿਕ ਭਗਤੀ – ਵੋ ਦੋਨੋਂ ਹੀ ਅੱਛੇ ਹੈਂ। ਤੋ ਮੈਂ ਸੰਤ ਜੀ (ਸੰਤ ਵਰਿਆਮ ਸਿੰਘ ਜੀ) ਕੇ ਆਦਰ ਔਰ ਪਿਆਰ ਕਾ ਕਿਨ ਸ਼ਬਦੋਂ ਮੇਂ ਵਰਣਨ ਕਰੂੰ? ਔਰ ਮਾਤਾ ਜੀ (ਮਾਤਾ ਰਣਜੀਤ ਕੌਰ ਜੀ) ਨੇ ਤੋ ਹੱਦ ਹੀ ਕਰ ਡਾਲੀ; ਅਬ ਡਰਨੇ ਲਗ ਗਿਆ ਮੈਂ, ਜਿਸ ਕੋਨੇ ਪੇ ਜਾਊਂ, ਵਹੀਂ ਕੁਝ ਖਾ ਲੇ, ਜਿਹ ਕਰ ਲੇ, ਜਿਹ ਕਰ ਲੇ, ਜਿਹ ਕਰ ਲੇ – ਹਰ ਵਕਤ। ਅਗਰ ਮੈਂ ਸਚਮੁਚ ਪੰਜਾਬ ਮੇਂ ਏਕ  ਮਹੀਨਾ ਰਹਿ ਗਿਆ ਤੋ ਮੈਂ ਭੀ ਖੂਬ ਮੋਟਾ ਹੋ ਕੇ ਚਲਾ ਜਾਊਂਗਾ। ਆਪ ਕੇ ਪਿਆਰ ਕਾ, ਸਚ-ਮੁਚ ਜਿਤਨਾ ਪਿਆਰ ਆਪ ਲੋਗ ਦੇਤੇ ਹੋ, ਉਸ ਕਾ ਆਭਾਰ ਪ੍ਰਦਰਸ਼ਿਤ ਕਰਤਾ ਹੂੰ ਔਰ ਈਸ਼ਵਰ ਸੇ ਪ੍ਰਾਰਥਨਾ ਕਰਤਾ ਹੂੰ। ਕਿ ਇਸ ਮਹਾਨ ਪ੍ਰਦੇਸ਼ ਕੇ ਸੰਤ, ਨੇਤਾ, ਮਾਤਾਏਂ, ਬਹਨੇਂ, ਬੱਚੇ ਸਭੀ ਪ੍ਰਸੰਨ ਰਹੇਂ ਔਰ ਅਪਨੀ ਪ੍ਰਸੰਨਤਾ ਕੋ ਸਾਰੇ ਭਾਰਤਵਰਸ਼ ਕੋ ਬਾਂਟੇਂ।

# ਬਾਤ ਅਗੰਮ ਕੀ
# ਭਾਗ (2)

# ਬਾਤ ਅਗੰਮ ਕੀ, ਭਾਗ - 2

**"ਕੁਝ ਜਾਨਣ ਲਈ"** : ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦੇ ਸਦਕੇ 'ਆਤਮ ਮਾਰਗ' ਦੇ ਪਾਂਧੀ ਆਪਣੇ ਜਨਮ ਪਦਾਰਥ ਨੂੰ ਪਾਉਣ ਦੀ ਖੋਜ ਵਿਚ 'ਆਤਮ ਮਾਰਗ' ਮੈਗਜ਼ੀਨ ਤੋਂ ਸੇਧ ਲੈਂਦੇ ਅਗਾਹਾਂ ਹੀ ਅਗਾਂਹਾਂ ਵਧ ਰਹੇ ਹਨ। ਵਿਦੇਸ਼ਾਂ ਵਿਚੋਂ ਸਾਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਪਾਠਕ ਮੈਂਬਰਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਖੋਜੀਆ, ਪ੍ਰਚਾਰਕਾਂ ਅਤੇ ਆਤਮ ਮਾਰਗ ਦੇ ਪੱਥ ਤੇ ਚੱਲਣ ਵਾਲੇ ਜਗਿਆਸੂਆਂ ਦੀ ਖੋਜ ਰੁਚੀ ਨੂੰ ਧਿਆਨ ਵਿਚ ਰਖਦੇ ਹੋਏ ਪੁਸਤਕ 'ਬਾਤ ਅਗੰਮ ਕੀ' ਦਾ ਦੂਸਰਾ ਭਾਗ ਪਾਠਕਾਂ ਦੀ ਵਿਚਾਰ ਲਈ ਛਪ ਕੇ ਪੁਸਤਕ ਦਾ ਰੂਪ ਧਾਰਨ ਕਰ ਗਿਆ ਹੈ। ਇਸੇ ਪੁਸਤਕ ਲੜੀ ਦੀ ਤੀਸਰੀ ਪੁਸਤਕ ਵੀ ਬਹੁਤ ਸ਼ੀਘਰ ਆ ਰਹੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਸੱਤਵੇਂ ਵਿਸ਼ਵ ਗੁਰਮਤਿ ਰੂਹਾਨੀ ਸਮਾਗਮ, ਜੋ 2 ਅਕਤੂਬਰ ਤੋਂ 6 ਅਕਤੂਬਰ ਤੱਕ ਬਹੁਤ ਹੀ ਵਿਸ਼ਾਲ ਪੱਧਰ ਤੇ ਮਨਾਇਆ ਜਾ ਰਿਹਾ ਹੈ, ਇਹ ਪੁਸਤਕਾਂ ਪਾਠਕਾਂ ਲਈ ਉਪਲੱਬਧ ਹੋ ਜਾਣਗੀਆਂ। ਇਸੇ ਤਰ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਜਿਨ੍ਹਾਂ ਵਿਚ ਅਧਿਆਤਮਵਾਦ ਤੇ ਵਿਚਾਰ ਕੀਤੀ ਗਈ ਹੈ, ਛੇਤੀ ਹੀ ਪਾਠਕਾਂ ਦੇ ਹੱਥ ਵਿਚ ਪਹੁੰਚਣ ਵਾਲੀਆਂ ਹਨ।

'ਬਾਤ ਅਗੰਮ ਜੀ' ਪੁਸਤਕ ਇਕ ਅਦੁੱਤੀ ਪੁਸਤਕ ਹੈ ਜਿਸ ਵਿਚ ਕੋਈ ਵੀ ਦੁਨਿਆਵੀ ਵਿਚਾਰ ਨਹੀਂ ਕੀਤੀ ਗਈ ਅਤੇ ਨਾ ਹੀ ਕਿਸੇ ਰਾਜਸੀ, ਆਰਥਿਕ, ਸਮਾਜਿਕ ਅਵਸਥਾਵਾਂ ਵਲ ਧਿਆਨ ਦਿਤਾ ਗਿਆ ਹੈ। ਇਹ ਕੇਵਲ ਇਸੇ ਜਨਮ ਵਿਚ ਪ੍ਰਮ ਪਦ ਤੇ ਪਹੁੰਚਣ ਵਾਲੇ ਜਗਿਆਸੂਆਂ ਲਈ ਬਹੁਤ ਹੀ ਉਤਸ਼ਾਹ ਦਿੰਦੀ ਹੈ। ਜਦੋਂ ਅਸੀਂ ਮਹਾਂਪੁਰਸ਼ਾਂ ਦੇ ਜੀਵਨ ਅਤੇ ਉਨ੍ਹਾਂ ਦੇ ਅਨੁਭਵੀ ਬਚਨ ਪੜ੍ਹਦੇ ਹਾਂ ਤਾਂ ਅੰਦਰ ਉਮਾਹ ਉਠਦਾ ਹੈ ਕਿ ਅਸੀਂ ਵੀ ਅੰਮ੍ਰਿਤ ਵੇਲੇ ਨੂੰ ਸੰਭਾਲਈਏ, ਘੱਟੋ-ਘੱਟ ਢਾਈ ਘੰਟੇ ਪ੍ਰਭੂ ਦੇ ਸਿਮਰਨ ਵਿਚ ਸੁਰਤ ਇਕਾਗਰ ਕਰਕੇ ਅੰਦਰਲੀ ਖੋਜ ਕਰਦੇ ਹੋਏ, ਵਾਹਿਗੁਰੂ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਕਰੀਏ। ਬਹੁਤ ਹੀ ਸਚਇਨਟਡਿਚਿ (ਵਿਗਿਆਨਕ) ਢੰਗ ਨਾਲ ਸੁਖਾਲੀ, ਵਾਰਤਕ ਸ਼ੈਲੀ ਵਰਤ ਕੇ ਉਚੇ ਤੋਂ ਉਚੇ ਅਧਿਆਤਮਵਾਦ ਦੇ ਤੱਤਾਂ ਨੂੰ ਪ੍ਰਗਟ ਕੀਤਾ ਗਿਆ ਹੈ।

'ਆਤਮ ਮਾਰਗ' ਦਾ ਘੇਰਾ ਵਿਸ਼ਾਲਤਾ ਵਿਚ ਵਧ ਰਿਹਾ ਹੈ। ਅਸਾਡੇ ਪਾਸ ਟੈਲੀਫੂਨਾਂ ਤੇ ਵਿਦੇਸ਼ਾਂ ਤੋਂ ਆਉਣ ਵਾਲੇ ਸਹਿਯੋਗੀਆਂ, ਮਿੱਤਰਾਂ ਤੋਂ ਪਤਾ ਲਗਦਾ ਹੈ ਕਿ 'ਆਤਮ ਮਾਰਗ' ਪੜ੍ਹ ਕੇ ਬਹੁਤ ਸਾਰੇ ਪ੍ਰੇਮੀਆਂ ਨੇ ਨਾਮ ਜਪਣ ਦੀਆਂ ਸੁਸਾਇਟੀਆਂ ਬਣਾ ਲਈਆਂ ਹਨ। ਹਰ ਐਤਵਾਰ ਨੂੰ ਅੰਮ੍ਰਿਤ ਵੇਲੇ ਉਹ ਇਕੱਠੇ ਹੁੰਦੇ ਹਨ ਅਤੇ ਸੰਗਤ ਦੇ ਰੂਪ ਵਿਚ ਨਾਮ ਸਿਮਰਨ ਕਰਦੇ ਹਨ, ਫੇਰ ਥੋੜ੍ਹਾ ਕੀਰਤਨ ਕਰਕੇ ਆਪੇ ਹੀ ਵਿਚਾਰ ਕਰਦੇ ਹਨ। ਇਸ ਤਰ੍ਹਾਂ ਦੇ ਉਦਮ ਸਿੱਖੀ ਦੀ ਗਹਿਰੀ ਪਰਤ ਵਿਚ ਪੁੱਜਣ ਲਈ ਬਹੁਤ ਹੀ ਆਵੱਸ਼ਕ ਹਨ। ਅੱਜ (4-9-96) ਨੂੰ ਕੁਝ ਪ੍ਰੇਮੀ ਅਮਰੀਕਾ ਤੋਂ ਆਏ, ਉਨ੍ਹਾਂ ਨੇ ਦੱਸਿਆ ਕਿ ਅਸੀਂ 30-40 ਮੈਂਬਰ ਦੂਰ ਦਾ ਸਫਰ ਕੱਟ ਕੇ ਚਾਰ ਵਜੇ ਨਿਯਤ ਕੀਤੇ ਹੋਏ ਥਾਂ ਤੇ ਪੁੱਜ ਜਾਂਦੇ ਹਾਂ

ਅਤੇ ਸੰਗਤ ਦੇ ਰੂਪ ਵਿਚ ਨਾਮ ਸਿਮਰਨ ਕਰਦੇ ਹਾਂ। ਬਹੁਤ ਹੀ ਅਨੰਦ ਆਉਂਦਾ ਹੈ ਅਤੇ ਐਤਵਾਰ ਦੇ ਦਿਨ ਨੂੰ ਉਡੀਕਦੇ ਹੀ ਰਹੀਦਾ ਹੈ। ਅਮਰੀਕਾ ਵਿਚ ਕਿਉਂਕਿ ਬਹੁਤ ਦੂਰੀਆਂ ਤੇ ਸਿੰਘ ਵਸਦੇ ਹਨ ਤੇ ਅੰਮ੍ਰਿਤ ਵੇਲੇ ਦੇ ਸਮਾਗਮ ਵਿਚ ਪੁੱਜਣ ਲਈ ਇਕ-ਇਕ ਘੰਟਾ ਡਰਾਈਵ ਕਰਨਾ ਪੈਂਦਾ ਹੈ ਪਰ ਨਾਮ ਸਿਮਰਨ ਦੀ ਖਿੱਚ ਨਾ ਤਾਂ ਆਲਸ ਦਾ ਬੱਲ ਚੱਲਣ ਦਿੰਦੀ ਹੈ ਅਤੇ ਨਾ ਹੀ ਅੰਮ੍ਰਿਤ ਵੇਲੇ ਦੀ ਡਰਾਈਵਿੰਗ ਨੂੰ ਕੋਈ ਔਖ ਮਹਿਸੂਸ ਕਰਾਉਂਦੀ ਹੈ। ਕੇਵਲ ਇਹ ਫੁਰਨਾ ਮਨ ਵਿਚ ਹੁੰਦਾ ਹੈ ਕਿ ਅਸੀਂ ਛੇਤੀ ਤੋਂ ਛੇਤੀਂ ਨਿਯਤ ਸਮੇਂ ਤੇ ਪਹੁੰਚ ਜਾਈਏ ਤੇ ਨਾਮ ਸਿਮਰਨ ਵਿਚ ਲਗ ਜਾਈਏ। ਇਹ ਸੁਣ ਕੇ ਬਹੁਤ ਪ੍ਰਸੰਨਤਾ ਹੁੰਦੀ ਹੈ। ਅਜਿਹੇ ਘੋਰ ਕਲਜੁਗ ਦੇ ਸਮੇਂ ਜਦੋਂ ਅੰਮ੍ਰਿਤ ਵੇਲਾ ਸਾਡੇ ਹੱਥਾਂ 'ਚੋਂ ਨਿਕਲ ਰਿਹਾ ਹੈ ਅਤੇ ਅਸੀਂ ਨਾਮ ਸਿਮਰਨ ਦੀ ਥਾਂ ਤੇ ਬਾਹਰ-ਬਾਹਰ ਹੀ ਰਹਿੰਦੇ ਹਾਂ। ਬਾਣੀ ਪੜ੍ਹਦੇ ਹਾਂ, ਰਹਿਤਾਂ ਰੱਖਦੇ ਹਾਂ, ਹੋਰ ਸਾਰੇ ਕ੍ਰਿਆ ਕਰਮ ਜੋ ਜ਼ਰੂਰੀ ਹਨ, ਉਹ ਕਰਦੇ ਹਾਂ ਪਰ ਨਾਮ ਸਿਮਰਨ ਦੇ ਪ੍ਰਮ ਅਨੰਦ ਤੋਂ ਅਸੀਂ ਵਾਂਝੇ ਹੁੰਦੇ ਤੁਰੇ ਜਾ ਰਹੇ ਹਾਂ। ਅਸਾਡੇ ਵਿਚ ਪੜ੍ਹਾਕੂ ਤਾਂ ਬਹੁਤ ਹੋ ਰਹੇ ਹਨ ਪਰ ਵਿਦਿਆ ਦੀ ਵਿਚਾਰ ਕਰਨ ਵਾਲੇ ਬਹੁਤ ਵਿਰਲੇ ਹਨ। ਇਸ ਤੋਂ ਵੀ ਅੱਗੇ ਵਿਚਾਰ ਕਰਕੇ ਜੀਵਨ ਵਿਚ ਬਾਣੀ ਕਮਾਉਣ ਵਿਚ ਵਿਰਲੇ ਹੀ ਰਹਿ ਜਾਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਦਾ ਧਰਮ ਦਾ ਪੰਥ ਜਿਸਨੂੰ ਗੁਰੂ ਅੰਗਦ ਪਾਤਸ਼ਾਹ ਜੀ ਨੇ ਸੰਭਾਲਿਆ, ਫੇਰ ਅੱਠੇ ਪਾਤਸ਼ਾਹੀਆਂ ਸੰਭਾਲਦੀਆਂ ਰਹੀਆਂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਬਖਸ਼ ਕੇ ਗੁਰਮੁਖਾਂ ਦੇ ਜ਼ਿੰਮੇ ਇਸ ਪੰਥ ਨੂੰ ਫੈਲਦੇ ਰੱਖਣ ਦੀ ਜ਼ਿੰਮੇਵਾਰੀ ਲਾਈ ਗਈ। ਸਾਡੇ ਉਤੇ ਬੜਾ ਵਿਸ਼ਵਾਸ਼ ਕੀਤਾ, ਅਸੀਂ ਸਮੇਂ ਦੀ ਲਿਹਾਜ਼ ਨਾਲ ਚੋਣ ਪ੍ਰਣਾਲੀ ਨੂੰ ਅਪਣਾਇਆ ਜੋ ਅੱਜ ਤਕ ਕਦੇ ਵੀ ਅਤੇ ਕਿਤੇ ਵੀ ਸੁਚੱਜੇ ਹੱਥਾਂ ਵਿਚ ਨਹੀਂ ਆਈ। ਰੌਲਾ-ਰੱਪਾ ਪਾਉਣ ਵਾਲੇ ਪਦਵੀਆਂ ਦੇ ਚਾਹਵਾਨ ਜਿਨ੍ਹਾਂ ਨੂੰ ਰੂਹਾਨੀਅਤ ਦਾ 'ੳ ਅ' ਵੀ ਨਹੀਂ ਆਉਂਦਾ, ਉਹ ਗੁਰਦਵਾਰਿਆਂ ਦੇ ਪ੍ਰਬੰਧ ਵਿਚ ਆ ਕੇ ਰੂਹਾਨੀ ਸਿਧਾਂਤਾਂ ਨੂੰ ਕਮਾਉਣ ਵਲ ਕੋਈ ਵੀ ਧਿਆਨ ਨਹੀਂ ਦੇ ਰਹੇ ਜਿਸਦੇ ਫਲਸਰੂਪ ਬਾਵਜੂਦ ਇਸ ਦੇ ਕਿ ਗੁਰੂ ਗ੍ਰੰਥ ਸਾਹਿਬ ਸਰਵੋਤਮ ਹਨ, ਅਸੀਂ ਨਿਘਾਰ ਵਲ ਹੀ ਜਾ ਰਹੇ ਹਾਂ। ਇਹ 'ਬਾਤ ਅਗੰਮ ਕੀ' ਪੁਸਤਕ ਇਕ ਛੋਟਾ ਜਿਹਾ ਯਤਨ ਹੈ ਜਿਸ ਨੂੰ ਵਾਚ ਕੇ, ਅਮਲ ਕਰਕੇ ਜਗਿਆਸੂਆਂ ਨੂੰ ਕੋਈ ਸੇਧ ਮਿਲਣ ਦੀ ਉਮੀਦ ਹੋ ਸਕਦੀ ਹੈ।

ਐਸ.ਏ.ਐਸ ਨਗਰ — ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
4-9- 1996

**ਬਾਨੀ, ਮੁਖੀ ਤੇ ਚੇਅਰਮੈਨ**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

# ਸੰਤ ਬਚਨ
## ਭਾਗ ਪਹਿਲਾ

**(ਉੱਤਰ ਸੰਤ ਮਹਾਰਾਜ ਸ੍ਰੀ 108 ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਵਲੋਂ)**

ਪ੍ਰਸ਼ਨ - **ਆਸਾ ਜੀ ਦੀ ਵਾਰ ਦੇ ਦੂਜੇ ਸਲੋਕ ਵਿਚ ਜਦੋਂ ਅਸੀਂ ਪੜ੍ਹਦੇ ਹਾਂ - 'ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥' ਤਾਂ ਐਉਂ ਪ੍ਰਤੀਤ ਦਿੰਦਾ ਹੈ ਜਿਵੇਂ ਇਹ ਸੰਸਾਰ ਸੱਚਾ ਹੀ ਹੈ, ਪਰ ਗੁਰਬਾਣੀ ਵਿਚ ਸੰਸਾਰ ਨੂੰ ਧੂਏਂ ਦਾ ਪਹਾੜ ਅਤੇ ਇਕ ਸੁਪਨਾ ਹੀ ਦੱਸਿਆ ਗਿਆ ਹੈ ਅਤੇ ਸੰਸਾਰ ਦੀ ਕੋਈ ਹਸਤੀ ਨਹੀਂ ਮੰਨੀ ਗਈ। ਯਥਾਰਥ ਬਾਤ ਕੀ ਹੋਈ?**

ਉਤਰ - ਅਵਸਥਾ ਭੇਦ ਨਾਲ ਦੱਸੇ ਸਿਧਾਂਤ ਹੀ ਆਪਣੀ-ਆਪਣੀ ਥਾਂ ਤੇ ਸਤਿ ਹਨ ਜਿਵੇਂ ਕਿ ਸੁਪਨੇ ਦੇ ਵਿਚ ਸੁਪਨੇ ਦੇ ਸਾਰੇ ਪਦਾਰਥ ਸਤਿ ਹੀ ਪ੍ਰਤੀਤ ਦਿਆ ਕਰਦੇ ਹਨ। ਉਨ੍ਹਾਂ ਵਿਚ ਆਦਮੀ ਦੁਖ-ਸੁਖ ਮਹਿਸੂਸ ਕਰਦਾ ਹੈ, ਆਪਣਾ-ਬੇਗਾਨਾ ਨਜ਼ਰ ਆਉਂਦਾ ਹੈ, ਹਾਨ ਤੇ ਲਾਭ ਮਨ ਨੂੰ ਖੁਸ਼ੀ ਗਮੀ ਦੇਂਦੇ ਹਨ। ਇਸਤ੍ਰੀ, ਬੱਚੇ ਪਿਆਰੇ ਲੱਗਦੇ ਹਨ; ਉਨ੍ਹਾਂ ਦਾ ਜੇ ਵਿਛੋੜਾ ਹੋ ਜਾਏ ਤਾਂ ਸੁਪਨੇ ਵਿਚ ਹੀ ਰੋਂਦਾ ਹੈ। ਸੁਪਨੇ ਵਿਚ ਜੇ ਇਸਦੇ ਮਗਰ ਡਾਕੂ ਪੈ ਜਾਣ ਤਾਂ ਇਹ ਆਪਣੀ ਜਾਨ ਬਚਾਉਂਦਾ ਥਾਂ-ਥਾਂ ਲੁਕਦਾ ਫਿਰਦਾ ਹੈ ਤੇ ਉਨ੍ਹਾਂ ਦਾ ਡਰ ਪ੍ਰਤੱਖ ਰੂਪ ਵਿਚ ਸਰੀਰ ਵਿਚ ਪ੍ਰਤੀਤ ਦਿੰਦਾ ਹੈ। ਉਹ ਰੋਂਦਾ ਹੈ, ਮਦਦ ਲਈ ਹਾਕਾਂ ਮਾਰਦਾ ਹੈ, ਦਿਲ ਧਕ-ਧਕ ਕਰਨ ਲਗ ਜਾਂਦਾ ਹੈ। ਜਦੋਂ ਜਾਗ ਖੁਲ੍ਹ ਜਾਂਦੀ ਹੈ ਤਾਂ ਸੁਪਨੇ ਦੇ ਵਾਤਾਵਰਨ ਨੂੰ ਸੋਚ ਕੇ ਹੈਰਾਨ ਹੁੰਦਾ ਹੈ ਕਿ ਮੈਂ ਐਵੇਂ ਹੀ ਡਰਦਾ ਰਿਹਾ, ਰੋਂਦਾ ਰਿਹਾ। ਇਹ ਤਾਂ ਕੇਵਲ ਇਕ ਸੁਪਨੇ ਦੀ ਗੱਲ ਸੀ ਅਤੇ ਆਪਣੇ ਮਨ ਨੂੰ ਕੋਸਦਾ ਹੈ ਕਿ ਮੈਂ ਐਵੇਂ ਡਰਦਾ, ਚੀਕਾਂ ਮਾਰਦਾ ਰਿਹਾ, ਇਹ ਤਾਂ ਇਕ ਸੁਪਨਾ ਹੀ ਸੀ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***
***ਦ੍ਰਿਸਟਿਮਾਨ ਸਭੁ ਬਿਨਸੀਐ***
***ਕਿਆ ਲਗਹਿ ਗਵਾਰ॥ ਅੰਗ- 808***

ਅੱਗੇ ਹੋਰ ਫੁਰਮਾਨ ਕਰਦੇ ਹਨ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ***
***ਜਾਗਤ ਭਖਲਾਇਆ॥***
***ਆਰਜਾ ਗਈ ਵਿਹਾਇ***
***ਧੰਧੈ ਧਾਇਆ॥***
***ਪੂਰਨ ਭਏ ਨ ਕਾਮ***
***ਮੋਹਿਆ ਮਾਇਆ॥***
***ਕਿਆ ਵੇਚਾਰਾ ਜੰਤੁ***
***ਜਾ ਆਪਿ ਭੁਲਾਇਆ॥ ਅੰਗ - 707***

ਇਸੇ ਤਰ੍ਹਾਂ ਦੇ ਨਾਲ ਜਿਸਨੂੰ ਅਸੀਂ ਜਾਗਰਤ ਅਵਸਥਾ ਕਹਿੰਦੇ ਹਾਂ, ਇਹ ਵੀ ਇਕ ਸੁਪਨਾ ਹੀ ਹੈ; ਰੈਣ ਦਾ ਸੁਪਨਾ ਥੋੜ੍ਹੇ ਸਮੇਂ ਦਾ ਹੋਇਆ ਕਰਦਾ ਹੈ, ਇਹ ਸੁਪਨਾ ਲੰਮੇ ਸਮੇਂ ਦਾ ਹੁੰਦਾ ਹੈ। ਜਦੋਂ ਜੀਵਨ ਛੱਡ ਜਾਂਦਾ ਹੈ ਤਾਂ ਇਹ ਲੰਮਾ ਜੀਵਨ ਭੀ ਸੁਪਨਾ ਹੀ ਬਣ ਜਾਇਆ ਕਰਦਾ ਹੈ। ਰੈਣ ਦੇ ਸੁਪਨੇ ਵਿਚ, ਉਹ ਸੁਪਨਾ ਸਤਿ ਪ੍ਰਤੀਤ ਦੇ ਰਿਹਾ ਸੀ। ਉਮਰ ਦੇ ਸੁਪਨੇ ਵਿਚ ਸਾਰੀ ਆਯੂ ਦਾ ਜੀਵਨ ਸਤਿ ਪ੍ਰਤੀਤ ਦੇ ਰਿਹਾ ਸੀ ਪਰ ਜਦੋਂ ਸਰੀਰ ਛੱਡ ਕੇ ਪ੍ਰਲੋਕ ਜਾਂਦੇ ਹਾਂ, ਉਸ ਵੇਲੇ ਸੰਸਾਰਕ ਜੀਵਨ, ਸੁਪਨਾ ਪ੍ਰਤੀਤ ਦਿੰਦਾ ਹੈ। ਇਸ ਤਰ੍ਹਾਂ ਦੇ ਨਾਲ ਇਕ ਸੇਰ ਆਟਾ ਵੀ ਖਾਇਆ ਹੀ ਜਾਣਾ ਹੈ, ਦੋ ਹਜ਼ਾਰ ਕਿਲੋ ਆਟਾ ਵੀ ਖਾਇਆ ਹੀ ਜਾਣਾ ਹੈ। ਸੋ ਰਾਤ ਦਾ ਸੁਪਨਾ ਛੋਟਾ ਹੁੰਦਾ ਹੈ ਅਤੇ ਉਮਰ ਦਾ ਸੁਪਨਾ ਲੰਮਾ ਹੁੰਦਾ ਹੈ; ਪਰ ਹੈ ਦੋਵੇਂ ਸੁਪਨੇ ਹੀ। ਜਿਵੇਂ ਸੁਪਨ ਔਰ ਮਨੋਰਾਜ ਦੇ ਪਦਾਰਥ ਸੰਕਲਪ ਮਾਤਰ ਹੀ ਹੁੰਦੇ ਹਨ, ਇਸੇ ਤਰ੍ਹਾਂ ਜਾਗਰਤ ਦੇ ਪਦਾਰਥ ਵੀ ਸਿਰਫ ਕਲਪਨਾ ਮਾਤਰ ਹੀ ਹਨ, ਹੋਰ ਕੁਛ ਨਹੀਂ ਹੈ। ਜਿਵੇਂ ਸੁਪਨੇ ਦਾ ਸ਼ੇਰ, ਸੁਪਨੇ ਦਾ ਦੇਵਤਾ, ਸੁਪਨੇ ਦਾ ਸੱਪ ਕੇਵਲ ਫੁਰਨੇ ਮਾਤਰ

ਤੋਂ ਜ਼ਿਆਦਾ ਕੁਛ ਵੀ ਨਹੀਂ, ਇਸੇ ਤਰ੍ਹਾਂ ਜਾਗਰਤ ਅਵਸਥਾ ਦਾ ਸ਼ੇਰ ਫੁਰਨੇ ਮਾਤਰ ਤੋਂ ਜ਼ਿਆਦਾ ਕੁਛ ਵੀ ਅਹਮੀਅਤ ਨਹੀਂ ਰੱਖਦਾ, ਇਸ ਵਾਸਤੇ ਹੈ ਹੀ ਨਹੀਂ। ਜੇਕਰ ਕੋਈ ਸਤਿ ਵਸਤੂ ਹੈ ਤਾਂ ਉਹ ਕੇਵਲ ਆਤਮ ਵਸਤੂ ਹੀ ਹੈ, ਹੋਰ ਕੋਈ ਵਸਤੂ ਸਤਿ ਨਹੀਂ ਹੈ। ਆਤਮਾ ਨਿਰਾਕਾਰ, ਨਿਰਵਿਕਲਪ ਅਤੇ ਪੂਰਨ ਅਨੰਦ, ਚਿਦਾ ਅਕਾਸ਼ ਆਪਣੇ ਆਪ ਵਿਚ ਹਮੇਸ਼ਾ ਹੀ ਇਸ ਤਰ੍ਹਾਂ ਅਸਥਿਤ ਹੈ, ਜਿਸ ਤਰ੍ਹਾਂ ਪੱਥਰ ਆਪਣੀ ਕਠੋਰਤਾ ਵਿਚ ਅਸਥਿਤ ਹੈ, ਪਾਣੀ ਆਪਣੀ ਦਰੱਵਤਾ ਵਿਚ ਅਸਥਿਤ ਅਤੇ ਅਕਾਸ਼ ਆਪਣੀ ਸੁੰਨਤਾ ਵਿਚ ਅਸਥਿਤ ਹੋਵੇ। ਇਸੇ ਤਰ੍ਹਾਂ ਆਤਮਾ ਵੀ ਆਪਣੀ ਆਤਮਿਕਤਾ ਵਿਚ ਹਮੇਸ਼ਾ ਹੀ ਅਸਥਿਤ ਹੈ, ਜਿਸ ਤੋਂ ਬਿਨਾਂ, ਇਸ ਸੰਸਾਰ ਦੇ ਅੰਦਰ ਹੋਰ ਕੁਛ ਹੈ ਹੀ ਨਹੀਂ। ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ - ੮੪੬***

ਨਾਮ ਰੂਪ ਦੀ ਤਾਂ ਸਿਰਫ ਕਲਪਨਾ ਹੀ ਹੁੰਦੀ ਹੈ, ਦਿਖਾਈ ਤਾਂ ਹਰ ਚੀਜ਼ ਅਧਿਸ਼ਠਾਨ ਹੀ ਦਿਆ ਕਰਦੀ ਹੈ। ਜਿਵੇਂ ਸਮੁੰਦਰ ਦਾ ਪਾਣੀ ਬਹੁਤ ਉਚੀਆਂ-ਉਚੀਆਂ ਲਹਿਰਾਂ ਦੇ ਵਿਚ ਦਿਖਾਈ ਦਿੰਦਾ ਹੈ, ਅਸਲ ਵਿਚ ਉਹ ਪਾਣੀ ਹੀ ਹੈ। ਇਵੇਂ ਹੀ ਕਪੜਾ ਦਿਖਾਈ ਦਿੰਦਾ ਹੈ ਪਰ ਅਸਲ ਵਿਚ ਉਹ ਸੂਤਰ ਹੀ ਹੈ। ਜਿਵੇਂ ਕਲਪਨਾ ਤਾਂ ਬਰਤਨ ਦੀ ਹੁੰਦੀ ਹੈ ਪਰ ਦਿਖਾਈ ਮਿੱਟੀ ਹੀ ਦਿੰਦੀ ਹੈ। ਹਜ਼ਾਰਾਂ ਜੇਵਰ ਦਿਖਾਈ ਤਾਂ ਦੇਂਦੇ ਹਨ ਪਰ ਅਸਲ ਵਿਚ ਉਹ ਸੋਨਾ ਹੀ ਹੈ। ਜਿਵੇਂ ਸੈਂਕੜੇ ਘੜੇ ਪਏ ਹੋਣ, ਪਰ ਦਿਖਾਈ ਤਾਂ ਮਿੱਟੀ ਹੀ ਦਿੰਦੀ ਹੈ। ਇਸੇ ਤਰ੍ਹਾਂ ਕਲਪਨਾ ਤਾਂ ਨਾਮ ਰੂਪ ਪਰਪੰਚ ਅਤੇ ਸਰੀਰ ਦੀ ਹੁੰਦੀ ਹੈ, ਅਸਲ ਵਿਚ ਦਿਖਾਈ ਅਧਿਸ਼ਠਾਨ ਬ੍ਰਹਮ ਹੀ ਦਿੰਦਾ ਹੈ। ਜਿਵੇਂ ਮਿੱਟੀ ਤੋਂ ਅਨੇਕ ਘੜੇ ਬਣੇ ਹਨ, ਪਾਣੀ ਤੋਂ ਅਨੇਕ ਲਹਿਰਾਂ ਉਠਦੀਆਂ ਹਨ, ਸੋਨੇ ਤੋਂ ਅਨੇਕ ਕਿਸਮ ਦੇ ਗਹਿਣੇ ਬਣੇ ਹੋਏ ਹਨ, ਇਸੇ ਤਰ੍ਹਾਂ ਬ੍ਰਹਮ ਤੋਂ ਸਾਰਾ ਦ੍ਰਿਸ਼ਟਮਾਨ ਸੰਸਾਰ ਬਣਿਆ ਹੋਇਆ ਹੈ। ਬ੍ਰਹਮ ਨੂੰ ਜਗਤ ਕਹਿਣਾ ਮਨ ਦੀ ਕਲਪਨਾ ਮਾਤਰ ਹੀ ਹੈ, ਆਤਮਾ ਨਿਤ ਮੁਕਤ ਹੈ। ਜਦੋਂ ਅਜਿਹਾ ਨਿਸਚਾ ਹਰ ਵਕਤ ਬੁੱਧੀ ਵਿਚ ਦ੍ਰਿੜ੍ਹ ਹੋ ਕੇ ਵਸਦਾ ਹੈ ਤਾਂ ਪੂਰਨ ਗਿਆਨ ਹੋ ਕੇ ਸੰਸਾਰ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ। ਜਗਤ ਕੇਵਲ ਭਰਮ ਮਾਤਰ ਕਰਕੇ ਪ੍ਰਤੀਤ ਦੇਂਦਾ ਹੈ, ਜਿਸ ਦੀ ਸਤੱਤਾ ਤਿੰਨ ਕਾਲ ਹੀ ਝੂਠੀ ਹੈ। ਅਸਲ ਵਿਚ ਸਭ ਪਾਸੇ ਇਕ ਆਤਮਾ ਹੀ ਆਤਮਾ ਹੈ ਜੋ ਕਿ ਨਿਰਾਕਾਰ, ਅਚੱਲ ਅਤੇ ਕੂਟਅਸਥ ਹੈ।

ਮਨ ਫੁਰਨੇ ਨੂੰ ਕਹਿੰਦੇ ਹਨ ਅਤੇ ਫੁਰਨਾ ਅਕਾਸ਼ ਰੂਪ ਹੈ, ਅਰ ਅਕਾਸ਼ ਸੁੰਨ ਰੂਪ ਹੈ। ਸੁੰਨ ਖਾਲੀ ਨੂੰ ਕਹਿੰਦੇ ਹਨ, ਯਾਨਿ ਕੁਛ ਵੀ ਨਾ ਹੋਵੇ, ਉਸਨੂੰ ਸੁੰਨ ਆਖਦੇ ਹਨ। ਇਸ ਵਾਸਤੇ ਜਗਤ ਜਿਸਨੂੰ ਕਹਿੰਦੇ ਹਨ, ਅਜਿਹੀ ਵਿਚਾਰ, ਵਿਚਾਰਨ ਤੋਂ ਆਤਮਾ ਵਿਚ ਹੀ ਲੈਅ ਹੋ ਜਾਂਦੀ ਹੈ ਅਤੇ ਬਾਕੀ ਆਤਮਾ ਹੀ ਬਚਦੀ ਹੈ। ਕੇਵਲ ਭਰਮ ਹੋਣ ਕਰਕੇ ਜਗਤ ਆਤਮਾ ਤੋਂ ਅੱਡਰਾ ਭਾਸਣ ਲੱਗ ਗਿਆ ਅਤੇ ਲੰਮਾ ਅਧਿਆਸ ਹੋਣ ਕਰਕੇ ਇਹ ਸੱਚਾ ਪ੍ਰਤੀਤ ਹੋਣ ਲਗ ਗਿਆ, ਇਹ ਆਤਮਾ ਤੋਂ ਅਲਹਿਦਾ ਨਹੀਂ ਹੈ। ਜਿਵੇਂ ਮਟਕ ਚਾਨਣੇ ਵਿਚ ਕੋਈ ਰੱਸੀ ਪਈ ਹੋਵੇ, ਉਸ ਵਿਚ ਅਗਿਆਨ-ਵਸ ਸੱਪ ਦਾ ਭਰਮ ਹੋ ਜਾਵੇ ਤਾਂ ਅਸੀਂ ਸੱਚਮੁਚ ਡਰਦੇ ਭੀ ਹਾਂ, ਦੂਜਿਆਂ ਨੂੰ ਮਦਦ ਵਾਸਤੇ ਬੁਲਾਉਂਦੇ ਭੀ ਹਾਂ; ਜਦ ਤਕ ਹਨ੍ਹੇਰਾ ਹੈ, ਅਸੀਂ ਡਰਦੇ ਅਤੇ ਕੰਬਦੇ ਹੀ ਰਹਾਂਗੇ ਅਤੇ ਇਸ ਭਰਮ ਦੇ ਵੱਸ ਪਏ ਅਨੇਕ ਤਰ੍ਹਾਂ ਦੀਆਂ ਕਲਪਨਾਵਾਂ ਮਨ ਵਿਚ ਚਿਤਵਾਂਗੇ। ਪਰ ਜਦੋਂ ਦਿਨ ਚੜ੍ਹ ਜਾਂਦਾ ਹੈ, ਰੱਸੀ ਪ੍ਰਤੱਖ ਦਿਸਣ ਲਗ ਗਈ ਤਾਂ ਅਸੀਂ ਆਪਣੇ ਅਗਿਆਨ ਉਪਰ ਆਪ ਹੀ ਹੱਸਾਂਗੇ। ਇਸ ਨਾਲ ਭਰਮ ਪੈਣ ਕਰਕੇ ਸਾਨੂੰ ਅਣਹੋਏ ਜਗਤ ਦਾ ਲੰਮਾ ਅਧਿਆਸ ਹੋ ਗਿਆ। ਇਸ ਅਧਿਆਸ ਦੇ ਕਾਰਨ ਸਾਨੂੰ ਇਹ ਜਗਤ ਹਰੀ ਦਾ ਰੂਪ ਦਿਸਣ ਦੀ ਥਾਂ ਦੁਖ-ਸੁਖ, ਹਾਵੇ-

ਹਉਂਕਿਆਂ, ਖੁਸ਼ੀਆਂ-ਗਮੀਆਂ ਆਦਿ ਦੁਵੰਦ ਵਿਚ ਦੁਖਾਂ ਦਾ ਘਰ ਪ੍ਰਤੀਤ ਦਿੰਦਾ ਹੈ ਅਤੇ ਸਤਿ ਪ੍ਰਤੀਤ ਦਿੰਦਾ ਹੈ।

ਸੋ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਿਵੇਂ ਧੂਏਂ ਦਾ ਪਹਾੜ ਸਤਿ ਨਹੀਂ ਹੋਇਆ ਕਰਦਾ, ਇਵੇਂ ਇਹ ਸੰਸਾਰ ਭੀ ਸਤਿ ਨਹੀਂ ਹੁੰਦਾ। ਸਤਿ ਕੀ ਹੈ? ਇਕੋ ਪ੍ਰਭੂ ਅਨੇਕ ਰੂਪਾਂ ਰੰਗਾਂ ਵਿਚ ਦਿਖਾਈ ਦੇ ਰਿਹਾ ਹੈ। ਜੋ ਕੁਛ ਵੀ ਨਜ਼ਰ ਆ ਰਿਹਾ ਹੈ, ਉਹ ਆਪੇ ਆਪ ਹੀ ਹੈ।

ਜੋ ਚੀਜ਼ ਆਪਣੇ ਆਪੇ ਤੋਂ ਪਸਰੀ ਹੋਵੇ, ਉਹ ਆਪਣਾ ਹੀ ਰੂਪ ਹੋਇਆ ਕਰਦੀ ਹੈ ਜਿਵੇਂ ਕਿ ਇਹ ਬੰਦਾ ਇਕ ਛੋਟੇ ਜਿਹੇ ਬੀਜ ਤੋਂ ਕਿੰਨਾ ਸੁੰਦਰ ਤੇ ਕਿੰਨੇ ਵਿਸਥਾਰ ਵਾਲਾ ਹੁੰਦਾ ਹੋਇਆ ਵੀ ਉਸ ਬੀਜ ਦਾ ਹੀ ਪਸਾਰਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ-

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥***

***ਅੰਗ - ੧੩੬***

ਇਸੇ ਤਰ੍ਹਾਂ ਨਾਲ ਇਸਨੂੰ ਹੋਰ ਸਪਸ਼ਟ ਕਰਨ ਲਈ 'ਸੁਖਮਨੀ ਸਾਹਿਬ' ਅੰਦਰ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ***
***ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥***
***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮੁ ਕਰਤਾ ਅਬਿਨਾਸ॥***
***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥***

***ਅੰਗ - ੨੭੫***

ਸੰਸਾਰ ਦੇ ਅੰਦਰ ਪੰਜ ਚੀਜ਼ਾਂ ਹਨ - ਇਕ ਨਾਮ, ਦੂਸਰਾ ਰੂਪ, ਤੀਸਰਾ ਸਤਿ, ਚੌਥਾ ਚਿੱਤ, ਪੰਜਵਾਂ ਅਨੰਦ। ਇਨ੍ਹਾਂ ਵਿਚ 'ਸਤਿ ਚਿੱਤ ਅਨੰਦ' ਸਭ ਦਾ ਆਪਣਾ ਆਪ ਹੀ ਹੈ ਜਾਂ ਐਂ ਕਹੋ ਕਿ ਆਪਣਾ ਰੂਪ ਹੀ ਹੈ। ਇਸ ਵਿਚ ਨਾਮ ਤੇ ਰੂਪ ਦੋਵੇਂ ਚੀਜ਼ਾਂ ਮਿਥਿਆ ਹਨ ਅਤੇ ਥੋੜ੍ਹੀ ਦੇਰ ਵਾਸਤੇ ਪ੍ਰਤੀਤ ਦਿੰਦੀਆਂ ਹਨ। ਨਾਮ ਰੂਪ (ਜਿਸਮ ਤੇ ਜਗਤ) ਆਤਮਾ (ਸਤਿ ਚਿੱਤ ਅਨੰਦ) ਦੇ ਆਸਰੇ ਪ੍ਰਤੀਤ ਦਿੰਦਾ ਹੈ। ਇਸਦੇ ਅੰਦਰ ਬਾਹਰ ਕੇਵਲ 'ਸਤਿ ਚਿੱਤ ਅਨੰਦ' ਰਸ ਪਰੀਪੂਰਨ ਹੈ। ਨਾਮ ਤੇ ਰੂਪ 'ਸਤਿ ਚਿੱਤ ਅਨੰਦ' ਦੇ ਆਸਰੇ ਹੈ। ਨਾਮ ਤੇ ਰੂਪ ਮਿਥਿਆ ਹੈ - ਕਦੇ ਹੁੰਦੇ ਹਨ, ਕਦੇ ਨਹੀਂ ਹੁੰਦੇ। ਨਾਮ ਤੇ ਰੂਪ ਨੂੰ ਮਾਇਆ ਭੀ ਆਖਿਆ ਜਾਂਦਾ ਹੈ। ਸਤਿ ਚਿੱਤ ਅਨੰਦ (ਪ੍ਰਮਾਤਮਾ) ਸਦਾ ਹੀ ਰਹਿੰਦਾ ਹੈ। ਜਿਵੇਂ ਸਮੁੰਦਰ ਵਿਚ ਪਾਣੀ ਸਦਾ ਹੀ ਹੁੰਦਾ ਹੈ, ਲਹਿਰ, ਬੁਲਬੁਲੇ ਤੇ ਝੱਗ ਕਦੇ ਹੁੰਦੇ ਹਨ, ਕਦੇ ਨਹੀਂ ਹੁੰਦੇ। ਅਸੀਂ ਆਪਣੀ ਬਿਰਤੀ ਨਾਮ, ਰੂਪ ਨੂੰ ਛੱਡ ਕੇ ਸਤਿ ਚਿੱਤ ਅਨੰਦ ਦੇ ਨਾਲ ਜੋੜਨੀ ਹੈ। ਜਦੋਂ ਇਹ ਬਿਰਤੀ ਇਕ ਚਿਤ ਹੋ ਕੇ ਆਪਣੇ ਆਪੇ ਦੇ ਨਾਲ ਜੁੜ ਜਾਵੇਗੀ ਤਾਂ ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇਗਾ। ਜਿੰਨੀ-ਜਿੰਨੀ ਕਿਸੇ ਦੀ ਬਿਰਤੀ ਨਾਮ ਤੇ ਰੂਪ ਤੋਂ ਦੂਰ ਹੁੰਦੀ ਜਾਵੇਗੀ, ਉਤਨੀ-ਉਤਨੀ ਹੀ ਆਤਮ ਸਰੂਪ ਵਿਚ ਡੁੱਬਦੀ ਜਾਵੇਗੀ ਅਤੇ ਉਤਨਾ ਹੀ ਸੁੱਖ ਤੇ ਸ਼ਾਂਤੀ ਵਧਦਾ ਜਾਵੇਗਾ।

ਅਖੀਰ ਵਿਚ ਜਦੋਂ ਕਰੜੇ ਅਭਿਆਸ ਦੇ ਕਾਰਨ ਭਰਮ ਦਾ ਨਾਸ਼ ਹੋ ਗਿਆ ਅਤੇ ਗੁਰੂਆਂ, ਮਹਾਂਪੁਰਸ਼ਾਂ ਦੀ ਕ੍ਰਿਪਾ ਦੇ ਸਦਕੇ ਅੰਦਰਲੇ ਨੇਤ੍ਰ ਖੁਲ੍ਹ ਗਏ ਅਤੇ ਦਿੱਬ ਦ੍ਰਿਸ਼ਟ ਪ੍ਰਾਪਤ ਹੋ ਗਈ ਤਾਂ ਨਾਮ ਤੇ ਰੂਪ ਭੀ ਵਾਹਿਗੁਰੂ ਦਾ ਰੂਪ ਹੀ ਬਣ ਜਾਣਗੇ। ਇਹ ਵਿਸ਼ਵ, ਵਾਹਿਗੁਰੂ ਦਾ ਰੂਪ ਪ੍ਰਤੱਖ ਰੂਪ ਵਿਚ ਨਜ਼ਰ ਆ ਕੇ ਆਪਣਾ ਆਪ ਵਾਹਿਗੁਰੂ ਵਿਚ ਲੀਨ ਹੋ ਜਾਵੇਗਾ। ਜਿਵੇਂ ਸਮੁੰਦਰ ਵਿਚ ਪਾਣੀ ਤੇ ਲਹਿਰਾਂ ਇਕ ਰੂਪ ਹੀ ਹਨ। ਸਮੁੰਦਰ ਨੇ ਲਹਿਰਾਂ ਕਦੇ ਵੀ ਨਹੀਂ ਦੇਖੀਆਂ ਕਿਉਂਕਿ ਉਹ ਸ਼ਾਂਤ ਰੂਪ ਅਤੇ ਲਹਿਰਾਂ ਦੇ ਰੂਪ ਵਿਚ ਸਮੁੰਦਰ ਆਪ ਹੀ ਹੈ। ਇਵੇਂ ਜਿਵੇਂ ਗਿਆਨਵਾਨਾਂ ਨੇ ਕਦੇ ਵੀ ਆਪਣੇ ਆਪ ਵਿਚ ਜਗਤ ਅਤੇ ਨਾਮ, ਰੂਪ ਦੀ ਉਪਾਧੀ ਦ੍ਰਿਸ਼ਟੀਗੋਚਰੇ ਨਹੀਂ ਕੀਤੀ। ਕਿਉਂਕਿ ਇਹ ਸਰਬੰਸ ਪ੍ਰਮੇਸ਼ਰ ਰੂਪ ਹੀ ਹੈ ਜਾਂ ਐਂ ਕਹੋ ਕਿ ਆਪਣਾ ਆਪ ਹੀ ਹੈ। ਗਿਆਨ ਦੀ ਅਵਸਥਾ ਦੇ

ਵਿਚ ਜੋ ਕੁਛ ਦੇਖਦਾ ਹੈ, ਜੋ ਕੁਛ ਸੁਣਦਾ ਹੈ, ਜੋ ਕੁਛ ਸਿਮਰਨ ਹੁੰਦਾ ਹੈ, ਸਭ ਆਪਣਾ ਆਪ ਹੀ ਪ੍ਰਤੀਤ ਦਿੰਦਾ ਹੈ; ਆਪਣੇ ਆਪ ਤੋਂ ਵੱਖਰੀ ਕੋਈ ਭੀ ਚੀਜ਼ ਨਹੀਂ। ਏਸ ਵਾਸਤੇ ਗੁਰੂ ਮਹਾਰਾਜ ਜੀ ਇਸਨੂੰ ਜਗਤ ਨਹੀਂ ਕਹਿੰਦੇ, ਇਸ ਸਮੁੱਚਤਾ ਨੂੰ ਪ੍ਰਮੇਸ਼ਰ ਹੀ ਕਹਿੰਦੇ ਹਨ –

***ਏ ਨੇਤ੍ਰਹੁ ਮੇਰਿਹੋ***
***ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ।।***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ।।***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ।।***
***ਗੁਰ ਪਰਸਾਦੀ ਬੁਝਿਆ***
***ਜਾ ਵੇਖਾ ਹਰਿ ਇਕੁ ਹੈ***
***ਹਰਿ ਬਿਨੁ ਅਵਰੁ ਨ ਕੋਈ।।***
***ਕਹੈ ਨਾਨਕੁ ਏਹਿ ਨੇਤ੍ਰ ਅੰਧ***
***ਸੇ ਸਤਿਗੁਰਿ ਮਿਲਿਐ***
***ਦਿਬ ਦ੍ਰਿਸਟਿ ਹੋਈ।। ਅੰਗ – ੯੨੨***

ਆਤਮ ਵਿਸ਼ੈਣੀ ਬੁੱਧਿ ਪ੍ਰਾਪਤ ਹੋਣ ਨਾਲ ਜਦੋਂ ਆਪਾ ਚੀਨਿਆਂ ਜਾਂਦਾ ਹੈ ਤਾਂ ਪ੍ਰਮੇਸ਼ਰ ਤੋਂ ਬਗੈਰ ਕੋਈ ਵੀ ਚੀਜ਼ ਦਿਖਾਈ ਨਹੀਂ ਦਿੰਦੀ –

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।***
***ਗੋਬਿੰਦ ਬਿਨੁ ਨਹੀ ਕੋਈ।।***
***ਅੰਗ – ੪੮੫***

ਪ੍ਰਸ਼ਨ –**ਗਿਆਨ ਦੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਕਿਸ ਚੀਜ਼ ਦੀ ਹੈ?**

ਉਤਰ – ਗਿਆਨ ਦੇ ਮਾਰਗ ਵਿਚ ਸਭ ਤੋਂ ਵਿਘਨਕਾਰੀ ਰੁਕਾਵਟ (hurdle) ਦੇਹ ਅਧਿਆਸ ਦੀ ਹੈ। ਯਾਨਿ ਆਪਣੇ ਆਪ ਨੂੰ ਇਹ ਮਹਾਂ ਦੁਖਾਂ ਭਰੀ, ਮਲਮੂਤਰ ਦੀ ਪ੍ਰਤੀਕ ਦੇਹ ਮੰਨਣਾ ਅਤੇ ਆਪਣੇ ਆਪ ਨੂੰ ਨਿਸ਼ਚੇਪੂਰਵਕ ਦੇਹ ਮੰਨਣਾ ਸਭ ਤੋਂ ਵੱਡੀ ਰੁਕਾਵਟ ਹੈ।

ਚਾਰ ਵਾਕ ਨਾਸਤਿਕ ਕਹਿੰਦੇ ਹਨ ਕਿ ਸਥੂਲ ਸਰੀਰ ਹੀ ਆਤਮਾ ਹੈ, ਇਹ ਸਭਨਾਂ ਨੂੰ ਦਿਸਦਾ ਹੈ। ਜੋ ਵਸਤੂ ਦਿਸਦੀ ਹੀ ਨਹੀਂ, ਜਿਸਦਾ ਕੋਈ ਰੂਪ ਹੀ ਨਹੀਂ, ਜਿਸਦਾ ਕੋਈ ਚੱਕ੍ਰ ਚਿਹਨ ਹੀ ਨਹੀਂ, ਜਿਸ ਦੀ ਕੋਈ ਰੇਖਾ ਹੀ ਨਹੀਂ, ਉਹ ਚੀਜ਼ ਤਾਂ ਹੋਇਆ ਹੀ ਨਹੀਂ ਕਰਦੀ। ਇਹ ਸਰੀਰ ਸਭ ਦੇ ਦੇਖਣ ਵਿਚ ਆਉਂਦਾ ਹੈ ਅਤੇ ਇਸਨੂੰ ਅਸੀਂ ਆਪਣਾ ਆਪਾ ਕਹਿੰਦੇ ਹਾਂ। ਸਭ ਲੋਕ ਕਹਿੰਦੇ ਹਨ – ਮੈਂ ਬਾਲਕ ਹਾਂ, ਮੈਂ ਜਵਾਨ ਹਾਂ, ਮੈਂ ਬਿਰਧ ਹਾਂ, ਮੈਂ ਬ੍ਰਾਹਮਣ ਹਾਂ, ਮੈਂ ਖੱਤ੍ਰੀ ਹਾਂ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਸਿਆਮ ਹਾਂ, ਮੈਂ ਵੈਸ਼ ਹਾਂ, ਮੈਂ ਸ਼ੂਦਰ ਹਾਂ, ਮੈਂ ਮਰਦ ਹਾਂ, ਮੈਂ ਇਸਤਰੀ ਹਾਂ, ਮੈਂ ਮੋਟਾ ਹਾਂ, ਮੈਂ ਪਤਲਾ ਹਾਂ, ਮੈਂ ਲੰਬਾ ਹਾਂ, ਮੈਂ ਛੋਟਾ ਹਾਂ ਇਤਿਆਦਿ। ਜਿੰਨੀਆਂ ਵਿਚ 'ਮੈਂ-ਮੈਂ' ਯਾਨਿ 'ਅਹੰ-ਅਹੰ' ਬੁੱਧੀਆਂ ਹੋ ਰਹੀਆਂ ਹਨ, ਇਹ ਸਾਰੀਆਂ ਸਥੂਲ ਦੇ ਵਿਚ ਹੀ ਹੋ ਰਹੀਆਂ ਹਨ, ਤਾਂ ਤੇ ਸਥੂਲ ਸਰੀਰ ਹੀ ਆਤਮਾ ਹੈ। ਸੰਸਾਰ ਦੇ ਅੰਦਰ ਕੀ ਅਨਪੜ੍ਹ, ਕੀ ਪੜ੍ਹਿਆ-ਲਿਖਿਆ, ਸਭ ਹੀ ਦੇਹ ਦੇ ਵਿਚ ਅਹੰ ਬੁੱਧੀ ਧਾਰ ਕੇ ਆਪਣਾ ਨਾਮ, ਪਤਾ ਦੱਸਦੇ ਹਨ ਅਤੇ ਇਸ ਸਰੀਰ ਨੂੰ ਸ਼ਿੰਗਾਰਦੇ ਹਨ, ਇਸ ਵਿਚ ਖੁਸ਼ੀ ਮਹਿਸੂਸ ਕਰਦੇ ਹਨ, ਕਿਉਂਕਿ ਇਹ ਸਭ ਆਪਣੇ ਨੂੰ, ਆਪਣੀ ਦੇਹ ਨੂੰ ਹੀ ਆਤਮਾ ਸਮਝਦੇ ਹਨ। ਇਹਦੇ ਵਿਚ ਹੀ ਮਮਤਾ ਧਾਰਨ ਕਰਕੇ ਕਹਿੰਦੇ ਹਨ – ਮੇਰਾ ਸਰੀਰ, ਮੈਂ ਜਵਾਨ, ਮੈਂ ਬਿਰਧ, ਮੈਂ ਬਾਲਕ, ਮੈਂ ਖਤ੍ਰੀ, ਮੈਂ ਕਾਲਾ, ਮੈਂ ਗੋਰਾ, ਮੈਂ ਸਿਆਮ, ਮੈਂ ਵੈਸ਼, ਮੈਂ ਸ਼ੂਦਰ, ਮੈਂ ਮਰਦ, ਮੈਂ ਇਸਤ੍ਰੀ, ਮੈਂ ਮੋਟਾ, ਮੈਂ ਪਤਲਾ, ਮੈਂ ਲੰਬਾ, ਮੈਂ ਛੋਟਾ ਹਾਂ। ਮਮਤਾ ਹਮੇਸ਼ਾ ਅਨਾਤਮ ਚੀਜ਼ਾਂ ਨਾਲ ਸਬੰਧ ਰੱਖਿਆ ਕਰਦੀ ਹੈ। ਜਿਥੇ ਮਮਤਾ ਹੁੰਦੀ ਹੈ, ਉਹ ਆਤਮਾ ਨਹੀਂ ਹੁੰਦੀ; ਆਤਮਾ ਉਸਤੋਂ ਨਿਆਰੀ ਹੁੰਦੀ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਇਹ ਮੇਰਾ ਸਰੀਰ ਹੈ ਤਾਂ ਅਸੀਂ ਆਪਣੇ ਆਪ ਨੂੰ ਸਰੀਰ ਤੋਂ ਨਿਆਰਾ ਜਾਣ ਕੇ ਕਹਿੰਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ, ਇਹ ਮੇਰਾ ਸਰੀਰ ਹੈ ਜੇ ਅਸੀਂ ਸਰੀਰ ਹੋਈਏ ਤਾਂ 'ਮੈਂ ਸਰੀਰ' ਕਿਹਾ ਜਾਂਦਾ। ਸੋ ਇਸ ਕਰਕੇ ਸਰੀਰ ਤੋਂ ਅਸੀਂ ਨਿਆਰੇ ਹਾਂ। ਜਿਵੇਂ ਕਿ ਅਸੀਂ ਕਹੀਏ ਕਿ ਇਹ ਮੇਰਾ ਘਰ ਹੈ। ਇਸ ਦੇ ਕਹਿਣ ਤੋਂ ਭਾਵ ਹੈ ਕਿ ਮੈਂ ਘਰ ਨਹੀਂ, ਮੈਂ ਘਰ ਤੋਂ ਨਿਆਰਾ ਹਾਂ ਤੇ ਘਰ ਮੇਰਾ ਹੈ। ਇਸ ਕਰਕੇ ਇਹ ਸਥੂਲ ਸਰੀਰ ਆਤਮਾ ਨਹੀਂ ਹੈ। ਜਦੋਂ ਆਦਮੀ ਮਰ ਜਾਂਦਾ ਹੈ ਤਾਂ ਸਰੀਰ

ਸਾੜ ਦਿਤਾ ਜਾਂਦਾ ਹੈ। ਆਤਮਾ ਅ-ਜਰ ਹੈ, ਅਮਰ ਹੈ; ਐਸਾ ਧਰਮ ਗ੍ਰੰਥਾਂ ਵਿਚ ਸੁਣਿਆ ਜਾਂਦਾ ਹੈ। ਤਾਂ ਤੇ ਇਸ ਨੌਂ ਦਰਵਾਜ਼ਿਆਂ ਵਾਲੇ ਸਥੂਲ ਸਰੀਰ ਵਿਚ ਇਹ ਬੁੱਧੀ ਧਾਰਨੀ ਮਹਾਂ ਮੂਰਖਤਾ ਹੈ।

ਇਹ ਸਰੀਰ ਆਤਮਾ ਦਾ ਢੱਕਣਾ (ਪੜਦਾ) ਹੈ ਅਤੇ ਇਸ ਪੜਦੇ ਦਾ ਨਾਮ ਅੰਨਮਈ ਕੋਸ਼ ਸਿਆਣੇ ਕਹਿੰਦੇ ਹਨ। ਇਸ ਤੋਂ ਅੱਗੇ ਸੂਖਸ਼ਮ ਸਰੀਰ ਅਤੇ ਕਾਰਨ ਸਰੀਰ ਹਨ। ਸੂਖਸ਼ਮ ਸਰੀਰ ਵਿਚ ਤਿੰਨ ਕੋਸ਼ ਹੁੰਦੇ ਹਨ - ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼। ਇਨ੍ਹਾਂ ਤਿੰਨਾਂ ਸਰੀਰਾਂ ਵਿਚ ਜੋ ਪ੍ਰਾਣਮਈ ਕੋਸ਼ ਹੈ, ਕਈ ਉਸਨੂੰ ਹੀ ਆਤਮਾ ਮੰਨਦੇ ਹਨ; ਉਨ੍ਹਾਂ ਵਿਚ ਵੀ ਦੋ ਮਤਿ ਹਨ। ਇਕ ਤਾਂ ਇੰਦ੍ਰੀਆਂ ਨੂੰ ਹੀ ਆਤਮਾ ਮੰਨਦੇ ਹਨ। ਮੈਂ ਦੇਖਦਾ ਹਾਂ, ਮੈਂ ਸੁਣਦਾ ਹਾਂ, ਮੈਂ ਲੈਂਦਾ ਹਾਂ, ਮੈਂ ਚਲਦਾ ਹਾਂ। ਇਸ ਪ੍ਰਕਾਰ 'ਮੈਂ' ਹੰਗਤਾ, ਯਾਨਿ ਆਤਮਾ ਇੰਦ੍ਰੀਆਂ ਵਿਚ ਮਾਲੂਮ ਹੋ ਰਹੀ ਹੈ ਕਿਉਂਕਿ ਦੇਖਣ ਵਾਲਾ, ਸੁਣਨ ਵਾਲਾ, ਚਲਣ ਵਾਲਾ ਇੰਦ੍ਰੀਆਂ ਹੀ ਹਨ ਅਤੇ ਇਨ੍ਹਾਂ ਵਿਚ ਹੀ 'ਮੈਂ' ਹੰਗਤਾ ਕਰਦਾ ਹਾਂ ਪਰ ਇਹ ਉਸਦਾ ਭਰਮ ਹੈ ਕਿਉਂਕਿ ਅਸਥੂਲ ਸਰੀਰ ਵਾਂਗੂੰ ਇਨ੍ਹਾਂ ਇੰਦ੍ਰੀਆਂ ਵਿਚ ਮਮਤਾ (ਅਨਾਤਮਾ) ਭੀ ਹੁੰਦੀ ਹੈ ਯਾਨਿ ਕਿ ਮੇਰਾ-ਪਨ ਹੁੰਦਾ ਹੈ। ਜਿਸਦੇ ਵਿਚ ਮੇਰਾ - ਪਨ ਹੋਵੇ, ਉਹ ਚੀਜ਼ ਆਤਮਾ ਨਹੀਂ ਹੁੰਦੀ ਕਿਉਂਕਿ ਆਤਮਾ 'ਮੈਂ' ਹੀ ਹਾਂ। ਇਨ੍ਹਾਂ ਇੰਦ੍ਰੀਆਂ ਵਿਚ ਮੇਰਾ-ਪਨ ਹੁੰਦਾ ਹੈ ਜਿਵੇਂ ਲੋਕ ਕਹਿੰਦੇ ਹਨ - ਮੇਰੇ ਨੇਤ੍ਰ ਕਮਜ਼ੋਰ ਹਨ, ਕੰਨ ਬੋਲੇ ਹਨ, ਹੱਥ ਕੰਬਦੇ ਹਨ, ਮੇਰਾ ਪੈਰ ਦੁਖਦਾ ਹੈ; ਏਸ ਤਰ੍ਹਾਂ ਇੰਦ੍ਰੀਆਂ ਨੂੰ ਅਸੀਂ 'ਮੇਰਾ' ਕਹਿੰਦੇ ਹਾਂ। ਇਹ ਕਹਿ ਕੇ ਅਸੀਂ ਆਪਣੇ ਆਪ ਨੂੰ ਇਨ੍ਹਾਂ ਤੋਂ ਵੱਖਰਾ ਸਮਝਦੇ ਹਾਂ ਜਿਵੇਂ ਕਿ ਕੋਈ ਕਹੇ ਕਿ ਇਹ ਮੇਰਾ ਘਰ ਹੈ। ਘਰ ਕਹਿਣ ਵਾਲਾ, ਆਪਣੇ ਆਪ ਨੂੰ ਘਰ ਤੋਂ ਨਿਆਰਾ ਹੋ ਕੇ ਕਹਿ ਰਿਹਾ ਹੈ। ਇਸ ਕਰਕੇ ਜਿਸ ਚੀਜ਼ ਵਿਚ ਮੇਰ ਹੋਵੇ, ਉਹ ਆਤਮਾ ਨਹੀਂ ਹੈ। ਅਸੀਂ ਇੰਦ੍ਰੀਆਂ ਨੂੰ ਮੇਰੀ ਜੀਭ, ਮੇਰੇ ਪੈਰ ਕਹਿੰਦੇ ਹਾਂ, ਇਸ ਵਾਸਤੇ ਅਸੀਂ ਇਨ੍ਹਾਂ ਤੋਂ ਨਿਆਰੇ ਹਾਂ। ਫੇਰ ਪ੍ਰਾਣਧਾਰੀ ਕਹਿੰਦਾ ਹੈ ਕਿ ਪ੍ਰਾਣ ਹੀ ਆਤਮਾ ਹੈ, ਪ੍ਰਾਣਾਂ ਕਰਕੇ ਹੀ ਸਾਰੇ ਸਰੀਰ ਦਾ ਵਿਹਾਰ ਹੁੰਦਾ ਹੈ, ਪ੍ਰਾਣਾਂ ਕਰਕੇ ਹੀ ਸਾਰੀਆਂ ਇੰਦ੍ਰੀਆਂ ਆਪਣਾ-ਆਪਣਾ ਕੰਮ ਕਰ ਰਹੀਆਂ ਹਨ। ਜੇ ਸਰੀਰ ਵਿਚੋਂ ਪ੍ਰਾਣ ਨਿਕਲ ਜਾਣ ਤਾਂ ਸਰੀਰ ਇਕ ਦਮ ਮੁਰਦਾ ਹੋ ਜਾਂਦਾ ਹੈ। ਮੁਰਦਾ ਹੋਏ ਸਰੀਰ ਨੂੰ ਕੋਈ ਜਲਾ ਦੇਂਦਾ ਹੈ, ਕੋਈ ਪਾਣੀ ਵਿਚ ਡੋਬ ਦਿੰਦਾ ਹੈ। ਪ੍ਰਾਣਾਂ ਤੋਂ ਬਿਨਾਂ, ਇਸ ਸਰੀਰ ਦੀ ਦੁਰਦਸ਼ਾ ਹੁੰਦੀ ਹੈ। ਜੇ ਪ੍ਰਾਣ ਸਰੀਰ ਵਿਚ ਹੋਣ ਤਾਂ ਸਰੀਰ ਦੀ ਕਦਰ ਹੁੰਦੀ ਹੈ, ਸਰੀਰ ਸ਼ਿੰਗਾਰਿਆ ਜਾਂਦਾ ਹੈ, ਖਲਾ-ਪਿਲਾ ਕੇ ਤਕੜਾ ਕੀਤਾ ਜਾਂਦਾ ਹੈ। ਇਸ ਕਰਕੇ ਇਹ ਸਮਝਦੇ ਹਨ ਕਿ ਪ੍ਰਾਣ ਹੀ ਅਸਲ ਵਸਤੂ ਹੈ। ਤਾਂ ਤੇ ਪ੍ਰਾਣ ਹੀ ਆਤਮਾ ਹੈ।

ਲੋਕ ਇਹ ਕਹਿੰਦੇ ਹਨ ਕਿ ਮੈਂ ਭੁਖਾਂ ਹਾਂ, ਮੈਂ ਪਿਆਸਾ ਹਾਂ। ਭੁੱਖ ਪਿਆਸ ਹਮੇਸ਼ਾ ਪ੍ਰਾਣਾਂ ਨੂੰ ਹੀ ਲਗਦੀ ਹੈ - ਨਾ ਅੱਖਾਂ ਨੂੰ, ਨਾ ਨੱਕ ਨੂੰ, ਨਾ ਕੰਨਾਂ ਨੂੰ ਭੁੱਖ ਲਗਦੀ ਹੈ; ਭੁੱਖ ਹਮੇਸ਼ਾ ਪ੍ਰਾਣਾਂ ਨੂੰ ਲਗਦੀ ਹੈ। 'ਮੈਂ ਭੁੱਖਾ' ਕਹਿਣ ਤੋਂ ਪ੍ਰਾਣ ਹੀ ਆਤਮਾ ਸਿਧ ਹੁੰਦੇ ਹਨ ਤਾਂ ਤੇ ਪ੍ਰਾਣ ਹੀ ਆਤਮਾ ਹੋਏ! ਪਰ ਦੇਖਿਆ ਇਹ ਗਿਆ ਹੈ ਕਿ ਮਨੁੱਖ, ਪ੍ਰਾਣਾਂ ਵਿਚ ਮਮਤਾ ਧਾਰਨ ਕਰਦਾ ਹੈ ਅਤੇ ਕਹਿੰਦਾ ਹੈ ਕਿ ਮੇਰੇ ਪ੍ਰਾਣ ਕਿਤੇ ਸਰੀਰ ਨਾ ਛੱਡ ਜਾਣ। ਇਥੇ ਮੇਰੇ ਪ੍ਰਾਣ ਕਹਿਣ ਤੋਂ ਇਹ ਸਿੱਧ ਹੁੰਦਾ ਹੈ ਕਿ ਮੈਂ ਪ੍ਰਾਣਾਂ ਤੋਂ ਵੱਖਰਾ ਹਾਂ। ਇਸ ਕਰਕੇ ਪ੍ਰਾਣ, ਆਤਮਾ ਨਹੀਂ। ਤਾਂ ਦੂਸਰਾ ਕਹਿੰਦਾ ਹੈ ਕਿ ਜੇ ਤੁਸੀਂ ਪ੍ਰਾਣਾਂ ਨੂੰ ਆਤਮਾ ਨਹੀਂ ਮੰਨਦੇ, ਤਾਂ ਮਨ ਤਾਂ ਆਤਮਾ ਹੈ ਹੀ। ਮਨ ਨੂੰ ਹੀ ਆਤਮਾ ਕਹਿਣਾ ਚਾਹੀਦਾ ਹੈ ਕਿਉਂਕਿ ਮਨ ਬਿਨਾਂ, ਇੰਦ੍ਰੀਆਂ ਨੂੰ ਕੋਈ ਗਿਆਨ ਨਹੀਂ ਹੁੰਦਾ। ਜਦੋਂ ਅਸੀਂ ਪ੍ਰਸ਼ਾਦਾ ਛਕਦੇ ਹਾਂ ਤਾਂ ਘਰ ਵਾਲੀ ਨੇ ਪੁਛਿਆ ਕਿ ਦਾਲ ਵਿਚ ਨਮਕ, ਮਿਰਚ ਕਿਸ ਤਰ੍ਹਾਂ ਹੈ ਤਾਂ ਕਈ ਵਾਰੀ ਅਸੀਂ ਕਹਿਦੇ ਹਾਂ ਕਿ ਮੇਰਾ ਮਨ ਗੈਰਹਾਜ਼ਰ ਸੀ, ਹੁਣ ਬੁਰਕੀ ਪਾ ਕੇ ਮੈਂ ਭੋਜਨ ਦਾ ਸਵਾਦ ਦਸਾਂਗਾ। ਦੁੱਖ-ਸੁੱਖ ਦਾ ਗਿਆਨ ਵੀ ਮਨ ਨੂੰ ਹੀ ਹੁੰਦਾ ਹੈ, ਅੱਖਾਂ, ਨੱਕ, ਕੰਨ, ਹੱਥਾਂ ਨੂੰ ਨਹੀਂ ਹੁੰਦਾ, ਪ੍ਰਾਣਾਂ ਨੂੰ ਵੀ ਗਿਆਨ ਨਹੀਂ। ਲੋਕ ਕਹਿੰਦੇ ਹਨ ਕਿ ਮੈਂ ਦੁਖੀ ਹਾਂ, ਸੁਖੀ ਹਾਂ; ਇਸ ਕਰਕੇ ਮਨ ਹੀ ਆਤਮਾ ਸਿਧ ਹੋਇਆ।

ਜੇ ਅਸੀਂ ਮਨ ਨੂੰ ਹੀ ਆਤਮਾ ਮੰਨ ਲਈਏ

ਤਾਂ ਇਹ ਵੀ ਨਿਰਮੂਲ ਦਲੀਲ ਹੈ। ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਮੇਰਾ ਮਨ ਨਹੀਂ ਟਿਕਦਾ, ਮੇਰਾ ਮਨ ਭਜਨ-ਪਾਠ ਵਿਚ ਨਹੀਂ ਲਗਦਾ। ਜਦੋਂ ਅਸੀਂ ਮਨ ਨੂੰ 'ਮੇਰਾ' ਕਹਿੰਦੇ ਹਾਂ ਤਾਂ ਸਾਡੀ ਮਮਤਾ ਮਨ ਵਿਚ ਹੋ ਜਾਂਦੀ ਹੈ। ਮੇਰਾ ਮਨ ਕਹਿਣ ਨਾਲ ਅਸੀਂ ਮਨ ਤੋਂ ਜੁਦਾ ਹੋਏ ਪ੍ਰਤੀਤ ਦਿੰਦੇ ਹਾਂ। ਇਸ ਕਰਕੇ ਮਨ ਭੀ ਆਤਮਾ ਨਹੀਂ ਕਿਉਂਕਿ ਆਤਮਾ 'ਮੈਂ' ਹੀ ਹੁੰਦੀ ਹੈ।

ਜੇਕਰ ਮਨ ਆਤਮਾ ਨਹੀਂ ਤਾਂ ਬੁੱਧੀ ਤਾਂ ਆਤਮਾ ਹੀ ਹੁੰਦੀ ਹੈ ਅਤੇ ਲੋਕ ਕਹਿੰਦੇ ਸੁਣੇ ਜਾਂਦੇ ਹਨ ਕਿ ਮੈਂ ਭੋਗਦਾ ਹਾਂ, ਮੈਂ ਕਰਦਾ ਹਾਂ, ਮੈਂ ਉਥੋਂ ਵਾਪਸ ਆ ਗਿਆ, ਮੈਂ ਪਰਲੋਕ ਨੂੰ ਜਾਂਦਾ ਹਾਂ; ਜੇ ਬੁੱਧੀ ਹੀ ਆਤਮਾ ਕਹੀ ਜਾਵੇ ਤਾਂ ਠੀਕ ਹੈ ਪਰ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਮੇਰੀ ਬੁੱਧੀ ਬੜੀ ਮੰਦੀ ਹੈ; ਦੂਸਰੇ ਨੂੰ ਕਹਿੰਦੇ ਹਾਂ ਕਿ ਇਸਦੀ ਬੁੱਧੀ ਬੜੀ ਤੇਜ਼ ਹੈ, ਮੇਰੀ-ਮੇਰੀ ਕਹਿਣ ਨਾਲ ਇਸ ਵਿਚ ਵੀ ਮਮਤਾ ਹੋਈ। ਇਸ ਕਰਕੇ ਬੁੱਧੀ ਵੀ ਆਤਮਾ ਨਹੀਂ ਹੈ।

ਇਸ ਤੋਂ ਅੱਗੇ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਬੁੱਧੀ ਦੇ ਅੰਦਰ ਅਨੰਦਮਈ ਆਤਮਾ ਹੈ, ਬੁੱਧੀ ਆਤਮਾ ਨਹੀਂ ਤੇ ਇਹ ਕਿਹਾ ਜਾਵੇ ਕਿ ਅਨੰਦਮਈ ਅਵਸਥਾ ਜੋ ਅਨੰਦ ਹੈ, ਇਹੀ ਆਤਮਾ ਹੈ। ਅਨੰਦਮਈ ਕੋਸ਼ ਨੂੰ 'ਕਾਰਨ ਸਰੀਰ' ਵੀ ਕਹਿੰਦੇ ਹਨ, ਅਗਿਆਨ ਵੀ ਕਹਿੰਦੇ ਹਨ ਤੇ ਅਵਿਦਿਆ ਵੀ ਕਹਿੰਦੇ ਹਨ ਅਤੇ ਅਜਿਹਾ ਕਿਹਾ ਜਾਂਦਾ ਹੈ ਕਿ ਅੱਜ ਮੈਂ ਰਾਤ ਨੂੰ ਬਹੁਤ ਅਨੰਦ ਨਾਲ ਸੋਇਆ ਅਤੇ ਮੈਨੂੰ ਕੁਛ ਵੀ ਪਤਾ ਨਹੀਂ ਲੱਗਿਆ। 'ਕੁਛ ਵੀ ਪਤਾ ਨਹੀਂ ਲੱਗਿਆ' ਇਕ ਅਵਸਥਾ ਹੈ ਜਿਸਨੂੰ ਅਗਿਆਨ ਕਹਿੰਦੇ ਹਨ, ਅਵਿਦਿਆ ਕਹਿੰਦੇ ਹਨ ਤੇ ਮਾਇਆ ਭੀ ਕਹਿੰਦੇ ਹਨ। ਜੇ ਕੋਈ ਇਹ ਕਹੇ ਕਿ ਇਹ ਮਾਇਆ ਰੂਪ ਅਨੰਦ ਹੀ ਆਤਮਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਆਤਮਾ ਗਿਆਨ ਸਰੂਪ, ਚੇਤਨ ਸਰੂਪ ਹੈ। ਮਾਇਆ ਨੂੰ ਮਹਾਂਪੁਰਸ਼ ਅਸੱਤਿ ਰੂਪ, ਜੜ੍ਹ ਰੂਪ, ਦੁਖ ਕਹਿੰਦੇ ਹਨ ਅਰ ਆਤਮਾ ਸਤਿ ਚਿੱਤ ਅਨੰਦ ਰੂਪ ਹੈ। ਇਸ ਕਰਕੇ ਮਾਇਆ ਰੂਪ ਅਨੰਦਮਈ ਕੋਸ਼ ਵੀ ਆਤਮਾ ਨਹੀਂ, ਪਰ ਜੇ ਇਹ ਕਹਿੰਦਾ ਹੈ ਕਿ ਇਸ ਅਗਿਆਨ ਰੂਪ ਅਨੰਦ ਨੂੰ ਵੇਖਣ ਵਾਲਾ ਵੀ ਕੋਈ ਹੈ, ਇਸ ਅਗਿਆਨ ਨੂੰ ਜਾਨਣ ਵਾਲਾ ਸਾਖੀ ਆਤਮਾ ਹੈ, ਉਹ ਅ-ਜਰ, ਅਮਰ, ਪਰੀਪੂਰਨ ਸਰੂਪ ਹੈ। ਤਾਂ ਤੇ ਉਸਨੂੰ ਹੀ ਆਪਣਾ ਸਰੂਪ ਨਿਸ਼ਚੇ ਕਰਾਂਗੇ। ਐਸਾ ਨਿਸ਼ਚਾ ਕਰਨ ਵਾਲੇ ਆਤਮਾ ਦੇ ਉਪਰ ਜੋ ਪੰਜ ਪੜਦੇ ਆਏ ਹਨ, ਉਨ੍ਹਾਂ ਤੋਂ ਨਿਆਰਾ ਆਪਣਾ ਆਪ ਆਤਮਾ ਹੈ।

ਇਹ ਸਾਰੀ ਵਿਚਾਰ ਦਾ ਸਿੱਟਾ ਇਹ ਹੋਇਆ ਕਿ ਮਲਮੂਤਰ ਵਾਲੀ ਦੇਹ ਦੇ ਵਿਚ ਜੇ ਅਸੀਂ ਮਮਤਾ ਕਰਕੇ ਉਸਨੂੰ ਆਪਣਾ ਆਪ ਮੰਨਦੇ ਹਾਂ, ਉਹ ਮਹਾਂ ਅਗਿਆਨ ਦਾ ਕਾਰਨ ਹੈ। ਗਿਆਨ ਪ੍ਰਾਪਤੀ ਵਿਚ ਸਭ ਤੋਂ ਵੱਡੀ ਵਿਘਨਕਾਰੀ ਸੋਚ ਆਪਣੇ ਆਪ ਨੂੰ ਮਲਮੂਤਰ ਦੀ ਪਵਿੱਤਰ ਦੇਹ ਮੰਨਣਾ, ਪ੍ਰਾਣ, ਇੰਦ੍ਰੀਆਂ ਮੰਨਣਾ, ਮਨ, ਬੁੱਧੀ ਮੰਨਣਾ - ਇਹ ਅਗਿਆਨ ਭਰੇ ਪੜਦੇ ਹਨ। ਆਤਮ ਗਿਆਨ ਵਾਸਤੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਅਤੇ ਗੁਰੂ ਗ੍ਰੰਥ ਸਾਹਿਬ ਜੀ ਉਪਰ ਪੂਰਨ ਨਿਸ਼ਚਾ, ਬਾਣੀ ਦਾ ਸੁਣਨਾ, ਮੰਨਣਾ, ਵਿਚਾਰਨਾ ਬਹੁਤ ਹੀ ਜ਼ਰੂਰੀ ਹੈ। ਇਹ ਜੀਵ ਮਾਇਆ ਦੇ ਅਸਰ ਵਿਚ ਸਦਾ ਹੀ ਆਪਣੇ ਆਪ ਨੂੰ ਭੁੱਲਿਆ ਰਹਿੰਦਾ ਹੈ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥***

***ਅੰਗ - ੪੪੧***

ਆਤਮਾ ਤੇ ਪਰਮਾਤਮਾ ਇਕ ਹਨ, ਤਾਂ ਤੇ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ - ੮੪੬***

ਅਗਿਆਨਤਾ ਕਰਕੇ ਅਸਾਨੂੰ ਦੇਹ ਅਧਿਆਸ ਹੋਣ ਕਰਕੇ ਅਸੀਂ ਮਲਮੂਤਰ ਰੂਪੀ ਦੇਹ ਮੰਨ ਕੇ ਅਗਿਆਨ ਵਸ ਪਏ ਦੁਖੀ ਹੋ ਰਹੇ ਹਾਂ।

***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥***

***ਅੰਗ - ੬੫੭***

# ਸੰਤ ਬਚਨ
## ਭਾਗ ਦੂਜਾ

ਸੰਤ ਮਹਾਰਾਜ (ਸ੍ਰੀ ੧੦੮ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ) ੧੯੬੧ ਮਈ ਵਿਚ ਅੰਮ੍ਰਿਤ ਵੇਲੇ (ਚੰਡੀਗੜ੍ਹ) ਦਰਸ਼ਨ ਦਿਆ ਕਰਦੇ ਸਨ। ਅੱਜ ਛੁੱਟੀ ਦਾ ਦਿਨ ਹੋਣ ਕਰਕੇ ਬਹੁਤ ਸਾਰੇ ਜਗਿਆਸੂ, ਹੋਰ ਸੰਪਰਦਾਵਾਂ ਦੇ ਪ੍ਰੇਮੀ ਇਕੱਠੇ ਹੋਏ ਅਤੇ ਇਕ ਪ੍ਰੇਮੀ ਨੇ ਮੈਨੂੰ ਕਿਹਾ ਕਿ ਸੰਤ ਮਹਾਰਾਜ ਜੀ ਤੋਂ ਅਸੀਂ ਵਿਸਥਾਰ ਪੂਰਵਕ ਅੰਦਰਲੇ ਚੱਕਰਾਂ ਬਾਰੇ ਸੁਣਨਾ ਚਾਹੁੰਦੇ ਹਾਂ। ਸੋ ਇਸ ਦੇ ਮੁਤਾਬਿਕ ਹੀ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਅੱਜ ਬਹੁਤ ਸਾਰੇ ਜਗਿਆਸੂ, ਬਹੁਤ ਸਾਰੇ ਮਹਾਤਮਾ, ਜਿਨ੍ਹਾਂ ਵਿਚ ਹਿੰਦੂ ਮਹਾਤਮਾ ਭੀ ਹਨ, ਦੀ ਸੰਗਤ ਕਰਦੇ ਹਨ, ਉਹ ਸਾਰੇ ਆਪ ਦੇ ਸਾਮ੍ਹਣੇ ਬਿਰਾਜਮਾਨ ਹਨ ਅਤੇ ਬੇਨਤੀ ਕਰਦੇ ਹਨ ਕਿ ਬਹੁਤ ਸਾਰੇ ਮਹਾਤਮਾ ਕੁੰਡਲਨੀ ਦਾ ਜ਼ਿਕਰ ਕਰਦੇ ਹਨ ਅਤੇ ਚੱਕਰਾਂ ਨੂੰ ਭੇਦਣ ਦਾ ਭੀ ਜ਼ਿਕਰ ਕਰਦੇ ਹਨ। ਇਸ ਬਾਰੇ ਵੱਖੋ-ਵੱਖ ਖਿਆਲ ਹਨ। ਆਪ ਕ੍ਰਿਪਾ ਕਰਕੇ ਇਨ੍ਹਾਂ ਚੱਕਰਾਂ ਦੇ ਸਬੰਧ ਵਿਚ ਪ੍ਰਕਾਸ਼ ਪਾਓ।

**ਉਤਰ** – ਆਪ ਜੀ ਨੇ ਬੇਨਤੀ ਸੁਣ ਕੇ ਫੁਰਮਾਨ ਕੀਤਾ ਕਿ ਇਨ੍ਹਾਂ ਚੱਕਰਾਂ ਨੂੰ ਭੇਦਣਾ ਗੁਰਮਤਿ ਅਨੁਸਾਰ ਕੋਈ ਜ਼ਰੂਰੀ ਚੀਜ਼ ਨਹੀਂ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਮਤਿ ਬਹੁਤ ਹੀ ਸੁਖੈਨ ਹੈ, ਜਿਸਨੂੰ '**ਸੁਰਤਿ ਸਬਦਿ ਮਾਰਗ**' ਜਾਂ '**ਨਾਮ ਮਾਰਗ**' ਆਖਿਆ ਜਾਂਦਾ ਹੈ। ਛੋਟੀ ਤੋਂ ਛੋਟੀ ਬੁੱਧੀ ਵਾਲਾ ਜੀਵ ਵੀ ਇਸ ਮਾਰਗ ਉਪਰ ਪੂਰੀ ਸ਼ਰਧਾ ਰੱਖ ਕੇ, ਭਜਨ ਕਰਨ ਵਾਲਾ ਇਸ ਭਵਸਾਗਰ ਨੂੰ ਪਾਰ ਲੰਘ ਸਕਦਾ ਹੈ, ਜਦੋਂ ਕਿ ਇਸ ਕਸ਼ਟ ਯੋਗ ਰਾਹੀਂ ਪਾਰ ਲੰਘਣਾ ਅੱਜ ਕਲਜੁਗੀ ਜੀਵਾਂ ਦੀ ਸਮਰੱਥਾ ਤੋਂ ਦੂਰ ਹੈ ਕਿਉਂਕਿ ਕਲਜੁਗੀ ਜੀਵਾਂ ਦੇ ਆਚਾਰ, ਵਿਹਾਰ ਤੇ ਆਹਾਰ ਬਹੁਤ ਹੀ ਨਖਿੱਧ ਹੋ ਗਏ ਹਨ। ਸਰੀਰ ਵਿਚ ਉਹ ਸ਼ਕਤੀ ਨਹੀਂ ਹੈ ਜਿਸ ਦੇ ਰਾਹੀਂ ਇਹ ਚੱਕਰ ਭੇਦੇ ਜਾ ਸਕਣ ਅਤੇ ਨਾ ਹੀ ਅਜਿਹਾ ਅਨੁਕੂਲ ਵਾਤਾਵਰਣ ਮਿਲਦਾ ਹੈ ਜਿਥੇ ਬੈਠ ਕੇ ਇਹ ਸਾਧਨਾਵਾਂ ਨਿਰੰਤਰ ਕੀਤੀਆਂ ਜਾ ਸਕਣ। ਜੇਕਰ ਇਨ੍ਹਾਂ ਸਾਧਨਾਂ ਨੂੰ ਕਰਨ ਲਈ ਇਕ ਹਜ਼ਾਰ ਜਗਿਆਸੂ ਜਤਨ ਕਰੇ ਤਾਂ ਪ੍ਰਾਣਾਯਾਮ ਦੀ ਗਰਮੀ ਨਾਲ ਨੌ ਸੌ ਨੜ੍ਹਿੰਨਵੇਂ ਜਗਿਆਸੂਆਂ ਦੇ ਉਪਰ ਐਸਾ ਅਸਰ ਪੈ ਜਾਂਦਾ ਹੈ ਕਿ ਉਹ ਆਪਣੇ ਹੋਸ਼ ਹਵਾਸ਼ ਗਵਾ ਬੈਠਦੇ ਹਨ, ਫੇਰ ਡਾਕਟਰਾਂ ਤੋਂ ਵੀ ਕਿਸੇ ਤਰ੍ਹਾਂ ਨਾਲ ਅਰਾਮ ਨਹੀਂ ਆ ਸਕਦਾ। ਪਿਛਲੇ ਸਮਿਆਂ ਵਿਚ ਸਰੀਰ ਰਿਸ਼ਟ-ਪੁਸ਼ਟ ਹੋਇਆ ਕਰਦੇ ਸਨ। ਬ੍ਰਹਮਚਰੀਆ ਪੂਰੀ ਤਰਾਂ ਨਾਲ ਕਾਇਮ ਰੱਖਿਆ ਜਾਂਦਾ ਸੀ ਅਤੇ ਸਰੀਰ ਵਿਚ ਬਹੁਤ ਹੀ ਕਠਨ ਸਾਧਨ ਕਰਨ ਦੀ ਸੁਤੇ ਹੀ ਸ਼ਕਤੀ ਹੁੰਦੀ ਸੀ। ਇਸ ਕਰਕੇ ਅੱਜ ਦਾ ਜੁੱਗ, ਜਿਸ ਵਿਚ ਖਿਆਲਾਂ ਦੀ ਉਥੱਲ-ਪੁਥੱਲ ਪੂਰੇ ਜ਼ੋਰ ਨਾਲ ਹੋ ਰਹੀ ਹੈ ਅਤੇ ਤ੍ਰਿਸ਼ਨਾ ਅਗਨੀ ਦੇ ਭਾਂਬੜ ਮੱਚਣ ਨਾਲ ਆਦਮੀ ਤ੍ਰਿਸ਼ਨਾ ਦਾ ਬੰਨ੍ਹਿਆ ਹੋਇਆ ਧਨ, ਜਾਇਦਾਦ ਕਮਾਉਣ ਲਈ ਦਿਨ ਰਾਤ ਇਸੇ ਅਗਨ ਵਿਚ ਸੜ ਰਿਹਾ ਹੈ। ਤਾਂ ਐਸੇ ਵਾਤਾਵਰਣ ਵਿਚ ਉਸਦੀ ਅੰਦਰਲੀ ਚੇਤਨਾ, ਮਾਇਆ ਤੋਂ ਬਿਨਾਂ ਹੋਰ ਕੁਝ ਸੋਚਣ ਤੋਂ ਅਸਮਰੱਥ ਹੈ। ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਦੂਸ਼ਿਤ ਵਾਤਾਵਰਣ ਨੂੰ ਵਿਚਾਰਦਿਆਂ ਹੋਇਆਂ ਬਹੁਤ ਹੀ ਸੁਖੈਨ ਸਾਧਨ ਪ੍ਰਚਲਤ ਕੀਤੇ ਹਨ। ਜਿਨ੍ਹਾਂ ਦਾ ਸੰਖੇਪ '**ਵਰਤਣ ਵੈਰਾਗ**', '**ਮੁਖ ਭਗਤੀ**', '**ਨਿਹਚੇ ਗਿਆਨ**' ਦੇ highway ਤੇ ਜਗਿਆਸੂਆਂ ਨੂੰ ਚਲਾਇਆ ਹੈ ਅਤੇ ਇਸਦੀ ਮਦਦ ਲਈ ਕਿਰਤ ਕਰਨਾ, ਵੰਡ ਛੱਕਣਾ ਤੇ ਨਾਮ ਜਪਣਾ ਸਾਧਨ ਪ੍ਰਚਲਤ ਕੀਤਾ ਹੈ, ਜਿਸਨੂੰ ਗੁਰਮੁਖ ਨਾਮ ਦਾਨ ਇਸ਼ਨਾਨ ਵੀ ਕਹਿ ਦਿੰਦੇ ਹਨ। ਇਹ ਸੁਖਾਲਾ ਮਾਰਗ ਹੈ, ਜਿਸ ਉਪਰ ਪੜ੍ਹਿਆ-ਅਨਪੜ੍ਹਿਆ, ਅਮੀਰ-ਗਰੀਬ ਸਭ ਚਲ ਸਕਦਾ ਹੈ ਪਰ ਤੁਸੀਂ ਹੱਠ ਜੋਗ ਦੇ ਸਾਧਨਾਂ ਬਾਰੇ ਪ੍ਰਸ਼ਨ ਕੀਤਾ ਹੈ। ਸੋ ਉਸਦੀ ਵਿਚਾਰ ਕਰਦੇ ਹਾਂ।


ਇਹ ਸਭ ਸਾਧਨ ਪਹਿਲੇ ਸਮਿਆਂ ਦੇ ਵਿਚ ਇਕਾਂਤ ਥਾਵਾਂ, ਗੁਫਾਵਾਂ, ਅਬਾਦੀਆਂ ਤੋਂ ਦੂਰ ਰਹਿ ਕੇ ਕੀਤੇ ਜਾਇਆ ਕਰਦੇ ਸਨ, ਜਿਸ

ਵਿਚ ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਉਲੀ, ਕਪਾਲਭਾਤੀ; ਇਹ ਸਾਧਨ ਕੀਤੇ ਜਾਇਆ ਕਰਦੇ ਸਨ।

**ਧੋਤੀ** – ਚਾਰ ਉਂਗਲ ਚੌੜੀ, ਸਾਢੇ ਬਾਈ ਫੁੱਟ ਲੰਬੀ ਬਰੀਕ ਕਪੜੇ ਦੀ ਪੱਟੀ ਕੋਸੇ ਪਾਣੀ ਵਿਚ ਭਿਉਂ ਕੇ ਹਰ ਰੋਜ਼ ਡੇਢ ਫੁੱਟ ਅੰਦਰ ਨਿਘਾਰੇ ਜਾਣ ਦਾ ਅਭਿਆਸ ਕੀਤਾ ਜਾਂਦਾ ਸੀ ਅਤੇ ੧੫ ਦਿਨਾਂ ਵਿਚ ਇਹ ਸਾਰਾ ਕੱਪੜਾ ਨਿਘਾਰਨਾਂ ਤੇ ਪਿਛਲਾ ਕਿਨਾਰਾ ਦੰਦਾਂ ਵਿਚ ਮਜ਼ਬੂਤ ਰੱਖਣਾ, ਫੇਰ ਕੱਪੜੇ ਨੂੰ ਧੀਰੇ-ਧੀਰੇ ਬਾਹਰ ਨਿਕਾਲਣਾ; ਇਹਦੇ ਨਾਲ ਮੇਹਦੇ ਦੀਆਂ ਆਂਤੜੀਆਂ ਦੀ ਸਫਾਈ ਹੋ ਜਾਇਆ ਕਰਦੀ ਸੀ।

**ਨੇਤੀ** – ਇਕ ਗਿੱਠ ਲੰਮਾ ਸੂਤ ਦਾ ਧਾਗਾ – ਬਰੀਕ ਤੇ ਮੁਲਾਇਮ ਲੈ ਕੇ ਨੱਕ ਰਾਹੀਂ ਸਾਹ ਖਿੱਚ ਕੇ ਪ੍ਰਾਣਾਂ ਦੇ ਬਲ ਨਾਲ ਚੜ੍ਹਾ ਕੇ ਮੁਖ ਰਾਹੀਂ ਬਾਹਰ ਕੱਢ ਦੇਣਾ ਜਿਵੇਂ ਦਹੀਂ ਰਿੜਕੀਦਾ ਹੈ। ਇਸ ਤਰ੍ਹਾਂ ਨੱਕ ਤੇ ਗਲ ਦੀ ਮੈਲ ਸਾਫ ਕੀਤੀ ਜਾਂਦੀ ਹੈ।

**ਬਸਤੀ** – ਨਾਭੀ ਤਾਂਈ ਪਾਣੀ ਵਿਚ ਬੈਠ ਕੇ ਛੇ ਉਂਗਲ ਲੰਬੀ, ਇਕ ਉਂਗਲ ਮੋਟੀ ਬਾਂਸ ਦੀ ਨਲਕੀ ਹੇਠਾਂ ਤੋਂ ਅੰਦਰ ਕਰਕੇ ਪ੍ਰਾਣਾਂ ਦੇ ਬਲ ਨਾਲ ਪਾਣੀ ਖਿੱਚ ਕੇ ਅਨੀਮਾ ਕਰਨਾ।




**ਤ੍ਰਾਟਕ** – ਨੇਤਰਾਂ ਦੀ ਟਿਕ-ਟਿਕੀ ਕਿਸੇ ਖਾਸ ਚੀਜ਼ ਤੇ ਲਾ ਕੇ ਉਸ ਵੱਲ ਉਸ ਸਮੇਂ ਤਾਂਈ ਧਿਆਨ ਕੇਂਦਰਿਤ ਕਰਨਾ ਜਦੋਂ ਤਾਂਈ ਨੇਤਰਾਂ ਦੀ ਦ੍ਰਿਸ਼ਟੀ ਥੱਕ ਕੇ ਅੱਖਾਂ ਵਿਚ ਜਲ ਨਾ ਨਿਕਲੇ। ਇਹ ਤ੍ਰਾਟਕ ਨੇਤਰਾਂ ਦੇ ਰੋਗਾਂ ਨੂੰ ਨਸ਼ਟ ਕਰਨ ਵਾਲਾ ਹੈ। ਨਿੰਦ੍ਰਾ, ਆਲਸ ਤੇ ਤਮੋ ਗੁਣ ਦੀ ਬਿਰਤੀ ਨੂੰ ਤੋੜਨ ਵਾਲਾ ਹੈ। ਜਿਸ ਤਰ੍ਹਾਂ ਬਹੁਤ ਹੀ ਕੀਮਤੀ ਚੀਜ਼ ਸੰਭਾਲ ਕੇ ਰੱਖੀ ਜਾਂਦੀ ਹੈ, ਉਸੇ ਤਰ੍ਹਾਂ ਇਸ ਦੇ ਅਭਿਆਸ ਦਾ ਸਥਾਨ, ਨਾਸਕਾ ਜਾਂ ਭਰਵੱਟਿਆਂ ਦੇ ਮੱਧ ਭਾਗ ਵਿਚ ਜਾਣੋ।

**ਨਿਉਲੀ** – ਦੋਨੋਂ ਮੋਢੇ ਹੇਠਾਂ ਕਰਕੇ, ਪਿੱਠ ਨੂੰ ਸਿਧਾ ਕਰਕੇ, ੯੦ ਡਿਗਰੀ ਤੇ ਰੀੜ ਦੀ ਹੱਡੀ ਰੱਖ ਕੇ ਬੈਠਣਾ; ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਉਪਰ, ਨੀਚੇ ਘੁਮਾਉਣਾ ਜਿਵੇਂ ਮਧਾਣੀ ਦਹੀਂ ਰਿੜਕਦੀ ਹੈ।

**ਕਪਾਲਭਾਤੀ** – ਲੁਹਾਰ ਦੀ ਧੌਂਕਣੀ ਦੇ ਸਮਾਨ ਰੇਚਕ, ਪੂਰਕ, ਦੁਆਰਾ ਪ੍ਰਾਣਾਂ ਨੂੰ ਬਾਰ-ਬਾਰ ਚੜ੍ਹਾਉਣਾ ਤੇ ਬਾਹਰ ਕੱਢਣਾ। ਇਹ ਸਾਧਨ ਕਰਨੇ ਪੈਂਦੇ ਹਨ।

**ਪ੍ਰਾਣਾਯਾਮ** – ਪ੍ਰਾਣਾਂ ਦੀ ਗਤੀ ਨੂੰ ਠਹਿਰਾ ਦੇਣਾ, ਇਸਦਾ ਨਾਂ ਪ੍ਰਾਣਾਯਾਮ ਹੈ।

ਮਹਾਂਪੁਰਸ਼ਾਂ ਨੇ ਸਰੀਰ ਵਿਚ ੭੨ ਕਰੋੜ, ੭੨ ਲੱਖ, ੧੦ ਹਜ਼ਾਰ, ੨੦੧ ਨਾੜੀਆਂ ਦੱਸੀਆਂ ਹਨ। ਉਨ੍ਹਾਂ ਵਿਚੋਂ ਦਸ ਨਾੜੀਆਂ ਪ੍ਰਾਣਾਂ ਦੇ ਅਭਿਆਸ ਦੀਆਂ ਸਹਾਇਕ ਹਨ। ਪ੍ਰਾਣਾਯਾਮ ਦੇ ਬਹੁਤ ਹੀ ਤਰੀਕੇ ਹਨ, ਜੋ ਬਹੁਤ ਹੀ ਕਠਨ ਹਨ ਪਰ ਦੋ ਕਿਸਮ ਦੇ ਪ੍ਰਾਣਾਯਾਮ ਚੰਦਰਾਂਗ ਅਤੇ ਸੂਰਿਆਂਗ ਜ਼ਿਆਦਾ ਪ੍ਰਚਲਤ ਹਨ। ਸਾਡੇ ਅੰਦਰ ਤਿੰਨ ਮੁਖ ਨਾੜੀਆਂ ਹਨ – ਨੱਕ ਦੇ ਖੱਬੇ ਪਾਸੇ ਇੜਾ ਨਾੜੀ, ਸੱਜੇ ਪਾਸੇ ਪਿੰਗਲਾ ਨਾੜੀ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੀ ਸੁਖਮਨਾ ਨਾੜੀ ਕਹਾਉਂਦੀ ਹੈ। ਪਹਿਲਾਂ ਇੜਾ ਦੇ ਰਸਤੇ ੧੬ ਵਾਰੀ ਗੁਰਮੰਤ੍ਰ ਦਾ ਜਾਪ ਕਰਕੇ ਹੌਲੀ-ਹੌਲੀ ਪ੍ਰਾਣਾਂ ਨੂੰ ਅੰਦਰ

ਖਿੱਚਣਾ **'ਪੂਰਕ'** ਕਹਾਉਂਦਾ ਹੈ। 64 ਵਾਰੀ ਮੰਤ੍ਰ ਦਾ ਜਾਪ ਕਰਦਿਆਂ ਸੁਆਸ ਅੰਦਰ ਟਿਕਾ ਕੇ ਰੱਖਣਾ **'ਕੁੰਭਕ'** ਕਹਾਉਂਦਾ ਹੈ ਅਤੇ ੩੨ ਵਾਰੀ ਮੰਤਰ ਜਪਦਿਆਂ ਸੁਆਸ ਨੂੰ ਹੌਲੀ-ਹੌਲੀ ਬਾਹਰ ਕੱਢਣਾ **'ਰੇਚਕ'** ਕਹਾਉਂਦਾ ਹੈ। ਮੂਲਧਾਰ ਚੱਕਰ ਤੋਂ ਲੈ ਕੇ ਦਸਵੇਂ ਦੁਆਰ ਤਕ ਸੁਖਮਨਾ ਨਾੜੀ ਹੈ। ਉਸਦੇ ਵਿਚ ਕਰੋੜਾਂ ਬਿਜਲੀਆਂ ਦੀ ਚਮਕ ਦੇ ਸਮਾਨ ਉਤਮ ਸੂਖਮ ਰੂਪ ਦੇ ਵਿਚ ਕੁੰਡਲਨੀ ਨਾਮ ਦੀ ਇਕ ਸ਼ਕਤੀ ਹੈ। ਉਸ ਸ਼ਕਤੀ ਦੇ ਦਰਸ਼ਨ ਮਾਤਰ ਨਾਲ ਹੀ ਸ਼ਾਂਤੀ ਆ ਜਾਂਦੀ ਹੈ। ਇਹ ਪਾਪਾਂ ਅਤੇ ਅਗਿਆਨ ਦਾ ਨਾਸ਼ ਕਰਦੀ ਹੈ। ਭੁਜੰਗਾ ਨਾੜੀ ਨੇ ਸੁਖਮਨਾ ਨਾੜੀ ਦਾ ਦਰਵਾਜ਼ਾ ਕਿਵਾੜ ਰੂਪ ਬੰਦ ਕੀਤਾ ਹੋਇਆ ਹੈ। ਜਦੋਂ ਸਾਧਕ ਪ੍ਰਾਣਾਯਾਮ ਕਰਦਾ ਹੈ ਤਾਂ ਉਸਦੇ ਬਲ ਪੈਣ ਤੇ ਭੁਜੰਗਾ ਨਾੜੀ, ਸੁਖਮਨਾ ਨਾੜੀ ਦੇ ਮੂੰਹ ਤੋਂ ਪਰ੍ਹੇ ਹਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਇਕ-ਇਕ ਚੱਕਰ ਪ੍ਰਾਣਾਯਾਮ ਦੇ ਬਲ ਨਾਲ ਵੇਧਿ ਕੇ ਪ੍ਰਾਣਾਂ ਦਾ ਪ੍ਰਵੇਸ਼ ਦਸਵੇਂ ਦੁਆਰ ਵਿਚ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਇਸਦਾ ਹਵਾਲਾ ਦਿੰਦਿਆਂ ਫੁਰਮਾਨ ਕੀਤਾ ਹੈ ਕਿ -

***ਖਟੁ ਸਾਸਤ ਬਿਚਰਤ ਮੁਖਿ ਗਿਆਨਾ॥***
***ਪੂਜਾ ਤਿਲਕੁ ਤੀਰਥ ਇਸਨਾਨਾ॥***
***ਨਿਵਲੀ ਕਰਮ ਆਸਨ ਚਉਰਾਸੀਹ***
***ਇਨ ਮਹਿ ਸਾਂਤਿ ਨ ਆਵੈ ਜੀਉ॥***
***ਅੰਗ - ੯੮***


***ਨਿਵਲੀ ਕਰਮ ਭੁਅੰਗਮ ਭਾਠੀ***
***ਰੇਚਕ ਪੂਰਕ ਕੁੰਭ ਕਰੈ॥***
***ਬਿਨੁ ਸਤਿਗੁਰ ਕਿਛੁ ਸੋਝੀ ਨਾਹੀ***
***ਭਰਮੇ ਭੂਲਾ ਬੂਡਿ ਮਰੈ॥***
***ਅੰਧਾ ਭਰਿਆ ਭਰਿ ਭਰਿ ਧੋਵੈ***
***ਅੰਤਰ ਕੀ ਮਲੁ ਕਦੇ ਨ ਲਹੈ॥***
***ਨਾਮ ਬਿਨਾ ਫੋਕਟ ਸਭਿ ਕਰਮਾ ਜਿਉ***
***ਬਾਜੀਗਰੁ ਭਰਮਿ ਭੁਲੈ॥***
***ਅੰਗ - ੧੩੪੩***

***ਬਰਤ ਸੰਧਿ ਸੋਚ ਚਾਰ॥***
***ਕ੍ਰਿਆ ਕੁੰਟਿ ਨਿਰਾਹਾਰ॥***
***ਅਪਰਸ ਕਰਤ ਪਾਕਸਾਰ॥***
***ਨਿਵਲੀ ਕਰਮ ਬਹੁ ਬਿਸਥਾਰ॥***
***ਧੂਪ ਦੀਪ ਕਰਤੇ ਹਰਿ ਨਾਮ***
***ਤੁਲਿ ਨ ਲਾਗੇ॥ ਅੰਗ- ੧੨੨੯***

ਸੁਖਮਨਾ ਦਾ ਦਰਵਾਜ਼ਾ ਬਹੁਤ ਕਸ਼ਟ ਨਾਲ ਪ੍ਰਾਣਾਯਾਮ ਦੇ ਅਭਿਆਸ ਦੇ ਬਲ ਨਾਲ ਖੁਲ੍ਹਦਾ ਹੈ। ਪ੍ਰਾਣਾਯਾਮ ਵਾਸਤੇ ਭਾਠੀ ਦੀ ਕਿਰਿਆ ਕੀਤੀ ਜਾਂਦੀ ਹੈ। ਮਾਲਸ਼ ਕਰਕੇ ਜੀਭ ਨੂੰ ਐਨੀ ਪਤਲੀ ਅਤੇ ਲੰਮੀ ਬਣਾ ਲੈਂਦੇ ਹਨ ਜੋ ਮੂੰਹ ਵਿਚੋਂ ਨਿਕਲ ਕੇ ਮੱਥੇ ਨੂੰ ਛੂਹ ਜਾਵੇ। ਫੇਰ ਉਸਨੂੰ ਪੁੱਠੀ ਕਰਕੇ ਕੰਠ ਦੇ ਵਿਚ ਪ੍ਰਵੇਸ਼ ਕਰਕੇ ਜੀਭ ਦੀ ਨੋਕ ਨਾਲ ਤਾਲੂ ਦੇ ਉਪਰ ਜੋ ਛਿਦ੍ਰ ਹੈ, ਉਸਨੂੰ ਬੰਦ ਕਰ ਦਿੰਦੇ ਹਨ। ਐਸਾ ਕਰਨ ਨਾਲ ਪ੍ਰਾਣਾਯਾਮ ਤੋਂ ਪੈਦਾ ਹੋਈ ਗਰਮੀ ਦੂਰ ਹੋ ਜਾਂਦੀ ਹੈ। ਤ੍ਰਿਕੁਟੀ ਦੇ ਖੱਬੇ ਪਾਸੇ ਜੋਗੀਆਂ ਦੇ ਮੰਨੇ ਹੋਏ ਚੰਦ੍ਰਮਾ ਤੋਂ ਅੰਮ੍ਰਿਤ ਟਪਕਦਾ ਹੈ। ਉਸ ਅੰਮ੍ਰਿਤਮਈ ਰਸ ਨੂੰ ਰਸਨਾ ਅਨੁਭਵ ਕਰਦੀ ਹੈ। ਇਸ ਰਸ ਨੂੰ ਅਮਰਵਾਰਨੀ ਵੀ ਕਹਿੰਦੇ ਹਨ।

ਹੁਣ ਤੁਹਾਨੂੰ ਛੇ ਚੱਕਰਾਂ ਬਾਰੇ ਸੰਖੇਪ ਵਿਚ ਦੱਸਿਆ ਜਾਂਦਾ ਹੈ। ਜਿਨ੍ਹਾਂ ਪ੍ਰੇਮੀਆਂ ਨੇ ਨੋਟ ਕਰਨਾ ਹੈ, ਉਹ ਕਰ ਸਕਦੇ ਹਨ -

**੧. ਮੂਲਧਾਰ ਚੱਕਰ** - (Pelvic plexus) ਇਹ ਗੁਦਾ ਮੰਡਲ ਦਾ ਚੱਕਰ ਹੈ। ਜਿਸ ਵਿਚ ਉਲਟੇ ਮੁਖ ਵਾਲਾ, ਚਾਰ ਪੰਖੜੀਆਂ ਵਾਲਾ ਪੀਲਾ ਕਮਲ ਹੈ। ਚਾਰ ਪੰਖੜੀਆਂ ਚਾਰ ਅੱਖਰ ਰੂਪ ਹਨ - ਵ, ਸ਼, ਖ, ਸ। ਇਸਦੇ ਤਿੰਨ ਕੋਨੇ ਹਨ। ਇੱਛਾ ਇਥੇ ਗਿਆਨ ਦੀ ਹੋਇਆ ਕਰਦੀ ਹੈ ਅਤੇ ਜਿਥੇ ਕੁੰਡਲਨੀ ਨਾੜੀ ਸਥਿਤ ਹੈ, ਉਸ ਥਾਂ ਦੇ ਉਤੇ ਕਾਮ ਦਾ ਤਖਤ ਹੈ ਜਿਥੇ ਨਾਰ, ਹੰਸ, ਮਨ ਪੈਦਾ ਹੁੰਦੇ ਹਨ। ਇਸ ਥਾਂ ਤੇ ਜੋਗੀ ਲੋਕ ਗਣੇਸ਼ ਜੀ ਦਾ ਧਿਆਨ ਕਰਦੇ ਹਨ।



**੨. ਸਵਾਦਿਸ਼ਠਾਨ ਚੱਕਰ** - (Hypogastric Plexus) ਉਪਸਥਿਤ ਇੰਦ੍ਰਾ (ਲਿੰਗ) ਦੇ ਮੂਲ ਵਿਚ ਹੈ। ਜਿਸ ਵਿਚ ਲਾਲ ਰੰਗ ਦਾ ਉਰਧ ਮੁਖ, ਛੇ ਦਲ ਦਾ ਕਮਲ ਹੈ। ਇਸ ਦੀਆਂ ਛੇ ਪੰਖੜੀਆਂ- ਬ, ਭ, ਮ, ਯ, ਰ, ਲ ਹਨ। ਇਸ ਥਾਂ ਦੇ ਉਤੇ ਜੋਗੀ ਜਨ ਬ੍ਰਹਮਾ ਜੀ ਦਾ ਧਿਆਨ ਕਰਦੇ ਹਨ।

**੩. ਮਣੀਪੂਰਕ ਚੱਕਰ** - (Epigastric Plexus) ਅਥਵਾ Solar Plexus - ਇਹ ਨਾਭੀ ਦੇਸ਼ ਵਿਚ ਅਸਥਿਤ ਹੈ। ਨੀਲੇ ਰੰਗ ਦਾ ਉਲਟੇ ਮੁਖ, ਦਸ ਪੱਤੀਆਂ ਵਾਲਾ ਕਮਲ ਹੈ। ਡ, ਢ, ਣ, ਤ, ਥ, ਦ, ਧ, ਨ, ਪ, ਫ; ਇਹ ਇਸਦੇ ਦਸ ਦਲ ਹਨ। ਇਥੇ ਵਿਸ਼ਨੂੰ ਜੀ ਦਾ ਧਿਆਨ ਜੋਗੀ ਲੋਕ ਕਰਦੇ ਹਨ।

**੪. ਅਨਾਹਤ ਚੱਕਰ** - (Cardiac Plexus ) ਅਨਾਹਤ ਚੱਕਰ ਬਾਰ੍ਹਾਂ ਦਲਾਂ ਦਾ, ਸੋਨੇ ਵਰਗੇ ਰੰਗ ਵਾਲਾ ਕਮਲ, ਹਿਰਦੇ ਵਿਚ ਅਸਥਿਤ ਹੈ ਅਤੇ ਇਥੇ ਬਾਰ੍ਹਾਂ ਅਵਾਜ਼ਾਂ ਦੇ ਅੱਖਰ ਹਨ - ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ ਇਹ ਇਸਦੇ ਬਾਰ੍ਹਾਂ ਦਲ ਹਨ। ਇਥੇ ਰੁਦਰ (ਸ਼ਿਵ ਜੀ ਦਾ ਪਹਾੜ ਤੇ ਲੱਗੇ ਤਖਤ ਸਮੇਤ) ਧਿਆਨ ਕੀਤਾ ਜਾਂਦਾ ਹੈ।

**੫. ਵਿਸ਼ੁਧ ਚੱਕਰ** - (Carotid Plexus) ਇਥੇ ਧੂਮਰ ਵਰਣ ਦਾ ਉਰਧ ਮੁਖ, ੧੬ ਦਲਾਂ ਦਾ ਕਮਲ ਕੰਠ ਵਿਚ ਅਸਥਿਤ ਹੈ ਅਤੇ ਇਥੇ ੧੬ ਅੱਖਰ ਰੂਪ, ੧੬ ਦਲ ਹਨ। ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ, ਲ੍ਰੀ, ਇ, ਏ, ਐ, ਔ, ਅੰ, ਆਂ; ਇਹ ੧੬ ਦਲ ਹਨ। ਜਲੰਧਰ ਪੀਠ ਹੈ, ਜੀਵ ਆਤਮਾ ਦਾ ਇਥੇ ਧਿਆਨ ਕਰਦੇ ਹਨ।

**੬. ਆਗਿਆ ਚੱਕਰ** - (Medula Plexus) ਦੋਏ ਅੱਖਾਂ ਤੇ ਨੱਕ ਦੀ ਜੜ੍ਹ- ਇਸ ਥਾਂ ਤੇ ਦੋ ਪੰਖੜੀਆਂ ਦਾ ਪੁਠੇ ਮੁਖ ਵਾਲਾ ਚੰਦ੍ਰਮਾ ਵਰਗਾ ਸਫੈਦ ਕਮਲ ਹੈ। ਖਯ, ਗਯ ; ਦੋ ਦਲ ਹਨ। ਇਸਦਾ ਉਡਿਆਂਗ ਤਖਤ ਹੈ। ਇਥੇ ਜੋਗੀ ਜਨ ਨਿਰਵਾਨ ਪ੍ਰਮਾਤਮਾ ਦਾ ਧਿਆਨ ਕਰਦੇ ਹਨ।

**ਫਲ** - ਭਿੰਨ-ਭਿੰਨ ਚੱਕਰਾਂ ਦੇ ਧਿਆਨ ਦੁਆਰਾ ਜੋ ਫਲ ਪ੍ਰਾਪਤ ਹੁੰਦਾ ਹੈ, ਉਹ ਸਭ ਇਸ ਚੱਕਰ ਦੇ ਧਿਆਨ ਕਰਨ ਨਾਲ ਪ੍ਰਾਪਤ ਹੋ ਜਾਂਦਾ ਹੈ। (ਇਸੇ ਕਰਕੇ ਮਹਾਂਪੁਰਸ਼, ਆਗਿਆ ਚੱਕਰ ਵਿਚ ਬਿਰਤੀ ਟਿਕਾਉਣ ਲਈ ਵਿਸ਼ੇਸ਼ ਤੌਰ ਤੇ ਆਖਿਆ ਕਰਦੇ ਹਨ) ਇਸ ਅਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਨਾਲ **'ਸੰਪ੍ਰਗਿਆਤ ਸਮਾਧੀ'** ਦੀ ਯੋਗਤਾ ਹੁੰਦੀ ਹੈ।

ਮੂਲਧਾਰ ਚੱਕਰ ਤੋਂ ਇੜਾ, ਪਿੰਗਲਾ ਅਤੇ ਸੁਖਮਨਾ; ਵੱਖਰੀਆਂ ਵੱਖਰੀਆਂ ਪ੍ਰਵਾਹਿਤ ਹੋ ਕੇ ਇਸ ਸਥਾਨ ਤੇ ਮਿਲਦੀਆਂ ਹਨ। ਇਸੇ ਕਰਕੇ ਇਸ ਦਾ ਨਾਮ **'ਤ੍ਰਿਵੇਣੀ'** ਕਿਹਾ ਹੈ। ਇੜਾ ਨੂੰ ਗੰਗਾ, ਪਿੰਗਲਾ ਨੂੰ ਜਮਨਾ ਅਤੇ ਸੁਖਮਨਾ ਨੂੰ ਸੁਰਸਤੀ ਕਿਹਾ ਗਿਆ ਹੈ। ਇਸ ਅਸਥਾਨ ਨੂੰ **'ਤੀਰਥ ਰਾਜ'** ਵੀ ਕਿਹਾ ਜਾਂਦਾ ਹੈ, **'ਆਤਮ ਤੀਰਥ'** ਕਹਿੰਦੇ ਹਨ ਅਤੇ **'ਅੰਮ੍ਰਿਤਸਰ ਦਾ ਇਸ਼ਨਾਨ'** ਵੀ ਕਿਹਾ ਜਾਂਦਾ ਹੈ। ਇਸ ਥਾਂ ਦੇ ਉਤੇ ਮਨ ਦਾ ਇਸ਼ਨਾਨ ਕਰਾਉਣ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

> ***ਸਚੁ ਤਾਂ ਪਰੁ ਜਾਣੀਐ ਜਾ ਆਤਮ***
> ***ਤੀਰਥਿ ਕਰੇ ਨਿਵਾਸੁ॥***
> ***ਸਤਿਗੁਰੂ ਨੋ ਪੁਛਿ ਕੈ***
> ***ਬਹਿ ਰਹੈ ਕਰੇ ਨਿਵਾਸੁ॥***
>
> ***ਅੰਗ - ੪੬੮***

ਇਸ ਆਗਿਆ ਚੱਕਰ ਦੇ ਮੰਡਲ ਨੂੰ **'ਬ੍ਰਹਿਮੰਡੀ ਹਿਰਦਾ'** ਜਾਂ **'ਸਮਸਤ ਹਿਰਦਾ'** ਕਹਿੰਦੇ ਹਨ। ਜੋ ਬਚਨ ਹਿਰਦੇ ਵਿਚ ਨਾਮ ਵਸਣ ਦੇ ਸਬੰਧ ਵਿਚ ਆਉਂਦੇ ਹਨ, ਉਹ ਇਹੀ ਅਸਥਾਨ ਹੈ। ਸਥੂਲ ਬੁੱਧੀ ਵਾਲੇ, heart ਨੂੰ ਹੀ ਹਿਰਦਾ ਆਖਦੇ ਰਹਿੰਦੇ ਹਨ। ਇਸ ਥਾਂ ਦਾ ਅਭਿਆਸ ਦਿਬ ਦ੍ਰਿਸ਼ਟੀ ਖੁਲ੍ਹਣ ਦਾ ਪਹਿਲਾ ਅਸਥਾਨ ਹੈ। ਇਸ ਨੂੰ 'ਸ਼ਿਵ ਨੇਤਰ' (Organ of Clairvoyance) ਦਿਬ ਦ੍ਰਿਸ਼ਟ ਦਾ ਯੰਤਰ ਆਖਦੇ ਹਨ। ਇਹ ਤੀਸਰੇ ਤਿਲ ਦਾ ਥਾਂ ਹੈ ਜਿਸਨੂੰ **'ਨੁਕਤਾ ਏ ਸਵੀਦਾ'** ਵੀ ਆਖਦੇ ਹਨ।

ਆਗਿਆ ਚੱਕਰ ਦੇ ਉਪਰ ਤ੍ਰਿਕੁਟੀ ਅਸਥਾਨ ਆਉਂਦਾ ਹੈ। ਇਸ ਸਥਾਨ ਨੂੰ ਕਈਆਂ ਨੇ ਗੁਰੂ ਚੱਕਰ, ਮਾਨਸ ਚੱਕਰ, ਲਿਲਾਟ ਚੱਕਰ

ਆਦਿਕ ਵੀ ਕਿਹਾ ਹੈ ਪਰ ਇਹ ਸਾਰੇ ਸੱਤਾਂ ਚੱਕਰਾਂ ਦੇ ਅੰਤਰਗਤ ਹੀ ਹਨ।

ਇਸ ਤੋਂ ਉਪਰ ਸਹੰਸਰਦਲ ਕਮਲ ਵਾਲਾ ਦਸਮ ਦੁਆਰਾ ਹੈ। ਤ੍ਰਿਕੁਟੀ ਅਸਥਾਨ ਤੇ ਪਿੰਡ (ਅੰਡ) ਖਤਮ ਹੋ ਜਾਂਦਾ ਹੈ। ਇਸ ਤੋਂ ਉਪਰ ਬ੍ਰਹਿਮੰਡ ਸ਼ੁਰੂ ਹੁੰਦਾ ਹੈ। ਸਹੰਸਰ ਅਤੇ ਸੁੰਨ ਚੱਕਰ ਇਸ ਦਾ ਸੰਕੇਤਕ ਸਥੂਲ ਰੂਪ (Cerebral Plexus) ਹੈ। ਤਾਲੂ ਦੇ ਉਪਰ ਮਸਤਕ ਵਿਚ ਬ੍ਰਹਮ ਰੁੰਦਰ ਤੋਂ ਉਪਰ ਸਾਰੀਆਂ ਸ਼ਕਤੀਆਂ ਦਾ ਇਹ ਕੇਂਦਰ ਹੈ। ਨਾਨਾ ਰੰਗ ਦੇ ਪ੍ਰਕਾਸ਼ ਨਾਲ ਯੁਕਤ ਸਹੰਸਰ ਹਜ਼ਾਰਾਂ ਪੰਖੜੀਆਂ ਵਾਲੇ ਕਮਲ ਵਰਗਾ ਹੈ। ਪੰਖੜੀਆਂ ਤੇ 'ਅ' ਤੋਂ ਲੈ ਕੇ 'ਕ਼' ਤਕ ਸਾਰੇ ਸੁਰ ਅਤੇ ਵਰਣ ਹਨ। ਇਸ ਥਾਂ ਤੇ ਜੋਗੀ ਲੋਕ ਯੋਗ ਦੇ ਬਲ ਨਾਲ ਸਰਬ ਵਿਦਿਆ ਗਿਆਨ ਪ੍ਰਾਪਤ ਕਰਕੇ ਸਾਰੀਆਂ ਵਿਦਿਆਵਾਂ, ਬੋਲੀਆਂ, ਭੂਤ, ਭਵਿਖਤ, ਵਰਤਮਾਨ ਗੱਲਾਂ ਤੋਂ ਜਾਣੂ ਹੋ ਜਾਇਆ ਕਰਦੇ ਹਨ। ਇਸ ਥਾਂ ਦੇ ਉਤੇ ਪਾਰਬ੍ਰਹਮ ਦਾ ਆਪਣੀ ਸ਼ਕਤੀ ਸਮੇਤ ਨਿਵਾਸ ਹੈ। ਇਸ ਸਥਾਨ ਤੇ ਮਨ ਦੇ ਸਥਿਰ ਹੋ ਜਾਣ ਨਾਲ ਸਰਬ ਬਿਰਤੀਆਂ ਦਾ ਨਿਰੋਧ ਹੋ ਜਾਂਦਾ ਹੈ ਅਤੇ **'ਅਸੰਪ੍ਰਗਿਆਤ ਸਮਾਧੀ'** ਦੀ ਯੋਗਤਾ ਇਸ ਸਥਾਨ ਤੇ ਪ੍ਰਾਪਤ ਹੋ ਜਾਂਦੀ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਗੁਸ਼ਟ ਮਾਤਰ ਹਿਰਦੇ ਪੁਰਸ਼ ਦਾ ਸਥਾਨ ਇਸ ਥਾਂ ਹੀ ਹੈ। ਇਹ ਹੀ ਅੰਗੁਸ਼ਟ ਮਾਤਰ ਅਕਾਸ਼ ਵਾਲਾ ਹੈ ਅਤੇ ਇਹ ਹੀ ਚਿਤ ਦਾ ਸਥਾਨ ਹੈ ਜਿਸ ਵਿਚ ਆਤਮ ਗਿਆਨ ਦਾ ਪ੍ਰਕਾਸ਼ ਅਥਵਾ ਪ੍ਰਤੀਬਿੰਬ ਪੈ ਰਿਹਾ ਹੈ ਅਤੇ ਇਸੇ ਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਤੇ ਅਸੰਪ੍ਰਗਿਆਤ (ਨਿਰਵਿਕਲਪ) ਸਮਾਧੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਰਬ ਬਿਰਤੀਆਂ ਦਾ ਨਿਰੋਧ ਹੋ ਜਾਂਦਾ ਹੈ। ਇਸ ਅਸਥਾਨ ਤੇ ਆਤਮਾ ਦਾ ਪ੍ਰਕਾਸ਼, ਚਿੱਤ ਉਪਰ ਪੈਂਦਾ ਹੈ, ਚਿੱਤ ਹੀ ਕਾਰਨ ਸਰੀਰ ਹੈ, ਇਸ ਕਾਰਨ ਸਰੀਰ ਦੇ ਸਬੰਧ ਕਰਕੇ ਪ੍ਰੀਪੂਰਨ ਆਤਮਾ ਦਾ ਨਾਮ ਜੀਵ ਆਤਮਾ ਹੋ ਜਾਂਦਾ ਹੈ। ਕਾਰਨ ਸਰੀਰ, ਸੂਖਸ਼ਮ ਸਰੀਰ ਵਿਚ ਵਿਆਪਕ ਹੋ ਰਿਹਾ ਹੈ ਅਤੇ ਸੂਖਸ਼ਮ ਸਰੀਰ, ਸਥੂਲ ਸਰੀਰ ਵਿਚ। ਇਸ ਤਰ੍ਹਾਂ ਜੀਵ-ਆਤਮਾ ਸਾਰੇ ਹੀ ਸਰੀਰ ਵਿਚ ਵਿਆਪਕ ਹੈ। ਫੇਰ ਉਸ ਕਾਰਿਆ ਭੇਦ ਨਾਲ ਉਸਦੇ ਕਾਰਿਆ ਸਥਾਨ ਦੱਸੇ ਜਾ ਸਕਦੇ ਹਨ। ਮਤਲਬ ਕਿ ਸੂਖਸ਼ਮ ਅਵਸਥਾ ਵਿਚ ਜੀਵ-ਆਤਮਾ ਦਾ ਸਥਾਨ, ਹਿਰਦਾ ਦੇਸ਼ ਦੱਸਿਆ ਗਿਆ ਹੈ ਕਿਉਂਕਿ ਹਿਰਦਾ, ਸਰੀਰ ਦਾ ਮੁਖ ਸਥਾਨ ਹੈ। ਇਥੋਂ ਹੀ ਸਾਰੇ ਸਰੀਰ ਵਿਚ ਨਾੜੀਆਂ ਜਾ ਰਹੀਆਂ ਹਨ। ਸਾਰੇ ਸਰੀਰ ਦਾ ਆਂਤਰਿਕ ਕੰਮ ਇਥੋਂ ਹੀ ਹੋ ਰਿਹਾ ਹੈ। ਸਥੂਲ ਹਿਰਦੇ ਦੀ ਗਤੀ ਰੁਕਣ ਨਾਲ ਸਾਰੇ ਸਰੀਰ ਦੇ ਕਾਰਜ ਬੰਦ ਹੋ ਜਾਂਦੇ ਹਨ। ਇਸ ਲਈ ਸਖੋਪਤ ਅਵਸਥਾ ਵਿਚ ਜੀਵ-ਆਤਮਾ ਦਾ ਸਥਾਨ **'ਹਿਰਦਾ'** ਕਿਹਾ ਜਾ ਸਕਦਾ ਹੈ। ਸੁਪਨ ਅਵਸਥਾ ਵਿਚ ਜੀਵ-ਆਤਮਾ ਦਾ ਅਸਥਾਨ **'ਕੰਠ'** ਦੱਸਿਆ ਜਾਂਦਾ ਹੈ ਕਿਉਂਕਿ ਜਾਗਰਤ ਅਵਸਥਾ ਵਿਚ ਜੋ ਪਦਾਰਥ ਦੇਖੇ, ਸੁਣੇ ਜਾਂ ਭੋਗੇ ਜਾਂਦੇ ਹਨ, ਉਨ੍ਹਾਂ ਦਾ ਸੰਸਕਾਰ, ਵਾਲ ਦੇ ਹਜ਼ਾਰਵੇਂ ਭਾਗ ਵਿਚ ਸਥਿਤ ਇਕ **'ਹਿਤਾ'** ਨਾਮ ਦੀ ਨਾੜੀ ਵਿਚ ਰਹਿਣਾ ਦੱਸਿਆ ਜਾਂਦਾ ਹੈ। ਇਸ ਲਈ ਅਨਭੂਤ ਪਦਾਰਥ ਅਤੇ ਉਨ੍ਹਾਂ ਦਾ ਗਿਆਨ, ਸੁਪਨ ਅਵਸਥਾ ਵਿਚ ਕੰਠ ਵਿਚ ਹੁੰਦਾ ਹੈ। ਜਾਗਰਤ ਅਵਸਥਾ ਵਿਚ ਜੀਵ ਆਤਮਾ ਇੰਦ੍ਰੀਆਂ ਦੀ ਮਦਦ ਨਾਲ ਬਾਹਰ ਪਰਚੀ ਰਹਿੰਦੀ ਹੈ, ਜਿਵੇਂ ਕਿ ਗੁਰਬਾਣੀ ਵਿਚ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ -

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥***

***ਅੰਗ - ੩੩੯***

ਅੱਖਾਂ ਵਿਚੀਂ ਜੋ ਦੇਖਦਾ ਹੈ, ਉਹ ਆਤਮਾ ਹੈ। ਸਮਾਧੀ ਵਿਚ ਜੀਵ-ਆਤਮਾ ਦਾ ਥਾਂ, ਆਗਿਆ ਚੱਕਰ ਕਿਹਾ ਜਾਂਦਾ ਹੈ। ਇਹੀ ਦਿਬ ਦ੍ਰਿਸ਼ਟ ਸਥਾਨ ਹੈ, ਇਥੋਂ ਹੀ ਇਸਨੂੰ ਦਿਬ ਨੇਤਰ ਪ੍ਰਾਪਤ ਹੁੰਦੇ ਹਨ। ਅਸੰਪ੍ਰਗਿਆਤ ਸਮਾਧੀ ਵੇਲੇ ਜੀਵ-ਆਤਮਾ ਬ੍ਰਹਮ ਰੁੰਦਰ ਵਿਚ ਹੁੰਦੀ ਹੈ ਕਿਉਂਕਿ ਇਸ ਸਥਾਨ ਤੇ ਹੀ ਸਾਰੀਆਂ ਬਿਰਤੀਆਂ ਦਾ ਨਿਰੋਧ ਹੁੰਦਾ ਹੈ।

**ਕੁੰਡਲਨੀ ਸ਼ਕਤੀ** - ਬ੍ਰਹਿਮੰਡ ਵਿਚ ਜਿੰਨੀਆਂ ਸ਼ਕਤੀਆਂ ਵਰਤਮਾਨ ਹਨ, ਉਨ੍ਹਾਂ ਸਾਰੀਆਂ ਸ਼ਕਤੀਆਂ ਨੂੰ ਵਾਹਿਗੁਰੂ ਜੀ ਨੇ ਸਰੀਰ ਰੂਪੀ ਪਿੰਡ ਦੇ ਇਸ ਭਾਗ ਵਿਚ ਇਕੱਠੀਆਂ ਕਰ

ਦਿਤਾ ਹੈ। ਪਰ ਸੁਖਮਨਾ ਨਾੜੀ ਦਾ ਮੁਖ ਤਿਕੋਣ ਮੇਰੂਦੰਡ ਦੇ ਵਿਚੀਂ ਹੁੰਦਾ ਹੋਇਆ ਉਪਰ ਨੂੰ ਚਲਦਾ ਹੈ। ਸਧਾਰਣ ਅਵਸਥਾ ਵਿਚ ਇਹ ਬੰਦ (ਸੁੱਤੀ) ਪਈ ਰਹਿੰਦੀ ਹੈ। ਇਸੇ ਕਰਕੇ ਇਸਦੀ ਸ਼ਕਤੀ ਗੁਪਤ ਰਹਿੰਦੀ ਹੈ। ਇਸ ਕਰਕੇ ਇਸ ਦੀ ਸ਼ਕਤੀ ਪ੍ਰਾਣ ਸ਼ਕਤੀ ਨਾਲ ਮਿਲ ਕੇ ਇੜਾ ਤੇ ਪਿੰਗਲਾ ਦੁਆਰਾ ਖੱਬੇ ਅਤੇ ਸੱਜੇ ਰਸਤੇ ਹੁੰਦੀ ਹੋਈ ਚੱਕਰਾਂ ਨੂੰ ਛੁੰਹਦੀ ਉਪਰ ਨੂੰ ਚਲਦੀ ਹੈ। ਸਾਰੇ ਸਰੀਰ ਵਿਚ ਪ੍ਰਵਾਹਿਤ ਹੁੰਦੀ ਰਹਿੰਦੀ ਹੈ। ਇਸੇ ਤ੍ਰਿਕੋਣ ਯੋਨਿ ਮੰਡਲ ਵਿਚ ਇਕ ਬਹੁਤ ਹੀ ਸੂਖਸ਼ਮ ਬਿਜਲੀ ਵਰਗੀ ਅਦਭੁਤ ਦਿਬ ਸ਼ਕਤੀ ਵਾਲੀ ਨਾੜੀ ਲਿਪਟੀ ਹੋਈ ਪਈ ਹੈ। ਇਸ ਦਾ ਦ੍ਰਿਸ਼ਟਾਂਤ ਇਕ ਐਸੀ ਸਰਪਣੀ ਨਾਲ ਦੇ ਸਕਦੇ ਹਾਂ ਜੋ ਸਾਢੇ ਤਿੰਨ ਲਪੇਟ ਖਾਂਦੀ ਹੋਈ ਆਪਣੀ ਪੂੰਛ ਨੂੰ ਮੁੱਖ ਵਿਚ ਦਬਾ ਕੇ ਸੌਂ ਰਹੀ ਹੈ। ਇਸਨੂੰ 'ਕੁੰਡਲਨੀ ਸ਼ਕਤੀ' ਕਹਿੰਦੇ ਹਨ। ਇਹ ਨਾੜੀ ਬਿਨਾਂ ਪ੍ਰਯੋਗ ਦੇ ਸੁੱਤੀ ਪਈ ਰਹਿੰਦੀ ਹੈ। ਇਸ ਦਾ ਸਰੀਰ ਸਬੰਧੀ ਕੋਈ ਕੰਮ ਬਾਹਰਲੀ ਦ੍ਰਿਸ਼ਟ ਤੋਂ ਪ੍ਰਤੀਤ ਨਹੀਂ ਹੁੰਦਾ। ਇਸੇ ਕਰਕੇ ਇਸ ਦੇ ਕੰਮ ਦਾ physiologist ਕੁਛ ਪਤਾ ਨਹੀਂ ਲਗਾ ਸਕੇ ਪ੍ਰੰਤੂ ਪੁਰਾਣੇ ਸਮਿਆਂ ਵਿਚ ਯੂਨਾਨ, ਰੋਮ ਆਦਿਕ ਥਾਵਾਂ ਦੇ ਵਿਦਵਾਨ ਜਿਵੇਂ ਕਿ Plato (ਅਫਲਾਤੂ), Pythogorus (ਪਿਥਾਗੋਰਸ) ਵਰਗੇ ਆਤਮ ਦਰਸ਼ੀ ਵਿਦਵਾਨਾਂ ਨੇ ਇਸਦਾ ਸੰਕੇਤ ਆਪਣੀਆਂ ਲਿਖਤਾਂ ਵਿਚ ਦਿਤਾ ਹੈ ਅਤੇ ਉਹ ਲਿਖਦੇ ਹਨ ਕਿ ਨਾਭੀ ਦੇ ਹੇਠਾਂ ਇਕ ਐਸੀ ਅਦਭੁਤ ਸ਼ਕਤੀ ਹੈ ਜੋ ਬੁੱਧੀ ਨੂੰ ਪ੍ਰਕਾਸ਼ ਦੇ ਕੇ ਉਜਲ ਕਰ ਦਿੰਦੀ ਹੈ। ਜਿਸ ਤੋਂ ਆਦਮੀ ਦੇ ਅੰਦਰ ਦਿਬ ਸ਼ਕਤੀਆਂ ਪ੍ਰਗਟ ਹੋ ਜਾਇਆ ਕਰਦੀਆਂ ਹਨ।

ਇਹ ਨਾੜੀ ਜੇ ਕਿਸੇ ਪ੍ਰਕਾਰ ਸਾਧਨ ਕਰਨ ਨਾਲ ਆਪਣੇ ਲਪੇਟਾਂ ਨੂੰ ਖੋਲ੍ਹ ਕੇ ਸਿਧੀ ਹੋ ਜਾਵੇ ਤੇ ਉਸਦਾ ਮੁਖ, ਸੁਖਮਨਾ ਨਾੜੀ ਦੇ ਭੀਤਰ ਚਲਾ ਜਾਏ ਤਾਂ ਇਸਨੂੰ ਕੁੰਡਲਨੀ ਨਾੜੀ ਜਾਗਰਤ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਘਰ ਵਿਚ ਲਗੀ ਹੋਈ ਬਿਜਲੀ ਦੇ ਬਟਨ ਦਬਾਉਣ ਨਾਲ ਬਲਬ, ਪੱਖੇ, ਫਰਿਜ਼ ਸਭ ਚਲ ਜਾਂਦੇ ਹਨ, ਇਸੇ ਤਰ੍ਹਾਂ ਦੇ ਨਾਲ ਕੁੰਡਲਨੀ ਸ਼ਕਤੀ ਦਾ ਸਵਿੱਚ (switch) ਦਬਾਉਣ ਨਾਲ electric current ਸੁਖਮਨਾ ਰੂਪੀ ਤਾਰ ਨਾਲ ਸਾਰੇ ਸਰੀਰ ਵਿਚ ਪਹੁੰਚ ਜਾਂਦਾ ਹੈ ਅਤੇ ਇਹ ਸਾਰੇ ਚੱਕਰਾਂ ਅਤੇ ਨਾੜੀਆਂ ਨੂੰ ਪ੍ਰਕਾਸ਼ਿਤ ਕਰ ਦਿੰਦੀ ਹੈ। ਜਿਥੇ-ਜਿਥੇ ਵੀ ਇਹ ਕੁੰਡਲਨੀ ਸ਼ਕਤੀ ਪਹੁੰਚ ਜਾਂਦੀ ਹੈ, ਸਾਰੇ ਕਮਲ ਸਿੱਧੇ ਹੋ ਜਾਂਦੇ ਹਨ ਅਤੇ ਮਨ ਟਿੱਕ ਜਾਂਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

> ***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ***
> ***ਮਨੁ ਕਤਹੁ ਨ ਜਾਇ॥***
> ***ਅਜਪਾ ਜਾਪੁ ਨ ਵੀਸਰੈ***
> ***ਆਦਿ ਜੁਗਾਦਿ ਸਮਾਇ॥***
> ***ਸਭਿ ਸਖੀਆ ਪੰਚੇ ਮਿਲੇ***
> ***ਗੁਰਮੁਖਿ ਨਿਜ ਘਰਿ ਵਾਸੁ॥***
> ***ਸਬਦੁ ਖੋਜਿ ਇਹੁ ਘਰੁ ਲਹੈ***
> ***ਨਾਨਕੁ ਤਾ ਕਾ ਦਾਸੁ॥ ਅੰਗ- ੧੨੯੧***

ਜਦ ਇਹ ਆਗਿਆ ਚੱਕਰ ਵਿਚ ਪਹੁੰਚ ਜਾਂਦੀ ਹੈ ਤਾਂ ਸੰਪ੍ਰਗਿਆਤ ਅਤੇ ਦਸਵੇਂ ਦੁਆਰ ਵਿਚ ਵੀ ਪਹੁੰਚ ਜਾਂਦੀ ਹੈ ਤਾਂ ਸਾਰੀਆਂ ਬਿਰਤੀਆਂ ਦਾ ਨਿਰੋਧ ਹੋ ਕੇ ਅਸੰਪ੍ਰਗਿਆਤ ਸਮਾਧ ਦੀ ਵਾਸਤਵਿਕ ਰੂਪ ਵਿਚ ਯੋਗਤਾ ਪ੍ਰਾਪਤ ਹੋ ਜਾਂਦੀ ਹੈ। ਇਸ ਅਵਸਥਾ ਵਿਚ ਜਗਿਆਸੂ ਨੂੰ ਸਾਰੇ ਸੰਸਾਰ ਦਾ ਗਿਆਨ ਬਹੁਤ ਹੀ ਸ਼ੀਘਰ ਪ੍ਰਾਪਤ ਹੋ ਜਾਂਦਾ ਹੈ। ਕੁੰਡਲਨੀ ਸ਼ਕਤੀ ਦਾ ਸੁਖਮਨਾ ਦੇ ਮੁਖ ਵਿਚ ਪ੍ਰਵੇਸ਼ ਹੋਣ ਨਾਲ ਕਈ ਪ੍ਰਕਾਰ ਦੇ ਅਨੁਭਵ ਹੋਣ ਲਗ ਜਾਂਦੇ ਹਨ। ਉਨ੍ਹਾਂ ਨੂੰ ਪ੍ਰਗਟ ਕਰਨਾ ਵਰਜਿਤ ਹੈ। ਉਸ ਬਾਰੇ ਸੰਕੇਤ ਹੈ -

> ***ਊਚਾ ਨਹੀ ਕਹਣਾ***
> ***ਮਨ ਮਹਿ ਰਹਣਾ ਆਪੇ ਜਾਣੈ ਜਾਣੋ॥***
> ***ਅੰਗ - ੫੮੦***

ਇਤਨੇ ਬਚਨ ਕਰਦਿਆਂ ਹੀ ਸਮਾਂ ਹੋ ਗਿਆ ਸੀ। ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਇਸ ਦੇ ਉਪਰ ਬ੍ਰਹਿਮੰਡ ਦਾ ਸੁੰਨ ਸਥਾਨ ਹੈ ਅਤੇ ਉਸ ਤੋਂ ਉਪਰ ਖੰਡ ਅਤੇ ਬ੍ਰਹਿਮੰਡ ਖਤਮ ਹੋ ਜਾਂਦੇ ਹਨ। ਮਾਇਆ ਤੋਂ ਪਾਰ ਹੋਇਆ ਜਗਿਆਸੂ ਨਾਮ, ਸਿਮਰਨ ਦੇ ਬਲ ਨਾਲ ਸਚਖੰਡ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਸਾਕਾਰ ਮੰਡਲ

ਦੇ ਬੇਅੰਤ ਨਜ਼ਾਰੇ ਵੇਖ ਕੇ ਅਨੰਦਿਤ ਹੁੰਦਾ ਹੈ। ਇਸ ਤੋਂ ਉਪਰ ***'ਨਾਨਕ ਨਦਰੀ ਨਦਰਿ ਨਿਹਾਲ'*** ਦਾ ਕਰਿਸ਼ਮਾ ਵਰਤਦਾ ਹੈ ਅਤੇ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਵਿਛੜੀ ਹੋਈ ਜੀਵ ਆਤਮਾ ਨੂੰ ਆਪਣੇ ਅਗੰਮ, ਅਕਹਿ ਅਤੇ ਅਲਖ ਦੇਸ਼ ਵਿਚ ਖਿਚ ਕੇ ਆਪਣਾ ਰੂਪ ਬਣਾ ਲੈਂਦਾ ਹੈ। ਜਿਵੇਂ ਕਿ ਫੁਰਮਾਨ ਹੈ -

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ॥***
***ਨਾਨਕ ਪ੍ਰਭ ਕੈ ਸਦ ਕੁਰਬਾਨ॥***
***ਅੰਗ - ੨੭੮***

ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਹੈ ਕਿ -

***ਜਿਨਾ ਨ ਵਿਸਰੈ ਨਾਮੁ***
***ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ***
***ਸਾਂਈ ਜੇਹਿਆ॥ ਅੰਗ - ੩੯੭***

***ਸੰਤ ਅਨੰਤਹਿ ਅੰਤਰੁ ਨਾਹੀ॥***
***ਅੰਗ - ੪੮੬***

ਸੁਖਮਨੀ ਸਾਹਿਬ ਵਿਚ ਵੀ ਫੁਰਮਾਇਆ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ***
***ਆਪਿ ਪਰਮੇਸੁਰ॥ ਅੰਗ - ੨੭੩***

ਇਸ ਅਵਸਥਾ ਵਿਚ ਪਹੁੰਚੇ ਹੋਏ ਨੂੰ ਸੰਤ, ਬ੍ਰਹਮਗਿਆਨੀ, ਖਾਲਸਾ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਪਰ ਮੂਰਖ ਲੋਕ ਅਗਿਆਨ ਦੇ ਹਨ੍ਹੇਰੇ ਵਿਚ ਬੁਰੀ ਤਰ੍ਹਾਂ ਖਚਿਤ ਹੋਏ ਹੋਏ ਇਸ ਗੁਰ ਸਿਧਾਂਤ ਨੂੰ ਪ੍ਰਵਾਨ ਨਾ ਕਰਕੇ ਮਨਮੁਖ ਦੀ ਉਪਾਧੀ ਪ੍ਰਾਪਤ ਕਰਦੇ ਹਨ ਅਤੇ ਕਾਵਾਂ ਦੀ ਤਰ੍ਹਾਂ ਕਾਵਾਂਰੌਲੀ ਪਾ ਕੇ ਸਤਿ ਦੇ ਮਾਰਗ ਨੂੰ ਭ੍ਰਿਸ਼ਟ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਤੋਂ ਮੁਨਕਰ ਹੋ ਕੇ ਇਹ ਗੁਰੂ ਤੋਂ ਬੇਮੁਖ ਹੋਏ, ਭੇਖਾਂ ਦੀ ਮਦਦ ਨਾਲ ਕੋਈ ਅਵਸਥਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜੰਮਣ ਮਰਣ ਦਾ ਚੱਕਰ ਇਨ੍ਹਾਂ ਦੇ ਸਿਰੋਂ ਉਤਰ ਨਹੀਂ ਸਕਦਾ। ਅਧਿਆਤਮ ਵਿਚਾਰ, ਤੱਤ ਵਿਚਾਰ ਹੈ, ਜਿਸ ਨੂੰ ਗੁਰਬਾਣੀ ਦੀ ਰੋਸ਼ਨੀ ਦੇ ਅੰਦਰ ਮੰਨ ਲੈਣ ਨਾਲ ਹੀ ਕਲਿਆਣ ਹੈ।

ਇਸ ਕਰਕੇ ਪ੍ਰੇਮੀ ਜਨੋ! ਭਾਵੇਂ ਤੁਸੀਂ ਬਹੁਤ ਸਾਰੀਆਂ ਸੰਪਰਦਾਵਾਂ ਨਾਲ ਸਬੰਧ ਰਖਦੇ ਹੋ ਅਤੇ ਬਹੁਤ ਸਾਰੇ ਮਹਾਂਪੁਰਸ਼ਾਂ ਤੋਂ ਤੱਤ ਉਪਦੇਸ਼ ਸੁਣਦੇ ਹੋ ਪਰ ਜਦੋਂ ਤੀਕਰ ਤੁਸੀਂ ਦ੍ਵੈਤ ਦੇ ਚਿੱਕੜ ਵਿਚੋਂ ਆਪਣੇ ਆਪ ਨੂੰ ਕੱਢ ਕੇ 'ਸਬਦਿ ਸੁਰਤਿ ਮਾਰਗ' ਦੇ ਬਲ ਨਾਲ ਇਨ੍ਹਾਂ ਉਪਰਲੇ ਬ੍ਰਹਿਮੰਡੀ ਮੁਕਾਮਾਂ ਵਿਚ ਪ੍ਰਵੇਸ਼ ਨਹੀਂ ਕਰਦੇ, ਓਨੀ ਦੇਰ ਤੱਕ ਇਹ ਅਵਸਥਾ ਬਣੀ ਰਹਿੰਦੀ ਹੈ -

***ਗਲੀ ਅਸੀ ਚੰਗੀਆ***
***ਆਚਾਰੀ ਬੁਰੀਆਹ॥***
***ਮਨਹੁ ਕੁਸੁਧਾ ਕਾਲੀਆ***
***ਬਾਹਰਿ ਚਿਟਵੀਆਹ॥***
***ਰੀਸਾ ਕਰਹਿ ਤਿਨਾੜੀਆ***
***ਜੋ ਸੇਵਹਿ ਦਰੁ ਖੜੀਆਹ॥***
***ਨਾਲਿ ਖਸਮੈ ਰਤੀਆ***
***ਮਾਣਹਿ ਸੁਖਿ ਰਲੀਆਹ॥***
***ਹੋਦੈ ਤਾਣਿ ਨਿਤਾਣੀਆ***
***ਰਹਹਿ ਨਿਮਾਨਣੀਆਹ॥***
***ਨਾਨਕ ਜਨਮੁ ਸਕਾਰਥਾ***
***ਜੇ ਤਿਨ ਕੈ ਸੰਗਿ ਮਿਲਾਹ॥***
***ਅੰਗ - ੮੫***

ਸੋ ਸਾਰੀ ਸੰਗਤ ਨੇ ਮਹਾਂਪੁਰਸ਼ਾਂ ਨੂੰ ਬਹੁਤ ਸ਼ਰਧਾ ਸਹਿਤ ਨਮਸਕਾਰ ਕੀਤੀ ਤੇ ਸ਼ਾਮ ਦੇ ਦੀਵਾਨ ਵਿਚ ਮਹਾਂਪੁਰਸ਼ਾਂ ਦੇ ਬਚਨਾਂ ਦੀ ਤੀਬਰ ਇੱਛਾ ਰਖਦੇ ਹੋਏ ਆਪਣੇ-ਆਪਣੇ ਕਾਰਜਾਂ ਵਿਚ ਪ੍ਰਵਿਰਤ ਹੋਏ।

# ਸੰਤ ਬਚਨ

## ਭਾਗ ਤੀਜਾ

ਸੰਤ ਮਹਾਰਾਜ (ਸ੍ਰੀ ੧੦੮ ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜੇ ਸਾਹਿਬ ਵਾਲੇ ਜੋ ਹਰ ਰੋਜ਼ ਚੰਡੀਗੜ੍ਹ ਵਿਚ ਦੀਵਾਨਾਂ ਦੇ ਸਮੇਂ ਸਵੇਰੇ, ਇਕ ਘੰਟਾ ਸੰਗਤਾਂ ਨੂੰ ਆਪਣੇ ਬਚਨਾਂ ਨਾਲ ਕ੍ਰਿਤਾਰਥ ਕਰਿਆ ਕਰਦੇ ਸਨ, ਅੱਜ ਆਪ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ, ਕੱਲ ਆਪ ਜੀ ਨੇ ਸਰੀਰ ਵਿਚ ਐਨਰਜੀ ਸੈਂਟਰਾਂ ਬਾਰੇ ਬਹੁਤ ਹੀ ਖੋਲ੍ਹ ਕੇ ਗਿਆਤ ਕਰਾਈ ਜਿਸ ਤੋਂ ਅਸਾਡੇ ਅਨੇਕ ਕਿਸਮ ਦੇ ਸੰਸੇ ਦੂਰ ਹੋ ਗਏ। ਅਸਾਡੇ ਵਿਚੋਂ ਬਹੁਤ ਸਾਰੇ ਸਾਧਕ ਬਿਨਾਂ ਕਿਸੇ ਤੋਂ ਪੁੱਛੇ ਹੀ ਲੰਮੇ ਪ੍ਰਾਣਾਯਾਮ ਕਰਿਆ ਕਰਦੇ ਸਨ ਅਤੇ ਐਨਰਜੀ ਸੈਂਟਰਾਂ ਵਿਚ ਪ੍ਰਵੇਸ਼ ਕਰਨ ਦੀ ਇੱਛਿਆ ਰੱਖਿਆ ਕਰਦੇ ਸਨ ਪਰ ਅਸਾਡੇ ਇਹ ਸ਼ੰਕੇ ਦੂਰ ਹੋ ਗਏ, ਕਿਉਂਕਿ ਇਹ ਸਾਧਨ ਬਹੁਤ ਹੀ ਬਿਖਮ ਸਨ। ਆਪ ਕ੍ਰਿਪਾ ਕਰਕੇ ਸਾਨੂੰ ਬਹੁਤ ਹੀ ਸੁਖੈਨ ਜੁਗਤੀ ਸੰਸਾਰ ਸਾਗਰ ਤੋਂ ਪਾਰ ਹੋਣ ਦੀ ਦੱਸਣ ਦੀ ਕ੍ਰਿਪਾ ਕਰੋ?

ਉਤਰ - ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਕੁਝ ਮਾਨਸਿਕ ਸਾਧਨ ਹਨ ਜਿਨ੍ਹਾਂ ਦੇ ਕਰਨ ਕਰਕੇ ਜਗਿਆਸੂ, ਸੰਸਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ, ਨੌਕਰੀ, ਵਣਜ ਵਪਾਰ, ਖੇਤੀਬਾੜੀ ਆਦਿ ਕਰਦਾ ਹੋਇਆ; ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਸਹਿਜੇ ਹੀ ਸੰਸਾਰ ਤੋਂ ਪਾਰ ਹੋ ਸਕਦਾ ਹੈ। ਆਪ ਨੇ ਫੁਰਮਾਇਆ ਕਿ ਪਹਿਲਾ ਦਰਵਾਜ਼ਾ ਆਤਮ ਮਾਰਗ ਦਾ, ਜਿਸ ਦਾ ਨਾਮ **'ਵਿਵੇਕ'** ਹੈ, ਇਸ ਵਿਚੋਂ ਲੰਘਣਾ ਬਹੁਤ ਜ਼ਰੂਰੀ ਹੈ। ਦੂਜਾ ਦਰਵਾਜ਼ਾ **'ਵੈਰਾਗ'** ਹੈ। ਜਦੋਂ ਤਕ ਹਿਰਦੇ ਵਿਚ ਪੂਰਨ ਵੈਰਾਗ ਪੈਦਾ ਨਹੀਂ ਹੁੰਦਾ, ਮਾਇਆ ਦੀਆਂ ਪਕੜਾਂ ਤੋਂ ਛੁਟ ਨਹੀਂ ਸਕਿਆ ਕਰਦਾ। ਤੀਸਰਾ **'ਸ਼ਮ'** ਹੈ ਜਿਸ ਦੇ ਛੇ ਭੇਦ ਹਨ। ਚੌਥਾ **'ਦ੍ਰਿੜ ਜਗਿਆਸਾ'** ਹੈ। ਇਥੋਂ ਲੰਘ ਕੇ ਸਤਿਸੰਗ ਦਾ ਮੁਖ ਦੁਆਰ ਪ੍ਰਾਪਤ ਹੋ ਜਾਂਦਾ ਹੈ, ਜਿਸ ਰਾਹੀਂ ਅਗਲੇ ਸਾਧਨ ਕਰਕੇ ਜੋ ਸ੍ਰਵਣ, ਮੰਨਣ, ਨਿਧਿਆਸਣ ਅਤੇ ਆਪਣੇ ਸਰੂਪ ਦੀ ਗਿਆਤ ਹੈ, ਇਨ੍ਹਾਂ ਰਾਹੀਂ ਸਹਿਜੇ ਹੀ ਬਿਖੜਾ ਸਾਗਰ ਤਰਿਆ ਜਾ ਸਕਦਾ ਹੈ। ਹੁਣ ਤੁਸੀਂ ਇਕ-ਇਕ ਬਾਰੇ ਚਿਤ ਇਕਾਗਰ ਕਰਕੇ ਸ੍ਰਵਣ ਕਰੋ।

੧. **ਵਿਵੇਕ** - ਇਹ ਆਤਮਾ ਅਬਿਨਾਸ਼ੀ ਹੈ। ਸਰੀਰ ਬਿਨਸ ਜਾਣ ਵਾਲਾ ਹੈ। ਜੋ ਵੀ ਸੰਸਾਰ ਵਿਚ ਆਇਆ ਹੈ, ਉਸਨੇ ਇਸ ਸੰਸਾਰ ਤੋਂ ਜਾਣਾ ਹੀ ਹੁੰਦਾ ਹੈ। ਇਸ ਕਰਕੇ ਸਰੀਰ ਨਾਸ਼ ਹੋਣ ਵਾਲੀ ਚੀਜ਼ ਹੈ। ਆਤਮਾ ਕੋਈ ਵੀ ਹਰਕਤ ਨਹੀਂ ਕਰਦਾ, ਇਹ ਪਰਿਪੂਰਨ ਸੰਸਾਰ ਵਿਚ ਵਿਦਮਾਨ ਹੈ ਤੇ ਸਦਾ ਹੀ ਨਾਸ਼ ਰਹਿਤ, ਇਕ ਰਸ, ਕਿਸੇ ਅਸਰਾਂ ਤੋਂ ਰਹਿਤ, ਅਚਾਹ, ਅਮਰ ਹੈ। ਸਰੀਰਧਾਰੀ ਜੋ ਵੀ ਸੰਸਾਰ ਵਿਚ ਆਇਆ, ਉਹ ਚਲਿਆ ਗਿਆ, ਸਰੀਰ ਉਸਦਾ ਨਾਸ਼ ਹੋ ਗਿਆ। ਇਸ ਗਿਆਨ ਨੂੰ ਹਿਰਦੇ ਵਿਚ ਪੂਰੀ ਸ਼ਰਧਾ ਦੇ ਨਾਲ ਸਮਝ ਸੋਚ ਕੇ ਵਸਾ ਲੈਣਾ, ਵਿਵੇਕ ਕਹਾਇਆ ਕਰਦਾ ਹੈ ਅਤੇ ਹੰਸ ਬਿਰਤੀ ਧਾਰਨ ਕਰਕੇ, ਸਤਿ ਤੇ ਅਸੱਤਿ ਦਾ ਨਿਰਣਾ ਕਰਦੇ ਰਹਿਣਾ ਅਤੇ ਅਸੱਤਿ ਦਾ ਤਿਆਗ ਕਰਨਾ ਨਿਤ ਕਰਮ ਹੋਇਆ ਕਰਦਾ ਹੈ। ਜਿਵੇਂ ਹੰਸ ਦੇ ਸਾਹਮਣੇ ਜੇ ਉਸਦੇ ਪੀਣ ਵਾਸਤੇ ਦੁੱਧ ਰੱਖੋ ਤਾਂ ਉਹ ਆਪਣੀ ਚੁੰਝ ਇਕ ਵਾਰ ਦੁੱਧ ਵਿਚ ਪਾ ਕੇ ਪਿਛੇ ਹਟ ਕੇ ਇੰਤਜ਼ਾਰ ਕਰਦਾ ਹੈ, ਦੁੱਧ ਫਟ ਜਾਂਦਾ ਹੈ ਤੇ ਪਾਣੀ ਨੂੰ ਛੱਡ ਕੇ ਪਨੀਰ ਵੱਖਰਾ ਹੋ ਜਾਂਦਾ ਹੈ। ਹੰਸ ਅੱਗੇ ਵਧ ਕੇ ਪਨੀਰ ਖਾ ਲੈਂਦਾ ਹੈ ਤੇ ਪਾਣੀ ਨੂੰ ਛੱਡ ਦਿੰਦਾ ਹੈ। ਇਸੇ ਤਰ੍ਹਾਂ ਦੇ ਨਾਲ ਇਸ ਸੰਸਾਰ ਵਿਚ ਇਕ ਨਿਤ ਪਦਾਰਥ ਹੈ ਅਤੇ ਦੂਜਾ ਅਨਿਤ ਪਦਾਰਥ ਹੈ। ਨਿਤ ਪਦਾਰਥ ਪਰਿਪੂਰਨ ਆਤਮਾ ਆਪਣਾ ਸਰੂਪ,

ਆਪਣਾ ਆਪਾ ਹੈ, ਜੋ ਜੰਮਣ ਮਰਨ ਤੋਂ, ਹਰਖ ਸੋਗ ਤੋਂ, ਹਾਣ ਲਾਭ ਤੋਂ, ਨਿੰਦਾ ਉਸਤਤਿ ਤੋਂ ਸਦੀਵ ਨਿਆਰਾ ਰਹਿੰਦਾ ਹੈ। ਉਹ ਇਕ ਰਸ, ਅਮਰ, ਨਿਰ-ਚਾਹ ਆਪਣਾ ਆਪਾ ਹੈ। ਪ੍ਰਕ੍ਰਿਤੀ, ਜਿਸ ਵਿਚ ਨਾਮ ਤੇ ਰੂਪ ਦੋਨੋਂ ਹਨ, ਇਹ ਸਦੀਵ ਨਾਸ਼ ਨੂੰ ਪ੍ਰਾਪਤ ਹੁੰਦੀ ਹੈ ਅਤੇ ਇਸਦੀ ਕੋਈ ਸ਼ਕਲ ਸਥਿਰ ਨਹੀਂ ਹੈ। ਇਹ ਗੌਣ ਵਸਤੂ ਹੈ। ਇਹ ਆਪਣਾ ਆਪਾ ਨਹੀਂ ਹੈ। ਆਤਮਾ ਨੇ ਥੋੜ੍ਹੇ ਸਮੇਂ ਲਈ ਇਸਨੂੰ ਸਤਾ ਦੇ ਰਖੀ ਸੀ। ਸਮਾਂ ਆਉਣ ਤੇ ਇਹ ਸਾਰਾ ਪਰਪੰਚ ਨਾਸ਼ ਹੋ ਜਾਇਆ ਕਰਦਾ ਹੈ।

ਸੋ ਸਮਝਣ ਵਾਲੀ ਬਾਤ ਇਹ ਹੈ ਕਿ ਆਤਮਾ ਅਬਿਨਾਸ਼ੀ ਹੈ, ਇਸ ਦਾ ਨਾਸ਼ ਨਹੀਂ ਹੁੰਦਾ। ਸੰਸਾਰ ਆਤਮਾ ਤੋਂ ਉਲਟ ਚਲਣ ਵਾਲਾ ਹੈ ਤੇ ਸੰਸਾਰ ਕਦੇ ਵੀ ਸਥਿਰ ਨਹੀਂ ਰਹਿੰਦਾ, ਇਹ ਨਾਸ਼ਵਾਨ ਚੀਜ਼ ਹੈ, ਇਸਦਾ ਦ੍ਰਿੜ੍ਹ ਗਿਆਨ ਹੋ ਜਾਣਾ ਵਿਵੇਕ ਕਹਾਉਂਦਾ ਹੈ। ਜਿਵੇਂ ਕਿਸੇ ਉਚੇ ਮੰਦਰ ਤੇ ਚੜ੍ਹਨ ਲਈ ਪੌੜੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਨਾਲ ਆਤਮ ਮਾਰਗ ਦੀ ਪ੍ਰਾਪਤੀ ਲਈ, ਵਿਵੇਕ ਪਹਿਲੀ ਪੌੜੀ ਹੈ। ਜਿੰਨਾਂ ਚਿਰ ਹਿਰਦੇ ਵਿਚ ਵਿਵੇਕ ਉਤਪੰਨ ਨਹੀਂ ਹੁੰਦਾ, ਉਤਨੀ ਦੇਰ ਤਕ ਰੂਹਾਨੀ ਮਾਰਗ ਉਤੇ ਅਗਲੇ ਪੜਾਅ ਦੀ ਪਹੁੰਚ ਅਸੰਭਵ ਹੈ। ਇਸ ਲਈ ਜਗਿਆਸੂ ਨੂੰ ਉਚਿਤ ਹੈ ਕਿ ਉਹ ਹਿਰਦੇ ਵਿਚ ਪੂਰਨ ਤੌਰ ਉਤੇ ਵਿਵੇਕ ਧਾਰਨ ਕਰੇ ਅਤੇ ਸੰਸਾਰ ਵਿਚ ਜਿੰਨੇ ਵੀ ਉਸਦੇ ਪੁਤਰਾਂ, ਧੀਆਂ, ਰਿਸ਼ਤੇਦਾਰਾਂ, ਬਰਾਦਰੀਆਂ, ਦੇਸ਼ਾਂ, ਕੌਮਾਂ ਦੇ ਬੰਧਨ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਨਾਲ ਅਸਾਰ ਜਾਣ ਕੇ ਸਤਿ ਪਦਾਰਥ ਵਾਹਿਗੁਰੂ ਜੀ ਨਾਲ, ਸਦਾ ਜੁੜਿਆ ਰਹੇ।

੨. **ਵੈਰਾਗ** - ਦੂਸਰਾ ਜ਼ਰੂਰੀ ਸਾਧਨ ਵੈਰਾਗ ਹੈ। ਜਦੋਂ ਤਕ ਆਦਮੀ ਦੇ ਮਨ ਵਿਚ ਵੈਰਾਗ ਦੀ ਉਤਪਤੀ ਨਹੀਂ ਹੁੰਦੀ, ਉਹ ਮਾਇਆ ਦੇ ਬੰਧਨ ਕਿਸੇ ਵੀ ਤਰੀਕੇ ਨਾਲ ਕੱਟ ਨਹੀਂ ਸਕਦਾ। ਉਸਦੀ ਬਿਰਤੀ ਛੋਟੇ-ਛੋਟੇ ਭੋਗਾਂ ਤੋਂ ਲੈ ਕੇ ਵੱਡੇ ਸਵਰਗ ਆਦਿ ਦੇ ਭੋਗਾਂ ਦਾ ਸਿਮਰਨ ਕਰਦੀ ਹੀ ਰਹੇਗੀ ਅਤੇ ਵਾਸ਼ਨਾਵਾਂ ਨੂੰ ਜਨਮ ਦਿੰਦੀ ਰਹੇਗੀ। ਜਦੋਂ ਤਕ ਆਦਮੀ ਦੇ ਮਨ ਵਿਚ ਵਾਸ਼ਨਾ ਦੀ ਮਧਾਣੀ ਘੁੰਮਦੀ ਹੈ, ਉਨੀਂ ਦੇਰ ਤਕ ਉਸਦਾ ਚਿਤ ਕਿਸੇ ਪ੍ਰਕਾਰ ਵੀ ਇਕਾਗਰ ਨਹੀਂ ਹੁੰਦਾ। ਵਾਸ਼ਨਾਵਾਂ ਦੀ ਸ਼ਕਤੀ ਐਨੀ ਪ੍ਰਬਲ ਹੈ ਕਿ ਇਹ ਲੱਖ ਜਤਨ ਕਰਨ ਤੇ ਵੀ ਪਿੱਛਾ ਨਹੀਂ ਛਡਦੀ।

ਇਸ ਪਰ ਇਕ ਸਾਖੀ ਦੱਸਦੇ ਹਾਂ ਕਿ ਰਾਜਾ ਭਰਥਰੀ ਨੂੰ ਕਿਸੇ ਕਾਰਨ ਕਰਕੇ ਤੀਬਰ-ਤਰ-ਤਮ, ਅੰਤਮ ਦਰਜੇ ਦਾ ਵੈਰਾਗ ਹੋ ਗਿਆ ਅਤੇ ਉਸਦਾ ਚਿਤ ਸੰਸਾਰ ਦੇ ਭੋਗਾਂ ਵਲੋਂ ਮੁੜ ਗਿਆ। ਰਾਜ ਭਾਗ ਛੱਡ ਕੇ, ਪਦਮਨੀ ਰਾਣੀਆਂ ਦਾ ਤਿਆਗ ਕਰਕੇ, ਹੀਰੇ ਜਵਾਹਰਾਤ ਤੇ ਸੁੰਦਰ ਭੂਸ਼ਣਾਂ ਦਾ ਤਿਆਗ ਕਰਕੇ, ਜੰਗਲਾਂ ਵਿਚ ਰਹਿ ਕੇ, ਸਾਧਨ ਸ਼ੁਰੂ ਕਰ ਦਿਤੇ। ਇਥੋਂ ਤਕ ਕਿ ਸਰੀਰ ਉਪਰ ਕੋਈ ਵੀ ਬਸਤਰ ਨਾ ਰੱਖਿਆ, ਬਸਤੀਆਂ ਵਿਚ ਜਾਣਾ ਬਿਲਕੁਲ ਬੰਦ ਕਰ ਦਿਤਾ। ਜੰਗਲ ਵਿਚੋਂ ਕੰਦ ਮੂਲ ਚੁਣ ਕੇ ਨਿਰਬਾਹ ਕਰਨ ਲੱਗਿਆ। ਹਰ ਵਕਤ ਵੈਰਾਗ ਦੀ ਦਸ਼ਾ ਵਿਚ ਭ੍ਰਮਣ ਕਰਦਾ ਸੀ। ਹੱਥਾਂ ਦਾ ਉਂਜਲ (ਓਕ) ਬਣਾ ਕੇ ਪਾਣੀ ਪੀ ਲੈਂਦਾ ਸੀ ਅਤੇ ਕੋਈ ਚੀਜ਼ ਵੀ ਆਪਣੇ ਪਾਸ ਨਹੀਂ ਰੱਖਦਾ ਸੀ। ਇਕ ਦਿਨ ਜਦੋਂ ਉਹ ਸਾਧਨ ਕਰ ਰਿਹਾ ਸੀ, ਅੰਮ੍ਰਿਤ ਵੇਲੇ ਘਾਹ ਉਤੇ ਤਰੇਲ ਦੇ ਪੈਣ ਨਾਲ ਅਤੇ ਇਸ ਉਪਰ ਚੰਦ ਦੀ ਪੂਰੀ ਚਾਨਣੀ ਦਾ ਪ੍ਰਤੀਬਿੰਬ ਇਉਂ ਦਰਸਾ ਰਿਹਾ ਸੀ ਜਿਵੇਂ ਇਕੱਲੇ-ਇਕੱਲੇ ਘਾਹ ਦੇ ਤਿਣਕੇ ਉਤੇ ਮੋਤੀਆਂ ਨੇ, ਹੀਰਿਆਂ ਨੇ ਆਪਣੇ ਵਿਸਰਾਮ ਲਈ ਡੇਰੇ ਲਾ ਲਏ ਹੋਣ। ਬਹੁਤ ਸੁੰਦਰ ਅਨੰਦਮਈ ਦ੍ਰਿਸ਼ ਚਾਰੇ ਪਾਸੇ ਫੈਲਿਆ ਹੋਇਆ ਸੀ ਅਤੇ ਮਨ ਨੂੰ ਮੋਹਿਤ ਕਰ ਰਿਹਾ ਸੀ। ਉਸੇ ਸਮੇਂ ਇਕ ਨਿੱਕੇ ਜਿਹੇ ਬੂਟੇ ਉਤੇ ਇਕ ਲਾਲ ਰੰਗ ਦੀ ਚਮਕਦਾਰ

ਵਸਤੂ ਨਜ਼ਰ ਆਈ। ਭਰਥਰੀ ਜੀ ਦੇ ਮਨ ਵਿਚ ਫੁਰਨਾ ਆਇਆ ਕਿ ਇਹ ਤਾਂ ਅਮੁੱਲ ਲਾਲ ਹੈ ਜੋ ਸੰਸਾਰ ਵਿਚ ਮਿਲਣਾ ਅਸੰਭਵ ਹੈ। ਇਸੇ ਵਹਿਣ ਵਿਚ ਪਏ ਨੇ ਹੱਥ ਵਧਾਇਆ ਤੇ ਲਾਲ ਨੂੰ ਚੁੱਕਣ ਲਗਿਆ ਤਾਂ ਹੈਰਾਨ ਰਹਿ ਗਿਆ ਕਿ ਇਹ ਲਾਲ ਨਹੀਂ, ਇਹ ਤਾਂ ਇਕ ਬਹੁਤ ਹੀ ਭਰਮ ਪਾਉਣ ਵਾਲਾ ਮਾਇਆ ਦਾ ਛਲ ਹੈ। ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ, ਜੋ ਚਾਂਦਨੀ ਵਿਚ ਕਣ-ਕਣ ਵਿਚੋਂ ਰੋਸ਼ਨੀ ਦੀਆਂ ਕਿਰਣਾਂ ਛੱਡਦਾ ਹੋਇਆ ਅਮੁੱਲ ਲਾਲ ਪ੍ਰਤੀਤ ਦੇ ਰਿਹਾ ਸੀ। ਸਾਰੀ ਗੱਲ ਸਮਝ ਕੇ ਭਰਥਰੀ ਦਾ ਮਨ ਬਹੁਤ ਹੀ ਵੈਰਾਗਮਈ ਹੋ ਗਿਆ ਅਤੇ ਬਹੁਤ ਹੀ ਪਛਤਾਇਆ ਕਿ ਮੈਂ ਰਾਜ-ਭਾਗ ਛੱਡ ਦਿਤਾ, ਪਦਮਨੀ ਰਾਣੀਆਂ ਛੱਡ ਦਿਤੀਆਂ, ਸੇਜਾਂ ਦੇ ਸੁਖਾਂ ਨੂੰ ਛੱਡ ਕੇ, ਸੰਸਾਰਕ ਸੁਖਾਂ ਨੂੰ ਲੱਤ ਮਾਰ ਕੇ, ਪਿੱਠ ਦੇ ਆਇਆ ਪਰ ਅਜੇ ਤਕ ਮੇਰੇ ਮਨ ਦੇ ਅੰਦਰ ਕਪਟ ਭਰੀ ਵਾਸ਼ਨਾ ਜਿਉਂਦੀ ਹੈ। ਉਸ ਵੇਲੇ ਆਪ ਜੀ ਨੇ ਫੁਰਮਾਨ ਕੀਤਾ -

***ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥***
***ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥***

***(ਬੈਰਾਗ ਸ਼ਤਕ)***

ਮਨ ਦੁਸ਼ਮਣ ਜਿਉਂਦੈ ਤਾਂ ਸਾਰੇ ਦੁਸ਼ਮਣ ਜਿਉਂਦੇ ਨੇ। ਮਨ ਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਣ ਜਿੱਤ ਲਏ। ਸੋ ਇਸਦੇ ਵਿਪਰੀਤ ਜਦੋਂ ਮਨ ਐਨਾ ਦ੍ਰਿੜ੍ਹ ਹੋ ਜਾਵੇ ਕਿ ਸੰਸਾਰ ਦੇ ਸੁੱਖਾਂ ਤੋਂ ਲੈ ਕੇ ਬ੍ਰਹਮ ਲੋਕ ਤਕ ਦੇ ਸੁਖਾਂ ਨੂੰ ਗੰਦਗੀ ਸਮਾਨ ਸਮਝੇ, ਉਸ ਮਾਨਸਿਕ ਅਵਸਥਾ ਦਾ ਨਾਮ ਵੈਰਾਗ ਕਹਾਉਂਦਾ ਹੈ, ਜਿਸ ਬਾਰੇ ਵਿਚਾਰ ਸਾਗਰ ਦਾ ਇਕ ਦੋਹਰਾ ਹੈ -

***ਬ੍ਰਹਮ ਲੋਕ ਲੌਂ ਭੋਗ ਜੋ ਚਹੈ***
***ਸਬਨ ਕੋ ਤਿਆਗ॥***
***ਵੇਦ ਅਰਥ ਗਿਆਤਾ ਮੁਨੀ***
***ਕਹਤ ਤਾਹਿ ਵੈਰਾਗ॥***

***ਵਿਚਾਰ ਸਾਗਰ, ਪੰਨਾ - ੫***

ਹੁਣ ਇਹ ਸਮਝਣ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਤਾਂ ਅਸੀਂ ਘਰ ਬਾਰ ਛੱਡ ਦਿਤਾ ਅਤੇ ਭਰਥਰੀ ਵਾਂਗੂੰ ਅਤੀਤ ਹੋ ਕੇ, ਜੰਗਲਾਂ ਵਿਚ ਫਿਰਨ ਵਾਲੇ ਹੋ ਗਏ; ਐਸੀ ਬਾਤ ਨਹੀਂ, ਕਿਉਂਕਿ ਸਾਰਾ ਸਬੰਧ ਮਨ ਨਾਲ ਹੋਇਆ ਕਰਦਾ ਹੈ -

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥***

***ਅੰਗ - ੩੪੨***

ਜੇ ਮਨ ਸਾਧ ਲਿਆ ਤਾਂ ਸਾਰੇ ਫ਼ਰਜ਼ ਨਿਭਾਉਂਦਾ ਹੋਇਆ ਅੰਦਰੋਂ ਵਿਵੇਕ ਤੇ ਵੈਰਾਗ ਦੀ ਬਿਰਤੀ ਧਾਰਨ ਕਰਕੇ ਰੱਖੇ ਅਤੇ ਪਰਿਵਾਰ ਤੇ ਲੋਕਾਂ ਨਾਲ ਠਾਠਾ ਬਾਗਾ ਰੱਖੇ। ਕਿਸੇ ਚੀਜ਼ ਵਿਚ ਮਨ ਨੂੰ ਰੁਚਿਤ ਨਾ ਕਰੇ, ਕੋਈ ਵਾਸ਼ਨਾ ਮਨ ਵਿਚ ਨਾ ਲਿਆਵੇ, ਅਤੇ ਪਰਮ ਪਦ ਦੀ ਪ੍ਰਾਪਤੀ ਦੀ ਪ੍ਰਬਲ ਇੱਛਾ ਅਤੇ ਉਸਦੇ ਸਾਧਨਾਂ ਨੂੰ ਪਹਿਲ ਦੇਣ ਦਾ ਦ੍ਰਿੜ੍ਹ ਇਰਾਦਾ ਸਦਾ ਧਾਰਨ ਕਰਕੇ ਰੱਖੇ। ਸੋ ਇਸ ਤਰ੍ਹਾਂ ਨਾਲ ਇਹ ਉਪਰ ਕਥੇ ਦੋ ਸਾਧਨ ਪਹਿਲੀ ਅਤੇ ਦੂਜੀ ਪੌੜੀ ਹਨ ਜੋ ਪ੍ਰਮ ਪਦ ਦੀ ਪ੍ਰਾਪਤੀ ਦੇ ਲਈ ਆਵੱਸ਼ਕ ਹਨ।

**੩. ਸ਼ਮ** - ਇਸ ਦੇ ਛੇ ਲੱਛਣ ਹਨ - ਇਨ੍ਹਾਂ ਨੂੰ ਮਹਾਂਪੁਰਸ਼ਾਂ ਨੇ ਕਥਨ ਕੀਤਾ ਹੈ -

***ਸ਼ਮ ਦਮ ਸ਼੍ਰਧਾ***
***ਤੀਸਰੀ ਸਮਾਧਾਨ ਉਪਰਾਮ॥***
***ਛਠੀ ਤਿਤੀਕਸ਼ਾ ਜਾਨਿਏਂ***
***ਭਿੰਨ ਭਿੰਨ ਯਹ ਨਾਮ॥***

***ਵਿਚਾਰ ਸਾਗਰ, ਪੰਨਾ - ੫***

ਸੰਸਾਰ ਦੇ ਵਿਸ਼ਿਆਂ ਵਲੋਂ ਰੋਕ ਕੇ ਮਨ ਦਾ ਝੁਕਾਅ ਵਿਸ਼ਿਆਂ ਵਲ ਨਾ ਹੋਣ ਦਾ ਨਾਮ ਸ਼ਮ ਹੈ। ਜਿਵੇਂ ਕਿ ਹਿੰਸਾ ਨਾ ਕਰੇ, ਝੂਠ ਨਾ ਬੋਲੇ, ਚੋਰੀ ਨਾ ਕਰੇ, 'ਏਕਾ ਨਾਰੀ ਜਤੀ ਹੋਇ' ਦੇ ਸ੍ਰੇਸ਼ਟ ਗੁਣ ਨੂੰ ਧਾਰਨ ਕਰਨਾ, ਧੀਰਜਵਾਨ

ਰਹੇ, ਦਇਆ ਧਾਰਨ ਕਰੇ, ਕੋਮਲ ਹਿਰਦੇ ਵਾਲਾ ਹੋਵੇ, ਸਭ ਨੂੰ ਚੰਗਾ ਉਪਦੇਸ਼ ਦੇਵੇ, ਅਲਪ ਆਹਾਰ ਛਕੇ, ਸਰੀਰ, ਮਨ, ਬੁੱਧੀ ਦਾ ਇਸ਼ਨਾਨ ਨਿਤ ਕਰਾਵੇ। ਜਲ ਨਾਲ ਇਸ਼ਨਾਨ ਕਰਨਾ ਸਰੀਰ ਦਾ ਇਸ਼ਨਾਨ ਹੈ। ਰਾਗ, ਦ੍ਵੈਸ਼, ਈਰਖਾ, ਵੈਰ, ਕਪਟ, ਛਲ, ਧੋਖਾ; ਇਹ ਮਨ ਵਿਚੋਂ ਕੱਢ ਕੇ ਸਰਬੱਤ ਦੇ ਭਲੇ ਦੀ ਭਾਵਨਾ ਰੱਖਣੀ, ਮਨ ਦਾ ਇਸ਼ਨਾਨ ਹੈ। ਸਤਿ ਸ਼ਾਸ਼ਤਰ, ਮਹਾਂਪੁਰਸ਼ਾਂ ਦੇ ਬਚਨ, ਗੁਰਬਾਣੀ ਦੇ ਸਿਧਾਂਤ ਸਦਾ ਹਿਰਦੇ ਵਿਚ ਧਾਰ ਕੇ ਰੱਖਣੇ, ਇਹ ਬੁੱਧੀ ਦਾ ਇਸ਼ਨਾਨ ਹੈ। ਸੋ ਮਨ ਨੂੰ ਵਿਸ਼ਿਆਂ ਵਲੋਂ ਸਦਾ ਹੀ ਰੋਕ ਕੇ ਰੱਖਣਾ, ਇਸਨੂੰ ਸ਼ਮ ਕਹਿੰਦੇ ਹਨ।

**ਦਮ** - ਪੰਜ ਕਰਮ ਇੰਦ੍ਰਿਆਂ ਦੀ ਸ਼ੁਧਤਾ ਰਖਣੀ ਅਤੇ ਪੰਜੇ ਗਿਆਨ ਇੰਦਰੀਆਂ ਨੂੰ ਇਨ੍ਹਾਂ ਦੇ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਅਨੁਭਵਾਂ ਤੋਂ ਰੋਕ ਕੇ ਰਖਣਾ, ਦਮ ਹੋਇਆ ਕਰਦਾ ਹੈ।

**ਸ਼ਰਧਾ** - ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਪ੍ਰਾਪਤ ਹੋਏ ਬਚਨ ਪੂਰੀ ਤਰ੍ਹਾਂ ਨਾਲ ਸਤਿ ਕਰਕੇ ਮੰਨਣੇ ਅਤੇ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਧਾਰਨ ਕਰਨਾ, ਗੁਰੂ ਨੂੰ ਪ੍ਰਮੇਸ਼ਰ ਜਾਨਣਾ, ਇਸ ਦਾ ਨਾਮ ਸ਼ਰਧਾ ਹੈ।

**ਸਮਾਧਾਨ** - ਮਨ ਵਿਚ ਵਿਖਸ਼ੇਪਤਾ ਪੈਦਾ ਹੋ ਜਾਣੀ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਇਹ ਸੰਸਾਰ ਵਾਹਿਗੁਰੂ ਦਾ ਰੂਪ ਹੈ -

***ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ***
***ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥***

***ਅੰਗ - ੯੨੨ ਜਾਂ***

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ***
***ਮਨ ਸਦਾ ਧਿਆਈ॥***

***ਅੰਗ - ੬੭੭ ਜਾਂ***

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥***

***ਅੰਗ - ੬੧੨ ਜਾਂ***

***ਫਰੀਦਾ ਬੁਰੇ ਦਾ ਭਲਾ***
***ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ***
***ਪਲੈ ਸਭੁ ਕਿਛੁ ਪਾਇ॥***

***ਅੰਗ - ੧੩੮੨ ਜਾਂ***

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥***

***ਅੰਗ - ੨੫੯ ਜਾਂ***

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥***

***ਅੰਗ - ੧੩੬੪***

ਅਜਿਹੇ ਸਿਧਾਤਾਂ ਨੂੰ ਸਤਿ ਕਰਕੇ ਨਾ ਮੰਨਣਾ ਅਤੇ ਆਪਣੇ ਮਨ ਦੀ ਮਤ ਦਾ ਤਿਆਗ ਨਾ ਕਰਨਾ - ਇਹ ਸ਼ਰਧਾ ਦੇ ਰਸਤੇ ਵਿਚ ਬਹੁਤ ਹੀ ਵੱਡੀ ਰੁਕਾਵਟ ਹੈ ਜੋ ਜਗਿਆਸੂ ਨੂੰ ਅੱਗੇ ਨਹੀਂ ਚਲਣ ਦਿੰਦੀ। ਅਜਿਹੇ ਸ਼ੰਕਿਆਂ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ, ਪੂਰਨ ਰੂਪ ਵਿਚ ਨਵਿਰਤ ਕਰਨਾ ਤੇ ਕਰਾਉਣਾ, ਸਮਾਧਾਨ ਕਹਾਇਆ ਕਰਦਾ ਹੈ। ਜੇ ਇਹ ਸ਼ੰਕੇ ਕੁਸੰਗਤ ਦੇ ਬਲ ਕਰਕੇ ਮਾੜੇ, ਰਾਗ ਤੇ ਦ੍ਵੈਸ਼ ਦੇ ਭਰੇ ਲਿਟਰੇਚਰ ਦੇ ਪੜ੍ਹਨ ਨਾਲ, ਹਿਰਦੇ ਵਿਚ ਜੜ੍ਹਾਂ ਫੜ ਲੈਣ ਅਤੇ ਗੁਰੂ ਸਿਧਾਂਤ ਨੂੰ ਛੱਡ ਕੇ ਆਪਣੇ ਮਨ ਦੀ ਮਤਿ ਦੇ ਮੁਤਾਬਿਕ ਸੋਚਣਾ ਤੇ ਕਹਿਣਾ ਇਹ ਸਮਾਧਾਨ ਤੋਂ ਪੂਰੀ ਤਰ੍ਹਾਂ ਉਲਟ ਬਾਤ ਹੈ। ਸੋ ਇਸ ਲਈ ਗੁਰੂ ਦੇ ਬਚਨਾਂ ਦੇ ਅਨੁਆਈ ਹੋ ਕੇ ਚਲਣਾ, ਸ਼ਰਧਾ ਦੇ ਰਸਤੇ ਵਿਚ ਆਈਆਂ ਰੁਕਾਵਟਾਂ ਨੂੰ ਦੂਰ ਕਰਨਾ, ਇਹ ਸਮਾਧਾਨ ਹੋਇਆ ਕਰਦਾ ਹੈ।

**ਉਪਰਾਮ** - ਕਾਮ ਵਾਸ਼ਨਾ ਤੋਂ ਪੂਰੀ ਤਰ੍ਹਾਂ ਗਿਲਾਨੀ ਹੋਣੀ ਅਤੇ ਇਸਤਰੀ ਨੂੰ ਮਾਤਾ, ਧੀ,

ਭੈਣ ਤੁਲ ਸਮਝਣਾ।

ਇਸਦੇ ਵਿਪਰੀਤ ਨਿਸ਼ਚੇ ਵਿਚ ਵਰਤਣਾ, ਜ਼ਹਿਰ ਖਾਣ ਦੇ ਬਰਾਬਰ ਹੋਇਆ ਕਰਦਾ ਹੈ। ਇਸ ਦੇ ਵਿਪਰੀਤ ਮਨ ਵਿਚੋਂ ਇਹ ਦੁਰ-ਭਾਵਨਾਵਾਂ, ਮਾੜੇ ਵਿਚਾਰ ਦੂਰ ਕਰ ਦੇਣਾ ਅਤੇ ਪੰਜਾਂ ਚੋਰਾਂ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ; ਪੰਜਾਂ ਵਿਸ਼ਿਆਂ- ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜੇ ਠੱਗਾਂ - ਰਾਜ, ਮਾਲ, ਰੂਪ, ਜਾਤ, ਜੋਬਨ ਅਤੇ ਚਾਰੇ ਅਗਨੀਆਂ - ਹੰਸ, ਹੇਤ, ਕੋਪ, ਲੋਭ ਤੋਂ ਆਪਣੇ ਆਪ ਨੂੰ ਅਛੋਹ ਰਖਣਾ। ਇਸ ਦਾ ਨਾਮ ਉਪਰਾਮ ਹੋਇਆ ਕਰਦਾ ਹੈ।

**ਤਿਤਿਕਸ਼ਾ** - ਸਤਿਸੰਗ ਸੁਣਨ ਸਮੇਂ ਗਰਮੀ, ਸਰਦੀ, ਭੁੱਖ, ਪਿਆਸ ਨੂੰ ਸਹਾਰਨ ਦਾ ਸੁਭਾਅ ਪੈਦਾ ਕਰਨਾ ਅਤੇ ਗਰਮੀ, ਸਰਦੀ ਵਿਚ ਮੌਸਮ ਦੇ ਹਿਸਾਬ ਨਾਲ ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਨੀ, ਤਿਤਿਕਸ਼ਾ ਕਹਾਉਂਦੀ ਹੈ।

ਉਪਰੋਕਤ ਸਾਰੇ ਸਾਧਨਾਂ ਨੂੰ ਮਮੁਖਸ਼ਤਾ (ਮੁਕਤੀ ਦੀ ਇੱਛਾ) ਆਖਦੇ ਹਨ।

ਇਹ ਚਾਰ ਸਾਧਨ ਰੂਹਾਨੀ ਸਫਰ ਕਰਨ ਲਈ ਚਾਰ ਮੰਜ਼ਲਾਂ ਦੀਆਂ, ਚਾਰ ਗਰੁੱਪਾਂ ਵਿਚ, ਚਾਰ ਪੌੜੀਆਂ ਹਨ। ਜਿਵੇਂ ਪੌੜੀ ਤੋਂ ਬਿਨਾਂ ਮੰਦਰ ਤੇ ਨਹੀਂ ਚੜ੍ਹਿਆ ਜਾ ਸਕਦਾ, ਐਵੇਂ ਹੀ ਇਹ ਸਾਧਨ ਅਪਨਾਉਣ ਤੋਂ ਬਿਨਾਂ ਅਗਲੇ ਸਾਧਨ, ਜਿਨ੍ਹਾਂ ਨੂੰ ਸਰਵਣ, ਮੰਨਣ, ਨਿਧਿਆਸਣ ਤੇ ਪ੍ਰਾਪਤੀ ਕਹਿੰਦੇ ਹਨ, ਉਹ ਸਿੱਧ ਨਹੀਂ ਹੋ ਸਕਿਆ ਕਰਦੇ। ਮੁਕਤੀ ਦੀ ਪ੍ਰਾਪਤੀ ਲਈ ਚਾਰ ਵਿਸ਼ੇਸ਼ ਦਰਵਾਜ਼ੇ ਹਨ, ਜਿਨ੍ਹਾਂ ਰਾਹੀਂ ਲੰਘ ਕੇ ਜਾਣਾ ਪੈਂਦਾ ਹੈ।

**ਸਮ** - ਆਪਣੇ ਆਪ ਨੂੰ ਵਿਸ਼ਿਆਂ ਦੀ ਵਾਸ਼ਨਾ, ਸੰਸਾਰ ਦੀਆਂ ਚਿੰਤਾਵਾਂ, ਲੰਘ ਗਏ ਸਮੇਂ ਦੀ ਯਾਦ, ਆਉਣ ਵਾਲੇ ਸਮੇਂ ਤੋਂ ਸਹਿਮ, ਅਤੇ ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਆਦਿ ਦੇ ਵਿਅਰਥ ਫੁਰਨਿਆਂ ਤੋਂ ਮਨ ਨੂੰ ਪਵਿੱਤਰ ਰੱਖਣਾ, ਕਿਸੇ ਕਿਸਮ ਦਾ ਸ਼ੋਕ ਨਾ ਕਰਨਾ, ਨਾ ਹੀ ਧਨ ਵਾਸਤੇ ਚਿਤਵਨੀ ਕਰਨੀ ਅਤੇ ਨਾ ਹੀ ਮਾਇਆਧਾਰੀ ਬੰਦਿਆਂ ਨਾਲ ਮਿਤਰਤਾ ਦੀ ਚਿਤਵਨਾ ਕਰਨੀ, ਨਾ ਹੀ ਗ੍ਰਿਹਸਤ ਦੇ ਵਿਹਾਰ ਦੀ ਸੋਚ ਕਰਨੀ, ਸੰਤਾਨ ਦੇ ਵਾਸਤੇ ਕੋਈ ਚਿੰਤਾ ਨਾ ਮਨ ਵਿਚ ਰੱਖਣੀ, ਲੰਘ ਗਈਆਂ ਗੱਲਾਂ ਵਿਚ ਮਨ ਨੂੰ ਬਾਰ-ਬਾਰ ਨਾ ਫਸਾਉਣਾ, ਨਾ ਹੀ ਆਉਣ ਵਾਲੇ ਸਮੇਂ ਵਿਚ ਪੇਸ਼ ਆਉਣ ਵਾਲੀਆਂ ਔਕੜਾਂ ਤੋਂ ਡਰ ਕੇ ਨਿਰਾਰਥਕ ਫੁਰਨੇ ਕਰਨੇ ਅਤੇ ਨਾ ਹੀ ਮੂਰਖਾਂ, ਕੱਟੜਵਾਦੀਆਂ, ਅਗਿਆਨੀਆਂ, ਭੋਗੀਆਂ, ਲੰਪਟਾਂ ਦੀ ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਅਸਰ ਕਬੂਲਣੇ ਅਤੇ ਇਸਦੀ ਥਾਂ ਬਾਰੰਬਾਰ ਪ੍ਰਭੂ ਦਾ ਨਾਮ ਜਪਣਾ ਅਤੇ ਸ੍ਰੇਸ਼ਟ ਸਾਧਨਾ ਦੀ ਕਮਾਈ ਕਰਦੇ ਰਹਿਣਾ। ਸਾਰੇ ਜਗਤ ਦੇ ਜੰਜਾਲਾਂ ਤੋਂ ਛੁਟਣ ਦਾ ਕੇਵਲ ਮਾਤਰ ਇਹ ਬਹੁਤ ਹੀ ਸੁਖੈਨ ਉਪਾਅ ਹੈ। ਸਾਵਧਾਨ ਹੋ ਕੇ ਇਨ੍ਹਾਂ ਸਾਧਨਾਂ ਦੇ ਉਤੇ ਪੂਰੀ ਤਰ੍ਹਾਂ ਪਹਿਰਾ ਦੇਣਾ।

**ਸੰਤੋਖ** - ਨਾਮ ਜਪਣ ਵਿਚ ਸਭ ਤੋਂ ਵੱਡੀ ਰੁਕਾਵਟ ਸੰਤੋਖ ਨਾ ਧਾਰਨ ਕਰਕੇ, ਤ੍ਰਿਸ਼ਨਾ ਵਿਚ ਰੁੜ੍ਹ ਜਾਣਾ ਹੈ। ਸੰਤੋਖ ਵਰਗਾ ਕੋਈ ਸੁਖ ਨਹੀਂ। ਜਿਸ ਥਾਂ ਵੀ ਕੰਮ ਕਰ ਰਹੇ ਹੋਂ, ਪੂਰੀ ਨੇਸ਼ਟਾ ਨਾਲ ਉਸ ਕੰਮ ਨੂੰ ਸੰਪੂਰਨ ਕਰੋ ਅਤੇ ਜੋ ਕੁਛ ਪਰਾਲਬਧ ਦੇ ਮੁਤਾਬਿਕ ਪ੍ਰਾਪਤ ਹੁੰਦਾ ਹੈ, ਉਸ ਉਤੇ ਸੰਤੁਸ਼ਟ ਰਹਿਣਾ, ਸੰਤੋਖ ਕਹਾਉਂਦਾ ਹੈ। ਗੁਰੂ ਮਹਾਰਾਜ ਜੀ ਨੇ ਮਨ ਦੇ ਰੱਜਣ ਦਾ ਸਾਧਨ ਕੇਵਲ ਸੰਤੋਖ ਹੀ ਦੱਸਿਆ ਹੈ।

***ਬਿਨਾ ਸੰਤੋਖ ਨਹੀ ਕੋਊ ਰਾਜੈ॥***
***ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥***
***ਅੰਗ - ੨੭੯***

ਅਤੇ ਹੁਕਮ ਹੈ ਕਿ -

***ਸਤੁ ਸੰਤੋਖੁ ਦਇਆ ਕਮਾਵੈ***
***ਏਹ ਕਰਣੀ ਸਾਰ॥ ਅੰਗ - ੫੧***
***ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥***
***ਰੋਗੁ ਨ ਬਿਆਪੈ ਨਾ ਜਮ ਦੋਖੰ॥***
***ਅੰਗ - ੨੨੩***

ਇਸਦੇ ਵਿਪਰੀਤ ਤ੍ਰਿਸ਼ਨਾ ਨੂੰ ਮਹਾਰਾਜ ਜੀ ਨੇ ਵੱਡਾ ਰੋਗ ਦੱਸਿਆ ਹੈ ਅਤੇ ਤ੍ਰਿਸ਼ਨਾਲੂ ਬੰਦਾ ਹਰ ਵਕਤ ਕੁੱਤੇ ਦੀ ਨਿਆਈਂ ਦਰ-ਦਰ ਡੋਲਦਾ ਫਿਰਦਾ ਹੈ ਅਤੇ ਕਦੇ ਵੀ ਮਾਨਸਿਕ ਤੌਰ ਤੇ ਸੰਤੁਸ਼ਟ ਨਹੀਂ ਹੁੰਦਾ। ਤ੍ਰਿਸ਼ਨਾ ਇਕ ਅਗਨ ਹੈ ਜੋ ਸਦਾ ਹੀ ਅੰਦਰ ਜਲਦੀ ਰਹਿੰਦੀ ਹੈ। ਤ੍ਰਿਸ਼ਨਾ ਵਿਚ ਲਗਿਆ ਜੀਵ, ਪ੍ਰਮੇਸ਼ਰ ਦੀ ਪ੍ਰਾਪਤੀ ਲਈ ਕੋਈ ਜਤਨ ਨਹੀਂ ਕਰਦਾ ਅਤੇ ਮੌਤ ਨੂੰ ਭੁੱਲਿਆ ਰਹਿੰਦਾ ਹੈ।

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ***
***ਮਨਹੁ ਵਿਸਾਰਿਆ॥***

***ਅੰਗ - ੬੧੬***

ਜੀਵ ਇਸ ਸੰਸਾਰ ਉੱਤੇ ਪ੍ਰਭੂ ਪ੍ਰਾਪਤੀ ਵਾਸਤੇ ਆਇਆ ਸੀ। ਪਰ ਤ੍ਰਿਸ਼ਨਾ ਦੇ ਜਾਲ ਵਿਚ ਫਸ ਜਾਣ ਕਰਕੇ ਇਹ ਥਾਂ-ਥਾਂ ਭਟਕਦਾ ਅਤੇ ਦੁਖੀ ਹੁੰਦਾ ਸਦਾ ਹੀ ਪ੍ਰਮੇਸ਼ਰ ਨੂੰ ਵਿਸਿਮਰਨ ਕਰਕੇ ਰਖਦਾ ਹੈ।

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨ ਪਾਏ ਮਾਇ॥***

***ਅੰਗ - ੫੦***

ਇਹ ਤ੍ਰਿਸ਼ਨਾ, ਮਾਇਕ ਦੁਨੀਆਂ ਦਾ ਅਜਿਹਾ ਜਜ਼ਬਾ ਹੈ ਕਿ ਆਦਮੀ ਸਦਾ ਹੀ ਇਸ ਉਧੇੜ-ਬੁਣ ਵਿਚ ਰਹਿੰਦਾ ਹੈ ਕਿ ਜੇ ਮੇਰੇ ਪਾਸ ਇਕ ਲੱਖ ਰੁਪਿਆ ਹੋਵੇ ਤਾਂ ਮੈਂ ਆਹ-ਆਹ ਕੰਮ ਕਰ ਲਵਾਂ। ਜਦੋਂ ਇਕ ਲੱਖ ਹੋ ਜਾਵੇ ਤਾਂ ਕਹਿੰਦਾ ਹੈ ਕਿ ਦੱਸ ਲੱਖ ਹੋ ਜਾਵੇ; ਜਦੋਂ ਇਹ ਵੀ ਹੋ ਗਿਆ, ਫੇਰ ਕਰੋੜ, ਅਰਬ ਦੀ ਇੱਛਿਆ ਕਰਦਾ ਹੈ। ਆਪਨੇ ਫੁਰਮਾਨ ਕੀਤਾ ਕਿ ਇਹ ਅਗਨ ਐਸੀ ਹੈ, ਜਿਉਂ-ਜਿਉਂ ਇਸ ਵਿਚ ਪ੍ਰਾਪਤੀਆਂ ਦਾ ਬਾਲਣ ਪੈਂਦਾ ਜਾਵੇਗਾ, ਤਿਉਂ-ਤਿਉਂ ਵੱਧ ਭੜਕਦੀ ਹੈ ਅਤੇ ਆਦਮੀ ਅੰਨ੍ਹਾ ਹੋਇਆ ਆਪਣੇ ਪ੍ਰਮ ਮਨੋਰਥ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਕੇ, ਅਨੇਕਾਂ ਵਾਸ਼ਨਾਵਾਂ ਦੇ ਅਚੁੱਕ ਭਾਰ ਲੈ ਕੇ ਪ੍ਰਲੋਕ ਗਵਨ ਕਰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਵਡੇ ਵਡੇ ਰਾਜਨ ਅਰੁ ਭੂਮਨ***
***ਤਾ ਕੀ ਤ੍ਰਿਸਨ ਨ ਬੂਝੀ॥***
***ਲਪਟਿ ਰਹੇ ਮਾਇਆ ਰੰਗ***
***ਮਾਤੇ ਲੋਚਨ ਕਛੂ ਨ ਸੂਝੀ॥***
***ਬਿਖਿਆ ਮਹਿ***
***ਕਿਨ ਹੀ ਤ੍ਰਿਪਤਿ ਨ ਪਾਈ॥***
***ਜਿਉ ਪਾਵਕੁ ਈਧਨਿ ਨਹੀ ਧ੍ਰਾਪੈ***
***ਬਿਨੁ ਹਰਿ ਕਹਾ ਅਘਾਈ॥***

***ਅੰਗ - ੬੭੨***

ਕੋਈ ਵਿਰਲਾ ਪੁਰਸ਼ ਜਿਸਦੇ ਮਨ ਵਿਚ ਨਾਮ ਦਾ ਨਿਵਾਸ ਹੋ ਗਿਆ, ਉਸਦੀ ਤ੍ਰਿਸ਼ਨਾ ਬੁਝ ਜਾਇਆ ਕਰਦੀ ਹੈ। ਉਸਨੂੰ ਛੱਡ ਕੇ ਇਹ ਤ੍ਰਿਸ਼ਨਾ ਦਾ ਭਾਂਬੜ ਉਚੇ ਤੋਂ ਉਚਾ ਲਾਟਾਂ ਦਿੰਦਾ ਬੰਦੇ ਨੂੰ ਸਾੜਦਾ ਰਹਿੰਦਾ ਹੈ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥***

***ਅੰਗ - ੨੧੩***

ਹਰੀ ਦੇ ਨਾਮ ਦੀ ਦਵਾਈ ਦਾ ਜਦੋਂ ਤਕ ਇਹ ਪ੍ਰਯੋਗ ਨਹੀਂ ਕਰਦਾ ਅਤੇ ਪੂਰੇ ਗੁਰੂ ਦੀ ਸ਼ਰਨ ਵਿਚ ਜਾ ਕੇ ਉਸਦੇ ਬਚਨਾਂ ਨੂੰ ਨਹੀਂ ਕਮਾਉਂਦਾ, ਇਹ ਸੰਸਾਰ ਤ੍ਰਿਸ਼ਨਾ ਦੇ ਰੋਗ ਵਿਚ ਜਲਦਾ ਰਹਿੰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ***
***ਇਸੁ ਮਹਿ ਰੋਗੁ ਵਡਾ***
***ਤ੍ਰਿਸਨਾ ਮਾਇਆ॥***
***ਅਨੇਕ ਜਤਨ ਭੇਖ ਕਰੇ ਜੋਗੀ***
***ਰੋਗੁ ਨ ਜਾਇ ਗਵਾਇਆ॥***
***ਹਰਿ ਕਾ ਨਾਮੁ ਅਉਖਧੁ ਹੈ ਜੋਗੀ***
***ਜਿਸਨੋ ਮੰਨਿ ਵਸਾਏ॥***

***ਗੁਰਮੁਖਿ ਹੋਵੈ ਸੋਈ ਬੂਝੈ***
***ਜੋਗ ਜੁਗਤਿ ਸੋ ਪਾਏ॥***

***ਅੰਗ - ੯੦੯***

ਤ੍ਰਿਸ਼ਨਾਲੂ ਪੁਰਸ਼ ਬਾਰੇ ਪ੍ਰਸਿੱਧ ਹੈ ਕਿ ਇਕ ਗਰੀਬ ਆਦਮੀ ਆਪਣੇ ਦਲਿੱਦਰ ਦੇ ਨਾਸ਼ ਲਈ ਮਹਾਂਪੁਰਸ਼ਾਂ ਦੀ ਸੇਵਾ ਕਰਿਆ ਕਰਦਾ ਸੀ। ਮਹਾਂਪੁਰਸ਼ਾਂ ਨੇ ਉਸਨੂੰ ਚਾਰ ਬੱਤੀਆਂ ਦੇ ਕੇ ਕਿਹਾ ਕਿ ਅੱਧੀ ਰਾਤ ਇਕ ਬੱਤੀ ਜਲਾ ਕੇ ਪੂਰਬ ਦਿਸ਼ਾ ਜਾਈਂ, ਉਥੇ ਧਨ ਹੋਵੇਗਾ। ਫੇਰ ਜੇ ਤੇਰਾ ਘਰ ਪੂਰਾ ਨਾ ਹੋਇਆ ਤਾਂ ਇਵੇਂ ਹੀ ਪੱਛਮ ਦਿਸ਼ਾ ਜਾਈਂ, ਉਥੇ ਵੀ ਧਨ ਮਿਲੇਗਾ। ਫੇਰ ਤੂੰ ਉੱਤਰ ਦਿਸ਼ਾ ਵਿਚ ਜਾਈਂ, ਉਥੇ ਵੀ ਧਨ ਮਿਲੇਗਾ। ਪਰ ਭੁੱਲ ਕੇ ਵੀ ਦੱਖਣ ਦਿਸ਼ਾ ਵਿਚ ਨਾ ਜਾਈਂ। ਬਹੁਤ ਖੁਸ਼ ਹੋਇਆ, ਘਰ ਆ ਗਿਆ। ਅੱਧੀ ਰਾਤ ਪੂਰਬ ਦਿਸ਼ਾ ਵਲ ਗਿਆ। ਜਿਥੇ ਬੱਤੀ ਬੁਝੀ, ਉਥੋਂ ਤਾਂਬੇ ਦਾ ਖਜ਼ਾਨਾ ਮਿਲਿਆ; ਦੂਸਰੇ ਦਿਨ ਉਤਰ ਦਿਸ਼ਾ ਵਿਚ ਗਿਆ, ਉਥੇ ਚਾਂਦੀ ਦਾ ਖਜ਼ਾਨਾ ਮਿਲਿਆ; ਤੀਸਰੇ ਦਿਨ ਪੱਛਮ ਦਿਸ਼ਾ ਨੂੰ ਗਿਆ, ਉਥੇ ਮੋਹਰਾਂ ਦਾ ਖਜ਼ਾਨਾ ਮਿਲਿਆ। ਇਹ ਸਾਰਾ ਧਨ ਇਸਦੇ ਵਾਸਤੇ ਬਹੁਤ ਜ਼ਿਆਦਾ ਸੀ ਪਰ ਇਸਨੂੰ ਸੰਤੋਖ ਨਾ ਆਇਆ। ਅਖੀਰ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਵਿਸਾਰ ਕੇ ਦੱਖਣ ਦਿਸ਼ਾ ਵਿਚ ਗਿਆ ਅਤੇ ਉਥੇ ਬਹੁਤ ਬੁਰੀ ਤਰ੍ਹਾਂ ਫਸ ਕੇ ਕੈਦ ਹੋ ਗਿਆ। ਨਾ ਤਾਂ ਪਹਿਲੇ ਖਜ਼ਾਨਿਆਂ ਦਾ ਉਸਨੂੰ ਕੋਈ ਲਾਭ ਹੋਇਆ, ਸਗੋਂ ਇਸ ਤ੍ਰਿਸ਼ਨਾ ਨੇ ਇਸਨੂੰ ਜੰਜਾਲਾਂ ਵਿਚ ਫਸਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਇਸਦਾ ਇਲਾਜ **'ਨਾਮ'** ਹੀ ਦੱਸਿਆ ਹੈ। ਤ੍ਰਿਸ਼ਨਾ ਅਗਨ ਵਿਚ ਜਲਦਾ ਸੰਸਾਰ ਖੱਪ ਰਿਹਾ ਹੈ। ਇਕ ਦੇਸ਼, ਦੂਜੇ ਤੋਂ ਰਾਜ ਖੋਹਣ ਦੀ ਇੱਛਾ ਨਾਲ ਯੁੱਧ ਦੀਆਂ ਤਿਆਰੀਆਂ ਕਰ ਰਿਹਾ ਹੈ। ਇਸ ਤ੍ਰਿਸ਼ਨਾ ਦਾ ਇਲਾਜ ਨਾਮ ਰਾਹੀਂ ਪ੍ਰਾਪਤ ਹੋਇਆ ਸੰਤੋਖ ਹੈ -

***ਤ੍ਰਿਸਨਾ ਬੁਝੈ ਹਰਿ ਕੈ ਨਾਮਿ॥***
***ਮਹਾ ਸੰਤੋਖੁ ਹੋਵੈ ਗੁਰ ਬਚਨੀ***
***ਪ੍ਰਭ ਸਿਉ ਲਾਗੈ ਪੂਰਨ ਧਿਆਨੁ॥***

***ਅੰਗ - ੬੮੨***

ਸੋ ਇਸ ਵਾਸਤੇ ਸੰਤੋਖ ਵਰਗਾ ਪ੍ਰਮ ਮਿਤਰ ਸੰਸਾਰ ਵਿਚ ਕੋਈ ਨਹੀਂ ਅਤੇ ਤ੍ਰਿਸ਼ਨਾ ਵਰਗਾ ਵੈਰੀ, ਸਦਾ ਦੁੱਖ ਦੇਣ ਵਾਲਾ, ਸਦਾ ਹੀ ਭਟਕਣਾ ਵਿਚ ਰੱਖਣ ਵਾਲਾ, ਹੋਰ ਕੋਈ ਨਹੀਂ। ਤ੍ਰਿਸ਼ਨਾ ਦੀ ਪੂਰਤੀ ਲਈ ਆਦਮੀ ਮਹਾਂ ਨਿੰਦਨੀ ਕੁਕਰਮ ਕਰਦਾ ਹੈ ਜਿਵੇਂ ਕਿ ਕਪਟ ਨਾਲ ਦੂਸਰੇ ਦਾ ਧਨ ਖੋਹਣਾ, ਚੋਰੀ ਕਰਨੀ, ਰਿਸ਼ਵਤਾਂ ਲੈਣੀਆਂ, ਮੰਤ੍ਰ, ਤੰਤ੍ਰ, ਜੰਤ੍ਰ, ਭੂਤ ਵਿਦਿਆ ਸਿਧ ਕਰਕੇ ਲੋਕਾਂ ਨੂੰ ਠੱਗਣਾ, ਖੋਟੇ ਕਰਮ ਕਰਕੇ ਆਪਣਾ ਜੀਵਨ ਬਰਬਾਦ ਕਰ ਲੈਣਾ। ਇਸ ਕਰਕੇ ਸੰਤੋਖ ਧਾਰਨ ਕਰਨਾ, ਇਹ ਇਸਦਾ ਪ੍ਰਮ ਮਿੱਤਰ ਹੈ।

**ਵਿਚਾਰ** - ਵਿਚਾਰ ਦੇ ਬਲ ਨਾਲ ਇਹ ਸੋਚਣਾ ਕਿ ਇਸ ਸੰਸਾਰ ਵਿਚ ਸਤਿ ਵਸਤੂ ਕਿਹੜੀ ਹੈ ਅਤੇ ਅਸੱਤਿ ਵਸਤੂ ਕਿਹੜੀ ਹੋਈ? ਪ੍ਰਮਾਤਮਾ ਅਤੇ ਆਤਮਾ ਇਹ ਸਦੀਵ ਹੀ ਸਤਿ ਹਨ ਅਤੇ ਨਾਮ ਰੂਪ ਧਾਰਨ ਕਰਨ ਵਾਲੀ ਮਾਇਆ ਅਸੱਤਿ ਅਤੇ ਛਿਨਭੰਗਰ ਹੈ। ਇਸੇ ਤਰ੍ਹਾਂ ਇਹ ਸੋਚਣਾ ਕਿ ਮੈਂ ਕੌਣ ਹਾਂ? ਮੈਂ ਨਾ ਤਾਂ ਪੰਜਾਂ ਤੱਤਾਂ ਵਿਚੋਂ ਕੋਈ ਤੱਤ ਹਾਂ, ਨਾ ੨੫ ਪ੍ਰਕ੍ਰਿਤੀਆਂ ਵਿਚੋਂ ਕੋਈ ਪ੍ਰਕ੍ਰਿਤੀ, ਨਾ ਮੈਂ ਪੰਜ ਗਿਆਨ ਇੰਦਰੇ - ਅੱਖਾਂ, ਨੱਕ ਆਦਿ ਹਾਂ, ਨਾ ਪੰਜ ਕਰਮ ਇੰਦਰਿਆਂ ਵਿਚੋਂ ਹੱਥ, ਪੈਰ ਆਦਿ ਕੋਈ ਇੰਦਰੀਆਂ ਹਾਂ, ਨਾ ਮੈਂ ਮਨ ਹਾਂ ਕਿਉਂਕਿ ਮੈਂ ਇਹ ਕਹਿੰਦਾ ਹਾਂ ਕਿ ਮੇਰਾ ਮਨ ਨਹੀਂ ਟਿਕਦਾ ਅਤੇ ਨਾ ਹੀ ਮੈਂ ਬੁੱਧੀ ਹਾਂ, ਨਾ ਹੀ ਮੈਂ ਚਿਤ ਹਾਂ। ਫੇਰ ਮੈਂ ਕੀ ਹੋਇਆ? ਮੈਂ ਹਾਂ ਜ਼ਰੂਰ। ਫੇਰ ਵਿਚਾਰ ਕਰਕੇ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਨ ਤੇ ਪਤਾ ਲਗਦਾ ਹੈ ਕਿ ਮੈਂ ਆਤਮਾ ਹਾਂ ਅਤੇ ਪ੍ਰਮਾਤਮਾ ਦੀ ਅੰਸ ਹਾਂ; ਪ੍ਰਮਾਤਮਾ ਚੇਤਨ ਹੈ, ਮੈਂ ਵੀ ਚੇਤਨ ਹਾਂ;

ਪ੍ਰਮਾਤਮਾ ਅਨੰਦ ਰੂਪ ਹੈ, ਮੈਂ ਵੀ ਅਨੰਦ ਰੂਪ ਹਾਂ; ਪ੍ਰਮਾਤਮਾ ਸਤਿ ਹੈ, ਮੈਂ ਵੀ ਸਤਿ ਰੂਪ ਹਾਂ ਅਤੇ ਆਤਮਾ ਪ੍ਰਮੇਸ਼ਰ ਰੂਪ ਹੈ। ਕੇਵਲ ਜਗਤ ਦੀ ਬਿਆਧੀ ਕਰਕੇ ਇਸੇ ਪ੍ਰਮਾਤਮਾ ਦਾ ਨਾਮ ਬ੍ਰਹਮ ਤੋਂ ਆਤਮਾ ਪਿਆ ਹੋਇਆ ਹੈ। ਇਸੇ ਤਰ੍ਹਾਂ ਦੇ ਨਾਲ ਵਿਚਾਰ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਦੀ ਅੰਸ ਅਨੁਭਵ ਕਰਕੇ ਪ੍ਰਮਾਤਮਾ ਦਾ ਚਿੰਤਨ ਕਰੇ। ਬਾਰ-ਬਾਰ ਇਸ ਨੂੰ ਸਰੀਰ ਵਿਚ, ਮਨ ਵਿਚ, ਬੁੱਧੀ ਵਿਚ, ਅਹੰਭਾਵ ਵਿਚ ਧਾਰਨ ਕਰਨਾ। ਇਸ ਤਰ੍ਹਾਂ ਦੇ ਸਾਧਨ ਕਰਨ ਨਾਲ ਇਸ ਜੀਵ ਨੂੰ ਯਥਾਰਥਕ ਰੂਪ ਵਿਚ ਗਿਆਨ ਹੋ ਜਾਣ ਨਾਲ ਸਾਰੇ ਦੁਖਾਂ ਦੀ ਨਵਿਰਤੀ ਹੋ ਜਾਇਆ ਕਰਦੀ ਹੈ। ਇਸ ਗਿਆਨ ਦੀ ਪ੍ਰਾਪਤੀ ਨਾਲ ਹੀ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਹੋ ਜਾਇਆ ਕਰਦਾ ਹੈ ਕਿਉਂਕਿ ਇਸ ਅਵਸਥਾ ਦੀ ਪ੍ਰਾਪਤੀ ਲਈ ਅਤਿ ਕਰੜੀ ਕਮਾਈ ਕਰਨ ਦੀ ਲੋੜ ਹੈ। ਸੰਤਾਂ ਦੀ ਸੰਗਤ ਕਰਨ ਨਾਲ ਇਨ੍ਹਾਂ ਗੱਲਾਂ ਦਾ ਭੇਤ ਖੁੱਲ੍ਹ ਜਾਇਆ ਕਰਦਾ ਹੈ।

**ਸਤਿਸੰਗ** - ਜਿਸ ਥਾਂ ਉਪਰ ਸਤਿ ਪ੍ਰਮਾਤਮਾ, ਸਤਿ ਵਿਦਿਆ, ਸਤਿ ਧਰਮ ਦਾ ਨਿਰਣਾ ਹੁੰਦਾ ਹੋਵੇ, ਉਸ ਸਤਿਪੁਰਸ਼ ਦੀ ਸੰਗਤ ਨੂੰ ਸਤਿਸੰਗ ਕਿਹਾ ਜਾਂਦਾ ਹੈ -

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥***

***ਅੰਗ - ੭੨***

ਸਤਿਸੰਗ ਤੋਂ ਬਿਨਾਂ ਨਾ ਹੀ ਕੋਈ ਸਾਧਨ ਸਿੱਧ ਹੁੰਦਾ ਹੈ ਅਤੇ ਨਾ ਹੀ ਸ਼ੰਕਿਆਂ ਦੀ ਨਵਿਰਤੀ ਹੋ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਾਰੇ ਸਾਧਨਾਂ ਤੋਂ ਸ਼੍ਰੋਮਣੀ ਸਾਧਨ, ਸਤਿਸੰਗ ਕਰਨ ਦਾ ਹੈ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥***

***ਅੰਗ - ੬੪੨***

ਸਤਿਸੰਗ ਸਾਰੇ ਸਾਧਨਾਂ ਦਾ ਬੀਜ ਹੈ ਜਾਂ ਇਉਂ ਕਹੋ ਕਿ ਮਾਤਾ ਹੈ ਜਿਸ ਵਿਚੋਂ ਸਮ, ਸੰਤੋਖ, ਵਿਚਾਰ ਪੈਦਾ ਹੁੰਦੇ ਹਨ ਅਤੇ ਸਤਿਸੰਗ ਦੀ ਸਹਾਇਤਾ ਨਾਲ ਹੀ ਜੀਵ ਕੁਸੰਗਤ ਦੇ ਬੁਰਿਆਂ ਕਰਮਾਂ ਤੋਂ ਬਚਿਆ ਰਹਿ ਕੇ ਭਜਨ ਬੰਦਗੀ ਕਰਦਾ ਹੈ ਅਤੇ ਜੀਵਨ ਦਾ ਲਾਹਾ ਪ੍ਰਾਪਤ ਕਰਦਾ ਹੈ। ਜਿਹੜੇ ਪੁਰਸ਼ ਤੱਤ ਬੇਤੇ ਮਹਾਪੁਰਸ਼ਾਂ ਦੀ ਸੰਗਤ ਕਰਦੇ ਹਨ, ਉਨ੍ਹਾਂ ਦੇ ਕਰਮ-ਧਰਮ ਸ਼ੀਘਰ ਹੀ ਫਲੀਭੂਤ ਹੋ ਜਾਇਆ ਕਰਦੇ ਹਨ, ਕਿਉਂਕਿ ਸਤਿਸੰਗ ਦਾ ਮਾਹੌਲ ਹੀ ਐਸਾ ਹੁੰਦਾ ਹੈ ਜਿਥੇ ਨਿਰੋਲ ਸਤਿ ਦੇ ਬਚਨ ਹੀ ਸਰਵਣ ਤੇ ਮੰਨਣ ਕਰਨ ਨੂੰ ਮਿਲਦੇ ਹਨ। ਸਤਿਸੰਗ ਦੇ ਦੋ ਰੂਪ ਹੋਇਆ ਕਰਦੇ ਹਨ - ਇਕ ਨੂੰ 'ਬਹਿਰੰਗ ਸਾਧਨ' ਆਖਦੇ ਹਨ, ਦੂਸਰੇ ਨੂੰ 'ਅੰਤਰੰਗ ਸਾਧਨ' ਕਿਹਾ ਜਾਂਦਾ ਹੈ।

ਬਹਿਰੰਗ ਸਾਧਨ ਲਈ ਸਤਿਸੰਗ ਵਿਚ ਜਾਣਾ, ਆਪਣੇ ਸਾਰੇ ਖਿਆਲਾਂ ਨੂੰ ਸੰਕੋਚ ਕੇ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਹਿਰਦੇ ਵਿਚ ਵਸਾਉਣਾ; ਇਸਨੂੰ ਬਹਿਰੰਗ ਸਤਿਸੰਗ ਕਹਿੰਦੇ ਹਨ ਅਤੇ ਇਕਾਂਤ ਵਿਚ ਬੈਠ ਕੇ ਮਹਾਂਪੁਰਸ਼ਾਂ ਤੋਂ ਸੁਣੇ ਹੋਏ ਬਚਨ ਇਕ-ਇਕ ਕਰਕੇ ਇਸ ਤਰ੍ਹਾਂ ਵਿਚਾਰਨਾ, ਮੰਨਣਾ ਅਤੇ ਹਿਰਦੇ ਵਿਚ ਧਾਰਨ ਕਰਨਾ ਜਿਵੇਂ ਇਕ ਗਊ ਘਾਹ ਖਾ ਕੇ ਆਰਾਮ ਨਾਲ ਬੈਠ ਕੇ ਜੁਗਾਲੀ ਕਰਦੀ ਆਪਣੇ ਮੇਹਦੇ ਵਿਚ ਪਚਾਇਆ ਕਰਦੀ ਹੈ। ਇਸੇ ਤਰ੍ਹਾਂ ਇਨ੍ਹਾਂ ਬਚਨਾਂ ਨੂੰ ਹਿਰਦੇ ਵਿਚ ਥਾਂ ਦੇ ਕੇ ਮੰਨਨ ਕਰਨਾ। ਇਨ੍ਹਾਂ ਬਚਨਾਂ ਦੇ ਨਿਧਿਆਸਣ ਕਰਨ ਵਿਚ ਜੋ ਦੁਖ ਅਤੇ ਜਤਨ ਪ੍ਰਾਪਤ ਹੋਣ, ਉਨ੍ਹਾਂ ਨੂੰ ਧੀਰਜ ਅਤੇ ਪ੍ਰੇਮ ਨਾਲ ਸਹਾਰਨਾ। ਇਸ ਤਰ੍ਹਾਂ ਨਾਲ ਵਿਸ਼ੇਸ਼ ਲਾਭ ਵਾਸਤੇ ਆਪਣੇ ਗੁਰਭਾਈ ਨਾਲ ਜੋ ਮੰਨਣਸ਼ੀਲ, ਨਿਰਮਲ ਮਤਿ, ਧੀਰਜਵਾਨ ਅਤੇ ਸੋਹਣੇ ਚਿਤ ਵਾਲਾ ਹੋਵੇ, ਉਸ ਨਾਲ ਇਕ-ਇਕ ਬਚਨ ਦੀ ਵਿਚਾਰ ਕਰਨੀ। ਜੇ ਸਤਿਸੰਗ ਵਿਚ ਆ ਕੇ ਮਹਾਂਪੁਰਸ਼ਾਂ ਤੋਂ ਸੁਣੇ ਹੋਏ ਬਚਨ ਹਿਰਦੇ ਵਿਚ ਨਾ ਧਾਰਨ ਕੀਤੇ ਜਾਣ ਅਤੇ ਉਨ੍ਹਾਂ ਦੀ ਵਿਚਾਰ

ਇਕਾਂਤ ਵਿਚ ਨਾ ਕੀਤੀ ਜਾਵੇ ਤਾਂ ਫਲ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਇਸ ਵਾਸਤੇ ਦ੍ਰਿੜ੍ਹ ਇਰਾਦੇ ਨਾਲ ਸਤਿਸੰਗ ਕਰਦਾ ਰਹੇ। ਮਹਾਂਪੁਰਸ਼ਾਂ ਦੇ ਬਚਨਾਂ ਨੂੰ ਮੰਨਨ ਕਰਕੇ ਨਿਧਿਆਸਣ ਕਰੇ। ਕੁਛ ਸਮਾਂ ਲੰਘਣ ਤੋਂ ਉਪਰੰਤ ਪੰਜ ਕਲੇਸ਼ਾਂ ਦਾ ਨਾਸ਼ ਹੋ ਕੇ ਸਤਿਸੰਗ ਦੇ ਮਹਾਤਮ ਨੂੰ ਪ੍ਰਾਪਤ ਕਰਕੇ ਆਪਣੇ ਜਿਉਂਦੇ ਜੀਅ ਹੀ ਅਮਰ ਪਦਵੀ ਨੂੰ ਪ੍ਰਾਪਤ ਕਰਕੇ ਜੀਵਨ ਮੁਕਤ ਅਵਸਥਾ ਵਿਚ ਹੀ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ।

ਕਲਜੁਗ ਦਾ ਪ੍ਰਧਾਨ ਸਾਧਨ 'ਨਾਮ ਸਿਮਰਨ' ਹੈ। ਜਿਵੇਂ ਕਿ ਮਹਾਰਾਜ ਨੇ ਫੁਰਮਾਨ ਕਰਿਐ –

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥***

***ਅੰਗ – ੧੧੮੫***

ਨਾਮ ਦੇ ਜਪਣ ਨਾਲ ਉਪਰਲੇ ਸਾਧਨ ਧਾਰਨ ਕਰਕੇ ਬਹੁਤ ਹੀ ਛੇਤੀਂ ਲਕਸ਼ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਪਰ ਇਹ ਰਹਿਤ ਬਹੁਤ ਹੀ ਜ਼ਰੂਰੀ ਹੈ ਕਿ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੇ। ਇਸਦੇ ਵਿਪਰੀਤ ਜੇ ਰਾਗ, ਦ੍ਵੈਸ਼ ਵਾਲੀ ਬਿਰਤੀ ਵਾਲੇ ਕਥਾਕਾਰ, ਵਿਆਖਿਆਕਾਰ, ਪ੍ਰਚਾਰਕ ਦੀ ਸੰਗਤ ਜਾਂ ਅਗਿਆਨੀਆਂ ਦੀ ਸੰਗਤ ਕਰੇ, ਅਗਿਆਨੀਆਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਪੜ੍ਹੇ ਤਾਂ ਅਨੇਕ ਕਿਸਮ ਦੇ ਸੰਸੇ ਰੂਪ ਜ਼ਹਿਰੀਲੇ ਸੱਪ, ਬਿੱਛੂ ਆਦਿ ਪੈਦਾ ਹੋ ਜਾਇਆ ਕਰਦੇ ਹਨ ਕਿਉਂਕਿ ਅਜਿਹੇ ਅਗਿਆਨੀ, ਅਨੁਭਵ ਤੋਂ ਵਿਹੂਣੇ ਪੁਰਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੋਂ ਉਲਟ ਸੰਤਾਂ, ਮਹਾਂਪੁਰਸ਼ਾਂ, ਬ੍ਰਹਮਗਿਆਨੀਆਂ ਦੀ ਨਿੰਦਿਆ ਕਰਨਾ ਹੀ ਆਪਣੇ ਬਚਨਾਂ ਨੂੰ ਅਤੇ ਕਲਮੀ ਲਿਖਤਾਂ ਦਾ ਕਮਾਲ ਸਮਝਦੇ ਹਨ। ਇਹ ਆਪ ਵੀ ਡੁੱਬਦੇ ਹਨ ਅਤੇ ਆਪਣੇ ਖਿਆਲਾਂ ਨਾਲ ਸਹਿਮਤ ਹੋਣ ਵਾਲੇ ਨੂੰ ਵੀ ਭਵਸਾਗਰ ਵਿਚ ਡੁਬੋ ਦਿੰਦੇ ਹਨ, ਕਿਉਂਕਿ ਗਿਆਨ ਦੇ ਚਖਸ਼ੂ ਨਾ ਹੋਣ ਕਰਕੇ ਜਗਤ ਦਾ ਵੱਡਾ ਭਾਗ ਅੰਨ੍ਹਿਆਂ ਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

***ਅੰਨਾ ਆਗੂ ਜੇ ਥੀਐ,***
***ਸਭੁ ਸਾਥੁ ਮੁਹਾਵੈ॥***

***ਭਾਈ ਗੁਰਦਾਸ ਜੀ, ਵਾਰ ੩੫/੨***

ਇਸ ਤਰ੍ਹਾਂ ਬਚਨ ਕਰਦਿਆਂ ਕਾਫੀ ਸਮਾਂ ਹੋ ਗਿਆ। ਮਹਾਰਾਜ ਜੀ ਨੇ ਬਚਨ ਬੰਦ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੀ ਸੰਗਤ ਬਹੁਤ ਸੂਝਵਾਨ ਹੈ। ਤੁਸੀਂ ਸਾਰੇ ਸੰਪਰਦਾਇਕ ਭੇਦਾਂ ਤੋਂ ਉਚੇ ਉੱਠ ਕੇ, ਰਾਗ ਤੇ ਦ੍ਵੈਸ਼ ਨੂੰ ਤਿਆਗ ਕੇ ਪ੍ਰੇਮ ਦੇ ਨਾਲ ਸਤਿਸੰਗ ਕਰਿਆ ਕਰੋ। ਇਹ ਸੁਣ ਕੇ ਸਾਰਿਆਂ ਨੇ ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਕਿ ਮਹਾਂਪੁਰਸ਼ੋ! ਭਾਵੇਂ ਅਸੀਂ ਵੱਖੋ-ਵੱਖਰੀਆਂ ਸੰਪਰਦਾਵਾਂ ਨਾਲ ਸਬੰਧ ਰੱਖਦੇ ਹਾਂ ਪਰ ਆਪ ਦੇ ਅੰਮ੍ਰਿਤ ਬਚਨਾਂ ਦੀ ਵਰਸ਼ਾ ਉਸੇ ਤਰ੍ਹਾਂ ਹੈ ਜਿਵੇਂ ਪਾਣੀ ਦੇ ਭਰੇ ਹੋਏ ਬੱਦਲ, ਇਕ ਰਸ ਆਪਣੀ ਅੰਮ੍ਰਿਤ ਫੁਹਾਰ ਸਭ ਨੂੰ ਦਿੰਦੇ ਹਨ। ਪ੍ਰਮਾਤਮਾ ਕ੍ਰਿਪਾ ਕਰੇ ਕਿ ਅਸੀਂ ਆਪ ਜੀ ਤੋਂ ਜੋ ਪ੍ਰਕਾਸ਼ਮਈ ਗਿਆਨ ਪ੍ਰਾਪਤ ਕੀਤਾ ਹੈ, ਉਸਨੂੰ ਹਿਰਦੇ ਵਿਚ ਵਸਾਈਏ ਅਤੇ ਸੱਚੇ ਜਗਿਆਸੂ ਵਾਂਗੂੰ ਮਿਲਕੇ ਪ੍ਰਭੂ ਦੇ ਦਰ ਤੇ ਪੁੱਜਣ ਲਈ ਸਰਲ ਚਿਤ ਹੋ ਕੇ ਉਪਰਾਲਾ ਕਰੀਏ।

# ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
# ਸਾਵਧਾਨ ਏਕਾਗਰ ਚੀਤ॥

ਵਾਹਿਗੁਰੂ ਜੀ ਤੋਂ ਨਿਰਮਲ ਕਿਰਨ ਚੇਤਨ ਤੱਤ, ਪ੍ਰਕਿਰਤੀ ਨਾਲ ਮਿਲ ਕੇ, ਜੀਵ ਦੀ ਉਪਾਧੀ ਧਾਰਨ ਕਰਕੇ ਪਹਿਲਾਂ ਹੇਠਾਂ ਉਤਰੀ, ਤਾਂ ਇਕ ਗਲੋਬ ਜਿਹਾ ਇਸ ਕਿਰਨ ਦੇ ਦੁਆਲੇ ਛਾ ਗਿਆ ਅਤੇ ਇਹ ਕਿਰਨ ਪ੍ਰਕਾਸ਼ਮਾਨ ਹੋ ਉਠੀ। ਇਸ ਅਵਸਥਾ ਨੂੰ ਵਿਚਾਰਮਾਨ ਪੁਰਸ਼ਾਂ ਨੇ ਪਹਿਲਾ ਵਿਯੋਗ ਆਖਿਆ ਹੈ ਅਤੇ ਨਾਮ **'ਅਨੰਦਮਈ ਕੋਸ਼'** ਯਾਨਿ ਅਨੰਦ ਦਾ ਪੜਦਾ ਰੱਖ ਲਿਆ। ਇਸ ਥਾਂ ਤੋਂ ਆਪਣੇ ਆਪ ਦੀ ਸੋਝੀ ਹੋਣ ਉਪ੍ਰੰਤ ਮਾਇਆ ਦੇ ਦੂਸਰੇ ਮੰਡਲ ਵਿਚ ਪ੍ਰਵੇਸ਼ ਕੀਤਾ ਅਤੇ ਬੁਧਿ ਦਾ ਕ੍ਰਿਸ਼ਮਾ ਦੇਖਿਆ ਤਾਂ ਇਸ ਨੂੰ **'ਵਿਗਯਾਨਮਈ ਕੋਸ਼'** ਦਾ ਨਾਉਂ ਦਿਤਾ। ਹੋਰ ਹੇਠਾਂ ਉਤਰਨ ਦੇ ਨਾਲ ਫੁਰਨਾ ਉਠਿਆ, ਕੁਝ ਬਣਨ ਦੀ ਇੱਛਾ ਜਾਗੀ, ਕੁਝ ਪੈਦਾ ਕਰਨ ਦੀ ਇੱਛਾ ਜਾਗੀ, ਹੰਗਤਾ ਅਤੇ ਮਮਤਾ ਨੇ ਇਸ ਜੀਵ ਨੂੰ ਅਪਣੇ ਅਧੀਨ ਕਰਕੇ ਅਨੇਕ ਤਰ੍ਹਾਂ ਦੇ ਫੁਰਨਿਆਂ ਵਿਚ ਧੱਕ ਦਿਤਾ; ਫੁਰਨਿਆਂ ਦਾ ਐਨਾ ਵਿਸਥਾਰ ਹੋ ਗਿਆ ਕਿ ਲੜੀ ਟੁੱਟਦੀ ਹੀ ਨਹੀਂ। ਇਸ ਮਾਨਸਿਕ ਅਵਸਥਾ ਦਾ ਨਾਮ **'ਮਨੋਮਈ ਕੋਸ਼'** ਦੱਸਿਆ। ਸੰਕਲਪ ਵਿਕਲਪ ਦਾ ਮੰਡਲ ਆ ਗਿਆ। ਇਸ ਥਾਂ ਦੇ ਉਤੇ ਬ੍ਰਹਿਮੰਡੀ ਸ਼ਕਤੀ (cosmic energy) ਨੇ ਹੋਰ ਹੇਠਾਂ ਧੱਕਾ ਮਾਰਿਆ ਤਾਂ ਉਸ ਮੰਡਲ ਨੂੰ ਸ਼ਕਤੀ ਦਾ ਮੰਡਲ ਜਾਂ **'ਪ੍ਰਾਣਮਈ ਕੋਸ਼'** ਆਖਿਆ। ਇਹ ਸ਼ਕਤੀ, ਮਾਇਕ ਸਬੰਧਾਂ ਨਾਲ ਪੈਦਾ ਹੋਈ। ਇਸ ਤੋਂ ਪਿਛੋਂ ਰੂਪ ਧਾਰਿਆ ਅਤੇ ਅਨੇਕ ਕਿਸਮਾਂ ਦੇ ਰੂਪ ਧਾਰਨ ਕਰਦਾ ਹੀ ਗਿਆ, ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਅੰਗ - ੧੭੬***

ਸਰੀਰਾਂ ਦੇ ਇਸ ਮੰਡਲ ਨੂੰ **'ਅੰਨਮਈ ਕੋਸ਼'** ਆਖਿਆ ਗਿਆ।

ਸੋ ਇਸ ਤਰ੍ਹਾਂ ਨਾਲ ਇਹ ਪਵਿੱਤਰ ਬੂੰਦ ਆਪਣੀ ਨਿਰਮਲਤਾ ਦੇ ਦੁਆਲੇ ਮਾਇਕ ਬਿਰਤੀਆਂ ਨੂੰ ਲਪੇਟਦੀ ਹੋਈ ਆਪਣੇ ਆਪ ਨੂੰ ਭੁੱਲ ਗਈ ਅਤੇ ਇਹ ਪਤਾ ਹੀ ਨ ਰਿਹਾ ਕਿ **'ਮੈਂ ਕੌਣ ਹਾਂ ਤੇ ਕਿਥੋਂ ਮੇਰਾ ਪਸਾਰ ਹੋਇਆ ਹੈ'** ਅਤੇ ਆਪਣੇ ਆਪ ਨੂੰ ਜੋਤਿ ਨ ਸਮਝ ਕੇ ਪੰਜਾਂ ਤੱਤਾਂ ਦੇ ਸਰੀਰ ਦੀ ਬਿਆਧੀ ਧਾਰਨ ਕਰਕੇ ਸਰੀਰ ਹੀ ਸਮਝਦੀ ਰਹੀ। ਮਾਇਆ ਦੇ ਇਸ ਹੇਠਲੇ ਮੰਡਲ ਦਾ ਨਾਉਂ **'ਅੰਨਮਈ ਕੋਸ਼'** ਸਿਆਣਿਆਂ ਨੇ ਰੱਖਿਆ।

ਆਪਣੀ ਪਰਮ ਅਨੰਦ ਅਵਸਥਾ ਨੂੰ ਤਿਆਗ ਕੇ ਮਿੱਟੀ ਦਾ ਰੂਪ ਆਪਣੇ ਆਪ ਨੂੰ ਬਣਾ ਕੇ ਅਣਗਿਣਤ ਸਮੇਂ ਤੋਂ ਜੰਮਣ ਮਰਨ ਦੇ ਚੱਕਰ ਵਿਚ ਪਿਆ ਹੋਇਆ ਇਹ ਜੀਵ-ਆਤਮਾ, ਮਹਾਨ ਦੁਖਾਂ ਨੂੰ ਮਹਿਸੂਸ ਕਰਦਾ, ਬਿਲਲਾਉਂਦਾ ਤੇ ਕੁਰਲਾਉਂਦਾ ਹੈ ਪਰ ਇਸਨੂੰ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਮੈਂ ਆਪਣੇ ਮੁਖ ਸੋਮੇ 'ਸਤਿ ਚਿਤ ਅਨੰਦ' ਦੇ ਨਾਲ ਕਿਸ ਤਰ੍ਹਾਂ ਮਿਲਾਂ, ਕਿਸ ਤਰ੍ਹਾਂ ਅਸਲੀ ਹਾਲਤ ਵਿਚ ਸਮਾਵਾਂ। ਸੋ ਦੁਖੀ ਹੁੰਦਾ ਹੋਇਆ ਵਿਰਲਾਪ ਕਰ ਰਿਹਾ ਹੈ।

ਪੀਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ, ਆਰਫਾਂ, ਬ੍ਰਹਮਗਿਆਨੀਆਂ, ਮਹਾਂਪੁਰਸ਼ਾਂ, ਤੱਤ ਬੇਤਿਆਂ ਨੇ ਇਸ ਜੀਵ ਨੂੰ ਰਸਤਾ ਦੱਸਣ ਵਾਸਤੇ ਬਹੁਤ ਅਲੌਕਿਕ ਤਰੀਕੇ ਦੱਸੇ। ਉਨ੍ਹਾਂ ਦੇ ਬਚਨ, ਪਵਿੱਤ੍ਰਤਾ ਦੇ ਸੋਮੇ ਵਿਚੋਂ ਨਿਕਲੇ ਹੋਣ ਕਰਕੇ, ਮਹਾਨ ਪਵਿੱਤਰ ਰੂਪ ਵਿਚ ਪ੍ਰਗਟ ਹੋਏ। ਉਨ੍ਹਾਂ ਬਚਨਾਂ ਨੂੰ ਹੀ ਬੇਦ ਪੁਰਾਣ, ਬਾਈਬਲ, ਅੰਜੀਲ, ਜੰਬੂਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਹਾਨਤਾ ਪ੍ਰਾਪਤ ਹੋਈ।

ਪੰਜਵੇਂ ਪਾਤਸ਼ਾਹ ਮਹਾਰਾਜ ਨੇ ਇਸ ਜੀਵ ਦੇ ਭਵਜਲ ਚੱਕਰ ਤੋਂ ਛੁਟਕਾਰੇ ਲਈ

ਪਾਵਨ ਹੁਕਮ ਦਿਤਾ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ।।***
***ਸਾਵਧਾਨ ਏਕਾਗਰ ਚੀਤ।।***

***ਅੰਗ - ੨੯੫***

ਇਹ ਇਕ ਬਹੁਤ ਹੀ ਸੁਖੈਨ ਮਾਰਗ ਹੈ ਜਿਸ ਤੇ ਚਲਦਿਆਂ ਇਹ ਜੀਵ ਅਨੇਕਾਂ ਵਿਘਨਾਂ ਨੂੰ ਕਟਦਾ ਹੋਇਆ, ਆਪਣੇ ਅਸਲੀ 'ਜੋਤਿ ਰੂਪ' ਵਿਚ ਸਮਾਈ ਕਰ ਸਕਦਾ ਹੈ ਤੇ ਇਸ ਯਤਨ ਵਾਸਤੇ ਚਿਤ ਦੀ ਇਕਾਗਰਤਾ ਬਹੁਤ ਹੀ ਅਵੱਸ਼ਕ ਹੈ। ਜਿੰਨਾਂ ਚਿਰ ਇਸਨੂੰ ਇਹ ਪਤਾ ਨਹੀਂ ਲਗਦਾ ਕਿ ਮੈਂ ਚਿਤ ਦੀ ਇਕਾਗਰਤਾ ਕਿਸ ਤਰ੍ਹਾਂ ਨਾਲ ਪ੍ਰਾਪਤ ਕਰ ਸਕਦਾ ਹਾਂ, ਓਨੀ ਦੇਰ ਤੱਕ ਇਸ ਦੇ ਜਤਨ, ਉਪਰਾਲੇ ਫਲ ਰਹਿਤ ਹੀ ਰਹਿੰਦੇ ਹਨ। ਸੋ ਚਿੱਤ ਦੀਆਂ ਕੁਝ ਬਿਰਤੀਆਂ ਹਨ ਜੋ ਇਸਨੂੰ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਵਿਚੋਂ ਪਹਿਲੀ ਬਿਰਤੀ ਦਾ ਨਾਉਂ 'ਪ੍ਰਮਾਣ' ਹੈ।

**੧. ਪ੍ਰਮਾਣ ਬਿਰਤੀ** - ਜੋ ਵੀ ਦ੍ਰਿਸ਼ਟਮਾਨ ਪਸਾਰਾ ਹੈ - ਭਾਵੇਂ ਬੱਚੇ ਹਨ, ਇਸਤ੍ਰੀ ਹੈ, ਮਾਂ-ਬਾਪ ਹਨ, ਆਪਣਾ ਸਰੀਰ ਹੈ, ਸਰੀਰਾਂ ਦੇ ਅਨੇਕਾਂ ਸਬੰਧ ਹਨ, ਮਿਤ੍ਰ, ਦੁਸ਼ਮਣ, ਸੁਖਦਾਇਕ ਚੀਜ਼ਾਂ, ਦੁਖਦਾਇਕ ਚੀਜ਼ਾਂ ਇਤਿਆਦਿ, ਇਨ੍ਹਾਂ ਸਾਰਿਆਂ ਵਿਚ ਪਰਚੇ ਰਹਿਣਾ 'ਪ੍ਰਮਾਣ ਬਿਰਤੀ' ਕਹਾਉਂਦਾ ਹੈ। ਇਸ ਦ੍ਰਿਸ਼ਟਮਾਨ ਤੋਂ ਬਿਰਤੀ ਨੂੰ ਪਿੱਛੇ ਖਿੱਚਣਾਂ ਬਹੁਤ ਹੀ ਮੁਸ਼ਕਿਲ ਪ੍ਰਤੀਤ ਦਿੰਦਾ ਹੈ। ਜਦ ਤੱਕ ਇਸਨੂੰ ਪੂਰਨ ਗੁਰੂ ਦੀ ਪ੍ਰਾਪਤੀ ਨ ਹੋ ਜਾਵੇ, ਇਸ ਦ੍ਰਿਸ਼ਟਮਾਨ ਵਿਚੋਂ ਕਿਸੇ ਤਰੀਕੇ ਨਾਲ ਭੀ ਇਹ ਜੀਵ ਛੁਟ ਨਹੀਂ ਸਕਿਆ ਕਰਦਾ। ਗੁਰੂ ਮਹਾਰਾਜ ਜੀ ਦਾ ਉਪਦੇਸ਼ ਹੈ, ਪਿਆਰਿਆ -

***ਦ੍ਰਿਸਟਉ ਕਛੁ ਸੰਗਿ ਨ ਜਾਇ***
***ਮਾਨੁ ਤਿਆਗਿ ਮੋਹਾ।।***

***ਅੰਗ - ੧੨੩੦***

ਇਹ ਜੀਵ, ਜਾਣਦਾ ਹੋਇਆ ਭੀ, ਕਿ ਨ ਮੈਂ ਸੰਸਾਰ ਤੇ ਰਹਿਣਾ ਹੈ ਅਤੇ ਨ ਹੀ ਧੀਆਂ-ਪੁੱਤਰਾਂ, ਇਸਤ੍ਰੀ, ਮਾਤਾ-ਪਿਤਾ ਵਿਚੋਂ ਕਿਸੇ ਨੇ ਰਹਿਣਾ ਹੈ, ਇਸ ਵਿਛੋੜੇ ਦਾ ਦੁਖ ਅਸਹਿ ਹੋਣ ਕਰਕੇ ਇਸ ਦਲਦਲ ਵਿਚੋਂ ਨਿਕਲ ਨਹੀਂ ਸਕਦਾ।

**੨. ਵਿਪਰਜੇ ਬਿਰਤੀ** - ਦੂਸਰੀ ਬਿਰਤੀ ਦਾ ਨਾਉਂ 'ਵਿਪਰਜੇ' ਕਰਕੇ ਹੈ। ਇਸ ਵਿਪਰਜੇ ਬਿਰਤੀ ਵਿਚ ਉਲਟਾ ਨਜ਼ਰ ਆਉਂਦਾ ਹੈ ਯਾਨਿ ਅਣਹੋਈਆਂ ਚੀਜ਼ਾਂ, 'ਹੋਈਆਂ' ਲਗਦੀਆਂ ਹਨ ਅਤੇ ਹੁੰਦੀਆਂ ਚੀਜ਼ਾਂ ਅਣਹੁੰਦੀਆਂ ਜਾਣਦਾ ਹੈ। ਜਿਸ ਤਰ੍ਹਾਂ ਗਰਮੀ ਦੇ ਮੌਸਮ ਵਿਚ ਕੋਈ ਪਾਣੀ ਦਾ ਪਿਆਸਾ ਰਾਹੀ, ਰੜੇ ਮੈਦਾਨ ਵਿਚੋਂ ਲੰਘ ਰਿਹਾ ਹੋਵੇ ਅਤੇ ਪਿਆਸ ਦੀ ਬਿਹਬਲਤਾ ਕਰਕੇ ਉਹ ਪਾਣੀ ਦੀ ਤਲਾਸ਼ ਵਿਚ ਹੋਵੇ ਤਾਂ ਉਹਨੂੰ ਰੜੇ ਮੈਦਾਨ ਵਿਚ ਭੁਲੇਖਾ ਪੈਂਦਾ ਹੈ ਕਿ ਅੱਗੇ ਸੀਤਲ ਜਲ ਨਾਲ ਭਰਿਆ ਪ੍ਰਵਾਹ ਦਰਿਆ ਦੇ ਰੂਪ ਵਿਚ ਚਲ ਰਿਹਾ ਹੈ। ਉਸ ਸਮੇਂ ਉਸਦੀ ਅੰਦਰਲੀ ਅਵਸਥਾ ਵਿਚ ਇਹ 'ਸਤਿ' ਪ੍ਰਤੀਤ ਦਿੰਦਾ ਹੈ ਕਿ ਕੁਝ ਹੀ ਵਿਥ ਤੇ ਪਾਣੀ ਚਲ ਰਿਹਾ ਹੈ ਪਰ ਜਦੋਂ ਓਥੇ ਪਹੁੰਚ ਕੇ ਦੇਖਦਾ ਹੈ ਤਾਂ ਪਾਣੀ ਦੀ ਥਾਂ ਕੁਛ ਵੀ ਨਹੀਂ; ਰੜਾ ਮੈਦਾਨ ਹੀ ਹੋਇਆ ਕਰਦਾ ਹੈ। ਇਸੇ ਤਰ੍ਹਾਂ ਆਪਣੀਆਂ ਅੱਖਾਂ ਨਾਲ ਹਰ ਰੋਜ਼ ਦੇਖਦਾ ਹੈ ਤੇ ਕੰਨਾਂ ਨਾਲ ਸੁਣਦਾ ਹੈ ਕਿ -

***ਨੈਨਹ ਦੇਖਤ ਇਹੁ ਜਗੁ ਜਾਈ।।***

***ਅੰਗ - ੩੨੫***

ਪਰ ਫੇਰ ਭੀ ਜਗਤ ਨੂੰ ਸਤਿ ਪ੍ਰਤੀਤ ਕਰਕੇ ਮੰਨਦਾ ਹੈ। ਦੂਜੇ ਪਾਸੇ ਵਾਹਿਗੁਰੂ ਜੀ, ਜੋ ਕਿ ਘਟ ਘਟ ਵਿਚ ਵਿਆਪਕ ਹਨ, ਹਰ ਥਾਂ ਹਨ -

***ਜਹ ਜਹ ਪੇਖਉ ਤਹ ਹਜੂਰ***
***ਦੂਰਿ ਕਤਹੁ ਨ ਜਾਈ।।***
***ਰਵਿ ਰਹਿਆ ਸਰਬਤ੍ਰ***
***ਮਹਿ ਮਨ ਤਿਸਹਿ ਧਿਆਈ।।***

***ਅੰਗ - ੬੭੭***

ਅਤੇ

***ਜਿਮੀ ਜਮਾਨ ਕੇ ਬਿਖੈ ਸਮੱਸਤ***
***ਏਕ ਜੋਤ ਹੈ।।***

***ਨ ਘਾਟ ਹੈ ਨ ਬਾਢ ਹੈ***
***ਨ ਘਾਟ ਬਾਢ ਹੋਤ ਹੈ॥***

***ਅਕਾਲ ਉਸਤਤਿ***

ਅਨੁਸਾਰ ਅੰਦਰ ਬਾਹਰ ਸਾਰੇ ਪਰੀਪੂਰਨ ਹਨ, ਜਿਸ ਦੀ ਸੱਤਾ ਦੇ ਨਾਲ ਸੰਸਾਰੀ ਕ੍ਰਿਆ ਹੋ ਰਹੀ ਹੈ, ਜਿਸਦੀ ਨਾਮ ਸ਼ਕਤੀ ਦੇ ਆਧਾਰ ਨਾਲ ਜਗਤ ਪ੍ਰਤੀਤ ਦੇ ਰਿਹਾ ਹੈ, ਉਸ ਪਰੀਪੂਰਨ ਪ੍ਰਮੇਸ਼ਰ ਨੂੰ 'ਅਸੱਤਿ' ਕਰਕੇ ਜਾਣਦਾ ਹੈ। ਕਿੰਚਤ ਮਾਤਰ ਵੀ ਇਸ ਜੀਵ ਦੇ ਅੰਦਰ ਭਰਮ ਨਹੀਂ ਹੁੰਦਾ - ਇਸ ਗੱਲ ਤੇ, ਕਿ ਜਗਤ ਤਾਂ ਸਤਿ ਹੈ ਤੇ ਮੇਰੇ ਚਾਰੋਂ ਪਾਸੇ ਦ੍ਰਿਸ਼ਟ ਅਦ੍ਰਿਸ਼ਟ ਰੂਪ ਵਿਚ ਪਸਰਿਆ ਹੋਇਆ ਪਾਰਬ੍ਰਹਮ ਪ੍ਰਮੇਸ਼ਰ ਅਸੱਤਿ ਰੂਪ ਹੈ। ਸੋ, ਇਸ ਸਤਿ ਨੂੰ ਅਸੱਤਿ ਅਤੇ ਅਸੱਤਿ ਨੂੰ ਸਤਿ ਜਾਨਣ ਵਾਲੀ ਬਿਰਤੀ ਨੂੰ 'ਵਿਪਰਜੇ ਬਿਰਤੀ' ਆਖਿਆ ਹੈ। ਗੁਰੂ ਮਹਾਰਾਜ ਜੀ ਇਸ਼ਾਰਾ ਕਰਦੇ ਹਨ ਕਿ -

***ਇਹੁ ਜਗੁ ਧੂਏ ਕਾ ਪਹਾਰ॥***
***ਤੈ ਸਾਚਾ ਮਾਨਿਆ ਕਿਹ ਬਿਚਾਰਿ॥***

***ਅੰਗ - ੧੧੮੭***

**੩. ਨਿੰਦ੍ਰਾ** - ਤੀਸਰੀ ਬਿਰਤੀ ਦਾ ਨਾਮ 'ਨਿੰਦ੍ਰਾ' ਹੈ। ਆਦਮੀ ਸਭ ਕੁਛ ਜਾਣਦਾ ਹੋਇਆ, ਪੜ੍ਹਦਾ ਸੁਣਦਾ ਹੋਇਆ ਨਿੰਦ੍ਰਾ ਦੇ ਵਸ ਹੋ ਕੇ ਭੁੱਲਿਆ ਰਹਿੰਦਾ ਹੈ। ਇਸ ਭੁੱਲ ਜਾਣ ਵਾਲੀ ਕ੍ਰਿਆ ਨੂੰ ਹੀ 'ਨਿੰਦ੍ਰਾ ਬਿਰਤੀ' ਆਖਦੇ ਹਨ।

**੪. ਵਿਕਲਪ ਬਿਰਤੀ** - ਚੌਥੀ ਵਿਕਲਪ ਬਿਰਤੀ ਹੋਇਆ ਕਰਦੀ ਹੈ। ਇਸ ਬਿਰਤੀ ਅਧੀਨ ਛੋਟੇ-ਛੋਟੇ ਕਰਮ ਕਰਕੇ, ਜਿਵੇਂ ਕਿ ਦਾਨ ਪੁੰਨ, ਸੇਵਾ, ਬਾਣੀ ਦਾ ਪਾਠ ਅਤੇ ਭਜਨ ਆਦਿ ਕਰਕੇ ਵੱਡੇ-ਵੱਡੇ ਫਲਾਂ ਦੀ ਆਸ ਰਖਦਾ ਹੈ; ਯਾਨਿ ਇਸ ਬਿਰਤੀ ਅਧੀਨ ਵਾਸ਼ਨਾਵਾਂ ਦਾ ਪ੍ਰਭਾਵ ਬਹੁਤ ਜ਼ਿਆਦਾ ਹੋਇਆ ਕਰਦਾ ਹੈ, 'ਸੇਵਾ ਥੋਰੀ ਮਾਂਗਨ ਬਹੁਤਾ' ਵਾਲੀ ਅਵਸਥਾ ਹੁੰਦੀ ਹੈ। ਸੋ ਇਹ ਵਿਕਲਪ ਬਿਰਤੀ ਚਿੱਤ ਨੂੰ ਪ੍ਰਮੇਸ਼ਰ ਦੇ ਭਜਨ ਵਿਚ ਇਕਾਗਰ ਨਹੀਂ ਹੋਣ ਦਿੰਦੀ।

**੫. ਸਿੰਮ੍ਰਿਤੀ ਬਿਰਤੀ** - ਪੰਜਵੀਂ 'ਸਿੰਮ੍ਰਿਤੀ ਬਿਰਤੀ' ਕਹਾਉਂਦੀ ਹੈ ਯਾਨਿ ਜਦੋਂ ਇਹ ਭਜਨ ਬੰਦਗੀ ਕਰਨ ਲਗਦਾ ਹੈ, ਪਾਠ ਕਰਨ ਲਗਦਾ ਹੈ, ਨਾਮ ਵਿਚ ਬਿਰਤੀ ਜੋੜਨ ਦਾ ਜਤਨ ਕਰਦਾ ਹੈ ਤਾਂ ਭੁੱਲੀਆਂ ਹੋਈਆਂ ਚੀਜ਼ਾਂ, ਗੱਲਾਂ ਉਸ ਸਮੇਂ ਯਾਦ ਆ ਜਾਇਆ ਕਰਦੀਆਂ ਹਨ। ਇਹ ਸਿੰਮ੍ਰਿਤੀ ਬਿਰਤੀ ਭਜਨ ਨਹੀਂ ਕਰਨ ਦਿੰਦੀ, ਪਾਠ ਆਦਿ ਫਲੀਭੂਤ ਨਹੀਂ ਹੁੰਦਾ। ਇਕ ਸਾਖੀ ਨਾਲ ਸਮਝਣ ਦਾ ਜਤਨ ਕਰੀਏ।

ਜਦੋਂ ਗੁਰੂ ਨਾਨਕ ਪਾਤਿਸ਼ਾਹ ਬੇਈਂ ਨਦੀ ਵਿਖੇ ਇਸ਼ਨਾਨ ਸਮੇਂ ਟੁੱਭੀ ਲਾ ਕੇ ਤਿੰਨ ਦਿਨਾਂ ਬਾਅਦ ਬਾਹਰ ਆਏ ਤਾਂ ਆਪ ਜੀ ਇਕੋ ਬਚਨ ਆਖ ਰਹੇ ਸਨ -

***ਨਾ ਹਮ ਹਿੰਦੂ ਨ ਮੁਸਲਮਾਨ॥***
***ਅਲਹ ਰਾਮ ਕੇ ਪਿੰਡੁ ਪਰਾਨ॥***

***ਅੰਗ - ੧੧੩੬***

ਸਾਰੇ ਭਾਰਤਵਰਸ਼ ਵਿਚ ਇਸਲਾਮ ਦਾ ਰਾਜ ਅਤੇ ਬੋਲਬਾਲਾ ਹੋਣ ਦੇ ਬਾਵਜੂਦ ਜਦੋਂ ਇਹ ਗੱਲ ਨਵਾਬ ਤੱਕ ਪਹੁੰਚੀ ਤਾਂ ਉਸਨੇ ਗੁਰੂ ਨਾਨਕ ਜੀ ਨੂੰ ਤਲਬ ਕੀਤਾ ਤਾਂ ਆਪ ਨੇ ਕਚਹਿਰੀ ਵਿਚ ਪਹੁੰਚ ਕੇ ਸੱਚ ਦਾ ਪ੍ਰਕਾਸ਼ ਕਰਕੇ ਸ਼ੰਕਾ ਨਵਿਰਤ ਕੀਤਾ। ਉਸ ਵੇਲੇ ਨਵਾਬ ਨੇ ਨਿਸਚੇਪੂਰਵਕ ਜਾਣ ਲਿਆ ਕਿ ਗੁਰੂ ਨਾਨਕ ਕੋਈ ਪੂਰਨ ਵਲੀ ਹਨ ਅਤੇ ਇਸਨੂੰ ਮਨੁਖਤਾ ਵਿਚ ਕੋਈ ਵਿਸ਼ੇਸ਼ ਵੰਡ ਨਜ਼ਰ ਨਹੀਂ ਆਉਂਦੀ, ਇਹ ਸਭ ਦੇ ਸਾਂਝੇ ਪ੍ਰਤੀਤ ਹੋ ਰਹੇ ਹਨ। ਤਾਂ ਜੁੰਮੇ (ਸ਼ੁਕਰਵਾਰ) ਦਾ ਦਿਨ ਹੋਣ ਕਰਕੇ ਨਵਾਬ ਨੇ ਕਿਹਾ ਕਿ (ਗੁਰੂ) ਨਾਨਕ ਜੀ, ਤੁਸੀਂ ਸਾਡੇ ਨਾਲ ਮਸੀਤ ਵਿਚ ਨਮਾਜ਼ ਪੜ੍ਹਨ ਚਲੋ, ਤਾਂ ਗੁਰੂ ਜੀ ਮਸਜਿਦ ਵਿਚ ਪਹੁੰਚੇ। ਨਵਾਬ ਨੇ ਉਜੂ ਕੀਤਾ, ਕਾਜ਼ੀ ਨੇ ਵੀ ਉਜੂ (ਪੰਜ ਇਸ਼ਨਾਨਾ) ਕਰਕੇ ਨਮਾਜ਼ ਪੜ੍ਹਨੀ ਸ਼ੁਰੂ ਕਰ ਦਿਤੀ। ਸੁਲਤਾਨਪੁਰ ਲੋਧੀ ਸ਼ਹਿਰ ਦੇ ਹੋਰ ਹਜ਼ਾਰਾਂ ਮੋਮਨ ਉਸ ਸਮੇਂ ਨਮਾਜ਼ ਪੜ੍ਹ ਰਹੇ ਸਨ ਤਾਂ ਗੁਰੂ ਨਾਨਕ ਪਾਤਸ਼ਾਹ ਇਕ ਪਾਸੇ ਹੋ ਕੇ ਖਲੋਤੇ ਰਹੇ। ਨਮਾਜ਼ ਪੜ੍ਹਨ ਤੋਂ ਬਾਅਦ ਨਵਾਬ ਨੇ ਗੁਰੂ ਨਾਨਕ ਜੀ ਨੂੰ ਕੁਝ ਕ੍ਰੋਧਵਾਨ ਹੋ ਕੇ ਕਿਹਾ ਕਿ ਆਪ ਨੇ ਮਸਜਿਦ ਵਿਚ ਪ੍ਰਵੇਸ਼ ਕਰਕੇ ਸਾਡੇ ਨਾਲ ਆ ਕੇ, ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਨਾਨਕ ਸਾਹਿਬ ਇਸ ਪ੍ਰਸ਼ਨ ਨੂੰ ਸੁਣ ਕੇ ਥੋੜ੍ਹਾ ਮੁਸਕਰਾਏ ਅਤੇ

ਆਖਿਆ –

*ਠਾਂਢੇ ਆਪ ਮਸੀਤ,*
*ਨ ਮਨ ਠਹਿਰਾਇਆ।।*
*ਹੋ ਸਿਜਦੇ ਸਮੇਂ ਸੰਕਲਪ*
*ਕੰਧਾਰ ਪਠਾਇਆ।।*
*ਕਰਤਿ ਖਰੀਦ ਤੁਰੰਗ ਤਰਲ,*
*(ਚੰਚਲ) ਮਨ ਤਰਲਿਆ।।*
*ਕੂਰੇ ਬੀਚ ਮਸੀਤ ਨਿਵੈਂ*
*ਕਬ ਸਰਲਿਆ।।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ,*
*ਅੰਗ –੩੯੭*

ਯਾਨਿ ਝੂਠੀ ਮੂਠੀ ਮਸੀਤ ਵਿਚ ਨਿਵਿਆ।

*ਜਿਹ ਕਰਨੀ ਸੋ ਮੂਲ ਨ ਥਿਰ*
*ਉਰ (ਹਿਰਦਾ) ਮਹਿਂ ਕਰਾ।*
*ਹੋ ਬੇਸ ਬੰਦਗੀ ਧਰਯੋ*
*ਦਸੋਂ ਦਿਸ਼ਿ ਮਨ ਫਿਰਾ।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ,*
*ਅੰਗ – ੩੯੭*

ਯਾਨਿ ਹੇ ਨਵਾਬ ਸਾਹਿਬ! ਤੁਹਾਡਾ ਮਨ ਤਾਂ ਕੰਧਾਰ ਵਿਖੇ ਘੋੜੇ ਖਰੀਦ ਰਿਹਾ ਸੀ ਤੇ ਸਰੀਰ ਤੁਹਾਡਾ ਮਸੀਤ ਵਿਚ ਖੜ੍ਹਾ ਸੀ। ਉਸ ਵੇਲੇ ਕਾਜ਼ੀ ਨੇ ਕਿਹਾ, “ਹੇ ਨਾਨਕ! ਤੈਨੂੰ ਡਰ ਨਹੀਂ, ਨਵਾਬ ਉਪਰ ਇਹ ਦੋਸ਼ ਲਾ ਰਹੇ ਹੋ; ਫੇਰ ਜੇ ਨਵਾਬ ਸਾਹਿਬ ਨਾਲ ਨਿਮਾਜ਼ ਨਹੀਂ ਪੜ੍ਹਨੀ ਸੀ ਤਾਂ ਮੇਰੇ ਨਾਲ ਕਿਉਂ ਨਹੀਂ ਪੜ੍ਹੀ ਜਦੋਂ ਕਿ ਮੈਂ ਪੜ੍ਹ ਰਿਹਾ ਸੀ?” ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੇਰ ਕਿਹਾ –

*ਬੋਲੇ ਨਾਨਕ ਬੈਨ ਐਨ*
*ਸੁਖ ਗੁਨ ਦਯਾ।*
*ਕਾਜ਼ੀ ਕਰੀ ਨਿਵਾਜ*
*ਸਦਨ (ਘਰ) ਮੈਂ ਮਨ ਗਯਾ।*
*ਬੜਵਾ (ਘੋੜੀ) ਜਯੋ ਵਛੇਰ,*
*ਗਰਤ (ਟੋਇਆ) ਤਹਿ ਪਾਸ ਹੈ।*
*ਹੋ ਤਹਿ ਮੈ ਨਹਿਂ ਗਿਰ ਪਰੈ, ਬਹੁਤ*
*ਬਿਸਵਾਸ (ਸੰਸਾ) ਹੈ।*
*ਤਿਹ ਕੇ ਸੰਗ ਮਨ ਫਿਰਤਿ,*
*ਨ ਥਿਰ ਇਕ ਛਿਨ ਭਯਾ।*

*ਸ੍ਰੀ. ਗੁ. ਪ੍ਰ. ਸੂਰਜ ਗ੍ਰੰਥ,*
*ਪੰਨਾ – ੩੯੮*

ਸੋ ਇਸ ਤਰ੍ਹਾਂ ਕਾਜ਼ੀ ਭੀ ਸ਼ਰਮਿੰਦਾ ਹੋਇਆ। ਉਸ ਵੇਲੇ ਨਵਾਬ ਨੇ ਸੱਚ ਦੀ ਕਦਰ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਸਿਜਦਾ ਕੀਤਾ ਅਤੇ ਬੇਨਤੀ ਕੀਤੀ, “ਹੇ ਨਾਨਕ! ਤੂੰ ਸਮੂੰਹ ਪੀਰਾਂ ਦਾ ਪੀਰ ਹੈਂ, ਮੇਰੀ ਪੀੜਾ ਭੀ ਦੂਰ ਕਰ, ਮੈਂ ਤੈਨੂੰ ਪਛਾਣਿਆ ਨਹੀਂ ਕਿ ਤੂੰ ਐਡੀ ਵੱਡੀ ਪਦਵੀ ਦਾ ਮਾਲਿਕ ਹੈਂ” –

*ਤੁਮ ਖੁਦਾਇ ਕੋ ਰੂਪ ਹੋ,*
*ਅੰਤਰਜਾਮੀ ਸਰਬ।*
*ਮੈਂ ਅਤਿ ਮੂਢ ਨ ਲਖਿ ਸਕਯੋ*
*ਨਿਜ ਐਸ੍ਵਰਜਹਿਂ ਗਰਬ।।*

*ਸ੍ਰੀ ਗੁ. ਪ੍ਰ. ਸੂਰਜ. ਗ੍ਰੰਥ,*
*ਪੰਨਾ – ੩੯੮*

ਬੇਨਤੀ ਕੀਤੀ ਕਿ ਹੇ ਨਾਨਕ! ਇਹ ਚੰਚਲ ਮਨ ਕਿਸ ਤਰ੍ਹਾਂ ਦੇ ਨਾਲ ਕਾਬੂ ਹੋ ਸਕਦਾ ਹੈ? ਉਸ ਵੇਲੇ ਗੁਰੂ ਨਾਨਕ ਮਹਾਰਾਜ ਜੀ ਨੇ ਫੁਰਮਾਨ ਕੀਤਾ –

*ਸੁਨੋ ਖਾਨ! ਦੈ ਕਾਨ,*
*ਪ੍ਰਬਲ ਮਨ ਲੋਲ (ਚੰਚਲ) ਹੈ।*
*ਯਾਂ ਕੋ ਰੋਕਨ ਕਠਨ,*
*ਰੁਕੈ ਤ ਅਮੋਲ ਹੈ।।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ,*
*ਪੰਨਾ – ੩੯੮*

ਕਹਿਣ ਲੱਗੇ, “ਨਵਾਬ ਸਾਹਿਬ! ਪਾਰਾ ਉਂਗਲੀ ਹੇਠਾਂ ਕਿਸੇ ਤਰੀਕੇ ਨਾਲ ਨਹੀਂ ਦੱਬਿਆ ਜਾ ਸਕਦਾ ਪਰ ਦਵਾਈ ਵਿਚ ਰਲਾ ਕੇ ਪਾਰਾ ਮਾਰਿਆ ਜਾਂਦਾ ਹੈ, ਫੇਰ ਪਾਰਾ ਟਿਕ ਜਾਂਦਾ ਹੈ। ਇਸੇ ਤਰ੍ਹਾਂ ਨਾਲ ਚੰਚਲ ਘੋੜਾ ਆਪਣੇ ਸਵਾਰ ਨੂੰ ਤੰਗ ਕਰਦਾ ਹੈ ਪਰ ਸੂਝਵਾਨ ਸਵਾਰ ਉਸ ਦੇ ਮੂੰਹ ਵਿਚ ਕੜਿਆਲ ਪਾ ਕੇ ਉਸਨੂੰ ਅਪਣੀ ਇੱਛਾ ਦੇ ਅਨੁਸਾਰ ਚਲਾ ਲਿਆ ਕਰਦਾ ਹੈ। ਇਸੇ ਤਰ੍ਹਾਂ ਮਨ ਨੂੰ ਸਿਧ ਕਰਨਾ ਹੁੰਦਾ ਹੈ।” ਫੁਰਮਾਨ

ਹੈ -

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ***
***ਸਾ ਮਿਲਿਆ ਨ ਕੋਇ॥***
***ਇਹੁ ਮਨੁ ਸਕਤੀ ਇਹੁ ਮਨੁ ਸੀਉ॥***
***ਇਹੁ ਮਨੁ ਪੰਚ ਤਤ ਕੋ ਜੀਉ॥***
***ਇਹੁ ਮਨੁ ਲੇ ਜਉ ਉਨਮਨਿ ਰਹੈ॥***
***ਤਉ ਤੀਨਿ ਲੋਕ ਕੀ ਬਾਤੈ ਕਹੈ॥***

***ਅੰਗ - ੩੪੨***

ਇਸ ਉਤੇ ਇਕ ਵਾਰਤਾ ਇਸ ਪ੍ਰਕਾਰ ਹੈ। ਸਤਿਜੁਗ ਵਿਖੇ ਪਾਰਸ ਨਾਥ ਨਾਮੀ ਇਕ ਬਹੁਤ ਹੀ ਪ੍ਰਤਾਪੀ ਰਾਜਾ ਹੋਇਆ ਹੈ, ਜਿਸਨੇ ਦੁਨੀਆਂ ਦੇ ਸਾਰੇ ਰਾਜੇ ਜਿੱਤ ਕੇ ਆਪਣੀ ਜੇਲ੍ਹ ਵਿਚ ਕੈਦ ਕਰ ਦਿਤੇ ਸਨ ਤੇ ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੈਂ ਇਕ ਲੱਖ ਰਾਜੇ ਕੈਦ ਕਰ ਲਏ ਹਨ ਤੇ ਹੁਣ ਮੈਂ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ। ਤਾਂ ਉਸਦੇ ਸਿਆਣੇ ਵਜ਼ੀਰ ਨੇ ਕਿਹਾ, "ਹੇ ਰਾਜਨ! ਅਜੇ ਇਕ ਰਾਜਾ ਐਸਾ ਹੈ ਜਿਸ ਵਲ ਆਪ ਨੇ ਧਿਆਨ ਹੀ ਨਹੀਂ ਦਿਤਾ ਤੇ ਉਸਦੀ ਸੱਤਾ ਐਨੀ ਪ੍ਰਬਲ ਹੈ ਕਿ ਉਸਦੇ ਸਾਹਮਣੇ ਦੇਵਤੇ ਭੀ ਹਾਰ ਜਾਂਦੇ ਹਨ, ਮਨੁੱਖ ਦਾ ਤਾਂ ਕਹਿਣਾ ਹੀ ਕੀ ਹੈ।" ਤਾਂ ਪਾਰਸਨਾਥ ਨੇ ਕਿਹਾ ਕਿ ਉਸ ਰਾਜੇ ਬਾਰੇ ਪਹਿਲਾਂ ਕਿਉਂ ਨਹੀਂ ਦੱਸਿਆ? ਹੁਣ ਛੇਤੀਂ ਦੱਸ, ਉਹ ਕਿਥੇ ਰਹਿੰਦਾ ਹੈ, ਕਿੰਨੀ ਉਸ ਦੀ ਫੌਜ ਹੈ, ਕਿਹੋ ਜਿਹੇ ਉਸਦੇ ਹਥਿਆਰ ਹਨ, ਤਾਂ ਕਿ ਮੈਂ ਉਸਨੂੰ ਛੇਤੀਂ ਹੀ ਫਤਹਿ ਕਰਾਂ। ਇਹ ਸੁਣ ਕੇ ਵਜ਼ੀਰ ਨੇ ਕਿਹਾ, "ਰਾਜਨ! ਉਹ ਰਾਜਾ ਸਭ ਸਰੀਰਾਂ ਦੇ ਅੰਦਰ ਹੀ ਰਾਜ ਕਰ ਰਿਹਾ ਹੈ ਜਿਸ ਦਾ ਨਾਉਂ 'ਮਨ ਰਾਜਾ' ਹੈ। ਉਸ ਦੀਆਂ ਫੌਜਾਂ ਦੇ ਸੂਰਮੇ ਅਜਿੱਤ ਹਨ, ਮਹਾਂਬਲੀ ਹਨ; ਤਪੀਆਂ ਦੇ ਤਪ ਤੋੜ ਦਿੰਦੇ ਹਨ, ਜਪੀਆਂ ਦੇ ਜਪ ਭੰਗ ਕਰ ਦਿੰਦੇ ਹਨ, ਆਸਮਾਨ ਤੇ ਚੜ੍ਹੇ ਹੋਏ ਨੂੰ ਧਰਤੀ ਤੇ ਸੁੱਟ ਦਿੰਦੇ ਹਨ। ਉਸਦੇ ਜਰਨੈਲਾਂ ਦੇ ਨਾਮ ਹਨ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਚੁਗਲੀ, ਬਖੀਲੀ, ਆਸਾ, ਅੰਦੇਸਾ ਆਦਿ। ਜਿੰਨਾਂ ਚਿਰ ਇਸ ਰਾਜੇ ਨੂੰ ਆਪਣੇ ਵੱਸ ਵਿਚ ਨਹੀਂ ਕਰਦੇ, ਓਨੀ ਦੇਰ ਤੱਕ ਆਪ ਦਿਗ-ਵਿਜਈ ਨਹੀਂ ਕਹਿਲਾ ਸਕਦੇ। ਸੋ ਮਹਾਰਾਜ, ਪਹਿਲਾਂ ਉਸ ਰਾਜੇ ਨੂੰ ਫਤਿਹ ਕਰੋ। ਇਹ ਸੁਣ ਕੇ ਪਾਰਸਨਾਥ ਰਾਜੇ ਨੇ ਬਹੁਤ ਹੀ ਜਤਨ ਕੀਤੇ - ਪ੍ਰਾਣਾਯਾਮ ਕੀਤੇ, ਸੁਆਸ ਦੇ ਬਲ ਨਾਲ ਦਸਮ ਦੁਆਰ ਵਿਚ ਸਮਾਧੀ ਲਾਈ ਪਰ ਜਦੋਂ ਸਮਾਧੀ ਤੋਂ ਉਥਾਨ ਹੋਵੇ ਤਾਂ ਮਨ ਫੇਰ ਆਪਣੀ ਚੰਚਲਤਾਈ ਪ੍ਰਗਟ ਕਰ ਦੇਵੇ। ਇਸ ਤਰ੍ਹਾਂ ਕਰਦਾ-ਕਰਦਾ ਹਾਰ ਗਿਆ ਪਰ ਮਨ, ਵੱਸ ਵਿਚ ਨ ਕਰ ਸਕਿਆ ਤੇ ਅੰਤ ਨੂੰ ਨਮੋਸ਼ ਹੋ ਕੇ ਕੀਤੇ ਵਚਨ ਅਨੁਸਾਰ ਜਿਉਂਦੇ ਅੱਗ ਵਿਚ ਜਲਣਾ ਪਿਆ।

ਨਵਾਬ ਬੇਨਤੀ ਕਰਨ ਲਗਿਆ, "ਹੇ ਨਾਨਕ ਜੀ! ਐਸੀ ਕਿਹੜੀ ਚੀਜ਼ ਹੈ ਜੋ ਮਨ ਨੂੰ ਇਕਾਗਰਤਾ ਦੇ ਘਰ ਵਿਚ ਆਉਣ ਨਹੀਂ ਦਿੰਦੀ? ਮੇਰੇ ਅੰਦਰਲੀ ਲਗਨ ਬਹੁਤ ਹੈ, ਮੈਂ ਆਪ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਮੈਂ ਦੀਨ ਉਪਰ ਤਰਸ ਕਰਕੇ ਆਪਣਾ ਬਣਾ ਲਓ ਅਤੇ ਮਨ ਨੂੰ ਕਾਬੂ ਕਰਨ ਵਿਚ ਆ ਰਹੀਆਂ ਰੁਕਾਵਟਾਂ ਬਾਰੇ ਦੱਸਣ ਦੀ ਕਿਰਪਾ ਕਰੋ।" ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਚੰਚਲਤਾਈ ਇਸ ਮਨ ਦਾ ਸੁਭਾਉ ਹੈ -

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
***ਚਾਰੇ ਕੁੰਡਾ ਭਾਲੇ॥***

***ਅੰਗ - ੮੭੬***

ਅਤੇ

***ਇਹੁ ਸਰੀਰੁ ਮਾਇਆ ਕਾ ਪੁਤਲਾ***
***ਵਿਚਿ ਹਉਮੈ ਦੁਸਟੀ ਪਾਈ॥***
***ਆਵਣੁ ਜਾਣਾ ਜੰਮਣੁ ਮਰਣਾ***
***ਮਨਮੁਖਿ ਪਤਿ ਗਵਾਈ॥***

***ਅੰਗ - ੩੧***

ਕਹਿਣ ਲੱਗੇ, "ਨਵਾਬ ਜੀ! ਸੰਸਾਰ ਪੜ੍ਹਦਾ ਹੀ ਪੜ੍ਹਦਾ ਹੈ, ਅਮਲ ਨਹੀਂ ਕਰਦਾ।

ਚਿੱਤ ਵਿਚ ਅਨੇਕਾਂ-ਅਨੇਕਾਂ ਵਾਸ਼ਨਾਵਾਂ ਹੋਣ ਕਰਕੇ ਨ ਜਾਗਦੇ, ਨ ਸੌਂਦੇ; ਮਨ ਟਿਕਦਾ ਹੀ ਨਹੀਂ।'

ਵਾਸ਼ਨਾ ਕੀ ਹੈ? ਇਸ ਬਾਰੇ ਵਸ਼ਿਸ਼ਟ ਜੀ ਦਸਦੇ ਹਨ, "ਹੇ ਰਾਮ! ਅੱਗੇ ਪਿਛੇ ਦਾ ਵੀਚਾਰ ਨ ਕਰਕੇ ਦ੍ਰਿੜ੍ਹ ਭਾਵਨਾ ਨਾਲ ਜਿਸ ਮਨੋਰਥ ਦਾ ਕਿਆਸ ਕਰਨਾ, ਉਸ ਵਿਚ ਹੰਗਤਾ ਤੇ ਮਮਤਾ ਕਰਨੀ, ਇਸਦਾ ਨਾਉਂ ਵਾਸ਼ਨਾ ਹੈ। ਇਸ ਵਾਸ਼ਨਾ ਦੇ ਵਿਘਨ ਕਰਕੇ ਆਪਣੇ ਆਤਮ ਸਰੂਪ ਨੂੰ ਭੁੱਲ ਜਾਂਦਾ ਹੈ।"

ਜਿਸ ਤਰ੍ਹਾਂ ਇਕ ਸਾਖੀ ਹੈ - ਕੋਈ ਰਾਜਾ ਦੂਸਰੇ ਰਾਜੇ ਦੇ ਸੱਦੇ ਤੇ ਸ਼ਾਮ ਦੇ ਭੋਜਨ ਤੇ ਗਿਆ। ਉਥੇ ਭੋਜਨ ਦੌਰਾਨ ਤੇਜ਼ ਨਸ਼ੇ ਵਾਲੀ ਜ਼ਿਆਦਾ ਸ਼ਰਾਬ ਪੀ ਕੇ ਆਪਣੀ ਹੋਸ਼ ਗਵਾ ਲਈ ਤੇ ਇਸ ਨਸ਼ੇ ਅਧੀਨ ਜਦੋਂ ਅਰਲ-ਬਰਲ ਮੂੰਹੋਂ ਨਿਕਲਦਾ ਸੁਣਿਆ ਤਾਂ ਸਿਆਣੇ ਵਜ਼ੀਰ ਨੇ ਵੀਚਾਰ ਕਰਕੇ ਰਾਜੇ ਨੂੰ ਆਪਣੇ ਮਹਿਲ ਵਿਚ ਵਾਪਸ ਲੈ ਆਂਦਾ। ਰਾਜਾ ਜਦੋਂ ਆਪਣੇ ਮਹਿਲ ਵਿਚ ਪ੍ਰਵੇਸ਼ ਕਰਨ ਲਗਿਆ ਤਾਂ ਮਹਿਲ ਦੇ ਅੱਗੇ ਸਿਕਿਉਰਟੀ ਗਾਰਡ ਦੇ ਸਿਪਾਹੀ ਟਹਿਲ ਕੇ ਆਪਣੀ ਡਿਊਟੀ ਦੇ ਰਹੇ ਸਨ। ਰਾਜੇ ਨੇ ਸਿਪਾਹੀ ਨੂੰ ਪੁਛਿਆ ਕਿ ਤੂੰ ਕੀ ਕਰ ਰਿਹਾ ਹੈਂ? ਤਾਂ ਸਿਪਾਹੀ ਨੇ ਉਤਰ ਦਿਤਾ, ਜੀ, ਮੈਂ ਰਾਜੇ ਦੀ ਰਾਖੀ ਵਾਸਤੇ ਮਹਿਲ ਦੇ ਦੁਆਲੇ ਪਹਿਰਾ ਦੇ ਰਿਹਾ ਹਾਂ। ਤਾਂ ਰਾਜੇ ਨੇ ਸੁਣ ਕੇ ਕਿਹਾ, ਮੈਂ ਭੀ ਸਿਪਾਹੀ ਹਾਂ, ਹੁਣ ਮੈਂ ਪਹਿਰਾ ਦੇਵਾਂਗਾ, ਤੂੰ ਅਰਾਮ ਕਰ, ਤੇ ਵਰਦੀ ਮੰਗੀ।

ਵਜ਼ੀਰ ਨੇ ਰਾਜੇ ਦੀ ਹਾਲਤ ਦੇਖ ਕੇ ਇਕ ਵਰਦੀ ਮੰਗਵਾ ਕੇ ਉਸਨੂੰ ਪਹਿਨਾ ਦਿਤੀ ਤੇ ਰਾਜਾ ਵੀਟ ਉਪਰ ਪਹਿਰਾ ਦੇਣ ਲਗਿਆ। ਕੁਝ ਸਮੇਂ ਬਾਅਦ ਜਦੋਂ ਉਸਦੀ ਹੋਸ਼ ਪਰਤੀ ਤਾਂ ਆਪਣੇ ਆਪ ਵਲ ਦੇਖਣ ਲਗ ਗਿਆ, ਰਾਈਫਲ ਰੱਖ ਦਿਤੀ ਤੇ ਐਧਰ ਉਧਰ ਦੇਖਿਆ ਤਾਂ ਉਸ ਸਮੇਂ ਵਜ਼ੀਰ ਨੇ ਆ ਕੇ ਬੇਨਤੀ ਕੀਤੀ ਕਿ ਹਜ਼ੂਰ, ਆਪ ਬਹੁਤ ਤੇਜ਼ ਨਸ਼ੇ ਦੇ ਅਧੀਨ ਹੋਣ ਕਰਕੇ ਖੁਦ ਹੀ ਸਿਪਾਹੀ ਦੀ ਵਰਦੀ ਪਹਿਨ ਕੇ ਪਹਿਰਾ ਦੇਣ ਲਗ ਗਏ ਸੀ। ਤਾਂ ਉਸੀ ਸਮੇਂ ਰਾਜੇ ਨੂੰ ਮਹਿਲ ਵਿਚ ਲੈ ਜਾ ਕੇ ਰਾਜਸੀ ਬਸਤ੍ਰ ਪਹਿਨਾ ਦਿਤੇ। ਉਸ ਸਮੇਂ ਰਾਜੇ ਨੇ ਵਜ਼ੀਰ ਨੂੰ ਪੁਛਿਆ, "ਮੈਂ ਐਨਾ ਕਿਉਂ ਭੁੱਲ ਗਿਆ ਸੀ?" ਤਾਂ ਵਜ਼ੀਰ ਨੇ ਬੇਨਤੀ ਕਰੀ, "ਮਹਾਰਾਜ! ਆਪ ਨਸ਼ੇ ਦੇ ਅਧੀਨ ਹੋ ਕੇ ਭੁੱਲ ਗਏ ਸੀ - ਆਪਣੀ ਹਸਤੀ ਨੂੰ।" ਰਾਜੇ ਨੇ ਕਿਹਾ ਕਿ ਕੀ ਕੋਈ ਹੋਰ ਭੀ ਇਸ ਤਰ੍ਹਾਂ ਭੁੱਲ ਜਾਂਦੈ? ਵਜ਼ੀਰ ਨੇ ਕਿਹਾ, "ਰਾਜਨ! ਇਕ ਦੋ ਦੀ ਤਾਂ ਕੀ ਗੱਲ ਹੈ, ਸਾਰੇ ਸੰਸਾਰ ਨੇ ਹੀ ਮਾਇਆ ਦਾ ਨਸ਼ਾ ਪੀਤਾ ਹੋਇਆ ਹੈ ਤੇ ਆਪਣੇ ਆਪ ਨੂੰ ਭੁੱਲ ਗਿਆ ਤੇ ਭੁੱਲ ਕੇ ਆਪਣੇ ਆਪ ਨੂੰ 'ਜੀਵ ਆਤਮਾ' ਮੰਨਣ ਲਗ ਗਿਆ ਤੇ ਫੇਰ ਇਸ ਤੋਂ ਵੀ ਨੀਵਾਂ ਜਾ ਕੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਿਆ ਹੈ।"

ਸੋ ਵਸ਼ਿਸ਼ਟ ਜੀ ਕਹਿਣ ਲਗੇ, "ਹੇ ਰਾਮ! ਪਹਾੜਾਂ ਨੂੰ ਆਪਣੀ ਥਾਂ ਤੋਂ ਚੁੱਕ ਕੇ ਸਮੁੰਦਰ ਵਿਚ ਰੱਖ ਦੇਣਾ, ਦਰਿਆਵਾਂ ਦੇ ਪਰਵਾਹ ਬੰਦ ਕਰ ਦੇਣੇ, ਅਗਨਿ ਨੂੰ ਸੀਤਲ ਕਰ ਦੇਣਾ ਅਤੇ ਹੋਰ ਇਸ ਤਰ੍ਹਾਂ ਦੀਆਂ ਅਨੇਕਾਂ ਕ੍ਰਿਆਵਾਂ ਸਹਜੇ ਹੀ ਕੀਤੀਆਂ ਜਾ ਸਕਦੀਆਂ ਹਨ ਪਰ ਮਨ ਦੇ ਵੇਗ ਨੂੰ ਰੋਕਣ ਵਾਲਾ ਸੂਰਮਾ ਸੰਸਾਰ ਵਿਚ ਕੋਈ ਵਿਰਲਾ ਹੀ ਹੁੰਦਾ ਹੈ। ਕਿਉਂਕਿ ਅਨੇਕ ਕਿਸਮ ਦੀਆਂ ਵਾਸ਼ਨਾਵਾਂ ਮਨ ਵਿਚ ਹੋਣ ਕਰਕੇ ਇਸਨੂੰ ਸਾਰੇ ਪਸਰਿਆ ਹੋਇਆ ਬ੍ਰਹਮ ਦ੍ਰਿਸ਼ਟੀ ਆਉਣ ਦੀ ਥਾਂ ਜਗਤ ਦਿਖਾਈ ਦਿੰਦਾ ਹੈ।" ਕ੍ਰਿਸ਼ਨ ਜੀ ਮਹਾਰਾਜ ਫੁਰਮਾਨ ਕਰਦੇ ਹਨ -

"ਹੇ ਕੁੰਤੀ ਪੁਤਰ ਅਰਜੁਨ! ਮਨੁੱਖ ਆਪਣੇ ਜੀਵਨ ਕਾਲ ਵਿਚ ਜਿਸ ਚੀਜ਼ ਦਾ ਸਿਮਰਨ ਕਰਦਾ ਹੈ, ਅੰਤਕਾਲ ਸਰੀਰ ਦੇ ਛੁਟਣ ਤੇ ਪ੍ਰਬਲ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਉਸੇ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਜੀਵਨ ਕਾਲ ਦੀ ਪ੍ਰਬਲ ਵਾਸ਼ਨਾ ਅੰਤਕਾਲ ਵਿਚ ਅਵੱਸ਼ ਹੀ ਪ੍ਰਗਟ ਹੋ ਜਾਇਆ ਕਰਦੀ ਹੈ ਤੇ ਉਸੇ ਅਨੁਸਾਰ ਇਸਨੂੰ ਗਤੀ ਪ੍ਰਾਪਤ ਹੋਇਆ ਕਰਦੀ ਹੈ।" ਇਸੇ ਭਾਵ ਦੀ ਦ੍ਰਿੜ੍ਹਤਾ ਹਿਤ ਗੁਰਬਾਣੀ ਦਾ ਉਪਦੇਸ਼ ਹੈ -

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***
***ਅੰਤ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***
***ਅੰਗ - ੫੨੬***

ਜੇ ਇਹ ਵਾਸ਼ਨਾਵਾਂ ਰੁਕ ਜਾਣ, ਤੇ ਚਿਤ ਇਕਾਗਰ ਹੋ ਕੇ ਪ੍ਰਭੂ ਪਿਆਰੇ ਦੀ ਮਿੱਠੀ ਯਾਦ ਵਿਚ ਲੀਨ ਹੋ ਜਾਵੇ - ਕੇਵਲ ਛਿਨ ਵਾਸਤੇ, ਤਾਂ ਵੀ ਇਸ ਦੀ ਗਤੀ ਅਤਿ ਉੱਤਮ ਹੋ ਜਾਇਆ ਕਰਦੀ ਹੈ, ਜਿਸ ਤਰ੍ਹਾਂ ਕਿ ਅਜਾਮਲ ਪਾਪੀ ਸਾਰੀ ਜ਼ਿੰਦਗੀ ਪਾਪ ਕਰਨ ਵਾਲੇ ਨੂੰ ਅੰਤ ਸਮੇਂ ਉਸਦੀਆਂ ਵਾਸ਼ਨਾਵਾਂ ਰੁਕ ਜਾਣ ਕਾਰਨ, ਸੁਰਤਿ ਪ੍ਰਭੂ ਦੇ ਸੱਚੇ ਨਾਮ ਵਿਚ ਪਰੋਈ ਗਈ ਅਤੇ ਉਸਨੂੰ ਉਤਮ ਪਦਵੀ, ਜਿਹੜੀ ਕਿ ਵੱਡੇ-ਵੱਡੇ ਜੋਗੀਸਰਾਂ ਨੂੰ ਵੀ ਪ੍ਰਾਪਤ ਨ ਹੋ ਸਕੀ, ਪ੍ਰਾਪਤ ਹੋ ਗਈ। ਇਹ ਵਾਸ਼ਨਾਵਾਂ ਐਨਾ ਪ੍ਰਭਾਵ ਰਖਦੀਆਂ ਹਨ ਕਿ ਜਨਮ ਜਨਮਾਂਤਰਾਂ ਉਪਰੰਤ ਭੀ ਇਨ੍ਹਾਂ ਦੀ ਸਿਮ੍ਰਿਤੀ ਅੰਦਰੋਂ ਨਹੀਂ ਜਾਂਦੀ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਅਧਿਆਤਮਕ ਸਭਾ ਵਿਖੇ ਸੁਸ਼ੋਭਤ ਹੋ ਰਹੇ ਸਨ। ਵਸ਼ਿਸ਼ਟ ਜੀ ਅਧਿਆਤਮਕ ਬਚਨ ਕਰ ਰਹੇ ਸਨ ਅਤੇ ਹੋਰ ਅਨੇਕਾਂ ਸਰੋਤੇ ਚਿਤ ਲਾ ਕੇ ਸਰਵਣ ਕਰ ਰਹੇ ਸਨ ਕਿ ਅਚਾਨਕ ਹੀ ਸ੍ਰੀ ਰਾਮ ਚੰਦਰ ਜੀ ਜ਼ੋਰ ਨਾਲ ਤਾੜੀ ਮਾਰਦੇ ਹੋਏ ਹੱਸ ਪਏ। ਵਸ਼ਿਸ਼ਟ ਜੀ ਨੇ ਬਚਨ ਬੰਦ ਕਰਕੇ ਇਸ ਦਾ ਕਾਰਨ ਪੁੱਛਿਆ ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਇਸ ਕੀੜੇ ਨੂੰ, ਜਿਹੜਾ ਕਿ ਕੰਧ ਉਪਰ ਚੜ੍ਹ ਰਿਹਾ ਹੈ, ਦੇਖ ਕੇ ਹੱਸਦੇ ਹਾਂ। ਤਾਂ ਵਸ਼ਿਸ਼ਟ ਜੀ ਨੇ ਫੇਰ ਕਿਹਾ, ਇਹ ਕਾਰਨ ਆਪ ਦੇ ਐਨਾ ਜ਼ੋਰ ਨਾਲ ਹੱਸਣ ਦਾ ਤਾਂ ਨਹੀਂ ਹੋ ਸਕਦਾ? ਆਪ ਗੁਪਤ ਭਾਵ ਪ੍ਰਗਟ ਕਰੋ ਤਾਂ ਕਿ ਸਾਰੀ ਸਭਾ ਦਾ ਸੰਸਾ ਨਵਿਰਤ ਹੋ ਸਕੇ। ਤਾਂ ਆਪ ਨੇ ਫੁਰਮਾਇਆ ਕਿ ਗੁਰੂਦੇਵ ਜੀ! ਇਹ ਕੀੜਾ, ਜੋ ਕਿ ਹੁਣ ਤੋਂ ਪਹਿਲਾਂ ਚੌਦਹ ਬਾਰ ਇੰਦਰ ਦੇ ਤਖਤ ਉਪਰ ਬੈਠ ਕੇ ਸਮਾਂ ਪੂਰਾ ਹੋਣ ਤੇ ਮੁੜ ਨਖਿੱਧ ਜੂਨਾਂ ਵਿਚ ਭਟਕ ਰਿਹਾ ਹੈ, ਹੁਣ ਇਸ ਦੀਆਂ ਦੋ ਲੱਤਾਂ ਵੀ ਟੁੱਟੀਆਂ ਹੋਈਆਂ ਹਨ ਪਰ ਇਸਦੇ ਚਿਤ ਵਿਚ ਅਜੇ ਵੀ ਵਾਸ਼ਨਾ ਹੈ ਕਿ ਕਦੋਂ ਮੈਂ ਚੌਰਾਸੀ ਲੱਖ ਜੂਨਾਂ ਭੋਗਣ ਉਪਰੰਤ ਮਨੁੱਖ ਬਣਾਂ ਅਤੇ ਫੇਰ ਵਿਧੀਪੂਰਵਕ 101 ਯੱਗ ਕਰਕੇ ਇੰਦਰ ਰਾਜੇ ਦੀ ਪਦਵੀ ਪ੍ਰਾਪਤ ਕਰਾਂ। ਸੋ ਮੈਂ ਇਸਦੀ ਮੂਰਖਤਾ ਤੇ ਹੱਸਿਆ ਹਾਂ ਕਿ ਇਸ ਮੂਰਖ ਨੂੰ ਇਹ ਨਹੀਂ ਪਤਾ ਲਗਿਆ ਕਿ ਇੰਦਰ ਦੀ ਪਦਵੀ ਤੋਂ ਉਪਰ ਇਕ ਅਚੱਲ ਪਦਵੀ ਭੀ ਹੈ ਜਿਥੇ ਪਹੁੰਚ ਕੇ ਮੁੜ ਕੇ ਦੁਖਾਂ ਵਿਚ ਪ੍ਰਵੇਸ਼ ਕਦਾਚਿਤ ਨਹੀਂ ਹੋਇਆ ਕਰਦਾ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਨੂੰ ਦੱਸਿਆ ਕਿ ਇਉਂ ਵਾਸ਼ਨਾਵਾਂ ਦੇ ਅਧੀਨ ਹੋਇਆ ਮਨੁੱਖ ਐਨਾ ਲਿਪਤ ਹੋ ਗਿਆ ਕਿ ਇਸਦਾ ਚਿਤ ਇਕ ਛਿਨ ਵਾਸਤੇ ਵੀ ਇਕਾਗਰ ਨਹੀਂ ਹੁੰਦਾ। ਵਾਸ਼ਨਾਵਾਂ ਅਨੇਕ ਪ੍ਰਕਾਰ ਦੀਆਂ ਹਨ ਪਰ ਉਨ੍ਹਾਂ ਵਿਚੋਂ ਮਲੀਨ ਵਾਸ਼ਨਾਵਾਂ ਇਸ ਜੀਵ ਵਿਚ ਹਨ ਜਿਨ੍ਹਾਂ ਕਰਕੇ ਇਹ ਦੁਖੀ ਹੁੰਦਾ ਹੋਇਆ ਜਨਮਾਂ ਜਨਮਾਂਤਰਾਂ ਤੋਂ ਜੂਨੀਆਂ ਵਿਚ, ਹਲਟ ਦੀ ਮਾਹਲ ਵਾਂਗੂੰ ਘੁੰਮ ਰਿਹਾ ਹੈ। ਵੱਡੀਆਂ-ਵੱਡੀਆਂ ਵਾਸ਼ਨਾਵਾਂ ਇਹ ਹਨ -

**੧. ਪੁਤਰ ਵਾਸ਼ਨਾ** - ਜਿਸ ਦੇ ਘਰ ਪੁਤਰ ਨ ਹੋਵੇ, ਉਹ ਪੁਤਰ ਦੀ ਪ੍ਰਾਪਤੀ ਵਾਸਤੇ ਥਾਂ-ਥਾਂ ਉਤੇ ਭਟਕਦਾ ਫਿਰਦਾ ਹੈ; ਏਥੋਂ ਤਕ ਕਿ ਧਰਮ ਦੇ ਵਿਰੁੱਧ ਭੀ ਕਰਮ ਕਰਨ ਤੋਂ ਸੰਕੋਚ ਨਹੀਂ ਕਰਦਾ। ਵਿਚਾਰ ਸਾਗਰ ਵਿਚ ਇਉਂ ਜ਼ਿਕਰ ਆਇਆ ਹੈ -

***ਜਾ ਕੋ ਹਿੰਦੂ ਕਬਹੁੰ ਨਹਿ ਮਾਨੇ॥***
***ਪੁਤ੍ਰ ਹੇਤ ਤਹਿ ਇਸ਼ਟ ਪਛਾਨੇ॥***
***ਸਯਦ ਖਵਾਜਾ ਪੀਰ ਫਕੀਰਾ॥***
***ਮਾਨਤ ਜੋਰਤ ਹਾਥ ਅਧੀਰਾ॥***
***ਭੈਰਉ ਭੂਤ ਮਨਾਵਤ ਨਾਨਾ॥***
***ਧਰਤ ਸ਼ਿਵਾਬਲ ਭੂਮੀ ਮਸਾਨਾ॥***
***ਔਰ ਯੰਤ੍ਰ ਤਾਵੀਜ ਘਨੇਰੇ॥***

*ਲਿਖ ਮੜਵਾਵੇ ਪੂਤ ਗਲ ਗੇਰੇ॥*

***ਵਿਚਾਰ ਸਾਗਰ***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਪੁਤਰ ਦੀ ਪ੍ਰਾਪਤੀ ਹੋ ਜਾਵੇ, ਫੇਰ ਉਸਨੂੰ ਪਾਲਣਾ ਪੋਸ਼ਣਾ, ਤੇ ਜੇਕਰ ਬਿਮਾਰ ਹੋ ਜਾਵੇ ਤਾਂ ਬੇਚੈਨੀ; ਜੇਕਰ ਨਾਲਾਇਕ ਪੁੱਤਰ ਨਿਕਲ ਆਵੇ ਤਾਂ ਚਿੰਤਾ; ਫੇਰ ਉਸਦੀ ਪੜ੍ਹਾਈ ਲਿਖਾਈ ਇਤਿਆਦਿ। ਇਸ ਤਰ੍ਹਾਂ ਇਹ ਵਾਸ਼ਨਾ ਬਹੁਤ ਪ੍ਰਬਲ ਹੈ।

**੨. ਧਨ ਵਾਸ਼ਨਾ** – ਧਨ ਦੀ ਕਮਾਈ ਵਾਸਤੇ ਬੰਦਾ ਦੇਸ ਪ੍ਰਦੇਸ ਵਿਖੇ ਜਾਂਦਾ ਹੈ, ਛਲ ਕਪਟ ਕਰਦਾ ਹੈ, ਜੇਬਾਂ ਕੱਟਦਾ ਹੈ, ਰਿਸ਼ਵਤਾਂ ਲੈਂਦਾ ਹੈ ਤੇ ਹੋਰ ਕਈ ਪ੍ਰਕਾਰ ਦੇ ਪ੍ਰਪੰਚ ਕਰਦਾ ਹੈ। ਜਿਵੇਂ ਕਿ ਕਾਰੂੰ ਬਾਦਸ਼ਾਹ ਦਾ ਪ੍ਰਸੰਗ ਹੈ, ਉਸਨੂੰ ਧਨ ਜੋੜਨ ਦੀ ਐਨੀ ਵਾਸ਼ਨਾ ਸੀ ਕਿ ਸਾਰੀ ਜਨਤਾ ਤੋਂ ਧਨ ਇਕੱਠਾ ਕਰਕੇ ਚਾਲੀ ਗੰਜ ਜੋੜ ਰੱਖੇ ਸਨ, ਕਿਸੇ ਪਾਸ ਇਕ ਰੁਪਿਆ ਭੀ ਉਸ ਨੇ ਨਹੀਂ ਸੀ ਰਹਿਣ ਦਿਤਾ।

ਇਕ ਵਾਰੀ ਉਸ ਨੇ ਇਹ ਦੇਖਣ ਵਾਸਤੇ ਕਿ ਕਿਸੇ ਪਾਸ ਕੋਈ ਰੁਪਈਆ ਤਾਂ ਨਹੀਂ ਰਹਿ ਗਿਆ! ਆਪਣੀ ਸ਼ਹਿਜ਼ਾਦੀ ਨੂੰ ਇਕ ਬੱਘੀ ਵਿਚ ਬਿਠਾ ਕੇ ਸਾਰੇ ਸ਼ਹਿਰ ਵਿਚ ਹੋਕਾ ਫਿਰਾਇਆ ਕਿ ਜੋ ਕੋਈ ਇਕ ਰੁਪਿਆ ਦੇਵੇਗਾ, ਉਸ ਦੀ ਸ਼ਾਦੀ ਇਸ ਸ਼ਹਿਜ਼ਾਦੀ ਨਾਲ ਹੋ ਜਾਵੇਗੀ। ਇਹ ਹੋਕਾ ਸੁਣ ਕੇ ਇਕ ਲੜਕਾ ਆਪਣੀ ਮਾਂ ਕੋਲ ਜਾ ਕੇ ਇਕ ਰੁਪਿਆ ਲੈਣ ਵਾਸਤੇ ਜ਼ਿੱਦ ਕਰ ਬੈਠਾ, ਬਥੇਰਾ ਸਮਝਾਉਣ ਤੇ ਵੀ ਨ ਮੰਨਿਆ। ਆਖਿਰ ਮਾਂ ਨੇ ਕਿਹਾ ਕਿ ਤੇਰੇ ਪਿਤਾ ਨੂੰ ਦਫਨਾਉਣ ਸਮੇਂ ਇਕ ਰੁਪਿਆ ਉਸਦੇ ਮੂੰਹ ਵਿਚ ਪਾਇਆ ਗਿਆ ਸੀ, ਜਾਹ ਕਬਰ ਪੁੱਟ ਕੇ ਉਹ ਕੱਢ ਲਿਆ। ਲੜਕੇ ਨੇ ਉਸੇ ਤਰ੍ਹਾਂ ਹੀ ਕੀਤਾ ਅਤੇ ਰੁਪਿਆ ਲਿਆ ਕੇ ਰਾਜੇ ਦੇ ਪਹਿਰੇਦਾਰਾਂ ਨੂੰ ਦਿਤਾ – ਸ਼ਾਦੀ ਕਰਨ ਵਾਸਤੇ। ਤਾਂ ਕਾਰੂੰ ਰਾਜੇ ਦੀ ਪਹਿਲਾਂ ਤੋਂ ਬਣਾਈ ਸਕੀਮ ਦੇ ਅਨੁਸਾਰ ਉਸਨੂੰ ਗ੍ਰਿਫਤਾਰ ਕਰ ਲਿਆ। ਪੁੱਛਣ ਤੇ ਜਦ ਲੜਕੇ ਨੇ ਦੱਸਿਆ ਤਾਂ ਸੁਣ ਕੇ ਰਾਜੇ ਨੇ ਸਾਰੇ ਕਬਰਸਥਾਨ ਪੁੱਟ ਕੇ ਸਾਰੇ ਮੁਰਦਿਆਂ ਦੇ ਮੂੰਹਾਂ ਵਿਚੋਂ ਰੁਪਏ ਕੱਢ ਲੈਣ ਦਾ ਹੁਕਮ ਦੇ ਦਿਤਾ। ਸੋ ਐਸੀ ਪ੍ਰਬਲ ਵਾਸ਼ਨਾ ਹੈ – ਧਨ ਦੀ। ਮਨੁੱਖ ਇਹ ਨਹੀਂ ਜਾਣਦਾ ਕਿ ਇਕ ਦਿਨ ਸੰਸਾਰ ਤੋਂ ਚਲੇ ਜਾਣਾ ਹੈ ਤੇ ਜੋੜੀ ਹੋਈ ਮਾਇਆ ਏਥੇ ਹੀ ਰਹਿ ਜਾਵੇਗੀ। ਇਸ ਤਰ੍ਹਾਂ ਦੀ ਵਾਸ਼ਨਾ ਜੇਕਰ ਨਾਮ ਧਨ ਇਕੱਠਾ ਕਰਨ ਵਿਚ ਹੋਵੇ ਤਾਂ ਉਤਮ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਪ੍ਰਕਾਰ ਧਨ ਵਾਸ਼ਨਾ ਜੇਕਰ ਅੰਤ ਸਮੇਂ ਰਹਿ ਜਾਵੇ ਤਾਂ ਸੱਪ ਦੀ ਜੂਨ ਮਿਲਦੀ ਹੈ।

**੩. ਦੇਹ ਵਾਸ਼ਨਾ** – ਦੇਹ ਦੇ ਸ਼ਿੰਗਾਰ ਕਰਨੇ, ਦੇਹ ਨੂੰ ਰਸਾਂ ਕਸਾਂ ਵਿਚ ਪਰਵਿਰਤ ਕਰਨਾ, ਆਪਣੇ ਆਪ ਨੂੰ ਦੇਹ ਮੰਨਣਾਂ ਆਦਿ 'ਦੇਹ ਵਾਸ਼ਨਾ' ਹੋਇਆ ਕਰਦੀ ਹੈ। ਇਸ ਪ੍ਰਤੀ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਭੋਗਾਂ ਨੂੰ ਭੋਗਦੇ-ਭੋਗਦੇ ਕਦੇ ਵੀ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ –

***ਜੇ ਲਖ ਇਸਤਰੀਆ ਭੋਗ ਕਰਹਿ***
***ਨਵਖੰਡ ਰਾਜੁ ਕਮਾਹਿ॥***
***ਬਿਨੁ ਸਤਗੁਰ ਸੁਖੁ ਨ ਪਾਵਹੀ***
***ਫਿਰਿ ਫਿਰਿ ਜੋਨੀ ਪਾਹਿ॥***

***ਅੰਗ – ੨੬***

ਇਸ ਵਾਸ਼ਨਾ ਦੇ ਅਧੀਨ ਮਨੁਖ ਇਸ ਅਮੋਲਕ ਦੇਹ ਤੋਂ ਨਾਮ ਜਪਣ ਦਾ ਕੰਮ ਲੈਣ ਦੀ ਥਾਂ ਭੋਗਾਂ ਵਿਚ ਪ੍ਰਵਿਰਤ ਹੋ ਕੇ, ਆਪਣਾ ਜਨਮ ਗਵਾ ਕੇ ਪਛਤਾਉਂਦਾ ਹੈ।

**੪. ਲੋਕ ਵਾਸ਼ਨਾ**– ਸੰਸਾਰ ਦੇ ਅੰਦਰ ਹਰ ਪ੍ਰਾਣੀ ਚਾਹੁੰਦਾ ਹੈ ਕਿ ਉਸ ਦੀ ਪ੍ਰਸੰਸਾ ਹੀ ਹੋਵੇ ਤੇ ਭੁੱਲ ਕੇ ਵੀ ਕੋਈ ਨਿੰਦਿਆ ਨ ਕਰੇ ਪਰ ਐਸਾ ਹੋਇਆ ਨਹੀਂ ਕਰਦਾ ਕਿ ਸਾਰਾ ਸਮਾਜ ਕਿਸੇ ਨੂੰ ਚੰਗਾ ਹੀ ਕਹੇ ਕਿਉਂਕਿ ਮੰਦਾ ਕਹਿਣ ਵਾਲੇ ਭੀ ਸੰਸਾਰ ਵਿੱਚ ਹੀ ਹੋਇਆ ਕਰਦੇ ਹਨ ਜਿਵੇਂ ਕਿ ਇਸ ਵਾਰਤਾ ਤੋਂ ਸਪਸ਼ਟ ਹੁੰਦਾ ਹੈ –

ਸ੍ਰੀ ਰਾਮ ਚੰਦਰ ਜੀ ਜਦੋਂ ਲੰਕਾ ਦਾ ਯੁੱਧ ਫਤਿਹ ਕਰਕੇ ਸੀਤਾ ਜੀ ਸਮੇਤ ਵਾਪਸ ਆਪਣੀ ਰਾਜਧਾਨੀ ਅਯੁੱਧਿਆ ਪਹੁੰਚੇ ਤਾਂ ਇਕ ਧੋਬੀ ਨੇ ਮਿਹਣਾ ਮਾਰਿਆ ਸੀ ਜੋ ਇਸ ਪ੍ਰਕਾਰ ਹੈ ਕਿ ਇਕ ਦਿਨ ਧੋਬੀ ਦੇ ਘਰ ਵਾਲੀ ਨੂੰ ਖਬਰ ਮਿਲੀ

ਕਿ ਉਸ ਦਾ ਪਿਤਾ ਬਹੁਤ ਬਿਮਾਰ ਹੈ। ਉਸ ਵੇਲੇ ਉਸ ਨੇ ਆਪਣੇ ਪਤੀ, ਜਿਹੜਾ ਕਿ ਕਾਫੀ ਦੂਰ ਧੋਬੀ ਘਾਟ ਵਿੱਚ ਸੀ, ਦੀ ਆਗਿਆ ਬਿਨਾਂ ਆਪਣੇ ਪੇਕੇ, ਜੋ ਕਿ ਬਹੁਤ ਹੀ ਨੇੜੇ ਸਨ, ਚਲੀ ਗਈ ਤੇ ਆਪਣੇ ਪਿਤਾ ਜੀ ਦੀ ਖਬਰ ਸਾਰ ਲੈ ਕੇ ਜਲਦੀ ਹੀ ਵਾਪਸ ਆ ਗਈ ਤਾਂ ਧੋਬੀ ਨੇ ਉਸ ਨੂੰ ਘਰ ਵਿੱਚ ਵੜਨ ਤੋਂ ਰੋਕ ਦਿੱਤਾ ਸੀ। ਸ੍ਰੀ ਰਾਮ ਚੰਦਰ ਜੀ ਉਸ ਸਮੇਂ ਬੀਰ ਯਾਤਰਾ ਤੇ ਪਰਜਾ ਦੀ ਹਾਲਤ ਅੱਖੀਂ ਵੇਖਣ ਵਾਸਤੇ ਭ੍ਰਮਣ ਕਰ ਰਹੇ ਸਨ ਤਾਂ ਉਨ੍ਹਾਂ ਨੇ ਝਗੜਾ ਹੁੰਦਾ ਦੇਖਕੇ, ਦਖਲ ਦਿੰਦਿਆਂ ਕਿਹਾ ਕਿ ਭਾਈ! ਤੂੰ ਕਿਉਂ ਨਹੀਂ ਇਸ ਬੀਬੀ ਨੂੰ ਘਰ ਵਿਚ ਵੜਨ ਦਿੰਦਾ? ਤਾਂ ਧੋਬੀ ਨੇ ਆਪਣੀ ਰੰਜਸ਼ ਦੱਸੀ ਕਿ ਇਹ ਮੇਰੇ ਬਿਨਾਂ ਪੁਛੇ, ਆਪਣੇ ਪੇਕੀਂ ਕਿਉਂ ਗਈ? ਸ੍ਰੀ ਰਾਮ ਚੰਦਰ ਜੀ ਦੇ ਪੁੱਛਣ ਤੇ ਉਸ ਬੀਬੀ ਨੇ ਦੱਸਿਆ ਕਿ ਜੇ ਮੈਂ ਉਸ ਸਮੇਂ ਪੁੱਛਣ ਜਾਂਦੀ ਤਾਂ ਧੋਬੀ ਘਾਟ ਬਹੁਤ ਦੂਰ ਸੀ ਤੇ ਮੇਰੇ ਪੇਕੇ ਸਾਹਮਣੇ ਪਿੰਡ ਵਿਚ ਹੀ ਹਨ, ਮੈਂ ਆਪਣੇ ਪਿਤਾ ਦਾ ਹਾਲ ਪੁੱਛ ਕੇ ਉਸੇ ਸਮੇਂ ਵਾਪਸ ਆ ਗਈ ਹਾਂ। ਇਹ ਸੁਣ ਕੇ ਸ੍ਰੀ ਰਾਮ ਚੰਦਰ ਜੀ ਨੇ ਕਿਹਾ, "ਪੁਰਖਾ! ਇਹ ਤਾਂ ਕੋਈ ਕਸੂਰ ਨਹੀਂ, ਤੂੰ ਇਸ ਨੂੰ ਆਪਣੇ ਘਰ ਵਿਚ ਆਉਣ ਦੀ ਆਗਿਆ ਦੇ-ਦੇ।" ਤਾਂ ਧੋਬੀ ਨੇ ਕਿਹਾ, "ਤੂੰ ਮੈਨੂੰ ਰਾਮ ਚੰਦਰ ਹੀ ਸਮਝਦਾ ਹੈਂ ਜਿਸ ਨੇ ਨੌਂ ਮਹੀਨਿਆਂ ਬਾਅਦ ਵੀ ਸੀਤਾ ਆਪਣੇ ਘਰ ਲੈ ਆਂਦੀ।" ਸੋ ਸ੍ਰੀ ਰਾਮ ਚੰਦਰ ਜੀ ਨੇ ਲੋਕ ਰਾਏ ਜਾਣ ਕੇ ਸੀਤਾ ਜੀ ਨੂੰ ਬਨਵਾਸ ਦੇ ਦਿਤਾ।

ਫੇਰ ਇਕ ਵਾਰ ਆਪਣੇ ਭਰਾ ਲਛਮਣ ਜੀ ਸਮੇਤ ਜੰਗਲ ਵਿਚ ਪਹੁੰਚੇ ਤਾਂ ਉਥੇ ਪਾਣੀ ਪੀ ਕੇ ਇਕ ਕਿਸਾਨ ਨੂੰ ਦੇਖਿਆ ਜਿਸ ਨੇ ਕਿ ਲੋਹੇ ਦਾ ਟੋਪ ਆਪਣੇ ਸਿਰ ਤੇ ਲਿਆ ਹੋਇਆ ਸੀ ਤੇ ਗਲ ਵਿਚ ਵੀ ਲੋਹੇ ਦੀ ਜਾਲੀ ਪਹਿਨੀ ਹੋਈ ਸੀ ਤੇ ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਸਨ ਤੇ ਇਸੇ ਤਰ੍ਹਾਂ ਆਪਣੇ ਬੈਲਾਂ ਉਪਰ ਜਾਲੀਦਾਰ ਝੁੱਲ ਪਾਏ ਹੋਏ ਸਨ। ਸ੍ਰੀ ਰਾਮ ਚੰਦਰ ਜੀ ਨੇ ਪੁਛਿਆ ਕਿ ਭਾਈ! ਤੂੰ ਇਸ ਤਰ੍ਹਾਂ ਦੀ ਵਰਦੀ ਕਿਉਂ ਪਾਈ ਹੋਈ ਹੈ? ਤਾਂ ਉਸਨੇ ਦੱਸਿਆ, "ਮਹਾਰਾਜ! ਇਸ ਇਲਾਕੇ ਵਿਚ ਇਕ ਪੰਛੀ ਬਹੁਤ ਹੀ ਤਿੱਖੀ ਚੁੰਝ ਵਾਲਾ ਰਹਿੰਦਾ ਹੈ। ਜੇਕਰ ਉਹ ਝਪਟ ਮਾਰੇ ਤਾਂ ਮਾਸ ਕੱਢ ਕੇ ਲੈ ਜਾਂਦਾ ਹੈ। ਇਸੇ ਕਰਕੇ ਮੈਂ ਵੀ ਜਾਲੀ ਪਾਈ ਹੋਈ ਹੈ ਅਤੇ ਬੈਲਾਂ ਉਪਰ ਵੀ ਜਾਲੀ ਦੇ ਝੁੱਲ ਪਾਏ ਹਨ ਤੇ ਪੈਰਾਂ ਵਿਚ ਫੁਟਲਸ ਇਸ ਕਰਕੇ ਪਾਏ ਹਨ ਕਿ ਏਥੇ ਐਸਾ ਬਿੱਛੂ ਹੈ, ਜੇ ਡੰਗ ਮਾਰ ਦੇਵੇ ਤਾਂ ਬੰਦਾ ਮਰ ਜਾਂਦਾ ਹੈ।" ਇਹ ਸੁਣ ਕੇ ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਪੁਰਖਾ! ਤੂੰ ਇਹ ਥਾਂ ਛੱਡ ਕੇ ਹੋਰ ਥਾਂ ਭੂਮੀ ਲੈ-ਲੈ, ਅਸੀਂ ਤੇਰੀ ਸਹਾਇਤਾ ਕਰ ਦੇਵਾਂਗੇ ਤੇ ਤੂੰ ਸੁਖ ਨਾਲ ਜੀਵਨ ਬਤੀਤ ਕਰ ਲਵੇਂਗਾ। ਤਾਂ ਉਹ ਕਿਸਾਨ ਨਰਾਜ਼ ਹੋ ਗਿਆ, ਕਹਿਣ ਲੱਗਿਆ, "ਮਹਾਰਾਜ! ਤੁਸੀਂ ਮੈਨੂੰ ਰਾਮ ਚੰਦਰ ਹੀ ਸਮਝ ਲਿਆ? ਕੋਈ ਬੰਦਾ ਆਪਣੀ ਭੂਮੀ ਅਤੇ ਆਪਣੀ ਇਸਤ੍ਰੀ ਦਾ ਤਿਆਗ ਨਹੀਂ ਕਰਿਆ ਕਰਦਾ। ਇਸ ਲਈ ਮੈਂ ਆਪ ਦੇ ਕਹੇ ਅਨੁਸਾਰ ਇਹ ਨਹੀਂ ਕਰ ਸਕਦਾ।" ਇਹ ਸੁਣ ਕੇ ਸ੍ਰੀ ਰਾਮ ਚੰਦਰ ਜੀ ਆਪਣੇ ਭਰਾ ਲਛਮਣ ਜੀ ਨੂੰ ਕਹਿਣ ਲੱਗੇ, "ਹੁਣ ਦੱਸ? ਇਕ ਪਾਸੇ ਉਹ ਲੋਕ ਹਨ ਜੋ ਸੀਤਾ ਦੇ ਤਿਆਗ ਨੂੰ ਚੰਗਾ ਸਮਝਦੇ ਹਨ ਅਤੇ ਦੂਜੇ ਪਾਸੇ ਉਹ ਹਨ ਜੋ ਇਸ ਤਿਆਗ ਨੂੰ ਬਹੁਤ ਬੁਰਾ ਮੰਨ ਰਹੇ ਹਨ।"

ਸੋ ਇਸ ਤਰ੍ਹਾਂ ਲੋਕ ਵਾਸ਼ਨਾ ਨੂੰ ਮਹਾਂਪੁਰਸ਼ ਤਿਆਗ ਦਿੰਦੇ ਹਨ? ਨ ਹੀ ਨਿੰਦਿਆ ਤੋਂ ਡਰਦੇ ਹਨ ਅਤੇ ਨ ਹੀ ਉਸਤਤਿ ਦੀ ਲੋਚਾ ਰਖਦੇ ਹਨ। ਇਸ ਪਰਥਾਇ ਸਾਖੀ ਹੈ ਕਿ ਭਗਤ ਨਾਮਦੇਵ ਜੀ ਪਾਸ ਇਕ ਸੇਠ ਨੇ ਆਪਣਾ ਬੱਚਾ ਪੜ੍ਹਨ ਭੇਜਿਆ। ਸ਼ਾਮ ਨੂੰ ਬੱਚੇ ਦੇ ਘਰ ਜਾਣ ਤੋਂ ਪਹਿਲਾਂ ਨਾਮਦੇਵ ਜੀ ਨੇ ਬੱਚੇ ਦੇ ਪਾਏ ਹੋਏ ਗਹਿਣੇ ਉਤਾਰ ਕੇ ਰੱਖ ਲਏ। ਜਦੋਂ ਬੱਚਾ ਘਰ ਗਿਆ ਤਾਂ ਗਹਿਣੇ ਨ ਦੇਖ ਕੇ ਸੇਠ ਦੀ ਸੇਠਾਣੀ ਨੇ ਇਕ ਦਮ ਸ਼ੱਕ ਕੀਤੀ ਕਿ ਨਾਮਦੇਵ ਜੀ ਨੇ ਗਹਿਣੇ ਉਤਾਰ ਲਏ। ਉਸਨੇ ਪੜੌਸਣ ਪਾਸ ਜਾ ਗੱਲ ਕੀਤੀ, ਉਸ ਨੇ ਅੱਗੇ ਕਰ ਦਿਤੀ ਤੇ ਫੇਰ ਹੋਰ ਅੱਗੇ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਨਾਮਦੇਵ ਜੀ ਦੀ ਨਿੰਦਿਆ ਹੋਣ ਲਗੀ।

ਦੂਸਰੇ ਦਿਨ ਜਦੋਂ ਬੱਚੇ ਨੂੰ ਲੈ ਕੇ ਸੇਠ ਜੀ ਗਏ ਤਾਂ ਨਾਮਦੇਵ ਜੀ ਨੇ ਪਹਿਲਾਂ ਹੀ ਕਹਿ ਦਿਤਾ ਕਿ ਸੇਠ ਜੀ! ਗਹਿਣੇ ਪਹਿਨਾ ਕੇ ਬੱਚੇ ਨੂੰ ਪੜ੍ਹਨ ਨਹੀਂ ਭੇਜੀਦਾ; ਐਵੇ ਕੋਈ ਬੰਦਾ ਗਹਿਣਿਆਂ ਦੇ ਲਾਲਚ ਵਿਚ ਬੱਚੇ ਨੂੰ ਮਾਰ ਦੇਵੇ; ਇਹ ਲਓ ਆਪਣੇ ਗਹਿਣਿਆਂ ਦੀ ਪੋਟਲੀ। ਸੇਠ ਘਰ ਆ ਕੇ ਘਰ ਵਾਲੀ ਨੂੰ ਕਹਿਣ ਲੱਗਿਆ ਕਿ ਉਸ ਨੇ ਤਾਂ ਬੱਚੇ ਦੀ ਜਾਨ ਬਚਾਉਣ ਖਾਤਰ ਗਹਿਣੇ ਉਤਾਰ ਕੇ ਰੱਖ ਲਏ ਸਨ ਤੇ ਗਹਿਣਿਆਂ ਦੀ ਪੋਟਲੀ ਸੇਠਾਣੀ ਨੂੰ ਸੰਭਾਲ ਦਿਤੀ। ਇਹ ਗੱਲ ਸੇਠਾਣੀ ਨੇ ਪੜੋਸਣ ਨੂੰ ਜਾ ਦੱਸੀ ਤੇ ਉਸ ਨੇ ਅੱਗੇ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਨਾਮਦੇਵ ਜੀ ਦੀ ਉਸਤਤ ਹੋਣ ਲਗੀ। ਇਹ ਸੁਣਕੇ ਕਿਸੇ ਨੇ ਨਾਮਦੇਵ ਜੀ ਨੂੰ ਪੁਛਿਆ ਕਿ ਕੀ ਗੱਲ ਹੈ, ਕਲ੍ਹ ਤਾਂ ਆਪ ਦੀ ਬਹੁਤ ਨਿੰਦਿਆ ਹੋ ਰਹੀ ਸੀ ਪਰ ਅੱਜ ਬੜੀ ਉਸਤਤਿ ਹੋ ਰਹੀ ਹੈ? ਤਾਂ ਨਾਮਦੇਵ ਜੀ ਉਸ ਸਮੇਂ ਸੁਆਹ ਦੀ ਢੇਰੀ ਪਾਸ ਬੈਠੇ ਸਨ ਤਾਂ ਉਨ੍ਹਾਂ ਨੇ ਇਕ ਮੁੱਠੀ ਸੱਜੇ ਪਾਸੇ ਸੁੱਟੀ ਤੇ ਆਖਿਆ ਕਿ ਇਹ ਉਸਤਤਿ ਕਰਨ ਵਾਲਿਆਂ ਦੇ ਸਿਰ ਵਿਚ ਤੇ ਦੂਸਰੀ ਮੁੱਠੀ ਦੂਜੇ ਪਾਸੇ ਸੁਟਦਿਆਂ ਕਹਿਣ ਲਗੇ ਕਿ ਇਹ ਨਿੰਦਿਆ ਕਰਨ ਵਾਲਿਆਂ ਦੇ ਸਿਰ ਵਿਚ; ਸਾਨੂੰ ਨ ਨਿੰਦਿਆ ਕਰਨ ਵਾਲੇ ਨਾਲ ਦਵੈਸ਼ ਹੈ ਅਤੇ ਨ ਉਸਤਤਿ ਕਰਨ ਵਾਲੇ ਨਾਲ ਰਾਗ ਹੈ। ਸੋ ਲੋਕ ਵਾਸ਼ਨਾ ਤੋਂ ਭੀ ਉਪਰ ਉਠਣਾ ਜਗਿਆਸੂ ਲਈ ਅਵੱਸ਼ਕ ਹੈ।

**੫. ਸ਼ਾਸ਼ਤਰ ਵਾਸ਼ਨਾ** – ਸ਼ਾਸ਼ਤਰਾਂ ਦਾ ਬਹੁਤ ਅਧਿਐਨ ਕਰਨਾ ਅਤੇ ਰਸੀਲੇ ਗਲੇ ਨਾਲ ਕੀਰਤਨ ਕਰਨ ਦੀ ਲਾਲਸਾ ਹੋਣੀ।

ਭਾਰਦਵਾਜ ਨਾਮੀ ਇਕ ਗਾਇਕ ਹੋਏ ਹਨ। ਉਨ੍ਹਾਂ ਨੂੰ ਆਪਣੇ ਰਸੀਲੇ ਗਲੇ ਨਾਲ ਹਰ ਸਮੇਂ ਗਾਉਂਦੇ ਰਹਿਣ ਦੀ ਵਾਸ਼ਨਾ ਰਹਿੰਦੀ ਸੀ। ਤਾਂ ਕਿਸੇ ਮਹਾਂਪੁਰਸ਼ ਨੇ ਇਸ ਵਾਸ਼ਨਾ ਵਿਚੋਂ ਉਨ੍ਹਾਂ ਨੂੰ ਕੱਢਿਆ ਤੇ ਕਿਹਾ ਕਿ ਨਿਰਾ ਪਾਠ ਕਰਨ ਨਾਲ, ਗਾਇਨ ਕਰਨ ਨਾਲ ਗੱਲ ਨਹੀਂ ਬਣਦੀ, ਤੁਹਾਨੂੰ ਤੱਤ ਜਾਨਣਾ ਚਾਹੀਦਾ ਹੈ। ਇਸੇ ਤਰ੍ਹਾਂ ਅਧਿਐਨ ਵਾਸ਼ਨਾ ਹੁੰਦੀ ਹੈ। ਨਾਰਦ ਤੇ ਦਰਵਾਸਾ ਜੀ ਸਨ, ਉਹ ਹਰ ਵਕਤ ਗ੍ਰੰਥ ਪੜ੍ਹਦੇ ਰਹਿੰਦੇ ਸਨ। ਨਾਰਦ ਜੀ ਨੂੰ ਰਿਸ਼ੀ ਨੇ ਕਿਹਾ ਕਿ ਤੁਸੀਂ ਹਰ ਸਮੇਂ ਪੜ੍ਹਦੇ ਹੀ ਰਹਿੰਦੇ ਹੋ, ਇਹ ਤਾਂ ਕੜਛੀ ਵਤ ਹੈ ਜਿਵੇਂ ਕੜਛੀ ਸਾਰਾ ਦਿਨ ਭੋਜਨਾਂ ਵਿਚ ਫਿਰਦੀ ਰਹਿੰਦੀ ਹੈ ਪਰ ਆਪ ਉਨ੍ਹਾਂ ਪਦਾਰਥਾਂ ਦਾ ਸਵਾਦ ਨਹੀਂ ਚਖਦੀ। ਇਸੇ ਤਰ੍ਹਾਂ ਨਾਲ ਕੇਵਲ ਅਧਿਐਨ ਕਰਨ ਵਾਲਾ ਤੱਤ ਤੋਂ ਸੱਖਣਾ ਰਹਿ ਜਾਇਆ ਕਰਦਾ ਹੈ। ਸੋ ਤੁਸੀਂ ਸ਼ਾਸ਼ਤਰਾਂ ਦੇ ਤੱਤ ਨੂੰ ਨਹੀਂ ਜਾਣਿਆ। ਇਸ ਕਰਕੇ ਜੋ ਲੇਖੇ ਵਿਚ ਆਉਣ ਵਾਲੀ ਗੱਲ ਹੈ, ਉਸਨੂੰ ਸਮਝਣ ਦਾ ਯਤਨ ਕਰੋ। ਜਿਵੇਂ ਕਿ ਗੁਰੂ ਮਹਾਰਾਜ ਨੇ ਫੁਰਮਾਇਆ ਹੈ –

***ਪੜੀਐ ਜੇਤੀ ਆਰਜਾ***
***ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ***
***ਝਖਣਾ ਝਾਖ॥ ਅੰਗ – ੪੬੭***

ਉਨ੍ਹਾਂ ਨੂੰ ਸਮਝ ਕੇ ਤੁਸੀਂ ਬ੍ਰਹਮ ਚਿੰਤਨ ਕਰਿਆ ਕਰੋ ਅਤੇ ਤੱਤ ਨੂੰ ਜਾਣੋ। ਦਰਵਾਸਾ ਰਿਸ਼ੀ ਆਪਣੀਆਂ ਪੁਸਤਕਾਂ ਸਿਰ ਉਤੇ ਚੁੱਕ ਕੇ ਰਖਦਾ ਸੀ। ਨਾਰਦ ਜੀ ਨੇ ਕਿਹਾ– 'ਭਾਰਾਵਾਹੀ ਗਰਧਪ ਆਵਤ।' ਕਹਿਣ ਲੱਗੇ, "ਦਰਵਾਸਾ ਜੀ! ਕਿਉਂ ਆਪ ਜੀ ਕਿਤਾਬਾਂ ਚੁਕੀ ਫਿਰਦੇ ਹੋ – ਗਧੇ ਵਾਂਗ? ਇਨ੍ਹਾਂ ਵਿਚੋਂ ਤੱਤ ਨੂੰ ਜਾਣਨ ਦਾ ਜਤਨ ਕਰੋ।"

ਗੁਰੂ ਮਹਾਰਾਜ ਜੀ ਨੇ ਸੰਸਾਰ ਨੂੰ ਸਮਝਾਉਣ ਵਾਲਾ ਉਪਦੇਸ਼ ਕੀਤਾ ਹੈ ਕਿ –

***ਬਹੁ ਸਾਸਤ੍ਰ ਬਹੁ ਸਿਮ੍ਰਿਤੀ***
***ਪੇਖੇ ਸਰਬ ਢਢੋਲਿ॥***
***ਪੂਜਸਿ ਨਾਹੀ ਹਰਿ ਹਰੇ***
***ਨਾਨਕ ਨਾਮ ਅਮੋਲ॥***

***ਅੰਗ – ੨੬੫***

**੬. ਮਲੀਨ ਵਾਸ਼ਨਾ** ਅਥਵਾ ਅਨਸ਼ਠਾਨ ਵਾਸ਼ਨਾ – ਜੰਤਰਾਂ-ਮੰਤਰਾਂ ਦੇ ਚਲੀਹੇ ਕੱਢਣੇ, ਭੂਤ ਪ੍ਰੇਤ ਵੱਸ ਕਰਨੇ ਅਤੇ ਇਨ੍ਹਾਂ ਨਾਲ ਲੋਕਾਂ ਨੂੰ ਆਪਣੇ ਵੱਸ ਵਿਚ ਕਰਨਾ; ਇਹ ਵੀ ਅਨਸ਼ਠਾਨ ਵਾਸ਼ਨਾ ਹੈ। ਇਸੇ ਪ੍ਰਕਾਰ ਪਰਉਪਕਾਰ ਵਾਸਤੇ ਵੀ ਵਾਸ਼ਨਾ ਹੋਇਆ ਕਰਦੀ ਹੈ। ਇਕ

ਤਾਂ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਹਜ ਸੁਭਾਅ ਉਨ੍ਹਾਂ ਦੇ ਚਲਣ ਵਿਚੋਂ ਉਪਜਿਆ ਕਰਦੀ ਹੈ ਕਿਉਂਕਿ ਉਹ ਐਸਾ ਜੀਵਨ ਜਿਉਂਦੇ ਹੁੰਦੇ ਹਨ ਜਿਸ ਬਾਰੇ ਗੁਰ ਫੁਰਮਾਨ ਹੈ -

*ਸਚਹੁ ਓਰੈ ਸਭ ਕੋ*
*ਉਪਰਿ ਸਚੁ ਆਚਾਰੁ॥*

*ਅੰਗ - ੬੨*

ਉਹ ਕਿਸੇ ਫੁਰਨੇ ਵਸ ਪਰਉਪਕਾਰ ਨਹੀਂ ਕਰਦੇ। ਉਨ੍ਹਾਂ ਦਾ ਜੀਵਨ ਆਚਾਰ ਹੀ ਗੁਲਾਬ ਦੇ ਫੁੱਲ ਵਾਂਗ ਕੁਦਰਤੀ ਪਰਉਪਕਾਰੀ ਖ਼ੁਸ਼ਬੂਦਾਰ ਹੁੰਦਾ ਹੈ ਜਿਸ ਵਿਚੋਂ ਸੁਤੇ ਸਿਧ ਹੀ ਪਰਉਪਕਾਰ ਹੁੰਦਾ ਰਹਿੰਦਾ ਹੈ। ਦੂਸਰੇ ਪਾਸੇ ਪਰਉਪਕਾਰ ਦੀ ਵਾਸ਼ਨਾ ਹੁੰਦੀ ਹੈ। ਵਿਆਸ ਜੀ ਨੂੰ ਪਰਉਪਕਾਰ ਵਸ ਫੁਰਨਾ ਹੋਇਆ ਕਿ ਮੈਂ ਧਰਮ ਗ੍ਰੰਥਾਂ ਦੇ ਸਹੀ ਭਾਵ ਨੂੰ ਦੱਸਣ ਵਾਸਤੇ ਸਮੇਂ-ਸਮੇਂ ਸਿਰ ਸੰਸਾਰ ਤੇ ਆਵਾਂ ਤੇ ਉਸ ਫੁਰਨੇ ਦੇ ਫਲਸਰੂਪ ਹੀ ਉਨ੍ਹਾਂ ਨੂੰ ਇਕ ਕਲਪ ਪ੍ਰਜੰਤ ੪, ੩੨, ੦੦, ੦੦, ੦੦੦ (ਚਾਰ ਅਰਬ ੩੨ ਕਰੋੜ ਸਾਲ) ਪਿਛੋਂ ਬਦੇਹ ਮੁਕਤਿ ਪ੍ਰਾਪਤ ਹੋਵੇਗੀ ਅਤੇ ਉਸ ਵਾਸ਼ਨਾ ਦੇ ਬੰਨ੍ਹੇ ਹੋਏ ਪਰਉਪਕਾਰ ਵਾਸਤੇ ਸੰਸਾਰ ਤੇ ਆਉਂਦੇ ਹੀ ਰਹਿਣਗੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਨੇ ਨਵਾਬ ਦੌਲਤ ਖਾਨ ਨੂੰ ਸਮਝਾਇਆ ਕਿ ਨਵਾਬ ਜੀ! ਜਿਸ ਤਰ੍ਹਾਂ ਅੜੀਅਲ ਘੋੜਾ ਕੜਿਆਲ ਨਾਲ ਵੱਸ ਵਿਚ ਆਉਂਦਾ ਹੈ, ਇਸੇ ਤਰ੍ਹਾਂ ਮਨ ਨੂੰ ਵੱਸ ਵਿਚ ਕਰਨ ਲਈ ਪੂਰਨ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਕਰਨੀ ਅਤੀ ਜ਼ਰੂਰੀ ਹੈ। ਫੇਰ ਉਸ ਸ਼ਬਦ ਦੀ ਕਮਾਈ ਦੁਆਰਾ ਵੱਸ ਵਿਚ ਆਇਆ ਮਨ, ਮੁੜ ਸ਼ਬਦ ਦੇ ਰਸ ਨੂੰ ਨਹੀਂ ਛੱਡ ਸਕਿਆ ਕਰਦਾ। ਇਸ ਦਾ ਫਲ ਕਿੰਨਾਂ ਹੈ ਕਿ ਜੇ ਮਨ ਵੱਸ ਵਿਚ ਆ ਜਾਵੇ ਤੇ ਇਕ ਚਿੱਤ ਹੋ ਕੇ ਸਾਵਧਾਨਤਾ ਨਾਲ ਉਸ ਪ੍ਰਭੂ ਦੀ ਉਸਤਤਿ ਕਰੀਏ, ਨਾਮ ਜਪੀਏ ਤਾਂ ਸਾਡੀ ਸੁਰਤਿ, ਬੁੱਧੀ ਮੰਡਲ ਤੋਂ ਉਪਰਲੀਆਂ ਮੰਡਲਾਂ ਵਿਚ ਦਰਜਾ-ਬ-ਦਰਦਾ ਪ੍ਰਵੇਸ਼ ਕਰਦੀ ਹੋਈ, ਅੰਤ ਨੂੰ ਆਪਣੇ ਨਿੱਜ ਘਰ ਵਿਚ ਪਹੁੰਚ ਜਾਂਦੀ ਹੈ ਅਤੇ ਸਦਾ ਦਾ ਸੁਖ ਪ੍ਰਾਪਤ ਹੋ ਜਾਇਆ ਕਰਦਾ ਹੈ।

ਸੋ ਇਹ ਜੋ ਨਿਰਮਲ ਬੂੰਦ, ਜਿਸ ਬਾਰੇ ਇਉਂ ਫੁਰਮਾਨ ਹੈ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ॥*
*ਅਨਿਕ ਸਿਆਨੇ ਪਚਿ ਗਏ ਨਾ*
*ਨਿਰਵਾਰੀ ਜਾਇ॥*

*ਅੰਗ - ੧੩੭੫*

*ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ*
*ਗਈ ਭੂਮਿ ਬਿਕਾਰ॥*
*ਬਿਨੁ ਸੰਗਤਿ ਇਉ ਮਾਂਨਈ*
*ਹੋਇ ਗਈ ਭਠ ਛਾਰ॥*

*ਅੰਗ - ੧੩੭੪-੭੫*

ਉਹ ਨਿਰਮਲ ਜੋਤਿ, ਮਾਇਆ ਦੀ ਮੈਲ ਵਿਚੋਂ ਨਿਕਲ ਕੇ ਸ਼ਬਦ ਦੇ ਬਲ ਨਾਲ ਆਪਣੇ ਨਿਜ ਘਰ ਵਿਚ ਪ੍ਰਵੇਸ਼ ਕਰਕੇ ਪਰਮੇਸ਼ਰ ਦੇ ਨਾਲ ਮਿਲ ਕੇ ਇਕ ਰੂਪ ਹੋ ਜਾਇਆ ਕਰਦੀ ਹੈ। ਇਸੇ ਵਾਸਤੇ ਇਕਾਗਰਤਾ ਨਾਲ ਭਜਨ ਕੀਤਾ ਹੋਇਆ ਫਲੀਭੂਤ ਹੁੰਦਾ ਹੈ। ਜਗਿਆਸੂ ਵਿਚ ਦ੍ਰਿੜ੍ਹ ਨਿਸਚਾ ਅਤੇ ਦ੍ਰਿੜ੍ਹ ਲਗਨ ਹੋਣੀ ਚਾਹੀਦੀ ਹੈ, ਫਿਰ ਪੂਰੇ ਗੁਰੂ ਦੇ ਸ਼ਬਦ ਦਾ ਸਹਾਰਾ ਲੈ ਕੇ ਵਿਧੀ ਪੂਰਵਕ ਅੰਦਰਲਾ ਸਫਰ ਤਹਿ ਕਰੇ, ਫਿਰ ਨਿਜ ਘਰ ਵਿਚ ਵਾਸਾ ਹੋ ਜਾਇਆ ਕਰਦਾ ਹੈ।

# ਸਾਧਨਾ ਦਾ ਅਨੁਭਵ

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਦੂਰ ਦੇਸ਼ ਦੀ ਸੰਗਤ ਆਈ। ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਆਪ ਜੀ ਦੇ ਹੁਕਮ ਦੇ ਮੁਤਾਬਿਕ ਅਸੀਂ ਬਾਣੀ ਵੀ ਪੜ੍ਹਦੇ ਹਾਂ, ਨਾਮ ਭੀ ਜਪਦੇ ਹਾਂ, ਪਰ ਰਸ ਨਹੀਂ ਆਉਂਦਾ, ਅੰਦਰ ਪਿਆਰ ਨਹੀਂ ਜਾਗਦਾ ਅਤੇ ਚਿਤ ਉਚਾਟ-ਪੁਣੇ ਵਿਚ ਚਲਿਆ ਜਾਂਦਾ ਹੈ, ਜਦੋਂ ਕਿ ਸੁਣਦੇ ਹਾਂ ਕਿ ਨਾਮ ਵਿਚ, ਬਾਣੀ ਵਿਚ ਖੁਮਾਰੀ ਹੁੰਦੀ ਹੈ। ਸੰਸਾਰ ਦੇ ਨਸ਼ੇ ਥੋੜ੍ਹਾ ਚਿਰ ਚੜ੍ਹਨ ਤੋਂ ਪਿਛੋਂ ਉਤਰ ਜਾਇਆ ਕਰਦੇ ਹਨ ਪਰ ਨਾਮ ਦਾ ਨਸ਼ਾ ਜੇ ਚੜ੍ਹ ਜਾਵੇ ਤਾਂ ਉਤਰਿਆ ਨੀਂ ਕਰਦਾ। ਕਾਰਨ ਕੀ ਹੈ ?

***ਪੋਸਤ ਮਦੁ ਅਫੀਮ ਭੰਗ***
***ਉਤਰ ਜਾਏ ਪਰਭਾਤਿ॥***
***ਨਾਮ ਖੁਮਾਰੀ***
***ਨਾਨਕਾ ਚੜ੍ਹੀ ਰਹੇ ਦਿਨ ਰਾਤ॥***
***(ਜਨਮਸਾਖੀ)***

ਬੇਨਤੀ ਸੁਣ ਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਨਾਮ ਤੇ ਬਾਣੀ ਵਿਚ ਸਚਮੁਚ ਹੀ ਖੁਮਾਰੀ ਹੋਇਆ ਕਰਦੀ ਹੈ। ਜੋ ਵੀ ਪੜ੍ਹੇ, ਉਸਨੂੰ ਰਸ ਆਉਂਦਾ ਹੈ। ਇਉਂ ਲਗਦਾ ਹੈ ਕਿ ਤੁਸੀਂ ਬਾਣੀ ਪੜ੍ਹਦੇ ਨਹੀਂ ਹੋ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਰਸ ਨਾ ਆਵੇ। ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਦਾ ਫੁਰਮਾਨ ਤਾਂ ਪੰਜ ਬਾਣੀਆਂ ਦਾ ਨਿਤਨੇਮ ਕਰਨ ਦਾ ਹੈ ਪਰ ਸਾਡੇ ਵਿਚੋਂ ਬਹੁਤ ਵੀਹ-ਵੀਹ ਬਾਣੀਆਂ ਪੜ੍ਹਦੇ ਹਨ। ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ, ਨਿਤਨੇਮ ਤੋਂ ਵਾਧੂ ਕਰਦੇ ਰਹਿੰਦੇ ਹਾਂ। ਮਹਾਰਾਜ ਜੀ ਨੇ ਫਿਰ ਕਿਹਾ ਕਿ ਨਹੀਂ ਭਾਈ ਤੁਸੀਂ ਬਾਣੀ ਨਿਯਮ ਪੂਰਵਕ ਨਹੀਂ ਪੜ੍ਹਦੇ। ਸੰਗਤ ਸੁਣ ਕੇ ਚੁੱਪ ਹੋ ਗਈ।

ਗੁਰੂ ਮਹਾਰਾਜ ਨੇ ਇਕ ਦ੍ਰਿਸ਼ਟਾਂਤ ਦੇ ਨਾਲ ਸਮਝਾਉਣ ਵਾਸਤੇ ਹੁਕਮ ਦਿਤਾ ਤੇ ਸੁਖ ਨਿਧਾਨ ਦੀ ਇਕ ਬਾਲਟੀ ਅਤੇ ਸਰਬ ਲੋਹ ਦੇ ਬਾਟੇ ਮੰਗਵਾ ਲਏ। ਸੰਗਤਾਂ ਦੀਆਂ ਦੋ ਪੰਗਤਾਂ ਬਣਾ ਲਈਆਂ। ਇਕਨਾਂ ਦੇ ਬਾਟਿਆਂ ਵਿਚ ਦੋ-ਦੋ ਘੁੱਟਾਂ ਪਾਈਆਂ, ਦੂਜਿਆਂ ਦੇ ਬਾਟਿਆਂ ਨੂੰ ਭਰ ਦਿਤਾ। ਭਰੇ ਹੋਏ ਬਾਟਿਆਂ ਵਾਲਿਆਂ ਨੂੰ ਕਿਹਾ ਕਿ ਉਥੇ ਦੂਰ ਜਾ ਕੇ ਸੁਖ ਨਿਧਾਨ ਦੀਆਂ ਕੁਰਲੀਆਂ ਕਰੋ। ਖਿਆਲ ਇਹ ਰੱਖਣਾ ਹੈ ਕਿ ਇਕ ਬੂੰਦ ਵੀ ਗਲ ਵਿਚ ਨਾ ਜਾਵੇ। ਦੂਜਿਆਂ ਦੇ ਬਾਟਿਆਂ ਵਿਚ ਦੋ-ਦੋ ਘੁਟਾਂ ਪੁਆ ਦਿਤੀਆਂ ਅਤੇ ਕਿਹਾ ਕਿ ਇਸਨੂੰ ਪੀ ਲਵੋ। ਜਦੋਂ ਸਾਰੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਇਕੱਠੇ ਹੋਏ ਤਾਂ ਭਰੇ ਹੋਏ ਬਾਟਿਆਂ ਵਾਲਿਆਂ ਨੂੰ ਪੁਛਿਆ, "ਕੀ ਸਰੂਰ ਆਇਆ ?" ਉਨ੍ਹਾਂ ਨੇ ਕਿਹਾ, "ਮਹਾਰਾਜ! ਸਰੂਰ ਕਿਵੇਂ ਆਉਂਦਾ, ਅਸੀਂ ਤਾਂ ਇਕ ਬੂੰਦ ਵੀ ਅੰਦਰ ਨਹੀਂ ਜਾਣ ਦਿਤੀ, ਆਪ ਦੇ ਹੁਕਮ ਅਨੁਸਾਰ ਕੁਰਲੀਆਂ ਕੀਤੀਆਂ। ਇਸ ਕਰਕੇ ਕੋਈ ਅਸਰ ਨਹੀਂ ਹੋਇਆ।" ਦੂਜੀ ਪੰਗਤ ਵਾਲਿਆਂ ਨੂੰ ਪੁਛਿਆ ਤਾਂ ਉਨ੍ਹਾਂ ਕਿਹਾ, "ਮਹਾਰਾਜ! ਨਸ਼ੇ ਦਾ ਥੋੜ੍ਹਾ ਅਸਰ ਹੋ ਚੁੱਕਿਆ ਹੈ।" ਤਾਂ ਮਹਾਰਾਜ ਜੀ ਨੇ ਸਮਝਾਇਆ ਕਿ ਭਾਈ! ਜਿਨ੍ਹਾਂ ਨੇ ਸੁਖਨਿਧਾਨ ਪੀਤਾ ਹੈ, ਉਨ੍ਹਾਂ ਨੂੰ ਕੁਛ ਅਸਰ ਹੋਇਆ ਹੈ; ਜਿਨ੍ਹਾਂ ਨੇ ਨਹੀਂ ਪੀਤਾ, ਕੇਵਲ ਕੁਰਲੀਆਂ ਹੀ ਕੀਤੀਆਂ ਹਨ, ਭਾਵੇਂ ਉਨ੍ਹਾਂ ਦੇ ਬਾਟੇ ਭਰੇ ਹੋਏ ਸਨ ਪਰ ਤਾਂ ਵੀ ਕੋਈ ਅਸਰ ਨਹੀਂ ਹੋਇਆ। ਇਸੇ ਤਰ੍ਹਾਂ ਬਾਣੀ ਪੜ੍ਹਨ, ਨਾਮ ਜਪਣ ਵਿਚ ਭੇਦ ਹੈ।

ਉਸ ਵੇਲੇ ਮਹਾਰਾਜ ਜੀ ਨੂੰ ਪੁਛਿਆ ਕਿ ਬਾਣੀ ਕਿਸ ਤਰ੍ਹਾਂ ਪੜ੍ਹਨੀ ਚਾਹੀਦੀ ਹੈ ਅਤੇ ਨਾਮ ਕਿਸ ਤਰ੍ਹਾਂ ਜਪਣਾ ਚਾਹੀਦਾ ਹੈ ? ਤੇ ਉਤਰ ਵਿਚ ਮਹਾਰਾਜ ਜੀ ਨੇ ਫੁਰਮਾਇਆ ਕਿ ਬਾਣੀ ਪੜ੍ਹਨ ਦੇ ਚਾਰ ਭੇਦ ਹਨ। ਪਹਿਲਾਂ ਯਾਦ ਕੀਤੀ ਹੋਈ ਬਾਣੀ ਜਾਂ ਕਿਸੇ ਗੁਟਕੇ ਰਾਹੀਂ ਦੇਖ ਕੇ ਪੜ੍ਹੀ ਜਾਂਦੀ ਹੈ। ਇਸ ਵਿਚ ਮਨ ਨਹੀਂ ਟਿਕਿਆ ਕਰਦਾ, ਇਹ ਇਕ ਬੱਧਾ-ਰੁੱਧੀ ਪੜ੍ਹਨ ਦੇ ਬਰਾਬਰ ਹੈ। ਦੂਜੀ ਅਵਸਥਾ ਵਿਚ ਨਵੇਂ ਸਾਧਕ ਲਈ ਦੱਸਿਆ ਜਾਂਦਾ ਹੈ ਕਿ ਅੱਖਰਾਂ ਨਾਲ ਲੱਗੀਆਂ ਹੋਈਆਂ ਲਗਾਂ ਮਾਤਰਾਂ ਵਲ ਧਿਆਨ ਦੇ ਕੇ ਬਾਣੀ ਪੜ੍ਹੇ, ਉਸ ਨਾਲ ਮਨ ਕੁਛ ਕੁ ਰੁਕ ਜਾਂਦਾ ਹੈ। ਤੀਸਰਾ

ਤਰੀਕਾ ਬਾਣੀ ਦੇ ਅਰਥ ਭਾਵ ਸਮਝ ਕੇ ਪੜ੍ਹਨ ਦਾ ਹੋਇਆ ਕਰਦਾ ਹੈ। ਇਸ ਵਿਚ ਮਨ ਥੋੜ੍ਹਾ ਹੋਰ ਟਿਕਦਾ ਹੈ। ਚੌਥੇ ਦਰਜੇ ਤੇ ਬਾਣੀ ਭਾਵਲੀਨ ਹੋ ਕੇ ਪੜ੍ਹੀ ਜਾਂਦੀ ਹੈ, ਜਿਸ ਵਿਚ ਹਿਰਦਾ ਬਾਣੀ ਦੇ ਭਾਵ ਨਾਲ ਲੀਨ ਹੋਇਆ ਹੋਰ ਸਭ ਗੱਲਾਂ ਭੁੱਲ ਕੇ ਸਿਧਾਂਤ ਨੂੰ ਮਨ ਵਿਚ ਵਸਾਉਂਦਾ ਹੈ ਅਤੇ ਬਾਣੀ ਨੂੰ ਮੰਨਦਾ ਹੈ। ਮੰਨਨ ਕਰਨ ਪਿਛੋਂ ਬਾਣੀ ਦੇ ਦਿਤੇ ਉਪਦੇਸ਼ਾਂ ਦੇ ਮੁਤਾਬਿਕ ਆਪਣਾ ਜੀਵਨ ਚਲਾਉਂਦਾ ਹੈ।

ਜੇ ਬਾਣੀ ਦਾ ਪਾਠ ਰੋਜ਼-ਰੋਜ਼ ਬਿਰਤੀ ਜੋੜ ਕੇ ਕੀਤਾ ਜਾਏ ਤਾਂ ਬਾਣੀ ਵਿਚ ਆਏ ਸਿਧਾਂਤ ਅਸਾਡੇ ਅੰਦਰ ਡੂੰਘੇ ਚਲੇ ਜਾਂਦੇ ਹਨ ਅਤੇ ਸਾਡੇ ਜੀਵਨ ਉਤੇ ਅਸਰ ਪਾਉਣ ਲਗ ਜਾਂਦੇ ਹਨ। ਇਸ ਤਰ੍ਹਾਂ ਅਸਾਡਾ ਮੇਲ, ਅੰਦਰ ਵਸਦੇ ਨਿਰੰਕਾਰ ਜੀ ਨਾਲ ਗਾੜ੍ਹਾ ਹੋਣ ਲਗ ਜਾਂਦਾ ਹੈ। ਅਸੀਂ ਬਾਣੀ ਕੀਰਤਨ ਰਾਹੀਂ ਵੀ ਸੁਣਦੇ ਹਾਂ। ਜਦੋਂ ਅਸੀਂ ਪੂਰੀ ਸਾਵਧਾਨਤਾ ਦੇ ਨਾਲ ਕੀਰਤਨ ਵਿਚ ਗਾਈ ਜਾ ਰਹੀ ਬਾਣੀ ਦੇ ਨਾਲ-ਨਾਲ ਆਪਣੇ ਮਨ ਨੂੰ ਜੋੜੀ ਰੱਖਾਂਗੇ ਤਾਂ ਸਾਡਾ ਚਿਤ ਇਸ ਕੀਰਤਨ ਵਿਚੋਂ ਰਸ ਮਾਨਣ ਲਗ ਜਾਏਗਾ। ਜੇ ਬਾਣੀ ਵਿਚ ਪਛਤਾਵੇ ਦੇ ਮਨੋ-ਭਾਵ ਵਾਲੀਆਂ ਤੁਕਾਂ ਪੜ੍ਹੀਆਂ ਜਾ ਰਹੀਆਂ ਹਨ ਤਾਂ ਸਾਡੇ ਮਨ ਦੀ ਅਵਸਥਾ ਵੀ ਆਪਣੇ ਔਗੁਣਾਂ ਨੂੰ ਵੇਖ ਪਛਤਾਵੇ ਵਿਚ ਬੇ-ਵਸ ਹੋਈ-ਹੋਈ ਔਗੁਣ ਬਖਸ਼ਾਉਣ ਲਈ ਅੰਦਰੋ-ਅੰਦਰ ਬੇਨਤੀਆਂ ਕਰੇਗੀ ਅਤੇ ਮਨ ਵਿਚ ਇਹ ਅਵਸਥਾ ਛਾ ਜਾਏਗੀ, ਹਿਰਦਾ ਨਿਰੰਕਾਰ ਨਾਲ ਜੁੜਨ ਦੀ ਕੋਸ਼ਿਸ਼ ਕਰੇਗਾ।

ਕਈ ਵਾਰੀ ਐਸਾ ਹੁੰਦਾ ਹੈ ਕਿ ਅਸਾਡੀ ਜੀਵਨ ਨਈਆ ਉਪਾਧੀਆਂ ਦੇ ਕਾਰਨ ਡੋਲਣ ਲਗ ਜਾਂਦੀ ਹੈ ਜਿਵੇਂ ਕਿ ਸਰੀਰ ਰੋਗੀ ਹੋ ਗਿਆ, ਬਿਜ਼ਨਸ ਵਿਚ ਘਾਟਾ ਪੈ ਗਿਆ, ਕੋਈ ਬੰਦਾ ਅ-ਕਾਰਨ ਵੈਰ ਕਰਨ ਲਗ ਗਿਆ, ਕਿਸੇ ਸਬੰਧੀ ਦਾ ਵਿਛੋੜਾ ਹੋ ਗਿਆ ਜਾਂ ਕਿਸੇ ਕਾਰਨ ਕਰਕੇ ਅਸੀਂ ਪਰੇਸ਼ਾਨੀਆਂ ਵਿਚ ਫਸ ਗਏ ਤਾਂ ਅਸੀਂ ਵਾਹਿਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕਰਨ ਵਾਸਤੇ ਅਜਿਹੀ ਬਾਣੀ ਚੁਣਦੇ ਹਾਂ ਜਿਸ ਵਿਚ ਸੰਕਟ ਦੂਰ ਹੋ ਜਾਣ ਦੇ ਭਾਵ ਹੋਣ। ਉਸ ਸਮੇਂ ਸਾਡਾ ਮਨ, ਹੰਝੂ ਭਰੇ ਨੇਤਰਾਂ ਨਾਲ ਵਾਹਿਗੁਰੂ ਜੀ ਨਾਲ ਜੁੜਨ ਦਾ ਜਤਨ ਕਰਦਾ ਹੈ ਅਤੇ ਅਸੀਂ ਆਸ ਰਖਦੇ ਹਾਂ ਕਿ ਉਹ ਸਾਡੀ ਸਮੱਸਿਆ ਦਾ ਜ਼ਰੂਰ ਹੱਲ ਕਰੇਗਾ। ਅਜਿਹੇ ਸਮੇਂ ਸਾਡੇ ਮਨ ਵਿਚ ਕੋਈ ਫੁਰਨੇ ਨਹੀਂ ਹੋਣਗੇ ਅਤੇ ਅਸੀਂ ਮਨੋ-ਭਾਵਾਂ ਵਿਚ ਡੁੱਬੇ ਹੋਏ ਹੋਵਾਂਗੇ, ਦੁਨੀਆਂ ਤੋਂ ਟੁੱਟ ਕੇ ਵਾਹਿਗੁਰੂ ਜੀ ਦੀ ਹਜ਼ੂਰੀ ਮਹਿਸੂਸ ਕਰਦੇ ਹੋਵਾਂਗੇ। ਦਰਅਸਲ ਸਾਰਾ ਕੰਮ ਅਸਾਡੇ ਮਨ ਨਾਲ ਸਬੰਧ ਰਖਦਾ ਹੈ। ਜੇ ਮਨ ਮੰਨ ਜਾਵੇ ਤਾਂ ਅਸੀਂ ਵਾਹਿਗੁਰੂ ਜੀ ਨਾਲ ਬਹੁਤ ਸਹਿਜੇ ਹੀ ਜੁੜ ਜਾਇਆ ਕਰਦੇ ਹਾਂ।

ਇਤਿਹਾਸ ਵਿਚ ਬਾਬਾ ਬੁੱਢਾ ਜੀ ਬਾਰੇ ਜ਼ਿਕਰ ਆਉਂਦਾ ਹੈ ਕਿ ਉਹ ਬਹੁਤ ਛੋਟੀ ਉਮਰ ਦੇ ਸਨ। ਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਨ ਬਹੁਤ ਟਿਕੇ ਹੋਏ ਮਨ ਨਾਲ ਸਰਵਣ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੇ ਮਨੋ-ਭਾਵ ਵੈਰਾਗ ਵਾਲੇ ਪ੍ਰਤੀਤ ਦਿੰਦੇ ਸਨ।

ਗੁਰੂ ਨਾਨਕ ਪਾਤਸ਼ਾਹ ਨੇ ਇਕ ਦਿਨ ਪੁੱਛਿਆ ਕਿ ਬੇਟਾ! ਤੇਰੀ ਉਮਰ ਤਾਂ ਬਹੁਤ ਛੋਟੀ ਹੈ; ਕੀ ਕਾਰਨ ਹੈ ਤੂੰ ਐਨਾ ਸਾਵਧਾਨ ਹੋ ਕੇ ਬਾਣੀ ਸਰਵਣ ਕਰਦਾ ਹੈਂ? ਤਾਂ ਉਸਨੇ ਜਵਾਬ ਦਿਤਾ ਕਿ ਮਹਾਰਾਜ ਜੀ ਮੈਨੂੰ ਜੀਵਨ ਦਾ ਕੋਈ ਭਰੋਸਾ ਨਹੀਂ ਕਿਉਂਕਿ ਆਪ ਫੁਰਮਾਨ ਕਰਦੇ ਹੋ ਕਿ -

***ਹਮ ਆਦਮੀ ਹਾਂ ਇਕ ਦਮੀ***
***ਮੁਹਲਤਿ ਮੁਹਤੁ ਨ ਜਾਣਾ॥***

***ਅੰਗ - ੬੬੦***

ਇਹ ਵੀ ਕੋਈ ਪਤਾ ਨਹੀਂ ਕਿ ਕਿਸ ਵੇਲੇ ਕਾਲ ਰੂਪੀ ਬਿੱਲਾ ਝਪਟਾ ਮਾਰ ਕੇ ਜੀਵਨ ਸਮਾਪਤ ਕਰ ਦੇਵੇ। ਗੁਰੂ ਮਹਾਰਾਜ ਜੀ ਨੇ ਪੁੱਛਿਆ ਕਿ ਇਹ ਖਿਆਲ ਤੇਰੇ ਅੰਦਰ ਕਿਵੇਂ ਪੈਦਾ ਹੋਇਆ ਤਾਂ ਉਸਨੇ ਉਤਰ ਵਿਚ ਦੱਸਿਆ ਕਿ ਇਕ ਦਿਨ ਮੇਰੀ ਮਾਂ ਨੇ ਕਿਹਾ ਕਿ ਬੇਟਾ! ਮੈਂ ਆਟਾ ਗੁੰਨ੍ਹਦੀ ਹਾਂ; ਤੈਂ ਛੇਤੀਂ ਜਾਣਾ ਹੈ, ਮੇਰੀ ਮਦਦ ਕਰ, ਚੁਲ੍ਹੇ ਵਿਚ ਅੱਗ ਜਲਾ ਦੇ। ਮੈਂ ਮੋਟੀਆਂ ਲੱਕੜਾਂ ਲੈ ਕੇ ਬਹੁਤ ਫੂਕਾਂ ਮਾਰੀਆਂ ਪਰ ਵਿਚ ਰੱਖੀ ਹੋਈ ਅੱਗ ਨੇ ਉਨ੍ਹਾਂ ਲੱਕੜਾਂ ਨੂੰ ਨਹੀਂ ਜਾਲਿਆ। ਮਾਂ ਨੇ ਕਿਹਾ ਕਿ ਬੇਟਾ, ਐਉਂ ਅੱਗ ਨਹੀਂ ਜਾਲੀਦੀ। ਪਹਿਲਾਂ ਛੋਟੇ-ਛੋਟੇ ਸੱਕ, ਛੋਟੀਆਂ-ਛੋਟੀਆਂ

ਲੱਕੜੀਆਂ ਚੁਲ੍ਹੇ ਵਿਚ ਰੱਖ ਤੇ ਫੇਰ ਅੱਗ ਰੱਖ ਕੇ ਫੂਕ ਮਾਰ, ਅੱਗ ਜਲ ਪਵੇਗੀ। ਫੇਰ ਤੂੰ ਹੌਲੀ-ਹੌਲੀ ਮੋਟੀਆਂ ਲੱਕੜਾਂ ਸੰਭਾਲ ਕੇ ਉਤੇ ਰੱਖ ਦੇਵੀਂ। ਮਹਾਰਾਜ ਜੀ, ਮੈਂ ਦੇਖਦਾ ਰਿਹਾ, ਛੋਟੀਆਂ ਲੱਕੜਾਂ ਨੂੰ ਵੱਡੀਆਂ ਨਾਲੋਂ ਪਹਿਲਾਂ ਅੱਗ ਲਗਦੀ ਗਈ। ਮੈਨੂੰ ਖਿਆਲ ਆਇਆ ਕਿ ਮੌਤ ਰੂਪੀ ਅੱਗ ਸ਼ਾਇਦ ਮੈਨੂੰ ਛੋਟੇ ਨੂੰ ਪਹਿਲੋਂ ਲੱਗੇ, ਇਹ ਖਿਆਲ ਮੇਰੇ ਅੰਦਰ ਦ੍ਰਿੜ੍ਹ ਹੋ ਗਿਆ।

ਮਹਾਰਾਜ ਜੀ! ਸਾਡੇ ਪਿੰਡ ਉਤੇ ਹਮਲਾ ਹੋ ਗਿਆ। ਉਨ੍ਹਾਂ ਨੇ ਕਿਸੇ ਬੱਚੇ-ਬੁੱਢੇ ਦਾ ਲਿਹਾਜ਼ ਨਾ ਕੀਤਾ। ਜੋ ਸਾਹਮਣੇ ਆਇਆ ਉਸਨੂੰ ਮਾਰ ਦਿਤਾ ਜਾਂ ਜ਼ਖਮੀ ਕਰ ਦਿਤਾ। ਉਸ ਵੇਲੇ ਤੋਂ ਮੇਰੇ ਮਨ ਵਿਚ ਵੈਰਾਗ ਪੈਦਾ ਹੋ ਗਿਆ ਅਤੇ ਮੈਨੂੰ ਜਮਾਂ ਦੀ ਮਾਰ ਤੋਂ ਬਹੁਤ ਡਰ ਲੱਗਣ ਲੱਗ ਗਿਆ ਅਤੇ ਮੈਂ ਅਗਲੀ ਦੁਨੀਆਂ ਲਈ ਸਦਾ ਹੀ ਸੋਚ ਵਿਚ ਰਹਿੰਦਾ ਹਾਂ। ਆਪ ਕ੍ਰਿਪਾ ਕਰਕੇ ਮੈਨੂੰ ਉਪਦੇਸ਼ ਦੇਵੋ। ਗੁਰੂ ਮਹਾਰਾਜ ਜੀ ਨੇ ਉਪਦੇਸ਼ ਦਿਤਾ ਅਤੇ ਕਿਹਾ ਕਿ ਬੇਟਾ! ਤੇਰੀ ਸੋਚ ਬੱਚਿਆਂ ਵਾਲੀ ਨਹੀਂ ਹੈ, ਬੁੱਢਿਆਂ ਵਾਲੀ ਹੈ। ਜਮਾਂ ਦੀ ਮਾਰ ਤੋਂ ਉਪਜੀ ਸੋਚ ਨੇ ਬਾਬਾ ਬੁੱਢਾ ਜੀ ਦੇ ਜੀਵਨ ਉਤੇ ਕਿੰਨਾ ਅਸਰ ਪਾਇਆ ਅਤੇ ਕਿੱਡੀ ਵੱਡੀ ਪਦਵੀ ਪ੍ਰਾਪਤ ਕੀਤੀ। ਸੋ ਮਨ ਵਿਚ ਵੈਰਾਗ ਹੋਣਾ ਜ਼ਰੂਰੀ ਹੈ।

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ***
***ਕਬੀਰਾ ਮਨ ਸਾ ਮਿਲਿਆ ਨ ਕੋਇ॥***
***ਅੰਗ - ੩੪੨***

ਇਹ ਸਾਰਾ ਸੰਸਾਰ ਮਨ ਕਰਕੇ ਹੀ ਭਾਸ ਰਿਹਾ ਹੈ। ਇਹੋ ਮਨ ਜਦੋਂ ਫੁਰਨੇ ਬੰਦ ਕਰ ਦਿੰਦਾ ਹੈ ਅਤੇ ਨਾਮ ਦੇ ਬਲ ਨਾਲ ਗਹਿਰਾ ਜਾ ਕੇ ਸਤਿ ਨੂੰ ਅਨੁਭਵ ਵਿਚ ਲਿਆਉਂਦਾ ਹੈ ਤਾਂ ਇਹੋ ਸੰਸਾਰ ਗੋਬਿੰਦ ਰੂਪ ਹੋ ਕੇ ਦਿਸਦਾ ਹੈ।

ਮਨ ਵਿਚ ਦੋ ਤਰ੍ਹਾਂ ਦੇ ਫੁਰਨੇ ਉਠਦੇ ਹਨ - ਇਕ ਮਾੜੇ ਫੁਰਨੇ ਹਨ, ਇਕ ਸ਼ੁਭ ਫੁਰਨੇ ਹਨ। ਇਹ ਫੁਰਨੇ ਨਾ ਹੀ ਬਾਣੀ ਦਾ ਅਤੇ ਨਾ ਹੀ ਨਾਮ ਦੀਆਂ ਅਨੁਭਵੀ ਮੰਜ਼ਲਾਂ ਦਾ ਰਸ ਲੈਣ ਦਿੰਦੇ ਹਨ। ਮਨ ਧਾਂਵਦਾ ਹੈ, ਉਡਾਰੀਆਂ ਮਾਰਦਾ ਹੈ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - ੬੬***

ਉਡਾਰੀਆਂ ਦੇ ਵਿਚ ਮਨ ਬਹੁਤ ਦੁਖੀ ਹੋ ਜਾਂਦਾ ਹੈ ਤੇ ਇਹ ਸੰਸਾਰ ਦੁਖਾਂ ਭਰਿਆ ਪ੍ਰਤੀਤ ਦੇਣ ਲਗ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਚੰਚਲ ਮਨੁ ਦਹਦਿਸਿ ਕਉ***
***ਧਾਵਤ ਅਚਲ ਜਾਹਿ ਠਹਰਾਨੋ॥***
***ਕਹੁ ਨਾਨਕ ਇਹ ਬਿਧਿ***
***ਕੋ ਜੋ ਨਰੁ ਮੁਕਤਿ***
***ਤਾਹਿ ਤੁਮ ਮਾਨੋ॥ ਅੰਗ - ੬੮੫***

ਆਪ ਜੀ ਦਾ ਫੁਰਮਾਨ ਹੈ ਕਿ ਇਸ ਦਸਾਂ ਦਿਸ਼ਾਂ ਵਿਚ ਧਾ ਰਹੇ ਮਨ ਨੂੰ ਕੋਈ ਵਿਰਲਾ ਗੁਰਮੁਖ ਅਚੱਲ ਅਵਸਥਾ ਵਿਚ ਠਹਿਰਾ ਲੈਂਦਾ ਹੈ। ਜਿਸਦਾ ਮਨ ਟਿਕ ਗਿਆ, ਅਫੁਰ ਹੋ ਗਿਆ, ਉਹ ਮੁਕਤ ਆਤਮਾ ਹੋਇਆ ਕਰਦੀ ਹੈ। ਜੇ ਮਨ ਧਾਂਵਦਾ ਹੀ ਧਾਂਵਦਾ ਹੈ ਤਾਂ ਇਸਦੇ ਕੀਤੇ ਹੋਏ ਸ਼ੁਭ ਕਰਮ ਕਿਸੇ ਲੇਖੇ ਵਿਚ ਨਹੀਂ ਲੱਗਿਆ ਕਰਦੇ ਜਿਵੇਂ ਕਿ ਫੁਰਮਾਨ ਹੈ -

***ਤੀਰਥ ਕਰੈ ਬਰਤ ਫੁਨਿ ਰਾਖੈ ਨਹ***
***ਮਨੂਆ ਬਸਿ ਜਾ ਕੋ॥***
***ਨਿਹਫਲ ਧਰਮੁ ਤਾਹਿ***
***ਤੁਮ ਮਾਨਹੁ ਸਾਚੁ ਕਹਤ***
***ਮੈ ਯਾ ਕਉ॥ ਅੰਗ - ੮੩੧***

ਉਸਦਾ ਮਨ ਅਭਿੱਜ ਰਹਿੰਦਾ ਹੈ। ਬਾਣੀ ਪੜ੍ਹਨੀ, ਕੀਰਤਨ ਸੁਣਨਾ, ਨਾਮ ਜਪਣਾ ਅਸਰ ਨਹੀਂ ਕਰਿਆ ਕਰਦਾ ਕਿਉਂਕਿ ਅੰਦਰੋਂ ਵੈਰਾਗ ਤੋਂ ਹੀਣਾ ਮਨ ਭਜਨ ਕਰਨ ਵੇਲੇ, ਬਾਣੀ ਪੜ੍ਹਨ ਵੇਲੇ ਕਦੇ ਵੀ ਚਿਤ ਦਾ ਸਾਥ ਨਹੀਂ ਦਿੰਦਾ; ਭੱਜਿਆ ਫਿਰਦਾ ਰਹਿੰਦਾ ਹੈ। ਐਸੇ ਪ੍ਰਾਣੀ ਲਈ ਫੁਰਮਾਨ ਹੈ ਕਿ -

***ਜੈਸੇ ਪਾਹਨੁ ਜਲ ਮਹਿ***
***ਰਾਖਿਓ ਭੇਦੈ ਨਾਹਿ ਤਿਹ ਪਾਨੀ॥***
***ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ***

***ਹੀਨ ਜੋ ਪ੍ਰਾਨੀ॥ ਅੰਗ - ੮੩੧***

ਫੇਰ ਪ੍ਰਸ਼ਨ ਉਠਦਾ ਹੈ ਕਿ ਅਜਿਹੇ ਮਨ ਨਾਲ ਕਿਵੇਂ ਨਿਪਟਿਆ ਜਾਵੇ?

ਸਭ ਤੋਂ ਪਹਿਲਾਂ ਪੂਰਨ ਮਹਾਂਪੁਰਸ਼ ਦੀ ਸੰਗਤ ਕਰਨੀ ਜ਼ਰੂਰੀ ਹੈ, ਜੋ ਅਜਿਹੇ ਜੀਵ ਨੂੰ ਆਪਣਾ ਪਿਆਰ ਦੇ ਕੇ, ਬਚਨ ਸੁਣਾ ਕੇ, ਪ੍ਰਭੂ ਦੀ ਸਰਬੱਗਤਾ ਦੇ ਬਚਨ ਸੁਣਾ ਕੇ ਇਸਦੇ ਮਨ ਵਿਚ ਵਾਹਿਗੁਰੂ ਜੀ ਦਾ ਵਿਸ਼ਵਾਸ਼ ਪੈਦਾ ਕਰਦੇ ਹਨ, ਦੁਨੀਆਂ ਨੂੰ ਅਸੱਤਿ ਜਣਾ ਕੇ ਮਾਨਸ ਜਨਮ ਦੇ ਪ੍ਰਮ ਮਨੋਰਥ ਬਾਰੇ ਗਿਆਤ ਕਰਾ ਕੇ ਪ੍ਰਭੂ ਵੱਲ ਲਾਉਂਦੇ ਹਨ ਅਤੇ ਇਸਦੀ ਖੋਟੀ ਮਤਿ ਦੂਰ ਕਰਨ ਲਈ ਆਪਣੀ ਵਿਸ਼ੇਸ਼ ਕ੍ਰਿਪਾ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

***ਮਾਈ ਮਨੁ ਮੇਰੋ ਬਸਿ ਨਾਹਿ॥***
***ਨਿਸ ਬਾਸੁਰ ਬਿਖਿਆਨ ਕਉ ਧਾਵਤ***
***ਕਿਹਿ ਬਿਧਿ ਰੋਕਉ ਤਾਹਿ॥***
***ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ***
***ਨਿਮਖ ਨ ਹੀਏ ਬਸਾਵੈ॥***
***ਪਰ ਧਨ ਪਰ ਦਾਰਾ ਸਿਉ ਰਚਿਓ***
***ਬਿਰਥਾ ਜਨਮੁ ਸਿਰਾਵੈ॥***
***ਮਦਿ ਮਾਇਆ ਕੈ ਭਇਓ ਬਾਵਰੋ***
***ਸੂਝਤ ਨਹ ਕਛੁ ਗਿਆਨਾ॥***
***ਘਟ ਹੀ ਭੀਤਰਿ ਬਸਤ ਨਿਰੰਜਨੁ ਤਾ***
***ਕੋ ਮਰਮੁ ਨ ਜਾਨਾ॥***
***ਜਬ ਹੀ ਸਰਨਿ ਸਾਧ ਕੀ ਆਇਓ***
***ਦੁਰਮਤਿ ਸਗਲ ਬਿਨਾਸੀ॥***
***ਤਬ ਨਾਨਕ ਚੇਤਿਓ ਚਿੰਤਾਮਨਿ***
***ਕਾਟੀ ਜਮ ਕੀ ਫਾਸੀ॥***

***ਪੰਨਾ-੬੩੨-੩੩***

ਸਾਧੂ ਦੀ ਮਿਹਰ ਦੇ ਨਾਲ ਗੁਰੂ ਅਤੇ ਵਾਹਿਗੁਰੂ ਜੀ ਉਪਰ ਭਰੋਸਾ ਬੱਝਦਾ ਹੈ ਅਤੇ ਨਾਮ ਦੀ ਮਹਿਮਾ ਹਿਰਦੇ ਵਿਚ ਵਸਣੀ ਸ਼ੁਰੂ ਹੋ ਜਾਂਦੀ ਹੈ। ਵਾਹਿਗੁਰੂ ਤੇ ਪ੍ਰਤੀਤ, ਗੁਰੂ ਤੇ ਭਰੋਸਾ, ਨਾਮ ਦੀ ਮਹਿਮਾ ਦੇ ਪ੍ਰਕਾਸ਼ ਵਿਚ ਜਦੋਂ ਜੀਵਨ ਗੁਜ਼ਾਰਦਾ ਹੈ ਤਾਂ ਮਨ ਵਿਚ ਵੈਰਾਗ ਧਾਰਨ ਕਰਕੇ, ਗੁਰੂ ਤੋਂ ਨਾਮ ਪ੍ਰਾਪਤ ਕਰਕੇ, ਉਸ ਵਿਚ ਸੁਰਤ ਜੁੜਦੀ ਹੈ ਤਾਂ ਇਹ ਯਾਦ ਦੇ ਸੰਸਕਾਰ ਜਿਉਂ-ਜਿਉਂ ਅੰਤਸ਼ਕਰਣ ਵਿਚ ਪ੍ਰਵੇਸ਼ ਕਰਦੇ ਹਨ ਤਾਂ ਮਨ ਦੀ ਮੈਲ ਧੁਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਵਾਹਿਗੁਰੂ ਜੀ ਦੀ ਸਮਰੱਥਾ ਦਾ ਵਿਸ਼ਵਾਸ਼ ਹਿਰਦੇ ਵਿਚ ਪ੍ਰਵੇਸ਼ ਕਰਕੇ ਭਰੋਸੇ ਦੇ ਘਰ ਵਿਚ ਆ ਜਾਂਦਾ ਹੈ ਅਤੇ ਅਜਿਹੇ ਗੁਰੂ ਵਾਕ ਹਨ -

***ਪੰਚਾਲੀ ਕਉ ਰਾਜ ਸਭਾ ਮਹਿ ਰਾਮ***
***ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾਮੈ***
***ਅਪਨੀ ਪੈਜ ਬਢਾਈ॥***

***ਅੰਗ - ੧੦੦੮***

ਅਜਿਹੇ ਭਰੋਸੇ ਦੇ ਭਾਵਾਂ ਅੰਦਰ ਨਾਮ ਦੇ ਨਾਲ ਸੁਰਤ ਜੋੜਦਾ ਹੈ। ਜਿਸ ਤਰ੍ਹਾਂ ਦੇ ਨਾਲ ਇਕ ਚੁਵੱਚਾ ਗੰਦੇ ਪਾਣੀ ਦੇ ਨਾਲ ਭਰਿਆ ਹੋਵੇ, ਉਸ ਵਿਚ ਸਫਾਈ ਕਰਨ ਲਈ ਜੇ ਅਸੀਂ ਪਾਣੀ ਵਾਲੀ ਟੇਪ ਦਾ ਮੂੰਹ ਖੋਲ੍ਹ ਦੇਈਏ ਤਾਂ ਪਾਣੀ ਹੌਲੀ-ਹੌਲੀ ਉਸ ਵਿਚ ਨਿਰੰਤਰ ਪੈਂਦਾ ਜਾਵੇਗਾ, ਮੈਲ ਬਾਹਰ ਨਿਕਲਦੀ ਜਾਵੇਗੀ ਅਤੇ ਚੁਵੱਚਾ ਸ਼ੁਧ ਜਲ ਵਾਲਾ ਹੋ ਜਾਵੇਗਾ। ਇਸੀ ਤਰ੍ਹਾਂ ਮਹਾਰਾਜ ਜੀ ਫੁਰਮਾਉਂਦੇ ਹਨ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥***

***ਅੰਗ - ੪***

ਭਜਨ ਕਰਨ ਲਈ ਅੰਮ੍ਰਿਤ ਵੇਲਾ ਸਰੇਸ਼ਟ ਸਮਾਂ ਹੈ। ਉਸ ਵੇਲੇ ਕੋਈ ਖਿਆਲ ਮਨ ਵਿਚ ਨਹੀਂ ਹੁੰਦਾ, ਸਹਿਜੇ ਹੀ ਬਾਣੀ ਅਤੇ ਨਾਮ ਵਿਚ ਮਨ ਜੁੜ ਜਾਂਦਾ ਹੈ। ਦਿਨ ਚੜ੍ਹੇ ਸੰਸਾਰਕ ਗੁੰਝਲਾਂ ਮਨ ਨੂੰ ਆ ਘੇਰਦੀਆਂ ਹਨ; ਹੋਰ ਸਮਾਂ ਲੰਘੇ ਤੇ ਭੁੱਖ ਪਿਆਸ ਲਗ ਜਾਂਦੀ ਹੈ ਜੈਸਾ ਕਿ ਮਹਾਰਾਜ ਜੀ ਦਾ ਫੁਰਮਾਨ ਹੈ -

***ਦੂਜੇ ਬਹੁਤੇ ਰਾਹ ਮਨ***
***ਕੀਆ ਮਤੀ ਖਿੰਡੀਆ॥***
***ਬਹੁਤੁ ਪਏ ਅਸਗਾਹ***
***ਗੋਤੇ ਖਾਹਿ ਨ ਨਿਕਲਹਿ॥***
***ਤੀਜੈ ਮੁਹੀ ਗਿਰਾਹ***
***ਭੁਖ ਤਿਖਾ ਦੁਇ ਭਉਕੀਆ॥***

***ਅੰਗ - ੧੪੫***

ਸੋ ਮਨ ਜਦੋਂ ਤਕ ਧਾਂਵਦਾ ਹੈ, ਉਨਾਂ ਚਿਰ ਨਾ ਹੀ ਬਾਣੀ ਦਾ ਰਸ ਆਉਂਦਾ ਹੈ, ਨਾ

ਹੀ ਨਾਮ ਦੀਆਂ ਮੰਜ਼ਲਾਂ ਤਹਿ ਹੁੰਦੀਆਂ ਹਨ ਤੇ ਨਾ ਹੀ ਅੰਦਰਲੀ ਖੋਜ ਕੀਤੀ ਜਾ ਸਕਦੀ ਹੈ ਕਿਉਂਕਿ ਇਸ ਮਨ ਵਿਚ ਪੰਜੇ ਚੋਰਾਂ ਦਾ ਵਾਸਾ ਹੈ ਜੋ ਸਦਾ ਆਪਣੀ ਮਨ ਮਰਜ਼ੀ ਕਰਕੇ ਨਾਮ ਧਨ (ਅੰਮ੍ਰਿਤ) ਲੁੱਟ ਰਹੇ ਹਨ। ਇਸ ਤੋਂ ਇਲਾਵਾ ਵੈਰ, ਵਿਰੋਧ, ਈਰਖਾ, ਆਸਾ, ਤ੍ਰਿਸ਼ਨਾ ਰੂਪੀ ਭਿਆਨਕ ਡੈਣਾਂ ਇਸ ਮਨ ਵਿਚ ਹੀ ਵਸ ਰਹੀਆਂ ਹਨ –

***ਭੀਤਰਿ ਪੰਚ ਗੁਪਤ ਮਨਿ ਵਾਸੇ॥***
***ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥***
***ਮਨੁ ਮੇਰਾ ਦਇਆਲ ਸੇਤੀ***
***ਥਿਰੁ ਨ ਰਹੈ॥***
***ਲੋਭੀ ਕਪਟੀ ਪਾਪੀ ਪਾਖੰਡੀ***
***ਮਾਇਆ ਅਧਿਕ ਲਗੈ॥***

***ਅੰਗ – ੩੫੯***

ਅਤੇ ਇਸਦੀਆਂ ਉਡਾਰੀਆਂ ਬਾਰੇ ਫੁਰਮਾਨ ਹੈ –

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
***ਚਾਰੇ ਕੁੰਡਾ ਭਾਲੇ॥ ਅੰਗ – ੮੭੬***
***ਸਾਧੋ ਇਹੁ ਮਨੁ ਗਹਿਓ ਨ ਜਾਈ॥***
***ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ***
***ਤੇ ਥਿਰੁ ਨ ਰਹਾਈ॥***

***ਅੰਗ – ੨੧੯***

ਸੋ ਐਸਾ ਮਨ ਦਾ ਸੁਭਾਅ ਹੋਣ ਕਰਕੇ, ਜੋ ਇਕ ਖਿਨ ਵਾਸਤੇ ਵੀ ਨਹੀਂ ਟਿਕਦਾ, ਉਹ ਕਿਸ ਤਰ੍ਹਾਂ ਦੇ ਨਾਲ ਬਾਣੀ ਦਾ ਰਸ ਮਾਣ ਸਕਦਾ ਹੈ? ਫੁਰਮਾਨ ਹੈ –

***ਮਨੂਆ ਦਹਦਿਸ ਧਾਵਦਾ***
***ਓਹੁ ਕੈਸੇ ਹਰਿ ਗੁਣ ਗਾਵੈ॥***
***ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ***
***ਕ੍ਰੋਧੁ ਨਿਤ ਸੰਤਾਵੈ॥***

***ਅੰਗ – ੫੬੫***

ਅਜਿਹੇ ਹਾਲਤ ਅਧੀਨ ਇਹ ਜੀਵ ਮਨ ਦੇ ਅੱਗੇ ਬੇ-ਵਸ ਹੈ ਅਤੇ ਗੁਰੂ ਕ੍ਰਿਪਾ ਤੋਂ ਬਗੈਰ ਨਿਰਬਲ ਹੈ; ਮਨ ਦਾ ਮੁਕਾਬਲਾ ਨਹੀਂ ਕਰ ਸਕਦਾ।

ਵੱਡੇ-ਵੱਡੇ ਇਸ ਮਨ ਦੇ ਅੱਗੇ ਹਾਰ ਗਏ ਹਨ ਜਿਵੇਂ ਕਿ ਇਕ ਵਾਰਤਾ ਹੈ ਕਿ ਜੈਮਨੀ ਰਿਸ਼ੀ ਜੀ ਨੇ ਆਪਣੇ ਗ੍ਰੰਥ ਵਿਚ ਲਿਖ ਦਿਤਾ ਕਿ ਗਿਆਨਵਾਨ, ਮਨ ਨੂੰ ਮਾਰ ਲੈਂਦਾ ਹੈ। ਵੇਦ ਵਿਆਸ ਜੀ ਦੇ ਕੋਲ ਜਦੋਂ ਆਪਣਾ ਲਿਖਿਆ ਸੁਣਾਇਆ, ਤਾਂ ਉਨ੍ਹਾਂ ਨੇ ਕਿਹਾ ਕਿ ਜਦੋਂ ਤਕ ਪੂਰਨ ਗਿਆਨ ਨਹੀਂ ਹੁੰਦਾ, ਸਾਸ਼ਤਰਾਂ, ਹੋਰ ਪੁਸਤਕਾਂ ਦਾ ਪੜ੍ਹਿਆ ਹੋਇਆ ਗਿਆਨ, ਮਨ ਰਾਜੇ ਦੇ ਅੱਗੇ ਨਿਰਬਲ ਹੋਇਆ ਕਰਦਾ ਹੈ। ਉਨ੍ਹਾਂ ਨੇ ਹੱਠ ਕੀਤਾ ਤਾਂ ਵਿਆਸ ਜੀ ਨੇ ਵਿਚਾਰਿਆ ਕਿ ਜੈਮਨੀ ਨੂੰ ਮਨ ਦੀ ਸ਼ਕਤੀ ਦਾ ਗਿਆਨ ਨਹੀਂ, ਆਪ ਨੇ ਆਪਣੀ ਮਾਇਆ ਪਸਾਰ ਦਿਤੀ।

ਸੂਰਜ ਛਿਪ ਚੁੱਕਿਆ ਸੀ। ਇਕ ਨਵੀਂ ਵਿਆਹੀ ਔਰਤ ਉਨ੍ਹਾਂ ਦੇ ਆਸ਼ਰਮ ਦੇ ਅੱਗੇ ਰੋ ਰਹੀ ਸੀ। ਹਨ੍ਹੇਰਾ ਪਸਰ ਰਿਹਾ ਸੀ ਅਤੇ ਜੰਗਲੀ ਜਾਨਵਰ ਆਪਣਿਆਂ ਘੁਰਨਿਆਂ 'ਚੋਂ ਬਾਹਰ ਆ ਕੇ ਆਪਣੇ ਸ਼ਿਕਾਰ ਦੀ ਤਲਾਸ਼ ਵਿਚ ਘੁੰਮਣਾ ਸ਼ੁਰੂ ਕਰ ਰਹੇ ਸਨ। ਉਹ ਇਸਤਰੀ ਡਰਦੀ ਮਾਰੀ ਵਿਰਲਾਪ ਕਰ ਰਹੀ ਸੀ ਅਤੇ ਕਹਿ ਰਹੀ ਸੀ ਕਿ ਮੈਂ ਆਪਣੇ ਸਾਥ ਨਾਲੋਂ ਵਿਛੜ ਗਈ ਹਾਂ ਅਤੇ ਦਿਸ਼ਾ ਭਰਮ ਹੋ ਕੇ ਮੈਨੂੰ ਰਾਹ ਵੀ ਭੁੱਲ ਚੁੱਕਿਆ ਹੈ; ਮੇਰੀ ਕੋਈ ਰਾਖੀ ਕਰੋ, ਮੈਂ ਅਬਲਾ ਹਾਂ।

ਜੈਮਨੀ ਜੀ ਆਪਣੇ ਆਸ਼ਰਮ ਵਿਚ ਇਕੱਲੇ ਰਹਿ ਰਹੇ ਸਨ। ਉਨ੍ਹਾਂ ਨੇ ਵਿਚਾਰਿਆ ਕਿ ਮੇਰੇ ਕਮਰੇ ਵਿਚ ਇਹ ਰਾਤ ਕੱਟ ਲਵੇਗੀ, ਸਵੇਰ ਹੋਇਆਂ, ਦਿਨ ਚੜ੍ਹੇ ਤੋਂ ਉਸ ਅਬਲਾ ਨੂੰ ਆਪਣੇ ਕਮਰੇ ਵਿਚ ਥਾਂ ਦੇ ਕੇ ਕਿਹਾ ਕਿ ਇਥੇ ਜੰਗਲੀ ਬੰਦੇ ਆ ਜਾਂਦੇ ਹਨ, ਦਰਵਾਜ਼ਾ ਨਹੀਂ ਖੋਲ੍ਹਣਾ, ਭਾਵੇਂ ਮੈਂ ਵੀ ਹਾਕਾਂ ਕਿਉਂ ਨਾ ਮਾਰਾਂ। ਉਹ ਇਸਤਰੀ ਦਰਵਾਜ਼ਾ ਬੰਦ ਕਰਕੇ ਥੋੜ੍ਹੇ ਸਮੇਂ ਪਿਛੋਂ ਬਹੁਤ ਹੀ ਮਿੱਠੇ ਗਲੇ ਨਾਲ ਸੰਗੀਤਕ ਧੁਨਾਂ ਵਿਚ ਗਾਉਣ ਲੱਗੀ। ਉਸਦੇ ਮਿੱਠੇ ਗਲੇ ਨੇ ਜੈਮਨੀ ਜੀ ਦਾ ਧਿਆਨ, ਜੋ ਨਾਲ ਲਗਦੇ ਕਮਰੇ ਵਿਚ ਬਿਰਾਜੇ ਹੋਏ ਸਨ, ਆਪਣੇ ਵਲ ਖਿਚਿਆ। ਉਹ ਸੁਣਨ ਵਾਸਤੇ ਬਾਹਰ ਆ ਗਏ। ਸੁਣਦੇ-ਸੁਣਦੇ ਆਪਣੇ ਆਪ ਨੂੰ ਭੁੱਲ ਗਏ। ਮੌਕਾ ਦੇਖ ਕੇ ਮਨ ਸੂਰਮੇ ਨੇ ਉਨ੍ਹਾਂ ਉਤੇ ਆਪਣਾ ਵਾਰ ਕਰ ਦਿਤਾ। ਜੈਮਨੀ ਜੀ ਨੇ ਅਵਾਜ਼ ਦੇ ਕੇ

ਦਰਵਾਜ਼ਾ ਖੁਲ੍ਹਾਉਣਾ ਚਾਹਿਆ ਪਰ ਉਸ ਇਸਤਰੀ ਨੇ ਦਰਵਾਜ਼ਾ ਨਾ ਖੋਲ੍ਹਿਆ। ਇਨ੍ਹਾਂ ਨੇ ਛੱਤ ਵਿਚ ਮਘੋਰਾ ਕਰਕੇ ਅੰਦਰ ਜਾਣ ਦਾ ਜਤਨ ਕੀਤਾ ਕਿਉਂਕਿ ਪੂਰੀ ਤਰ੍ਹਾਂ ਨਾਲ ਕਾਮਕ ਬਿਰਤੀ ਹੋ ਜਾਣ ਕਰਕੇ ਕਾਮ ਚਿਤਵਨਾ ਕਰ ਰਹੇ ਸਨ। ਜਦੋਂ ਉਸ ਮੋਘੇ ਵਿਚੋਂ ਹੇਠਾਂ ਉਤਰਨ ਲਗੇ ਤਾਂ ਛਾਤੀ ਪਾਸ ਆ ਕੇ ਫਸ ਗਏ। ਮੋਢੇ ਫਸੇ ਹੋਏ ਹੋਣ ਕਰਕੇ ਨਾ ਹੀ ਉਹ ਉਪਰ ਆ ਸਕਦੇ ਸਨ ਤੇ ਨਾ ਹੀ ਹੇਠਾਂ ਜਾ ਸਕਦੇ ਸਨ, ਇਸ ਤਰ੍ਹਾਂ ਸਾਰੀ ਰਾਤ ਤੋਰੀ ਵਾਂਗੂੰ ਲਟਕਦੇ ਰਹੇ।

ਦਿਨ ਚੜ੍ਹੇ ਵਿਆਸ ਜੀ ਨੇ ਆਪਣੀ ਮਾਇਆ ਸੰਕੋਚ ਲਈ ਅਤੇ ਜੈਮਨੀ ਨੂੰ ਕਿਹਾ ਕਿ ਆਪ ਕਿਸ ਕਾਰਨ ਇਸ ਮਘੋਰੇ ਵਿਚ ਲਟਕ ਰਹੇ ਹੋਂ? ਜੈਮਨੀ ਸ਼ਰਮਿੰਦਾ ਹੋ ਗਿਆ, ਤਾਂ ਵਿਆਸ ਜੀ ਨੇ ਕਿਹਾ ਕਿ ਪੂਰੇ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਅਤੇ ਪੂਰਨ ਗਿਆਨ ਉਦੈ ਹੋਏ ਬਿਨਾਂ ਮਨ ਕਦੇ ਵੀ ਵੱਸ ਨਹੀਂ ਆਇਆ ਕਰਦਾ। ਇਸੇ ਤਰ੍ਹਾਂ ਦੇ ਨਾਲ ਹੋਰ ਅਨੇਕਾਂ ਮਿਸਾਲਾਂ ਹਨ ਜਿਵੇਂ ਕਿ ਮਛੰਦਰਨਾਥ, ਰਾਜਾ ਅਮਰੂ (ਲੰਕਾ ਦੇ ਰਾਜੇ) ਦੀ ਮਿਰਤਕ ਦੇਹ ਵਿਚ ਪ੍ਰਵੇਸ਼ ਕਰਕੇ ਚੌਦਾਂ ਸਾਲ ਉਸਦੀਆਂ ਪਦਮਨੀ ਰਾਣੀਆਂ ਦੇ ਭੋਗਾਂ ਵਿਚ ਲਿਪਤ ਰਿਹਾ। ਸੋ ਇਹ ਮਨ ਬਹੁਤ ਹੀ ਵੱਡਾ ਅਜਿੱਤ ਸੂਰਮਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਸਾਧੋ ਕਉਨ ਜੁਗਤਿ ਅਬਿ ਕੀਜੈ॥***
***ਜਾ ਤੇ ਦੁਰਮਤਿ ਸਗਲ ਬਿਨਾਸੈ***
***ਰਾਮ ਭਗਤਿ ਮਨੁ ਭੀਜੈ॥***
***ਮਨੁ ਮਾਇਆ ਮਹਿ ਉਰਝਿ ਰਹਿਓ ਹੈ***
***ਬੂਝੈ ਨਹ ਕਛੁ ਗਿਆਨਾ॥***
***ਕਉਨੁ ਨਾਮੁ ਜਗੁ ਜਾ ਕੈ ਸਿਮਰੈ***
***ਪਾਵੈ ਪਦੁ ਨਿਰਬਾਨਾ॥ਅੰਗ – ੯੦੨***

ਇਸ ਤਰ੍ਹਾਂ ਦੀ ਹਾਲਤ ਦੱਸ ਕੇ ਮਹਾਰਾਜ ਜੀ ਨੇ ਦੱਸ ਦਿਤਾ ਕਿ ਜਦੋਂ ਸੰਤ ਜਨਾਂ ਨੇ ਦਿਆਲ ਤੇ ਕ੍ਰਿਪਾਲ ਹੋ ਕੇ ਪਰਿਪੂਰਨ ਘਟ-ਘਟ ਵਿਚ ਵਿਆਪਕ ਪ੍ਰਭੂ ਦਾ ਭੇਤ ਦੱਸ ਦਿਤਾ ਤਾਂ ਉਸਦੇ ਜਸ ਗਾਉਣ ਵਿਚ ਸਾਰੇ ਕਰਮ ਧਰਮ ਆ ਜਾਂਦੇ ਹਨ। ਪ੍ਰਭੂ ਦੀ ਵਡਿਆਈ ਵਿਚ ਲੀਨ ਹੋਇਆ ਮਨ ਸਾਥੀ ਬਣ ਜਾਇਆ ਕਰਦਾ ਹੈ ਅਤੇ ਫੇਰ ਜਿੰਨੇ ਜ਼ੋਰ ਨਾਲ ਇਹ ਵਿਰੋਧ ਕਰਦਾ ਹੈ, ਓਨੀ ਸ਼ਕਤੀ ਨਾਲ ਹੀ ਇਹ ਪ੍ਰਭੂ ਵੱਲ ਨੂੰ ਵਧਦਾ ਹੈ –

***ਭਏ ਦਇਆਲ ਕਿਰਪਾਲ***
***ਸੰਤ ਜਨ ਤਬ ਇਹ ਬਾਤ ਬਤਾਈ॥***
***ਸਰਬ ਧਰਮ ਮਾਨੋ ਤਿਹ ਕੀਏ***
***ਜਿਹ ਪ੍ਰਭ ਕੀਰਤਿ ਗਾਈ॥***
***ਅੰਗ – ੯੦੨***

ਇਸ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਜਦੋਂ ਅਸੀਂ ਗੁਰੂ ਦੀ ਬਾਣੀ ਉਪਰ ਪੂਰਨ ਭਰੋਸਾ ਰੱਖ ਕੇ ਸਾਧੂਆਂ ਦੀ ਸੰਗਤ ਦੁਆਰਾ ਨਾਮ ਜਪਾਂਗੇ ਤਾਂ ਮਨ ਟਿਕ ਜਾਇਆ ਕਰਦਾ ਹੈ। ਪਹਿਲਾਂ-ਪਹਿਲਾਂ ਨਾਮ, ਮਾਲਾ ਦੀ ਮਦਦ ਦੇ ਨਾਲ ਜਪਿਆ ਜਾਂਦਾ ਹੈ। ਰਸਨਾ ਨਾਲ ਨਾਮ ਜਪਦਿਆਂ ਰਸਨਾ ਪਵਿੱਤਰ ਹੋ ਜਾਂਦੀ ਹੈ ਅਤੇ ਨਾਮ ਦਾ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ। ਫਿਰ ਅਸੀਂ ਸੁਆਸ ਰਾਹੀਂ ਨਾਮ ਜਪਦੇ ਹਾਂ, ਫਲ ਦਸ ਗੁਣਾਂ ਵਧ ਜਾਇਆ ਕਰਦਾ ਹੈ। ਸੁਆਸ ਅੰਦਰ ਆਉਂਦਾ ਹੈ, ਬਾਹਰ ਜਾਂਦਾ ਹੈ; ਹਰ ਸੁਆਸ ਦੇ ਨਾਲ ਨਾਮ ਜੁੜਿਆ ਹੋਣ ਕਰਕੇ ਇਕ ਲਗਾਤਾਰ ਯਾਦ ਅੰਦਰ ਬੈਠਦੀ ਜਾਂਦੀ ਹੈ। ਪ੍ਰਭੂ ਦੇ ਪਿਆਰ ਦੀਆਂ ਝੁਣਝੁਣੀਆਂ ਆਉਣ ਲਗ ਜਾਂਦੀਆਂ ਹਨ। ਇਸ ਤੋਂ ਅੱਗੇ ਸੁਆਸ ਤੋਂ ਨਾਮ ਅਛੋਪਲਾ ਹੀ ਮਨ ਮੰਡਲ ਵਿਚ ਪ੍ਰਵੇਸ਼ ਕਰਕੇ ਪਸੰਤੀ ਬਾਣੀ ਰਾਹੀਂ ਨਾਮ ਦੀ ਗੂੰਜ ਅੰਦਰ ਸੁਣਨ ਲਗ ਜਾਇਆ ਕਰਦੀ ਹੈ; ਫਲ ਦਸ ਗੁਣਾਂ ਹੋਰ ਵਧ ਜਾਇਆ ਕਰਦਾ ਹੈ; ਇਸ ਤੋਂ ਅੱਗੇ ਨਾਮ ਇਕ ਬਹੁਤ ਹੀ ਗਹਿਰੀ ਧੁਨ ਦੇ ਰੂਪ ਵਿਚ ਸੁਣਾਈ ਦਿੰਦਾ ਹੈ ਅਤੇ ਪਰਾ ਬਾਣੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਫਲ ਹੋਰ ਦਸ ਗੁਣਾਂ ਵਧ ਜਾਇਆ ਕਰਦਾ ਹੈ। ਨਾਮ ਦਾ ਰਸ ਲਗਾਤਾਰ ਅੰਦਰ, ਰਸ ਲੀਨਤਾ ਵਿਚ ਰਖਦਾ ਹੈ। ਬੋਲਣਾ, ਚਲਣਾ, ਤੁਰਨਾ, ਫਿਰਨਾ ਆਪਣੇ ਆਪ ਹੀ ਨਿਯਮ ਪੂਰਵਕ ਹੋ ਜਾਇਆ ਕਰਦਾ ਹੈ। ਜਿਉਂ-ਜਿਉਂ ਨਾਮ ਦਾ ਅਭਿਆਸ ਵਧਦਾ ਹੈ ਤਾਂ ਗਹਿਰਾ ਜਾ ਕੇ ਅੰਦਰ ਦੀਆਂ ਸੰਗੀਤਕ ਧੁਨਾਂ, ਜਿਨ੍ਹਾਂ ਨੂੰ ਅਨਹਦ ਸ਼ਬਦ ਆਖਦੇ ਹਨ, ਨਾਮ ਨਾਲ, ਧੁਨ ਨਾਲ ਰਲ ਜਾਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਵਧਦੇ-ਵਧਦੇ ਜਦੋਂ ਸੁਰਤ, ਮਨ ਤੇ ਚਿਤ ਇਕ ਹੋ ਕੇ ਚੜ੍ਹਾਈ ਕਰਦੇ ਹਨ ਤਾਂ ਵਿਵੇਕ

ਮੰਡਲ ਦੇ ਪ੍ਰਕਾਸ਼ ਵਿਚ ਸਤਿ ਤੇ ਅਸੱਤਿ ਦਾ ਪ੍ਰਤੱਖ ਨਿਰਣਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੀ ਹੰਗਤਾ ਤੇ ਮਮਤਾ ਦੀ ਹੋਂਦ, ਅਣਹੋਂਦ ਵਿਚ ਬਦਲ ਜਾਇਆ ਕਰਦੀ ਹੈ। ਕੇਵਲ ਸੱਤਾ ਮਾਤਰ ਪਰਮ ਚੇਤਨ ਹੀ ਸਾਰੇ ਕਾਰਜ ਕਰਦਾ, ਆਪਣੀ ਮੌਜ ਵਿਚ ਖੇਲ੍ਹਦਾ ਸਰਗੁਣ ਤੇ ਨਿਰਗੁਣ ਦੋਹਾਂ ਰੂਪਾਂ ਵਿਚ ਭਾਸਣ ਲੱਗ ਜਾਇਆ ਕਰਦਾ ਹੈ। 'ਮੈਂ' ਦੇ ਖਾਤਮੇ ਉਪਰੰਤ ਪਰਛਾਵੇਂ ਦਾ ਜੀਵ ਨਹੀਂ ਰਿਹਾ ਕਰਦਾ ਅਤੇ ਆਪਣੇ ਆਤਮ ਤੱਤ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਨਾਲ ਇਹ ਜੀਵ ਆਪਣੇ ਸਰੂਪ ਵਿਚ ਪਹੁੰਚ ਕੇ ਵਾਹਿਗੁਰੂ ਨਾਲ ਇਕਮਿਕ ਹੋ ਕੇ ਪ੍ਰਮੇਸ਼ਰ ਦਾ ਰੂਪ ਹੀ ਹੋ ਜਾਇਆ ਕਰਦਾ ਹੈ। ਉਥੇ ਮਨ ਦਾ ਨਾਸ਼ ਹੋ ਜਾਂਦਾ ਹੈ, ਵਾਸ਼ਨਾ ਖ੍ਰੈ ਹੋ ਜਾਂਦੀ ਹੈ ਅਤੇ ਤੱਤ ਗਿਆਨ ਜਿਉਂ ਦਾ ਤਿਉਂ ਪ੍ਰਗਟ ਹੋ ਕੇ ਸਾਰੇ ਭਰਮਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਜਗਿਆਸੂ ਲਈ ਬਹੁਤ ਹੀ ਜ਼ਰੂਰੀ ਹੈ ਕਿ ਉਹ ਭੇਦ ਵਾਦੀਆਂ ਦੀ ਸੰਗਤ ਵਿਚੋਂ ਭੇਦਵਾਦ ਦੇ ਬਚਨ ਸੁਣ ਕੇ ਆਪਣੇ ਆਪ ਨੂੰ ਹਨ੍ਹੇਰੇ ਵਿਚ ਸੁਟਣ ਦੀ ਥਾਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਜਿੰਨੀ ਵੀ ਹੋ ਸਕੇ, ਕਰਨ ਦਾ ਉਪਰਾਲਾ ਕਰੇ। ਮਹਾਰਾਜ ਜੀ ਦਾ ਫੁਰਮਾਨ ਹੈ ਕਿ –

***ਆਵੈ ਸਾਹਿਬੁ ਚਿਤਿ***
***ਤੇਰਿਆ ਭਗਤਾ ਡਿਠਿਆ॥***
***ਅੰਗ –੫੨੦***

ਆਰਫਾਂ ਦੀ ਸੰਗਤ ਸਾਰੇ ਭਰਮਾਂ ਦਾ ਨਾਸ਼ ਕਰਕੇ ਸਤਿ ਜਣਾਅ ਦਿੰਦੀ ਹੈ। ਸੋ ਵਾਹਿਗੁਰੂ ਜੀ ਪਾਸ ਅਰਦਾਸ ਹੀ ਹੈ ਕਿ ਹੇ ਵਾਹਿਗੁਰੂ! ਆਪਣੇ ਉਨ੍ਹਾਂ ਪਿਆਰਿਆਂ ਦੇ ਮੇਲ ਬਖਸ਼, ਜਿਨ੍ਹਾਂ ਦੇ ਮਿਲਣ ਨਾਲ ਤੇਰਾ ਪ੍ਰਕਾਸ਼ ਮੇਰੇ ਅੰਦਰ ਹੋ ਜਾਵੇ ਤੇ ਮੈਂ ਨਿਰੰਤਰ ਤੇਰੀ ਯਾਦ ਵਿਚ ਰਹਿ ਕੇ ਜੀਵਨ ਬਤੀਤ ਕਰਾਂ।

ਦਸ਼ਮੇਸ਼ ਪਿਤਾ ਜੀ ਨੇ ਚਿਤ ਇਕਾਗਰ ਕਰਕੇ, ਹਜ਼ੂਰੀ ਵਿਚ ਰਹਿ ਕੇ ਨਾਮ ਜਪਣ, ਬਾਣੀ ਪੜ੍ਹਨ ਦੀ ਜੁਗਤੀ ਦੱਸ ਦਿਤੀ। ਗੁਰੂ ਪਿਆਰਿਆਂ ਦੇ ਜ਼ਿੰਮੇ ਨਾਮ ਜਪਾਉਣ ਦਾ ਕਾਰਜ ਸੌਂਪਿਆ ਹੈ ਜਿਵੇਂ–

***ਕਬੀਰ ਸੇਵਾ ਕਉ ਦੁਇ ਭਏ***
***ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ***
***ਕੋ ਸੰਤੁ ਜਪਾਵੈ ਨਾਮੁ॥ ਅੰਗ –***
***੧੩੭੩***

ਨਾਮ ਜਪਾਉਣ ਵਾਲੇ ਗੁਰਸਿੱਖ ਪਿਆਰਿਆਂ ਨੂੰ ਗੁਰੂ ਮਹਾਰਾਜ ਸਰਬੋਤਮ ਮਾਣ ਨਾਲ ਨਿਵਾਜਦੇ ਹਨ –

***ਜਨ ਨਾਨਕੁ ਧੂੜਿ ਮੰਗੈ ਤਿਸੁ***
***ਗੁਰਸਿਖ ਕੀ ਜੋ ਆਪਿ ਜਪੈ***
***ਅਵਰਹ ਨਾਮੁ ਜਪਾਵੈ॥ ਅੰਗ –੩੦੬***

ਸੋ ਸਾਰ ਇਹ ਕਿ ਰਸੀਆਂ ਦੀ ਸੰਗਤ ਕਰੋ, ਬਚਨ ਸੁਣੋ; ਨਾਮ, ਹਜ਼ੂਰੀ ਵਿਚ ਰਹਿ ਕੇ, ਚਿਤ ਇਕਾਗਰ ਕਰਕੇ ਜਪੋ ਅਤੇ ਮਨ ਦੀਆਂ ਉਡਾਰੀਆਂ ਪ੍ਰਭੂ ਪਿਆਰ ਵਿਚ ਲੀਨ ਕਰੋ।

# ਸੰਤ ਅਨੰਤਹਿ ਅੰਤਰੁ ਨਾਹੀ

## ਸ੍ਰੀ ੧੦੮ ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ)

੪ ਅਗਸਤ, ੧੯੦੫ ਵਾਲੇ ਦਿਨ ਪਿੰਡ ਆਲੋਵਾਲ, ਜ਼ਿਲਾ ਪਟਿਆਲਾ ਵਿਖੇ ਵੀਹਵੀਂ ਸਦੀ ਦੀ ਮਹਾਨ ਤਾਰਕ ਆਤਮਾ ਦਾ ਪ੍ਰਕਾਸ਼ ਹੋਇਆ। ਪਿਤਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਜੀ ਉਪਰ ਅਪਾਰ ਕ੍ਰਿਪਾ ਹੋਈ, ਜਿਨ੍ਹਾਂ ਦੇ ਘਰ ਤੱਤ ਬੇਤੇ ਮਹਾਂਪੁਰਸ਼ਾਂ ਦਾ ਆਵਣਾ ਹੋਇਆ। ਆਪ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਆਪ ਦੇ ਕੌਤਕ ਪਰਗਟ ਕਰ ਰਹੇ ਸਨ ਕਿ ਆਪ ਕੋਈ ਮਹਾਨ ਪੁਰਖ ਹੋਣਗੇ। ਚੌਕੜਾ ਮਾਰ ਕੇ, ਗੀੜ ਦੀ ਹੱਡੀ ੯੦ ਡਿਗਰੀ ਤੇ ਰੱਖ ਕੇ ਯੋਗੀਆਂ ਵਾਂਗੂੰ ਬੈਠਣਾ, ਹੈਰਾਨ ਕਰ ਦਿੰਦਾ। ਇਕ ਵਾਰੀ ਮਾਤਾ ਪਿਤਾ, ਬਾਲ ਅਵਸਥਾ ਵਿਚ ਹੀ ਏਹਨਾਂ ਨੂੰ ਪਰਮ ਬੀਤਰਾਗ ਬ੍ਰਹਮ ਗਿਆਨੀ ਮਹਾਂਪੁਰਸ਼ ਵਿਦੌਸ਼ੀ ਵਾਲੇ ਸ੍ਰੀ ਬੀਰਮਦਾਸ ਜੀ ਪਾਸ ਲੈ ਗਏ। ਮਹਾਂਪੁਰਸ਼ਾਂ ਨੇ ਗੋਦੀ ਚੁੱਕ ਕੇ ਪਿਆਰ ਦਿੰਦੇ ਬਚਨ ਕੀਤਾ ਕਿ ਰਾਮ ਸਿੰਘ! ਮੈਨੂੰ ਲੋਕ ਸੰਤ ਕਹਿੰਦੇ ਹਨ ਪਰ ਇਹ ਤੇਰਾ ਪੁੱਤਰ ਪੂਰਨ ਬ੍ਰਹਮਗਿਆਨੀ ਕਾਰਕ ਪੁਰਸ਼, ਸੰਸਾਰ ਦਾ ਉਧਾਰ ਕਰਨ ਵਾਲਾ, ਮਹਾਨ ਜੰਗਮ ਤੀਰਥ ਹੋਵੇਗਾ। ਮਾਂ ਬਾਪ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਸੁਣ ਕੇ ਇਕ ਝਟਕਾ ਜੇਹਾ ਲੱਗਿਆ ਅਤੇ ਕੁਝ ਸੋਚ ਭੀ ਫੁਰੀ ਕਿ ਅਸਾਡਾ ਬੱਚਾ ਸਾਧੂ ਬਣੇਗਾ।

ਬੀਰਮਦਾਸ ਜੀ ਨੇ ਕਿਹਾ, "ਰਾਮ ਸਿੰਘ! ਫਿਕਰ ਹੋ ਗਿਆ ਇਸਦੇ ਸਾਧੂ ਬਨਣ ਦਾ? ਸੁਣ! ਇਹ ਤੇਰੀਆਂ, ਆਪਣੀ ਮਾਤਾ ਦੀਆਂ ਤੇ ਹੋਰ ਕੁਲਾਂ ਦਾ ਤਾਰਕ ਹੈ, ਸੰਸਾਰ ਤਰੇਗਾ। ਇਹਨੂੰ ਪੁੱਤਰ ਨ ਸਮਝ, ਸੇਵਾ ਕਰ ਲੈ, ਤੇਰੇ ਲੇਖੇ ਇਹੋ ਕੁਝ ਹੈ।"

ਪਹਿਲੀ ਵਿਦਿਆ ਆਪ ਨੇ ਪਿੰਡਾਂ ਦੇ ਸਕੂਲਾਂ ਤੋਂ ਪ੍ਰਾਪਤ ਕੀਤੀ। ਛੇਵੀਂ ਜਮਾਤ ਤੋਂ ਆਪ ਪਟਿਆਲਾ ਵਿਚ ਮਾਡਲ ਸਕੂਲ ਵਿਚ ਦਾਖਲ ਹੋ ਗਏ। ਇਥੇ ਵੱਡੇ ਸਰਦਾਰਾਂ ਦੇ ਬੱਚੇ ਪੜ੍ਹਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਕ ਵਾਰੀ ਦੱਸਿਆ ਕਿ ਇਥੇ ਇਕ ਵਾਰੀ ਸਿੰਧੀ ਮਹਾਤਮਾ T.L. ਵਿਸਵਾਨੀ ਜੀ ਆਏ। ਉਨ੍ਹਾਂ ਕਲਾਸ ਵਿਚ ਕਿਹਾ ਕਿ ਜਪੁਜੀ ਸਾਹਿਬ ਜ਼ਰੂਰ ਯਾਦ ਹੋਣਾ ਚਾਹੀਦਾ ਹੈ। ਅਸੀਂ ਦੋ ਦਿਨਾਂ ਵਿਚ ਹੀ ਯਾਦ ਕਰ ਲਿਆ। ਪੜ੍ਹਾਈ ਵਿਚ ਆਪ ਫਸਟ ਆਇਆ ਕਰਦੇ ਸਨ। Hand writing ਆਪ ਦਾ ਛਾਪੇ ਵਰਗਾ ਸੀ। ਸਾਧੂਆਂ ਦੀ ਸੰਗਤ ਆਪ ਜੀ ਵਿਦਿਆਰਥੀ ਜੀਵਨ ਤੋਂ ਹੀ ਕਰਦੇ ਸਨ। ਆਪ ਜੀ ਵੇਹਲ ਕੱਢ ਕੇ ਤੋਪਖਾਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ, ਤੋਪਖਾਨੇ ਦੇ ਫੌਜੀ ਸਿੰਘ ਕਰਨੀ ਕਮਾਈ ਵਾਲੇ ਸਨ। ਭਿੰਨੀ ਰੈਣ ਜਾਗਣਾ, ਨਾਮ ਸਿਮਰਨ ਕਰਨਾ ਉਹਨਾਂ ਦਾ ਨਿਤ ਕਰਮ ਸੀ। ਸਤੋ ਗੁਣੀ ਭੋਜਨ ਫੌਜੀ ਲੰਗਰ ਵਿਚ ਬਣਦਾ, ਏਥੋਂ ਤਕ ਕਿ ਲਸਣ ਭੀ ਨਹੀਂ ਵਰਤਦੇ ਸਨ। ਤੋਪਖਾਨੇ ਵਿਚੋਂ ਸਰਵਿਸਾਂ ਛੱਡ ਕੇ ਬਹੁਤ ਪ੍ਰੇਮੀ ਮਹਾਤਮਾ ਦੇ ਪ੍ਰੇਮੀ ਬਣ ਗਏ ਸਨ। ਇਹਨਾਂ ਵਿਚੋਂ ਬਹੁਤੇ ਰੇਰੂ ਸਾਹਿਬ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਪਾਸ ਪੁੱਜ ਕੇ ਨਾਮ ਕਮਾਈ ਕਰਦੇ ਸਨ।

ਆਪ ਜੀ ਉਪਰ ਇਹਨਾਂ ਜਗਿਆਸੂਆਂ ਦਾ ਬਹੁਤ ਅਸਰ ਸੀ। ਪੜ੍ਹਾਈ ਦੇ ਨਾਲ ਹੀ ਆਪ ਜੀ ਸੰਤਾਂ ਦੀ ਸੰਗਤ ਕਰਨ ਦੀ ਪੂਰੀ ਸ਼ਰਧਾ ਭਰੀ ਲਗਨ ਰੱਖਦੇ ਸਨ। ਆਪ ਜੀ ਪਟਿਆਲੇ ਦੇ ਚੌਗਿਰਦੇ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਵਿਚੋਂ ਉਦਾਸੀ ਮਹਾਤਮਾ ਹਰਨਾਮ ਦਾਸ, ਰਾਮਦਾਸ ਜੀ, ਤ੍ਰਿਪੜੀ ਦੇ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਸੋਹਨਦਾਸ, ਅਤੇ ਪਟਿਆਲੇ ਵਾਲੇ ਬਾਬਾ ਧਿਆਨਾ ਜੀ ਦਾ ਪੂਰਾ ਸਤਿਕਾਰ ਕਰਦੇ ਸਨ।

ਸੱਤਵੀਂ ਜਮਾਤ ਤੋਂ ਹੀ ਆਪ ਜੀ ਅੰਮ੍ਰਿਤ ਵੇਲੇ ਦੋ ਵਜੇ ਉਠਕੇ ਸੁਧਾਸਰ ਜਾਣਾ, ਸਰੋਵਰ ਵਿਚ ਇਸ਼ਨਾਨ ਕਰਕੇ, ਕੰਢੇ ਮਹਾਨ ਯੋਗੀਆਂ ਵਾਂਗੂੰ ਪੰਜ ਘੰਟੇ ਅਫੁਰ ਸਮਾਧ ਵਿਚ

ਲੀਨ ਹੋਣਾ। ਉਪ੍ਰੰਤ ਆਪਣੇ ਨਿਵਾਸ ਅਸਥਾਨ, ਸ. ਦਲੀਪ ਸਿੰਘ ਜੀ ਗਾਰਡੀਅਨ ਦੀ, ਜੋ ਭੂਆ ਦੇ ਪੁੱਤਰ ਸਨ, ਤੇ ਪੁਜ ਕੇ, ਸਕੂਲ ਦੀ ਤਿਆਰੀ ਕਰਨੀ।

ਇਕ ਵਾਰੀ ਮਹਾਂਪੁਰਸ਼ਾਂ ਨੇ ਦੱਸਿਆ ਕਿ ਅਸਾਨੂੰ ਐਉਂ ਪ੍ਰਤੀਤ ਦਿਆ ਕਰਦਾ ਸੀ ਕਿ ਅਸੀਂ ਪ੍ਰਕਾਸ਼ ਮੰਡਲ ਵਿਚ ਪ੍ਰਕਾਸ਼ ਪੀਂਘ ਤੇ ਹੁਲਾਰੇ ਲੈ ਰਹੇ ਹਾਂ ਅਤੇ ਇਕ ਫੁੱਲ ਤੇ ਸਮਾਧਿਤ ਬੈਠੇ, ਪਾਣੀ ਤੇ ਅਚਲ ਬੈਠੇ ਹੁੰਦੇ ਹਾਂ। ਅਜੇ ਤੀਕਰ ਨਾਮ ਦਾਤ ਪ੍ਰਾਪਤ ਨ ਹੋਣ ਕਰਕੇ ਆਪ ਨਿਤਨੇਮ ਵਿਚ ਹੋਰ ਬਾਣੀਆਂ ਤੋਂ ਇਲਾਵਾ ੨੫ ਪਾਠ ਜਪੁਜੀ ਸਾਹਿਬ ਅਤੇ ੫ ਪਾਠ ਸੁਖਮਨੀ ਸਾਹਿਬ ਦੇ ਅਬੋਲ ਹੀ ਸੁਰਤ ਰਾਹੀਂ ਕਰਿਆ ਕਰਦੇ ਸਨ। ਆਪਨੇ ਦੱਸਿਆ ਕਿ ਪਾਠ ਅੰਦਰ ਸ਼ੁਰੂ ਹੋ ਜਾਣਾ, ਅਸੀਂ ਤਾਂ ਸਰੋਤੇ ਬਣਕੇ ਹੀ ਸੁਣਿਆ ਕਰਦੇ ਸਾਂ। ਸੰਸਾਰੀ ਫੁਰਨਾ ਕੋਈ ਉਠਦਾ ਹੀ ਨਹੀਂ ਸੀ। ਇਕ ਵਾਰੀ ਆਪ ਦੇ ਭਰਾ ਨੇ ਦਰਵਾਜ਼ੇ ਨੂੰ ਤਾਲਾ ਲਾ ਦਿਤਾ ਕਿ ਆਪ ਬਾਹਰ ਨ ਜਾਣ। ਜਦੋਂ ੦੨੩੦ ਤੇ ਉਹ ਮੋਤੀ ਮਹਿਲ ਤੋਂ ਆਏ ਤਾਂ ਕੀ ਦੇਖਦੇ ਹਨ ਕਿ ਆਪ ਜੀ ਪਉੜੀਆਂ ਵਿਚ ਸਮਾਧੀ ਲਾਈ ਅਡੋਲ ਬੈਠੇ ਹਨ। ਉਸ ਦਿਨ ਤੋਂ ਉਹਨਾਂ ਨੇ ਭੀ ਨਾਮ ਜਪਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਇਹ ਸੀ ਮਹਾਨ ਘਾਲਣਾ ਇਹਨਾਂ ਮਹਾਂਪੁਰਖਾਂ ਦੀ, ਜਿਸਦੀ ਬੁਨਿਆਦ ਉਤੇ ਮਹਾਨ ਹਸਤੀ ਦੀ ਜੀਵਨ ਉਸਾਰੀ ਹੋਣੀ ਸੀ। ਇਹ ਗੱਲਾਂ ਵਾਲੇ ਗਿਆਨੀ ਨਹੀਂ ਸਨ, ਕਰਣੀ ਵਾਲੇ ਧੁਰੋਂ ਆਏ ਸਨ।

***ਜੌਹਰੀ ਪਾਉਂਦੇ ਕੀਮਤਾਂ,***
***ਦੁਖ ਮਿਟਾਵੇ ਪੀਰ।***

੧੯੨੩ ਵਿਚ ਆਪ ਜੀ ਦਾ ਮਿਲਾਪ, ਅਗਸਤ ਵਿਚ ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨਾਲ ਹੋਇਆ। ਉਹਨਾਂ ਦੀ ਅਤਰ ਸੁਗੰਧੀ ਸੰਸਾਰ ਵਿਚ ਫੈਲ ਰਹੀ ਸੀ। ਐਉਂ ਲੱਗਿਆ ਕਿ ਅਤਰ ਲਈ ਗੁਲਾਬ ਆਪ ਹੀ ਆ ਗਿਆ। ਇਕੋ ਨਜ਼ਰ ਵਿਚ ਆਪਨੂੰ ਪਛਾਣਿਆ ਗਿਆ। ਅੰਮ੍ਰਿਤ ਛਕਾ ਕੇ ਨਾਮ ਦੀ ਦਾਤ, ਨਾਮ ਦੀ ਸੁਖੈਨ ਜੁਗਤ, ਚਿਤ ਨੂੰ ਇਕਾਗਰ ਕਰਨ ਦੇ ਭੇਦ, ਸ਼ਬਦ ਸੁਰਤ ਦੇ ਨਾਮ ਮਾਰਗ ਦੀ ਸੋਝੀ ਬਖਸ਼ ਦਿਤੀ। ਇਮਤਿਹਾਨ ਦੇਣ ਲਈ ਵਾਪਸ ਭੇਜ ਦਿਤੇ, ਪਰ ਹੁਣ ਨਾਮ ਦੇ ਰਸ, ਨਾਮ-ਨਾਮੀ ਦੇ ਪਿਆਰ ਦਾ ਵੇਗ ਸੁਰਤੀ ਉਪਰ ਐਨਾ ਪ੍ਰਬਲ ਛਾ ਗਿਆ ਕਿ ਹਰ ਵਕਤ ਸੁਰਤਿ ਅੰਤਰ ਮੁਖ ਹੋ ਕੇ ਅਕਹਿ ਚਰਨ ਕਮਲੀ ਮੌਜ ਵਿਚ ਲੀਨ ਹੋ ਗਈ। ਇਮਤਿਹਾਨ ਕਿਵੇਂ ਦਿਤਾ, ਕੀਹਨੇ ਦਿਤਾ, ਇਹ ਗੱਲਾਂ ਜਾਨਣ ਦੀ ਲੋੜ ਨਹੀਂ। ਆਪ ਦੀ ਅਵਸਥਾ ਕੁਝ ਅਜੇਹੀ ਸੀ -

***ਕਬੀਰ ਸਤਿਗੁਰ ਸੂਰਮੇ***
***ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ***
***ਪਰਾ ਕਰੇਜੇ ਛੇਕੁ॥***

***ਅੰਗ - ੧੩੭੪***

ਆਲਸ, ਨੀਂਦ, ਭੁੱਖ, ਤੇਹ, ਦਿਲ ਪਰਚਾਵੇ ਦੀਆਂ ਗੱਲਾਂ ਸੁਪਨਾ ਬਣ ਗਈਆਂ। ਨੇਤਰਾਂ ਵਿਚ ਅਰੋਕ ਅਥਰੂ ਵਗਣੇ, ਅੰਦਰਲੇ ਦਾ ਪ੍ਰਤੀਕ ਪਰਗਟ ਹੋ ਰਹੇ ਸਨ।

***ਸਾਂਈ ਵਾਲੇ ਸੁਖ ਨ ਸੌਂਦੇ***
***ਅਤੇ ਰਜ ਨ ਖਾਂਦੇ ਰੋਟੀ।***
***ਔਰਤ ਦੇਖ ਓਹ ਨਾਹਿ ਲੁਭਾਵਨਿ,***
***ਚਾੜ੍ਹੀ ਅਸਲ ਲੰਗੋਟੀ।***
***ਮਨ ਤੇ ਸਭ ਮਨਵਾਵਣ ਅਪਣੀ,***
***ਸਚ ਦੀ ਮਾਰ ਕਸੌਟੀ।***
***ਚੂਹੜ ਸਾਂਈ ਵਾਲਾ ਕੋਈ,***
***ਹੋਰ ਸਗਲੀ ਖਲਕਤ ਖੋਟੀ।***

***ਪੰਨਾ - ੭੧ (ਰੂਹਾਨੀ ਸੰਦੇਸ਼)***

ਆਪ ਪਿਆਰ ਵਿਚ ਪੂਰੀ ਤਰ੍ਹਾਂ ਵਿਕ ਗਏ। ਗੁਲਾਬ ਤੋਂ ਈਸ਼ਰ ਬਨਣ ਲਗੇ। ਆਪਾ ਚਰਨਾਂ ਵਿਚ ਭੇਟ ਕਰ ਦਿਤਾ। ਆਪਣੇ ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਲੀਨ ਹੋ ਕੇ ਉਹਨਾਂ ਦੀ ਰਜ਼ਾ ਵਿਚ ਆਪਣੀ ਹਸਤੀ ਰਲਾ ਦਿਤੀ। ਮੁਰਦੇ ਵਾਂਗੂੰ ਅਚਾਹ, ਅਫੁਰ ਹੋ ਕੇ ਹੁਕਮੀ ਘਾਲ ਘਾਲਦੇ ਰਹੇ। ਪਿਆਰ ਵਿਚ ਆਪਾ ਵੇਚ ਕੇ ਗੁਲਾਮ ਬਣ ਗਏ। ਖਾਣਾ, ਸੌਣਾ, ਭੁੱਖ ਤੋਂ ਬੇਪ੍ਰਵਾਹ ਕਾਰੇ ਜੁਟੇ ਰਹਿੰਦੇ। ਜਿਨ੍ਹਾਂ ਨੇ ਇਹ

ਕਰੜੀ ਘਾਲ ਅਖੀਂ ਵੇਖੀ। ਉਹ ਵੇਖ-ਵੇਖ ਕੇ ਆਪਣੇ ਸੀਸ ਸ਼ਰਧਾ ਵਿਚ ਨਿਵਾਉਂਦੇ ਸਨ। ਇਕ ਵਾਰੀ ਇਕ ਪ੍ਰੇਮੀ ਅੰਮ੍ਰਿਤ ਵੇਲੇ ਹੀ ਸੰਤ ਅਤਰ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ। ਕੀ ਦੇਖਦਾ ਹੈ ਕਿ ਇਹਨਾਂ ਦੇ ਗੜਵਈ, ਦਰਵਾਜ਼ੇ ਤੇ ਅਫੁਰ ਸਮਾਧੀ ਵਿਚ ਸੰਸਾਰ ਭੁੱਲੀਂ ਅਡੋਲ ਬੈਠੇ ਹਨ ਪਰ ਮੱਥੇ ਉਪਰ ਮਿਟੀ ਦਾ ਨਿਸ਼ਾਨ ਹੈ ਜੋ ਇਸ ਗਲ ਦਾ ਪ੍ਰਤੀਕ ਹੈ ਕਿ ਨੀਂਦ ਦਾ ਮੁਕਾਬਲਾ ਕਰਦਿਆਂ ਆਪ ਜੀ ਦਾ ਮਸਤਕ ਧਰਤੀ ਨਾਲ ਛੋਹਿਆ ਗਿਆ ਹੋਣਾ ਹੈ।

ਹਰ ਵਕਤ ਬੈਰਾਗ ਦੇ ਪ੍ਰਬਲ ਵੇਗ ਦੀ ਰੋੜ ਵਿਚ ਰੁੜ੍ਹੇ ਰਹਿੰਦੇ। ੧੯੨੪ ਅਪ੍ਰੈਲ ਤੋਂ ਇਕ ਰਸ ਸੇਵਾ, ਸਿਮਰਨ, ਹਰੀ ਕੀਰਤਨ ਵਿਚ ਲੀਨ ਰਹਿੰਦੇ। ਵੱਡੇ ਮਹਾਂਪੁਰਸ਼ਾਂ ਨਾਲ ਹੀ ਸੈਦੂ ਸਾਹਿਬ ਦੀ ਯਾਤਰਾ ਲਈ ਗਏ। ਆਪ ਮੈਨੂੰ ਕਈ ਵਾਰੀ ਦਸਿਆ ਕਰਦੇ ਕਿ ਲੁੰਡੇ ਦਰਿਆ ਵਿਚ ਇਸ਼ਨਾਨ ਕਰਕੇ ਐਨਾ ਜ਼ੋਰ ਠੰਡ ਦਾ ਪੈਣਾ ਕਿ ਕਮੀਜ਼ ਦੇ ਬਟਨ ਭੀ ਨਾ ਲਾ ਸਕਣੇ। ਕਿਨਾਰੇ ਤੇ ਹੀ ਆਸਣ ਲਾ ਲੈਣਾ, ਦਿਨ ਦੇ ਦਸ ਵੱਜ ਜਾਣੇ, ਧੁੱਪ ਚੜ੍ਹ ਆਉਣੀ, ਸਰੀਰ ਵਿਚ ਨਿੱਘ ਵਰਤਣੀ, ਫਿਰ ਸੁੰਨ ਦੂਰ ਹੋਣ ਤੇ ਸਾਵਧਾਨ ਹੋਣਾ। ਵੱਡੇ ਸੰਤਾਂ ਨੇ ਇਸ ਅਕਥ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਕਫਣੀ ਪਹਿਨਾ ਕੇ ਬਚਨ ਕੀਤਾ ਹੁਣ ਸੰਸਾਰ ਵਲੋਂ ਮੁਰਦਾ ਹੋ ਕੇ ਗੁਰੂ ਸੇਵਾ ਵਿਚ ਜਿਉਣਾ। ਦੁਨੀਆਂ ਦੀ ਉਸਤਤਿ-ਨਿੰਦਿਆ, ਮਾਣ-ਅਪਮਾਨ, ਆਦਰ-ਅਨਾਦਰ ਤੋਂ ਅਛੋਹ ਰਹਿ ਕੇ ਆਤਮ- ਪ੍ਰਮਾਤਮ ਦੀ ਅੰਦਰੋਂ ਹੀ ਖੋਜ ਕਰਨੀ ਹੈ। ਜੀਰਾਂਦ ਵਿਚ ਵਰਤਣਾ ਹੈ -

***ਦਰਵੇਸਾਂ ਨੋ ਲੋੜੀਐ***
***ਰੁਖਾਂ ਦੀ ਜੀਰਾਂਦਿ॥***

***ਅੰਗ - ੧੩੮੧***

***ਖੋਦ ਖਾਦ ਧਰਤੀ ਸਹੇ,***
***ਕਾਟ ਕੂਟ ਬਨਰਾਇ॥***
***ਬੋਲ ਕਬੋਲ ਸਾਧੂ ਸਹੈ,***
***ਅਵਰ ਪੈ ਸਹਿਆ ਨ ਜਾਇ॥***

ਸਬਰ ਸ਼ੁਕਰ ਨੂੰ ਸਾਥੀ ਬਣਾਉਣਾ ਹੈ। ਲੋਹਾ ਕੰਚਨ ਨੂੰ ਇਕ ਸਮਾਨ ਜਾਣ ਕੇ ਸਮਾਨ ਬਿਰਤੀ ਧਾਰਨ ਕਰਨੀ ਹੈ।

੨੧ ਜਨਵਰੀ ੧੯੨੭ ਨੂੰ ਵੱਡੇ ਮਹਾਂਪੁਰਸ਼ ਸਚਖੰਡ ਲੀਨ ਹੋ ਗਏ। ਵਿਛੋੜਾ ਅਸਹਿ ਸੀ। ਆਪ ਜੀ ਦਿਨ ਰਾਤ ਬੈਰਾਗ ਦਾ ਹੀ ਰੂਪ ਬਣੇ ਰਹਿੰਦੇ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ***
***ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ***
***ਜੀਐ ਤ ਬਉਰਾ ਹੋਇ॥***

***ਅੰਗ - ੧੩੬੮***

ਹਰ ਸਮੇਂ ਆਪ ਜੀ ਲਿਵ ਮੰਡਲ ਵਿਚ ਹੀ ਪ੍ਰਵੇਸ਼ ਰਖਦੇ। ਅਗਲੇ ਸਾਲ ਆਪ ਜੀ ਨੂੰ ਰਾੜੇ ਸਾਹਿਬ ਵਾਲੀ ਢੱਕੀ ਦੇ ਮਹਾਨ ਪੁੰਨ ਕਰਮਾਂ ਨੇ ਖਿਚ ਪਾਈ। ਜੀਵਾਂ ਦੀ ਪ੍ਰਬਲ ਪੁੰਨ ਪ੍ਰਾਲਬਧ ਨੂੰ ਅਨੁਭਵ ਕੀਤਾ ਅਤੇ ਇਸ ਪੁੰਨ ਭੂਮੀ ਨੂੰ ਆਪ ਜੀ ਨੇ ਤਪੋ ਭੂਮੀ ਅਤੇ ਕਰਮ ਭੂਮੀ ਵਜੋਂ ਚੁਣਿਆ। ਸੰਸਾਰ ਨੂੰ ਸੋਝੀ ਪਾਉਣ ਲਈ ਆਪ ਜੀ ਨੇ ਗੁਰਮਤਿ ਮਾਰਗ ਅਨੁਸਾਰ ਘਾਲ ਕਮਾਈ ਆਰੰਭ ਦਿਤੀ। ਗੁਰੂ ਕਾ ਲੰਗਰ ੨੪ ਘੰਟੇ ਚਲਣ ਲਗਿਆ। ਜਗਿਆਸੂ, ਭੌਰਿਆਂ ਵਾਂਗੂੰ ਨਾਮ ਰਸ ਦੀ ਭਿੰਨੀ ਸੁਗੰਧੀ ਲੈਣ ਲਈ ਪਿਛਲੇ ਪੁੰਨਾਂ ਦੇ ਪ੍ਰੇਰੇ ਪੁਜ ਗਏ।

***ਰੇਤ ਅਕੁ ਅਹਾਰ ਕਰਿ ਰੋੜਾਂ ਦੀ***
***ਗੁਰ ਕਰੀ ਵਿਛਾਈ***
***ਭਾਰੀ ਕਰੀ ਤਪਸਿਆ ਵਡੇ ਭਾਗ ਹਰਿ***
***ਸਿਉ ਬਣਿ ਆਈ॥***

***ਭਾਈ ਗੁਰਦਾਸ ਜੀ, ਵਾਰ - ੧/੨੪***

ਆਪ ਜੀ ਦੇ ਸਾਹਮਣੇ ਉਪਰਲਾ ਲਕਸ਼ ਸੀ। ਬਹੁਤ ਸਾਰੇ ਪ੍ਰੇਮੀ ਬਾਣੀ ਦੇ ਪਾਠ, ਸੁਰਤਿ ਇਕਾਗਰ ਕਰਕੇ ਕਰਨ ਲਗੇ। ੨੫ ਸੁਖਮਨੀ ਸਾਹਿਬ ਦੇ ਪਾਠ ਸੁਰਤ ਨਾਲ, ੧੦੮-੧੦੮ ਜਪੁਜੀ ਸਾਹਿਬ ਦੇ ਪਾਠ, ਗੁਰੂ ਗਰੰਥ ਸਾਹਿਬ ਦੇ ਬਾਰਾਂ-ਬਾਰਾਂ ਘੰਟੇ ਪਾਠ, ਕੋਈ ਗੁਰਮੰਤ੍ਰ ਦਾ ਅਖੰਡ ਜਾਪ, ਕੋਈ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ॥', ਕੋਈ 'ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥,' ਕੋਈ

ਆਤਮ ਚਿੰਤਨ, ਕੋਈ ਬ੍ਰਹਮ ਬੀਚਾਰੁ ਆਦਿ ਪ੍ਰੇਮ ਕਰਮਾਂ ਵਿਚ ਲੀਨ ਹੋ ਗਏ। ਅਲਪ ਅਹਾਰ, ਸੁਲਪ ਸੀ ਨਿੰਦ੍ਰਾ ਦੇ ਧਾਰਨੀ ਹੋ ਗਏ। ਦਿਨ ਵਿਚ ਇਕ ਵਾਰੀ ਖਿਚੜੀ ਤੇ ਇਕ ਵਾਰੀ ਸਰਦਾਈ, ਲੱਸੀ ਜਾਂ ਦੁੱਧ ਦਾ ਗਲਾਸ ਮਿਲਦਾ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਰੇਤਲੇ ਟਿੱਬਿਆਂ ਵਿਚ ਬੈਠ ਜਾਣਾ। ਦੁਪਹਿਰੇ ਰੇਤ ਤਪ ਜਾਣੀ, ਲੂ ਚਲਦੀ ਰਹਿਣੀ, ਰੇਤ ਅਗਨ ਰੂਪ ਹੋ ਜਾਣੀ ਪਰ ਆਪ ਜੀ ਦੀ ਅਖੰਡ ਸਮਾਧਿ ਕਈ-ਕਈ ਦਿਨ ਖੰਡਿਤ ਨ ਹੋਣੀ। ਜੇ ਆਪ ਦਰਵਾਜ਼ਾ ਬੰਦ ਕਰਕੇ ਬੈਠ ਗਏ ਤਾਂ ਸੱਤ-ਸੱਤ ਦਿਨ ਦਰਵਾਜ਼ਾ ਨ ਖੁਲ੍ਹਣਾ। ਭਾਦਰੋਂ ਦੇ ਸਖਤ ਹੁੰਮੜਾਂ ਤੋਂ ਅਚੇਤ ਹੋ ਕੇ ਸੁਰਤ ਵਾਹਿਗੁਰੂ ਜੀ ਦੇ ਪ੍ਰੇਮ ਪ੍ਰੀਤੀ ਅਤਿ ਗਹਿਰੀ ਲੀਨਤਾ ਵਿਚ ਲਿਵਤਾਰ ਰਹਿਣੀ।

ਸਰਦੀਆਂ ਵਿਚ ਨਹਿਰ ਦੇ ਠੰਡੇ ਪਾਣੀ ਵਿਚ ਇਸ਼ਨਾਨ ਕਰ ਕੰਢੇ ਤੇ ਹੀ ਸੱਜ ਜਾਣਾ। ਇਕੋ ਖੱਦਰ ਦੀ ਚਾਦਰ ਤੇ ਇਕ ਖੱਦਰ ਦਾ ਚੋਲਾ ਹੀ ਹੁੰਦਾ ਸੀ। ਕਈ ਵਾਰੀ ਕੱਕਰ ਉਪਰ ਜੰਮ ਜਾਣਾ, ਦਿਨ ਚੜੇ ਸਮਾਧੀ ਤੋਂ ਉਥਾਨ ਹੋਣਾ, ਏਹੋ ਕ੍ਰਿਆ ਉਸ ਸਮੇਂ ਦੇ ਨਾਲ ਬੈਠਦੇ ਸਾਥੀਆਂ ਦੀ ਸੀ।

***ਇਹ ਬਿਧਿ ਕਰਤ ਤਪਸਿਆ ਭਯੋ॥***
***ਦ੍ਵੈ ਤੇ ਏਕ ਰੂਪ ਹੋ ਗਯੋ॥***

ਅਲਪ ਆਹਾਰ, ਸੁਲਪ ਸੀ ਨਿੰਦ੍ਰਾ ਕਾਰਨ ਸਰੀਰ ਤਾਂ ਪਿੰਜਰ ਹੀ ਬਣ ਗਿਆ ਪਰ ਚੇਹਰੇ ਦੀ ਆਭਾ ਰੋਸ਼ਨੀ ਦੀ ਭਾਅ ਮਾਰਦੀ ਰਾਤ ਦੇ ਅਨ੍ਹੇਰੇ ਵਿਚ ਨੂਰੀ ਕਿਰਣਾਂ ਝਰਦੀਆਂ ਰਹਿਣੀਆਂ। ਤਪ-ਤੇਜ਼ ਰਾਹੀਂ ਜਲਾਲ ਐਨਾ ਵਧ ਗਿਆ ਕਿ ਆਪਦੇ ਨੇਤ੍ਰਾਂ ਵਲ ਵੇਖ ਹੀ ਨਹੀਂ ਸੀ ਹੁੰਦਾ। Megnetic ਪ੍ਰਭਾਵ, ਨੇਤਰਾਂ ਵਿਚ ਐਨਾ ਪ੍ਰਬਲ ਹੋ ਗਿਆ ਕਿ ਜੇ ਇਕ ਵਾਰੀ ਝਾਕ ਲੈਂਦੇ ਤਾਂ ਅੰਦਰ ਝਰਨਾਟਿਆ ਜਾਣਾ ਅਤੇ ਆਪੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਣਾ ਅਤੇ ਕਈ-ਕਈ ਦਿਨ ਨ ਬੰਦ ਹੋਣਾ।

ਕੋਈ ਅੰਦਰੂਨੀ ਅਵਸਥਾ ਵਾਰੇ ਕੁਝ ਭੀ ਕਹਿ ਨਹੀਂ ਸਕਦਾ ਕਿਉਂਕਿ ਮਹਾਂਪੁਰਖ ਆਪਣੀਆਂ ਅਵਸਥਾਵਾਂ ਦੇ ਇਸ਼ਤਿਹਾਰ ਨਹੀਂ ਕੱਢਦੇ -

***ਹੋਨਿ ਨਜ਼ੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ॥***

***ਅੰਗ - ੧੩੮੪***

ਪਰ ਕਦੇ-ਕਦੇ ਕਿਸੇ ਜਗਿਆਸੂ ਦੇ ਭਲੇ ਲਈ ਕੁਝ ਕੁ ਪਰਗਟ ਭੀ ਕਰ ਦਿੰਦੇ ਸਨ। ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ, ਦਿੱਲੀ ਤੋਂ ਇਕ ਪ੍ਰੇਮੀ ਨੇ ਤੁਹਾਡਾ ਜੀਵਨ ਲਿਖਣ ਦੇ ਫੁਰਨੇ ਨਾਲ ਮੈਥੋਂ ਕੁਝ ਤਥ ਮੰਗੇ ਹਨ। ਆਪ ਨੇ ਫੁਰਮਾਇਆ ਕਿ ਸੰਤਾਂ ਦਾ ਜੀਵਨ ਕੋਈ ਸਾਧੂ ਹੀ ਲਿਖ ਸਕਦਾ ਹੈ, ਲਿਖਾਰੀ ਨਹੀਂ। ਲਿਖਾਰੀ ਨੇ ਬਾਹਰਲੀਆਂ ਘਟਨਾਵਾਂ ਲਿਖਣੀਆਂ ਹਨ। ਅੰਦਰਲੀਆਂ ਵਾਰੇ ਉਸਨੂੰ ਗਿਆਨ ਨਹੀਂ। ਮੇਰੇ ਬਾਰ-ਬਾਰ ਪੁੱਛਣ ਤੇ ਫੁਰਮਾਇਆ ਕਿ ਅਸੀਂ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ। ਰਾਤਾਂ, ਪਲੰਘਾਂ ਤੇ ਨਹੀਂ, ਸਫਾਂ ਅਤੇ ਭੂਮੀ ਤੇ ਹੀ ਕੱਟੀਆਂ ਸਨ। ਫਿਰ ਨਾਮ ਦੀ ਅਵਸਥਾਵਾਂ ਵਾਰੇ ਦਸਦਿਆਂ ਕਿਹਾ ਕਿ ਜਦੋਂ ਅਸੀਂ ਸਹੰਸਰਾਰ, ੧੦੦੦ ਪੱਤੀਆਂ ਵਾਲੇ, ਅਤਿ ਰੋਸ਼ਨੀ ਵਾਲੇ ਚੱਕਰ ਵਿਚੋਂ ਲੰਘ ਰਹੇ ਸੀ ਤਾਂ ਰੂਹਾਨੀ ਸ਼ਕਤੀਆਂ, ਜੋ ਕਾਲ ਮੰਡਲ ਦੀ ਆਖਰੀ ਰੇਖਾ ਉਤੇ ਰੂਹ ਨੂੰ ਭੁਲਾਉਣ ਲਈ ਖੜ੍ਹੀਆਂ ਹੁੰਦੀਆਂ ਹਨ; ਪਹਿਲਾਂ ਆਪੋ-ਆਪਣੀ ਸ਼ਕਤੀ ਦਾ ਪਰੀਚਾ ਕਰਾ ਕੇ ਦਸ ਰਹੀਆਂ ਸਨ ਕਿ ਮੈਂ ਅੰਤਰਜਾਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਮੇਰੇ ਕੌਤਕ ਵੇਖੋ; ਕੋਈ ਅਵਾਜ਼ ਦਿੰਦੀ ਸੀ - ਮੈਂ ਦੂਰ ਦਰਸ਼ਕਤਾ ਹਾਂ, ਤੀਜੀ ਕਹਿੰਦੀ ਸੀ ਮੈਂ ਪ੍ਰੇਰਨਾ ਸ਼ਕਤੀ ਹਾਂ, ਰਾਜੇ ਮਹਾਰਾਜੇ ਤੁਹਾਡੇ ਚਰਨਾਂ ਤੇ ਲਿਆ ਸਕਦੀ ਹਾਂ; ਕੋਈ ਕਹੇ ਤੁਹਾਨੂੰ ਹਵਾ ਵਿਚੀਂ ਹਜ਼ਾਰਾਂ ਮੀਲਾਂ ਤੇ ਇਕ ਫੁਰਨਾ ਕਰਦੇ ਹੀ ਪਹੁੰਚਾ ਸਕਦੀ ਹਾਂ।

ਅਸੀਂ ਬੈਰਾਗ ਦੀ ਪਰਬਲਤਾ ਕਰਕੇ ਕੋਈ ਧਿਆਨ ਨ ਦਿਤਾ। ਫਿਰ ਇਹ ਇਸਤਰੀ ਰੂਪ ਵਿਚ ਰੋ-ਰੋ ਕੇ, ਅੰਗੀਕਾਰ ਕਰਨ ਲਈ ਬੇਨਤੀਆਂ ਕਰਨ, ਪਰ ਅਸਾਡਾ ਨਿਸ਼ਾਨਾ ਕਾਲ ਮੰਡਲ ਤੋਂ ਨਿਰੰਕਾਰ ਮੰਡਲ ਦਾ ਹੋਣ ਕਰਕੇ ਇਹਨਾਂ ਦੀਆਂ

ਠਗਣੀਆਂ ਚਾਲਾਂ ਵਿਚ ਫਸ ਨ ਸਕਿਆ। ਫਿਰ ਜਦੋਂ ਨਾਮ ਮੰਡਲ ਵਿਚ ਸੁਰਤ ਦਾ ਨਿਵਾਸ ਹੋ ਜਾਂਦਾ ਹੈ ਤਾਂ ਇਹ ਪਿਛੇ ਲਗ ਤੁਰਦੀਆਂ ਹਨ –

*ਨਵਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*
*ਅੰਗ – ੬੪੯*

ਪਰ ਗੁਰਮੁਖ ਜਨ, ਫੇਰ ਭੀ ਇਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਕਿਉਂਕਿ ਇਹ ਸੇਵਾਦਾਰਨੀਆਂ ਬਣੀਆਂ ਭੀ ਕੁਟਲ, ਕਠੋਰ ਲੁਭਾਉਣ ਵਾਲੀਆਂ ਹਨ, ਭੀੜਾਂ ਇਕੱਠੀਆਂ ਕਰਦੀਆਂ ਹਨ।

ਆਪ ਦਇਆ ਕਰਕੇ ਫੁਰਮਾਉਣ ਲਗੇ ਕਿ ਅਕਾਲ ਮੰਡਲ ਵਿਚ ਸੁਰਤ, ਪ੍ਰਵੇਸ਼ ਕਰਦੇ ਹੀ ਆਪਾ ਭਾਵ ਗੁਆ ਬੈਠਦੀ ਹੈ ਅਤੇ ਇਹ ਨਿੱਕੀ ਹਉਂ, ਪਰਮ ਆਪੇ ਦਾ ਰੂਪ ਹੀ ਬਣ ਜਾਇਆ ਕਰਦੀ। ਇਸ ਅਵਸਥਾ ਤੇ ਪੁਜਿਆ 'ਸੰਤ' 'ਗੁਰਮਖਿ' 'ਮਹਾਂਪੁਰਸ਼' ਦੀ ਉਪਾਧੀ ਧਾਰਨ ਕਰਦਾ ਹੈ ਇਸੇ ਕਰਕੇ 'ਸੰਤ ਅਨਤੰਹਿ ਅੰਤਰੁ ਨਾਹੀ॥' ਜਾਂ 'ਬ੍ਰਹਮ ਗਿਆਨੀ ਆਪਿ ਪਰਮੇਸ਼ਰ' ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਜਿਨਾ ਨ ਵਿਸਰੈ ਨਾਮੁ*
*ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ*
*ਸਾਂਈ ਜੇਹਿਆ॥ ਅੰਗ – ੩੯੭*

ਪੂਰਨ ਰੂਪ ਵਿਚ ਆਪ ਜੀ ਬਖਸ਼ਸ਼ ਦਾ ਦਰ ਪ੍ਰਾਪਤ ਕਰਕੇ, ਹੁਕਮ ਅੰਦਰ ਸੰਸਾਰ ਨੂੰ ਨਾਮ ਮਾਰਗ ਤੇ ਪਾ ਕੇ ਸੁਖੀ ਕਰਨ ਲਈ ਕੀਰਤਨ ਮੰਡਲ ਰਚੇ। ਦੇਸਾਂ-ਪ੍ਰਦੇਸਾਂ ਵਿਚ ਲੱਖਾਂ ਜਗਿਆਸੂਆਂ ਨੂੰ ਜੀਵਨ ਦਾਨ ਦੀ ਦਾਤ ਬਖਸ਼ੀ। ਸਤ ਲੱਖ ਪ੍ਰਾਣੀਆਂ ਤੋਂ ਵੱਧ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪ੍ਰਭੂ ਪਿਆਰ ਵਿਚ ਪਰੋਏ, ਸਾਰੀ ਜ਼ਿੰਦਗੀ ਇਕ ਦਿਨ ਭੀ ਛੁਟੀ ਨਾ ਕੀਤੀ। ਆਪ ਕਿਹਾ ਕਰਦੇ ਸਨ ਕਿ ਭਾਈ ਤੁਹਾਨੂੰ ਸਭ ਨੂੰ ਛੁੱਟੀ ਹੋ ਜਾਂਦੀ ਹੈ, ਅਸਾਡੇ ਸਿਰ ਤੇ ਨਿਰੰਕਾਰ ਜੀ ਨੇ ਐਸੀ ਕਾਰ ਪਾਈ ਹੈ ਕਿ ਅਸਾਨੂੰ ਕਦੇ ਭੀ ਛੁੱਟੀ ਨਹੀਂ ਹੁੰਦੀ। ਅੰਮ੍ਰਿਤ ਵੇਲੇ ਜਾਗਣਾ, ਦਿਨੇ ਸੰਗਤਾਂ ਵਿਚ, ਰਾਤੀਂ ਕਥਾ ਕੀਰਤਨ, ਇਹ ਨਿੱਤ ਦਾ ਹੀ ਕਰਮ ਹੈ।

ਆਪ ਜੀ ਪੂਰਨ ਗਿਆਨਵਾਨ ਸਨ। ਕਈ ਪ੍ਰੇਮੀ ਖੇਦ ਮਹਿਸੂਸ ਕਰਨਗੇ ਜੇ ਮੈਥੋਂ ਇਹ ਕਹਿ ਹੋ ਜਾਵੇ ਕਿ ਆਪ ਜੀ ਦੇ ਸਰੀਰ ਵਿਚ ਪਰਮੇਸ਼ਰ ਹੀ ਦਰਸ਼ਨ ਦੇ ਰਹੇ ਸਨ। ਆਪ ਜੀ ਦੇ ਸੁਭਾਵ ਬਾਰੇ ਰੂਹਾਨੀ ਸੰਦੇਸ਼ ਪੰਨਾ ੨੦੮ ਵਿਚ ਅੰਕਿਤ ਹੈ –

*ਜਨਮੇ ਦੀ ਖੁਸ਼ੀ ਕਦੇ ਕੀਤੀ ਹੈ*
*ਨ ਆਪ ਜੀ ਨੇ*
*ਮਰੇ ਤਾਂ ਉਦਾਸੀ ਦਾ*
*ਨਾ ਕਦੇ ਪ੍ਰਭਾਓ ਹੈ।*
*ਦੁਨੀਆਂ ਦਾ ਦੁਖ ਸੁਖ ਜਾਣਦੇ*
*ਨੇ ਇਕੋ ਜਿਹਾ*
*ਵਰ ਤੇ ਸਰਾਪ ਦਾ ਨ*
*ਰਖਿਆ ਲਗਾਓ ਹੈ।*
*ਸੰਗਤ ਨਿਵਾਸ ਰਖੀ ਆਸ ਹੈ*
*ਨ ਕਿਸੇ ਦੇ ਵੀ*
*ਰਾਜੇ ਰੰਕ ਸੰਦਾ ਨਹੀ ਚਿਤ*
*ਮਹਿ ਡਰਾਓ ਹੈ।*
*ਜਪਦੇ ਹੀ ਸਤਿਨਾਮੁ ਨਿਤ*
*ਦੇਖੇ ਮੋਹਨ ਹਰਿ*
*ਕਾਹੂੰ ਸਿਓ ਨ ਵੈਰ*
*ਸੰਤ ਜੀ ਸੁਭਾਓ ਹੈ।*

ਸੰਤ ਮਹਾਰਾਜ ਜੀ ਨਿਰਾ ਹੀ ਪ੍ਰੇਮ ਰੂਪ ਸਨ। ਜਿਸਨੇ ਇਕ ਵਾਰ ਦਰਸ਼ਨ ਕਰ ਲਏ, ਖਿਚ ਖਾ ਗਿਆ। ਪਿਛਲਾ ਸੁਭਾਅ ਬਦਲ ਗਿਆ ਅਤੇ ਨਾਮ ਜਾਪ ਵਲ ਲਗ ਗਿਆ। ਆਪ ਜੀ ਮਾਇਆ ਵਲੋਂ ਪੂਰਨ ਤੌਰ ਤੇ ਨਿਰਚਾਹ ਸਨ। ਚੰਡੀਗੜ੍ਹ ਚਾਰ ਪੰਜ ਵਾਰੀ ਲਿਆ ਕੇ ਕੀਰਤਨ ਕਰਾਏ, ਦੀਵਾਨ ਤਿੰਨ-ਤਿੰਨ ਹਫਤੇ ਲਗਦੇ ਰਹੇ, ਬੇ-ਪਨਾਹ ਇਕੱਠ ਹੁੰਦੇ। ਕਮੇਟੀਆਂ ਦੀਆਂ ਗੋਲਕਾਂ ਨਕੋ-ਨੱਕ ਭਰ ਜਾਂਦੀਆਂ, ਪਰ ਮਾਇਆ ਗ੍ਰਸੀਆਂ ਕਮੇਟੀਆਂ, ਮਹਾਂਪੁਰਖਾਂ ਦੇ ਆਦਰ ਲਈ

੨੫੦ ਰੁਪੈ ਸਿਰੋਪਾ ਭੇਟ ਕਰਦੀਆਂ। ਸੰਤ ਮਹਾਰਾਜ ਜੀ ਆਪਣੇ ਪਾਸੋਂ ੫੦੦ ਰੁਪੈ ਕੱਢ ਕੇ, ਸਿਰੋਪੇ ਤੇ ਹੋਰ ਰੱਖ ਕੇ ਵਾਪਸ ਕਰ ਦਿੰਦੇ, ਉਹ ਕਮੇਟੀਆਂ ਦੀ ਮਾਇਕ ਭੁੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਲੰਡਨ ੧੯੭੪ ਵਿਚ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਵਿਚ ਕੀਰਤਨ ਕੀਤਾ। ਹਜ਼ਾਰਾਂ ਪੌਂਡਾਂ ਦਾ ਸਿਰੋਪਾ। ਜੋ ਅੱਜ ਕਲ ਦੇ ਕਈ ਲੱਖਾਂ ਦੇ ਬਰਾਬਰ ਹੈ, ਆਪ ਜੀ ਨੇ ਇਹ ਕਹਿ ਕੇ ਵਾਪਸ ਕਰ ਦਿਤਾ ਕਿ ਇਥੇ ਤੁਸੀਂ ਸੰਗਤਾਂ ਲਈ ਵੱਡਾ ਹਾਲ ਬਣਾਉ।

ਇਸ ਤਰ੍ਹਾਂ ਅਫਰੀਕਾ, ਇੰਗਲੈਂਡ ਆਦਿ ਦੂਰ ਇਲਾਕਿਆਂ ਵਿਚ ਗੁਰੂ ਨਾਨਕ ਗੁਰਮਤਿ ਸੰਦੇਸ਼ ਦਿਤਾ ਅਤੇ ਨਾਮ ਨਾਲ ਲੱਖਾਂ ਪ੍ਰੇਮੀ ਜੋੜੇ।

ਅੰਤ ਉਹ ਸਮੇਂ ਭੀ ਆ ਗਏ ਜਦੋਂ ਲੱਖਾਂ ਪ੍ਰੇਮੀਆਂ ਲਈ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਦੇ ਜਾਣਾ ਸਹਿਣਾ ਅਤਿ ਅਉਖਾ ਹੋ ਗਿਆ। ਆਪ ਜੀ ੪ ਅਗਸਤ ੧੯੦੫ ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ ੨੭ ਅਗਸਤ ੧੯੭੫ ਵਿਚ ਪੰਜ ਭੂਤਕ ਚੋਲਾ ਛੱਡ ਕੇ ਪ੍ਰੇਮੀਆਂ ਲਈ ਅਸਹਿ ਵਿਛੋੜਾ ਦੇ ਗਏ, ਜੋ ਅੱਜ ਭੀ ਸਹਿਨ ਨਹੀਂ ਕੀਤਾ ਜਾ ਸਕਦਾ, ਅਜੇ ਭੀ ਹੰਝੂ ਵਹਿ ਤੁਰਦੇ ਹਨ।

ਆਪ ਨੇ ਇਥੇ ਕੀ ਉਪਕਾਰ ਕੀਤੇ – ਕੌਣ ਗਿਣੇ, ਕੌਣ ਕਹੇ; ਅਕਹਿ ਹਨ। ਆਪ ਗਿਆਨ ਦੇ ਸੂਰਜ, ਪ੍ਰੇਮ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਅ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਸਨ – ਆਪ ਸਦੀਵੀ ਅਮਰ ਹਨ।

ਆਪ ਦੇ ਜੀਵਨ ਨਾਦ ਦੀ ਯਾਦ ਅੱਜ ਭੀ ਉਵੇਂ ਹੀ ਪ੍ਰੇਰਨਾ ਦੇ ਰਹੀ ਹੈ ਜਿਵੇਂ ਆਪ ਦਾ ਸਰੀਰਧਾਰੀ ਹੋਣ ਦੇ ਸਮੇਂ ਸੀ। ਆਪ ਤੋਂ ਵਰੋਸਾਏ ਹੋਏ ਆਪ ਦੇ ਪਿਆਰ ਰਸ ਮਾਣਦੇ ਭੌਰੇ ਉਸੇ ਚਾਲੀ ਤੇ ਚਲ ਕੇ, ਆਪ ਦੇ ਦਰਸਾਏ ਮਾਰਗ ਤੇ ਚਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ। ਇਕ ਫੁਲਾਂ ਦੇ ਗੁਲਦਸਤੇ ਦੇ ਰੂਪ ਵਿਚ ਸੰਸਾਰ ਨੂੰ ਸੁਗੰਧੀ ਪ੍ਰਦਾਨ ਕਰ ਰਹੇ ਹਨ। ਇਕ ਰਾੜਾ ਸਾਹਿਬ ਤੋਂ ਹੋਰ ਕਈ ਆਸ਼ਰਮ ਬਣ ਕੇ ਆਪ ਤੋਂ ਗੁਰਮਤਿ ਪ੍ਰਕਾਸ਼ ਪ੍ਰਾਪਤ ਕੀਤੇ ਨੂਰ ਨੂੰ, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁਪ ਹਨ੍ਹੇਰੀਆਂ ਕੋਠੜੀਆਂ ਵਿਚ, ਨਿਰਮਲ ਜੋਤਿ ਦੇ ਪ੍ਰਕਾਸ਼ ਨੂੰ ਸਮੋ ਕੇ ਪ੍ਰਕਾਸ਼ਿਤ ਕਰ ਰਹੇ ਹਨ।

ਉਹਨਾਂ ਦੀ ਯਾਦ, ਸਮੇਂ ਦੀ ਚਾਲ ਨਾਲ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਵਾਹਿਗੁਰੂ ਜੀ ਉਹਨਾਂ ਦੀ ਪਿਆਰੀ ਯਾਦ ਦਾ ਇਕ ਕਿਣਕਾ ਅਸਾਨੂੰ ਭੀ ਬਖਸ਼ਣ ਅਤੇ ਗੁਰੂ ਮੇਹਰ ਨਾਲ ਅਸਾਡਾ ਜੀਵਨ ਸਫਲ ਹੋਵੇ – ਇਹੋ ਤੀਬਰ ਕਾਮਨਾ ਹੈ।

## ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ॥
## ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ॥

ਜਦ ਤੋਂ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕੀਤੀ ਹੈ, ਜੀਵਨ ਦੇ ਅਨੇਕਾਂ ਰੰਗਾਂ ਦੇ ਵਿਚ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ, ਉਸ ਸਮੇਂ ਤੋਂ ਹੀ ਇਸ ਸ੍ਰਿਸ਼ਟੀ ਦਾ ਅਨੰਤ ਪ੍ਰਵਾਹ ਚਲ ਰਿਹਾ ਹੈ। ਇਸ earth planet ਦੇ ਉਤੇ ਜੋ ਰਚਨਾ ਰਚੀ ਗਈ ਹੈ, ਉਸਨੂੰ ਸਿਆਣਿਆਂ ਨੇ ੮੪ ਲੱਖ ਰੰਗਾਂ, ਰੂਪਾਂ, ਜੂਨਾਂ ਵਿਚ ਵੰਡਿਆ ਹੈ, ਜਿਸ ਉਪਰ ਸਾਰੇ ਪੂਰਬੀ ਮਤ ਸਹਿਮਤ ਹਨ ਅਤੇ ਇਹ ਵੀ ਮੰਨਦੇ ਹਨ ਕਿ ਰਚਨਾ ਵਿਚ ਦੋ ਪ੍ਰਵਾਹ ਵੱਖੋ-ਵੱਖਰੇ ਚਲ ਰਹੇ ਹਨ ਅਤੇ ਦੋਵੇਂ ਗਤੀਸ਼ੀਲ ਹਨ। ਇਕ ਦਾ ਨਾਮ ਪ੍ਰਕ੍ਰਿਤੀ (matter) ਹੈ ਅਤੇ ਦੂਜੇ ਦਾ ਨਾਮ ਜੀਵ ਤੱਤ ਹੈ। ਇਨ੍ਹਾਂ ਵਿਚੋਂ ਜਦੋਂ ਪ੍ਰਕ੍ਰਿਤੀ ਦਾ ਨਾਸ਼ ਹੁੰਦਾ ਹੈ ਤਾਂ ਇਹ ਆਪਣੇ ਪੰਜਾਂ ਤੱਤਾਂ ਦੇ ਵਿਚ ਸਮਾ ਜਾਇਆ ਕਰਦੀ ਹੈ। ਨਾ ਕੁਛ ਘਟਦਾ ਹੈ ਅਤੇ ਨਾ ਹੀ ਕੁਛ ਵਧਦਾ ਹੈ, ਕੇਵਲ ਬਣਿਆ ਹੋਇਆ ਰੂਪ ਨਸ਼ਟ ਹੋ ਜਾਂਦਾ ਹੈ ਪਰ ਇਸਦੇ ਸੂਖਸ਼ਮ ਤੱਤ, ਪਉਣ: ਪਉਣ ਵਿਚ, ਅਕਾਸ਼: ਅਕਾਸ਼ ਵਿਚ, ਅਗਨ: ਅਗਨ ਵਿਚ, ਪਾਣੀ: ਪਾਣੀ ਵਿਚ ਅਤੇ ਮਿੱਟੀ: ਮਿੱਟੀ ਵਿਚ ਸਮਾ ਜਾਂਦੇ ਹਨ। ਪਰ ਦੂਜਾ ਜੋ ਜੀਵ ਤੱਤ ਹੈ, ਇਹ ਹੌਲੀ-ਹੌਲੀ ਤਰੱਕੀ ਕਰਕੇ ਅਨੇਕਾਂ ਰੂਪਾਂ ਰੰਗਾਂ ਵਿਚੀਂ ਹੁੰਦਾ ਹੋਇਆ, ਪ੍ਰਕ੍ਰਿਤੀ ਨਾਲ ਮਿਲਕੇ ਨਵੀਆਂ ਅਨੇਕ ਕਿਸਮ ਦੀਆਂ ਸ਼ਕਲਾਂ ਧਾਰਦਾ ਹੋਇਆ, ਕਿਸੇ ਉਚੀ ਅਵਸਥਾ ਵੱਲ ਨੂੰ ਵਧਦਾ ਜਾਂਦਾ ਹੈ। ਇਨ੍ਹਾਂ ਵੱਖੋ-ਵੱਖਰੇ ਰੂਪਾਂ ਰੰਗਾਂ ਵਾਲੀਆਂ ਜੂਨਾਂ ਦੀ ਗਿਣਤੀ ਅਨੁਭਵੀ ਮਹਾਂਪੁਰਸ਼ਾਂ ਨੇ ੮੪ ਲੱਖ ਗਿਣੀ ਹੈ ਪਰ ਇਕ-ਇਕ ਜੂਨ ਦੀ ਗਿਣਤੀ ਵਿਚ ਮਤਭੇਦ ਹੈ। ਸਾਰੇ ਇਕ ਗਿਣਤੀ ਉਪਰ ਸਹਿਮਤ ਨਹੀਂ ਹਨ ਪਰ ਜੋੜ ਉਪਰ ਸਹਿਮਤ ਹਨ। ਇਕ ਦਸਦੇ ਹਨ -

***ਬੀਸ ਸੌ ਸਥਾਵਰ ਜਾਨੋ॥***
***ਨੌ ਲਾਖ ਸਭ ਜਲਚਰ ਜਾਨੋ॥***
***ਗਿਆਰਾਂ ਲਾਖ ਪੂਰਨ ਕਵੀ ਗਾਏ॥***
***ਪੰਖੀ ਗਣ ਦਸ ਲਾਖ ਬਤਾਏ॥***
***ਤੀਸ ਲਾਖ ਪਸੂ ਜਾਨੋ ਭਾਈ॥***
***ਚਾਰ ਲਾਖ ਬਾਨਰ ਦੁਖ ਦਾਈ॥***
***ਜਬ ਇਹ ਚਉਰਾਸੀ ਮਿਟ ਜਾਏ ਤਬ***
***ਮਾਨੁਖ ਕੇ ਤਨ ਕੋ ਪਾਵੈ॥***

ਜੈਨ ਮਤ ਦੀ ਗਿਣਤੀ ਅਨੁਸਾਰ -

ਸੱਤ ਲੱਖ ਪ੍ਰਿਥਵੀ ਵਿਚ
ਸੱਤ ਲੱਖ ਜਲ ਵਿਚ
ਸੱਤ ਲੱਖ ਪਉਣ ਵਿਚ
ਸੱਤ ਲੱਖ ਅਗਨ ਵਿਚ
ਦੱਸ ਲੱਖ ਸ਼ਬਜ਼ੀਆਂ-ਭਾਜੀਆਂ ਵਿਚ
ਚੌਦਾਂ ਲੱਖ ਝਾੜੀਆਂ, ਬ੍ਰਿਛਾਂ ਆਦਿ
ਦੋ ਲੱਖ ਤੁਚਾ ਦੋ ਇੰਦ੍ਰੀਆਂ ਵਾਲੇ
ਦੋ ਲੱਖ ਤਿੰਨ ਇੰਦ੍ਰੀਆਂ ਵਾਲੇ
ਦੋ ਲੱਖ ਚਾਰ ਇੰਦ੍ਰੀਆਂ ਵਾਲੇ ਜਿਹੜੇ ਤਵਚਾ, ਨੱਕ, ਮੁੱਖ, ਨੇਤਰ ਵਾਲੇ ਹਨ
ਚਾਰ ਲੱਖ ਕਿਸਮ ਦੇ ਦੇਵਤਾ ਸਵਰਗ ਵਿਚ
ਚਾਰ ਲੱਖ ਕਿਸਮ ਦੇ ਜੀਵ ਨਰਕ ਵਾਸੀ
ਚੌਦਾਂ ਲੱਖ ਮਨੁੱਖ ਵਰਗੇ ਇਕ ਟੰਗੇ, ਦੋ ਟੰਗੇ ਆਦਿ
ਚਾਰ ਲੱਖ ਚਾਰ ਪੈਰਾਂ ਵਾਲੇ = ੮੪

ਗੁਰੂ ਮਹਾਰਾਜ ਜੀ ਨੇ ਭਾਵੇਂ ਕਿਸੇ ਕਿਸਮ ਦਾ ਵੇਰਵਾ ਗੁਰਬਾਣੀ ਵਿਚ ਨਹੀਂ ਦਿਤਾ ਪਰ ਇਸ਼ਾਰੇ ਮਾਤਰ ਆਪ ਫੁਰਮਾਨ ਕਰਦੇ ਹਨ-

***ਕੇਤੇ ਰੁਖ ਬਿਰਖ ਹਮ ਚੀਨੇ***
***ਕੇਤੇ ਪਸੂ ਉਪਾਏ॥***
***ਕੇਤੇ ਨਾਗ ਕੁਲੀ ਮਹਿ ਆਏ***
***ਕੇਤੇ ਪੰਖ ਉਡਾਏ॥ ਅੰਗ - ੧੫੬***

ਅਤੇ ਇਹ ਵੀ ਫੁਰਮਾਨ ਕੀਤਾ ਹੈ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***

***ਚਿਰੰਕਾਲ ਇਹ ਦੇਹ ਸੰਜਰੀਆ।।***
***ਕਈ ਜਨਮ ਸੈਲ ਗਿਰਿ ਕਰਿਆ।।***
***ਕਈ ਜਨਮ ਗਰਭ ਹਿਰਿ ਖਰਿਆ।।***
***ਕਈ ਜਨਮ ਸਾਖ ਕਰਿ ਉਪਾਇਆ।।***
***ਲਖ ਚਉਰਾਸੀਹ ਜੋਨਿ ਭ੍ਰਮਾਇਆ।।***
***ਅੰਗ - ੧੭੬***

ਸੋ ਐਸੇ ਤੱਤ ਬਚਨ ਪੜ੍ਹ ਕੇ, ਅਤੇ ਮੰਨ ਕੇ ਪਤਾ ਲਗਦਾ ਹੈ ਕਿ ਜੀਵ ਦਾ ਸਫਰ ਬਹੁਤ ਹੀ ਦੁਖਾਂ ਭਰਿਆ ਹੋਣ ਕਰਕੇ ਇਹ ਮਹਾਂਦੁਖ ਦੇ ਵਿਚ ਪਇਆ ਭਟਕਦਾ ਹੈ।

ਪ੍ਰਕ੍ਰਿਤੀ ਤਾਂ ਆਪਣੇ ਤੱਤਾਂ ਵਿਚ ਸਮਾ ਜਾਂਦੀ ਹੈ ਪਰ ਇਹ ਜੀਵ ਮਰਦਾ ਨਹੀਂ ਹੈ। ਪ੍ਰਕ੍ਰਿਤੀ ਦੀ ਸਮੁੱਚੀ ਹੋਂਦ ਦੇ ਕੁਝ ਅੰਸ਼ ਲੈ ਕੇ ਇਸਨੂੰ ਨਵਾਂ ਸਰੀਰ ਮਿਲ ਜਾਂਦਾ ਹੈ। ਇਹ ਹਰ ਸਰੀਰ ਵਿਚੋਂ ਦੂਜੇ ਸਰੀਰ ਨੂੰ ਪ੍ਰਾਪਤ ਕਰਨ ਵੇਲੇ ਪਹਿਲੇ ਨਾਲੋਂ ਜ਼ਿਆਦਾ ਚੇਤਨਾ ਵਾਲਾ ਸਰੀਰ ਪ੍ਰਾਪਤ ਕਰਦਾ ਹੈ ਅਤੇ ਸਰੀਰ ਬਦਲਣ ਵੇਲੇ ਐਉਂ ਹੀ ਹੁੰਦਾ ਹੈ ਜਿਵੇਂ ਇਕ ਕਪੜਾ ਲਾਹ ਕੇ ਦੂਜਾ ਮਿਲ ਗਿਆ ਪਰ ਇਹ ਕਪੜਾ ਆਪਣੇ ਮਨ ਪਸੰਦ ਦਾ ਨਹੀਂ ਹੁੰਦਾ; ਜਿਹੋ ਜਿਹਾ ਸਰੀਰ ਰੂਪੀ ਕਪੜਾ ਪੁਆ ਦਿਤਾ, ਉਹੋ ਜਿਹਾ ਹੀ ਪਹਿਨਣਾ ਪੈਂਦਾ ਹੈ। ਸੋ ਇਸ ਤਰ੍ਹਾਂ ਇਹ ਜੀਵ ਹੌਲੀ-ਹੌਲੀ ਤਰੱਕੀ ਕਰਦਾ ਬੜੇ ਲੰਮੇ ਸਮੇਂ ਤੋਂ ਪਿਛੋਂ ਮਨੁੱਖ ਜਾਮਾ ਪ੍ਰਾਪਤ ਕਰਦਾ ਹੈ, ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਸੰਕੇਤ ਕੀਤਾ ਹੈ।

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ।।***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ।।***
***ਅੰਗ - ੬੩੧***

ਇਸ ਤਰ੍ਹਾਂ ਨਾਲ ਇਸ ਪ੍ਰਿਥਵੀ ਨੂੰ ਸਾਜਣ ਵਾਲੇ ਪ੍ਰਭੂ ਦੀ ਮਹਾਂਪੁਰਖਾਂ ਰਾਹੀਂ ਦਿਤੀ ਸਤਿ ਦੀ ਅਵਾਜ਼ ਹੈ, ਜਿਸ ਬਾਰੇ ਫੁਰਮਾਨ ਕਰਦੇ ਹਨ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ।।***
***ਗੋਬਿੰਦ ਮਿਲਣ ਕੀ***
***ਇਹ ਤੇਰੀ ਬਰੀਆ।।***
***ਅਵਰਿ ਕਾਜ ਤੇਰੈ ਕਿਤੈ ਨ ਕਾਮ।।***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।***
***ਸਰੰਜਾਮਿ ਲਾਗੁ ਭਵਜਲ ਤਰਨ ਕੈ।।***
***ਜਨਮੁ ਬ੍ਰਿਥਾ ਜਾਤ***
***ਰੰਗਿ ਮਾਇਆ ਕੈ।। ਅੰਗ - ੧੨***

ਅਤੇ ਇਸਨੂੰ ਸੁਚੇਤ ਕਰਦੇ ਹਨ ਕਿ ਇਸ ਦੇਹੀ ਦੇ ਅੰਦਰ ਹੀ ਪ੍ਰਭੂ ਦਾ ਨਿਵਾਸ ਹੈ ਜਿਸ ਨੂੰ ਮਿਲਣ ਲਈ ਹੇ ਜੀਵ! ਤੂੰ ਬਹੁਤ ਲੰਮਾ ਸਫਰ ਕਰਕੇ ਇਸ ਅਵਸਥਾ ਤਕ ਪਹੁੰਚਿਆ ਹੈਂ। ਕੁਝ ਹੋਸ਼ ਵਿਚ ਆ, ਕੁਝ ਸੁਰਤ ਵਿਚ ਆ; ਤੇਰੇ ਅੰਦਰ ਜਿਥੇ ਪ੍ਰਭੂ ਦਾ ਵਾਸਾ ਹੈ, ਉਥੇ ਤੇਰੇ ਅੰਤਸ਼ਕਰਣ ਵਿਚ ਜਨਮਾਂ ਜਨਮਾਤਰਾਂ ਦੀਆਂ ਲੱਗੀਆਂ ਹੋਈਆਂ ਮੈਲਾਂ ਅਤੇ ਉਨ੍ਹਾਂ ਦੇ ਘਟੀਆ ਸੰਸਕਾਰ ਐਉਂ ਭਰੇ ਪਏ ਹਨ ਜਿਵੇਂ ਇਕ ਵੱਡਾ ਚੁਵੱਚਾ ਬਹੁਤ ਹੀ ਬਦਬੂਦਾਰ ਗੰਦ-ਮੰਦ ਨਾਲ ਭਰਿਆ ਪਿਆ ਹੋਵੇ। ਪਸ਼ੂ ਬਿਰਤੀ ਦੇ ਭੋਗਾਂ ਦੀਆਂ ਰੁਚੀਆਂ ਵੈਰ, ਵਿਰੋਧ, ਕਾਮ ਵਾਸ਼ਨਾਵਾਂ, ਲੋਭ ਲਹਿਰਾਂ, ਕ੍ਰੋਧ ਦੇ ਭਿਆਨਕ ਅਸਰ, ਮੋਹ ਦਾ ਪੱਕਾ ਜਾਲ ਅਤੇ ਅਭਿਮਾਨ ਦੀਆਂ ਛੱਲਾਂ, ਤ੍ਰਿਸ਼ਨਾ ਦੇ ਭਾਂਬੜ, ਆਸਾ ਤੇ ਅੰਦੇਸ਼ਾ ਦੀਆਂ ਡੈਣਾਂ ਆਪਣੇ ਮੈਲੇ ਸੁਭਾਅ ਲੈ ਕੇ ਅੰਤਸ਼ਕਰਣ ਵਿਚ ਸੜਿਆਂਦ ਦਿੰਦੀਆਂ ਕੁਰਬਲ-ਕੁਰਬਲ ਕਰਦੀਆਂ ਅੰਸਾਂ ਹਨ ਜੋ ਇਸ ਜੀਵ ਨੂੰ ਆਪਣੇ ਵਲਗਣਾਂ ਵਿਚੋਂ ਕਿਸੇ ਤਰ੍ਹਾਂ ਵੀ ਨਿਕਲਣ ਨਹੀਂ ਦਿੰਦੀਆਂ। ਇਹ ਜੀਵ ਇਨ੍ਹਾਂ ਮੈਲਾਂ ਦੇ ਅਧੀਨ ਫਸਿਆ ਹੋਇਆ ਸਤਿ ਦੀ ਅਵਾਜ਼ ਨੂੰ ਸੁਣਦਾ ਹੀ ਨਹੀਂ ਅਤੇ ਅਜਿਹੇ ਕਰਮ ਕਰਦਾ ਹੈ ਜਿਨ੍ਹਾਂ ਦਾ ਫਲ ਭੋਗਣ ਲਈ ਇਸਨੂੰ ਨਰਕ ਮੰਡਲ ਵਿਚ ਜਾ ਕੇ ਮਹਾਂ ਦੁਖਦਾਈ ਫਲ ਭੋਗਣੇ ਪੈਂਦੇ ਹਨ ਅਤੇ ਉਸ ਥਾਂ ਤੋਂ ਫੇਰ ਹੇਠਾਂ ਨਖਿੱਧ ਜੂਨੀਆਂ ਵਿਚ ਸੁਟ ਦਿਤਾ ਜਾਂਦਾ ਹੈ ਅਤੇ ਲੰਮਾ ਚੱਕਰ ਇਸ ਦੇ ਗਲੇ ਪੈ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਸੰਗਿ ਸਹਾਈ ਸੁ ਆਵੈ ਨ ਚੀਤਿ।।***
***ਜੋ ਬੈਰਾਈ ਤਾ ਸਿਉ ਪ੍ਰੀਤਿ।।***
***ਬਲੂਆ ਕੇ ਗ੍ਰਿਹ ਭੀਤਰਿ ਬਸੈ।।***
***ਅਨਦ ਕੇਲ ਮਾਇਆ ਰੰਗਿ ਰਸੈ।।***
***ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ।।***
***ਕਾਲੁ ਨ ਆਵੈ ਮੂੜੇ ਚੀਤਿ।।***
***ਬੈਰ ਬਿਰੋਧ ਕਾਮ ਕ੍ਰੋਧ ਮੋਹ।।***

*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ*
*ਕਈ ਜਨਮ॥*
*ਨਾਨਕ ਰਾਖਿ ਲੇਹੁ*
*ਆਪਨ ਕਰਿ ਕਰਮ॥ ਅੰਗ - ੨੬੭*

ਇਸ ਤਰ੍ਹਾਂ ਨਾਲ ਇਹ ਜੀਵ ਅਣਗਿਣਤ ਸਮੇਂ ਤੋਂ ਭਟਕਦਾ ਮਹਾਨ ਦੁਖ ਭੋਗ ਰਿਹਾ ਹੈ ਪਰ ਜਦੋਂ ਫੇਰ ਮਨੁੱਖਾ ਜਨਮ ਦੀ ਵਾਰੀ ਆਉਂਦੀ ਹੈ ਤਾਂ ਇਹ ਫੇਰ ਠੱਗਿਆ ਜਾਂਦਾ ਹੈ ਕਿਉਂਕਿ ਇਸਦੀਆਂ ਚੇਤਨ ਇੰਦ੍ਰੀਆਂ ਜਿਨ੍ਹਾਂ ਨੇ ਇਸਦੀ ਰਾਖੀ ਕਰਨੀ ਸੀ, ਉਹ ਸਾਰੀਆਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਸਰ ਅਧੀਨ ਆਪ ਵੀ ਸੁੱਤੀਆਂ ਪਈਆਂ ਹਨ ਅਤੇ ਇਹ ਜੀਵ ਭੀ ਸੁਤਾ ਪਿਆ ਹੈ ਜਿਵੇਂ ਕਿ ਫੁਰਮਾਨ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ*
*ਬੋਲਹਿ ਅੰਮ੍ਰਿਤ ਬਾਣੀ॥ ਅੰਗ- ੯੨੦*

ਜਦੋਂ ਇਹ ਮਾਤਾ ਦੇ ਪੇਟ ਵਿਚ ਪੁੱਠਾ ਲਟਕ ਕੇ ਆਪਣੇ ਪ੍ਰਾਣਾਂ ਦੀ ਗਤੀ ਸੁਖਮਨਾ ਨਾੜੀ ਵਿਚ ਪ੍ਰਵੇਸ਼ ਹੋਣ ਕਰਕੇ ਰਹਿੰਦਾ ਹੈ ਤਾਂ ਇਸਨੂੰ ਪਿਛਲੇ ਸੈਂਕੜੇ ਜਨਮਾਂ ਦਾ ਗਿਆਨ ਪ੍ਰਾਪਤ ਹੋ ਜਾਇਆ ਕਰਦਾ ਹੈ। ਉਸ ਥਾਂ ਤੇ ਨਾਮ ਧੁਨ ਵਿਚ ਮਸਤ ਹੋ ਕੇ ਫੁਰਨਾ ਕਰਦਾ ਹੈ ਕਿ ਮੈਂ ਹੁਣ ਨਾਮ ਜਪਾਂਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੁਖਾਂ ਤੋਂ ਬਰੀ ਕਰ ਲਵਾਂਗਾ ਪਰ ਜਦੋਂ ਸੰਸਾਰ ਦੀ ਹਵਾ ਲਗਦੀ ਹੈ ਤਾਂ ਭੁੱਲ ਜਾਇਆ ਕਰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ -

*ਜੈਸੀ ਅਗਨਿ ਉਦਰ ਮਹਿ ਤੈਸੀ*
*ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ*
*ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ*
*ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ*
*ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥*
*ਅੰਗ - ੯੨੧*

ਅਤੇ ਫਿਰ ਫਸ ਜਾਂਦਾ ਹੈ -

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥ ਚਉਥੈ*
*ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਅੰਗ - ੧੩੭*

ਇਸਨੂੰ ਜਾਗ ਨਹੀਂ ਆਉਂਦੀ ਕਿਉਂਕਿ ਪੰਜ ਚੋਰਾਂ ਨੇ ਇਸ ਜੀਵ ਨੂੰ ਮਾਇਆ ਰੂਪੀ ਠਗਮੂਰੀ ਬੂਟੀ ਸੁੰਘਾ ਕੇ ਬੇਹੋਸ਼ ਕਰ ਰੱਖਿਆ ਹੈ। ਇਸ ਮਾਇਆ ਦਾ ਇਸ ਦੇ ਉਤੇ ਸਦਾ ਹੀ ਅਸਰ ਰਹਿੰਦਾ ਹੈ ਅਤੇ ਸੁੱਤਾ ਰਹਿੰਦਾ ਹੈ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥*
*ਅੰਧਾ ਜਗਤੁ ਅੰਧੁ ਵਰਤਾਰਾ*
*ਬਾਝੁ ਗੁਰੂ ਗੁਬਾਰਾ॥*
*ਅੰਗ - ੬੦੦*

ਇਸ ਦੇ ਸਾਰੇ ਰਾਖੇ ਸੁੱਤੇ ਪਏ ਹਨ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥*
*ਰਸਨਾ ਸੋਈ ਲੋਭਿ ਮੀਠੈ ਸਾਦਿ॥*
*ਮਨੁ ਸੋਇਆ ਮਾਇਆ ਬਿਸਮਾਦਿ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥*
*ਸਾਬਤੁ ਵਸਤੁ ਓਹੁ ਅਪਨੀ ਲਹੈ॥*
*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥*
*ਮੁਸਨਹਾਰ ਪੰਚ ਬਟਵਾਰੇ॥*
*ਸੂਨੇ ਨਗਰਿ ਪਰੇ ਠਗਹਾਰੇ॥*
*ਉਨ ਤੇ ਰਾਖੈ ਬਾਪੁ ਨ ਮਾਈ॥*
*ਉਨ ਤੇ ਰਾਖੈ ਮੀਤੁ ਨ ਭਾਈ॥*

***ਦਰਬਿ ਸਿਆਣਪ ਨਾ ਓਇ ਰਹਤੇ॥***
***ਸਾਧਸੰਗਿ ਓਇ ਦੁਸਟ ਵਸਿ ਹੋਤੇ॥***
***ਅੰਗ - ੧੯੨***

ਇਸੇ ਤਰ੍ਹਾਂ ਦੇ ਨਾਲ ਇਹ ਜੀਵ ਅਨੇਕ ਜੂਨਾਂ ਦੇ ਚੱਕਰ ਵਿਚ ਪਿਆ ਦੁਖੀ ਹੁੰਦਾ, ਵਿਰਲਾਪ ਕਰਦਾ ਰਹਿੰਦਾ ਹੈ ਪਰ ਇਸਨੂੰ ਕੁਝ ਨਹੀਂ ਸੁੱਝਦਾ ਕਿ ਕਿਸ ਤਰ੍ਹਾਂ ਇਸ ਪਰਮ ਦੁੱਖ ਦੇ ਵਿਚੋਂ ਛੁਟਕਾਰਾ ਪਾਵਾਂ। ਇਸ ਦੇ ਵਾਸਤੇ ਸ਼ੁਰੂ ਤੋਂ ਹੀ ਬਹੁਤ ਸਾਧਨ ਕਰਦਾ ਆਇਆ ਹੈ। ਬਹੁਤ ਸਾਰੇ ਸਾਧਨ ਅਤਿ ਕਠਨ ਹਨ ਜਿਵੇਂ ਕਿ ਹੱਠ ਯੋਗ ਵਿਚ ਨੇਤੀ, ਧੋਤੀ, ਬਸਤੀ, ਕਪਾਲੀ, ਤ੍ਰਾਕਟ ਆਦਿ ਅਨੇਕ ਸਾਧਨ ਹਨ ਤੇ ਪੰਜ ਮੁਦਰਾ ਖੇਚਰੀ, ਭੂਚਰੀ, ਚਰਚਰੀ, ਅਗੋਚਰੀ, ਉਨਮਨੀ ਆਦਿ ਕਰਨੀਆਂ, ਜੰਗਲਾਂ ਵਿਚ ਰਹਿਣਾ, ਭੁੱਖਾਂ, ਪਿਆਸਾਂ ਕੱਟਣੀਆਂ; ਦੂਸਰੇ ਹੋਰ ਸਾਧਨ ਹਨ ਜਿਵੇਂ ਕਿ ਪ੍ਰਾਣਾਯਾਮ ਕਰਕੇ, ਪ੍ਰਾਣਾਂ ਦੀ ਗਰਮੀ ਨਾਲ ਭਜੰਗਾ ਨਾੜੀ ਨੂੰ ਮੂਲਧਾਰ ਚੱਕਰ ਤੋਂ ਹਟਾਉਣਾ ਅਤੇ ਇਸ ਚੱਕਰ ਦੇ ਛਿਦ੍ਰ ਰਾਹੀਂ ਪ੍ਰਾਣ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰਕੇ ਸਵਾਧਿਸ਼ਠਾਨ ਚੱਕਰ, ਮਨਿਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁਧ ਚੱਕਰ ਵਿਚੀਂ ਹੁੰਦਾ ਹੋਇਆ ਪ੍ਰਾਣ ਆਗਿਆ ਚੱਕਰ ਵਿਚ ਲੈ ਕੇ ਜਾਣਾ। ਇਸ ਥਾਂ ਉਪਰ ਦੋ ਹੋਰ ਨਾੜੀਆਂ ਇੜਾ ਤੇ ਪਿੰਗਲਾ, ਸੁਖਮਨਾ ਦੇ ਨਾਲ ਮਿਲਦੀਆਂ ਹਨ ਜਿਸਨੂੰ ਤ੍ਰਿਵੇਣੀ ਕਹਿੰਦੇ ਹਨ ਅਤੇ ਇਥੋਂ ਪ੍ਰਾਣਾਂ ਨੂੰ ਤ੍ਰਿਕੁਟੀ ਦੇ ਵਿਚੋਂ ਲੰਘਾ ਕੇ ਸਹੰਸਰ ਦਲ ਕਮਲ ਦੇ ਮੰਡਲ, ਦਸਮ ਦੁਆਰ ਵਿਚ ਪ੍ਰਾਣ ਸਥਿਤ ਕਰਨੇ ਅਤੇ ਬਹੁਤ ਲੰਮੇ ਸਮੇਂ ਤਕ ਸਮਾਧੀ ਵਿਚ ਬੈਠੇ ਰਹਿਣਾ, ਉਮਰ ਵਧਾ ਲੈਣੀ ਜਿਵੇਂ ਕਿ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਵੇਲੇ ਇਕ ਯੋਗੀ ਨੂੰ ਸਰੋਵਰ ਪੁੱਟਣ ਵੇਲੇ ਮੱਠ ਵਿਚੋਂ ਕੱਢਿਆ ਗਿਆ, ਜੋ ਲੱਖਾਂ ਸਾਲਾਂ ਦਾ ਇਥੇ ਬੰਦ ਕੀਤੇ ਹੋਏ ਮੱਠ ਵਿਚ ਸਮਾਧਿਸ਼ਠ ਰਿਹਾ ਅਤੇ ਹੌਲੀ-ਹੌਲੀ ਉਸ ਦੇ ਉਪਰ ਇਤਨੀ ਮਿਟੀ ਉਚੀ ਹੋ ਗਈ ਕਿ ਉਹ ਸਰੋਵਰ ਪੁੱਟਣ ਵੇਲੇ ਹੀ ਹੇਠਾਂ ਤੋਂ ਕੱਢਿਆ। ਗੁਰੂ ਮਹਾਰਾਜ ਜੀ ਦੇ ਤੱਤ ਗਿਆਨ, ਉਪਦੇਸ਼ ਰਾਹੀਂ ਉਸ ਦੀ ਕਲਿਆਣ ਹੋਈ। ਇਸੇ ਤਰ੍ਹਾਂ ਦੇ ਨਾਲ ਗੁਰੂ ਦਸਵੇਂ ਪਾਤਸ਼ਾਹ ਵੇਲੇ ਮੁਕਤਸਰ ਦੇ ਨੇੜੇ ਪਿੰਡ ਜੋਗੀਪੁਰ ਵਿਚ ੫੧੦੦ ਸਾਲ ਤੋਂ ਵੱਧ ਉਮਰ ਦਾ ਇਕ ਯੋਗੀ ਗੁਰੂ ਮਹਾਰਾਜ ਜੀ ਦੀ ਚਰਨ ਸ਼ਰਨ ਆਇਆ ਅਤੇ ਗਿਆਨ ਪ੍ਰਾਪਤ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਹਾਸਿਲ ਕੀਤੀ।

ਬਹੁਤ ਸਾਰੇ, ਸਾਰੀ ਉਮਰ ਚੁੱਪ ਕਰਕੇ ਅਤੇ ਕਲਪਾਤੀ ਬਿਰਤੀ ਧਾਰ ਕੇ, ਵਸਤਰਾਂ ਤੋਂ ਬਿਨਾਂ ਜੰਗਲਾਂ ਵਿਚ ਜੰਗਲੀ ਜਾਨਵਰਾਂ ਵਾਂਗੂੰ ਘੁੰਮਦੇ ਰਹਿੰਦੇ ਸਨ ਤੇ ਇਸੇ ਭਾਵਨਾ ਨਾਲ ਬਹੁਤ ਜਗਿਆਸੂ ਧਰਤੀ ਦੇ ਉਤੇ ਭ੍ਰਮਣ ਕਰਦੇ ਰਹਿੰਦੇ ਸਨ ਅਤੇ ਸਾਰੇ ਤੀਰਥਾਂ ਦੇ ਇਸ਼ਨਾਨ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਦੀ ਲੋਚਾ ਰਖਦੇ ਸਨ। ਬਹੁਤ ਸਾਰੇ ਪਵਿੱਤਰ ਤੀਰਥਾਂ ਦੇ ਕੰਢਿਆਂ ਤੇ ਜਾ ਕੇ ਵਸਣਾ ਸ਼ੁਰੂ ਕਰ ਦਿੰਦੇ ਸਨ ਤੇ ਤੀਰਥਾਂ ਦਾ ਜਲ ਪਵਿੱਤਰ ਜਾਣ ਕੇ ਪਾਨ ਕਰਦੇ ਸਨ ਅਤੇ ਦਿਨ ਵਿਚ ਕਈ ਕਈ ਵਾਰੀ ਇਸ਼ਨਾਨ ਕਰਦੇ ਸਨ। ਬਹੁਤ ਸਾਰੇ ਐਸੇ ਜਗਿਆਸੂ ਸਨ ਜਿਨ੍ਹਾਂ ਦੇ ਮਨ ਵਿਚ ਇਹ ਭਾਵਨਾ ਹੁੰਦੀ ਕਿ ਦਾਨ ਕਰਕੇ ਪ੍ਰਭੂ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਇਸੇ ਹੀ ਸਿਧਾਂਤ ਦੇ ਮੁਤਾਬਿਕ ਸੋਨਾ, ਹਾਥੀ, ਘੋੜੇ, ਜ਼ਮੀਨ, ਇਥੋਂ ਤੱਕ ਕਿ ਆਪਣੀ ਇਸਤ੍ਰੀ ਨੂੰ ਪੂਰੇ ਗਹਿਣੇ ਪਾ ਕੇ ਦਾਨ ਕਰ ਦਿਆ ਕਰਦੇ ਸਨ ਅਤੇ ਬਹੁਤ ਵੱਡੀ ਕੀਮਤ ਦੇ ਕੇ ਇਸਤ੍ਰੀ ਨੂੰ ਵਾਪਿਸ ਲਿਆ ਕਰਦੇ ਸਨ। ਬਹੁਤ ਸਾਰੇ ਪ੍ਰੇਮੀ, ਪੂਜਾ, ਅਰਚਾ, ਡੰਡਉਤ ਅਤੇ ਖਟ ਕਰਮ ਵਿਚ ਪ੍ਰਵਿਰਤ ਰਹਿ ਕੇ ਪ੍ਰਭੂ ਦੇ ਮਿਲਾਪ ਦੀ ਪ੍ਰਬਲ ਇੱਛਾ ਮਨ ਵਿਚ ਰੱਖਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਜੋਗੀਆਂ ਵਾਲੇ ੮੪ ਆਸਨ ਕਰਦੇ ਸਨ, ਉਮਰਾਂ ਵਧਾ ਲੈਂਦੇ ਸਨ ਅਤੇ ਇਸ ਆਸ਼ਾ ਵਿਚ ਰਹਿੰਦੇ ਸਨ ਕਿ ਅਸਾਨੂੰ ੮੪ ਦੇ ਚੱਕਰ ਵਿਚੋਂ ਛੁਟਕਾਰਾ ਮਿਲੇ।

ਇਨ੍ਹਾਂ ਸਾਰੀਆਂ ਸਾਧਨਾਵਾਂ ਦਾ ਫਲ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਤਾਂ ਹੋ ਜਾਇਆ ਕਰਦੀ ਸੀ ਪਰ ਨਾਮ ਦੀ ਸ਼ਾਂਤੀ ਰੰਚਕ ਮਾਤ੍ਰ ਵੀ ਪ੍ਰਾਪਤ ਨਹੀਂ ਹੋਇਆ ਕਰਦੀ ਸੀ।

ਇਸ ਜੀਵ ਦੇ ਅੰਤਸ਼ਕਰਣ ਵਿਚ ਜਨਮਾਂ ਜਨਮਾਤਰਾਂ ਦੇ ਸੁਭਾਵਾਂ, ਵਰਤਾਰਿਆਂ ਤੇ ਪਕੜਾਂ ਦੀ ਮੈਲ ਐਨੀ ਲਗ ਚੁੱਕੀ ਸੀ ਕਿ ਇਸ ਦਾ ਅੰਤਸ਼ਕਰਣ, ਕਾਲਾ ਸਿਆਹ ਹੋ ਚੁਕਿਆ ਸੀ। ਜਦੋਂ ਤਕ ਇਸ ਮੈਲ ਦੀ ਅੰਸ਼ ਇਸਦੇ

ਅੰਤਸ਼ਕਰਣ ਵਿਚ ਰਹਿੰਦੀ ਹੈ, ਉਸ ਸਮੇਂ ਤਕ ਇਸਨੂੰ ਪ੍ਰਮ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ।

ਉਪਰ ਕਥੇ ਸਾਧਨ ਜਨ ਸਮੂੰਹ ਲਈ ਨਹੀਂ ਸਨ। ਕੋਈ ਵਿਰਲਾ-ਵਿਰਲਾ ਜਗਿਆਸੂ ਇਹ ਸਾਧਨ ਕਰਿਆ ਕਰਦਾ ਸੀ। ਬਾਕੀ ਜਨਤਾ ਲਈ ਸਤਿ ਨੂੰ ਅਪਨਾਉਣਾ, ਸਤਿ ਬੋਲਣਾ, ਸਤਿ ਸੋਚਣਾ, ਸਤਿ ਕਰਮ ਕਰਨੇ, ਸਤਿ ਦੇ ਆਧਾਰ ਤੇ ਜੀਵਨ ਜੀਉਣਾ ਅਤੇ ਯੱਗ, ਪੂਜਾ ਵਿਧੀ ਪੂਰਵਕ ਕਰਮ ਕਰਨੇ ਆਦਿ, ਵਿਧਾਨ ਸੀ। ਸਤਿਜੁਗ ਵਿਚ ਸਾਰੇ ਸਤਿ ਬੋਲਿਆ ਕਰਦੇ ਸਨ। ਤ੍ਰੇਤੇ ਜੁਗ ਵਿਚ ਬਹੁਤ ਕਿਸਮ ਦੇ ਯੱਗ ਕਰਕੇ ਸਵਰਗ ਮੰਡਲ ਵਿਚ, ਇੰਦ੍ਰ ਲੋਕ ਤੋਂ ਲੈ ਕਰ ਬੈਕੁੰਠ ਧਾਮ ਦੀ ਇੱਛਾ ਕਰਿਆ ਕਰਦੇ ਸਨ। ਦੁਆਪਰ ਯੁੱਗ ਦੇ ਵਿਚ ਅਨੇਕ ਕਿਸਮ ਦੀ ਪੂਜਾ ਕਰਕੇ ਆਪਣੇ ਧੇਅ ਨੂੰ ਪ੍ਰਾਪਤ ਕਰਨ ਲਈ ਜਤਨ ਕਰਦੇ ਸਨ ਪਰ ਕਲਜੁਗ ਦੇ ਆਉਣ ਨਾਲ ਮਨੁੱਖ ਦੇ ਆਚਾਰ, ਵਿਉਹਾਰ, ਆਹਾਰ ਉਪਰ ਇਕ ਦਮ ਅਸਰ ਹੋਣ ਕਰਕੇ ਉਪਰ ਕਥੇ ਕਰਮ ਕੇਵਲ ਦਿਖਾਵੇ ਮਾਤਰ ਰਹਿ ਗਏ, ਇਨ੍ਹਾਂ ਦੇ ਵਿਚੋਂ ਪੂਰੀ ਲਗਨ ਭਰੀ ਜਗਿਆਸਾ ਦਾ ਅਭਾਵ ਹੋ ਕੇ ਇਕ ਦਿਖਾਵਾ ਹੀ ਰਹਿ ਗਿਆ। ਇਨ੍ਹਾਂ ਹਾਲਾਤਾਂ ਨੂੰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਬਹੁਤ ਹੀ ਸੁਖੈਨ ਮਾਰਗ ਜੀਵ ਦੇ ਉਧਾਰ ਲਈ ਪ੍ਰਗਟ ਕੀਤਾ। ਇਕ ਕਥਾ ਦੀ ਵਿਚਾਰ ਕਰਕੇ ਸਾਨੂੰ ਇਹ ਸਿਧਾਂਤ ਅਪਨਾਉਣਾ ਹੋਰ ਵੀ ਸੁਖਾਲਾ ਹੋ ਜਾਂਦਾ ਹੈ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਪਾਂਡਵਾਂ ਸਮੇਤ ਸ਼ਸ਼ੋਭਤ ਸਨ ਕਿ ਅਚਾਨਕ ਆਪ ਦੇ ਮੁਖ ਤੋਂ ਨਿਕਲਿਆ ਕਿ ਹੁਣ ਕਲਜੁਗ ਆ ਗਿਆ ਹੈ। ਪਾਂਡਵ, ਕਲਜੁਗ ਦਾ ਨਾਮ ਸੁਣ ਕੇ ਕੁਛ ਠਠੰਬਰ ਗਏ ਕਿਉਂਕਿ ਕਲਜੁਗ ਨੂੰ ਬਹੁਤ ਹੀ ਭਿਆਨਕ ਜੁਗ ਗਿਣਿਆ ਗਿਆ ਸੀ। ਉਸ ਵੇਲੇ ਸਾਰਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਕਲਜੁਗ ਦਾ ਵਰਤਾਰਾ ਕਿਵੇਂ ਦਾ ਹੋਵੇਗਾ? ਤਾਂ ਆਪ ਨੇ ਫੁਰਮਾਨ ਕੀਤਾ ਕਿ ਕੱਲ ਨੂੰ ਜਦੋਂ ਚਿਤ ਨੂੰ ਇਕਾਗਰ ਕਰਕੇ ਯੋਗ ਸਾਧਨ ਵਿਚ ਪ੍ਰਵਿਰਤ ਹੋਵੋਂਗੇ, ਉਸ ਵੇਲੇ ਤੁਹਾਨੂੰ ਕੁਝ ਭਵਿੱਖਤ ਦੇ ਦ੍ਰਿਸ਼ ਅਨੁਭਵ ਹੋਣਗੇ। ਉਨ੍ਹਾਂ ਤੋਂ ਕੁਝ ਸੰਕੇਤ ਆਪ ਨੂੰ ਕਲਜੁਗ ਦੇ ਵਰਤਾਰੇ ਬਾਰੇ ਪ੍ਰਗਟ ਹੋਣਗੇ।

ਦੂਸਰੇ ਦਿਨ ਸਾਰਿਆਂ ਨੇ ਅਜੀਬ ਦ੍ਰਿਸ਼ ਅਨੁਭਵ ਕੀਤੇ ਅਤੇ ਉਸਦਾ ਅਸਲੀ ਭਾਵ ਜਾਨਣ ਲਈ ਕ੍ਰਿਸ਼ਨ ਮਹਾਰਾਜ ਕੋਲ ਬੇਨਤੀ ਕੀਤੀ।

ਨਕੁਲ ਨੇ ਕਿਹਾ ਕਿ ਮੈਂ ਦੇਖਿਆ, ਇਕ ਖੇਤ ਹਰਿਆ ਭਰਿਆ, ਫਲ ਤੇ ਆਇਆ ਲਹਿਲਹਾ ਰਿਹਾ ਹੈ। ਮੇਰੇ ਵੇਖਦੇ-ਵੇਖਦੇ ਜੋ ਖੇਤ ਦੀ ਰਾਖੀ ਲਈ ਬਾੜ ਕੀਤੀ ਗਈ ਸੀ, ਉਸਨੂੰ ਮੂੰਹ ਲਗ ਗਏ। ਉਸ ਬਾੜ ਨੇ ਚਲ ਕੇ ਸਾਰੇ ਖੇਤ ਨੂੰ ਖਾ ਲਿਆ ਅਤੇ ਖੇਤ ਰੁੰਡ-ਮੁੰਡ ਹੋ ਗਿਆ। ਇਸ ਦਾ ਤਾਤਪ੍ਰਜ ਕੀ ਹੋਇਆ?

ਤਾਂ ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕਲਜੁਗ ਦੇ ਅੰਦਰ ਜੋ ਰਾਜੇ ਹੋਣਗੇ, ਉਹ ਕਸਾਈਆਂ ਦਾ ਰੂਪ ਧਾਰ ਕੇ ਪ੍ਰਜਾ ਨੂੰ ਕੋਹਣਗੇ ਅਤੇ ਲੁਟਣਗੇ। ਪ੍ਰਜਾ ਉਪਰ ਅਨੇਕ ਕਿਸਮ ਦੇ ਟੈਕਸ ਲਗਾ ਕੇ ਆਪਣੇ ਖਜ਼ਾਨੇ ਭਰਨਗੇ ਅਤੇ ਜਦੋਂ ਪ੍ਰਜਾ ਵਾਸਤੇ ਖਰਚ ਕਰਨਗੇ ਤਾਂ ਉਸ ਵਿਚੋਂ ਬਹੁਤ ਵੱਡਾ ਹਿੱਸਾ ਆਪਣੇ ਨਿੱਜ ਦੇ ਖਰਚਾਂ ਲਈ ਕੱਢ ਲੈਣਗੇ। ਇਥੇ ਹੀ ਬਸ ਨਹੀਂ, ਆਪਣੇ ਹਿਤ ਪੂਰੇ ਕਰਨ ਲਈ, ਆਪਣੇ ਧੜੇ ਨੂੰ ਤਾਕਤ ਵਿਚ ਰੱਖਣ ਲਈ ਪ੍ਰਜਾ ਦੇ ਖੂਨ ਦੀ ਹੋਲੀ ਖੇਡਣਗੇ। ਰਾਜੇ ਦਾ ਧਰਮ ਨਿਆਂ ਕਰਨਾ ਹੋਇਆ ਕਰਦਾ ਹੈ ਪਰ ਨਿਆਂ ਕਰਨ ਦੀ ਥਾਂ ਉਹ ਆਪਣੇ ਹਿਤ ਪੂਰੇ ਕਰਨਗੇ, ਪ੍ਰਜਾ ਦੇ ਹੱਕਾਂ ਦਾ ਘਾਤ ਕਰਨਗੇ, ਇਕ ਤਰ੍ਹਾਂ ਦੇ ਨਾਲ ਕਸਾਈਆਂ ਦੇ ਰੂਪ ਵਿਚ ਹੀ ਵਰਤਣਗੇ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ***
***ਕਿਨਿ ਬਿਧਿ ਗਤਿ ਹੋਈ॥***

***ਅੰਗ - ੧੪੫***

***ਕਲਿ ਆਈ ਕੁੱਤੇ ਮੁਹੀ***

***ਖਾਜੁ ਹੋਇਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਵਦੇ,***
***ਉਲਟੀ ਵਾੜ ਖੇਤ ਕਉ ਖਾਈ।***
***ਪਰਜਾ ਅੰਧੀ ਗਿਆਨ ਬਿਨੁ,***
***ਕੂੜ ਕੁਸਤਿ ਮੁਖਹੁ ਆਲਾਈ।***
***ਭਾਈ ਗੁਰਦਾਸ ਜੀ, ਵਾਰ - ੧/੩੦***

ਸੋ ਐਸੀ ਹਾਲਤ ਵਿਚ ਪ੍ਰਜਾ ਗਿਆਨਹੀਨ ਹੋ ਕੇ ਸਾਰੇ ਜੀਵਨ ਵਿਚ, ਸਾਰੇ ਸਮਾਜ ਵਿਚ, ਸਾਰੇ ਦੇਸ਼ ਵਿਚ ਅਧਰਮ ਦੀ ਜੈ-ਜੈਕਾਰ ਹੋਵੇਗੀ ਅਤੇ ਧਰਮ ਦਾ ਹਾਮੀ ਕੋਈ ਵਿਰਲਾ-ਵਿਰਲਾ ਹੀ ਨਜ਼ਰ ਆਵੇਗਾ।

ਸਹਦੇਵ ਨੇ ਕਿਹਾ ਕਿ ਮੈਂ ਇਕ ਗਊ ਦੇਖੀ। ਜਦੋਂ ਉਹ ਸੂਈ ਤਾਂ ਉਸਨੇ ਇਕ ਬੱਛੀ ਦਿਤੀ। ਮੈਂ ਹੈਰਾਨ ਹੋ ਗਿਆ ਕਿ ਗਊ ਬੱਛੀ ਨੂੰ ਚੁੰਘਣ ਲਗ ਗਈ। ਇਸ ਦਾ ਕੀ ਨਿਰਣਾ ਹੋਇਆ?

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪਿਛਲੇ ਜੁਗਾਂ ਦੇ ਅੰਦਰ ਕੰਨਿਆਂ ਦਾਨ ਕੀਤੇ ਜਾਂਦੇ ਸਨ ਅਤੇ ਕੰਨਿਆ ਦਾ ਧਨ ਕਿਸੇ ਤਰੀਕੇ ਨਾਲ ਵੀ ਨਹੀਂ ਲਿਆ ਜਾਂਦਾ ਸੀ ਪਰ ਕਲਜੁਗੀ ਜੀਵ ਕੰਨਿਆ ਤੋਂ ਨੌਕਰੀਆਂ, ਚਾਕਰੀਆਂ, ਅਨੇਕ ਤਰ੍ਹਾਂ ਦੀ ਕਿਰਤ ਕਰਾ ਕੇ ਉਸ ਦੀ ਕਮਾਈ ਖਾਣਗੇ ਜਿਸ ਨਾਲ ਇਨ੍ਹਾਂ ਜੀਵਾਂ ਦੀ ਬੁੱਧੀ ਭਰਿਸ਼ਟ ਹੋ ਜਾਏਗੀ ਅਤੇ ਅਗਿਆਨਮਈ ਕਰਮਾਂ ਦੇ ਵਿਚ ਪ੍ਰਵਿਰਤ ਹੋ ਜਾਣਗੇ।

ਅਰਜਨ ਨੇ ਕਿਹਾ ਕਿ ਉਸਨੇ ਇਕ ਹਾਥੀ ਵੇਖਿਆ ਜਿਸਦੇ ਦੋ ਸੁੰਡਾਂ ਲਗੀਆਂ ਹੋਈਆਂ ਸਨ। ਇਕ ਨਾਲ ਉਹ ਘਾਹ ਖਾ ਰਿਹਾ ਸੀ ਤੇ ਦੂਸਰੀ ਸੁੰਡ ਦੇ ਨਾਲ ਮਾਸ ਖਾ ਰਿਹਾ ਸੀ। ਕਹਿਣ ਲੱਗਿਆ ਕਿ ਮਹਾਰਾਜ! ਇਸ ਦਾ ਰਹੱਸ ਮੇਰੀ ਸਮਝ ਤੋਂ ਬਾਹਰ ਹੈ, ਕ੍ਰਿਪਾ ਕਰਕੇ ਪ੍ਰਗਟ ਕਰੋ।

ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ ਹੇ ਅਰਜਨ! ਕਲਜੁਗ ਦੇ ਜੋ ਸ਼ਾਸ਼ਕ (Officer, Administrator, Employee) ਹੋਣਗੇ, ਉਨ੍ਹਾਂ ਤੋਂ ਕਿਸੇ ਤੋਂ ਵੀ ਇਨਸਾਫ ਪ੍ਰਾਪਤ ਨਹੀਂ ਹੋਇਆ ਕਰੇਗਾ। ਉਹ ਝੂਠੇ ਤੇ ਸੱਚੇ, ਦੋਹਾਂ ਪਾਸੋਂ; ਆਪਣੇ ਫਰਜ਼ਾਂ ਨੂੰ ਭੁੱਲ ਕੇ, ਰਿਸ਼ਵਤਾਂ ਲੈ ਕੇ ਇਨਸਾਫ ਤੋਂ ਦੋਹਾਂ ਨੂੰ ਵਾਂਝਾ ਰਖਿਆ ਕਰਨਗੇ। ਕਿਸੇ ਦਾ ਹੱਕ ਸਲਾਮਤ ਨਹੀਂ ਹੋਵੇਗਾ -

***ਕਾਜੀ ਹੋਏ ਰਿਸ਼ਵਤੀ,***
***ਵਢੀ ਲੈ ਕੇ ਹਕ ਗਵਾਈ।***
***ਭਾਈ ਗੁਰਦਾਸ ਜੀ, ਵਾਰ - ੧/੩੦***

ਭੀਮਸੈਨ ਨੇ ਕਿਹਾ ਕਿ ਮਹਾਰਾਜ ਮੈਂ ਇਕ ਐਸਾ ਹੰਸ ਦੇਖਿਆ ਜਿਸ ਦੇ ਫੰਘਾਂ ਦੇ ਉਪਰ ਵੇਦਾਂ ਦੇ ਸਲੋਕ ਲਿਖੇ ਹੋਏ ਸਨ। ਮੈਂ ਹੈਰਾਨ ਹੋ ਗਿਆ ਕਿ ਉਸਦੇ ਸਾਹਮਣੇ ਮੋਤੀਆਂ ਦਾ ਚੋਗਾ ਪਿਆ ਸੀ ਪਰ ਉਹ ਮੋਤੀਆਂ ਨੂੰ ਛੱਡ ਕੇ ਕੋਲ ਪਏ ਇਕ ਕਰੰਗ ਨੂੰ ਚੂੰਡ ਰਿਹਾ ਸੀ। ਇਸ ਦਾ ਤਾਤਪ੍ਰਜ ਮੇਰੀ ਸਮਝ ਤੋਂ ਬਾਹਰ ਹੈ, ਕ੍ਰਿਪਾ ਕਰਕੇ ਆਪ ਪ੍ਰਕਾਸ਼ ਪਾਓ।

ਤਾਂ ਆਪ ਨੇ ਫੁਰਮਾਇਆ ਕਿ ਭੀਮਸੈਨ! ਸਤਿਜੁਗ, ਤ੍ਰੇਤੇ, ਦੁਆਪਰ ਦੇ ਅਚਾਰੀਆ, ਰਿਸ਼ੀ-ਮੁਨੀ, ਜੀਵਨ ਵਿਚ ਬਹੁਤ ਹੀ ਸੋਧ ਨਾਲ ਵਰਤ ਰਹੇ ਸਨ ਅਤੇ ਧਰਮ ਗ੍ਰੰਥਾਂ ਦੇ ਅਨੁਕੂਲ ਵਰਤ ਰਹੇ ਸਨ। ਇਨ੍ਹਾਂ ਦੇ ਆਚਾਰ, ਵਿਉਹਾਰ, ਵਿਚਾਰ ਸਤੋ ਗੁਣੀ ਹੁੰਦੇ ਸਨ ਪਰ ਕਲਜੁਗ ਦੇ ਵਿਦਵਾਨ, ਧਰਮ ਗ੍ਰੰਥਾਂ ਦੇ ਸਿਧਾਂਤਾਂ ਦਾ ਅਨਰਥ, ਸੰਸਾਰ ਵਿਚ ਬੜੇ ਮਾਣ ਨਾਲ ਪ੍ਰਗਟ ਕਰਨਗੇ। ਉਨ੍ਹਾਂ ਦੇ ਬਹੁਤ ਹੀ ਪ੍ਰਮਾਣ ਯਾਦ ਹੋਣਗੇ, ਸਤਿ ਬਾਣੀ ਮੁਖ ਤੋਂ ਬੋਲਣਗੇ ਪਰ ਆਪ ਆਪਣੇ ਜੀਵਨ ਬਹੁਤ ਹੀ ਨਿੰਦਨੀ ਢੰਗ ਨਾਲ ਬਤੀਤ ਕਰਨਗੇ। ਸਤੋ ਗੁਣੀ ਭੋਜਨ, ਸਤੋਗੁਣੀ ਵਿਚਾਰ ਛੱਡ ਕੇ ਮਧਰਾ, ਮਾਸ, ਮੈਥੁਨ ਆਦਿ ਵਿਚ ਪੂਰੀ ਤਰ੍ਹਾਂ ਨਾਲ ਪ੍ਰਵਿਰਤ ਹੋ ਕੇ ਸਰੋਤਿਆਂ ਨੂੰ ਵੀ ਅਸ਼ੁਭ ਮਤ ਦਿਆ ਕਰਨਗੇ। ਆਪਣੇ ਕਰਮਾਂ ਧਰਮਾਂ ਤੋਂ ਗਿਰ ਜਾਣਗੇ ਅਤੇ ਆਪਣੀ ਮਤ ਦੇ ਮੁਤਾਬਿਕ ਮਹਾਂਪੁਰਸ਼ਾਂ ਦੇ ਬਚਨਾਂ ਦੇ ਅਰਥ ਕਰਿਆ ਕਰਨਗੇ। ਸਿਫਤ ਸਲਾਹਨ ਨੂੰ ਛੱਡ ਕੇ ਵਿਸ਼ੇ ਵਿਕਾਰਾਂ, ਮਧਰਾ, ਮਾਸ, ਵਿਭਚਾਰ ਰੂਪੀ ਕਰੰਗ ਚੂੰਡਣਗੇ। ਆਪ ਵੀ ਇਨ੍ਹਾਂ ਨਿੰਦਨੀ ਕੰਮਾਂ ਦੇ ਵਿਚ ਪ੍ਰਵਿਰਤ ਹੋਣਗੇ ਅਤੇ ਸੰਸਾਰ ਨੂੰ ਵੀ ਪ੍ਰਵਿਰਤ ਕਰਾ ਦੇਣਗੇ -

***ਸਉ ਓਲਾਮੇ ਦਿਨੈ ਕੇ***
***ਰਾਤੀ ਮਿਲਨਿ ਸਹੰਸ॥***
***ਸਿਫਤਿ ਸਲਾਹਣੁ ਛਡਿ ਕੈ***

***ਕਰੰਗੀ ਲਗਾ ਹੰਸੁ॥***
***ਫਿਟੁ ਇਵੇਹਾ ਜੀਵਿਆ***
***ਜਿਤੁ ਖਾਇ ਵਧਾਇਆ ਪੇਟੁ॥***
***ਨਾਨਕ ਸਚੇ ਨਾਮ ਵਿਣੁ***
***ਸਭੋ ਦੁਸਮਨੁ ਹੇਤੁ॥ ਅੰਗ -੭੯੦***

ਇਸ ਤਰ੍ਹਾਂ ਨਾਲ ਕਲਜੁਗ ਦੇ ਪ੍ਰਚਾਰਕ ਕਰਮ ਧਰਮ ਤੋਂ ਗਿਰ ਜਾਣਗੇ ਅਤੇ ਪਾਪ ਦਾ ਵਰਤਾਰਾ ਸੰਸਾਰ ਵਿਚ ਫੈਲ ਜਾਵੇਗਾ, ਜਿਸ ਨਾਲ ਪਹਿਲੇ ਜੁਗਾਂ ਦੇ ਪਵਿੱਤਰ ਕਰਮਾਂ ਧਰਮਾਂ ਤੋਂ ਆਪਣੇ ਆਪ ਨੂੰ ਅਤੇ ਸੰਸਾਰ ਨੂੰ ਦੂਰ ਲੈ ਜਾਣਗੇ। ਏਥੋਂ ਤੱਕ ਕਿ ਅਖਾਉਤੀ ਸਾਧੂ ਸੰਤਾਂ ਉਪਰ ਮਾਇਆ ਦਾ ਪ੍ਰਭਾਵ ਪੂਰੀ ਤਰ੍ਹਾਂ ਨਾਲ ਹੋ ਜਾਵੇਗਾ ਅਤੇ ਉਹ ਵੈਰਾਗ ਦੀ ਬਿਰਤੀ 'ਚੋਂ ਹਟ ਕੇ ਵੱਡੇ-ਵੱਡੇ ਆਸ਼ਰਮ ਬਣਾਉਣ ਵਿਚ ਪ੍ਰਵਿਰਤ ਹੋ ਜਾਣਗੇ। ਆਪਣੀ ਉਚਤਾ ਭਰੀ ਬਿਰਤੀ ਨੂੰ ਛੱਡ ਕੇ ਚੇਲਿਆਂ ਦੀ ਤਲਾਸ਼ ਵਿਚ ਭਟਕਦੇ ਫਿਰਨਗੇ। ਚੇਲੇ ਘਰਾਂ ਵਿਚ ਬੈਠਣਗੇ ਤੇ ਗੁਰੂ ਜਾ ਕੇ ਅਨੇਕ ਅਡੰਬਰ ਉਨ੍ਹਾਂ ਨੂੰ ਫਸਾਉਣ ਲਈ ਕਰਨਗੇ -

***ਚੇਲੇ ਸਾਜ ਵਜਾਇੰਦੇ,***
***ਨਚਨਿ ਗੁਰੂ ਬਹੁਤੁ ਬਿਧਿ ਭਾਈ।***
***ਸੇਵਕ ਬੈਠਨਿ ਘਰਾਂ ਵਿਚਿ,***
***ਗੁਰ ਉਠਿ ਘਰੀਂ ਤਿਨਾੜੇ ਜਾਈ।***
***ਭਾਈ ਗੁਰਦਾਸ ਜੀ, ਵਾਰ ੧/੩੦***

ਸੋ ਇਸ ਤਰ੍ਹਾਂ ਨਾਲ ਕਲਜੁਗ ਵਿਚ ਪਾਪ ਦਾ ਪਸਾਰਾ ਸਾਰੇ ਸੰਸਾਰ ਵਿਚ ਹੋ ਜਾਵੇਗਾ। ***'ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨ ਰੋਆ।'*** ਦੀ ਹਾਲਤ ਵਰਤ ਜਾਵੇਗੀ। ਇਹ ਪ੍ਰਚਾਰਕ ਇਕ ਧਰਮ ਨੂੰ ਦੂਸਰੇ ਨਾਲ ਲੜਾਈਆਂ ਕਰਾਉਣ ਦਾ ਕੰਮ ਕਰਨਗੇ। ਕੋਈ ਮੰਦਰ ਨੂੰ ਢਾਹੁਣਗੇ, ਤਾਂ ਦੂਸਰੇ ਮਸਜਿਦ ਨੂੰ ਢਾਹ ਦੇਣਗੇ। ਧਾਰਮਿਕ ਅਸਥਾਨਾਂ ਦੀ ਬੇਪਤੀ ਹੋਵੇਗੀ ਅਤੇ ***'ਪਾਪੇ ਦਾ ਵਰਤਿਆ ਵਰਤਾਰਾ।'*** ਪ੍ਰਤੱਖ ਰੂਪ ਵਿਚ ਹੋ ਜਾਵੇਗਾ।

ਯੁਧਿਸ਼ਟਰ ਨੇ ਕਿਹਾ ਕਿ ਮਹਾਰਾਜ! ਮੇਰੇ ਅਨੁਭਵ ਵਿਚ ਵੀ ਇਕ ਬਹੁਤ ਹੀ ਵਚਿੱਤਰ ਦ੍ਰਿਸ਼ ਆਇਆ ਹੈ, ਕ੍ਰਿਪਾ ਕਰਕੇ ਉਸਦਾ ਵੀ ਨਿਰਣਾ ਕਰੋ। ਉਹ ਇਉਂ ਹੈ ਕਿ ਇਕ ਬਹੁਤ ਵੱਡਾ ਪੱਥਰ, ਪ੍ਰਬਤ ਦੀ ਟੀਸੀ ਤੋਂ ਰੁੜਿਆ, ਜਿਸਨੇ ਆਪਣੇ ਰਸਤੇ ਵਿਚ ਆਉਣ ਵਾਲੇ ਸਾਰੇ ਦਰਖਤਾਂ ਨੂੰ ਤਰੋੜ-ਮਰੋੜ ਦਿਤਾ ਪਰ ਜਦੋਂ ਖੱਡ ਵਿਚ ਗਿਰਨ ਲੱਗਿਆ ਤਾਂ ਇਕ ਘਾਹ ਦੇ ਤਿਣਕੇ ਨੇ ਉਸਨੂੰ ਪੂਰੀ ਤਰ੍ਹਾਂ ਨਾਲ ਰੋਕ ਲਿਆ। ਮੈਂ ਹੈਰਾਨ ਹਾਂ ਕਿ ਉਸ ਘਾਹ ਦੇ ਤਿਣਕੇ ਵਿਚ ਕੀ ਸ਼ਕਤੀ ਸੀ?

ਕ੍ਰਿਸ਼ਨ ਮਹਾਰਾਜ ਜੀ ਨੇ ਫੁਰਮਾਇਆ ਕਿ ਕਲਜੁਗ ਨੇ ਭਲੀਭਾਂਤ ਪ੍ਰਗਟ ਕਰ ਦਿਤਾ ਕਿ ਮੇਰੇ ਜੁਗ ਦੇ ਅੰਦਰ ਜਿਥੇ ਪਾਪਾਂ ਦਾ ਹੀ ਪਸਾਰਾ ਹੈ, ਉਥੇ ਜੀਵ ਦੇ ਕਲਿਆਣ ਲਈ ਨਾਮ ਦੀ ਸ਼ਕਤੀ ਅਕੱਥ ਹੈ, ਅਗਾਧ ਬੋਧ ਹੈ। ਸਾਰੀ ਜ਼ਿੰਦਗੀ ਦਾ ਪਾਪੀ, ਜੇ ਚਿਤ ਬਿਰਤੀ ਇਕਾਗਰ ਕਰਕੇ ਇਕ ਛਿਨ ਮਾਤਰ ਵੀ ਪ੍ਰਭੂ ਦੀ ਯਾਦ ਵਿਚ ਲੀਨ ਹੋ ਜਾਵੇ ਤਾਂ ਉਸ ਦੇ ਪਾਪਾਂ ਦਾ ਨਾਸ਼ ਹੋ ਕੇ, ਇਹ ਨਾਮ ਉਸਦੇ ਸਾਰੇ ਔਗੁਣਾਂ ਨੂੰ ਕੱਟ ਦੇਵੇਗਾ। ਜਿਸ ਬਾਰੇ ਫੁਰਮਾਨ ਹੈ ਕਿ -

***ਏਕ ਚਿਤ ਜਿਹ***
***ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***
***ਅਕਾਲ ਉਸਤਤਿ***

ਇਸ ਸਾਰੀ ਵਿਚਾਰ ਤੋਂ ਗੁਰਮਤਿ ਦੀ ਰੋਸ਼ਨੀ ਦੇ ਅੰਦਰ ਸਿਧਾਂਤ ਪ੍ਰਗਟ ਹੈ ਕਿ -

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥***
***ਅੰਗ - ੧੧੮੫***

ਸੋ ਕਲਜੁਗ ਦੀ ਪ੍ਰਮੁੱਖ ਸਾਧਨਾ ਪ੍ਰਭੂ ਦਾ ਨਾਮ ਜਪਣ ਵਿਚ ਹੈ -

***ਕਲਿਜੁਗ ਕੀ ਸੁਣ ਸਾਧਨਾ,***
***ਕਰਮ ਕਿਰਤ ਕੀ ਚਲੈ ਨ ਕਾਈ।***
***ਬਿਨਾ ਭਜਨ ਭਗਵਾਨ ਕੇ,***
***ਭਾਉ ਭਗਤਿ ਬਿਨ ਠਉਰ ਨ ਥਾਈ।***
***ਲਹੇ ਕਮਾਣਾ ਏਤ ਜੁਗਿ,***
***ਪਿਛਲੀ ਜੁਗੀ ਕਰੀ ਕਮਾਈ।***
***ਪਾਇਆ ਮਾਨਸ ਦੇਹਿ ਕਉ,***
***ਐਥੋਂ ਚੁਕਿਆ ਠਉਰ ਨ ਠਾਈ।***
***ਕਲਿਜੁਗ ਕੇ ਉਪਕਾਰ ਸੁਣਿ,***
***ਜੈਸੇ ਬੇਦ ਅਥਰਬਣ ਗਾਈ।***

*ਭਾਉ ਭਗਤਿ ਪਰਵਾਣ ਹੈ,*
*ਜਗ ਹੋਮ ਤੇ ਪੁਰਬ ਕਮਾਈ।*
*ਕਰਕੇ ਨੀਚ ਸਦਾਵਣਾ,*
*ਤਾ ਪ੍ਰਭੁ ਲੇਖੈ ਅੰਦਰਿ ਪਾਈ।*
*ਕਲਿਜੁਗਿ ਨਾਵੈ ਕੀ ਵਡਿਆਈ।*
**ਭਾਈ ਗੁਰਦਾਸ ਜੀ - ਵਾਰ - ੧/੧੬**

ਸੋ ਕਲਜੁਗ ਦੇ ਅੰਦਰ ਨਾਮ ਦੀ ਵਡਿਆਈ ਹੈ। ਨਾਮ ਤੋਂ ਬਗੈਰ ਦੂਸਰੇ ਸਾਧਨਾਂ ਬਾਰੇ ਐਸਾ ਫੁਰਮਾਨ ਹੈ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ॥*
*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ*
*ਦੁਬਿਧਾ ਛੁਟਕੈ ਨਾਹੀ॥*
*ਮਨ ਕਾਮਨਾ ਤੀਰਥ ਜਾਇ ਬਸਿਓ*
*ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ*
*ਇਹ ਬਿਧਿ ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ*
*ਬਹੁ ਬਿਧਿ, ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ*
*ਨਹ ਮਿਲੀਐ ਹਰਿ ਦੁਆਰਾ॥*
*ਪੂਜਾ ਅਰਚਾ ਬੰਦਨ ਡੰਡਉਤ*
*ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ*
*ਪਰਿਆ, ਨਹ ਮਿਲੀਐ ਇਹ ਜੁਗਤਾ॥*
*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ॥*
*ਵਡੀ ਆਰਜਾ ਫਿਰਿ ਫਿਰਿ ਜਨਮੈ,*
*ਹਰਿ ਸਿਉ ਸੰਗੁ ਨ ਗਹਿਆ॥*
*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ*
*ਨਰਕ ਘੋਰ ਕਾ ਦੁਆਰਾ॥*
**ਅੰਗ - ੬੪੧-੪੨**

ਉਪਰ ਕਥੇ ਮਹਾਂਵਾਕ ਦੇ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*
**ਅੰਗ - ੬੪੨**

ਇਸ ਮਹਾਂਵਾਕ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸਾਧੂ ਦੀ ਸੰਗਤ ਅਤੇ ਹਰਿ ਕੀਰਤ ਦੀ ਪ੍ਰਾਪਤੀ ਸਾਰੇ ਕਰਮਾਂ ਤੋਂ ਸ਼੍ਰੋਮਣੀ ਹੈ, ਪਰ ਮਿਲਦੀ ਉਸਨੂੰ ਹੈ ਜਿਸਦੇ ਮਸਤਕ ਵਿਚ ਧੁਰ ਦਰਗਾਹ ਤੋਂ ਲੇਖ ਲਿਖੇ ਹੋਣ।

ਜਿੰਨੇ ਕਰਮ ਉਪਰ ਕਥੇ ਮਹਾਂਵਾਕ ਵਿਚ ਅੰਕਿਤ ਕੀਤੇ ਹਨ, ਇਹ ਨਾਮ ਤੋਂ ਬਗੈਰ ਕੋਈ ਮਹੱਤਤਾ ਨਹੀਂ ਰਖਦੇ। ਸੋ ਜੋ ਪ੍ਰਮੁੱਖ ਸਾਧਨ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ, ਉਸਦੀ ਵਿਚਾਰ ਕਰਨੀ ਅਵੱਸ਼ਕ ਹੈ। ਇਸ ਸੰਸਾਰ ਦੀ ਰਚਨਾ, ਹਉਮੈ ਤੱਤ ਕਰਕੇ ਪ੍ਰਤੀਤ ਦਿੰਦੀ ਹੈ। ਇਹ ਹਉਮੈ, ਸਾਰੀ ਦ੍ਵੈਤ ਦੀ ਜਨਮਦਾਤੀ ਹੈ ਅਤੇ ਇਸਨੇ ਪਰਿਪੂਰਨ ਬ੍ਰਹਮ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਦਿਖਾ ਦਿਤਾ ਹੈ। ਇਕ ਈਸ਼ਵਰ, ਦੂਜਾ ਜੀਵ ਅਤੇ ਤੀਸਰਾ ਸੰਸਾਰ; ਪਰ ਗੁਰੂ ਸਿਧਾਂਤ ਅਨੁਸਾਰ ਅਸਲੀਅਤ ਹੈ ਕਿ -

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥*
*ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ*
*ਜੈਸੇ ਓਤਿ ਪੋਤਿ ਪ੍ਰਭੁ ਸੋਈ॥*
*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ*
*ਬਿਚਰਤ ਆਨ ਨ ਹੋਈ॥*
**ਅੰਗ - ੪੮੫**

ਸਿੱਧਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਿਆ ਕਿ ਬ੍ਰਹਮ ਤੋਂ ਹੋਇਆ ਪਸਾਰਾ ਕਿਵੇਂ ਜਗਤ ਦੇ ਰੂਪ ਵਿਚ ਪ੍ਰਗਟ ਹੋਇਆ? ਤਾਂ ਗੁਰੂ

ਮਹਾਰਾਜ ਜੀ ਨੇ ਇਸ ਦਾ ਕਾਰਨ ਹਉਮੈ ਤੱਤ ਦੇ ਅਧਾਰ ਤੇ ਹੋਇਆ ਦੱਸਿਆ ਹੈ, ਜਿਵੇਂ ਕਿ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥***

***ਅੰਗ – ੯੪੬***

ਹਉਮੈ ਇਕ ਅਧਿਆਤਮਕ ਰੋਗ ਹੈ ਜੋ ਮਨੁੱਖ ਦੇ ਹਿੱਸੇ ਵਿਚ ਆਇਆ।

***ਹਉਮੈ ਰੋਗੁ ਮਾਨੁਖ ਕਉ ਦੀਨਾ॥***

***ਅੰਗ – ੧੧੪੦***

ਇਸ ਹਉਮੈ ਨੇ ਇਸ ਜੀਵ ਨੂੰ ਦੁਖਾਂ ਵਿਚ ਪ੍ਰਵਿਰਤ ਕਰ ਦਿਤਾ ਕਿਉਂਕਿ ਇਹ ਹਉਮੈ ਅਧੀਨ ਸ਼ੁਭ ਤੇ ਅਸ਼ੁਭ ਕਰਮ ਕਰਦਾ ਹੈ ਅਤੇ ਕਰਮਾਂ ਦਾ ਫਲ ਭੋਗਣ ਲਈ ਬੰਨ੍ਹਿਆ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਅਨੰਤ ਕਾਲ ਤੋਂ ਅਨੇਕਾਂ ਰੂਪਾਂ, ਅਨੇਕਾਂ ਸਰੀਰਾਂ ਨੂੰ ਧਾਰਨ ਕਰਦਾ, ਪ੍ਰਮ ਦੁਖੀ ਹੋ ਰਿਹਾ ਹੈ। ਜਦੋਂ ਤੱਕ ਇਸਨੂੰ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਓਨੀਂ ਦੇਰ ਤੱਕ ਇਸਨੂੰ ਸਮਝ ਨਹੀਂ ਪੈਂਦੀ। ਗੁਰੂ ਸਿਧਾਂਤ ਅਨੁਸਾਰ, ਜਦੋਂ ਤਕ ਇਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੀ ਵਿਧੀ ਸਹਿਤ ਗੁਰੂ ਨਹੀਂ ਧਾਰਦਾ ਅਤੇ ਬਾਣੀ ਦੇ ਸਿਧਾਂਤਾਂ ਨੂੰ ਨਹੀਂ ਮੰਨਦਾ, ਉਦੋਂ ਤਕ ਇਸਦੀ ਕਲਿਆਣ ਨਹੀਂ ਹੁੰਦੀ। ਗੁਰਬਾਣੀ ਨੇ ਸੰਕੇਤ ਦਿਤਾ ਹੈ ਕਿ ਸਾਧੂ ਦੀ ਸੰਗਤ ਅਤੇ ਹਰੀ ਦਾ ਜਸ, ਪੂਰਬਲੇ ਕਰਮਾਂ ਤੋਂ ਬਗੈਰ ਮਿਲਿਆ ਨਹੀਂ ਕਰਦਾ। ਸਾਧੂ ਦੀ ਸੰਗਤ ਵਿਚ ਪੰਜ ਪਿਆਰਿਆਂ ਤੋਂ ਪ੍ਰਾਪਤ ਕੀਤਾ ਹੋਇਆ ਨਾਮ ਫਲੀਭੂਤ ਹੁੰਦਾ ਹੈ ਕਿਉਂਕਿ ਉਥੇ ਕੇਵਲ ਨਾਮ ਦਾ ਹੀ ਵਰਣਨ ਹੋਇਆ ਕਰਦਾ ਹੈ। ਨਾਮ ਅਤੇ ਹਉਮੈ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਹੈ –

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥***

***ਅੰਗ – ੫੬੦***

ਨਾਮ ਜਪਣਾ, ਨਾਮ ਹਿਰਦੇ ਵਿਚ ਵਸਾਉਣਾ, ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਨਾ ਅਤੇ ਹਰ ਥਾਂ ਤੇ ਪਸਰੀ ਹੋਈ ਇਸ ਨਾਮ ਸ਼ਕਤੀ ਨੂੰ ਅਨੁਭਵ ਕਰਕੇ ਨਾਮ ਦੇ ਪ੍ਰਕਾਸ਼ ਵਿਚ ਇਕੋ ਪ੍ਰਭੂ ਨੂੰ ਘਟ-ਘਟ ਵਿਚ ਵੇਖ ਲੈਣਾ, ਇਹ ਨਾਮ ਦੀਆਂ ਵੱਖੋ-ਵੱਖ ਅਵਸਥਾਵਾਂ ਹੋਇਆ ਕਰਦੀਆਂ ਹਨ। ਨਾਮ, ਗੁਰਮੰਤ੍ਰ ਦੇ ਜਾਪ ਤੋਂ ਲੈ ਕੇ ਅੰਤਰੀਵੀ ਤਰੱਕੀ ਕਰਦਿਆਂ ਨਾਮ ਸੁਆਸ ਨਾਲ ਜਪਣਾ, ਕੰਠ ਵਿਚ ਜਪਣਾ, ਹਿਰਦੇ ਵਿਚ ਜਪਣਾ, ਨਾਭੀ ਵਿਚ ਅਤੇ ਫਿਰ ਆਗਿਆ ਚੱਕਰ ਤ੍ਰਿਕੁਟੀ ਦੇ ਵਿਚੋਂ ਸ਼ਬਦ ਦੇ ਨਾਲ ਚੜ੍ਹਾਈ ਕਰਕੇ ਵਿਵੇਕ ਮੰਡਲ ਵਿਚ ਪ੍ਰਵੇਸ਼ ਕਰਨਾ ਅਤੇ ਅੰਤਰੀਵੀ ਨੇਤ੍ਰ, ਦਿਬ ਸ੍ਰਵਣ, ਦਿਬ ਨਾਸਕਾ, ਦਿਬ ਸਪਰਸ਼, ਦਿਬ ਜਿਹਬਾ ਨੂੰ ਅਨੁਭਵ ਕਰਕੇ ਆਤਮਕ ਸੰਗੀਤ ਦੇ ਮਹਾਂਅਨੰਦ ਨੂੰ ਅਨਹਦ ਸ਼ਬਦਾਂ ਰਾਹੀਂ ਅਨੁਭਵ ਕਰਨਾ, ਇਹ ਸਭ ਸਾਧਨ ਨਾਮ ਹੀ ਕਹਾਇਆ ਕਰਦੇ ਹਨ, ਅਤੇ ਨਾਮ ਦੀ ਸਮਾਈ ਉਸ ਮੰਡਲ ਵਿਚ ਹੈ ਜਿਥੇ ਗੁਰੂ ਮਹਾਰਾਜ ਜੀ ਨੇ ਸੰਕੇਤ ਦਿੰਦਿਆਂ ਦੱਸਿਆ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਪੰਨਾ – ੨੯੩***

ਜਦੋਂ ਬਿਰਤੀ ਇਸ ਮੰਡਲ ਵਿਚ ਪ੍ਰਵੇਸ਼ ਕਰਦੀ ਹੈ ਤਾਂ ਆਪਣਾ ਬਿਰਤੀ-ਪੁਣਾ ਗੁਆ ਕੇ ਨਾਮ ਰੂਪ ਹੀ ਹੋ ਜਾਇਆ ਕਰਦੀ ਹੈ। ਸੋ ਇਸ ਕਰਕੇ ਨਾਮ ਦਾ ਸਾਧਨ ਸਰਵ ਸਰੇਸ਼ਟ ਹੈ ਕਿਉਂਕਿ ਨਾਮ ਨੇ ਹਉਮੈ ਤੱਤ ਨੂੰ ਪੂਰੀ ਤਰ੍ਹਾਂ ਨਾਲ ਨਾਸ਼ ਕਰਕੇ ਅਸਲੀਅਤ ਨੂੰ ਸ਼ਾਖਸ਼ਾਤ ਕਰ ਲੈਣਾ ਹੈ ਅਤੇ ਪ੍ਰਤੱਖ ਵੇਖ ਲੈਣਾ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ – ੮੪੬***

ਇਸ ਅਵਸਥਾ ਦੀ ਪ੍ਰਾਪਤੀ ਲਈ ਸਾਧੂ ਦੀ ਸੰਗਤ ਅਤਿ ਜ਼ਰੂਰੀ ਹੈ ਕਿਉਂਕਿ ਸਾਧੂ ਦੀ ਸੰਗਤ ਵਿਚ ਨਾਮ ਜਪਿਆ ਜਾਂਦਾ ਹੈ –

***ਕਬੀਰ ਸੇਵਾ ਕਉ ਦੁਇ ਭਲੇ***

***ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ॥***

***ਅੰਗ - ੧੩੭੩***

ਇਹ ਮਾਰਗ, ਜਿਸਨੂੰ **'ਨਾਮ ਮਾਰਗ'** ਅਤੇ **'ਸਬਦਿ ਸੁਰਤਿ ਦਾ ਮਾਰਗ'** ਕਿਹਾ ਜਾਂਦਾ ਹੈ, ਕਲਜੁਗੀ ਜੀਵਾਂ ਦੇ ਉਧਾਰ ਲਈ ਬਹੁਤ ਹੀ ਸੁਖੈਨ ਹੈ ਅਤੇ ਪ੍ਰਭੂ ਦੀ ਪ੍ਰਾਪਤੀ ਸੰਤਾਂ ਦੀ ਸੰਗਤ, ਹਰੀ ਦਾ ਕੀਰਤਨ ਕਰਨ ਨਾਲ ਸਹਿਜੇ ਹੀ ਹੋ ਜਾਂਦੀ ਹੈ -

***ਸਾਧੂ ਸੰਗਿ ਭਇਆ ਮਨਿ***
***ਉਦਮੁ ਨਾਮੁ ਰਤਨੁ ਜਸੁ ਗਾਈ॥***
***ਮਿਟਿ ਗਈ ਚਿੰਤਾ ਸਿਮਰਿ ਅਨੰਤਾ***
***ਸਾਗਰੁ ਤਰਿਆ ਭਾਈ॥***

***ਅੰਗ - ੬੧੯***

ਜਦੋਂ ਤੀਕਰ ਮਨ ਵਿਚ ਗਿਆਨ ਦਾ ਪ੍ਰਕਾਸ਼ ਇਸ ਜੀਵ ਨੂੰ ਪ੍ਰਾਪਤ ਨਹੀਂ ਹੁੰਦਾ, ਇਹ ਭਵਸਾਗਰ ਤੋਂ ਤਰ ਨਹੀਂ ਸਕਿਆ ਕਰਦਾ। ਗਿਆਨ ਬਿਨਾਂ ਹਉਮੈ ਦਾ ਨਾਸ਼ ਨਹੀਂ ਹੁੰਦਾ। ਹਉਮੈ ਵਿਚ ਕੀਤੇ ਸ਼ੁਭ ਤੇ ਅਸ਼ੁਭ ਕਰਮ ਇਸ ਜੀਵ ਦੇ ਦੁਆਲੇ ਹਉਮੈ ਦੇ ਸੰਗਲ ਹਨ। ਜਿਥੇ 'ਮੈਂ' ਤੇ 'ਮੇਰੀ' ਦੀ ਸੂਝ ਬਾਕੀ ਹੈ, ਉਥੇ ਹਉਮੈ ਅੰਸ਼ ਭੀ ਪਰਤੱਖ ਹੈ। ਹਉਮੈ ਦਾ ਨਾਸ਼, ਸਾਧੂ ਦੀ ਸੰਗਤ ਵਿਚ ਸਹਿਜੇ ਹੀ ਹੋ ਜਾਇਆ ਕਰਦਾ ਹੈ।

ਗੁਰੂ ਦਸ਼ਮੇਸ਼ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੀਰ ਬੁੱਧੂ ਸ਼ਾਹ ਜੀ ਬੇਨਤੀ ਕਰਦੇ ਹਨ, "ਮੈਂ ਛੇ-ਛੇ ਮਹੀਨੇ ਦੇ ਚਿੱਲੇ ਕੱਟੇ, ਭੁੱਖਾਂ ਕੱਟੀਆਂ, ਲੰਮੇ ਬਰਤ ਰੱਖੇ, ਪੁਸਤਕਾਂ ਪੜ੍ਹੀਆਂ, ਲੰਗਰ ਚਲਾਏ, ਜ਼ੁਹਦ ਕੀਤੇ, ਜਾਪ ਕੀਤੇ, ਅਨੇਕਾਂ ਹੋਰ ਕਰਮ ਕੀਤੇ। ਕੀ ਕਾਰਨ, ਮੈਨੂੰ ਸੱਚੀ ਮੈਂ ਦਾ ਅਨੁਭਵ ਨ ਹੋਇਆ?" ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ, "ਬੁਧੂ ਸ਼ਾਹ! ਹਉਮੈ ਨੂੰ ਬੁੱਝ। ਇਹ ਮੈਂ ਝੂਠੀ ਹੈ, ਤੇਰੀ ਮਮਤਾ ਝੂਠੀ ਹੈ, ਝੂਠ ਦੀ ਖੇਲ੍ਹ ਖੇਲ੍ਹ ਰਿਹਾ ਹੈਂ। ਅੰਦਰ ਸੱਚ ਦਾ ਪ੍ਰਕਾਸ਼ ਹੈ, ਇਸ ਸੱਚ ਦੇ ਆਸਰੇ ਸਾਰੀਆਂ ਨੇਕੀਆਂ ਹਨ। ਹੰਗਤਾ ਤੇ ਮਮਤਾ ਧਾਰਿਆਂ, ਨੇਕੀਆਂ ਭੀ ਇਸ ਨੂੰ ਬੰਨ੍ਹ ਲੈਂਦੀਆਂ ਹਨ, ਬਦੀਆਂ ਨੇ ਤਾਂ ਬੰਨ੍ਹ ਲੈਣਾ ਹੀ ਹੈ। ਸੱਚ ਦਾ ਪ੍ਰਕਾਸ਼, ਝੂਠੀ ਮੈਂ ਨੂੰ ਛੱਡਣ ਨਾਲ ਹੁੰਦਾ ਹੈ।"

ਮੈਂ ਪਾਠੀ ਹਾਂ, ਮੈਂ ਅਭਿਆਸੀ ਹਾਂ, ਮੈਂ ਦਾਨੀ ਹਾਂ, ਮੈਂ ਨੇਕ ਹਾਂ, ਨੇਕੀਆਂ ਕਰਦਾ ਹਾਂ, ਮੈਂ ਸ਼੍ਰੇਸ਼ਟ ਪੁਰਸ਼ ਹਾਂ; ਬੁੱਧੂ ਸ਼ਾਹ! ਇਹ ਅਨੁਭਵ, ਝੂਠੀ ਮੈਂ ਕਰਕੇ ਹਨ। ਸਭ ਕੁਝ ਹੁਕਮ ਵਿਚ ਹੋ ਰਿਹਾ ਹੈ। ਇਸ ਜੀਵ ਵਿਚ ਕੋਈ ਬਲ ਨਹੀਂ ਹੈ, ਪਰ ਇਹ ਕਹਿੰਦਾ ਹੈ, 'ਮੈਂ ਕਰਦਾ ਹਾਂ।' ਮੈਂ ਨ ਹੋਵਾਂ ਤਾਂ ਇਹ ਕੰਮ ਨਹੀਂ ਹੋਣਾ।' ਇਹ ਮੈਂ ਹੀ ਪ੍ਰਭੂ ਮਿਲਾਪ ਵਿਚ ਵੱਡਾ ਬੰਧਨ ਹੈ। ਨਾਮ ਨੂੰ ਪਛਾਣ; ਸਾਰੀ ਸ੍ਰਿਸ਼ਟੀ, ਸਾਰੇ ਜੀਵ ਜੰਤੂਆਂ ਵਿਚ ਇਕ ਰਸ ਵਰਤ ਕੇ ਸਭ ਨੂੰ ਨਾਮ ਸ਼ਕਤੀ ਨੇ ਧਾਰਨ ਕੀਤਾ ਹੋਇਆ ਹੈ। ਹਉਮੈ, ਇਕ ਵਾਧੂ ਅਣ-ਹੋਇਆ ਭੁਲੇਵਾ ਹੈ। ਹਉਮੈ ਦਾ ਨਾਸ਼, ਨਾਮ ਪ੍ਰਗਟ ਹੋਇਆਂ ਐਉਂ ਹੋ ਜਾਇਆ ਕਰਦਾ ਹੈ ਜਿਵੇਂ ਦਿਨ ਚੜ੍ਹੇ ਤੇ ਅੰਧੇਰੀ ਰਾਤ। ਕੂੜ ਦਾ ਨਾਸ਼, ਸੱਚ ਨੂੰ ਪਛਾਣਿਆਂ ਹੋ ਜਾਇਆ ਕਰਦਾ ਹੈ। ਇਸਦਾ ਇਕੋ ਇਕ ਇਲਾਜ, ਸਤਸੰਗਤ ਦੀ ਪ੍ਰਾਪਤੀ ਹੋਇਆਂ ਹੁੰਦਾ ਹੈ। ਸਾਧੂ ਦੇ ਤੱਤ ਬਚਨ ਇਸ ਹਉਮੈ ਰੂਪ ਅਨ੍ਹੇਰੇ ਨੂੰ ਖਤਮ ਕਰ ਦਿਆ ਕਰਦੇ ਹਨ ਅਤੇ ਇਹ ਜੀਵ ਆਪਣਾ ਜੀਵ-ਭਾਵ ਮਿਟਾ ਕੇ, ਆਤਮ ਸਰੂਪ ਨੂੰ ਪਛਾਣ ਕੇ, ਆਪਣੇ ਅਸਲੀ ਸਰੂਪ 'ਆਤਮਾ ਪਰਾਤਮਾ ਏਕੋ ਕਰੈ।' ਦੇ ਸਹਿਜ ਸਾਧਨ ਅਧੀਨ, ਵਿਚ ਲੀਨ ਹੋ ਕੇ ਪਰਮ-ਪਦ ਦੀ ਪ੍ਰਾਪਤੀ ਕਰ ਲਿਆ ਕਰਦਾ ਹੈ।

ਸੋ ਸਭ ਤੋਂ ਸੁਖੈਨ ਮਾਰਗ, ਸਾਧੂ ਸੰਗਤ ਵਿਚ ਨਾਮ ਦੀ ਘਾਲ ਘਾਲਿਆਂ, ਨਾਮ ਦੀ ਪ੍ਰਾਪਤੀ ਕਰਕੇ, ਹਉਮੈ ਦਾ ਅਭਾਵ ਹੋਣਾ ਹੀ ਹੈ। ਹਉਮੈ ਦਾ ਨਾਸ਼ ਹੁੰਦਿਆਂ ਹੀ ਆਪਣਾ ਸਰਬ ਆਪਾ ਪ੍ਰਤੱਖ ਹੋ ਜਾਇਆ ਕਰਦਾ ਹੈ। ਸੋ ਇਹ ਸਭ ਤੋਂ ਸੁਖੈਨ ਮਾਰਗ ਹੈ ਜਿਸ ਰਾਹੀਂ ਭਿਆਨਕ ਕਲਿਜੁਗ ਦੇ ਸਮੇਂ ਵਿਚ ਪਰਮ ਪਦ ਦੀ ਪ੍ਰਾਪਤੀ ਕਰਕੇ, ਸਾਰੇ ਦੁਖਾਂ ਤੋਂ ਬਰੀ ਹੋ ਜਾਇਆ ਕਰਦਾ ਹੈ ਸਾਰੀਆਂ ਚਿੰਤਾਵਾਂ ਦਾ ਨਾਸ਼ ਹੋ ਕੇ ਸਾਗਰ ਤਰ ਹੋ ਜਾਂਦਾ ਹੈ।

# ਸੁਖ-ਦੁਖ

ਜਦ ਤੋਂ ਸੰਸਾਰ ਦੀ ਉਤਪਤੀ ਹੋਈ ਹੈ, ਜਾਣੇ-ਅਣਜਾਣੇ ਜਿੰਨੇ ਵੀ ਸਰੀਰਧਾਰੀ ਹਨ, ਭਾਵੇਂ ਉਹ ਛੋਟੇ ਤੋਂ ਛੋਟਾ ਭੁਣ-ਹਣਾਂ ਹੈ ਜਾਂ ਵੱਡੇ ਤੋਂ ਵੱਡਾ ਹਾਥੀ ਆਦਿ ਹੈ। ਹਰ ਇਕ ਦੇ ਅੰਦਰ ਸੁਖ ਦੀ ਪ੍ਰਬਲ ਲੋਚਾ ਲਗੀ ਹੀ ਰਹਿੰਦੀ ਹੈ ਅਤੇ ਸੁਖ ਪ੍ਰਾਪਤੀ ਲਈ ਹਰ ਸਮੇਂ ਯਤਨਸ਼ੀਲ ਰਹਿੰਦਾ ਹੈ। ਇਥੋਂ ਤਕ ਕਿ ਅੱਜ ਦੇ scientific ਜੁਗ ਵਿਚ ਸਿੱਧ ਹੋ ਗਿਆ ਹੈ ਕਿ ਇਕ ਬ੍ਰਿਛ, ਬੂਟਾ ਚਾਹੇ ਉਹ ਛੋਟੇ ਤੋਂ ਛੋਟਾ ਫੁੱਲ ਦੇਣ ਵਾਲਾ ਹੈ ਜਾਂ ਵੱਡੇ ਤੋਂ ਵੱਡੇ ਬਰੋਟੇ ਵਰਗਾ ਬ੍ਰਿਛ ਹੈ, ਉਸਦੇ ਅੰਤਰੀਵ ਵੀ ਸੁਖ ਦੀ ਲੋਚਾ ਲਗੀ ਰਹਿੰਦੀ ਹੈ।

ਭਾਰਤ ਵਰਸ਼ ਦੇ ਇਕ ਬੰਗਾਲੀ ਡਾ. ਸ੍ਰੀ ਬੋਸ ਜੀ ਹੋਏ ਹਨ, ਜੋ ਬੂਟਿਆਂ ਦੇ ਗਹਿਨ ਵਿਗਿਆਨੀ ਸਨ। ਉਨ੍ਹਾਂ ਦੀਆਂ ਖੋਜਾਂ ਤੋਂ ਸਿਧ ਹੋਇਆ ਸੀ ਕਿ ਇਕ ਬ੍ਰਿਛ, ਫੁਲਾਂ ਦਾ ਬੂਟਾ ਜਾਂ ਫਲਾਂ ਵਾਲਾ ਛੋਟਾ ਬ੍ਰਿਛ, ਸੰਗੀਤਕ ਤਰਵਾਂ ਨੂੰ ਭਲੀਭਾਂਤ ਪ੍ਰਸੰਨਤਾ ਪੂਰਬਕ ਗ੍ਰਹਿਣ ਕਰਦਾ ਹੈ ਅਤੇ ਸੁਖ ਅਨੁਭਵ ਕਰਦਾ ਹੈ। ਉਸ ਸੁਖ ਦੇ ਅਨੁਭਵ ਕੀਤੇ ਅਸਰ ਰਾਹੀਂ ਬਹੁਤਾ ਫਲਦਾ ਹੈ, ਵੱਡੇ ਫੁਲ ਦਿੰਦਾ ਹੈ। ਇਸਦੇ ਵਿਪਰੀਤ ਅਮਰੀਕਾ ਵਿਚ (ਇਕ ਟੈਲੀਵੀਜ਼ਨ ਵਿਚ ਵੇਖੀ ਫਿਲਮ ਦੇ ਆਧਾਰ ਤੇ) ਹੋਈ research (ਖੋਜ) ਦੇ ਮੁਤਾਬਿਕ ਜਦੋਂ ਬੰਦਿਆਂ ਦਾ ਇਕ ਸਮੂੰਹ ਜੜੀ-ਬੂਟੀਆਂ, ਬੂਟਿਆਂ, ਬ੍ਰਿਛਾਂ, ਫਸਲਾਂ ਨੂੰ ਪਾਣੀ ਦੇਣ, ਖਾਦ ਪਾਉਣ ਅਤੇ ਗੁਡਾਈ ਕਰਨ ਦੇ ਇਰਾਦੇ ਨਾਲ ਚਲਦਾ ਹੈ ਤੇ ਜਦੋਂ ਬ੍ਰਿਛਾਂ, ਬੂਟਿਆਂ ਦੇ ਸਨਮੁਖ ਹੁੰਦਾ ਹੈ ਤਾਂ ਉਹ ਬੂਟੇ ਤੇ ਫਸਲਾਂ ਲਹਿਰਾਅ ਮਹਿਸੂਸ ਕਰਦੇ ਹਨ ਅਤੇ ਹੁਲਾਰੇ ਵਿਚ ਆਉਂਦੇ ਹਨ। ਮਨੁੱਖ ਦੇ ਮਨ ਦੀ ਭਾਵਨਾ ਜੋ telepathy (ਪਰਾ ਤੇ ਪਸੰਤੀ ਬਾਣੀ) ਰਾਹੀਂ ਉਸ ਬੂਟੇ ਦੀ ਚੇਤਨ ਹੋਂਦ ਦੇ ਨਾਲ ਸੰਪਰਕ ਕਰਦੀ ਹੈ ਤਾਂ ਉਹ ਭਾਵ ਮਹਿਸੂਸ ਹੁੰਦੇ ਹਨ ਕਿਉਂਕਿ ਇਕੋ ਆਤਮਾ ਤੋਂ ਸਾਰਾ ਪਸਾਰਾ ਹੋਣ ਕਰਕੇ ਸਾਰੀ ਬ੍ਰਹਿਮੰਡਕ ਹੋਂਦ ਦਾ ਅਸਲਾ ਇਕੋ ਹੈ। ਇਸ ਕਰਕੇ ਜ਼ਿੰਦਗੀ ਦੇ ਸਭ ਤੋਂ ਹੇਠਲੇ ਤਲ ਵਿਚ ਇਹ ਸਮਸਤ ਜੀਵਨ ਇਕੋ ਹੀ ਹੈ। ਪਰ ਜਿਉਂ-ਜਿਉਂ ਅਸੀਂ ਉਪਰਲਿਆਂ ਤਲਾਂ (spheres) ਵਿਚੋਂ ਲੰਘਦੇ ਹੋਏ ਸਭ ਤੋਂ ਉਪਰਲੇ ਤਲ ਵਿਚ ਨਿਵਾਸ ਕਰਦੇ ਹਾਂ ਤਾਂ ਅਸੀਂ ਆਪਣੀ ਵਿਕਲੋਤਰਤਾ ਨੂੰ ਗੂੜ੍ਹ ਰੂਪ ਵਿਚ ਅਪਣਾਅ ਲੈਂਦੇ ਹਾਂ ਅਤੇ ਅਸੀਂ ਆਪਣੇ ਚੌਗਿਰਦੇ, ਆਪਣੇ ਹਿਤਾਂ, ਆਪਣੇ ਸਬੰਧਾਂ, ਆਪਣੀਆਂ likes ਅਤੇ dislikes ਦੀ ਬਜਰ ਦੀਵਾਰ ਕਾਇਮ ਕਰ ਲੈਂਦੇ ਹਾਂ ਤਾਂ ਅਸੀਂ ਉਸ ਸਮਸਤ ਜੀਵਨ ਐਨਰਜੀ ਨਾਲੋਂ ਆਪਣੇ ਆਪ ਨੂੰ ਵਖਰਾ ਮਹਿਸੂਸ ਕਰਦੇ ਹਾਂ। ਸਾਰੇ ਜੀਵਧਾਰੀਆਂ ਦੀ ਹੇਠਲੀ ਸੂਝ ਤਹਿ ਇਕੋ ਤਲ ਦੇ ਉਤੇ ਹੋਣ ਕਰਕੇ ਸਮੁੱਚੇ ਜੀਵਨ ਦੀ ਇਕੋ ਯੂਨਿਟ ਬਣਾਉਂਦੀ ਹੈ। ਸੋ ਇਨ੍ਹਾਂ ਦੋਹਾਂ ਤਲਾਂ ਦਾ ਦਿਨ ਅਤੇ ਰਾਤ ਵਰਗਾ ਫਰਕ ਹੋਣ ਕਰਕੇ ਇਹ ਏਕਤਾ ਨੂੰ ਅਨੇਕਤਾ ਵਿਚ ਵੰਡ ਦਿੰਦੀ ਹੈ। ਸੋ ਜੋ ਮੈਂ ਦਰਖਤਾਂ ਦੀ ਗਲ ਕੀਤੀ ਹੈ, ਉਹ ਮਨੁੱਖ ਦੀ ਧੁਰ ਅੰਦਰਲੀ, ਉਸਦੇ ਪਰਾ ਅਤੇ ਪਸੰਤੀ ਭਾਵਾਂ ਵਿਚੋਂ ਨਿਕਲੀ ਪਿਆਰ ਰੌਆਂ ਦਿੰਦੀ ਐਨਰਜੀ, ਦਰਖਤਾਂ ਨੂੰ ਮਹਿਸੂਸ ਹੋਣ ਕਰਕੇ ਉਹ ਸ਼ੁਭ ਭਾਵਨਾ ਦੇ ਨਾਲ ਖੇੜੇ ਵਿਚ ਆ ਜਾਂਦੇ ਹਨ। ਇਸਦੇ ਵਿਪਰੀਤ ਜੇ ਕੁਝ ਬੰਦੇ cutter ਲੈ ਕੇ, ਕੁਹਾੜੇ ਤੇ ਆਰੇ ਲੈ ਕੇ ਉਨ੍ਹਾਂ ਨੂੰ ਕੱਟਣ ਲਈ ਜਾਂਦੇ ਹਨ ਤਾਂ ਉਨ੍ਹਾਂ ਦੀ ਮੰਦ ਭਾਵਨਾ ਵਾਲੀ ਚੇਤਨਾ ਤੋਂ ਪੈਦਾ ਹੋਈ ਐਨਰਜੀ ਉਨ੍ਹਾਂ ਦੇ ਅੰਦਰ ਦੁਖ ਅਤੇ ਭੈ ਦੇ ਸੰਕੇਤ ਪੈਦਾ ਕਰਦੀ ਹੈ। ਐਸੇ ਤਜਰਬੇ ਅੱਜ ਦੇ ਕੰਪਿਊਟਰ ਜੁਗ ਵਿਚ ਬਹੁਤ ਬਿਖਮ ਫਿਲਾਸਫੀ ਤੋਂ ਪਰਦੇ ਚੁੱਕ ਕੇ, ਮਨੁੱਖੀ ਮਨ ਦੇ ਅੰਦਰ ਇਕ ਸੰਘਰਸ਼ ਪੈਦਾ ਕਰ ਦਿੰਦੇ ਹਨ। ਸੋ ਜੋ ਭੀ ਜੀਵਧਾਰੀ ਸੰਸਾਰ ਦੇ ਵਿਚ ਹੈ, ਉਹ ਸੁਖ ਦਾ ਜੀਵਨ ਹੀ ਮੰਗਦਾ ਹੈ। ਜਦੋਂ ਅਸੀਂ ਬ੍ਰਿਛਾਂ, ਬੂਟਿਆਂ, ਪੰਛੀਆਂ, ਪਸ਼ੂਆਂ, ਮੱਛੀਆਂ, ਧਰਤੀ ਤੇ ਪੇਟ ਭਾਰ ਚਲਣ ਵਾਲੇ ਜੀਵਾਂ ਦੀ, ਅੰਡਜ, ਜੇਰਜ, ਸੇਤਜ ਦੀ ਦੁਨੀਆਂ ਨੂੰ ਛੱਡ ਕੇ ਮਨੁੱਖੀ ਮੰਡਲ ਵਿਚ ਆਉਂਦੇ ਹਾਂ ਤਾਂ ਅਸੀਂ ਸਾਰੇ ਪ੍ਰਤੱਖ ਅਨੁਭਵ ਕਰਦੇ ਹਾਂ ਅਤੇ ਪੂਰੀ ਤਰ੍ਹਾਂ ਲੋਚਦੇ ਹਾਂ ਕਿ

ਜ਼ਿੰਦਗੀ ਦੀ ਚਾਲ ਦੇ ਅੰਦਰ ਦੁਖ, ਬਿਘਨ, ਪਰੇਸ਼ਾਨੀਆਂ, ਔਖਿਆਈਆਂ ਨਾਲ ਵਾਹ ਨਾ ਪਵੇ। ਸੁਖ ਦਾ ਜੀਵਨ ਹੀ ਬਤੀਤ ਹੋਵੇ ਅਤੇ ਜੋ ਕੁਝ ਵੀ ਅਸੀਂ ਚਾਹੀਏ, ਉਹੋ ਹੀ ਸਾਨੂੰ ਮਿਲਦਾ ਰਹੇ। ਸਾਡਾ ਮਾਣ ਹੋਵੇ, ਪੈਸੇ ਵਾਲੇ ਹੋਈਏ, ਵੱਡਾ ਅਹੁਦਾ ਸਾਨੂੰ ਪ੍ਰਾਪਤ ਹੋਵੇ, ਪਰ ਕਿਸੇ ਮੌਕੇ ਤੇ ਵੀ ਅਸੀਂ ਅਸਫਲ ਨਾ ਹੋਈਏ, ਸਦਾ ਸਫਲਤਾ ਅਸਾਡੀ ਜੀਵਨ ਚਾਲ ਵਿਚ ਸਾਥ ਦਿੰਦੀ ਰਹੇ ਅਤੇ ਅਸੀਂ ਜੀਵਨ ਦੇ ਅੰਦਰ ਸੁਖ ਦੇ ਸਾਹ ਲੈਂਦੇ ਜੀਵਨ ਬਤੀਤ ਕਰੀਏ। ਇਹ ਲੋਚਾ ਬਹੁਤ ਹਿਤ-ਪੂਰਵਕ ਹੈ। ਅਸਾਡੇ ਸਾਰੇ ਕਰਮ ਸੁਖ ਦੀ ਪ੍ਰਾਪਤੀ ਲਈ ਹੀ ਹੁੰਦੇ ਹਨ, ਪਰ ਫੇਰ ਵੀ ਅਣ-ਚਾਹਿਆ ਦੁਖ ਕਿਥੋਂ ਆ ਜਾਂਦਾ ਹੈ? ਜਦੋਂ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਤਦ ਤੋਂ ਹੀ ਸੂਝਵਾਨ ਮਹਾਂਪੁਰਸ਼, ਪੀਰ, ਪੈਗੰਬਰ, ਅਉਲੀਏ, ਰਿਸ਼ੀ-ਮੁਨੀ, ਫਿਲਾਸਫਰ ਇਸ ਗੱਲ ਦੀ ਖੋਜ ਵਿਚ ਲਗੇ ਹੋਏ ਹਨ ਕਿ ਜੀਵਨ ਵਿਚ ਸੁਖ ਤੇ ਦੁਖ ਕਿਥੋਂ ਆ ਰਹੇ ਹਨ ਅਤੇ ਦੁਖ ਦਾ ਵਾਸਤਵਿਕ ਸਰੂਪ ਕੀ ਹੈ? ਦੁਖ ਪੈਦਾ ਹੋਣ ਦਾ ਵਾਸਤਵਿਕ ਕਾਰਣ ਕੀ ਹੈ ਅਤੇ ਦੁਖਾਂ ਦਾ ਨਿਤਾਂਤ ਅਭਾਵ ਕੀ ਹੈ? ਦੁਖਾਂ ਦੀ ਨਿਤਾਂਤ ਨਰਵਿਰਤੀ ਦਾ ਸਾਧਨ ਕੀ ਹੈ? ਦੁਖ ਕਿਸਨੂੰ ਅਨੁਭਵ ਹੁੰਦਾ ਹੈ? ਮਨੁੱਖ ਦੇ ਸੁਭਾਵਿਕ ਜਤਨ, ਸੁਖ ਦੀ ਪ੍ਰਾਪਤੀ ਲਈ ਕਿਉਂ ਹੁੰਦੇ ਹਨ? ਇਨ੍ਹਾਂ ਖੋਜਾਂ ਨੇ ਅੰਤਰੀਵੀ ਖੋਜ ਨੂੰ ਜਨਮ ਦਿਤਾ ਅਤੇ ਪੂਰਾ ਜੀਵਨ ਇਸ ਖੋਜ ਲਈ ਘਾਲ ਕਮਾਈ ਕਰਕੇ ਲਾਉਣ ਉਪਰੰਤ ਆਪਣੇ ਖੋਜ ਅਨੁਭਵ, ਸੰਸਾਰ ਲਈ ਸਾਂਝੇ ਕੀਤੇ।

ਇਨ੍ਹਾਂ ਖੋਜਾਂ ਨੇ - ੧. ਵਾਹਿਗੁਰੂ ਦਾ ਸਰੂਪ ਕੀ ਹੈ? ਇਹ ਜੀਵ ਦਾ ਵਾਸਤਵਿਕ ਸਰੂਪ ਕੀ ਹੈ? ਇਹ ਸ੍ਰਿਸ਼ਟੀ ਦਾ ਵਾਸਤਵਿਕ ਸਰੂਪ ਕੀ ਹੈ? ਇਸ ਵਿਚ ਕਿਹੜੇ-ਕਿਹੜੇ ਤੱਤ ਹਨ ਜਿਨ੍ਹਾਂ ਕਰਕੇ ਦੁਖ ਪੈਦਾ ਹੁੰਦੇ ਹਨ ਜਾਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ? ਬਹੁਤ ਗਹਿਨ ਖੋਜਾਂ ਕਰਕੇ ਆਪਣੇ ਅਨੁਭਵ, ਖੋਜ ਪੁਸਤਕਾਂ ਵਿਚ ਦਰਜ ਕੀਤੇ ਅਤੇ ਉਨ੍ਹਾਂ ਨੂੰ ਸੰਸਾਰ ਨੇ ਪ੍ਰਵਾਨ ਕੀਤਾ। ਇਨ੍ਹਾਂ ਨੂੰ ਭਾਰਤੀ ਬੋਲੀ ਵਿਚ ਵਖੋ-ਵਖਰੇ ਸ਼ਾਸ਼ਤਰ ਕਹਿੰਦੇ ਹਨ। ਜਿਵੇਂ ਕਿ ਨਿਆਏ ਸਾਸ਼ਤਰ, ਮੀਮਾਂਸਾ (ਉਤਰ ਮੀਮਾਂਸਾ, ਪੂਰਬ ਮੀਮਾਂਸਾ), ਵੇਦਾਂਤ ਸਾਸ਼ਤਰ, ਵਿਸ਼ੈਸ਼ਕ ਸਾਸ਼ਤਰ, ਸਾਂਖ ਸਾਸ਼ਤਰ, ਯੋਗ ਸਾਸ਼ਤਰ; ਇਹ ਖਟ ਦਰਸ਼ਨ ਵੇਦਾਂ ਦੇ ਉਪਾਂਗ ਅਖਵਾਉਂਦੇ ਹਨ। ਇਨ੍ਹਾਂ ਸਾਰੇ ਸਾਸ਼ਤਰਾਂ ਵਿਚ ਸੁਖ ਦੀ ਅੰਤਿਮ ਸੀਮਾਂ ਨੂੰ **'ਮੋਖਸ਼'** ਆਖਿਆ ਜਾਂਦਾ ਹੈ। ਇਸ ਵਿਚ ਕਿਹੜੇ-ਕਿਹੜੇ ਸਾਧਨ ਕਰਕੇ ਪਹੁੰਚਿਆ ਜਾਵੇ ਅਤੇ ਦੁਖਾਂ ਤੋਂ ਪੂਰੀ ਤਰ੍ਹਾਂ ਨਾਲ ਪਿੱਛਾ ਛੁਡਾ ਕੇ ਪਰਮ ਸੁਖ ਦੀ ਅਵਸਥਾ ਕਿਵੇਂ ਮਾਣੀ ਜਾਵੇ? ਇਸਨੂੰ **'ਮੋਖਸ਼ ਇੱਛਾ'** ਆਖਦੇ ਹਨ। ਸਾਰੇ ਸਾਸ਼ਤਰਾਂ ਦੇ ਆਪੋ-ਆਪਣੇ ਟੀਚੇ ਹਨ। ਕਿਸੇ ਦਾ ਬਹੁਤ ਗਹਿਰਾ ਹੈ, ਕਿਸੇ ਦਾ ਪੇਤਲਾ ਹੈ। ਇਸ ਵਿਸ਼ੇ ਵਿਚ ਮੈਂ ਨਹੀਂ ਪੈਂਦਾ ਕਿਉਂਕਿ ਮੇਰਾ ਵਿਸ਼ਾ ਕੇਵਲ ਦੁਖ ਦਾ ਅਭਾਵ ਅਤੇ ਸੁਖ ਦੀ ਪੂਰਨ ਪ੍ਰਾਪਤੀ ਹੈ। ਇਨ੍ਹਾਂ ਸਾਸ਼ਤਰਾਂ ਨੇ ਵਖੋ-ਵਖਰੇ ਸਾਧਨ ਪ੍ਰਚਲਤ ਕੀਤੇ ਹਨ, ਜੋ ੧. ਕਰਮ, ੨. ਉਪਾਸ਼ਨਾ, ੩. ਗਿਆਨ ਵਿਚ ਹੀ ਆ ਜਾਂਦੇ ਹਨ। ਇਨ੍ਹਾਂ ਸਾਸ਼ਤਰਾਂ ਦੇ ਮੁਤਾਬਿਕ ਦੁਖ ਤਿੰਨ ਪਾਸਿਓਂ ਇਨਸਾਨ ਉਪਰ ਆਉਂਦਾ ਹੈ। ਇਕ ਨੂੰ ਅਧਿਆਤਮ ਦੁਖ, ਦੂਜੇ ਨੂੰ ਅਧਿਦੈਵਕ ਦੁਖ ਅਤੇ ਤੀਸਰੇ ਨੂੰ ਅਧਿਭੂਤਕ ਦੁਖ ਆਖਿਆ ਜਾਂਦਾ ਹੈ।

ਗੁਰਮਤਿ ਅਨੁਸਾਰ ਉਪਰਲੀ ਪੱਧਰ ਦੇ ਮਾਨਸਿਕ ਦੁਖਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਇਕ ਦੁਖ ਸੰਜੋਗ-ਵਿਜੋਗ ਦੇ ਅਟੱਲ ਨਿਯਮ ਦੇ ਮੁਤਾਬਿਕ ਜੀਵ, ਵਸਤੂ, ਸਬੰਧ ਤੇ ਹਿਤਾਂ ਦੀ ਪੂਰਤੀ ਲਈ ਕੁਝ ਪ੍ਰਾਪਤ ਹੋ ਕੇ ਵਿਛੜ ਜਾਣਾ, ਕਿਸੇ ਪਰਮ ਸਨੇਹੀ ਦੀ ਮਿਰਤੂ ਹੋ ਜਾਣਾ, ਜਾਇਦਾਦ ਨਸ਼ਟ ਹੋ ਜਾਣੀ, ਮਾਣ ਪ੍ਰਾਪਤੀ ਦਾ ਪਤਨ ਹੋ ਜਾਣਾ, ਇਹ ਵਿਛੋੜੇ ਵਿਚ ਆ ਜਾਂਦੇ ਹਨ।

ਦੂਸਰਾ ਦੁਖ ਮਹਾਰਾਜ ਜੀ ਨੇ ਭੁੱਖ ਦਾ ਦਸਿਆ ਹੈ। ਇਸ ਭੁੱਖ ਵਿਚ ਸਰੀਰਕ ਭੁੱਖ, ਭੋਗਾਂ ਦੀ ਭੁੱਖ, ਦਰਸ਼ਨ ਮੇਲਿਆਂ, ਸੈਰਾਂ-ਸਪਾਟਿਆਂ ਦੀ ਭੁੱਖ, ਵੱਡੀਆਂ-ਵੱਡੀਆਂ ਪਦਵੀਆਂ ਪ੍ਰਾਪਤ ਕਰਨ ਦੀ ਭੁੱਖ, ਮਾਣ ਪ੍ਰਾਪਤ ਕਰਨ ਦੀ ਭੁੱਖ ਅਤੇ ਸਭ ਤੋਂ ਵੱਡੀ ਪੈਸਾ, ਟਕਾ, ਜਾਇਦਾਦ ਪ੍ਰਾਪਤ ਕਰਨ ਦੀ ਭੁੱਖ ਹੋਇਆ ਕਰਦੀ ਹੈ। ਇਸ ਭੁੱਖ ਨੂੰ ਮਹਾਰਾਜ ਜੀ ਨੇ ਤ੍ਰਿਸ਼ਨਾ ਦੀ ਭੁੱਖ ਆਖਿਆ ਹੈ। ਜਿਸਨੂੰ ਅਗਨ ਦੇ ਭਾਂਬੜ ਨਾਲ ਤੁਲਨਾ ਦਿਤੀ ਹੈ। ਜੋ ਹਿਰਦੇ ਦੀ ਪ੍ਰੇਮ ਸ਼ਾਂਤ ਨੂੰ ਹਰ ਵਕਤ ਭੰਗ

ਕਰਦੀ ਰਹਿੰਦੀ ਹੈ। ਇਹ ਤ੍ਰਿਸ਼ਨਾ ਕਿਸੇ ਵਿਰਲੇ ਪੁਰਸ਼ ਦੀ ਬੁਝਦੀ ਹੈ, ਨਹੀਂ ਤਾਂ ਸਾਰਾ ਸੰਸਾਰ ਇਸ ਅੱਗ ਦੇ ਭੱਠ ਵਿਚ ਸਭ ਕੁਝ ਹੁੰਦੇ ਹੋਇਆਂ ਸੜ ਕੇ ਪ੍ਰਮ ਦੁਖੀ ਹੋ ਰਿਹਾ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥*

**ਅੰਗ - ੨੧੩**

ਏਥੋਂ ਤਕ ਗੁਰਮਤਿ ਅਨੁਸਾਰ ਪ੍ਰਗਟ ਹੈ ਕਿ ਸਾਰੀ ਸ੍ਰਿਸ਼ਟੀ ਦਾ ਰਾਜ ਪ੍ਰਾਪਤ ਕਰਨ ਉਪਰੰਤ ਵੀ ਉਸਦੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ -

*ਵਡੇ ਵਡੇ ਰਾਜਨ ਅਰੁ ਭੂਮਨ*
*ਤਾ ਕੀ ਤ੍ਰਿਸਨ ਨ ਬੂਝੀ॥*
*ਲਪਟਿ ਰਹੇ ਮਾਇਆ ਰੰਗ ਮਾਤੇ*
*ਲੋਚਨ ਕਛੂ ਨ ਸੂਝੀ॥*
*ਬਿਖਿਆ ਮਹਿ ਕਿਨ ਹੀ*
*ਤ੍ਰਿਪਤਿ ਨ ਪਾਈ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ॥*

**ਅੰਗ - ੬੭੨**

ਇਹ ਤ੍ਰਿਸ਼ਨਾ ਦਾ ਵੱਡਾ ਮਾਨਸਿਕ ਰੋਗ ਜੋ ਅਤਿਅੰਤ ਪੀੜਾ ਦਿੰਦਾ ਹੈ, ਇਹ ਮਾਇਆ ਦਾ ਜਾਲ ਪਸਰਿਆ ਹੋਇਆ ਹੋਣ ਕਰਕੇ ਹੈ -

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥*

**ਅੰਗ - ੫੦**

ਅਗਿਆਨ ਦੀ ਭਰੀ ਹੋਈ ਤ੍ਰਿਸ਼ਨਾ ਇਸ ਤਨ ਨੂੰ ਹਰ ਵਕਤ ਜਾਲਦੀ ਰਹਿੰਦੀ ਹੈ। ਇਹ ਜੀਵ ਸਭ ਪ੍ਰਾਪਤੀਆਂ ਦੇ ਹੁੰਦੇ ਹੋਇਆਂ ਭੀ ਤ੍ਰਿਸ਼ਨਾ ਦੇ ਦੁਖ ਵਿਚ ਫਸਿਆ ਜਲਦਾ ਰਹਿੰਦਾ ਹੈ -

*ਅਗਿਆਨੁ ਤ੍ਰਿਸਨਾ*
*ਇਸੁ ਤਨਹਿ ਜਲਾਏ॥*

**ਅੰਗ - ੧੦੬੭**

ਸਾਰਾ ਹੀ ਸੰਸਾਰ ਇਸ ਅਗਨ ਵਿਚ ਜਲਣ ਕਰਕੇ ਮਹਾਂ ਦੁਖੀ ਹੋ ਰਿਹਾ ਹੈ ਅਤੇ ਇਸਨੂੰ ਕੁਝ ਵੀ ਨਹੀਂ ਸੁੱਝ ਰਿਹਾ ਕਿਉਂਕਿ ਇਸਦੀ ਦਵਾਈ ਨਾ ਹੀ ਡਾਕਟਰਾਂ ਕੋਲ ਹੈ ਅਤੇ ਨਾ ਹੀ ਵੈਦਾਂ ਕੋਲ ਹੋਇਆ ਕਰਦੀ ਹੈ। ਇਸ ਤ੍ਰਿਸ਼ਨਾ ਦੀ ਅਗਨ ਵਿਚ ਜਲਦੇ, ਸੰਸਾਰ ਦੇ ਵਿਚੋਂ ਆਹਾਂ ਭਰਦਾ ਪ੍ਰਲੋਕ ਦਾ ਦੁਖ ਸਹਾਰਨ ਲਈ ਅਮੁਲ ਮਾਨਸ ਜਨਮ ਨੂੰ ਬਰਬਾਦ ਕਰ ਦਿੰਦਾ ਹੈ -

*ਤ੍ਰਿਸਨਾ ਅਗਨਿ ਜਲੈ ਸੰਸਾਰਾ॥*
*ਜਲਿ ਜਲਿ ਖਪੈ ਬਹੁਤੁ ਵਿਕਾਰਾ॥*

**ਅੰਗ - ੧੦੪੪**

ਤੀਸਰਾ ਦੁਖ ਮਹਾਰਾਜ ਜੀ ਨੇ ਇਸ ਸੰਸਾਰ ਤੋਂ ਚਲੇ ਜਾਣ ਦਾ, ਯਾਨਿ ਕਿ ਜਮਾਂ ਦੇ ਵਸ ਪੈਣ ਦਾ ਵਰਣਨ ਕੀਤਾ ਹੈ। ਜੀਵ ਸੰਸਾਰ ਵਿਚ ਆਉਂਦਾ ਹੈ; ਜਦੋਂ ਮਾਤਾ ਦੇ ਪੇਟ ਵਿਚ ਹੁੰਦਾ ਹੈ ਤਾਂ ਇਹ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਸ ਕੁੰਭੀ ਨਰਕ ਵਿਚੋਂ ਕੱਢੋ। ਤੇਰਾ ਨਾਮ ਜੋ ਇਸ ਕੁੰਭੀ ਨਰਕ ਵਿਚ ਦੁੱਖ ਦੀ ਲਾਗ ਨਹੀਂ ਲਗਣ ਦੇ ਰਿਹਾ, ਜੋ ਇਕ ਧੁਨ ਦੇ ਰੂਪ ਵਿਚ ਮੈਨੂੰ ਸੰਗੀਤਕ ਤਰਵਾਂ ਦਿੰਦਾ ਜੀਵਤ ਰਖ ਰਿਹਾ ਹੈ, ਇਸ ਨਾਮ ਦੀ ਬਰਕਤ ਨੂੰ ਮੈਂ ਅਨੁਭਵ ਕਰ ਲਿਆ ਅਤੇ ਮੈਂ ਸੰਸਾਰ ਵਿਚ ਜਾਵਾਂਗਾ ਤਾਂ ਇਸ ਨਾਮ ਨੂੰ ਇਕ ਪਲ ਵਾਸਤੇ ਵੀ ਨਹੀਂ ਭੁੱਲਾਂਗਾ। ਇਸ ਬਾਰੇ ਮਹਾਰਾਜ ਜੀ ਸੰਕੇਤ ਦਿੰਦੇ ਹਨ -

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*

**ਅੰਗ - ੨੫੧**

ਜਦੋਂ ਮਾਤਾ ਦੇ ਪੇਟ ਵਿਚੋਂ ਬਾਹਰ ਆ ਜਾਂਦਾ ਹੈ ਤਾਂ ਉਹ ਜੀਵ ਉਸ ਸ਼ਬਦ ਨੂੰ ਇਕ ਦਮ ਭੁੱਲ ਕੇ ਮਾਇਆ ਵਿਚ ਪਰਵਿਰਤ ਹੋ ਜਾਂਦਾ ਹੈ। ਪਹਿਲਾਂ ਇਸਨੂੰ ਦੁੱਧ ਨਾਲ ਪਿਆਰ ਪੈਂਦਾ ਹੈ। ਫੇਰ ਮਾਤਾ-ਪਿਤਾ ਦੇ ਸਬੰਧ ਨੂੰ ਕਲਪਿਤ ਕਰਦਾ ਹੈ। ਉਨ੍ਹਾਂ ਦੇ ਮੋਹ ਵਿਚ ਗ੍ਰਸਤ ਹੁੰਦਾ ਹੈ। ਫੇਰ ਆਪਣੇ ਭਾਈ, ਭੈਣ ਆਦਿ ਸਬੰਧੀਆਂ ਦੀ ਸਿਮ੍ਰਤੀ ਨੂੰ ਅੰਤਸ਼ਕਰਣ ਵਿਚ ਸਥਿਤ ਕਰਦਾ ਹੈ। ਫਿਰ ਵੱਡਾ ਹੋਣ ਤੇ ਖੇਡਾਂ ਨਾਲ ਪਿਆਰ ਪੈ

ਜਾਂਦਾ ਹੈ ਅਤੇ ਇਸਤੋਂ ਅੱਗੇ ਖਾਣ ਪੀਣ ਦੇ ਰਸਾਂ, ਕੁ-ਰਸਾਂ ਵਿਚ ਪੂਰੀ ਤਰ੍ਹਾਂ ਨਾਲ ਗ੍ਰਸਤ ਹੋ ਜਾਂਦਾ ਹੈ। ਮਾਸ, ਮੱਛੀ, ਮਧਰਾ ਆਦਿ ਤਮੋ ਗੁਣੀ ਭੋਜਨਾਂ ਦੇ ਵਿਚ ਗੁਲਤਾਨ ਹੋ ਕੇ ਸਤੋ ਗੁਣੀ ਸੂਝ ਨੂੰ ਗਵਾ ਬੈਠਦਾ ਹੈ ਅਤੇ ਉਨ੍ਹਾਂ ਖਾਣਿਆਂ ਦੇ ਰਸਾਂ ਵਿਚ ਗੁਲਤਾਨ ਹੋਇਆ ਪ੍ਰਭੂ ਦੀ ਯਾਦ ਨੂੰ ਵਿਸਿਮਰਨ ਕਰ ਦਿੰਦਾ ਹੈ। ਇਸ ਤੋਂ ਅੱਗੇ ਭਰ ਜਵਾਨੀ ਦੇ, ਉਚੀਆਂ ਲਹਿਰਾਂ ਮਾਰਦੇ ਉਛਾਲੇ, ਇਸਨੂੰ ਭੋਗਾਂ ਦੀ ਰੁਚੀਆਂ ਵਿਚ ਗੁਲਤਾਨ ਕਰ ਦਿੰਦੇ ਹਨ ਅਤੇ ਇਹ ਵਿਸ਼ੇ ਭੋਗਾਂ ਵਿਚੋਂ ਅਨੰਦ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ ਹੈ ਅਤੇ ਭੋਗਾਂ ਦੀ ਅਧਿਕਤਾ ਦੇ ਕਾਰਨ ਆਪਣੇ ਸਰੀਰ ਦਾ ਨਾਸ਼ ਕਰਕੇ ਦੁਖਾਂ ਦੇ ਡੂੰਘੇ ਖੂਹ ਵਿਚ ਧੱਕਿਆ ਜਾਂਦਾ ਹੈ ਅਤੇ ਇਸ ਵਿਚ ਗਿਰ ਕੇ AIDS (ਏਡਜ਼) ਵਰਗੇ ਭੈੜੇ ਦੁਖਾਂ ਨੂੰ ਅਤੇ ਇਸਤੋਂ ਭੈੜੇ ਸਰੀਰਕ ਰੋਗਾਂ ਵਿਚ ਫੜਿਆ ਜਾਂਦਾ ਹੈ।

ਇਸ ਤੋਂ ਬਾਦ ਇਸਨੂੰ ਸੋਚ ਫੁਰਦੀ ਹੈ ਕਿ ਮੈਨੂੰ ਬੁਢਾਪੇ ਲਈ, ਖਾਣ ਪੀਣ, ਰਹਿਣ ਲਈ ਮਾਇਆ ਦੀ ਲੋੜ ਹੈ, ਫੇਰ ਜਾਇਜ਼-ਨਜ਼ਾਇਜ਼ ਤਰੀਕਿਆਂ ਦੇ ਨਾਲ ਮਾਇਆ ਇਕੱਠੀ ਕਰਨ ਲਈ ਜਤਨਸ਼ੀਲ ਹੁੰਦਾ ਹੈ। ਇਹ ਮਾਇਆ ਪਾਪਾਂ ਤੋਂ ਬਗੈਰ ਇਕੱਠੀ ਹੋਣੀ ਕਿਸੇ ਵਿਰਲੇ ਦੇ ਹਿੱਸੇ ਵਿਚ ਹੀ ਆਉਂਦੀ ਹੈ। ਇਸ ਮਾਇਆ ਨੂੰ ਇਕੱਤਰ ਕਰਨ ਲਈ ਕੀਤੇ ਦੋਸ਼ ਇਸਦੇ ਅੰਤਸ਼ਕਰਣ ਵਿਚ ਦੁਰਗੰਧੀ ਮਾਰਦੀ ਮੈਲ ਦੇ ਰੂਪ ਵਿਚ ਜਮ੍ਹਾਂ ਹੋ ਜਾਂਦੇ ਹਨ। ਇਸ ਤੋਂ ਉਪਰੰਤ ਜਿਸ ਪਰਵਾਰ ਲਈ ਇਸਨੇ ਪਾਪਾਂ ਤੇ ਭੋਗਾਂ ਦੀ ਜ਼ਿੰਦਗੀ ਨੂੰ ਅਪਣਾਇਆ, ਉਹ ਇਸਦੀ ਇਕ ਰੱਤੀ ਭਰ ਵੀ ਕਦਰ ਨਹੀਂ ਕਰਦੇ ਅਤੇ ਨਾ ਹੀ ਇਸਦਾ ਕਹਿਣਾ ਮੰਨਦੇ ਹਨ। ਅਜਿਹੀ ਅਵਸਥਾ ਵਿਚ ਇਹ ਆਪਣੇ ਸਰੀਰ ਨੂੰ ਕ੍ਰੋਧ ਦੇ ਵਿਸਫੋਟ ਕਰ-ਕਰਕੇ ਗਾਲ ਦਿੰਦਾ ਹੈ ਅਤੇ ਅੰਤ ਦੁਖਾਂ ਭਰਿਆ ਸਮਾਂ, ਉਭੇ ਸਾਹ ਲੈ ਕੇ ਲੰਘਾਉਂਦਾ ਹੋਇਆ, ਇਸ ਸੰਸਾਰ ਤੋਂ ਜਦੋਂ ਜਾਣ ਲਗਦਾ ਹੈ ਤਾਂ ਇਸਦੀਆਂ ਬਾਹਾਂ ਮਹਾਂਭਿਆਨਕ ਜਮਦੂਤਾਂ ਦੇ ਹੱਥ ਵਿਚ ਫੜੀਆਂ ਹੋਣ ਕਰਕੇ ਇਹ ਬਹੁਤ ਹੀ ਦੁਖ ਮਹਿਸੂਸ ਕਰਦਾ ਹੈ। ਇਸ ਦੀ ਐਸੀ ਅਵਸਥਾ ਨੂੰ ਗੁਰੂ ਮਹਾਰਾਜ ਜੀ ਨੇ ਦਰਸਾਉਂਦਿਆਂ ਫੁਰਮਾਇਆ ਹੈ ਕਿ -

***ਆਪੀਨੈ ਭੋਗ ਭੋਗਿ ਕੈ ਹੋਇ***
***ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ***
***ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ***
***ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥***
***ਅੰਗ - ੪੬੪***

ਇਸ ਅਵਸਥਾ ਨੂੰ ***'ਪਹਿਲੈ ਪਿਆਰਿ ਲਗਾ ਥਣ ਦੁਧਿ॥' (ਪੰਨਾ - ੧੩੭)*** ਵਾਲੇ ਸ਼ਬਦ ਵਿਚ ਪੂਰੀ ਤਰ੍ਹਾਂ ਦਰਸਾਇਆ ਹੈ।

ਸੋ ਇਹ ਅੰਤ ਸਮੇਂ ਦਾ ਜਮਦੂਤਾਂ ਦਾ ਦੁਖ ਬਹੁਤ ਹੀ ਭਿਆਨਕ ਹੈ। ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਸਰੀਰਕ ਦੁਖਾਂ ਦੀ ਗਿਣਤੀ ਕਰਦੇ ਹਨ। ਸਰੀਰਕ ਦੁਖ ਪ੍ਰਮੇਸ਼ਰ ਨੂੰ ਭੁੱਲ ਕੇ, ਭੋਗਾਂ ਵਿਚ ਪ੍ਰਵਿਰਤ ਹੋਣ ਨਾਲ, Tension (ਤਣਾਉ) ਵੱਧਣ ਨਾਲ, ਬੇ-ਨਿਯਮੀਆਂ ਕਰਨ ਦੇ ਨਾਲ, ਆਚਾਰ, ਵਿਹਾਰ, ਵਿਚਾਰ ਸ਼ੁਧ ਨਾ ਰੱਖਣ ਦੇ ਕਾਰਨ ਸਾਰੀਆਂ ਮਰਿਯਾਦਾਵਾਂ ਭੰਗ ਕਰਨ ਕਰਕੇ ਆ ਜਾਇਆ ਕਰਦੇ ਹਨ। ਇਨ੍ਹਾਂ ਵਿਚੋਂ ਐਸੇ ਦੁਖ ਵੀ ਹੁੰਦੇ ਹਨ ਜਿਨ੍ਹਾਂ ਲਈ ਹਕੀਮਾਂ, ਵੈਦਾਂ, ਡਾਕਟਰਾਂ ਦੇ ਪਾਸ ਕੋਈ ਦਾਰੂ ਨਹੀਂ ਹੋਇਆ ਕਰਦਾ।

ਇਨ੍ਹਾਂ ਦੁਖਾਂ ਤੋਂ ਇਲਾਵਾ ਗੁਰੂ ਮਹਾਰਾਜ ਜੀ ਨੇ ਸਭ ਤੋਂ ਵੱਡਾ ਦੁੱਖ, ਜਿਸਦਾ ਇਲਾਜ ਕਰੋੜਾਂ ਸਾਲਾਂ ਵਿਚ ਵੀ ਸਧਾਰਨ ਹਾਲਤ ਵਿਚ, ਬਿਨਾਂ ਗੁਰੂ ਦੇ ਮਿਲਿਆਂ, ਹੋਣਾ ਅਸੰਭਵ ਹੈ। ਇਸ ਦੁਖ ਦੇ ਕਾਰਣ ਇਹ ਜੀਵ ਸਦਾ ਹੀ ਜੰਮਦਾ ਤੇ ਮਰਦਾ ਰਹਿੰਦਾ ਹੈ। ਅਨੇਕਾਂ ਜਨਮਾਂ-ਜਨਮਾਂਤਰਾਂ ਵਿਚ ਅਨੇਕ ਤਰ੍ਹਾਂ ਦੀਆਂ ਦੇਹਾਂ ਦੇ ਵਿਚ ਇਹ ਜੀਵ ਆਤਮਾ ਪ੍ਰਵੇਸ਼ ਕਰਕੇ ਅਤਿਅੰਤ ਦੁਖੀ ਹੁੰਦੀ ਹੈ ਜਿਵੇਂ ਕਿ ਫੁਰਮਾਨ ਹੈ -

***ਕਈ ਜਨਮ ਭਏ ਕੀਟ ਪਤੰਗਾ॥***

***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਅੰਗ - ੧੭੬***

ਉਪਰ ਕਥੇ ਦੁਖਾਂ ਤੋਂ ਇਲਾਵਾ ਵਾਸ਼ਨਾਵਾਂ ਦੀ ਪੂਰਤੀ ਦਾ ਦੁਖ ਵੀ ਮਹਾਨ ਭਿਆਨਕ ਹੈ। ਵਾਸ਼ਨਾ ਆਦਮੀ ਦੇ ਅੰਦਰ ਸਦਾ ਹੀ ਇਸਦੀ ਸ਼ਾਂਤੀ ਨੂੰ ਮਧਾਣੀ ਵਾਂਗੂੰ ਰਿੜਕਦੀ ਰਹਿੰਦੀ ਹੈ। ਧਨ ਵਾਸ਼ਨਾ ਦੀ ਪੂਰਤੀ ਲਈ ਔਖੇ ਤੋਂ ਔਖੇ ਥਾਵਾਂ ਤੇ ਜਿਵੇਂ ਕਿ ਗਹਿਰੀਆਂ ਅੰਧਕਾਰਮਈ ਕਾਨ੍ਹਾਂ ਵਿਚ ਆਪਣੇ ਜੀਵਨ ਦੀ ਬਾਜ਼ੀ ਲਾ ਕੇ, ਸਮੁੰਦਰ ਦੀਆਂ ਭਿਆਨਕ ਗਹਿਰਾਈਆਂ ਵਿਚ ਗੋਤੇ ਲਾ ਕੇ, ਸ਼ਾਰਕਾਂ ਨਾਲ ਮੁਕਾਬਲਾ ਕਰਦਿਆਂ, ਅਸਮਾਨਾਂ ਵਿਚ ਉਡਾਰੀਆਂ ਮਾਰ ਕੇ ਧਨ ਪ੍ਰਾਪਤੀ ਲਈ ਸੰਘਰਸ਼ ਕਰਦਿਆਂ ਅਤੇ ਜੀਵਨ ਦੇ ਅਨੇਕ ਬਿਖੜੇ ਜੀਵਨ ਹੂਲ ਦੇਣ ਵਾਲੇ ਕਰਤੱਵ ਕਰਦਿਆਂ, ਧਨ ਦੀ ਵਾਸ਼ਨਾ ਦੀ ਪੂਰਤੀ ਲਈ ਕੰਮ ਕਰਦਾ, ਸਦਾ ਹੀ ਪ੍ਰਮੇਸ਼ਰ ਨੂੰ ਭੁੱਲਿਆ ਰਹਿੰਦਾ ਹੈ। ਇਸ ਤੋਂ ਇਲਾਵਾ ਜ਼ੋਰ-ਜ਼ਬਰ ਕਰਕੇ, ਛਲ ਕਪਟ ਕਰਕੇ, ਮਿਲਾਵਟਾਂ ਕਰਕੇ, drugs ਦੀ ਸਮਗਲਿੰਗ ਕਰਕੇ, hoarding ਕਰਕੇ; ਮਾਇਆ ਪ੍ਰਾਪਤੀ ਲਈ ਅਨੇਕ ਕਿਸਮ ਦੇ ਪਾਪਾਂ ਵਿਚ ਪ੍ਰਵਿਰਤ ਹੋ ਕੇ, ਧਨ ਦੀ ਵਾਸ਼ਨਾ ਦੀ ਪੂਰਤੀ ਲਈ ਲੇਖਾ ਮੰਗਣ ਵਾਲੀ ਦਰਗਾਹ ਨੂੰ ਪੂਰੀ ਤਰ੍ਹਾਂ ਨਾਲ ਭੁੱਲ ਕੇ ਕਰਮ ਕਰਦਾ ਹੈ। ਜਿਸ ਤਰ੍ਹਾਂ ਫੁਰਮਾਨ ਹੈ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ***
***ਤੇਰੇ ਜੀਅ ਪਹਿ ਲੀਜੈ॥***
***ਅੰਗ - ੬੫੬***

ਅਜਿਹੇ ਦੂਸ਼ਿਤ ਕਰਮ, ਜਿਵੇਂ ਕਿ ਧੋਖੇ ਦੇ ਕੇ ਲੋਕਾਂ ਨੂੰ ਮਾਰਨ ਦੇ, ਬਿਗਾਨਾ ਧਨ ਖੋਹਣ ਦੇ, ਅਨੇਕ ਕਿਸਮ ਦੇ ਨਿੰਦਨੀ ਕਰਮਾਂ ਵਿਚ ਪ੍ਰਵੇਸ਼ ਹੋ ਕੇ ਮਨੁੱਖਤਾ ਦੇ ਸੁਨਿਹਰੀ ਆਦਰਸ਼ ਨੂੰ ਜੜ੍ਹ ਤੋਂ ਕੱਟ ਦਿਆ ਕਰਦੇ ਹਨ। ਵੱਡੇ-ਵੱਡੇ ਰਾਜੇ ਜਿਵੇਂ ਕਿ ਮਹਿਮੂਦ ਗਜ਼ਨਵੀ, ਚੰਗੇਜ਼ ਖਾਨ, ਹੂਨ ਤੇ ਸ਼ੱਕ ਆਦਿ ਰਾਜਿਆਂ ਨੇ ਲੱਖਾਂ ਬੰਦਿਆਂ ਨੂੰ ਕਤਲ ਕਰਕੇ, ਉਨ੍ਹਾਂ ਦਾ ਧਨ ਲੁਟ ਕੇ ਸੁਖਾਂ ਦੀਆਂ ਇਛਾਵਾਂ ਕੀਤੀਆਂ, ਪਰ ਹੁੰਦਾ ਕੀ ਹੈ? ਇਉਂ ਫੁਰਮਾਨ ਹੈ -

***ਲੈ ਫਾਹੇ ਰਾਤੀ ਤੁਰਹਿ***
***ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ***
***ਲੁਕਿ ਅੰਦਰਿ ਠਾਣੀ॥***
***ਸੰਨੀ ਦੇਨਿ ਵਿਖੰਮ***
***ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ***
***ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ***
***ਤਿਲ ਪੀੜੇ ਘਾਣੀ॥***
***ਅੰਗ - ੩੧੫***

ਸੋ ਧਨ ਇਕੱਤਰ ਕਰਨ ਦੀ ਵਾਸ਼ਨਾ ਐਸੀ ਪ੍ਰਬਲ ਹੋ ਜਾਂਦੀ ਹੈ ਕਿ ਆਦਮੀ ਪਾਗਲਾਂ ਦੀ ਹੱਦ ਨੂੰ ਵੀ ਪਾਰ ਕਰ ਜਾਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਕਾਰੂੰ ਬਾਦਸ਼ਾਹ ਨੇ ੪੦ ਗੰਜ ਧਨ ਦੇ ਜੋੜ ਲਏ ਸਨ, ਪਰ ਪਰਜਾ ਦੇ ਸੁਖ ਲਈ ਇਕ ਪੈਸਾ ਵੀ ਭੁੱਲ ਕੇ ਨਹੀਂ ਲਾਇਆ ਕਰਦਾ ਸੀ। ਇਕ ਵਾਰੀ ਉਸਦੇ ਮਨ ਵਿਚ ਆਇਆ ਕਿ ਮੈਂ ਦੇਖਾਂ ਕਿ ਕਿਸੇ ਕੋਲ ਲੁਕਿਆ-ਛਿਪਿਆ ਧਨ ਸਿੱਕੇ, ਸੋਨੇ, ਚਾਂਦੀ ਦੇ ਰੂਪ ਵਿਚ ਤਾਂ ਨਹੀਂ ਪਿਆ? ਉਸ ਨੇ ਇਸ ਮੰਤਵ ਲਈ ਆਪਣੀ ਲੜਕੀ ਨੂੰ ਬੱਘੀ ਵਿਚ ਬਿਠਾ ਕੇ ਅੱਗੇ-ਅੱਗੇ ਐਲਾਨ ਕਰਵਾ ਦਿਤਾ ਕਿ ਜੋ ਕੋਈ ਇਕ ਰੁਪਈਆ ਲਿਆ ਕੇ ਦੇਵੇਗਾ, ਉਸ ਦੀ ਸ਼ਾਦੀ ਬੱਘੀ ਵਿਚ ਬੈਠੀ ਰਾਜਕੁਮਾਰੀ ਨਾਲ ਕਰ ਦਿਤੀ ਜਾਵੇਗੀ। ਇਕ ਲੜਕਾ ਰਾਜਕੁਮਾਰੀ ਦਾ ਰੂਪ ਦੇਖ ਕੇ ਮੋਹਿਆ ਗਿਆ ਅਤੇ ਇਕ ਰੁਪਿਆ ਆਪਣੀ ਮਾਂ ਤੋਂ ਜੀਵਨ ਤੇ ਮਰਨ ਦੀ ਬਾਜ਼ੀ ਲਾ ਕੇ ਉਸਨੇ ਮੰਗਿਆ ਤਾਂ ਉਸ ਦੀ ਮਾਂ ਨੇ ਕਿਹਾ, ਜਦੋਂ ਤੇਰੇ ਪਿਤਾ ਦੇ ਮ੍ਰਿਤਕ ਸਰੀਰ ਨੂੰ ਕਬਰਸਥਾਨ ਵਿਚ ਦਫਨਾ ਰਹੇ ਸੀ ਤਾਂ ਉਸ ਵੇਲੇ ਉਸਦੇ ਮੂੰਹ ਵਿਚ ਇਕ ਰੁਪਿਆ ਪਾਇਆ ਸੀ। ਜਾਹ! ਆਪਣੇ ਪਿਤਾ ਦੀ ਕਬਰ ਪੁੱਟ ਕੇ ਉਸਦੇ ਪਿੰਜਰ ਹੋਏ ਸਰੀਰ ਵਿਚੋਂ ਰੁਪਿਆ ਕੱਢ ਲੈ। ਇਸ ਗੱਲ ਦਾ ਜਦੋਂ ਕਾਰੂੰ ਨੂੰ ਪਤਾ

ਲਗਿਆ ਤਾਂ ਉਸਨੇ ਸਾਰੇ ਕਬਰਸਥਾਨ ਪੁੱਟ ਕੇ ਰੁਪਏ ਕੱਢ ਲਏ। ਗੁਰੂ ਨਾਨਕ ਪਾਤਸ਼ਾਹ ਨੇ ਉਸ ਦੇਸ਼ ਦੀ ਰਿਆਇਆ ਦੀ ਦੁਰਦਸ਼ਾ ਦੇਖ ਕੇ ਉਸਨੂੰ ਸਮਝਾਇਆ ਕਿ -

***ਦਮੜਾ ਤਿਸੀ ਕਾ***
***ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲ ਦਾਨੀ***
***ਵਹੀ ਭਿਸਤਜਾਇ॥ (ਨਸੀਹਤਨਾਮਾ)***

ਉਸ ਰਾਜੇ ਨੂੰ ਸੁਮੱਤ ਦਿਤੀ ਅਤੇ ਧਨ ਵਾਸ਼ਨਾ 'ਚੋਂ ਕੱਢ ਕੇ ਉਸਨੂੰ ਇਨਸਾਨ ਬਣਾਇਆ।

ਮਹਿਮੂਦ ਗਜ਼ਨਵੀ ਜਦੋਂ ਮਰਨ ਲੱਗਿਆ, ਉਸ ਸਮੇਂ ਅਧਰੰਗ ਦਾ ਮਰੀਜ਼ ਸੀ। ਲੁਟੇ ਹੋਏ ਧਨ ਦੀ ਪ੍ਰਬਲ ਵਾਸ਼ਨਾ ਉਸਨੂੰ ਸੂਏ ਚੋਭ ਰਹੀ ਸੀ। ਉਸਨੇ ਹੁਕਮ ਕੀਤਾ ਕਿ ਜੋ ਧਨ ਮੈਂ ਸੰਸਾਰ ਵਿਚੋਂ ਲੁੱਟ ਕੇ ਲਿਆਇਆ ਹਾਂ, ਉਸਦੀਆਂ ਮੀਲਾਂ ਵਿਚ ਢੇਰੀਆਂ ਲਾ ਕੇ ਲਿਖ ਦਿਤਾ ਜਾਵੇ ਕਿ ਕਿਸ-ਕਿਸ ਦਿਨ, ਕਿਸ-ਕਿਸ ਦੇਸ਼ ਤੋਂ ਇਹ ਧਨ ਲਿਆਂਦਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਕਿੰਨੇ ਬੰਦੇ ਮੌਤ ਦੇ ਘਾਟ ਉਤਾਰੇ ਗਏ ਸਨ। ਉਸਨੂੰ ਇਕ wheel chair ਤੇ ਬਿਠਾ ਕੇ, ਉਸਦਾ ਲੁਟਿਆ ਧਨ ਦਿਖਾਇਆ ਗਿਆ। ਉਸ ਵੇਲੇ ਉਸਦੇ ਦੁਆਲੇ ਅੰਧਕਾਰ ਛਾ ਗਿਆ, ਲੱਖਾਂ ਰੂਹਾਂ ਦੀ ਹਾਹਾਕਾਰ ਉਸਦੇ ਕੰਨਾਂ ਵਿਚ ਗੂੰਜ ਰਹੀ ਸੀ ਤੇ ਬੁਰੀ ਤਰ੍ਹਾਂ ਕਤਲ ਕੀਤੇ ਬੰਦਿਆਂ ਦੀਆਂ ਸੂਰਤਾਂ ਉਸਨੂੰ ਡਰਾ ਰਹੀਆਂ ਸਨ ਅਤੇ ਉਸ ਤੋਂ ਲੇਖਾ ਲੈਣ ਲਈ ਤਤਪਰ ਸਨ। ਉਹ ਡਰ ਗਿਆ ਅਤੇ ਅੰਧਕਾਰ ਦੇ ਖੂਹ ਵਿਚ ਆਪਣੇ ਆਪ ਨੂੰ ਗਿਰਿਆ ਮਹਿਸੂਸ ਕੀਤਾ। ਹੋਸ਼ ਪਰਤੀ ਤਾਂ ਬਹੁਤ ਰੋਇਆ। ਕਹਿਣ ਲੱਗਿਆ, ਕਿ ਇਸ ਧਨ ਨੇ ਹੁਣ ਮੇਰੇ ਨਾਲ ਨਹੀਂ ਜਾਣਾ। ਜਿਸ ਤਰ੍ਹਾਂ ਕਿ ਬਾਣੀ ਵਿਚ ਫੁਰਮਾਨ ਹੈ -

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਗੇ ਪਾਵਹੁ ਤੇ ਗਏ***
***ਜਿਨ ਕੇ ਲਾਖ ਕਰੋਰਿ॥ ਅੰਗ -੧੩੬੫***

ਉਸਦੀ ਹੋਸ਼ ਪਰਤੀ, ਆਪਣੇ ਆਪ ਨੂੰ ਪਾਪਾਂ ਦੀਆਂ ਬੇੜੀਆਂ ਵਿਚ ਜਕੜਿਆ ਹੋਇਆ ਪਾਇਆ, ਬਹੁਤ ਰੋਇਆ, ਰੋ-ਰੋ ਕੇ ਕਿਹਾ ਕਿ ਮੇਰੇ ਪੰਧਨਾਮੇ ਵਿਚ ਲਿਖ ਦੇਵੋ ਕਿ ਮਹਿਮੂਦ ਨੇ ਜ਼ਿੰਦਗੀ ਭਰ ਧਨ ਪ੍ਰਾਪਤੀ ਲਈ ਲੁੱਟ ਮਾਰ ਕੀਤੀ ਪਰ ਅੰਤ ਸਮੇਂ ਉਸਦੇ ਨਾਲ ਧਨ ਨੇ ਤਾਂ ਜਾਣਾ ਹੀ ਨਹੀਂ ਸੀ, ਉਸਦੀ ਥਾਂ ਕੀਤੇ ਹੋਏ ਪਾਪਾਂ ਦਾ ਸਮੂੰਹ, ਦਰਗਾਹ ਵਿਚ ਲੇਖਾ ਲੈਣ ਲਈ ਨਾਲ ਜਾ ਰਿਹਾ ਹੈ। ਮੇਰੇ ਹੱਥ, ਮੇਰੇ ਪੈਰ ਨੰਗੇ ਕਰਕੇ ਅਰਥੀ ਵਿਚ ਲਟਕਾ ਦਿਓ ਤਾਂ ਕਿ ਮੇਰੀ ਬੇ-ਵਸੀ ਨੂੰ ਤੱਕ ਕੇ, ਮੈਨੂੰ ਖਾਲੀ ਹੱਥ ਜਾਂਦਾ ਦੇਖ ਕੇ ਕੋਈ ਹੋਰ ਐਸੀ ਗਲਤੀ ਨਾ ਕਰੇ।

ਸੋ ਧਨ ਦੀ ਵਾਸ਼ਨਾ ਕਦੇ ਵੀ ਸੁਖ ਨਹੀਂ ਦਿਆ ਕਰਦੀ। ਇਸੇ ਤਰ੍ਹਾਂ ਦੇ ਨਾਲ ਜੀਵਨ ਦੀਆਂ ਅਨੇਕ ਵਾਸ਼ਨਾਵਾਂ ਹਨ ਜੋ ਇਸਨੂੰ ਸਦਾ ਹੀ ਛਲ ਕੇ ਦੁਖਾਂ ਵਿਚ ਪ੍ਰਵਿਰਤ ਰੱਖਦੀਆਂ ਹਨ। ਆਮ ਬੰਦਾ ਇਹ ਸਮਝਦਾ ਹੈ ਕਿ ਜੇ ਮੇਰੇ ਪਾਸ ਪੈਸਾ ਹੋ ਜਾਏ, ਜਾਇਦਾਦ ਹੋ ਜਾਵੇ, ਮੇਰੀ ਨੌਕਰੀ ਵਿਚ ਤਰੱਕੀ ਹੋ ਜਾਵੇ, ਮੇਰਾ ਵਪਾਰ ਆਪਣੀ ਸੀਮਾਂ ਤੋਂ ਕਈ ਗੁਣਾਂ ਵੱਧ ਲੰਘ ਜਾਵੇ, ਦੇਸ਼-ਪ੍ਰਦੇਸ਼ ਵਿਚ ਮੇਰੇ ਨਾਮ ਦੀ ਧਾਂਕ ਪੈ ਜਾਵੇ, ਮੇਰੇ ਪਾਸ ਸਭ ਪ੍ਰਾਪਤੀਆਂ ਹੋਣ ਅਤੇ ਕਿਤੇ ਵੀ ਮੈਂ ਅਸੰਤੁਸ਼ਟਤਾ ਮਹਿਸੂਸ ਨਾ ਕਰਾਂ ਤਾਂ ਮੈਂ ਸੁਖੀ ਹੋ ਜਾਵਾਂਗਾ, ਪਰ ਨਹੀਂ ਹੋਇਆ ਕਰਦਾ। ਐਸਾ ਫੁਰਮਾਨ ਹੈ -

***ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥***
***ਅੰਗ - ੧੭੯***

## ਮਾਇਆ ਪ੍ਰਾਪਤੀ ਅਤੇ ਸੁਖ

ਬੇਅੰਤ ਕਿਸਮ ਦੀ ਮਾਇਆ ਬਹੁਤ ਹੀ ਤਰੀਕਿਆਂ ਨਾਲ ਆਈ ਹੋਈ ਮੈਂ ਦੇਖੀ, ਵੱਡਾ ਲਿਖਾਰੀ ਹੋ ਕੇ ਮੈਂ ਬਹੁਤ Scientific theory, Ecnomic ਸਿਧਾਤਾਂ, Political ਸੋਧਾਂ ਤੇ ਆਮ ਜ਼ਿੰਦਗੀ ਬਾਰੇ ਦਰਜਨਾਂ ਪੁਸਤਕਾਂ ਲਿਖੀਆਂ, ਵੱਡਾ ਅਫਸਰ ਹੋ ਕੇ ਵੀ ਮੈਂ ਦੇਖਿਆ, ਪਰ ਅੰਤ ਵਿਚ ਮਹਿਸੂਸ ਕੀਤਾ ਕਿ ਸੁਖ - ਜਿਸ ਦੀ ਨਿਸ਼ਾਨੀ ਮਨ ਦੀ ਸ਼ਾਂਤੀ ਹੈ, ਉਹ ਪ੍ਰਾਪਤ ਨਾ ਹੋਈ -

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥*
*ਕਲਮ ਕਾਗਦ ਸਿਆਨਪ ਲੇਖੀ॥*
*ਮਹਰ ਮਲੂਕ ਹੋਇ ਦੇਖਿਆ ਖਾਨ॥*
*ਤਾ ਤੇ ਨਾਹੀ ਮਨੁ ਤ੍ਰਿਪਤਾਨ॥*
*ਅੰਗ - ੧੭੯*

ਮਨ ਵਿਚ ਤ੍ਰਿਪਤੀ ਪੈਦਾ ਨਾ ਹੋਣ ਕਰਕੇ ਮਹਿਸੂਸ ਹੁੰਦਾ ਰਿਹਾ ਕਿ ਕੁਝ ਘਾਟ ਹੈ। ਮਨ ਚਾਹੀਆਂ ਨਵੀਆਂ ਤੋਂ ਨਵੀਆਂ ਸਵਾਰੀਆਂ ਦਾ ਅਨੰਦ ਮਾਣਿਆ, ਸੁੰਦਰ ਨਾਰੀਆਂ ਦੇ ਭੋਗਾਂ ਵਿਚ ਪ੍ਰਵਿਰਤ ਹੋਇਆ, ਨਾਟਕ, ਅਖਾੜੇ ਮਨ ਭਾਉਂਦੇ ਵੇਖੇ ਅਤੇ ਅਨੇਕ ਕਿਸਮ ਦੇ ਗੀਤ ਸੁਣੇ, ਗਾਏ; ਪਰ ਮਨ ਵਿਚ ਸਾਂਤੀ ਨਾ ਆ ਸਕੀ। ਜਿਉਂ-ਜਿਉਂ ਇਨ੍ਹਾਂ ਚੀਜ਼ਾਂ ਦੇ ਵਿਚ ਪ੍ਰਵਿਰਤ ਹੋਇਆ, ਤਿਉਂ-ਤਿਉਂ ਹੋਰ-ਹੋਰ ਦੀ ਵਾਸ਼ਨਾ ਅੰਦਰ ਲਗੀ ਰਹੀ। ਹਰ ਕਿਸਮ ਦੇ ਭੋਗ ਭੋਗੇ, ਸੁੰਦਰ ਬਗੀਚਿਆਂ ਦੀ ਪ੍ਰਾਪਤੀ ਹੋਈ, ਮਨ ਭਾਉਂਦੇ ਮੇਵੇ ਖਾਧੇ, ਪਰ ਮਨ ਉਸੇ ਤਰ੍ਹਾਂ ਜਲਦਾ ਬਲਦਾ ਰਿਹਾ -

*ਅਸੁ ਪਵਨ ਹਸਤਿ ਅਸਵਾਰੀ॥*
*ਚੋਆ ਚੰਦਨੁ ਸੇਜ ਸੁੰਦਰਿ ਨਾਰੀ॥*
*ਨਟ ਨਾਟਿਕ ਆਖਾਰੇ ਗਾਇਆ॥*
*ਤਾ ਮਹਿ ਮਨਿ ਸੰਤੋਖੁ ਨ ਪਾਇਆ॥*
*ਤਖਤੁ ਸਭਾ ਮੰਡਨ ਦੋਲੀਚੇ॥*
*ਸਗਲ ਮੇਵੇ ਸੁੰਦਰ ਬਾਗੀਚੇ॥*
*ਆਖੇੜ ਬਿਰਤਿ ਰਾਜਨ ਕੀ ਲੀਲਾ॥*
*ਮਨੁ ਨ ਸੁਹੇਲਾ ਪਰਪੰਚੁ ਹੀਲਾ॥*
*ਅੰਗ - ੧੭੯*

ਸੋ ਇਸ ਤੋਂ ਸਿੱਧ ਹੋਇਆ ਕਿ ਦੁਨੀਆਂ ਦਾ ਫਰਦੋ-ਬਸ਼ਰ (ਦੇਹਧਾਰੀ) ਸੁਖ ਦੇ ਜਤਨ ਕਰਦਾ ਹੈ ਅਤੇ ਮਾਇਆ ਦੀਆਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਵਾਸਤੇ ਸਦਾ ਜਤਨਸ਼ੀਲ ਰਹਿੰਦਾ ਹੈ, ਏਥੋਂ ਤਕ ਮਹਾਂਪੁਰਸ਼ ਦਸਦੇ ਹਨ ਕਿ ਸਵਰਗ ਲੋਕ ਦਾ ਰਾਜਾ ਇੰਦਰ ਵੀ, ਜਿਸਦੇ ਸੁਖਾਂ ਦੀ ਕੋਈ ਗਿਣਤੀ ਨਹੀਂ।

ਦੁਨੀਆਂ ਦੇ ਚਕ੍ਰਵਰਤੀ ਬਾਦਸ਼ਾਹ - ਜਿਸਦੇ ਰਾਜ ਵਿਚ ਕਦੇ ਵੀ ਵਿਦਰੋਹ ਨਾ ਹੋਵੇ, ਜਿਸਦਾ ਖਜ਼ਾਨਾ ਸਦਾ ਭਰਿਆ ਰਹੇ, ਜੋ ਕਦੇ ਬੁੱਢਾ ਨਾ ਹੋਵੇ, ਕਿਸੇ ਵੀ ਭੋਗੇ ਹੋਏ ਭੋਗ ਦਾ ਉਸਦੀ ਸਿਹਤ ਉਤੇ ਅਸਰ ਨਾ ਪਵੇ, ਜਿਸਦੀ ਪਰਜਾ ਉਸਨੂੰ ਰੱਬ ਵਾਂਗ ਪੂਜਦੀ ਹੋਵੇ, ਜਿਸਤੇ ਕੋਈ ਦੁਸ਼ਮਨ ਭਾਰੂ ਨਾ ਹੋਵੇ, ਫੌਜ ਸਰਬ ਸ਼ਕਤੀਮਾਨ ਹੋਵੇ, ਜਿਸ ਰਾਜ ਵਿਚ ਅਨਾਜ, ਫਲ, ਦੁੱਧ ਆਦਿ ਖਾਦ ਵਸਤੂਆਂ ਦੀ ਕਦੇ ਥੁੜ ਨਾ ਆਵੇ; ਐਸਾ ਰਾਜਾ ਸੁਖੀ ਮੰਨਿਆ ਜਾਂਦਾ ਹੈ। ਇਸਨੂੰ ਸੁਖ ਦੀ ਸਿਰਫ ਇਕ ਯੂਨਿਟ ਮੰਨ ਲਓ, ਇਸ ਤੋਂ ਸੌ ਗੁਣਾਂ ਵੱਧ ਸੁਖ ਗੰਧਰਭ ਲੋਕ ਵਿਚ ਅਤੇ ਇਸ ਤੋਂ ਸੌ ਗੁਣਾਂ ਸੁਖ ਦੇਵ ਗੰਧਰਭ ਲੋਕ ਵਿਚ ਹੋਇਆ ਕਰਦਾ ਹੈ। ਦੇਵ ਗੰਧਰਭ ਨਾਲੋਂ ਸੌ ਗੁਣਾਂ ਸੁਖ ਪਿਤਰ ਲੋਕ ਵਿਚ, ਪਿੱਤਰ ਲੋਕ ਤੋਂ ਸੌ ਗੁਣਾਂ ਸੁਖ ਸਵਰਗ ਲੋਕ ਵਿਚ, ਅਤੇ ਇਸ ਤੋਂ ਵੀ ਸੌ ਗੁਣਾਂ ਸੁਖ ਇੰਦਰ ਲੋਕ ਵਿਚ ਹੋਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਸਿਆਣੇ ਵਿਚਾਰਵਾਨਾਂ ਨੇ ਸਵਰਗ ਲੋਕਾਂ ਦੀਆਂ ਗਿਣਤੀਆਂ ਕੀਤੀਆਂ ਹਨ। ਪਰਜਾਪਤ ਲੋਕ, ਕਰਮਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਅਤੇ ਇਸ ਪ੍ਰਾਕ੍ਰਿਤਕ ਸੰਸਾਰ ਦੀ ਅੰਤਿਮ ਸੀਮਾ ਬੈਕੁੰਠ ਧਾਮ ਹੈ। ਬੈਕੁੰਠ ਧਾਮ ਦੇ ਸਾਰੇ ਸੁਖਾਂ ਨੂੰ ਸੁੱਖ ਦੀ ਇਕ ਬੂੰਦ ਮੰਨ ਲਓ, ਇਸਦੇ ਮੁਕਾਬਲੇ ਬ੍ਰਹਮ ਲੋਕ ਦੇ ਸੁਖਾਂ ਦੀ ਤੁਲਨਾ ਇਕ ਬੂੰਦ ਅਤੇ ਸਾਗਰ ਦੇ ਮੁਤਾਬਿਕ ਗਿਣੀ ਜਾਂਦੀ ਹੈ। ਸਭ ਤੋਂ ਜ਼ਿਆਦਾ ਸੁਖ ਸਾਧੂ, ਸੰਤ, ਬ੍ਰਹਮਗਿਆਨੀ, ਗੁਰਮੁਖ, ਆਰਫ, ਜੀਵਨ ਮੁਕਤ ਦੇ ਹਿੱਸੇ ਆਇਆ ਕਰਦਾ ਹੈ। ਸੋ ਇਹ ਸੁਖਾਂ ਦੀਆਂ ਗਿਣਤੀਆਂ ਪ੍ਰਚਲਤ ਹਨ। ਇੰਦਰ ਲੋਕ ਦਾ ਸੁਖ, ਪ੍ਰਿਥਵੀ ਦੇ ਰਾਜੇ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਹੋਇਆ ਕਰਦਾ ਹੈ। ਉਸਨੇ ਇਕ ਸਮੇਂ ਆਪਣੇ ਗੁਰੂ ਨੂੰ ਪੁਛਿਆ ਕਿ ਮੇਰੇ ਮਨ ਵਿਚ ਕਿਸ ਚੀਜ਼ ਦੀ ਘਾਟ ਹੈ ਜਦੋਂ ਕਿ ਮੇਰੇ ਪਾਸ ਸੁਖਾਂ ਅਤੇ ਭੋਗਾਂ ਦੀ ਕੋਈ ਗਿਣਤੀ ਨਹੀਂ ਹੈ ਤਾਂ ਉਸਦੇ ਗੁਰੂ ਨੇ ਕਿਹਾ ਕਿ ਇੰਦਰ! ਸਵਰਗ ਲੋਕਾਂ ਦੇ ਵਿਚ ਕੇਵਲ ਭੋਗਾਂ ਦਾ ਸੁਖ ਹੋਇਆ ਕਰਦਾ ਹੈ। ਭੋਗਾਂ ਦੇ ਸੁਖਾਂ ਵਿਚ ਕਦੇ ਤ੍ਰਿਪਤੀ ਨਹੀਂ ਹੋਇਆ ਕਰਦੀ ਅਤੇ ਮਨ ਭਟਕਦਾ ਰਹਿੰਦਾ ਹੈ। ਜਿਵੇਂ ਕਿ -

*ਗੋਤਮੁ ਤਪਾ ਅਹਿਲਿਆ ਇਸਤ੍ਰੀ,*
*ਤਿਸੁ ਦੇਖਿ ਇੰਦ੍ਰੁ ਲੁਭਾਇਆ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ॥ ਅੰਗ-੧੩੪੩*

ਆਦਿ ਮਹਾਂਵਾਕਾਂ ਤੋਂ ਸਪਸ਼ਟ ਹੈ। ਭੋਗਾਂ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਜੇ ਲਖ ਇਸਤਰੀਆ ਭੋਗ ਕਰਹਿ***
***ਨਵ ਖੰਡ ਰਾਜੁ ਕਮਾਹਿ॥***
***ਬਿਨੁ ਸਤਗੁਰ ਸੁਖੁ ਨ ਪਾਵਈ***
***ਫਿਰਿ ਫਿਰਿ ਜੋਨੀ ਪਾਹਿ॥***
***ਅੰਗ - ੨੬***

ਇੰਦਰ ਨੂੰ ਉਸਦੇ ਗੁਰੂ ਨੇ ਕਿਹਾ ਕਿ ਮਾਤ ਲੋਕ ਵਿਚ ਕਿਸੇ ਤੱਤ ਬੇਤੇ ਮਹਾਂਪੁਰਖ ਦੀ ਢੂੰਢ ਕਰਕੇ ਉਸਤੋਂ ਆਪਣੇ ਪ੍ਰਸ਼ਨ ਦਾ ਉਤਰ ਪੁੱਛ। ਕਿਉਂਕਿ ਜੋ ਸੁਖ ਉਸਨੂੰ ਪ੍ਰਾਪਤ ਹੈ, ਉਸ ਸੁਖ ਦੀ ਤੁਲਨਾ ਸੰਸਾਰ ਦੇ ਕੋਈ ਦੇਵਤਾ, ਅਦੇਵ, ਗੰਧਰਬ, ਜੱਛ, ਕਿਨਰ, ਪਿਸਾਚ ਨਹੀਂ ਕਰ ਸਕਦੇ। ਇਸ ਖੋਜ ਵਿਚ ਇੰਦ੍ਰ, ਸੰਤਾਂ ਨੂੰ ਮਿਲਿਆ ਅਤੇ ਸੰਤਾਂ ਨੇ ਦਸਿਆ -

***ਸੁੰਦਰ ਸੇਜ ਅਨੇਕ ਸੁਖ***
***ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ***
***ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ***
***ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ***
***ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ***
***ਹੋਇ ਕਿਤੁ ਬਿਧਿ ਮਨੁ ਧੀਰੇ॥***
***ਅੰਗ - ੭੦੭***

ਸਾਰੇ ਸੁਖਾਂ ਦਾ ਮੂਲ ਪ੍ਰਮੇਸ਼ਰ ਦੇ ਨਾਮ ਵਿਚ ਹੈ। ਜਿਸ ਹਿਰਦੇ ਵਿਚੋਂ ਪ੍ਰਮੇਸ਼ਰ ਭੁੱਲਿਆ ਹੋਇਆ ਹੈ, ਉਸ ਬੰਦੇ ਦੀ ਤੁਲਨਾ ਵਿਸ਼ਟਾ ਦੇ ਕੀੜੇ ਨਾਲੋਂ ਵੱਧ ਕਿਸੇ ਹਾਲਤ ਵਿਚ ਵੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਨਾਮ ਦੀ ਪ੍ਰਾਪਤੀ ਤੋਂ ਬਗੈਰ ਸੁਖ ਕਦੇ ਵੀ ਨਹੀਂ ਹੋ ਸਕਦਾ। ਸੁਖ ਦਾ ਸਬੰਧ ਮਾਇਕ ਪ੍ਰਾਪਤੀਆਂ ਨਾਲ ਕਦਾਚਿਤ ਵੀ ਨਹੀਂ, ਸੁਖ ਦਾ ਸਬੰਧ ਨਾਮ ਦੀ ਪ੍ਰਾਪਤੀ ਨਾਲ ਹੈ ਕਿਉਂਕਿ ਨਾਮ ਸਾਰੇ ਸੰਸਾਰ ਦੇ ਸੁਖਾਂ ਨੂੰ ਦੇਣਹਾਰਾ ਹੈ, ਨਾਮ ਨਾਲ ਰੰਗਿਆ ਹੋਇਆ ਪ੍ਰਾਣੀ ਦੁਨੀਆਂ ਦੀਆਂ ਪ੍ਰਾਪਤੀਆਂ ਤੋਂ ਹੀਣਾ ਰਹਿ ਕੇ ਵੀ ਸਾਰੀ ਸ੍ਰਿਸ਼ਟੀ ਦਾ ਰਾਜਾ ਹੋਇਆ ਕਰਦਾ ਹੈ -

***ਬਸਤਾ ਤੂਟੀ ਝੁੰਪੜੀ***
***ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ***
***ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ***
***ਪ੍ਰਭੁ ਹੋਇ ਸੁਪ੍ਰਸੰਨਾ॥ ਅੰਗ - ੭੦੭***

ਜਦੋਂ ਅਸੀਂ ਗੁਰਬਾਣੀ ਦੀ ਵਿਚਾਰ ਕਰਦੇ ਹਾਂ ਤਾਂ ਸਿਧਾਂਤ ਸਾਮ੍ਹਣੇ ਆਉਂਦਾ ਹੈ ਕਿ ਸਾਰਾ ਸੰਸਾਰ ਸੁਖ ਮੰਗਦਾ ਹੈ, ਦੁਖ ਕੋਈ ਨਹੀਂ ਮੰਗਦਾ, ਪਰ ਹਰ ਸੁਖ ਦੀ ਤਹਿ ਵਿਚ ਸੁਖ ਨਾਲੋਂ ਕਈ ਗੁਣਾਂ ਵੱਧ ਦੁਖ ਛੁਪਿਆ ਹੁੰਦਾ ਹੈ ਕਿਉਂਕਿ ਸਾਨੂੰ ਅਜੇ ਤਕ ਸਮਝ ਨਹੀਂ ਆਈ ਕਿ ਅਸੀਂ ਪ੍ਰਮ ਸੁਖ ਨੂੰ ਕਿਵੇਂ ਮਾਣ ਸਕਦੇ ਹਾਂ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਅਸੀਂ ਖੋਜ-ਖੋਜ ਕੇ ਜੋ ਤੱਤ ਕੱਢਿਆ ਹੈ, ਉਸ ਤੋਂ ਤੁਹਾਨੂੰ ਜਾਣੂ ਕਰਾਉਂਦੇ ਹੋਏ ਦਸਦੇ ਹਾਂ ਕਿ ਦੁਨੀਆਂ ਦੇ ਵਿਚ ਇਕ ਐਸਾ ਸੁਖ ਹੈ ਜਿਸਦਾ ਕੋਈ ਨਾਪ ਤੋਲ ਨਹੀਂ, ਜਿਸਦਾ ਕਦੇ ਵੀ ਨਾਸ਼ ਨਹੀਂ ਹੁੰਦਾ, ਕਦੇ ਕਿਸੇ ਦੇ ਖੋਹਣ ਤੇ ਖੋਹਿਆ ਨਹੀਂ ਜਾਂਦਾ। ਉਹ ਹੈ -

***ਖੋਜਤ ਖੋਜਤ ਤਤੁ ਬੀਚਾਰਿਓ***
***ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ***
***ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਅੰਗ - ੭੧੪***

ਫੇਰ ਆਪ ਫੁਰਮਾਉਂਦੇ ਹਨ -

***ਡਿਠਾ ਸਭੁ ਸੰਸਾਰੁ***
***ਸੁਖੁ ਨ ਨਾਮ ਬਿਨੁ॥ ਤਨੁ ਧਨੁ ਹੋਸੀ***
***ਛਾਰੁ ਜਾਣੈ ਕੋਇ ਜਨੁ॥ ਅੰਗ- ੩੨੨***

## ਦੁਖ ਕਿਉਂ ਆਇਆ?

ਦੁਖ ਨੂੰ ਸੰਸਾਰ ਵਿਚ ਕੋਈ ਨਹੀਂ ਚਾਹੁੰਦਾ ਪਰ ਦੁਖ ਆ ਹੀ ਜਾਇਆ ਕਰਦਾ ਹੈ। ਉਸਦਾ

ਕਾਰਨ ਕੀ ਹੈ? ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ ਤੇ ਸਿਧਾਂ ਨਾਲ (ਸੂਰਜ ਪ੍ਰਕਾਸ਼ ਦੇ ਮੁਤਾਬਿਕ) ਬਹੁਤ ਗਹਿਰੀ ਫਿਲਾਸਫੀ ਉਤੇ ਵਿਚਾਰ ਕਰ ਰਹੇ ਸਨ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਮਤ ਪ੍ਰਗਟ ਕਰਦਿਆਂ ਇਸ ਸਾਰੇ ਸੰਸਾਰ ਨੂੰ ਵਾਹਿਗੁਰੂ ਦੇ ਰੂਪ ਵਿਚ ਹੀ ਪ੍ਰਗਟ ਕਰਿਆ ਤਾਂ ਸਿਧਾਂ ਨੇ ਕਿਹਾ, ਕਿ ਹੇ ਨਾਨਕ! ਫਿਰ ਜਗਤ ਦੀ ਉਤਪਤੀ ਕਿਵੇਂ ਅਤੇ ਕਿਉਂ ਹੋ ਗਈ ਜਦੋਂ ਕਿ ਇਕੋ ਹੀ ਪ੍ਰਮੇਸ਼ਰ ਆਪਣੀ ਮੌਜ ਵਿਚ ਆਪੇ ਹੀ ਖੇਲ ਰਿਹਾ ਸੀ? ਜਿਵੇਂ ਫੁਰਮਾਨ ਹੈ –

***ਆਪੀਨੈ ਆਪੁ ਸਾਜਿਓ***
***ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ***
***ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ***
***ਲੈਸਹਿ ਜਿੰਦੁ ਕਵਾਉ॥***
***ਕਰਿ ਆਸਣੁ ਡਿਠੋ ਚਾਉ॥***

***ਅੰਗ – ੪੬੩***

ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਸਿਧੋ! ਜਿਸ ਪ੍ਰਮੇਸ਼ਰ ਨੇ ਅਨੇਕ ਰੂਪਾਂ-ਰੰਗਾਂ ਵਿਚ ਆਪਣੇ ਆਪ ਤੋਂ ਅਨੇਕ ਰੂਪ ਧਾਰ ਕੇ ਵੱਖ-ਵੱਖ ਰਚਨਾ ਦੀਆਂ ਧਾਰਾਂ ਪ੍ਰਗਟ ਕਰੀਆਂ ਹਨ, ਉਸਨੇ ਇਕ ਤੱਤ, ਜਿਸਨੂੰ 'ਹਉਮੈ' ਤੱਤ ਕਿਹਾ ਜਾਂਦਾ ਹੈ, ਨੂੰ ਸੰਸਾਰ ਵਿਚ ਪ੍ਰਗਟ ਕਰਿਆ ਜਿਸ ਦੇ ਅਸਰ ਹੇਠ ਅਖੰਡ ਬ੍ਰਹਮ ਤਿੰਨ ਹਿੱਸਿਆਂ ਵਿਚ ਪ੍ਰਤੀਤ ਦੇਣ ਲਗਿਆ – ਇਕ ਈਸ਼ਵਰ, ਦੂਜਾ ਸੰਸਾਰ ਅਤੇ ਤੀਜਾ ਜੀਵ। ਭਾਵੇਂ ਪ੍ਰਭੂ ਦੀ ਅਖੰਡਤਾ ਕਿਸੇ ਪ੍ਰਕਾਰ ਵੀ ਨਹੀਂ ਟੁਟਦੀ, ਇਨ੍ਹਾਂ ਸਾਰੀਆਂ ਪ੍ਰਾਕ੍ਰਿਤਕ ਰਚਨਾਵਾਂ ਦੇ ਅੰਤਮ ਤਲ ਵਿਚ ਉਹ ਆਪੇ ਹੀ ਆਪ ਹੈ ਜਾਂ ਇਉਂ ਕਹੋ ਕਿ ਆਤਮਾ ਹੋ ਕੇ ਸੰਸਾਰ ਦੇ ਉਤਪਤ ਕਰਨ ਵਾਲਾ ਹੈ ਅਤੇ ਆਪਣੀ ਅਖੰਡਤਾ ਕਿਸੇ ਤਰ੍ਹਾਂ ਵੀ ਭੰਗ ਨਹੀਂ ਹੋਣ ਦਿੰਦਾ; ਪਰ ਪ੍ਰਾਕ੍ਰਿਤੀ ਅਤੇ ਚੇਤਨ ਤੱਤ ਦੇ ਮਿਲਾਪ ਵਿਚੋਂ ਉਪਜਿਆ ਜੀਵ ਤੱਤ, ਹਉਮੈ ਦੇ ਅਸਰ ਅਧੀਨ ਆਇਆ, ਆਪਣੀ ਸੁਰਤ ਮੂਲ ਤੱਤ ਨਾਲੋਂ ਤੋੜ ਕੇ ਦ੍ਰਿਸ਼ਟਮਾਨ ਵਿਚ ਪਰਚ ਗਿਆ ਅਤੇ ਇਸ ਸਿਧਾਂਤ ਨੂੰ –

***ਸੋਧਤ ਸੋਧਤ ਸੋਧਤ ਸੀਝਿਆ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ॥***

***ਅੰਗ – ੨੮੧***

ਭੁੱਲ ਗਿਆ ਅਤੇ ਹਉਮੈ ਦੇ ਅਧੀਨ ਏਕਤਾ ਨੂੰ ਅਨੇਕਤਾ ਵਿਚ ਅਨੁਭਵ ਕੀਤਾ, ਜਿਸ ਕਰਕੇ ਪ੍ਰਮ energy ਨਾਲੋਂ ਟੁੱਟ ਕੇ ਅਨੇਕਤਾ ਦੇ ਭਾਵ ਨੂੰ ਪਕੜ ਕੇ ਆਪ ਇਕ ਨਿਮਾਣਾ, ਨਿਤਾਣਾ ਬੇ-ਵਸ, ਕਰਮਾਂ ਦਾ ਫਾਹਿਆ ਹੋਇਆ, ਦੁਖਾਂ ਦਾ ਮਾਰਿਆ ਹੋਇਆ, ਨਾਮ ਧੁਨ ਤੋਂ ਹੀਣਾ, ਅਗਿਆਨ ਵਿਚ ਫਸਿਆ ਹੋਇਆ ਜੀਵ ਬਣ ਗਿਆ ਕਿਉਂਕਿ ਪ੍ਰਾਕ੍ਰਿਤੀ ਦੇ ਤਿੰਨੇ ਗੁਣ – ਰਜੋ ਗੁਣ, ਤਮੋ ਗੁਣ, ਸਤੋ ਗੁਣ; ਦੁਖਾਂ ਦੇ ਮੂਲ ਹਨ। ਸੋ ਇਸ ਜੀਵ ਦੀ ਸੁਰਤ ਪ੍ਰਾਕ੍ਰਿਤੀ ਵਿਚ ਪੂਰੀ ਤਰ੍ਹਾਂ ਨਾਲ ਫਸ ਕੇ ਮਹਾਨ ਦੁੱਖ ਦਾ ਅਨੁਭਵ ਕਰਨ ਲਗੀ ਅਤੇ ਏਕਤਾ ਤੋਂ ਅਨੇਕਤਾ ਵਿਚ ਪ੍ਰਵੇਸ਼ ਕੀਤਾ ਹੋਇਆ ਇਹ ਜੀਵ ਦੁਖਾਂ ਦੇ ਭਾਰ ਨੂੰ ਨਾ ਸਹਿਨ ਕਰਦਾ ਹੋਇਆ ਸਾਹੋ-ਸਾਹ ਹੋਇਆ, ਦਰ-ਦਰ ਭਟਕ ਰਿਹਾ ਹੈ। ਇਹ ਸਾਰਾ ਪਰਿਵਰਤਨ ਮਹਾਨ ਸੁੱਖ ਵਿਚੋਂ ਕੱਢ ਕੇ ਦੁਖ ਵਿਚ ਪ੍ਰਵੇਸ਼ ਹੋਣ ਦਾ, ਹਉਮੈ ਦੇ ਅਸਰ ਅਧੀਨ ਹੈ। ਗੁਰੂ ਮਹਾਰਾਜ ਦਾ ਸਿਧਾਂਤ ਸੰਖੇਪ ਵਿਚ ਇਸ ਤਰ੍ਹਾਂ ਪ੍ਰਗਟ ਹੋਇਆ –

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥***

***ਅੰਗ – ੯੪੬***

ਇਸ ਦਾ ਤਾਤਪ੍ਰਜ ਇਹ ਹੋਇਆ ਕਿ ਜੇ ਇਹ ਜੀਵ ਨਾਮ ਦੇ ਗਹਿਰੇ ਤਲ (sphere) ਵਿਚੋਂ ਮਾਇਆ ਦੇ ਨਾਲ ਮਿਲ ਕੇ, ਅੰਦਰਲੇ ਨਾਮ ਤੱਤ ਨੂੰ ਭੁੱਲ ਜਾਵੇ ਤਾਂ ਇਹ ਮਾਇਕ ਜੜ੍ਹ ਰੂਪ ਪ੍ਰਾਕ੍ਰਿਤੀ ਦੇ ਅਸਰ ਵਿਚ ਜੋ ਸਾਰੇ ਦੁਖਾਂ ਦਾ ਮੂਲ ਹੈ, ਫਸਿਆ ਹੋਇਆ ਦੁਖੀ ਹੋ ਜਾਇਆ

ਕਰਦਾ ਹੈ ਅਤੇ ਜੇ ਇਹ ਆਪਣੇ ਹੀ ਅੰਦਰ ਸਮਰੱਥ ਗੁਰੂ ਤੋਂ ਪ੍ਰਾਪਤ ਕੀਤੇ ਹੋਏ ਸ਼ਬਦ ਦੇ ਬਲ ਨਾਲ ਆਪਣੇ ਅਸਲੇ ਵਲ ਨੂੰ ਮੋੜ ਖਾ ਕੇ ਨਾਮ ਐਨਰਜੀ ਦੇ ਤਲ ਤੇ ਪਹੁੰਚ ਕੇ ਆਤਮ ਸਤਾ, ਜੋ ਕਿ ਇਸਦਾ ਆਪਣਾ ਮੌਲਿਕ ਸਰੂਪ ਹੈ, ਵਿਚ ਲੀਨ ਹੋ ਜਾਵੇ ਤਾਂ ਇਸਨੂੰ ਸਦਾ-ਸਦਾ ਦਾ ਸੁਖ ਪ੍ਰਾਪਤ ਹੋ ਜਾਇਆ ਕਰਦਾ ਹੈ।

## ਸੁਖ ਦੀ ਭਾਲ ਕਿਉਂ?

ਇਸ ਜੀਵ ਦਾ ਅਸਲਾ ਸਤਿ, ਚਿੱਤ, ਅਨੰਦ ਹੈ ਪਰ ਇਹ ਮਾਇਆ - ਜੋ ਸਦੀਵ ਹੀ ਜੜ੍ਹ ਤੱਤਵ ਹੈ ਅਤੇ ਦੁਖਾਂ ਦਾ ਮੂਲ ਹੈ, ਵਿਚ ਫਸ ਗਿਆ ਕਿਉਂਕਿ ਮਾਇਆ ਦੇ ਨਾਮ ਅਤੇ ਰੂਪ ਜੋ ਦ੍ਰਿਸ਼ਟਮਾਨ ਵਜੂਦ ਹਨ, ਉਹ ਇਸ ਜੀਵ ਦੀ ਹੋਸ਼ ਨੂੰ, ਸੁਰਤ ਨੂੰ ਮੋਹ ਲਿਆ ਕਰਦੇ ਹਨ। ਜਿਸਦਾ ਅਸਰ - ਇਹ ਹੌਲੀ-ਹੌਲੀ ਨਾਮ ਤਲ ਤੋਂ ਦੂਰੀਆਂ ਤੇ ਚਲਿਆ ਜਾਂਦਾ ਹੈ ਅਤੇ ਦੁਖਾਂ ਦੇ ਮੰਡਲ ਵਿਚ ਪ੍ਰਵੇਸ਼ ਕਰਕੇ ਸਦਾ ਲਈ ਦੁਖੀ ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਹੈ ਕਿ -

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥***

***ਅੰਗ - ੧੩੭੫***

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ॥***
***ਅਨਿਕ ਸਿਆਨੇ ਪਚਿ ਗਏ***
***ਨਾ ਨਿਰਵਾਰੀ ਜਾਇ॥***

***ਅੰਗ - ੧੩੭੫***

ਇਹ ਜੀਵ ਹੁਕਮ ਵਿਚ ਹੋਂਦ ਵਿਚ ਆਇਆ ਹੈ। ਇਸਦਾ ਅਸਲਾ ਪਾਰਬ੍ਰਹਮ ਪ੍ਰਮੇਸ਼ਰ, ਪਰਮ ਚੇਤਨ ਤੱਤ ਜੋ ਨਿਰਾ ਸਤਿ, ਚਿੱਤ, ਅਨੰਦ ਅਤੇ ਪ੍ਰਿਅ ਹੈ, ਹੋਣ ਕਰਕੇ ਇਸ ਦੀ ਸਿਮ੍ਰਿਤੀ ਵਿਚੋਂ ਸੁਖ ਦੀ ਲੋਚਾ ਦਾ ਕਦੇ ਵੀ ਅਭਾਵ ਨਹੀਂ ਹੁੰਦਾ। ਇਸ ਕਰਕੇ ਸਾਰੀ ਹੀ ਸ੍ਰਿਸ਼ਟੀ ਅਨੇਕਾਂ ਰੰਗਾਂ, ਰੂਪਾਂ ਵਿਚ ਆਪਣੇ ਅਸਲੇ ਦੀ ਪ੍ਰੇਰਿਤ ਕੀਤੀ ਹੋਈ, ਆਪਣੀ ਸੋਚ ਦੀ ਧੁਰੀ ਨੂੰ ਸਦਾ ਹੀ ਸੁਖ ਵਲ ਲਾ ਕੇ ਰਖਦੀ ਹੈ। ਇਸ ਲਈ ਜਾਣੇ ਅਣਜਾਣੇ ਸਾਰੀ ਸ੍ਰਿਸ਼ਟੀ ਦਾ ਚੇਤਨ ਤੱਤ ਆਪਣੇ ਅਸਲੇ ਵਲ ਨੂੰ ਝੁਕਿਆ ਰਹਿੰਦਾ ਹੈ ਪਰ ਅਗਿਆਨ ਵਸ ਪ੍ਰਾਕ੍ਰਿਤੀ ਦਾ ਮੋਹਿਆ ਹੋਇਆ ਦੁਖਾਂ ਵਿਚ ਪਿਆ ਜੀਵ ਵਿਰਲਾਪ ਕਰ ਰਿਹਾ ਹੈ।

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***

***ਅੰਗ - ੬੬***

**ਸੁਖ ਦੀ ਪ੍ਰਾਪਤੀ ਦਾ ਸਾਧਨ ਕੀ ਹੈ?**

ਫੁਰਮਾਨ ਹੈ -

***ਜਉ ਸੁਖ ਕਉ ਚਾਹੈ***
***ਸਦਾ ਸਰਨਿ ਰਾਮ ਕੀ ਲੇਹ॥***

***ਅੰਗ - ੧੪੨੭***

***ਜੇ ਲੋੜਹਿ ਸਦਾ ਸੁਖੁ ਭਾਈ॥***
***ਸਾਧੂ ਸੰਗਤਿ ਗੁਰਹਿ ਬਤਾਈ॥***

***ਅੰਗ - ੧੧੮੨***

ਅਤੇ

***ਜਨ ਨਾਨਕ ਕਉ***
***ਹਰਿ ਦਰਸੁ ਦਿਖਾਇਆ॥***
***ਆਤਮੁ ਚੀਨਿ ਪਰਮ ਸੁਖੁ ਪਾਇਆ॥***

***ਅੰਗ - ੩੭੫***

ਆਤਮਾ ਦਾ ਸੁਭਾਵਿਕ ਗੁਣ ਸਤਿ, ਚਿਤ, ਅਨੰਦ ਹੈ। ਮਾਇਆ ਇਸਦੇ ਵਿਪਰੀਤ ਦੁਖ ਦੀ ਹੇਤੂ ਹੈ। ਜੜ੍ਹ ਅਤੇ ਚੇਤਨ ਦਾ ਅਵਿਵੇਕ ਪੂਰਨ ਸੰਜੋਗ ਹੀ ਦੁਖ ਦਾ ਵਾਸਤਵਿਕ ਰੂਪ ਹੈ। ਜੜ੍ਹ ਤੱਤਵ ਅਤੇ ਚੇਤਨ ਦਾ ਅਵਿਵੇਕ ਅਰਥਾਤ ਮਿਥਿਆ ਗਿਆਨ ਹੀ ਦੁਖ ਦਾ ਵਾਸਤਵਿਕ ਸਰੂਪ ਹੈ ਅਤੇ ਅਵਿਦਿਆ ਰੂਪੀ ਕਲੇਸ਼, ਦੁਖ ਦਾ ਕਾਰਣ ਹੈ। ਚੇਤਨ ਅਤੇ ਜੜ੍ਹ ਦਾ ਵਿਵੇਕ ਪੂਰਨ ਗਿਆਨ, ਦੁਖ ਨਵਿਰਤੀ ਦਾ ਮੁਖ ਸਾਧਨ ਹੈ।

ਵਾਹਿਗੁਰੂ ਜੀ ਪ੍ਰਮ ਚੇਤਨ ਤੱਤਵ ਜਿਸ ਵਿਚ ਪੂਰਨ ਗਿਆਨ, ਸਰਬੱਗਤਾ, ਸਰਬ-ਵਿਆਪਕਤਾ, ਸਰਬ ਸ਼ਕਤੀਮਾਨਤਾ ਹੈ; ਜਿਸ ਵਿਚ ਦੁਖ, ਜੜ੍ਹਤਾ ਅਤੇ ਅਗਿਆਨ ਦਾ

ਨਿਤਾਂਤ ਅਭਾਵ ਹੈ, ਜੀਵ ਆਤਮਾ ਦਾ ਇਸ ਲਕਸ਼ ਨੂੰ ਪ੍ਰਾਪਤ ਕਰਨਾ ਅੰਤਮ ਧੇਅ ਹੈ। ਜਿਥੇ ਗਿਆਨ ਦਾ ਪੂਰਨ ਭੰਡਾਰ ਹੈ, ਉਥੋਂ ਗਿਆਨ ਪ੍ਰਾਪਤ ਕਰਕੇ ਜੀਵ ਆਤਮਾ, ਜੜ੍ਹ ਚੇਤਨ ਵਿਵੇਕ ਪ੍ਰਾਪਤ ਕਰਦੀ ਹੈ। ਅਵਿਦਿਕ ਬੰਧਨਾਂ ਨੂੰ ਤੋੜ ਕੇ ਦੁਖਾਂ ਤੋਂ ਪੂਰਨ ਰੂਪ ਵਿਚ ਮੁਕਤ ਹੋ ਜਾਇਆ ਕਰਦੀ ਹੈ। ਇਸ ਲਈ ਸਮਰਥ ਗੁਰੂ ਦੇ ਮਿਲਾਪ ਤੇ ਕ੍ਰਿਪਾ ਦੀ ਪ੍ਰਮ ਅਵਸ਼ਕਤਾ ਹੈ। ਤਿੰਨ ਸਾਧਨ – ਕਰਮ, ਉਪਾਸ਼ਨਾ, ਗਿਆਨ ਗੁਰੂ ਦੀ ਸਹਾਇਤਾ ਨਾਲ ਪੂਰਨ ਰੂਪ ਵਿਚ ਪ੍ਰਾਪਤ ਕਰਕੇ ਆਪਣੇ ਧੇਅ ਵਿਚ ਪਹੁੰਚਣਾ ਪੈਂਦਾ ਹੈ।

**ਨਿਸ਼ਕਾਮ ਕਰਮ** – ਅੰਤਸ਼ਕਰਣ ਵਿਚ ਪਈ ਜਨਮਾਂ-ਜਨਮਾਤਰਾਂ ਦੀ ਮੈਲ ਨੂੰ ਦੂਰ ਕਰਨ ਦੀ ਸਮਰਥਾ ਰਖਦੇ ਹਨ। ਇਨ੍ਹਾਂ ਵਿਚ ਸਰਵ ਸ੍ਰੇਸ਼ਟ ਸਿਮਰਨ ਅਤੇ ਕੀਰਤਨ ਮੁਖ ਸਾਧਨ ਹਨ ਅਤੇ ਨਿਸ਼ਕਾਮ ਸੇਵਾ ਅੰਤਸ਼ਕਰਣ ਨੂੰ ਨਿਰਮਲਤਾਈ ਬਖਸ਼ਦੀ ਹੈ।

**ਉਪਾਸ਼ਨਾ** – ਮਨ ਦੀਆਂ ਬਿਰਤੀਆਂ ਸਭ ਪਾਸਿਆਂ ਤੋਂ ਰੋਕ ਕੇ ਕੇਵਲ ਪਾਰਬ੍ਰਹਮ ਸਤਿ, ਚਿੱਤ, ਅਨੰਦ ਦੀ ਪ੍ਰਮ ਹੋਂਦ ਤੇ ਕੇਂਦ੍ਰਿਤ ਕਰਕੇ ਲਕਸ਼ ਦੀ ਪ੍ਰਾਪਤੀ ਲਈ ਠਹਿਰਾਉਣ ਦਾ ਨਾਮ ਉਪਾਸ਼ਨਾ ਹੈ। ਉਪਾਸ਼ਨਾ ਦੇ ਅੰਤਮ ਲਕਸ਼ ਦੀ ਪ੍ਰਾਪਤੀ ਲਈ ਜਿਥੇ ਧਿਆਤਾ, ਧਿਆਨ ਅਤੇ ਧੇਅ ਦੀ ਤ੍ਰਿਕੁਟੀ ਦਾ ਅਭਾਵ ਹੋ ਜਾਇਆ ਕਰਦਾ ਹੈ, ਸਮਰਥ ਅਨੁਭਵੀ ਗੁਰੂ ਜਾਂ ਇਉਂ ਕਹੋ ਕਿ ਗੁਰੂ ਘਰ ਵਿਚ ਪੂਰਨ ਗੁਰਮੁਖ ਪਦ ਨੂੰ ਪ੍ਰਾਪਤ ਕੀਤੇ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਮਹਾਂਪੁਰਸ਼ਾਂ ਦੀ ਅਤਿਅੰਤ ਲੋੜ ਹੈ, ਜਿਸ ਨੂੰ ਭਾਵੇਂ ਪੂਰਨ ਗੁਰਸਿਖ ਕਹਿ ਲਵੋ ਜਾਂ ਸੰਤ, ਸਾਧੂ ਦੀ ਬਿਆਧੀ ਨਾਲ ਸੰਬੋਧਨ ਕਰ ਲਵੋ; ਗੱਲ ਵਿਚ ਬਹੁਤਾ ਫਰਕ ਨਹੀਂ ਹੈ।

**ਗਿਆਨ** – ਜਦੋਂ ਮਨ ਦਾ ਠਹਿਰਾਓ ਇਕ ਲਕਸ਼ ਉਪਰ ਹੋ ਗਿਆ ਤਾਂ ਗੁਰੂ ਦੀ ਕ੍ਰਿਪਾ ਨਾਲ ਇਸਦੇ ਪੰਜ ਭਰਮਾਂ ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਕੇ ਆਪਣੇ ਵਜੂਦ ਨੂੰ, ਵਖਰਾ ਜਾਣਨ ਦੀ ਮਿਥਿਆ ਸੁਰਤ ਦਾ ਨਾਸ਼ ਹੋ ਕੇ ਅਭੇਦ ਅਵਸਥਾ ਪ੍ਰਾਪਤ ਕਰਕੇ, ਜੀਵ ਅਤੇ ਬ੍ਰਹਮ ਦਾ ਭੇਦ ਮਿਟ ਕੇ, ਇਕੋ ਪ੍ਰਭੂ ਹੀ ਹਰ ਥਾਂ ਉਤੇ ਸੁਰਤ ਵਿਚ ਸਮਾ ਜਾਇਆ ਕਰਦਾ ਹੈ। ਜਿਵੇਂ ਕਿ –

***ਏਕ ਅਨੇਕ ਬਿਆਪਕ ਪੂਰਕ***
***ਜਤ ਦੇਖਉ ਤਤ ਸੋਈ॥***
***ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ***
***ਬਿਰਲਾ ਬੂਝੈ ਕੋਈ॥***
***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥***
***ਗੋਬਿੰਦ ਬਿਨੁ ਨਹੀ ਕੋਈ॥***
***ਸੂਤੁ ਏਕੁ ਮਣਿ ਸਤ ਸਹੰਸ***
***ਜੈਸੇ ਓਤਿ ਪੋਤਿ ਪ੍ਰਭੁ ਸੋਈ॥***

***ਅੰਗ – ੪੮੫***

ਹੁਣ ਪ੍ਰਸ਼ਨ ਇਹ ਹੁੰਦਾ ਹੈ ਕਿ ਹਰ ਬੰਦਾ ਇਸ ਸੁਖ ਦੀ ਪ੍ਰਾਪਤੀ ਲਈ ਨਾ ਤਾਂ ਪੂਰੀ ਹੋਸ਼ ਨਾਲ ਇਸ ਸੂਤਰ ਨੂੰ ਸਮਝ ਹੀ ਸਕਦਾ ਹੈ ਅਤੇ ਨਾ ਹੀ ਮਾਇਆ ਦੀਆਂ ਹਥਕੜੀਆਂ, ਬੇੜੀਆਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਇਕ ਕਦਮ ਹੀ ਪੁਟ ਸਕਦਾ ਹੈ। ਮੋਹ ਦੀਆਂ, ਹਿਤਾਂ ਦੀਆਂ, ਈਰਖਾ, ਦ੍ਵੈਸ਼, ਵੈਰ ਭਾਵ, ਨਿੰਦਿਆ, ਚੁਗਲੀ, ਪੰਜ ਚੋਰਾਂ ਦੇ ਜ਼ਬਰਦਸਤ ਬੰਧਨਾਂ ਵਿਚ, ਪੰਜ ਵਿਸ਼ਿਆਂ – ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਚ ਡੁੱਬਿਆ ਹੋਇਆ, ਚਾਰ ਅਗਨੀਆਂ – ਹੰਸ, ਹੇਤ, ਕੋਪ, ਲੋਭ ਵਿਚ ਜਲ ਰਿਹਾ ਅਤੇ ਪੰਜ ਠੱਗਾਂ – ਰਾਜ, ਮਾਲ, ਰੂਪ, ਜਾਤ, ਜੋਬਨ ਅਤੇ ਹੋਰ ਅਨੇਕ ਦੁਰ-ਭਾਵਨਾ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਕਸਿਆ ਹੋਇਆ, ਫਾਥਾ ਹੋਇਆ ਇਹ ਜੀਵ ਕੰਨਾਂ ਨਾਲ ਸਭ ਕੁਛ ਸੁਣਦਾ ਹੋਇਆ, ਓਪਰੀ-ਓਪਰੀ ਸੁਰਤ ਨਾਲ ਵਿਚਾਰਦਾ ਹੋਇਆ ਜੀਵਨ ਭਰ ਵਿਚ ਇਕ ਕਦਮ ਵੀ ਨਹੀਂ ਪੁਟ ਸਕਦਾ। ਇਸਦਾ ਇਲਾਜ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਹੀ ਦੱਸਿਆ ਹੈ। ਉਸ ਸੰਗਤ ਵਿਚ ਜਾ ਕੇ ਹੌਲੀ-ਹੌਲੀ ਇਸਦੇ ਬੰਨ੍ਹਣਹਾਰ ਠੱਗ, ਚੋਰ ਆਦਿ ਅਨੇਕ ਵਿਸ਼ੇ ਇਸਨੂੰ ਛੱਡਣਾ ਸ਼ੁਰੂ ਕਰ ਦਿੰਦੇ ਹਨ। ਕਿਉਂਕਿ ***'ਸਾਧਸੰਗਿ ਓਇ ਦੁਸਟ ਵਸਿ ਹੋਤੇ॥'*** *(ਪੰਨਾ – ੧੮੨)* ਦੇ ਫ਼ੁਰਮਾਨ ਮੁਤਾਬਿਕ ਉਹ ਡਰਦੇ ਹੋਏ ਭੱਜ ਜਾਇਆ ਕਰਦੇ ਹਨ ਅਤੇ ਇਸ ਜੀਵ ਦੀ ਸੁਰਤ ਜਾਗਣੀ ਸ਼ੁਰੂ

ਹੋ ਜਾਂਦੀ ਹੈ ਅਤੇ ਮਨ ਵਿਚ ਪਿਆ ਹੋਇਆ ਹਨ੍ਹੇਰਾ ਸੰਤਾਂ ਦੇ ਦਰਸ਼ਨ, ਸੰਤਾਂ ਦੀ ਸੇਵਾ ਕਰਨ ਨਾਲ ਦੂਰ ਹੋਣ ਲਗ ਜਾਂਦਾ ਹੈ ਜਿਵੇਂ ਕਿ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥***

***ਅੰਗ – ੨੦੪***

***ਕਰਿ ਕਿਰਪਾ ਸੰਤਨ ਸਚੁ ਕਹਿਆ॥***
***ਸਰਬ ਸੂਖ ਇਹੁ ਆਨੰਦੁ ਲਹਿਆ॥***
***ਸਾਧਸੰਗਿ ਹਰਿ ਕੀਰਤਨੁ ਗਾਈਐ॥***
***ਕਹੁ ਨਾਨਕ ਵਡਭਾਗੀ ਪਾਈਐ॥***

***ਅੰਗ – ੧੭੯***

## ਕੀ ਦੁਖ ਸਚਮੁਚ ਹੀ ਬੁਰਾ ਹੈ?

ਗੁਰਮਤਿ ਸਿਧਾਂਤ ਮੁਤਾਬਿਕ ਦੁਖ ਨੂੰ ਮਹਾਰਾਜ ਜੀ ਨੇ ਨਫਰਤ ਕਰਨਾ ਨਹੀਂ ਸਿਖਾਇਆ। ਸਗਮਾਂ ਦੁਖ ਨੂੰ ਸੁਖਾਂ ਦਾ ਜਨਮਦਾਤਾ ਕਹਿ ਕੇ ਮਾਣ ਦਿਤਾ ਹੈ –

***ਦੁਖੁ ਦਾਰੂ ਸੁਖੁ ਰੋਗੁ ਭਇਆ***
***ਜਾ ਸੁਖੁ ਤਾਮਿ ਨ ਹੋਈ॥***

***ਅੰਗ – ੪੬੯***

ਦੁਖ ਨੂੰ ਦਾਰੂ ਕਰਕੇ ਦੱਸਿਆ ਹੈ ਅਤੇ ਇਕ ਥਾਂ ਐਸਾ ਵੀ ਫੁਰਮਾਨ ਕੀਤਾ ਹੈ –

***ਨਾਨਕ ਸਿਫਤੀ ਰਤਿਆ***
***ਮਨੁ ਤਨੁ ਹਰਿਆ ਹੋਇ॥***
***ਦੁਖ ਕੀਆ ਅਗੀ ਮਾਰੀਅਹਿ***
***ਭੀ ਦੁਖੁ ਦਾਰੂ ਹੋਇ॥***

***ਅੰਗ – ੧੨੪***

ਇਥੋਂ ਤਕ ਆਪਨੇ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਦਾ ਦਰਵਾਜ਼ਾ ਦੁਖ ਦਾ ਹੈ ਅਤੇ ਉਸਦਾ ਰਖਵਾਲਾ ਕ੍ਰੋਧ ਹੈ। ਆਸਾ ਤੇ ਅੰਦੇਸਾ ਦੋਇ ਪਟ ਜੜੇ ਹੋਏ ਹਨ। ਜਦੋਂ ਤਕ ਇਹ ਜੀਵ ਦੁਖ ਨੂੰ ਸੁਖ ਕਰਕੇ ਨਹੀਂ ਮੰਨਦਾ, ਦੁਖ ਨਾਲ ਸਮਝੌਤਾ ਨਾ ਹੋਣ ਕਰਕੇ, ਉਸ ਦਰਵਾਜ਼ੇ ਵਿਚੋਂ ਲੰਘ ਨਹੀਂ ਸਕਿਆ ਕਰਦਾ। ਇਸ ਕਰਕੇ ਦੁਖ ਨੂੰ ਆਪਣੇ ਜੀਵਨ ਵਿਚ ਪਰਮ ਸੁਖਾਂ ਦੀ ਪ੍ਰਾਪਤੀ ਕਰਨ ਲਈ ਅਪਨਾਉਣਾ ਪੈਂਦਾ ਹੈ। ਜਿਵੇਂ ਕਿ ਗੁਰੂ ਮਹਾਰਾਜ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਵਿਚ ਆਉਂਦਾ ਹੈ –

***ਪਹਿਲਾਂ ਬਾਬੇ ਪਾਯਾ ਬਖਸ਼ ਦਰ,***
***ਪਿੱਛੋਂ ਦੇ ਫਿਰ ਘਾਲ ਕਮਾਈ।***
***ਰੇਤ ਅੱਕ ਆਹਾਰ ਕਰਿ,***
***ਰੋੜਾਂ ਦੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪਸਿਆ,***
***ਬਡੇ ਭਾਗ ਹਰਿ ਸਿਉ ਬਣਿ ਆਈ।***

***ਭਾਈ ਗੁਰਦਾਸ ਜੀ, ਵਾਰ ੧/੨੪***

ਦੁਖ ਪ੍ਰਮੇਸ਼ਰ ਦੇ ਵਿਛੜਨ ਕਰਕੇ ਆਉਂਦਾ ਹੈ। ਜਦੋਂ ਅੰਮ੍ਰਿਤ ਵੇਲੇ ਜਾਗ ਕੇ ਸਖਤ ਘਾਲ ਕਮਾਈ ਕਰਦਾ ਹੈ ਤਾਂ ਇਹੋ ਦੁਖ ਸਹਾਇਕ ਹੋ ਜਾਇਆ ਕਰਦਾ ਹੈ। ਗੁਰਮਤਿ ਵਿਚ ਜੀਵਨ ਮੁਕਤ ਪੁਰਸ਼ ਦੀ ਜੋ ਅਵਸਥਾ ਹੈ, ਉਸ ਬਾਰੇ ਸੰਕੇਤ ਹੈ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ***
***ਨਹੀ ਜਾ ਕੈ ਕੰਚਨ ਮਾਟੀ ਮਾਨੈ॥***

***ਅੰਗ – ੬੩੩***

ਇਸ ਕਰਕੇ ਦੁਖ ਕੀ ਹੈ? ਇਹ ਸੁਖ ਦੀ ✡⇦✪⇦✡🚹✡ ਹੇਠਲੀ ਅਵਸਥਾ ਹੈ। ਇਹ ਸੁਖ ਹੀ ਦੁਖ ਰੂਪ ਬਦਲ ਕੇ ਦੁਖ ਕਹਾਉਣ ਲਗ ਜਾਂਦਾ ਹੈ ਪਰ ਨਾਮ ਜਪਦਿਆਂ, ਸੇਵਾ ਸਿਮਰਨ ਕਰਦਿਆਂ, ਪੂਰਨ ਮਹਾਂਪੁਰਖਾਂ ਦੀ ਸੰਗਤ ਕਰਦਿਆਂ ਜਦੋਂ ਇਸ ਜੀਵ ਦੀ ਸੁਰਤੀ ਆਪਣੇ ਮੂਲ ਤੱਤ ਨਾਲ ਛੋਹ ਜਾਂਦੀ ਹੈ ਤਾਂ ਇਹ ਦੁਖ ਦੀ ਪਰਿਭਾਸ਼ਾ ਬਿਲਕੁਲ ਖਤਮ ਹੋ ਜਾਇਆ ਕਰਦੀ ਹੈ –

***ਦੁਖੁ ਨਾਹੀ ਸਭੁ ਸੁਖੁ ਹੀ ਹੈ***
***ਰੇ ਏਕੈ ਏਕੀ ਨੇਤੈ॥***
***ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ***
***ਨਹੀ ਸਭ ਜੇਤੈ॥***

***ਅੰਗ – ੧੩੦੨***

ਦੁਖ ਝੱਲ ਕੇ ਹੀ ਪਰਮ ਸੁਖ ਦੀ ਪ੍ਰਾਪਤੀ ਹੋਇਆ ਕਰਦੀ ਹੈ। ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟਣ ਦੀ ਜਦੋਂ ਤਿਆਰੀ ਹੋ ਗਈ ਤਾਂ ਜਲਾਦ ਨੇ ਵੇਖਿਆ ਕਿ ਇਸਦੇ ਚਿਹਰੇ ਉਤੇ, ਬਾਵਜੂਦ ਅੰਤਮ ਸਮਾਂ ਸਾਮ੍ਹਣੇ ਹੋਣ ਤੇ ਭੀ ਰੌਣਕ

ਤੇ ਪਰਮ ਸ਼ਾਂਤੀ ਦੇ ਚਿੰਨ੍ਹ ਕਿਉਂ ਹਨ? ਪੁੱਛਣ ਤੇ ਆਪ ਜੀ ਨੇ ਫੁਰਮਾਇਆ ਕਿ ਜਲਾਦ! ਅਸਾਡੇ ਬੁਲਾਂ ਨੂੰ ਗੁਰੂ ਨੇ ਨਾਮ ਪਿਆਲੇ ਦੇ ਨਾਲ ਛੋਹ ਬਖਸ਼ੀ ਅਤੇ ਉਸ ਨਾਮ ਦਾ ਹੁਲਾਰਾ, ਉਸ ਨਾਮ ਦੀ ਖੁਮਾਰੀ, ਉਸ ਨਾਮ ਦਾ ਪ੍ਰਕਾਸ਼ ਸਰੀਰ ਵਿਚ ਐਨਾ ਗਹਿਰਾ ਪ੍ਰਵੇਸ਼ ਕਰ ਗਿਆ ਕਿ ਹੁਣ ਸਾਨੂੰ ਦੁਖ ਤੇ ਸੁਖ ਦੇ ਵਿਚ ਪਹਿਚਾਣ ਖਤਮ ਹੋ ਕੇ ਹੁਕਮ ਮੰਨਣ ਦਾ ਅਨੰਦ ਹੀ ਪ੍ਰਤੀਤ ਦਿੰਦਾ, ਖੁਮਾਰੀ ਦੇ ਰੂਪ ਵਿਚ ਝੂੰਮਣੀਆਂ ਦੇ ਰਿਹਾ ਹੈ। ਇਸ ਅੰਤਰੀਵੀ ਮਹਾਨ ਨਸ਼ੇ ਰਾਹੀਂ ਚੜ੍ਹਿਆ ਹੋਇਆ ਰੰਗ ਕਿਸੇ ਤਰ੍ਹਾਂ ਨਾਲ ਭੀ ਨਾ ਲਾਹਿਆ ਜਾ ਸਕਦਾ ਹੈ, ਨਾ ਮੈਲਾ ਕੀਤਾ ਜਾ ਸਕਦਾ ਹੈ। ਜਿਵੇਂ ਕਿ –

***ਪੋਸਤ ਮਦੁ ਅਫੀਮ ਭੰਗ***
***ਉਤਰ ਜਾਏ ਪਰਭਾਤਿ॥***
***ਨਾਮ ਖੁਮਾਰੀ ਨਾਨਕਾ***
***ਚੜੀ ਰਹੇ ਦਿਨ ਰਾਤ॥***

***(ਜਨਮਸਾਖੀ)***

***ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ***
***ਜਿਉ ਰੰਗੁ ਮਜੀਠ ਬਹੁ ਲਾਗਾ॥***
***ਕਾਇਆ ਕਾਪਰੁ ਚੀਰ ਬਹੁ ਫਾਰੇ***
***ਹਰਿ ਰੰਗੁ ਨ ਲਹੈ ਸਭਾਗਾ॥***

***ਅੰਗ – ੯੮੫***

***ਨਾ ਮੈਲਾ ਨਾ ਧੁੰਧਲਾ***
***ਨਾ ਭਗਵਾ ਨਾ ਕਚੁ॥***
***ਨਾਨਕ ਲਾਲੋ ਲਾਲੁ ਹੈ***
***ਸਚੈ ਰਤਾ ਸਚੁ॥***

***ਅੰਗ – ੧੦੮੯***

ਇਸ ਅਵਸਥਾ ਵਿਚ ਪਹੁੰਚੇ ਹੋਏ, ਹਉਮੈ ਦੇ ਮੰਡਲ ਨੂੰ ਪਾਰ ਕਰਕੇ ਸਦਾ ਦੇ ਜੀਵਨ ਨੂੰ ਪ੍ਰਾਪਤ ਕੀਤੇ ਹੋਏ ਗੁਰਮੁਖ ਪਿਆਰਿਆਂ ਨੇ ਬੰਦ-ਬੰਦ ਕਟਵਾ ਕੇ, ਖੋਪਰੀਆਂ ਲੁਹਾ ਕੇ, ਚਰਖੜੀਆਂ ਤੇ ਚੜ੍ਹ ਕੇ, ਅੱਗਾਂ ਨਾਲ ਜਿਉਂਦੇ ਸਾੜੇ ਜਾਣ ਤੇ, ਦੁਖ ਦੀ ਥਾਂ ਤੇ ਅਨੰਦ ਹੀ ਪ੍ਰਤੀਤ ਕੀਤਾ। ਇਹ ਇਕ ਅਵਸਥਾ ਹੈ ਜਿਥੇ ਜਾ ਕੇ –

***ਸਗਲੇ ਦੂਖ ਪਾਣੀ ਕਰਿ ਪੀਵਾ***
***ਧਰਤੀ ਹਾਕ ਚਲਾਈ॥***

***ਅੰਗ – ੧੪੭***

ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ।

ਅੰਤ ਵਿਚ ਇਸ ਰਹੱਸ ਨੂੰ ਪ੍ਰਗਟ ਕਰਦਿਆਂ ਸੰਸਾਰ ਦੇ ਅੰਧ ਅਗਿਆਨ ਵਿਚ ਲਿਪਤ ਹੋਏ ਬੁਧੀਜੀਵੀਆਂ, ਸਾਇੰਸਦਾਨਾਂ, ਫਿਲਾਸਫਰਾਂ, ਮਾਇਆਧਾਰੀਆਂ, ਰਾਜਨੀਤੀਵਾਨਾਂ ਅਤੇ ਹੋਰ ਸਮੂੰਹ ਸੁਖ ਦੇ ਤਰੱਦਦ ਕਰਦਿਆਂ ਨੂੰ ਬੇਨਤੀ ਹੈ ਕਿ ਉਹ ਗੁਰਮਤਿ ਦੇ ਸਿਧਾਂਤ ਨੂੰ ਅਪਣਾਅ ਲੈਣ ਤਾਂ ਵਿਨਾਸ਼ਕਾਰੀ, ਐਟਮਬੰਬਾਂ, ਡੁੱਬਕਣੀਆਂ, ਗੈਸਾਂ ਤੇ chemical ਸ਼ਸ਼ਤਰਾਂ ਦੀ ਕੋਈ ਵੀ ਲੋੜ ਨਹੀਂ ਰਹਿ ਜਾਂਦੀ ਅਤੇ ਨਾ ਹੀ ਦੁਨੀਆਂ ਵਿਚ ਲਗੀ ਹੋਈ ਵਪਾਰਿਕ ਅਤੇ ਨਿੱਜ ਪ੍ਰਾਪਤੀ ਲਈ ਸਾਹੋ-ਸਾਹ ਹੋਣ ਦੀ ਕੋਈ ਲੋੜ ਹੈ। ਇਸ ਤਰ੍ਹਾਂ ਦੇ ਕਰਤੱਵ ਕਰਦਿਆਂ ਕਦੇ ਵੀ ਸੁਖ ਦਾ ਮੂੰਹ ਨਹੀਂ ਦੇਖਿਆ ਜਾ ਸਕਦਾ ਅਤੇ ਨਾ ਹੀ ਕਦੇ ਦੁਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਾਰੇ ਸੁਖਾਂ ਦਾ ਸੋਮਾ ਪ੍ਰਭੂ ਦਾ ਨਾਮ ਹੈ। ਉਹ ਨਾਮ ਸ਼ਕਤੀ ਸਾਰੀ ਸ੍ਰਿਸ਼ਟੀ ਦੀ ਆਦਿ ਹੈ, ਉਹ ਨਾਮ ਸ਼ਕਤੀ ਆਦਮੀ ਦੇ ਅੰਦਰ ਪ੍ਰਭੂ ਨੇ ਉਸ ਥਾਂ ਉਪਰ ਰੱਖੀ ਹੋਈ ਹੈ, ਜਿਥੇ ਆਤਮਕ ਧੁਨੀਆਂ ਦੇ ਸੰਗੀਤਕ ਵਾਜੇ ਅਖੰਡ ਰੂਪ ਵਿਚ ਵਜ ਰਹੇ ਹਨ ਅਤੇ ਅਕਹਿ ਵਿਸਮਾਦ ਦੀਆਂ ਝੂੰਮਣੀਆਂ ਮਹਾਨ ਅਨੰਦ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਉਸਦੀ ਖੋਜ ਆਪਣੇ ਧੁਰ ਅੰਦਰੋਂ ਹੀ ਕੀਤੀ ਜਾਵੇ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਤਿਨਿ ਦੇਖਿਆ ਜਿਸੁ ਆਪਿ ਦਿਖਾਏ॥***
***ਨਾਨਕ ਤਿਸੁ ਜਨ ਸੋਝੀ ਪਾਏ॥***

***ਅੰਗ – ੨੯੩***

ਇਹ ਅਵਸਥਾ ਦੀ ਸੋਝੀ ਉਸੇ ਨੂੰ ਹੁੰਦੀ ਹੈ ਜਿਸ ਤੇ ਗੁਰੂ ਕ੍ਰਿਪਾ ਕਰਕੇ ਆਪ ਅਨੁਭਵ ਕਰਾ ਦੇਵੇ। ਜਦੋਂ ਸੁਰਤ ਜਾਗ ਗਈ, ਬੁੱਧੀ ਬਦਲ ਕੇ ਸਿਧ ਅਤੇ ਸੁਧ ਦਾ ਰੂਪ ਧਾਰਨ ਕਰ ਗਈ ਤੇ ਆਦਮੀ ਦੇ ਅੰਦਰਲੀਆਂ ਦਿਬ ਅੱਖੀਆਂ ਪ੍ਰਕਾਸ਼ਿਤ ਹੋ ਗਈਆਂ, ਫਿਰ ਇਹੋ ਸੰਸਾਰ ਇਕੋ

ਪ੍ਰਮੇਸ਼ਰ ਦੀ ਅਖੰਡ ਜੋਤ ਦੇ ਰੂਪ ਵਿਚ ਪ੍ਰਤੱਖ ਭਾਸਦਾ ਹੈ ਅਤੇ ਭੁੱਲ ਕੇ ਭੀ ਦੂਜਾ ਨਜ਼ਰ ਨਹੀਂ ਆਉਂਦਾ ਪਰ ਇਸ ਵਿਚ ਗੁਰੂ ਦੀ ਕ੍ਰਿਪਾ ਦੀ ਆਵਸ਼ਕਤਾ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ***
***ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥***

***ਅੰਗ - ੨੯੩-੯੪***

ਸੁਖ ਤੇ ਦੁਖ ਦੋ ਕਪੜੇ ਹਨ, ਜੋ ਮਨੁੱਖ ਨੇ ਪਹਿਨਣੇ ਹੀ ਹਨ ਪਰ ਪੂਰਨ ਗਿਆਨ ਹੋਣ ਤੇ ਦੁਖ ਤੇ ਸੁਖ ਸਮ ਹੋ ਜਾਇਆ ਕਰਦੇ ਹਨ। ਸੋ ਇਹ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

**ਸਿਧਾਂਤ** - ੧. ਦੁਖ ਅਤੇ ਅਗਿਆਨ ਜੜ੍ਹ ਤੱਤਵ ਦਾ ਕੁਦਰਤੀ ਸੁਭਾਵ ਹੈ। ਮਾਇਆਕਾਰ ਬ੍ਰਿਤੀ ਵਿਚ ਦੁਖ ਦਾ ਨਿਤਾਂਤ ਨਿਵਾਸ ਹੈ। ਨਾਮ ਅਤੇ ਰੂਪ ਮਾਇਆ ਦੇ ਦੋ ਅੰਗ ਹਨ। ਪ੍ਰਕ੍ਰਿਤੀ ਤੋਂ ਨਿਰਲੇਪ, ਅਛੋਹ ਹੋਣ ਕਰਕੇ ਸਦੀਵ ਅਨੰਦਤ ਹੈ।

੨. ਚੇਤਨ ਦਾ ਸੁਭਾਵ ਸਤਿ, ਚਿੱਤ, ਅਨੰਦ ਹੈ।

੩. ਦੁਖ ਵਿਚ ਫਸਣਾ - ਚਾਰੇ ਅੰਤਸ਼ਕਰਣਾਂ, ਮਨ, ਚਿੱਤ, ਬੁੱਧ, ਅਹੰਭਾਵ ਅਤੇ ਇੰਦ੍ਰੀਆਂ ਤਥਾ ਸਰੀਰ ਵਿਚ ਇਨ੍ਹਾਂ ਦੇ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਚ ਮਮਤਾ ਧਾਰਨ ਕਰ ਲੈਣਾ ਹੀ ਦੁਖ ਵਿਚ ਫਸਣਾ ਹੈ। ਜਦੋਂ ਤੀਕਰ ਹੰਗਤਾ ਮਮਤਾ ਦਾ ਗਿਆਨ ਦੇ ਪ੍ਰਕਾਸ਼ ਕਰਕੇ ਨਾਸ਼ ਨਹੀਂ ਹੁੰਦਾ, ਜੀਵ ਦੁਖੀ ਹੀ ਰਹੇਗਾ।

**ਦੁੱਖ ਦਾ ਖਾਤਮਾ** - ਦੁਖ ਦੇ ਨਿਤਾਂਤ ਅਭਾਵ ਦੀ ਅਵਸਥਾ ਆਪਣੇ ਸਰੂਪ ਸਥਿਤ ਦੀ ਪ੍ਰਾਪਤੀ ਅਰਥਾਤ ਜੜ੍ਹ ਤੱਤੂ ਤੋਂ ਆਪਣੇ ਆਪ ਨੂੰ ਸਰਵਦਾ ਭਿੰਨ ਕਰਕੇ ਨਿਰਵਿਕਲਪ, ਨਿਰਲੇਪ, ਸ਼ੁਧ; ਆਪਣੇ ਆਪ ਦਾ ਪ੍ਰਮਾਤਮਾ ਵਿਚ ਅਸਥਿਤ ਹੋਣਾ ਹੈ।

**ਉਪਾਅ** - ਦੁਖ ਦੇ ਨਿਤਾਂਤ ਅਭਾਵ ਦੀ ਅਵਸਥਾ ਸਰੂਪ ਸਥਿਤੀ ਅਰਥਾਤ ਜੜ੍ਹ ਤਤੂ ਤੋਂ ਆਪਣੇ ਆਪ ਨੂੰ ਸਰਬ ਥਾਂ ਭਿੰਨ ਕਰਕੇ, ਨਿਰਵਿਕਾਰ, ਨਿਰਲੇਪ, ਸ਼ੁਧ, ਸਤਿ, ਚਿੱਤ, ਆਨੰਦ ਪ੍ਰਮਾਤਮ ਰੂਪ ਵਿਚ, ਕਰਮ, ਉਪਾਸ਼ਨਾ, ਗਿਆਨ ਅਤੇ ਆਤਮ ਚਿੰਤਨ ਦੇ ਦ੍ਰਿੜ੍ਹ ਅਭਿਆਸ ਕਰਨ ਕਰਕੇ, ਆਤਮ ਸ਼ਾਖਸ਼ਾਤ ਕਰਨਾ ਹੈ। ਆਪਣੇ ਜੋਤਿ ਸਰੂਪ ਨੂੰ ਪ੍ਰਭੂ ਸਰੂਪ ਵਿਚ ਲੀਨ ਕਰਕੇ ਆਪਾ ਭਾਵ ਪੂਰਨ ਰੂਪ ਵਿਚ ਮਿਟਾ ਦੇਣਾ ਹੈ ਜਿਸ ਲਈ ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ, ਸਚ ਆਚਾਰ ਦੇ ਧਾਰਨੀ ਪ੍ਰਵਾਨ ਹੋਏ ਗੁਰਮੁਖ ਦੀ ਸ਼ੁਭ ਭਾਵਨਾ ਅਤੇ ਜੀਅ ਦਾਨ ਬਖਸ਼ਣ ਵਾਲੀ ਆਤਮਕ ਮਿਹਰ ਦੀ ਲੋੜ ਹੈ।

***ਸੁਖ ਦੁਖ ਸਮ ਕਰਿ ਜਾਣੀਅਹਿ***
***ਸਬਦਿ ਭੇਟਿ ਸੁਖੁ ਹੋਇ॥***

***ਅੰਗ - ੫੭***

ਇਸ ਤਰ੍ਹਾਂ ਪਰਪੱਕ ਅਭਿਆਸ ਕਰਕੇ ਦੁਖ ਦਾ ਪੂਰਨ ਰੂਪ ਵਿਚ ਅਭਾਵ ਹੋ ਕੇ, ਜੀਵ ਆਪਣਾ ਜੀਵ ਭਾਵ ਖਤਮ ਕਰਕੇ, ਬ੍ਰਹਮ ਆਨੰਦ ਦੇ ਸਾਗਰ ਵਿਚ ਖੁਮਾਰੀ ਭਰੀਆਂ ਤਾਰੀਆਂ ਲਾਉਂਦਾ, ਵਾਹਿਗੁਰੂ ਰੂਪ ਹੀ ਹੋ ਜਾਇਆ ਕਰਦਾ ਹੈ।

# ਸਿਮਰਨ ਵਿਧੀ

(ਰਤਵਾੜਾ ਸਾਹਿਬ ੭, ੮ ਅਤੇ ੯ ਅਕਤੂਬਰ ੧੯੯੪ ਦੇ ਮਹਾਨ ਗੁਰਮਤਿ ਸਮਾਗਮ ਨੂੰ ਡਾ. ਵੇਦ ਭਾਰਤੀ ਜੀ ਦਾ ਦਿਤਾ ਵਖਿਆਨ)

ਜਿਨ੍ਹਾਂ ਦੇ ਆਤਮਾ ਵਿਚ ਹਮੇਸ਼ਾ, ੨੪ ਘੰਟੇ, ਬਾਰਾਂਮਾਂਹ, ਪ੍ਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹਜ਼ਾਰ ਹਜ਼ਾਰ ਸੂਰਜਾਂ ਅੰਦਰ ਬਲਦਾ ਰਹਿੰਦਾ ਹੈ, ਉਨ੍ਹਾਂ ਸੰਤ ਸ਼੍ਰੋਮਣੀਆਂ ਦੇ ਚਰਨਾਂ ਦੀ ਧੂਲ ਦੇ ਇਕ-ਇਕ ਕਣ ਦੇ ਸਾਹਮਣੇ ਆਪਣਾ ਮੱਥਾ ਟੇਕਦਾ ਹਾਂ, ਕਿ ਸੰਤਾਂ ਦੀ ਸੰਗਤ ਦੇ, ਲੱਖਾਂ ਲੱਖ ਭਗਤ ਜੋ ਤਕਲੀਫਾਂ ਦੇ, ਮੁਸ਼ਕਲਾਂ ਦੇ, ਕਿੰਨੇ ਦਰਿਆ - ਚੌੜੇ-ਚੌੜੇ ਦਰਿਆ ਪਾਰ ਕਰਕੇ ਏਥੇ ਆਪਨੇ ਕੰਨਾਂ ਨਾਲ ਅੰਮ੍ਰਿਤ ਚੱਖਣ ਆਏ ਨੇ। ਉਸ ਸੰਗਤ ਦੇ ਅੰਦਰ ਜਿਹੜੀ ਬਾਣੀ ਜਾਏਗੀ, ਉਸ ਬਾਣੀ ਨੂੰ ਜਿਥੇ-ਜਿਥੇ ਲਿਜਾਣਗੇ, ਉਥੇ-ਉਥੇ, ਉਸ ਪਿੰਡ ਵਿਚ, ਉਸ ਸ਼ਹਿਰ ਵਿਚ ਪਵਿੱਤਰਤਾ ਆ ਜਾਏਗੀ। ਪਰ ਇਸ ਵਾਸਤੇ ਏਸ ਸੰਗਤ ਦੇ ਸਾਰੇ ਬੰਦਿਆਂ ਦੇ ਅੰਦਰ, ਸਾਰੀਆਂ ਮਾਂਵਾਂ ਦੇ ਅੰਦਰ ਜਿਹੜਾ ਈਸ਼ਵਰ ਜੋਤੀ ਸਰੂਪ ਵਸਦਾ ਹੈ, ਮੈਂ ਓਹਨੂੰ ਸਿਰ ਝੁਕਾ ਕੇ, ਹਥ ਜੋੜ ਕੇ ਆਪਣੇ ਦਿਲ ਦਿਮਾਗ ਦੇ ਨਾਲ ਪ੍ਰਣਾਮ ਕਰਦਾ ਹਾਂ। ਸਾਰੇ ਗੁਰਮਤਿ ਦਾ ਰਹੱਸ ਇਕ ਸ਼ਬਦ ਵਿਚ ਹੈਗਾ। ਉਹ ਸ਼ਬਦ ਹੈ 'ਨਾਮ', 'ਨਾਮ ਸਿਮਰਨ' - ***'ਸਿਮਰਨ ਬਿਨ ਆਤਮ ਘਾਤੀ।'*** ਜਿਹਨੂੰ ਓਸ ਨਾਮ ਦੇ ਨਾਲ ਪਿਆਰ ਹੋ ਜਾਂਦਾ ਏ, ਓਹਨੂੰ ਦੁਨੀਆਂ ਦੇ ਸਾਰੇ ਦੂਜੇ ਪਿਆਰ ਨਿੱਕੇ-ਨਿੱਕੇ ਜਿਹੇ, ਛੋਟੇ-ਛੋਟੇ ਜਿਹੇ ਲਗਦੇ ਨੇ। ਓਹਦੇ ਅੰਦਰ ਸਾਰੇ ਪ੍ਰਾਣੀਆਂ ਦੇ ਪ੍ਰਤੀ ਇਕ ਤਰ੍ਹਾਂ ਦਾ ਪਿਆਰ ਦਾ ਸਮੁੰਦਰ, ਸਾਗਰ ਉਛਾਲੇ ਮਾਰਦਾ ਹੈ।

ਸੰਤ ਭਗਤ ਨਾਮਦੇਵ ਜੀ ਮਹਾਰਾਜ ਯਾਤਰਾ ਤੇ ਜਾ ਰਹੇ ਸੀ। ਸ਼ਾਮ ਨੂੰ ਪੜਾਅ ਪਾਇਆ (ਕੀਤਾ)। ਮਸਾਂ ਇਕ ਰੋਟੀ ਵਾਸਤੇ, ਇਕ ਰੋਟੀ ਬਣਾਨ ਵਾਸਤੇ ਓਨਾਂ ਦੀ ਪੋਟਲੀ ਵਿਚ ਆਟਾ ਸੀ। ਰੋਟੀ ਬਣਾਈ ਤੇ ਕੁਤਾ ਆ ਕੇ ਲੈ ਕੇ ਭੱਜ ਗਿਆ। ਓਹਦੇ ਪਿਛੇ-ਪਿਛੇ ਭੱਜਦੇ ਨੇ- ਹੱਥ 'ਚ ਘਿਓ ਦੀ ਕਟੋਰੀ ਲੈ ਕੇ, ਭਗਵਾਨ ਜੀ! ਸੂਖੀ ਨਾ ਖਾਇਓ। ਉਹ ਕੁੱਤਾ ਤਾਂ ਭੱਜ ਗਿਆ, ਸਾਰੀ ਰਾਤ ਕਰਵਟਾਂ ਬਦਲਦੇ ਰਹੇ, ਹਾਏ! ਭਗਵਾਨ ਸੂਖੀ ਰੋਟੀ ਲੈ ਕੇ ਚਲੇ ਗਏ। ਏਸੇ ਵਾਸਤੇ ਓਨਾਂ ਦਾ ਨਾਮ ਹੈਗਾ - ਨਾਮਦੇਵ। ਮੈਂ ਆਪ ਸਾਰੇ ਬੰਦਿਆਂ ਤੋਂ, ਮਾਵਾਂ ਨੂੰ ਇਕੋ ਈ ਅਰਜ਼ ਕਰਦਾ ਹਾਂ, ਇਕ ਬੇਨਤੀ ਕਰਦਾ ਹਾਂ ਕਿ ਅਪਣੇ ਆਪਨੂੰ ਓਸ ਨਾਮ ਦੇ ਸਿਮਰਨ ਵਿਚ ਡੁਬਾ ਦਉ, ਬਾਰ ਬਾਰ ਓਹਦੇ ਅੰਦਰ ਡੁਬਕੀ ਲਾਓ। ਲੋਕੀ ਕਹਿੰਦੇ ਨੇ ਸਾਡੇ ਕੋਲ ਅੱਜ ਕਲ ਟਾਈਮ ਨਹੀਂ ਐ, ਸਮਾਂ ਨਹੀਂ ਐ ਪਰ ਇਕ ਕਲਾ ਇਹੋ ਜਿਹੀ ਐ - ਵੇਦਾਂ 'ਚ ਕਿਹਾ ਹੈ ਕਿ ਨਾਮ ਦਾ ਨਾਮ ਦੀ ਅਗਨੀ ਵਿਚ ਹਵਨ ਕੀਤਾ ਜਾਂਦਾ ਹੈ। ਇਹ ਕਿਸ ਤਰ੍ਹਾਂ ਕਰੀਦਾ ਹੁੰਦਾ ਹੈ, ਓਹਦੀ ਕਲਾ ਹੈ ਜੋ ਸਾਨੂੰ ਗੁਰੂ ਦੀ ਕਿਰਪਾ ਦੇ ਨਾਲ ਮਿਲਦੀ ਐ। ਇਹ ਜਿਹੜਾ ਨਾਮ ਹੈ, ਇਹਦਾ ਸਿਮਰਨ ਕਦ ਕਰੀਏ? ਸਵੇਰੇ ਸ਼ਾਮ ਤਾਂ ਕਰੀਏ ਹੀ, ਪਰ ਇਕ ਤਰੀਕਾ ਹੋਰ ਵੀ ਹੈ। ਚਲਦੇ ਫਿਰਦੇ, ਜਿਥੇ ਖਲੋਤੇ ਹੋਏ ਓਂ, ਬੱਸ ਨੂੰ ਉਡੀਕਦੇ ਓਂ; ਓਥੇ ਵੀ ਮਨ ਦੇ ਵਿਚ ਜੋ ਨਾਨਾ ਪ੍ਰਕਾਰ ਦੇ ਵਿਚਾਰ ਆ ਰਹੇ ਨੇ, ਓਨਾਂ ਵਿਚਾਰਾਂ ਨੂੰ ਛੱਡ ਕੇ ਸਿਰਫ ਮਨ ਦੇ ਅੰਦਰ ਨਾਮ ਦਾ ਵਿਚਾਰ ਆਉਣ ਦਿਓ। ਜਿਸ ਟਰੈਕਟਰ ਤੇ ਬੈਠ ਕੇ ਤੁਸੀਂ ਹੱਲ ਚਲਾ ਰਹੇ ਹੋਂ, ਓਥੇ ਬੈਠੇ ਹੋਏ ਮਨ ਦੇ ਵਿਚ ਜਿਹੜੇ-ਜਿਹੜੇ ਦੂਜੇ ਦੂਜੇ ਵਿਚਾਰ, ਵਖਰੀਆਂ-ਵਖਰੀਆਂ ਗੱਲਾਂ ਦੁਨੀਆਂ ਦੀਆਂ, ਜਿਨ੍ਹਾਂ ਦਾ ਕੋਈ ਮਤਲਬ ਨਹੀਂ ਹੈ, ਜਿਨ੍ਹਾਂ ਨਾਲ ਕਿਸੀ ਦਾ ਕੋਈ ਫਾਇਦਾ ਹੋਣਾ ਨਹੀਂ ਹੈ, ਅਪਨਾ ਕੋਈ ਫਾਇਦਾ ਹੋਨਾ ਨਹੀਂ ਹੈ; ਰਾਗ ਦਵੈਸ਼ ਦੇ, ਕਾਮ ਕਰੋਧ ਦੇ ਜਿਹੜੇ-ਜਿਹੜੇ ਵਿਚਾਰ ਉਸ ਵਕਤ ਆ ਰਹੇ ਨੇ, ਓਨ੍ਹਾਂ ਨੂੰ ਛੱਡ ਕੇ, ਨਿਕਾਲ ਕੇ,

ਅਪਨੇ ਅੰਦਰ ਸਿਰਫ ਨਾਮ ਉਜਾਗਰ ਕਰੋ। ਕੰਮ ਕਰਦੇ ਹੋਏ, ਚਲਦੇ ਫਿਰਦੇ ਕਰੋ, ਤਾਂ ਫੇਰ ਤੁਹਾਨੂੰ ਜੋ ਗਤੀ ਮਿਲੇਗੀ, ਬਹੁਤ ਜਲਦੀ ਸਰਵਉਚ ਗਤੀ, ਪਰਮ ਗਤੀ ਤੁਹਾਨੂੰ ਪ੍ਰਾਪਤ ਹੋਵੇਗੀ। ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ।

ਮਾਤਾ ਜੀ, ਤੁਹਾਨੂੰ ਮੈਂ ਇਕ ਗੱਲ ਦੱਸਦਾ ਹਾਂ। ਜਿਸ ਵੇਲੇ ਤੁਸਾਂ ਅਪਨੇ ਬੱਚੇ ਨੂੰ ਦੁਧ ਦੀ ਘੁੱਟੀ ਪਿਲਾ ਰਹੀ ਹੋਂ, ਓਸ ਵਕਤ ਜੋ ਤੁਹਾਡੇ ਮਨ ਦੇ ਵਿਚਾਰ ਹੁੰਦੇ ਨੇ, ਓਹ ਓਸ ਬੱਚੇ ਦੇ ਮਨ ਦੇ ਅੰਦਰ ਜਾਂਦੇ ਨੇ। ਤੇ ਜੇ ਇਸ ਦੁਨੀਆਂ ਵਿਚ ਅਸੀਂ ਉਹ ਅੱਛੇ ਨਾਗਰਿਕ ਬਣਾਣੇ ਨੇ ਤਾਂ ਓਹ ਬਣਦੇ ਨੇ ਮਾਂ ਦੀ ਘੁੱਟੀ ਦੇ ਨਾਲ; ਪਿਛੇ ਜਾ ਕੇ ਕੁਛ ਨਹੀਂ ਹੁੰਦਾ। ਪਰ ਜਿਸ ਵਕਤ ਤੁਸੀਂ ਓਸ ਬੱਚੇ ਨੂੰ ਦੁੱਧ ਦੀ ਘੁੱਟੀ ਪਿਲਾ ਰਹੇ ਹੋਂ, ਓਸ ਵਕਤ ਅਪਨੇ ਮਨ ਦੇ ਅੰਦਰ 'ਨਾਮ', ਜਿਹੜਾ ਕਿ ਗੁਰੂ ਨੇ ਦਿਤਾ ਹੈ, ਓਹਨੂੰ ਵਸਾ ਕੇ ਰੱਖੋ, ਉਹਨੂੰ ਰਚਾ ਦਿਓ ਅਪਨੇ ਦੁੱਧ ਵਿਚ, ਤੇ ਉਹ ਜਿਹੜਾ ਬੱਚਾ ਨਾਗਰਿਕ ਬਣੇਗਾ; ਓਸ ਦੁਨੀਆਂ ਦਾ ਨੇਤਾ ਬਣੇਗਾ, ਦੁਨੀਆਂ ਨੂੰ ਚੰਗੇ ਰਸਤੇ ਤੇ ਲਿਜਾਏਗਾ ਔਰ ਬਿਨਾਂ ਸੁਆਰਥ ਕੇ ਦੁਨੀਆਂ ਦੀ ਸੇਵਾ ਕਰੇਗਾ।

ਮੈਂ ਤੁਹਾਨੂੰ ਛੋਟੀਆਂ-ਛੋਟੀਆਂ ਗੱਲਾਂ ਦੱਸ ਰਿਹਾ ਹਾਂ। ਮਾਂ ਕਹਿੰਦੀ ਐ, ਮੈਂ ਰੋਟੀ ਬਣਾ ਰਹੀਂ ਆਂ, ਆਲੂ ਕੱਟ ਰਹੀਂ ਆਂ, ਗਾਜਰ ਛਿਲ ਰਹੀ ਆਂ; ਬੱਚਾ ਪਾਲਨੇ 'ਚ ਪਿਆ ਐ - ਏਕ ਦੂਜੇ ਕਮਰੇ ਵਿਚ। ਓਹ ਸਾਰੇ ਦੇ ਸਾਰੇ ਕੰਮ ਕਰਦੀ ਹੋਈ ਵੀ ਓਹਦਾ ਇਕ ਮਨ ਦਾ ਜਿਹੜਾ ਸੂਤਰ ਹੈ, ਧਾਗਾ ਹੈ, ਓਹ ਓਸ ਪਾਲਨੇ ਦੇ ਨਾਲ ਬੰਧਾ ਰਹਿੰਦਾ ਹੈ। ਇਸੇ ਤਰ੍ਹਾਂ ਭਗਵਾਨ ਨੂੰ, ਈਸ਼ਵਰ ਨੂੰ, ਅਕਾਲ ਪੁਰਖੁ ਨੂੰ ਦਿਲ ਦੀ ਇਕ-ਇਕ ਧੜਕਨ ਦੇ ਨਾਲ, ਅਪਨੇ ਅੰਦਰ ਨਾ.... ਮ, ਨਾ.... ਮ, ਨਾ.... ਮ, ਨਾ.... ਮ ਤੁਹਾਡਾ ਚਲਦਾ ਰਹੇ। ਦੁਨੀਆਂ ਦੇ ਜਿਤਨੇ ਕਰਮ ਹੈਂ, ਦੁਨੀਆਂ ਦੀ ਜਿਤਨੀ ਇਛਾਏਂ ਹੈਂ, ਦੁਨੀਆਂ ਵਾਲੀ ਜਿਤਨੀ ਵੱਖਰੀ-ਵੱਖਰੀ ਕਾਮਨਾਏਂ ਹੈਗੀ; ਓਹ ਲਿਪਟ ਜਾਂਦੀਆਂ ਨੇ, ਸਾਡੇ ਮਨ ਤੇ ਸਾਡੇ ਪ੍ਰਾਣ ਨੂੰ ਰੋਕ ਦੇਂਦੀਆਂ ਨੇ। ਪਰ ਜਿਹੜੇ ਮਨ ਦੇ ਅੰਦਰ ਨਾਮ ਵਸ ਗਿਆ ਹੈ, ਨਾਮ ਰਚ ਗਿਆ ਹੈ, ਜੋ ਨਾਮ ਨੂੰ ਫੜ ਕੇ ਪਿਆਰ ਨਾਲ, ਉਹਦੇ ਨਾਲ ਲਿਪਟ ਗਿਆ ਐ ਜਿਹਦਾ ਮਨ, ਓਹਦੇ ਮਨ, ਪ੍ਰਾਣ, ਆਤਮਾ ਨੂੰ ਕਦੀ ਦੁਨੀਆਂ ਦੇ ਕੰਮਾਂ ਦੇ ਜਿਹੜੇ ਪਾਪ ਹੈਗੇ ਨੇ, ਰਾਗ ਦਵੈਸ਼ ਹੈਗੇ ਨੇ; ਕਦੇ ਨਹੀਂ ਲਿਪਟਦੇ। ਏਸ ਤਰ੍ਹਾਂ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਦੇ ਅੰਦਰ ਚਲਦੇ ਹੋਏ, ਤੁਸੀਂ ਨਾਮ ਦੁਆਰਾ ਆਪਣੇ ਆਪ ਨੂੰ ਪਵਿੱਤਰ ਕਰ ਸਕਦੇ ਹੋਂ। ਜਦੋਂ ਤੁਸੀਂ ਆਪਣੇ ਆਪ ਨੂੰ ਪਵਿੱਤਰ ਕਰਦੇ ਹੋਂ; ਜਿਤਨਾ ਪਵਿੱਤਰ ਕਰਦੇ ਹੋਂ, ਓਨਾਂ ਓਨਾਂ ਏਹ ਜੋ ਤੁਹਾਡੇ ਮਨ ਦਾ ਕਲਸਾ ਹੈ, ਵਧਦਾ ਜਾਂਦਾ ਹੈ, ਵੱਡਾ ਹੁੰਦਾ ਜਾਂਦਾ ਹੈ, ਸਾਗਰ ਵਾਂਗਰ ਹੋ ਜਾਂਦਾ ਹੈ, ਓਹਦੇ ਅੰਦਰ ਗੁਰੂ ਦੀ ਕਿਰਪਾ ਦਾ ਰਸ ਉਛਾਲਾ ਮਾਰਨ ਲਗਦਾ ਹੈ। ਇਸ ਤਰ੍ਹਾਂ ਦਾ ਆਨੰਦ ਆਉਂਦਾ ਹੈ ਓਹਦੇ ਅੰਦਰ, ਐਸੀ ਤਰੰਗ ਆਉਂਦੀ ਏ ਕਿ ਉਹ ਤਰੰਗ ਓਹਦੇ ਅੰਦਰ ਜਿਹੜੀ ਉਠਦੀ ਏ, ਓਹਦੇ ਨਾਲ ਸਾਰੀ ਦੁਨੀਆਂ ਪਵਿੱਤਰ ਹੋ ਜਾਂਦੀ ਏ, ਸਾਰੀ ਦੁਨੀਆਂ ਜਾ ਕਰਕੇ ਓਸਨੂੰ ਤੀਰਥ ਮੰਨਦੀ ਏ, ਜਿਸ ਤਰ੍ਹਾਂ ਐਥੇ ਤੁਸੀਂ ਆਪਣੇ ਸੰਤ ਸ਼੍ਰੋਮਣੀ ਜੀ (ਸੰਤ ਬਾਬਾ ਵਰਿਆਮ ਸਿੰਘ ਜੀ) ਨੂੰ ਤੀਰਥ ਮਾਨ ਕੇ ਆਏ ਓਂ, ਏਸ ਤਰ੍ਹਾਂ ਓਹ ਸਾਰੀ ਦੁਨੀਆਂ ਤੁਹਾਨੂੰ ਵੀ ਤੀਰਥ ਮੰਨ ਸਕਦੀ ਏ, ਤੁਸਾਂ ਵੀ ਵੈਸੇ ਹੀ ਬਨ ਸਕਦੇ ਹੋਂ।

ਸਚ ਇਹ ਹੈ - ਦੁਨੀਆਂ ਦਾ ਹਰੇਕ ਆਦਮੀ ਸੰਤ ਬਨਣ ਲਾਇਕ ਹੈ। ਦੁਨੀਆਂ ਦਾ ਹਰੇਕ ਬੰਦਾ, ਦੁਨੀਆਂ ਦੇ ਅੰਦਰ ਜਿੰਨੀ ਮਾਂਵਾਂ ਹੈਗੀਆਂ ਨੇ, ਸਾਰੀਆਂ ਦੀ ਸਾਰੀਆਂ ਸੰਤ ਹੋ ਸਕਦੀ ਐਂ, ਤੀਰਥ ਹੋ ਸਕਦੀ ਐਂ। ਗੰਗਾ ਜਮਨਾ ਦੇ ਘਾਟ ਜਾ ਕਰ ਕੇ ਕੁਲ ਦੁਨੀਆਂ ਨੂੰ ਨਹਾਣ ਦੀ, ਮਜਨ ਦੀ ਕੋਈ ਜ਼ਰੂਰਤ ਨਹੀਂ ਪਏਗੀ। ਤੁਹਾਡੇ ਪਾਸ ਆ ਕਰਕੇ ਤੁਹਾਡੀ ਉਪਸਥਿਤੀ ਵਿਚ ਓਨ੍ਹਾਂ ਨੂੰ ਸਾਰੀ ਪਵਿੱਤਰਤਾ ਮਿਲ ਜਾਏਗੀ। ਨਾਮ-ਨਾਮ-ਨਾਮ ਜਪੋ ਤੇ ਨਾਮ ਜਿਹੜਾ ਜਪਦਾ ਹੈ, ਓਹਦੇ ਮਨ ਦੇ ਅੰਦਰ ਇਕ

ਤਰ੍ਹਾਂ ਦਾ ਮੌਨ ਆ ਜਾਂਦਾ ਹੈ; ਓਹਦੇ ਕੁਛ ਲਕਸ਼ਣ ਹੈਗੇ ਨੇ।

ਜਿਹੜਾ ਨਾਮ ਜਪਦਾ ਹੈ, ਓਹਦੇ ਮਨ ਦੇ ਅੰਦਰ ਇਤਨੀ ਸ਼ਾਂਤੀ ਆ ਜਾਂਦੀ ਐ ਕਿ ਓਹਨੂੰ ਫੇਰ ਦੁਨੀਆਂ ਦੀਆਂ ਗੱਲਾਂ ਕਰਨ ਦਾ ਜੀਅ ਨਹੀਂ ਕਰਦਾ। ਤਾਂ ਤੁਸੀਂ ਕਹਿੰਦੇ ਓਂ ਕਿ ਦੁਨੀਆਂ ਤਾਂ ਸਾਡੇ ਨਾਲ ਗੱਲਾਂ ਕਰਨਾ ਚਾਹੁੰਦੀ ਐ; ਕੋਈ ਸਾਡਾ relative ਹੈ, ਕੋਈ ਸੰਬੰਧੀ ਹੈ, ਕੋਈ ਬੇਟਾ ਹੈ, ਕੋਈ ਮਾਂ ਹੈ; ਤਾਂ ਓਹਨਾਂ ਦੇ ਨਾਲ ਗੱਲ ਕਰਦੇ ਹੋਏ ਵੀ ਮਨ ਦਾ ਇਕ ਹਿੱਸਾ ਐਸਾ ਹੈਗਾ ਐ ਜੀ, ਜੋ ਛਿਪਾ ਹੋਆ ਹੈ; ਓਹ ਜਿਹੜਾ ਮਨ ਦਾ ਹਿੱਸਾ ਹੈਗਾ, ਓਹਦੇ ਅੰਦਰ ਨਾਮ ਚਲਦਾ ਰਹਨਾ ਚਾਹੀਦੈ। ਇਹ ਤਰੀਕਾ, ਰਹੱਸ ਦਾ ਤਰੀਕਾ; ਗੁਫਾ ਦੇ ਅੰਦਰ - ਏਹ ਜਿਹੜੀ ਤੁਹਾਡੀ ਸਰੀਰ ਰੂਪੀ ਗੁਫਾ ਹੈ, ਏਹਦੇ ਅੰਦਰ ਬਹੁਤ ਗਹਿਰਾ ਜਾ ਕੇ ਓਹ ਥਾਂ ਹੈਗਾ, ਜਿਥੇ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਨਾਲ ਗੱਲਾਂ ਕਰਦੇ ਹੋਏ, ਤੁਸੀਂ ਨਾਮ ਜਾਪ ਕਰ ਸਕਦੇ ਹੋਂ। ਏਹ ਬਹੁਤ ਪਿਆਰਾ ਤਰੀਕਾ ਹੈ; ਜਿੰਨਾਂ-ਜਿੰਨਾਂ ਕਰੋਂਗੇ, ਓਨਾਂ-ਓਨਾਂ ਤੁਸੀਂ ਗਹਿਰਾ ਜਾਂਦੇ ਜਾਓਂਗੇ ਤੇ ਜਿਸ ਤਰ੍ਹਾਂ ਪਹਿਲੇ ਅਭੀ ਸੰਤ ਜੀ (ਸੰਤ ਬਾਬਾ ਵਰਿਆਮ ਸਿੰਘ ਜੀ) ਨੇ ਕਿਹਾ ਹੈ, ਓਸ ਤਰ੍ਹਾਂ ਓਹ ਜਿਹੜਾ ਗੁਪਤ ਥਾਉਂ ਹੈ, ਓਥੇ ਤੁਸੀਂ ਪਹੁੰਚ ਜਾਓਂਗੇ। ਤਾਂ ਇਹ ਕਿਸ ਤਰ੍ਹਾਂ ਕਰੀਦਾ ਹੁੰਦਾ ਏ? ਤੁਸਾਂ ਬੈਠੇ ਹੋਏ ਪਰਿਵਾਰ ਨਾਲ ਟੀ. ਵੀ. ਦੇਖ ਰਹੇ ਹੋਂ, ਐਸ ਤਰ੍ਹਾਂ-ਐਸ ਤਰ੍ਹਾਂ ਦੀਆਂ ਗੱਲਾਂ ਦਿਖਦੀਐਂ ਓਥੇ, ਏਸ ਤਰ੍ਹਾਂ ਦੀਆਂ ਗੱਲਾਂ ਕਿ ਆਦਮੀ ਅੱਖਾਂ ਬੰਦ ਕਰ ਲਏ। ਪਰ ਅੱਖ ਬੰਦ ਕਰਨ ਦੀ ਵੀ ਲੋੜ ਨਹੀਂ ਏ, ਮਨ ਨੂੰ ਬੰਦ ਕਰ ਲਓ, ਦੁਨੀਆਂ ਦੇਖਦੀ ਰਹੇ; ਤੁਸਾਂ ਏਸ ਤਰ੍ਹਾਂ ਕਰੋ - ਦੁਨੀਆਂ ਸਮਝੇ ਤੁਸੀਂ ਦੇਖ ਰਹੇਂ ਹੋਂ। ਮਨ ਦੇ ਅੰਦਰ ਨਾਮ ਦੀ ਮਾਲਾ ਚਲਦੀ ਰਹੇ। ਪਰ ਜਿਹੜਾ ਕੁਝ ਆਏਗਾ, ਓਹ ਤੁਹਾਡੀ ਅੱਖਾਂ ਤੱਕ ਆ ਕਰਕੇ ਮਨ ਤੋਂ ਇਸ ਤਰ੍ਹਾਂ ਉਤਰ ਜਾਏਗਾ ਜਿਸ ਤਰ੍ਹਾਂ ਹੰਸ ਦੇ ਪੰਖ ਦੇ ਉਤੇ ਪਾਣੀ ਨਹੀਂ ਠਹਿਰਦਾ।

ਏਸ ਤਰਾਂ ਦੁਨੀਆਂ ਦਾ ਕੋਈ ਪ੍ਰਭਾਵ ਤੁਹਾਡੇ ਉਤੇ ਨਹੀਂ ਰਹੇਗਾ। ਜੇ ਦੁਨੀਆਂ ਦੇ ਕੰਮ ਕਰਦੇ ਹੋਏ, ਦੁਨੀਆਂ ਦੀਆਂ ਚੀਜ਼ਾਂ ਦਾ ਅਨੁਭਵ ਕਰਦੇ ਹੋਏ, ਓਹਦੇ ਨਾਲ-ਨਾਲ ਤੁਹਾਡੇ ਮਨ ਦੇ ਅੰਦਰ ਨਾਮ ਚਲਦਾ ਰਹੇ, ਨਾਮ ਚਲਦਾ ਰਹੇ; ਓਹਨੂੰ ਹਰ ਵੇਲੇ ਸੁਣਦੇ ਰਹੋਂ, ਹਰ ਵੇਲੇ ਓਸਨੂੰ ਸੁਣਦੇ ਰਹੋਂ, ਹਰ ਵੇਲੇ ਓਸਦੀ ਜੋਤ ਤੁਹਾਡੇ ਅੰਦਰ ਜਲਦੀ ਰਹੇ; ਇਹ ਜਿਹੜੀ ਚੀਜ਼ ਹੈ, ਇਹਨੂੰ ਸਾਧਨਾ ਕਹਿੰਦੇ ਨੇ। ਏਸੇ ਤਰ੍ਹਾਂ ਦੀ ਸਾਧਨਾ ਕਰਕੇ, ਸ਼ਾਸਤਰਾਂ ਵੇਦਾਂ ਨੂੰ ਪੜ੍ਹਨ ਦਾ, ਗ੍ਰੰਥਾਂ ਨੂੰ ਸੁਨਣ ਦਾ ਇਕੋ ਹੀ ਰਸਤਾ ਐ, ਇਕੋ ਈ ਫਾਇਦਾ ਐ ਕਿ ਅਖੀਰ 'ਚ ਜਾ ਕੇ ਸਿਰਫ ਇਕ ਲਫ਼ਜ਼ ਰਹਿ ਜਾਏ; ਏਹ ਜਿਹੜਾ ਲਫਜ਼ ਗੁਰੂ ਨੇ ਤੁਹਾਡੇ ਮਨ ਵਿਚ ਪਾਇਆ ਏ, ਬਸ ਓਹੀ ਰਹਿ ਜਾਏ; ਔਰ ਕਿਸੀ ਚੀਜ਼ ਦੀ ਯਾਦ ਈ ਨਾ ਆਏ, ਔਰ ਕਿਸੀ ਦੇ ਪਿਆਰ ਜੋ ਹੈਂ, ਦੁਨੀਆਂ ਦੇ ਜਿਹੜੇ ਪਿਆਰ ਹੈਗੇ ਨੇ, ਓਹ ਸਾਰੇ ਦੇ ਸਾਰੇ ਪਿਆਰ ਓਹਦੇ ਅੰਦਰ ਸਮਾਅ ਜਾਣ ਅਤੇ ਜਿਥੇ ਤੁਸੀ ਖਲੋਤੇ ਹੋ ਜਾਓ; ਓਥੇ ਦੁਨੀਆਂ ਦੇ ਲੱਖਾਂ-ਲੱਖਾਂ ਆਦਮੀ ਏਹ ਅਨੁਭਵ ਕਰਨ ਕਿ ਭਾਵੇਂ ਕੁਛ ਹੋ ਜਾਏ, ਪਰ ਏਥੇ ਅਸੀਂ ਆਏ ਹੈਗੇ ਐਂ, ਐਥੇ ਤਾਂ ਸਿਰਫ ਭਗਵਾਨ ਦਾ ਹੀ ਏਨਾ ਪਿਆਰ ਦੁਨੀਆਂ ਦੇ ਪ੍ਰਤੀ ਹੈ; ਓਨਾਂ ਪਿਆਰ ਅਸਾਂ ਨੂੰ ਮਿਲ ਰਿਹਾ ਹੈ। ਜਦੋਂ ਮਿਲਣ ਲੱਗੇਗਾ ਤੁਹਾਡੇ ਕੋਲੋਂ ਦੁਨੀਆਂ ਨੂੰ ਪਿਆਰ, ਤਾਂ ਤੁਹਾਨੂੰ ਪਤਾ ਲਗੇਗਾ ਕਿ ਓਸ ਨਾਮ ਨੇ ਤੁਹਾਡੇ ਅੰਦਰ ਕਿੰਨਾਂ ਪਰਿਵਰਤਨ ਕੀਤਾ ਹੈ; ਤੁਸੀਂ ਕਿਥੇਂ ਤੇ ਕਿਥੇਂ ਪਹੁੰਚ ਗਏ ਹੋਂ, ਕੀ ਹੋ ਗਏ ਹੋਂ।

ਇਹ ਜਿਹੜਾ ਨਾਮ ਸਿਮਰਨ ਹੈ, ਏਹਦੇ ਕਈ step ਹੈਂ, ਕਈ ਏਹਦੀਆਂ ਮੰਜ਼ਿਲਾਂ ਹੈਗੀਆਂ ਨੇ। ਪਹਿਲਾਂ ਤੁਸੀਂ ਨਾਮ ਦਾ ਕੀਰਤਨ ਕਰਦੇ ਹੋਂ। ਜਦ ਨਾਮ ਦਾ ਕੀਰਤਨ ਕਰਦੇ ਹੋਂ - ਸਾਰੇ ਰਲ ਮਿਲ ਕਰ ਕੇ, ਇਕ ਸਮਾਂ ਆ ਜਾਂਦਾ ਐ, ਦੁਨੀਆਂ ਦੀਆਂ ਬਾਹਰੀ ਅਵਾਜ਼ਾਂ ਸਾਰੀਆਂ ਬੰਦ ਹੋ ਜਾਂਦੀਆ ਨੇ। ਓਸ ਵੇਲੇ ਤੁਹਾਡੀ ਜੀਭ ਦੇ ਅੰਦਰ ਜਿਹੜਾ ਪਿਆਰ ਤੁਸੀਂ

ਲੁਕਾ ਕੇ ਰੱਖਿਆ ਹੋਇਆ ਸੀ, ਈਸ਼ਵਰ ਦਾ ਜਿਹੜਾ ਪਿਆਰ ਲੁਕਾ ਛਿਪਾ ਕੇ ਰੱਖਿਆ ਹੋਇਆ ਸੀ, ਓਹ ਸਾਹਮਣੇ ਆ ਕੇ ਪ੍ਰਗਟ ਹੋ ਜਾਂਦਾ ਏ। ਏਸ ਤਰ੍ਹਾਂ ਦਾ ਸਮਾਂ ਬਣ ਜਾਂਦਾ ਐ ਕਿ ਸਾਰੇ ਦੇ ਸਾਰੇ ਲੋਕੀ ਓਸ ਵੇਲੇ ਕੀਰਤਨ ਦੇ ਵਕਤ ਸਿਰਫ ਏਕ ਹੀ ਚੀਜ਼ ਨੂੰ ਪਿਆਰ ਕਰਦੇ ਐਂ। ਓਹ ਕੌਨ ਸੀ ਚੀਜ਼ ਐ, ਓਹ ਕਿਹੜੀ ਚੀਜ਼ ਏ ਜਿਹਨੂੰ ਪਿਆਰ ਕਰਦੇ ਨੇ - ਓਸ ਵੇਲੇ। ਓਸ ਵੇਲੇ ਜਿਸ ਨਾਮ ਨੂੰ ਸਿਮਰਨ ਕਰ ਰਹੇ ਨੇ, ਜਿਸ ਨਾਮ ਦਾ ਕੀਰਤਨ ਕਰ ਰਹੇ ਨੇ; ਸਾਰੀ ਦੁਨੀਆਂ ਦੇ ਪਿਆਰ ਭੁੱਲ ਕੇ ਓਹ ਇਕ ਨਾਮ, ਉਹ ਸਿਰਫ ਇਕ ਪਿਆਰ ਰਹਿ ਜਾਂਦਾ ਹੈ। ਜਦ ਓਹ ਪਿਆਰ ਇੰਨਾਂ ਵਧ ਜਾਂਦਾ ਹੈ ਕਿ ਬਾਣੀ ਨਾ ਨਿਕਲੇ, ਗਲਾ ਰੁੰਧ ਜਾਏ; ਐਸੇ ਵੇਲੇ ਮੂੰਹ ਬੰਦ ਕਰ ਲਿਓ, ਫਿਰ ਕੀਰਤਨ ਮਨ ਦੇ ਅੰਦਰ ਚਲੇਗਾ; ਚਲਦੇ ਫਿਰਦੇ ਕੀਰਤਨ ਮਨ ਦੇ ਅੰਦਰ ਚਲੇਗਾ, ਤਾਂ ਫਿਰ ਜਾਪ ਸ਼ੁਰੂ ਹੋਣਾ ਹੈ। ਜਬ ਜਾਪ ਸ਼ੁਰੂ ਹੋਣਾ ਹੈ ਤਾਂ ਪਹਿਲਾਂ ਲੋਕੀ ਮੂੰਹ ਨਾਲ ਬੜ-ਬੜਾ ਕੇ ਜਾਪ ਕਰਦੇ ਨੇ। ਓਹਦੇ ਬਾਦ ਹੋਂਠ ਬੰਦ ਕਰਕੇ ਜੀਭ ਦੇ ਨਾਲ ਜਾਪ ਕਰੀਦਾ ਹੁੰਦਾ ਏ। ਜਦੋਂ ਜੀਭ ਜਾਪ ਕਰਦੀ-ਕਰਦੀ ਪਿਆਰ ਦੇ ਵਿੱਚ ਡੁੱਬ ਜਾਂਦੀ ਏ, ਤਾਂ ਫੇਰ ਜੀਭ ਵੀ ਨਹੀਂ ਚਲਦੀ। ਓਹ ਜਿਹੜਾ ਨਾਮ ਹੈਗਾ ਏ, ਓਹ ਗਲੇ ਚੋਂ ਵੀ ਨਹੀਂ ਆਂਦਾ। ਓਹ ਸਿਰਫ ਮਨ ਦੇ ਅੰਦਰ ਆ ਜਾਂਦਾ ਐ, ਸਿਰਫ ਮਨ ਦੇ ਅੰਦਰ ਰਹਿੰਦਾ ਏ। ਓਹ ਮਨ ਦੇ ਵਿਚ ਇਕ ਤਰੰਗ ਵਾਂਗਰ, ਜਿਸ ਤਰ੍ਹਾਂ ਬਿਜਲੀ ਦੀ ਤਰੰਗ ਉਠਦੀ ਹੁੰਦੀ ਏ ਪਰ ਦਿਖਾਈ ਨਹੀਂ ਪੜਦੀ; ਜੇ ਤੁਸੀਂ ਓਥੇ ਹਥ ਲਗਾਇਆ ਏ ਤੇ ਤੁਹਾਨੂੰ ਉਹ ਤਰੰਗ ਪਤਾ ਲਗ ਜਾਂਦੀ ਏ, ਝਟਕਾ ਦਿੰਦੀ ਏ; ਏਸ ਤਰਾਂ ਮਨ ਦੇ ਅੰਦਰ ਓਸ ਨਾਮ ਦੀ ਤਰੰਗ ਉਠਣ ਲਗਦੀ ਏ। ਓਹ ਜਿਹੜਾ ਜਾਪ ਹੈਗਾ ਏ ਜਾਂ ਆਪੇ ਆਪ ਈ ਓਹ ਤਰੰਗ ਉਠਦੀ ਏ; ਜਿਸ ਤਰ੍ਹਾਂ ਬਿਜਲੀ ਦੀ ਤਰੰਗ ਆਪੇ ਹੀ ਆਪ ਉਠਦੀ ਏ। ਉਹਦੀ ਜਿਹੜੀ ਤਾਰ ਏ, ਓਹਨੂੰ ਫੜ ਕੇ ਕੋਈ ਚਲਾਂਦਾ ਨਹੀਂ ਏ - ਆਪੇ ਆਪ ਈ ਉਠਦੀ ਏ। ਇਸ ਤਰ੍ਹਾਂ ਜਿਸ ਵਕਤ ਤੁਹਾਡੇ ਮਨ ਦੇ ਅੰਦਰ ਨਾਮ ਦੀ ਤਰੰਗ ਆਪੇ ਈ ਆਪ ਉਠਣ ਲੱਗੇ, ਓਹਨੂੰ ਕਹਿੰਦੇ ਨੇ - ਅਜਪਾ ਜਾਪ। ਓਹ ਜਿਹੜਾ ਅਜਪਾ ਜਾਪ ਐ, ਓਹ ਸਵੇਰੇ ਉਠਦੇ ਹੀ ਤੁਸੀ ਦੇਖੋਂਗੇ - ਚਲ ਰਿਹਾ ਸੀ, ਜਦ ਸੋਏ ਹੋਏ ਸੀ। ਰਾਤ ਨੂੰ ਜਿਸ ਵੇਲੇ ਤੁਸੀਂ ਲੇਟ ਜਾਓਂਗੇ - ਚਲ ਰਿਹਾ ਏ। ਜਾਪ ਦੇ ਅੰਦਰ-ਏ-ਅੰਦਰ ਤੁਸੀਂ ਥੋੜਾ ਜਿਹਾ ਸੌਂ ਜਾਵੋਂਗੇ ਔਰ ਨੀਂਦ ਦੀ ਗਹਿਰਾਈ ਵਿਚ ਜਿਹੜਾ ਮਨ ਸਪਨੇ ਲੈਂਦਾ ਰਹਿੰਦਾ ਹੈ, ਓਸ ਮਨ ਦੇ ਅੰਦਰ ਤੁਹਾਡਾ ਜਾਪ ਚਲਦਾ ਰਹੇਗਾ। ਅਤੇ ਜਿਹੜੇ ਲੋਕੀ ਤੁਹਾਡੇ ਕੋਲ ਆਉਣਗੇ, ਜਦ ਤੁਸੀਂ ਸੌਂ ਰਹੇ ਹੋਂ, ਤੁਹਾਡੇ ਮੂੰਹ ਵਿਚੋਂ ਓਹ ਨਾਮ ਸੁਣਨਗੇ। ਤਾਂ ਕਬੀਰ ਸਾਹਿਬ ਨੇ ਕਿਹਾ ਹੈ -

***ਕਬੀਰ ਸੁਪਨੈ ਹੂ ਬਰੜਾਇ ਕੈ***
***ਜਿਹ ਮੁਖਿ ਨਿਕਸੈ ਰਾਮੁ॥***
***ਤਾ ਕੇ ਪਗ ਕੀ ਪਾਨਹੀ***
***ਮੇਰੇ ਤਨ ਕੋ ਚਾਮੁ॥ ਅੰਗ - ੧੩੬੭***

ਜੋ ਬੰਦਾ, ਜੋ ਮਾਂ ਏਸ ਸਥਿਤੀ ਤੇ ਪਹੁੰਚ ਗਿਆ ਏ, ਏਥੋਂ ਤੀਕਰ ਪਹੁੰਚ ਗਿਆ ਏ ਕਿ ਰਾਤ ਨੂੰ ਸੌਂਦੇ-ਸੌਂਦੇ ਓਹਦੇ ਮੂੰਹ ਤੋਂ ਰਾਮ ਦਾ ਨਾਮ ਸੁਣਦਾ ਹੈ, ਦੂਸਰੇ ਬੰਦੇ ਉਹਦੇ ਮੂੰਹ ਤੋਂ ਨਿਕਲਦਾ ਹੋਇਆ ਰਾਮ ਦਾ ਨਾਮ ਸੁਣਦੇ ਨੇ; ਮੈਂ ਆਪਣੇ ਤਨ ਦੀ, ਆਪਣੇ ਸਰੀਰ ਦੀ ਚਾਮ, ਅਪਨੇ ਸਰੀਰ ਦਾ ਚਮੜਾ ਦਿੰਦਾ ਹਾਂ - ਓਹਦੇ ਪੈਰ ਦੀ ਜੁੱਤੀ ਬਣਾਨ ਵਾਸਤੇ; ਏਹ ਕਬੀਰ ਸਾਹਿਬ ਕਹਿ ਗਏ ਨੇ। ਕੀ ਗੱਲ ਕਹੀ ਏ! ਕਿਉਂਕਿ ਓਹਦੇ ਬਾਦ ਫੇਰ ਸਰੀਰ ਨਾਲ ਕੋਈ ਮੋਹ ਨਹੀਂ ਰਹਿੰਦਾ। ਫੇਰ ਤੁਹਾਨੂੰ ਪਤਾ ਲਗਦਾ ਏ ਕਿ ਦੁਨੀਆਂ ਦੇ ਅੰਦਰ ਪੈਦਾਇਸ਼ ਅਤੇ ਮੌਤ ਨਾਮ ਦੀਆਂ ਚੀਜ਼ਾਂ ਹੈ ਈ ਨਹੀਂ। ਹਾਲੇ ਤੁਸਾਂ ਸਮਝਦੇ ਓਂ ਕਿ ਅਕਾਲ ਪੁਰਖ ਕਿਤੇ ਦੂਰ ਹੈਗਾ ਐ, ਕਿਤੇ ਵਸਦਾ ਹੈ। ਕਿਥੇ ਵਸਦਾ ਹੈ! ਸੋ ਪਤਾ ਨਹੀਂ ਹੈ। ਅਸਾਂ ਉਚਾ-ਉਚਾ ਬੋਲ ਕੇ ਸੋਚਦੇ ਹਾਂ, ਸਾਡੀ ਅਵਾਜ਼ ਉਥੇ ਤੱਕ ਪਹੁੰਚ ਜਾਏਗੀ। ਮੈਂ ਤੁਹਾਨੂੰ ਦੱਸਦਾ ਏਂ, ਉਹ ਅਕਾਲ ਪੁਰਖ ਤੁਹਾਡੇ ਅੰਦਰ ਈ ਏ; ਹੋਰ ਕਿਤੇ ਅਕਾਲ ਪੁਰਖ ਤੁਹਾਨੂੰ

ਮਿਲਨਾ ਨਈਂ ਏ - ਅੰਦਰ ਈ ਮਿਲਨਾ ਏ। ਮੈਂ ਤੁਹਾਨੂੰ ਇਕ ਗੱਲ ਦੱਸਦਾ ਐਂ, ਜਦੋਂ ਅਜਪਾ ਜਾਪ ਚਲਣ ਲਗਦਾ ਐ, ਓਹਦੇ ਅਗੇ ਇਕ ਹੋਰ ਸਟੇਜ ਹੈਗੀ ਏ -

***ਸਰਗੁਨ ਨਿਰਗੁਨ ਨਿਰੰਕਾਰ***
***ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ***
***ਆਪੇ ਹੀ ਫਿਰਿ ਜਾਪਿ॥ ਅੰਗ -੨੯੦***

ਫਿਰ ਓਹਦੇ ਬਾਦ ਅਕਾਲ ਪੁਰਖ ਹੀ ਥੁਹਾਡੇ ਅੰਦਰ ਬੈਠਾ ਹੋਇਆ ਅਪਨਾ ਨਾਮ ਜਪਦਾ ਐ; ਕਿਉਂ? ਕਿਉਂਕਿ ਤੁਸਾਂ ਤਾਂ ਰਹੇ ਹੀ ਨਹੀਂ, ਮੈਂ ਤਾਂ ਰਿਹਾ ਹੀ ਨਹੀਂ; ਤੇ ਮੈਂ ਕੀਹਦਾ ਨਾਮ ਜਪਾਂਗਾ? ਜਦ ਮੈਂ ਈ ਚਲੀ ਗਈ, ਤਾਂ ਇਹ ਕਹਿਣਾ ਕਿ ਮੈਂ ਨਾਮ ਜਪਦਾ ਏਂ, ਤੇ ਮੈਂ ਨਾਮ ਸੁਣਦਾ ਏਂ, ਮੈਨੂੰ ਨਾਮ ਯਾਦ ਆਂਦਾ ਏ, ਮੈਨੂੰ ਨਾਮ ਦੇ ਨਾਲ ਪਿਆਰ ਏ; ਏਹ ਜਿਹੜੀ ਮੈਂ ਏ, ਓਹ ਮੈਂ ਵੀ ਚਲੀ ਜਾਂਦੀ ਏ, ਨਾਮ ਈ ਨਾਮ ਰਹਿ ਜਾਂਦਾ ਏ; ਓਹ ਨਾਮ ਈ ਭਗਵਾਨ ਦਾ ਰੂਪ ਏ, ਓਹ ਭਗਵਾਨ ਆਪਨੇ ਰੂਪ ਨੂੰ ਅਪਨੇ ਆਪ ਹੀ ਨਿਖਾਰ-ਨਿਖਾਰ ਕੇ ਦੇਖਦਾ ਏ - ਤੁਹਾਡੇ ਅੰਦਰ ਬੈਠਾ ਹੋਇਆ; ਕਹਿੰਦਾ ਏ, ਪਹਿਲਾਂ ਮੂਰਖ ਸੀ, ਸਮਝਦਾ ਸੀ ਇਹ ਕਰਦਾ ਏ; ਕਰਦਾ ਤਾਂ ਮੈਂ ਹਾਂ- ਏਹਦੇ ਅੰਦਰ ਬੈਠਾ ਹੋਇਆ।

ਇਹ stage (ਅਵਸਥਾ) ਜਿਸ ਵਕਤ ਆ ਜਾਂਦੀ ਏ, ਮੈਂ ਤੁਹਾਨੂੰ ਦਸਦਾਂ ਕਿ ਤੁਹਾਨੂੰ ਪਤਾ ਲਗੇਗਾ ਓਸ ਵਕਤ ਕਿ ਦੁਨੀਆਂ ਦੇ ਅੰਦਰ, ਪੈਦਾਇਸ਼ ਨਾਮ ਦੀ, ਕੋਈ ਚੀਜ਼ ਨਹੀਂ ਐ। ਦੁਨੀਆਂ ਦੇ ਅੰਦਰ ਬਚਪਨ, ਜੁਆਨੀ, ਬੁਢਾਪਾ; ਏਹ ਚੀਜ਼ਾਂ ਝੂਠੀਆਂ ਨੇ, ਹੈ ਈ ਨਹੀਂ। ਇਹ ਪੁਤਲਾ ਬਣਾਇਆ ਹੋਇਆ ਏ, ਓਹਦਾ ਬਚਪਨ ਹੁੰਦਾ ਏ; ਮਨ ਕਹਿੰਦਾ, ਮੇਰਾ ਬਚਪਨ ਏ। ਪਰ ਜੀਵ ਦਾ ਬਚਪਨ ਨਹੀਂ ਹੁੰਦਾ, ਅਕਾਲ ਪੁਰਖ ਦਾ ਬਚਪਨ ਨਹੀਂ ਹੁੰਦਾ, ਬੁਢਾਪਾ ਨਹੀਂ ਹੁੰਦਾ, ਬਿਮਾਰੀ ਨਾਮ ਦੀ ਚੀਜ਼ ਹੋਂਦੀ ਨਹੀਂ। ਜਦ ਪੈਦਾਇਸ਼ ਹੀ ਨਹੀਂ ਹੈ ਓਸਦੀ, ਅਜਨਮਾ ਹੈ ਤਾਂ ਫੇਰ ਮੌਤ ਕੀਹਦੀ ਹੋਨੀ ਏ। ਐਵੇਂ ਅਸਾਂ ਮੌਤ ਤੋਂ ਡਰਦੇ-ਡਰਦੇ ਦੁਨੀਆਂ ਦੇ ਅੰਦਰ, ਕੰਬਦੇ-ਕੰਬਦੇ ਚਲਦੇ ਫਿਰਦੇ ਐਂ। ਦੁਨੀਆਂ ਦੇ ਅੰਦਰ ਮੌਤ ਨਾਮ ਦੀ ਕੋਈ ਚੀਜ਼ ਨਹੀਂ ਐ। ਪੁਤਲਾ ਬਨਿਆ ਸੀ; ਪੁਤਲਾ ਗਿਆ, ਪੁਤਲਾ ਬਲ ਗਿਆ। ਮੈਂ ਜਿਹੜਾ ਅਕਾਲ ਹੈਗਾ ਏਂ, ਇਹ ਨਾ ਕਦੀ ਪੈਦਾ ਹੋਇਆ ਸੀ, ਨਾ ਓਹਦੇ ਤੇ ਕਦੀ ਕਾਲਖ ਲਗੀ ਸੀ, ਨਾ ਓਹਦੇ ਤੇ ਕਦੀ ਪਾਪ ਲਿਪਟਿਆ ਸੀ, ਨਾ ਓਹਦੇ ਅੰਦਰ ਕਦੀ ਕੋਈ ਵੀ ਅਸ਼ੁਧੀ ਆਈ ਸੀ। ਏਹ ਜਿਹੜਾ ਪਰਮ ਆਤਮਾ ਹੈ, ਏਹਦੀ ਮੌਤ ਕਦੀ ਨਹੀਂ ਹੁੰਦੀ। ਅਪਨੇ ਆਪ ਨੂੰ, ਓਸ ਭਰਮ ਬੰਬ ਦੀ ਏਹ ਜਿਹੜੀ ਅੰਗਿਆਰੀ ਹੈਗੀ ਏ, ਅਗਨੀ ਏ; ਓਹਦੀ ਚਿੰਗਾਰੀ ਜਾਨੋ। ਜਿਸ ਵਕਤ ਚਿੰਗਾਰੀ ਅਪਨੇ ਆਪ ਨੂੰ ਕਹਿੰਦੀ ਏ ਕਿ ਮੈਂ ਚਿੰਗਾਰੀ ਹਾਂ, ਮੈਂ ਅੱਗ ਨਹੀਂ ਹਾਂ, ਤਾਂ ਓਹਦੀ ਅੱਗ ਬਣਾਣ ਦੀ ਤਾਕਤ ਖਤਮ ਹੋ ਜਾਂਦੀ ਐ। ਜਿਸ ਵੇਲੇ ਓਹ ਚਿੰਗਾਰੀ ਅਪਨਾ ਸੱਚਾ ਨਾਮ ਜਾਣ ਲੈਂਦੀ ਐ ਕਿ ਮੇਰਾ ਨਾਮ ਚਿੰਗਾਰੀ ਨਹੀਂ ਐ, ਮੇਰਾ ਨਾਮ ਤਾਂ ਅਗਨੀ ਐ; ਓਸ ਵੇਲੇ ਓਸ ਅਗਨੀ ਨਾਲ ਤੁਸੀਂ ਦੁਨੀਆਂ ਦੇ ਪਾਪਾਂ ਦਾ ਸਾਰਾ ਜੰਗਲ ਭਸਮ ਕਰ ਸਕਦੇ ਹੋਂ, ਏਕ ਛਿਨ ਦੇ ਵਿਚ ਓਹ ਸਾਰਾ ਭਸਮ ਹੋ ਸਕਦਾ ਏ। ਔਰ ਤੁਹਾਡੇ ਅੰਦਰ ਜਿਤਨੇ ਰਾਗ, ਦਵੈਸ਼ ਹੈਂ, ਪਸ਼ੇਮਾਨੀਆਂ ਹੈਗੀਆਂ ਨੇ, ਪਰੇਸ਼ਾਨੀਆਂ ਹੈਗੀਆਂ ਨੇ; ਸਾਰੀ ਦੀ ਸਾਰੀ ਭਸਮ ਹੋ ਜਾਣੀ ਐਂ - ਏਹਦੇ ’ਚ ਕੋਈ ਟਾਈਮ ਨਹੀਂ ਲਗਨਾ, ਸਮਾਂ ਨਹੀਂ ਲਗਣਾ। ਏਹ ਜਿਹੜਾ ਅਕਾਲ ਏ, ਅਕਾਲ ਪੁਰਖ ਏ; ਏਹਦੇ ਅੰਦਰ ਕਾਲ ਤਾਂ ਹੁੰਦਾ ਈ ਨਹੀਂ-

***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
***ਅੰਗ - ੧***

ਇਹ ਨਹੀਂ ਹੈ ਕਿ ਓਹਦੇ ਅੰਦਰ ਕਿਸੇ ਵੀ ਵਕਤ ਕੋਈ ਸਚ ਨਹੀਂ ਸੀਗਾ ਤਾਂ ਪਿਛੇ ਸਚ ਆ ਗਿਆ। ਐਸ ਵੇਲੇ ਵੀ ਸਾਡੇ ਅੰਦਰ ਓਨਾਂ ਹੀ ਸਚ ਐ, ਜਿੰਨਾਂ ਪਹਿਲੇ ਸੀ। ਓਹ ਸਾਰੇ ਦਾ ਸਾਰਾ

ਸੱਚ ਜਿਹੜਾ ਹੈਗਾ ਏ, ਤੁਹਾਡੇ ਮਨ ਦੇ ਕਲਸੇ ਦੇ ਅੰਦਰ ਜਿਹੜਾ ਅਕਾਲ ਪੁਰਖ ਦਾ ਸਮੁੰਦਰ ਏ, ਲਹਿਰਾਂ ਮਾਰਦਾ ਏ, ਓਹਦੀ ਲਹਿਰ ਦੇ ਅੰਦਰ ਤੁਸੀਂ ਚਲੇ ਜਾਓਂਗੇ। ਇਕ ਇਕ ਲਹਿਰ ਓਹਦੀ ਨਾਮ-ਨਾਮ-ਨਾਮ ਦੀ ਲਹਿਰ ਐ। ਓਹਦੇ ਅੰਦਰ ਗੋਤਾ ਲਗਾਣਾ ਜਿਸ ਵਕਤ ਤੁਸੀਂ ਸਿਖੋਂਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਹ ਗਤੀ ਪਾਣ ਵਾਸਤੇ ਕੋਈ ਟਾਈਮ ਲਗਾਣ ਦੀ ਹੋਰ ਲੋੜ ਹੈ ਈ ਨਹੀਂ - ਏਹਦੇ 'ਚ ਟਾਈਮ ਨਹੀਂ ਲਗਦਾ। ਅਕਾਲ ਨੂੰ ਪਾਣ ਵਾਸਤੇ ਕਾਲ ਦੀ ਲੋੜ ਨਹੀਂ ਹੈ; ਕਾਲ ਨੂੰ ਪਿਛੇ ਛਡਣਾ ਪੈਂਦਾ ਏ। ਐਸੇ ਵਾਸਤੇ ਜਿਹੜੇ ਸਮਾਧੀ ਲਗਾ ਕੇ ਬੈਠਦੇ ਨੇ, ਓਹਨਾਂ ਨੂੰ ਟਾਈਮ ਦਾ ਪਤਾ ਨਹੀਂ ਲਗਦਾ, ਕਾਲ ਦਾ ਪਤਾ ਨਹੀਂ ਲਗਦਾ; ਓਹਨਾਂ ਨੂੰ ਏਹ ਖਿਆਲ ਵੀ ਨਹੀਂ ਆਉਂਦਾ ਕਿ ਕਦੀ ਮੈਂ ਦੁਖੀ ਸੀ, ਹੁਣ ਮੈਂ ਸੁਖੀ ਹੋ ਗਿਆ। ਓਹਨਾਂ ਨੂੰ ਏਹ ਖਿਆਲ ਨਹੀਂ ਆਉਂਦਾ ਕਿ ਕਦੀ ਮੈਂ ਮੌਤ ਤੋਂ ਡਰਦਾ ਸੀ; ਹੁਣ ਮੈਂ ਮੌਤ ਤੋਂ ਨਹੀਂ ਡਰਦਾ। ਓਹ ਯਾਦ ਓਹਦੇ ਅੰਦਰ ਨਹੀਂ ਰਹਿੰਦੀ ਕਿਉਂਕਿ ਯਾਦਾਂ ਜਿਸ ਮਨ ਦੀ ਸਤਹਿ ਤੇ ਰਹਿੰਦੀਆਂ ਨੇ, ਓਹ ਮਨ ਦੀ ਸਤਹਿ ਤਾਂ ਪਿਛੇ ਛੁੱਟ ਜਾਂਦੀ ਏ। ਮਨ ਦੀ ਜਿਹੜੀ ਸਤਹਿ ਸਪਨੇ ਲੈਂਦੀ ਏ, ਓਹ ਮਨ ਦੀ ਸਤਹਿ ਵੀ ਪਿਛੇ ਛੁਟ ਜਾਂਦੀ ਏ; ਓਹ ਜਿਹੜਾ ਮਨ ਸੌਂਦਾ ਏ, ਮਨ ਦੀ ਜਿਹੜੀ ਸਤਹਿ ਰਾਤ ਨੂੰ ਨੀਂਦਰਾ ਲੈਂਦੀ ਏ, ਓਹ ਮਨ ਦੀ ਸਤਹਿ ਵੀ ਪਿਛੇ ਛੁਟ ਜਾਂਦੀ ਏ।

ਐਸ ਵਾਸਤੇ ਜਿਹੜਾ ਮਹਾਨ ਪੁਰਸ਼ ਹੈ, ਸੰਤ ਸ਼੍ਰੋਮਣੀ ਹੈ, ਓਹਨੂੰ ਨਾ ਜਾਗ ਆਉਂਦੀ ਏ, ਨਾ ਕਦੀ ਸਪਨਾ ਆਉਂਦੈ, ਨਾ ਕਦੀ ਓਹਨੂੰ ਨੀਂਦਰਾ ਆਂਦੀ ਐ; ਓਹ ਹਮੇਸ਼ਾ ਉਜਾਗਰ ਏ, ਹਰ ਵੇਲੇ ਉਜਾਗਰ ਏ। ਇਹ ਪੁਤਲੇ ਨੂੰ ਆਰਾਮ ਦੇਣ ਵਾਸਤੇ ਓਹ ਏਸ ਤਰ੍ਹਾਂ ਕਰਦਾ ਐ ਕਿ ਜਾਨੋ ਲਗਦਾ ਐ ਕਿ ਸੌਂ ਗਿਆ, ਪਰ ਸੌਂਦਾ ਨਹੀਂ ਐਂ। ਓਹ ਜਿਥੇ ਮਨ ਸੌਂਦਾ ਐ, ਓਸ ਤੋਂ ਗਹਿਰੀ ਇਕ ਹੋਰ ਥਾਂ ਹੈਗੀ ਏ, ਲੰਬੀ ਥਾਂ ਐ, ਗਹਿਰਾ ਥਾਂ ਹੈ। ਜਿਸ ਤਰ੍ਹਾਂ ਤੁਸਾਂ ਸਮੁੰਦਰ ਦੇ ਕਿਨਾਰੇ ਖਲੋਤੇ ਹੋ ਜਾਓ ਤਾਂ ਸਮੁੰਦਰ ਦੀ ਸਤਹਿ ਤੇ ਤੁਹਾਨੂੰ ਤਰ੍ਹਾਂ-ਤਰ੍ਹਾਂ ਦੀਆਂ ਜਿਹੜੀਆਂ ਤਰੰਗਾਂ ਹੈਗੀਆਂ ਨੇ, ਜਵਾਰਭਾਟੇ ਦਿਖਾਈ ਪੜਦੇ ਨੇ। ਕਦੇ ਤੁਸੀਂ ਗੋਤਾ ਲਗਾਓ, ਗਹਿਰਾਈ ਦੇ ਵਿਚ ਜਾਂਦੇ ਜਾਓ, ਜਾਂਦੇ ਜਾਓ; ਤੁਹਾਨੂੰ ਪਤਾ ਲਗੇਗਾ ਕਿ ਇਹ ਜਵਾਰਭਾਟੇ ਸਿਰਫ ਸਤਹਿ ਤੇ ਹੁੰਦੇ ਸੀ, ਹੁਣ ਅਸੀਂ ਗਹਿਰਾਈ 'ਚ ਆ ਗਏ ਹਾਂ, ਐਥੇ ਕੋਈ ਜਵਾਰਭਾਟਾ ਹੈਗਾ ਈ ਨਹੀਂ, ਐਥੇ ਕਿਸੀ ਤਰ੍ਹਾਂ ਦੀ ਕੋਈ ਤਰੰਗ ਉਠਦੀ ਨਹੀਂ; ਇਕ ਦਮ ਸ਼ਾਂਤੀ ਏ, ਇਕ ਦਮ ਮੋਨ ਦਾ ਸਾਗਰ ਓਥੇ ਹੋ ਜਾਂਦਾ ਐ। ਓਸ ਮੋਨ ਦੇ ਸਾਗਰ ਦੀ ਗਹਿਰਾਈ ਬਹੁਤ ਜ਼ਿਆਦਾ ਹੈ, ਓਸ ਸਤਿਹ ਤੋਂ ਬਹੁਤ ਜ਼ਿਆਦਾ ਹੈ, ਜਿਸ ਸਤਹਿ ਵਿਚ ਮਨ ਨੂੰ ਜਾਗ ਆਉਂਦੀ ਏ, ਸਪਨੇ ਆਉਂਦੇ ਨੇ, ਜਿਹਨੂੰ ਨੀਂਦਰਾ ਆਂਦੀ ਏ, ਜਿਹਨੂੰ ਮੌਤ ਦਾ ਖੌਫ ਸਤਾਂਦਾ ਰਹਿੰਦਾ ਏ, ਜਿਹਨੂੰ ਦੁਨੀਆਂ ਦੇ ਰਾਗ ਦਵੈਸ਼ ਤੰਗ ਕਰਦੇ ਨੇ; ਉਹ ਸਾਰੀ ਚੀਜ਼ ਪਿਛੇ ਛੁਟ ਜਾਂਦੀ ਏ, ਫੇਰ ਓਹਦਾ ਓਹਦੇ ਨਾਲ ਕੋਈ ਤਾਲੁਕ ਰਹਿੰਦਾ ਨਹੀਂ। ਮੈਂ ਤੁਹਾਨੂੰ ਇਕੋ ਈ ਅਰਜ਼ ਕਰਦਾਂ ਕਿ ਤੁਸੀਂ ਇਹ ਨਾਮ ਨੂੰ ਗਹਿਰਾ ਲਿਜਾਣ ਦੀ ਜਿਹੜੀ ਕ੍ਰਿਆ ਹੈ, ਉਹ ਸਿੱਖੋ।

ਮੈਨੂੰ ਪੰਜਾਬੀ ਨਹੀਂ ਆਂਦੀ, ਮੁਆਫ ਕਰਨਾਂ; ਜਿਹੜੀ ਗਲਤੀ ਐ, ਭੁਲ ਚੁਕ ਐ, ਓਹਦੀ ਮਾਫੀ ਮੰਗਦਾ ਹਾਂ; ਮੈਂ ਪੰਜਾਬ 'ਚ ਪੈਦਾ ਨਹੀਂ ਹੋਇਆ, ਐਂਵੇ ਈ ਸੁਨ-ਸੁਨ ਕੇ ਭਾਸ਼ਾ ਸਿਖ ਲਈ ਜਾਂਦੀ ਏ। ਇਕ ਤਰੀਕਾ ਹੈਗਾ ਐ, 'ਯੋਗ ਮੁਦਰਾ' ਕਹਿੰਦੇ ਨੇ ਓਹਨੂੰ। ਓਸ ਯੋਗ ਮੁਦਰਾ ਦੇ ਵਿਚ ਜਾ ਕੇ ਆਦਮੀ ਜਿਹੜੀ ਭਾਸ਼ਾ ਚਾਹੇ, ਸਿਖ ਸਕਦਾ ਹੈ। ਅਸਾਂ ਓਸ ਤਰੀਕੇ ਨਾਲ ਸਿਖਦੇ ਹਾਂ। ਜਿਸ ਵੇਲੇ ਮੈਂ ਹਾਲੈਂਡ ਦੇਸ਼ 'ਚ ਡੀ. ਲਿੱਟ. ਕਰ ਰਿਹਾ ਸੀ ਤਾਂ ਲੋਕਾਂ ਨੇ ਕਿਹਾ, ਕਿਸ ਤਰ੍ਹਾਂ ਕਰੋਂਗੇ। ਤੁਹਾਨੂੰ ਡੱਚ ਭਾਸ਼ਾ ਨਹੀਂ ਆਂਦੀ। ਤਾਂ ਮੈਂ ਸਾਤ ਦਿਨ ਬਾਦ ਡੱਚ ਭਾਸ਼ਾ ਬੋਲਣ ਲਗ ਗਿਆ, ਲਿਖਣ ਲਗ ਗਿਆ। ਏਹ ਸਾਡਾ ਯੋਗੀਆਂ ਦਾ secret ਹੈ। ਤਾਂ ਓਹਦੇ 'ਚ ਜਿਹੜੀ ਗਲਤੀਆਂ ਐਂ, ਓਹਦੇ ਵਾਸਤੇ ਮੈਂ

ਤੁਹਾਡੇ ਸਾਮਨੇ ਹੱਥ ਜੋੜ ਕੇ ਮਾਫੀ ਮੰਗਦਾ ਹਾਂ। ਪਰ ਇਕ ਚੀਜ਼ ਹੈ ਜੋ ਭਾਸ਼ਾ ਤੋਂ ਉਚੀ ਹੈ - ਉਤੇ ਹੈ, ਭਾਸ਼ਾ ਪਿਛੇ ਰਹਿ ਜਾਂਦੀ ਏ; ਓਥੇ ਕੋਈ ਭਾਸ਼ਾ ਜਾਂਦੀ ਨਹੀਂ, ਓਥੇ ਕੋਈ ਲਫਜ਼ ਜਾਂਦਾ ਨਹੀਂ। ਓਹ ਜਿਹੜੀ ਮਨ ਦੀ ਗਹਿਰਾਈ ਹੈਗੀ ਏ, ਓਹ ਮਨ ਦੀ ਗਹਿਰਾਈ ਜਿਸ ਤਰ੍ਹਾਂ, ਜਿਸ ਸਤਹਿ ਤੇ ਏਹ ਸਾਰੀਆਂ ਦੀ ਸਾਰੀਆਂ ਤਰੰਗਾਂ ਉਠ ਰਹੀਆਂ ਨੇ, ਓਸ ਤੋਂ ਬਹੁਤ ਲੰਬੀ ਏ; ਓਹਦੇ 'ਚ ਜਾਨਾ ਸਿਖੋ। ਓਹਦੇ 'ਚ ਜਾਣ ਵਾਸਤੇ ਮੈਂ ਤੁਹਾਨੂੰ ਇਕ ਤਰੀਕਾ ਦੱਸਦਾ ਹਾਂ, ਸਿਰਫ ਇਕ ਤਰੀਕਾ। ਜਿਸ ਤਰ੍ਹਾਂ ਤੁਸਾਂ ਬੈਠੇ ਓਂ, ਤਾਂ ਇਹ ਜਿਹੜਾ ਤੁਹਾਡਾ ਮੈਰੂਦੰਡ ਹੈਗਾ ਨਾ (ਰੀੜ ਦੀ ਹੱਡੀ), ਇਹਨੂੰ ਸਿੱਧਾ ਕਰਕੇ ਬੈਠੋ, ਇਕ ਦਮ ਸਿਧਾ ਕਰਕੇ ਬੈਠੋ। ਐਸ ਤਰ੍ਹਾਂ ਨਹੀਂ, ਐਸ ਤਰ੍ਹਾਂ ਕਮਾਨ ਬਣ ਕੇ ਵੀ ਨਹੀਂ। ਇਹਨੂੰ ਮੈਰੂਦੰਡ ਕਹਿੰਦੇ ਨੇ। ਐ ਡੰਡਾ ਹੈਗਾ ਨਾ ਹੱਥ 'ਚ, ਏਸ ਤਰ੍ਹਾਂ ਸਿੱਧਾ ਕਰਕੇ ਬੈਠੋ ਹੁਣੇ ਈ - ਮੇਰੇ ਨਾਲ। ਘਰ ਜਾ ਕੇ ਤੁਸੀਂ ਇਕ ਗੱਦੀ ਲੈ ਲੈਣਾ। ਗੱਦੀ ਲੈ ਕੇ ਨੀਚੇ ਰੱਖ ਲੈਣਾ, ਆਪਣੇ ਹੇਠਾਂ ਰੱਖ ਲੈਣਾ। ਗੱਦੀ ਤੇ ਬੈਠਣਾਂ ਨਹੀਂ। ਸਿਰਫ ਇਹ ਜਿਹੜਾ ਹਿੱਸਾ ਐ - ਪਿਛਲਾ ਹਿੱਸਾ, ਉਹ ਉਠ ਜਾਵੇ। ਤਾਂ ਇਹ ਪਿਛਲਾ ਹਿੱਸਾ ਜਿਹੜਾ ਉਠ ਜਾਵੇਗਾ ਤਾਂ ਤੁਹਾਡੀ ਜਿਹੜੀ spine (ਰੀੜ ਦੀ ਹੱਡੀ) ਹੈਗੀ ਐ, ਮੈਰੂਦੰਡ ਹੈਗੀ ਐ, ਇਹ ਸਿੱਧੀ ਰਹੇਗੀ। ਫੇਰ ਹੱਥਾਂ ਨੂੰ ਐਸ ਤਰ੍ਹਾਂ ਕਰ ਦਉ, (ਗੋਡਿਆਂ ਦੀ ਮਾਰੀ ਹੋਈ ਚੌਂਕੜੀ ਉਪਰ ਅੰਗੂਠਾ ਚੀਚੀ ਦੀ ਜੜ ਨਾਲ ਛੋਂਹਦਾ ਰਹੇ) ਜਿਸ ਤਰ੍ਹਾਂ ਤੁਹਾਨੂੰ ਸੌਖਾ ਲੱਗੇ, ਉਸ ਤਰ੍ਹਾਂ ਕਰ ਦਿਓ। ਤੁਹਾਡੀ ਗਰਦਨ, ਪੀਠ ਜਿਹੜੀ ਐ, ਸਿੱਧੀ ਹੋਣੀ ਚਾਹੀਦੀ ਐ। ਇਕ ਦਮ ਸਿੱਧੀ ਹੋ ਗਈ ਤਾਂ ਉਹਤੇ ਬਾਦ ਅੰਗ-ਅੰਗ ਨੂੰ ਢਿੱਲਾ ਛੱਡ ਦਿਓ। ਮੈਰੂਦੰਡ ਨੂੰ ਢਿੱਲਾ ਨਹੀਂ ਕਰਨਾ, ਮੈਰੂਦੰਡ ਤਾਂ ਸਿੱਧਾ ਰਹਿਣੈ। ਮੈਂ ਦੇਖਿਐ, ਲੋਕੀਂ ਅਰਦਾਸ ਵਾਸਤੇ ਬੈਠਦੇ ਨੇ; ਹਿੰਦੂ ਵੀ ਐਂ, ਸਿਖ ਵੀ ਐਂ; ਜਿਹੜੇ ਵੀ ਐਂ, ਪਿੱਠ ਨੂੰ ਕਮਾਨ ਬਣਾ ਕੇ ਬੈਠਦੇ ਨੇ। ਉਹ ਬੈਠਣ ਦਾ, ਅਰਦਾਸ ਵਿਚ ਬੈਠਣ ਦਾ ਤਰੀਕਾ ਨਹੀਂ ਐ। ਅਰਦਾਸ ਵਿਚ ਬੈਠਣ ਦਾ ਤਰੀਕਾ ਇਹ ਹੈਗਾ ਏ, (ਸਿਧਾ ਮੈਰੂਦੰਡ ਰਖਕੇ ਬੈਠਣਾ) ਤਾਂ ਕਿ ਸ਼ਕਤੀ ਜਿਹੜੀ ਹੈਗੀ ਐ, ਜਿਹਦਾ ਵਰਣਨ ਹੁਣੇ ਤੁਸੀਂ ਸੁਣਿਐ, ਉਹ ਸ਼ਕਤੀ ਉੱਠ ਜਾਵੇ, ਉਹ ਉਤੇ ਨੂੰ ਆਏ। ਨੀਚੇ ਜਾ ਕੇ ਜੇ ਗਿਰ ਜਾਂਦੀ ਐ ਨਾ, ਵਾਰ-ਵਾਰ ਕਾਮ ਵਾਸ਼ਨਾ ਔਰ ਕਈ-ਕਈ ਚੀਜ਼ਾਂ ਪੈਦਾ ਹੁੰਦੀਆਂ ਨੇ। ਜਦੋਂ ਸਿੱਧੇ ਹੋ ਕੇ ਬੈਠਣ ਲੱਗੋਂਗੇ ਤਾਂ ਸ਼ਕਤੀ ਉਤੇ ਚੜ੍ਹੇਗੀ।

***ਪਰਾਣ ਖੀਂਚ ਅਪਾਨ***
***ਪਰਾਣ ਹਰਿ ਲਾਏ***
***ਸੋਈ ਜੁਗਤ ਬਖਾਨੀ ਰੇ ਸਾਧੋ***
***ਜੋਗ ਜੁਗਤ ਹਮ ਬਾਨੀ ਹੈ।***

ਹਾਂ, ਤਾਂ ਇਸ ਤਰ੍ਹਾਂ ਤੁਸੀਂ ਬੈਠੇ ਹੋਂ। ਹੁਣ ਤੁਸੀਂ ਮੱਥਾ ਢਿੱਲਾ ਛੱਡ ਦਿਓ। ਤੁਸੀਂ ਦੇਖੋਗੇ ਕਿ ਦੁਨੀਆਂ ਦੇ ਕੋਈ ਵਿਚਾਰ ਤੁਹਾਡੇ ਦਿਮਾਗ 'ਚ ਫਿਰ ਨਹੀਂ ਆਉਣਗੇ। ਅੱਖਾਂ ਵੀ ਢਿੱਲੀ ਕਰੋ, ਗੱਲ੍ਹਾਂ ਵੀ ਢਿੱਲੀ ਕਰੋ, ਜਵਾੜ੍ਹਾ ਵੀ ਢਿੱਲਾ ਕਰੋ, ਕੰਧੇ ਵੀ ਢਿੱਲੇ ਸੁੱਟ ਕੇ ਹੱਥ ਤੇ ਕੰਨ ਇਕ ਦਮ ਢਿੱਲਾ। ਉਹਦੇ 'ਚ ਕੋਈ ਤਨਾਵ ਨਹੀਂ ਹੋਣਾ ਚਾਹੀਦਾ, ਕੋਈ tension ਨਹੀਂ ਹੋਣੀ ਚਾਹੀਦੀ। ਛਾਤੀ ਵੀ ਢਿੱਲੀ; ਸਿਰਫ ਜਿਹੜਾ ਮੈਰੂਦੰਡ ਹੈਗਾ ਐ, ਉਹ ਸਿੱਧਾ ਰਹਿਣਾ ਚਾਹੀਦਾ ਹੈ। ਪੇਟ ਵੀ ਤੁਸੀਂ ਇਸੇ ਤਰ੍ਹਾਂ ਢਿੱਲਾ ਛੱਡ ਦਿਓ। ਔਰ ਜਿਹੜੀ ਲੱਤਾਂ ਦੀਆਂ, ਪੈਰਾਂ ਦੀਆਂ ਮਾਸਪੇਸ਼ੀਆਂ ਨੇ, ਉਹਨਾਂ ਨੂੰ ਵੀ ਢਿੱਲਾ ਛੱਡ ਦਿਓ। ਤਾਂ ਪੇਟ ਵੀ ਢਿੱਲਾ, ਛਾਤੀ ਵੀ ਢਿੱਲੀ, ਕੰਧੇ ਵੀ ਢਿੱਲੇ। ਕਿਤੇ ਤਨਾਵ ਨਹੀਂ ਹੋਣਾ ਚਾਹੀਦਾ। ਹੱਥਾਂ 'ਚ ਤਨਾਵ ਨਹੀਂ ਹੋਣਾ ਚਾਹੀਦਾ, ਮੂੰਹ 'ਚ, ਜਬਾੜ੍ਹੇ 'ਚ ਤਨਾਵ ਨਹੀਂ ਹੋਣਾ ਚਾਹੀਦਾ, ਮੱਥੇ 'ਚ ਬਿਲਕੁਲ ਤਨਾਵ ਨਹੀਂ ਹੋਣਾ ਚਾਹੀਦਾ, ਅੱਖਾਂ 'ਚ ਤਨਾਵ ਨਹੀਂ ਹੋਣਾ ਚਾਹੀਦਾ। ਏਸ ਤਰ੍ਹਾਂ ਆਪਣੇ ਆਪ ਨੂੰ ਤਨਾਵ ਮੁਕਤ ਕਰਕੇ ਹੁਣ ਤੁਹਾਡੇ ਨੱਕ ਵਿਚ - ਨੱਕ ਦੇ ਜਿਹੜੇ ਦੋ ਰਾਸਤੇ ਹੈਗੇ ਨੇ, ਉਹਨਾਂ ਦੇ ਵਿਚ ਜਿਸ ਤਰ੍ਹਾਂ ਸਾਂਸ ਬਹਿ ਰਹੀ ਐ, ਉਹਦਾ ਅਨੁਭਵ

ਕਰੋ। ਹੋਰ ਕੁੱਛ ਨਹੀਂ ਕਰਨਾ। ਸਿਰਫ ਨੱਕ ਦੇ ਵਿਚ ਬਹਿ ਰਹੀ ਸਾਂਸ ਦਾ ਅਨੁਭਵ ਕਰਨਾ ਹੈ – ਬਾਹਰ ਜਾ ਰਹੀ ਐ......, ਅੰਦਰ ਆ ਰਹੀ ਐ......, ਬਾਹਰ ਜਾ ਰਹੀ ਐ......., ਅੰਦਰ ਆ ਰਹੀ ਐ........। ਕਿਸ ਤਰ੍ਹਾਂ ਉਹ ਨੱਕ ਦੇ ਅੰਦਰ ਛੂੰਹਦੀ ਐ। ਵਹਿ ਰਹੀ ਐ ਜਿਵੇਂ ਝਰਨਾ ਹੋਵੇ, ਇਸ ਤਰ੍ਹਾਂ ਵਹਿੰਦੀ ਐ; ਸ਼ਾਂਤ ਵਹਿੰਦੀ ਐ। ਇਸ ਤਰ੍ਹਾਂ ਉਹਦਾ ਅਨੁਭਵ ਕਰਦੇ ਹੋਏ ਜਿਹੜਾ ਮੰਤਰ, ਜਿਹੜਾ ਨਾਮ ਸਾਨੂੰ ਗੁਰੂ ਨੇ ਦਿਤਾ ਹੈ, ਉਹਨੂੰ ਮਨ ਦੇ ਵਿਚ ਰੱਖੋ। ਬਾਹਰ ਛੱਡਦੇ ਹੋਏ ਸਾਂਸ ਨੂੰ, ਮਨ ਦੇ ਵਿਚ ਉਹੀ ਨਾ....... ਮ। ਸਾਂਸ ਨੂੰ ਅੰਦਰ ਲੈਂਦੇ ਹੋਏ ਵੀ ਮਨ ਦੇ ਵਿਚ ਉਹੀ ਨਾ...... ਮ। ਸਾਂਸ ਬਾਹਰ ਛੱਡਦੇ ਹੋਏ ਇਕੋ ਈ ਨਾ...... ਮ। ਮੂੰਹ 'ਚ ਨਾ ਆਏ, ਸਿਰਫ ਮਨ ਦੇ ਵਿਚ ਰਹੇ। ਨੱਕ ਦੇ ਵਿਚ ਵਹਿੰਦੀ ਹੋਈ ਸਾਂਸ ਦਾ ਅਨੁਭਵ ਕਰੋ; ਸ਼ਾਂਤ ਵਹਿ ਰਹੀ ਐ, ਉਹਦੇ 'ਚ ਕੋਈ ਝਟਕਾ ਨਹੀਂ ਹੋਣਾ ਚਾਹੀਦਾ, ਰੁਕਣੀ ਨਹੀਂ ਚਾਹੀਦੀ। ਏਥੇ ਕਿਸੇ ਵੀ ਰੇਚਕ, ਪੂਰਕ ਦੀ ਲੋੜ ਹੈਗੀ ਨਹੀਂ ਐ। ਵਹਿਣ ਦਿਓ, ਸ਼ਾਂ........ ਤੀ ਨਾਲ ਵਹਿਣ ਦਿਓ। ਸਾਂਸ ਬਾਹਰ ਛੱਡਦੇ ਹੋਏ ਓਹੀ ਨਾ....... ਮ ਮਨ ਦੇ ਵਿਚ ਆਵੇ....... ਤੇ ਅੰਦਰ ਲੈਂਦੇ ਹੋਏ ਓਹੀ ਨਾ...... ਮ ਮਨ ਦੇ ਵਿਚ ਆਵੇ.....ਇਕ ਦਮ ਸ਼ਾਂਤ ਹੋ ਕੇ ਦੇਖੋ, ਹੁਣ ਕਿਸ ਤਰ੍ਹਾਂ ਉਹ ਨਾਮ, ਪ੍ਰਾਣ, ਸਾਂਸ ਇਕ ਹੋ ਕੇ ਇਕ ਝਰਨੇ ਵਾਂਗਰ ਵਹਿ ਰਹੇ ਨੇ.......। ਇਹਦਾ ਅਨੁਭਵ ਕਰੋ........। ਸਾਂਸ ਟੁੱਟੇ ਨਹੀਂ......., ਨਾਮ ਛੁੱਟੇ ਨਹੀਂ........। ਧੀਰੇ ਨਾਲ ਅੱਖਾਂ ਖੋਲ੍ਹ ਸਕਦੇ ਓਂ। ਪਰ ਨਾਮ ਦਾ ਤੇ ਸਾਂਸ ਦਾ ਅਨੁਭਵ ਏਸੇ ਤਰ੍ਹਾਂ ਬਨਾ ਰਹੇ। ਜਿਥੇ ਵੀ ਖਲੋਤੇ ਓਂ, ਜਦ ਵੀ ਕੋਈ ਕੰਮ ਕਰਨ ਦਾ ਨ ਹੋਵੇ; ਫਿਕਰਾਂ ਪੈਦਾ ਹੋਣ, ਗੁਸਾ ਆਵੇ, ਰਾਗ ਦਵੈਸ਼ ਮਨ ਦੇ ਵਿਚ ਆਵੇ, ਕਾਮ ਵਾਸ਼ਨਾ ਉਠੇ, ਪਰੇਸ਼ਾਨੀਆਂ ਪਸ਼ੇਮਾਨੀਆਂ ਹੋਣ; ਜਦ ਵੀ ਹੋਵੇ ਤਾਂ ਏਸ ਤਰ੍ਹਾਂ ਸਾਂਸ ਨੂੰ ਫੜ ਕੇ ਉਹਦੇ ਰਾਸਤੇ ਪਰਾਣ ਤੇ ਮਨ ਦੇ ਅੰਦਰ ਜਾ ਕੇ ਸਾਂਸ ਤੇ ਨਾਮ ਨੂੰ ਇਕ ਕਰ ਦਿਓ। ਇਸ ਤਰ੍ਹਾਂ ਸਾਂਸ-ਸਾਂਸ ਦੇ ਅੰਦਰ ਨਾਮ-ਨਾਮ-ਨਾਮ ਹਮੇਸ਼ਾ ਯਾਦ ਆਇਆ ਕਰੇ। ਕਿਤੇ ਵੀ ਖੜ੍ਹੇ ਖਲੋਤੇ ਹੋਏ, ਕਿਤੇ ਵੀ ਬੈਠੇ ਹੋਏ, ਬੱਸਾਂ ਵਿਚ, ਕਾਰਾਂ ਵਿਚ, ਗੱਡੀਆਂ ਵਿਚ ਵੀ ਤੁਸਾਂ ਇਹ ਨਾਮ ਦਾ ਅਨੁਭਵ ਇਸ ਤਰ੍ਹਾਂ ਸਾਂਸ ਦੇ ਨਾਲ ਕਰ ਸਕਦੇ ਓਂ। ਵਾਰ-ਵਾਰ ਕਰੋਂਗੇ, ਵਾਰ-ਵਾਰ ਕਰੋਂਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਟਾਈਮ ਦਾ ਪਤਾ ਨਹੀਂ ਐ, ਕਾਲ ਕਿਸ ਤਰ੍ਹਾਂ ਚਲਾ ਗਿਆ, ਪਤਾ ਨਹੀਂ ਐ ਤਾਂ ਇਕ ਘੰਟੇ ਦੀ ਜਿਹੜੀ ਯਾਤਰਾ ਹੈਗੀ ਐ, ਲਗੇਗਾ ਕਿ ਪੰਜ ਮਿੰਟ 'ਚ ਪੂਰੀ ਹੋ ਗਈ ਐ। ਮੈਂ ਤੁਹਾਨੂੰ ਸੱਚ ਦਸਦਾ ਐਂ, ਅਨੁਭਵ ਦੀ ਗੱਲ ਦਸਦਾ ਐਂ। ੧੦ ਘੰਟੇ ਦੀ ਯਾਤਰਾ ਜੇ ਤੁਸਾਂ ਗੱਡੀ 'ਚ ਬਹਿਕੇ ਕਰਨੀ ਐਂ, ਇਹਨੂੰ ਕਰਦੇ ਰਹੋ; ਤੁਹਾਨੂੰ ਲਗੇਗਾ ਕਿ ੧੦ ਘੰਟੇ ਜਿਹੜੇ ਹੈਗੇ ਨੇ, ੨ ਘੰਟੇ ਵਿਚ ਪੂਰੇ ਹੋ ਗਏ ਨੇ। ਇਸ ਤਰ੍ਹਾਂ ਕਰਦੇ ਕਰਦੇ ਜਦ ਕਾਲ ਪਿਛੇ ਛੁੱਟ ਜਾਂਦਾ ਐ ਤਾਂ ਅਕਾਲ ਪੁਰਖ ਜੋ ਐ, ਉਹ ਹੀ ਆਪਣਾ ਨਾਓਂ ਆਪੇ ਈ ਜਪਦਾ ਐ, ਜਿਸ ਤਰ੍ਹਾਂ ਉਹ ਹੀ ਅਕਾਲ ਪੁਰਖ ਤੁਹਾਡੇ ਅੰਦਰ ਵਾਰ-ਵਾਰ ਸਾਂਸ ਲੈਂਦਾ ਐ, ਸਾਂਸ ਛੱਡਦਾ ਐ – ਉਹ ਹੀ ਕਰਦਾ ਐ। ਇਹ ਨਾ ਸਮਝਣਾ ਕਿ ਤੁਸਾਂ ਪੂਰੀ ਕਰਦੇ ਓਂ। ਏਸ ਤਰ੍ਹਾਂ ਕਹਿਕੇ ਮੈਂ ਫੇਰ, ਇਹ ਜਿਹੜੀ ਸੰਗਤ ਹੈ, ਔਰ ਜਿਹੜੇ ਸੰਤ ਹੈਂ, ਜਿਨ੍ਹਾਂ ਦੀ ਉਪਸਥਿਤੀ ਕਾਰਨ ਇਹ ਸਾਰਾ ਸਮਾਂ ਬਦਲ ਗਿਆ ਹੈ, ਜਿਨ੍ਹਾਂ ਦੇ ਅੰਦਰ ਸਤਿਯੁਗ ਅੱਜ ਹੀ ਲਾਉਣ ਦੀ ਤਾਕਤ ਐ, ਸ਼ਕਤੀ ਐ; ਉਹਨਾਂ ਸਾਰਿਆਂ ਨੂੰ ਮੈਂ ਫੇਰ ਸਿਰ ਝੁਕਾ ਕੇ ਪ੍ਰਣਾਮ ਕਰਦਾ ਹਾਂ।

# ਬਾਤ ਅਗੰਮ ਕੀ

# ਭਾਗ (3)

# ਦੋ ਸ਼ਬਦ

**ਆਪ ਦੇ ਹੱਥ ਵਿਚ 'ਬਾਤ ਅਗੰਮ ਕੀ' ਦੋ ਭਾਗ ਪ੍ਰਕਾਸ਼ਿਤ ਹੋ ਕੇ ਪੁੱਜ ਚੁੱਕੇ ਹਨ ਅਤੇ ਤੀਸਰਾ ਭਾਗ ਹੁਣ ਆਪ ਜੀ ਲਈ ਛਪ ਚੁਕਿਆ ਹੈ। ਇਸ ਵਿਚ ਪੂਰਨ ਅਨੁਭਵੀ ਮਹਾਂਪੁਰਸ਼ਾਂ ਦੇ ਬਚਨ ਸੰਤ ਰਹਿਤ, ਅਤੇ ਅਭਿਆਸ ਅਤੇ ਸਤਿਸੰਗ ਬਾਰੇ ਬੜੇ ਵਿਸਥਾਰ ਨਾਲ ਵਿਚਾਰ ਕੀਤੀ ਗਈ ਹੈ। ਇਹ ਲੜੀ ਇਕ ਤਰ੍ਹਾਂ ਨਾਲ ਅਮੋਲ ਬਚਨ ਇਕੋ ਥਾਂ ਪ੍ਰਕਾਸ਼ਿਤ ਕਰਕੇ ਉਪਬਲਧ ਕਰਾਏ ਗਏ ਹਨ ਜੋ ਨਾਮ ਅਭਿਆਸੀਆਂ ਤੇ ਸਤਿ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਲਈ ਬਹੁਤ ਅਮੁਲ ਵਸਤੂ ਹੈ। ਹਰ ਸਮੇਂ ਆਪ 'ਆਤਮ ਮਾਰਗ' ਦੇ ਮੈਗਜ਼ੀਨਾਂ ਵਿਚੋਂ ਬਚਨ ਸ਼ੀਘਰ ਨਹੀਂ ਟੋਲ੍ਹ ਸਕਦੇ। ਇਨ੍ਹਾਂ ਪੁਸਤਕਾਂ ਵਿਚ ਨਿਚੋੜ ਕਢ ਕੇ ਛਾਪਿਆ ਜਾ ਰਿਹਾ ਹੈ ਜਿਸਨੂੰ ਪੜ੍ਹ ਕੇ, ਵਿਚਾਰ ਕੇ ਅਨੇਕਾਂ ਜਗਿਆਸੂਆਂ ਦਾ ਜੀਵਨ ਬਦਲੇਗਾ ਅਤੇ ਸਹੀ ਰਾਹ ਪ੍ਰਾਪਤ ਹੋਵੇਗਾ। ਅਸਾਡੀ ਇਕੋ ਇਕ ਆਸ ਹੈ ਕਿ ਮਨਾਂ ਵਿਚ ਪਏ ਹੋਏ ਅਨੇਕ ਕਿਸਮ ਦੇ ਸੰਸਕਾਰ, ਗਲਤ ਗਲਾਂ ਇਨ੍ਹਾਂ ਬਚਨਾਂ ਨੂੰ ਪੜ੍ਹ ਕੇ ਦੂਰ ਹੋ ਜਾਣ ਕਿਉਂਕਿ ਇਹ ਬਚਨ ਅਨੁਭਵੀ ਮਹਾਂਪੁਰਸ਼ਾਂ ਦੇ ਕਮਾਏ ਹੋਏ ਬਚਨ ਹਨ ਜੋ ਉਨ੍ਹਾਂ ਨੇ ਸੰਸਾਰ ਦੇ ਭਲੇ ਨੂੰ ਮੁਖ ਰਖ ਕੇ ਪ੍ਰਗਟ ਕੀਤੇ ਹਨ।**

ਐਸ.ਏ.ਐਸ ਨਗਰ, ਮੁਹਾਲੀ

1 ਅਗਸਤ, 1997

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਬਾਨੀ, ਮੁਖੀ ਤੇ ਚੇਅਰਮੈਨ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸੱਟ

# ਸੰਤ ਬਚਨ
## (ਭਾਗ ਪਹਿਲਾ)

1961 ਵਿਚ ਜਦੋਂ ਚੰਡੀਗੜ੍ਹ ਦੀਵਾਨ ਲਗ ਰਹੇ ਸਨ, ਅੱਜ ਅੰਮ੍ਰਿਤ ਵੇਲੇ ਬਹੁਤ ਸੰਗਤ ਆਈ ਹੋਈ ਸੀ, ਜਿਨ੍ਹਾਂ ਵਿਚ ਨਾਮ ਜਪਣ ਵਾਲੇ ਸਾਰੀਆਂ ਹੀ ਸੰਪਰਦਾਵਾਂ ਦੇ ਹਿੰਦੂ ਵੀਰ ਅਤੇ ਸਿੱਖ ਵੀਰ ਆਏ ਹੋਏ ਸਨ। ਉਸ ਸਮੇਂ ਮਹਾਂਪੁਰਸ਼ਾਂ ਤੇ ਪ੍ਰਸ਼ਨ ਕੀਤਾ ਗਿਆ - ***"ਕਿਤੁ ਬਿਧੀਐ ਕਿਤੁ ਸੰਜਮਿ ਪਾਈਐ।। ਕਹੁ ਸੁਰਜਨ ਕਿਤੁ ਜੁਗਤੀ ਧਿਆਈਐ।।" (ਪੰਨਾ - 822***)। ਆਪ ਜੀ ਨੇ ਉਤਰ ਦਿਤਾ ਕਿ ਇਸ ਮਹਾਂਵਾਕ ਤੋਂ ਪਹਿਲੀਆਂ ਤੁਕਾਂ ਵਿਚ ਜੋ ਫੁਰਮਾਨ ਹੈ ਉਸ ਵਲ ਧਿਆਨ ਕਰਨਾ ਚਾਹੀਦਾ ਹੈ, ਜਿਸ ਵਿਚ ਸੰਕੇਤ ਹੈ -

***ਅਗਮ ਰੂਪ ਅਬਿਨਾਸੀ ਕਰਤਾ***
***ਪਤਿਤ ਪਵਿਤ***
***ਇਕ ਨਿਮਖ ਜਪਾਈਐ।।***
***ਅਚਰਜੁ ਸੁਨਿਓ ਪਰਾਪਤਿ ਭੇਟੁਲੇ***
***ਸੰਤ ਚਰਨ ਚਰਨ ਮਨੁ ਲਾਈਐ।।***

***ਅੰਗ - 822***

ਇਸ ਵਿਚ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੋ ਸੰਤ ਜਨ ਵਾਹਿਗੁਰੂ ਜੀ ਨਾਲ ਮਿਲੇ ਹੋਏ ਹਨ, ਉਨ੍ਹਾਂ ਦੀ ਸੰਗਤ ਕਰਕੇ ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ-

***ਰਸਨਾ ਉਚਰੰਤਿ ਨਾਮੰ***
***ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।।***
***ਨਾਨਕ ਤਿਨ ਸਦ ਬਲਿਹਾਰੰ***
***ਜਿਨਾ ਧਿਆਨੁ ਪਾਰਬ੍ਰਹਮਣਹ।।***

***ਅੰਗ - 709***

ਵਾਹਿਗੁਰੂ ਜੀ ਦਾ ਨਾਮ ਜਪਣ ਨਾਲ, ਸੰਤਾਂ ਦੀ ਸੰਗਤ ਕਰਨ ਨਾਲ, ਭਗਤੀ ਕਰਨ ਨਾਲ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਵਾਹਿਗੁਰੂ ਜੀ ਦਾ ਧਿਆਨ ਹਿਰਦੇ ਵਿਚ ਟਿਕ ਜਾਵੇ ਤਾਂ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਤੱਤ ਗਿਆਨ ਦੀ ਸੂਝ ਹੋ ਜਾਇਆ ਕਰਦੀ ਹੈ। ਨਾਮ ਜਪਣ ਵਿਚ ਉਤਮ, ਮੱਧਮ ਅਤੇ ਕਨਿਸ਼ਟ ਜਗਿਆਸੂਆਂ ਦਾ ਜੋ ਅਧਿਕਾਰ ਹੈ ਉਸ ਦਾ ਗਿਆਨ ਗੁਰਮੁਖ ਪਿਆਰੇ, ਸੰਤਾਂ, ਮਹਾਂਪੁਰਸ਼ਾਂ ਨੂੰ ਸਹਿਜੇ ਹੀ ਹੁੰਦਾ ਹੈ। ਜੈਸਾ-ਜੈਸਾ ਜਗਿਆਸੂ ਹੋਵੇ ਉਸੇ ਤਰ੍ਹਾਂ ਦੇ ਸਾਧਨ ਛੇਤੀਂ ਫਲੀਭੂਤ ਹੋਇਆ ਕਰਦੇ ਹਨ। ਉਤਮ, ਮੱਧਮ, ਕਨਿਸ਼ਟ ਅਧਿਕਾਰੀ ਦੇ ਭੇਦ ਵੀ ਸਤੋ, ਰਜੋ, ਤਮੋ ਤਿੰਨ ਗੁਣਾਂ ਦੇ ਭੇਦ ਨਾਲ ਬਹੁਤ ਪ੍ਰਕਾਰ ਦੇ ਹੋਇਆ ਕਰਦੇ ਹਨ। ਉਤਮ ਜਗਿਆਸੂਆਂ ਵਾਸਤੇ ਨਾਮ ਯਾਨਿ ਨਿਰਗੁਨ ਦਾ ਧਿਆਨ, ਅਭੇਦ ਚਿੰਤਨ ਹੋਇਆ ਕਰਦਾ ਹੈ। ਮੱਧਮ ਜਗਿਆਸੂਆਂ ਵਾਸਤੇ ਤਿੰਨ ਕਿਸਮ ਦਾ ਧਿਆਨ ਹੋਇਆ ਕਰਦਾ ਹੈ। ਪਹਿਲਾ ਧਿਆਨ ਪ੍ਰਤੀਕ, ਦੂਸਰਾ ਸੰਪਤ ਅਤੇ ਤੀਸਰਾ ਅਹੰਗ੍ਰਹਿ ਧਿਆਨ ਹੋਇਆ ਕਰਦਾ ਹੈ। ਇਨ੍ਹਾਂ ਤਿੰਨਾਂ ਧਿਆਨਾਂ ਨੂੰ 'ਧਿਆਨ' ਆਖਿਆ ਜਾਂਦਾ ਹੈ। ਕਨਿਸ਼ਟ (ਤੀਸਰੇ ਦਰਜੇ ਦੇ) ਅਧਿਕਾਰੀਆਂ ਨੂੰ ਸਿਮਰਨ ਯਾਨਿ ਕਿ ਰਸਨਾ ਨਾਲ ਨਾਮ ਜਪਣਾ, ਹਿਰਦੇ ਵਿਚ ਜਪਣਾ ਅਤੇ ਅਜਪਾ ਜਾਪ ਹੋਇਆ ਕਰਦਾ ਹੈ। ਇਨ੍ਹਾਂ ਤਿੰਨਾਂ ਨੂੰ ਜਾਪ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਹੀ ਨੌਧਾ ਭਗਤੀ ਆ ਜਾਇਆ ਕਰਦੀ ਹੈ। ਭਗਤੀ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਭਗਤੀ ਨੂੰ 'ਪਰਾ ਭਗਤੀ' ਕਿਹਾ ਜਾਂਦਾ ਹੈ, ਇਸੇ ਨੂੰ ਅੰਨਨ ਭਗਤੀ ਆਖਿਆ ਜਾਂਦਾ ਹੈ। ਨਿਰੰਤਰ ਇਕ ਰਸ ਭਗਤੀ ਨੂੰ ਪਰਾ ਭਗਤੀ ਕਿਹਾ ਜਾਂਦਾ ਹੈ। ਉਸਦਾ ਅਧਿਕਾਰੀ ਗਿਆਨਵਾਨ ਹੀ ਹੋਇਆ ਕਰਦਾ ਹੈ, ਦੂਸਰਾ ਨਹੀਂ ਹੋਇਆ ਕਰਦਾ। ਦੂਸਰੀ ਭਗਤੀ ਜਿਸਨੂੰ 'ਅਪਰਾ ਭਗਤੀ' ਆਖਿਆ ਜਾਂਦਾ ਹੈ। ਇਹ ਬਿਰਲ (ਦ੍ਵੈਤ) ਭਗਤੀ ਹੋਇਆ ਕਰਦੀ ਹੈ। ਇਸਦਾ ਅਧਿਕਾਰੀ ਜਗਿਆਸੂ, ਅਰਥਾਰਥੀ, ਆਤਰ, ਆਰਤ, ਗਿਆਨੀ ਸਾਰੇ ਹੀ ਹੋਇਆ ਕਰਦੇ ਹਨ। ਕਈ ਮਹਾਂਪੁਰਸ਼ਾਂ ਨੇ ਚਾਰ ਪ੍ਰਕਾਰ ਦੇ ਭਜਨੀਕ ਲਿਖੇ ਹਨ ਜਿਵੇਂ ਕਿ -

**1. ਕਨਿਸ਼ਟ ਭਜਨੀਕ** - ਜਿਨ੍ਹਾਂ ਦਾ ਭਜਨ ਪਾਠ ਵੇਲੇ ਮਨ ਟਿਕਦਾ ਨਹੀਂ ਪਰ ਉਹ ਬਿਨਾਂ ਮਨ ਨੂੰ ਟਿਕਾਏ ਹੀ ਬਾਣੀਆਂ ਦਾ ਪਾਠ ਕਰਦੇ ਹਨ। ਥੋੜ੍ਹਾ ਬਹੁਤਾ ਸਿਮਰਨ ਵੀ ਕਰਦੇ ਹਨ ਪਰ ਉਹ ਇਹ ਧਿਆਨ ਨਹੀਂ ਦਿੰਦੇ ਕਿ ਉਨ੍ਹਾਂ ਦਾ ਮਨ ਪਾਠ ਕਰਨ ਸਮੇਂ ਟਿਕਿਆ ਹੋਇਆ ਹੈ ਜਾਂ ਉਡਾਰੀਆਂ ਹੀ ਮਾਰ ਰਿਹਾ ਹੈ। ਉਨ੍ਹਾਂ ਦੇ, ਸੰਗਤ ਕਰਨ ਨਾਲ, ਅਜਿਹੇ ਸੰਸਕਾਰ ਬਣ ਜਾਂਦੇ ਹਨ ਕਿ ਭਜਨ ਕਰਨਾ ਚਾਹੀਦਾ ਹੈ, ਨਿਤਨੇਮ ਕਰਨਾ ਚਾਹੀਦਾ ਹੈ, ਬਾਣੀ ਦਾ ਪਾਠ ਕਰਨਾ ਚਾਹੀਦਾ ਹੈ ਪਰ ਇਸ ਗੱਲ ਦਾ ਉੱਕਾ ਹੀ ਗਿਆਨ ਨਹੀਂ ਹੁੰਦਾ ਕਿ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥***

***ਅੰਗ*** *- 295*

ਇਸ ਕਿਸਮ ਦੇ ਭਜਨੀਕ ਪੁਰਸ਼ ਵਿਕਾਰਾਂ ਤੋਂ ਬਚਣ ਦਾ ਜਤਨ ਵੀ ਕਰਦੇ ਹਨ, ਸਤਿਸੰਗ ਵਿਚ ਆ ਕੇ ਮਹਾਂਪੁਰਸ਼ਾਂ ਦੇ ਬਚਨ ਵੀ ਸਰਵਣ ਕਰਦੇ ਹਨ, ਉਪਰੋਂ-ਉਪਰੋਂ ਸੇਵਾ ਵੀ ਕਰਦੇ ਹਨ; ਗਿਆਨ, ਵਿਚਾਰ ਦੀਆਂ ਥੋੜ੍ਹੀਆਂ ਬਹੁਤ ਗੱਲਾਂ ਵੀ ਕਰਦੇ ਹਨ ਪਰ ਮਨ ਨੂੰ ਟਿਕਾਣ ਵਾਸਤੇ ਨਾ ਤਾਂ ਮਹਾਂਪੁਰਸ਼ਾਂ ਤੋਂ ਕੋਈ ਜੁਗਤ ਹੀ ਪੁਛਦੇ ਹਨ ਸਗਮਾਂ ਆਪੇ ਹੀ ਲਗੇ ਰਹਿੰਦੇ ਹਨ। ਇਹ ਕਨਿਸ਼ਟ ਭਜਨੀਕ ਨਾ ਕਰਨ ਵਾਲਿਆਂ ਨਾਲੋਂ ਕੁਝ ਅੱਛੇ ਹੋਇਆ ਕਰਦੇ ਹਨ। ਹੋ ਸਕਦਾ ਹੈ ਕਿ ਇਸ ਤਰ੍ਹਾਂ ਕਰਦਿਆਂ ਦੀ ਆਦਤ ਪੱਕ ਜਾਵੇ ਤੇ ਕਦੇ ਕੋਈ ਤੱਤ ਬੇਤਾ ਮਹਾਂਪੁਰਸ਼ ਮਿਲ ਜਾਵੇ ਅਤੇ ਇਨ੍ਹਾਂ ਦੇ ਭਾਗ ਜਾਗ ਪੈਣ ਅਤੇ ਇਹ ਜੁਗਤ ਪੁਛ ਕੇ ਮਨ ਨੂੰ ਟਿਕਾ ਕੇ ਭਜਨ ਕਰਨ ਲਗ ਜਾਣ। ਐਸਾ ਵੀ ਹੋ ਸਕਦਾ ਹੈ ਕਿ ਮਹਾਂਪੁਰਸ਼ਾਂ ਦੇ ਸਤਿਸੰਗ ਵਿਚ ਬੈਠ ਕੇ ਕੋਈ ਵਿਚਾਰ ਧਾਰਨ ਕਰ ਲੈਣ ਤੇ ਮਨ ਟਿਕਾਉਣ ਦਾ ਜਤਨ ਕਰਨ; ਇਹ ਪਹਿਲੀ ਜਮਾਤ ਦੇ ਭਜਨੀਕ ਹੋਇਆ ਕਰਦੇ ਹਨ ਅਤੇ ਇਨ੍ਹਾਂ ਨੂੰ ਪ੍ਰਾਇਮਰੀ ਦੇ ਭਜਨੀਕ ਕਹਿ ਦਿਤਾ ਜਾਵੇ ਤਾਂ ਕੋਈ ਗਲਤ ਗੱਲ ਨਹੀਂ। ਇਹ ਨਾ ਕਰਨ ਵਾਲਿਆਂ ਨਾਲੋਂ ਬਹੁਤ ਹੀ ਅੱਛੇ ਹਨ।

**2. ਮੱਧਮ ਭਜਨੀਕ** - ਇਹ ਭਜਨੀਕ ਕੁਝ ਜਾਗੀ ਹੋਈ ਸੁਰਤ ਵਾਲੇ ਹੋਇਆ ਕਰਦੇ ਹਨ। ਭਜਨ, ਪਾਠ ਕਰਨ ਵੇਲੇ ਮਨ ਨੂੰ ਰੋਕਣ ਦੇ ਜਤਨ ਕਰਦੇ ਹਨ। ਬਾਣੀ ਪੜ੍ਹਨ ਵੇਲੇ ਅੱਖਰਾਂ ਨੂੰ ਲੱਗੀਆਂ ਲਗਾਂ-ਮਾਤਰਾਂ ਦਾ ਧਿਆਨ ਦੇ-ਦੇ ਕੇ ਮਨ ਨੂੰ ਭੱਜਣ ਤੋਂ ਰੋਕਦੇ ਹਨ। ਕਦੇ ਇਹ ਬਾਣੀ ਦੇ ਭਾਵ-ਅਰਥ ਨੂੰ ਸਮਝ ਕੇ ਥੋੜ੍ਹੀ ਦੇਰ ਵਾਸਤੇ ਮਨ ਦੀ ਉਡਾਰੀ ਨੂੰ ਰੋਕ ਲੈਂਦੇ ਹਨ। ਕਦੇ-ਕਦੇ ਇਹ ਬਾਣੀ ਦੇ ਭਾਵ ਵਿਚ ਥੋੜ੍ਹੀ ਦੇਰ ਵਾਸਤੇ ਲੀਨ ਹੋ ਜਾਇਆ ਕਰਦੇ ਹਨ ਅਤੇ ਬਾਣੀ ਦਾ ਥੋੜ੍ਹਾ-ਥੋੜ੍ਹਾ ਰਸ ਅੰਦਰ ਮਹਿਸੂਸ ਕਰਦੇ ਹਨ। ਗੁਰਮੰਤ੍ਰ ਦੇ ਜਾਪ ਵੇਲੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮੇਰਾ ਮਨ ਉਡਾਰੀਆਂ ਮਾਰ ਰਿਹਾ ਹੈ ਤੇ ਉਸਨੂੰ ਰੋਕਣ ਲਈ ਕਈ ਕਿਸਮ ਦੇ ਉਪਾਅ ਕਰਦੇ ਹਨ। ਕਦੇ-ਕਦੇ ਇਨ੍ਹਾਂ ਦਾ ਮਨ ਟਿਕ ਜਾਂਦਾ ਹੈ ਅਤੇ ਥੋੜ੍ਹੀ ਦੇਰ ਵਾਸਤੇ ਇਕਾਗਰਤਾ ਦੇ ਰਸ ਨੂੰ ਅਨੁਭਵ ਕਰਦੇ ਹਨ ਅਤੇ ਇਰਾਦਾ ਕਰਦੇ ਹਨ ਕਿ ਹੁਣ ਜਦੋਂ ਮੈਂ ਭਜਨ ਕਰਨਾ ਹੈ ਤਾਂ ਮਨ ਨੂੰ ਦੌੜਨ ਨਹੀਂ ਦੇਣਾ। ਪਰ ਮਨ ਪਾਰੇ ਦੀ ਨਿਆਈਂ ਹੋਣ ਕਰਕੇ ਜਿਵੇਂ ਪਾਰਾ ਉਂਗਲੀ ਹੇਠ ਨਹੀਂ ਆਇਆ ਕਰਦਾ, ਮਨ ਵੀ ਨਹੀਂ ਰੁਕਿਆ ਕਰਦਾ। ਪਾਰੇ ਨੂੰ ਕਾਬੂ ਕਰਨ ਵਾਸਤੇ ਜਿਵੇਂ ਔਸ਼ਧੀ ਦੀ ਲੋੜ ਹੋਇਆ ਕਰਦੀ ਹੈ ਇਵੇਂ ਹੀ ਮਨ ਨੂੰ ਰੋਕਣ ਵਾਸਤੇ ਪੂਰਨ ਜੁਗਤ ਦੀ ਲੋੜ ਹੁੰਦੀ ਹੈ। ਅਜਿਹੇ ਜਗਿਆਸੂ ਨੂੰ ਮੱਧਮ ਭਜਨੀਕ ਆਖਿਆ ਜਾਂਦਾ ਹੈ। ਇਹ ਪਹਿਲਿਆਂ ਨਾਲੋਂ ਬਹੁਤ ਚੰਗੇ ਹਨ ਅਤੇ ਇਹ ਜੇ ਮੇਹਨਤ ਕਰਨ ਤਾਂ ਬਹੁਤ ਛੇਤੀਂ ਤਰੱਕੀ ਕਰ ਸਕਦੇ ਹਨ। ਇਹਨਾਂ ਨੂੰ matric ਤਕ ਦੇ ਜਗਿਆਸੂ ਕਿਹਾ ਜਾ ਸਕਦਾ ਹੈ।

**3. ਉਤਮ ਭਜਨੀਕ** - ਇਸ ਕਿਸਮ ਦੇ ਭਜਨ ਕਰਨ ਵਾਲੇ ਪ੍ਰੇਮੀ, ਸਤਿਗੁਰੂਆਂ ਨਾਲ ਅਤੇ ਉਨ੍ਹਾਂ ਦੇ ਪਿਆਰੇ ਮਹਾਂਪੁਰਸ਼ਾਂ ਨਾਲ ਪਿਆਰ ਕਰਿਆ ਕਰਦੇ ਹਨ। ਉਨ੍ਹਾਂ ਦੇ ਬਚਨਾਂ ਨੂੰ ਅਤਿ ਉਤਮ ਕਰਕੇ ਮੰਨਦੇ ਹਨ। ਇਨ੍ਹਾਂ ਦਾ ਭਜਨ ਕਰਨ ਦਾ

ਸਮਾਂ ਨਿਯਤ ਹੋਇਆ ਕਰਦਾ ਹੈ ਅਤੇ ਪੂਰੀ ਸਾਵਧਾਨੀ ਨਾਲ ਜਦੋਂ ਪੂਰੀ ਤਰ੍ਹਾਂ ਦੇ ਨਾਲ ਬਾਣੀ ਪੜ੍ਹਨ ਜਾਂ ਭਜਨ ਕਰਨ ਲਈ ਆਪਣੇ ਆਸਣ ਤੇ ਬੈਠਦੇ ਹਨ ਫੇਰ ਇਹ ਹੋਰ ਕਿਸੇ ਕਿਸਮ ਦਾ ਖਿਆਲ ਅੰਦਰ ਨਹੀਂ ਆਉਣ ਦਿਆ ਕਰਦੇ, ਸ਼ਬਦ ਦੀ ਧੁਨ ਵਿਚ ਲੀਨ ਹੋ ਜਾਇਆ ਕਰਦੇ ਹਨ ਅਤੇ ਹੌਲੀ-ਹੌਲੀ ਆਪਣੇ ਚੌਗਿਰਦੇ ਨੂੰ ਭੁੱਲ ਕੇ ਸ਼ਬਦ ਦਾ ਰੂਪ ਹੀ ਬਣ ਜਾਇਆ ਕਰਦੇ ਹਨ। ਇਨ੍ਹਾਂ ਨੂੰ ਅੰਦਰਲੀਆਂ ਗੁਪਤ ਖੇਡਾਂ ਦਾ ਸਹਿਜੇ ਹੀ ਗਿਆਨ ਹੋ ਜਾਇਆ ਕਰਦਾ ਹੈ। ਇਹ ਨਿਸ਼ਚੇਪੂਰਵਕ ਅੰਦਰਲੀਆਂ ਮੰਜ਼ਲਾਂ ਤਹਿ ਕਰਦੇ ਤਰੱਕੀ ਕਰਿਆ ਕਰਦੇ ਹਨ। ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਇਹ ਛੇਤੀਂ ਹੀ ਮੰਜ਼ਲੇ ਮਕਸੂਦ ਤੇ ਪਹੁੰਚ ਜਾਇਆ ਕਰਦੇ ਹਨ। ਇਨ੍ਹਾਂ ਦੀ ਬਿਰਤੀ ਵਿਚ ਪਰਉਪਕਾਰ ਕਰਨ ਦੀ, ਨਿਸ਼ਕਾਮ ਸੇਵਾ ਕਰਨ ਦੀ, ਭੁੱਲੀ ਦੁਨੀਆਂ ਨੂੰ ਸਿੱਧੇ ਰਾਹ ਲਾਉਣ ਦੀ; ਰੁਚੀ ਪ੍ਰਬਲ ਹੋਇਆ ਕਰਦੀ ਹੈ। ਇਹ ਆਪ ਵੀ ਨਾਮ ਜਪਦੇ ਹਨ ਅਤੇ ਦੂਸਰਿਆਂ ਨੂੰ ਨਾਮ ਜਪਾਉਣ ਲਈ ਉਦਮ ਕਰਕੇ ਤੱਤ ਬੇਤੇ ਮਹਾਂਪੁਰਸ਼ਾਂ ਦੇ ਕੀਰਤਨ ਸਮਾਗਮ ਰਚਿਆ ਕਰਦੇ ਹਨ। ਇਨ੍ਹਾਂ ਦੇ ਅੰਦਰ ਸ਼ਾਂਤੀ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਅਤੇ ਜਦੋਂ ਇਨ੍ਹਾਂ ਦੀ ਕਿਸੇ ਕਾਰਨ ਕਰਕੇ ਸੁਰਤ ਟੁਟ ਜਾਵੇ ਤਾਂ ਇਨ੍ਹਾਂ ਦੇ ਅੰਦਰ ਮਹਿਸੂਸ ਹੋਣ ਲਗ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜਿਵੇਂ ਕੋਈ ਨਸ਼ੇ ਖਾਣ ਵਾਲਾ ਅਮਲੀ ਅਮਲ ਨਾ ਮਿਲਣ ਕਰਕੇ ਤੋੜ ਨੂੰ ਮਹਿਸੂਸ ਕਰਿਆ ਕਰਦਾ ਹੈ। ਇਨ੍ਹਾਂ ਬਾਬਤ ਹੀ ਜ਼ਿਕਰ ਆਉਂਦਾ ਹੈ ਕਿ –

***ਅਜੁ ਨ ਸੁਤੀ ਕੰਤ***
***ਸਿਉ ਅੰਗੁ ਮੁੜੇ ਮੁੜਿ ਜਾਇ॥***
***ਜਾਇ ਪੁਛਹੁ ਡੋਹਾਗਣੀ***
***ਤੁਮ ਕਿਉ ਰੈਣਿ ਵਿਹਾਇ॥***

***ਅੰਗ – 1379***

ਇਨ੍ਹਾਂ ਨੂੰ ਉਤਮ ਭਜਨੀਕ ਆਖਿਆ ਜਾਂਦਾ ਹੈ। ਐਸੇ ਭਜਨੀਕਾਂ ਨੂੰ ਅੰਦਰ ਅਨੁਭਵ ਦੀ ਰੌਸ਼ਨੀ ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਅੰਦਰ ਬਾਹਰ ਸਾਰੇ ਪ੍ਰਭੂ ਦੀ ਜੋਤ ਨੂੰ ਅਨੁਭਵ ਕਰ ਲਿਆ ਕਰਦੇ ਹਨ। ਪਰ ਅਜੇ ਤੀਕਰ ਪੂਰਨ ਰੂਪ ਵਿਚ ਅਗਿਆਨ ਦਾ ਨਾਸ਼ ਨਹੀਂ ਹੋਇਆ ਹੁੰਦਾ ਅਤੇ ਪੰਜ ਕਿਸਮ ਦੇ ਭਰਮ – 1. ਭੇਦ ਭਰਮ 2. ਕਰਤਤ੍ਵ ਭਰਮ 3. ਸੰਗ ਭਰਮ 4. ਵਿਕਾਰ ਭਰਮ 5. ਤੱਤ੍ਵ ਭਰਮ; ਦਾ ਪ੍ਰਭਾਵ ਸੁਰਤ ਵਿਚ ਬਣਿਆ ਰਹਿਣ ਕਰਕੇ ਕਦੇ-ਕਦੇ ਅਗਿਆਨ ਦਾ ਹਨ੍ਹੇਰਾ ਸੰਸਕਾਰਾਂ ਵਸ ਹੋ ਕੇ ਛਾ ਜਾਇਆ ਕਰਦਾ ਹੈ, ਕਦੇ ਗਿਆਨ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਐਸੇ ਭਜਨੀਕਾਂ ਨੂੰ ਕਿਸੇ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਹਰ ਸਮੇਂ ਆਵਸ਼ਕਤਾ ਹੈ, ਜੋ ਇਨ੍ਹਾਂ ਦੇ ਪੰਜੇ ਭਰਮ ਨਾਸ਼ ਕਰਨ ਦੀ ਸਮਰੱਥਾ ਰਖਦਾ ਹੋਵੇ। ਇਨ੍ਹਾਂ ਨੂੰ M.A ਤਕ ਦੇ ਭਜਨੀਕ ਕਿਹਾ ਜਾ ਸਕਦਾ ਹੈ।

**4. ਸਰੇਸ਼ਟ ਭਜਨੀਕ** – ਇਨ੍ਹਾਂ ਦਾ ਪੂਰਨ ਰੂਪ ਵਿਚ ਪੰਜੇ ਭਰਮ ਨਾਸ਼ ਹੋ ਕੇ, ਤੱਤ ਗਿਆਨ ਦੀ ਪ੍ਰਾਪਤੀ ਹੋ ਕੇ ਚੌਥੀ, ਪੰਜਵੀ ਅਤੇ ਛੇਵੀਂ ਭੂਮਿਕਾ ਵਿਚ ਨਿਵਾਸ ਹੋ ਜਾਇਆ ਕਰਦਾ ਹੈ। ਇਨ੍ਹਾਂ ਵਿਚ ਹਉਮੈ ਦਾ ਪੂਰਨ ਤੌਰ ਦੇ ਉਪਰ ਅਭਾਵ ਹੋਣ ਕਰਕੇ ਇਹ ਪ੍ਰਮੇਸ਼ਰ ਰੂਪ ਬ੍ਰਹਮਗਿਆਨੀ ਹੋ ਜਾਇਆ ਕਰਦੇ ਹਨ ਅਤੇ ਇਨ੍ਹਾਂ ਨੂੰ ਇਹ ਵੀ ਉਪਾਧੀ ਮਿਲਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ –

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ)***

ਇਹ D.Lit ਦੇ ਭਜਨੀਕ ਕਹੇ ਜਾ ਸਕਦੇ ਹਨ। ਇਹ ਉਪਰ ਲਿਖੀਆਂ ਚਾਰ ਅਵਸਥਾਵਾਂ ਭਜਨ ਕਰਨ ਵਾਲਿਆਂ ਦੀਆਂ ਹੋਇਆ ਕਰਦੀਆਂ ਹਨ। ਜੋ ਪਹਿਲੇ ਕਨਿਸ਼ਟ, ਮੱਧਮ ਤੇ ਉਤਮ ਕਿਸਮ ਦੇ ਭਜਨੀਕ ਹਨ ਉਹ ਭੀ ਜੇ ਸ਼ੌਕ ਨਾਲ ਮਿਹਨਤ ਕਰਨ ਤਾਂ ਆਪਣੇ ਮੰਜ਼ਲੇ ਮਕਸੂਦ ਤੇ ਛੇਤੀਂ ਹੀ ਪਹੁੰਚ ਜਾਇਆ ਕਰਦੇ ਹਨ।

ਹੁਣ ਤੁਹਾਨੂੰ ਹੋਰ ਵਿਸਥਾਰ ਨਾਲ ਦਸਦੇ

ਹਾਂ। ਜ਼ਿਆਦਾ ਯਾਦ ਰਹਿਣਾ ਬਹੁਤ ਮੁਸ਼ਕਲ ਹੈ, ਕੋਈ ਕਾਪੀ ਲੈ ਕੇ ਨੋਟ ਕਰ ਲਵੋ ਅਤੇ ਵਿਹਲੇ ਸਮੇਂ ਵਿਚ ਇਸ ਦੀ ਵਿਚਾਰ ਆਪਸ ਵਿਚ ਮਿਲ ਕੇ ਕਰਿਆ ਕਰੋ। ਇਹ ਬਾਰ-ਬਾਰ ਦੇ ਅਧਿਐਨ ਕਰਨ ਨਾਲ ਗਿਆਨ ਦ੍ਰਿੜ੍ਹ ਹੋ ਜਾਇਆ ਕਰਦਾ ਹੈ। ਜਿਨ੍ਹਾਂ ਜਗਿਆਸੂਆਂ ਨੂੰ ਸਤਿਸੰਗ ਕਰਕੇ ਅਤੇ ਬਾਣੀ ਪੜ੍ਹ ਕੇ ਅਤੇ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ, ਗੁਰਸਿਖਾਂ, ਸਾਧਕਾਂ, ਆਰਫਾਂ, ਤੱਤ ਬੇਤਿਆਂ ਬਾਰੇ ਪੜ੍ਹ ਕੇ ਉਨ੍ਹਾਂ ਦੇ ਜੀਵਨ ਤੋਂ ਅਸਰ ਕਬੂਲਦੇ ਹੋਏ ਵਾਹਿਗੁਰੂ ਨੂੰ ਮਿਲਣ ਦਾ ਸ਼ੌਕ ਪੈਦਾ ਹੋ ਗਿਆ ਹੈ, ਉਸ ਲਈ ਜ਼ਰੂਰੀ ਹੈ ਕਿ ਆਪਣੇ ਮਨ ਨੂੰ ਮਾਇਆ ਦੇ ਜੰਜਾਲਾਂ ਵਿਚੋਂ ਖਿੱਚ ਕੇ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਜਦੋਂ ਜੀਵ ਇਸ ਸੰਸਾਰ ਵਿਚ ਮਾਨਸ ਰੂਪ ਧਾਰ ਕੇ ਆਇਆ ਹੈ ਤਾਂ ਗੁਰਮਤਿ ਸਿਧਾਂਤ ਅਨੁਸਾਰ ਉਸਦੇ ਰਿਜ਼ਕ, ਦੁਖ-ਸੁਖ, ਵਡਿਆਈ, ਛੁਟਿਆਈ, ਹਾਣ-ਲਾਭ, ਇਹ ਸਾਰਾ ਪ੍ਰਬੰਧ ਪਰਾਲਬਧ ਕਰਮਾਂ ਅਨੁਸਾਰ ਇਸ ਜੀਵ ਦੇ ਮਸਤਕ ਵਿਚ ਪਹਿਲਾਂ ਹੀ ਧੁਰ ਦਰਗਾਹ ਤੋਂ ਲਿਖਿਆ ਗਿਆ ਹੈ। ਜੋ ਜੀਵ ਦੇ ਪਰਿਵਾਰਕ ਬੰਧਨ ਵਿਚ, ਇਸ ਨਾਲ ਹੋਰ ਆ ਕੇ ਰਲਣੇ ਹਨ, ਉਹ ਵੀ ਸੰਜੋਗ-ਵਿਯੋਗ ਦੇ ਅਟੱਲ ਨਿਯਮ ਅਨੁਸਾਰ, ਪਹਿਲਾਂ ਤੋਂ ਹੀ ਇਸਦੇ ਭਾਗ ਵਿਚ ਲਿਖਿਆ ਗਿਆ ਹੈ ਅਤੇ ਫੁਰਮਾਨ ਹੈ -

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥***

***ਅੰਗ - 74***

ਅਤੇ ਇਨ੍ਹਾਂ ਲੇਖਾਂ ਬਾਰੇ ਹੋਰ ਸਪਸ਼ਟ ਹੈ ਕਿ -

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ॥***
***ਆਪੇ ਕਾਰਣੁ ਜਿਨਿ ਕੀਆ***
***ਕਰਿ ਕਿਰਪਾ ਪਗੁ ਧਾਰਿ॥***

***ਅੰਗ - 937***

***ਸਰਬ ਜੀਆ ਸਿਰਿ ਲੇਖੁ ਧੁਰਾਹੂ***
***ਬਿਨੁ ਲੇਖੈ ਨਹੀ ਕੋਈ ਜੀਉ॥***
***ਆਪਿ ਅਲੇਖੁ ਕੁਦਰਤਿ ਕਰਿ ਦੇਖੈ***
***ਹੁਕਮਿ ਚਲਾਏ ਸੋਈ ਜੀਉ॥***

***ਅੰਗ - 598***

ਸੋ ਇਨ੍ਹਾਂ ਗੁਰਵਾਕਾਂ ਤੇ ਪੂਰਨ ਰੂਪ ਵਿਚ ਵਿਸ਼ਵਾਸ਼ ਕਰਕੇ ਜੋ ਵਾਸ਼ਨਾਵਾਂ- ਧਨ, ਇਸਤਰੀ, ਔਲਾਦ ਦੀਆਂ ਕਰਦਾ ਹੈ; ਉਨ੍ਹਾਂ ਨੂੰ ਛੱਡ ਕੇ ਪਰਵਾਨ ਹੋਏ ਆਰਫ, ਫਕੀਰਾਂ ਦੀ ਸੰਗਤ ਕਰਨੀ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਪਰਵਾਣ ਹੋਇਆਂ ਵਿਚੋਂ ਵੀ ਜਿਹੜੇ ਸ਼ਬਦ ਸੁਰਤ ਜੋਗ ਦੇ ਵਿਚ ਪੂਰਨ ਅਭਿਆਸੀ ਹਨ ਅਤੇ ਅਨਹਦ ਸ਼ਬਦ ਦੇ ਮਾਰਗ ਨੂੰ ਜਾਣਨ ਵਾਲੇ ਹਨ, ਉਨ੍ਹਾਂ ਦੀ ਸੰਗਤ ਕਰਨ ਨਾਲ ਜਗਿਆਸੂ ਨਾਮ ਮਾਰਗ ਤੇ ਉਨਤੀ ਕਰ ਸਕਦਾ ਹੈ। ਆਪਣੇ ਅਭਿਆਸ ਨੂੰ ਤਰੱਕੀ ਦੇਣ ਵਾਸਤੇ ਵੈਰਾਗ, ਵੀਚਾਰ, ਸੰਤੋਖ, ਧੀਰਜ, ਖਿਮਾ, ਆਸਤਿਕਤਾ ਆਦਿ ਦੇ ਗੁਣ ਹਰ ਹਾਲਤ ਵਿਚ ਧਾਰਣੇ ਜ਼ਰੂਰੀ ਹਨ ਅਤੇ ਜਿਨ੍ਹਾਂ ਕੰਮਾਂ ਵਿਚ ਕੋਈ ਗੁਣ ਨਹੀਂ ਹੈ, ਉਹ ਸਾਰੇ ਕੰਮ ਪੂਰਨ ਰੂਪ ਵਿਚ ਛੱਡ ਦੇਣੇ ਚਾਹੀਦੇ ਹਨ -

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ॥***

***ਅੰਗ - 918***

***ਫਰੀਦਾ ਜਿੰਨੀ ਕੰਮੀ ਨਾਹਿ ਗੁਣ***
***ਤੇ ਕੰਮੜੇ ਵਿਸਾਰਿ॥***
***ਮਤ ਸਰਮਿੰਦਾ ਥੀਵਹੀ***
***ਸਾਂਈ ਦੈ ਦਰਬਾਰਿ॥***

***ਅੰਗ - 1381***

ਪਰਮ ਪਦ ਦੀ ਪ੍ਰਾਪਤੀ ਵਾਸਤੇ **ਸਮ, ਸੰਤੋਖ, ਵਿਚਾਰ, ਸਤਿਸੰਗ** ਅਤਿ ਜ਼ਰੂਰੀ ਹਨ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੀ ਪੁਰਸ਼ਾਰਥ ਕਹਾਉਂਦਾ ਹੈ। ਦਰਅਸਲ ਤੱਤ ਵਿਚਾਰ ਤਾਂ ਇਹ ਹੈ ਕਿ ਵਿਚਾਰਹੀਣ ਨੂੰ ਸੰਸਾਰ ਭਾਸਦਾ ਹੈ। ਇਸਦੇ ਵਿਪਰੀਤ ਜੋ ਵਿਚਾਰਵਾਨ ਪੁਰਸ਼ ਹਨ ਉਨ੍ਹਾਂ ਨੂੰ ਇਹੀ ਸੰਸਾਰ ਆਪਣੇ ਆਪ ਵਿਚ ਲੈਅ ਹੋ ਕੇ ਪ੍ਰਭੂ ਦਾ ਰੂਪ ਪ੍ਰਤੱਖ ਦਿਸਦਾ ਹੈ। ਸੰਸਾਰ ਮਨ ਦੀ ਭਾਵਨਾ ਕਰਕੇ ਹੀ ਹੈ। ਇਸ ਮਨ ਦਾ ਨਾਸ਼

ਹੋਣ ਉਪਰੰਤ ਉਨਮਨੀ ਅਵਸਥਾ ਵਿਚ ਇਹ ਸੰਸਾਰ ਪ੍ਰਭੂ ਦਾ ਰੂਪ ਪ੍ਰਤੱਖ ਦਿਸਦਾ ਹੈ।

ਪ੍ਰਮਾਰਥ ਦੇ ਪਾਂਧੀ ਲਈ ਸਭ ਤੋਂ ਪਹਿਲਾਂ ਗੁਰੂ ਦੇ ਅਸਥੂਲ ਸਰੂਪ ਨਾਲ ਪਿਆਰ ਹੋਣਾ ਬਹੁਤ ਜ਼ਰੂਰੀ ਹੈ। ਪਿਆਰ ਕਰਨ ਨਾਲ ਅੰਦਰੋਂ ਹੀ ਗੁਪਤ ਤਾਰ ਗੁਰੂ ਦੇ ਕਿਰਦਾਰ ਨਾਲ ਵਜੂਦ ਅਤੇ ਨਾਲ ਜੁੜ ਜਾਂਦੀ ਹੈ। ਉਸਦੀ ਮਿਹਰ ਇਸ ਤਾਰ ਰਾਹੀਂ ਹਿਰਦੇ ਵਿਚ ਪਹੁੰਚ ਕੇ ਪੂਰੀ ਲਗਨ ਲਾਉਂਦੀ ਹੈ ਅਤੇ ਜਿਉਂ-ਜਿਉਂ ਗੁਰੂ ਦਾ ਪਿਆਰ ਹਿਰਦੇ ਵਿਚ ਵਸਦਾ ਜਾਂਦਾ ਹੈ ਤਿਉਂ-ਤਿਉਂ ਅੰਤਸ਼ਕਰਣ ਵਿਚੋਂ ਮੈਲ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਵਿਖਸ਼ੇਪਤਾ ਬਿਲਕੁਲ ਖਤਮ ਹੋ ਜਾਇਆ ਕਰਦੀ ਹੈ। ਜਦੋਂ ਅਭਿਆਸ ਕਰਦੇ-ਕਰਦੇ ਬਿਰਤੀ ਅਤਿ ਸੂਖਸ਼ਮ ਹੋ ਜਾਵੇ ਤਾਂ ਗੁਰੂ ਦੇ ਨਿਰਗੁਣ ਸਰੂਪ ਸ਼ਬਦ ਨਾਲ ਪਿਆਰ ਹੋ ਜਾਂਦਾ ਹੈ। ਕਿਉਂਕਿ ਅਸਾਡਾ ਮਾਰਗ -

***ਜੈਸੇ ਜਲ ਮਹਿ ਕਮਲੁ ਨਿਰਾਲਮੁ***
***ਮੁਰਗਾਈ ਨੈ ਸਾਣੇ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ***
***ਨਾਨਕ ਨਾਮੁ ਵਖਾਣੇ॥***

***ਅੰਗ - 938***

ਸ਼ਬਦ ਸੁਰਤਿ ਦੀ ਕਮਾਈ ਕਰਨਾ ਹੈ। ਸ਼ਬਦ ਹੀ ਸਭ ਕੁਝ ਹੈ। ਸ਼ਬਦ ਤੋਂ ਬਗੈਰ ਇਥੇ ਕੋਈ ਚੀਜ਼ ਨਹੀਂ ਹੈ। ਸ਼ਬਦ ਹੀ manifest ਹੋ ਕੇ ਸਭ ਕੁਝ ਬਣਿਆ ਹੋਇਆ ਹੈ। ਸਭ ਦਾ ਆਦਿ, ਮਧ, ਅੰਤ ਸ਼ਬਦ ਹੈ। ਇਸ ਵਾਸਤੇ ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ। ਜਿਵੇਂ ਗੁਰਬਾਣੀ ਵਿਚ ਸੰਕੇਤ ਹੈ-

***ਉਤਪਤਿ ਪਰਲਉ ਸਬਦੇ ਹੋਵੈ॥***
***ਸਬਦੇ ਹੀ ਫਿਰਿ ਓਪਤਿ ਹੋਵੈ॥***
***ਗੁਰਮੁਖਿ ਵਰਤੈ ਸਭੁ ਆਪੇ ਸਚਾ***
***ਗੁਰਮੁਖਿ ਉਪਾਇ ਸਮਾਵਣਿਆ॥***

***ਅੰਗ - 117***

ਸ਼ਬਦ ਸੁਰਤ ਮਾਰਗ ਦਾ ਜੋ ਜਾਣੂ ਮਹਾਂਪੁਰਸ਼ ਹੈ ਐਸੇ ਮਹਾਂਪੁਰਸ਼ ਦੀ ਸੰਗਤ ਕਰਨ ਨਾਲ ਵਿਕਾਰਾਂ ਦੀ ਪ੍ਰਬਲਤਾ ਅਤੇ ਮਨ ਨੂੰ ਜਨਮਾਂ-ਜਨਮਾਂਤਰਾਂ ਤੋਂ ਲਗੀ ਹੋਈ ਮੈਲ, ਵਿਖਸ਼ੇਪਤਾ ਅਤੇ ਆਵਰਨ ਦੋਸ਼ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਤ੍ਰੀਵ ਜੀਵਨ ਵਿਚ ਸਤੋ ਗੁਣੀ ਪ੍ਰਧਾਨ ਹੋ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪ੍ਰੰਤੂ ਆਪਣੀ ਮੰਜ਼ਿਲ ਤੇ ਪਹੁੰਚਣ ਵਾਸਤੇ ਸੁਰਤ ਦੀ ਚੜ੍ਹਾਈ ਤਾਂ ਸ਼ਬਦ ਦੇ ਅਭਿਆਸ ਕਰਨ ਤੋਂ ਹੀ ਹੁੰਦੀ ਹੈ। ਇਸ ਕਰਕੇ ਸਾਨੂੰ ਆਵਸ਼ਕ ਹੈ ਕਿ ਅਸੀਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਰਹੀਏ ਅਤੇ ਉਸਦੀ ਸੇਵਾ ਵਿਚ ਤੱਤਪਰ ਰਹੀਏ। ਸਿੱਖ ਪ੍ਰੇਮੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਪਿਆਰ ਕਰਨ ਅਤੇ ਸੁਣ ਕੇ, ਪੜ੍ਹ ਕੇ ਮੰਨਣ।

***ਹੋਹੁ ਸਾਵਧਾਨ ਅਪੁਨੇ ਗੁਰ ਸਿਉ॥***

***ਅੰਗ - 895***

ਆਪਣਾ ਤਨ, ਮਨ, ਧਨ ਉਸਦੇ ਹਵਾਲੇ ਕਰਕੇ ਹਉਮੈ ਰਹਿਤ ਸੇਵਾ ਕਰੇ। ਅਜਿਹੇ ਸਾਧੂ ਦਾ ਦਰਸ਼ਨ ਅੰਤ੍ਰੀਵ ਤੋਂ ਅਤੇ ਬਾਹਰੋਂ ਨੇਤਰਾਂ ਨਾਲ ਘੰਟਾ ਦੋ ਘੰਟੇ ਬਰਾਬਰ ਕਰਦਾ ਰਹੇ। ਆਪਣੇ ਨੇਤਰਾਂ ਨਾਲ ਉਨ੍ਹਾਂ ਦੇ ਨੇਤਰ ਦੇਖਦਾ ਰਹੇ, ਅੱਖ ਨਾ ਝਮਕੇ; ਇਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਹਰ ਰੋਜ਼ ਅਭਿਆਸ ਕਰਦਾ ਰਹੇ, ਅਜਿਹਾ ਕਰਦੇ-ਕਰਦੇ ਇਕ ਦਿਨ ਐਸਾ ਆਏਗਾ ਜਦੋਂ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਤੁਹਾਡੇ ਉਪਰ ਪਵੇਗੀ, ਉਸੇ ਵਕਤ ਮਨ ਦੀ ਸਫਾਈ ਹੋ ਜਾਵੇਗੀ, ਮਨ ਦਾ ਦੋਸ਼ ਨਵਿਰਤ ਹੋ ਜਾਵੇਗਾ। ਇਸੇ ਤਰ੍ਹਾਂ ਜਦੋਂ ਆਪਣੀ ਮਰਜ਼ੀ ਨਾਲ ਉਪਰ ਦੀਆਂ ਮੰਜ਼ਿਲ ਦਾ ਉਪਦੇਸ਼ ਕਰੇ ਤਾਂ ਸੁਰਤ ਆਪਣੇ ਆਪ ਉਪਰ ਦੀ ਮੰਜ਼ਿਲਾਂ ਨੂੰ ਪ੍ਰਾਪਤ ਹੋਵੇਗੀ। ਇਸਦਾ ਮਤਲਬ ਇਹ ਹੈ ਕਿ ਆਪਣੇ ਗੁਰੂ ਨਾਲ ਪੂਰਾ ਪਿਆਰ ਪਾ ਕੇ ਉਸਦੀ ਨਦਰ ਪ੍ਰਾਪਤ ਕਰਨ ਲਈ ਉਤਸਕ ਰਹੇ। ਗੁਰੂ ਦੀ ਨਦਰ, ਗੁਰੂ ਦੀ ਰਹਿਮਤ ਦਾ ਕਰਿਸ਼ਮਾ ਅੰਦਰ ਵਰਤਣਾ ਸ਼ੁਰੂ ਹੋ ਜਾਵੇਗਾ ਅਤੇ ਆਪਣੀ ਮਿਹਨਤ ਦੇ ਨਾਲ, ਅਭਿਆਸ ਦੇ ਨਾਲ ਹਰ ਰੋਜ਼ ਤਰੱਕੀ ਹੁੰਦੀ ਜਾਵੇਗੀ। ਇਸ ਕੰਮ ਨੂੰ ਕਰਨ ਵਾਸਤੇ ਜਲਦਬਾਜ਼ੀ ਨਾ ਕਰੇ ਅਤੇ ਬੇਚੈਨੀ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਸਨੇ-ਸਨੇ

ਕੀਤਾ ਹੋਇਆ ਅਭਿਆਸ ਫਲੀਭੂਤ ਹੁੰਦਾ ਹੈ। ਕਈ ਪ੍ਰੇਮੀ ਐਸੇ ਦੇਖੇ ਜਾਂਦੇ ਹਨ ਕਿ ਮਹਾਂਪੁਰਸ਼ਾਂ ਨੂੰ ਮਿਲਦੇ ਹੀ ਬਹੁਤ ਤੇਜ਼ੀ ਨਾਲ ਅਭਿਆਸ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਫੇਰ ਵਿਚੇ ਹੀ ਛੱਡ ਕੇ ਮੁੜ ਉਨ੍ਹਾਂ ਦਾ ਪਤਾ ਹੀ ਨਹੀਂ ਲਗਦਾ ਕਿ ਕਿਥੇ ਚਲੇ ਗਏ। ਜਲਦਬਾਜ਼ੀ ਵਿਚ ਕੀਤਾ ਹੋਇਆ ਕੰਮ ਸਦਾ ਕਾਇਮ ਨਹੀਂ ਰਿਹਾ ਕਰਦਾ, ਉਹ ਸ਼ੈਤਾਨ ਦੀ ਤਰਫੋਂ ਬਿਘਨ ਪਾਉਣ ਵਾਸਤੇ ਹੀ ਹੋਇਆ ਕਰਦਾ ਹੈ। ਜਿਹੜਾ ਵੀ ਕੰਮ ਗੁਰੂ ਦੀ ਨਦਰ ਨਾਲ ਹੁੰਦਾ ਹੈ, ਉਹ ਕਾਇਮ ਰਿਹਾ ਕਰਦਾ ਹੈ। ਜਿਸ ਤਰ੍ਹਾਂ ਕਿ ਸਿਮਰਨ ਕਰਨ ਵਾਸਤੇ ਸੁਨਹਿਰੀ ਅਸੂਲ ਦਰਸਾਇਆ ਹੈ -

***ਹਰਿ ਕਾ ਬਿਲੋਵਨਾ***
***ਬਿਲੋਵਹੁ ਮੇਰੇ ਭਾਈ॥***
***ਸਹਜਿ ਬਿਲੋਵਹੁ***
***ਜੈਸੇ ਤਤੁ ਨ ਜਾਈ॥*** ***ਅੰਗ-478***

ਇਸ ਸਮੇਂ ਮਹਾਂਪੁਰਸ਼ਾਂ ਨੇ ਕਿਹਾ ਕਿ ਜੋ ਇਹ ਬਚਨ ਅਸੀਂ ਤੁਹਾਨੂੰ ਦਸੇ ਹਨ ਇਹ ਬਹਿਰੰਗ ਸਾਧਨ ਹਨ। ਹੁਣ ਤੁਹਾਨੂੰ ਅੰਤ੍ਰੀਵ ਸੁਰਤ ਦਾ ਦਰਜਾ-ਬ-ਦਰਜਾ ਚੜ੍ਹਨਾ ਜੋ ਕਿ ਫਕੀਰਾਂ ਨੂੰ ਪ੍ਰਾਪਤ ਹੈ, ਉਹ ਧਿਆਨ ਨਾਲ ਸੁਣੋ। ਜਿਸ ਵੇਲੇ ਤੁਹਾਡੀ ਸੁਰਤ ਮਸਤਕ ਵਿਚ ਅਸਮਾਨ ਨੂੰ ਦੇਖੇਗੀ ਤਾਂ ਤਾਰੇ-ਸਿਤਾਰੇ, ਅਨੇਕਾਂ ਚੰਦਰਮਾਂ, ਅਨੇਕਾਂ ਸੂਰਜ, ਬਿਲਕੁਲ ਸਾਫ-ਸੁਥਰੇ ਵਾਤਾਵਰਣ ਵਿਚ ਨਦਰੀ ਆਉਣਗੇ। ਗਹੁ ਨਾਲ ਦੇਖਿਆਂ ਸਹੰਸਰਾਰ ਦਲ ਕਮਲ ਨਜ਼ਰ ਪਵੇਗਾ ਅਤੇ ਜਿਸ ਸਰੂਪ ਦਾ ਤੁਸੀਂ ਆਗਿਆ ਚੱਕਰ ਵਿਚ ਧਿਆਨ ਕਰਦੇ ਸੀ ਉਸਦੇ ਪ੍ਰਕਾਸ਼ਮਈ ਦਰਸ਼ਨ ਇਸ ਅਸਥਾਨ ਤੇ ਹੋਇਆ ਕਰਦੇ ਹਨ। ਬਹੁਤ ਸਾਰੇ ਜਗਿਆਸੂ ਇਨ੍ਹਾਂ ਦਰਸ਼ਨਾਂ ਤੋਂ ਸੰਤੁਸ਼ਟ ਹੋ ਕੇ ਐਥੇ ਹੀ ਰੁਕ ਜਾਂਦੇ ਹਨ ਅਤੇ ਇਨ੍ਹਾਂ ਮੰਜ਼ਲਾਂ ਦਾ ਪ੍ਰਕਾਸ਼ ਦੇਖ ਕੇ ਤ੍ਰਿਪਤ ਹੋ ਜਾਇਆ ਕਰਦੇ ਹਨ। ਜਿਸ ਵਕਤ ਆਪ ਬੈਖਰੀ, ਮਧਮਾ, ਪਸੰਤੀ ਅਤੇ ਪਰਾ ਬਾਣੀ, ਰਾਹੀਂ ਅਭਿਆਸ ਕਰਨ ਦੀ ਮਿਹਨਤ ਕਰੋਂਗੇ ਤਾਂ ਆਖਰੀ ਪਰਾ ਬਾਣੀ ਜਿਸਦਾ ਨਿਵਾਸ ਨਾਭੀ ਵਿਚ ਹੈ ਉਸ ਉਤੇ ਆਪਣੇ ਸਵਾਸਾਂ ਦਾ ਦਬਾਓ ਪਾਓਂਗੇ ਤਾਂ ਆਪ ਦੇ ਰੋਮ-ਰੋਮ ਵਿਚ ਪ੍ਰਮੇਸ਼ਰ ਦਾ ਭਜਨ ਹੋਣ ਲਗੇਗਾ। ਇਹ ਅਵਸਥਾ - ***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਪੰਨਾ - 941)*** ਦੀ ਹੋਇਆ ਕਰਦੀ ਹੈ। ਉਸ ਤੋਂ ਅੱਗੇ ਜਦੋਂ ਮਹਾਤਮਾ ਸਾਰੀ ਗੱਲ ਦਾ ਨਿਰਣਾ ਕਰਕੇ ਸੁਰਤ ਨੂੰ ਉਪਰ ਚੜ੍ਹਾਉਣ ਦਾ ਉਪਦੇਸ਼ ਕਰਨਗੇ ਤਾਂ ਜੁਗਤ ਨਾਲ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਆਗਿਆ ਚੱਕਰ ਵਿਚ, ਜਿਥੇ ਦੋਨੋਂ ਅੱਖਾਂ ਅਤੇ ਨੱਕ ਦੀ ਜੜ੍ਹ ਵਿਚ ਸੁਰਤ ਟਿਕਾਉਣੀ ਹੈ, ਉਥੇ ਮਿਹਨਤ ਕਰਕੇ ਧਿਆਨ ਟਿਕਾਉਣਾ ਹੈ। ਜਿਵੇਂ -

***ਸਫਲ ਮੂਰਤਿ ਪਰਸਉ ਸੰਤਨ ਕੀ***
***ਇਹੈ ਧਿਆਨਾ ਧਰਨਾ॥***
***ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ***
***ਪਰਿਓ ਸਾਧ ਕੀ ਸਰਨਾ॥***
***ਅੰਗ - 531***

ਇਥੇ ਸਾਕਾਰ ਦਾ ਧਿਆਨ ਧਰਦਿਆਂ ਹੌਲੀ-ਹੌਲੀ ਧਿਆਨ ਵਿਚ ਪ੍ਰਕਾਸ਼ ਆ ਜਾਵੇਗਾ ਅਤੇ ਸਾਕਾਰ ਸਰੂਪ ਦੇ ਪ੍ਰਕਾਸ਼ਮਈ ਰੂਪ ਵਿਚ ਦਰਸ਼ਨ ਹੋਣਗੇ। ਇਹ ਦਰਸ਼ਨ ਹੁੰਦੇ ਆਰ-ਪਾਰ (Transparent) ਦਿਸੇਗਾ। ਜਦੋਂ ਆਪਣਾ ਆਪ ਇਸ ਸਾਕਾਰ ਸਰੂਪ ਵਿਚ ਲੈਅ ਹੋ ਕੇ ਆਪਣਾ ਹੀ ਸਰੀਰ ਧਿਆਨ ਕੀਤੇ ਹੋਏ ਸਰੂਪ ਵਰਗਾ ਅਨੁਭਵ ਹੋਵੇ ਤਾਂ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ ਅਤੇ ਜਗਿਆਸੂ ਉਪਰਲੀਆਂ ਮੰਜ਼ਲਾਂ ਦਾ ਅਧਿਕਾਰੀ ਹੋ ਜਾਇਆ ਕਰਦਾ ਹੈ।

Warning - ਸ਼ਬਦ ਸੁਰਤ ਦਾ ਮਾਰਗ ਗੁਪਤ ਮਾਰਗ ਹੋਣ ਕਰਕੇ ਪ੍ਰਗਟ ਕਰਨਾ ਨਹੀਂ ਬਣਦਾ। ਮਹਾਂਪੁਰਸ਼ਾਂ ਦੀ ਜੋ ਹਦਾਇਤ ਹੈ, ਉਸ ਉਪਰ ਦ੍ਰਿੜ੍ਹ ਵਿਸ਼ਵਾਸ਼ ਕਰਨਾ ਪੈਂਦਾ ਹੈ। ਵਾਹਿਗੁਰੂ ਤਕ ਪਹੁੰਚਣ ਦੇ ਬੇਅੰਤ ਰਸਤੇ ਹਨ, ਬੇਅੰਤ ਸਾਧਨ ਹਨ ਪਰ ਜਿਸ ਫਾਰਮੂਲੇ ਦੇ ਆਧਾਰ ਤੇ ਪ੍ਰਸ਼ਨ ਦਾ ਹੱਲ ਕੱਢਿਆ ਜਾਵੇ, ਉਸ ਉਤੇ ਹੀ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਕਈ ਅਭਿਆਸ ਤੋਂ ਹੀਣੇ ਪ੍ਰੇਮੀ ਇਸ ਮਾਰਗ ਉਪਰ ਤਰਕ ਕਰਦੇ ਹਨ ਕਿ

ਇਹ ਬੁਤ ਪ੍ਰਸਤੀ ਹੈ, ਮਨਮਤਿ ਹੈ; ਪ੍ਰੰਤੂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***
***ਅੰਗ - 864***

ਧਿਆਨ ਜਗਿਆਸੂ ਦੀ ਅਵਸਥਾ ਦੇ ਮੁਤਾਬਿਕ ਤਿੰਨ ਕਿਸਮ ਦਾ ਹੋਇਆ ਕਰਦਾ ਹੈ। 1. ਪ੍ਰਤੀਕ ਧਿਆਨ 2. ਸੰਪਤ ਧਿਆਨ 3. ਅਹੰਗ੍ਰਹਿ ਧਿਆਨ।

**1. ਪ੍ਰਤੀਕ ਧਿਆਨ** - ਜਿਸ ਵਸਤੂ ਵਿਚ ਈਸ਼੍ਵਰ ਬੁਧੀ ਕਰਨੀ ਹੋਵੇ ਉਸਨੂੰ ਪ੍ਰਤੱਖ ਪ੍ਰਮਾਣ ਨਾਲ ਨਿਸ਼ਚੇ ਕਰਕੇ ਯਾਨਿ ਉਸਦਾ ਅਸਲ ਸਰੂਪ ਪ੍ਰਧਾਨ ਰੱਖ ਕੇ ਸਾਸ਼ਤ੍ਰ ਪ੍ਰਮਾਣਾਂ ਨਾਲ ਉਸ ਵਿਚ ਈਸ਼੍ਵਰ ਬੁੱਧੀ ਕਰਨੀ, ਇਸ ਦਾ ਨਾਮ ਪ੍ਰਤੀਕ ਧਿਆਨ ਹੈ। ਜਿਵੇਂ ਕਿ ਫੁਰਮਾਨ ਹੈ ਕਿ -

***ਗੁਰੁ ਪਰਮੇਸਰੁ ਏਕੋ ਜਾਣੁ॥***
***ਅੰਗ - 864***

ਗੁਰੂ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਕੇ ਉਸਦਾ ਧਿਆਨ ਕਰਨਾ ਉਸ ਵਿਚ ਬ੍ਰਹਮ ਬੁੱਧੀ ਕਰਨੀ, ਇਹ ਪ੍ਰਤੀਕ ਉਪਾਸ਼ਨਾ ਕਹਾਉਂਦੀ ਹੈ।

**2. ਸੰਪਤ ਧਿਆਨ** - ਧੇਅ ਦਾ ਜੋ ਪ੍ਰਤੱਖ ਰੂਪ ਹੈ ਉਸਨੂੰ ਤਿਆਗ ਕੇ ਉਸ ਵਿਚ ਈਸ਼੍ਵਰ ਬੁੱਧੀ ਕਰਕੇ ਧਿਆਨ ਕਰਨਾ ਸੰਪਤ ਉਪਾਸ਼ਨਾ ਹੈ। ਜਿਵੇਂ ਕਿ ਫੁਰਮਾਨ ਹੈ -

***ਗੁਰੁ ਪਰਮੇਸਰੁ ਏਕੁ ਹੈ***
***ਸਭ ਮਹਿ ਰਹਿਆ ਸਮਾਇ॥***
***ਜਿਨ ਕਉ ਪੂਰਬਿ ਲਿਖਿਆ***
***ਸੇਈ ਨਾਮੁ ਧਿਆਇ॥ ਅੰਗ - 53***
***ਮੇਰੇ ਮਨ ਗੁਰ ਜੇਵਡੁ ਅਵਰੁ ਨ***
***ਕੋਇ॥***
***ਦੂਜਾ ਥਾਉ ਨ ਕੋ ਸੁਝੈ***
***ਗੁਰ ਮੇਲੇ ਸਚੁ ਸੋਇ॥ ਅੰਗ - 49***

***ਗੁਰੁ ਪਰਮੇਸਰੁ ਸੇਵਿਆ***
***ਭੈ ਭੰਜਨੁ ਦੁਖ ਲਥੁ॥***
***ਸਤਿਗੁਰੁ ਗਹਿਰ ਗਭੀਰੁ ਹੈ***
***ਸੁਖ ਸਾਗਰੁ ਅਘਖੰਡੁ॥ ਅੰਗ - 49***

***ਗੁਰੁ ਪਰਮੇਸਰੁ ਗੁਰੁ ਗੋਵਿੰਦੁ॥***
***ਗੁਰੁ ਦਾਤਾ ਦਇਆਲ ਬਖਸਿੰਦੁ॥***
***ਗੁਰ ਚਰਨੀ ਜਾ ਕਾ ਮਨੁ ਲਾਗਾ॥***
***ਨਾਨਕ ਦਾਸ ਤਿਸੁ ਪੂਰਨ ਭਾਗਾ॥***
***ਅੰਗ - 897***

***ਗੁਰ ਕੇ ਚਰਨ ਹਿਰਦੈ ਵਸਾਏ॥***
***ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥***
***ਅੰਗ - 1270***

ਸਾਕਾਰ ਦਾ ਜੋ ਧਿਆਨ ਧਰਨਾ ਹੈ ਇਹ ਉਪਾਸ਼ਨਾ ਕਾਂਡ ਵਿਚ ਬਹੁਤ ਜ਼ਰੂਰੀ ਹੈ ਕਿਉਂਕਿ ਜਗਿਆਸੂ ਦੀ ਬੁੱਧੀ ਸ਼ਬਦ ਦੇ ਭੇਦ ਨੂੰ ਨਹੀਂ ਜਾਣਦੀ ਅਤੇ ਸ਼ਬਦ ਨੂੰ ਨਹੀਂ ਫੜ ਸਕਦੀ। ਸ਼ਬਦ ਦੇ ਨਾਲ ਸੁਰਤ ਜੋੜਨੀ ਬਹੁਤ advanced ਜਗਿਆਸੂਆਂ ਦਾ ਕੰਮ ਹੋਇਆ ਕਰਦਾ ਹੈ। ਜਿਸਨੇ ਆਪਣੀ ਸੁਰਤ ਨੂੰ ਸੰਸਾਰ ਵਿਚੋਂ ਪੂਰੀ ਤਰ੍ਹਾਂ ਨਾਲ ਖਿਚ ਕੇ ਸਰਬ ਰਮੇ ਹੋਏ ਵਾਹਿਗੁਰੂ ਦੇ ਵਿਚ ਲੀਨ ਕੀਤਾ ਹੈ, ਉਹ ਸ਼ਬਦ ਦੇ ਧਿਆਨ ਧਰਨ ਦਾ ਅਧਿਕਾਰੀ ਹੋਇਆ ਕਰਦਾ ਹੈ। ਸ਼ਬਦ, ਅੱਖਰ ਨਹੀਂ ਹੋਇਆ ਕਰਦੇ, ਸ਼ਬਦ ਧੁਨ ਐਨਰਜੀ ਹੈ, ਪ੍ਰਭੂ ਨਾਲ ਇਕਮਿਕ ਹੈ। ਸੋ ਧੁਨ ਵਿਚ ਧਿਆਨ ਸਮੇਂ ਵਾਹਿਗੁਰੂ ਦੀ ਪਰਿਪੂਰਨਤਾ ਦਾ ਪੂਰੀ ਤਰ੍ਹਾਂ ਅਹਿਸਾਸ ਕਰਨਾ ਸ਼ਬਦ ਦਾ ਧਿਆਨ ਹੋਇਆ ਕਰਦਾ ਹੈ। ਬਹੁਤ ਸਾਰੇ ਪ੍ਰੇਮੀ ਗਲਤੀ ਨਾਲ ਅੱਖਰਾਂ ਦਾ ਧਿਆਨ ਕਰਨ ਲਗ ਜਾਂਦੇ ਹਨ। ਉਸ ਨਾਲ ਤਰੱਕੀ ਹੋ ਨਹੀਂ ਸਕਿਆ ਕਰਦੀ। ਦੂਸਰੀ ਇਹ ਵੀ ਗੱਲ ਹੈ ਕਿ ਜਿਸ ਸਕੂਲ ਵਿਚ ਆਪ ਦਾਖਲ ਹੋ ਗਏ ਉਸੇ ਪ੍ਰੋਫੈਸਰ ਦੇ ਦੱਸੇ ਫਾਰਮੂਲਿਆਂ ਤੇ ਚਲਣਾ ਪੈਂਦਾ ਹੈ, ਉਸ ਉਪਰ ਤਰਕ ਕਰਕੇ ਵੈਰਾਗ ਦੀਆਂ ਛੇ ਕਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ ਅਤੇ ਜਗਿਆਸੂ ਦਾ ਕੀਤਾ ਕਰਾਇਆ ਕੁਛ ਵੀ ਮੁੱਲ ਨਹੀਂ ਰਖਿਆ ਕਰਦਾ। ਇਸੇ ਤਰ੍ਹਾਂ ਨਾਲ ਕਈ ਪ੍ਰੇਮੀ ਖਾਸ ਕਰਕੇ ਅੱਜਕਲ ਆਪਣੀ ਨਾਸ਼ਤਿਕਤਾ ਦੇ ਅਧੀਨ ਹੋਏ ਹੋਏ ਬਾਰ-ਬਾਰ ਰਟ ਲਾ ਰਹੇ ਹਨ ਕਿ ਇਸ ਮਾਰਗ ਲਈ ਸਾਧ-ਸੰਤ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਦੀ

ਇਹ ਤਰਕ ਇਕ ਗੱਲੋਂ ਤਾਂ ਠੀਕ ਹੈ ਕਿਉਂਕਿ ਭੇਖ ਕਰਕੇ ਬਹੁਤ ਸਾਰੇ ਪ੍ਰੇਮੀ ਸਾਧੂ-ਸੰਤ ਕਹਾਉਣ ਲਗ ਜਾਂਦੇ ਹਨ ਪਰ ਉਨ੍ਹਾਂ ਦਾ ਕਿਰਦਾਰ ਅਜੇ ਮਾਇਆ ਦੀਆਂ ਖਿੱਚਾਂ ਤੋਂ ਉਪਰ ਨਹੀਂ ਉਠਿਆ ਹੁੰਦਾ, ਪਰਮਪਦ ਦੀ ਉਨ੍ਹਾਂ ਨੂੰ ਬਿਲਕੁਲ ਹੀ ਗਿਆਤ ਨਹੀਂ ਹੁੰਦੀ, ਆਪ ਵੀ ਰੂਹਾਨੀ ਤੌਰ ਤੇ ਅੰਨ੍ਹੇ ਹੁੰਦੇ ਹਨ। ਜੇ ਕੋਈ ਉਨ੍ਹਾਂ ਦੇ ਪਿਛੇ ਲਗੇਗਾ, ਉਹ ਖਾਤੇ ਵਿਚ ਗਿਰੇਗਾ -

***ਅੰਨਾ ਆਗੂ ਜੇ ਥੀਐ,***
***ਸਭੁ ਸਾਥੁ ਮੁਹਾਵੈ॥***
***ਭਾਈ ਗੁਰਦਾਸ ਜੀ, ਵਾਰ - 35/2***

ਇਸ ਕਰਕੇ ਗੁਰਮੁਖ, ਸੰਤ, ਗੁਰਸਿੱਖ, ਭਗਤ, ਬ੍ਰਹਮਗਿਆਨੀ, ਸਾਧ ਜਨ ਆਦਿਕਾਂ ਨਾਲ ਪਿਆਰ ਕਰਕੇ ਉਨ੍ਹਾਂ ਦੇ ਪਿਆਰੇ ਸਤਿਗੁਰੂ ਅਤੇ ਵਾਹਿਗੁਰੂ ਨਾਲ ਪਿਆਰ ਪੈਂਦਾ ਹੈ। ਸੰਤ ਕਿਉਂਕਿ ਬਹੁਤ ਵਿਰਲੇ ਹਨ ਇਸ ਕਰਕੇ ਨਿਸ਼ਾਨੀ ਲਿਖੀ ਹੈ -

***ਆਵੈ ਸਾਹਿਬੁ ਚਿਤਿ***
***ਤੇਰਿਆ ਭਗਤਾ ਡਿਠਿਆ॥***
***ਅੰਗ - 520***

ਜਿਨ੍ਹਾਂ ਦੇ ਦਰਸ਼ਨ ਕਰਕੇ ਆਪਣੇ ਆਪ ਹੀ ਚਸ਼ਮੇ ਵਿਚੋਂ ਪਾਣੀ ਨਿਕਲਣ ਵਾਂਗ ਗੁਰਮੰਤ੍ਰ ਦੀ ਰੌ ਚਲ ਪਵੇ, ਸੁਰਤ ਅੰਤਰਮੁਖ ਹੁੰਦੀ ਜਾਵੇ ਅਤੇ ਨਾਮ ਧੁਨ ਦੇ ਹੁਲਾਰੇ ਸ਼ੁਰੂ ਹੋ ਜਾਣ ਤਾਂ ਸਮਝੋ ਕਿ ਤੁਸੀਂ ਕਿਸੇ ਸੰਤ ਵਿਅਕਤੀ ਦੇ ਨੇੜੇ ਬੈਠੇ ਹੋਂ। ਫੁਰਮਾਨ ਹੈ -

***ਗੁਰਮੁਖ ਸਉ ਕਰਿ ਦੋਸਤੀ***
***ਸਤਿਗੁਰ ਸਉ ਲਾਇ ਚਿਤੁ॥***
***ਜੰਮਣ ਮਰਣ ਕਾ ਮੂਲੁ ਕਟੀਐ***
***ਤਾਂ ਸੁਖੁ ਹੋਵੀ ਮਿਤ॥***
***ਅੰਗ - 1421***

ਇਹ ਠੀਕ ਹੈ ਕਿ -

***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥***
***ਅੰਗ - 943***

ਪ੍ਰੰਤੂ ਅਸਥੂਲ ਬੁੱਧੀ ਵਾਲਾ ਜਗਿਆਸੂ ਜਿਸ ਦੀ ਬਿਰਤੀ ਟਿਕ ਹੀ ਨਹੀਂ ਰਹੀ, ਉਹ ਸ਼ਬਦ ਨੂੰ ਫੜ ਹੀ ਨਹੀਂ ਸਕਦਾ। ਜਨਮਾਂ-ਜਨਮਾਂਤਰਾਂ ਦੀ ਘਾਲ ਸ਼ਬਦ ਦੀ ਸੋਝੀ ਦਿੰਦੀ ਹੈ। ਐਸੇ ਜਗਿਆਸੂ ਪਿਛਲੇ ਜਨਮ ਵਿਚ ਜਿਸ ਥਾਂ ਤੋਂ ਅਭਿਆਸ ਛੱਡ ਕੇ ਹੋਰ ਸਰੀਰ ਧਾਰ ਕੇ ਸੰਸਾਰ ਵਿਚ ਆਏ ਹੁੰਦੇ ਹਨ, ਉਹ ਆਪਣੀ ਪਿਛਲੀ ਘਾਲ ਕਮਾਈ ਕਰਕੇ ਸ਼ਬਦ ਨਾਲ ਸੁਰਤ ਦਾ ਮੇਲ ਕਰਾ ਲੈਂਦੇ ਹਨ। ਪ੍ਰੰਤੂ ਜੋ ਜਗਿਆਸੂ ਵਿਸ਼ੇ-ਵਿਕਾਰਾਂ ਵਿਚੋਂ ਕੱਢ ਕੇ, ਗੁਰੂ ਵਾਲਾ ਬਣਾ ਕੇ ਨਾਮ ਮਾਰਗ ਦੀ ਪਹਿਲੀ ਦੂਜੀ ਜਮਾਤ ਵਿਚ ਚਲ ਰਿਹਾ ਹੈ, ਉਹ ਐਮ. ਏ. ਦੀ ਕਲਾਸ ਨੂੰ ਕਿਸੇ ਤਰ੍ਹਾਂ ਵੀ ਸਮਝ ਨਹੀਂ ਸਕਿਆ ਕਰਦਾ। ਜੇ ਉਸਨੇ ਆਪਣੇ ਮੰਜ਼ਿਲੇ ਮਕਸੂਦ ਤੇ ਪਹੁੰਚਣਾ ਹੈ ਤਾਂ ਉਸਨੂੰ ਇਨ੍ਹਾਂ ਤਰਕਾਂ ਤੋਂ ਪੂਰਨ ਰੂਪ ਵਿਚ ਦੂਰ ਰਹਿਣਾ ਪਵੇਗਾ ਅਤੇ ਉਸਨੂੰ ਪੂਰਨ ਮਹਾਂਪੁਰਸ਼ਾਂ ਦੇ ਦਿਤੇ ਹੋਏ ਸਬਕ ਅਸਥੂਲ ਧਿਆਨ ਨੂੰ ਸਿਧ ਕਰਕੇ ਪਹਿਲੀ ਤ੍ਰਿਕੁਟੀ ਧਿਆਤਾ, ਧਿਆਨ, ਧੇਅ ਵਿਚੋਂ ਲੰਘਣਾ ਹੀ ਪਵੇਗਾ। ਨਹੀਂ ਤਾਂ ਅਵਸਥਾ ਸਿਧ ਨਾ ਹੋਣ ਕਰਕੇ ਇਸੇ ਚੱਕਰ ਵਿਚ ਜਨਮ ਬੀਤ ਜਾਵੇਗਾ।

ਮਹਾਂਪੁਰਸ਼ਾਂ ਨੇ ਅੱਗੇ ਫੁਰਮਾਇਆ ਕਿ ਇਹ ਧਿਆਨ ਵਿਚ ਰੱਖਣ ਵਾਲੀ ਬਾਤ ਹੈ ਕਿ ਆਗਿਆ ਚੱਕਰ ਵਿਚ ਤਿੰਨ ਨਾੜੀਆਂ ਇੜਾ, ਪਿੰਗਲਾ, ਸੁਖਮਨਾ ਦਾ ਸੰਗਮ ਹੈ ਅਤੇ ਮਨ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਾਉਣ ਦਾ ਥਾਂ ਹੈ।

***ਇੜਾ ਪਿੰਗੁਲਾ ਅਉਰ ਸੁਖਮਨਾ***
***ਤੀਨਿ ਬਸਹਿ ਇਕ ਠਾਈ॥***
***ਬੇਣੀ ਸੰਗਮੁ ਤਹ ਪਿਰਾਗੁ***
***ਮਨੁ ਮਜਨੁ ਕਰੇ ਤਿਥਾਈ॥***
***ਸੰਤਹੁ ਤਹਾ ਨਿਰੰਜਨ ਰਾਮੁ ਹੈ॥***
***ਗੁਰ ਗਮਿ ਚੀਨੈ ਬਿਰਲਾ ਕੋਇ॥***
***ਤਹਾਂ ਨਿਰੰਜਨੁ ਰਮਈਆ ਹੋਇ॥***
***ਅੰਗ - 974***

ਇਨ੍ਹਾਂ ਤਿੰਨਾਂ ਨਾੜੀਆਂ ਵਿਚੋਂ ਦੋ ਤਾਂ ਸਹੰਸਰਾਰ ਦਲ ਕਮਲ ਵਲ ਨੂੰ ਤਾਰੇ, ਚੰਦ੍ਰਮਾ, ਸੂਰਜ ਅਤੇ

ਅਨੇਕ ਕਿਸਮ ਦੀਆਂ ਰੌਸ਼ਨੀਆਂ ਦਿਖਾਂਦੀਆਂ ਜਾਂਦੀਆਂ ਹਨ। ਇਸ ਥਾਂ ਦੇ ਉਤੇ ਨ੍ਰਿਤ ਪੈਦਾ ਹੁੰਦੀ ਹੈ ਜਿਹੜੀ ਅਭਿਆਸ ਸਮੇਂ ਅਨੇਕ ਕਿਸਮ ਦੇ ਨਜ਼ਾਰੇ ਦੇਖਦੀ ਹੈ ਅਤੇ ਜੋ ਸੁਰਤ ਹੈ ਉਹ ਅਨਹਦ ਸ਼ਬਦਾਂ ਦੀ ਧੁਨਕਾਰ ਸੁਣਦੀ ਹੈ। ਆਮ ਤੌਰ ਉਪਰ ਪੰਜ ਕਿਸਮ ਦੀਆਂ ਅਵਾਜ਼ਾਂ ਅਨਹਦ ਧੁਨ ਵਜੋਂ ਸੁਣੀਆਂ ਜਾਂਦੀਆਂ ਹਨ, ਪਰ ਜਿਉਂ-ਜਿਉਂ ਸੁਰਤ ਤਰੱਕੀ ਕਰਦੀ ਹੈ ਅਤੇ ਸੂਖਮ ਹੋ ਜਾਂਦੀ ਹੈ ਤਾਂ ਅਨੇਕ ਕਿਸਮ ਦੇ ਵਾਜਿਆਂ ਦੀ ਅਵਾਜ਼ ਤਾਰ ਘੋਰ ਬਾਜੰਤ੍ਰ ਦੀ ਅਵਾਜ਼ ਨਾਲ ਇਹ ਮੋਹਿਤ ਹੁੰਦੀ ਜਾਂਦੀ ਹੈ। ਪਰ ਤੀਸਰੀ ਨਾੜੀ ਵਿਚ ਕੁਝ ਵੀ ਨਹੀਂ ਹੈ, ਉਸ ਵਿਚ ਹਨ੍ਹੇਰਾ ਹੈ। ਪਰ ਕਈ ਵਾਰੀ ਸੁਰਤ ਬਿਨਾਂ ਅਨਹਦ ਸ਼ਬਦ ਸੁਣੇ ਅਤੇ ਨਿਰਤ ਬਿਨਾਂ ਰੌਸ਼ਨੀਆਂ ਦੇਖੇ ਇਸ ਨਾੜੀ ਰਾਹੀਂ ਉਪਰ ਚੜ੍ਹ ਜਾਇਆ ਕਰਦੀ ਹੈ। ਨਜ਼ਾਰੇ ਕਿਹੋ ਜਿਹੇ ਹਨ ਜਿਵੇਂ -

**ਕੰਵਲ -**

*ਜਿਨਾ ਬਾਤ ਕੋ ਬਹੁਤੁ ਅੰਦੇਸਰੋ*
*ਤੇ ਮਿਟੇ ਸਭਿ ਗਇਆ॥*
*ਸਹਜ ਸੈਨ ਅਰੁ ਸੁਖਮਨ ਨਾਰੀ*
*ਊਧ ਕਮਲ ਬਿਗਸਇਆ॥*

**ਅੰਗ** - 612

*ਊਂਧ ਕਵਲੁ ਜਿਸੁ ਹੋਇ ਪ੍ਰਗਾਸਾ*
*ਤਿਨਿ ਸਰਬ ਨਿਰੰਜਨੁ ਡੀਠਾ ਜੀਉ॥*

**ਅੰਗ** - 108

*ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ*
*ਪਰਗਾਸੁ ਭਇਆ ਕਉਲੁ ਖਿਲਿਆ॥*

**ਅੰਗ** - 249

ਕਮਲ ਪ੍ਰਗਾਸ ਹੋ ਗਿਆ ਤਾਂ ਫੁਰਮਾਨ ਹੈ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*

**ਅੰਗ** - 1291

ਮਨ ਟਿਕ ਜਾਂਦਾ ਹੈ ਅਤੇ ਫੁਰਨੇ ਬੰਦ ਹੋ ਜਾਂਦੇ ਹਨ, ਵਾਸ਼ਨਾ ਖੈ ਹੋ ਜਾਂਦੀ ਹੈ ਅਤੇ ਸਹਿਜ ਧਿਆਨ ਲਗ ਜਾਇਆ ਕਰਦਾ ਹੈ। ਖੁਲ੍ਹੀਆਂ ਅੱਖਾਂ ਨਾਲ ਭੀ ਆਪਣੇ ਧੇਅ ਦੇ ਦਰਸ਼ਨ ਬਾਹਰ ਵਾਰ ਕਰਦਾ ਹੈ -

*ਹਿਰਦੈ ਕਮਲੁ ਪ੍ਰਗਾਸਿਆ*
*ਲਾਗਾ ਸਹਜਿ ਧਿਆਨੁ॥*

**ਅੰਗ** - 26

**ਤਾਰੇ -**

*ਤਾਰਾ ਚੜਿਆ ਲੰਮਾ*
*ਕਿਉ ਨਦਰਿ ਨਿਹਾਲਿਆ ਰਾਮ॥*
*ਸੇਵਕ ਪੂਰ ਕਰੰਮਾ*
*ਸਤਿਗੁਰਿ ਸਬਦਿ ਦਿਖਾਲਿਆ ਰਾਮ॥*

**ਅੰਗ** - 1110

*ਰਤਨ ਕਮਲ ਕੋਠਰੀ॥*
*ਚਮਕਾਰ ਬੀਜੁਲ ਤਹੀ॥*
*ਨੇਰੈ ਨਾਹੀ ਦੂਰਿ॥*
*ਨਿਜ ਆਤਮੈ ਰਹਿਆ ਭਰਪੂਰਿ॥*

**ਅੰਗ** - 657

*ਬਿਜਲੀ ਚਮਕੈ ਹੋਇ ਅਨੰਦੁ॥*

**ਅੰਗ** - 1162

**ਚੰਦ -**

*ਚੰਦੋ ਦੀਪਾਇਆ ਦਾਨਿ ਹਰਿ ਕੈ*
*ਘਟਿ ਚਾਨਣਾ*
*ਤਨਿ ਚੰਦੁ ਦੀਪਾਇਆ॥*

**ਅੰਗ** - 765

*ਗੁਰ ਪਰਸਾਦਿ ਸਹਜ ਘਰੁ ਪਾਇਆ*
*ਮਿਟਿਆ ਅੰਧੇਰਾ ਚੰਦੁ ਚੜਿਆ॥*

**ਅੰਗ** - 393

*ਸੋਲਹ ਕਲਾ ਸੰਪੂਰਨ ਫਲਿਆ॥*

**ਅੰਗ** - 1081

**ਸੂਰਜ -**

*ਬਾਰਸਿ ਬਾਰਹ ਉਗਵੈ ਸੂਰ॥*

**ਅੰਗ** - 344

*ਕੋਟਿ ਸੂਰ ਜਾ ਕੈ ਪਰਗਾਸ॥*

**ਅੰਗ** - 1162

*ਪ੍ਰਗਟਿਆ ਸੂਰੁ ਜੋਤਿ ਉਜਿਆਰਾ॥*
**ਅੰਗ** - *737*

ਸੂਰਜ ਨਰਾਇਣ ਯਾਗ ਵਾਲਕ ਮੁਨੀ ਨੂੰ ਕਹਿੰਦੇ ਹਨ ਕਿ ਪਹਿਲੇ ਪਹਿਲ ਤਾਰਿਆਂ ਜੈਸਾ ਪ੍ਰਕਾਸ਼ ਦ੍ਰਿਸ਼ਟੀ ਪਵੇਗਾ, ਫੇਰ ਬਜਰ ਦਰਪਣ, ਫੇਰ ਚੰਦ੍ਰ ਮੰਡਲ ਜੈਸਾ, ਫੇਰ ਨਵ-ਰਤਨ ਜੈਸਾ, ਫੇਰ ਸਵੇਰ ਦੇ ਸੂਰਜ ਜੈਸਾ, ਫੇਰ ਅਗਨ ਮੰਡਲ ਸੁਫਟਿਕਾ ਜੈਸਾ, ਫੇਰ ਪਾਂਚ ਅਕਾਸ਼ ਨਜ਼ਰ ਆਉਂਦੇ ਹਨ।

ਇਸ ਦੇ ਨਾਲ ਹੀ ਪੰਜ ਤੱਤਾਂ ਦੀ ਆਵਾਜ਼, ਅਨਹਦ ਸ਼ਬਦ ਪੰਜ ਪ੍ਰਕਾਰ ਦੇ ਪ੍ਰਗਟ ਹੁੰਦੇ ਹਨ। ਜਿਵੇਂ-ਜਿਵੇਂ ਸੁਰਤ ਬਰੀਕ ਨਾੜੀਆਂ ਵਿਚੋਂ ਲੰਘਦੀ ਹੈ ਉਹਦੀਆਂ ਸੁਰੀਲੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ।

*ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ॥*
*ਤਿਨ ਮਹਿ ਪੰਚ ਤਤੁ ਘਰਿ ਵਾਸਾ॥*
**ਅੰਗ** - *1031*

*ਘੰਟਾ ਜਾ ਕਾ ਸੁਨੀਐ ਚਹੁ ਕੁੰਟ॥*
*ਆਸਨੁ ਜਾ ਕਾ ਸਦਾ ਬੈਕੁੰਠ॥*
**ਅੰਗ** - *393*

*ਮਨਸਾ ਮਾਰਿ ਮਨੈ ਮਹਿ ਰਾਖੈ*
*ਸਤਿਗੁਰ ਸਬਦਿ ਵੀਚਾਰੀ॥*
*ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ*
*ਘਟਿ ਜੋਤਿ ਤੁਮਾਰੀ॥*
**ਅੰਗ** - *907*

*ਕਰ ਕਰਿ ਤਾਲ ਪਖਾਵਜੁ ਨੈਨਹੁ*
*ਮਾਥੈ ਵਜਹਿ ਰਬਾਬਾ॥*
*ਕਰਨਹੁ ਮਧੁ ਬਾਸੁਰੀ ਬਾਜੈ*
*ਜਿਹਵਾ ਧੁਨਿ ਆਗਾਜਾ॥*
*ਨਿਰਤਿ ਕਰੇ ਕਰਿ ਮਨੂਆ ਨਾਚੈ*
*ਆਣੇ ਘੂਘਰ ਸਾਜਾ॥*
**ਅੰਗ** - *884*

*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ*
*ਤਹ ਖੰਡ ਮੰਡਲ ਹੈਰਾਨੁ॥* **ਅੰਗ**-*1291*

*ਪੰਚੇ ਸਬਦ ਅਨਾਹਦ*
*ਬਾਜੇ ਸੰਗੇ ਸਾਰਿੰਗਪਾਨੀ॥*
**ਅੰਗ** - *1350*

ਜਿਸਨੂੰ ਪੂਰਬ ਨਾਦ ਕਿਹਾ ਹੈ, ਉਹੀ ਸ਼ਬਦ ਹੈ। ਇਹ ਜੀਵ ਆਤਮਾ ਦੇ ਪਰਿਯਤਨ ਤੋਂ ਬਿਨਾਂ ਸਰੀਰ ਦੇ ਅੰਦਰ ਹੀ ਪ੍ਰਾਣ ਵਾਯੂ, ਅਕਾਸ਼ ਦੇ ਸਬੰਧ ਕਰਕੇ ਹੋਇਆ ਸ਼ਬਦ, ਅਨਹਦ ਨਾਦ ਕਹਾਉਂਦਾ ਹੈ, ਜੋ ਇਸ ਸਰੀਰ ਵਿਚ ਦਸ ਪ੍ਰਕਾਰ ਦਾ ਗਿਣਿਆ ਗਿਆ ਹੈ -

1. **ਕਿੰਗਰੀ** -

*ਮੋਹਿ ਗਇਆ ਬੈਰਾਗੀ ਜੋਗੀ*
*ਘਟਿ ਘਟਿ ਕਿੰਗੁਰੀ ਵਾਈ॥*
**ਅੰਗ** - *907*

*ਮਨੁ ਪਵਨੁ ਦੁਇ ਤੂੰਬਾ ਕਰੀ ਹੈ*
*ਜੁਗ ਜੁਗ ਸਾਰਦ ਸਾਜੀ॥*
*ਥਿਰੁ ਭਈ ਤੰਤੀ ਤੂਟਸਿ ਨਾਹੀ*
*ਅਨਹਦ ਕਿੰਗੁਰੀ ਬਾਜੀ॥*
**ਅੰਗ** - *334-35*

*ਘਟਿ ਘਟਿ ਵਾਜੈ*
*ਕਿੰਗੁਰੀ ਅਨਦਿਨੁ ਸਬਦਿ ਸੁਭਾਇ॥*
**ਅੰਗ** - *62*

2. **ਸਿੰਙੀ** -

*ਸਿੰਙੀ ਸੁਰਤਿ ਅਨਾਹਦਿ ਵਾਜੈ*
*ਘਟਿ ਘਟਿ ਜੋਤਿ ਤੁਮਾਰੀ॥*
**ਅੰਗ** - *907*

3. **ਭੇਰੀ** -

*ਅਨਹਤਾ ਸਬਦ ਵਾਜੰਤ ਭੇਰੀ॥*
**ਅੰਗ** - *663*

4. **ਤੂਰ** -

*ਸਗਲ ਮਨੋਰਥ ਪੂਰੇ॥*
*ਬਾਜੇ ਅਨਹਦ ਤੂਰੇ॥* **ਅੰਗ** - *629*

*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ*
*ਵਾਜੇ ਅਨਹਦ ਤੂਰੇ॥*
**ਅੰਗ** - *922*

*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥*
*ਵਾਜੇ ਤਾ ਕੈ ਅਨਹਦ ਤੂਰਾ॥*
*ਅੰਗ - 393*

5. **ਬੀਣਾ -**

*ਬੀਣਾ ਸਬਦੁ ਵਜਾਵੈ ਜੋਗੀ*
*ਦਰਸਨਿ ਰੂਪਿ ਅਪਾਰਾ॥*
*ਸਬਦਿ ਅਨਾਹਦਿ ਸੋ ਸਹੁ ਰਾਤਾ*
*ਨਾਨਕੁ ਕਹੈ ਵਿਚਾਰਾ॥*
*ਅੰਗ - 351*

*ਨਿਤ ਬਾਜੇ ਅਨਹਤ ਬੀਨਾ॥*
*ਅੰਗ - 622*

*ਤਉ ਅਨਹਦ ਬੇਣੁ*
*ਸਹਜ ਮਹਿ ਬਾਇ॥ ਅੰਗ - 344*

6. **ਏਕ ਸ਼ਬਦ -**

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ॥*
*ਅੰਗ - 795*

*ਸਾਖਾ ਤੀਨਿ ਨਿਵਾਰੀਆ*
*ਏਕ ਸਬਦਿ ਲਿਵ ਲਾਇ॥*
*ਅੰਗ - 66*

7. **ਨੀਸਾਣੁ -**

*ਮਿਲਉ ਗੁਪਾਲ ਨੀਸਾਨੁ ਬਜਾਈ॥*
*ਅੰਗ - 1164*

8. **ਗਰੜ ਸ਼ਬਦ -**

*ਗੁਰਮੁਖਿ ਗਾਰੜੂ ਜੇ ਸੁਣੇ*
*ਮੰਨੇ ਨਾਉ ਸੰਤੋਸੁ॥*
*ਅੰਗ - 1009*

*ਘਸ ਗਰੁੜ ਸਬਦ ਮੁਖਿ ਲੀਨਾ॥*
*ਗਉੜੀ ਮਹਲਾ 4*

*ਗੁਰ ਮੰਤ੍ਰ ਮੁਖਿ ਗਰੁੜਾਰੀ॥*
*ਰਾਗ ਸਾਰੰਗ*

*ਗਰੁੜ ਮੁਖਿ ਨਹੀ ਸਰਪ ਤ੍ਰਾਸ॥*
*ਅੰਗ - 987*

9. **ਘੰਟਾ -**

*ਘੰਟਾ ਜਾ ਕਾ ਸੁਨੀਐ ਚਹੁ ਕੁੰਟ॥*
*ਅੰਗ - 393*

10. **ਘੁੰਘਰੂ -**

*ਘੁੰਘਰੂ ਵਾਜੈ ਜੇ ਮਨੁ ਲਾਗੈ॥*
*ਤਉ ਜਮੁ ਕਹਾ ਕਰੇ ਮੋ ਸਿਉ ਆਗੈ॥*
*ਅੰਗ - 356*

*ਰਬਾਬੁ ਪਖਾਵਜ ਤਾਲ ਘੁੰਘਰੂ*
*ਅਨਹਦ ਸਬਦੁ ਵਜਾਵੈ॥*
*ਅੰਗ - 381*

11. **ਤੰਤੀ ਸ਼ਬਦ -**

*ਗੁਰਮੁਖਿ ਹੋਵਹਿ ਤਾ ਤੰਤੀ ਵਾਜੈ*
*ਇਨ ਬਿਧਿ ਤ੍ਰਿਸਨਾ ਖੰਡੀ॥*
*ਅੰਗ - 908*

12. **ਰੁਣ-ਝੁਣ -**

*ਅਨਹਦ ਰੁਣ ਝੁਣਕਾਰੁ ਸਦਾ ਧੁਨਿ*
*ਨਿਰਭਉ ਕੈ ਘਰਿ ਵਾਇਦਾ॥*
*ਅੰਗ - 1033*

13. **ਬਬੀਹਾ -**

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ*
*ਤਾਂ ਦਰਿ ਸੁਣੀ ਪੁਕਾਰ॥*
*ਅੰਗ - 1285*

ਪੰਜ ਪ੍ਰਕਾਰ ਦੇ ਜੋ ਸ਼ਬਦ ਹਨ ਉਨ੍ਹਾਂ ਦੇ ਨਾਮ ਤੰਤੀ, ਮ੍ਰਿਦੰਗ, ਘੰਟਾ, ਘਟਾ (ਬੱਦਲ), ਨਫੀਰੀ ਆਦਿਕ ਦੱਸੇ ਹਨ।

ਹੰਸ ਉਪਨਿਸ਼ਦ ਵਿਚ ਅਨਹਦ ਸ਼ਬਦਾਂ ਦਾ ਜਿਥੇ ਜ਼ਿਕਰ ਆਉਂਦਾ ਹੈ ਉਥੇ ਉਹ ਲਿਖਦੇ ਹਨ ਕਿ ਪਹਿਲਾ ਚਟਕਾ ਦਾ ਸ਼ਬਦ ਹੈ, ਜਿਸਨੂੰ ਸੁਣਨ ਨਾਲ ਰੋਮ ਖੜ੍ਹੇ ਹੋ ਜਾਂਦੇ ਹਨ। ਦੂਜਾ ਪੁੰਨ-ਪੁੰਨ, ਚੰਨ-ਚੰਨ ਦਾ ਸ਼ਬਦ ਹੁੰਦਾ ਹੈ, ਜਿਹਦੇ ਸੁਣਨ ਨਾਲ ਸਰੀਰ ਦੇ ਸਾਰੇ ਅੰਗ ਪ੍ਰਫੁਲਤ ਹੋ ਜਾਂਦੇ ਹਨ। ਤੀਜਾ ਘੰਟੇ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਮਨ, ਬੁੱਧੀ, ਚਿਤ ਵਿਚ ਪ੍ਰੇਮ ਪ੍ਰਗਟ ਹੁੰਦਾ ਹੈ। ਚੌਥਾ ਸੰਖ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਨਸ਼ੇ ਨਾਲ ਹੋਏ ਮਤਵਾਲੇ

ਪੁਰਸ਼ ਵਾਂਗੂੰ ਸਿਰ ਦਾ ਭ੍ਰਮਣ ਹੁੰਦਾ ਹੈ। ਪੰਜਵਾਂ ਵੀਣਾ ਦਾ ਸ਼ਬਦ ਹੈ ਜਿਸ ਉੱਤੇ ਬਿਰਤੀ ਇਕਾਗਰ ਕਰਕੇ ਸੁਣਨ ਨਾਲ ਬਹੁਤ ਹੀ ਅਨੰਦ ਆਉਂਦਾ ਹੈ ਅਤੇ ਬ੍ਰਹਮ ਰੁੰਦਰ (ਦਸਮ ਦੁਆਰ) ਵਿਚੋਂ ਅੰਮ੍ਰਿਤ ਝਰਦਾ ਪ੍ਰਤੀਤ ਦਿੰਦਾ ਹੈ। ਛੇਵਾਂ ਨਿਰਤਕਾਰੀ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਕੰਠ (ਗਲ) ਵਿਚ ਅੰਮ੍ਰਿਤ ਦਾ ਪਾਨ ਹੁੰਦਾ ਹੈ। ਜਦੋਂ ਬਿਰਤੀ ਬਹੁਤ ਹੀ ਸੂਖਸ਼ਮ ਹੋ ਜਾਵੇ ਤਾਂ ਬਹੁਤ ਹੀ ਮਿੱਠੀ ਅਵਾਜ਼ ਵਿਚ ਬੰਸਰੀ ਦਾ ਸ਼ਬਦ ਹੋਇਆ ਕਰਦਾ ਹੈ, ਜੋ ਸਰੀਰ ਦੇ ਰੋਮ-ਰੋਮ ਵਿਚ ਮਿਠਾਸ ਪੈਦਾ ਕਰ ਦਿੰਦਾ ਹੈ ਅਤੇ ਬਿਰਤੀ ਉਥਾਨ (ਜਾਗਣ) ਹੋਣ ਦਾ ਨਾਉਂ ਹੀ ਨਹੀਂ ਲੈਂਦੀ ਅਤੇ ਘੰਟਿਆਂ ਬੱਧੀ ਸਾਰਾ-ਸਾਰਾ ਦਿਨ, ਕਈ-ਕਈ ਦਿਨ ਇਸ ਮਿੱਠੀ ਧੁਨ ਦਾ ਮੋਹਿਆ ਹੋਇਆ ਮਨ ਫੁਰਨੇ ਰਹਿਤ ਹੋ ਕੇ ਮਸਤ ਹੋ ਜਾਇਆ ਕਰਦਾ ਹੈ। ਉਸਨੂੰ ਸੰਸਾਰ ਭੁੱਲ ਜਾਂਦਾ ਹੈ ਅਤੇ ਇਸ ਮਧੁਰ ਸ਼ਬਦ ਵਿਚ ਲੀਨ ਹੋਇਆ ਰਹਿੰਦਾ ਹੈ, ਇਸਦੇ ਸੁਣਨ ਨਾਲ ਸ਼ਕਤੀਆਂ ਆ ਜਾਇਆ ਕਰਦੀਆਂ ਹਨ, ਅਰਥਾਤ ਅੰਤਰਜਾਮਤਾ, ਦੂਰ ਦਾ ਸ਼ਬਦ ਸੁਣਨਾ, ਦੂਰ ਦੀ ਵਸਤੂ ਦਾ ਅੰਤਰ ਆਤਮੇ ਹੀ ਦੇਖਣਾ ਆਦਿ ਪ੍ਰਾਪਤ ਹੋ ਜਾਇਆ ਕਰਦਾ ਹੈ। ਅੱਠਵਾਂ ਪੁਖਾਵਜ ਦਾ ਸ਼ਬਦ ਹੈ ਜਿਸਦੇ ਵਿਚ ਲੀਨ ਹੋਇਆਂ ਹਰੇਕ ਸਰੀਰ ਦੇ ਅੰਦਰ ਜੋ ਨਾਦ ਚਲ ਰਿਹਾ ਹੈ ਜਾਂ ਜਿਸ ਨਾਦ ਨੂੰ ਅਭਿਆਸੀ ਆਪਣੇ ਅੰਦਰ ਸੁਣ ਰਿਹਾ ਹੈ ਉਸਨੂੰ ਸੁਣਨ ਅਤੇ ਉਸਦੇ ਫੁਰਨਿਆਂ ਨੂੰ ਸਮਝਣ ਦੀ ਸ਼ਕਤੀ ਆ ਜਾਇਆ ਕਰਦੀ ਹੈ। ਨੌਂਵਾਂ ਸ਼ਬਦ (ਐਨਰਜੀ) ਛੋਟੀ ਨਫੀਰੀ ਦਾ ਹੋਇਆ ਕਰਦਾ ਹੈ। ਇਹ ਸ਼ਬਦ ਬਹੁਤ ਹੀ ਮਿਹਨਤ ਕਰਿਆਂ ਤੋਂ ਸੁਣਨਾ ਸ਼ੁਰੂ ਹੁੰਦਾ ਹੈ, ਇਸ ਸ਼ਬਦ ਵਿਚ ਭਰਪੂਰ ਐਨਰਜੀ ਪ੍ਰਗਟ ਹੋ ਕੇ ਬਹੁਤ ਸ਼ਕਤੀਸ਼ਾਲ ਹੋ ਜਾਇਆ ਕਰਦੀ ਹੈ। ਸੂਖਮ ਅਤੇ ਅਸਥੂਲ ਸਰੀਰ ਰਾਹੀਂ ਜਿਥੇ ਵੀ ਜਾਣਾ ਹੋਵੇ ਜਾਂ ਜਿਥੇ ਵੀ ਇੱਛਾ ਹੋਵੇ ਉਥੇ ਪਹੁੰਚਣ ਦੀ ਸਮਰੱਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਉਸਦੇ ਰਸਤੇ ਵਿਚ ਪੈਦਲ ਚੱਲਿਆਂ ਵੱਡੇ-ਵੱਡੇ ਮਕਾਨ ਆ ਜਾਣ, ਵੱਡਾ ਦਰਿਆ ਆ ਜਾਵੇ ਤਾਂ ਉਹ ਇਕੋ ਕਦਮ ਨਾਲ ਪਾਰ ਹੋ ਜਾਇਆ ਕਰਦਾ ਹੈ। ਘਰਾਂ ਦੇ ਅੰਦਰ ਦਾਖਲ ਹੋ ਕੇ ਅਦ੍ਰਿਸ਼ਟ ਰਹਿੰਦਾ ਹੋਇਆ ਸਾਰੇ ਘਰਾਂ ਵਿਚ ਘੁੰਮ ਕੇ ਸਭ ਚੀਜ਼ਾਂ ਦਾ ਜਾਣੂ ਹੋ ਜਾਇਆ ਕਰਦਾ ਹੈ। ਦਸਵਾਂ ਮੇਘ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਬ੍ਰਹਮ ਦਾ ਸ਼ਾਖਸ਼ਾਤਕਾਰ ਹੋ ਕੇ ਬ੍ਰਹਮ ਰੂਪ ਹੀ ਹੋ ਜਾਇਆ ਕਰਦਾ ਹੈ। ਇਹ ਸਾਰੇ ਖਿਆਲ ਅਨੇਕ ਗ੍ਰੰਥਾਂ ਵਿਚ ਆਪੋ ਆਪਣੀ ਪਹੁੰਚ ਅਨੁਸਾਰ ਪ੍ਰਗਟ ਕੀਤੇ ਗਏ ਹਨ ਪ੍ਰੰਤੂ ਆਮ ਤੌਰ ਤੇ ਜਿਸਨੂੰ ਅਨਹਦ ਸ਼ਬਦ ਕਿਹਾ ਜਾਂਦਾ ਹੈ ਉਹ ਪੰਜਾਂ ਸ਼ਬਦਾਂ ਦਾ ਸਮੂੰਹ ਹੁੰਦਾ ਹੈ ਜਿਸ ਤਰ੍ਹਾਂ ਬਾਣੀ ਵਿਚ ਫੁਰਮਾਨ ਹੈ -

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ***
***ਖੰਡ ਮੰਡਲ ਹੈਰਾਨੁ॥***

***ਅੰਗ - 1291***

ਉਨ੍ਹਾਂ ਦੇ ਨਾਮ ਪਹਿਲਾ ਤੰਤੀ, ਦੂਜਾ ਮ੍ਰਿਦੰਗ, ਤੀਜਾ ਘੰਟਾ, ਚੌਥਾ ਘਟਾ (ਬੱਦਲ), ਪੰਜਵਾਂ ਨਫੀਰ ਆਦਿਕ। ਇਨ੍ਹਾਂ ਨੂੰ 1. ਤੱਤ, 2. ਵਿਤੁ 3. ਘਨ, 4. ਨਾਦ, 5. ਸ਼ਿਖਰ; ਇਹ ਪੰਜ ਕ੍ਰਮ ਨਾਲ ਇਨ੍ਹਾਂ ਦੇ ਨਾਮ ਹਨ।

***ਤਤ ਤੰਤੀ ਵਿਤੁ ਚਰਮ ਕਾ***
***ਘਨ ਕਾਂਸੀ ਕੋ ਜਾਨ ਨਾਦ॥***
***ਸਬਦ ਘਟ ਕੋ ਕਹੈ***
***ਸਵਾਸ ਸ਼ਿਖਰ ਪਹਿਚਾਨ॥***

ਸ਼ਬਦ ਅਕਾਸ਼ ਦਾ ਗੁਣ ਹੈ ਅਤੇ ਧੁਨ੍ਯਾਤਮਕ ਅਤੇ ਵਰੁਣਾਤਮਕ ਹੈ, ਦੋ ਭੇਦ ਹਨ। ਅਨਹਦ ਸ਼ਬਦ ਬਾਰੇ ਜੇ ਹੋਰ ਵਿਸਥਾਰ ਨਾਲ ਦੱਸਿਆ ਜਾਵੇ ਤਾਂ ਬਹੁਤ ਸਮਾਂ ਚਾਹੀਦਾ ਹੈ ਕਿਉਂਕਿ ਸਾਰੇ ਹੀ ਸ਼ਬਦ ਸੁਰਤ ਦੇ ਅਭਿਆਸੀ ਆਪੋ ਆਪਣੇ ਸਾਧਨਾਂ ਦਾ ਅਨੁਭਵ ਅਨੇਕ ਪ੍ਰਮਾਣ ਗ੍ਰੰਥਾਂ ਵਿਚ ਲਿਖਦੇ ਹਨ। ਇਸ ਦਾ ਤਾਤਪ੍ਰਜ ਇਹ ਹੈ ਕਿ ਅਭਿਆਸੀ ਇਨ੍ਹਾਂ ਸ਼ਬਦਾਂ ਦੇ ਅਨੁਮਾਨਾਂ ਵਿਚ ਨਾ ਪਵੇ ਸਗਮਾਂ ਸਹਿਜ ਨਾਲ ਚਿਤ ਇਕਾਗਰ ਕਰਕੇ ਆਪਣੇ-ਆਪ ਹੀ ਅਨਹਦ

ਨਾਦ ਦੀ ਗੂੰਜ਼ਾਰ ਪੈਣ ਲਗ ਜਾਇਆ ਕਰਦੀ ਹੈ। ਇਨ੍ਹਾਂ ਸ਼ਬਦਾਂ ਤੋਂ ਪਰ੍ਹੇ ਜੋ ਵਸਤੂ ਹੈ ਜਿਹੜੀ ਇਸਨੂੰ ਅਵਾਜ਼ ਦੇਣ ਦੀ ਸੱਤਾ ਦਿੰਦੀ ਹੈ ਉਹ ਸਰਬ ਚੇਤਨ, ਪਰਿਪੂਰਨ, ਸਭ ਦੀ ਪਿਆਰੀ, ਨਿਰਾ ਹੀ ਪਿਆਰ ਦਾ ਰੂਪ, ਸਤਿ ਚਿੱਤ ਅਨੰਦ; ਬ੍ਰਹਮ ਵਸਤੂ ਹੈ। ਜਿਹੜਾ ਇਨ੍ਹਾਂ ਸ਼ਬਦਾਂ ਦੇ ਅਨੁਭਵ ਕਰਦਾ ਹੋਇਆ ਉਸ ਬ੍ਰਹਮ ਵਸਤੂ ਦਾ ਅਨੁਭਵ ਕਰ ਲੈਂਦਾ ਹੈ ਉਸਦੇ ਸਾਰੇ ਸੰਸੇ ਖਤਮ ਹੋ ਜਾਂਦੇ ਹਨ। ਮਨ ਅਤਿ ਹੀ ਸੂਖਸ਼ਮ ਹੈ, ਇਸਦੀ ਸੂਖਮਤਾ ਦਾ ਕੋਈ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ। ਪਰ ਫਿਰ ਵੀ ਜੋ ਅਨੁਮਾਨ ਲਾਇਆ ਗਿਆ ਹੈ ਉਹ ਇਸ ਤਰ੍ਹਾਂ ਹੈ ਕਿ ਵਾਲ ਦੇ ਅਗਰ ਭਾਗ ਯਾਨਿ ਕਿ ਵਾਲ ਨੂੰ ਪਾੜ ਕੇ ਲਖ ਟੁਕੜੇ ਕਰ ਲਵੇ ਫੇਰ ਇਸਦੇ ਲਖਵੇਂ ਟੁਕੜੇ ਨੂੰ ਫੜ ਕੇ ਉਸਦੇ ਲਖ ਟੁਕੜੇ ਫੇਰ ਕਰ ਲਵੇ, ਫੇਰ ਜੋ ਬਾਕੀ ਬਚਦਾ ਹੈ, ਉਸ ਇਕ ਟੁਕੜੇ ਦਾ ਅੱਧਾ ਭਾਗ ਕਰ ਲਵੇ, ਇਹਦੇ ਬਰਾਬਰ ਮਨ ਦੀ ਸੂਖਮਤਾਈ ਹੈ। ਮਨ ਕਿਉਂਕਿ ਮਾਇਆ ਦੀ ਅੰਸ ਹੈ, ਪੰਜਾਂ ਤੱਤਾਂ ਤੋਂ ਇਸਦੀ ਉਪਜ ਹੈ, ਇਸ ਲਈ ਇਸਦਾ ਨਾਪ ਤੇ ਤੋਲ ਕਿਸੇ ਨਾ ਕਿਸੇ ਤਰ੍ਹਾਂ ਹੋ ਸਕਦਾ ਹੈ। ਐਨੇ ਸੂਖਸ਼ਮ ਮਨ ਨੂੰ ਖੈਜ (ਨਾਸ਼) ਕਰਕੇ ਹੀ ਨਿਰੰਜਨ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਸਭ ਜੀਵਾਂ ਵਿਚ ਇਸ ਤਰ੍ਹਾਂ ਰਹਿੰਦਾ ਹੈ ਜਿਵੇਂ ਫੁਲਾਂ ਵਿਚ ਸੁਗੰਧੀ ਰਹਿੰਦੀ ਹੈ ਅਤੇ ਦੁੱਧ ਵਿਚ ਘੀ (ਘਿਰਤ), ਤਿਲਾਂ ਵਿਚ ਤੇਲ, ਪੱਥਰਾਂ ਵਿਚ ਹੀਰਾ, ਜਵਾਹਰਾਤ ਤੇ ਸੋਨਾ ਰਹਿੰਦਾ ਹੈ, ਮਣੀਆਂ ਵਿਚ ਜਿਵੇਂ ਧਾਗਾ ਰਹਿੰਦਾ ਹੈ, ਇਵੇਂ ਹੀ ਸਾਰੇ ਦ੍ਰਿਸ਼ਟਮਾਨ ਵਿਚ ਸਰਬ ਭੂਤਾਂ ਵਿਚ ਆਤਮਾ ਰਹਿੰਦੀ ਹੈ। ਉਸ ਆਤਮਾ ਰੂਪ ਬ੍ਰਹਮ ਵਿਚ ਬ੍ਰਹਮ ਬੇਤਾ ਅਸਥਿਰ ਬੁੱਧ ਹੋ ਕੇ ਰਹਿੰਦਾ ਹੈ ਅਤੇ ਉਸਨੂੰ ਮੁਕਤ ਕਿਹਾ ਜਾਂਦਾ ਹੈ।

ਬਹੁਤ ਸਾਰੇ ਅੱਜਕਲ ਦੇ ਵਿਦਵਾਨ ਅਨੁਭਵ ਤੋਂ ਹੀਣੇ ਹੋਣ ਕਰਕੇ ਬੁੱਧੀ ਮੰਡਲ ਦੀ ਅੰਧਕਾਰਮਈ ਅਵਸਥਾ ਦੇ ਵਿਚ ਜਿਥੇ ਨਾ ਸ਼ਬਦ ਦੀ ਧੁਨ ਸੁਣਦੀ ਹੈ ਤੇ ਨਾ ਸ਼ਬਦ ਦਾ ਪ੍ਰਕਾਸ਼ ਹੁੰਦਾ ਹੈ, ਕਹਿ ਦਿੰਦੇ ਹਨ ਕਿ ਨਾ ਹੀ ਓਥੇ ਕੋਈ ਅਨਹਦ ਸ਼ਬਦ ਹੈ ਅਤੇ ਨਾ ਹੀ ਕੋਈ ਪ੍ਰਕਾਸ਼ ਹਨ; ਪਰ ਮਹਾਰਾਜ ਜੀ ਇਸਦੇ ਵਿਪਰੀਤ ਫੁਰਮਾਨ ਕਰਦੇ ਹਨ -

***ਸਹਜ ਗੁਫਾ ਮਹਿ ਆਸਣੁ ਬਾਧਿਆ॥***
***ਜੋਤਿ ਸਰੂਪ ਅਨਾਹਦੁ ਵਾਜਿਆ॥***
***ਅੰਗ - 370***

***ਅਨਹਦ ਧੁਨੀ ਮੇਰਾ ਮਨੁ ਮੋਹਿਓ***
***ਅਚਰਜ ਤਾ ਕੇ ਸ੍ਵਾਦ॥***
***ਅੰਗ - 1226***

***ਤਪਤਿ ਬੁਝੀ ਸੀਤਲ ਆਘਾਨੇ***
***ਸੁਨਿ ਅਨਹਦ ਬਿਸਮ ਭਏ ਬਿਸਮਾਦ॥***
***ਅੰਗ - 1218***

***ਦੇਵ ਸਥਾਨੈ ਕਿਆ ਨੀਸਾਣੀ॥***
***ਤਹ ਬਾਜੇ ਸਬਦ ਅਨਾਹਦ ਬਾਣੀ॥***
***ਅੰਗ - 974***

***ਪੰਚ ਸਬਦ ਤਹ ਪੂਰਨ ਨਾਦ॥***
***ਅਨਹਦ ਬਾਜੇ ਅਚਰਜ ਬਿਸਮਾਦ॥***
***ਅੰਗ - 888***

***ਅਨਹਤ ਬਾਣੀ ਥਾਨੁ ਨਿਰਾਲਾ॥***
***ਤਾ ਕੀ ਧੁਨਿ ਮੋਹੇ ਗੋਪਾਲਾ॥***
***ਅੰਗ - 186***

ਆਤਮ ਗਿਆਨ ਨਾਲ ਮੁਕਤੀ ਮਿਲਦੀ ਹੈ ਪਰ ਆਤਮ ਗਿਆਨ ਘਾਲ ਕਮਾਈ ਕੀਤੇ ਬਿਨਾਂ ਬੁੱਧੀ ਮੰਡਲ ਦੀ ਕਲਪਨਾ ਨਾਲ ਕਦੇ ਵੀ ਨਹੀਂ ਹੋਇਆ ਕਰਦਾ। ਯੋਗ ਅਗਨੀ ਸਾਰੇ ਪਾਪਾਂ ਦਾ ਛੇਤੀਂ ਹੀ ਨਾਸ਼ ਕਰ ਦਿੰਦੀ ਹੈ ਅਤੇ ਨਿਰਮਲ ਹੋਏ ਅੰਤਸ਼ਕਰਣ ਵਿਚ ਗਿਆਨ ਦਾ ਪ੍ਰਕਾਸ਼ ਡਲ੍ਹਕਾਂ ਮਾਰਦਾ ਹੈ। ਸਾਧਨਾ ਦੇ ਬਲ ਨਾਲ ਨਿਰੁਧ ਕੀਤਾ ਹੋਇਆ ਮਨ ਸੰਸਾਰ ਦੇ ਵਿਸ਼ਿਆਂ ਵਿਚ ਦੌੜੇ ਬਿਨਾਂ ਜਦੋਂ ਲੀਨ ਹੋ ਜਾਂਦਾ ਹੈ, ਉਹ ਮੁਕਤ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਜਦੋਂ ਮਨ ਸੀਤਲ ਹੋ ਜਾਂਦਾ ਹੈ, ਜਗਤ ਵੀ ਸੀਤਲ ਹੋ ਜਾਂਦਾ ਹੈ। ਆਸਾ, ਤ੍ਰਿਸ਼ਨਾ ਦੇ ਵਿਚ ਤਪੇ ਲੋਕਾਂ ਨੂੰ ਜਗਤ ਅੱਗ ਵਰਗਾ ਪ੍ਰਤੀਤ ਹੁੰਦਾ

ਹੈ। ਜਦੋਂ ਮਨ ਉਨਮਨ ਹੋ ਗਿਆ ਤਾਂ ਇਹੀ ਜਗਤ ਬ੍ਰਹਮ ਰੂਪ ਹੋ ਕੇ ਭਾਸਦਾ ਪ੍ਰਮ ਸੀਤਲ ਪ੍ਰਤੀਤ ਦਿੰਦਾ ਹੈ।

ਉਪਰ ਲਿਖਿਆ ਜੋ ਅਨਹਦ ਸ਼ਬਦਾਂ ਦਾ ਵਰਨਣ ਕੀਤਾ ਹੈ ਇਹ ਘਾਲ ਕਮਾਈ ਦਾ ਬਹੁਤ ਕਠਿਨ ਮਾਰਗ ਹੈ। ਸਹਿਜ ਅਵਸਥਾ ਦੀ ਪ੍ਰਾਪਤੀ ਗੱਲਾਂ ਨਾਲ ਨਹੀਂ ਹੋਇਆ ਕਰਦੀ, ਇਹਦੇ ਵਿਚ ਬਹੁਤ ਜ਼ਰੂਰੀ ਅਭਿਆਸ ਦੀ ਲੋੜ ਹੈ -

*ਕਬੀਰ ਮੁਕਤਿ ਦੁਆਰਾ ਸੰਕੁਰਾ*
*ਰਾਈ ਦਸਏਂ ਭਾਇ॥*
*ਮਨੁ ਤਉ ਮੈਗਲੁ ਹੋਇ ਰਹਿਓ*
*ਨਿਕਸੋ ਕਿਉ ਕੈ ਜਾਇ॥*

*ਅੰਗ - 1367*

ਪਰ ਜੇ ਸਮਰੱਥ ਗੁਰੂ ਦੀ ਕ੍ਰਿਪਾ ਹੋ ਜਾਵੇ ਅਤੇ ਉਸਦੀ ਪ੍ਰਸੰਨਤਾ ਦੀ ਲਹਿਰ ਨਾਲ ਸੰਪਰਕ ਹੋ ਜਾਵੇ ਤਾਂ ਸਹਿਜੇ ਹੀ ਇਹ ਸਾਰੀਆਂ ਅਵਸਥਾਵਾਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ -

*ਕਬੀਰ ਐਸਾ ਸਤਿਗੁਰੁ ਜੇ ਮਿਲੈ*
*ਤੁਠਾ ਕਰੇ ਪਸਾਉ॥*
*ਮੁਕਤਿ ਦੁਆਰਾ ਮੋਕਲਾ*
*ਸਹਜੇ ਆਵਉ ਜਾਉ॥*

*ਅੰਗ - 1367*

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਤ੍ਰਿਕੁਟੀ, ਜਿਥੇ ਤਿੰਨ ਨਾੜੀਆਂ ਇਕੱਠੀਆਂ ਹੁੰਦੀਆਂ ਹਨ, ਜਿਸਨੂੰ ਗੁਰਬਾਣੀ ਵਿਚ 'ਤ੍ਰਿਵੇਣੀ' ਵੀ ਕਿਹਾ ਗਿਆ ਹੈ, ਉਥੇ ਬਹੁਤ ਦੇਰ ਤਕ ਇਕਾਗਰ ਚਿਤ ਹੋ ਕੇ, ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਅਭਿਆਸ ਕਰਨਾ ਪੈਂਦਾ ਹੈ ਕਿਉਂਕਿ ਉਥੇ ਜੋ ਅੰਤ੍ਰੀਵ ਬਜਰ ਕਪਾਟ ਜੜੇ ਹੋਏ ਹਨ, ਜਿਨ੍ਹਾਂ ਬਾਰੇ ਫੁਰਮਾਨ ਹੈ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*

*ਅੰਗ - 1033*

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥*

*ਅੰਗ - 954*

*ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ*
*ਤਾ ਮਨੁ ਖੀਵਾ ਭਾਈ॥*

*ਅੰਗ - 1123*

ਹੋਰ ਗੁਰਬਾਣੀ ਦਾ ਫੁਰਮਾਨ ਹੈ ਕਿ ਧਿਆਤਾ, ਧਿਆਨ, ਧੇਅ ਅਤੇ ਗਿਆਤਾ, ਗਿਆਨ, ਗੇਅ ਦੀਆਂ ਦੋਵੇਂ ਤ੍ਰਿਕੁਟੀਆਂ ਛੁਟਣ ਨਾਲ ਨਿਜ ਘਰ ਵਿਚ ਵਾਸਾ ਹੋ ਜਾਇਆ ਕਰਦਾ ਹੈ -

*ਕਾਚੀ ਮਟੁਕੀ ਬਿਨਸਿ ਬਿਨਾਸਾ॥*
*ਜਿਸੁ ਛੂਟੈ ਤ੍ਰਿਕੁਟੀ*
*ਤਿਸੁ ਨਿਜ ਘਰਿ ਵਾਸਾ॥*

*ਅੰਗ - 374*

ਤ੍ਰਿਕੁਟੀ ਤੋਂ ਅੱਗੇ ਦਸਵਾ ਦੁਆਰ ਹੈ। ਉਥੇ ਦੀ ਲੀਲ੍ਹਾ ਅਚਰਜ ਹੈ ਜੋ ਦੱਸਣ ਤੇ ਲਿਖਣ ਵਿਚ ਨਹੀਂ ਆਉਂਦੀ, ਕੇਵਲ ਅਨੁਭਵ ਕੀਤੀ ਜਾ ਸਕਦੀ ਹੈ।

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ॥*

*ਪੰਨਾ - 922*

*ਦਸਮ ਦੁਆਰਾ ਅਗਮ ਅਪਾਰਾ*
*ਪਰਮ ਪੁਰਖ ਕੀ ਘਾਟੀ॥*
*ਊਪਰਿ ਹਾਟੁ ਹਾਟ ਪਰਿ ਆਲਾ*
*ਆਲੇ ਭੀਤਰਿ ਥਾਤੀ॥ ਅੰਗ - 974*

***ਪਸਚਮ ਦੁਆਰੇ ਕੀ ਸਿਲ ਓੜ॥***
***ਤਿਹ ਸਿਲ ਊਪਰਿ ਖਿੜਕੀ ਅਉਰ॥***
***ਖਿੜਕੀ ਊਪਰਿ ਦਸਵਾ ਦੁਆਰੁ॥***
***ਕਹਿ ਕਬੀਰ ਤਾ ਕਾ ਅੰਤੁ ਨ ਪਾਰੁ॥***
***ਅੰਗ - 1159***

ਦਸਵੇਂ ਦੁਆਰੇ ਤੋਂ ਅੱਗੇ ਸੁੰਨ ਮੰਡਲ ਹੈ ਜਿਸ ਥਾਂ ਪੁਜੀ ਹੋਈ ਰੂਹ ਪ੍ਰਮੇਸ਼ਰ ਦਾ ਰੂਪ ਬਣਦੀ ਹੈ –

***ਸੁੰਨੋ ਸੁੰਨੁ ਕਹੈ ਸਭੁ ਕੋਈ॥***
***ਅਨਹਤ ਸੁੰਨੁ ਕਹਾ ਤੇ ਹੋਈ॥***
***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸ ਹੀ ਜੈਸੇ॥***
***ਓਇ ਜਨਮਿ ਨ ਮਰਹਿ***
***ਨ ਆਵਹਿ ਜਾਹਿ॥***
***ਨਾਨਕ ਗੁਰਮੁਖਿ ਮਨੁ ਸਮਝਾਹਿ॥***
***ਅੰਗ - 943***

***ਸੁੰਨ ਸਮਾਧਿ ਗੁਫਾ ਤਹ ਆਸਨੁ॥***
***ਕੇਵਲ ਬ੍ਰਹਮ ਪੂਰਨ ਤਹ ਬਾਸਨੁ॥***
***ਅੰਗ - 894***

ਸੁੰਨ ਮੰਡਲ ਤੋਂ ਅੱਗੇ ਜਦੋਂ ਰੂਹ ਪਹੁੰਚਦੀ ਹੈ ਤਾਂ ਉਹ ਪ੍ਰਮ ਨਿਰਮਲ ਹੋ ਕੇ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ ਅਤੇ ਮਾਇਆ ਦੇ ਤਿੰਨਾਂ ਗੁਣਾਂ, ਤਿੰਨਾਂ ਸਰੀਰਾਂ, ਚਾਰੇ ਬਾਣੀਆਂ ਹੋਰ ਸਾਰੇ ਪ੍ਰਪੰਚਾਂ ਤੋਂ ਨਿਆਰੀ ਹੋ ਕੇ ਪ੍ਰਭੂ ਵਿਚ ਐਉਂ ਮਿਲ ਜਾਂਦੀ ਹੈ ਜਿਵੇਂ ਪਾਣੀ ਵਿਚ ਪਾਣੀ ਮਿਲਦਾ ਹੈ –

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ॥***
***ਨਾਨਕ ਪ੍ਰਭ ਕੈ ਸਦ ਕੁਰਬਾਨ॥***
***ਅੰਗ - 278***

***ਤੀਨਿ ਬਿਆਪਹਿ ਜਗਤ ਕਉ***
***ਤੁਰੀਆ ਪਾਵੈ ਕੋਇ॥***
***ਨਾਨਕ ਸੰਤ ਨਿਰਮਲ ਭਏ***
***ਜਿਨ ਮਨਿ ਵਸਿਆ ਸੋਇ॥***
***ਅੰਗ - 297***

ਇਸ ਅਵਸਥਾ ਵਿਚ ਪੁੱਗੀ ਹੋਈ ਪਰਵਾਣ ਆਤਮਾ ਨੂੰ 'ਸੰਤ' ਕਿਹਾ ਜਾਂਦਾ ਹੈ। ਸੰਤ ਦਾ ਦਰਜਾ ਇਸ ਤੋਂ ਹੇਠਾਂ ਬਿਲਕੁਲ ਨਹੀਂ ਹੈ। ਭੇਖਧਾਰੀ, ਅਗਿਆਨੀ ਪੁਰਸ਼ ਆਪਣੇ ਆਪ ਨੂੰ ਅੰਧ ਅਵਸਥਾ ਵਿਚ ਰਹਿੰਦਿਆਂ ਹੋਇਆਂ ਭੀ ਸੰਤ ਅਖਵਾਉਣ ਲਗ ਜਾਂਦੇ ਹਨ ਅਤੇ ਆਪ ਵੀ ਡੁੱਬਦੇ ਹਨ, ਜਿਹੜੇ ਇਨ੍ਹਾਂ ਦੇ ਪਿੱਛੇ ਲਗਦੇ ਹਨ ਉਹ ਵੀ ਡੁੱਬ ਜਾਇਆ ਕਰਦੇ ਹਨ। ਸੰਤ ਤੇ ਅਨੰਤ ਵਿਚ ਕੋਈ ਵੀ ਅੰਤਰ ਨਹੀਂ ਹੋਇਆ ਕਰਦਾ। ਇਉਂ ਕਹੋ ਕਿ ਉਹ ਦੇਖਣਹਾਰ ਸਰੀਰ; ਜਿਸਦਾ ਕੋਈ ਨਾਮ ਹੈ, ਜਿਸ ਵਿਚ ਕੋਈ ਵਸਦਾ ਸੀ, ਉਹ ਪੂਰੀ ਤਰ੍ਹਾਂ ਨਾਲ ਫਨਾਹ ਹੋ ਕੇ ਉਸ ਵਿਚ ਕੇਵਲ ਵਾਹਿਗੁਰੂ ਜੀ ਹੀ ਰਹਿੰਦੇ ਹਨ। ਵਾਹਿਗੁਰੂ ਜੀ ਰਹਿੰਦੇ ਤਾਂ ਪਹਿਲਾਂ ਵੀ ਸੀ ਪਰ ਪਰਛਾਵਾਂ ਰੂਪ ਅਗਿਆਨਮਈ ਜੀਵ ਆਪਣੇ ਆਪ ਨੂੰ ਉਸ ਪਾਰਬ੍ਰਹਮ ਤੋਂ ਵੱਖਰਾ ਕਰਕੇ ਉਸ ਪ੍ਰਮ ਬ੍ਰਹਮ ਨਾਲੋਂ ਟੁੱਟਿਆ ਹੋਇਆ ਸੀ। ਜਦੋਂ ਅਭਿਆਸ ਰਾਹੀਂ ਕਰੜੀ ਘਾਲ ਕਮਾਈ ਕੀਤੀ ਜਿਵੇਂ ਕਿ –

***ਰੇਤ ਅੱਕ ਆਹਾਰ ਕਰਿ, ਰੋੜਾਂ ਕੀ***
***ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪਸਿਆ, ਬਡੇ ਭਾਗ ਹਰਿ***
***ਸਿਉਂ ਬਣਿ ਆਈ॥***
***ਭਾਈ ਗੁਰਦਾਸ ਜੀ, ਵਾਰ 1/24***

ਤਾਂ ਆਪਾ ਫਨਾਹ ਕਰਕੇ, ਫਿਨਾਹ-ਫਿਲਾ ਅਵਸਥਾ ਵਿਚ ਹੋ ਕੇ ਆਪਣਾ ਆਪ ਮਿਟਣ ਤੇ, ਵਾਹਿਗੁਰੂ ਹੀ ਰਹਿ ਗਿਆ। ਅਖੀਰ ਵਿਚ ਸਚਖੰਡ ਦੇ ਮੰਡਲ ਦਾ ਅਨੁਭਵ ਹੋਇਆ ਕਰਦਾ ਹੈ। ਉਸ ਥਾਂ ਦਾ ਨਿਰਾਲਾ ਵਾਤਾਵਰਣ ਹੈ ਜਿਵੇਂ ਸ੍ਰੀ ਜਪੁਜੀ ਸਾਹਿਬ ਵਿਚ ਉਸ ਅਵਸਥਾ ਦੀ ਕੁਝ ਲੀਲ੍ਹਾ ਵਰਣਨ ਹੈ –

***ਸਚ ਖੰਡਿ ਵਸੈ ਨਿਰੰਕਾਰੁ॥***
***ਕਰਿ ਕਰਿ ਵੇਖੈ ਨਦਰਿ ਨਿਹਾਲ॥***
***ਤਿਥੈ ਖੰਡ ਮੰਡਲ ਵਰਭੰਡ॥***
***ਜੇ ਕੋ ਕਥੈ ਤ ਅੰਤ ਨ ਅੰਤ॥***
***ਤਿਥੈ ਲੋਅ ਲੋਅ ਆਕਾਰ॥***
***ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥***
***ਵੇਖੈ ਵਿਗਸੈ ਕਰਿ ਵੀਚਾਰੁ॥***
***ਨਾਨਕ ਕਥਨਾ ਕਰੜਾ ਸਾਰੁ॥***
***ਅੰਗ - 8***

ਗੁਰੂ ਜੀ ਦਸਦੇ ਹਨ ਕਿ ਉਥੇ ਦੇ ਮਾਹੌਲ ਬਾਰੇ ਕੁਝ ਕਹਿਣਾ ਅਤਿ ਮੁਸ਼ਕਲ ਹੈ, ਬੇਅੰਤ ਪੀਰ, ਪੈਗੰਬਰ, ਅਉਲੀਏ ਹੱਥ ਜੋੜੀਂ ਖੜ੍ਹੇ ਹਨ ਅਤੇ ਉਸ ਅਬਿਨਾਸੀ, ਅਗਮ-ਅਗੋਚਰ ਪਾਰਬ੍ਰਹਮ

ਦੇ ਹੁਕਮ ਦਾ ਇੰਤਜ਼ਾਰ ਕਰ ਰਹੇ ਹਨ।

*ਜਿਤੁ ਦਰਿ ਲਖ ਮੁਹੰਮਦਾ*
*ਲਖ ਬ੍ਰਹਮੇ ਬਿਸਨ ਮਹੇਸ॥*
*ਲਖ ਲਖ ਰਾਮ ਵਡੀਰੀਅਹਿ*
*ਲਖ ਰਾਹੀ ਲਖ ਵੇਸ॥*
*ਲਖ ਲਖ ਓਥੈ ਗੋਰਖਾ ਲਖ*
*ਲਖ ਨਾਥਾ ਨਾਥ॥*
*ਲਖ ਲਖ ਓਥੈ ਆਸਣਾ*
*ਗੁਰ ਚੇਲੇ ਰਹਿਰਾਸ॥*
*ਲਖ ਲਖ ਦੇਵੀ ਦੇਵਤੇ*
*ਲਖ ਦਾਨੋਂ ਲਖ ਨਿਵਾਸ॥*
*ਲਖ ਪੀਰ ਪੈਗੰਬਰ ਅਉਲੀਏ*
*ਲਖ ਕਾਜ਼ੀ ਮੁਲਾ ਸੇਖ॥*
*ਕਿਸ ਹੀ ਸਾਂਤਿ ਨ ਆਈਆ*
*ਬਿਨੁ ਸਤਿਗੁਰ ਕੇ ਉਪਦੇਸ॥*
*ਸਾਧਕ ਸਿਧ ਅਗਨਤ ਹੈ*
*ਕੇਤੇ ਲਖ ਅਪਾਰ॥*
*ਏਤੜਿਆ ਅਪਵਿਤ ਹੈ*
*ਬਿਨ ਸਤਿਗੂਰ ਕੇ ਸਬਦ ਬੀਚਾਰ॥*
*ਸਿਰ ਨਾਥਾ ਕੈ ਇਕ ਨਾਥ*
*ਸਤਿਨਾਮ ਕਰਤਾਰ॥*
*ਨਾਨਕ ਤਾਕੀ ਕੀਮਤ ਨ ਪਵੈ*
*ਬੇਅੰਤ ਬੇਸੁਮਾਰ॥*

ਸੰਤ ਜੋ ਵੀ ਬਚਨ ਕਹਿੰਦੇ ਹਨ, ਉਹ ਨਾ ਹੀ ਕਿਤੋਂ ਪੜ੍ਹ ਕੇ ਕਹਿੰਦੇ ਹਨ, ਨਾ ਹੀ ਕਿਤੋਂ ਸੁਣ ਕੇ; ਉਹ ਤਾਂ ਪ੍ਰਤੱਖ ਸਾਰੇ ਦ੍ਰਿਸ਼ ਦੇਖ ਕੇ, ਦੁਨੀਆਂ ਦੇ ਉਧਾਰ ਲਈ, ਆਪਣੇ ਤਜਰਬੇ ਅਨੁਸਾਰ ਬੋਲਿਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ –

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*

*ਅੰਗ – 894*

ਸੰਤ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਅਵਸਥਾ ਨੂੰ ਪ੍ਰਾਪਤ ਕਰਕੇ ਸਾਰੇ ਸੰਤ ਚੁੱਪ ਹੋ ਗਏ ਅਤੇ ਮੈਂ ਵੀ ਚੁਪ ਹੋ ਰਿਹਾ ਹਾਂ ਕਿਉਂਕਿ ਐਨੀ ਵੱਡੀ ਗਤੀ ਸੰਤ ਅਤੇ ਫਕੀਰ, ਦਰਵੇਸ਼ ਦੀ ਹੈ, ਸਾਧੂ ਦੀ ਹੈ, ਬ੍ਰਹਮਗਿਆਨੀ ਦੀ ਹੈ ਅਤੇ ਇਸਦੀ ਮਹਿਮਾਂ ਨੂੰ ਵੇਦ ਵੀ ਨਹੀਂ ਜਾਣਦੇ –

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*

*ਅੰਗ – 272*

ਐਸੀਆਂ ਅਵਸਥਾਵਾਂ ਸੰਤਾਂ ਅਤੇ ਪੂਰਨ ਫਕੀਰਾਂ, ਸਾਧੂਆਂ, ਆਰਫਾਂ, ਤੱਤ ਬੇਤਿਆਂ, ਬ੍ਰਹਮਗਿਆਨੀਆਂ ਦੀ ਕ੍ਰਿਪਾ ਨਾਲ ਹੀ ਪੂਰਨ ਵਿਸ਼ਵਾਸ਼ ਵਾਲੇ ਜਗਿਆਸੂਆਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਇਨ੍ਹਾਂ ਬਚਨਾਂ ਉਪਰ ਭਾਗਹੀਣੇ ਵਿਸ਼ਵਾਸ਼ ਕਰ ਹੀ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੇ ਭਾਗਾਂ ਵਿਚ ਅਜਿਹਾ ਕਰਨਾ ਪ੍ਰਾਪਤ ਨਹੀਂ ਹੈ। ਇਹ ਬਚਨ ਅਸੀਂ ਆਪ ਦੀ ਸ਼ਰਧਾ ਦੇਖ ਕੇ ਕਰ ਦਿਤੇ ਹਨ, ਤੁਸੀਂ ਚਾਹੇ ਕਿਸੇ ਵੀ ਸੰਪਰਦਾ ਨਾਲ ਸਬੰਧ ਰਖਦੇ ਹੋਂ, ਇਹ ਬਚਨ ਸਾਰੇ ਮਹਾਂਪੁਰਸ਼ਾਂ ਦੇ ਤੱਤ ਬਚਨ ਹੋਇਆ ਕਰਦੇ ਹਨ। ਜੋ ਵੀ ਇਨ੍ਹਾਂ ਬਚਨਾਂ ਦੇ ਉਤੇ ਅਮਲ ਕਰੇਗਾ, ਉਹੀ ਜੀਵਨ ਮੁਕਤ ਦੀ ਅਵਸਥਾ ਨੂੰ ਪ੍ਰਾਪਤ ਹੋ ਜਾਵੇਗਾ।

ਖਰੜ ਗਿਆਨੀ ਯਾਨਿ ਕਿ ਮੁਖ ਗਿਆਨੀ ਇਸਦੇ ਭਾਵਾਂ ਨੂੰ ਕਿਸੇ ਤਰ੍ਹਾਂ ਵੀ ਅਨੁਭਵ ਨਹੀਂ ਕਰ ਸਕਦਾ। ਉਹ ਕੇਵਲ ਸੁਣੀਆਂ-ਸੁਣਾਈਆਂ ਗੱਲਾਂ ਨੂੰ ਕੰਠ ਕਰਕੇ ਲੋਕਾਂ ਨੂੰ ਸੁਣਾ ਕੇ ਆਪਣੀ ਉਪਜੀਵਕਾ ਦੀ ਪ੍ਰਾਪਤੀ ਹੀ ਕਰੇਗਾ। ਸੋ ਐਸੇ ਬਚਨ ਕਰਨ ਤੋਂ ਬਾਦ ਮਹਾਂਪੁਰਸ਼ਾਂ ਨੇ ਫਤਹਿ ਬੁਲਾਂਦਿਆਂ ਕਿਹਾ – ***'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।'*** ਸਾਰੀ ਸੰਗਤਾਂ ਨੇ ਸ਼ਰਧਾ ਵਿਚ ਆ ਕੇ ਸ਼ਰਧਾ ਵਜੋਂ ਨਮਸਕਾਰ ਕਰਕੇ ਮਹਾਂਪੁਰਸ਼ਾਂ ਦਾ ਅਤੀ ਧੰਨਵਾਦ ਕੀਤਾ ਅਤੇ ਬਿਨਾਂ ਇਕ ਦੂਜੇ ਨਾਲ ਗੱਲਬਾਤ ਕੀਤੇ ਸਾਰੇ ਇਸ ਮਹਾਨ ਰਸ ਭਰੇ ਵਾਤਾਵਰਨ ਵਿਚੋਂ ਆਪੋ ਆਪਣੇ ਕਾਰਜਾਂ ਲਈ ਚਲੇ ਗਏ।

**(ਇਹ ਬਚਨ advanced ਜਗਿਆਸੂਆਂ ਲਈ ਹਨ, ਉਹ ਇਹਨਾਂ ਦਾ ਬਾਰ-ਬਾਰ ਅਧਿਐਨ ਕਰਕੇ ਪ੍ਰੇਰਨਾ ਲੈਣ ਦੀ ਖੇਚਲ ਕਰਦੇ ਰਹਿਣ।)**

*(ਚੇਅਰਮੈਨ – 'ਆਤਮ ਮਾਰਗ)*

# ਸੰਤ ਬਚਨ
## (ਭਾਗ ਦੂਜਾ)

1961 ਵਿਚ ਚੰਡੀਗੜ੍ਹ ਦੀਵਾਨ ਲਗੇ ਉਨ੍ਹਾਂ ਵਿਚ ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ) ਦੇ ਅਗਾਧ ਬੋਧ ਬਚਨ ਸੁਣਨ ਵਾਸਤੇ ਕੁਰਸੀ ਸਮੇਂ ਬਹੁਤ ਇਕੱਠ ਹੋ ਜਾਇਆ ਕਰਦਾ ਸੀ। ਸੰਤ ਮਹਾਰਾਜ ਇਕ ਘੰਟਾ ਉਤਮ ਜਗਿਆਸੂਆਂ ਦੇ ਭਲੇ ਲਈ ਆਪਣਾ ਅਤਿ ਕੀਮਤੀ ਸਮਾਂ ਦਿਆ ਕਰਦੇ ਸਨ ਅਤੇ ਕੁਰਸੀ ਉਤੇ ਬਿਰਾਜਮਾਨ ਹੋ ਕੇ ਜਗਿਆਸੂਆਂ ਦੇ ਵਿਚ ਬੈਠ ਕੇ ਉਨ੍ਹਾਂ ਨੂੰ ਅਧਿਆਤਮਕ ਬਚਨ ਸੁਣਾਇਆ ਕਰਦੇ ਸਨ। ਸਰੋਤਿਆਂ ਵਿਚ ਹਿੰਦੂ ਵੀਰ, ਰਾਧਾ ਸੁਆਮੀ ਵੀਰ, ਅਨੇਕਾਂ ਹੀ ਮਹਾਤਮਾਵਾਂ ਦੇ ਅਧਿਆਤਮਕ ਮਾਰਗ ਦੇ ਰਾਹ ਚਲਣ ਵਾਲੇ ਪ੍ਰੇਮੀ ਇਕੱਠੇ ਹੋ ਜਾਇਆ ਕਰਦੇ ਸਨ। ਸਾਰਿਆਂ ਦਾ ਇਹ ਵਿਸ਼ਵਾਸ਼ ਸੀ ਕਿ –

***ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥***
***ਏਹੁ ਨਿਧਾਨਾ ਸਾਧੂ ਪਾਹਿ॥***
***ਅੰਗ – 888***

ਇਸ ਵਿਸ਼ਵਾਸ਼ ਅਧੀਨ ਰੂਹਾਨੀ ਮੰਜ਼ਲਾਂ ਦੇ ਭਉਰੇ ਇਕੱਠੇ ਹੋ ਜਾਇਆ ਕਰਦੇ ਸਨ। ਉਨ੍ਹਾਂ ਦੇ ਮਨ ਵਿਚ ਇਹ ਭਾਵਨਾ ਹੁੰਦੀ ਸੀ –

***ਨਾਨਕ ਗੁਰੁ ਗੋਵਿਦੁ ਜਿਸੁ ਤੂਠਾ॥***
***ਘਟਿ ਘਟਿ ਰਮਈਆ***
***ਤਿਨ ਹੀ ਡੀਠਾ॥ ਅੰਗ – 888***

ਕੱਲ੍ਹ ਵਾਲੇ ਬਚਨ ਸੁਣ ਕੇ ਬਹੁਤ ਸਾਰੇ ਪ੍ਰੇਮੀਆਂ ਨੇ ਆਪਣੀਆਂ ਨੋਟ ਬੁਕਾਂ ਵਿਚ ਦਰਜ ਕਰ ਲਏ ਸਨ ਅਤੇ ਆਪਸ ਵਿਚ ਅਨਹਦ ਸ਼ਬਦਾਂ ਬਾਰੇ ਕੱਲ੍ਹ ਦੇ ਪ੍ਰਵਚਨਾਂ ਦੇ ਵਿਚ ਦੱਸੇ ਪ੍ਰਕਾਸ਼ਾਂ ਬਾਰੇ ਪ੍ਰਸਪਰ ਵਿਚਾਰ ਕਰ ਰਹੇ ਸਨ ਅਤੇ ਉਚੀਆਂ ਸੁਰਤਾਂ ਵਿਚ ਆਪਣੀਆਂ ਬਿਰਤੀਆਂ ਨੂੰ ਰੱਖ ਰਹੇ ਸਨ ਤਾਂ ਇਕ ਪ੍ਰੇਮੀ ਨੇ ਗੁਰੂ ਮਹਾਰਾਜ ਦੀ ਬਾਣੀ ਵਲ ਧਿਆਨ ਦਿਵਾਇਆ ਕਿ ਸਚਖੰਡ ਦੀ ਅਵਸਥਾ ਜੋ ਮਹਾਂਪੁਰਸ਼ਾਂ ਨੇ ਕੱਲ੍ਹ ਦੱਸੀ ਸੀ ਉਸਦੇ ਬਾਰੇ ਗੁਰੂ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ–

***ਪੰਚ ਸਬਦ ਤਹ ਪੂਰਨ ਨਾਦ॥***
***ਅਨਹਦ ਬਾਜੇ ਅਚਰਜ ਬਿਸਮਾਦ॥***
***ਕੇਲ ਕਰਹਿ ਸੰਤ ਹਰਿ ਲੋਗ॥***
***ਪਾਰਬ੍ਰਹਮ ਪੂਰਨ ਨਿਰਜੋਗ॥***
***ਸੂਖ ਸਹਜ ਆਨੰਦ ਭਵਨ॥***
***ਸਾਧਸੰਗਿ ਬੈਸਿ ਗੁਣ ਗਾਵਹਿ***
***ਤਹ ਰੋਗ ਸੋਗ ਨਹੀ ਜਨਮ ਮਰਨ॥***
***ਊਹਾ ਸਿਮਰਹਿ ਕੇਵਲ ਨਾਮੁ॥***
***ਬਿਰਲੇ ਪਾਵਹਿ ਓਹੁ ਬਿਸ੍ਰਾਮੁ॥***
***ਭੋਜਨੁ ਭਾਉ ਕੀਰਤਨ ਆਧਾਰੁ॥***
***ਨਿਹਚਲ ਆਸਨੁ ਬੇਸੁਮਾਰੁ॥***
***ਡਿਗਿ ਨ ਡੋਲੈ ਕਤਹੂ ਨ ਧਾਵੈ॥***
***ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥***
***ਭ੍ਰਮ ਭੈ ਮੋਹ ਨ ਮਾਇਆ ਜਾਲ॥***
***ਸੁੰਨ ਸਮਾਧਿ ਪ੍ਰਭੂ ਕਿਰਪਾਲ॥***
***ਤਾ ਕਾ ਅੰਤੁ ਨ ਪਾਰਾਵਾਰੁ॥***
***ਆਪੇ ਗੁਪਤੁ ਆਪੇ ਪਾਸਾਰੁ॥***
***ਜਾ ਕੈ ਅੰਤਰਿ ਹਰਿ ਹਰਿ ਸੁਆਦੁ॥***
***ਕਹਨੁ ਨ ਜਾਈ ਨਾਨਕ ਬਿਸਮਾਦੁ॥***
***ਅੰਗ – 888–89***

ਉਪਰੋਕਤ ਮਹਾਂਵਾਕਾਂ ਦੀ ਵਿਚਾਰ ਆਪਸ ਵਿਚ ਬੈਠੇ ਕਰ ਰਹੇ ਸਨ ਅਤੇ ਮਹਾਂਪੁਰਸ਼ਾਂ ਦੇ ਅਨੁਭਵ ਚੋਂ ਨਿਕਲੇ ਬਚਨਾਂ ਬਾਰੇ ਬਹੁਤ ਹੀ ਪ੍ਰਸੰਸਾ ਕਰਦੇ ਆਪਣੀ ਭਾਵਨਾ ਪ੍ਰਗਟ ਕਰਦੇ ਕਹਿ ਰਹੇ ਸਨ।

***ਸੰਤਹ ਚਰਣ ਧੋਇ ਧੋਇ ਪੀਵਾ॥***
***ਸੰਤਹ ਦਰਸੁ ਪੇਖਿ ਪੇਖਿ ਜੀਵਾ॥***
***ਸੰਤਹ ਕੀ ਮੇਰੈ ਮਨਿ ਆਸ॥***
***ਸੰਤ ਹਮਾਰੀ ਨਿਰਮਲ ਰਾਸਿ॥***
***ਅੰਗ – 889***

ਅਜਿਹੇ ਬਚਨ ਹੋ ਹੀ ਰਹੇ ਸਨ ਕਿ ਸੰਤ ਮਹਾਰਾਜ ਨਿਯਤ ਸਮੇਂ ਤੇ ਆ ਕੇ ਬਿਰਾਜਮਾਨ ਹੋ ਗਏ ਤਾਂ ਉਸ ਵੇਲੇ ਅੱਗੇ ਵਾਂਗੂੰ ਹੀ ਮਹਾਰਾਜ ਜੀ ਦਾ ਰੁਖ ਦੇਖ ਕੇ ਬਹੁਤ ਅਧੀਨਗੀ ਨਾਲ ਪ੍ਰਸ਼ਨ ਕੀਤਾ ਗਿਆ ਕਿ ਮਹਾਰਾਜ ਜੀ ਕੱਲ ਜੋ ਆਪ ਨੇ ਅੰਦਰਲੀਆਂ ਅਵਸਥਾਵਾਂ ਬਾਰੇ ਪ੍ਰਕਾਸ਼ ਪਾਇਆ ਸੀ, ਅਸੀਂ ਉਸ ਉਪਰ ਪ੍ਰਸਪਰ ਵਿਚਾਰ ਕਰ ਰਹੇ ਸਾਂ ਤਾਂ ਸਾਨੂੰ ਐਉਂ ਅਨੁਭਵ ਹੋਇਆ ਕਿ ਅਸੀਂ ਅਧਿਆਤਮਵਾਦ ਵਿਚ ਧਰਮਾਂ, ਜਾਤਾਂ ਸੰਪਰਦਾਵਾਂ ਤੋਂ ਉਚੇ ਉਠ ਕੇ ਇਕੋ ਹੀ ਮਾਰਗ ਤੇ ਤੁਰੇ ਜਾ ਰਹੇ ਹਾਂ ਜਿਸਨੂੰ 'ਆਤਮ ਮਾਰਗ' ਆਖਿਆ ਜਾ ਸਕਦਾ ਹੈ। ਇਸ ਸੰਗਤ ਵਿਚ ਬੈਠੇ ਸਰੋਤੇ ਬਹੁਤ ਸਾਰੇ ਵੱਖ-ਵੱਖ ਸੰਪਰਦਾਵਾਂ ਦੇ ਮਹਾਤਮਾਂ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ ਅੰਦਰਲੀ ਖੋਜ ਵਿਚ ਲਗੇ ਹੋਏ ਹਨ। ਐਉਂ ਪ੍ਰਤੀਤ ਦੇਣ ਲਗਿਆ ਹੈ ਕਿ ਪ੍ਰਭੂ ਦੇ ਮਾਰਗ ਤੇ ਚਲਣ ਵਾਲਿਆਂ ਨੂੰ ਇਕੋ ਜਿਹਾ ਹੀ ਅਨੁਭਵ ਹੁੰਦਾ ਹੈ ਜਿਸ ਕਰਕੇ, ਇਸ ਗੱਲ ਦਾ ਵਿਸ਼ਵਾਸ਼ ਸਾਡੇ ਮਨਾਂ ਵਿਚ ਆ ਗਿਆ ਹੈ ਕਿ ਰਸਤਾ ਇਕੋ ਹੀ ਹੈ ਪਰ ਵੱਖੋ-ਵੱਖਰੇ ਸਕੂਲਾਂ ਵਿਚ ਦਾਖਲਾ ਲੈ ਕੇ ਪੜ੍ਹਾਈ ਕਰਨੀ ਹੈ। ਅਸੀਂ ਇਸ ਗੱਲ ਦਾ ਨਿਰਣਾ ਕਰ ਰਹੇ ਸਾਂ ਕਿ ਵੱਖੋ-ਵੱਖਰੀਆਂ ਸੰਪਰਦਾਵਾਂ, ਇਕੋ ਹੀ ਆਤਮ ਸ਼ਾਖਸ਼ਾਤਕਾਰ ਕਰਾਉਣ ਵਾਲੀਆਂ ਵੱਖੋ-ਵੱਖ ਨਾਵਾਂ ਦੀਆਂ ਸਿਖਿਆ ਪ੍ਰਣਾਲੀਆਂ ਹਨ। ਕਿਸੇ ਵੀ ਅਨੁਭਵੀ ਮਹਾਂਪੁਰਸ਼, ਜਿਸਨੇ ਆਤਮ ਮਾਰਗ ਦੀ ਚੜ੍ਹਾਈ, ਧਰਮ ਦੇ ਮਾਰਗ ਦੀ ਪੌੜੀ ਚੜ੍ਹ ਕੇ ਪੂਰਨਤਾ ਪ੍ਰਾਪਤੀ ਕਰ ਲਈ ਹੈ, ਉਨ੍ਹਾਂ ਦਾ ਦਿਤਾ ਹੋਇਆ ਉਪਦੇਸ਼ ਸਰਬ ਲਈ ਸਾਂਝਾ ਹੁੰਦਾ ਹੈ। ਆਪ ਕਿਰਪਾ ਕਰਕੇ ਇਸ ਮਾਰਗ ਉਪਰ ਆਪਣੇ ਹੀ ਅਨੁਭਵ ਤੋਂ ਹੋਰ ਪ੍ਰਕਾਸ਼ ਪਾਵੋ ਕਿਉਂਕਿ ਅੱਜ ਅਸਾਨੂੰ ਕੋਈ ਪ੍ਰਸ਼ਨ, ਪੁੱਛਣ ਵਾਲਾ, ਉਤਪੰਨ ਹੀ ਨਹੀਂ ਹੋ ਰਿਹਾ। ਦਰਸ਼ਨ ਵਿਚ ਹੀ ਇਕ ਐਸਾ ਅਨੰਦ ਆ ਰਿਹਾ ਹੈ ਜਿਸਦੇ ਪ੍ਰਭਾਵ ਕਰਕੇ ਅਸਾਡਾ ਮਨ ਫੁਰਨਿਆਂ ਤੋਂ ਸ਼ਾਂਤ ਹੋ ਕੇ ਅੰਦਰ ਹੀ ਜੁੜ ਰਿਹਾ ਹੈ ਅਤੇ ਕੋਈ ਫੁਰਨਾ ਉਠ ਹੀ ਨਹੀਂ ਰਿਹਾ। ਬਦੋ-ਬਦੀ ਨੇਤਰ ਬੰਦ ਹੁੰਦੇ ਜਾ ਰਹੇ ਹਨ ਅਤੇ ਸੁਰਤ ਅੰਦਰਲੇ ਨੁਕਤੇ ਤੇ ਜੁੜ ਰਹੀ ਹੈ। ਕੋਈ ਰਸ ਅੰਦਰ ਹੀ ਅੰਦਰ ਪੀਤਾ ਜਾ ਰਿਹਾ ਹੈ ਤੇ ਸਰੀਰ ਵਿਚੋਂ ਹਲਕੀਆਂ-ਹਲਕੀਆਂ ਵਿਦਯੁਤ ਲਹਿਰਾਂ ਉਠ ਰਹੀਆਂ ਹਨ ਅਤੇ ਗੁਰਬਾਣੀ ਦੀ ਤੁਕ ਅੰਦਰ ਗੂੰਜ ਰਹੀ ਹੈ -

***ਸਾਧ ਕੈ ਸੰਗਿ ਨਹੀ ਕਛੁ ਘਾਲ॥***
***ਦਰਸਨੁ ਭੇਟਤ ਹੋਤ ਨਿਹਾਲ॥***

***ਅੰਗ - 272***

ਸੋ ਇਸ ਲਈ ਪ੍ਰਾਥਨਾ ਹੈ ਕਿ ਆਪ ਹੀ ਆਪਣੇ ਅਨੁਭਵ ਤੋਂ ਕ੍ਰਿਪਾ ਕਰਕੇ ਬਚਨ ਸਰਵਣ ਕਰਾਓ ਅਤੇ ਕੋਈ practical ਅਭਿਆਸ ਦਾ ਤਰੀਕਾ ਦੱਸਣ ਦੀ ਕ੍ਰਿਪਾ ਕਰੋ। ਉਸ ਵੇਲੇ ਇਹ ਬੇਨਤੀ ਸੁਣ ਕੇ ਆਪ ਜੀ ਥੋੜਾ ਮੁਸਕਰਾਏ ਅਤੇ ਫੁਰਮਾਨ ਕੀਤਾ ਕਿ ਉਤਮ ਜਗਿਆਸੂ ਬਚਨ ਸ੍ਰਵਣ ਕਰਕੇ ਮੰਨਣ ਕਰਦੇ ਹਨ ਅਤੇ ਫਿਰ ਨਿਧਿਆਸਣ ਲਈ ਜਤਨ ਕਰਕੇ ਆਪਣੀ ਮੰਜ਼ਿਲ ਤੇ ਪੁਜਦੇ ਹਨ। ਜੋ ਆਪ ਨੇ ਆਪਣੀ ਹਾਲਤ ਦੱਸੀ ਹੈ, ਉਹ ਉਤਮ ਜਗਿਆਸੂਆਂ ਦੀ ਹੀ ਹੋਇਆ ਕਰਦੀ ਹੈ। ਸਭ ਦੇ ਅੰਦਰ, ਭਾਵੇਂ ਉਹ ਈਸਾਈ ਹੋਵੇ, ਭਾਵੇਂ ਹਿੰਦੂ ਹੋਵੇ, ਮੁਸਲਮਾਨ ਹੋਵੇ, ਭਾਵੇਂ ਕਿਸੇ ਵੀ ਸੰਪਰਦਾ ਨਾਲ ਸਬੰਧ ਰੱਖਣ ਵਾਲਾ ਹੋਵੇ, ਧੁਨਆਤਮਕ ਨਾਮ ਇਕੋ ਹੀ ਹੋਇਆ ਕਰਦਾ ਹੈ। ਵਰਣਾਤਮਕ ਨਾਮ ਆਚਾਰੀਆਂ, ਸਾਧੂ, ਮਹਾਂਪੁਰਸ਼ਾਂ ਨੇ ਵੱਖੋ-ਵੱਖਰੇ ਰਖੇ ਹੁੰਦੇ ਹਨ ਜਿਵੇਂ ਕਿਸੇ ਦਾ ਮੰਤਰ ਅੱਲਾ ਹੂ ਹੈ, ਕੋਈ ਪੰਚ ਨਾਮ, ਜੋਤਿ ਨਿਰੰਜਨ, ਸਤਿਨਾਮ, ਓਅੰਕਾਰ ਆਦਿ ਜਪ ਕੇ ਮਨ ਦੀ ਇਕਾਗਰਤਾ ਕਰਦਾ ਹੈ। ਕੋਈ ਰਾਮ-ਰਾਮ, ਕੋਈ ਓਅੰਕਾਰ, ਕੋਈ ਅੱਲਾ ਹੂ, ਕੋਈ ਸੋਹੰ; ਮਤਲਬ ਕਿ ਬੇਅੰਤ ਮੰਤਰਾਂ ਰਾਹੀਂ ਜਾਪ ਕਰਕੇ ਆਪਣੀ ਸੁਰਤੀ ਨੂੰ ਸੂਖਸ਼ਮ ਕਰਦਾ ਹੈ। ਇਸ ਤਰ੍ਹਾਂ ਮੇਹਨਤ ਕਰਦੇ-ਕਰਦੇ ਜਦੋਂ ਸੁਰਤੀ ਬਿਰਤੀ ਬਹੁਤ ਹੀ ਸੂਖਸ਼ਮ ਹੋ ਜਾਂਦੀ ਹੈ ਤਾਂ ਧੁਨਆਤਮਕ ਨਾਮ ਆਪਣੇ ਆਪ ਹੀ ਅੰਦਰੋਂ ਸੁਣਨ ਲਗ ਜਾਇਆ ਕਰਦਾ ਹੈ। ਇਹ 'ਓਅੰਕਾਰ' ਦੀ ਨਿਰੰਤਰ ਚਲ ਰਹੀ ਧੁਨ

ਹੈ ਜੋ ਏਕੰਕਾਰ ਜੀ ਤੋਂ ਹੋਇਆ ਪ੍ਰਥਮ ਸ਼ਬਦ ਹੈ। ਇਸ ਸ਼ਬਦ ਬਾਰੇ ਕੋਈ ਕੁਝ ਕਹਿ ਨਹੀਂ ਸਕਦਾ ਕਿਉਂਕਿ ਧੁਨ ਅੱਖਰਾਂ ਦੀ ਮੁਹਥਾਜ ਨਹੀਂ ਹੈ ਜਿਵੇਂ ਵਾਹਿਗੁਰੂ ਜੀ ਦਾ ਕੋਈ ਨਾਮ ਨਹੀਂ ਹੋਇਆ ਕਰਦਾ ਪਰ ਵਾਹਿਗੁਰੂ ਜੀ ਦੀ ਹੋਂਦ ਨੂੰ ਜਾਨਣਾ ਅਗੰਮ ਤੇ ਅਗੋਚਰ ਵਿਸ਼ਾ ਹੈ, ਇਸੇ ਤਰ੍ਹਾਂ ਨਾਲ ਇਹ ਧੁਨ ਹੈ ਜਿਸ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ –

*ਪ੍ਰਥਮ ਓਅੰਕਾਰ ਤਿਨ ਕਹਾ।*
*ਸੋ ਧੁਨ ਪੂਰਿ ਜਗਤ ਮੋਹ ਰਹਾ।*

***ਪੰਨਾ – 158 (ਦਸਮ ਗ੍ਰੰਥ)***

ਮੁਸਲਮਾਨ ਇਸਨੂੰ 'ਕੁੰਨ' ਸ਼ਬਦ ਕਹਿੰਦੇ ਹਨ। ਭਾਈ ਗੁਰਦਾਸ ਜੀ ਇਸ ਬਾਰੇ ਅੰਕਿਤ ਕਰਦੇ ਹਨ –

*ਨਿਰੰਕਾਰ ਆਕਾਰ ਹੋਇ ਏਕੰਕਾਰ*
*ਅਪਾਰ ਸਦਾਇਆ।*
*ਏਕੰਕਾਰਹੁੰ ਸਬਦ ਧੁਨ*
*ਓਅੰਕਾਰ ਆਕਾਰ ਬਨਾਇਆ।*

***ਭਾਈ ਗੁਰਦਾਸ ਜੀ, ਵਾਰ 26/2***

ਜਿਥੇ ਇਹ ਸ਼ਬਦ ਧੁਨ ਹੈ, ਉਥੇ ਪ੍ਰਤੀਕ ਰੂਪ ਵਿਚ ਏਕੰਕਾਰ ਜੀ ਦਾ ਸਰਗੁਣ ਸਰੂਪ ਭੀ ਹੈ –

*"ਜਾ ਕੈ ਓਅੰਕਾਰ ਕੈ ਅਕਾਰ ਹੈ*
*ਨਾਨਾ ਪ੍ਰਕਾਰ,*
*ਕੀਰਤਨ ਸਮੈ ਸਾਧ ਸੰਗਤ*
*ਸੋ ਲਗਨ ਹੈ।।"*

***(ਕਬਿੱਤ 237ਵਾਂ)***

*"ਸੂਖਮ ਸਥੂਲ ਓਅੰਕਾਰ ਕੈ*
*ਅਕਾਰ ਹੁਇ,*
*ਬ੍ਰਹਮ ਬਿਬੇਕ ਬੁਧਿ ਭਏ*
*ਬ੍ਰਹਮਚਾਰੀ ਹੈਂ।।"*

***(ਕਬਿੱਤ 458ਵਾਂ)***

*"ਅਨਿਕ ਅਕਾਰ ਓਅੰਕਾਰ ਕੈ*
*ਬਿਥਾਰ ਤਾਂਹਿ,*
*ਨੰਦ ਕੋ ਨੰਦਨ ਕਹੇ*
*ਕੌਨ ਪ੍ਰਭਤਾਈ ਹੈ।।"*

***(ਕਬਿੱਤ 556ਵਾਂ)***

ਸੋ ਇਸ ਤਰ੍ਹਾਂ ਨਾਲ ਧੁਨਆਤਮਕ ਨਾਮ ਅੱਖਰਾਂ ਦਾ ਮੁਹਥਾਜ ਨਹੀਂ, ਇਹ ਧੁਨ ਹੈ ਜੋ ਸਰਗੁਣ ਬ੍ਰਹਮ ਦੀ ਪ੍ਰਤੀਕ ਹੈ ਅਤੇ ਇਸ ਧੁਨ ਦੇ ਪਿਛਵਾੜੇ ਏਕੰਕਾਰ ਰੂਪੀ ਉਹ ਹਸਤੀ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ। ਸੋ ਮਹਾਰਾਜ ਜੀ ਦਾ ਵੀ ਫੁਰਮਾਨ ਹੈ –

*ਧੁਨਿ ਮਹਿ ਧਿਆਨੁ*
*ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ।।*

***ਅੰਗ – 879***

ਏਥੇ ਇਕ ਗੱਲ ਦਾ ਖਾਸ ਧਿਆਨ ਰਖਣਾ ਪੈਂਦਾ ਹੈ, ਇਕ ਤਾਂ ਇਹ ਹੈ ਕਿ ਜਗਿਆਸੂ ਨੂੰ ਧੁਨਆਤਮਕ ਨਾਮ ਦਾ ਜਦੋਂ ਪ੍ਰਕਾਸ਼ ਹੋ ਗਿਆ ਤਾਂ ਉਹ ਇਸ ਧੁਨ ਨੂੰ ਹੀ ਸਭ ਕੁਝ ਸਮਝਦਾ ਹੈ। ਉਹ ਇਸ ਵਿਚ ਰੁਪਮਾਨ ਹੋਈ ਪਰਮ ਸੱਚ ਦੀ ਸੱਤਾ ਤੋਂ ਆਪਣੇ ਆਪ ਨੂੰ ਅਚੇਤ ਰਖਦਾ ਹੈ। ਦੂਜੇ ਉਹ ਸਾਧਕ ਹਨ ਜਿਹੜੇ ਧੁਨ ਵਿਚ ਬਿਰਾਜਮਾਨ ਪਰਮ ਸੱਤਾ ਏਕੰਕਾਰ ਦੇ ਧਿਆਨ ਵਿਚ ਲੀਨ ਹੋ ਕੇ ਧੁਨ ਨੂੰ ਵੀ ਭੁਲ ਜਾਇਆ ਕਰਦੇ ਹਨ ਅਤੇ ਸੰਪਰਗਿਆਤ ਸਮਾਧੀ ਵਿਚੋਂ ਉਨਤੀ ਕਰਕੇ ਅਸੰਪਰਗਿਆਤ ਸਮਾਧ ਅਤੇ ਹੌਲੀ-ਹੌਲੀ ਅਭਿਆਸ ਦੇ ਬਲ ਨਾਲ ਸਹਿਜ ਸਮਾਧ ਵਿਚ ਲੀਨ ਹੋ ਕੇ ਦੁਵੰਦ ਪਦ ਤੋਂ ਪੂਰੀ ਤਰ੍ਹਾਂ ਨਾਲ ਮੁਕਤ ਹੋ ਜਾਇਆ ਕਰਦੇ ਹਨ। ਇਸ ਸਹਿਜ ਸਮਾਧ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ।।*

***ਅੰਗ – 106***

ਇਹ ਅਵਸਥਾਵਾਂ ਕਿਸੇ discussion ਜਾਂ ਵਰਣਨ ਦੀਆਂ ਮੁਹਥਾਜ ਨਹੀਂ। ਇਸ ਦੇ ਅਨੁਭਵ ਵਾਸਤੇ ਪੂਰਨ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਬ੍ਰਹਮ ਰੂਪ ਹੋਏ ਤੱਤ

ਬੇਤੇ ਮਹਾਂਪੁਰਸ਼ਾਂ ਦੀ ਸੰਗਤ ਅਤੇ ਨਿਰੰਤਰ ਦ੍ਰਿੜ੍ਹ ਅਭਿਆਸ ਦੀ ਅਵੱਸ਼ਕਤਾ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਐਸੀਆਂ ਉਤਮ ਅਵਸਥਾਵਾਂ ਦੀ ਪ੍ਰਾਪਤੀ ਗੱਲਾਂ ਬਾਤਾਂ ਨਾਲ ਤਾਂ ਨਹੀਂ ਹੁੰਦੀ ਅਤੇ ਪੁਸਤਕਾਂ ਦੇ ਢੇਰਾਂ ਦੇ ਢੇਰ ਪੜ੍ਹ ਕੇ ਅਨੁਭਵ ਨਹੀਂ ਜਾਗਦਾ। ਇਹ ਅਵਸਥਾਵਾਂ ਜਿਥੇ ਬੁਧੀ ਦੀ ਉਡਾਰੀ ਖਤਮ ਹੋ ਜਾਂਦੀ ਹੈ, ਉਸ ਤੋਂ ਅੱਗੇ ਸ਼ੁਰੂ ਹੁੰਦੀਆਂ ਹਨ। ਇਸ ਰੂਹਾਨੀ ਕਲਾਸ ਵਿਚ ਦਾਖਲ ਹੋਣ ਤੋਂ ਲੈ ਕੇ ਪੂਰਨ ਪ੍ਰਾਪਤੀ ਤਕ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨਿਆਂ ਵਿਚ ਨਿਰਵਿਵਾਦ instructions ਹਨ, ਜਿਨ੍ਹਾਂ ਬਾਰੇ ਜਗਿਆਸੂ ਨੂੰ ਆਪਣੇ ਆਪ ਦੀ ਸੋਝੀ ਹੋਣੀ ਬਹੁਤ ਹੀ ਅਸੰਭਵ ਹੈ। ਜੇ ਪਿਛਲੇ ਜਨਮਾਂ ਦੇ ਉਤਮ ਪੁੰਨਾਂ ਦੇ ਆਧਾਰ ਤੇ ਕ੍ਰੋੜਾਂ ਵਿਚੋਂ ਇਕ ਅੱਧ ਨੂੰ ਹੋ ਵੀ ਗਈ ਤਾਂ ਇਹ ਉਸਦੇ ਪਿਛਲੇ ਜਨਮਾਂ ਵਿਚ ਕੀਤੇ ਹੋਏ ਅਭਿਆਸ ਦਾ ਫਲ ਹੈ। ਆਮ ਜਗਿਆਸੂ ਨੂੰ ਇਹ ਅਵਸਥਾਵਾਂ ਪੂਰਨ ਮਹਾਂਪੁਰਸ਼ਾਂ ਦੇ ਪਿਆਰ ਰਾਹੀਂ ਕੀਤੇ ਸਤਿਸੰਗ ਦਾ ਫਲ ਹੁੰਦਾ ਹੈ।

ਇਤਨੇ ਬਚਨ ਕਰਕੇ ਸੰਤ ਮਹਾਰਾਜ ਜੀ ਨੇ ਅਚਾਨਕ ਹੀ ਆਪਣੇ ਬਚਨ ਬੰਦ ਕਰ ਦਿਤੇ ਅਤੇ ਨੇਤਰ ਬੰਦ ਕਰਕੇ ਕਿਸੇ ਅਕਹਿ ਰਸ ਵਿਚ ਰੱਤੇ ਪ੍ਰਤੀਤ ਦੇ ਰਹੇ ਸਨ। ਜਗਿਆਸੂ ਵੀ pin drop ਚੁੱਪ ਦਾ ਅਨੁਭਵ ਕਰ ਰਹੇ ਸਨ। ਐਉਂ ਲਗਦਾ ਸੀ ਜਿਵੇਂ ਕਿ ਉਹ ਆਪਣੇ ਅੰਦਰ ਇਨ੍ਹਾਂ ਅਵਸਥਾਵਾਂ ਨੂੰ ਪ੍ਰਤੱਖ ਰੂਪ ਵਿਚ ਵੇਖਣ ਲਈ ਕਿਸੇ ਝਲਕਾਰਿਆਂ ਦਾ ਇੰਤਜ਼ਾਰ ਕਰ ਰਹੇ ਹੋਣ। ਉਸ ਸਮੇਂ ਸੰਤ ਮਹਾਰਾਜ ਜੀ ਨੇ ਅਚਾਨਕ ਹੀ ਇਸ ਚੁੱਪ ਨੂੰ ਤੋੜਦਿਆਂ ਹੋਇਆਂ ਫੁਰਮਾਇਆ ਕਿ ਪ੍ਰੇਮੀ ਜਨੋ! ਇਸ ਮਾਰਗ ਦੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਆਪਣੇ-ਆਪਣੇ ਧਰਮਾਂ ਦੀਆਂ ਦੱਸੀਆਂ ਸ਼ਰ੍ਹਾ ਰੂਪੀ ਰਹਿਤਾਂ ਤੋਂ ਉਪਰ ਮਾਨਸਿਕ ਰਹਿਤਾਂ ਹਰ ਹਾਲਤ ਵਿਚ ਰੱਖਣੀਆਂ ਪੈਂਦੀਆਂ ਹਨ ਜਿਨ੍ਹਾਂ ਬਾਰੇ ਵਿਸਥਾਰ ਨਾਲ ਸਮ ਤੇ ਦਮ ਦੀਆਂ ਦੱਸੀਆਂ ਰਹਿਤਾਂ ਅਨੁਸਾਰ ਜੀਵਨ ਬਤੀਤ ਕਰਨਾ ਪੈਂਦਾ ਹੈ। ਹੁਣ ਅਸੀਂ ਪਹਿਲੀ ਜਮਾਤ ਤੋਂ ਸ਼ੁਰੂ ਕਰਦੇ ਹਾਂ ਕਿ ਮਨੁੱਖੀ ਸਰੀਰ ਦੀ ਸਫਲਤਾ ਵਾਸਤੇ ਅਤਿਅੰਤ ਜ਼ਰੂਰੀ ਹੈ ਕਿ ਜਗਿਆਸੂ ਕੁਸੰਗ ਦਾ ਤਿਆਗ ਹਰ ਹਾਲਤ ਵਿਚ ਕਰੇ। ਮਹਾਂਪੁਰਸ਼ਾਂ ਦੇ ਤਾਂ ਫੁਰਮਾਨ ਇਸ ਬਾਰੇ ਬਹੁਤ ਹੀ ਧਿਆਨ ਨਾਲ ਵਿਚਾਰਨੇ ਯੋਗ ਹਨ ਜਿਵੇਂ ਕਿ -

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ***
***ਤਉ ਕਛੁ ਲਾਗੈ ਦਾਗੁ॥***

***ਅੰਗ - 1371***

ਸਾਕਤ ਮਨਮੁਖ ਦੇ ਬਚਨ, ਮਨਮੁਖ ਦੇ ਖਿਆਲ ਬਹੁਤ ਠੋਸ ਹੁੰਦੇ ਹਨ। ਉਹ ਨਾ ਤਾਂ ਧਰਮ ਸ਼ਾਸ਼ਤਰ ਦੇ ਬਚਨਾਂ ਉਪਰ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ਾਂ ਦੇ ਮੁਤਾਬਿਕ, ਆਪਣਾ ਨਿਸ਼ਚਾ ਬਣਾਉਂਦਾ ਹੈ ਅਤੇ ਆਪਣੇ ਆਪ ਨੂੰ ਕੇਵਲ ਪੜ੍ਹਨ, ਪੜ੍ਹਾਉਣ ਤਕ ਹੀ ਸੀਮਤ ਰਖਦਾ ਹੈ। ਬਚਨਾਂ ਦੀ ਡੂੰਘਿਆਈ ਵਿਚ ਜਾ ਕੇ ਆਪਣੇ ਜੀਵਨ ਵਿਚ ਉਤਮ ਜੀਵਨ ਨੂੰ ਪ੍ਰਵੇਸ਼ ਨਹੀਂ ਹੋਣ ਦਿੰਦਾ। ਜਗਿਆਸੂ ਨੂੰ ਉਸਦੇ ਅੰਧਮਈ ਬਚਨ ਨਾਸਤਕ ਬਣਾ ਦਿੰਦੇ ਹਨ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ -

***ਕਬੀਰ ਮਾਰੀ ਮਰਉ ਕੁਸੰਗ ਕੀ***
***ਕੇਲੇ ਨਿਕਟਿ ਜੁ ਬੇਰਿ॥***
***ਉਹ ਝੂਲੈ ਉਹ ਚੀਰੀਐ***
***ਸਾਕਤ ਸੰਗੁ ਨ ਹੇਰਿ॥***

***ਅੰਗ - 1369***

ਜਗਿਆਸੂ ਦਾ ਸਮਾਂ ਨਸ਼ਟ ਹੋ ਜਾਂਦਾ ਹੈ ਅਤੇ ਮਨਮੁਖ ਦੀ ਤਰਕਾਂ ਰੂਪੀ ਬਾਣੀ ਸੁਣ ਕੇ ਆਪਣੇ ਨਿਸ਼ਚਿਆਂ ਤੋਂ ਹਿੱਲ ਜਾਂਦਾ ਹੈ ਅਤੇ ਕਈ-ਕਈ ਹਫਤੇ, ਕਈ-ਕਈ ਮਹੀਨੇ ਬਿਰਤੀ ਉਸ ਅਸਥਾਨ ਤੇ ਮੁੜ ਕੇ ਵਾਪਸ ਨਹੀਂ ਆਉਂਦੀ ਜਿਸ ਸਮੇਂ ਤੋਂ ਉਸ ਦਾ ਮਨਮੁਖ ਦੀ ਸੰਗਤ ਨਾਲ ਵਾਹ ਪਿਆ। ਸੋ ਇਸ ਕਰਕੇ ਫੁਰਮਾਨ ਹੈ ਕਿ ਕੁਸੰਗ ਨੂੰ ਹਰ ਕੀਮਤ ਉਤੇ ਦੂਰ ਰੱਖੋ। ਇਸ ਦੀ ਥਾਂ ਸਤਿਪੁਰਸ਼ਾਂ ਦੀ ਸੰਗਤ ਵਾਸਤੇ ਮਨ ਅੰਦਰ

ਪਿਆਰ ਭਰੀ ਧੂਹ, ਖਿੱਚ ਲਗੀ ਰਹਿਣੀ ਆਵੱਸ਼ਕ ਹੈ। ਜਿਸ ਤਰ੍ਹਾਂ ਦੇ ਨਾਲ ਕਿਸੇ ਕਾਮੀ ਪੁਰਸ਼ ਨੂੰ ਕਾਮਨੀ ਦੀ ਖਿੱਚ ਲਗੀ ਰਹਿੰਦੀ ਹੈ, ਇਸੇ ਤਰ੍ਹਾਂ ਦੇ ਨਾਲ ਜਗਿਆਸੂ ਨੂੰ ਮਹਾਂਪੁਰਸ਼ਾਂ ਦੀ ਪਿਆਰ ਭਰੀ ਖਿੱਚ ਹੱਦ ਤੋਂ ਜ਼ਿਆਦਾ ਲਗੀ ਰਹਿਣੀ ਚਾਹੀਦੀ ਹੈ। ਐਸੀ ਸੰਗਤ ਦੇ ਹੋਣ ਨਾਲ ਬੇਅੰਤ ਫੁਰਨੇ, ਬੇਅੰਤ ਵਿਕਲਪ, ਸੰਕਲਪ ਆਪੇ ਹੀ ਸ਼ਾਂਤ ਹੋਣੇ ਸ਼ੁਰੂ ਹੋ ਜਾਇਆ ਕਰਦੇ ਹਨ। ਗੱਲ ਤਾਂ ਇਥੋਂ ਤਕ ਹੈ ਕਿ ਜਦੋਂ ਖਿਆਲ ਬਣਾ ਕੇ ਸ਼ਰਧਾ ਨਾਲ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਲਈ ਪਹਿਲਾ ਕਦਮ ਹੀ ਪੁਟਦੇ ਹਾਂ, ਉਸ ਵੇਲੇ ਹੀ ਵਿਕਾਰ ਦਬਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਦੀ ਥਾਂ ਰਸਨਾ ਰਾਹੀਂ ਗੁਰਮੰਤ੍ਰ ਦਾ ਉਚਾਰਨ ਹੋਣ ਲਗ ਜਾਂਦਾ ਹੈ ਅਤੇ ਜਿਉਂ-ਜਿਉਂ ਮਹਾਂਪੁਰਸ਼ਾਂ ਵਲ ਨੂੰ ਪੈਰ ਪੁਟਦੇ ਹਾਂ ਤਿਉਂ-ਤਿਉਂ ਅੰਦਰ ਸ਼ਾਂਤੀ ਵਧਦੀ ਜਾਂਦੀ ਹੈ ਅਤੇ ਬੇਅੰਤ ਨਿਰਾਰਥਕ ਪ੍ਰਸ਼ਨ ਆਪੇ ਹੀ ਦਬਦੇ ਚਲੇ ਜਾਂਦੇ ਹਨ। ਮਹਾਂਪੁਰਸ਼ਾਂ ਦੇ ਦਰਸ਼ਨ ਕਰਦਿਆਂ ਹੀ ਪੂਰੇ ਰਸ ਨਾਲ ਸਿਮਰਨ ਸ਼ੁਰੂ ਹੋ ਜਾਂਦਾ ਹੈ ਅਤੇ ਸਾਰੇ ਸ਼ੰਕਿਆਂ ਦਾ ਉਤਰ ਆਪਣੇ ਆਪ ਹੀ ਅੰਦਰ ਪ੍ਰਗਟ ਹੋ ਜਾਇਆ ਕਰਦਾ ਹੈ। ਮਹਾਂਪੁਰਸ਼ਾਂ ਪਾਸ ਜਾ ਕੇ ਬਿਰਤੀ ਮੋਨ ਹੋ ਜਾਂਦੀ ਹੈ ਅਤੇ ਪੁੱਛਣ ਲਈ ਬਾਕੀ ਕੁਝ ਵੀ ਨਹੀਂ ਬਚਿਆ ਕਰਦਾ ਅਤੇ ਚਿਤ ਵਿਚ ਸਾਹਿਬ ਦਾ ਵਾਸਾ ਹੋ ਜਾਂਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ***
***ਭਗਤਾ ਡਿਠਿਆ॥***
***ਮਨ ਕੀ ਕਟੀਐ ਮੈਲੁ***
***ਸਾਧਸੰਗਿ ਵੁਠਿਆ॥***
***ਜਨਮ ਮਰਣ ਭਉ ਕਟੀਐ***
***ਜਨ ਕਾ ਸਬਦੁ ਜਪਿ॥***
***ਬੰਧਨ ਖੋਲਨਿ ਸੰਤ ਦੂਤ***
***ਸਭਿ ਜਾਹਿ ਛਪਿ॥***
***ਤਿਸੁ ਸਿਉ ਲਾਇਨਿ ਰੰਗੁ***
***ਜਿਸ ਦੀ ਸਭ ਧਾਰੀਆ॥***
***ਊਚੀ ਹੂੰ ਊਚਾ ਥਾਨੁ***
***ਅਗਮ ਅਪਾਰੀਆ॥***
***ਰੈਣਿ ਦਿਨਸੁ ਕਰ ਜੋੜਿ***
***ਸਾਸਿ ਸਾਸਿ ਧਿਆਈਐ॥***
***ਜਾ ਆਪੇ ਹੋਇ ਦਇਆਲ***
***ਤਾਂ ਭਗਤ ਸੰਗੁ ਪਾਈਐ॥***

***ਅੰਗ - 520***

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਸੰਤਾਂ, ਭਗਤਾਂ ਦੀ ਸੰਗਤ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਬਗੈਰ ਹੋਣੀ ਬਹੁਤ ਹੀ ਮੁਸ਼ਕਲ ਹੈ। ਐਸੇ ਸਾਧੂ ਪਰਮ ਮਿੱਤਰ ਹੋਇਆ ਕਰਦੇ ਹਨ ਪਰ ਹੁੰਦੇ ਵਿਰਲੇ ਹਨ। ਜਿਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ।

***ਜਿਨਾ ਦਿਸੰਦੜਿਆ ਦੁਰਮਤਿ ਵੰਞੈ***
***ਮਿਤ੍ਰ ਅਸਾਡੜੇ ਸੇਈ॥***
***ਹਉ ਢੂਢੇਦੀ ਜਗੁ ਸਬਾਇਆ***
***ਜਨ ਨਾਨਕ ਵਿਰਲੇ ਕੇਈ॥***

***ਅੰਗ - 520***

ਇਸ ਤੋਂ ਅੱਗੇ ਮਹਾਂਪੁਰਸ਼ਾਂ ਦੇ ਕੀਰਤਨ ਅਤੇ ਬਚਨ, ਜਦੋਂ ਜਗਿਆਸੂ ਪੂਰੀ ਸ਼ਰਧਾ ਤੇ ਪ੍ਰੇਮ ਨਾਲ ਸੁਣਦਾ ਹੈ ਤਾਂ ਉਸਦੇ ਜੀਵਨ ਵਿਚੋਂ ਵਿਕਾਰ ਘਟਣੇ ਸ਼ੁਰੂ ਹੋ ਜਾਂਦੇ ਹਨ। ਉਹ ਫੇਰ ਨਿੰਦਿਆ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਵੈਰ ਨਹੀਂ ਕਰਦਾ, ਕਪਟ ਨਹੀਂ ਕਰਦਾ, ਕਿਸੇ ਦਾ ਬੁਰਾ ਨਹੀਂ ਚਿਤਵਦਾ, ਬੇਗਾਨੇ ਧਨ ਨੂੰ ਆਪਣਾ ਨਹੀਂ ਬਣਾਉਂਦਾ, ਆਪਣੇ ਧਨ ਵਿਚੋਂ ਵੀ ਦਸਾਂ ਨਹੁੰਆਂ ਦੀ ਕਿਰਤ ਕਰਕੇ ਲੋੜਵੰਦਾਂ ਨੂੰ ਵੰਡਦਾ ਰਹਿੰਦਾ ਹੈ। ਉਹਦੇ ਵਿਚ ਈਰਖਾ ਨਹੀਂ ਹੁੰਦੀ, ਤ੍ਰਿਸ਼ਨਾ ਦੀ ਅੱਗ ਨਹੀਂ ਹੁੰਦੀ, ਵਾਹਿਗੁਰੂ ਦੇ ਭਾਣੇ ਵਿਚ ਸ਼ਾਕਰ ਰਹਿੰਦਾ ਹੈ। ਕਿਸੇ ਕਿਸਮ ਦਾ ਆਡੰਬਰ ਤੇ ਪਾਖੰਡ ਨਹੀਂ ਕਰਦਾ। ਗੱਲ ਕੀ ਕਿ ਸਾਰੇ ਔਗੁਣਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਬਿਰਤੀ ਨਾਮ ਵਲ ਮੁੱਖ ਰੂਪ ਵਿਚ ਪ੍ਰਵਿਰਤ ਹੋ ਜਾਂਦੀ ਹੈ। ਇਸ ਕਰਕੇ ਫੁਰਮਾਨ ਹੈ ਕਿ -

***ਕਬੀਰ ਸੰਗਤਿ ਕਰੀਐ ਸਾਧ ਕੀ***
***ਅੰਤਿ ਕਰੈ ਨਿਰਬਾਹੁ॥***
***ਸਾਕਤ ਸੰਗੁ ਨ ਕੀਜੀਐ***

*ਜਾ ਤੇ ਹੋਇ ਬਿਨਾਹੁ॥*

*ਅੰਗ - 1369*

ਸੰਤ ਮਹਾਰਾਜ ਜੀ ਨੇ ਫ਼ੁਰਮਾਨ ਕੀਤਾ ਕਿ ਭਾਈ! ਰੂਹਾਨੀ ਮਾਰਗ ਦੀ ਚਾਬੀ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੀ ਹੈ।

ਆਪ ਕੁਝ ਦੇਰ ਚੁਪ ਕਰਕੇ ਫੇਰ ਫ਼ੁਰਮਾਉਣ ਲੱਗੇ ਕਿ ਭਾਈ! ਮਨ ਦੀ ਸਫਾਈ ਵਾਸਤੇ ਸਾਧਨਾ ਦੀ, ਮੰਤਰ ਦੇ ਜਾਪ ਦੀ, ਸੇਵਾ ਦੀ ਬਹੁਤ ਹੀ ਲੋੜ ਹੈ। ਇਸ ਮਨ ਨੂੰ ਕ੍ਰੋੜਾਂ ਜਨਮਾਂ ਦੀ ਮੈਲ ਲਗੀ ਹੋਈ ਹੋਣ ਕਰਕੇ ਇਹ ਬਿਨਾਂ ਨਾਮ ਤੋਂ ਲਾਹੁਣੀ ਬਹੁਤ ਮੁਸ਼ਕਲ ਹੈ, ਫ਼ੁਰਮਾਨ ਆਇਆ ਹੈ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥*

*ਅੰਗ - 4*

ਸਭ ਤੋਂ ਵੱਡੀ ਮੈਲ ਜੋ ਕ੍ਰੋੜਾਂ ਸਾਲ ਜਤਨ ਕਰਨ ਦੇ ਨਾਲ ਭੀ ਨਹੀਂ ਲਹਿੰਦੀ, ਉਹ ਹੈ - ਹਉਮੈ ਦੀ। ਹਉਮੈ ਅਤੇ ਨਾਮ ਦੋਏ ਅੱਜ ਤਕ ਕਦੇ ਇਕੱਠੇ ਨਹੀਂ ਰਹੇ; ਜਿਥੇ ਹਉਮੈ ਦਾ ਵਾਸਾ ਰਹੇਗਾ ਉਥੇ ਨਾਮ ਗੁਪਤ ਰੂਪ ਵਿਚ ਰਹਿੰਦਾ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥*

*ਅੰਗ - 293*

ਉਹ ਨਾਮ ਹਉਮੈ ਦੀ ਮੈਲ ਕਾਰਨ ਅਦ੍ਰਿਸ਼ ਰਹਿੰਦਾ ਹੈ। ਜਦੋਂ ਨਾਮ ਜਾਪ ਦੇ ਬਲ ਨਾਲ ਅਤੇ ਸੰਤ ਦੀ ਕ੍ਰਿਪਾ ਨਾਲ ਅੰਦਰਲੇ ਨੇਤ੍ਰ ਖੁਲ੍ਹ ਜਾਣ ਅਤੇ ਅੰਦਰ ਘਟ-ਘਟ 'ਚ ਰਮੇ ਹੋਏ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਵੇ ਤਾਂ ਇਹ ਹਉਮੈ ਦੀ ਮੈਲ ਲਹਿ ਜਾਇਆ ਕਰਦੀ ਹੈ। ਬਾਕੀ ਅਨੇਕ ਕਿਸਮ ਦੀਆਂ ਮੈਲਾਂ ਇਸ ਹਉਮੈ ਦੀ ਮੈਲ ਦੇ ਖਤਮ ਹੁੰਦੇ ਹੀ ਆਪ ਹੀ ਲਹਿ ਜਾਇਆ ਕਰਦੀਆਂ ਹਨ ਅਤੇ ਅੰਦਰ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਨ੍ਹਾਂ ਅਵਸਥਾਵਾਂ ਨੂੰ ਪ੍ਰਾਪਤ ਕਰਨ ਲਈ ਹਰ ਇਕ ਸਿੱਖ ਅਤੇ ਜਗਿਆਸੂ ਨੂੰ ਇਕ ਪਾਠ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਮਹੀਨੇ ਵਿਚ ਜ਼ਰੂਰ ਕਰ ਲੈਣਾ ਚਾਹੀਦਾ ਹੈ। ਆਪ ਵਿਚੋਂ ਜੇ ਕੋਈ ਅਨਪੜ੍ਹ ਹੋਵੇ ਤਾਂ ਉਹਦੇ ਮਨ ਵਿਚ ਸ਼ੰਕਾ ਕੁਦਰਤੀ ਹੈ ਕਿ ਮੈਂ ਕਿਸ ਤਰ੍ਹਾਂ ਇਕ ਪਾਠ ਦਾ ਫਲ ਪ੍ਰਾਪਤ ਕਰ ਸਕਦਾ ਹਾਂ, ਤਾਂ ਆਪ ਨੇ ਫ਼ੁਰਮਾਨ ਕੀਤਾ ਕਿ ਸੁਖਮਨੀ ਸਾਹਿਬ ਦੇ ਦੋ ਪਾਠ ਹਰ ਰੋਜ਼ ਕਰਨ ਨਾਲ ਜਾਂ ਜਪੁਜੀ ਸਾਹਿਬ ਦੇ 10 ਪਾਠ ਰੋਜ਼ਾਨਾ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਪਾਠ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਜੇਕਰ ਐਸਾ ਵੀ ਨਾ ਹੋ ਸਕੇ ਤਾਂ ਮੂਲ ਮੰਤਰ ਦੀਆਂ 'ੴ'ਤੋਂ ਲੈ ਕੇ 'ਹੋਸੀ ਭੀ ਸਚੁ' ਤਕ ਛੇ ਵੱਡੀਆਂ ਮਾਲਾਂ, 108 ਮਣਕੇ ਦੀਆਂ ਕਰਨ ਨਾਲ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਜੇ ਭਲਾ ਅਜੇ ਵੀ ਕੋਈ ਇਹ ਕਹੇ ਕਿ ਮੂਲਮੰਤ੍ਰ ਦਾ ਪਾਠ ਭੀ ਔਖਾ ਹੈ ਤਾਂ 40 ਮਾਲਾਂ 'ਸਤਿਨਾਮ-ਵਾਹਿਗੁਰੂ' ਦੇ ਜਾਪ ਦੀਆਂ ਕਰ ਲਿਆ ਕਰੇ ਜਾਂ 80 ਮਾਲਾ ਇਕੱਲੇ 'ਵਾਹਿਗੁਰੂ' ਮੰਤ੍ਰ ਦੀਆਂ ਕਰਿਆ ਕਰੇ, ਇਹ ਹਰ ਹਾਲਤ ਵਿਚ ਜ਼ਰੂਰੀ ਹੈ ਜਿਸ ਤੋਂ ਬਿਨਾਂ ਰੂਹਾਨੀ ਤਰੱਕੀ ਕਰਨੀ ਬਹੁਤ ਹੀ ਔਖੀ ਹੈ। ਦੂਸਰਾ ਇਹ ਹੈ ਕਿ ਕਮ-ਸ-ਕਮ ਢਾਈ ਘੰਟੇ ਚਿਤ ਨੂੰ ਇਕਾਗਰ ਕਰਕੇ ਚਾਹੇ ਪਾਠ ਕਰੇ, ਚਾਹੇ ਗੁਰਮੰਤ੍ਰ ਦਾ ਜਾਪ ਕਰੇ, ਉਹ ਸਹਾਈ ਹੋਇਆ ਕਰਦਾ ਹੈ। ਇਸ ਤੋਂ ਇਲਾਵਾ ਜਿਸ ਦੇ ਮਨ ਵਿਚ ਤੀਬਰ ਸ਼ੌਕ ਹੈ, ਉਹ ਮਹਾਂਪੁਰਸ਼ਾਂ ਨਾਲ ਮਿਲ ਕੇ ਸਿਮਰਨ ਦੀਆਂ ਜੁਗਤਾਂ ਪੁੱਛ ਕੇ ਹੋਰ ਸਮਾਂ ਅੰਤਰ ਖੋਜ ਵਿਚ ਲਾਉਣ। ਜੇ ਭਲਾ ਸਵੇਰੇ ਅੰਮ੍ਰਿਤ ਵੇਲੇ ਸਮਾਂ ਨਹੀਂ ਮਿਲਦਾ ਤਾਂ ਜਦੋਂ ਸਮਾਂ ਮਿਲੇ, ਉਸ ਵੇਲੇ ਇਹ ਅਭਿਆਸ ਕਰ ਲੈਣਾ ਜ਼ਰੂਰੀ ਹੋਇਆ ਕਰਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਕੁਸੰਗ ਤੋਂ ਬਚ ਕੇ ਤਕਰੀਬਨ ਇਕ ਜਾਂ

ਦੋ ਸਾਲ ਦੇ ਸਮੇਂ ਵਿਚ ਖਿਆਲ ਕਾਫੀ ਸ਼ੁਧ ਹੋ ਜਾਂਦੇ ਹਨ ਅਤੇ ਅੰਦਰ ਪਿਆਰ ਪੈਣਾ ਸ਼ੁਰੂ ਹੋ ਜਾਂਦਾ ਹੈ। ਦ੍ਰਿੜ੍ਹਤਾ ਅਤੇ ਲਗਨ ਆ ਜਾਇਆ ਕਰਦੀ ਹੈ।

ਨਾਮ ਜਪਣ ਵਾਲੇ ਜਗਿਆਸੂ ਪਹਿਲੇ ਪਹਿਲ ਮਾਲਾ ਦੀ ਮਦਦ ਨਾਲ ਗੁਰਮੰਤ੍ਰ ਦਾ ਜਾਪ ਕਰਦੇ ਹਨ। ਘੱਟ ਤੋਂ ਘੱਟ ਢਾਈ ਪੱਕੀਆਂ ਮਾਲਾਂ ਜਾਂ 270 ਕੱਚੀਆਂ ਮਾਲਾਂ ਜ਼ਰੂਰ ਹੀ ਫੇਰਨੀਆਂ ਚਾਹੀਦੀਆਂ ਹਨ। ਜਦੋਂ ਗੁਰਮੰਤ੍ਰ ਦਾ ਜਾਪ ਆਪੇ ਹੀ ਮਾਲਾ ਤੋਂ ਬਗੈਰ ਹੋਣਾ ਸ਼ੁਰੂ ਹੋ ਜਾਵੇ ਤਾਂ ਰਸਨਾ ਦੇ ਨਾਲ ਢਾਈ ਘੰਟੇ ਨਾਮ ਜਪਿਆ ਜਾਵੇ। ਜਦੋਂ ਰਸਨਾ ਦਾ ਨਾਮ ਐਨਾ ਪ੍ਰਬਲ ਹੋ ਜਾਵੇ ਕਿ ਕਾਰੋਬਾਰ ਕਰਦੇ ਸਮੇਂ ਰਸਨਾ ਆਪੇ ਹੀ ਗੁਰਮੰਤ੍ਰ ਦਾ ਜਾਪ ਕਰਦੀ ਰਹੇ ਅਤੇ ਜਦੋਂ ਜਾਪ ਭੁੱਲਣ ਨਾਲ ਐਸਾ ਮਹਿਸੂਸ ਹੋਣ ਲੱਗ ਜਾਵੇ ਕਿ ਮੇਰੇ ਅੰਦਰੋਂ ਕੁਝ ਗਵਾਚ ਗਿਆ ਹੈ ਤਾਂ ਉਸ ਵੇਲੇ ਮਹਾਂਪੁਰਸ਼ਾਂ ਤੋਂ ਸਾਸ ਗਿਰਾਸ ਦੀ ਜੁਗਤੀ ਪੁਛ ਕੇ ਨਾਮ ਅਭਿਆਸ ਕਰੇ। ਸਾਸ ਗਿਰਾਸ ਦੇ ਨਾਮ ਜਪਦਿਆਂ ਜਦੋਂ ਨਾਮ ਦੀ ਧੁਨ ਜਾਗ ਪਵੇ ਤੇ ਸਵਾਸ, ਨਾਮ ਤੋਂ ਲਾਂਭੇ ਹੋ ਜਾਵੇ ਤਾਂ ਇਹ ਅਜਪਾ ਜਾਪ ਦੀ ਅਵਸਥਾ ਹੋਇਆ ਕਰਦੀ ਹੈ। ਇਸ ਵਿਚ ਅੰਦਰੋਂ ਹੀ ਬਹੁਤ ਹੀ ਸੁਆਦਲਾ ਰਸ ਸਰੀਰ ਦੇ ਰੋਮ-ਰੋਮ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਉਸ ਰਸ ਦੇ ਹੋਣ ਕਰਕੇ ਮਨ ਵਿਚ ਕੋਈ ਫੁਰਨਾ ਨਹੀਂ ਉਠਿਆ ਕਰਦਾ। ਇਹ ਅਵਸਥਾਵਾਂ ਮਹਾਂਪੁਰਸ਼ਾਂ, ਫਕੀਰਾਂ, ਆਰਫਾਂ, ਤੱਤ ਬੇਤਿਆਂ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਕਰਦੀਆਂ ਹਨ। ਇਹ ਜਾਪ ਚਾਰ ਹਿੱਸਿਆਂ - ਬੈਖਰੀ, ਮਧਮਾ, ਪਸੰਤੀ, ਅਤੇ ਪਰਾ ਵਿਚ ਹੋਇਆ ਕਰਦਾ ਹੈ ਅਤੇ ਇਨ੍ਹਾਂ ਤੋਂ ਉਪਰ ਅਨਹਦ ਸ਼ਬਦ ਦੀ ਮਦਦ ਨਾਲ ਇਹ ਅਭਿਆਸ ਬਹੁਤ ਹੀ ਰਸਦਾਇਕ ਅਵਸਥਾ ਵਿਚ ਚਲਦਾ ਰਹਿੰਦਾ ਹੈ। ਜਦੋਂ ਜਗਿਆਸੂ ਦਾ ਅਭਿਆਸ ਪਰਾ ਬਾਣੀ ਦਾ ਪੱਕ ਜਾਵੇ ਤਾਂ ਨਾਭੀ ਉਪਰ ਥੋੜਾ ਜ਼ੋਰ ਦੇਣ ਨਾਲ ਸਾਰੇ ਰੋਮਾਂ ਵਿਚੋਂ ਨਾਮ ਦੀ ਧੁਨ ਦਾ ਪ੍ਰਵਾਹ ਚਲਣਾ ਸ਼ੁਰੂ ਹੋ ਜਾਇਆ ਕਰਦਾ ਹੈ। ਜਦੋਂ ਰੋਮ-ਰੋਮ ਵਿਚੋਂ ਨਾਮ ਅਭਿਆਸ ਦੀ ਆਵਾਜ਼ ਆਉਣੀ ਸ਼ੁਰੂ ਹੋ ਜਾਵੇ ਤਾਂ ਬਿਰਤੀ ਨੂੰ ਸੰਕੋਚ ਕੇ ਦਸਮ ਦੁਆਰ ਵਲ ਨੂੰ ਖਿੱਚਣਾ ਜ਼ਰੂਰੀ ਹੋਇਆ ਕਰਦਾ ਹੈ।

ਐਨੇ ਬਚਨ ਕਰਕੇ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਇਨ੍ਹਾਂ ਬਚਨਾਂ ਨੂੰ ਅੰਤਰੰਗ ਸਤਿਸੰਗ ਰਾਹੀਂ ਘਰ ਜਾ ਕੇ ਜਦੋਂ ਤੁਸੀਂ ਵਿਚਾਰ ਕਰੋਂਗੇ ਤਾਂ ਇਨ੍ਹਾਂ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਵੇਗਾ। ਇਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਜੇ ਤਨੋ ਮਨੋ ਹੋ ਕੇ ਕੋਈ ਜਗਿਆਸੂ ਪਹਿਲੀ ਜਮਾਤ ਤੋਂ ਪੜ੍ਹਾਈ ਸ਼ੁਰੂ ਕਰੇ ਅਤੇ ਆਤਮ ਮਾਰਗ ਦੀਆਂ ਪੂਰੀਆਂ ਰਹਿਤਾਂ ਅਨੁਸਾਰ ਆਪਣੀ ਯਾਤਰਾ ਜਾਰੀ ਰੱਖੇ ਤਾਂ ਕਿੰਨਾ ਕੁ ਸਮਾਂ ਜਗਿਆਸੂ ਨੂੰ ਲਗ ਸਕਦਾ ਹੈ? ਆਪ ਜੀ ਨੇ ਫੁਰਮਾਨ ਕੀਤਾ ਕਿ ਇਹ ਬਚਨ ਬਹੁਤ ਵੱਡੇ ਵਿਸਥਾਰ ਦਾ ਮੁਹਥਾਜ ਹੈ, ਇਸ ਕਰਕੇ ਇਸ ਬਾਰੇ ਕਦੇ ਫੇਰ ਬੇਨਤੀ ਕੀਤੀ ਜਾਵੇਗੀ। ਸਭ ਨੇ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਤੇ ਆਪੋ ਆਪਣੀਆਂ ਡਿਊਟੀਆਂ ਦੇਣ ਚਲੇ ਗਏ।

# ਸੰਤ ਬਚਨ
## (ਭਾਗ ਤੀਜਾ)

1961 ਵਿੱਚ ਚੰਡੀਗੜ੍ਹ ਦੀਵਾਨ ਲੱਗੇ। ਉਸ ਸਮੇਂ ਇੱਕ ਘੰਟਾ ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ) ਰਾੜਾ ਸਾਹਿਬ ਵਾਲਿਆਂ ਦੇ ਮਹਾਨ ਅਨੁਭਵੀ ਬਚਨ ਸੁਣਨ ਲਈ ਅਨੇਕ ਮਹਾਂਪੁਰਖਾਂ ਨਾਲ ਸਬੰਧ ਰੱਖਣ ਵਾਲੇ ਹਿੰਦੂ ਵੀਰ, ਸਿੱਖ ਪ੍ਰੇਮੀ ਇਕੱਠੇ ਹੋ ਜਾਇਆ ਕਰਦੇ ਸਨ। ਸੰਤ ਮਹਾਰਾਜ ਜੀ ਦੇ ਬਚਨ ਸੁਣ ਕੇ ਇੱਕ ਵੀਰ ਨੇ, ਜਿੰਨ੍ਹਾਂ ਦਾ ਸਬੰਧ ਹੁਸ਼ਿਆਰਪੁਰ ਦੇ ਉੱਚ ਕੋਟੀ ਦੇ ਮਹਾਂਪੁਰਸ਼ ਸੁਆਮੀ ਹੀਰਾ ਨੰਦ ਪੁਰੀ ਨਾਲ ਸੀ, ਨੇ ਸ਼ਰਧਾ ਪੂਰਵਕ ਬੇਨਤੀ ਕੀਤੀ ਅਤੇ ਕਿਹਾ ਕਿ ਮਹਾਰਾਜ! ਜੇ ਜਗਿਆਸੂ ਪੂਰੀ ਲਗਨ ਰੱਖਦਾ ਹੋਵੇ ਅਤੇ ਆਪਣੇ ਜੀਵਨ ਨੂੰ ਕੁਸੰਗ ਤੋਂ ਬਚਾ ਕੇ ਆਤਮ ਮਾਰਗ ਤੇ ਤੁਰਨ ਦਾ ਪੂਰੀ ਤਰ੍ਹਾਂ ਇਛੁਕ ਹੋਵੇ, ਤਾਂ ਕਿੰਨਾ ਕੁ ਚਿਰ ਮੰਜ਼ਿਲ ਤੇ ਪਹੁੰਚਣ ਲਈ ਲੱਗ ਸਕਦਾ ਹੈ। ਤਾਂ ਉਸ ਵੇਲੇ ਮਹਾਂਪੁਰਸ਼ਾਂ ਨੇ ਫੁਰਮਾਇਆ ਕਿ ਮੰਜ਼ਿਲ ਤੇ ਪਹੁੰਚਣ ਲਈ ਵੇਦਾਂ ਸ਼ਾਸਤਰਾਂ, ਅਨੁਭਵੀ ਮਹਾਂਪੁਰਖਾਂ ਨੇ ਕੋਈ ਨਿਯਮ ਨਹੀਂ ਬਣਾਏ ਕਿ ਕਿੰਨਾਂ ਸਮਾਂ ਪਹੁੰਚਣ ਲਈ ਚਾਹੀਦਾ ਹੈ ਕਿਉਂਕਿ ਹਰ ਜੀਵ ਆਪਣੇ ਆਪਣੇ ਸੁਭਾਅ ਦੇ ਮੁਤਾਬਿਕ ਚੰਗੇ ਤੇ ਮੰਦੇ ਕਰਮ ਕਰਦਾ ਰਹਿੰਦਾ ਹੈ ਜਿਸ ਦਾ ਅਸਰ ਉਸ ਦੇ ਅੰਤਿਸ਼ਕਰਨ ਵਿਚ ਲਗਾਤਾਰ ਪੈਂਦਾ ਰਹਿੰਦਾ ਹੈ। ਇਨ੍ਹਾਂ ਕਰਮਾਂ ਕਰਕੇ ਮੈਲ ਲਗਦੀ ਰਹਿੰਦੀ ਹੈ ਤੇ ਸ਼ੁੱਭ ਕਰਮਾਂ ਕਰਕੇ ਮੈਲ ਉਤਰਦੀ ਵੀ ਰਹਿੰਦੀ ਹੈ। ਪਿਛਲੀ ਵਾਰੀ ਇਹ ਦੱਸਣ ਦਾ ਯਤਨ ਕੀਤਾ ਸੀ ਕਿ ਮਨ ਦੀ ਮੈਲ ਕਿਸ ਤਰਾਂ ਉਤਰਦੀ ਹੈ। ਉਸ ਦੇ ਵਾਸਤੇ ਹਰ ਜਗਿਆਸੂ ਨੂੰ ਹਰ ਮਹੀਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ, ਵਿਚਾਰ ਅਤੇ ਪਿਆਰ ਪੂਰਵਕ ਕਰਨ ਲਈ ਦਸਿਆ ਸੀ। ਇਸ ਦੇ ਨਾਲ ਹੀ ਸੁਖਮਨੀ ਸਾਹਿਬ, ਜਪੁਜੀ ਸਾਹਿਬ, ਮੂਲ ਮੰਤਰ ਤੇ ਗੁਰ ਮੰਤਰ ਦੇ ਪਾਠ ਮਨ ਦੀ ਮੈਲ ਦੂਰ ਕਰਨ ਲਈ ਦੱਸੇ ਸਨ। ਇਹ ਨਿਰਣਾ ਕਰਨਾ ਬਹੁਤ ਮੁਸ਼ਕਲ ਹੈ ਕਿ ਹਰ ਜਗਿਆਸੂ ਦੇ ਅੰਦਰ ਕਿੰਨੀ ਲਗਨ, ਦ੍ਰਿੜ੍ਹਤਾ, ਕਿੰਨਾਂ ਬੈਰਾਗ, ਤੇ ਕਿੰਨੀਂ ਸਰਲਤਾ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਕਿਉਂਕਿ ਹਰ ਬੰਦਾ ਤਿੰਨਾਂ ਗੁਣਾਂ ਰਜੋ, ਤਮੋ, ਸਤੋ ਦੀਆਂ ਮਾਇਕ ਲਹਿਰਾਂ ਦੇ ਅਧੀਨ ਹੈ। ਸੋ ਸਾਰੀ ਚੀਜ਼ ਮਨ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਅੰਤਿਸ਼ਕਰਨ ਦੀ ਪਵਿੱਤਰਤਾ ਨਾਲ ਸਬੰਧ ਰੱਖਦੀ ਹੈ ਜਿਸ ਤਰ੍ਹਾਂ ਦੇ ਨਾਲ ਹਰ ਬੰਦੇ ਦੀ ਭੁੱਖ ਵਖੋ ਵਖ ਹੈ, ਦੁਖ ਨੂੰ ਸਹਿਨ ਕਰਨ ਦੀ ਸ਼ਕਤੀ ਅਡ-ਅਡ ਹੈ, ਕਾਮ ਤੇ ਕ੍ਰੋਧ ਦੇ ਵੇਗਾਂ ਨੂੰ ਰੋਕਣ ਦੀ ਪ੍ਰਬਲਤਾ ਵਖੋ ਵੱਖਰੀ ਹੈ, ਲੋਭ ਤੇ ਮੋਹ ਦੀਆਂ ਤਨਾਵਾਂ ਦੀਆਂ ਖਿੱਚਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਇਕ ਦੂਜੇ ਨਾਲ ਨਹੀਂ ਰਲਦੀ, ਅਭਿਮਾਨ ਦੀ ਮਾਤਰਾ ਅਪਣੀ ਮਾਇਕ ਹਾਲਤ, ਵਿਦਿਅਕ ਪ੍ਰਾਪਤੀ, ਸਰੀਰਕ ਸ਼ਕਤੀ, ਮਾਨਸਿਕ ਚਾਤਰਿਕਤਾ, ਰਾਜਸੀ ਸ਼ਕਤੀ ਦੇ ਅਧੀਨ ਵੱਖੋ ਵੱਖਰੀ ਹੋਇਆ ਕਰਦੀ ਹੈ। ਇਸ ਲਈ ਮੰਜ਼ਿਲ ਤੇ ਪਹੁੰਚਣ ਦੀ ਜੋ ਬਾਤ ਅਤੇ ਸਮੇਂ ਸੂਚੀ ਬਾਰੇ ਕਿਹਾ ਗਿਆ ਹੈ, ਉਸ ਬਾਰੇ ਕੋਈ ਠੀਕ ਨਿਰਣਾ ਬਿਲਕੁਲ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਜੋ ਜਗਿਆਸੂ ਮਹਾਂਪੁਰਸ਼ਾਂ ਦੀ ਚੋਣ ਵਿਚ ਆ ਜਾਣ ਅਤੇ ਉਨ੍ਹਾਂ ਦਾ ਮਹਾਂਪੁਰਸ਼ਾਂ ਨਾਲ ਵਾਹ ਪੈ ਜਾਵੇ ਅਤੇ ਮਹਾਂਪੁਰਸ਼ਾਂ ਦੇ ਹੁਕਮ ਨੂੰ ਪੂਰੀ ਤਰ੍ਹਾਂ ਨਾਲ ਮੰਨਣ ਤਾਂ ਕੁਝ ਨਿਰਣੇ ਲਏ ਜਾ ਸਕਦੇ ਹਨ।

ਪਹਿਲਾਂ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਬਾਰੇ ਬਚਨ ਕੀਤਾ ਹੈ, ਉਸ ਦੇ ਭੇਦ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪੈਸਾ ਲੈ ਕੇ ਪਾਠੀ ਵੀ ਕਰਦੇ ਹਨ ਜਿਨ੍ਹਾਂ ਦਾ ਮੰਤਵ ਕੇਵਲ ਆਪਣੀ ਮਜ਼ਦੂਰੀ ਲੈਣ ਤਕ ਸੀਮਿਤ ਹੋਇਆ ਕਰਦਾ ਹੈ। ਇਹਨਾਂ ਉਪਰ ਅਸਰ ਇਤਨਾ ਕੁ ਹੋਇਆ ਕਰਦਾ ਹੈ, ਜਿੰਨਾਂ ਕੋਈ ਮਜ਼ਦੂਰ ਬਹੁਤ ਹੀ ਸੁਗੰਧਤ ਭੋਜਨਾਂ ਦੇ

Packing ਚੁੱਕ ਕੇ ਇਕ ਥਾਂ ਤੋਂ ਦੂਸਰੇ ਥਾਂ ਤੇ ਰਖ ਦੇਵੇ। ਕੁਝ ਸੁਗੰਧੀ ਉਨ੍ਹਾਂ ਸਵਾਦਿਸ਼ਟ ਭੋਜਨਾਂ ਦੀ ਉਸ ਦੇ ਨੱਕ ਵਿਚ ਮਹਿਸੂਸ ਹੋਇਆ ਕਰਦੀ ਹੈ। ਉਹ ਭੋਜਨ ਦੇ ਸਵਾਦ ਤੋਂ ਖਾਲੀ ਰਹਿ ਜਾਇਆ ਕਰਦੇ ਹਨ। ਜਾਂ ਇਓਂ ਕਹੋ ਕਿ ਸਵਾਦਿਸ਼ਟ ਭੋਜਨਾਂ ਵਿਚ ਕੜਛੀ ਫਿਰਦੀ ਹੈ, ਉਸ ਨੂੰ ਭੋਜਨ ਦੇ ਸਵਾਦ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸੇ ਤਰ੍ਹਾਂ ਦੇ ਨਾਲ ਮਜ਼ਦੂਰੀ ਲੈ ਕੇ ਪਾਠ ਕਰਨ ਵਾਲਿਆਂ ਦਾ ਹਾਲ ਹੋਇਆ ਕਰਦਾ ਹੈ। ਉਹ ਬਾਣੀਆਂ ਦਾ ਪਾਠ ਕਰਦੇ ਹਨ ਜਿਸ ਦੇ ਫਲ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਪਰ ਉਹ ਪਾਠੀ ਕੌਡੀਆਂ ਦੇ ਭਾਅ ਹੀਰੇ ਵੇਚ ਦਿੰਦੇ ਹਨ। ਪਾਠ ਦਾ ਫਲ, ਸ਼ਰਧਾ ਭਾਵਨਾ, ਸੇਵਾ ਦੀ ਬਿਰਤੀ ਧਾਰ ਕੇ ਨਿਮਰਤਾ ਨਾਲ ਵਰਤ ਕੇ ਇੱਕ ਚਿੱਤ ਹੋ ਕੇ ਸੁਣਨ ਅਤੇ ਮੰਨਣ ਵਾਲੇ ਨੂੰ ਪ੍ਰਾਪਤ ਹੋ ਜਾਇਆ ਕਰਦਾ ਹੈ।

ਦੂਸਰੇ ਪ੍ਰੇਮੀ ਉਹ ਹਨ ਜਿਹੜੇ ਪਾਠ ਕਰਨ ਸਮੇਂ ਚਿੱਤ ਨੂੰ ਪੂਰੀ ਤਰ੍ਹਾਂ ਇਕਾਗਰ ਕਰਕੇ ਬਾਹਰਲੀ ਦੁਨੀਆਂ ਤੋਂ ਆਪਣੀਆਂ ਪੰਜੇ ਪ੍ਰਕਾਰ ਦੀਆਂ ਚਿੱਤ ਬਿਰਤੀਆਂ ਨੂੰ ਸ਼ਬਦ ਵਿਚ ਲੀਨ ਕਰਕੇ, ਸ਼ਬਦ ਦਾ ਰੂਪ ਹੋ ਕੇ ਵੈਰਾਗ, ਵਿਚਾਰ ਅਤੇ ਗੁਰੂ ਪ੍ਰੇਮ ਵਿਚ ਲੀਨ ਹੋ ਕੇ ਪੜ੍ਹਦੇ ਹਨ। ਉਨ੍ਹਾਂ ਉਪਰ ਬਹੁਤ ਹੀ ਅਸਰ ਹੋ ਜਾਇਆ ਕਰਦਾ ਹੈ ਅਤੇ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਮੈਲ, ਆਪਣਾ ਚਿੱਤ ਸਤਿਗੁਰ ਦੇ ਵਜੂਦ ਵਿਚ ਸਮਾਉਣ ਕਰਕੇ ਲਹਿ ਜਾਂਦੀ ਹੈ।

***ਜਨਮ ਜਨਮ ਕੀ ਇਸੁ ਮਨ ਕਉ***
***ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ॥***

***ਅੰਗ - 651***

ਸੋ ਇਸ ਤਰਾਂ, ਮੂਲ ਮੰਤਰ, ਗੁਰ ਮੰਤਰ ਦਾ ਪਾਠ ਕਰਨ ਵਿਚ ਭੇਦ ਹੋਇਆ ਕਰਦੇ ਹਨ। ਇਨ੍ਹਾਂ ਸਾਰੇ ਭੇਦਾਂ ਤੋਂ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਜਾਣੂੰ ਹੋ ਜਾਈਦਾ ਹੈ।

ਦੂਸਰੀ ਜ਼ਰੂਰੀ ਰਹਿਤ ਜੋ ਹੈ ਉਹ ਹੈ ਤੱਤ ਬੇਤੇ, ਰਸਿਕ ਬੈਰਾਗੀ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਵਕਤਾ, ਪੰਜਾਂ ਭਰਮਾਂ ਤੋਂ ਰਹਿਤ ਸਾਸ ਗ੍ਰਾਸ ਹਰਿ ਨਾਮ ਵਿਚ ਲਿਵ ਲਾਉਣ ਵਾਲੇ ਮਹਾਂਪੁਰਸ਼ਾਂ ਦੀ ਸ਼ਰਧਾ ਪੂਰਵਕ ਸੰਗਤ ਕਰਨੀ।

ਤੀਸਰੀ ਗੱਲ ਜੋ ਬਹੁਤ ਜ਼ਰੂਰੀ ਹੈ, ਆਪਣੀ ਸਿਹਤ ਨੂੰ ਪੂਰੀ ਤਰ੍ਹਾਂ ਨਾਲ ਵਾਏ, ਪਿਤ, ਕੱਫ ਆਦਿ ਦੋਸ਼ਾਂ ਤੋਂ ਰਹਿਤ ਰੱਖ ਕੇ ਸਰੀਰ ਤਦੰਰੁਸਤ ਹੋਵੇ ਤਾਂ ਸਾਧਕ ਲਈ ਰਸਿਕ ਬਿਰਤੀ ਬਣੀ ਰਹਿੰਦੀ ਹੈ। ਨਹੀਂ ਤਾਂ ਸਰੀਰ ਦੇ ਘਟ ਵਧ ਤੱਤ ਹਰ ਸਮੇਂ ਕੋਈ ਨ ਕੋਈ ਦੋਸ਼ ਤੇ ਵਿਕਾਰ ਸਰੀਰ ਵਿਚ ਖੜ੍ਹੇ ਹੀ ਰਖਦੇ ਹਨ।

ਚੌਥੀ ਰਹਿਤ ਹੈ ਆਪਣੇ ਅੰਦਰ ਗੁਣ ਧਾਰਨ ਕਰਨ ਦੀ ਅਵੱਸ਼ਕਤਾ, ਜਿਸ ਲਈ ਤਿੰਨ ਪ੍ਰਕਾਰ ਦੀਆਂ ਹਿੰਸਾ ਤੋਂ ਬਚਣਾ - (1) ਮਨ ਤੋਂ ਕਿਸੇ ਦਾ ਬੁਰਾ ਨਹੀਂ ਚਿਤਵਣਾ, (2) ਜ਼ਬਾਨ ਕਰਕੇ ਕਿਸੇ ਨੂੰ ਕੌੜਾ ਨਹੀਂ ਬੋਲਣਾ (3) ਸਰੀਰ ਦੇ ਬਲ ਕਰਕੇ ਕਿਸੇ ਨੂੰ ਕੋਈ ਦੁਖ ਨ ਦੇਣਾ। ਆਪਣੇ ਮਾਨਸਿਕ ਬਲ ਦਾ ਪ੍ਰਯੋਗ ਕਰਕੇ ਜਾਂ ਜੰਤਰਾਂ ਮੰਤਰਾਂ ਟੂਣਿਆਂ ਦੇ ਬਲ ਕਰਕੇ ਕਿਸੇ ਨੂੰ ਦੁਖੀ ਨਾ ਕਰਨਾ, ਦੂਸਰਾ ਕਿਸੇ ਹਾਲਤ ਵਿਚ ਭੀ, ਨਾ ਤਾਂ ਕਿਸੇ ਆਮ ਗੱਲ ਬਾਤ ਵਿਚ, ਨਾ ਹੀ ਜੀਵਨ ਨਾਲ ਸੰਬੰਧ ਰੱਖਣ ਵਾਲੀ ਹਾਲਤ ਵਿਚ ਝੂਠ ਦਾ ਸਹਾਰਾ ਲੈਣਾ, ਸਦਾ ਸੱਤ ਪਰਤੱਗੀ ਹੋਣਾ। ਤੀਸਰਾ ਹੈ ਸਰੀਰ ਕਰਕੇ, ਮਨ ਕਰਕੇ, ਬੁੱਧੀ ਕਰਕੇ ਕਿਸੇ ਕਿਸਮ ਦੀ ਚੋਰੀ ਨਾ ਕਰਨਾ। 'ਏਕਾ ਨਾਰੀ ਜਤੀ ਹੋਇ' ਦੇ ਪਰਮ ਅਸੂਲ ਤੇ ਸਦਾ ਪਹਿਰਾ ਦੇਣਾ। ਸੁਖ-ਦੁੱਖ, ਹਾਣ-ਲਾਭ, ਪ੍ਰਸੰਨਤਾ-ਅਪ੍ਰਸੰਨਤਾ ਵਿਚ ਸਮ-ਬਿਰਤੀ ਰੱਖਕੇ ਧੀਰਜੀ ਰਹਿਣਾ, ਦੂਸਰੇ ਦੇ ਔਗੁਣ ਦੇਖ ਕੇ ਉਸ ਨੂੰ ਮੁਆਫ ਕਰ ਦੇਣਾ ਅਤੇ ਖਿਮਾ ਦੀ ਬਿਰਤੀ ਧਾਰਨ ਕਰਨੀ। ਕਿਸੇ ਦੁਖੀ ਨੂੰ ਦੇਖ ਕੇ ਉਸ ਦੀ ਯਥਾ-ਸ਼ਕਤਿ ਸਹਾਇਤਾ ਕਰਨੀ ਤੇ ਉਸ ਨਾਲ ਦਇਆ-ਬਿਰਤੀ ਨਾਲ ਵਰਤਣਾ। ਸਭ ਨੂੰ ਯਥਾ-ਸ਼ਕਤਿ ਸ਼ੁੱਭ ਉਪਦੇਸ਼ ਦੇਣੇ ਤੇ ਸਭਨਾ

ਪ੍ਰਤਿ ਕੋਮਲ ਹਿਰਦੇ ਨਾਲ ਵਰਤਾਵ ਕਰਨਾ। ਸਰੀਰ ਨੂੰ ਇਸ਼ਨਾਨ ਕਰਕੇ ਸਾਫ਼ ਰੱਖਣਾ, ਮਨ ਨੂੰ ਰਾਗ ਤੇ ਦਵੈਸ਼ ਦੇ ਜਜ਼ਬਿਆਂ, ਈਰਖਾ, ਵੈਰ-ਵਿਰੋਧ, ਅਪਵਿੱਤਰ ਜਜ਼ਬਿਆਂ ਤੋਂ ਪਵਿੱਤਰ ਰੱਖਣਾ। ਬੁੱਧੀ ਨੂੰ ਸਤਿ ਸ਼ਾਸਤਰ ਦੀ ਵੀਚਾਰ ਨਾਲ ਨਿਰਮਲਤਾਈ ਵਿਚ ਰੱਖਣਾ। ਸੇਵਾ ਕਰਨੀ, ਸੰਤੋਖ ਵਿਚ ਰਹਿਣਾ, ਗੁਰੂ ਦੀ ਬਾਣੀ ਨੂੰ ਧੁਰ ਅਕਾਲ ਪੁਰਖ ਤੋਂ ਆਈ ਜਾਣ ਕਰਕੇ ਕਿਸੇ ਤਰ੍ਹਾਂ ਦੀ ਤਰਕ ਜਾਂ ਕਿੰਤੂ ਨਾ ਕਰਨਾ ਅਤੇ ਸਦੀਵ ਆਤਮਕ ਭਾਵ ਵਿਚ ਰਹਿਕੇ ਵਾਹਿਗੁਰੂ ਵਿਚ ਪੂਰਾ ਵਿਸ਼ਵਾਸ ਕਰਨਾ ਅਤੇ ਪੂਰਨ ਤੇ ਦ੍ਰਿੜ੍ਹ ਨਿਸ਼ਚੇ ਨਾਲ ਇਹ ਮੰਨਣਾ ਕਿ ਉਹ ਸਦਾ ਮੇਰੇ ਨਾਲ ਰਹਿੰਦਾ ਹੈ ਤੇ ਮੇਰਾ ਪਿਆਰਾ ਹੈ। ਮੈਨੂੰ ਆਪਣੇ ਪਿਆਰ ਨਾਲ ਸਦਾ ਹੀ ਖਿੱਚ ਪਾਉਂਦਾ ਰਹਿੰਦਾ ਹੈ। ਮੈਂ ਉਸ ਦਾ ਹਾਂ ਅਤੇ ਉਹ ਮੇਰਾ ਹੈ, ਮੇਰਾ ਮਹਿਬੂਬ ਹੈ। ਮੇਰੀਆਂ ਭੁੱਲਾਂ ਨੂੰ ਛੋਟੇ ਬੱਚੇ ਦੀਆਂ ਕੀਤੀਆਂ ਭੁੱਲਾਂ ਵਾਂਗੂੰ ਜਾਣ ਕੇ ਮੁਆਫ ਕਰਦਾ ਹੈ। ਉਹ ਮੇਰਾ ਹਰ ਥਾਂ ਰਾਖਾ ਹੈ, ਮੇਰਾ ਮਿਤਰ ਸਖਾਈ ਹੈ, ਉਹ ਮੇਰਾ ਹੈ, ਮੈਂ ਉਸਦਾ ਹਾਂ। ਇਹ ਭਾਵ ਸਦਾ ਹੀ ਮਨ ਵਿਚ ਸਮੋਅ ਕੇ ਰਖਣੇ, ਇਸ ਤੋਂ ਬਿਨਾਂ ਗੁਰੂ ਦਾ ਅੰਤਰ ਆਤਮੇ ਧਿਆਨ ਰਖਣਾ, ਨਿਤਨੇਮ ਕਰਨਾ, ਪਖੰਡ ਦੇ ਨੇੜੇ ਕਿਸੇ ਤਰੀਕੇ ਨਾਲ ਨਾ ਆਉਣਾ, ਦੰਭ ਨਾ ਕਰਨਾ, ਨਿੰਮਰਤਾ ਸਹਿਤ ਸੰਸਾਰ ਵਿਚ ਵਰਤਣਾ, ਮਿੱਠਾ ਬੋਲਣਾ। ਇਹ ਉੱਪਰ ਕਹੇ ਹੋਏ ਗੁਣ ਹਨ ਜਿਨ੍ਹਾਂ ਨੂੰ ਧਾਰਨ ਕੀਤੇ ਬਗੈਰ ਆਤਮਿਕ ਮੰਜ਼ਿਲ ਵਿਚ ਪਰਵੇਸ਼ ਕਰਨਾ ਅਤਿ ਮੁਸ਼ਕਿਲ ਹੈ - ***"ਵਿਣੁ ਗੁਣ ਕੀਤੇ ਭਗਤਿ ਨ ਹੋਇ॥"*** ਈਸਾ ਜੀ ਦਾ ਫੁਰਮਾਨ ਹੈ ਕਿ ਇਕ ਹਾਥੀ ਨੂੰ ਕਿਸੇ ਨ ਕਿਸੇ ਢੰਗ ਨਾਲ ਸੂਈ ਦੇ ਨੱਕੇ ਵਿਚੋਂ ਲੰਘਾਇਆ ਜਾ ਸਕਦਾ ਹੈ, ਪਰ ਇਕ ਅਭਿਮਾਨੀ ਪੁਰਸ਼ ਨੂੰ ਕਿਸੇ ਤਰ੍ਹਾਂ ਭੀ ਵਾਹਿਗੁਰੂ ਦੀ ਦਰਗਾਹ ਵਿਚ ਦਾਖਲਾ ਨਹੀਂ ਮਿਲ ਸਕਦਾ।

ਇਸ ਤਰ੍ਹਾਂ ਦਾ ਜੀਵਨ ਧਾਰਨ ਕਰਕੇ ਤਕਰੀਬਨ ਦੋ ਸਾਲ ਦੀ ਮਿਹਨਤ ਨਾਲ ਜਗਿਆਸੂ ਦਾ ਅੰਤਿਸ਼ਕਰਨ ਕਾਫੀ ਸ਼ੁੱਧ ਹੋ ਜਾਇਆ ਕਰਦਾ ਹੈ। ਜਦੋਂ ਪਾਣੀ ਦੇ ਚਸ਼ਮੇ ਵਾਂਗ ਸ਼ਬਦ ਫੁਹਾਰ ਲਗਾਤਾਰੀ ਚਲ ਪਵੇ ਤਾਂ ਸਮਝ ਲਵੋ ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਚੁਕਿਆ ਹੈ। ਮਹਾਂਪੁਰਸ਼ਾਂ ਦੀ ਕ੍ਰਿਪਾ ਦੇ ਨਾਲ ਜਗਿਆਸੂ ਅਜੱਪਾ ਜਾਪ ਦਾ ਅਧਿਕਾਰੀ ਬਣ ਜਾਵੇਗਾ ਅਤੇ ਹਰ ਸਵਾਸ ਦੇ ਨਾਲ ਨਾਮ ਦੀ ਰੌਅ, ਅੰਦਰ ਬਾਹਰ ਚਲੇਗੀ, ਮਿੱਠੀ-ਮਿੱਠੀ ਫੁਹਾਰ ਪਾਉਂਦੀ, ਛੋਟੀਆਂ-ਛੋਟੀਆਂ ਝਰਨ੍ਹਾਟਾਂ ਦਿੰਦੀ, ਮਨ ਨੂੰ ਖੀਵਾ ਕਰਦੀ ਪ੍ਰਤੀਤ ਦੇਣ ਲਗ ਜਾਵੇਗੀ। ਇਹ ਅਵਸਥਾ ਮਹਾਂਪੁਰਖਾਂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋਇਆ ਕਰਦੀ ਹੈ। ਚਾਰ ਬਾਣੀਆਂ ਨਾਲ ਭਜਨ ਹੁੰਦਾ ਹੈ - ਬੈਖਰੀ, ਮਧਮਾ, ਪਸੰਤੀ ਅਤੇ ਪਰਾ। ਪਰਾ ਬਾਣੀ ਦਾ ਭਜਨ ਅਤਿ ਅਲੌਕਿਕ ਹੋਇਆ ਕਰਦਾ ਹੈ। ਨਾਮ ਧੁਨ ਦੇ ਸੰਗੀਤਕ ਨਾਦ ਬਿਨਾਂ ਬਜਾਏ ਵੱਜਦੇ ਹਨ ਅਤੇ ਰੋਮ ਰੋਮ ਵਿਚੋਂ ਨਾਮ energy ਦਾ flow ਪ੍ਰਤੱਖ ਰੂਪ ਵਿਚ ਪ੍ਰਤੀਤ ਹੁੰਦਾ ਹੈ- ***"ਨਾਨਕ ਭਗਤਾ ਸਦਾ ਵਿਗਾਸੁ॥"*** ਦੀ ਅਵਸਥਾ ਸਰੀਰ ਦੇ ਅੰਦਰ ਬਾਹਰ ਬਣੀ ਰਹਿੰਦੀ ਹੈ। ਅਨਹਦ ਸ਼ਬਦ ਦੀ ਧੁਨ ਅਨੇਕਾਂ ਸੰਗੀਤਕ ਧੁਨਾਂ, ਤਾਰ ਤੇ ਸਾਜਾਂ ਵਿਚੋਂ ਉਠੀ ਧੁਨ ਸੁਣਦੀ ਰਹਿੰਦੀ ਹੈ। ਇਉਂ ਸਮਝ ਲਵੋ ਕਿ ਗੁਰੰਮਤਰ ਦੇ ਜਾਪ ਨੇ ਬਿਰਤੀ ਨੂੰ ਅਨੇਕ ਜਠਲ ਥਾਂਵਾਂ ਤੋਂ ਖਿੱਚ ਕੇ ਧੁਨ-ਆਤਮਕ ਮੰਡਲ ਵਿਚ ਪਰਵੇਸ਼ ਕਰ ਦਿੱਤਾ ਹੈ ਜਿੱਥੇ ਆਦਿ ਧੁਨ ਦੀ ਗੂੰਜ ਸਦੀਵ ਹੀ ਸਰਵਣ ਹੁੰਦੀ ਹੈ ਜਿਸ ਦੇ ਬਾਰੇ ਗੁਰੂ ਦਸਮੇਸ਼ ਪਿਤਾ ਜੀ ਦਾ ਬਚਨ ਹੈ-

***ਪ੍ਰਥਮ ਓਅੰਕਾਰ ਤਿਨ ਕਹਾ।***
***ਸੋ ਧੁਨ ਪੂਰਿ ਜਗਤ ਮੋਹ ਰਹਾ।***

***ਪੰਨਾ - 158 (ਦਸਮ ਗ੍ਰੰਥ)***

ਇਸ ਧੁਨ ਨੂੰ ਓਅੰਕਾਰ ਦੀ ਧੁਨ ਕਿਹਾ ਜਾਂਦਾ ਹੈ। ਇਹ ਧੁਨ ਏਕੰਕਾਰ ਵਿਚੋਂ ਹੋਈ ਹੋਣ ਕਰਕੇ ਪੂਰਨ ਸ਼ਕਤੀਵਾਨ ਗਿਆਨ ਰੂਪ, ਚੇਤਨ ਸਰੂਪ ਸਤਿ ਦੀ ਪ੍ਰਤੀਕ ਨਾਮ ਰੂਪ ਹੈ ਜਿਸ ਨੇ ਕ੍ਰੋੜਾਂ ਬ੍ਰਹਿਮੰਡਾਂ ਨੂੰ ਧਾਰਣ ਕੀਤਾ ਹੋਇਆ ਹੈ।

ਇਹ ਵਾਹਿਗੁਰੂ ਜੀ ਦੀ ਆਪਣੀ ਕ੍ਰਿਆਸ਼ੀਲ ਅਵਸਥਾ ਓਅੰਕਾਰ ਹੈ, ਨਾਮ ਸਰੂਪ ਹੈ। ਇਸ ਦੀ ਪ੍ਰਾਪਤੀ ਲਈ ਕੁਝ ਸਾਧਨ ਸਮੇਂ ਸਹਿਤ ਵਰਣਨ ਕੀਤੇ ਜਾ ਸਕਦੇ ਹਨ, ਜੋ ਇਸ ਤਰ੍ਹਾਂ ਹਨ-

ਕਿਸੇ ਇਕਾਂਤ ਜਗ੍ਹਾ ਵਿਚ ਸਰੀਰਕ ਸਫਾਈ ਕਰਕੇ ਆਸਣ ਲਾ ਲਵੋ, ਰੀੜ੍ਹ ਦੀ ਹੱਡੀ 90 ਦਰਜ਼ੇ ਤੇ ਰੱਖ ਕੇ, ਸਿਰ, ਮੌਂਢੇ, ਛਾਤੀ ਆਦਿ ਨੂੰ ਢਿੱਲਾ ਕਰਕੇ, ਦਬਾਉ ਰਹਿਤ ਹੋਕੇ ਸੁਖਾਲਾ ਆਸਣ ਲਾ ਕੇ ਬੈਠ ਜਾਵੇ। ਆਪਣੀਆਂ ਅੱਖਾਂ ਨੂੰ ਬੰਦ ਕਰਕੇ ਜੋ ਕੰਨਾਂ ਚ ਅਵਾਜ਼ਾਂ ਆ ਰਹੀਆਂ ਹਨ, ਉਹ ਸਰਵਣ ਕਰਦਾ ਰਹੇ। ਘੱਟ ਤੋਂ ਘੱਟ ਢਾਈ ਘੰਟੇ ਹਰ ਰੋਜ਼ ਅਜਿਹੇ ਆਸਣ ਤੇ ਬੈਠੇ ਜਿੱਥੇ ਬਾਹਰਲੀ ਕੋਈ ਅਵਾਜ਼ ਸੁਣਾਈ ਨਾ ਦਿੰਦੀ ਹੋਵੇ। ਇਸ ਤਰ੍ਹਾਂ ਦੋਨੋਂ ਕੰਨ੍ਹਾਂ ਵਿਚੋਂ ਆਉਂਦੀ ਅਵਾਜ਼ ਲਗਾਤਾਰ ਅੱਠ-ਦਸ ਦਿਨ ਪੂਰੀ ਇਕਾਗਰਤਾ ਨਾਲ ਸਰਵਣ ਕਰਦਾ ਰਹੇ, ਉਸ ਵਿਚ ਮਸਤ ਰਹੇ। ਇਸ ਉਪਰੰਤ ਸੁਰਤ ਨੂੰ ਸੱਜੇ ਕੰਨ ਵਲ ਲਾ ਦੇਵੇ। ਸੱਜੇ ਕੰਨ ਵਿਚੋਂ ਇਕ ਬਹੁਤ ਹੀ ਬਰੀਕ (ਸੂਖਸ਼ਮ) ਤੇ ਸੁਰੀਲੀ ਆਵਾਜ਼ ਸੁਣਾਈ ਦੇਣੀ ਸ਼ੁਰੂ ਹੋ ਜਾਏਗੀ। ਤਕਰੀਬਨ ਦਸ ਦਿਨ ਪਿੱਛੋਂ ਸੁਰਤ ਨੂੰ ਖਿੱਚ ਕੇ ਹੁਣ ਦੋਹਾਂ ਕੰਨਾਂ ਵਿਚੋਂ ਆਉਂਦੀਆਂ ਅਵਾਜ਼ਾਂ ਨਾ ਸੁਣੇ। ਥੋੜੀ ਮਿਹਨਤ ਕਰਕੇ ਉਸ ਨੂੰ ਆਗਿਆ ਚੱਕਰ ਵਿਚੋਂ (ਜਿੱਥੇ ਨਕ ਤੇ ਦੋਵੇਂ ਅਖਾਂ ਦੀ ਜੜ੍ਹ ਹੈ) ਅਵਾਜ਼ ਸੁਣਨ ਲਗ ਜਾਵੇਗੀ। ਇਹ ਉਹੀ ਅਵਾਜ਼ ਹੈ ਜੋ ਸੱਜੇ ਕੰਨ ਵਿਚੋਂ ਸੁਣਾਈ ਦਿੰਦੀ ਸੀ।

ਆਗਿਆ ਚੱਕਰ ਵਿਚ ਮਹੀਨੇ ਦੋ ਮਹੀਨੇ ਬਿਰਤੀ ਇਕਾਗਰ ਕਰਕੇ ਇਸ ਧੁਨ ਨੂੰ ਸੁਣਦਾ ਰਹੇ ਅਤੇ ਇਸ ਨੂੰ ਨਿਰੰਕਾਰ ਜੀ ਦਾ ਪ੍ਰਤੀਕ ਜਾਣੇ। ਇਸ ਦੇ ਸੁਣਨ ਵਿਚ ਐਸਾ ਰਸ ਆਏਗਾ ਕਿ ਢਾਈ ਘੰਟੇ ਉਪਰੰਤ ਵੀ ਦਿਲ ਨਹੀਂ ਕਰੇਗਾ ਕਿ ਇਸ ਸਾਧਨ ਤੋਂ ਸੁਰਤ ਨੂੰ ਤੋੜਿਆ ਜਾਵੇ। ਲਗਾਤਾਰ ਕਈ ਕਈ ਘੰਟੇ ਇਸ ਧੁਨ ਨੂੰ ਸੁਣਦਾ ਰਹੇਗਾ। ਕਈ ਪ੍ਰੇਮੀ ਜੋ ਇਸ ਸਾਧਨ ਵਿਚ ਪ੍ਰਵਿਰਤ ਹੁੰਦੇ ਹਨ, ਉਹ ਵਿਓਹਾਰ-ਕਾਰ ਕਰਦੇ ਵੀ ਅਚਾਨਕ ਨੇਤ੍ਰ ਬੰਦ ਕਰਕੇ ਇਸ ਧੁਨ ਨੂੰ ਸੁਣਦੇ ਰਹਿੰਦੇ ਹਨ। ਫਿਰ ਸੁਰਤ ਉੱਚੀ ਚੁਕ ਲਵੇ। ਜਿੱਥੋਂ ਮੱਥੇ ਦੇ ਵਾਲ ਸ਼ੁਰੂ ਹੁੰਦੇ ਹਨ, ਉਸ ਥਾਂ ਧੁਨ ਨੂੰ ਸੁਣਦਾ ਰਹੇ। ਤਕਰੀਬਨ ਦੋ ਤਿੰਨ ਮਹੀਨੇ ਇਕਾਗਰਤਾ ਨਾਲ ਅਭਿਆਸ ਕਰਨ ਉਪਰੰਤ ਸਿਰ ਦੇ ਵਿਚ ਸੁਰਤ ਲੈ ਜਾਵੇ, ਜਿਸ ਥਾਂ ਵਿਚ ਖੋਪਰੀ ਦੇ ਚਾਰ ਹਿੱਸੇ ਜੁੜਦੇ ਹਨ, ਜਿਸ ਨੂੰ ਤਾਲੂਆ ਆਖਦੇ ਹਨ। ਇਸ ਥਾਂ ਨੂੰ ਦਸਮ ਦੁਆਰ ਵੀ ਆਖਿਆ ਜਾਂਦਾ ਹੈ। ਇੱਥੇ ਤਿੰਨ ਚਾਰ ਮਹੀਨੇ ਅਭਿਆਸ ਕਰੇ ਤੇ ਫਿਰ ਸਿਰ ਦੇ ਪਿੱਛੇ ਗਰਦਨ ਦੇ ਉਪਰ ਜਿੱਥੇ ਜਾ ਕੇ ਰੀੜ ਦੀ ਹੱਡੀ ਸੁਖਮਨਾ ਨਾੜੀ ਨੂੰ ਛੋਂਹਦੀ ਹੈ, ਉਸ ਥਾਂ ਦੀ ਧੁਨ ਸੁਣਦਾ ਰਹੇ। ਪੰਜ-ਛੇ ਮਹੀਨੇ ਇੱਥੇ ਅਭਿਆਸ ਕਰੇ। ਇਸ ਪਿਛੋਂ ਜਦ ਜਗਿਆਸੂ ਪੂਰੀ ਤਰ੍ਹਾਂ ਪ੍ਰਪੱਕ ਹੋ ਜਾਵੇ ਤਾਂ ਨੱਕ ਦੀ ਨੋਕ ਪਰ ਸੁਰਤ ਨੂੰ ਜਮਾਵੇ। ਇਸ ਥਾਂ ਅਜੀਵ ਅਲੌਕਿਕ ਨਜ਼ਾਰੇ ਨਜ਼ਰ ਆਉਣਗੇ ਅਤੇ ਕਈ ਤਰ੍ਹਾਂ ਦੀ ਸ਼ਕਤੀ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਇਹ ਅਭਿਆਸ ਦੋ ਸਾਲ ਵਿਚ ਖਤਮ ਹੋ ਜਾਇਆ ਕਰਦਾ ਹੈ। ਪਰ ਇਸ ਵਿਚ ਦੱਸੀਆਂ ਰਹਿਤਾਂ ਤੇ ਪਹਿਰਾ ਦੇਣ ਦੀ ਸਖ਼ਤ ਜ਼ਰੂਰਤ ਹੈ, ਸ਼ੌਕ ਦੀ ਹੱਦ ਤੋਂ ਵਧ ਜ਼ਰੂਰਤ ਹੈ। ਇਨ੍ਹਾਂ ਅਭਿਆਸਾਂ ਦੇ ਅਧੀਨ ਬਹੁਤ ਕਿਸਮ ਦੀਆਂ ਰੋਸ਼ਨੀਆਂ, ਗੁਪਤ ਲੋਕਾਂ ਦੇ ਨਜ਼ਾਰੇ ਤੇ ਸੰਗੀਤਕ ਧੁਨਾਂ ਸੁਣਾਈ ਦਿੰਦੀਆਂ ਹਨ। ਸ਼ਕਤੀਆਂ ਨਾਲ ਵੀ ਵਾਹ ਪੈਂਦਾ ਹੈ।

ਇਸ ਸਖ਼ਤ ਅਭਿਆਸ ਵਿਚੋਂ ਸੁਰਤ ਇਨ੍ਹਾਂ ਨਜ਼ਾਰਿਆਂ ਦਾ ਭੀ ਤਿਆਗ ਕਰ ਦਿੰਦੀ ਹੈ, ਪਰੀਤਿਆਗ ਕਰਕੇ ਵਿਵੇਕ ਮੰਡਲ ਵਿਚ ਪਰਵੇਸ਼ ਕਰ ਜਾਂਦੀ ਹੈ ਜਿੱਥੇ ਸਤਿ ਤੇ ਅਸੱਤਿ ਦਾ ਪ੍ਰਤੱਖ ਰੂਪ ਵਿਚ ਨਿਰਣਾ ਹੋਣਾ ਸ਼ੁਰੂ ਹੋ ਜਾਂਦਾ ਹੈ। ਆਪਣਾ ਆਪ ਮਿਟਦਾ ਜਾਂਦਾ ਹੈ, ਹਉਮੈ ਦਾ ਲੇਸ਼ ਸਮਾਪਤ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਥਾਂ ਦੇ ਅਭਿਆਸ ਨੂੰ ਆਤਮ ਚਿੰਤਨ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪਰਤੱਖ ਰੂਪ ਵਿਚ ਪ੍ਰਕ੍ਰਿਤੀ ਆਪਣੀ source ਵਿਚ ਲੈਅ ਹੁੰਦੀ ਪ੍ਰਤੀਤ ਦਿੰਦੀ ਹੈ। ਇਸ ਥਾਂ

ਪੂਰਨ ਮਹਾਂਪੁਰਸ਼ਾਂ ਦੀ ਨਦਰ ਤੇ ਤੱਤ ਗਿਆਨ ਮਦਦਗਾਰ ਹੁੰਦੇ ਹਨ, ਜਿਨ੍ਹਾਂ ਦੀ ਮਦਦ ਦੇ ਨਾਲ ਸੁਰਤੀ ਆਪਣਾ ਸੁਰਤੀਪੁਣਾ ਗਵਾ ਕੇ ਪਰਮ ਸੁਰਤ, ਪਰਮ ਸ਼ਕਤੀ ਪ੍ਰਭੂ ਦਾ ਰੂਪ ਇਉਂ ਬਣ ਜਾਂਦਾ ਹੈ, ਜਿਵੇਂ ਸਮੁੰਦਰ ਵਿੱਚ ਉੱਠਦੀਆਂ ਲਹਿਰਾਂ ਸ਼ਾਂਤ ਹੋ ਕੇ ਆਪਣੇ ਤਤ ਸਰੂਪ, ਜਲ-ਭੰਡਾਰ ਰੂਪ ਵਿਚ ਸਮਾਅ ਜਾਇਆ ਕਰਦੀਆਂ ਹਨ। ਸਤਿ ਦਾ ਪ੍ਰਕਾਸ਼ ਇਸ ਤਰ੍ਹਾਂ ਨਾਲ ਹੋ ਜਾਇਆ ਕਰਦਾ ਹੈ ਜਿਵੇਂ ਕਾਲੀ ਬੋਲੀ ਹਨ੍ਹੇਰੀ ਰਾਤ ਸੂਰਜ ਚੜ੍ਹਨ ਤੇ ਰੌਸ਼ਨੀ ਵਿਚ ਲੈਅ ਹੋ ਜਾਂਦੀ ਹੈ। ਜਨਮਾਂ ਜਨਮਾਂਤਰਾਂ ਤੋਂ ਵਿਛੜੀ ਆਤਮ ਕਿਰਣ, ਨਿਰਮਲ ਬੂੰਦ ਆਪਣੀ source ਵਿਚ ਲੈਅ ਹੋ ਕੇ, ਆਪਣੇ ਅਸਲੀ ਸਤਿ ਸਰੂਪ ਵਿਚ ਸ਼ਾਖਸ਼ਾਤ ਹੋ ਜਾਂਦੀ ਹੈ। ਹੁਣ ਉਹੀ ਜੀਵ ਜੀਵਪੁਣੇ ਤੋਂ ਛੁਟ ਕੇ ਆਪੇ ਆਪ ਹੀ ਪ੍ਰਤੀਤ ਦਿੰਦਾ ਹੈ। ਸੋ ਜੋ ਅਸਲ ਹੈ, ਉਹ ਅਸਲ ਪ੍ਰਗਟ ਹੋ ਜਾਂਦਾ ਹੈ ਜਾਂ ਸੰਖੇਪ ਵਿਚ ਇਉਂ ਕਹਿ ਲਵੋ ਕਿ ਪ੍ਰਭੂ ਆਪਣੀ ਲੀਲ੍ਹਾ ਕਰਕੇ, ਅਗਿਆਨ ਧਾਰਨ ਕਰਕੇ, ਜੀਵ ਰੂਪ ਬਣਿਆ ਮਾਇਕ ਝੂਟਿਆਂ ਦੇ ਦੁੱਖ-ਸੁਖ, ਹਾਣ-ਲਾਭ, ਦਵੈਤ ਵਿਚ ਪਿਆ ਝੂਟੇ ਲੈ ਕੇ ਦੁੱਖੀ-ਸੁਖੀ ਹੋ ਰਿਹਾ ਸੀ, ਉਹ ਜੀਵ-ਅੰਸ਼ ਮਹਾਂਪੁਰਸ਼ਾਂ ਦੀ ਅਪਾਰ ਰਹਿਮਤ ਹੋਣ ਕਰਕੇ ਰਜੋ, ਤਮੋ, ਸਤੋ ਦੀ ਗਾੜ੍ਹੀ ਨੀਂਦ ਵਿਚ ਜਾ ਕੇ ਸੁਪਨੇ ਦੇ ਦੇਸ਼ ਵਿਚੋਂ ਜਾਗ੍ਰਿਤ ਦੇਸ਼ ਵਿਚ ਪਰਵੇਸ਼ ਕਰਕੇ, ਆਪਣੇ ਤਤ ਸਰੂਪ ਨੂੰ ਪਹਿਚਾਣ ਕੇ, ਸਾਰੇ ਦੁੱਖਾਂ ਤੋਂ ਬਰੀ ਹੋ ਕੇ ਪ੍ਰਮਾਤਮ ਰੂਪ ਵਿਚ ਪ੍ਰਗਟ ਹੋ ਗਿਆ -

***ਕਬੀਰ ਜਾ ਕਉ ਖੋਜਤੇ***
***ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥***

***ਅੰਗ - 1369***

ਐਨੇ ਬਚਨ ਕਹਿਣ ਉਪਰੰਤ ਮਹਾਂਪੁਰਸ਼ ਕਿਸੇ ਅਕਹਿ ਰਸ ਵਿਚ ਲੀਨ ਹੋਏ ਪ੍ਰਤੀਤ ਦੇ ਰਹੇ ਸਨ ਅਤੇ ਸਮਾਂ ਹੋਣ ਤੋਂ ਉੱਠ ਕੇ ਸੰਗਤ ਵਿਚੋਂ ਚਲੇ ਗਏ। ਮਹਾਂਪੁਰਸ਼ਾਂ ਦੇ ਜਾਣ ਉਪਰੰਤ ਸੰਗਤ ਵਿਚ ਇਉਂ ਪ੍ਰਤੀਤ ਦੇ ਰਿਹਾ ਸੀ ਕਿ ਸਾਰੇ ਇਸ ਮਹਾਂ ਰਸ ਦੀ ਫੁਹਾਰ ਵਿਚ ਲੀਨ ਬੈਠੇ ਹਨ ਅਤੇ ਇਕ ਦੂਜੇ ਨੂੰ ਨਮਸਕਾਰਾਂ ਕਰਕੇ ਸਾਰੇ ਆਪੋ ਅਪਣੇ ਕੰਮਾਂ, ਡਿਊਟੀਆਂ ਤੇ ਚਲੇ ਗਏ।

ਇਹ ਦਿਨ ਕੀ ਸਨ, ਇਨ੍ਹਾਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਇਉਂ ਲਗਦਾ ਹੈ ਕਿ ਅਕਾਲ ਪੁਰਖ ਜੀ ਨੇ ਕ੍ਰਿਪਾ ਕਰਕੇ ਸੱਚਖੰਡ ਨੂੰ ਇਸ ਮੰਡਲ ਵਿਚ ਸਮੋਇਆ ਹੋਇਆ ਸੀ। ਇਹ ਸੁਹਾਵਣੇ ਦਿਹਾੜੇ ਹੁਣ ਇਕ ਯਾਦ ਬਣ ਕੇ ਰਹਿ ਗਏ ਹਨ। ਇਨ੍ਹਾਂ ਦੀ ਸਿਮਰਤੀ ਅਜੇ ਵੀ ਉਸੇ ਤਰ੍ਹਾਂ ਦੀਆਂ ਝਰਨ੍ਹਾਟਾਂ, ਪਿਆਰ, ਵੈਰਾਗ ਦੀ ਖਿੱਚ ਪੈਦਾ ਕਰਦੀ ਹੈ। ਜਦੋਂ ਮਹਾਂਪੁਰਸ਼ ਸ਼ਰੀਰ ਵਿਚ ਬਿਰਾਜ਼ਮਾਨ ਹੋ ਕੇ ਆਪਣੇ ਅਮੋਲ ਝਰਨ੍ਹਾਟਾਂ ਦਿੰਦੇ ਬਚਨ ਸਰਵਣ ਕਰਾਇਆ ਕਰਦੇ ਸਨ, ਇਹ ਬੀਤੇ ਦਿਹਾੜੇ ਬੀਤ ਗਈ ਦੀ ਯਾਦ ਬਣ ਗਏ ਹਨ ਜੋ ਮੁੜ ਕਿਸੇ ਵੀ ਤਰ੍ਹਾਂ ਪ੍ਰਾਪਤ ਨਹੀਂ ਹੋ ਸਕਦੇ। ਇਕ ਸੱਧਰ, ਇਕ ਲੋਚਾ ਦਿਲ ਵਿਚ ਸਦਾ ਹੀ ਬਣੀ ਰਹਿੰਦੀ ਹੈ। ਵਾਹਿਗੁਰੂ ਜਾਣੇ, ਇਸ ਨੂੰ ਕਦੋਂ ਫਲ ਲਗੇਗਾ, ਕਦੋਂ ਇਸ ਮਹਾਨ ਰਚਨਾ ਵਿਚੋਂ ਆਪਣੇ ਪ੍ਰਭੂ ਰੂਪ ਹੋਏ ਪਿਆਰੇ ਦੀ ਦਰਸ ਝਲਕ ਦਾ ਆਨੰਦ ਮਾਣਾਂਗੇ।

# ਸੰਤ

## ਸੰਤ ਰਹਤ ਸੁਨਹੁ ਮੇਰੇ ਭਾਈ।।
## ਉਆ ਕੀ ਮਹਿਮਾ ਕਥਨੁ ਨ ਜਾਈ।।

ਵਾਹਿਗੁਰੂ ਜੀ ਨੇ ਸੰਸਾਰ ਦੀ ਅਨੇਕ ਭਾਂਤਾਂ ਵਿਚ ਅਨੇਕ ਰੰਗਾਂ, ਰੂਪਾਂ ਵਿਚ ਰਚਨਾ ਕੀਤੀ। ਜੀਵਨ ਦਾ ਵਿਸ਼ਾਲ ਪ੍ਰਵਾਹ ਅਨੰਤ ਕਾਲ ਤੋਂ ਚਲ ਰਿਹਾ ਹੈ। ਬਹੁਤ ਵਾਰੀ ਧਰਤੀ ਮਨੁਖਾਂ ਨਾਲ ਭਰ ਗਈ ਅਤੇ ਬਹੁਤ ਵਾਰੀ ਪਰਲੋਂ ਦੀ ਲਪੇਟ ਵਿਚ ਆ ਕੇ ਕਿਸੇ ਭੀ ਜੀਵ ਜੰਤੂ ਦਾ ਨਾਮ ਨਿਸ਼ਾਨ ਨਾ ਰਿਹਾ। ਜਲਾਂ ਦੀ ਥਾਂ ਤੇ ਉਚੇ ਟਿੱਬੇ (ਪ੍ਰਬਤ) ਹੋ ਗਏ; ਥਲਾਂ ਵਿਚ ਨਦੀਆਂ ਚਲ ਗਈਆਂ, ਆਬਾਦੀ ਤੇ ਬਸਤੀਆਂ ਸਮੁੰਦਰ ਹੇਠ ਆ ਗਈਆਂ ਤੇ ਸਮੁੰਦਰ ਵਿਚੋਂ ਨਵੀਆਂ ਧਰਤੀਆਂ ਨਿਕਲ ਆਈਆਂ। ਕਿੰਨੀ ਵਾਰੀ ਪਸਾਰਾ ਹੋਇਆ ਅਤੇ ਕਿੰਨੀ ਵਾਰੀ ਇਹ ਪਸਾਰਾ ਸ਼ਾਂਤ ਹੋਇਆ? ਇਸ ਦੇ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ।

ਮਨੁੱਖ ਸ਼੍ਰੇਣੀ ਵਿਚ ਸੁਭਾਅ ਦੇ ਮੁਤਾਬਿਕ ਚਾਰ ਕਿਸਮ ਦੇ ਬੰਦੇ ਗਿਣੇ ਗਏ ਹਨ।

1. **ਪਾਮਰ** – ਪਾਮਰ ਉਨ੍ਹਾਂ ਪੁਰਸ਼ਾਂ ਨੂੰ ਕਹਿੰਦੇ ਹਨ ਜਿਸਨੂੰ ਨਾ ਤਾਂ ਕਦੇ ਇਹ ਵਿਹਲ ਮਿਲਿਆ ਹੋਵੇ ਕਿ ਉਹ ਸੋਚੇ ਕਿ ਮੇਰੇ ਪੈਦਾ ਹੋਣ ਤੋਂ ਪਹਿਲਾਂ, ਕੀ ਮੇਰਾ ਕੋਈ ਵਜੂਦ ਸੀ ਅਤੇ ਮੇਰੇ ਮਰਨ ਤੋਂ ਬਾਦ, ਕੀ ਮੇਰਾ ਕੋਈ ਵਜੂਦ ਰਹੇਗਾ? ਮੇਰੇ ਜੀਵਨ ਦਾ ਕੀ ਮਨੋਰਥ ਹੈ? ਇਨ੍ਹਾਂ ਗੱਲਾਂ ਦੀ ਸੂਝ ਜਿਸ ਦੇ ਮਨ ਵਿਚ ਪੈਦਾ ਨਹੀਂ ਹੁੰਦੀ ਉਨ੍ਹਾਂ ਨੂੰ ਪਾਮਰ ਆਖਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਧੇਅ, ਪਸ਼ੂਆਂ ਨਾਲੋਂ ਬਹੁਤਾ ਸ਼੍ਰੇਸ਼ਟ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਸੋਚ level (ਪੱਧਰ) ਪਸ਼ੂ ਸ਼੍ਰੇਣੀ ਦੀ ਹੋਇਆ ਕਰਦੀ ਹੈ। ਉਨ੍ਹਾਂ ਦੇ ਜੀਵਨ ਵਿਚ ਨਿਜ ਦਾ ਜੀਵਨ, ਨਿਜ ਦੀ ਇੱਛਾ ਪੂਰਤੀ ਲਈ ਹੀ ਹੋਇਆ ਕਰਦਾ ਹੈ। ਉਹ ਪਰਉਪਕਾਰ ਬਾਰੇ ਬਿਲਕੁਲ ਹੀ ਨਹੀਂ ਜਾਣਿਆ ਕਰਦੇ। ਉਨ੍ਹਾਂ ਦੇ ਸਾਹਮਣੇ ਇਕੋ ਲਕਸ਼ ਹੁੰਦਾ ਹੈ – Eat drink and be merry for we shall have to die. ਖਾਓ ਪੀਓ ਅਤੇ ਐਸ਼ ਕਰੋ, ਕਿਉਂਕਿ ਸੰਸਾਰ ਉਤੇ ਮੁੜ ਕੇ ਫੇਰ ਨਹੀਂ ਆਉਣਾ। ਉਨ੍ਹਾਂ ਦੀ ਦ੍ਰਿਸ਼ਟੀ ਮੰਦ ਹੋਇਆ ਕਰਦੀ ਹੈ, ਇਸ ਕਰਕੇ ਉਨ੍ਹਾਂ ਨੂੰ ਨਾ ਇਹ ਗਿਆਨ ਹੁੰਦਾ ਹੈ ਕਿ ਕੀ ਮੇਰਾ ਕੋਈ ਜੀਵਨ ਇਸ ਸੰਸਾਰ ਵਿਚ ਪੈਦਾ ਹੋਣ ਤੋਂ ਪਹਿਲਾਂ ਵੀ ਸੀ ਅਤੇ ਮਰਨ ਤੋਂ ਬਾਦ ਮੇਰਾ ਵਜੂਦ ਹੋਵੇਗਾ ਜਾਂ ਨਹੀਂ। ਸੋ ਉਨ੍ਹਾਂ ਦੀ ਸੂਝ limited ਹੋਇਆ ਕਰਦੀ ਹੈ ਅਤੇ ਪਸ਼ੂਆਂ ਤੋਂ ਅਕਲ ਵਿਚ ਤੇਜ਼ ਹੁੰਦੇ ਹਨ। ਪਸ਼ੂਆਂ ਨਾਲੋਂ ਦੂਸਰਿਆਂ ਦਾ ਨੁਕਸਾਨ ਬਹੁਤਾ ਕਰ ਸਕਦੇ ਹਨ। ਇਨ੍ਹਾਂ ਵਿਚੋਂ ਜੇ ਕੋਈ ਵੱਡਾ ਸਾਇੰਸਦਾਨ ਬਣ ਜਾਵੇ ਤਾਂ ਉਹ ਐਸੀਆਂ ਕਾਢਾਂ ਵੀ ਕੱਢ ਸਕਦਾ ਹੈ ਕਿ ਸਾਰੀ ਦੁਨੀਆਂ ਇਕ-ਦਮ, ਇਕੋ ਸਮੇਂ ਵਿਚ ਕਿਵੇਂ ਖਤਮ ਕੀਤੀ ਜਾ ਸਕਦੀ ਹੈ। ਅਜਿਹੇ ਬੰਦੇ ਪਸ਼ੂਆਂ ਤੋਂ ਵੀ ਬੁਰੇ ਹੋਇਆ ਕਰਦੇ ਹਨ। ਰੱਬ ਬਾਰੇ, ਰੂਹਾਨੀਅਤ ਬਾਰੇ, ਸ਼ੁਭ ਕਰਮਾਂ ਬਾਰੇ, ਨੇਕੀਆਂ ਬਾਰੇ ਇਨ੍ਹਾਂ ਨੂੰ ਕੋਈ ਸੋਝੀ ਨਹੀਂ ਹੁੰਦੀ ਅਤੇ ਆਪ ਹੁਦਰਾ ਜੀਵਨ ਲੰਘਾ ਕੇ ਸੰਸਾਰ ਤੋਂ ਚਲੇ ਜਾਇਆ ਕਰਦੇ ਹਨ।

2. **ਵਿਸ਼ਈ** – ਇਹ ਪਾਮਰਾਂ ਨਾਲੋਂ ਥੋੜੇ ਉਨਤੀ ਤੇ ਹੋਇਆ ਕਰਦੇ ਹਨ ਪਰ ਇਨ੍ਹਾਂ ਦੀ ਬਿਰਤੀ ਪੰਜ ਵਿਸ਼ਿਆਂ – 1. ਸ਼ਬਦ 2. ਸਪਰਸ਼, 3. ਰੂਪ, 4. ਰਸ, 5. ਗੰਧ; ਜੋ ਕਿ ਕ੍ਰਮਵਾਰ – 1. ਮਿਰਗ, 2. ਹਾਥੀ, 3. ਪਤੰਗਾ, 4. ਮੱਛੀ, 5. ਭੰਵਰਾ, ਦੇ ਪ੍ਰਧਾਨ ਵਿਸ਼ੇ ਹੋਇਆ ਕਰਦੇ ਹਨ, ਵਿਚ ਲਗੀ ਰਹਿੰਦੀ ਹੈ। ਇਕ-ਇਕ ਵਿਸ਼ਾ ਕ੍ਰਮਵਾਰ ਹਰੇਕ ਦਾ ਨਾਸ਼ ਕਰਨ ਨੂੰ ਪੂਰੀ ਤਰ੍ਹਾਂ ਸਮਰੱਥ ਹੈ।

ਘੰਡੇਹੇੜੇ ਦੇ ਵਸ ਵਿਚ ਪਿਆ ਹਰਨ, ਸ਼ਬਦ ਵਿਸ਼ੇ ਕਰਕੇ ਆਪਣੀ ਜਾਨ ਦੇ ਬੈਠਦਾ ਹੈ। ਮਸਤ ਐਨਾ ਹੋ ਜਾਂਦਾ ਹੈ ਕਿ ਉਸਨੂੰ ਚੌਗਿਰਦਾ ਭੁਲ ਜਾਇਆ ਕਰਦਾ ਹੈ ਅਤੇ ਸ਼ਿਕਾਰੀ ਉਸਨੂੰ ਹੱਥ ਨਾਲ ਹੀ ਫੜ ਲੈਂਦਾ ਹੈ।

ਦੂਸਰਾ ਵਿਸ਼ਾ ਸਪਰਸ਼ ਦਾ ਹਾਥੀ ਨੂੰ ਸਾਰੀ ਜ਼ਿੰਦਗੀ ਗੁਲਾਮ ਬਣਾ ਕੇ ਰੱਖਣ ਦੀ ਸਮਰੱਥਾ ਰਖਦਾ ਹੈ। ਆਦਮੀ ਦੀ ਗੁਲਾਮੀ ਸਾਰੀ ਜ਼ਿੰਦਗੀ ਉਸਨੂੰ ਵਸ ਵਿਚ ਰਖਦੀ ਹੈ। ਧਰਤੀ ਉਪਰ ਟੋਆ ਪੁਟ ਕੇ, ਉਸ ਉਪਰ ਘਾਹ-ਫੂਸ ਦੀ ਛੱਤ ਪਾ ਕੇ, ਕਾਗਜ਼ਾਂ ਦੀ ਹੱਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਸਪਰਸ਼ (ਕਾਮ) ਵਿਚ ਗ੍ਰਸਤ; ਬਗੈਰ ਲੰਮੀ ਸੋਚ ਤੋਂ ਹੱਥਣੀ ਵਲ ਨੂੰ ਵਧਦਾ ਹੈ ਤੇ ਉਸ ਛੁਪੇ ਹੋਏ ਟੋਏ ਵਿਚ ਗਿਰ ਕੇ ਆਦਮੀ ਦੇ ਵਸ ਪੈ ਜਾਂਦਾ ਹੈ ਅਤੇ ਸਾਰੇ ਜੀਵਨ ਦੀ ਗੁਲਾਮੀ ਉਸਦੇ ਗਲ ਪੈ ਜਾਂਦੀ ਹੈ। ਆਪਣੀਆਂ ਖੁਲ੍ਹਾਂ, ਡਾਰਾਂ ਨਾਲ ਘੁੰਮਣਾਂ, ਦਰਿਆਵਾਂ ਵਿਚ ਖੁਲ੍ਹਾ ਨਹਾਉਣਾ, ਜੰਗਲਾਂ ਵਿਚ ਮਨ-ਮਰਜ਼ੀ ਦੀ ਖੁਰਾਕ ਖਾਣੀ ਛੁਟ ਜਾਂਦੀ ਹੈ। ਆਦਮੀ ਦੀ ਪੂਰੀ ਤਰ੍ਹਾਂ ਗੁਲਾਮੀ ਕਰਦਾ ਸਿਰ ਵਿਚ ਤਿੱਖੇ ਕੁੰਡੇ ਦੀ ਮਾਰ ਸਹਿੰਦਾ ਰਹਿੰਦਾ ਹੈ।

ਸੌ ਵਾਟ ਦਾ ਬਲਬ ਮਚ ਰਿਹਾ ਹੈ, ਗਰਮੀ ਉਸਦੇ ਸ਼ੀਸ਼ੇ ਵਿਚ ਸਮਾਈ ਹੋਈ ਹੈ ਪਰ ਪਤੰਗਾ ਉਡ ਕੇ ਰੂਪ ਦੇ ਰੋਗ ਦਾ ਬੰਨ੍ਹਿਆ ਹੋਇਆ ਅੰਨ੍ਹੇਵਾਹ ਲਾਟ ਵਲ ਹੀ ਵਧਦਾ ਹੈ, ਜੇ ਵੱਡਾ ਦੀਵਾ ਜਲਦਾ ਹੋਵੇ ਤਾਂ ਉਸਦੀ ਲਾਟ ਵਿਚ ਜਲ ਕੇ ਆਪਣਾ ਜੀਵਨ ਗਵਾ ਬੈਠਦਾ ਹੈ।

ਮੱਛੀਆਂ ਖੁਲ੍ਹੇ ਪਾਣੀ ਵਿਚ ਕਲੋਲਾਂ ਕਰਦੀਆਂ, ਅਨੰਦ ਮਾਣਦੀਆਂ ਹਨ; ਮੱਛੀਆਂ ਫੜਨ ਵਾਲਾ ਪਾਣੀ ਦੇ ਕੰਢੇ ਪੁਜਦਾ ਹੈ ਜਾਂ ਕਿਸ਼ਤੀਆਂ ਵਿਚ ਬੈਠ ਕੇ ਗਹਿਰੇ ਪਾਣੀ ਵਿਚ ਜਾਂਦਾ ਹੈ। ਉਥੇ ਜਾ ਕੇ ਕੁੰਡੀ ਨੂੰ ਖਾਣ ਵਾਲੀ ਚੀਜ਼ ਲਾ ਕੇ ਪਾਣੀ ਵਿਚ ਸੁੱਟ ਦਿੰਦਾ ਹੈ। ਰਸ ਦੇ ਵਿਸ਼ੇ ਵਿਚ ਗ੍ਰਸਤ ਹੋਈ ਹੋਈ ਮੱਛੀ ਆਪਣੀ ਸਾਰੀ ਸੁਰਤ ਗਵਾ ਕੇ ਉਸ ਕੁੰਡੀ ਨੂੰ ਨਾਲ ਲੱਗੇ ਹੋਏ ਰਸੀਲੇ ਪਦਾਰਥ ਸਮੇਤ ਅੰਦਰ ਨਿਗਲ ਜਾਂਦੀ ਹੈ, ਕੁੰਡੀ ਵਿਚ ਫਸ ਜਾਂਦੀ ਹੈ ਅਤੇ ਉਹ ਮੱਛੀ ਪਾਣੀ ਵਿਚੋਂ ਖਿੱਚ ਕੇ ਬਾਹਰ ਲਿਆਂਦੀ ਜਾਂਦੀ ਹੈ ਅਤੇ ਤੜਫ-ਤੜਫ ਕੇ ਜਾਨ ਦਿੰਦੀ ਹੈ। ਮਹਾਰਾਜ ਜੀ ਫੁਰਮਾਉਂਦੇ ਹਨ –

***ਮਛੁਲੀ ਜਾਲੁ ਨ ਜਾਣਿਆ***
***ਸਰੁ ਖਾਰਾ ਅਸਗਾਹੁ॥***
***ਅਤਿ ਸਿਆਣੀ ਸੋਹਣੀ***
***ਕਿਉ ਕੀਤੋ ਵੇਸਾਹੁ॥***
***ਕੀਤੇ ਕਾਰਣਿ ਪਾਕੜੀ***
***ਕਾਲੁ ਨ ਟਲੈ ਸਿਰਾਹੁ॥***
***ਭਾਈ ਰੇ ਇਉ ਸਿਰਿ ਜਾਣਹੁ ਕਾਲੁ॥***
***ਜਿਉ ਮਛੀ ਤਿਉ ਮਾਣਸਾ***
***ਪਵੈ ਅਚਿੰਤਾ ਜਾਲੁ॥***

***ਅੰਗ – 55***

ਗੰਧ – ਫੁੱਲਾਂ ਦੀ ਸੁਗੰਧੀ ਭੰਵਰੇ ਨੂੰ ਆਪਣੇ ਵਲ ਖਿਚਦੀ ਹੈ। ਉਹ ਫੁੱਲ ਤੇ ਬੈਠਾ ਮਕਰੰਦ ਰਸ ਦਾ ਅਨੰਦ ਮਾਣਦਾ ਹੈ, ਦਿਨ ਖਤਮ ਹੋ ਜਾਂਦਾ ਹੈ, ਸੂਰਜ ਛਿਪ ਜਾਂਦਾ ਹੈ। ਕਈ ਫੁਲ ਰਾਤ ਨੂੰ ਆਪਣੀਆਂ ਪੰਖੜੀਆਂ ਬੰਦ ਕਰ ਲੈਂਦੇ ਹਨ ਅਤੇ ਸਵੇਰੇ ਤਰੇਲ ਤੁਪਕਿਆਂ ਦੀ ਸੰਗੀਤਮਈ ਧੁਨ ਸੁਣ ਕੇ ਆਪਣੀਆਂ ਪੰਖੜੀਆਂ ਉਨ੍ਹਾਂ ਦੇ ਸੁਆਗਤ ਲਈ ਖੋਲ੍ਹ ਦਿੰਦੇ ਹਨ। ਇਹ ਭੰਵਰਾ ਇਸ ਘਟਨਾ ਤੋਂ ਅਗਿਆਤ ਰਹਿ ਕੇ ਫੁੱਲ ਵਿਚ ਨਪੀੜਿਆ ਜਾਂਦਾ ਹੈ ਅਤੇ ਸਵੇਰ ਨੂੰ ਫੁੱਲ ਦੇ ਹੇਠਾਂ ਮਰਿਆ ਹੋਇਆ ਪਿਆ ਹੁੰਦਾ ਹੈ। ਇਸ ਦਾ ਜੀਵਨ ਇਸ ਵਿਸ਼ੇ ਦੇ ਅਧੀਨ, ਜਿਸਨੂੰ ਸੁਗੰਧ ਆਖਦੇ ਹਨ, ਖਤਮ ਹੋ ਜਾਂਦਾ ਹੈ।

ਇਹ ਪੰਜ ਵਿਸ਼ੇ ਪਸ਼ੂਆਂ ਨੂੰ ਮੋਹਿਤ ਕਰਦੇ ਹਨ – ਇਨ੍ਹਾਂ ਵਿਚੋਂ ਇਕ-ਇਕ ਵਿਸ਼ਾ ਇਕ-ਇਕ ਨੂੰ ਮੋਹਿਤ ਕਰਦਾ ਹੈ, ਪਰ ਬੇ-ਵਿਚਾਰਾ ਆਦਮੀ ਇਨ੍ਹਾਂ ਪੰਜਾਂ ਹੀ ਵਿਸ਼ਿਆਂ ਵਿਚ ਪੂਰੀ ਤਰ੍ਹਾਂ ਨਾਲ ਗ੍ਰਸਿਤ ਹੈ। ਆਦਮੀ ਦੇ ਸਾਹਮਣੇ ਹੋਰ ਵਿਸ਼ਿਆਂ ਦੀ ਕੋਈ ਕਮੀ ਨਹੀਂ ਹੈ, ਰਸ ਹੀ ਰਸ ਹਨ – ਪੁੱਤਰ-ਧੀਆਂ, ਇਸਤਰੀਆਂ, ਕੁੜਮ-ਕਬੀਲੇ, ਮਿਤਰ-ਦੋਸਤ, ਸੁਸਾਇਟੀ-ਭਾਈਚਾਰਾ; ਇਹ ਇਕ ਰਸ ਹੈ। ਦੂਸਰਾ ਸੋਨੇ, ਚਾਂਦੀ, ਹੀਰੇ, ਜਵਾਹਰਾਤ, ਪੈਸੇ, ਬੈਂਕ ਬੈਲੈਂਸ ਦਾ ਰਸ ਹੈ। ਤੀਸਰਾ ਜ਼ਮੀਨ, ਜਾਇਦਾਦ, ਇੰਡਸਟਰੀਆਂ, ਅਨੇਕ ਕਿਸਮ ਦੀਆਂ ਪ੍ਰਾਪਰਟੀਆਂ (ਜਾਇਦਾਦਾਂ) ਦਾ ਰਸ ਹੈ; ਆਪਣੀ ਮਹਿਮਾ ਕਰਾਉਣ ਦਾ ਰਸ ਹੈ, ਜਿਸਦੀ ਪ੍ਰਾਪਤੀ ਲਈ ਅਨੇਕ ਕਿਸਮ ਦੇ ਝੂਠ ਬੋਲਦਾ ਹੈ, ਅਨੇਕ ਛਲ-ਵਲ ਕਰਕੇ ਮਾਇਆ ਇਕੱਤਰ ਕਰਦਾ ਹੈ ਅਤੇ ਵਿਆਹਾਂ-ਸ਼ਾਦੀਆਂ, ਪ੍ਰੀਤੀ ਭੋਜਨਾਂ ਸਮੇਂ ਬਹੁਤ ਵੱਡੇ

ਆਡੰਬਰ ਕਰਕੇ ਦੁਨੀਆਂ ਨੂੰ ਮੋਹਿਤ ਕਰਦਾ ਹੈ ਅਤੇ ਆਪਣਾ ਜਸ ਕਰਾਉਣ ਦੀ ਲੋਚਾ ਬਹੁਤ ਵਾਰੀ ਉਸਨੂੰ ਕਰਜ਼ਿਆਂ ਹੇਠ ਲਿਆ ਦਿੰਦੀ ਹੈ। ਇਸੇ ਤਰ੍ਹਾਂ ਨਾਲ ਲਿਖਣ ਪੜ੍ਹਨ ਦਾ ਰਸ, ਗੱਲਾਂ ਬਾਤਾਂ ਕਰਨ ਦਾ ਰਸ, political position ਹਾਸਲ ਕਰਨ ਦਾ ਰਸ, ਸੈਰ-ਸਪਾਟੇ, ਪਿਕਨਿਕਾਂ ਕਰਨ ਦਾ ਰਸ, ਸ਼ਰਾਬ, drug, ਮਾਸ, ਪੀਣ ਤੇ ਖਾਣ ਦਾ ਰਸ, ਸੋਹਣੇ ਕਪੜੇ ਪਹਿਨ ਕੇ ਸੁੰਦਰ ਦ੍ਰਿਸ਼ਟ ਆਉਣ ਦਾ ਰਸ ਅਤੇ ਸਭ ਤੋਂ ਵੱਧ ਵਿਸ਼ੇ ਭੋਗਾਂ ਪਰਾਈਆਂ ਇਸਤਰੀਆਂ-ਪੁਰਸ਼ਾਂ ਨਾਲ ਨਜ਼ਾਇਜ਼ ਸਬੰਧ ਰੱਖਣ ਦਾ ਰਸ। ਇਸ ਦੀ ਜ਼ਿੰਦਗੀ ਦਾ ਧੇਅ ਬਣਿਆ ਰਹਿੰਦਾ ਹੈ ਅਤੇ ਭੁੱਲ ਕੇ ਵੀ ਇਸਨੂੰ ਨਾ ਹੀ ਵਿਸ਼ਵਾਸ਼ ਆਉਂਦਾ ਹੈ ਅਤੇ ਨਾ ਹੀ ਇਹ ਕਿਹਾ ਮੰਨਦਾ ਹੈ ਕਿ ਸੰਸਾਰ ਵਿਚ ਸਭ ਤੋਂ ਵੱਡਾ ਰਸ 'ਨਾਮ' ਦਾ ਰਸ ਹੈ ਜਿਸ ਰਸ ਦੇ ਪੀਣ ਨਾਲ ਹੋਰ ਸਾਰੇ ਰਸਾਂ ਨੂੰ ਮਾਣਨ ਦੀ ਰੁਚੀ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਇਆ ਕਰਦੀ ਹੈ ਕਿਉਂਕਿ ਇਹ ਐਨਾ ਮਹਾਨ ਰਸ ਹੈ ਕਿ ਜੇ ਇਕ ਵਾਰੀ ਆ ਜਾਵੇ ਤਾਂ ਉਸਦੀ ਖੁਮਾਰੀ ਸਾਰੀ ਜ਼ਿੰਦਗੀ ਨਹੀਂ ਉਤਰਿਆ ਕਰਦੀ। ਜਨਮਸਾਖੀ ਵਿਚ ਆਉਂਦਾ ਹੈ ਕਿ -

***ਪੋਸਤ ਮਦੁ ਅਫੀਮ ਭੰਗ***
***ਉਤਰ ਜਾਏ ਪਰਭਾਤਿ।।***
***ਨਾਮ ਖੁਮਾਰੀ ਨਾਨਕਾ ਚੜ੍ਹੀ***
***ਰਹੇ ਦਿਨ ਰਾਤ।। (ਜਨਮਸਾਖੀ)***

ਜਿਸਨੂੰ ਇਹ ਰਸ ਆ ਜਾਵੇ ਉਸਦੀ ਪਦਵੀ ਇਕ ਮਾਮੂਲੀ ਇਨਸਾਨ ਤੋਂ ਉਚੀ ਉਠ ਕੇ ਉਸਨੂੰ ਪ੍ਰਮੇਸ਼ਰ ਵਰਗਾ ਹੀ ਬਣਾ ਦਿੰਦੀ ਹੈ -

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ।।***

***(ਸਰਬ ਲੋਹ ਗ੍ਰੰਥ)***

ਇਹ ਰਸ ਸੰਤਾਂ ਦੀ ਸੰਗਤ ਕਰਕੇ ਪ੍ਰਾਪਤ ਹੋਇਆ ਕਰਦਾ ਹੈ, ਇਸਦੀ ਕੋਈ ਕੀਮਤ ਨਹੀਂ ਹੈ -

***ਹਰਿ ਰਸ ਕੀ ਕੀਮਤਿ***
***ਕਹੀ ਨ ਜਾਇ।।***
***ਹਰਿ ਰਸੁ ਸਾਧੂ ਹਾਟਿ ਸਮਾਇ।।***
***ਲਾਖ ਕਰੋਰੀ ਮਿਲੈ ਨ ਕੇਹ।।***
***ਜਿਸਹਿ ਪਰਾਪਤਿ ਤਿਸ ਹੀ ਦੇਹਿ।।***

***ਅੰਗ - 377***

ਨਾਮ ਰਸ ਤੋਂ ਬਿਨਾਂ ਹੋਰ ਸਾਰੇ ਰਸ ਜੀਵਨ ਨੂੰ ਫਿੱਕਾ ਕਰ ਦਿੰਦੇ ਹਨ -

***ਹੋਰਿ ਸਾਦ ਸਭਿ ਫਿਕਿਆ***
***ਤਨੁ ਮਨੁ ਫਿਕਾ ਹੋਇ।।***
***ਵਿਣੁ ਪਰਮੇਸਰ ਜੋ ਕਰੇ***
***ਫਿਟੁ ਸੁ ਜੀਵਣੁ ਸੋਇ।।***

***ਅੰਗ - 218***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਆਨ ਰਸਾ ਜੇਤੇ ਤੈ ਚਾਖੇ।।***
***ਨਿਮਖ ਨ ਤ੍ਰਿਸਨਾ ਤੇਰੀ ਲਾਥੇ।।***
***ਹਰਿ ਰਸ ਕਾ ਤੂੰ ਚਾਖਹਿ ਸਾਦੁ।।***
***ਚਾਖਤ ਹੋਇ ਰਹਹਿ ਬਿਸਮਾਦੁ।।***

***ਅੰਗ - 180***

ਸੋ ਇਸ ਤਰ੍ਹਾਂ ਦੇ ਨਾਲ ਜੀਵਨ ਵਿਚ ਜੋ ਮਹਾਨ ਰਸ ਪ੍ਰਾਪਤ ਹੋ ਕੇ ਜੰਮਣ ਮਰਣਾ ਖਤਮ ਹੋ ਜਾਣਾ ਸੀ, ਉਸ ਰਸ ਤੋਂ ਇਹ ਵਿਸ਼ਈ ਪੁਰਸ਼ ਪੂਰੀ ਤਰ੍ਹਾਂ ਅਗਿਆਤ ਰਹਿੰਦੇ ਹਨ ਅਤੇ ਉਨ੍ਹਾਂ ਕੁ-ਰਸਾਂ ਵਿਚ ਪਏ ਆਪਣਾ ਜੀਵਨ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਦਿੰਦੇ ਹਨ। ਸੋ ਇਸ ਕਰਕੇ ਇਹ ਵਿਸ਼ਈ ਪੁਰਸ਼ ਆਤਮ ਰਸ ਨੂੰ ਭੁੱਲ ਕੇ ਰਸਾਂ ਦੇ ਭੈੜੇ ਨਤੀਜਿਆਂ ਵਜੋਂ ਆਪਣੇ ਜੀਵਨ ਨੂੰ ਅਨੇਕ ਤਰ੍ਹਾਂ ਦੀਆਂ ਪਰੇਸ਼ਾਨੀਆਂ, ਬਿਮਾਰੀਆਂ ਵਿਚ ਫਸਾ ਕੇ ਸਾਰਾ ਜੀਵਨ ਦੁਖਾਂ ਵਿਚ ਲੰਘਾ ਦਿੰਦੇ ਹਨ। ਇਨ੍ਹਾਂ ਨੂੰ ਨਾ ਅਗੰਤ ਦਾ ਪਤਾ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਇਹ ਗਿਆਨ ਹੁੰਦਾ ਹੈ ਕਿ ਮੈਂ ਕਿਸ ਮਨੋਰਥ ਲਈ ਸੰਸਾਰ ਵਿਚ ਆਇਆ ਹਾਂ ਅਤੇ ਜੀਵਨ ਅੰਤ ਹੋਣ ਪਿਛੋਂ ਕਿਥੇ ਜਾਣਾ ਹੈ? ਸੋ ਇਹ ਜੀਵਨ ਵੀ ਪਸ਼ੂਆਂ ਨਾਲੋਂ ਵੱਧ ਨਹੀਂ ਹੋਇਆ ਕਰਦਾ। ਮਹਾਰਾਜ ਜੀ ਪਾਮਰਾਂ ਅਤੇ ਵਿਸ਼ਈਆਂ ਦੀ ਤੁਲਨਾ ਪਸ਼ੂਆਂ ਨਾਲ ਕਰਦੇ ਹੋਏ ਪਸ਼ੂਆਂ ਨੂੰ ਆਦਰ ਦਿੰਦੇ ਹਨ ਕਿ ਉਹ ਘਾਹ ਖਾ ਕੇ ਉਸਦਾ ਬਦਲ ਦੁਧ ਵਿਚ ਦਿੰਦੇ ਹਨ। ਇਹ ਪੁਰਸ਼ ਦੂਜਿਆਂ ਨੂੰ ਵੀ ਮੁਸ਼ਕਲਾਂ ਵਿਚ ਫਸਾ ਦਿਆ

ਕਰਦੇ ਹਨ। ਨਿੰਦਿਆ, ਚੁਗਲੀ, ਈਰਖਾ, ਵਖੀਲੀ, ਵੈਰ, ਵਿਰੋਧ ਆਦਿ ਵਿਚ ਫਸੇ ਹੋਏ ਆਪ ਤਾਂ ਪੂਰੀ ਤਰ੍ਹਾਂ ਦੁਖੀ ਹੋਏ ਹੁੰਦੇ ਹਨ ਪਰ ਵਸ ਲਗਦੇ ਦੂਜਿਆਂ ਨੂੰ ਵੀ ਦੁਖੀ ਕਰਨਾ ਹੀ ਲੋਚਦੇ ਰਹਿੰਦੇ ਹਨ।

ਇਨ੍ਹਾਂ ਦੋਹਾਂ ਪਾਮਰ ਤੇ ਵਿਸ਼ਈ ਪੁਰਸ਼ਾਂ ਨੂੰ ਮਨਮੁਖ ਆਖਿਆ ਜਾਂਦਾ ਹੈ। ਇਹ ਮਨ ਦੇ ਪਿਛੇ ਲਗ ਕੇ ਚਲਣ ਵਾਲੇ ਲੋਕ ਹੋਇਆ ਕਰਦੇ ਹਨ ਅਤੇ ਮਹਾਰਾਜ ਜੀ ਦਸਦੇ ਹਨ ਕਿ ਇਨ੍ਹਾਂ ਦਾ ਆਚਾਰ ਹੈ -

***ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ***
***ਇਹੁ ਮਨਮੁਖ ਕਾ ਆਚਾਰੁ॥***

***ਅੰਗ - 509***

***ਮਨਮੁਖਿ ਹਉਮੈ ਵਿਛੁੜੇ***
***ਮੇਰੀ ਜਿੰਦੁੜੀਏ***
***ਬਿਖੁ ਬਾਧੇ ਹਉਮੈ ਜਾਲੇ ਰਾਮ॥***
***ਜਿਉ ਪੰਖੀ ਕਪੋਤਿ***
***ਆਪੁ ਬਨਾਇਆ ਮੇਰੀ ਜਿੰਦੁੜੀਏ***
***ਤਿਉ ਮਨਮੁਖ***
***ਸਭਿ ਵਸਿ ਕਾਲੇ ਰਾਮ॥***
***ਜੋ ਮੋਹਿ ਮਾਇਆ***
***ਚਿਤੁ ਲਾਇਦੇ ਮੇਰੀ ਜਿੰਦੁੜੀਏ***
***ਸੇ ਮਨਮੁਖ ਮੂੜ ਬਿਤਾਲੇ ਰਾਮ॥***

***ਅੰਗ - 538***

ਆਪ-ਹੁਦਰੇ ਲੋਕ ਹਉਮੈ ਕਰਕੇ ਹਰੀ ਤੋਂ ਵਿਛੜੇ ਹਨ। ਉਨ੍ਹਾਂ ਨੂੰ ਵਿਸ਼ਿਆਂ ਦੀ ਵਾਸ਼ਨਾ ਨੇ ਬੰਨ੍ਹ ਰੱਖਿਆ ਹੈ। ਜਿਵੇਂ ਕਬੂਤਰ ਲਾਲਚ ਕਰਕੇ ਜਾਲ ਹੇਠ ਪਏ ਚੋਗੇ ਨੂੰ ਚੁਗਣ ਲਈ, ਬਿਨਾਂ ਵਿਚਾਰ ਕੀਤੇ ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ, ਤਿਵੇਂ ਸਭ ਆਪ-ਹੁਦਰੇ ਮੌਤ ਦੇ ਮੂੰਹ ਵਿਚ ਪੈਂਦੇ ਹਨ ਅਤੇ ਇਨ੍ਹਾਂ ਆਪ-ਹੁਦਰੇ ਪੁਰਸ਼ਾਂ ਨੂੰ ਮਹਾਰਾਜ ਜੀ ਨੇ ਭੂਤਨੇ ਅਤੇ ਮੂਰਖ ਦੀ ਉਪਾਧੀ ਬਖਸ਼ੀ ਹੈ। ਇਨ੍ਹਾਂ ਮਨਮੁਖਾਂ ਨੂੰ ਆਪਣੇ ਸੁਆਰਥੀ ਜੀਵਨ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ ਅਤੇ ਇਨ੍ਹਾਂ ਬਾਰੇ ਫੁਰਮਾਨ ਹੈ-

***ਮਨਮੁਖਿ ਅੰਧੇ ਸੁਧਿ ਨ ਕਾਈ॥***
***ਆਤਮ ਘਾਤੀ ਹੈ ਜਗਤ ਕਸਾਈ॥***
***ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ***
***ਬਿਨੁ ਮਜੂਰੀ ਭਾਰੁ ਪਹੁਚਾਵਣਿਆ॥***
***ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥***
***ਸਦਾ ਸਮਾਲੇ ਕੋ ਨਾਹੀ ਖਾਲੀ॥***
***ਜੇਹੀ ਵਾਸਨਾ ਪਾਏ ਤੇਹੀ ਵਰਤੈ***
***ਵਾਸੂ ਵਾਸੁ ਜਣਾਵਣਿਆ॥***

***ਅੰਗ - 118***

ਐਸੇ ਜੀਵਨ ਵਾਲੇ ਪੁਰਸ਼ ਮਹਾਂ-ਗੁਬਾਰ ਵਿਚ ਰਹਿੰਦੇ, ਲੋਭ ਵਿਚ ਫਸੇ ਹੋਏ ਵਿਸਾਹਘਾਤ ਕਰਕੇ ਵੀ ਆਪਣੇ ਲੋਭ ਦੀ ਪੂਰਤੀ ਕਰਦੇ ਹਨ ਅਤੇ ਮਾਨਸਿਕ ਤੌਰ ਤੇ ਦੁਖੀ ਰਹਿੰਦੇ ਹਨ ਅਤੇ ਸੁਖ ਨਾਮ ਦੀ ਚੀਜ਼ ਉਨ੍ਹਾਂ ਦੇ ਭਾਗਾਂ ਵਿਚ ਹੈ ਹੀ ਨਹੀਂ ਕਿਉਂਕਿ ਸਾਰੇ ਸੁਖ ਪ੍ਰਮੇਸ਼ਰ ਦੀ ਯਾਦ ਤੇ ਨਾਮ ਜਪ ਦੇ ਅਧੀਨ ਹਨ, ਉਹ ਪ੍ਰਮੇਸ਼ਰ ਤੋਂ ਬੇਮੁਖ ਹਨ, ਮਹਾਰਾਜ ਜੀ ਦਾ ਫੁਰਮਾਨ ਹੈ -

***ਅੰਤਰਿ ਲੋਭੁ ਮਹਾ ਗੁਬਾਰਾ***
***ਤਿਨ ਕੈ ਨਿਕਟਿ ਨ ਕੋਈ ਜਾਹਿ॥***
***ਓਇ ਆਪਿ ਦੁਖੀ***
***ਸੁਖੁ ਕਬਹੂ ਨ ਪਾਵਹਿ***
***ਜਨਮਿ ਮਰਹਿ ਮਰਿ ਜਾਹਿ॥***

***ਅੰਗ - 652***

***ਮਨਮੁਖ ਕੋਠੀ ਅਗਿਆਨੁ ਅੰਧੇਰਾ***
***ਤਿਨ ਘਰਿ ਰਤਨੁ ਨ ਲਾਖਾ॥***
***ਤੇ ਉਝੜਿ ਭਰਮਿ ਮੁਏ ਗਾਵਾਰੀ***
***ਮਾਇਆ ਭੁਅੰਗ ਬਿਖੁ ਚਾਖਾ॥***

***ਅੰਗ - 696***

ਇਹ ਲੋਕ ਸਦਾ ਹੀ ਨਿਸ਼ਾਨੇ ਤੋਂ ਹੀਣੇ ਜ਼ਹਿਰ ਇਕੱਠੀ ਕਰਦੇ ਹਨ ਅਤੇ ਜ਼ਹਿਰ ਹੀ ਖਾਂਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਅੰਦਰ **'ਨਾਮ'** ਵਰਗੀ ਪ੍ਰਮ ਸ਼ਾਂਤੀ ਦੇਣ ਵਾਲੀ ਕ੍ਰੋੜਾਂ ਰਤਨਾਂ ਤੋਂ ਵੀ ਕੀਮਤੀ ਅਮੁੱਲ ਵਸਤੂ, ਨਾਮ ਦਾ ਨਿਵਾਸ ਹੈ। ਸੋ ਇਸ ਤਰ੍ਹਾਂ ਦੀਆਂ ਇਹ ਦੋਵੇਂ ਸ਼੍ਰੇਣੀਆਂ ਭਗਤੀ ਤੋਂ ਪੂਰੀ ਤਰ੍ਹਾਂ ਨਾਲ ਅਣਜਾਣ ਰਹਿ ਕੇ ਆਪਣਾ ਜੀਵਨ ਪਸ਼ੂਆਂ ਸਮਾਨ ਲੰਘਾ ਦਿੰਦੇ ਹਨ।

**3. ਜਗਿਆਸੂ** - ਇਸ ਸ਼੍ਰੇਣੀ ਦੇ ਮਨੁੱਖ ਇਸ ਸੰਸਾਰ ਵਿਚ ਬਹੁਤ ਥੋੜ੍ਹੇ ਹਨ, ਹਜ਼ਾਰਾਂ ਵਿਚੋਂ

ਇਕ ਅੱਧ ਹੋਇਆ ਕਰਦਾ ਹੈ ਜਿਨ੍ਹਾਂ ਦੇ ਅੰਦਰ ਇਹ ਵਿਚਾਰ ਚਲਦੀ ਹੈ ਕਿ ਮੈਂ ਏਸ ਜੀਵਨ ਪ੍ਰਾਪਤੀ ਤੋਂ ਪਹਿਲਾਂ ਕਿਸ ਹਾਲਤ ਵਿਚ ਰਹਿੰਦਾ ਸਾਂ ਅਤੇ ਜੀਵਨ ਬਤੀਤ ਕਰਨ ਉਪਰੰਤ ਮੇਰੀ ਹੋਂਦ ਕਿਨ੍ਹਾਂ ਹਾਲਤਾਂ ਵਿਚੋਂ ਲੰਘੇਗੀ। ਇਹ ਆਪਣੇ ਜੀਵਨ ਦੇ ਵਿਚ ਖੁਦਗਰਜ਼ੀ, ਬੁਰਿਆਈਆਂ ਆਦਿ ਬੁਰਿਆਂ ਸੁਭਾਵਾਂ ਨੂੰ ਨਹੀਂ ਆਉਣ ਦਿੰਦੇ ਅਤੇ ਉਹ ਮਹਾਂਪੁਰਸ਼ਾਂ ਦੀ ਬਾਣੀ ਸੁਣ ਕੇ ਇਸ ਗੱਲ ਉਤੇ ਪੂਰਾ ਨਿਸ਼ਚਾ ਕਰ ਲੈਂਦੇ ਹਨ ਕਿ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਅੰਗ – 176*

ਅਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਵਿਸ਼ਵਾਸ਼ ਹੁੰਦਾ ਹੈ ਕਿ ਇਹ ਅਮੁੱਲ ਮਾਨਸ ਸਰੀਰ ਦਾ ਪ੍ਰਮ ਮਨੋਰਥ ਆਪਣੇ ਅੰਦਰ ਸਮਾਏ ਹੋਏ ਵਾਹਿਗੁਰੂ ਜੀ ਨਾਲ ਮਿਲਣਾ ਹੈ ਜਿਵੇਂ ਕਿ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ*
*ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ*
*ਰੰਗਿ ਮਾਇਆ ਕੈ॥ ਅੰਗ – 12*

ਉਨ੍ਹਾਂ ਦੇ ਅੰਦਰ ਜਗਿਆਸਾ ਜਾਗਦੀ ਹੈ ਕਿ ਮੈਂ ਉਨ੍ਹਾਂ ਪੁਰਸ਼ਾਂ ਦੇ ਨਾਲ ਆਪਣੇ ਸਬੰਧ ਪੈਦਾ ਕਰਾਂ ਜਿਹੜੇ ਇਨ੍ਹਾਂ ਪਰਸਥਿਤੀਆਂ ਦਾ ਹੱਲ ਕਰਨਾ ਜਾਣਦੇ ਹੋਣ ਅਤੇ ਮੈਨੂੰ guide (ਰਾਹ ਦੱਸ ਕੇ) ਕਰਕੇ ਆਪਣੀ ਮੰਜ਼ਲੇ ਮਕਸੂਦ, ਪ੍ਰਭੂ ਦੇਸ਼ ਵਿਚ ਪਹੁੰਚਾ ਦੇਣ। ਮੇਰਾ ਮਹਾਂ ਦੀਰਘ ਰੋਗ ਕੋੜ੍ਹ ਵਰਗਾ ਜਿਸਨੂੰ ਹਉਮੈ ਆਖਦੇ ਹਨ, ਉਸਨੂੰ ਸਵਸਥ ਕਰਨ ਦਾ ਦਵਾ-ਦਾਰੂ ਦੱਸਣ ਤੇ ਮੈਨੂੰ ਉਸ ਮਾਰਗ ਬਾਰੇ ਸੋਝੀ ਦੇਣ ਜਿਸ ਕਰਕੇ ਮੈਂ ਆਪਣੇ ਅਸਲੀ ਆਤਮ ਸਰੂਪ ਨੂੰ ਪਹਿਚਾਣ ਲਵਾਂ ਅਤੇ ਕ੍ਰੋੜਾਂ ਦੁਖਾਂ ਤੋਂ ਬਰੀ ਹੋ ਕੇ ਪ੍ਰਮ ਅਨੰਦ ਦੀ ਪ੍ਰਾਪਤੀ ਕਰ ਸਕਾਂ। ਇਸ ਸ਼੍ਰੇਣੀ ਦੇ ਬੰਦੇ ਬਹੁਤ ਹੀ ਘੱਟ ਹੋਇਆ ਕਰਦੇ ਹਨ।

ਇਨ੍ਹਾਂ ਦੇ ਮਨ ਵਿਚ ਹਰ ਵਕਤ ਪ੍ਰੇਰਨਾ ਉਠਦੀ ਹੈ ਕਿ ਅਸੀਂ ਆਪਣੇ ਨਿੱਜੀ ਜੀਵਨ ਦੇ ਅਨੰਦ ਦੀ ਥਾਂ ਦੁਖੀਆਂ, ਦਰਦਵੰਦਾਂ, ਲੋੜਵੰਦਾਂ ਦੀ ਸਹਾਇਤਾ ਕਰਕੇ ਆਪਣੇ ਮਨੁੱਖੀ ਫਰਜ਼ ਨੂੰ ਪਹਿਚਾਣੀਏ। ਉਨ੍ਹਾਂ ਦਾ ਮੁਰਸ਼ਦਾਂ, ਗੁਰੂਆਂ, ਸੰਤਾਂ, ਸਾਧੂਆਂ, ਮੁਕਤ ਆਤਮਾਵਾਂ ਨਾਲ ਪਿਆਰ ਹੋਇਆ ਕਰਦਾ ਹੈ ਅਤੇ ਇਹ ਤਨੋ ਮਨੋ ਹੋ ਕੇ ਉਨ੍ਹਾਂ ਦੇ ਸਤਿਸੰਗਾਂ ਵਿਚ ਜਾ ਕੇ ਸੇਵਾ ਕਰਦੇ ਹਨ ਅਤੇ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਹਰ ਸੰਭਵ ਜਤਨ ਕਰਦੇ ਹਨ। ਇਹ ਪੁਰਖ 'ਜਗਿਆਸੂ' ਕਹਾਇਆ ਕਰਦੇ ਹਨ। ਇਨ੍ਹਾਂ ਦੇ ਵਿਚ ਭੀ ਦਰਜੇ ਹੋਇਆ ਕਰਦੇ ਹਨ। ਉਤਮ, ਮੱਧਮ ਤੇ ਕਨਿਸ਼ਟ ਦਰਜੇ ਹੋਇਆ ਕਰਦੇ ਹਨ ਪਰ ਸਤਿਸੰਗ ਕਰਕੇ ਇਹ ਉਤਮ ਜਗਿਆਸੂ ਹੋ ਜਾਇਆ ਕਰਦੇ ਹਨ। ਇਨ੍ਹਾਂ ਦਾ ਸੰਸਾਰ ਤੇ ਆਉਣਾ ਸਫਲ ਹੋਇਆ ਕਰਦਾ ਹੈ। ਇਸ ਸ਼੍ਰੇਣੀ ਦੇ ਬੰਦੇ, ਭਾਵੇਂ ਹਜ਼ਾਰਾਂ ਵਿਚੋਂ ਇਕ ਹੀ ਹੈ, ਹਰ ਸਮੇਂ ਸੰਸਾਰ ਦੇ ਭਲੇ ਲਈ ਤਨੋ ਮਨੋ ਅਰਦਾਸ ਕਰਦੇ ਹਨ –

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਇਹ ਅੰਮ੍ਰਿਤ ਵੇਲੇ ਜਾਗਦੇ ਹਨ। ਬਾਣੀ ਪੜ੍ਹਦੇ, ਨਾਮ ਅਭਿਆਸ ਦੀ ਘਾਲ ਕਮਾਈ ਪੂਰੀ ਤਨ ਦੇਹੀ (ਮੇਹਨਤ) ਨਾਲ ਕਰਦੇ ਹਨ ਅਤੇ ਸੰਸਾਰ ਵਿਚ ਵਿਚਰਦੇ ਪਿਆਰ-ਪ੍ਰੇਮ, ਮਿਲਵਰਤਨ ਵਾਲਾ ਜੀਵਨ ਬਤੀਤ ਕਰਕੇ ਆਪ ਭੀ ਖੁਸ਼ ਰਹਿੰਦੇ ਹਨ ਅਤੇ ਜੋ ਇਨ੍ਹਾਂ ਦੇ ਨਿਕਟ ਆਉਂਦਾ ਹੈ, ਉਸਨੂੰ ਵੀ ਖੁਸ਼ੀਆਂ ਵੰਡਦੇ ਹਨ। ਇਸ ਜਗਿਆਸੂ ਸ਼੍ਰੇਣੀ ਦੇ ਬੰਦੇ ਹੀ ਸਫਲ ਗਿਣੇ ਜਾਂਦੇ ਹਨ। ਇਹ ਅੰਦਰਲੀ ਤਰੱਕੀ ਲਈ ਸਦਾ ਤਾਂਘਦੇ ਰਹਿੰਦੇ ਹਨ ਅਤੇ ਹਰ ਰੋਜ਼ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ! ਉਨ੍ਹਾਂ ਆਪਣੇ ਪਿਆਰਿਆਂ ਦੇ ਦਰਸ਼ਨ ਕਰਾ ਜਿਹੜੇ ਸਾਡੇ ਅੰਦਰੋਂ ਅਗਿਆਨ ਦਾ ਅੰਧੇਰਾ ਦੂਰ ਕਰ ਦੇਣ ਜਿਨ੍ਹਾਂ ਦੇ ਮਿਲਣ ਨਾਲ ਤੂੰ

ਚਿਤ ਵਿਚ ਵਸ ਜਾਵੇਂ ਤੇ ਸੰਸਾਰ ਨਾਲੋਂ ਪ੍ਰੀਤ ਟੁੱਟ ਕੇ ਤੇਰੇ ਨਾਲ ਪੈ ਜਾਵੇ। ਇਹ ਸ਼੍ਰੇਣੀ ਉਨ੍ਹਾਂ ਮਨੁੱਖਾਂ ਦੀ ਹੈ ਜਿਹੜੇ ਨਾਮ ਪ੍ਰਾਪਤੀ ਲਈ ਘਾਲ ਕਮਾਈਆਂ ਕਰਦੇ ਹਨ ਅਤੇ ਸੰਤਾਂ ਦੀ ਸੰਗਤ ਲਈ ਤਾਂਘਦੇ ਰਹਿੰਦੇ ਹਨ ਅਤੇ ਨਾਸਤਕਾਂ, ਮਨਮੁਖਾਂ, ਬੇਮੁਖਾਂ, ਵਿਸ਼ਈਆਂ, ਭੋਗੀਆਂ ਤੇ ਪਾਮਰਾਂ ਦੀ ਸੰਗਤ ਤੋਂ ਸਦਾ ਹੀ ਆਪਣੇ ਆਪ ਨੂੰ ਬਚਾਉਂਦੇ ਹਨ।

ਚੌਥੀ ਸ਼੍ਰੇਣੀ ਉਨ੍ਹਾਂ ਪੁਰਸ਼ਾਂ ਦੀ ਹੈ ਜਿਹੜੇ ਪ੍ਰਮੇਸ਼ਰ ਨਾਲ ਸਦੀਵ ਇਕਮਿਕ ਹੋਏ ਸੰਸਾਰ ਵਿਚ ਜਗਿਆਸੂਆਂ ਨੂੰ ਪ੍ਰਭੂ ਦਾ ਰਾਹ ਦਸ ਕੇ, ਉਸ ਨਾਲ ਮਿਲਾਉਂਦੇ ਹਨ। ਇਨ੍ਹਾਂ ਨੂੰ ਸੰਤ, ਸਾਧੂ, ਫਕੀਰ, ਆਰਫ, ਬ੍ਰਹਮਗਿਆਨੀ ਅਤੇ ਗੁਰਮੁਖ ਕਿਹਾ ਜਾਂਦਾ ਹੈ। ਸੰਖੇਪ ਰੂਪ ਵਿਚ ਇਨ੍ਹਾਂ ਦਾ ਧਿਆਨ ਸਦਾ ਹੀ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ। ਬ੍ਰਹਮ ਚਿੰਤਨ, ਬ੍ਰਹਮ ਕਥਨ, ਬ੍ਰਹਮ ਬੋਧਨ, ਸਰਬਤ੍ਰ ਦਿਸਦੇ ਅਤੇ ਅਣਦਿਸਦੇ ਸੰਸਾਰ ਵਿਚ ਬ੍ਰਹਮ ਭਾਵ ਅਤੇ ਬ੍ਰਹਮਾਕਾਰ ਬਿਰਤੀ ਆਤਮ ਸ਼ਾਖਸ਼ਾਤਕਾਰ ਹੋਇਆ ਕਰਦੀ ਹੈ। ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਕੇ ਹਉਮੈ ਦਾ ਅਭਾਵ ਹੁੰਦਾ ਹੈ। ਜੋ ਕੁਝ ਵੀ ਹੁੰਦਾ ਹੈ ਉਸਨੂੰ ਪ੍ਰਭੂ ਦੀ ਰਜ਼ਾ ਜਾਣ ਕੇ ਰਾਜ਼ੀ ਰਹਿੰਦੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥***
***ਸੰਤ ਜਨਾ ਕੈ ਹਿਰਦੈ ਸਭਿ ਧਰਮ॥***
***ਸੰਤ ਜਨਾ ਸੁਨਹਿ ਸੁਭ ਬਚਨ॥***
***ਸਰਬ ਬਿਆਪੀ ਰਾਮ ਸੰਗਿ ਰਚਨ॥***
***ਜਿਨਿ ਜਾਤਾ ਤਿਸ ਕੀ ਇਹ ਰਹਤ॥***
***ਸਤਿ ਬਚਨ ਸਾਧੂ ਸਭਿ ਕਹਤ॥***
***ਜੋ ਜੋ ਹੋਇ ਸੋਈ ਸੁਖੁ ਮਾਨੈ॥***
***ਕਰਨ ਕਰਾਵਨਹਾਰੁ ਪ੍ਰਭੁ ਜਾਨੈ॥***
***ਅੰਤਰਿ ਬਸੇ ਬਾਹਰਿ ਭੀ ਓਹੀ॥***
***ਨਾਨਕ ਦਰਸਨੁ ਦੇਖਿ ਸਭਿ ਮੋਹੀ॥***

***ਅੰਗ - 298***

ਸੰਤ ਦੇ ਜੀਵਨ ਵਿਚ ਸਹਿਜ ਸੁਭਾਵ ਹੀ ਹਿੰਸਾ ਨਹੀਂ ਹੁੰਦੀ - ਨਾ ਹੀ ਸਰੀਰ ਨਾਲ, ਨਾ ਹੀ ਬੋਲ ਨਾਲ, ਨਾ ਹੀ ਮਨ ਨਾਲ, ਨਾ ਹੀ ਬੁੱਧੀ ਨਾਲ ਅਤੇ ਨਾ ਹੀ ਪ੍ਰਾਪਤ ਸ਼ਕਤੀ ਨਾਲ; ਕਿਸੇ ਦੀ ਹਿੰਸਾ ਨਹੀਂ ਕਰਦਾ। ਉਹ ਝੂਠ ਨਹੀਂ ਬੋਲਦਾ ਅਤੇ ਨਾ ਹੀ ਕਿਸੇ ਕਿਸਮ ਦੀ ਚੋਰੀ ਕਰਦਾ ਹੈ। ਚੋਰੀ ਬਹੁਤ ਕਿਸਮ ਦੀ ਹੈ - ਬਚਨਾਂ ਦੀ ਚੋਰੀ, ਕਵਿਤਾ ਦੀ ਚੋਰੀ, ਕਿਸੇ ਦੇ ਲੇਖ ਦੀ ਚੋਰੀ, ਰੂਪ ਤੱਕਣ ਲਈ ਅੱਖਾਂ ਦੀ ਚੋਰੀ, ਕੰਨਾਂ ਰਾਹੀਂ ਕਿਸੇ ਦੇ ਗੁਪਤ ਬਚਨ ਸੁਨਣ ਦੀ ਚੋਰੀ, ਧਨ ਦੀ ਚੋਰੀ; ਆਦਿ ਨਹੀਂ ਕਰਦਾ ਅਤੇ ਸਭ ਤੋਂ ਵੱਡੇ ਚੋਰ ਉਹ ਹੋਇਆ ਕਰਦੇ ਹਨ ਜੋ ਨਾਮ ਨਹੀਂ ਜਪਦੇ -

***ਤੇ ਤਸਕਰ ਜੋ ਨਾਮੁ ਨ ਲੇਵਹਿ***
***ਵਾਸਹਿ ਕੋਟ ਪੰਚਾਸਾ ॥***

***ਅੰਗ - 1322***

ਸੰਤ ਅਸੱਤਿ ਦੇ ਤਿਆਗੀ ਹੁੰਦੇ ਹਨ, ਸਤਿ ਦੇ ਜੀਵਨ ਦੇ ਧਾਰਨੀ ਹੋਇਆ ਕਰਦੇ ਹਨ। ਇੰਦ੍ਰੀ ਜਿਤ ਜਤੀ ਹੋਇਆ ਕਰਦੇ ਹਨ।

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***

***ਅੰਗ - 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ॥***

***ਅੰਗ - 274***

ਮਨ ਵਿਚ ਵਿਕਾਰ ਨਹੀਂ ਚਿਤਵਦੇ, ਧੀਰਜ ਦੇ ਧਾਰਨ ਵਾਲੇ ਹੋਇਆ ਕਰਦੇ ਹਨ। ਖਿਮਾ ਕਰ ਦੇਣਾ ਇਨ੍ਹਾਂ ਦਾ ਆਤਮ ਸ਼ਿੰਗਾਰ ਹੁੰਦਾ ਹੈ। ਸਰਬ ਜੀਆਂ ਉਤੇ ਦਇਆ ਕਰਦੇ ਹਨ ਅਤੇ ਸੇਵਾ ਕਰਦੇ ਹਨ, ਬਚਨਾਂ ਵਿਚ ਹੱਦ ਦਰਜੇ ਦੀ ਕੋਮਲਤਾ ਹੁੰਦੀ ਹੈ। 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਦੇ ਧਾਰਨੀ ਹੋਇਆ ਕਰਦੇ ਹਨ। ਆਪਣੇ ਦੁਆਲੇ ਸਦਾ ਹੀ ਪਵਿਤਰ ਵਾਤਾਵਰਣ ਰਖਦੇ ਹਨ। ਨਿਸ਼ਕਾਮ ਸੇਵਾ ਕਰਨਾ ਉਸ ਦੇ ਜੀਵਨ ਦਾ ਧੇਅ ਹੋਇਆ ਕਰਦਾ ਹੈ। ਅਸ਼ਲੀਲ ਭਾਸ਼ਾ ਕਦੇ ਨਹੀਂ ਬੋਲਦੇ। ਯਾਨਿ ਕਿ ਮਨ, ਬੁੱਧੀ, ਬਚਨ ਅਤੇ ਸਰੀਰਕ ਪਵਿਤਰਤਾ ਦੀ ਮੂਰਤਿ ਹੋਇਆ ਕਰਦੇ ਹਨ। ਤ੍ਰਿਸ਼ਨਾ ਤੋਂ ਪੂਰੀ ਤਰ੍ਹਾਂ ਰਹਿਤ ਹੋਇਆ ਕਰਦੇ ਹਨ। ਸਦਾ ਹੀ ਜੀਅ ਦਾਨ ਦੇ ਕੇ ਭੁਲਿਆਂ-ਭਟਕਿਆਂ ਨੂੰ ਪ੍ਰਭੂ ਦੇ ਰਾਹ ਪਾਉਂਦੇ ਹਨ ਅਤੇ ਵਾਹਿਗੁਰੂ ਦਾ ਭਰੋਸਾ ਆਪ ਵੀ ਰਖਦੇ ਹਨ ਤੇ ਦੂਸਰਿਆਂ ਨੂੰ ਭੀ ਇਸ ਭਰੋਸੇ ਬਾਰੇ ਸੁਚੇਤ ਕਰਦੇ ਹਨ। ਸੇਵਾ ਦੇ ਪੁੰਜ ਹੋਇਆ ਕਰਦੇ ਹਨ। ਆਪਣੇ ਆਪ ਨੂੰ ਖੇਚਲਾਂ ਵਿਚ ਪਾ ਕੇ ਵੀ

ਸੰਸਾਰ ਦੇ ਉਧਾਰ ਲਈ ਸਦਾ ਹੀ ਤਤਪਰ ਰਹਿੰਦੇ ਹਨ। ਕਿਸੇ ਕਿਸਮ ਦਾ ਪਖੰਡ ਧਾਰਨ ਨਹੀਂ ਕਰਦੇ, ਨਾ ਹੀ ਕੋਈ ਭੇਖ ਧਾਰਨ ਕਰਦੇ ਹਨ ਅਤੇ ਨਾ ਹੀ ਕੋਈ ਪਾਖੰਡੀ ਰਚਨਾ ਰਚਦੇ ਹਨ। ਆਪਣੀ ਨਿੱਜੀ ਪ੍ਰਭੁਤਾ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰਦੇ ਹਨ। ਕਿਸੇ ਕਿਸਮ ਦਾ ਵੀ ਆਡੰਬਰ ਆਪਣੀ ਮਹਿਮਾ ਲਈ ਨਹੀਂ ਰਚਿਆ ਕਰਦੇ। ਸਦਾ ਹੀ ਸਾਂਤਕੀ ਬਿਰਤੀ ਵਿਚ ਸੰਸਾਰ ਵਿਚ ਵਰਤਦੇ ਹਨ। ਨਿਮਰਤਾ ਸੰਤਾਂ ਦਾ ਗਹਿਣਾ ਹੋਇਆ ਕਰਦੀ ਹੈ। ਮਿਠਾਸ ਭਰੀ ਬਾਣੀ ਬੋਲ ਕੇ ਆਪਣੇ ਹਿਰਦੇ ਦੀ ਅਪਣੱਤ ਭਰੀ ਭਾਵਨਾ ਰਾਹੀਂ ਦੂਸਰਿਆਂ ਦੇ ਮਨ ਨੂੰ ਮੋਹਦੇ ਹਨ। ਭੁੱਖਿਆਂ ਲਈ ਸਦਾ ਹੀ ਲੰਗਰ ਚਲਾਉਂਦੇ ਹਨ ਅਤੇ ਸਾਰਾ ਸਮਾਂ ਸੇਵਾ ਵਿਚ ਲਾਉਂਦੇ ਹਨ। ਬੇਅੰਤ ਮਹਾਂ-ਮੂੜ ਅਗਿਆਨੀ, ਸੰਤਾਂ ਬਾਰੇ ਮਨ ਕਲਪਿਤ ਦੋਸ਼ ਅਰੋਪਣ ਕਰਕੇ ਵੱਡੀਆਂ ਸਟੇਜਾਂ ਤੇ ਬਾਹਾਂ ਚੁਕ-ਚੁਕ ਕੇ ਬਦਨਾਮ ਕਰਨ ਦਾ ਜਤਨ ਕਰਨ ਵਾਲਿਆਂ ਨੂੰ ਭੀ ਅਸੀਸ ਹੀ ਦਿਆ ਕਰਦੇ ਹਨ ਅਤੇ ਕਹਿੰਦੇ ਹਨ ਕਿ ਹੇ ਵਾਹਿਗੁਰੂ ਜੀ! ਇਸ ਭੁੱਲੜ ਬੰਦੇ ਨੂੰ ਵੀ ਤੂੰ ਸੋਝੀ ਬਖਸ਼। ਸੰਤਾਂ ਦਾ ਇਹ ਜੀਵਨ ਆਮ ਸਮਝ ਵਿਚ ਆਉਣ ਵਾਲਾ ਨਹੀਂ ਹੋਇਆ ਕਰਦਾ। ਅਜਿਹੇ ਪੁਰਸ਼ਾਂ ਦੀ ਜਿੰਨੀ ਮਹਿਮਾ ਕੀਤੀ ਜਾਵੇ, ਉਤਨਾ ਹੀ ਆਪਣਾ ਭਲਾ ਹੋਇਆ ਕਰਦਾ ਹੈ ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰ ਵਿਚ ਰੱਤਿਆਂ ਦੀ ਉਸਤਤਿ ਅਤੇ ਉਨ੍ਹਾਂ ਦੀ ਕੀਤੀ ਹੋਈ ਸੇਵਾ ਭਾਇਆ ਕਰਦੀ ਹੈ। ਉਹ ਕਦੇ ਵੀ ਆਪਣੇ ਸੀਤਲ ਸੁਭਾਅ ਨੂੰ ਆਪਣੇ ਅੰਦਰੋਂ ਨਹੀਂ ਗਵਾਉਂਦੇ, ਭਾਵੇਂ ਅਸੰਤ ਕਿੰਨੀਆਂ ਹੀ ਕੌੜੀਆਂ, ਕੁਸੈਲੀਆਂ, ਜ਼ਹਿਰਲੀਆਂ ਗੱਲਾਂ ਦੇ ਬਾਣ ਕਿਉਂ ਨਾ ਚਲਾਵੇ। ਉਹ ਸ਼ਾਂਤੀ ਨਹੀਂ ਛੱਡਿਆ ਕਰਦੇ। ਫੁਰਮਾਨ ਹੈ -

***ਕਬੀਰ ਸੰਤੁ ਨ ਛਾਡੈ ਸੰਤਈ ਜਉ***
***ਕੋਟਿਕ ਮਿਲਹਿ ਅਸੰਤ॥***
***ਮਲਿਆਗਰੁ ਭੁਯੰਗਮ ਬੇਢਿਓ***
***ਤ ਸੀਤਲਤਾ ਨ ਤਜੰਤ॥***

***ਅੰਗ - 1373***

ਇਸ ਬਾਰੇ ਇਕ ਕਥਾ ਹੈ - ਸੰਤ ਬੁੱਧੂ ਜੀ ਪੱਛਮੀ ਪੰਜਾਬ ਵਿਚ ਸ਼ਾਹਪੁਰ ਦੇ ਨੇੜੇ ਰਿਹਾ ਕਰਦੇ ਸਨ। ਆਪ ਜੀ ਲੰਗਰ ਬਣਾਉਣ ਤੇ ਛਕਾਉਣ ਦੀ ਸੇਵਾ ਆਪਣੇ ਹੱਥੀਂ ਕਰਿਆ ਕਰਦੇ ਸਨ। ਆਪ ਜੀ ਪੂਰਨ ਸ਼ਕਤੀਆਂ ਦੇ ਮਾਲਕ ਸਨ ਪਰ ਕਦੇ ਵੀ ਭੁੱਲ ਕੇ ਸ਼ਕਤੀਆਂ ਦਾ ਪ੍ਰਯੋਗ ਨਹੀਂ ਕਰਿਆ ਕਰਦੇ ਸਨ। ਇਕ ਵਾਰੀ ਉਨ੍ਹਾਂ ਦੇ ਪਾਸ ਇਕ ਜੋਗੀ ਆਇਆ ਜਿਸਦੇ ਪਾਸ ਰਿਧੀਆਂ-ਸਿਧੀਆਂ ਦੇ ਭੰਡਾਰ ਸਨ ਅਤੇ ਉਹ ਆਮ ਤੌਰ ਤੇ ਵਰਤ ਕੇ ਲੋਕਾਂ ਨੂੰ ਮੋਹਿਤ ਕਰਿਆ ਕਰਦਾ ਸੀ ਅਤੇ ਆਪਣੇ ਪਿਛੇ ਲਾ ਲਿਆ ਕਰਦਾ ਸੀ। ਉਸ ਪ੍ਰੇਮੀ ਨੇ ਸੰਤ ਭਾਈ ਬੁੱਧੂ ਜੀ ਦੇ ਲੰਗਰਾਂ ਵਾਸਤੇ ਅਤੇ ਹੋਰ ਬਹੁਤ ਸਾਰੇ ਖਰਚ ਦੇਖ ਕੇ ਮਨ ਵਿਚ ਸੋਚਿਆ ਕਿ ਜੇ ਮੈਂ ਇਸਨੂੰ ਚਾਂਦੀ ਬਣਾਉਣ ਦਾ ਨੁਸਖਾ ਦਸ ਦੇਵਾਂ ਤਾਂ ਇਹਦੇ ਖਰਚਾਂ ਲਈ ਪੈਸੇ ਦਾ ਇੰਤਜ਼ਾਮ ਸਹਿਜੇ ਹੀ ਹੋ ਜਾਇਆ ਕਰੇਗਾ। ਸੋ ਉਸਨੇ ਸੰਤ ਬੁੱਧੂ ਜੀ ਨੂੰ ਇਕਾਂਤ ਵਿਚ ਮਿਲਕੇ ਕਿਹਾ ਕਿ ਸੰਤ ਜੀ! ਮੈਂ ਤੁਹਾਡੇ ਪਾਸ ਰਹਿ ਕੇ ਵੇਖਿਆ ਹੈ ਕਿ ਤੁਹਾਡਾ ਖਰਚ ਬਹੁਤ ਆਉਂਦਾ ਹੈ, ਇਸਦੇ ਵਾਸਤੇ ਮੈਂ ਤੁਹਾਡੀ ਕੁਝ ਮਦਦ ਕਰਨੀ ਚਾਹੁੰਦਾ ਹਾਂ ਅਤੇ ਤੁਹਾਨੂੰ ਚਾਂਦੀ ਬਣਾਉਣ ਦਾ ਨੁਸਖਾ ਦਸਣਾ ਚਾਹੁੰਦਾ ਹਾਂ। ਆਪ ਕ੍ਰਿਪਾ ਕਰਕੇ ਥੋੜ੍ਹਾ ਜਿਹਾ ਧਿਆਨ ਐਧਰ ਵੀ ਦੇਵੋ, ਤਾਂ ਸੰਤ ਬੁੱਧੂ ਜੀ ਨੇ ਕਿਹਾ ਕਿ ਪ੍ਰੇਮੀਆਂ! ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਇਹ ਇਕ ਮਾਲਕ ਦੇ ਚਾਕਰ ਵਲੋਂ ਹੀ ਹੋ ਰਿਹਾ ਹੈ, ਉਹ ਰਸਦਾਂ ਭੇਜਦੇ ਹਨ, ਉਹ ਹੀ ਮਾਇਆ ਭੇਜਦੇ ਹਨ, ਅਸੀਂ ਜੋ ਕੁਝ ਮਾਲਕ ਵਲੋਂ ਭੇਜਿਆ ਆਉਂਦਾ ਹੈ ਉਸਦੀ ਸਹੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜਿਥੇ ਲੋੜ ਹੁੰਦੀ ਹੈ ਉਥੇ ਉਹ ਮਾਇਆ ਲਗ ਜਾਇਆ ਕਰਦੀ ਹੈ। ਵੈਸੇ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਨਾਮ ਦੀ ਅਮੁਲ ਦਾਤ ਬਖਸ਼ੀ ਹੈ।

ਇਸ ਨਾਮ ਦੀ ਮਹਾਨ ਸ਼ਕਤੀ ਨੂੰ ਸੰਸਾਰ ਵਿਚ ਕੋਈ ਵੀ ਨਹੀਂ ਜਾਣਦਾ। ਇਸ ਵਿਚ ਸਾਰੀਆਂ ਰਿਧੀਆਂ-ਸਿਧੀਆਂ ਆਦਿ ਤਾਕਤਾਂ ਹਨ। ਜਿਸਦੇ ਹਿਰਦੇ ਵਿਚ ਨਾਮ ਵਸ ਜਾਵੇ, ਉਸਦੇ ਪਿੱਛੇ ਹੱਥ ਬੰਨ੍ਹੀ ਬੇਨਤੀਆਂ ਕਰਦੀਆਂ, ਆਪਣੀ ਸੇਵਾ ਅਰਪਣ ਕਰਦੀਆਂ ਫਿਰਦੀਆਂ ਹਨ ਪਰ ਪ੍ਰਭੂ ਦੇ ਨਾਮ ਦਾ ਰਸੀਆ ਇਨ੍ਹਾਂ ਵਲ ਅੱਖ ਚੁੱਕ

ਕੇ ਵੀ ਨਹੀਂ ਦੇਖਦਾ ਕਿਉਂਕਿ ਇਹ ਮਾਇਆ ਮੰਡਲ ਦੀ ਆਖਰੀ ਮੋਹ ਲੈਣ ਵਾਲੀ ਸ਼ਕਤੀ ਹੈ ਅਤੇ ਪ੍ਰਾਕ੍ਰਿਤਕ ਮੰਡਲ ਤੋਂ ਅਕਾਲ ਮੰਡਲ ਵਿਚ ਪਹੁੰਚਣ ਵਾਲੀ ਹੱਦ ਤੇ ਸਾਧਕਾਂ ਨੂੰ ਮੋਹ ਕੇ ਆਪਣੇ ਵਿਚ ਹੀ ਫਸਾਉਣ ਵਾਲੀ ਹੈ। ਇਸ ਸ਼ਕਤੀ ਨੂੰ ਗੁਰੂ ਮਹਾਰਾਜ ਜੀ ਨੇ ਧ੍ਰਿਕਾਰ ਕਿਹਾ ਹੈ ਅਤੇ ਨਾਮ ਦੇ ਰਸੀਏ ਨੂੰ ਧੰਨ ਕਿਹਾ ਹੈ। ਸੋ ਪਿਆਰਿਆ! ਸਾਨੂੰ ਕਿਸੇ ਚਾਂਦੀ, ਸੋਨੇ ਦੀ ਲੋੜ ਨਹੀਂ ਹੈ, ਤੂੰ ਇਹ ਨੁਸਖੇ ਆਪਣੇ ਪਾਸ ਹੀ ਰੱਖ। ਉਸ ਜੋਗੀ ਨੇ ਇਹ ਬਚਨ ਸਮਝਣ ਦਾ ਜਤਨ ਹੀ ਨਾ ਕੀਤਾ ਅਤੇ ਮਹਾਂਪੁਰਸ਼ਾਂ ਦੇ ਸਾਹਮਣੇ ਹੀ ਪਾਰੇ ਤੇ ਕਲੀ ਦੀ ਵਰਤੋਂ ਕਰਕੇ ਚਾਂਦੀ ਬਣਾ ਦਿਤੀ। ਬਜ਼ਾਰ ਵਿਚ ਵੇਚ ਕੇ ਮਾਇਆ ਲਿਆ ਕੇ ਚਰਨਾਂ ਵਿਚ ਭੇਟ ਕਰਨ ਲਗਿਆ ਤਾਂ ਮਹਾਂਪੁਰਸ਼ਾਂ ਨੇ ਵਰਜ ਦਿਤਾ ਕਿ ਅਸੀਂ ਤਾਂ ਸਿਰਫ ਦਸਾਂ ਨਹੁੰਆਂ ਦੀ ਪਵਿਤਰ ਕਿਰਤ ਕਰਨ ਵਾਲੇ ਪ੍ਰੇਮੀ ਵਲੋਂ ਹੀ ਆਈ ਮਾਇਆ ਅੰਗੀਕਾਰ ਕਰਿਆ ਕਰਦੇ ਹਾਂ। ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਸਵੰਧ ਦਿਤਾ ਹੋਇਆ ਹੀ ਫਲਿਆ ਕਰਦਾ ਹੈ। ਉਸ ਜੋਗੀ ਨੇ ਚਾਂਦੀ ਬਣਾਉਣ ਦਾ ਨੁਸਖਾ ਲਿਖਿਆ ਅਤੇ ਸੰਭਾਲਣ ਲਈ ਮਹਾਂਪੁਰਸ਼ਾਂ ਨੂੰ ਕਿਹਾ। ਸੰਤ ਬੁੱਧੂ ਜੀ ਨੇ ਉਹ ਨੁਸਖਾ ਅਲਮਾਰੀ ਵਿਚ ਰਖਾ ਦਿਤਾ ਅਤੇ ਕੋਈ ਵਿਸ਼ੇਸ਼ ਧਿਆਨ ਨਾ ਦਿਤਾ, ਨਾ ਹੀ ਤਾਲਾ ਲਾਇਆ ਅਤੇ ਨਾ ਹੀ ਕਿਤੇ ਛੁਪਾਇਆ। ਉਹ ਜੋਗੀ ਤਾਲਾ ਲਾਉਣ ਦੀ ਤਾਕੀਦ ਕਰਕੇ ਰਮਤਾ ਹੋਇਆ। ਦੋ ਮੀਲ ਜਾ ਕੇ ਉਸਦੇ ਮਨ ਵਿਚ ਖਿਆਲ ਆਇਆ ਕਿ ਇਹ ਕੀਮਤੀ ਨੁਸਖਾ ਕਿਸੇ ਗਲਤ ਬੰਦੇ ਦੇ ਹੱਥ ਵਿਚ ਨਾ ਆ ਜਾਵੇ ਅਤੇ ਉਹ ਚਾਂਦੀ ਬਣਾ ਕੇ ਮਾਇਆ ਨੂੰ ਵਿਸ਼ੇ ਵਿਕਾਰਾਂ ਵਾਸਤੇ ਨਾ ਵਰਤੀ ਜਾਵੇ। ਉਹ ਵਾਪਸ ਸੰਤਾਂ ਪਾਸ ਮੁੜ ਆਇਆ। ਜਦੋਂ ਦੇਖਿਆ ਕਿ ਅਲਮਾਰੀ ਉਸੇ ਤਰ੍ਹਾਂ ਖੁਲ੍ਹੀ ਪਈ ਹੈ, ਬੰਦ ਵੀ ਨਹੀਂ ਕੀਤੀ ਤਾਂ ਉਹ ਸੰਤਾਂ ਦੇ ਪਾਸ ਗਿਆ, ਉਨ੍ਹਾਂ ਨੂੰ ਇਸ ਨੁਸਖੇ ਦੀ ਵਿਸ਼ੇਸ਼ਤਾ ਦਸ ਕੇ ਚੰਗੀ ਤਰ੍ਹਾਂ ਸੰਭਾਲਣ ਲਈ ਬੇਨਤੀ ਕੀਤੀ। ਉਸ ਵੇਲੇ ਸੰਤ ਬੁੱਧੂ ਸ਼ਾਹ ਗੁਰਦਵਾਰੇ ਦੇ ਬਾਹਰ-ਬਾਹਰ ਝਾੜੂ ਦੇਣ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਇਸ ਜੋਗੀ ਦੀ ਮਾਇਆਕਾਰ ਬਿਰਤੀ ਦਾ ਅਨੁਮਾਨ ਲਾਇਆ ਅਤੇ ਉਸਦੇ ਮਾਇਆ ਦੇ ਮੋਹ ਨੂੰ ਤੋੜਨ ਲਈ ਆਪ ਨੇ ਕਿਹਾ ਕਿ ਪ੍ਰੇਮੀਆਂ! ਉਹ ਇੱਟਾਂ ਦੇ ਚੱਠੇ ਉਪਰੋਂ ਮੈਨੂੰ ਕ੍ਰਿਪਾ ਕਰਕੇ ਇਕ ਇੱਟ ਲਿਆ ਦੇ। ਉਸਨੇ ਇੱਟ ਚੁਕ ਲਈ, ਜਦੋਂ ਧਿਆਨ ਨਾਲ ਦੇਖੀ ਤਾਂ ਉਹ ਇੱਟ ਸੋਨੇ ਦੀ ਸੀ। ਜੋਗੀ ਹੈਰਾਨ ਹੋ ਗਿਆ ਕਿ ਐਤਨੀ ਕੀਮਤੀ ਵਸਤੂ ਬੜੀ ਬੇ-ਧਿਆਨੀ ਨਾਲ ਇਟਾਂ ਦੇ ਚੱਠੇ ਉਪਰ ਰੱਖੀ ਹੋਈ ਹੈ। ਇਹ ਤਾਂ ਹਜ਼ਾਰਾਂ-ਲੱਖਾਂ ਰੁਪਏ ਦਾ ਮਾਲ ਹੈ। ਸੰਤਾਂ ਨੇ ਇੱਟ ਲੈ ਕੇ ਕਿਹਾ ਕਿ ਜੇ ਆਪ ਖੇਚਲ ਨਾ ਮੰਨੋ ਤਾਂ ਪੰਜ-ਚਾਰ ਇੱਟਾਂ ਹੋਰ ਲਿਆ ਦੇਵੋ। ਉਹ ਚੱਠੇ ਵਲ ਆਇਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਾ ਚੱਠਾ ਹੀ ਲਿਸ਼ਕਾਰਾਂ ਮਾਰਦਾ ਸੋਨੇ ਦਾ ਹੀ ਹੈ। ਮੁੜ ਕੇ ਜਦ ਗੁਰਦਵਾਰੇ ਵਲ ਦੇਖਿਆ ਤੇ ਹੈਰਾਨੀ ਦੀ ਹੱਦ ਨਾ ਰਹੀ ਕਿ ਸਾਰੇ ਗੁਰਦਵਾਰੇ ਦੀਆਂ ਦੀਵਾਰਾਂ ਝਿਲਮਿਲ-ਝਿਲਮਿਲ ਕਰਦੀਆਂ ਸੂਰਜ ਦੇ ਪਰਤਵੇਂ ਪ੍ਰਕਾਸ਼ ਦੀ ਪੀਲੀ ਭਾਅ ਮਾਰ ਰਹੀਆਂ ਹਨ। ਮਹਾਂਪੁਰਸ਼ਾਂ ਦੇ ਆ ਕੇ ਚਰਨ ਫੜ ਲਏ ਅਤੇ ਕਿਹਾ, ਮਹਾਰਾਜ! ਮੇਰੇ ਅੰਦਰ ਚਾਂਦੀ ਬਣਾਉਣ ਦਾ ਨੁਸਖਾ ਪ੍ਰਾਪਤ ਕਰਕੇ ਬਹੁਤ ਵੱਡਾ ਅਭਿਮਾਨ ਸੀ। ਆਪ ਦੀ ਕ੍ਰਿਪਾ ਨਾਲ ਅੱਜ ਮੈਨੂੰ ਸੋਝੀ ਪਈ ਹੈ ਕਿ ਆਪ ਨੇ ਜਿਸ **'ਨਾਮ'** ਦਾ ਜ਼ਿਕਰ ਕੀਤਾ ਹੈ ਉਸਦੀ ਸਚਮੁਚ ਹੀ ਕੋਈ ਮਹਿਮਾ ਨਹੀਂ ਕਰ ਸਕਦਾ। ਮੈਨੂੰ ਉਸ ਨਾਮ ਦੀ ਸੋਝੀ ਬਖਸ਼ੋ ਤੇ ਆਪਣੇ ਚਰਨਾਂ ਵਿਚ ਨਿਵਾਸ ਦੇਵੋ।

ਅਜਿਹੇ ਮਹਾਂਪੁਰਸ਼ਾਂ ਵਿਚ ਧੀਰਜ ਦਾ ਅਮੁੱਕ ਭੰਡਾਰ ਸੀ। ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਬ੍ਰਹਮ ਗਿਆਨੀ ਕੈ ਧੀਰਜੁ ਏਕ॥***
***ਜਿਉ ਬਸੁਧਾ ਕੋਊ ਖੋਦੈ***
***ਕੋਊ ਚੰਦਨ ਲੇਪ॥ ਅੰਗ - 272***

ਆਪ ਜੀ ਨੇ ਉਸ ਅਸਥਾਨ ਦੇ ਨੇੜਿਓਂ ਹਰ ਰੋਜ਼ ਲੰਗਰ ਵਾਲੇ ਰਾਹੀਆਂ ਦਾ ਧਿਆਨ ਕਰਕੇ ਸਦੀਵ ਲੰਗਰ ਚਲਾਉਣ ਲਈ ਇਕ ਚੌਰਾਹੇ ਵਿਚ ਛੋਟੀ ਜਿਹੀ ਝੋਂਪੜੀ ਬਣਾ ਕੇ ਤੰਦੂਰ ਲਾ ਲਿਆ। ਆਇਆਂ-ਗਿਆਂ,

ਖੁਧੀਆਬੰਤਾਂ ਵਾਸਤੇ ਲੰਗਰ ਤਿਆਰ ਕਰਕੇ ਛਕਾਇਆ ਕਰਦੇ ਸਨ। ਇਕ ਦਿਨ ਇਕ ਹੰਕਾਰੀ ਮੁਗਲ ਸੈਨਿਕ ਆ ਗਿਆ ਅਤੇ ਅਵਾਜ਼ ਦੇ ਕੇ ਕਿਹਾ, "ਓ ਬੁੱਧੂ! ਹਮਾਰੇ ਲੀਏ ਖਾਨਾ ਲਾਓ।" ਉਨ੍ਹਾਂ ਨੇ ਬੜੇ ਪ੍ਰੇਮ ਨਾਲ ਥਾਲੀ ਵਿਚ ਪ੍ਰਸ਼ਾਦੇ, ਸਬਜ਼ੀ ਸਮੇਤ ਦਿਤੇ। ਇਕ ਪ੍ਰਸ਼ਾਦੇ ਨੂੰ ਮਾਮੂਲੀ ਜਿਹਾ ਵੱਧ ਸੇਕ ਲੱਗਣ ਕਰਕੇ ਦਾਗ ਪੈ ਗਿਆ ਸੀ ਤਾਂ ਉਸਨੇ ਕੜਕ ਕੇ ਕਿਹਾ ਕਿ ਮੇਰੇ ਲਈ ਕਿਹੋ ਜਿਹੀ ਰੋਟੀ ਲੈ ਕੇ ਆਇਆਂ ਹੈਂ; ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਐਨਾ ਕਹਿੰਦੇ ਹੀ ਉਸਨੇ ਪੂਰੇ ਜ਼ੋਰ ਨਾਲ ਬੁੱਧੂ ਜੀ ਦੇ ਮੂੰਹ ਤੇ ਥੱਪੜ ਮਾਰਿਆ। ਤਾਂ ਬੁੱਧੂ ਜੀ ਨੇ ਆਪਣੀ ਦੂਸਰੀ ਗਲ੍ਹ ਸਾਹਮਣੇ ਕਰਦਿਆਂ ਕਿਹਾ ਕਿ ਖਾਨ ਜੀ! ਮੇਰੇ ਵਿਚ ਅਕਲ ਬਹੁਤ ਘੱਟ ਹੋਣ ਕਰਕੇ ਮੇਰੀ ਮਾਂ ਨੇ ਮੇਰਾ ਨਾਮ 'ਬੁੱਧੂ' ਹੀ ਰੱਖਿਆ ਹੈ, ਇਸਨੂੰ ਜ਼ਰੂਰ ਮਤ ਦੇਵੋ। ਉਸਨੇ ਦੂਸਰੇ ਹੱਥ ਦੀ ਚਪੇੜ, ਦੂਸਰੇ ਪਾਸੇ ਮਾਰੀ ਅਤੇ ਜ਼ੋਰ ਨਾਲ ਲੱਤ ਮਾਰੀ। ਬੁੱਧੂ ਜੀ ਨੇ ਦੂਜੀ ਵਾਰੀ ਪ੍ਰਸ਼ਾਦੇ ਤਿਆਰ ਕਰਕੇ ਬੜੀ ਸਾਵਧਾਨੀ ਨਾਲ ਉਸਨੂੰ ਛਕਾਏ। ਪ੍ਰਸ਼ਾਦੇ ਛਕ ਕੇ ਉਹ ਅਜੇ ਆਪਣੇ ਘੋੜੇ ਤੇ ਸਵਾਰ ਹੋ ਕੇ ਮਸਾਂ ਦੋ ਸੌ ਗਜ਼ ਹੀ ਗਿਆ ਹੋਣਾ ਹੈ ਕਿ ਉਸਦਾ ਘੋੜਾ ਅਲਫ਼ ਹੋ ਗਿਆ ਤੇ ਉਹ ਘੋੜੇ ਤੋਂ ਹੇਠਾਂ ਗਿਰ ਗਿਆ, ਉਸਦਾ ਪੱਟ ਟੁੱਟ ਗਿਆ ਅਤੇ ਉਹ ਦੁਹਾਈਆਂ ਦੇਣ ਲਗਿਆ। ਉਸਦੀ ਹਾਇ-ਕੁਰਲਾਹਟ ਸੁਣ ਕੇ ਸੰਤ ਬੁੱਧੂ ਜੀ ਆਪਣੇ ਸਿਰ ਤੇ ਮੰਜਾ ਚੁਕ ਕੇ ਉਸਦੇ ਪਾਸ ਪਹੁੰਚੇ। ਇਕ-ਦੋ ਪ੍ਰੇਮੀਆਂ ਦੀ ਮਦਦ ਨਾਲ ਮੰਜੇ ਤੇ ਲਿਟਾਇਆ ਅਤੇ ਆਪ ਖੇਚਲ ਕਰਕੇ ਕਿਤੋਂ ਦੂਰੋਂ ਨੇੜਿਓਂ ਹੱਡੀਆਂ ਬੰਨ੍ਹਣ ਵਾਲੇ ਨੂੰ ਲਿਆਏ। ਉਸਦਾ ਪੱਟ ਬੰਨ੍ਹਵਾ ਕੇ ਉਸਦੀ ਕਈ ਮਹੀਨੇ ਲਗਾਤਾਰ ਬਹੁਤ ਹੀ ਪ੍ਰੇਮ ਨਾਲ ਸੇਵਾ ਕੀਤੀ। ਜਦੋਂ ਉਹ ਰਾਜ਼ੀ ਹੋ ਗਿਆ ਤਾਂ ਉਸਨੂੰ ਆਪਣੀ ਭੁੱਲ ਦੇ ਉਪਰ ਬਹੁਤ ਹੀ ਪਸ਼ਚਾਤਾਪ ਸੀ। ਜਾਣ ਤੋਂ ਪਹਿਲਾਂ ਕਹਿਣ ਲੱਗਿਆ ਕਿ ਹੇ ਫਕੀਰ ਸਾਂਈ! ਮੈਂ ਆਪਣੀ ਕਰਨੀਂ ਦਾ ਫਲ ਪਾ ਲਿਆ ਹੈ ਪਰ ਮੈਂ ਇਕ ਗੱਲ ਨੂੰ ਦੁਨੀਆਂ ਵਿਚ ਨਸ਼ਰ ਕਰਾਂਗਾ (ਫੈਲਾਵਾਂਗਾ) ਕਿ ਗੁਰੂ ਨਾਨਕ ਦੇ ਘਰ ਦੇ ਸਾਧੂ ਨਿਰੇ ਹੀ ਫਰਿਸ਼ਤੇ ਹਨ, ਉਨ੍ਹਾਂ ਲਈ ਨਾ ਹੀ ਕੋਈ ਆਪਣਾ ਹੈ ਤੇ ਨਾ ਹੀ ਕੋਈ ਬੇਗਾਨਾ ਹੈ। ਉਨ੍ਹਾਂ ਦਾ ਹਿਰਦਾ ਕੀਨੇ (ਈਰਖਾ) ਤੋਂ ਬਿਲਕੁਲ ਸਾਫ ਹੈ ਅਤੇ ਸੂਰਜ ਵਾਂਗੂੰ ਚਮਕਦਾ ਹੈ। ਅੱਜ ਤੋਂ ਮੈਂ ਤਨੋ ਮਨੋ ਬਾਬਾ ਨਾਨਕ ਦੇ ਮੁਰੀਦਾਂ ਦਾ ਸਤਿਕਾਰ ਕਰਾਂਗਾ। ਤੁਸੀਂ ਮੈਨੂੰ ਸੁਮੱਤਿ ਦਿਤੀ ਹੈ।

ਸੋ ਇਸ ਤਰ੍ਹਾਂ ਨਾਲ ਅਨੇਕ ਸੰਤਾਂ ਦੇ ਜੀਵਨ ਵਿਚ ਮਿਸਾਲਾਂ ਹਨ ਕਿ ਸੰਤ ਕਦੇ ਵੀ ਸ਼ਾਂਤੀ ਨਹੀਂ ਛੱਡਦੇ ਭਾਵੇਂ ਹੰਕਾਰੀ ਪੁਰਸ਼ ਕਿੰਨੀ ਹੀ ਦ੍ਵੈਸ਼ ਉਨ੍ਹਾਂ ਨਾਲ ਕਰਦੇ ਰਹਿਣ। ਫੁਰਮਾਨ ਹੈ -

***ਨਹ ਸੀਤਲੰ ਚੰਦ੍ ਦੇਵਹ***
***ਨਹ ਸੀਤਲੰ ਬਾਵਨ ਚੰਦਨਹ॥***
***ਨਹ ਸੀਤਲੰ ਸੀਤ ਰੁਤੇਣ***
***ਨਾਨਕ ਸੀਤਲੰ ਸਾਧ ਸ੍ਵਜਨਹ॥***
***ਅੰਗ - 1357***

ਇਸੇ ਲਈ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਐਸੇ ਰਾਗ ਦ੍ਵੈਸ਼ ਤੋਂ ਨਿਆਰੇ ਰਹਿਣ ਵਾਲੇ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ। ਜਿਨ੍ਹਾਂ ਦੇ ਮਿਲਣ ਤੋਂ ਰਾਗ, ਦ੍ਵੈਸ਼ ਪੈਦਾ ਹੋਵੇ, ਜਿਹੜੇ ਆਪਣੇ ਮਤਲਬ ਦੀ ਪੂਰਤੀ ਵਾਸਤੇ ਦੁਨੀਆਂ ਨੂੰ ਪੁੱਠੀਆਂ-ਸਿਧੀਆਂ ਗੱਲਾਂ ਕਰਕੇ ਭਰਮਾਉਣ, ਉਨ੍ਹਾਂ ਦੀ ਸੰਗਤ ਕਰਨਾ ਗੁਰੂ ਮਹਾਰਾਜ ਜੀ ਵਲੋਂ ਪੂਰਨ ਰੂਪ ਵਿਚ ਵਰਜਿਤ ਹੈ-

***ਸਚੀ ਬੈਸਕ ਤਿਨਾ ਸੰਗਿ***
***ਜਿਨ ਸੰਗਿ ਜਪੀਐ ਨਾਉ॥***
***ਤਿਨ ਸੰਗਿ ਸੰਗੁ ਨ ਕੀਚਈ***
***ਨਾਨਕ ਜਿਨਾ ਆਪਣਾ ਸੁਆਉ॥***
***ਅੰਗ - 520***

ਪਰ ਅਜਿਹੇ ਪੁਰਸ਼ ਬਹੁਤ ਹੀ ਵਿਰਲੇ ਹੋਇਆ ਕਰਦੇ ਹਨ, ਜੇ ਆਦਮੀ ਦੇ ਪੁੰਨ ਕਰਮ ਜਾਗ ਪੈਣ ਤਾਂ ਅਜਿਹੇ ਪੁਰਸ਼ਾਂ ਦਾ ਮੇਲ ਹੋ ਜਾਇਆ ਕਰਦਾ ਹੈ -

***ਜਿਨਾ ਦਿਸੰਦੜਿਆ ਦੁਰਮਤਿ***
***ਵੰਞੈ ਮਿਤ੍ਰ ਅਸਾਡੜੇ ਸੇਈ॥***
***ਹਉ ਢੂਢੇਦੀ ਜਗੁ ਸਬਾਇਆ***

***ਜਨ ਨਾਨਕ ਵਿਰਲੇ ਕੇਈ।।***
***ਅੰਗ - 520***

ਇਹ ਮੁਕਤ ਆਤਮਾਵਾਂ ਵਾਹਿਗੁਰੂ ਦੇ ਹੁਕਮ ਵਿਚ ਸੰਸਾਰ ਨੂੰ ਸਿੱਧਾ ਰਾਹ ਦਿਖਾਉਣ ਵਾਸਤੇ ਸੰਸਾਰ ਵਿਚ ਭੇਜੀਆਂ ਜਾਂਦੀਆਂ ਹਨ ਪਰ ਇਹ ਵਿਰਲੇ ਹੋਇਆ ਕਰਦੇ ਹਨ। ਭਾਈ ਨੰਦ ਲਾਲ ਜੀ ਇਕ ਰੁਬਾਈ ਦੇ ਵਿਚ ਲਿਖਦੇ ਹਨ ਕਿ ਸੰਸਾਰ ਵਿਚ ਜੋ ਹਰੀ ਦੇ ਪਿਆਰੇ ਆਉਂਦੇ ਹਨ, ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਲਈ ਆਉਂਦੇ ਹਨ। ਐ ਗੋਯਾ! ਜੇ ਤੇਰੀਆਂ ਅੱਖਾਂ ਅਕਾਲ ਪੁਰਖ ਦੇ ਦਰਸ਼ਨਾਂ ਦੀਆਂ ਚਾਹਵਾਨ ਹਨ ਤਾਂ ਸਮਝ ਲੈ ਕਿ ਹਰੀ ਦੇ ਭਗਤ, ਹਰੀ ਨੂੰ ਹੀ ਵਿਖਾਲਣ ਲਈ ਆਉਂਦੇ ਹਨ -

***ਦਰ ਦਹਰ ਕਿ ਮਰਦਾਨਿ***
***ਖ਼ੁਦਾ ਆਮਦਹ ਅੰਦ।।***
***ਬਰ ਗੁਮ ਸ਼ੁਦਗਾਂ ਰਾਹਨੁਮਾ***
***ਆਮਦਹ ਅੰਦ।।***
***'ਗੋਯਾ' ਅਗਰ ਈਂ ਚਸ਼ਮਿ***
***ਤੋਂ ਮੁਸ਼ਤਾਕਿ ਖ਼ੁਦਾ ਅਸਤ।।***
***ਮਰਦਾਨਿ ਖ਼ੁਦਾ ਖ਼ੁਦਾਨੁਮਾ***
***ਆਮਦਹ ਅੰਦ।।***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਦੁਨੀਆਂ ਦੇ ਧਾਰਮਿਕ ਗ੍ਰੰਥਾਂ ਨਾਲੋਂ 'ਸੰਤ' ਅੱਖਰ ਦੀ ਸਭ ਤੋਂ ਵਧ ਕੇ ਵਰਤੋਂ ਕੀਤੀ ਹੈ ਅਤੇ ਬਿਲਕੁਲ ਸਪਸ਼ਟ ਕਰ ਦਿਤਾ ਗਿਆ ਹੈ ਕਿ ਗੁਰੂ ਦਾ ਹੁਕਮ ਜਗਿਆਸੂਆਂ ਲਈ, ਸੰਤਾਂ ਦੀ ਸੰਗਤ ਕਰਨਾ ਹੈ ਅਤੇ ਨਾਲ ਹੀ ਨਿਸ਼ਾਨੀਆਂ ਦੱਸ ਦਿਤੀਆਂ ਗਈਆਂ ਹਨ ਕਿ ਜਿਸ ਪੁਰਸ਼ ਨੂੰ 'ਸੰਤ' ਕਹਿੰਦੇ ਹਾਂ ਉਹਦਾ ਰਹਿਣਾ, ਵਰਤ-ਵਿਹਾਰ, ਬੋਲ-ਚਾਲ, ਜੀਵਨ ਚਾਲ ਕਿਹੋ ਜਿਹੀ ਹੈ। ਆਪ ਜੀ ਫੁਰਮਾਨ ਕਰਦੇ ਹਨ -

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ।।***
***ਧੰਨੁ ਸਿ ਸੇਈ ਨਾਨਕਾ***
***ਪੂਰਨੁ ਸੋਈ ਸੰਤੁ।। ਅੰਗ - 319***

ਇਕ ਹੋਰ ਥਾਂ ਫੁਰਮਾਨ ਹੈ -

***ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ***
***ਜਿਸੁ ਹਿਰਦੈ ਹਰਿ ਨਾਮੁ ਮੁਰਾਰਿ।।***
***ਮਸਤਕਿ ਭਾਗੁ ਹੋਵੈ ਜਿਸੁ ਲਿਖਿਆ***
***ਸੋ ਗੁਰਮਤਿ ਹਿਰਦੈ***
***ਹਰਿ ਨਾਮੁ ਸਮਾਰਿ।। ਅੰਗ - 1135***

ਭਗਤ ਰਵੀਦਾਸ ਜੀ ਨੇ ਅਜਿਹੇ ਮਹਾਂਪੁਰਸ਼ਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਇਆ ਹੈ ਕਿ ਹੇ ਵਾਹਿਗੁਰੂ! ਸੰਤ ਜੋ ਤੇਰਾ ਹੀ ਤਨ ਹਨ, ਜਿਨ੍ਹਾਂ ਦੀ ਸੰਗਤ ਤੇਰੇ ਪ੍ਰਾਣ (ਜੀਵਨ) ਹਨ, ਉਨ੍ਹਾਂ ਸੰਤਾਂ ਨੂੰ ਆਪਣੇ ਸਤਿਗੁਰੂ ਦੇ ਦਿਤੇ ਹੋਏ ਗਿਆਨ ਨਾਲ ਮੈਂ ਪਛਾਣਿਆ ਹੈ। ਹੇ ਦੇਵਤਿਆਂ ਦੇ ਦੇਵਤੇ (ਹਰੀ), ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੇ ਬਚਨਾਂ ਦਾ ਅਨੰਦ, ਸੰਤਾਂ ਦਾ ਪ੍ਰੇਮ ਦਿਓ। ਸੰਤਾਂ ਦੀ ਕਰਨੀ, ਸੰਤਾਂ ਦੀ ਰਹਿਣੀ (ਆਤਮਕ ਰਸਤਾ) ਮੈਨੂੰ ਦਿਓ ਅਤੇ ਕ੍ਰਿਪਾ ਕਰਕੇ ਸੰਤਾਂ ਦੇ ਸੇਵਕਾਂ ਦੀ ਸੇਵਾ ਦਿਓ। ਹੋਰ ਇਕ ਚੀਜ਼ ਮੰਗਦਾ ਹਾਂ - ਤੇਰੀ ਭਗਤੀ, ਜੋ ਸਾਰੀਆਂ ਇਛਿਆਂਵਾਂ ਪੂਰੀਆਂ ਕਰਨ ਵਾਲੀ ਮਣੀ ਹੈ। ਹੇ ਵਾਹਿਗੁਰੂ! ਮੈਨੂੰ ਜੋ ਤੈਥੋਂ ਭੁੱਲੇ ਹੋਏ **ਅਸੰਤ** ਅਤੇ ਪਾਪੀ ਹਨ, ਉਨ੍ਹਾਂ ਦੇ ਮੈਨੂੰ ਕਦੇ ਵੀ ਦਰਸ਼ਨ ਨਾ ਦਿਖਾਈਂ। ਰਵਿਦਾਸ ਜੀ ਕਹਿੰਦੇ ਹਨ ਕਿ ਉਹ ਸਿਆਣਾ ਹੈ ਜੋ ਅੱਛੀ ਤਰ੍ਹਾਂ ਨਾਲ ਜਾਣਦਾ ਹੈ ਕਿ ਸੰਤਾਂ ਅਤੇ ਬੇਅੰਤ ਨਿਰੰਕਾਰ ਵਿਚ ਕੋਈ ਫਰਕ ਨਹੀਂ -

***ਸੰਤ ਤੁਝੀ ਤਨੁ ਸੰਗਤਿ ਪ੍ਰਾਨ।।***
***ਸਤਿਗੁਰ ਗਿਆਨ ਜਾਨੈ***
***ਸੰਤ ਦੇਵਾ ਦੇਵ।।***
***ਸੰਤ ਚੀ ਸੰਗਤਿ ਸੰਤ ਕਥਾ ਰਸੁ***
***ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।।***
***ਸੰਤ ਆਚਰਣ ਸੰਤ ਚੋ ਮਾਰਗੁ***
***ਸੰਤ ਚ ਓਲ੍ਹਗ ਓਲ੍ਹਗਣੀ।।***
***ਅਉਰ ਇਕ ਮਾਗਉ***
***ਭਗਤਿ ਚਿੰਤਾਮਣਿ।।***
***ਜਣੀ ਲਖਾਵਹੁ ਅਸੰਤ ਪਾਪੀਸਣਿ।।***
***ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ।।***
***ਸੰਤ ਅਨੰਤਹਿ ਅੰਤਰੁ ਨਾਹੀ।।***
***ਅੰਗ - 486***

ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਲਈ

ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ -

***ਹੋਹੁ ਕ੍ਰਿਪਾਲ ਸੁਆਮੀ ਮੇਰੇ***
***ਸੰਤਾਂ ਸੰਗਿ ਵਿਹਾਵੇ॥***
***ਤੁਧਹੁ ਭੁਲੇ ਸਿ ਜਮਿ ਜਮਿ ਮਰਦੇ***
***ਤਿਨ ਕਦੇ ਨ ਚੁਕਨਿ ਹਾਵੇ॥***

***ਅੰਗ - 961***

ਸੋ ਇਕ ਹੋਰ ਥਾਂ ਫੁਰਮਾਨ ਹੈ ਕਿ ਸੰਤ ਦੀ ਇਹ ਨਿਸ਼ਾਨੀ ਹੈ ਜਿਸਨੂੰ ਮਿਲ ਕੇ ਭਵਜਲ ਤਰ ਜਾਈਦਾ ਹੈ, ਜਮ ਨੇੜ ਨਹੀਂ ਆਉਂਦਾ ਅਤੇ ਦੁਬਾਰਾ ਚਉਰਾਸੀ ਦੇ ਚੱਕਰ ਵਿਚ ਪੈਣੋਂ ਬਚ ਜਾਈਦਾ ਹੈ। ਇਹ ਜੋ ਭਵਸਾਗਰ ਹੈ ਜਿਸਨੂੰ ਅਸੀਂ ਸੰਸਾਰ ਆਖਦੇ ਹਾਂ, ਇਹ ਬਿਹੁ ਦਾ ਭਰਿਆ ਹੋਣ ਕਰਕੇ, ਇਸ ਵਿਚ ਸਾਰੇ ਹੀ ਵਾਹਿਗੁਰੂ ਨੂੰ ਭੁੱਲ ਕੇ ਦੁਖੀ ਹਨ। ਇਸ ਬਿਖੜੇ ਭਵਜਲ ਵਿਚੋਂ ਗੁਰਮੁਖਾਂ ਦੀ ਸੰਗਤ ਕਰਕੇ ਤਰ ਜਾਈਦਾ ਹੈ। ਜਿਵੇਂ ਕਿ -

***ਸੰਤ ਸਰਨਿ ਜੋ ਜਨੁ ਪਰੈ***
***ਸੋ ਜਨੁ ਉਧਰਨਹਾਰ॥***
***ਸੰਤ ਕੀ ਨਿੰਦਾ***
***ਨਾਨਕਾ ਬਹੁਰਿ ਬਹੁਰਿ ਅਵਤਾਰ॥***

***ਅੰਗ - 279***

ਅਤੇ ਗੁਰੂ ਸਾਹਿਬ ਵਲੋਂ ਇਹ ਵੀ ਫੁਰਮਾਨ ਹੈ ਕਿ ਜਿਹੜੇ ਪ੍ਰੇਮੀ ਹਰ ਸਮੇਂ ਰਾਗ, ਦ੍ਵੈਸ਼, ਆਪਣੇ-ਬਿਗਾਨੇ, ਵੈਰ, ਵਿਰੋਧ, ਲਾਲਚ ਵਿਚ ਫਸੇ ਹੋਏ ਆਪਣੇ ਵਾਸਤੇ ਹੀ ਸੋਚਦੇ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਗਿਆਨ ਨਾ ਹੋਣ ਕਰਕੇ ਆਪਣਾ ਹੀ ਸੁਆਉ ਰਹਿੰਦਾ ਹੈ, ਦੂਸਰਿਆਂ ਦੀ ਨਿੰਦਿਆ ਵਿਚ, ਦੂਸਰਿਆਂ ਨੂੰ ਛੋਟਾ ਦਿਖਾਉਣ ਵਿਚ ਹਰ ਸਮੇਂ ਖੜਯੰਤਰ ਰਚਦੇ ਰਹਿੰਦੇ ਹਨ; ਅਜਿਹੇ ਭੇਖੀਆਂ, ਲਾਲਚੀਆਂ ਦੇ ਦਰਸ਼ਨ ਕੁਰਾਹੇ ਪਾਉਣ ਨੂੰ ਹਰ ਸਮੇਂ ਤਤਪਰ ਰਿਹਾ ਕਰਦੇ ਹਨ। ਗੁਰੂ ਮਹਾਰਾਜ ਦੀ ਵਾਰਨਿੰਗ ਹੈ ਕਿ ਅਜਿਹੇ ਪੁਰਸ਼ਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ -

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ***
***ਤਉ ਕਛੁ ਲਾਗੈ ਦਾਗੁ॥ ਅੰਗ-1371***

***ਨਾਨਕ ਕਚੜਿਆ ਸਿਉ ਤੋੜਿ ਢੂਢਿ***
***ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ॥***

***ਅੰਗ - 1102***

ਕਿਉਂਕਿ ਗੁਰਮੁਖਾਂ, ਸੰਤਾਂ, ਸਾਧੂਆਂ, ਫਕੀਰਾਂ, ਆਰਫਾਂ, ਬ੍ਰਹਮਗਿਆਨੀਆਂ ਅਤੇ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਹੋਈਆਂ ਮੁਕਤ ਆਤਮਾਵਾਂ ਦੀ ਪਛਾਣ ਕਰਨੀ ਅਸਾਡੇ ਵਸ ਤੋਂ ਬਾਹਰ ਹੈ। ਇਸ ਲਈ ਗੁਰੂ ਮਹਾਰਾਜ ਜੀ ਨੇ ਸਾਨੂੰ ਕੁਝ guide lines ਦਿਤੀਆਂ ਹਨ, ਜਿਨ੍ਹਾਂ ਨੂੰ ਧਿਆਨ ਨਾਲ ਵਿਚਾਰਿਆਂ ਅਸਾਨੂੰ ਅਜਿਹੇ ਵਿਅਕਤੀਆਂ ਦੀ ਪਛਾਣ ਹੋਣ ਦੀ ਸੰਭਾਵਨਾ ਹੋ ਸਕਦੀ ਹੈ; ਕਿਉਂਕਿ ਸਾਡੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਰ ਸਮੇਂ ਸਾਨੂੰ ਸੁਚੇਤ ਕਰਦੇ ਹੋਏ ਅਜਿਹੀਆਂ ਮੁਕਤ ਆਤਮਾਵਾਂ, ਪ੍ਰਵਾਨ ਰੂਹਾਂ, ਪੰਚ ਪਰਵਾਨਾਂ ਪਾਸ ਭੇਜਣ ਦੀ ਤਾਕੀਦ ਕਰਦੇ ਹਨ ਅਤੇ ਬਾਣੀ ਦਾ ਹੁਕਮ ਮੰਨ ਕੇ ਅਸਾਨੂੰ ਹਰ ਸਮੇਂ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਹੈ। ਹੇਠਾਂ ਇਕ-ਇਕ ਬਚਨ ਸੰਤ ਰਹਿਤ ਦਾ, ਸੰਤ ਆਚਰਣ ਦਾ, ਸੰਤ ਸੋਚ ਦਾ; ਵਿਚਾਰ ਸਹਿਤ ਅੰਕਿਤ ਕੀਤਾ ਜਾਂਦਾ ਹੈ, ਧਿਆਨ ਨਾਲ ਵਿਚਾਰੋ ਅਤੇ ਨਿਰਣਾ ਲੈਣ ਦਾ ਜਤਨ ਕਰੋ -

***ਆਠ ਪਹਰ ਨਿਕਟਿ ਕਰਿ ਜਾਨੈ॥***

***ਅੰਗ - 392***

ਵਾਹਿਗੁਰੂ ਜੀ ਸਾਰੇ ਪਰਿਪੂਰਨ ਹਨ ਅਤੇ ਇਸ ਸੰਸਾਰ ਵਿਚ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਗੈਰ ਨਹੀਂ ਹੈ ਪਰ ਦਿਸਦਾ ਕਿਉਂ ਨਹੀਂ? ਇਸ ਲਈ ਅਸਾਨੂੰ ਗੁਰਬਾਣੀ ਵਿਚੋਂ ਸੰਕੇਤ ਮਿਲਦਾ ਹੈ ਕਿ ਮਨਮੁਖਾਂ, ਸਾਕਤਾਂ, ਖੁਦਗਰਜ਼ਾਂ ਦੇ ਨੇਤਰਾਂ ਉਪਰ ਅਗਿਆਨ ਦਾ ਮੋਤੀਆ ਬਿੰਦ ਹੋਣ ਕਰਕੇ ਨਾਲ ਰਹਿੰਦਾ ਵਾਹਿਗੁਰੂ ਨਹੀਂ ਦਿਸਦਾ। ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਨੇਤ੍ਰ ਬਖਸ਼ ਦਿਤੇ ਹਨ, ਦਿਬਯ ਨੇਤਰਾਂ ਦਾ ਪ੍ਰਕਾਸ਼ ਅੰਦਰ ਹੋ ਗਿਆ ਹੈ, ਉਨ੍ਹਾਂ ਨੂੰ ਇਹ ਸਾਰਾ ਸੰਸਾਰ ਹੀ ਵਾਹਿਗੁਰੂ ਦਾ ਰੂਪ ਹੋ ਕੇ ਨਜ਼ਰ ਆਉਂਦਾ ਹੈ, ਜੋ ਇਸ ਸੰਸਾਰ ਦੀ ਅਸਲ ਮੂਰਤਿ ਹੈ।

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ*
*ਘਟਿ ਘਟਿ ਘਟਿ ਘਟਿ॥*
*ਤੂੰਹੀ ਤੂੰਹੀ ਮੋਹਿਨਾ॥ਅੰਗ - 407*

*ਏ ਨੇਤ੍ਰਹੁ ਮੇਰਿਹੋ*
*ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ*
*ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ*
*ਦਿਬ ਦ੍ਰਿਸਟਿ ਹੋਈ॥*

*ਅੰਗ - 922*

ਕਿਉਂਕਿ ਸੰਤਾਂ ਦੇ ਹਿਰਦੇ ਵਿਚੋਂ ਅਗਿਆਨ ਦਾ ਪੂਰਨ ਤੌਰ ਉਪਰ ਅਭਾਵ ਹੋ ਚੁਕਿਆ ਹੁੰਦਾ ਹੈ, ਉਨ੍ਹਾਂ ਨੂੰ ਸਾਰੇ ਚੰਗੇ-ਮੰਦੇ ਪ੍ਰਮੇਸ਼ਰ ਰੂਪ ਹੋ ਕੇ ਦਿਸਦੇ ਹਨ। ਦ੍ਵੈਤ ਦਾ ਮੋਤੀਆ ਬਿੰਦ ਪੂਰਨ ਰੂਪ ਵਿਚ ਦੂਰ ਹੋ ਚੁਕਿਆ ਹੁੰਦਾ ਹੈ। ਉਹ ਜਿਧਰ ਵੀ ਦੇਖਦੇ ਹਨ ਉਨ੍ਹਾਂ ਨੂੰ ਇਕੋ ਰੂਪ ਨਜ਼ਰ ਆਉਂਦਾ ਹੈ। ਜਿਵੇਂ ਕਿ ਫੁਰਮਾਨ ਹੈ-

*ਏਕ ਮਹਲਿ ਤੂੰ ਹੋਹਿ ਅਫਾਰੋ*
*ਏਕ ਮਹਲਿ ਨਿਮਾਨੋ॥*
*ਏਕ ਮਹਲਿ ਤੂੰ ਆਪੇ ਆਪੇ*
*ਏਕ ਮਹਲਿ ਗਰੀਬਾਨੋ॥*
*ਏਕ ਮਹਲਿ ਤੂੰ ਪੰਡਿਤੁ ਬਕਤਾ*
*ਏਕ ਮਹਲਿ ਖਲੁ ਹੋਤਾ॥*
*ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ*
*ਏਕ ਮਹਲਿ ਕਛੂ ਨ ਲੇਤਾ॥*
*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ*
*ਖਿਲਾਵਨਹਾਰੋ ਜਾਨੈ॥*
*ਜੈਸਾ ਭੇਖੁ ਕਰਾਵੈ ਬਾਜੀਗਰੁ*
*ਓਹੁ ਤੈਸੋ ਹੀ ਸਾਜੁ ਆਨੈ॥*
*ਅਨਿਕ ਕੋਠਰੀ ਬਹੁਤੁ ਭਾਤਿ ਕਰੀਆ*
*ਆਪਿ ਹੋਆ ਰਖਵਾਰਾ॥*
*ਜੈਸੇ ਮਹਲਿ ਰਾਖੈ ਤੈਸੈ ਰਹਨਾ*
*ਕਿਆ ਇਹੁ ਕਰੈ ਬਿਚਾਰਾ॥*
*ਜਿਨਿ ਕਿਛੁ ਕੀਆ ਸੋਈ ਜਾਨੈ*
*ਜਿਨਿ ਇਹ ਸਭ ਬਿਧਿ ਸਾਜੀ॥*
*ਕਹੁ ਨਾਨਕ ਅਪਰੰਪਰ ਸੁਆਮੀ*
*ਕੀਮਤਿ ਅਪੁਨੇ ਕਾਜੀ॥*

*ਅੰਗ - 206*

ਗੁਰੂ ਦਸ਼ਮੇਸ਼ ਪਿਤਾ ਜੀ ਇਸ ਸਾਰੇ ਸੰਸਾਰ ਵਿਚ ਅਨੇਕਤਾ ਵਿਚ ਇਕ ਨੂੰ ਜਣਾਉਂਦੇ ਹੋਏ ਫੁਰਮਾਨ ਕਰਦੇ ਹਨ -

*ਜੈਸੇ ਏਕ ਆਗ ਤੇ*
*ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ,*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ,*
*ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ*
*ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ,*
*ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ,*
*ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ,*
*ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ,*
*ਸਬੈ ਤਾਹੀ ਮੈ ਸਮਾਹਿੰਗੇ॥*

*(ਅਕਾਲ ਉਸਤਤਿ)*

ਸੋ ਇਸ ਕਰਕੇ ***'ਆਠ ਪਹਰ ਨਿਕਟਿ ਕਰਿ ਜਾਨੈ॥'*** ਇਹ ਸੰਤਾਂ ਦੀ ਰਹਿਤ ਦਾ ਪਹਿਲਾ ਅੰਗ ਹੁੰਦਾ ਹੈ, ਇਸ ਉਪਰ ਇਕ ਸਾਖੀ ਆਉਂਦੀ ਹੈ-

ਅਨੰਦਪੁਰ ਸਾਹਿਬ ਵਿਚ ਗੁਰ ਦਸ਼ਮੇਸ਼ ਪਿਤਾ ਜੀ ਵੇਲੇ ਭਿਆਨਕ ਯੁੱਧ ਛਿੜਿਆ ਹੋਇਆ ਹੈ, ਘੇਰਾ ਬਹੁਤ ਜ਼ਬਰਦਸਤ ਪਿਆ ਹੋਇਆ ਹੈ। ਕਈ ਮਹੀਨੇ ਇਸ ਜੰਗ ਨੂੰ ਲਗਿਆਂ ਬੀਤ ਚੁਕੇ ਹਨ। ਆਪਸ ਵਿਚ ਫੌਜਾਂ

ਦੀਆਂ ਝੜੱਪਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਯੁੱਧਾਂ ਵਿਚ ਇਕ ਪ੍ਰੇਮੀ ਜਿਸਦਾ ਨਾਮ ਭਾਈ ਘਨਈਆ ਸੀ, ਉਹ ਬਿਨਾਂ ਵਿਤਕਰੇ ਸਭਨਾਂ ਪਿਆਸਿਆਂ ਨੂੰ ਪਾਣੀ ਪਿਲਾ ਰਿਹਾ ਸੀ। ਦੋਹਾਂ ਫੌਜਾਂ ਵਿਚੋਂ ਕੋਈ ਵੀ ਉਸ ਉਪਰ ਨਾ ਰਾਈਫਲ ਦਾ ਵਾਰ ਕਰਦਾ ਸੀ, ਨਾ ਤੀਰ ਦਾ ਵਾਰ ਕਰਦਾ ਸੀ ਅਤੇ ਨਾ ਹੀ ਤਲਵਾਰ ਤੇ ਨੇਜ਼ੇ ਨਾਲ ਉਸਨੂੰ ਮਾਰਨ ਦਾ ਕੋਈ ਫੁਰਨਾ ਕਰਦਾ ਸੀ। ਸਿੰਘਾਂ ਨੇ ਗੁਰੂ ਮਹਾਰਾਜ ਜੀ ਪਾਸ ਉਸਦੇ ਕਿਰਦਾਰ ਦੀ ਸ਼ਿਕਾਇਤ ਕੀਤੀ ਤਾਂ ਉਸਨੂੰ ਬੁਲਾ ਕੇ ਪੁਛਿਆ ਗਿਆ ਕਿ ਤੂੰ ਕਿਸਨੂੰ ਪਾਣੀ ਪਿਲਾਉਂਦਾ ਹੈਂ? ਉਹ ਮਹਾਂਪੁਰਸ਼ ਪੂਰਨ ਗਿਆਨਵਾਨ ਪ੍ਰਭੂ ਨੂੰ ਸਰਗੁਣ ਅਤੇ ਨਿਰਗੁਣ ਵਿਚ ਪ੍ਰਤੱਖ ਦੇਖਣ ਵਾਲਾ ਹਰ ਥਾਂ ਉਪਰ ਸਤਿਗੁਰੂ ਦੀ ਅਜ਼ਲੀ ਜੋਤਿ ਦਾ ਪਸਾਰਾ, ਸਰਬ ਬ੍ਰਹਿਮੰਡ ਵਿਚ ਅਖੰਡ ਬਿਰਤੀ ਰਾਹੀਂ ਤਕਦਾ ਰਹਿੰਦਾ ਸੀ। ਉਸ ਵਿਚੋਂ ਆਪਣੀ ਹਉਂ ਦਾ ਪੂਰਨ ਰੂਪ ਵਿਚ ਅਭਾਵ ਸੀ ਅਤੇ ਦੂਜਾ ਦ੍ਰਿਸ਼ਟੀ ਨਹੀਂ ਆਉਂਦਾ ਸੀ। ਉਸ ਲਈ ਨਾ ਕੋਈ ਵੈਰੀ ਸੀ, ਨਾ ਕੋਈ ਮਿੱਤਰ ਸੀ; ਉਹ ਨਿਹਚਲ ਚਿਤ ਪੂਰਨ ਤੌਰ ਤੇ ਬ੍ਰਹਮਲੀਨ ਮੂਰਤ ਸੀ। ਇਹ ਪੁੱਛਣ ਤੇ ਕਿ ਪਾਣੀ ਕਿਸਨੂੰ ਪਿਲਾਉਂਦਾ ਹੈਂ? ਆਪ ਨੇ ਉਤਰ ਦਿਤਾ ਕਿ ਹੇ ਪ੍ਰਭੂ! ਤੇਰੇ ਬਗੈਰ ਸੰਸਾਰ ਵਿਚ ਹੋਰ ਕੋਈ ਹੈ ਨਹੀਂ। ਸੋ ਮੈਂ ਤੇਰੇ ਬਿਨਾਂ ਕਿਸੇ ਨੂੰ ਪਾਣੀ ਨਹੀਂ ਪਿਲਾ ਰਿਹਾ। ਪੀਣ ਵਾਲਾ ਵੀ ਤੂੰ ਹੈ ਤੇ ਪਿਲਾਉਣ ਵਾਲਾ ਵੀ ਤੂੰ; ਜਿਧਰ ਦੇਖਦਾ ਹਾਂ ਤੇਰੇ ਸਰਗੁਣ ਰੂਪ ਤੇ ਨਿਰਗੁਣ ਜੋਤਿ ਦੀ ਮਹਿਮਾ ਪਸਰ ਰਹੀ ਹੈ। ਭਾਈ ਵੀਰ ਸਿੰਘ ਜੀ ਨੇ ਆਪਣੀ ਇਕ ਕਵਿਤਾ ਵਿਚ ਸਪਸ਼ਟ ਕੀਤਾ ਹੈ –

*ਕਲਗੀਧਰ ਦੇ ਪਾਸ ਕੋਈ*
*ਆ ਪਿਆ ਸ਼ਿਕੈਤ ਲਗਾਵੇ –*
*"ਮਾਰ ਮਾਰ ਕੇ ਸਿਖ ਤੁਰਕ ਨੂੰ*
*ਕਾਰੀ ਫਟ ਜਦ ਲਾਵੇ,*
*"ਭਾਈ ਕਨ੍ਹੱਯਾ ਤਦੋਂ*
*ਤੁਰਕ ਨੂੰ ਪਾਣੀ ਆਣ ਪਿਲਾਵੇ।*
*"ਅਪਣਾ ਹੋ ਕੇ*
*ਭਾਈ ਕਨ੍ਹੱਯਾ ਦੇਖੋ ਕਹਿਰ ਕਮਾਵੇ।*
*"ਉਸਦਾ ਕੰਮ ਆਪਣੇ*
*ਲਸ਼ਕਰ ਸਿੱਖਾਂ ਨੀਰ ਪਿਲਾਣਾ,*
*"ਨਾ ਕੇ ਵੈਰੀ ਨੂੰ ਰਣ ਤੱਤੇ*
*ਪੁੱਤਾਂ ਵਾਂਙ ਖਿਡਾਣਾ?*
*"ਰਣ ਤੱਤੇ ਦੀ ਨੀਤੀ – 'ਮਾਰਨ'*
*ਜਿਉ ਕਿਉਂ ਦੁਸ਼ਮਨ ਕੋਹੀਏ।*
*"ਜੋ ਵੈਰੀ ਨੂੰ ਪਜਾਰ ਕਰਾਵੇ,*
*ਉਸਨੂੰ ਦੁਸ਼ਮਨ ਕਹੀਏ"।*
*ਸੱਦ ਕਨ੍ਹੱਯੇ ਗੁਰਾਂ ਪੁੱਛਿਆ*
*ਸਾਰੀ ਗੱਲ ਸੁਣਾਈ।*
*ਸੀਸ ਨਿਵਾਇਆ ਰੰਗ ਰਤੜੇ ਨੇ*
*ਬਿਨਤੀ ਮੁਖੋਂ ਅਲਾਈ –*
*"ਤੈਨੂੰ ਪਿਆ ਪਿਲਾਵਾਂ ਪਾਣੀ*
*ਸਿਰ ਮੇਰੇ ਦੇ ਸਾਂਈਂ!*
*"ਤੁਰਕ ਅਤੁਰਕ ਨ ਦਿਸਦਾ ਮੈਨੂੰ*
*ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ*
*ਉਸਦੀ ਸੇਵ ਕਰਾਵਾਂ,*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,*
*ਪਾਣੀ ਉਨੂੰ ਪਿਲਾਵਾਂ"।*
*ਹੱਸੇ ਤੇ ਗਲ ਲਾਇਆ ਪਜਾਰਾ*
*ਡੱਬੀ ਹੱਥ ਫੜਾਈ –*
*"ਪਾਣੀ ਨਾਲ ਮਲ੍ਹਮ*
*ਬੀ ਰੱਖੀਂ ਲੋੜ ਪਈ ਤੇ ਲਾਈਂ"।*

*ਪੰਨਾ – 245-46*
*(ਸ੍ਰੀ ਕਲਗੀਧਰ ਚਮਤਕਾਰ)*

ਸੋ ਇਹ ਬਿਰਤੀ ਸੰਤਾਂ ਦੀ ਹੈ, ਉਹ ਪ੍ਰਭੂ ਨੂੰ ਸਦਾ ਹੀ ਸੰਗ ਜਾਣਦੇ ਹਨ।

ਦੂਸਰੀ ਰਹਿਤ ਸੰਤਾਂ ਦੀ –

*ਪ੍ਰਭ ਕਾ ਕੀਆ ਮੀਠਾ ਮਾਨੈ॥*
*ਅੰਗ – 392*

ਇਸ ਉਪਰ ਵੀ ਇਕ ਬਹੁਤ ਹੀ ਪਿਆਰ ਵਾਲੀ ਸਾਖੀ ਆਉਂਦੀ ਹੈ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਇਕ ਗੁਰਮੁਖ ਨਾਮ ਦਾ ਸਿਖ ਆਇਆ। ਉਸਨੇ ਬੇਨਤੀ ਕੀਤੀ ਕਿ ਸੱਚੇ ਪਾਚਸ਼ਾਹ ਅਸੀਂ ਇਹ ਤੁਕ ਤਾਂ ਪੜ੍ਹਦੇ ਹਾਂ ਕਿ –

***ਪ੍ਰਭ ਕਾ ਕੀਆ ਮੀਠਾ ਮਾਨੈ॥***

***ਅੰਗ - 392***

ਅਤੇ ਇਹ ਵੀ ਪੜ੍ਹਦੇ ਹਾਂ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***

***ਅੰਗ - 275***

ਪਰ ਸੱਚੇ ਪਾਤਸ਼ਾਹ ਇਸ ਤਰ੍ਹਾਂ ਦੇ ਗੁਰਮੁਖ ਪਿਆਰੇ ਦੇ ਅਸਾਨੂੰ ਜੇ ਦਰਸ਼ਨ ਹੋ ਜਾਣ ਤਾਂ ਅਸੀਂ ਬੜੇ ਧੰਨਭਾਗੀ ਹੋਵਾਂਗੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਭਾਈ ਜੇ ਤੈਂ ਅਜਿਹੇ ਗੁਰਮੁਖ ਪਿਆਰੇ ਸਾਧੂ ਦੇ ਦਰਸ਼ਨ ਕਰਨੇ ਹਨ, ਤੇਰੀ ਇਛਿਆ ਹੈ, ਸੰਗਤ ਵਿਚ ਅਨੇਕਾਂ ਗੁਰਸਿੱਖ ਇਸ ਪਦਵੀ ਦੇ ਮਾਲਕ ਹਨ ਪਰ ਤੈਨੂੰ ਪ੍ਰਤੱਖ ਵੇਖੇ ਬਿਨਾਂ ਨਿਸ਼ਚਾ ਨਹੀਂ ਆਉਣਾ, ਇਸ ਕਰਕੇ ਤੂੰ ਹੁਣੇ ਹੀ ਗੁਜਰਾਤ ਨੂੰ ਚਲਿਆ ਜਾਹ; ਉਥੇ ਗੁਜਰਾਤ ਵਿਚ ਇਕ ਗੁਰਮੁਖ ਪਿਆਰੇ, ਜਿਨ੍ਹਾਂ ਦਾ ਨਾਮ ਭਾਈ ਭਿਖਾਰੀ ਹੈ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਉਨ੍ਹਾਂ ਦੀ ਅਵਸਥਾ -

***ਹਾਥ ਪਾਉ ਕਰਿ ਕਾਮੁ ਸਭੁ***
***ਚੀਤੁ ਨਿਰੰਜਨ ਨਾਲਿ॥***

***ਅੰਗ - 1376***

ਵਾਲੀ ਹੈ। ਉਨ੍ਹਾਂ ਦੇ ਦਰਸ਼ਨ ਕਰ, ਤੈਨੂੰ ਉਸ ਅਵਸਥਾ ਦਾ ਆਪਣੇ ਆਪ ਹੀ ਗਿਆਨ ਹੋ ਜਾਵੇਗਾ। ਆਗਿਆ ਅਨੁਸਾਰ ਉਸ ਗੁਰਸਿੱਖ ਦੇ ਘਰ ਪਹੁੰਚਦਾ ਹੈ, ਮਹਿਲ ਮਾੜੀਆਂ ਵੇਖ ਕੇ ਅੰਦਾਜ਼ਾ ਲਾਇਆ ਕਿ ਗੁਰਸਿੱਖ ਉਪਰ ਮਹਾਰਾਜ ਜੀ ਦੀ ਮਾਇਕ ਤੌਰ ਤੇ ਕ੍ਰਿਪਾ ਹੈ। ਜਿਸ ਬੈਠਕ ਵਿਚ ਗੁਰੂ ਪਿਆਰੇ ਬੈਠੇ ਇਕ ਤੱਪੜ ਦੀ ਮੁਰੰਮਤ ਕਰ ਰਹੇ ਸਨ, ਉਥੇ ਪੂਰੇ ਸਤਿਕਾਰ ਨਾਲ ਭਾਈ ਗੁਰਮੁਖ ਨੂੰ ਉਚੇ ਥਾਂ ਬਿਠਾਇਆ, ਜਲ ਪਾਣੀ ਦੀ ਸੇਵਾ ਆਪਣੇ ਹੱਥੀਂ ਲਿਆ ਕੇ ਕੀਤੀ। ਗੁਰਸਿੱਖ ਕੀ ਦੇਖਦਾ ਹੈ ਕਿ ਘਰ ਵਿਚ ਮੰਗਲਾਚਾਰਕ ਸ਼ੁਭ ਅਵਸਰ ਬਣਿਆ ਹੋਇਆ ਹੈ। ਅਨੁਮਾਨ ਤੋਂ ਲਗਿਆ ਕਿ ਵਿਆਹ ਦੀ ਤਿਆਰੀ ਹੋ ਰਹੀ ਹੈ। ਅਚਾਨਕ ਉਸਦੀ ਨਿਗ੍ਹਾ ਉਸ ਕਮਰੇ ਵਿਚ ਰਖੇ ਕੁਝ ਸਮਾਨ ਉਪਰ ਪਈ ਜਿਨ੍ਹਾਂ ਵਿਚ ਇਕ ਅਰਥੀ ਸੀ, ਇਕ ਕੋਰਾ ਘੜਾ ਸੀ ਅਤੇ ਇਕ ਪੂਲੀ ਕਣਕ ਦੀ ਸੀ। ਕੁਝ ਸੰਸਾ ਮਨ ਵਿਚ ਵਿਆਪਿਆ ਕਿ ਇਕ ਪਾਸੇ ਮਠਿਆਈ ਬਣ ਰਹੀ ਹੈ, ਨਵੇਂ ਕੱਪੜੇ ਸਿਉਂਤੇ ਜਾ ਰਹੇ ਹਨ ਅਤੇ ਕੁੜਮ-ਕਬੀਲਿਆਂ ਦੀ ਗਹਿਮਾ-ਗਹਿਮੀ ਹੈ ਐਨਾ ਚਾਉ ਨਜ਼ਰ ਆ ਰਿਹਾ ਹੈ ਕਿ ਕਿਸੇ ਦਾ ਪੈਰ ਧਰਤੀ ਤੇ ਲਗਦਾ ਨਜ਼ਰ ਨਹੀਂ ਆਉਂਦਾ, ਦੂਜੇ ਪਾਸੇ ਇਹ ਮਿਰਤਕ ਦਾ ਸਮਾਨ - ਇਹ ਕਿਉਂ?

ਦੂਸਰੇ ਦਿਨ ਬਰਾਤ ਜਾ ਕੇ ਭਾਈ ਭਿਖਾਰੀ ਦੇ ਲੜਕੇ ਦੀ ਸ਼ਾਦੀ ਕਰ ਲਿਆਏ। ਰੱਥ ਵਿਚ ਪੁੱਤਰ ਅਤੇ ਉਸਦੀ ਨਵ-ਵਿਆਹੀ ਨੂੰਹ ਹੈ ਪਰ ਰਸਤੇ ਵਿਚ ਲੜਕੇ ਦੇ ਪੇਟ ਵਿਚ ਐਸਾ ਦਰਦ ਹੋਇਆ ਕਿ ਉਹ ਘਰ ਦੇ ਬੂਹੇ ਤਕ ਪਹੁੰਚਦਾ, ਚੜ੍ਹਾਈ ਕਰ ਗਿਆ। ਮਾਂ ਪਾਣੀ ਵਾਰਨ ਵਾਸਤੇ ਅਤੇ ਭੈਣਾਂ ਬੂਹਾ ਰੋਕੀਂ ਖੜ੍ਹੀਆਂ ਹਨ ਪਰ ਲੜਕਾ ਜਦੋਂ ਰੱਥ ਵਿਚੋਂ ਕੱਢਿਆ ਤਾਂ ਉਹ ਇਕ ਮਿਰਤਕ ਸਰੀਰ ਸੀ, ਅਜਿਹਾ ਮੌਕਾ ਕੁਦਰਤੀ ਤੌਰ ਤੇ ਭਾਵੁਕ ਤੇ ਪਿਆਰ ਵਾਲਿਆਂ ਵਾਸਤੇ ਅਸਹਿ ਹੋਇਆ ਕਰਦਾ ਹੈ ਪਰ ਭਾਈ ਸਾਹਿਬ ਨੇ ਸਭ ਨੂੰ ਵਾਹਿਗੁਰੂ ਦੀ ਰਜ਼ਾ ਮੰਨਣ ਦਾ ਉਪਦੇਸ਼ ਦੇ ਕੇ ਚੁੱਪ ਕਰਾ ਦਿਤਾ। ਇਕ ਦਮ ਵਿਆਹ ਦੇ ਲਿਬਾਸ ਉਤਰ ਗਏ ਅਤੇ ਸਾਰਾ ਕੁੜਮ-ਕਬੀਲਾ ਮਾਤਮੀਂ ਵਸਤਰ ਪਹਿਨ ਕੇ ਉਸ ਤੱਪੜ ਉਪਰ ਬੈਠ ਗਿਆ ਜੋ ਗੰਢ ਤਰੁੱਪ ਕਰਕੇ ਠੀਕ ਕੀਤਾ ਸੀ। ਭਾਈ ਗੁਰਮੁਖ ਹੈਰਾਨ ਸੀ ਕਿ ਭਾਈ ਭਿਖਾਰੀ ਜੀ ਦੇ ਮੁਖ ਤੇ ਇਸ ਅਸਹਿ ਸਦਮੇ ਦਾ ਕੋਈ ਚਿੰਨ ਨਜ਼ਰ ਨਹੀਂ ਸੀ ਆਉਂਦਾ। ਉਸ ਸਮੇਂ ਮਿਰਤਕ ਵਾਸਤੇ ਅਰਥੀ ਜੋ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ, ਉਹ ਕੱਢੀ ਤੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਲੜਕੇ ਦਾ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸੰਸਕਾਰ ਕੀਤਾ। ਜਦੋਂ ਰਾਤ ਨੂੰ ਸਮਾਂ ਮਿਲਿਆ ਭਾਈ ਗੁਰਮੁਖ ਜੀ ਨੇ ਭਾਈ ਭਿਖਾਰੀ ਜੀ ਨੂੰ ਪੁਛਿਆ ਕਿ ਜੇ ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਇਹ ਭਾਣਾ ਵਰਤਣਾ ਹੈ ਤਾਂ ਤੁਸੀਂ ਇਸ ਬੱਚੇ ਦੀ ਸ਼ਾਦੀ ਨਾ ਕਰਦੇ। ਜੇ ਕਰਨੀ ਹੀ ਸੀ ਤਾਂ ਗੁਰੂ ਮਹਾਰਾਜ ਜੀ ਤੋਂ ਆਪਣੇ ਬੱਚੇ ਦੀ ਆਯੂ ਮੰਗ ਲੈਂਦੇ। ਉਸ ਸਮੇਂ

ਭਾਈ ਭਿਖਾਰੀ ਜੀ ਨੇ ਕਿਹਾ ਕਿ ਪਿਆਰਿਆ! ਇਹ ਸੰਸਾਰ ਰਹਿਣ ਵਾਲਾ ਨਹੀਂ ਹੈ ਏਥੇ ਜੀਵ ਪ੍ਰਭੂ ਦੇ ਹੁਕਮ ਅਨੁਸਾਰ ਸੰਯੋਗ ਦੇ ਬੰਨ੍ਹੇ ਸੰਸਾਰ ਵਿਚ ਆਉਂਦੇ ਹਨ ਅਤੇ ਵਿਯੋਗ ਅਨੁਸਾਰ ਦੁਨੀਆਂ ਨੂੰ ਛਡ ਜਾਂਦੇ ਹਨ ਇਹ ਇਵੇਂ ਹੀ ਹੋਣਾ ਸੀ, ਸ਼ਾਦੀ ਵੀ ਹੋਣੀ ਸੀ, ਇਸ ਬੀਬੀ ਨੇ ਵਿਧਵਾ ਵੀ ਹੋਣਾ ਸੀ, ਇਸ ਬੱਚੇ ਨੇ ਇਸੇ ਸਮੇਂ, ਇਸੇ ਥਾਂ ਤੇ ਇਸੇ ਕਾਰਨ ਨਾਲ ਸਰੀਰ ਦਾ ਪੰਜ ਭੂਤਕ ਚੋਲਾ ਛੱਡ ਕੇ ਜਾਣਾ ਸੀ। ਗੁਰਸਿੱਖ ਦਾ ਅਡੋਲ ਨਿਸ਼ਚਾ ਵੇਖ ਕੇ ਭਾਈ ਗੁਰਮੁਖ ਨਮਸ਼ਕਾਰਾਂ ਕਰਦਾ ਹੋਇਆ ਵਿਦਾ ਹੋਇਆ। ਸੋ ਸੰਤਾਂ ਦੀ ਰਹਿਤ - ਵਾਹਿਗੁਰੂ ਦਾ ਕੀਤਾ ਹੋਇਆ ਮਿੱਠਾ ਮੰਨਦੇ ਹਨ। ਆਪਣੇ ਪਿਆਰੇ ਦੇ ਪ੍ਰੋਗਰਾਮ ਵਿਚ ਕਿਸੇ ਤਰ੍ਹਾਂ ਦਾ ਵੀ ਵਿਘਨ ਨਹੀਂ ਪਾਉਣਾ ਚਾਹੁੰਦੇ।

ਤੀਸਰੀ ਸੰਤ ਰਹਿਤ ਨਾਮ ਦਾ ਅਧਾਰ ਹੈ। ਜ਼ਿੰਦਗੀ ਦੇ ਅੰਦਰ ਬੇਅੰਤ ਅਧਾਰ ਹਨ, ਕਿਸੇ ਨੂੰ ਪੁਤਰ-ਧੀਆਂ ਦਾ ਅਧਾਰ ਹੈ, ਕਿਸੇ ਨੂੰ ਸੋਨੇ-ਚਾਂਦੀ ਦਾ ਅਧਾਰ ਹੈ, ਕਿਸੇ ਨੂੰ ਸੋਹਣੀਆਂ ਸਵਾਰੀਆਂ ਦਾ ਅਧਾਰ ਹੈ, ਕਿਸੇ ਨੂੰ ਮਿੱਤਰਾਂ ਦਾ ਅਧਾਰ ਹੈ, ਕਿਸੇ ਨੂੰ ਉਚ ਪਦਵੀ ਦਾ ਅਧਾਰ ਹੈ। ਜੇ ਕਿਸੇ ਦੀ ਪਦਵੀ ਖੁਸ ਜਾਵੇ ਤਾਂ ਉਸਦਾ ਰੋਣਾ ਕੁਰਲਾਣਾ ਸੁਣਿਆ ਨਹੀਂ ਜਾਂਦਾ, ਕਿਉਂਕਿ ਅਧਾਰ ਟੁੱਟ ਗਿਆ। ਪੁੱਤਰ ਚੜ੍ਹਾਈ ਕਰ ਜਾਵੇ ਤਾਂ ਵੀ ਸਹਿਣਾ ਔਖਾ ਹੁੰਦਾ ਹੈ ਕਿਉਂਕਿ ਉਹ ਅਧਾਰ ਹੈ ਇਸ ਤਰ੍ਹਾਂ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਅਧਾਰ ਹਨ ਜਿਨ੍ਹਾਂ ਦੇ ਆਸਰੇ ਉਹ ਆਪਣਾ ਜੀਵਨ ਜਿਉਂ ਰਹੇ ਹਨ, ਪਰ ਸੰਤਾਂ ਦਾ ਅਧਾਰ ਵਾਹਿਗੁਰੂ ਜੀ ਦਾ ਨਾਮ ਹੈ ਜਿਸ ਤੋਂ ਵਿਛੜ ਕੇ ਉਨ੍ਹਾਂ ਦਾ ਜਿਉਂਣਾ ਐਉਂ ਔਖਾ ਹੋ ਜਾਂਦਾ ਹੈ ਜਿਵੇਂ ਪਾਣੀ ਦਾ ਵਿਛੋੜਾ ਮੱਛਲੀ ਨਹੀਂ ਸਹਿ ਸਕਦੀ।

***ਜਿਉ ਮਛੁਲੀ ਬਿਨੁ ਪਾਣੀਐ***
***ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ***
***ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ***
***ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ॥***

***ਅੰਗ - 708***

ਸੋ ਸੰਤਾਂ ਬਾਰੇ ਗੁਰੂ ਮਹਾਰਾਜ ਜੀ ਉਨ੍ਹਾਂ ਦੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ।

***ਏਕੁ ਨਾਮੁ ਸੰਤਨ ਆਧਾਰੁ॥***

***ਅੰਗ - 392***

ਉਸ ਤੋਂ ਅਗਲੀ ਰਹਿਤ ਜੋ ਸੰਤਾਂ ਦੀ ਮਨੋਬਿਰਤੀ ਨੂੰ ਪ੍ਰਗਟ ਕਰਦੀ ਹੈ ਉਹ ਹੈ-

***ਹੋਇ ਰਹੇ ਸਭ ਕੀ ਪਗ ਛਾਰੁ॥***

***ਅੰਗ - 392***

ਇਸ ਰਹਿਤ ਵਿਚ ਦਸਿਆ ਗਿਆ ਹੈ ਕਿ ਸੰਤ ਭੁੱਲ ਕੇ ਵੀ ਆਪਣੇ ਆਪ ਨੂੰ ਵੱਡਾ ਨਹੀਂ ਆਖਦੇ ਅਤੇ ਚੰਗੇ ਤੇ ਉਚੇ ਹੋਣ ਦਾ ਕਿੰਚਤ ਮਾਤਰ ਵੀ ਗੁਮਾਨ ਨਹੀਂ ਕਰਦੇ। ਉਨ੍ਹਾਂ ਦਾ ਨਿਸ਼ਚਾ ਹੋਇਆ ਕਰਦਾ ਹੈ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥***

***ਅੰਗ - 1364***

ਉਹ ਸਾਰੇ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹੋਏ ਨਿਸ਼ਚਾ ਰਖਦੇ ਹਨ-

***ਮਨ ਮੇਰੇ ਜਿਨਿ***
***ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਅੰਗ - 610***

ਬਾਣੀ ਦੇ ਫੁਰਮਾਨ ਅਨੁਸਾਰ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥***

***ਅੰਗ - 728***

ਅਤੇ ਪਿਆਰ ਵਿਚ ਰਤੇ ਵਾਹਿਗੁਰੂ ਦੀ ਬਖਸ਼ੀ ਹੋਈ ਤਾਕਤ ਦਾ ਕਦੇ ਵੀ ਪ੍ਰਯੋਗ ਨਹੀਂ ਕਰਦੇ। ਸਗਮਾਂ ਚਰਨਾਂ ਦੀ ਧੂੜ ਬਣੇ ਰਹਿੰਦੇ ਹਨ।

ਇਕ ਜਾਗੀ ਹੋਈ ਸੰਤ ਰੂਹ ਜੋ ਨਿਹੰਗ ਸਿੰਘਾਂ ਦੇ ਦਲਾਂ ਵਿਚ ਰਹਿੰਦੀ, ਸੇਵਾ ਕਰਦੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹੀਦੀ ਬਾਗ ਵਿਚ ਬਾਬਾ ਗੁਰਦਿੱਤ ਸਿੰਘ ਜੀ ਤੋਂ ਪਹਿਲਾਂ ਜਥੇਦਾਰ ਸਨ। ਉਨ੍ਹਾਂ ਦੇ ਸਮੇਂ ਅਜੇ ਸ਼ਹੀਦੀ ਬਾਗ ਅਸਥਾਨ ਇਕ ਨਾਲ ਦੇ ਪਿੰਡ ਦੇ ਜ਼ੈਲਦਾਰ ਦੇ ਕਬਜ਼ੇ ਵਿਚ ਸੀ। ਅੰਗਰੇਜ਼ਾਂ ਦਾ ਰਾਜ ਸੀ। ਉਸ ਸਮੇਂ ਸਿੰਘਾਂ ਨੇ ਵਿਚਾਰ ਕੀਤੀ ਕਿ ਜਿਸ ਅਸਥਾਨ ਤੇ ਅਨੰਦਪੁਰ ਦੀ ਭਿਆਨਕ ਜੰਗ ਸਮੇਂ ਸਿੰਘਾਂ ਦੇ ਸਸਕਾਰ ਕੀਤੇ ਗਏ ਹਨ ਉਥੇ ਉਨ੍ਹਾਂ ਦੀ ਯਾਦਗਾਰ ਬਣਾਈ ਜਾਵੇ। ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਦੂਰ ਤਕ ਜ਼ਮੀਨ, ਝਾੜੀਆਂ, ਪੱਥਰਾਂ, ਘਾਹ-ਫੂਸ ਆਦਿ ਨਾਲ ਢਕੀ ਪਈ ਸੀ ਅਤੇ ਕਈ ਸੌ ਸਾਲ ਤੋਂ ਕਿਸੇ ਦੀ ਮਲਕੀਅਤ ਨਹੀਂ ਸੀ। ਬਾਬਾ ਜੀ ਨੂੰ ਪੁੱਛ ਕੇ, ਜਿਸ ਥਾਂ ਦੇ ਉਤੇ ਸ਼ਹੀਦ ਹੋਏ ਸਿੰਘਾਂ ਦਾ ਸੰਸਕਾਰ ਕੀਤਾ ਗਿਆ ਸੀ, ਉਥੇ ਨਿਸ਼ਾਨ ਸਾਹਿਬ ਝੁਲਾ ਦਿਤਾ। ਇਸ ਗੱਲ ਦੀ ਖਬਰ ਨੇੜੇ ਦੇ ਪਿੰਡ ਦੇ ਜ਼ੈਲਦਾਰ ਨੂੰ ਪਹੁੰਚ ਗਈ ਜੋ ਐਵੇਂ ਹੀ ਇਸ ਅਸਥਾਨ ਦਾ ਮਾਲਕ ਬਣਿਆ ਬੈਠਾ ਸੀ। ਉਹ ਬਹੁਤ ਸਾਰੇ ਸ਼ਸ਼ਤਰਧਾਰੀ ਬੰਦੇ ਲੈ ਕੇ ਅਤੇ ਮੁਕਾਬਲਾ ਕਰਨ ਲਈ ਇਸ ਥਾਂ ਉਪਰ ਪਹੁੰਚਿਆ ਅਤੇ ਨਿਸ਼ਾਨ ਸਾਹਿਬ ਪੁਟ ਦਿਤਾ। ਨਿਹੰਗ ਸਿੰਘਾਂ ਨੇ ਬਹੁਤ ਗੁੱਸਾ ਕੀਤਾ ਅਤੇ ਮੁਕਾਬਲਾ ਕਰਨ ਲਈ ਬਾਬਾ ਜੀ ਤੋਂ ਆਗਿਆ ਮੰਗੀ ਪਰ ਜਥੇਦਾਰ ਜੀ ਨੇ ਇਹ ਕਹਿ ਕੇ ਗੱਲ ਟਾਲ ਦਿਤੀ ਕਿ ਭਾਈ! ਗੁਰੂ ਦੇ ਸਿੱਖਾਂ ਨੂੰ ਕਦੇ ਵੀ ਨਿਮਰਤਾ ਤੇ ਪਿਆਰ ਭਰੀ ਭਾਵਨਾ ਦਾ ਤਿਆਗ ਕਰਕੇ, ਅਭਿਮਾਨ ਵਿਚ ਆ ਕੇ ਲੜਨਾ-ਭਿੜਨਾ ਨਹੀਂ ਚਾਹੀਦਾ। ਉਹ ਜ਼ੈਲਦਾਰ ਆਪਣੇ ਪਿੰਡ ਨੂੰ ਵਾਪਸ ਚਲਿਆ ਗਿਆ। ਦੂਸਰੀ ਵਾਰੀ ਫੇਰ ਨਿਸ਼ਾਨ ਸਾਹਿਬ ਝੁਲਾ ਦਿਤਾ। ਉਹ ਜ਼ੈਲਦਾਰ ਫੇਰ ਆਇਆ ਅਤੇ ਨਿਸ਼ਾਨ ਸਾਹਿਬ ਉਖਾੜ ਦਿਤਾ। ਬਾਬਾ ਜੀ ਨੇ ਫੇਰ ਵੀ ਨਿਮਰਤਾ ਅਤੇ ਧੀਰਜ ਦਾ ਤਿਆਗ ਨਾ ਕੀਤਾ ਤੇ ਕਿਹਾ ਕਿ ਭਾਈ ਇਸ ਦਾ ਸੁਭਾਅ ਆਪਣਾ ਹੈ ਇਸ ਨੇ ਇਹੋ ਕੰਮ ਕਰਨਾ ਹੈ ਅਤੇ ਸਾਡਾ ਆਪਣਾ ਸੁਭਾਅ ਹੈ ਚਰਨਾਂ ਦੀ ਧੂੜ ਬਣ ਕੇ ਰਹੀਦਾ ਹੈ। ਕੋਈ ਝਗੜਾ ਨਾ ਹੋਣ ਦਿਤਾ। ਨਿਹੰਗ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਅਸੀਂ ਐਵੇਂ ਸਵਾ-ਸਵਾ ਮਣ ਦੇ ਸ਼ਸ਼ਤਰ ਚੁਕੀਂ ਫਿਰਦੇ ਹਾਂ ਤੁਸੀਂ ਤਾਂ ਆਪਣੇ ਆਪ ਨੂੰ ਕੁਝ ਵੀ ਨਹੀਂ ਸਮਝ ਰਹੇ। ਸਾਨੂੰ ਹੁਕਮ ਦੇਵੋ ਇਸਨੂੰ ਸੁਮੱਤ ਦੇਈਏ। ਬਾਬਾ ਜੀ ਨੇ ਕਿਹਾ ਕਿ ਸੁਮੱਤ ਦੇਣ ਵਾਲਾ ਤਾਂ ਵਾਹਿਗੁਰੂ ਆਪੇ ਹੀ ਹੈ। ਆਪ ਜੀ ਨੇ ਤੀਸਰੀ ਵਾਰੀ ਨਿਸ਼ਾਨ ਸਾਹਿਬ ਫੇਰ ਝੁਲਾ ਦਿਤੇ ਅਤੇ ਨਾਲ ਹੀ ਬਚਨ ਕੀਤਾ ਕਿ ਭਾਈ! ਹੁਣ ਗੁਰੂ ਦਸ਼ਮੇਸ਼ ਪਿਤਾ ਜਾਨਣ, ਸ਼ਹੀਦ ਸਿੰਘ ਜਾਨਣ; ਇਹ ਉਨ੍ਹਾਂ ਦੀ ਮਰਜ਼ੀ ਹੈ। ਆਪਣਾ ਕੰਮ ਤਾਂ ਨਿਸ਼ਾਨ ਝੁਲਾਣਾ ਹੀ ਹੈ। ਉਹ ਜ਼ੈਲਦਾਰ ਬਹੁਤ ਸ਼ਸ਼ਤਰਧਾਰੀਆਂ ਦਾ ਇਕੱਠ ਕਰਕੇ ਇਸ ਇਰਾਦੇ ਨਾਲ ਆਇਆ ਕਿ ਸਾਰਿਆਂ ਨਿਹੰਗ ਸਿੰਘਾਂ ਨੂੰ ਨਠਾ ਦੇਣਾ ਹੈ, ਫੜ ਕੇ ਕੁਟਣੇ ਹਨ ਤਾਂ ਕਿ ਇਹ ਜਗ੍ਹਾਂ ਛੱਡ ਕੇ ਦੌੜ ਜਾਣ। ਦੂਰੋਂ ਆਉਂਦੀ ਬਹੁਤ ਵੱਡੀ ਧਾੜ ਦੇ ਨਾਲ ਦਿਸ ਰਿਹਾ ਸੀ। ਨਿਹੰਗ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਹੁਣ ਤਾਂ ਉਹ ਕੁੱਟ ਮਾਰ ਦੇ ਇਰਾਦੇ ਨਾਲ ਆ ਰਿਹਾ ਹੈ। ਅਸੀਂ ਸ਼ਸ਼ਤਰਧਾਰੀ ਸਿੰਘ ਹਾਂ, ਸ਼ਸ਼ਤਰ ਚਲਾ ਕੇ ਅਸੀਂ ਆਪਣੀ ਵੀ ਰੱਖਿਆ ਕਰਨੀ ਹੈ ਤੇ ਇਸ ਪਾਮਰ ਨੂੰ ਵੀ ਸੁਮੱਤ ਦੇਣੀ ਹੈ। ਤਾਂ ਜਥੇਦਾਰ ਨਿਹੰਗ ਸਿੰਘ ਜੀ ਕਹਿਣ ਲੱਗੇ ਕਿ ਭਾਈ ਹੁਣ ਤਾਂ ਆਪਣੇ ਮਾਲਕ ਦਾ, ਇਨ੍ਹਾਂ ਦਾ ਤੇ ਸ਼ਹੀਦ ਸਿੰਘਾਂ ਦਾ ਰੌਲਾ-ਰੱਪਾ ਹੈ। ਤੁਸੀਂ ਗੁਰੂ-ਗੁਰੂ ਕਰਦੇ ਦੇਖਦੇ ਜਾਵੋ। ਸਭਨਾਂ ਦੀ ਨਿਗ੍ਹਾ ਜ਼ੈਲਦਾਰ ਤੇ ਉਸਦੇ ਆਦਮੀਆਂ ਉਪਰ ਲਗੀ ਹੋਈ ਸੀ। ਅਚਾਨਕ ਜ਼ੈਲਦਾਰ ਦਾ ਘੋੜਾ ਡਰ ਨਾਲ ਸਹਿਮ ਗਿਆ ਤੇ ਸਿਧਾ ਖੜ੍ਹਾ ਹੋ ਗਿਆ ਤੇ ਜ਼ੈਲਦਾਰ ਹੇਠਾਂ ਗਿਰ ਪਿਆ ਪਰ ਪੈਰ ਰਕਾਬ ਵਿਚ ਫਸ ਗਿਆ। ਪੱਥਰਾਂ ਨਾਲ ਲਗ-ਲਗ ਕੇ ਜ਼ੈਲਦਾਰ ਦੇ ਸਰੀਰ ਦੇ ਟੁਕੜੇ-ਟੁਕੜੇ ਹੋ ਗਏ। ਥਾਂ-ਥਾਂ ਤੇ ਮਾਸ ਖਿੰਡਿਆ ਪਿਆ ਨਜ਼ਰੀ ਆਇਆ ਅਤੇ ਉਹ ਅਗੰਮੀ ਸ਼ਕਤੀਆਂ ਨਾਲ ਮੱਥਾ ਲਾਉਂਦਾ ਨਰਕ ਸੁਧਾਰ ਗਿਆ। ਨਿਹੰਗ ਸਿੰਘਾਂ ਨੇ ਤਾਂ ਜੈਕਾਰੇ ਬੁਲਾਏ ਪਰ ਜਥੇਦਾਰ ਨਿਹੰਗ ਸਾਧੂ ਸਿੰਘ ਜੀ ਉਸਦੇ ਭਲੇ ਲਈ ਅਰਦਾਸ ਕਰ ਰਹੇ ਸਨ। ਸੋ ਇਸ ਤਰ੍ਹਾਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਭੀ ਸਭ ਕੁਝ ਕਰਨ ਨੂੰ

ਸਮਰੱਥ ਸੰਤ, ਚਰਨਾਂ ਦੀ ਧੂੜ ਹੀ ਬਣੇ ਰਹਿੰਦੇ ਹਨ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ

***ਸੰਤ ਰਹਤ ਸੁਨਹੁ ਮੇਰੇ ਭਾਈ।।***
***ਉਆ ਕੀ ਮਹਿਮਾ ਕਥਨੁ ਨ ਜਾਈ।।***
***ਅੰਗ - 392***

ਸੰਤਾਂ ਦੀ ਮਰਿਯਾਦਾ ਸੁਣੋ! ਉਸ ਰਹਿਤ ਦੀ ਖੂਬੀ ਦਸੀ ਨਹੀਂ ਜਾ ਸਕਦੀ। ਸੰਤਾਂ ਦੀ ਮਹਿਮਾ ਵੀ ਦੱਸੀ ਨਹੀਂ ਜਾ ਸਕਦੀ, ਵੇਦ ਵੀ ਨਹੀਂ ਦਸ ਸਕਦੇ। ਫੁਰਮਾਨ ਆਉਂਦਾ ਹੈ -

***ਸਾਧ ਕੀ ਮਹਿਮਾ ਬੇਦ ਨ ਜਾਨਹਿ।।***
***ਜੇਤਾ ਸੁਨਹਿ ਤੇਤਾ ਬਖਿਆਨਹਿ।।***
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।।***
***ਸਾਧ ਕੀ ਉਪਮਾ ਰਹੀ ਭਰਪੂਰਿ।।***
***ਸਾਧ ਕੀ ਸੋਭਾ ਕਾ ਨਾਹੀ ਅੰਤ।।***
***ਸਾਧ ਕੀ ਸੋਭਾ ਸਦਾ ਬੇਅੰਤ।।***
***ਸਾਧ ਕੀ ਸੋਭਾ ਊਚ ਤੇ ਊਚੀ।।***
***ਸਾਧ ਕੀ ਸੋਭਾ ਮੂਚ ਤੇ ਮੂਚੀ।।***
***ਸਾਧ ਕੀ ਸੋਭਾ ਸਾਧ ਬਨਿ ਆਈ।।***
***ਨਾਨਕ ਸਾਧ ਪ੍ਰਭ ਭੇਦ ਨ ਪਾਈ।।***
***ਅੰਗ - 272***

ਸੰਤ ਵਾਹਿਗੁਰੂ ਜੀ ਵਿਚ ਅਭੇਦ ਹੋ ਕੇ ਆਪਣੇ ਆਪ ਦਾ ਪੂਰਨ ਤਿਆਗ ਕਰਕੇ ਵਰਤਦੇ ਹਨ ਇਸੇ ਲਈ ਬਾਰ-ਬਾਰ ਗੁਰਬਾਣੀ ਵਿਚ ਆਉਂਦਾ ਹੈ ਕਿ -

***ਸੰਤਾ ਕਉ ਮਤਿ ਕੋਈ ਨਿੰਦਹੁ***
***ਸੰਤ ਰਾਮੁ ਹੈ ਏਕੋ।।***
***ਅੰਗ - 793***

***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ।।***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ।।***
***ਅੰਗ - 1373***

ਅਤੇ ਜਿਸ ਥਾਂ ਦੇ ਉਤੇ ਸੰਤ ਨਿਵਾਸ ਰਖਦੇ ਹੋਣ ਉਸ ਅਸਥਾਨ ਦੀ ਵੀ ਮਹਿਮਾ ਅਪਾਰ ਹੋ ਜਾਇਆ ਕਰਦੀ ਹੈ। ਜਿਵੇਂ ਕਿ -

***ਧੰਨਿ ਸੁ ਥਾਨੁ ਧੰਨਿ ਓਇ***
***ਭਵਨਾ ਜਾ ਮਹਿ ਸੰਤ ਬਸਾਰੇ।।***
***ਅੰਗ - 681***

ਸੰਤਾਂ ਦੇ ਮੰਡਲ ਵਿਚ ਕੇਵਲ ਨਾਮ ਦੀ ਵਰਤਣ ਹੋਇਆ ਕਰਦੀ ਹੈ।

***ਵਰਤਨਿ ਜਾ ਕੈ ਕੇਵਲ ਨਾਮ।।***
***ਅਨਦ ਰੂਪ ਕੀਰਤਨੁ ਬਿਸ੍ਰਾਮ।।***
***ਅੰਗ - 392***

ਸੰਤਾਂ ਦਾ ਅਰਾਮ ਕਰਨਾ ਇਹੋ ਹੋਇਆ ਕਰਦਾ ਹੈ ਕਿ ਉਹ ਪ੍ਰਭੂ ਦੇ ਪਿਆਰ ਵਿਚ ਲੀਨ ਹੋਏ ਹੋਏ ਕੀਰਤਨ ਕਰਦੇ ਹਨ। ਇਸ ਕੀਰਤਨ ਵਿਚ ਕੋਈ ਥਕਾਵਟ ਨਹੀਂ ਹੋਇਆ ਕਰਦੀ। ਐਨੀ ਐਨਰਜੀ ਵੱਧ ਜਾਇਆ ਕਰਦੀ ਹੈ ਕਿ ਸਰੀਰ ਦੇ ਕਣ-ਕਣ ਵਿਚ ਜਿਉਂਦੀਆਂ ਜਾਗਦੀਆਂ ਰਸ ਭਰਪੂਰ ਝੁਣ-ਝੁਣੀ ਭਰੀਆਂ ਝਰਨ੍ਹਾਟਾਂ ਆਇਆ ਕਰਦੀਆਂ ਹਨ ਅਤੇ ਥਕੇਵੇਂ ਨਾਮ ਦੀ ਕੋਈ ਚੀਜ਼ ਸੰਤਾਂ ਦੇ ਨੇੜੇ ਨਹੀਂ ਆਇਆ ਕਰਦੀ। ਸਰੀਰ ਦੇ ਦੋ ਖਰਬ ਪੰਦਰਾਂ ਅਰਬ ਸੈਲ ਪੂਰੀ ਤਰ੍ਹਾਂ ਚਾਰਜ ਹੋ ਜਾਇਆ ਕਰਦੇ ਹਨ ਅਤੇ ਸਰੀਰ ਪੂਰੀ ਤਰ੍ਹਾਂ ਅਰੋਗ ਹੋ ਜਾਂਦਾ ਹੈ। ਮਹਾਰਾਜ ਜੀ ਅੱਗੇ ਫੁਰਮਾਉਂਦੇ ਹਨ ਕਿ ਸੰਤਾਂ ਵਾਸਤੇ ਨਾ ਹੀ ਕੋਈ ਸ਼ਤਰੂ ਤੇ ਨਾ ਹੀ ਕੋਈ ਮਿੱਤਰ ਹੋਇਆ ਕਰਦਾ ਹੈ। ਉਹ ਸਭਨਾਂ ਦੀ ਧਿਰ ਹੁੰਦੇ ਹਨ ਅਤੇ ਸਭਨਾਂ ਨੂੰ ਹੀ ਉਹ ਆਪਣੇ ਜਾਣਿਆ ਕਰਦੇ ਹਨ। ਫੁਰਮਾਨ ਹੈ -

***ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ।।***
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ।।***
***ਅੰਗ - 392***

ਕਈ ਮੂਰਖ ਅੰਧ ਅਗਿਆਨੀ, ਸੰਤਾਂ ਦੀ ਇਸ ਬਿਰਤੀ ਨੂੰ ਨਾ ਸਮਝਣ ਕਰਕੇ ਦੋਸ਼ ਲਾਉਂਦੇ ਹਨ ਕਿ ਫਲਾਣੇ ਸੰਤਾਂ ਦੇ ਕੀਰਤਨ ਵਿਚ ਅਮਕਾ ਆਦਮੀ ਆਉਂਦਾ ਹੈ। ਜੋ ਉਨ੍ਹਾਂ ਦੇ ਆਪਣੇ ਹਿਤ ਤੋਂ ਵਿਪਰੀਤ ਹੈ ਉਹ ਸੰਤਾਂ ਦੇ ਖਿਲਾਫ ਰੌਲਾ-ਰੱਪਾ ਪਾਉਂਦੇ ਹਨ ਕਿ ਇਨ੍ਹਾਂ ਕੋਲ ਤਾਂ ਅਫਸਰ ਜਾਂਦੇ ਹਨ, ਇਨ੍ਹਾਂ ਕੋਲ ਵਜ਼ੀਰ ਜਾਂਦੇ ਹਨ, ਇਨ੍ਹਾਂ ਕੋਲ ਸੇਠ ਜਾਂਦੇ ਹਨ ਜਾਂ ਸਮਾਜਿਕ ਦੋਸ਼ੀ ਜਾਂਦੇ ਹਨ। ਇਨ੍ਹਾਂ ਗੱਲਾਂ ਦਾ ਆਪਣੀ ਅਲਪ

ਬੁੱਧੀ ਦੇ ਅਨੁਸਾਰ ਨਤੀਜਾ ਕੱਢ ਕੇ ਸੰਤਾਂ ਦੀ ਨਿੰਦਿਆ ਕਰਦੇ ਹਨ। ਡਾਕਟਰ ਨੂੰ ਕਦੇ ਕੋਈ ਨਹੀਂ ਆਖਦਾ ਕਿ ਇਸ ਦੇ ਕੋਲ ਕੈਂਸਰ ਵਾਲੇ ਕਿਉਂ ਆਉਂਦੇ ਹਨ, AIDS ਵਾਲੇ ਕਿਉਂ ਆਉਂਦੇ ਹਨ। ਇਹ ਇਕ ਅਤਿ ਨਿਰਮੂਲ ਭੁੱਲ ਹੈ ਕਿਉਂਕਿ ਉਹ ਆਪਣੇ ਗਜ਼ਾਂ ਦੇ ਨਾਲ ਮਹਾਨ ਹਸਤੀਆਂ ਨੂੰ ਨਾਪਣ ਦਾ ਜਤਨ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਨ੍ਹਾਂ ਦੇ ਪਾਸ ਅਸਾਡੀ ਪਾਰਟੀ ਦੇ ਹੀ ਬੰਦੇ ਜਾਣ, ਹੋਰ ਕੋਈ ਨਾ ਜਾਵੇ। ਆਪਣੇ ਅਗਿਆਨਮਈ ਮਤ ਨਾਲ ਸੰਤਾਂ ਨੂੰ guide ਕਰਨਾ ਚਾਹੁੰਦੇ ਹਨ ਅਤੇ ਸੰਤਾਂ ਦੀ ਲਿਖਤ ਵਿਚ ਸਟੇਜਾਂ ਤੇ ਬੋਲ-ਬੋਲ ਕੇ ਨਿੰਦਾ ਕਰਦੇ ਹਨ। ਇਹ ਮੂਰਖ ਲੋਕ ਸੰਤਾਂ ਨੂੰ ਸਮਝ ਹੀ ਨਹੀਂ ਸਕਦੇ ਕਿ ਸੰਤਾਂ ਦਾ ਕਿਸੇ ਨਾਲ ਨਾ ਹੀ ਹਿਤ ਹੁੰਦਾ ਹੈ ਤੇ ਨਾ ਹੀ ਅਹਿਤ ਹੁੰਦਾ ਹੈ, ਨਾ ਕਿਸੇ Political ਬੰਦੇ ਨੂੰ ਆਪਣਾ ਸਮਝਦੇ ਹਨ ਅਤੇ ਨਾ ਹੀ ਬੇਗਾਨਾ ਸਮਝਦੇ ਹਨ। ਸੰਤਾਂ ਦਾ ਕੰਮ ਹੈ ਕਿ ਜੋ ਵੀ ਨੇੜੇ ਆਉਂਦਾ ਹੈ ਉਸ ਨੂੰ ਸ਼ੁਭ ਉਪਦੇਸ਼ ਦੇ ਕੇ ਉਸਦੇ ਕਰਤੱਵ ਵਿਚ ਸਾਵਧਾਨ ਕਰਨਾ ਹੈ। ਉਹ ਕਿਸੇ ਦੀ ਮੁਹਤਾਜੀ ਨਹੀਂ ਕਰਦੇ ਅਤੇ ਬੇਪਰਵਾਹ ਹੋਇਆ ਕਰਦੇ ਹਨ ਕਿਉਂਕਿ ਮਾਇਆ ਤਾਂ ਉਨ੍ਹਾਂ ਦੇ ਪਿਛੇ ਹੱਥ ਬੰਨ੍ਹੀ ਫਿਰਦੀ ਹੈ ਅਤੇ ਸੰਤ ਅੱਖ ਚੁਕ ਕੇ ਵੀ ਨਹੀਂ ਦੇਖਦੇ। ਆਪਣੇ ਵਾਹਿਗੁਰੂ ਤੋਂ ਬਗੈਰ ਕਿਸੇ ਦੀ ਮੁਹਤਾਜੀ ਕਿਉਂ ਝੱਲਣ।

***ਸੰਤਨ ਅਵਰ ਨਾ ਕਾਹੂ ਜਾਨੀ॥***
***ਬੇਪਰਵਾਹ ਸਦਾ ਰੰਗਿ ਹਰਿ ਕੈ***
***ਜਾ ਕੋ ਪਾਖੁ ਸੁਆਮੀ॥***
***ਅੰਗ - 711***

ਸੰਤਾਂ ਨੇ ਹਰੀ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਜਾਣੀ। ਜਿਨ੍ਹਾਂ ਦੀ ਵਾਹਿਗੁਰੂ ਜੀ ਆਪ ਸਹਾਇਤਾ ਕਰਦੇ ਹਨ ਉਹ ਕਿਸੇ ਦੁਨੀਆਂਦਾਰ ਦੀ ਕੀ ਪਰਵਾਹ ਰਖਦੇ ਹਨ ਕਿਉਂਕਿ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵਿਚਰਦੇ ਹਨ ਉਨ੍ਹਾਂ ਦੇ ਪੱਖ ਉਤੇ ਸਦਾ ਵਾਹਿਗੁਰੂ ਜੀ ਦਾ ਹੱਥ ਹੈ। ਪ੍ਰਹਿਲਾਦ ਦਾ ਕੀ ਵਿਗਾੜਿਆ - ਹਰਣਾਖਸ਼ ਨੇ ਅਤੇ ਉਸਦੀਆਂ ਫੌਜਾਂ ਨੇ। ਇਹ ਸਾਰੇ ਪ੍ਰਗਟ ਹੀ ਹੈ ਕਿ ਜਿਸਦੀ ਪੈਜ ਤੇ ਉਚਤਾ ਵਾਹਿਗੁਰੂ ਜੀ ਨੂੰ ਭਾਉਂਦੀ ਹੈ ਉਸਨੂੰ ਨਿੰਦਕ ਕੀ ਕਰ ਸਕਦਾ ਹੈ। ਨਿੰਦਕ ਨੇ ਡੁੱਬ ਕੇ ਜਨਮ ਗਵਾਉਣਾ ਹੈ ਤੇ ਸੰਤ ਉਸਦਾ ਵੀ ਭਲਾ ਚਾਹੁੰਦੇ ਹਨ -

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ***
***ਬਾਝੁ ਸਚੇ ਨਾਹ॥ ਅੰਗ - 473***

ਮਿਤ੍ਰ ਸਤ੍ਰ ਦੀ ਸਮਾਨਤਾ ਕੇਵਲ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ। ਬਾਕੀ ਸੰਸਾਰ ਵੈਰ, ਵਿਰੋਧ ਤੇ ਬਦਲੇ ਲੈਣ ਵਿਚ ਗਲਿਆ ਪਿਆ ਹੈ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ - ਆਪ ਸਿੱਖ ਪੰਥ ਦੇ ਥੰਮ੍ਹ ਸਨ। ਮਹਾਰਾਜਾ ਰਣਜੀਤ ਸਿੰਘ ਜੀ ਜਦੋਂ ਜਮਰੌਦ ਦੇ ਕਿਲ੍ਹੇ ਵਲ ਬਹੁਤ ਵੱਡੀ ਫੌਜ ਲੈ ਕੇ ਅਟਕ ਦੇ ਕਿਨਾਰੇ ਪੁਜੇ ਤਾਂ ਦਰਿਆ ਠਾਠਾਂ ਮਾਰਦਾ ਕੰਢਿਆਂ ਤੋਂ ਉਪਰ ਦੀ ਵਗ ਰਿਹਾ ਸੀ। ਉਸ ਵੇਲੇ ਬਾਬਾ ਜੀ ਨੂੰ ਬੇਨਤੀ ਕੀਤੀ। ਆਪ ਨੇ ਸੁਖਮਨੀ ਸਾਹਿਬ ਦੇ ਪੜ੍ਹੇ ਜਾਣ ਜਿੰਨਾ ਟਾਇਮ ਲੈ ਕੇ ਰਸਤਾ ਲੈ ਲਿਆ। 'ਅਟਕ' ਅਟਕ ਗਿਆ, ਫੌਜਾਂ ਲੰਘ ਗਈਆਂ। ਕੁਝ ਫੌਜ ਜੋ ਇਸ ਗੱਲ ਵਿਚ ਵਿਸ਼ਵਾਸ਼ ਨਹੀਂ ਰਖਦੀ ਸੀ ਉਹ ਇਕ ਕੰਪਨੀ ਰੁੜ੍ਹ ਗਈ। ਐਸੇ ਗਰੀਬ ਨਿਵਾਜ ਜੋ ਸਦਾ ਅਤੁੱਟ ਲੰਗਰ ਚਲਾ ਕੇ ਗਰੀਬ-ਗੁਰਬਿਆਂ ਨੂੰ ਪ੍ਰਸ਼ਾਦੇ ਛਕਾਇਆ ਕਰਦੇ ਸਨ। ਜਿਨ੍ਹਾਂ ਦੇ ਲੰਗਰ ਵਿਚ ਐਸੇ ਦੇਗੇ ਸਨ ਕਿ ਚਾਰ ਸੇਵਾਦਾਰ ਇਕੋ ਟਾਇਮ ਵਿਚ ਵੜ ਕੇ ਸਫਾਈ ਕਰਦੇ ਅਤੇ ਛੋਟੀ ਮੰਜੀ ਉਸ ਵਿਚ ਡਾਹੀ ਜਾ ਸਕਦੀ ਸੀ। ਐਸੇ ਪ੍ਰਤਾਪੀ ਮਹਾਂਪੁਰਸ਼ਾਂ ਉਪਰ ਗੁਰੂ ਮਾਰੀ ਫੌਜ ਨੇ ਇਕ ਲੱਖ ਦੀ ਗਿਣਤੀ ਵਿਚ ਤੋਪਾਂ, ਘੋੜਿਆਂ ਸਹਿਤ ਹਮਲਾ ਕਰ ਦਿਤਾ। ਬਾਬਾ ਬੀਰ ਸਿੰਘ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਆਪ ਜੀ ਨੇ ਬਿਆਸਾ ਦਰਿਆ ਦੇ ਕਿਨਾਰੇ ਪਹੁੰਚ ਕੇ ਵੱਡੇ ਦੇਗੇ ਕੜਾਹ ਦੇ ਬਣਾਉਣ ਦਾ ਹੁਕਮ ਦਿਤਾ ਜੋ ਡੇਢ ਲੱਖ ਬੰਦੇ ਵਾਸਤੇ ਕਾਫੀ ਹੋਵੇ। ਫੌਜਾਂ ਆ ਗਈਆਂ ਬਾਬਾ ਜੀ ਨੇ ਸਭ ਨੂੰ ਵਰਜ ਦਿਤਾ ਕਿ ਪਿਆਰਿਓ! ਗੁਰੂ ਦਾ ਫੁਰਮਾਨ ਯਾਦ ਰਖੋ -

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਅੰਗ - 278*

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਅੰਗ - 1299*

ਇਸ ਸੰਸਾਰ ਵਿਚ ਸੰਤਾਂ ਦੀ ਦ੍ਰਿਸ਼ਟੀ ਵਿਚ ਵਾਹਿਗੁਰੂ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਹਰ ਘਟ ਵਿਚ ਵਾਹਿਗੁਰੂ ਜੀ ਆਪ ਹੀ ਵਿਆਪਕ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥*
*ਅੰਗ - 259*

ਇਨ੍ਹਾਂ ਪ੍ਰਕਾਸ਼ਮਈ ਆਦਰਸ਼ਾਂ ਦੇ ਹੁੰਦਿਆਂ ਅਸਾਡੇ ਵਿਚੋਂ ਕਿਸੇ ਨੇ ਵੀ ਸ਼ਸਤਰ ਨਹੀਂ ਚੁਕਣੇ ਅਤੇ ਆਪਣੇ ਆਏ ਭਰਾਵਾਂ ਦੀ ਸੇਵਾ ਕਰਨੀ ਹੈ ਉਹ ਲਾਹੌਰ ਤੋਂ ਚਲ ਕੇ ਆ ਰਹੇ ਹਨ। ਰਸਤੇ ਵਿਚ ਉਨ੍ਹਾਂ ਨੇ ਕਿਤੇ ਵੀ ਪ੍ਰਸ਼ਾਦਾ ਨਹੀਂ ਛਕਿਆ। ਇਹ ਗੁਰੂ ਨਾਨਕ ਦਾ ਲੰਗਰ ਹੈ ਅਸੀਂ ਇਸਦੇ ਸੇਵਾਦਾਰ ਹਾਂ ਅਸਾਡਾ ਫਰਜ਼ ਹੈ ਕਿ ਇਨ੍ਹਾਂ ਆਏ ਵੀਰਾਂ ਨੂੰ ਪ੍ਰਸ਼ਾਦ ਪਾਣੀ ਸਭ ਤੋਂ ਪਹਿਲਾਂ ਛਕਾਇਆ ਜਾਵੇ।

ਜਦੋਂ ਕੁਝ ਸਿੱਖ ਸਰਦਾਰਾਂ ਨੇ ਕਿਹਾ ਕਿ ਬਾਬਾ ਜੀ! ਉਹ ਤਾਂ ਤੋਪਾਂ ਲੈ ਕੇ ਤੁਹਾਨੂੰ ਉਡਾਉਣ ਲਈ ਆ ਰਹੇ ਹਨ ਤਾਂ ਬਾਬਾ ਜੀ ਨੇ ਕਿਹਾ ਕਿ ਭਾਈ ਸਿੰਘੋ! ਉਹ ਪ੍ਰਮੇਸ਼ਰ ਰੂਪ ਹੀ ਹਨ। ਜੇ ਅਸਾਡਾ ਸਰੀਰ ਤੋਪ ਨਾਲ ਉਡਣਾ ਹੈ ਤਾਂ ਇਹ ਧੁਰ ਦਰਗਾਹੀ ਕਲਮ ਦੇ ਮੁਤਾਬਿਕ ਹੀ ਹੈ। ਜੋ ਅਸੀਂ ਮਸਤਕ ਵਿਚ ਲਿਖਵਾ ਕੇ ਲਿਆਏ ਹਾਂ ਉਹੋ ਹੀ ਹੋਣਾ ਹੈ ਫੇਰ ਰੋਸ ਕਿਸ ਗੱਲ ਦਾ ਕਰਨਾ ਹੈ। ਗੁਰਸਿੱਖ ਲਈ ਕੋਈ ਵੀ ਵੈਰੀ ਨਹੀਂ ਹੈ ਤੇ ਇਹ ਸਿਦਕ ਦਿਲੀ ਨਾਲ ਅਰਦਾਸ ਕਰਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਬਾਬਾ ਜੀ ਤੋਪ ਨਾਲ ਸ਼ਹੀਦ ਕਰ ਦਿਤੇ ਗਏ ਪਰ ਜਦੋਂ ਗੁਰੂ ਮਾਰੀਆਂ ਫੌਜਾਂ ਬਾਬਾ ਜੀ ਦੇ ਲੰਗਰ ਵਿਚ ਆਈਆਂ ਤਾਂ ਸੇਵਾਦਾਰਾਂ ਨੇ ਬਹੁਤ ਹੀ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਭਾਵੇਂ ਉਨ੍ਹਾਂ ਦੇ ਨੇਤਰਾਂ ਵਿਚੋਂ ਬਾਬਾ ਜੀ ਦੇ ਵਿਯੋਗ ਵਿਚ ਹੰਝੂ ਚਲ ਰਹੇ ਸਨ। ਸੋ ਇਸ ਤਰ੍ਹਾਂ ਬਹੁਤ ਸਾਰੀਆਂ ਮਿਸਾਲਾਂ ਗੁਰੂ ਘਰ ਵਿਚ ਹਨ। ਸੰਤਾਂ ਲਈ ਮਿਤ੍ਰ-ਸਤ੍ਰ ਦੀ ਕੋਈ ਪਹਿਚਾਣ ਨਹੀਂ ਹੈ। ਉਨ੍ਹਾਂ ਨੂੰ ਸਤਿ ਦੀ ਪਛਾਣ ਹੈ ਉਹ ਸਾਰਿਆਂ ਵਿਚ ਆਪਣੇ ਪ੍ਰਭੂ ਨੂੰ ਹੀ ਜਾਣਦੇ ਹਨ।

ਬਾਬਾ ਆਇਆ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਡੇਰੇ ਵਿਚ ਦੁਧ ਦੇਣ ਵਾਲੇ ਪਸ਼ੂ, ਬਲੋਚਸਥਾਨ ਤੋਂ ਆਏ ਹੋਏ ਧਾੜਵੀਆਂ ਨੇ ਖੋਲ੍ਹ ਲਏ। ਜਦੋਂ ਸਵੇਰੇ ਬਾਬਾ ਜੀ ਨੂੰ ਪਤਾ ਲਗਿਆ ਤਾਂ ਉਨ੍ਹਾਂ ਸਾਰੇ ਦੁ-ਧਾਰੂ ਪਸ਼ੂਆਂ ਦੇ ਪਿਛੇ ਰਹੇ ਕਟਰੂਆਂ-ਬਛਰੂਆਂ ਨੂੰ ਆਪਣੇ ਸੇਵਕਾਂ ਦੇ ਪਾਸ ਦੇ ਕੇ ਖੁਰਾਂ ਕੱਢਣ ਵਾਲੇ ਨੂੰ ਨਾਲ ਭੇਜ ਕੇ ਤਾਕੀਦ ਕਰ ਦਿਤੀ ਕਿ ਇਹ ਸਾਰੇ ਲਵਾਰੇ ਉਨ੍ਹਾਂ ਨੂੰ ਦੇ ਆਵੋ, ਉਨ੍ਹਾਂ ਨੂੰ ਦੁਧ ਦੇਣਾ ਔਖਾ ਹੋ ਜਾਵੇਗਾ। ਬਾਰਡਰ ਤੇ ਲੰਘਦੇ ਹੋਇਆਂ ਨੂੰ ਪੁਲਿਸ ਨੇ ਫੜ ਲਿਆ। ਉਹ ਸਾਰੇ ਧਾੜਵੀਆਂ ਨੂੰ; ਪਸ਼ੂਆਂ ਸਮੇਤ ਵਾਪਸ ਹੋਤੀ ਮਰਦਾਨ ਦੇ ਡੇਰੇ ਲੈ ਆਏ। ਜਦੋਂ ਬਾਬਾ ਜੀ ਨੂੰ ਪੁਲਿਸ ਨੇ ਪੁਛਿਆ ਕਿ ਇਹ ਚੋਰ ਤੁਹਾਡੇ ਪਸ਼ੂ ਖੋਲ੍ਹ ਕੇ ਲੈ ਗਏ ਸਨ? ਤਾਂ ਬਾਬਾ ਜੀ ਦਾ ਉੱਤਰ ਸੀ ਕਿ ਅਸਾਡੇ ਲਈ ਕੋਈ ਚੋਰ ਨਹੀਂ ਹੈ ਅਸਾਡੇ ਲਈ ਸਭ ਪ੍ਰਮੇਸ਼ਰ ਰੂਪ ਹਨ। ਇਹ ਪਸ਼ੂ ਸਾਡੇ ਨਹੀਂ ਹਨ, ਜਿਨ੍ਹਾਂ ਲੋਕਾਂ ਕੋਲ ਫਾਲਤੂ ਸੀ ਉਹ ਏਥੇ ਬੰਨ੍ਹ ਗਏ ਸਨ ਅਤੇ ਇਹ ਪ੍ਰੇਮੀ ਲੋੜਵੰਦ ਸਨ ਇਹ ਲੈ ਗਏ। ਅਸਾਨੂੰ ਇਸਦਾ ਕਿੰਚਤ ਮਾਤਰ ਵੀ ਦੁਖ ਨਹੀਂ ਹੈ ਸਗਮਾਂ ਖੁਸ਼ੀ ਹੈ ਕਿ ਹੁਣ ਅਸੀਂ ਬਿਨਾਂ ਸਮਾਂ ਗਵਾਏ ਭਜਨ ਹੀ ਕਰਾਂਗੇ। ਇਹ ਹੁੰਦੀ ਹੈ ਸੰਤਾਂ ਦੀ ਦ੍ਰਿਸ਼ਟੀ, ਜਿਸਦੀ ਵਡਿਆਈ ਬਾਰ-ਬਾਰ ਗੁਰੂ ਮਹਾਰਾਜ ਜੀ ਨੇ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ ਇਨ੍ਹਾਂ ਮਹਾਨ ਪਵਿੱਤਰ ਹਸਤੀਆਂ ਦਾ ਜਿਸ ਥਾਂ ਦੇ ਉਤੇ ਚਰਨ ਲਗ ਜਾਇਆ ਕਰਦਾ ਹੈ ਉਹ ਥਾਂ ਪਵਿੱਤਰ ਹੋ

ਜਾਇਆ ਕਰਦਾ ਹੈ। ਜੋ ਧੂੜੀ ਇਨ੍ਹਾਂ ਦੇ ਚਰਨਾਂ ਨੂੰ ਲਗ ਜਾਵੇ ਉਹ ਵੀ ਐਸੀ ਪਵਿੱਤਰ ਹੁੰਦੀ ਹੈ ਕਿ ਅਠਾਹਠ ਤੀਰਥਾਂ ਦੇ ਅਭਿਮਾਨੀ ਦੇਵਤਾ ਇਸ ਧੂੜੀ ਦੀ ਲੋਚਨਾ ਕਰਦੇ ਪ੍ਰਭੂ ਪਾਸ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ! ਸਾਨੂੰ ਸੰਤਾਂ ਦੀ ਧੂੜੀ ਦੇ, ਪਾਪੀਆਂ ਦੇ ਛੱਡੇ ਹੋਏ ਅਨੇਕਾਂ ਪਾਪ, ਜਿਨ੍ਹਾਂ ਨੇ ਸਾਡਾ ਰੰਗ ਕਾਲਾ ਕਰ ਦਿਤਾ ਹੈ, ਉਹ ਦੂਰ ਹੋ ਜਾਣ।

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*ਤੀਰਥਿ ਅਠਸਠਿ ਮਜਨੁ ਨਾਈ॥*
*ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ*
*ਸਭ ਦੁਰਮਤਿ ਮੈਲੁ ਗਵਾਈ॥*
*ਜਾਹਰਨਵੀ ਤਪੈ ਭਾਗੀਰਥਿ*
*ਆਣੀ ਕੇਦਾਰੁ ਥਾਪਿਓ ਮਹਸਾਈ॥*
*ਕਾਂਸੀ ਕ੍ਰਿਸਨੁ ਚਰਾਵਤ ਗਾਊ*
*ਮਿਲਿ ਹਰਿ ਜਨ ਸੋਭਾ ਪਾਈ॥*
*ਜਿਤਨੇ ਤੀਰਥ ਦੇਵੀ ਥਾਪੇ*
*ਸਭਿ ਤਿਤਨੇ ਲੋਚਹਿ*
*ਧੂਰਿ ਸਾਧੂ ਕੀ ਤਾਈ॥*
*ਹਰਿ ਕਾ ਸੰਤੁ ਮਿਲੈ ਗੁਰ ਸਾਧੂ*
*ਲੈ ਤਿਸ ਕੀ ਧੂਰਿ ਮੁਖਿ ਲਾਈ॥*
*ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ*
*ਸਭ ਤਿਤਨੀ ਲੋਚੈ*
*ਧੂਰਿ ਸਾਧੂ ਕੀ ਤਾਈ॥*
*ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ*
*ਤਿਸੁ ਸਾਧੂ ਧੂਰਿ ਦੇ*
*ਹਰਿ ਪਾਰਿ ਲੰਘਾਈ॥*

*ਅੰਗ - 1263*

ਸੋ ਇਸ ਤਰ੍ਹਾਂ ਫੁਰਮਾਨ ਕਰਦੇ ਹੋਏ ਗੁਰੂ ਮਹਾਰਾਜ ਦਸਦੇ ਹਨ ਕਿ ਸੰਤਾਂ ਨੂੰ ਵਾਹਿਗੁਰੂ ਜੀ ਨੇ ਐਨੀਆਂ ਬਰਕਤਾਂ ਦਿਤੀਆਂ ਹੁੰਦੀਆਂ ਹਨ ਕਿ ਉਹ ਅਧਮ ਜੂਨੀਆਂ ਵਿਚ ਪਾਪ ਕਰਕੇ ਗਏ ਹੋਏ ਪ੍ਰਾਣੀਆਂ ਦਾ ਉਧਾਰ ਸਦਾ ਹੀ ਕਰਦੇ ਰਹਿੰਦੇ ਹਨ। ਉਹ ਦਾਤਾਰ ਹਨ ਤੇ ਜੀਅ ਦੇ ਦੁਖ ਦੂਰ ਕਰਦੇ ਹਨ, ਖੁਸ਼ੀਆਂ ਵੰਡਦੇ ਹਨ, ਦੁਖੀ ਦਾ ਦੁਖ ਦੂਰ ਕਰਨ ਵਾਸਤੇ ਸਦਾ ਹੀ ਪਰਉਪਕਾਰ ਕਰਦੇ ਹਨ ਉਨ੍ਹਾਂ ਦੇ ਅੰਦਰ ਪਰਉਪਕਾਰ ਕਰਨ ਦਾ ਉਮਾਹ ਚਸ਼ਮਾ ਹੁੰਦਾ ਹੈ। ਜਿਵੇਂ ਗੁਲਾਬ ਦੇ ਫੁੱਲ ਵਿਚੋਂ ਖੁਸ਼ਬੂ ਆਇਆ ਕਰਦੀ ਹੈ ਇਸੇ ਤਰ੍ਹਾਂ ਹੀ ਸੰਤਾਂ ਦੀ ਰਹਿਤ ਵਿਚ ਪਰਉਪਕਾਰ ਦੇ ਕੰਮ ਆਪਣੇ ਆਪ ਹੀ ਹੋਇਆ ਕਰਦੇ ਹਨ।

*ਕੋਟਿ ਕੋਟਿ ਅਘ ਕਾਟਨਹਾਰਾ॥*
*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥*

*ਅੰਗ - 392*

ਇਸ ਪਰ ਬਹੁਤ ਸਾਰੇ ਮਹਾਤਮਾ ਦੀਆਂ ਸਾਖੀਆਂ ਹਨ ਜਿਵੇਂ ਕਿ -

ਸੰਤ ਰਾੜਾ ਸਾਹਿਬ ਵਾਲੇ ਮਹਾਂਪੁਰਸ਼ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ), ਜਦੋਂ ਢੱਕੀ ਵਿਚ ਆ ਕੇ ਅਤਿ ਕਰੜੀਆਂ ਘਾਲਾਂ ਘਾਲ ਰਹੇ ਸਨ ਉਸ ਸਮੇਂ ਆਪ ਜੀ ਟੋਆ ਪੁਟ ਕੇ ਉਸ ਉਪਰ ਇਕ ਛਪਰੀ ਦੀ ਛਾਂ ਕਰਕੇ ਦਿਨ ਰਾਤ ਅਖੰਡਾਕਾਰ ਬਿਰਤੀ ਨਾਲ, ਅਬੋਲ, ਵਾਹਿਗੁਰੂ ਜੀ ਨਾਲ ਲਿਵ ਵਿਚ ਰਿਹਾ ਕਰਦੇ ਸਨ। ਉਸ ਸਮੇਂ ਦੀ ਗੱਲ ਹੈ ਕਿ ਇਕ ਸੱਪ ਹਰ ਰੋਜ਼ ਹੀ ਉਨ੍ਹਾਂ ਦੇ ਟੋਏ ਦੇ ਸਾਹਮਣੇ ਆ ਕੇ ਫਣ ਚੁਕ ਕੇ ਖੜ੍ਹਾ ਰਹਿੰਦਾ। ਸੇਵਾਦਾਰਾਂ ਨੂੰ ਚਿੰਤਾ ਹੋਈ ਤੇ ਹੁਕਮ ਲੈਣ ਲਗੇ ਕਿ ਮਹਾਰਾਜ ਆਗਿਆ ਹੋਵੇ ਤਾਂ ਇਸ ਨੂੰ ਮਾਰ ਦਿਤਾ ਜਾਵੇ। ਮਹਾਂਪੁਰਸ਼ ਕਹਿਣ ਲੱਗੇ ਕਿ ਇਸਦਾ ਕਾਲ ਆਪਣੇ ਆਪ ਹੀ ਆਉਣ ਵਾਲਾ ਹੈ ਤੁਸੀਂ ਮਸਤ ਰਹੋ। ਚਾਰ-ਪੰਜ ਦਿਨ ਬਾਦ ਉਹ ਸੱਪ ਬਿਨਾਂ ਮਾਰਿਆਂ ਆਪੇ ਹੀ ਮਰ ਗਿਆ ਅਤੇ ਉਨ੍ਹਾਂ ਦੀ ਛਪਰੀ ਦੇ ਲਾਗੇ ਮਰਿਆ ਪਿਆ ਸੀ। ਸਾਰੇ ਸਿੰਘਾਂ ਨੇ ਪੁਛਿਆ, ਤਾਂ ਮਹਾਰਾਜ ਜੀ ਨੇ ਕਿਹਾ ਕਿ ਇਹ ਗੁਰੂ ਛੇਵੇਂ ਪਾਤਸ਼ਾਹ ਵੇਲੇ ਇਸ ਇਲਾਕੇ ਦਾ ਹੰਕਾਰੀ ਚੌਧਰੀ ਸੀ। ਇਹ ਗੁਰੂ ਮਹਾਰਾਜ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਆਉਣਾ ਸੁਣ ਕੇ ਜਦੋਂ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਦੇ ਪਲੰਘ ਤੇ ਬੈਠਣ ਦਾ ਜਤਨ ਕਰਨ ਲੱਗਿਆ, ਨਾਲ ਦੇ ਸਿੱਖਾਂ ਨੇ ਰੋਕ ਦਿਤਾ ਅਤੇ ਇਹ ਹੰਕਾਰੀ ਬਿਨਾਂ ਮਸਤਕ ਨਿਵਾਏ ਵਾਪਸ ਮੁੜ ਗਿਆ। ਉਸ ਤੋਂ ਪਿਛੋਂ ਜਦੋਂ ਇਸਦੀ ਮ੍ਰਿਤੂ ਹੋਈ ਤਾਂ ਇਹ ਸੱਪ ਬਣ ਕੇ ਜ਼ਹਿਰ ਦਾ ਮਾਰਿਆ ਹੋਇਆ ਬਹੁਤ ਦੁਖੀ

ਹੁੰਦਾ ਰਿਹਾ। ਕਿਉਂਕਿ ਇਸਨੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ ਹੋਏ ਸਨ ਉਸਦਾ ਫਲ ਅਜੇ ਮਿਲਣਾ ਬਾਕੀ ਸੀ। ਸੋ ਇਹ ਉਸ ਪੁੰਨ ਕਰਮ ਦਾ ਬੰਨ੍ਹਿਆਂ ਹਰ ਰੋਜ਼ ਅਸਾਡੇ ਸਾਹਮਣੇ ਆ ਕੇ ਪ੍ਰਾਸ਼ਚਿਤ ਕਰਦਾ ਸੀ ਅਤੇ ਆਪਣੇ ਭਲੇ ਲਈ ਚਿਤਵਨੀ ਕਰਦਾ ਸੀ। ਸੋ ਅਜ ਇਸਦੀ ਦੇਹ ਸ਼ਾਂਤ ਹੋਈ ਹੈ, ਐਸੀ ਨਖਿੱਧ ਜੂਨੀ ਵਿਚੋਂ ਛੁਟਕਾਰਾ ਹੋਇਆ ਹੈ।

ਇਸੇ ਤਰ੍ਹਾਂ ਨਾਲ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਜਦੋਂ ਭਜਨ ਕਰਿਆ ਕਰਦੇ ਸਨ ਤਾਂ ਸਮਾਧੀ ਤੋਂ ਜਦੋਂ ਉਥਾਨ ਹੋਣਾ ਤਾਂ ਉਨ੍ਹਾਂ ਦੇ ਆਸਣ ਥੱਲੇ ਸੱਪ ਬੈਠਾ ਹੁੰਦਾ। ਕਈ ਵਾਰੀ ਆਪ ਆਸਣ ਦੀਆਂ ਕੰਨੀਆਂ ਫੜ ਕੇ ਉਸਨੂੰ ਬਰੇਤੀ ਵਿਚ ਛੱਡ ਕੇ ਆਇਆ ਕਰਦੇ ਸਨ। ਕਈ ਦਿਨਾਂ ਪਿਛੋਂ ਉਹ ਚੜ੍ਹਾਈ ਕਰ ਗਿਆ। ਪੁੱਛਣ ਤੇ ਮਹਾਂਪੁਰਸ਼ਾਂ ਨੇ ਦਸਿਆ ਕਿ ਇਹ ਪ੍ਰੇਮੀ ਇਕ ਗੁਰਦਵਾਰੇ ਦਾ ਪ੍ਰੇਮੀ ਸੀ, ਪੂਜਾ ਦੇ ਧਾਨ ਨੇ ਮਤ ਮਾਰ ਛੱਡੀ। ਭਜਨ ਦੀ ਥਾਂ ਇਸਦੇ ਮਨ ਵਿਚ ਮਾਇਆ ਦੀ ਪ੍ਰਾਪਤੀ ਦੀ ਲਗਨ ਲਗੀ ਰਹਿੰਦੀ ਸੀ। ਅੰਤਕਾਲ ਮਾਇਆ ਦੀ ਚਿਤਵਨੀ ਕਰਕੇ ਇਸਨੂੰ ਸੱਪ ਦੀ ਜੂਨੀ ਵਿਚ ਆਉਣਾ ਪਿਆ ਹੁਣ ਇਸਦਾ ਛੁਟਕਾਰਾ ਹੋਇਆ ਹੈ।

***ਕੋਟਿ ਕੋਟਿ ਅਘ ਕਾਟਨਹਾਰਾ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥***
***ਅੰਗ - 392***

ਇਹ ਮਹਾਂਪੁਰਸ਼ਾਂ ਤੋਂ ਬਿਨਾਂ, ਕਿਸੇ ਰਾਜਸੀ ਲੀਡਰਾਂ, ਕਿਸੇ ਪ੍ਰਚਾਰਕ, ਕਿਸੇ ਰਾਗੀ ਦੇ ਵਸ ਦੀ ਬਾਤ ਨਹੀਂ ਹੈ। ਕਿਉਂਕਿ ਉਹ ਮਾਇਆ ਦੇ ਬੰਦੇ ਆਪਣੀ ਹਉਮੈ ਦੀ ਕੈਦ ਵਿਚ ਫਸੇ ਹੋਏ ਹਨੇਰ੍ਹਿਆਂ ਵਿਚ ਭਟਕ ਰਹੇ ਹਨ ਅਤੇ ਸਦਾ ਸੱਤਾ ਪ੍ਰਾਪਤੀ ਅਤੇ ਪੈਸੇ ਕਮਾਉਣ ਦੀ ਲਾਲਸਾ ਉਨ੍ਹਾਂ ਨੂੰ ਲਗੀ ਰਹਿੰਦੀ ਹੈ।

ਅੱਗੇ ਗੁਰੂ ਮਹਾਰਾਜ ਜੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਸਾਧੂ ਜਨ ਬਚਨ ਦੇ ਬਲੀ ਹੋਇਆ ਕਰਦੇ ਹਨ। ਉਨ੍ਹਾਂ ਉਪਰ ਕਿਸੇ ਕਿਸਮ ਦੀ ਮਾਇਆ ਅਸਰ ਨਹੀਂ ਕਰਦੀ ਕਿਉਂਕਿ ਮਾਇਆ ਦੇ ਬਹੁਤ ਰੂਪ ਹਨ। ਜੋ ਕੁਝ ਸੰਸਾਰ ਵਿਚ ਨਜ਼ਰ ਆ ਰਿਹਾ ਹੈ ਜਿਸਦਾ ਰੂਪ ਹੈ, ਜਿਸਦਾ ਨਾਮ ਹੈ, ਉਹ ਸਭ ਮਾਇਆ ਹੈ।

***ਸੂਰਬੀਰ ਬਚਨ ਕੇ ਬਲੀ॥***
***ਕਉਲਾ ਬਪੁਰੀ ਸੰਤੀ ਛਲੀ॥***
***ਅੰਗ - 392***

ਵਾਹਿਗੁਰੂ ਜੀ ਦੀ ਬੰਦਗੀ ਕਰਦਿਆਂ-ਕਰਦਿਆਂ ਜਦੋਂ ਸੁਰਤ ਸੰਕੋਚ ਕੇ ਅੰਤਰਮੁਖ ਗੁਰੂ ਸ਼ਬਦ, ਗੁਰੂ ਮੂਰਤ, ਗੁਰੂ ਜੋਤਿ ਉਪਰ ਕੇਂਦਰਿਤ ਕੀਤੀ ਜਾਂਦੀ ਹੈ ਤਾਂ ਪ੍ਰਭੂ ਸ਼ਕਤੀ ਨਾਲ ਅੰਦਰ ਹੀ ਸੰਪਰਕ ਹੋਣਾ ਸ਼ੁਰੂ ਹੋ ਜਾਂਦਾ ਹੈ। ਅਤੇ ਜਦੋਂ ਪੂਰੀ ਤਰ੍ਹਾਂ ਨਾਲ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਛੁਟ ਜਾਂਦੀ ਹੈ ਅਤੇ ਵਿਵੇਕ ਮੰਡਲ ਵਿਚੋਂ ਸੁਰਤ ਲੰਘਦੀ, ਸਹੰਸਰਾਰ ਦਲ ਕਮਲ ਨੂੰ ਪਾਰ ਕਰਕੇ ਦਸਵੇਂ ਦੁਆਰ ਵਿਚੋਂ ਹੁੰਦੀ ਹੋਈ ਨਿਰੰਕਾਰ ਵਿਚ ਅਭੇਦ ਹੋ ਜਾਂਦੀ ਹੈ ਤਾਂ ਸੰਤ ਸਰੀਰ ਵਿਚ cosmic energy ਦਾ ਐਨਾ ਜ਼ਬਰਦਸਤ ਪ੍ਰਵੇਸ਼ ਹੋ ਜਾਂਦਾ ਹੈ ਕਿ ਉਹ ਸਾਂਭਿਆਂ ਸੰਭਾਲ ਨਹੀਂ ਹੁੰਦੀ ਅਤੇ ਅਜਰ ਨੂੰ ਜਰਨਾ ਬਹੁਤ ਹੀ ਮੁਸ਼ਕਲ ਹੋ ਜਾਂਦਾ ਹੈ। ਐਸੀ ਅਵਸਥਾ ਗੁਰਮੁਖ, ਨਾਮ ਅਭਿਆਸੀਆਂ ਵਿਚ ਆਮ ਹੀ ਵਰਤਦੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋ ਆਪਣੇ ਸਮੇਂ ਦੇ ਮਹਾਨ ਮਹਾਂਪੁਰਸ਼ ਸੰਤ ਹੋ ਚੁਕੇ ਹਨ ਜਿਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰੇਮੀਆਂ ਨੂੰ ਨਾਮ ਦੀਆਂ ਘਾਲ ਕਮਾਈਆਂ ਕਰਨ ਦਾ ਉਤਸ਼ਾਹ ਜਾਗ ਕੇ, ਉਚੀਆਂ ਅਵਸਥਾਵਾਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨੇ ਕੁਝ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਇਕ 'ਰੰਗਲੇ ਸੱਜਣ' ਹੈ ਉਸ ਵਿਚ ਆਪ ਸ੍ਰੀ ਭਾਈ ਸਾਹਿਬ ਸੰਤ ਹੀਰਾ ਸਿੰਘ ਜੀ ਦਾਉਦਪੁਰ (ਖੰਨਾ) ਵਾਲਿਆਂ ਦੇ ਬਾਰੇ ਲਿਖਦੇ ਹਨ ਕਿ ਉਹ ਭਜਨ ਕਰਦੇ-ਕਰਦੇ, ਜਦੋਂ ਪ੍ਰਭੂ ਐਨਰਜੀ ਦਾ ਸਰੀਰ ਵਿਚ ਪ੍ਰਵੇਸ਼ ਹੋਇਆ ਤਾਂ ਉਹ ਸੰਭਲ ਨਾ ਸਕੇ ਅਤੇ ਧਰਤੀ ਤੋਂ Gravity ਛੱਡ ਕੇ ਹੌਲੀ-ਹੌਲੀ ਉਪਰ ਉਡਦੇ ਛੱਤ ਨਾਲ ਜਾ ਲੱਗੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਕੇ ਲੰਮੇ ਪਏ ਰਹੇ। ਇਕ ਥਾਂ ਲਿਖਦੇ ਹਨ ਕਿ ਉਨ੍ਹਾਂ ਦੇ ਸਰੀਰ

ਵਿਚੋਂ ਪ੍ਰਕਾਸ਼ ਦੇ ਵਰੋਲੇ ਨਿਕਲਣੇ ਸ਼ੁਰੂ ਹੋਏ ਅਤੇ ਸਾਰੇ ਗੁਰਦਵਾਰੇ ਵਿਚ ਫੈਲ ਗਏ ਅਤੇ ਬੈਠੀ ਸੰਗਤ ਦੇ ਸਰੀਰਾਂ ਵਿਚ ਐਤਨੀ ਝੁਨ-ਝਨਾਹਟ ਦੀ ਝਰਨ੍ਹਾਟ ਸ਼ੁਰੂ ਹੋਈ ਕਿ ਉਹ ਕਿਸੇ ਮਹਾਨ ਰਸ ਵਿਚ ਰੰਗੇ ਗਏ। ਛੇ ਘੰਟੇ ਇਹ ਹਾਲਤ ਰਹਿਣ ਪਿਛੋਂ ਸੰਤ ਭਾਈ ਹੀਰਾ ਸਿੰਘ ਜੀ ਸੰਭਲੇ ਅਤੇ ਇਸ ਅਥਾਹ ਸ਼ਕਤੀ ਨੂੰ ਜਰ ਗਏ। ਇਹੋ ਮੰਜ਼ਲ ਅਨੇਕਾਂ ਘਾਲ ਕਮਾਈਆਂ ਕਰਦੇ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋ ਜਾਇਆ ਕਰਦੀ ਹੈ। ਉਨ੍ਹਾਂ ਵਿਚੋਂ 'ਮੈਂ' (ਹਉਮੈ) ਦਾ ਪੂਰਨ ਰੂਪ ਵਿਚ ਅਭਾਵ ਹੋ ਜਾਇਆ ਕਰਦਾ ਹੈ। ਤੇ ਇਸ ਸਰੀਰ ਵਿਚੋਂ ਜੀਵ ਰੂਪੀ ਪਰਛਾਵਾਂ ਦੂਰ ਹੋ ਕੇ ਪ੍ਰਮ-ਆਤਮਾ ਹੀ ਰਹਿ ਜਾਇਆ ਕਰਦੀ ਹੈ। ਜਿਵੇਂ ਕਿ ਫੁਰਮਾਨ ਹੈ-

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂ ਹੀ ਮੈ ਨਾਹੀ॥***
***ਅਨਲ ਅਗਮ***
***ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ॥***

***ਅੰਗ - 657***

ਇਹ ਅਵਸਥਾ ਸੰਤਾਂ, ਸਾਧੂਆਂ, ਬ੍ਰਹਮਗਿਆਨੀਆਂ ਦੀ ਹੋਣ ਕਰਕੇ ਮਹਾਂ-ਸ਼ਕਤੀਸ਼ਾਲ ਹੋਇਆ ਕਰਦੀ ਹੈ। ਉਨ੍ਹਾਂ ਦੇ ਮੁਖ ਤੋਂ ਸਹਿਜ ਸੁਭਾਅ ਬਚਨ ਨਿਕਲ ਜਾਵੇ ਤਾਂ ਸਮਾਂ ਪਾ ਕੇ ਸਾਕਾਰ ਹੋ ਜਾਇਆ ਕਰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਵੇਲੇ ਮਾਲਵੇ ਵਿਚ ਇਕ ਗੁਰਸਿੱਖ ਸਨ, ਜਿਨ੍ਹਾਂ ਦਾ ਨਾਮ ਭਾਈ ਗੋਦੜੀਆ ਸੀ। ਘਾਲ ਕਮਾਈ ਕਰਦਿਆਂ ਆਪ ਨੇ ਪੂਰਨ ਪਦਵੀ ਪ੍ਰਾਪਤ ਕੀਤੀ। ਜਦੋਂ ਉਹ ਮਾਲਵੇ ਵਿਚ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਕਿ ਭਾਈ! ਇਹ ਭਾਈ ਗੋਦੜੀਆ ਤਾਂ ਸਾਰੇ ਮਾਲਵੇ ਨੂੰ ਪਾਰ ਉਤਾਰਨ ਦੀ ਸਹਿਜੇ ਹੀ ਸਮਰਥਾ ਰਖਦਾ ਹੈ। ਇਹ ਪੂਰਨ ਪੁਰਸ਼ ਹੈ ਜੋ ਹਰ ਵਕਤ ਅਸਾਡੇ ਨਾਲ ਅਭੇਦ ਅਵਸਥਾ ਵਿਚ ਰਹਿੰਦਾ ਹੈ।

ਆਪ ਜੀ ਬਾਰੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਆਪ ਭਾਈ ਗਉਰਾ ਬਰਾੜ, ਜੋ ਭਾਈ ਭਗਤੂ ਦਾ ਪੁੱਤਰ ਸੀ, ਪਾਸ ਭਾਈ ਗੋਦੜੀਆ ਘੋੜਿਆਂ ਲਈ ਦਾਣਾ ਪੀਹਣ ਦੀ ਸੇਵਾ ਕਰਿਆ ਕਰਦੇ ਸੀ। ਇਕ ਵਾਰੀ ਭਾਈ ਗਉਰਾ ਕਿਸੇ ਕਾਰਨ ਇਕ ਸਿੱਖ ਤੇ ਨਰਾਜ਼ ਹੋ ਕੇ ਉਸਨੂੰ ਬਹੁਤ ਹੀ ਡਾਂਟਣ ਲੱਗਿਆ ਅਤੇ ਥੱਪੜ ਵੀ ਮਾਰਿਆ। ਭਾਈ ਗੋਦੜੀਆ ਜੀ ਜੋ ਉਸ ਵੇਲੇ ਘੋੜਿਆਂ ਦਾ ਦਾਣਾ ਪੀਸ ਰਹੇ ਸਨ ਉਨ੍ਹਾਂ ਨੂੰ ਡਾਂਟ-ਡਪਟ ਦੀ ਅਵਾਜ਼ ਸੁਣੀ ਅਤੇ ਉਥੋਂ ਹੀ ਬੈਠੇ ਕਹਿਣ ਲੱਗੇ ਕਿ ਭਾਈ ਗਉਰਾ! ਇਸਨੂੰ ਕਿਉਂ ਮਾਰਦਾ ਹੈਂ? ਇਸ ਤੋਂ ਕੀ ਗਲਤੀ ਹੋ ਗਈ? ਤਾਂ ਭਾਈ ਗਉਰੇ ਨੇ ਕਿਹਾ ਕਿ ਗੋਦੜੀਆ ਤੂੰ ਆਪਣਾ ਕੰਮ ਕਰ, ਇਹ ਰਾਜਸੀ ਮਾਮਲੇ ਹਨ ਤੂੰ ਇਨ੍ਹਾਂ ਨੂੰ ਕੀ ਜਾਣਦਾ ਹੈਂ? ਤੂੰ ਆਪਣਾ ਕੰਮ ਕਰ। ਭਾਈ ਗੋਦੜੀਆ ਨੇ ਉਤਰ ਵਿਚ ਕਿਹਾ, "ਭਾਈ ਗਉਰਾ ਤੂੰ ਤਾਂ ਬਹੁਤ ਆਫਰ ਗਿਆ, ਤੈਨੂੰ ਤਾਂ ਰਾਜ-ਮਾਲ ਦਾ ਅਤੇ ਆਪਣੀ ਸ਼ਕਤੀ ਦਾ ਬਹੁਤ ਅਫਾਰਾ ਹੋ ਗਿਆ।" ਬਚਨ ਮੂੰਹ ਵਿਚੋਂ ਨਿਕਲਣ ਦੀ ਦੇਰ ਸੀ ਭਾਈ ਗਉਰੇ ਉਪਰ ਉਸੇ ਵੇਲੇ ਉਸ ਬਚਨ ਨੇ ਅਸਰ ਕਰਨਾ ਸ਼ੁਰੂ ਕਰ ਦਿਤਾ ਉਸਨੂੰ ਅਫਾਰਾ ਹੋ ਗਿਆ ਅਤੇ ਧਰਤੀ ਤੇ ਲਿਟਣ ਲੱਗਿਆ। ਅਫਾਰੇ ਦਾ ਦੁਖ ਝੱਲਿਆ ਨਾ ਜਾਵੇ, ਹਕੀਮਾਂ ਨੇ ਦਵਾਈਆਂ ਦਿਤੀਆਂ ਪਰ ਕੋਈ ਅਸਰ ਨਾ ਹੋਇਆ, ਇਕ ਸੂਝਵਾਨ ਸਿੱਖ ਨੇ ਕਿਹਾ ਕਿ ਭਾਈ ਗੋਦੜੀਏ ਨੇ ਅਫਾਰਾ ਹੋਣ ਦਾ ਬਚਨ ਕੀਤਾ ਸੀ ਉਸ ਤੋਂ ਹੀ ਇਲਾਜ ਹੋ ਸਕਦਾ ਹੈ। ਜਦੋਂ ਭਾਈ ਗੋਦੜੀਏ ਪਾਸ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਨੇ ਚੱਕੀ ਦੀ ਕਿੱਲੀ ਨਾਲ ਲੱਗਿਆ ਆਟਾ ਦੇ ਕੇ ਕਿਹਾ ਕਿ ਇਸਨੂੰ ਪਾਣੀ ਨਾਲ ਅੰਦਰ ਲੰਘਾ ਲਵੇ, ਅਫਾਰਾ ਹੱਟ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਅਫਾਰਾ ਹੱਟ ਗਿਆ। ਭਾਈ ਗਉਰਾ ਉਨ੍ਹਾਂ ਦੇ ਬਚਨ ਦੀ ਸ਼ਕਤੀ ਦੇਖ ਕੇ ਬਹੁਤ ਠਠੰਬਰ ਗਿਆ ਅਤੇ ਬਹੁਤ ਆਦਰ ਸਹਿਤ ਸਰੋਪਾ ਦੇ ਕੇ ਭਾਈ ਗੋਦੜੀਆ ਜੀ ਨੂੰ ਸੇਵਾ ਮੁਕਤ ਕਰ ਦਿਤਾ।

ਉਹ ਆਪਣੇ ਘਰ ਚਲੇ ਗਏ। ਚੇਤ ਦਾ ਮਹੀਨਾ ਸੀ ਉਡਾਰ ਦੇ ਖੇਤਾਂ ਵਿਚ ਸਰ੍ਹੋਂ ਪਕ ਚੁੱਕੀ ਸੀ। ਇਨ੍ਹਾਂ ਦੇ ਪੁੱਤ-ਪੋਤਰਿਆਂ ਨੇ ਸਰ੍ਹੋਂ ਪੁੱਟਣ ਲਈ ਬਾਬੇ ਗੋਦੜੀਆ ਨੂੰ ਭੇਜ ਦਿਤਾ।

ਨਾ ਸਵੇਰ ਵੇਲੇ ਦੀ ਹਾਜ਼ਰੀ ਭੇਜੀ, ਨਾ ਦੁਪਹਿਰ ਦਾ ਪ੍ਰਸ਼ਾਦਾ ਤੇ ਨਾ ਹੀ ਕੋਈ ਜਲ ਪਾਣੀ ਭੇਜਿਆ। ਰੋਹੀ ਦਾ ਖੇਤ ਸੀ ਨੇੜਿਓਂ ਇਕ ਡੰਡੀ ਲੰਘਦੀ ਸੀ, ਜਿਨ੍ਹਾਂ ਤੇ ਮੁਸਾਫਿਰ ਵੱਡੇ ਰਾਹ ਨੂੰ ਛੱਡ ਕੇ, ਸਫਰ ਕਰਕੇ ਆਪਣਾ ਪੈਂਡਾ ਮੁਕਾਇਆ ਕਰਦੇ ਸਨ। ਦੇਵਨੇਤ ਨਾਲ ਭਾਈ ਗੋਦੜੀਆ ਜੀ ਦੇ ਜਾਣੂ ਜਦੋਂ ਡੰਡੀ ਲੰਘ ਰਹੇ ਸਨ ਤਾਂ ਭਾਈ ਗੋਦੜੀਆ ਨੂੰ ਪਛਾਣ ਲਿਆ ਅਤੇ ਠਹਿਰ ਕੇ ਆਪਣੇ ਜਾਣੂ ਜਾਣ ਕੇ ਕਹਿਣ ਲੱਗੇ, ਭਾਈ ਗੋਦੜੀਆ ਜੀ! ਤੁਸੀਂ ਇਹ ਕੀ ਕਰ ਰਹੇ ਹੋ? ਕਿਉਂਕਿ ਸਾਡੇ ਆਮ ਰਿਵਾਜ ਹੈ ਕਿ ਅੱਖਾਂ ਨਾਲ ਦੇਖਦੇ ਹੋਏ ਵੀ ਫੇਰ ਪੁੱਛਦੇ ਹਾਂ ਕਿ ਤੁਸੀਂ ਕੀ ਕਰ ਰਹੇ ਹੋ? ਇਸੇ ਤਰ੍ਹਾਂ ਉਨ੍ਹਾਂ ਨੇ ਪੁੱਛ ਲਿਆ। ਭਾਈ ਗੋਦੜੀਆ ਜੀ ਨੇ ਉਤਰ ਵਿਚ ਕਹਿਣਾ ਤਾਂ ਇਹ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ ਕਿਉਂਕਿ ਉਹ ਉਸ ਸਮੇਂ ਦਾਤੀ ਨਾਲ ਨਹੀਂ ਕੱਟ ਰਹੇ ਸਨ, ਪੁੱਟ ਰਹੇ ਸੀ। ਪ੍ਰੰਤੂ ਉਨ੍ਹਾਂ ਦੇ ਮੂੰਹ ਵਿਚੋਂ ਨਿਕਲ ਗਿਆ ਕਿ ਘਰਦਿਆਂ ਦੀਆਂ ਜੜ੍ਹਾਂ ਪੁਟ ਰਿਹਾ ਹਾਂ; ਸਰ੍ਹੋਂ ਦੀ ਥਾਂ ਤੇ ਘਰਦਿਆਂ ਅੱਖਰ ਵਰਤ ਲਿਆ। ਸੱਤਾਂ ਦਿਨਾਂ ਵਿਚ ਸਾਰਾ ਪਰਿਵਾਰ ਚੜ੍ਹਾਈ ਕਰ ਗਿਆ। ਆਪ ਜੀ ਨੇ ਪ੍ਰਭੂ ਦਾ ਹੁਕਮ ਜਾਣ ਕੇ ਕਿਹਾ 'ਭਲਾ ਹੋਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋ ਛੁਟੀ।'

ਆਪ ਰਮਤੇ ਰਹਿਣ ਲਗ ਗਏ। ਇਕ ਦਿਨ ਇਕ ਮਾਈ ਨੇ ਉਨ੍ਹਾਂ ਨੂੰ ਧਰਮਸਾਲਾ ਵਿਚ ਬੈਠਿਆਂ ਪਛਾਣ ਲਿਆ। ਉਹ ਭਾਈ ਗੋਦੜੀਆ ਦੇ ਛਕਣ ਲਈ ਦਹੀਂ ਦਾ ਕਉਲਾ ਭਰ ਕੇ ਲੈ ਆਈ ਅਤੇ ਇਸ ਗੱਲ ਤੋਂ ਕਿ ਇਹ ਹੋਰ ਨਾ ਮੰਗ ਲੈਣ, ਉਸਨੇ ਕਰਾਰੀਆਂ ਮਿਰਚਾਂ ਵਿਚ ਪਾ ਦਿਤੀਆਂ। ਭਾਈ ਗੋਦੜੀਆ ਜੀ ਨੇ ਦਹੀਂ ਛਕ ਲਿਆ। ਜਦੋਂ ਬਰਤਨ ਲੈਣ ਆਈ ਮਾਈ ਨੇ ਪੁੱਛਿਆ ਕਿ ਦਹੀਂ ਸੁਆਦ ਸੀ? ਕਹਿਣ ਲੱਗੇ ਕਿ ਦਹੀਂ ਤਾਂ ਬਹੁਤ ਸੁਆਦ ਸੀ ਪਰ ਸੱਪ ਲੜਨੀਏਂ ਤੈਂ ਬਹੁਤ ਮਿਰਚਾਂ ਵਿਚ ਪਾ ਦਿਤੀਆਂ। ਮੇਰੇ ਮੂੰਹ ਵਿਚੋਂ ਹੁਣ ਤਕ ਸੀ-ਸੀ ਨਿਕਲ ਰਹੀ ਹੈ। ਉਹ ਮਾਈ ਬਰਤਨ ਲੈ ਕੇ ਘਰ ਗਈ, ਬਚਨ ਦੀ ਸੱਤਾ ਪ੍ਰਬਲ ਹੋਣ ਕਰਕੇ ਅੰਦਰੋਂ ਦੁਧ ਗਰਮ ਕਰਨ ਲਈ ਕੋਠੜੀ ਵਿਚੋਂ ਪਾਥੀਆਂ ਲੈਣ ਗਈ। ਜਦੋਂ ਪਾਥੀਆਂ ਨੂੰ ਹੱਥ ਪਾਇਆ, ਵਿਚੋਂ ਕਾਲੇ ਨਾਗ ਨੇ ਨਿਕਲ ਕੇ ਡੰਗ ਮਾਰਿਆ ਤੇ ਉਹ ਮਰ ਗਈ। ਬਚਨ ਦੀ ਪ੍ਰਬਲਤਾ ਪ੍ਰਭੂ ਦੀ ਪ੍ਰੇਮ ਸ਼ਕਤੀ ਨਾਲ ਮਿਲਣ ਕਰਕੇ ਹੋਇਆ ਕਰਦੀ ਹੈ।

ਸਤਿਕਾਰਯੋਗ ਮਹਾਂਪੁਰਸ਼ ਹਰਮਨ ਪਿਆਰੇ ਬਾਬਾ ਰਾਮ ਸਿੰਘ ਜੀ ਨਾਮਧਾਰੀ, ਸਿਖ ਫੌਜਾਂ ਦੀ ਆਚਰਣ ਹੀਣਤਾ ਵੇਖ ਕਹਿ ਰਹੇ ਸਨ ਕਿ ਇਹ ਖਾਲਸਾ ਰਾਜ ਬੇਅੰਤ ਸੀਸਾਂ ਦੀਆਂ ਕੁਰਬਾਨੀਆਂ ਦੇਣ ਉਪਰੰਤ ਪ੍ਰਾਪਤ ਹੋਇਆ ਸੀ ਪ੍ਰੰਤੂ ਇਸਦੇ ਰਾਖੇ ਫੌਜੀ ਗੁਰਸਿੱਖਾਂ ਵਾਲੇ ਜੀਵਨ ਨੂੰ ਪੂਰੀ ਤਰ੍ਹਾਂ ਭੁੱਲ ਗਏ ਅਤੇ ਕੁਰਹਿਤਾਂ ਵਿਚ ਪੈ ਗਏ ਹਨ। ਮਧਰਾ, ਮਾਸ, ਪੀਣਾ ਤੇ ਖਾਣਾ ਜੀਵਨ ਨੂੰ ਨਿੰਦਨੀ ਅਵਸਥਾ ਤਕ ਲਿਜਾ ਰਿਹਾ ਸੀ, ਰੋਮ ਕੱਟਣੇ, ਦਾੜ੍ਹੀ ਕੱਟਣੀ; ਇਹ ਆਮ ਵਰਤਾਰਾ ਹੋ ਗਿਆ ਸੀ। ਗੁਰਬਾਣੀ ਪੜ੍ਹਨ ਦੀ ਥਾਂ ਇਹ ਆਪਣੇ ਹੀ ਸਿੱਖ ਸਰਦਾਰਾਂ ਨੂੰ ਘੇਰ ਕੇ ਮਾਰਨ ਲਗ ਗਏ ਸਨ, ਬੁਰਛਾਗਰਦੀ ਪੂਰੀ ਤਰ੍ਹਾਂ ਨਾਲ ਛਾ ਗਈ ਸੀ। ਉਨ੍ਹਾਂ ਨੂੰ ਦੇਖ ਕੇ ਮਹਾਂਪੁਰਸ਼ਾਂ ਦੇ ਮੁਖ ਤੋਂ ਬਚਨ ਨਿਕਲਿਆ ਕਿ ਇਹ ਪੰਜਾਬ ਦੇ ਰਾਜ ਦਾ ਸੂਰਜ ਛੇਤੀਂ ਹੀ ਛੁਪ ਜਾਣ ਵਾਲਾ ਹੈ। ਆਪ ਦੇ ਮੁਖ ਤੋਂ ਤਿੰਨ-ਚਾਰ ਵਾਰੀ ਇਹ ਬਚਨ ਨਿਕਲਿਆ ਕਿਉਂਕਿ ਆਪਣੇ ਦਿਬਯ ਨੇਤਰਾਂ ਸਾਹਮਣੇ ਫੇਰੂ ਅਤੇ ਮੁਦਕੀ ਦੇ ਹੋਣ ਵਾਲੇ ਯੁਧਾਂ ਦੇ ਦ੍ਰਿਸ਼ ਸਾਕਾਰ ਹੋ ਕੇ ਘੁੰਮ ਰਹੇ ਸਨ। ਉਸਨੂੰ ਤਕ ਕੇ ਆਪ ਸਤਿ ਦੀ ਆਵਾਜ਼ ਦੇ ਰਹੇ ਸਨ। ਜਦੋਂ ਇਹ ਬਚਨ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ (ਭਣੋਈਏ) ਕਾਬਲ ਸਿੰਘ ਨੇ ਸੁਣਿਆ ਅਤੇ ਉਨ੍ਹਾਂ ਦੇ ਅਫਸਰ ਨੇ ਸੁਣਿਆ ਤਾਂ ਆਪ ਨੂੰ ਮਸਤਾਨਾ ਜਾਣ ਕੇ ਤੋਪ ਦੇ ਨਾਲ ਬੰਨ੍ਹ ਦਿਤਾ। ਆਪ ਨੇ ਕਿਹਾ ਕਾਬਲ ਸਿੰਘਾ! ਤੂੰ ਮੈਨੂੰ ਇਸ ਤੋਪ ਨਾਲ ਕਿਉਂ ਬੰਨ੍ਹ ਰਿਹਾ ਹੈਂ, ਇਸ ਤੋਪ ਨੇ ਤਾਂ ਯੁੱਧ ਵਿਚ ਤੈਨੂੰ ਉਡਾਉਣਾ ਹੈ।" ਸਮਾਂ ਪਾ ਕੇ ਯੁੱਧ ਹੋਇਆ, ਕਾਬਲ ਸਿੰਘ ਉਸੇ ਤੋਪ ਨਾਲ ਉਡਿਆ ਅਤੇ ਲਾਹੌਰ ਵਿਚ ਅੰਗਰੇਜ਼ ਪਹੁੰਚ ਗਿਆ। ਇਹ ਬਚਨ ਦੇ ਬਲੀ ਸਨ। ਇਸੇ ਤਰ੍ਹਾਂ ਦਾ ਹੀ ਬਚਨ ਬਾਬਾ ਖੁਦਾ ਸਿੰਘ ਜੀ ਨੇ ਉਸ ਸਮੇਂ ਕੀਤਾ ਜਦੋਂ ਗੁਰੂ ਮਾਰੀਆਂ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਬਾਬਾ

ਬੀਰ ਸਿੰਘ ਜੀ ਵਰਗੇ ਮਹਾਂਪੁਰਸ਼ਾਂ ਨੂੰ ਤੋਪ ਦੇ ਗੋਲਿਆਂ ਨਾਲ ਉਡਾ ਦਿਤਾ ਜਦੋਂ ਕਿ ਉਸ ਸਮੇਂ ਬਾਬਾ ਜੀ ਨੇ ਇਨ੍ਹਾਂ ਫੌਜਾਂ ਦੇ ਛਕਣ ਲਈ ਇਕ ਲੱਖ ਬੰਦੇ ਤੋਂ ਵੱਧ ਲਈ ਲੰਗਰ ਤਿਆਰ ਕਰਾ ਕੇ ਰਖਿਆ ਹੋਇਆ ਸੀ। ਇਸ ਤਰ੍ਹਾਂ ਬਹੁਤ ਸਾਰੇ ਬਚਨ-

***ਕਰਮ ਖੰਡ ਕੀ ਬਾਣੀ ਜੋਰੁ ॥***
***ਤਿਥੈ ਹੋਰੁ ਨ ਕੋਈ ਹੋਰੁ ॥***
***ਤਿਥੈ ਜੋਧ ਮਹਾਬਲ ਸੂਰ ॥***
***ਤਿਨ ਮਹਿ ਰਾਮੁ ਰਹਿਆ ਭਰਪੂਰ ॥***

***ਪੰਨਾ - 8***

ਵਾਲੇ ਮੰਡਲ ਵਿਚ ਵਸਦੇ ਮਹਾਂਪੁਰਸ਼ ਸਹਿਜੇ ਹੀ ਕਰ ਦਿਆ ਕਰਦੇ ਹਨ। ਉਨ੍ਹਾਂ ਦਾ ਕੀਤਾ ਹੋਇਆ ਬਚਨ ਵਾਹਿਗੁਰੂ ਜੀ ਨੂੰ ਅਵਸ਼ ਹੀ ਮੰਨਣਾ ਪੈਂਦਾ ਹੈ ਜੈਸਾ ਕਿ ਫੁਰਮਾਨ ਹੈ -

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***

***ਅੰਗ - 1252***

ਪ੍ਰਭੂ ਦੇ ਪਿਆਰੇ ਪ੍ਰਭੂ ਵਿਚ ਅਭੇਦ ਹੁੰਦੇ ਹਨ। ਵਾਹਿਗੁਰੂ ਜੀ ਪਿਆਰ ਦੇ ਵਸੀਭੂਤ ਹੋਏ-ਹੋਏ ਜੋ ਕੁਝ ਵੀ ਉਹ ਕਹਿੰਦੇ ਹਨ ਉਨ੍ਹਾਂ ਨੂੰ ਕਰਨਾ ਪੈਂਦਾ ਹੈ ਭਾਵੇਂ ਪ੍ਰਕ੍ਰਿਤਕ ਨਿਯਮਾਂ ਵਿਚ ਕਿੰਨੀ ਭੀ ਅਦਲਾ-ਬਦਲੀ ਕਰਨੀ ਪਵੇ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥***
***ਕੋਟਿ ਅਪ੍ਰਾਧੀ ਸੰਤਸੰਗਿ ਉਧਰੈ***
***ਜਮੁ ਤਾ ਕੈ ਨੇੜਿ ਨ ਆਵੈ ॥***
***ਜਨਮ ਜਨਮ ਕਾ ਬਿਛੁੜਿਆ ਹੋਵੈ***
***ਤਿਨ ਹਰਿ ਸਿਉ ਆਣਿ ਮਿਲਾਵੈ ॥***
***ਮਾਇਆ ਮੋਹ ਭਰਮੁ ਭਉ ਕਾਟੈ***
***ਸੰਤ ਸਰਣਿ ਜੋ ਆਵੈ ॥***
***ਜੇਹਾ ਮਨੋਰਥੁ ਕਰਿ ਆਰਾਧੇ***
***ਸੋ ਸੰਤਨ ਤੇ ਪਾਵੈ ॥***
***ਜਨ ਕੀ ਮਹਿਮਾ ਕੇਤਕ ਬਰਨਉ***
***ਜੋ ਪ੍ਰਭ ਅਪਨੇ ਭਾਣੇ ॥***
***ਕਹੁ ਨਾਨਕ ਜਿਨ ਸਤਿਗੁਰੁ ਭੇਟਿਆ***
***ਸੇ ਸਭ ਤੇ ਭਏ ਨਿਕਾਣੇ ॥***

***ਅੰਗ - 748***

ਸੰਤ ਫਕੀਰ ਚੰਦ ਬੇਦੀ ਕੁਲ ਦੇ ਨਾਲ ਸਬੰਧ ਰੱਖਣ ਵਾਲੇ, ਡੇਰਾ ਬਾਬਾ ਨਾਨਕ ਰਿਹਾ ਕਰਦੇ ਸੀ। ਉਹ ਹਰ ਵਕਤ ਪ੍ਰਭੂ ਪ੍ਰੇਮ ਵਿਚ ਲੀਨ ਰਿਹਾ ਕਰਦੇ ਸਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣੀ ਉਪਜੀਵਕਾ ਪ੍ਰਾਪਤ ਕਰਿਆ ਕਰਦੇ ਸਨ। ਇਕ ਦਿਨ ਜੇਠ ਦੇ ਮਹੀਨੇ ਉਹ ਮੱਝਾਂ ਚਾਰਦੇ ਹੋਏ ਪਿੰਡ ਦੇ ਨੇੜੇ ਟੋਬੇ ਵਿਚ ਆਏ। ਮੱਝਾਂ ਪਾਣੀ ਵਿਚ ਵੜ ਗਈਆਂ ਪਰ ਉਥੇ ਪਾਣੀ ਟੋਬੇ ਵਿਚ ਥੋੜ੍ਹਾ ਸੀ ਜਿਸ ਕਰਕੇ ਮੱਝਾਂ ਚਿਉਂਕਣੇ ਗਾਰੇ ਨਾਲ ਲਿਬੜ ਗਈਆਂ। ਫਕੀਰ ਚੰਦ ਜੀ ਨੇ ਮੱਝਾਂ ਦੀ ਇਹ ਹਾਲਤ ਵੇਖ ਕੇ ਰਾਵੀ ਦਰਿਆ ਨੂੰ ਹਾਕ ਮਾਰ ਕੇ ਕਿਹਾ ਕਿ ਰਾਵੀਏ! ਇਸ ਪਿੰਡ ਦੇ ਟੋਬੇ ਸੁੱਕੇ ਪਏ ਹਨ ਇਨ੍ਹਾਂ ਨੂੰ ਆ ਕੇ ਭਰ, ਮੈਂ ਮੱਝਾਂ ਨਵਾਉਣੀਆਂ ਹਨ। ਰਾਵੀ ਉਛਲੀ ਅਤੇ ਬਗੈਰ ਕਿਸੇ ਪਹਾੜ ਵਿਚ ਹੋਈ ਬਾਰਸ਼ ਤੋਂ ਸੰਤ ਹੁਕਮ ਦੀ ਬੰਨ੍ਹੀ ਹੋਈ ਉਸ ਪਿੰਡ ਦੇ ਡੇਰਾ ਬਾਬਾ ਨਾਨਕ ਦੇ ਸਾਰੇ ਛੱਪੜ ਭਰ ਗਏ ਅਤੇ ਨਾਲ ਹੀ ਉਥੇ ਰਹਿਣ ਵਾਲੇ ਬੰਦਿਆਂ ਦੇ ਘਰਾਂ ਵਿਚ ਪਾਣੀ ਆ ਗਿਆ। ਕਿਉਂਕਿ ਪਾਣੀ ਘਰਾਂ ਵਿਚ ਵੜ ਜਾਂਦਾ ਸੀ, ਜਿਸ ਕਰਕੇ ਡੇਰਾ ਬਾਬਾ ਨਾਨਕ ਦੇ ਨਿਵਾਸੀ ਕਾਫੀ ਤੰਗ ਸਨ। ਜਦੋਂ ਬਾਬਾ ਸਾਹਿਬ ਸਿੰਘ ਜੀ ਡੇਰਾ ਬਾਬਾ ਨਾਨਕ ਗਏ ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਬਾਬਾ ਜੀ ਸੰਤ ਫਕੀਰ ਚੰਦ ਜੀ ਦੇ ਬਚਨ ਅਨੁਸਾਰ ਰਾਵੀ ਹਰ ਸਾਲ ਜਦੋਂ ਸਾਡੇ ਛੱਪੜ ਭਰਦੀ ਹੈ ਤਾਂ ਸਾਡੇ ਘਰਾਂ ਵਿਚ ਵੀ ਪਾਣੀ ਆ ਜਾਂਦਾ ਹੈ ਤਾਂ ਬਾਬਾ ਜੀ ਨੇ ਕਿਹਾ ਕਿ ਦੇਗ ਬਣਾਓ, ਪੂਰੀ ਵਿਧੀ ਨਾਲ ਦੇਗ ਬਣਾ ਕੇ ਰਾਵੀ ਦੇ ਕੰਢੇ ਜਾ ਕੇ ਅਰਦਾਸ ਕੀਤੀ ਤੇ ਕਿਹਾ ਕਿ ਐ ਰਾਵੀਏ! ਤੈਨੂੰ ਇਕ ਸੰਤ ਨੇ ਬੰਨ੍ਹ ਦਿਤਾ ਸੀ ਮੈਂ ਗੁਰੂ ਕ੍ਰਿਪਾ ਨਾਲ ਅਤੇ ਗੁਰੂ ਭਰੋਸੇ

ਦੇ ਨਾਲ ਤੈਨੂੰ ਇਸ ਬਚਨ ਤੋਂ ਅੱਜ ਤੋਂ ਮੁਕਤ ਕਰਦਾ ਹਾਂ। ਉਸ ਸਮੇਂ ਤੋਂ ਪਿਛੋਂ ਰਾਵੀ ਨਾ ਹੀ ਉਛਲੀ ਅਤੇ ਨਾ ਹੀ ਕਿਸੇ ਘਰ ਵਿਚ ਪਾਣੀ ਵੜਿਆ।

ਰਾੜੇ ਸਾਹਿਬ ਸੰਤ ਮਹਾਰਾਜ ਜੀ ਦੇ ਸਮੇਂ ਇਕ ਗੁਰਮੁਖ ਪਿਆਰਾ ਸੇਵਾ ਕਰਿਆ ਕਰਦਾ ਸੀ। ਉਸਨੂੰ ਬਾਬਾ ਆਪੇ ਆਪ ਕਿਹਾ ਕਰਦੇ ਸਨ। ਉਸ ਸਮੇਂ ਰਾੜਾ ਸਾਹਿਬ ਬਿਲਕੁਲ ਉਜਾੜ ਸੀ ਅਤੇ ਕੁਝ ਝੌਂਪੜੀਆਂ ਸਰਦਾਰ ਗਿਆਨ ਸਿੰਘ ਰਾੜੇ ਵਾਲੇ ਦੀ ਢੱਕੀ ਵਿਚ ਪਾਈਆਂ ਹੋਈਆਂ ਸਨ। ਇਸ ਬਾਬਾ ਆਪੇ ਆਪ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਦਿਬਯ ਦ੍ਰਿਸ਼ਟ ਪ੍ਰਾਪਤ ਹੋਈ ਤੇ ਭੂਤ ਭਵਿੱਖਤ ਦੀਆਂ ਦੀਵਾਰਾਂ ਇਸ ਦੇ ਸਾਹਮਣਿਓਂ ਹਟ ਗਈਆਂ। ਉਸ ਵੇਲੇ ਬਹੁਤ ਉਚੀਆਂ-ਉਚੀਆਂ ਟੀਸੀਆਂ ਵਾਲੇ ਟਿੱਬੇ ਰਾੜਾ ਸਾਹਿਬ ਦੀ ਢੱਕੀ ਦੇ ਨੇੜੇ ਹੋਇਆ ਕਰਦੇ ਸਨ। ਇਹ ਬਾਬਾ ਟਿੱਬਿਆਂ ਦੇ ਉਤੇ ਖੜ੍ਹਾ ਹੋ ਕੇ ਕੁਝ ਅਜੀਬ ਬਚਨ ਕਿਹਾ ਕਰਦਾ ਸੀ। ਇਕ ਦਿਨ ਛੋਟੇ ਮਹਾਂਪੁਰਸ਼ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਨੂੰ ਨਾਲ ਲੈ ਕੇ ਟਿੱਬੇ ਉਪਰ ਚੜ੍ਹ ਗਿਆ ਅਤੇ ਹੱਥ ਦੇ ਇਸ਼ਾਰੇ ਕਰ-ਕਰ ਦੱਸਣ ਲੱਗਿਆ ਕਿ ਮਹਾਂਪੁਰਸ਼ੋ! ਆਪ ਤਾਂ ਸਭ ਕੁਝ ਦੇਖ ਹੀ ਰਹੇ ਹੋਂ ਪਰ ਮੈਂ ਬਹੁਤ ਹੈਰਾਨ ਹੋ ਰਿਹਾ ਹਾਂ ਕਿ ਆਹ ਦੇਖੋ! ਪਿੰਡ ਘੁਡਾਣੀ ਤੋਂ ਪੱਕੀ ਸੜਕ ਨਹਿਰ ਵਲ ਨੂੰ ਆ ਰਹੀ ਹੈ। ਇਸ ਸੜਕ ਦੇ ਕੰਢੇ ਕਿੱਡੀਆਂ ਉਚੀਆਂ-ਉਚੀਆਂ ਇਮਾਰਤਾਂ ਬਣ ਗਈਆਂ ਹਨ। ਐਧਰ ਦੇਖੋ! ਨਹਿਰ ਦੇ ਕੰਢੇ ਕਿੱਡਾ ਆਲੀਸ਼ਾਨ ਗੁਰਦਵਾਰਾ ਬਣਿਆ ਪਿਆ ਹੈ ਜੋ ਬਹੁਤ ਹੀ ਸੁਹਾਵਣਾ ਹੈ। ਮਹਾਰਾਜ ਜੀ ਔਹ ਦੇਖੋ! ਸਾਹਮਣੇ ਘੰਟਾ ਘਰ ਨਜ਼ਰ ਆ ਰਿਹਾ ਹੈ। ਐਧਰ ਹਸਪਤਾਲ ਬਣੇ ਹੋਏ ਹਨ, ਬੈਂਕ ਬਣੇ ਹੋਏ ਹਨ ਅਤੇ ਬੇਅੰਤ ਦੁਕਾਨਾਂ ਨਹਿਰ ਵਲ ਨੂੰ ਮੂੰਹ ਰਖ ਕੇ ਬਣੀਆਂ ਹੋਈਆਂ ਹਨ। ਬਹੁਤ ਸਾਰੇ ਰਿਹਾਇਸ਼ੀ ਮਕਾਨ ਦਿਸ ਰਹੇ ਹਨ। ਔਹ ਜਿਧਰ ਨੂੰ ਨਹਿਰ ਦਾ ਪਾਣੀ ਜਾਂਦਾ ਹੈ ਉਹ ਸਾਹਮਣੇ ਇਕ ਮੀਲ ਤੇ ਵੱਡਾ ਕਾਲਜ ਨਜ਼ਰ ਆ ਰਿਹਾ ਹੈ। ਬੱਚੇ ਪੜ੍ਹ ਕੇ ਨਿਕਲ ਰਹੇ ਹਨ। ਦੇਖੋ ਮਹਾਰਾਜ ਜੀ ਕਿੰਨੀ ਅਬਾਦੀ ਹੋਈ-ਹੋਈ ਹੈ ਮੋਟਰਾਂ, ਕਾਰਾਂ, ਬੱਸਾਂ, ਟਰੱਕ, ਧੁਕ-ਧੁਕੀਏ (ਮੋਟਰ ਸਾਈਕਲਾਂ) ਘੁੰਮ ਰਹੀਆਂ ਹਨ। ਔਹ ਲੁਧਿਆਣੇ ਵਲੋਂ ਸੜਕਾਂ ਮਿਲ ਰਹੀਆਂ ਹਨ। ਤਾਂ ਛੋਟੇ ਸੰਤ ਮਹਾਰਾਜ ਜੀ ਨੇ ਕਿਹਾ ਕਿ ਬਾਬਾ ਤੇਰੇ ਬਚਨ ਅਵਸ਼ ਸਤਿ ਹੋ ਜਾਣੇ ਹਨ ਕਿਉਂਕਿ ਤੇਰੀ ਬਿਰਤੀ ਹਰ ਸਮੇਂ, ਹਰ ਥਾਂ ਉਪਰ ਪ੍ਰਭੂ ਦੇ ਦਰਸ਼ਨ ਕਰ ਰਹੀ ਹੈ ਅਤੇ ਤੂੰ ਸਦਾ ਹੀ ਆਪੇ ਆਪ-ਆਪੇ ਆਪ ਕਹਿੰਦਾ ਪ੍ਰਭੂ ਨੂੰ ਤਕ ਰਿਹਾ ਹੈਂ। ਤੇਰਾ ਵਾਸਾ ਕਰਮਖੰਡ ਵਿਚ ਹੋ ਚੁਕਿਆ ਹੈ ਅਤੇ ਤੇਰੇ ਬਚਨ ਵਿਚ ਮਿਥਿਆ ਬਾਤ ਨਹੀਂ ਆਉਂਦੀ। ਜੋ ਕੁਝ ਆਉਂਦਾ ਹੈ ਉਹ ਸਤਿ ਹੀ ਆਉਂਦਾ ਹੈ। ਇਸੇ ਤਰ੍ਹਾਂ ਦੇ ਨਾਲ ***'ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ।'*** ਕਉਲਾ ਬਪੁਰੀ ਮਾਇਆ ਨੂੰ ਆਖਦੇ ਹਨ। ਇਹ ਮਾਇਆ ਸਾਰੇ ਸੰਸਾਰ ਨੂੰ ਆਪਣੀ ਸ਼ਕਤੀ ਨਾਲ ਘਟ-ਘਟ ਵਿਚ ਵਸਦੇ ਵਾਹਿਗੁਰੂ ਤੋਂ ਪੂਰੀ ਤਰ੍ਹਾਂ ਨਾਲ ਤੋੜ ਦਿਆ ਕਰਦੀ ਹੈ। ਇਸ ਮਾਇਆ ਨੇ ਪ੍ਰਭੂ ਦੀ ਅਖੰਡ ਜੋਤੀ ਨੂੰ ਤਿੰਨ ਥਾਵਾਂ ਵਿਚ ਵੰਡਿਆ ਹੋਇਆ ਹੈ। ਇਕ ਨੂੰ ਵਾਹਿਗੁਰੂ ਜੀ ਆਖਦੇ ਹਨ, ਦੂਜੀ ਨੂੰ ਜੀਵ ਆਖਦੇ ਹਨ, ਤੀਜੇ ਟੁਕੜੇ ਨੂੰ ਸੰਸਾਰ ਆਖਦੇ ਹਨ। ਇਸ ਮਾਇਆ ਦਾ ਅਸਰ ਸਾਰੇ ਸੰਸਾਰ ਉਪਰ ਹੋਣ ਕਰਕੇ ਸੰਸਾਰ ਐਨਾਂ ਭੁੱਲ ਚੁੱਕਿਆ ਹੈ ਕਿ ਪ੍ਰਭੂ ਸੱਤਾ ਉਸ ਦੇ ਅੰਗ ਸੰਗ ਹੈ। ਬਾਣੀ ਦੇ ਬਾਰ-ਬਾਰ ਦੱਸਣ ਦੇ ਬਾਵਜੂਦ ਵੀ ਮਾਇਆ ਦੇ ਮੋਹੇ ਹੋਏ ਪੁਰਸ਼ ਨੂੰ ਭਰੋਸਾ ਹੀ ਨਹੀਂ ਆਉਂਦਾ ਕਿ ਵਾਹਿਗੁਰੂ ਜੀ ਮੇਰੇ ਅੰਗ ਸੰਗ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ***
***ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ***
***ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ***
***ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ***
***ਕਛੁ ਊਨ ਨ ਹੋਈ॥***

***ਸਾਸਿ ਸਾਸਿ ਸੰਮਾਲਤਾ***
***ਮੇਰਾ ਪ੍ਰਭ ਸੋਈ॥***

***ਅੰਗ - 677***

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥***

***ਅੰਗ - 612***

ਪਰ ਸੰਤਾਂ ਨੂੰ ਵਾਹਿਗੁਰੂ ਹਾਜ਼ਰਾ-ਹਜ਼ੂਰ; ਜ਼ਾਹਰਾ-ਜ਼ਹੂਰ ਅੰਦਰ, ਬਾਹਰ ਸਭ ਥਾਂ ਦ੍ਰਿੜ੍ਹ ਨਿਸ਼ਚੇ ਨਾਲ ਦ੍ਰਿਸ਼ਟੀ ਪੈਂਦਾ ਹੈ।

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ***
***ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥***

***ਅੰਗ - 293***

ਐਸੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਲਈ ਸਵਰਗਾਂ ਦੇ ਸਮੂੰਹ ਦੇਵਤੇ - ਬ੍ਰਹਮ ਲੋਕ ਤੇ ਸ਼ਿਵ ਲੋਕ ਅਤੇ ਬੈਕੁੰਠ ਵਾਸੀ ਬ੍ਰਹਮਾ, ਸ਼ਿਵ ਜੀ ਅਤੇ ਵਿਸ਼ਨੂੰ ਜੀ ਆਪ ਸੰਤਾਂ ਦੀ ਸੰਗਤ ਕਰਦੇ ਹਨ। ਗੁਰਬਾਣੀ ਵਿਚ ਫੁਰਮਾਨ ਹੈ ਕਿ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ***
***ਆਪਿ ਪਰਮੇਸੁਰ॥ ਅੰਗ - 273***

***ਤਾ ਕਾ ਸੰਗੁ ਬਾਛਹਿ ਸੁਰਦੇਵ॥***

***ਅਮੋਘ ਦਰਸੁ ਸਫਲ ਜਾ ਕੀ ਸੇਵ॥***

***ਅੰਗ - 392***

ਉਨ੍ਹਾਂ ਦੇ ਦਰਸ਼ਨਾਂ ਦਾ ਫਲ ਕਦੇ ਵੀ ਅਕਾਰਥ ਨਹੀਂ ਜਾਂਦਾ। ਇਸ ਵਾਸਤੇ ਦੇਵਤੇ ਸਾਧੂਆਂ ਦੇ ਦਰਸ਼ਨ ਕਰਨ ਨੂੰ ਸਦਾ ਹੀ ਲੋਚਦੇ ਰਹਿੰਦੇ ਹਨ। ਆਤਮ ਮੰਡਲ ਵਿਚ ਸਾਰੇ ਹੀ ਮਹਾਂਪੁਰਸ਼ਾਂ ਦੇ ਜੀਵਨ ਵਿਚ ਐਸੀਆਂ ਘਟਨਾਵਾਂ ਵਾਪਰੀਆਂ ਹਨ ਕਿ ਜਦੋਂ ਉਹ ਸੰਗਤਾਂ ਵਿਚ ਪ੍ਰਵਚਨ ਕਰਦੇ ਹਨ, ਕੀਰਤਨ ਕਰਦੇ ਹਨ ਤਾਂ ਮੁਕਤ ਆਤਮਾਵਾਂ ਦੇਵਤੇ, ਸ਼ਹੀਦ ਆਦਿ ਉਨ੍ਹਾਂ ਦੇ ਸਮਾਗਮਾਂ ਵਿਚ ਆ ਕੇ ਸ਼ਸ਼ੋਭਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਹਾਜ਼ਰੀ ਦਾ ਆਮ ਸੰਗਤਾਂ ਤੇ ਇਹ ਪ੍ਰਭਾਵ ਪੈਂਦਾ ਹੈ ਕਿ ਉਸ ਥਾਂ ਦੇ ਉਤੇ pin drop silence ਹੋਇਆ ਕਰਦੀ ਹੈ ਅਤੇ ਸਰੋਤਿਆਂ ਦੀਆਂ ਚਿਤ ਬਿਰਤੀਆਂ ਸ਼ਬਦ ਨਾਲ ਪੂਰੀ ਤਰ੍ਹਾਂ ਜੁੜ ਜਾਇਆ ਕਰਦੀਆਂ ਹਨ। ਉਸਦੇ ਵਿਪਰੀਤ ਜਿਥੇ ਕਲਜੁਗ ਦਾ ਵਾਸਾ ਹੋਵੇ ਉਥੇ ਬਕਤਾ ਦੇ ਮੂੰਹ ਵਿਚੋਂ ਜ਼ਹਿਰੀਲੇ ਅੱਖਰ, ਜ਼ਹਿਰੀਲੇ ਭਾਸ਼ਣ, ਕੂੜ-ਕਪਟ ਦੇ ਬਚਨ ਨਿਕਲਦੇ ਹਨ, ਜਿਸ ਤੋਂ ਸਰੋਤਿਆਂ ਦੇ ਅੰਦਰ ਰਾਗ, ਦ੍ਵੈਸ਼, ਨਿੰਦਿਆ, ਬੇਚੈਨੀ, ਵੈਰ ਭਾਵ ਪੈਦਾ ਹੋ ਜਾਇਆ ਕਰਦਾ ਹੈ ਕਿਉਂਕਿ ਉਸ ਥਾਂ ਉਤੇ ਕਲਜੁਗ ਆਪਣੀਆਂ ਸਮੂੰਹ ਫੌਜਾਂ ਸਮੇਤ ਪ੍ਰਭਾਵ ਪਾ ਰਿਹਾ ਹੁੰਦਾ ਹੈ। ਐਸੇ ਰਹਿਤ ਵਾਲੇ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਂਚ ਦਸਦੇ ਹਨ।

***ਕਰ ਜੋੜਿ ਨਾਨਕੁ ਕਰੇ ਅਰਦਾਸਿ॥***
***ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥***

***ਅੰਗ - 392***

ਇਸ ਤਰ੍ਹਾਂ ਨਾਲ ਸੰਤਾਂ ਦੇ ਨਿੱਜੀ ਸੁਭਾਅ ਬਾਰੇ, ਜਿਸ ਬਿਰਤੀ ਵਿਚ ਸੰਤ ਵਰਤਦੇ ਹਨ, ਉਸ ਬਾਰੇ ਗੁਰਬਾਣੀ ਵਿਚ ਬਹੁਤ ਹੀ ਸੁੰਦਰ ਤੇ ਸਪਸ਼ਟ ਫੁਰਮਾਨ ਹੈ -

***ਸਸਤ੍ਰਿ ਤੀਖਣਿ ਕਾਟਿ ਡਾਰਿਓ***
***ਮਨਿ ਨ ਕੀਨੋ ਰੋਸੁ॥***

***ਅੰਗ - 1017***

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਸੰਗਤ ਵਿਚ ਸ਼ੁਭ ਉਪਦੇਸ਼ ਕਰ ਰਹੇ ਸਨ ਤੇ ਉਸ ਵਿਚ ਬਚਨ ਆਇਆ ਕਿ ਜਦੋਂ ਪ੍ਰਭੂ ਕ੍ਰਿਪਾਲ ਹੋ ਜਾਂਦਾ ਹੈ ਤਾਂ ਸਭ ਤੋਂ ਪਿਆਰੀ ਚੀਜ਼ ਸੰਤਾਂ ਦੀ ਸੰਗਤ ਬਖਸ਼ ਦਿਆ ਕਰਦਾ ਹੈ। ਸੰਤਾਂ ਦਾ ਧਿਆਨ ਹਰ ਵਕਤ ਬ੍ਰਹਮ ਵਿਚ ਹੀ ਰਹਿੰਦਾ ਹੈ ਅਤੇ ਜੋ ਬਚਨ ਕਰਦੇ ਹਨ ਉਹ ਵੀ ਬ੍ਰਹਮ ਦਾ ਹੀ ਕਰਦੇ ਹਨ। ਬ੍ਰਹਮ ਬਾਣੀ ਉਨ੍ਹਾਂ ਦੇ ਅੰਦਰ ਪੂਰੀ ਤਰ੍ਹਾਂ ਪ੍ਰਗਟ

ਹੋਇਆ ਕਰਦੀ ਹੈ।

***ਸੁਅਸਤਿ ਆਥਿ ਬਾਣੀ ਬਰਮਾਉ॥***

***ਅੰਗ - 4***

ਜਦੋਂ ਵਾਹਿਗੁਰੂ ਜੀ ਕ੍ਰਿਪਾਲ ਹੁੰਦੇ ਹਨ ਤਾਂ ਅਜਿਹੇ ਸੰਤਾਂ ਦੀ ਸੰਗਤ ਪ੍ਰਾਪਤ ਹੋਇਆ ਕਰਦੀ ਹੈ ਅਤੇ ਨਾਲ ਹੀ ਆਪ ਜੀ ਨੇ ਫੁਰਮਾਨ ਕੀਤਾ ਕਿ ਜਦੋਂ ਪੂਰਬਲੇ ਕਰਮ ਸਮਾਂ ਪਾ ਕੇ ਤਤਪਰ ਹੁੰਦੇ ਹਨ ਤਾਂ ਉਸ ਸਮੇਂ ਰਸਕ ਬੈਰਾਗੀ ਮਹਾਂਪੁਰਸ਼ ਦੇ ਨਾਲ ਮਿਲਾਪ ਹੁੰਦਾ ਹੈ ਜਿਨ੍ਹਾਂ ਦੇ ਬਚਨ ਸੁਣ ਕੇ ਮਾਇਆ ਦੇ ਤਿੰਨਾ ਗੁਣਾਂ - ਰਜੋ, ਤਮੋ, ਸਤੋ ਦੀ ਪਾਈ ਹੋਈ ਗਾੜ੍ਹੀ ਨੀਂਦ ਵਿਚੋਂ ਜਾਗ ਕੇ ਆਤਮ ਸਰੂਪ ਦੀ ਸ਼ਾਖਸ਼ਾਤਕਾਰਤਾ ਹੋ ਜਾਇਆ ਕਰਦੀ ਹੈ ਅਤੇ ਅਗਿਆਨ ਦਾ ਅੰਧਕਾਰ ਮਿਟ ਜਾਂਦਾ ਹੈ ਤੇ ਸਰਬ ਵਿਆਪੀ ਪ੍ਰਭੂ ਜੋਤ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਅਜਿਹਾ ਸਤਿਸੰਗ ਪ੍ਰਭੂ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਕਰਦਾ ਹੈ।

***ਜਉ ਭਇਓ ਕ੍ਰਿਪਾਲੁ***
***ਤਾ ਸਾਧਸੰਗੁ ਪਾਇਆ***
***ਜਨ ਨਾਨਕ ਬ੍ਰਹਮੁ ਧਿਆਇਓ॥***

***ਅੰਗ - 1017***

ਤਾਂ ਇਹ ਬਚਨ ਸੁਣ ਕੇ ਸੰਗਤ ਵਿਚ ਬੈਠੇ ਪ੍ਰੇਮੀ ਨੇ ਕਿਹਾ ਕਿ ਹੇ ਗੁਰੂ ਮਹਾਰਾਜ ਆਪ ਤਾਂ ਗੁਰਬਾਣੀ ਦੇ ਅਨੁਸਾਰ ਸ਼ਾਖਸ਼ਾਤ ਪ੍ਰਭੂ ਦਾ ਸਰਗੁਣ ਸਰੂਪ ਹੋਂ ਜਿਵੇਂ ਕਿ ਆਪ ਨੇ ਬਾਣੀ ਵਿਚ ਪ੍ਰਗਟ ਕੀਤਾ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਅੰਗ - 442***

ਜਨਮ ਸਾਖੀਆਂ ਦੇ ਅਨੁਸਾਰ ਭੀ ਸੁਣ ਕੇ ਅਸੀਂ ਆਪਣਾ ਨੇਸ਼ਟਾ ਇਸ ਗੱਲ ਉਪਰ ਕਾਇਮ ਕੀਤਾ ਹੈ ਕਿ ਜਦੋਂ ਆਪ ਆਪਣੇ ਪਹਿਲੇ ਸਰੂਪ ਵਿਚ ਅਕਾਲ ਪੁਰਖ ਦੀ ਦਰਗਾਹ, ਜਿਸਨੂੰ ਸਚਖੰਡ ਆਖ ਕੇ ਵਰਣਨ ਕੀਤਾ ਹੈ, ਵਿਚ ਪਹੁੰਚੇ ਤਾਂ ਅਕਾਲਪੁਰਖ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੈਂ ਮੇਰੇ ਨਾਮ ਦਾ ਅੰਮ੍ਰਿਤ ਪਿਆਲਾ ਪੀਤਾ ਹੈ। ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ ਤੇ ਤੂੰ ਗੁਰੂ ਪ੍ਰਮੇਸ਼ਰ ਹੈਂ। ਸੰਸਾਰ ਵਿਚ ਇਸ ਨਾਮ ਅੰਮ੍ਰਿਤ ਦੇ ਭੰਡਾਰੇ ਸੰਸਾਰੀ ਜੀਵਾਂ ਨੂੰ ਵੰਡ ਅਤੇ ਉਨ੍ਹਾਂ ਨੂੰ ਕਲਜੁਗ ਦੇ ਅੰਧਕਾਰ ਵਿਚੋਂ ਨਿਕਲਣ ਦਾ ਉਪਦੇਸ਼ ਦੇਹ। ਗੁਰੂ ਪ੍ਰਮੇਸ਼ਰ ਦੇ ਉਪਦੇਸ਼ ਨੂੰ ਕਮਾ ਕੇ ਸੰਤ ਪਦਵੀ ਪ੍ਰਾਪਤੀ ਕੀਤੀ ਹੈ। ਆਪ ਜੀ ਦੇ ਬਚਨਾਂ ਵਿਚ ਬਾਣੀ ਰਾਹੀਂ ਬਾਰ-ਬਾਰ ਇਹ ਤਾਕੀਦ ਕੀਤੀ ਗਈ ਹੈ ਕਿ ਸੰਤਾਂ ਦਾ ਸੰਗ ਕਰੋ ਅਤੇ ਮਨਮੁਖਾਂ-ਬੇਮੁਖਾਂ, ਪਾਖੰਡੀਆਂ, ਢੌਂਗੀਆਂ, ਬਕਵਾਦ ਕਰਨ ਵਾਲਿਆਂ ਦਾ ਸੰਗ ਭੁੱਲ ਕੇ ਵੀ ਨਾ ਕਰੀਂ। ਅਸਾਨੂੰ ਅਰਦਾਸ ਕਰਨ ਦੀ ਜਾਂਚ ਸਿਖਾ ਕੇ ਫੁਰਮਾਨ ਕਰਦੇ ਹਨ ਕਿ -

***ਹੋਹੁ ਕ੍ਰਿਪਾਲ ਸੁਆਮੀ ਮੇਰੇ***
***ਸੰਤਾਂ ਸੰਗਿ ਵਿਹਾਵੇ॥***
***ਤੁਧਹੁ ਭੁਲੇ ਸਿ ਜਮਿ ਜਮਿ ਮਰਦੇ***
***ਤਿਨ ਕਦੇ ਨ ਚੁਕਨਿ ਹਾਵੇ॥***

***ਅੰਗ - 961***

ਸੰਤਾਂ ਦੀ ਆਪਨੇ ਬਹੁਤ ਮਹਿਮਾ ਕੀਤੀ ਹੈ ਅਤੇ ਇਥੇ ਫੁਰਮਾਨ ਕੀਤਾ ਹੈ-

***ਸੰਤਹ ਚਰਨ ਮਾਥਾ ਮੇਰੋ ਪਉਤ॥***
***ਅਨਿਕ ਬਾਰ ਸੰਤਹ ਡੰਡਉਤ॥***
***ਇਹੁ ਮਨੁ ਸੰਤਨ ਕੈ ਬਲਿਹਾਰੀ॥***
***ਜਾ ਕੀ ਓਟ ਬਾਰ ਗਹੀ ਸੁਖੁ ਪਾਇਆ***
***ਰਾਖੇ ਕਿਰਪਾ ਧਾਰੀ॥***

***ਸੰਤਹ ਚਰਣ ਧੋਇ ਧੋਇ ਪੀਵਾ॥***
***ਸੰਤਹ ਦਰਸੁ ਪੇਖਿ ਪੇਖਿ ਜੀਵਾ॥***

***ਅੰਗ - 889***

***ਸੰਤਨ ਸੰਤ ਸਾਧ ਮਿਲਿ ਰਹੀਐ***
***ਗੁਣ ਬੋਲਹਿ ਪਰਉਪਕਾਰੇ॥***
***ਸੰਤੈ ਸੰਤੁ ਮਿਲੈ ਮਨੁ ਬਿਗਸੈ***
***ਜਿਉ ਜਲ ਮਿਲਿ ਕਮਲ ਸਵਾਰੇ॥***

***ਅੰਗ - 983***

***ਸੰਤਾ ਕੀ ਇਹ ਰੀਤਿ ਨਿਰਾਲੀ॥***
***ਪਾਰਬ੍ਰਹਮੁ ਕਰਿ ਦੇਖਹਿ ਨਾਲੀ॥***

***ਅੰਗ - 1085***

ਮਹਾਰਾਜ ਜੀ ਅਜਿਹੇ ਸੰਤ ਕੋਈ ਆਡੰਬਰ

ਨਹੀਂ ਕਰਦੇ, ਆਪਣੀ ਕੋਈ ਇਸ਼ਤਿਹਾਰਬਾਜ਼ੀ ਨਹੀਂ ਕਰਦੇ, ਆਪਣੇ ਆਪ ਨੂੰ ਪੂਰਨ ਤੌਰ ਤੇ ਗੁਪਤ ਰੱਖਣ ਦਾ ਜਤਨ ਕਰਦੇ ਹਨ ਅਤੇ ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦੇ ਹਨ ਫਿਰ ਸਾਨੂੰ ਕਿਵੇਂ ਪਤਾ ਲੱਗੇ ਕੌਣ ਉਹ ਸੰਤ ਹੈ ਜਿਸਦੇ ਬਾਰੇ ਆਪ ਬਾਣੀ ਵਿਚ ਬਾਰ-ਬਾਰ ਫੁਰਮਾਨ ਕਰਦੇ ਹੋ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕੁਝ ਪ੍ਰਮਾਣ ਦੇ ਕੇ 'ਸੰਤਨਾ ਕੀ ਰੀਤਿ' ਬਾਰੇ ਦੱਸਣ ਦੀ ਕ੍ਰਿਪਾਲਤਾ ਕੀਤੀ ਅਤੇ ਦ੍ਰਿਸ਼ਟਮਾਨ ਜਗਤ ਵਿਚੋਂ ਕੁਝ ਪ੍ਰਮਾਣ ਆਪ ਜੀ ਨੇ ਲਏ - 1. ਚੰਦਨ ਦਾ ਬ੍ਰਿਛ 2. ਕਿਸ਼ਤੀ ਦਾ 3. ਪ੍ਰਿਥਵੀ ਦਾ 4. ਅਕਾਸ਼ ਦਾ 5. ਸੂਰਜ ਦਾ 6. ਹਵਾ ਦਾ ਅਤੇ 7. ਅੱਗ ਦਾ। ਇਨ੍ਹਾਂ ਸੱਤਾਂ ਦ੍ਰਿਸ਼ਟਾਂਤਾਂ ਰਾਹੀਂ ਸੰਤਾਂ ਦੀ ਰੀਤ ਬਾਰੇ ਫੁਰਮਾਨ ਕੀਤਾ ਹੈ। ਪਹਿਲਾਂ ਕਿਹਾ ਕਿ ਕਿਸੇ ਨੇ ਚੰਦਨ ਦੇ ਬ੍ਰਿਛ ਨੂੰ ਜਾਂ ਕਿਸੇ ਹੋਰ ਲੱਕੜੀ ਦੇ ਬ੍ਰਿਛ ਨੂੰ ਤਿੱਖੇ ਸ਼ਸ਼ਤਰ ਜਾਂ ਕੁਹਾੜੇ ਆਦਿਕ ਨਾਲ ਕੱਟ ਸੁੱਟਿਆ ਪਰ ਉਸ ਬ੍ਰਿਛ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ। ਸਗੋਂ ਉਸ ਕੱਟਣ ਵਾਲੇ ਦੇ ਕਾਰਜ ਨੂੰ ਲੈ ਕੇ ਸਵਾਰਨ ਦਾ ਜਤਨ ਕੀਤਾ ਤੇ ਤਿਲ ਮਾਤਰ ਵੀ ਦੋਸ਼ ਨਹੀਂ ਦਿਤਾ। ਹੇ ਭਾਈ ਤੂੰ ਸੰਤਾਂ ਦੀ ਰੀਤ ਸੁਣਨਾ ਕਰ। ਚੰਦਨ ਦੇ ਬ੍ਰਿਛ ਵਾਂਗ ਜੋ ਮਹਾਤਮਾ ਹਨ ਇਨ੍ਹਾਂ ਨੂੰ ਕੌੜੇ ਬਚਨ ਨਿਰਾਦਰ ਦੇ ਕੀਤੇ ਜਾਂ ਨਿੰਦਿਆ ਕੀਤੀ ਅਤੇ ਸੰਤਾਂ ਦੀ ਹੋ ਰਹੀ ਪ੍ਰਭਤਾ ਦੀ ਈਰਖਾ ਕਰਦਿਆਂ ਬੇਮਤਲਬੇ ਦੋਸ਼ ਅਰੋਪਣ ਲਗਾਏ ਅਤੇ ਉਨ੍ਹਾਂ ਦੀ ਪ੍ਰਭਤਾ ਨੂੰ ਮਿੱਟੀ ਵਿਚ ਮਿਲਾਉਣ ਦਾ ਜਤਨ ਕੀਤਾ ਪਰ ਸੰਤਾਂ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ। ਆਪਣੇ ਮਨ ਵਿਚ ਇਹੋ ਸ਼ੁਭ ਇੱਛਾ ਰਖੀ ਕਿ ਇਸ ਭਟਕੇ ਜੀਵ ਦਾ ਵੀ ਭਲਾ ਕੀਤਾ ਜਾਵੇ ਤੇ ਅਜਿਹੇ ਦੁਸ਼ਟ ਪੁਰਸ਼ ਨੂੰ ਨਾ ਹੀ ਕੋਈ ਸਰਾਪ ਦਿਤਾ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਬੁਰੀ ਚਿਤਵਨੀ ਉਸ ਬਾਰੇ ਚਿਤਵੀ। ਇਸ ਦੇ ਵਿਪਰੀਤ ਉਸਦੇ ਭਲੇ ਲਈ ਅਰਦਾਸ ਕਰਦੇ ਹਨ -

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬੱਤ ਕਾ ਭਲਾ।*

ਬਾਣੀ ਦਾ ਫੁਰਮਾਨ ਹੈ -

*ਸਸਤ੍ਰਿ ਤੀਖਣਿ ਕਾਟਿ ਡਾਰਿਓ*
*ਮਨਿ ਨ ਕੀਨੋ ਰੋਸੁ॥*
*ਕਾਜੁ ਉਆ ਕੋ ਲੇ ਸਵਾਰਿਓ*
*ਤਿਲੁ ਨ ਦੀਨੋ ਦੋਸੁ॥*
*ਮਨ ਮੇਰੇ ਰਾਮ ਰਉ ਨਿਤ ਨੀਤਿ॥*
*ਦਇਆਲ ਦੇਵ ਕ੍ਰਿਪਾਲ ਗੋਬਿੰਦ*
*ਸੁਨਿ ਸੰਤਨਾ ਕੀ ਰੀਤਿ॥*

***ਅੰਗ - 1017***

ਦੂਸਰਾ ਦ੍ਰਿਸ਼ਟਾਂਤ ਆਪ ਨੇ ਕਿਸ਼ਤੀ ਦਾ ਦਿਤਾ ਕਿ ਜਿਵੇਂ ਕਿਸੇ ਸਾਗਰ ਤੋਂ ਪਾਰ ਲੰਘਣਾ ਹੈ ਅਤੇ ਉਹ ਦੂਰ ਤੋਂ ਪੈਦਲ ਚਲ ਕੇ ਆਇਆ ਤਾਂ ਸਰੀਰ ਥਕੇਵੇਂ ਨਾਲ ਚੂਰ-ਚੂਰ ਹੋਇਆ-ਹੋਇਆ ਸੀ ਪਰ ਜਦੋਂ ਉਹ ਨਉਕਾ ਵਿਚ ਚੜ੍ਹ ਕੇ ਉਸਦੇ ਉਪਰ ਪੈਰ ਰੱਖ ਕੇ ਬੈਠ ਗਿਆ ਤਾਂ ਉਸਦਾ ਥਕੇਵਾਂ ਦੂਰ ਹੋ ਗਿਆ ਅਤੇ ਉਸੇ ਨਉਕਾ ਉਪਰ ਬੈਠ ਕੇ ਵੱਡੇ ਸਾਗਰ ਨੂੰ ਪਾਰ ਹੋਣ ਦਾ ਦੁਖ ਨਾ ਵਿਆਪਿਆ ਅਤੇ ਸਹਿਜੇ ਹੀ ਸਮੁੰਦਰ ਤੋਂ ਪਾਰ ਹੋ ਗਿਆ। ਇਸਦਾ ਦਾ - ਦ੍ਰਿਸ਼ਟਾਂਤ ਇਹ ਹੈ ਕਿ ਜਦੋਂ ਸੰਤਾਂ ਦੀ ਸੰਗਤ ਰੂਪ ਨਉਕਾ ਵਿਚ ਕੋਈ ਆ ਕੇ ਬੈਠ ਗਿਆ ਤਾਂ ਜੋ ਸਰੀਰ ਵਿਚ ਜਨਮ ਮਰਣ ਦਾ ਸੰਕਟ ਸੀ ਅਤੇ ਕ੍ਰੋੜਾਂ ਜਨਮਾਂ ਵਿਚ ਵੱਖਰੀਆਂ-ਵੱਖਰੀਆਂ ਦੇਹਾਂ ਧਾਰਨ ਦਾ ਦੁਖ ਸੀ ਜਿਵੇਂ ਕਿ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*

***ਅੰਗ - 176***

ਉਹ ਸੰਤਾਂ ਦੇ ਸ਼ੁਧ ਉਪਦੇਸ਼ ਸੁਣਨ ਨਾਲ ਅਤੇ ਉਨ੍ਹਾਂ ਉਪਦੇਸ਼ ਦੀ ਕਮਾਈ ਕਰਨ ਨਾਲ ਕਰਮ, ਉਪਾਸ਼ਨਾ, ਗਿਆਨ ਰਾਹੀਂ ਮਲ, ਵਿਖਸ਼ੇਪਤਾ ਅਤੇ ਅਗਿਆਨ ਦਾ ਪੜਦਾ ਦੂਰ ਹੋ ਗਿਆ ਤਾਂ ਉਹ ਸਮੁੰਦਰ ਤੋਂ ਸੰਤਾਂ ਦੀ ਕ੍ਰਿਪਾ ਨਾਲ ਬਚਨ ਦੀ ਕਮਾਈ ਕਰਕੇ ਪਾਰ ਹੋ ਗਿਆ ਅਤੇ ਸਾਰੇ ਦੁਖਾਂ ਤੋਂ ਆਪਣੇ ਆਪ ਨੂੰ ਬਰੀ ਕਰ ਲਿਆ ਗਿਆ।

*ਸੰਤਹੁ ਸਾਗਰੁ ਪਾਰਿ ਉਤਰੀਐ॥*

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥*
***ਅੰਗ - 747***

*ਚਰਣ ਤਲੈ ਉਗਾਹਿ ਬੈਸਿਓ*
*ਸ੍ਰਮੁ ਨ ਰਹਿਓ ਸਰੀਰਿ॥*
*ਮਹਾ ਸਾਗਰੁ ਨਹ ਵਿਆਪੈ*
*ਖਿਨਹਿ ਉਤਰਿਓ ਤੀਰਿ॥*
***ਅੰਗ - 1017***

ਹੁਣ ਤੀਸਰਾ ਦ੍ਰਿਸ਼ਟਾਂਤ ਪ੍ਰਿਥਵੀ ਦਾ ਦੇ ਕੇ ਦਸਦੇ ਹਨ ਕਿ-

*ਚੰਦਨ ਅਗਰ ਕਪੂਰ ਲੇਪਨ*
*ਤਿਸੁ ਸੰਗੇ ਨਹੀ ਪ੍ਰੀਤਿ॥*
*ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ*
*ਮਨਿ ਨ ਮਨੀ ਬਿਪਰੀਤਿ॥*
***ਅੰਗ - 1017***

ਆਪ ਨੇ ਇਸ ਦ੍ਰਿਸ਼ਟਾਂਤ ਰਾਹੀਂ ਦੱਸਿਆ ਕਿ ਕੋਈ ਪੁਰਸ਼ ਪ੍ਰਿਥਵੀ ਤੇ ਮੂਤ੍ਰ ਕਰਦਾ ਹੈ, ਕੋਈ ਤਿਲ-ਤਿਲ ਕਰਕੇ ਖੋਦਦਾ ਹੈ ਪਰ ਪ੍ਰਿਥਵੀ ਉਸਦੀ ਅਵੱਗਿਆ ਜਾਣ ਕੇ ਮਨ ਵਿਚ ਉਲਟੀ ਸਿੱਧੀ ਗੱਲ ਨਹੀਂ ਸੋਚਦੀ। ਉਸਦਾ ਭਲਾ ਹੀ ਕਰਦੀ ਹੈ। ਮਕਾਨ ਬਣਾਏ ਜਾਂਦੇ ਹਨ, ਖਾਣ ਪੀਣ ਵਾਸਤੇ ਅਨੇਕ ਕਿਸਮ ਦੇ ਅਨਾਜ ਪੈਦਾ ਕੀਤੇ ਜਾਂਦੇ ਹਨ, ਫਲਾਂ ਦੇ ਅਨੇਕ ਦਰਖਤ ਅਨੇਕਾਂ ਤਰ੍ਹਾਂ ਦੇ ਫਲ ਦਿੰਦੇ ਹਨ। ਸ਼ਹਿਦ ਦੀਆਂ ਮੱਖੀਆਂ ਅੰਮ੍ਰਿਤ ਵਰਗਾ ਸ਼ਹਿਦ ਪ੍ਰਿਥਵੀ ਉਤੇ ਲੱਗੇ ਫੁੱਲਾਂ ਤੋਂ ਬਣਾਉਂਦੀਆਂ ਹਨ। ਆਦਮੀ ਪ੍ਰਿਥਵੀ ਤੇ ਤੁਰਦਾ ਹੈ ਤੇ ਜੀਵਨ ਨਿਰਬਾਹ ਕਰਦਾ ਹੈ। ਥਾਂ-ਥਾਂ ਤੇ ਟਿਊਬਵੈਲ ਲਾ ਕੇ ਧਰਤੀ ਦਾ ਪੇਟ ਪਾੜਿਆ ਪਰ ਧਰਤੀ ਆਪਣੇ ਪੇਟ ਵਿਚ ਸਾਂਭ ਰੱਖਿਆ ਨਿਰਮਲ ਜਲ, ਫਸਲਾਂ ਤੇ ਪੀਣ ਲਈ ਦਿੰਦੀ ਹੈ ਅਤੇ ਕਿਸੇ ਗੱਲੋਂ ਵੀ ਉਲਟੀ ਬਿਰਤੀ ਨਹੀਂ ਕਰਦੀ। ਇਸੇ ਤਰ੍ਹਾਂ ਹੇ ਭਾਈ! ਤੂੰ ਸੰਤਾਂ ਦੀ ਰੀਤ ਸੁਣ। ਚਾਹੇ ਕੋਈ ਬਾਵਨ ਚੰਦਨ ਤੇ ਕਪੂਰ ਆਦਿਕਾਂ ਦਾ ਲੇਪ ਭਾਵ ਸੰਤਾਂ ਦੀ ਉਸਤਤੀ ਰੂਪੀ ਬਚਨ ਉਚਾਰਦਾ ਹੈ ਪਰ ਉਸ ਗੁਰਮੁਖ ਨਾਲ ਉਸਦੇ ਬਚਨ ਸੁਣਕੇ ਸੰਤਾਂ ਦੀ ਵਿਸ਼ੇਸ਼ ਪ੍ਰੀਤੀ ਨਹੀਂ ਹੁੰਦੀ ਅਤੇ ਦੂਸਰੇ ਪਾਸੇ ਵਿਸ਼ਟਾ ਅਤੇ ਮੂਤ੍ਰ ਰੂਪ ਕੋਈ ਦੁਸ਼ਟ ਆਤਮਾ ਨਿੰਦਿਆ, ਈਰਖਾ ਅਤੇ ਨੁਕਸਾਨ ਪਹੁੰਚਾਉਣ ਦੀਆਂ ਗੋਂਦਾਂ ਗੁੰਦਦਾ ਹੈ। ਥੋੜੀ-ਥੋੜੀ ਗੱਲ ਵਿਚ ਸੰਤਾਂ ਦੇ ਉਤੇ ਮਨੋਕਲਪਤ ਦੋਸ਼ ਅਰੋਪਦਾ ਹੈ ਵਾਹਿਗੁਰੂ ਦੇ ਪਿਆਰੇ ਉਸ ਨਿੰਦਕ ਦੇ ਹਿਰਦੇ ਬੇਧਕ ਜ਼ਹਿਰ ਭਰੇ ਹੋਏ ਬਚਨ ਜੋ ਮਨਮੁਖ, ਨਿੰਦਕ ਦੇ ਹਿਰਦੇ ਵਿਚ ਨਿਵਾਸ ਰਖਦੇ ਹਨ ਉਨ੍ਹਾਂ ਨੂੰ ਸੁਣ ਕੇ ਆਪਣੇ ਮਨ ਨੂੰ ਅਸ਼ਾਂਤ ਨਹੀਂ ਕਰਦਾ ਅਤੇ ਨਾ ਹੀ ਉਸਦੇ ਬੁਰੇ ਵਾਸਤੇ ਚਿਤਵਨੀ ਕਰਦੇ ਹਨ। ਸਗੋਂ ਜੇ ਉਹ ਸੰਤਾਂ ਦੀ ਸੰਗਤ ਵਿਚ ਆ ਜਾਵੇ ਤਾਂ ਉਸਦਾ ਭਲਾ ਹੀ ਕਰਦੇ ਹਨ।

*ਖੋਦ ਖਾਦ ਧਰਤੀ ਸਹੈ*
*ਕਾਟ ਕੂਟ ਬਨਰਾਇ॥*
*ਬੋਲ ਕਬੋਲ ਸਾਧੂ ਸਹੈ*
*ਅਉਰ ਪਹਿ ਸਹਿਆ ਨ ਜਾਇ॥*

ਇਹ ਸੰਤਾਂ ਦੀ ਜੀਵਨ ਮਰਯਾਦਾ ਹੈ ਜਿਸ ਅਨੁਸਾਰ ਨਿੰਦਕ, ਬੇਮੁਖ ਸੰਤਾਂ ਨਾਲ ਅਕਾਰਣ ਵੈਰ ਕਰ ਲੈਂਦੇ ਹਨ। ਇਨ੍ਹਾਂ ਨੂੰ ਦਰਸ਼ਨ ਮਾਤਰ ਦਾ ਵੀ ਫਲ ਪ੍ਰਾਪਤ ਹੋ ਜਾਂਦਾ ਹੈ।

ਗੁਰ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਅਕਬਰ ਗੁਰੂ ਅਮਰਦਾਸ ਜੀ ਦੇ ਸ਼ਰਧਾ ਭਾਵਨਾ ਨਾਲ ਦਰਸ਼ਨ ਕਰਨ ਆਇਆ ਅਤੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ। ਉਸ ਵੇਲੇ ਉਸਦਾ ਛੋਟਾ ਭਾਈ ਕਾਸਮ ਬੇਗ ਉਸਦੇ ਨਾਲ ਹੀ ਆਇਆ ਸੀ ਪਰ ਉਸ ਸਮੇਂ ਉਸ ਨੇ ਗੁਰੂ ਮਹਾਰਾਜ ਜੀ ਦੀ ਮਹਿਮਾ ਨਾ ਜਾਣਦੇ ਹੋਏ ਉਨ੍ਹਾਂ ਨੂੰ ਇਕ ਮਨੁੱਖ ਦੇ ਰੂਪ ਵਿਚ ਹੀ ਦੇਖਿਆ ਅਤੇ ਅਕਬਰ ਦੀ ਨਿਮਰਤਾ ਤੇ ਸ਼ਰਧਾ ਤੇ ਭਾਰੀ ਤਰਕ ਕੀਤੀ, ਤੇ ਨਿੰਦਿਆ ਵੀ ਕੀਤੀ। ਐਸਾ ਹੋਇਆ ਕਿ ਰਾਤ ਨੂੰ ਖਾਣਾ ਖਾਣ ਸਮੇਂ ਉਸਦੇ ਗਲ ਵਿਚ ਇਕ ਹੱਡੀ ਫਸ ਗਈ ਜਿਸ ਕਾਰਨ ਉਸ ਦੀ ਮ੍ਰਿਤੂ ਹੋ ਗਈ ਅਤੇ ਉਹ ਈਰਖਾਲੂ ਸੁਭਾਅ ਦੇ ਮੁਤਾਬਿਕ ਨਖਿੱਧ ਜੂਨੀਆਂ ਵਿਚ ਚਲਿਆ ਗਿਆ। ਸਮਾਂ ਬੀਤਦਾ ਗਿਆ ਗੁਰੂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਜਹਾਂਗੀਰ ਦੇ ਨਾਲ ਇਕ ਬਹੁਤ ਭਿਆਨਕ ਸ਼ੇਰ ਦੇ ਸ਼ਿਕਾਰ ਲਈ ਗਏ। ਉਸ ਸ਼ੇਰ ਦੀ ਭਿਆਨਕਤਾ ਨੂੰ ਅਨੁਭਵ ਕਰਕੇ ਘੋੜੇ ਲਿਦ

ਕਰਨ ਲਗ ਗਏ ਅਤੇ ਹਾਥੀ ਡਰ ਗਏ ਤੇ ਚਿੰਗਾੜਾਂ ਮਾਰਨ ਲਗ ਗਏ ਅਤੇ ਪੈਰ ਪਿਛੇ ਨੂੰ ਹਟਾ ਰਹੇ ਨੇ। ਕੋਈ ਵੀ ਸੂਰਮਾਂ ਉਸ ਸ਼ੇਰ ਨਾਲ ਮੁਕਾਬਲਾ ਕਰਨ ਦਾ ਹੌਂਸਲਾ ਨਹੀਂ ਧਾਰਦਾ। ਉਸ ਵੇਲੇ ਗੁਰੂ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਸਾਹਿਬ ਨਾਲ ਸ਼ੇਰ ਦਾ ਮੁਕਾਬਲਾ ਕੀਤਾ ਅਤੇ ਉਸ ਨੂੰ ਮਾਰ ਲਿਆ। ਜਹਾਂਗੀਰ ਨੇ ਇਕ ਪ੍ਰਕਾਸ਼ ਦੇ ਰੂਪ ਵਿਚ ਉਸਦੀ ਰੂਹ ਤੱਕੀ, ਤੇ ਪੁੱਛਣ ਤੇ ਗੁਰੂ ਮਹਾਰਾਜ ਜੀ ਨੇ ਦੱਸਿਆ ਕਿ ਇਹ ਤੇਰਾ ਚਾਚਾ ਕਾਸਮ ਬੇਗ ਹੈ। ਇਸਨੇ ਗੁਰੂ ਤੀਜੇ ਪਾਤਸ਼ਾਹ ਦੀ ਨਿੰਦਿਆ ਕੀਤੀ ਸੀ ਅਤੇ ਆਪਣੀ ਫੌਜ ਵਿਚ ਬਹੁਤ ਹੀ ਈਰਖਾਲੂ ਬਚਨ ਕੀਤੇ ਸੀ। ਜਿਸਦੇ ਫਲਸਰੂਪ ਇਹਨੂੰ ਜੂਨੀਆਂ ਵਿਚ ਘੁੰਮਣਾ ਪਿਆ ਪਰ ਗੁਰੂ ਮਹਾਰਾਜ ਦੇ ਦਰਸ਼ਨਾਂ ਦਾ ਫਲ ਅਜੇ ਬਾਕੀ ਸੀ। (ਗੁਰੂ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਦਾ ਫਲ ਵੀ ਹੁਣੇ ਹੀ ਮਿਲਣਾ ਸੀ) ਸੋ ਇਸ ਫਲ ਵਜੋਂ ਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਹਸਤ ਕਮਲਾਂ ਰਾਹੀਂ ਵੱਧ ਹੋਣਾ ਸੀ। ਇਹ ਨਰਕਾਂ ਵਿਚ ਜਾਣ ਤੋਂ ਬਚ ਗਿਆ। ਇਸੇ ਤਰ੍ਹਾਂ ਨਾਲ ਸੰਤਾਂ ਦਾ ਵਰਤਾਰਾ ਸੰਸਾਰ ਨਾਲ ਹੋਇਆ ਕਰਦਾ ਹੈ।

ਚੌਥੇ ਦ੍ਰਿਸ਼ਟਾਂਤ ਵਿਚ ਗੁਰੂ ਮਹਾਰਾਜ ਜੀ ਅਕਾਸ਼ ਦਾ ਜ਼ਿਕਰ ਕਰਦੇ ਹਨ –

***ਊਚ ਨੀਚ ਬਿਕਾਰ ਸੁਕ੍ਰਿਤ***
***ਸੰਲਗਨ ਸਭ ਸੁਖ ਛਤ੍ਰ॥***
***ਮਿਤ੍ਰ ਸਤ੍ਰ ਨ ਕਛੂ ਜਾਨੈ***
***ਸਰਬ ਜੀਅ ਸਮਤ॥***

***ਅੰਗ – 1018***

ਹੇ ਭਾਈ! ਸੰਤਾਂ ਦੀ ਮਰਯਾਦਾ ਸੁਣ! ਸੰਤ ਹੰਕਾਰੀਆਂ ਵਿਚ, ਨਿਮਰਤਾ ਵਾਲਿਆਂ ਵਿਚ, ਪਾਪੀਆਂ ਤੇ ਪੁੰਨੀਆਂ ਇਤਿਆਦਿਕ ਸਾਰਿਆਂ ਨਾਲ ਭਲੀ ਪ੍ਰਕਾਰ ਵਰਤਦੇ ਹਨ, ਕਿਸੇ ਨਾਲ ਰਾਗ ਦ੍ਵੈਸ਼ ਨਹੀਂ ਰਖਦੇ ਨਾ ਹੀ ਕਿਸੇ ਨਾਲ ਸ਼ਤਰੂ ਭਾਵਨਾ ਰੱਖਦੇ ਹਨ, ਇਕ ਸਮਾਨ ਦ੍ਰਿਸ਼ਟੀ ਨਾਲ ਸਾਰਿਆਂ ਨੂੰ ਦੇਖਦੇ ਹਨ। (ਪਰ ਸੰਸਾਰੀ ਲੋਕਾਂ ਦੀ ਸੋਚ ਇਸ ਦੇ ਬਹੁਤ ਵਿਪਰੀਤ ਹੋਣ ਕਰਕੇ ਸੰਤਾਂ ਦੀ ਇਸ ਰਾਗ ਦ੍ਵੈਸ਼ ਰਹਿਤ, ਵੈਰੀ, ਮਿੱਤਰ ਰਹਿਤ ਦੇ ਬਾਰੇ ਮਹਾਨ ਤਰਕ ਕਰਦੇ ਹਨ। ਉਨ੍ਹਾਂ ਦੇ ਜੋ ਸ਼ਤਰੂ ਹਨ ਜਾਂ ਜਿਸਨੂੰ ਉਨ੍ਹਾਂ ਨੇ ਆਪਣੇ ਮਨ ਵਿਚ ਸ਼ਤਰੂਤਾ ਧਾਰ ਕੇ ਵੈਰ ਭਾਵ ਦਾ ਵਰਤਾਵ ਕਰਨ ਦਾ ਇਰਾਦਾ ਬਣਾਇਆ ਹੋਇਆ ਹੈ ਜਿਵੇਂ ਕਿ ਅਜਕਲ Political ਪਾਰਟੀਆਂ ਆਪਸ ਵਿਚ ਸ਼ਤਰੂਤਾ ਰਖਦੀਆਂ ਹੋਈਆਂ ਸੰਤਾਂ ਤੋਂ ਵੀ ਇਹ ਭਾਲਦੇ ਹਨ ਕਿ ਉਹ ਸਾਡੇ ਹਿਤ ਦੀ ਹੀ ਗੱਲ ਕਰਨ ਅਤੇ ਅਸਾਡੇ ਵਿਪਰੀਤ ਰਾਜਸੀ ਪਾਰਟੀ ਦੇ ਕਿਸੇ ਬੰਦੇ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਆਪਣੇ ਕੀਰਤਨ ਸਮਾਗਮਾਂ ਵਿਚ ਨਾ ਆਉਣ ਦੇਣ। ਜੇ ਕੋਈ ਆ ਜਾਵੇ ਤਾਂ ਸੰਤਾਂ ਦੀ ਨਿੰਦਿਆ ਕਰਦੇ ਹਨ ਕਿ ਉਹ ਤਾਂ ਫਲਾਣੀ ਪਾਰਟੀ ਨਾਲ ਮਿਲ ਗਿਆ ਹੈ। ਇਨ੍ਹਾਂ ਮੂਰਖਾਂ ਨੂੰ ਸੰਤਾਂ ਦੇ ਸੁਭਾਅ ਦਾ ਨਾ ਪਤਾ ਹੋਣ ਕਰਕੇ ਅਤੇ ਬਾਣੀ ਦੇ ਉਚ ਆਦੇਸ਼ਾਂ ਦੀ ਸੂਝ ਨਾ ਹੋਣ ਕਰਕੇ ਅਜਿਹਾ ਅੰਧਕਾਰ ਮਨ ਨੂੰ ਘੇਰਦਾ ਹੈ।) ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ–

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***
***ਜਬ ਲਗੁ ਮੋਹ ਮਗਨ ਸੰਗਿ ਮਾਇ॥***
***ਤਬ ਲਗੁ ਧਰਮਰਾਇ ਦੇਇ ਸਜਾਇ॥***

***ਅੰਗ – 278***

ਸੰਤਾਂ ਦੀ ਬਿਰਤੀ ਸੂਰਜ ਵਰਗੀ ਅਤੇ ਅਕਾਸ਼ ਵਰਗੀ ਹੋਇਆ ਕਰਦੀ ਹੈ ਉਨ੍ਹਾਂ ਦਾ ਕੋਈ ਆਪਣਾ ਨਹੀਂ ਤੇ ਕੋਈ ਬੇਗਾਨਾ ਨਹੀਂ ਹੋਇਆ ਕਰਦਾ ਹੈ। ਉਨ੍ਹਾਂ ਦੇ ਅੰਦਰੋਂ ਇਹ ਭਾਵਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਘਾਲ ਕਮਾਈ ਨਾਲ ਬਿਲਕੁਲ ਹੀ ਨਸ਼ਟ ਹੋ ਚੁਕੀ ਹੁੰਦੀ ਹੈ –

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***

***ਅੰਗ – 1299***

ਸੋ ਇਸ ਤਰ੍ਹਾਂ ਨਾਲ ਸੰਤ ਕਿਸੇ ਵਿਚ ਨਾ ਮਿੱਤਰ ਭਾਵਨਾ ਜਾਣਦੇ ਹਨ ਤੇ ਨਾ ਸ਼ਤਰੂ ਭਾਵਨਾ; ਸਮਾਨ ਦ੍ਰਿਸ਼ਟੀ ਨਾਲ ਸਾਰਿਆਂ ਨੂੰ ਵੇਖਦੇ ਹਨ।

ਅਗਲਾ ਦ੍ਰਿਸ਼ਟਾਂਤ ਸੂਰਜ ਦਾ ਦਸਦੇ ਹਨ –

***ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ***
***ਅੰਧਕਾਰ ਬਿਨਾਸ॥***
***ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ***
***ਮਨਿ ਨ ਭਇਓ ਬਿਖਾਦੁ॥***
***ਅੰਗ - 1018***

ਸੂਰਜ ਦੀਆਂ ਕਿਰਨਾਂ ਪਵਿੱਤਰ ਸਥਾਨਾਂ ਅਤੇ ਅਪਵਿੱਤਰ ਸਥਾਨਾਂ ਤੇ, ਸੁਗੰਧੀ ਦੇਣ ਵਾਲੇ ਫੁਲਾਂ ਦੇ ਬਗੀਚਿਆਂ ਅਤੇ ਬਦਬੂ ਮਾਰਦੇ ਗੰਦਗੀ ਦੇ ਢੇਰਾਂ ਉਤੇ ਇਕੋ ਜਿਹੀਆਂ ਹੀ ਪੈਂਦੀਆਂ ਹਨ। ਜਿਵੇਂ ਸੂਰਜ ਦੇ ਮਨ ਵਿਚ ਕੋਈ ਦੁਖ ਨਹੀਂ ਇਸੇ ਤਰ੍ਹਾਂ ਨਾਲ-

***ਬ੍ਰਹਮਗਿਆਨੀ ਸਦਾ ਨਿਰਦੋਖ॥***
***ਜੈਸੇ ਸੂਰੁ ਸਰਬ ਕਉ ਸੋਖ॥***
***ਅੰਗ - 272***

ਪ੍ਰਮੇਸ਼ਰ ਦੇ ਪਿਆਰ ਵਾਲੇ ਚੰਗਿਆਂ, ਮੰਦਿਆਂ, ਪਾਪੀਆਂ, ਪੁੰਨੀਆਂ ਦੇ ਔਗੁਣ ਤੇ ਗੁਣ ਨਾ ਪਛਾਣਦੇ ਹੋਏ ਭਜਵਲ ਤਰਨ ਦਾ ਸਭ ਨੂੰ ਇਕੋ ਜਿਹਾ ਉਪਦੇਸ਼ ਦਿੰਦੇ ਹਨ। ਸਾਰਿਆਂ ਦਾ ਭਲਾ ਮੰਗਦੇ ਹਨ। ਸੂਰਜ ਪ੍ਰਚੰਡ ਵਾਂਗੂੰ ਸੰਤ ਗਿਆਨ ਰੂਪ ਸੂਰਜ ਰਾਹੀਂ ਅੰਤਹਕਰਣ ਦੀਆਂ ਡੂੰਘੀਆਂ ਖੱਡਾਂ ਵਿਚੋਂ ਹਨ੍ਹੇਰਾ ਦੂਰ ਕਰਨ ਲਈ ਭਾਂਤ-ਭਾਂਤ ਦੇ ਅਲੰਕਾਰਾਂ ਦੇ ਉਪਦੇਸ਼ ਰਾਹੀਂ ਜੀਵਾਂ ਦੇ ਅਗਿਆਨ ਦਾ ਨਾਸ਼ ਕਰਦੇ ਹਨ ਉਨ੍ਹਾਂ ਦੀਆਂ ਉਪਦੇਸ਼ ਰੂਪੀ ਕਿਰਨਾਂ ਪਵਿੱਤਰ ਅੰਤਹਕਰਣ ਵਾਲਿਆਂ ਤੇ ਮਹਾਂ ਮਲੀਨ ਮਨਮੁਖਾਂ ਦੇ ਹਿਰਦਿਆਂ ਵਿਚ ਲਗਦੀਆਂ ਹਨ ਤਾਂ ਅੰਧਕਾਰਮਈ ਅਗਿਆਨ ਅੰਤਹਕਰਣ ਵਿਚੋਂ ਦੂਰ ਕਰਕੇ ਉਨ੍ਹਾਂ ਨੂੰ ਆਪਣੇ ਸਰੂਪ ਦੀ ਗਿਆਤ ਕਰਾਉਂਦੇ ਹਨ। ਸੰਸਾਰ ਸੰਤਾਂ ਨੂੰ ਅਨੇਕ ਕਿਸਮ ਦੇ ਦੁਖ ਦਿੰਦਾ ਹੈ। ਜਿਵੇਂ ਨਾਮਦੇਵ, ਕਬੀਰ ਸਾਹਿਬ, ਪ੍ਰਹਿਲਾਦ, ਰਵਿਦਾਸ ਜੀ ਨੂੰ ਦੁਖ ਦਿਤੇ ਪਰ ਉਨ੍ਹਾਂ ਨੇ ਆਪਣੇ ਸੂਰਜ ਵਰਗੇ ਸੁਭਾਅ ਦੀ ਵਰਤੋਂ ਕਰਕੇ ਦੁਖ ਦੇਣ ਵਾਲੇ ਹਿਰਦੇ ਵਿਚ ਪ੍ਰਕਾਸ਼ਮਈ ਕਿਰਨਾਂ ਪਾ ਕੇ ਉਨ੍ਹਾਂ ਨੂੰ ਪ੍ਰਮੇਸਰ ਦੇ ਪਿਆਰੇ ਬਣਾ ਦਿਤਾ। ਇਹ ਉਪਦੇਸ਼ ਕਰਨ ਵਾਲੇ ਸੰਤਾਂ ਦੇ ਮਨਾਂ ਵਿਚ ਕੋਈ ਵਿਖਾਧ ਨਹੀਂ ਹੁੰਦਾ ਅਤੇ ਨਾ ਹੀ ਕੋਈ ਗਿਣਤੀ ਹੁੰਦੀ ਹੈ, ਨਾ ਹੀ ਇਹ ਦੇਖਦੇ ਹਨ ਕਿ ਇਸ ਪੁਰਸ਼ ਨੇ ਮੰਦ ਬਚਨ ਕਰਕੇ ਪ੍ਰੇਮੀਆਂ ਦੇ ਹਿਰਦਿਆਂ ਨੂੰ ਬੇਧਿਆ ਹੈ। ਇਨ੍ਹਾਂ ਗੱਲਾਂ ਤੋਂ ਬੇਪਰਵਾਹ ਹੋ ਕੇ ਸਰਬੱਤ ਦਾ ਭਲਾ ਲੋਚਦੇ ਹਨ।

ਛੇਵਾਂ ਦ੍ਰਿਸ਼ਟਾਂਤ ਹਵਾ ਦਾ ਹੈ - ਠੰਢੀ ਹਵਾ ਗਰਮੀਆਂ ਦੇ ਮਹੀਨੇ ਸਭ ਨੂੰ ਪਿਆਰੀ ਲਗਦੀ ਹੈ ਜਿਵੇਂ ਧਰਤੀ ਉਪਰ ਅਨੇਕ ਕਿਸਮ ਦੀਆਂ ਚੰਗੀਆਂ ਮੰਦੀਆਂ ਜਗ੍ਹਾਂ ਹੋਇਆ ਕਰਦੀਆਂ ਹਨ। ਇਵੇਂ ਜਿਵੇਂ ਸੰਸਾਰ ਵਿਚ ਅਨੇਕ ਕਿਸਮ ਦੇ ਖਿਆਲਾਂ ਵਾਲੇ ਚੰਗੇ ਮੰਦੇ ਗੁਰਮੁਖ, ਮਨਮੁਖ, ਬੇਮੁਖ, ਨਿੰਦਕ, ਸਾਕਤ, ਪਰਉਪਕਾਰੀ, ਦਾਨੀ, ਸੇਵਾ ਵਾਲੇ ਬੰਦੇ ਹੋਇਆ ਕਰਦੇ ਹਨ। ਜਿਸ ਤਰ੍ਹਾਂ ਨਾਲ ਠੰਢੀ ਹਵਾ ਸਾਰੀਆਂ ਚੰਗੀਆਂ-ਮੰਦੀਆਂ ਥਾਵਾਂ ਨੂੰ ਸਪਰਸ਼ ਕਰਦੀ ਆਪਣੀ ਮੌਜ ਵਿਚ ਵਗਦੀ ਹੈ, ਉਹ ਕੋਈ ਗਿਣਤੀ ਨਹੀਂ ਮਨ ਵਿਚ ਰਖਦੀ ਇਵੇਂ ਚੰਗੇ-ਮੰਦੇ, ਹਰ ਤਰ੍ਹਾਂ ਦੇ ਬੰਦਿਆਂ ਦੇ ਕਰਤਵਾਂ ਨੂੰ ਨਾ ਵਿਚਾਰਦੇ ਹੋਏ ਸੰਤ ਸਤਿ ਉਪਦੇਸ਼ ਸਭਨਾਂ ਨੂੰ ਕਰਦੇ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚਾਰ ਕੇ ਸਭਨਾਂ ਦਾ ਹੀ ਉਧਾਰ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਨਾਲ ਸੰਤਾਂ ਦਾ ਸੀਤਲ ਸੁਭਾਅ ਹੋਇਆ ਕਰਦਾ ਹੈ ਜੋ ਵੀ ਵਿਹਾਰ ਕਰਦੇ ਹਨ ਸਨੇ-ਸਨੇ ਕਰਦੇ ਹਨ ਸਾਰਿਆਂ ਨੂੰ ਸਮਾਨ ਭਗਤੀ ਦਾ ਉਪਦੇਸ਼ ਕਰਦੇ ਹਨ। ਵੱਡੇ ਹੰਕਾਰੀ, ਦੁਸ਼ਟਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦੀ ਹੰਕਾਰ ਭਰੀ ਤਪਸ਼ ਬੁਝਾ ਦਿੰਦੇ ਹਨ।

***ਸੀਤ ਮੰਦ ਸੁਗੰਧ ਚਲਿਓ***
***ਸਰਬ ਥਾਨ ਸਮਾਨ॥***
***ਜਹਾ ਸਾ ਕਿਛੁ ਤਹਾ***
***ਲਾਗਿਓ ਤਿਲੁ ਨ ਸੰਕਾ ਮਾਨ॥***
***ਅੰਗ - 1018***

***ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨ॥***
***ਜੈਸੇ ਰਾਜ ਰੰਕ ਕਉ***
***ਲਾਗੈ ਤੁਲਿ ਪਵਾਨ॥ ਅੰਗ - 272***

ਹੁਣ ਅੱਗੇ ਆਪ ਅਗਨੀ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਫੁਰਮਾਨ ਕਰਦੇ ਹਨ -

***ਸੁਭਾਇ ਅਭਾਇ ਜੁ ਨਿਕਟਿ ਆਵੈ***
***ਸੀਤੁ ਤਾ ਕਾ ਜਾਇ॥***
***ਆਪ ਪਰ ਕਾ ਕਛੁ ਨ ਜਾਣੈ***

*ਸਦਾ ਸਹਜਿ ਸੁਭਾਇ॥*

*ਅੰਗ - 1018*

*ਬ੍ਰਹਮਗਿਆਨੀ ਕਾ ਇਹੈ ਗੁਨਾਉ॥*
*ਨਾਨਕ ਜਿਉ ਪਾਵਕ ਕਾ*
*ਸਹਜ ਸੁਭਾਉ॥* *ਅੰਗ - 272*

ਅੱਗ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਆਪ ਦਸਦੇ ਹਨ ਕਿ ਜਿਵੇਂ ਅੱਗ ਦੇ ਪਾਸ ਕੋਈ ਵੀ ਪੁਰਸ਼ ਭਾਵੇਂ ਪ੍ਰੇਮ ਨਾਲ ਨੇੜੇ ਆਵੇ, ਭਾਵੇਂ ਦੁਸ਼ਟਤਾ ਰਖਕੇ ਨੇੜੇ ਆਵੇ ਪਰ ਉਸਦਾ ਪਾਲਾ ਅੱਗ ਨੇ ਦੂਰ ਕਰਨਾ ਹੀ ਹੈ। ਅਗਨ ਆਪਣੇ ਪਰਾਏ ਨੂੰ ਕੁਝ ਵੀ ਨਹੀਂ ਜਾਣਦੀ ਪਰ ਜੋ ਵੀ ਇਸਦੇ ਨਿਕਟ ਆਉਂਦਾ ਹੈ ਇਹ ਸੁਤੇ ਹੀ ਆਪਣੇ ਸੁਭਾਅ ਦੇ ਮੁਤਾਬਿਕ ਉਸਦਾ ਪਾਲਾ ਦੂਰ ਕਰਦੀ ਹੈ। ਦੂਜਾ ਪਾਲੇ ਤੋਂ, ਸਰਦੀ ਤੋਂ ਪਾਏਮਾਨ ਹੋ ਕੇ ਜੋ ਅੰਦਰ ਡਰ ਪੈਦਾ ਹੋ ਰਿਹਾ ਸੀ ਕਿ ਮੈਂ ਕਿਤੇ ਨਮੂਨੀਆ ਹੋ ਕੇ ਮਰ ਨਾ ਜਾਵਾਂ, ਅਗਨੀ ਉਹ ਡਰ ਦੂਰ ਕਰਦੀ ਹੈ ਅਤੇ ਆਪਣੀਆਂ ਲਾਟਾਂ ਨਾਲ ਦੂਰ ਤਕ ਪ੍ਰਕਾਸ਼ ਵੀ ਦਿੰਦੀ ਹੈ। ਇਸੇ ਤਰ੍ਹਾਂ ਸੰਤ ਆਪਣਾ ਪਰਾਇਆ ਕੁਝ ਵੀ ਨਹੀਂ ਜਾਣਦੇ, ਇਹ ਉਨ੍ਹਾਂ ਦਾ ਸਮਤਾ ਵਾਲਾ ਸੁਭਾਅ ਹੈ। ਜਿਹੜੇ ਵੀ ਪ੍ਰੇਮ ਵਾਲੇ ਜਾਂ ਪ੍ਰੇਮ ਤੋਂ ਹੀਣੇ ਸੰਤਾਂ ਦੀ ਸੰਗਤ ਵਿਚ ਜਾਂਦੇ ਹਨ ਉਨ੍ਹਾਂ ਦਾ ਅਗਿਆਨ ਰੂਪ ਪਾਲਾ ਦੂਰ ਹੋ ਜਾਂਦਾ ਹੈ ਅਤੇ ਜਮਾਂ ਦਾ ਭੈਅ ਦੂਰ ਕਰ ਦਿੰਦੇ ਹਨ ਅਤੇ ਗਿਆਨ ਦਾ ਪ੍ਰਕਾਸ਼ ਹੋ ਕੇ ਉਸਦਾ ਜਨਮ ਮਰਨ ਖਤਮ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਉਣ ਲੱਗੇ ਕਿ -

*ਚਰਣ ਸਰਣ ਸਨਾਥ*
*ਇਹੁ ਮਨੁ ਰੰਗਿ ਰਾਤੇ ਲਾਲ॥*
*ਗੋਪਾਲ ਗੁਣ ਨਿਤ ਗਾਉ*
*ਨਾਨਕ ਭਏ ਪ੍ਰਭ ਕਿਰਪਾਲ॥*

*ਅੰਗ - 1018*

ਸੰਤ ਪ੍ਰਭੂ ਦੇ ਪ੍ਰੇਮ ਵਿਚ ਰਤੇ ਹੋਏ ਹੁੰਦੇ ਹਨ ਅਜਿਹੇ ਵਿਰਲੇ ਸੰਤਾਂ ਦੀ ਚਰਨ ਸ਼ਰਨ ਗ੍ਰਹਿਣ ਕਰੋ, ਸੇਵਾ ਕਰੋ ਕਿਉਂਕਿ ਇਹ ਭਵਜਲ ਵਿਚੋਂ ਤਾਰਨ ਦੀ ਸਮਰਥਾ ਰਖਦੇ ਹਨ।

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥*

*ਅੰਗ - 1373*

ਸੋ ਇਸ ਕਰਕੇ ਤੁਸੀਂ ਗੁਰਸਿੱਖ ਪਿਆਰਿਓ ਐਸੇ ਕਮਾਈ ਵਾਲੇ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ ਜੀਵਨ ਸਫਲ ਕਰੋ। ਸੰਤ ਵਾਹਿਗੁਰੂ ਜੀ ਨਾਲ ਅਭੇਦ ਹੋਇਆ ਕਰਦੇ ਹਨ। ਵਾਹਿਗੁਰੂ ਜੀ ਉਨ੍ਹਾਂ ਦੇ ਸਾਰੇ ਕਾਜ ਆਪ ਸਵਾਰਿਆ ਕਰਦੇ ਹਨ, ਆਪ ਹੀ ਬਰਕਤਾਂ ਪਾਉਂਦੇ ਹਨ ਅਤੇ ਸੰਤਾਂ ਦੀ ਪੈਜ ਆਪ ਹੀ ਰਖਦੇ ਹਨ।

ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਪਾਸ, ਜਦੋਂ ਆਪ ਢੱਕੀ ਵਿਚ ਘੋਰ ਤਪਸਿਆ ਕਰਿਆ ਕਰਦੇ ਸਨ ਅਤੇ ਗੁਰਮੰਤ੍ਰ ਦਾ ਜਾਪ ਸਾਲਾਂ ਬੱਧੀ, ਨੀਂਦ ਦਾ, ਭੁੱਖ ਦਾ ਤਿਆਗ ਕਰਕੇ ਗਰਮੀ, ਪਾਲੇ ਦੀ ਪਰਵਾਹ ਨਾ ਕਰਦੇ, ਕਰਿਆ ਕਰਦੇ ਸੀ ਤਾਂ ਇਕ ਦਿਨ ਦੀ ਗੱਲ ਹੈ ਕਿ ਗੁਜਰਾਂਵਾਲ ਪਿੰਡ ਤੋਂ ਜਰਗ ਨੂੰ ਜਾਣ ਵਾਲੀ ਸੌ ਕੁ ਬੰਦਿਆਂ ਦੀ ਮਕਾਣ ਜਦੋਂ ਪਰਚੌਣੀ ਕਰਕੇ ਜਰਗ ਤੋਂ ਮੁੜ ਕੇ ਆਈ ਤਾਂ ਸੰਤ ਮਹਾਰਾਜ ਜੀ ਨੂੰ ਦਰਸ਼ਨ ਕਰਕੇ ਨਮਸ਼ਕਾਰ ਕੀਤੀ ਤਾਂ ਆਪ ਦੇ ਮੁਖ ਤੋਂ ਸੁਤਅ ਹੀ ਨਿਕਲਿਆ ਕਿ ਲੰਗਰ ਵਿਚ ਕੜਾਹ ਪ੍ਰਸ਼ਾਦ ਬਣਿਆ ਹੈ ਛਕ ਕੇ ਜਾਣਾ। ਉਹ ਪ੍ਰੇਮੀ ਬਚਨ ਮੰਨ ਕੇ ਲਾਂਗਰੀ ਸਿੰਘ ਪਾਸ ਚਲੇ ਗਏ ਤੇ ਪੰਗਤਾਂ ਲਾ ਲਈਆਂ। ਉਸ ਵੇਲੇ ਲੰਗਰ ਵਿਚ ਅਜੇ ਸ਼ਾਮ ਦੇ ਲੰਗਰ ਵਾਲਾ ਦਾਲਾ ਰਿੱਝ ਰਿਹਾ ਸੀ ਅਤੇ ਪ੍ਰਸ਼ਾਦ ਵੀ ਬਣਾ ਕੇ ਭੋਗ ਲਵਾਉਣ ਵਾਲਾ ਸੀ। ਲਾਂਗਰੀ ਸਿੰਘ ਨੂੰ ਉਨ੍ਹਾਂ ਨੇ ਕਿਹਾ ਕਿ ਮਹਾਰਾਜ ਜੀ ਨੇ ਹੁਕਮ ਕੀਤਾ ਹੈ ਕਿ ਸਾਰੀ ਸੰਗਤ ਕੜਾਹ ਪ੍ਰਸ਼ਾਦ ਛਕ ਕੇ ਜਾਇਓ। ਉਸ ਦਿਨ ਸਵੇਰੇ ਹੀ ਕਿਸੇ ਪ੍ਰੇਮੀ ਨੇ ਢਾਈ ਰੁਪਏ ਦੀ ਦੇਗ ਕਰਾਈ ਸੀ। ਜੋ ਸਵੇਰ ਤੋਂ ਵੰਡਦਿਆਂ-ਵੰਡਦਿਆਂ ਥੋੜ੍ਹੀ ਜਿਹੀ ਸਰਬ ਲੋਹ ਦੇ ਬਾਟੇ ਵਿਚ ਬਚਦੀ ਪਈ ਸੀ। ਲਾਂਗਰੀ ਸਿੰਘ ਮਹਾਂਪੁਰਸ਼ਾਂ ਦੇ ਪਾਸ ਆਇਆ ਅਤੇ ਕਿਹਾ ਕਿ ਮਹਾਰਾਜ ਜੀ ਦੇਗ ਤਾਂ ਬਾਟੇ ਵਿਚ ਸਵਾਈ ਹੀ ਹੈ। ਪਰ ਆਪ ਜੀ ਨੇ ਕੜਾਹ ਪ੍ਰਸ਼ਾਦ ਛਕਾਉਣ ਦਾ ਬਚਨ ਕਰ ਦਿਤਾ ਹੈ। ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਸੰਤ ਕਿਸ਼ਨ ਸਿੰਘ ਜੀ ਨਾਲ ਗੱਲ

ਕਰੋ ਉਹ ਲੰਗਰ ਦੇ ਇੰਚਾਰਜ ਹਨ। ਸਾਰੇ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਲੰਗਰ ਵਿਚ ਪਧਾਰੇ ਅਤੇ ਆ ਕੇ ਆਪਣਾ ਰੁਮਾਲ ਬਾਟੇ ਉਪਰ ਪਾ ਦਿਤਾ ਅਤੇ ਫੁਰਮਾਨ ਕੀਤਾ ਕਿ ਪਿਆਰਿਆ! ਇਹ ਗੁਰੂ ਕਾ ਲੰਗਰ ਹੈ ਇਹ ਗੁਰੂ ਨਾਨਕ ਦੀ ਕ੍ਰਿਪਾਲਤਾ ਨਾਲ ਹੀ ਚਲ ਰਿਹਾ ਹੈ, ਇਸ ਵਿਚ ਥੋੜ ਨਹੀਂ ਆਇਆ ਕਰਦੀ, ਨਿਸ਼ਚਾ ਰੱਖ। ਗੁਰੂ ਮਹਾਰਾਜ ਜੀ ਇਸ ਸ਼ਬਦ ਵਿਚ ਫੁਰਮਾਨ ਕਰਦੇ ਹਨ -

***ਤਿਚਰੁ ਮੂਲਿ ਨ ਥੁੜੀਦੋ***
***ਜਿਚਰੁ ਆਪਿ ਕ੍ਰਿਪਾਲੁ॥***
***ਸਬਦੁ ਅਖੁਟੁ ਬਾਬਾ ਨਾਨਕਾ***
***ਖਾਹਿ ਖਰਚਿ ਧਨੁ ਮਾਲੁ॥***
***ਅੰਗ - 1426***

ਪ੍ਰਮੇਸ਼ਰ ਆਪਣਿਆਂ ਦੀ ਆਪ ਹੀ ਲਾਜ ਰੱਖਿਆ ਕਰਦਾ ਹੈ, ਮਨ ਵਿਚ ਸ਼ੰਕਾ ਨਾ ਲਿਆਈਂ, ਨਾ ਹੀ ਰੁਮਾਲ ਚੁਕ ਕੇ ਅੰਤਵਾਰਾ ਲਈਂ, ਵਰਤਾਂਦਾ ਜਾਈਂ, ਤੋਟਾ ਨਹੀਂ ਆਏਗਾ। ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥***
***ਗੁਰ ਪਰਸਾਦਿ ਸਦਾ ਮਨਿ ਵਸਿਆ***
***ਸਭਿ ਕਾਜ ਸਵਾਰਣਹਾਰਾ॥***
***ਓਨਾ ਕੀ ਰੀਸ ਕਰੇ ਸੁ ਵਿਗੁਚੈ***
***ਜਿਨ ਹਰਿ ਪ੍ਰਭੁ ਹੈ ਰਖਵਾਰਾ॥***
***ਅੰਗ - 638***

ਪ੍ਰਸ਼ਾਦ ਵਰਤਾਉਂਦੇ ਹੋਰ ਕਾਫੀ ਸੰਗਤਾਂ ਪੰਗਤਾਂ ਵਿਚ ਆ ਕੇ ਬੈਠ ਗਈਆਂ। ਕੜਾਹ ਪ੍ਰਸ਼ਾਦ ਨਾਲ ਸਾਰੇ ਤ੍ਰਿਪਤ ਹੋ ਗਏ ਅਤੇ ਧੰਨ-ਧੰਨ ਕਰਦੇ ਵਿਦਾ ਹੋਏ। ਸੋ ਇਸੇ ਤਰ੍ਹਾਂ ਨਾਲ ਸੰਤਾਂ ਦੇ ਕਾਰਜ ਪ੍ਰਭੂ ਆਪ ਹੀ ਕਰਿਆ ਕਰਦੇ ਹਨ ਕਿਉਂਕਿ ਉਹ ਸੰਸਾਰ ਵਿਚ ਕੇਵਲ ਪ੍ਰਭੂ ਨੂੰ ਹੀ ਦੇਖਦੇ ਹਨ, ਉਨ੍ਹਾਂ ਦੀ ਨਿਗ੍ਹਾ ਵਿਚ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਆਇਆ ਨਹੀਂ ਕਰਦਾ। ਇਸੇ ਤਰ੍ਹਾਂ ਦੇ ਨਾਲ ਸੰਤਾਂ ਦੀ ਰੀਤ ਨਿਰਾਲੀ ਹੈ।

***ਸੰਤਾ ਕੀ ਇਹ ਰੀਤਿ ਨਿਰਾਲੀ॥***
***ਪਾਰਬ੍ਰਹਮੁ ਕਰਿ ਦੇਖਹਿ ਨਾਲੀ॥***
***ਅੰਗ - 1085***

ਸੋ ਮਹਾਤਮਾ ਦਿਨ ਰਾਤ ਹੀ ਪਿਆਰ ਵਿਚ ਰਹਿੰਦੇ ਹਨ ਪ੍ਰਭੂ ਨੂੰ ਅੰਦਰ ਬਾਹਰ ਹਰ ਥਾਂ ਦੇਖ ਕੇ ਉਨ੍ਹਾਂ ਵਿਚ ਅਭੇਦ ਰਿਹਾ ਕਰਦੇ ਹਨ। ਉਨ੍ਹਾਂ ਦੇ ਕੋਲ ਵਰਤਣ ਲਈ ਵਾਹਿਗੁਰੂ ਜੀ ਦਾ ਨਾਮ ਹੋਇਆ ਕਰਦਾ ਹੈ ਤੇ ਹਰੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਮਨ ਵਿਚ ਕੋਈ ਵੀ ਭੁੱਖ ਨਹੀਂ ਰਿਹਾ ਕਰਦੀ। ਵਾਹਿਗੁਰੂ ਜੀ ਦੇ ਵਿਚ ਰਤੇ ਰਹਿਣ ਕਰਕੇ ਉਨ੍ਹਾਂ ਦੇ ਮਨ ਤੇ ਤਨ ਸਦਾ ਹੀ ਹਰਿਆਵਲ ਵਿਚ ਰਹਿੰਦੇ ਹਨ। ਸਰਬੱਗ ਗੁਰੂ ਦੀ ਸ਼ਰਨ ਵਿਚ ਪਏ ਆਪਣੇ ਆਪ ਨੂੰ ਦਾਸਾਂ ਦੇ ਦਾਸ ਜਾਣਦੇ ਹਨ। ਵਾਹਿਗੁਰੂ ਜੀ ਦਾ ਨਾਮ ਉਨ੍ਹਾਂ ਅੰਦਰ ਸਮਾਇਆ ਹੁੰਦਾ ਹੈ ਉਹ ਘਟ-ਘਟ ਵਿਚ ਵਾਹਿਗੁਰੂ ਜੀ ਨੂੰ ਦੇਖਦੇ ਹਨ। ਵਾਹਿਗੁਰੂ ਜੀ ਤੋਂ ਬਿਨਾਂ ਉਹ ਹੋਰ ਕੁਝ ਨਹੀਂ ਦੇਖਦੇ, ਸਾਰਾ ਸੰਸਾਰ ਹੀ ਉਨ੍ਹਾਂ ਨੂੰ ਵਾਹਿਗੁਰੂ ਦਾ ਰੂਪ ਹੀ ਦਿਸਦਾ ਰਹਿੰਦਾ ਹੈ। ਖੁਸ਼ੀ ਤੇ ਗਮੀ ਵਿਚ ਆਪਣੀ ਬਿਰਤੀ ਨੂੰ ਇਕ ਸਮਾਨ ਰਖਦੇ ਹਨ ਅਤੇ ਹਰ ਵਕਤ ਦੁਖਾਂ, ਸੁਖਾਂ, ਅਸਮਿਤਾ, ਅਭਿਨਿਵੇਸ਼, ਅਵਿਦਿਆ ਤੋਂ ਰਹਿਤ ਰਹਿੰਦੇ ਹੋਏ ਵਾਹਿਗੁਰੂ ਨਾਲ ਜੁੜੇ ਰਹਿੰਦੇ ਹਨ। ਦੇਖਣ ਨੂੰ ਤਾਂ ਐਉਂ ਲਗਦੇ ਹਨ ਕਿ ਉਹ ਆਮ ਮਨੁੱਖਾਂ ਵਾਂਗੂੰ ਸੰਸਾਰ ਅਤੇ ਪਰਿਵਾਰ ਵਿਚ ਵਿਚਰ ਰਹੇ ਹਨ ਅਤੇ ਪਰਉਪਕਾਰ ਦੇ ਕਾਰਜ ਕਰ ਰਹੇ ਹਨ ਪਰ ਉਹ ਸਭ ਤੋਂ ਨਿਰਲੇਪ ਰਹਿੰਦੇ ਹੋਏ ਸਦਾ ਹੀ ਪਾਰਬ੍ਰਹਮ ਪ੍ਰਮੇਸ਼ਰ ਦੇ ਧਿਆਨ ਵਿਚ ਲਿਵਲੀਨ ਰਹਿੰਦੇ ਹਨ। ਅਜਿਹੇ ਮਹਾਂਪੁਰਸ਼ਾਂ ਦੀ ਮਹਿਮਾ ਨੂੰ ਬੇਦ ਵੀ ਕਥਨ ਨਹੀਂ ਕਰ ਸਕਦੇ ਕਿਉਂਕਿ ਕੋਈ ਕੀਮਤ ਨਹੀਂ ਪਾ ਸਕਦਾ। ਉਹ ਵਾਹਿਗੁਰੂ ਜੀ ਵਿਚ ਅਭੇਦ ਹੋਣ ਕਰਕੇ ਵਾਹਿਗੁਰੂ ਜੀ ਦਾ ਰੂਪ ਹੀ ਹੋਇਆ ਕਰਦੇ ਹਨ।

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਸਾਧ ਕੀ ਉਪਮਾ***
***ਤਿਹੁ ਗੁਣ ਤੇ ਦੂਰਿ॥***
***ਸਾਧ ਕੀ ਉਪਮਾ ਰਹੀ ਭਰਪੂਰਿ॥***
***ਸਾਧ ਕੀ ਸੋਭਾ ਕਾ ਨਾਹੀ ਅੰਤ॥***

*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*
*ਅੰਗ - 272*

ਗੁਰੂ ਮਹਾਰਾਜ ਜੀ ਅਸਾਨੂੰ ਸਿਖਾਉਣ ਵਾਸਤੇ ਦਸਦੇ ਹਨ ਕਿ ਤੁਸੀਂ ਅਰਦਾਸ ਕਰੋ ਕਿ ਅਜਿਹੇ ਮਹਾਂਪੁਰਸ਼ਾਂ ਦੀ ਧੂੜੀ ਜੋ ਕ੍ਰੋੜਾਂ ਗੰਗਾ ਦੇ ਮਹਾਤਮ ਨਾਲੋਂ ਵੀ ਵੱਧ ਹੈ, ਉਹ ਸਾਨੂੰ ਮਿਲ ਜਾਵੇ ਜਿਵੇਂ ਕਿ ਫੁਰਮਾਨ ਹੈ -

*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ॥*
*ਜਨ ਪਾਰਬ੍ਰਹਮ ਜਾ ਕੀ ਨਿਰਮਲ*
*ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥*
*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ॥*
*ਅੰਗ - 828*

ਸਾਰੇ ਉਪਰਲੇ ਭਾਵ ਨੂੰ ਗੁਰੂ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਫੁਰਮਾਨ ਕੀਤਾ ਹੈ ਕਿ -

*ਰੈਣਿ ਦਿਨਸੁ ਰਹੈ ਇਕ ਰੰਗਾ॥*
*ਪ੍ਰਭ ਕਉ ਜਾਣੈ ਸਦ ਹੀ ਸੰਗਾ॥*
*ਠਾਕੁਰ ਨਾਮੁ ਕੀਓ ਉਨਿ ਵਰਤਨਿ॥*
*ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ॥*
*ਹਰਿ ਸੰਗਿ ਰਾਤੇ ਮਨ ਤਨ ਹਰੇ॥*
*ਗੁਰ ਪੂਰੇ ਕੀ ਸਰਨੀ ਪਰੇ॥*
*ਚਰਣ ਕਮਲ ਆਤਮ ਆਧਾਰ॥*
*ਏਕੁ ਨਿਹਾਰਹਿ ਆਗਿਆਕਾਰ॥*
*ਏਕੋ ਬਨਜੁ ਏਕੋ ਬਿਉਹਾਰੀ॥*
*ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥*
*ਹਰਖ ਸੋਗ ਦੁਹਹੂੰ ਤੇ ਮੁਕਤੇ॥*
*ਸਦਾ ਅਲਿਪਤੁ ਜੋਗ ਅਰੁ ਜੁਗਤੇ॥*
*ਦੀਸਹਿ ਸਭ ਮਹਿ ਸਭ ਤੇ ਰਹਤੇ॥*
*ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥*
*ਸੰਤਨ ਕੀ ਮਹਿਮਾ ਕਵਨ ਵਖਾਨਉ॥*
*ਅਗਾਧਿ ਬੋਧਿ ਕਿਛੁ*
*ਮਿਤਿ ਨਹੀ ਜਾਨਉ॥*
*ਪਾਰਬ੍ਰਹਮ ਮੋਹਿ ਕਿਰਪਾ ਕੀਜੈ॥*
*ਧੂਰਿ ਸੰਤਨ ਕੀ ਨਾਨਕ ਦੀਜੈ॥*
*ਅੰਗ - 181*

ਗੁਰਬਾਣੀ ਅਗਾਧ ਬੋਧ ਹੈ। ਇਸ ਵਿਚ ਜਿੰਨਾਂ ਸੰਤਾਂ ਬਾਰੇ ਗੁਰੂ ਮਹਾਰਾਜ ਜੀ ਨੇ ਖੋਲ੍ਹ ਕੇ ਨਿਰੂਪਣ ਕੀਤਾ ਹੈ ਐਨਾ ਦੁਨੀਆਂ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਹੈ। ਪਰ ਬਹੁਤ ਹੀ ਅਫਸੋਸ ਨਾਲ ਇਹ ਲਿਖਣਾ ਪੈ ਰਿਹਾ ਹੈ ਕਿ ਅਜਕੱਲ ਬਹੁਤ ਸਾਰੀਆਂ ਕਮੇਟੀਆਂ, ਮਿਸ਼ਨਰੀਆਂ, ਕਥਾਕਾਰਾਂ, ਪ੍ਰਚਾਰਕਾਂ ਨੂੰ 'ਸੰਤ' ਅੱਖਰ ਤੋਂ Fovia ਹੋ ਗਿਆ ਹੈ। ਫੋਵੀਆ ਇਕ ਤਰ੍ਹਾਂ ਦੀ ਬਿਮਾਰੀ ਹੁੰਦੀ ਹੈ ਕਿ ਜਿਸ ਚੀਜ਼ ਨੂੰ ਮਨ ਨਾ ਚਾਹੁੰਦਾ ਹੋਵੇ ਉਸ ਚੀਜ਼ ਦਾ ਨਾਮ ਲਿਆਂ ਇਕ ਦਮ ਸਾਰੇ ਸਰੀਰ ਦੇ ਵਿਚ ਇਕ ਵਿਰੋਧੀ ਲਹਿਰ ਚਲ ਕੇ ਆਦਮੀ ਦੀ ਸੂਝ-ਬੂਝ ਪੂਰੀ ਤਰ੍ਹਾਂ ਨਾਲ ਖਤਮ ਕਰ ਦਿਆ ਕਰਦੀ ਹੈ। ਇਕ ਮਿਸਾਲ ਦੇ ਨਾਲ ਗੱਲ ਸਮਝ ਵਿਚ ਆ ਜਾਵੇਗੀ।

ਸੰਸਾਰ ਦਾ ਮਹਾਨ ਯੋਧਾ ਨੈਪੋਲੀਅਨ ਇਕ ਫੈਸਲਾ ਕੁਨ ਲੜਾਈ ਅੰਗਰੇਜ਼ਾਂ ਨਾਲ ਲੜ ਰਿਹਾ ਸੀ। ਪੈਰ-ਪੈਰ ਉਸਦੀਆਂ ਫੌਜਾਂ ਵਧ ਰਹੀਆਂ ਸਨ। ਉਹ ਦੁਨੀਆਂ ਵਿਚ ਕਿਸੇ ਤੋਂ ਨਹੀਂ ਡਰਦਾ ਸੀ। ਸ਼ੇਰ ਉਸ ਵਾਸਤੇ ਇਕ ਡਰਪੋਕ ਜਾਨਵਰ ਸੀ ਪਰ ਉਸਨੂੰ ਬਿੱਲੀਆਂ ਤੋਂ ਫੋਵੀਆ ਸੀ। ਨੈਲਸਨ ਜੋ ਅੰਗਰੇਜ਼ਾਂ ਦਾ ਜਵਾਨ ਸੀ ਉਸ ਨੂੰ ਪਤਾ ਸੀ ਕਿ ਨੈਪੋਲੀਅਨ ਬਿੱਲੀਆਂ ਨੂੰ ਦ੍ਰਿਸ਼ਟੀ ਵਿਚ ਨਹੀਂ ਲਿਆ ਸਕਦਾ ਅਤੇ ਇਸਦੇ ਸਰੀਰ ਵਿਚ unnatural ਪਰਿਵਰਤਨ ਹੋ ਜਾਇਆ ਕਰਦਾ ਹੈ। ਇਸ ਕਮਜ਼ੋਰੀ ਨੂੰ ਭਾਂਪਦਿਆਂ ਉਸਨੇ ਜੰਗ ਵਿਚ ਹਜ਼ਾਰਾਂ ਦੀ ਤਦਾਦ ਵਿਚ ਬਿੱਲੀਆਂ ਛਡ ਦਿਤੀਆਂ। ਬਿੱਲੀਆਂ ਨੂੰ ਦੇਖ ਕੇ ਨੈਪੋਲੀਅਨ ਘਬਰਾ ਗਿਆ ਅਤੇ ਜੰਗ ਵਿਚ ਪਿਛੇ ਹਟਦਾ ਗਿਆ ਤੇ ਉਸਦੀਆਂ ਫੌਜਾਂ ਫੈਸਲਾਕੁਨ ਲੜਾਈ ਹਾਰ ਗਈਆਂ। ਇਹ ਫੋਵੀਆ Political ਬੰਦਿਆਂ, ਲੀਡਰਾਂ, ਮਿਸ਼ਨਰੀਆਂ, ਕੱਟੜਾਂ, ਪ੍ਰਚਾਰਕਾਂ ਨੂੰ ਹੋ ਜਾਣ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ

ਸਿਧਾਂਤ ਨੂੰ ਨਾ ਸਮਝਦੇ ਹੋਏ ਗੁਰਮੁਖਾਂ, ਸਾਧੂ, ਸੰਤਾਂ, ਬ੍ਰਹਮਗਿਆਨੀਆਂ ਦੀ ਮਹਿਮਾ ਤੋਂ ਇਨਕਾਰੀ ਹੋ ਕੇ ਨਾਸਤਕਤਾ ਦੇ ਡੂੰਘੇ ਖੂਹ ਵਿਚ ਗਿਰ ਕੇ ਦਿਨ ਰਾਤ ਕੂਕਦੇ ਰਹਿੰਦੇ ਹਨ ਕਿ ਸੰਤਾਂ ਨੂੰ ਗੁਰਦਵਾਰੇ ਵਿਚ ਨਾ ਵੜਨ ਦੇਵੋ, ਕੀਰਤਨ ਨਾ ਕਰਨ ਦੇਵੋ, ਸੰਤਾਂ ਨੇ ਪੰਥ ਦਾ ਭੱਠਾ ਬਹਾ ਦਿਤਾ ਹੈ। ਜੇ ਉਨ੍ਹਾਂ ਦਾ ਵਸ ਚਲੇ ਤਾਂ ਸੰਤਾਂ ਨੂੰ ਜਾਨ ਤੋਂ ਵੀ ਮਾਰ ਦੇਣ। ਜਿਵੇਂ ਇਸਲਾਮ ਵਿਚ ਸ਼ਰ੍ਹਾ ਦੇ ਪਾਬੰਦ ਰਹਿਣ ਵਾਲੇ ਪ੍ਰੇਮੀਆਂ ਨੇ ਸੁਰਮੱਦ, ਮਨਸੂਰ, ਸਮਸਤਬਰੇਜ਼ ਅਤੇ ਹੋਰ ਬਹੁਤ ਸਾਰੇ ਮੰਜ਼ਿਲੇ ਮਾਰਫਤ ਦੀ ਪ੍ਰਾਪਤੀ ਕਰਨ ਵਾਲੇ ਪੀਰਾਂ, ਫਕਰਾਂ, ਦਰਵੇਸ਼ਾਂ ਨੂੰ ਬਹੁਤ ਹੀ ਤਸੀਹੇ ਦੇ ਕੇ ਮਾਰ ਦਿਤਾ ਸੀ ਕਿਉਂਕਿ ਉਹ ਮਹਾਂਪੁਰਸ਼ ਮੰਜ਼ਿਲੇ ਮਾਰਫਤ ਦੇ ਬਚਨ ਆਪਣੀ ਅਵਸਥਾ ਦੇ ਮੁਤਾਬਿਕ ਕਰਦੇ ਸਨ ਅਤੇ ਸ਼ਰ੍ਹਾ ਤੋਂ ਅਛੋਹ ਰਹਿ ਕੇ ਸੰਸਾਰ ਵਿਚ ਸਤਿ ਦਾ ਜ਼ਿਕਰ ਕਰਿਆ ਕਰਦੇ ਸਨ। ਹਰ ਧਰਮ ਵਿਚ ਦਰਜਾ-ਬ-ਦਰਜਾ ਗੁਰੂਆਂ, ਪੀਰਾਂ, ਸੰਤਾਂ, ਰਿਸ਼ੀਆਂ-ਮੁਨੀਆਂ ਦੇ ਅਵਸਥਾ ਭੇਦ ਨਾਲ ਉਪਦੇਸ਼ ਹੋਇਆ ਕਰਦੇ ਹਨ। ਇਸ ਕਿਸਮ ਦਾ ਉਪਦੇਸ਼ ਉਨ੍ਹਾਂ ਲੋਕਾਂ ਨੂੰ ਹੋਇਆ ਕਰਦਾ ਹੈ ਜੋ ਪਾਪਾਂ ਵਿਚ ਪ੍ਰਵਿਰਤ ਹਨ, ਵਾਹਿਗੁਰੂ ਉਤੇ ਵਿਸ਼ਵਾਸ਼ ਨਹੀਂ ਲਿਆਉਂਦੇ, ਪਾਪ ਕਰਨ ਵੇਲੇ ਕੋਈ ਸੰਕੋਚ ਨਹੀਂ ਮੰਨਦੇ। ਆਪ ਵੀ ਆਪਣੇ ਕਰਮਾਂ ਕਰਕੇ ਦੁਖੀ ਹੁੰਦੇ ਹਨ, ਜੋ ਉਨ੍ਹਾਂ ਦੀ ਸੰਗਤ ਵਿਚ ਆਉਂਦਾ ਹੈ ਉਹ ਵੀ ਦੁਖੀ ਹੋ ਜਾਇਆ ਕਰਦਾ ਹੈ। ਅਜਿਹੇ ਲੋਕਾਂ ਨੂੰ ਸੁਮੱਤ ਦੇਣ ਵਾਸਤੇ ਤਾੜਨਾ ਭਰੇ ਉਪਦੇਸ਼ ਹੋਇਆ ਕਰਦੇ ਹਨ, ਨਾਲ ਹੀ ਉਸਨੂੰ ਇਸ ਗੱਲ ਦੀ ਸੋਝੀ ਦੇ ਦਿਤੀ ਜਾਂਦੀ ਹੈ ਕਿ ਤੁਸੀਂ ਦੁਨੀਆਂ ਨੂੰ ਸੱਚੀ ਜਾਣ ਕੇ ਦਰਗਾਹ ਤੋਂ ਅੱਖਾਂ ਮੀਟੀਆਂ ਹੋਈਆਂ ਹਨ ਪਰ ਤੁਹਾਨੂੰ ਨਹੀਂ ਪਤਾ, ਇਹ ਸਰੀਰ ਤਾਂ ਸਭ ਦੇ ਹੀ ਨਾਸ਼ਵਾਨ ਹਨ। ਇਸ ਵਿਚ ਸੂਖਸ਼ਮ ਸਰੀਰ ਹੈ ਅਤੇ ਉਸਤੋਂ ਹੋਰ ਸ਼ੂਖਸ਼ਮ ਕਾਰਨ ਸਰੀਰ ਹੈ, ਜਿਨ੍ਹਾਂ ਨੂੰ ਕ੍ਰਮਵਾਰ Physical body, Astroal body, Etherecal body; ਸਥੂਲ ਸਰੀਰ, ਸੂਖਸ਼ਮ ਸਰੀਰ ਅਤੇ ਕਾਰਨ ਸਰੀਰ ਕਹਿੰਦੇ ਹਨ। ਸਥੂਲ ਸਰੀਰ ਤਾਂ ਹਰ ਕਿਸੇ ਦਾ ਸੰਸਾਰ ਵਿਚ ਹੀ ਰਹਿ ਜਾਂਦਾ ਹੈ ਅਤੇ ਆਪਣੇ ਮੱਤ ਮਤਾਂਤਰ ਅਨੁਸਾਰ ਉਸਦਾ ਕ੍ਰਿਆਕ੍ਰਮ ਕਰ ਦਿੰਦੇ ਹਨ। ਸੂਖਸ਼ਮ ਸਰੀਰ ਜਿਸਨੂੰ ਮਹਾਰਾਜ ਜੀ ਜੀਅੜਾ (ਜੀਵ) ਆਖਦੇ ਹਨ, ਉਹ ਕਰਮਾਂ ਦਾ ਬੰਨਿਆ ਹੋਇਆ ਆਪਣੇ ਚੰਗੇ ਜਾਂ ਮੰਦੇ ਫਲ ਭੁਗਤਣ ਲਈ ਸੱਚੀ ਦਰਗਾਹ ਵਿਚ ਜਾ ਕੇ ਲੇਖਾ ਦਿੰਦਾ ਹੈ। ਮੱਕਾ ਸ਼ਰੀਫ ਵਿਚ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਇਸ ਮਸਲੇ ਬਾਰੇ ਪੁਛਿਆ ਗਿਆ ਤਾਂ ਆਪ ਨੇ ਫੁਰਮਾਨ ਕੀਤਾ -

***ਨਾਨਕ ਆਖੈ ਰੇ ਮਨਾ***
***ਸੁਣੀਐ ਸਿਖ ਸਹੀ॥***
***ਲੇਖਾ ਰਬੁ ਮੰਗੇਸੀਆ***
***ਬੈਠਾ ਕਢਿ ਵਹੀ॥***
***ਤਲਬਾ ਪਉਸਨਿ ਆਕੀਆ***
***ਬਾਕੀ ਜਿਨਾ ਰਹੀ॥***
***ਅਜਰਾਈਲੁ ਫਰੇਸਤਾ ਹੋਸੀ ਆਇ***
***ਤਈ॥***
***ਆਵਣੁ ਜਾਣੁ ਨ ਸੁਝਈ***
***ਭੀੜੀ ਗਲੀ ਫਹੀ॥***
***ਕੂੜ ਨਿਖੁਟੇ ਨਾਨਕਾ***
***ਓੜਕਿ ਸਚਿ ਰਹੀ॥ ਅੰਗ - 953***

ਇਸ ਤਰ੍ਹਾਂ ਨਾਲ ਜੀਵ ਉਸ ਸਮੇਂ ਤਕ ਕਰਮਾਂ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਜਦੋਂ ਤਕ ਕਿ ਉਸਦੀ ਹਉਮੈ ਦਾ ਪੂਰਨ ਤੌਰ ਤੇ ਨਾਸ਼ ਹੋ ਕੇ ਉਸਨੂੰ ਆਤਮ ਗਿਆਨ ਤੇ ਪ੍ਰਮਾਤਮ ਗਿਆਨ ਨਹੀਂ ਹੁੰਦਾ। ਉਸ ਨੂੰ ਬਾਰ-ਬਾਰ ਜੰਮਣਾ-ਮਰਨਾ ਪੈਂਦਾ ਹੈ। ਆਪਣੇ ਕਰਮਾਂ ਦੇ ਫਲ ਭੋਗਦਾ ਹੈ। ਜੇ ਉਸ ਜੀਵ ਨੇ ਸੰਸਾਰ ਵਿਚ ਆ ਕੇ ਪਾਪ ਕਰਮ ਕੀਤੇ ਹਨ ਨਿੰਦਿਆ, ਚੁਗਲੀ, ਈਰਖਾ ਪਰਾਏ ਧੰਨ ਲੁਟਣੇ, ਹਤਿਆਵਾਂ ਕਰਨੀਆਂ, ਧੋਖੇ ਦੇਣੇ, ਛਲ ਕਰਨੇ, ਕਪਟ ਕਰਨੇ, ਵਿਭਚਾਰ ਕਰਨੇ ਆਦਿ ਕਰਮ ਕੀਤੇ ਹਨ ਤਾਂ ਲੇਖਾ ਦੇਣ ਸਮੇਂ ਅਤੇ ਉਸ ਤੇ ਪਿਛੋਂ ਸਜ਼ਾ ਭੁਗਤਣ ਸਮੇਂ ਉਹ ਜੀਵ ਸੂਖਸ਼ਮ ਮੰਡਲਾਂ ਵਿਚ ਨਰਕ ਭੋਗਦਾ ਬਹੁਤ ਦੁਖੀ ਹੁੰਦਾ ਹੈ। ਅੰਸ ਮਾਤਰ ਫੁਰਮਾਨ ਹੈ -

***ਪਾਪੀ ਕਰਮ ਕਮਾਵਦੇ***

*ਕਰਦੇ ਹਾਇ ਹਾਇ॥*
*ਨਾਨਕ ਜਿਉ ਮਥਨਿ ਮਧਾਣੀਆ*
*ਤਿਉ ਮਥੇ ਧ੍ਰਮਰਾਇ॥*
**ਅੰਗ - 1425**
*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ*
*ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ*
*ਤਿਲ ਪੀੜੇ ਘਾਣੀ॥* **ਅੰਗ - 315**

ਇਕ ਥਾਂ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ*
*ਕਰੈ ਧੰਨੁ ਸਵਾਰਣਹਾਰੁ॥*
**ਅੰਗ - 38**

ਸੋ ਉਨ੍ਹਾਂ ਵਾਸਤੇ ਗੁਰਬਾਣੀ ਵਿਚ ਉਪਦੇਸ਼ ਹਨ, ਉਹ ਸਾਰੇ ਅਤੇ ਜੋ ਕਰਮ-ਕਾਂਡ ਅਤੇ ਸ਼ਰ੍ਹਾ ਪਾਲਣ ਦੇ ਉਪਦੇਸ਼ ਹਨ ਉਹ ਸ਼ਰੀਅਤ ਦੀ category (ਸ਼੍ਰੇਣੀ) ਵਿਚ ਆ ਜਾਂਦੇ ਹਨ।

ਦੂਸਰੇ ਕਿਸਮ ਦੇ ਉਪਦੇਸ਼ ਉਨ੍ਹਾਂ ਪ੍ਰੇਮੀਆਂ ਵਾਸਤੇ ਹੋਇਆ ਕਰਦੇ ਹਨ ਜਿਹੜੇ ਪਾਪ ਕਰਮਾਂ ਤੋਂ ਸਦਾ ਹੀ ਬਚਦੇ ਰਹਿੰਦੇ ਹਨ, ਬਾਣੀ ਦਾ ਪਾਠ ਕਰਦੇ ਹਨ, ਨਾਮ ਜਪਦੇ ਹਨ ਅਤੇ ਸੇਵਾ ਕਰਦੇ ਹਨ, ਦੂਜਿਆਂ ਦਾ ਭਲਾ ਕਰਦੇ ਹਨ, ਆਪਣੀ ਕਿਰਤ ਕਮਾਈ ਵਿਚੋਂ ਦਾਨ ਦਿੰਦੇ ਹਨ। ਉਨ੍ਹਾਂ ਲਈ ਰੌਚਕ ਉਪਦੇਸ਼ ਹੋਇਆ ਕਰਦੇ ਹਨ। ਜਿਸ ਤਰ੍ਹਾਂ ਸੁਖਮਨੀ ਸਾਹਿਬ ਵਿਚ ਨਾਮ ਸਿਮਰਨ ਦੀਆਂ ਬਰਕਤਾਂ ਪਹਿਲੀ ਅਸਟਪਦੀ ਵਿਚ ਖੋਲ੍ਹ ਕੇ ਦਸੀਆਂ ਗਈਆਂ ਹਨ। ਇਨ੍ਹਾਂ ਪ੍ਰੇਮੀਆਂ ਦੇ ਉਪਦੇਸ਼ ਰੌਚਕ category ਵਿਚ ਆਉਂਦੇ ਹਨ।

ਤੀਸਰੇ ਉਹ ਪ੍ਰੇਮੀ ਹੋਇਆ ਕਰਦੇ ਹਨ ਜੋ ਬਾਣੀ ਦੀ ਕਮਾਈ ਕਰਕੇ, ਨਾਮ ਦੀ ਘਾਲ ਕਮਾਈ ਕਰਕੇ ਵਿਵੇਕ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦੇ ਹਨ। ਜਿਨ੍ਹਾਂ ਨੂੰ ਗੁਰੂ ਦੀ ਮਿਹਰ ਦੇ ਨਾਲ ਸਤਿ ਦਾ ਗਿਆਨ ਹੋ ਜਾਇਆ ਕਰਦਾ ਹੈ, ਉਹ ਆਤਮ ਚਿੰਤਨ, ਬ੍ਰਹਮ ਚਿੰਤਨ ਵਿਚ ਲਿਵਲੀਨ ਰਹਿੰਦੇ ਹਨ। ਉਨ੍ਹਾਂ ਲਈ ਯਥਾਰਥ ਉਪਦੇਸ਼ ਹੋਇਆ ਕਰਦੇ ਹਨ। ਤਿੰਨਾਂ ਕਿਸਮਾਂ ਦੇ ਹੀ ਉਪਦੇਸ਼ ਪੂਰੀ ਤਰ੍ਹਾਂ ਦੇ ਨਾਲ ਅਵਸਥਾ ਭੇਦ ਨਾਲ ਸਤਿ ਹੋਇਆ ਕਰਦੇ ਹਨ। ਸੋ ਇਸ ਤਰ੍ਹਾਂ ਨਾਲ ਉਨ੍ਹਾਂ ਧਰਮ ਅਲੰਬੀਆਂ ਦੀਆਂ ਵੀ categories (ਸ਼੍ਰੇਣੀਆਂ) ਹੋਇਆ ਕਰਦੀਆਂ ਹਨ। ਪਹਿਲੀ ਨੂੰ **'ਸ਼ਰੀਅਤ'** ਆਖਦੇ ਹਨ ਜੋ ਸ਼ਰ੍ਹਾ ਤੋਂ ਉਪਰ ਨਹੀਂ ਸੋਚਿਆ ਕਰਦੇ ਦੂਸਰਿਆਂ ਨੂੰ। ਦੂਸਰੀ ਅਵਸਥਾ **'ਤਰੀਕਤ'** ਹੋਇਆ ਕਰਦੀ ਹੈ, ਤੀਸਰੀ ਨੂੰ **'ਹਕੀਕਤ'** ਆਖਦੇ ਹਨ ਅਤੇ ਅੰਤਮ ਨੂੰ **'ਮਾਰਫਤ'** ਆਖਿਆ ਜਾਂਦਾ ਹੈ। ਇਸ ਵਾਸਤੇ ਜੋ ਪ੍ਰਾਇਮਰੀ ਜਮਾਤ ਦੇ student ਹਨ ਉਹ ਆਰਫਾਂ, ਦਰਵੇਸ਼ਾਂ, ਸੰਤਾਂ, ਸਾਧੂਆਂ, ਮਹਾਂਪੁਰਸ਼ਾਂ ਬਾਰੇ ਕੁਝ ਵੀ ਨਹੀਂ ਜਾਣਦੇ ਅਤੇ ਉਨ੍ਹਾਂ ਨੂੰ ਮਾਰਫਤ ਦੇ ਬਚਨ ਸੁਣ ਕੇ ਫਤਵੇ ਲਾ ਦਿਆ ਕਰਦੇ ਹਨ। ਹਰ ਧਰਮ ਵਿਚ ਆਮ ਤੌਰ ਤੇ ਸ਼ਰ੍ਹਾ ਵਾਲੇ ਗਿਆਨ ਦੇ ਚਕਸ਼ੂਆਂ ਤੋਂ ਹੀਣੇ ਹੋਇਆ ਕਰਦੇ ਹਨ। ਉਹ ਆਪਣੇ ਮੱਤ ਅਨੁਸਾਰ ਵਰਤ ਕੇ ਸਤਿ ਦੇ ਖੋਜੀਆਂ ਨੂੰ ਸਜ਼ਾਵਾਂ ਦਿੰਦੇ ਆਏ ਹਨ ਇਸੇ ਤਰ੍ਹਾਂ ਨਾਲ ਅਸਾਡੇ ਧਰਮ ਵਿਚ ਅਜਕਲ ਇਕ ਰਿਵਾਜ ਹੀ ਬਣ ਗਿਆ ਹੈ ਕਿ ਸੰਤਾਂ ਦੀ ਖੂਬ ਜੀਅ ਭਰ ਕੇ ਨਿੰਦਿਆ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਮਾਜ ਵਿਚ ਐਨਾ ਬਦਨਾਮ ਕੀਤਾ ਜਾਵੇ ਕਿ ਲੋਕ ਉਨ੍ਹਾਂ ਨਾਲ ਨਫਰਤ ਕਰਨ ਲਗ ਜਾਣ; ਇਹ ਹੁੰਦਾ ਹੀ ਆਇਆ ਹੈ।

ਕਬੀਰ ਸਾਹਿਬ ਨੂੰ ਤੰਗ ਕਰਨ ਵਾਸਤੇ ਜੱਗ ਦੇ ਸੱਦਾ ਪੱਤਰ ਭੇਜ ਦਿਤੇ। ਹਜ਼ਾਰਾਂ ਦੀ ਤਦਾਦ ਵਿਚ ਸਾਧੂ, ਮਹਾਂਪੁਰਸ਼ ਤੇ ਆਮ ਦੁਨੀਆਂ ਇਕੱਠੀ ਹੋ ਗਈ ਪਰ ਦੂਜੇ ਪਾਸੇ ਅਜਿਹੇ ਪਾਮਰਾਂ ਨਾਲ ਮੁਕਾਬਲਾ ਕਰਨ ਲਈ ਉਨ੍ਹਾਂ ਦਾ ਪਿਆਰਾ

ਵਾਹਿਗੁਰੂ ਹੋਇਆ ਕਰਦਾ ਹੈ। ਉਸ ਵਾਹਿਗੁਰੂ ਨੇ ਆਪਣੇ ਪਿਆਰੇ ਨੂੰ ਪਰੇਸ਼ਾਨ ਤਕ ਕੇ ਆਪ ਆ ਕੇ ਬਹੁਤ ਵੱਡਾ ਜੱਗ ਕੀਤਾ। ਰਵਿਦਾਸ ਜੀ ਦਾ ਚਿਤੌੜਗੜ੍ਹ ਦੀ ਰਾਣੀ ਝਾਲੀ ਦੇ ਘਰ ਬਹੁਤ ਹੀ ਅਪਮਾਨ ਕੀਤਾ ਅਤੇ ਬਣੇ ਬਣਾਏ ਬ੍ਰਹਮ ਭੋਜ ਦੇ ਭੰਡਾਰੇ ਛੱਡ ਕੇ ਕਿਹਾ ਕਿ ਜੇ ਰਵਿਦਾਸ ਖਾਵੇਗਾ ਤਾਂ ਅਸੀਂ ਬਿਲਕੁਲ ਨਹੀਂ ਖਾਣਾ। ਜਾਂ ਫਿਰ ਸਾਨੂੰ ਪਹਿਲਾਂ ਬ੍ਰਹਮ ਭੋਜ ਛਕਾਵੋ ਤਾਂ ਅਸੀਂ ਛਕਾਂਗੇ। ਰਵਿਦਾਸ ਜੀ ਅਲੱਗ ਕਮਰੇ ਵਿਚ ਬੈਠ ਜਾਂਦੇ ਹਨ, ਇਹ ਕੱਟੜ ਹੰਕਾਰੀ ਤੇ ਨਿੰਦਕ, ਬ੍ਰਾਹਮਣ ਪੰਗਤ ਲਾ ਕੇ ਬੈਠ ਗਏ। ਵਾਹਿਗੁਰੂ ਜੀ ਨੂੰ ਇਹ ਨਾ ਭਾਈ ਅਤੇ ਉਹ ਰਵਿਦਾਸ ਜੀ ਦਾ ਰੂਪ ਧਾਰ ਕੇ ਸਾਰੇ ਬ੍ਰਾਹਮਣਾਂ ਦੇ ਨਾਲ ਹੋ ਕੇ ਬੈਠ ਗਏ। ਉਨ੍ਹਾਂ ਨੇ ਆਪਣੇ ਭਗਤ ਦੀ ਪੈਜ ਰਖੀ। ਸੋ ਇਸ ਤਰ੍ਹਾਂ ਨਾਲ ਦੁਸ਼ਟ ਦੇ ਦੋਖੀ ਪੁਰਸ਼ ਸਦਾ ਤੋਂ ਹੀ ਸਾਧੂਆਂ ਨੂੰ ਦੁਖ ਦੇਣ ਦੇ ਜਤਨ ਕਰਦੇ ਆਏ ਹਨ। ਪਰ ਸੰਤਾਂ ਵਲ ਵਾਹਿਗੁਰੂ ਜੀ ਹਨ। ਗੁਰਬਾਣੀ ਦੇ ਮੁਤਾਬਿਕ -

***ਜਿਸ ਕੇ ਸਿਰ ਊਪਰਿ***
***ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ***
***ਮਰਣਾ ਚੀਤਿ ਨ ਆਵੈ॥***
***ਮੇਰੇ ਰਾਮਰਾਇ ਤੂੰ ਸੰਤਾ ਕਾ***
***ਸੰਤ ਤੇਰੇ॥***
***ਤੇਰੇ ਸੇਵਕ ਕਉ ਭਉ ਕਿਛੁ ਨਾਹੀ***
***ਜਮੁ ਨਹੀ ਆਵੈ ਨੇਰੇ॥***

***ਅੰਗ - 749***

***ਜਿਸ ਦੈ ਹੋਵੈ ਵਲਿ***
***ਸੁ ਕਦੇ ਨ ਹਾਰਦਾ॥ ਅੰਗ - 519***

ਇਹ ਅਟੱਲ ਨਿਯਮ ਹਨ ਵਾਹਿਗੁਰੂ ਜੀ ਦੇ। ਸੰਤਾਂ ਮਹਾਂਪੁਰਸ਼ਾਂ ਦੀ ਮਹਿਮਾ ਕਰਾਉਣ ਵਾਸਤੇ ਆਪੇ ਹੀ ਦੁਸ਼ਟ, ਦੋਖੀਆਂ, ਨਿੰਦਕਾਂ ਨੂੰ ਉਨ੍ਹਾਂ ਦੇ ਪਿਛੇ ਲਾ ਦਿੰਦਾ ਹੈ। ਆਪ ਹੀ ਰਾਖਾ ਹੋ ਕੇ ਉਨ੍ਹਾਂ ਦੀ ਰਾਖੀ ਕਰਦਾ ਹੈ। ਇਕ ਥਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਆਪੇ ਦੈਤ ਲਾਇ ਦਿਤੇ***
***ਸੰਤ ਜਨਾ ਕਉ ਆਪੇ ਰਾਖਾ ਸੋਈ॥***
***ਜੋ ਤੇਰੀ ਸਦਾ ਸਰਣਾਈ***
***ਤਿਨ ਮਨਿ ਦੁਖੁ ਨ ਹੋਈ॥***

***ਅੰਗ - 1133***

***ਆਪਸ ਕਉ ਬਹੁ ਭਲਾ ਕਰਿ ਜਾਣਹਿ***
***ਮਨਮੁਖਿ ਮਤਿ ਨ ਕਾਈ॥***

***ਸਾਧੂ ਜਨ ਕੀ ਨਿੰਦਾ ਵਿਆਪੇ***
***ਜਾਸਨਿ ਜਨਮੁ ਗਵਾਈ॥***
***ਰਾਮ ਨਾਮੁ ਕਦੇ ਚੇਤਹਿ ਨਾਹੀ***
***ਅੰਤਿ ਗਏ ਪਛੁਤਾਈ॥***

***ਅੰਗ - 601***

***ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ***
***ਕਿਆ ਪਾਪੀ ਕਰੀਐ॥***

***ਗੁਮਾਨੁ ਕਰਹਿ ਮੂੜ ਗੁਮਾਨੀਆ***
***ਵਿਸੁ ਖਾਧੀ ਮਰੀਐ॥***

***ਅੰਗ - 316***

ਜੋ ਅਜਕਲ ਸੰਤਾਂ ਦੇ ਖਿਲਾਫ ਕੱਟੜ ਪੰਥੀਆਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ ਕਿ ਸੰਤਾਂ ਸਾਧੂਆਂ ਨਾਲ ਕੋਈ ਤਾਲੁਕ ਨਾ ਰੱਖੋ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਸੰਤਾਂ ਨੇ ਪੰਥ ਦਾ ਭੱਠਾ ਬਹਾ ਦਿਤਾ। ਅਜਿਹੀਆਂ ਗੱਲਾਂ ਸੁਣ ਕੇ ਸੰਤਾਂ ਨੂੰ ਕੋਈ ਖੇਦ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੇ ਵਾਹਿਗੁਰੂ ਜੀ ਵਲੋਂ ਦਿਤੇ ਹੋਏ ਕਾਰਜ ਨੂੰ ਬਿਨਾਂ ਉਸਤਤਿ ਤੇ ਨਿੰਦਿਆ ਦੀ ਪਰਵਾਹ ਕੀਤਿਆਂ ਨਿਭਾਉਂਦੇ ਹੀ ਰਹਿਣਾ ਹੈ, ਇਸ ਉਤੇ ਵਿਚਾਰ ਅੱਗੇ ਚਲ ਕੇ ਕੀਤੀ ਜਾਵੇਗੀ।

ਕੁਝ ਖਰੀਆਂ-ਖਰੀਆਂ - ਸੰਤਾਂ ਵਲੋਂ ਜੋ ਉਦਾਸੀ ਧਾਰਨ ਕਰਕੇ ਐਸੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ ਉਨ੍ਹਾਂ ਉਤੇ ਸਾਰੇ ਸਿੱਖ ਪੰਥ ਦੇ ਸੰਤਾਂ ਨੂੰ ਗੰਭੀਰ ਵਿਚਾਰ ਕਰਨੀ ਚਾਹੀਦੀ ਹੈ। ਜੇ ਸਾਰਾ ਦੋਸ਼ ਦੂਸਰਿਆਂ ਨੂੰ ਦੇਈਏ ਤਾਂ ਇਹ ਭੀ ਬਿਲਕੁਲ ਗਲਤ ਹੈ ਪਹਿਲਾਂ ਸਾਨੂੰ ਵਿਚਾਰ ਕਰਨੀ ਪਵੇਗੀ ਕਿ ਕੀ ਸਾਰੇ ਅਖਾਉਤੀ ਸੰਤ ਉਸ ਕਸਵੱਟੀ ਉਪਰ ਪੂਰਾ ਉਤਰਦੇ ਹਨ, ਜੋ ਪਹਿਲਾਂ ਵਿਸਥਾਰ ਨਾਲ ਲਿਖੀ ਸੰਤ ਰਹਿਤ ਵਿਚ, ਸੰਤਾਂ ਦੀ ਰਹਿਣੀ, ਸਹਿਣੀ ਤੇ ਕਹਿਣੀ ਦਰਸਾਈ ਗਈ ਹੈ? ਮੈਂ ਇਸ ਗੱਲ ਦੀ ਮਾਫੀ ਮੰਗਦਾ ਹਾਂ ਕਿ ਮੈਥੋਂ ਬਿਨਾਂ ਸਾਰੇ ਹੀ ਸਨਮਾਨਯੋਗ ਸਾਧੂ, ਸੰਤ ਸਤਿਕਾਰ ਲੈਣ ਦੇ ਯੋਗ ਹਨ ਅਤੇ ਮੈਂ ਹੀ ਇਨ੍ਹਾਂ

ਵਿਚ ਵਾਧੂ ਰਲਾਇਆ ਗਿਆ ਹਾਂ ਕਿਉਂਕਿ ਮੈਂ ਕਦੇ ਵੀ ਇਹ ਭਾਵਨਾ ਨਹੀਂ ਧਾਰੀ ਕਿ ਮੈਨੂੰ ਕੋਈ 'ਸੰਤ' ਅਖਰ ਕਹਿ ਕੇ ਬੁਲਾਏ ਜਾਂ ਸੰਤ ਕਹਿਕੇ ਲਿਖੇ ਜਾਂ ਸੰਤ ਜਾਣ ਕੇ ਸਤਿਕਾਰ ਕਰੇ। ਇਹ ਗੱਲ ਮੈਂ ਧੁਰ ਹਿਰਦੇ ਵਿਚੋਂ ਆਖ ਰਿਹਾ ਹਾਂ ਕਿਉਂਕਿ ਮੈਂ ਤਾਂ ਇਕ ਕਿਸਾਨ ਸੀ, ਗੁਰੂ ਮਹਾਰਾਜ ਨੇ ਪ੍ਰੇਰਨਾ ਕੀਤੀ ਕਿ ਤੇਰੇ ਸਾਥੀ ਸ਼ਰਾਬਾਂ ਵਿਚ ਗੁਲਤਾਨ ਹਨ, ਬਹੁਤ ਹੀ ਨਿੰਦਨੀ ਕਰਮ ਕਰਦੇ ਹਨ। ਜੇ ਅਜਿਹੀ ਹਾਲਤ ਹੀ ਰਹੀ ਤਾਂ ਇਹ ਛੇਤੀਂ ਤੋਂ ਛੇਤੀਂ ਸਿੱਖੀ ਦਾ ਸਰੂਪ ਤਿਆਗ ਕੇ ਵਿਸ਼ੇ-ਵਿਕਾਰਾਂ ਵਿਚ, ਨਸ਼ਿਆਂ ਵਿਚ ਪਰਵਿਰਤ ਹੋ ਜਾਣਗੇ। ਲਗਾਤਾਰ 25 ਸਾਲ ਯੂ.ਪੀ. ਅਤੇ ਰੋਪੜ ਵਿਚ ਘਰ-ਘਰ ਜਾ ਕੇ ਆਪਣਾ ਹੀ ਸਾਰਾ ਖਰਚ ਕਰਕੇ ਬਗੈਰ ਕਿਸੇ ਤੋਂ ਸਿਰੋਪਾਓ ਲਿਆਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਦਿਤਾ, ਜਿਸ ਦੇ ਫਲਸਰੂਪ ਅੱਜ ਤਿੰਨ ਲੱਖ, ਸੱਠ ਹਜ਼ਾਰ ਦੀ ਗਿਣਤੀ ਵਿਚ ਨਸ਼ੇ ਖਾਣ ਵਾਲੇ, ਗੁਰਮਤਿ ਤੋਂ ਅਣਜਾਣ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਏ। ਕਦੇ ਭੁੱਲ ਕੇ ਵੀ ਕਿਸੇ ਦੇ ਘਰ ਜਾਂ ਕਿਸੇ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਿਆ। ਆਪਣੇ ਕੋਲ ਹੀ ਘਰੋਂ ਲੈ ਕੇ ਜਾਂਦਾ ਹਾਂ। ਬਹੁਤ ਸੋਹਣਾ ਸੱਤ ਟਿਊਬਵੈਲ ਤੇ ਚਾਰ ਮੋਘਿਆਂ ਵਾਲਾ ਆਪਣਾ ਫਾਰਮ ਸੀ, ਉਸ ਨੂੰ ਵੇਚ ਕੇ ਅਸਾਡੇ ਨਿਰਬਾਹ ਵਾਸਤੇ ਗੁਰੂ ਮਹਾਰਾਜ ਜੀ ਨੇ ਬਹੁਤ ਕੁਝ ਦੇ ਦਿਤਾ। ਸਾਰੇ ਬੱਚੇ Foreign ਵਿਚ ਸੈਟ ਹੋ ਗਏ। ਆਪ ਸਾਰੇ ਕੰਮ ਛੱਡ ਕੇ ਇਸੇ ਕੰਮ ਉਪਰ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਹਨ੍ਹੇਰੀਆਂ ਨੁਕਰਾਂ ਤਕ ਪਹੁੰਚਾਇਆ ਜਾਵੇ। ਜ਼ਿਲਾ ਰੋਪੜ ਦੇ ਲੋਕ ਨਸ਼ਿਆਂ ਵਿਚ ਪਰਵਿਰਤ ਸਨ; ਤਮਾਕੂ ਖਾਂਦੇ ਸਨ, ਤਮਾਕੂ ਬੀਜਦੇ ਸਨ; ਕਿਤੇ-ਕਿਤੇ ਹੀ ਕੋਈ ਗੁਰਸਿੱਖ ਨਜ਼ਰ ਆਇਆ ਕਰਦਾ ਸੀ ਪਰ ਅਜ ਜ਼ਿਲਾ ਰੋਪੜ, ਬਨੂੜ, ਲਾਲੜੂ ਅਤੇ ਰਾਜਪੁਰੇ ਦਾ ਪਛੜਿਆ ਹੋਇਆ ਇਲਾਕਾ ਸਿੱਖੀ ਵਿਚ ਸਾਰੇ ਪੰਜਾਬ ਵਿਚ ਪਹਿਲੇ ਨੰਬਰ ਤੇ ਹੈ। ਮੈਨੂੰ ਇਥੇ ਪੰਜਾਬ ਵਿਚ ਆਇਆਂ ੧੭ ਸਾਲ ਹੋ ਗਏ ਹਨ ਪਰ ਮੈਂ ਹੈਰਾਨ ਹਾਂ ਕਿ ਵੱਡੀਆਂ ਟਾਹਰਾਂ ਮਾਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਜਾਂ ਜਥੇਦਾਰ ਕਦੇ ਕਿਸੇ ਅੰਮ੍ਰਿਤ ਸੰਚਾਰ ਸਮਾਗਮ ਵਿਚ ਨਹੀਂ ਦੇਖੇ ਗਏ। ਇਸ ਗੱਲ ਦਾ ਮੈਨੂੰ ਕੋਈ ਖਿਆਲ ਨਹੀਂ ਕਿ ਉਹ ਧਰਮ ਪ੍ਰਚਾਰ ਵਿਚ ਹਿਸਾ ਕਿਉਂ ਨਹੀਂ ਲੈਂਦੇ? ਗੁਰੂ ਮਹਾਰਾਜ ਦੀ ਮੌਜ ਹੈ ਜਿਸ ਤੋਂ ਕੰਮ ਲੈਣਾ ਹੈ ਉਸ ਤੋਂ ਲੈ ਹੀ ਲੈਣਾ ਹੈ। ਮੈਂ ਕਦੇ ਵੀ ਕੋਈ ਭੇਖ ਨਹੀਂ ਸੀ ਬਣਾਇਆ, ਆਪਣੇ ਸਰਦਾਰੀ ਲਿਬਾਸ ਵਿਚ ਕੀਰਤਨ ਵਖਿਆਨ ਕਰਿਆ ਕਰਦਾ ਸੀ। ਸੰਗਤਾਂ ਮੈਨੂੰ ਸੰਤ ਕਿਉਂ ਕਹਿਣ ਲਗ ਗਈਆਂ, ਇਸ ਗੱਲ ਦਾ ਉਤਰ ਉਨ੍ਹਾਂ ਪਾਸ ਹੀ ਹੈ। ਪਹਿਲਾਂ-ਪਹਿਲਾਂ ਚੰਗਾ ਨਾ ਲੱਗਿਆ, ਹੁਣ ਜਦ ਕਹਿਣ ਅਤੇ ਲਿਖਣ ਤੋਂ ਹਟਦੇ ਹੀ ਨਹੀਂ ਫੇਰ ਮੈਂ ਚੁੱਪ ਕਰ ਗਿਆ। ਅਜੇ ਤਕ ਵੀ ਮੇਰੇ ਅੰਦਰ ਇਹ ਖਿਆਲ ਆ ਜਾਂਦਾ ਹੈ ਕਿ ਸਰਦਾਰ ਤੋਂ ਸੰਤ ਕਿਵੇਂ ਬਣਾ ਦਿਤਾ ਗਿਆ? ਕੋਈ ਭੇਖ ਨਹੀਂ ਬਦਲਿਆ; ਸਹੂਲਤ ਵਾਸਤੇ, ਸੁਖਾਲਾ ਰਹਿਣ ਵਾਸਤੇ ਪੈਂਟ, ਬੁਰਸ਼ਟ, ਕੋਟ, ਟਾਈ ਦੀ ਥਾਂ ਕੁੜਤਾ, ਪਜ਼ਾਮਾ ਪਹਿਨ ਲਿਆ। ਇਹ ਗੱਲਾਂ ਮੈਂ ਤਾਂ ਲਿਖ ਰਿਹਾ ਹਾਂ ਕਿਉਂਕਿ ਮੈਂ ਕੁਝ ਕੌੜੀਆਂ-ਕੁਸੈਲੀਆਂ ਗੱਲਾਂ ਆਪਣੇ ਸਾਥੀਆਂ ਨਾਲ ਕਰਨੀਆਂ ਹਨ ਜਿਸ ਵਿਚ ਮੈਨੂੰ ਅਜਕੱਲ ਸ਼ਾਮਿਲ ਕਰ ਦਿਤਾ ਗਿਆ ਹੈ।

1. ਸੰਤ ਜੋ ਅਜਕੱਲ ਪੰਜਾਬ ਵਿਚ ਜਾਂ ਬਾਹਰਲੇ ਸੂਬਿਆਂ ਵਿਚ ਹਨ ਉਨ੍ਹਾਂ ਨੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਅਜਿਹੇ ਨਿਰਾਦਰੀ ਦੇ ਬਚਨ ਕਿਉਂ ਬੋਲੇ ਜਾਂ ਲਿਖੇ ਜਾ ਰਹੇ ਹਨ। ਮੇਰੀ ਸੰਨਿਮਰ ਬੇਨਤੀ ਹੈ ਕਿ ਉਹ ਆਪਣੀ ਨਿੱਜੀ ਪੜਚੋਲ ਕਰਕੇ ਵੇਖਣ ਕਿ ਕੀ ਉਨ੍ਹਾਂ ਦੀ ਰਹਿਤ ਸੰਤਾਂ ਵਾਲੀ ਹੈ ਜਾਂ ਇਸਦੇ ਵਿਪਰੀਤ ਹੈ? ਕੀ ਤਪ, ਤਿਤੀਕਸ਼ਾ, ਸਮ ਤੇ ਦਮ ਦੀਆਂ ਰਹਿਤਾਂ ਉਨ੍ਹਾਂ ਦੀਆਂ ਸੰਤਾਂ ਵਾਲੀਆਂ ਹਨ ਜਾਂ ਇਸਦੇ ਵਿਪਰੀਤ ਹਨ? ਮੈਂ ਦੋਵੇਂ ਹੱਥ ਜੋੜ ਕੇ ਕੁਝ ਖਰੀਆਂ ਗੱਲਾਂ ਕਹਿਣ ਲੱਗਿਆ ਹਾਂ; ਮੈਨੂੰ ਇਸ ਦੋਸ਼ ਤੋਂ ਮਾਫ ਕਰ ਦੇਣ ਜੇ ਕਿਸੇ ਨੂੰ ਇਹ ਬੁਰੀਆਂ ਲਗਣ। ਮੇਰੇ ਵਿਚਾਰ ਵਿਚ ਅਜਕੱਲ ਬਹੁਤ ਸਾਰੇ ਸੰਤਾਂ ਨੇ ਕੇਵਲ ਭੇਖ ਦੀ ਓਟ ਲਈ ਹੋਈ ਹੈ ਅਤੇ ਕਰਨੀ ਕਮਾਈ ਸੰਤ ਸੇਵਕਾਂ ਵਾਲੀ ਵੀ ਨਹੀਂ ਪ੍ਰਤੀਤ ਦਿੰਦੀ। ਹੁਣ ਤੋਂ

ਪਹਿਲਾਂ ਜਿੰਨੇ ਵੀ ਮਹਾਂਪੁਰਸ਼ ਹੋ ਚੁਕੇ ਹਨ ਉਨ੍ਹਾਂ ਦੀ ਮਹਿਮਾ ਕਿੰਨੀ ਸੀ, ਉਨ੍ਹਾਂ ਦੇ ਵਿਚ ਅਥਾਹ ਸ਼ਕਤੀਆਂ ਦਾ ਪ੍ਰਵਾਹ ਚਲਦਾ ਸੀ। ਉਹ ਸਹੰਸਰਾਰ ਦਲ ਕਮਲ ਵਿਚੋਂ ਪ੍ਰਗਟ ਹੋਈਆਂ ਸ਼ਕਤੀਆਂ ਨੂੰ ਪਿੱਠ ਦੇ ਕੇ ਦਸਮ ਦੁਆਰ ਤੋਂ ਉਪਰ ਸਚਖੰਡ ਤਕ ਪਹੁੰਚ ਰਖਦੇ ਸਨ। ਉਨ੍ਹਾਂ ਦੇ ਬਚਨ ਸਤਿ ਹੁੰਦੇ ਸਨ। ਉਨ੍ਹਾਂ ਵਿਚ ਅਨੇਕ ਸ਼ਕਤੀਆਂ ਪਰਖਣ ਵਿਚ, ਦੇਖਣ ਵਿਚ, ਸੁਣਨ ਵਿਚ ਆਈਆਂ ਪਰ ਹੁਣ ਥੋੜ੍ਹੇ ਜਿਹੇ ਮਹਾਤਮਾਵਾਂ ਨੂੰ ਛੱਡ ਕੇ, ਬਹੁਤ ਸਾਰੇ ਕੇਵਲ ਭੇਖ ਦਾ ਆਸਰਾ ਲੈ ਕੇ ਸੰਤ ਕਹਾ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅੱਜ ਸੰਸਾਰ ਵਿਚ ਪ੍ਰਗਟ ਕਰਨ ਲਈ ਸੰਤਾਂ ਦੀ ਪ੍ਰਮੁੱਖ ਡਿਊਟੀ ਹੈ ਕਿਉਂਕਿ ਉਹ ਵਾਹਿਗੁਰੂ ਜੀ ਵਲੋਂ ਇਸੇ ਕੰਮ ਨੂੰ ਕਰਨ ਲਈ ਭੇਜੇ ਗਏ ਹਨ। ਪਹਿਲੇ ਮਹਾਤਮਾ ਵਿਦਿਆ ਲੈਣ ਲਈ ਉਚ ਕੋਟੀ ਦੇ ਮਹਾਂਪੁਰਸ਼ਾਂ ਪਾਸ ਜਾ ਕੇ ਗੂੜ੍ਹ ਆਤਮ ਵਿਦਿਆ ਦਾ ਅਧਿਐਨ ਕਰਿਆ ਕਰਦੇ ਸਨ ਪਰ ਹੁਣ ਜਦੋਂ ਤੋਂ ਟੇਪਾਂ ਤੇ ਵੀਡੀਓ ਫਿਲਮਾਂ ਚਲੀਆਂ ਹਨ, ਬਹੁਤ ਸਾਰੇ ਐਸੇ ਲੋਕ ਭੇਖ ਧਾਰ ਕੇ ਸੰਤ ਸਮਾਜ ਵਿਚ ਦਾਖਲ ਹੋ ਗਏ ਹਨ ਜਿਹੜੇ ਅਨੁਭਵ ਤੋਂ ਵਿਹੂਣੇ ਹਨ। ਦੂਸਰਿਆਂ ਦੇ ਖਿਆਲ ਵੀਡੀਓ ਅਤੇ ਆਡੀਓ ਟੇਪਾਂ ਵਿਚੋਂ ਚੋਰੀ ਕਰਕੇ ਆਪਣੇ ਬਣਾ ਕੇ ਸਰੋਤਿਆਂ ਤੋਂ ਮਾਇਆ ਲੁੱਟ ਰਹੇ ਹਨ। ਇਹ ਲੋਕ ਕਹਾਉਂਦੇ ਤਾਂ ਆਪਣੇ ਆਪਨੂੰ ਸਾਧੂ ਹਨ ਪਰ ਜੇ ਇਨ੍ਹਾਂ ਨੂੰ ਚੋਰ ਪ੍ਰਚਾਰਕ ਕਹਿ ਦਿਤਾ ਜਾਵੇ ਤਾਂ ਕੋਈ ਅਯੋਗ ਗੱਲ ਨਹੀਂ ਹੋਵੇਗੀ। ਐਸੇ-ਐਸੇ ਭਾਵੁਕ ਵਿਖਿਆਨ ਕਰਦੇ ਹਨ, ਭਰਮ ਪਾਉਂਦੇ ਹਨ। ਸਾਰੀ ਨਿਗ੍ਹਾ ਵਾਜਿਆਂ ਉਪਰ ਪੈਸੇ ਰਖਾ ਕੇ ਗੱਲਾਂ ਕਰਨ ਤਕ ਹੀ ਰਖਦੇ ਹਨ। ਸੰਤ ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਇਆ ਕਰਦੇ ਹਨ। ਮੈਂ ਆਪਣੇ ਬਾਰੇ ਦਸਦਾ ਹਾਂ ਕਿ ਮੈਂ ਕਦੇ ਕਿਸੇ ਤੋਂ ਮਾਇਆ ਜਾਂ ਸਿਰੋਪਾਓ ਅੰਗੀਕਾਰ ਨਹੀਂ ਕੀਤਾ। 1987 ਤੋਂ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਵਜੂਦ ਵਿਚ ਆਇਆ, ਉਹ ਪਬਲਿਕ ਅਦਾਰਾ ਬਣ ਗਿਆ ਅਤੇ ਇਸ ਮਿਸ਼ਨ ਨੇ ਥੋੜੇ ਸਮੇਂ ਵਿਚ ਬਹੁਤ ਪ੍ਰਾਪਤੀ ਕੀਤੀ। ਸੰਗਤਾਂ ਨੇ ਪਰਉਪਕਾਰ ਦੇ ਸਾਰੇ ਕੰਮਾਂ ਨੂੰ ਵੇਖਦਿਆਂ ਹੋਇਆਂ ਜੀਅ ਭਰ ਕੇ ਆਪਣੀ ਮਾਇਆ ਨੂੰ ਸਫਲ ਕੀਤਾ। ਉਸ ਵਿਚੋਂ ਇਕ ਵੀ ਪੈਸਾ ਮੈਂ ਆਪਣੇ ਨਿਜ ਵਾਸਤੇ ਕਦੇ ਵੀ ਨਹੀਂ ਵਰਤਿਆ ਅਤੇ ਨਾ ਹੀ ਗੁਰਦੁਆਰਾ ਰਤਵਾੜਾ ਸਾਹਿਬ ਦੇ ਲੰਗਰ ਵਿਚ ਜਾਂ ਕਿਸੇ ਹੋਰ ਗੁਰਦੁਆਰੇ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਅਤੇ ਨਾ ਕੋਈ ਮਾਇਕ ਲਾਭ ਪ੍ਰਾਪਤ ਕੀਤਾ। ਮਿਸ਼ਨ ਨੇ ਥੋੜ੍ਹੇ ਸਮੇਂ ਵਿਚ ਬਹੁਤ ਤਰੱਕੀ ਕੀਤੀ ਕਿਉਂਕਿ Public money ਜੋ ਵੀ ਆਉਂਦੀ ਸੀ ਉਸਦੀ ਸੰਭਾਲ ਕੇ ਪੂਰੇ accounts ਰੱਖ ਕੇ ਵਰਤੋਂ ਕੀਤੀ ਗਈ। ਸੰਗਤਾਂ ਨੇ ਪ੍ਰਚਾਰ ਦੀ ਰਫਤਾਰ ਨੂੰ ਅਨੁਭਵ ਕਰਦਿਆਂ ਕਈ ਥਾਵਾਂ ਤੇ ਜ਼ਮੀਨਾਂ ਅਰਦਾਸ ਕਰਾ ਦਿਤੀਆਂ, ਉਨ੍ਹਾਂ ਸਾਰਿਆਂ ਵਿਚ ਹੀ ਨਿਸ਼ਕਾਮ ਸੇਵਾ ਕਰਨ ਵਾਲੇ ਪ੍ਰੇਮੀਆਂ ਦੀ ਡਿਊਟੀ ਲਾ ਦਿਤੀ ਅਤੇ ਕੋਈ ਵੀ ਸਾਡੇ ਮਿਸ਼ਨ ਦਾ ਮੈਂਬਰ Public money ਨਾਲ ਆਪਣਾ ਨਿੱਜ ਨਹੀਂ ਪਾਲਦਾ।

ਇਸਦੇ ਵਿਪਰੀਤ ਬਹੁਤ ਸਾਰੇ ਮਹਾਂਪੁਰਸ਼ ਕਹਿਣਗੇ ਕਿ ਅਸੀਂ ਭੀ ਆਪਣੇ ਅਦਾਰੇ ਲਈ ਮਾਇਆ ਖਰਚ ਕਰਦੇ ਹਾਂ ਪਰ ਇਕ ਸਵਾਲ ਦੀ ਪੜਚੋਲ ਜ਼ਰੂਰ ਕਰਨੀ ਪਵੇਗੀ ਕਿ ਕੀ ਇਹ ਅਦਾਰਾ ਪਬਲਿਕ ਦਾ ਹੈ ਜਾਂ ਆਪਣੇ ਥੋੜ੍ਹੇ ਜਿਹੇ ਬੰਦਿਆਂ ਦਾ ਹੈ? ਮੇਰੀ ਸੰਤਾਂ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੇ ਮਨ ਵਿਚ ਪੜਚੋਲ ਕਰਨ ਅਤੇ ਦੇਖਣ ਕਿ ਕੀ ਅਸੀਂ ਇਨ੍ਹਾਂ ਅਦਾਰਿਆਂ ਦੇ ਨਾਲ ਬੰਨ੍ਹੇ ਤਾਂ ਨਹੀਂ ਗਏ। ਕੀ ਅਸੀਂ ਆਪਣੀ ਮਰਜ਼ੀ ਨਾਲ ਇਨ੍ਹਾਂ ਨੂੰ ਜੀ ਚਾਹੇ, ਜਦੋਂ ਲੋੜ ਪਏ, ਛੱਡ ਕੇ ਪਾਸੇ ਹੋ ਸਕਦੇ ਹਾਂ?

ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਦਮਦਮੇ ਸਾਹਿਬ ਦੀ ਸੇਵਾ ਕੀਤੀ ਅਤੇ ਜਦੋਂ ਕਮੇਟੀ ਨੇ ਆ ਕੇ ਉਨ੍ਹਾਂ ਨੂੰ ਜਾਣ ਲਈ ਕਿਹਾ ਉਹ ਕੇਵਲ ਆਪਣਾ ਕਛਹਿਰਾ, ਪਰਨਾ ਚੁਕ ਕੇ, ਫਤਹਿ ਬੁਲਾ ਕੇ ਅਸਥਾਨ ਨੂੰ ਛੱਡ ਗਏ।

ਅਖਬਾਰਾਂ ਵਿਚ ਪੜ੍ਹੀਦਾ ਹੈ ਕਿ ਸੰਤਾਂ ਉਪਰ ਦੋਸ਼ ਲਾਉਂਦੇ ਹਨ ਕਿ ਉਹ ਬਹੁਤ ਵੱਡੇ-

ਵੱਡੇ ਡੇਰੇ ਬਣਾ ਰਹੇ ਹਨ। ਦੋਸ਼ ਲਾਉਣ ਵਾਲਿਆਂ ਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਉਨ੍ਹਾਂ ਡੇਰਿਆਂ ਨਾਲ ਦ੍ਵੈਸ਼ ਕਿਉਂ ਹੋ ਰਹੀ ਹੈ ਜਦੋਂ ਕਿ ਉਨ੍ਹਾਂ ਥਾਵਾਂ ਉਪਰ ਦਿਨ-ਰਾਤ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਤੇ 24 ਘੰਟੇ ਲੰਗਰ ਚਲ ਰਹੇ ਹਨ ਅਤੇ ਬਗੈਰ ਵਿਤਕਰੇ ਦੇ ਸਭ ਨੂੰ ਪ੍ਰਸ਼ਾਦਾ, ਰਿਹਾਇਸ਼, ਦਵਾ-ਦਾਰੂ, ਵਸਤਰ ਮਿਲਦੇ ਹਨ; ਲੋੜਵੰਦ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਂਦੀਆਂ ਹਨ ਅਤੇ ਇਹ ਅਦਾਰੇ ਸਾਰੇ ਖਰਚ ਕਰ ਰਹੇ ਹਨ। ਸੰਤਾਂ ਨੇ ਤਾਂ ਕੇਵਲ ਪ੍ਰਸ਼ਾਦਾ ਛਕਣਾ ਹੈ, ਅਰਾਮ ਵਾਸਤੇ ਇਕ ਕਮਰੇ ਦੀ ਲੋੜ ਹੈ; ਪਹਿਨਣ ਵਾਸਤੇ ਇਕ-ਦੋ ਚੋਲਿਆਂ ਦੀ ਲੋੜ ਹੈ ਇਹ ਕੋਈ ਆਪਣੇ ਬਾਲ-ਬੱਚਿਆਂ ਨੂੰ ਨਹੀਂ ਪਾਲਦੇ। ਜਦੋਂ ਕਿ ਬੇਅੰਤ ਰਾਗੀ ਪ੍ਰਚਾਰਕ ਦੇਸ਼ਾਂ-ਵਿਦੇਸ਼ਾਂ ਵਿਚ ਆਪਣੇ master piece ਬਣਾ ਕੇ ਧਨ ਲਿਆ ਕੇ ਆਪਣੀਆਂ ਨਿੱਜੀ ਜਾਇਦਾਦਾਂ ਬਣਾ ਰਹੇ ਹਨ, ਉਹ ਕਿਸੇ ਨੂੰ ਵੀ ਨਹੀਂ ਚੁਭਦੇ। ਧਾਰਮਿਕ ਅਦਾਰਿਆਂ ਤੇ ਸ਼ਸ਼ੋਭਿਤ ਉਸ ਅਹੁਦੇ ਦਾ ਨਜ਼ਾਇਜ਼ ਫਾਇਦਾ ਉਠਾ ਕੇ ਪ੍ਰਦੇਸ਼ਾਂ ਵਿਚੋਂ ਧਨ ਲਿਆ ਕੇ ਨਿੱਜ ਉਪਰ ਖਰਚ ਰਹੇ ਹਨ ਪਰ ਸੰਤ ਇਸਦੇ ਵਿਪਰੀਤ ਸਿੱਖ ਸੰਗਤਾਂ ਦੇ ਭਲੇ ਲਈ ਸਕੂਲ ਕਾਲਜ ਹਸਪਤਾਲ ਬਣਾ ਰਹੇ ਹਨ। ਉਨ੍ਹਾਂ ਦੀ ਨਿੰਦਿਆ ਦਿਨ-ਰਾਤ ਕਰਦੇ ਨਹੀਂ ਥਕਦੇ।

ਅਸੀਂ ਮੰਨਦੇ ਹਾਂ ਕਿ ਸੰਤ ਸ਼੍ਰੇਣੀ ਵਿਚ ਬਹੁਤ ਸਾਰੀ ਖੋਟ ਰਲ ਚੁਕੀ ਹੈ। ਉਹ ਗੁਰਮਤਿ ਸਿਧਾਤਾਂ ਦੀ ਵਿਚਾਰ ਪੂਰੀ ਤਰ੍ਹਾਂ ਨਹੀਂ ਕਰਦੇ ਅਤੇ ਐਧਰ-ਉਧਰ ਦੇ ਵਿਚਾਰ ਸੁਣਾ ਕੇ ਸੰਗਤਾਂ ਨੂੰ ਕਿਸੇ ਕਿਨਾਰੇ ਨਹੀਂ ਲਾਉਂਦੇ ਅਤੇ ਭੇਖ ਧਾਰ ਕੇ, ਜਥੇ ਬਣਾ ਕੇ ਅਜਿਹੇ ਅਸ਼ਲੀਲ ਕੰਮ ਕਰਦੇ ਹਨ ਕਿ ਸਾਰੇ ਸੰਤ ਸਮਾਜ ਨੂੰ ਬਦਨਾਮ ਹੋਣਾ ਪੈਂਦਾ ਹੈ।

ਕਈ ਰੁਚੀਆਂ ਹਨ ਜਿਨ੍ਹਾਂ ਕਰਕੇ ਅਨ-ਅਧਿਕਾਰੀ ਪੁਰਸ਼ ਸੰਤ ਬਾਣੇ ਧਾਰਨ ਕਰਕੇ ਸੰਤਾਂ ਵਿਚ ਰਲ ਜਾਂਦੇ ਹਨ। ਇਹ ਦੇਖਣ ਵਿਚ ਆਇਆ ਹੈ ਕਿ ਜਦੋਂ ਵੀ ਕੋਈ ਲਹਿਰ ਚਲਦੀ ਹੈ ਤਾਂ ਉਸ ਵਿਚ ਬਨਾਵਟੀ ਬੰਦੇ ਆ ਜਾਇਆ ਕਰਦੇ ਹਨ। ਕੋਈ ਮੋਰਚਾ ਲਗੇ ਉਸ ਵਿਚ ਸਰਕਾਰ ਦੇ ਖਰੀਦੇ ਹੋਏ ਬੰਦੇ ਦਾਖਲ ਹੋ ਜਾਇਆ ਕਰਦੇ ਹਨ ਅਤੇ ਉਹ ਸਾਰੀ ਜੱਦੋ-ਜਹਿਦ ਨੂੰ ਬਦਨਾਮ ਕਰ ਦਿਆ ਕਰਦੇ ਹਨ। ਇਸੇ ਤਰ੍ਹਾਂ ਨਾਲ ਸੰਤਾਂ ਵਿਚ ਵੀ ਅਨ-ਅਧਿਕਾਰੀ ਪੁਰਸ਼ ਦਾਖਲ ਹੋ ਕੇ ਇਸ ਪਰਮ ਉਚੇਰੀ ਕਲਿਆਣਕਾਰੀ ਸੰਸਥਾ ਨੂੰ ਬਦਨਾਮ ਕਰ ਰਹੇ ਹਨ।

ਬੇਨਤੀ ਹੈ ਕਿ ਪ੍ਰੇਮੀਓ! ਪਹਿਲੇ ਹੋ ਚੁੱਕੇ ਮਹਾਂਪੁਰਸ਼ਾਂ ਦੇ ਜੀਵਨ ਵਿਚਾਰੋ। ਜੇ ਉਨ੍ਹਾਂ ਵਰਗੇ ਨਹੀਂ ਵੀ ਹੋ ਸਕਦੇ ਤਾਂ ਜਤਨ ਕਰੋ ਕਿ ਸੱਚੇ-ਸੁੱਚੇ ਸਿਖ ਰਹਿ ਕੇ ਹੀ ਗੁਰੂ ਨਾਨਕ ਦੇ ਮਿਸ਼ਨ ਨੂੰ ਸੰਸਾਰ ਵਿਚ ਫੈਲਾਈਏ। ਲੋਕਾਂ ਨੂੰ ਵੀ ਸੁਭਾਅ ਹੈ ਕਿ ਭੇਖ ਦੇਖ ਕੇ ਸਭ ਨੂੰ ਸੰਤ-ਸੰਤ ਕਹਿਣ ਲਗ ਜਾਂਦੇ ਹਨ। ਭੇਖ ਧਾਰ ਕੇ ਸੰਤ ਬਣਨ ਵਾਲੇ, ਸੰਤ ਅਖਾਉਣ ਵਾਲੇ ਸੰਤਾਂ ਦੀ ਮਾਨਤਾ ਦੇਖ ਕੇ ਕੀਰਤਨ ਸਾਖੀਆਂ ਸਿੱਖ ਕੇ, ਉਚ ਕੋਟੀ ਦੇ ਮਹਾਂਪੁਰਸ਼ਾਂ ਦੀਆਂ ਨਕਲਾਂ ਕਰਕੇ, ਵਿਦਵਾਨ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਯਾਦ ਕਰਕੇ, ਕੇਵਲ ਕਿਸੇ ਸੰਪਰਦਾ ਨਾਲ ਸਬੰਧ ਹੋਣ ਕਰਕੇ, ਆਪਣੇ ਆਪ ਨੂੰ ਸੰਤ ਕਹਾਉਣ ਲਗ ਜਾਂਦੇ ਹਨ।

ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਕਦੇ ਵੀ ਇਹ ਮਨ ਵਿਚ ਨਾ ਲਿਆਓ ਕਿ ਕੋਈ ਅਸਾਨੂੰ ਸੰਤ ਆਖੇ ਜਾਂ ਸਾਡੀ ਮਾਨਤਾ ਕਰੇ। ਇਹ ਚੀਜ਼ਾਂ ਗਿਰਾਵਟ ਪੈਦਾ ਕਰਦੀਆਂ ਹਨ। ਜੇ ਆਪਾਂ ਸਾਰੀ ਜ਼ਿੰਦਗੀ ਵਿਚ ਸਿੱਖ ਵੀ ਬਣ ਜਾਈਏ ਤਾਂ ਵੀ ਬਹੁਤ ਵੱਡੀ ਗੱਲ ਹੈ ਕਿਉਂਕਿ ਗੁਰਸਿੱਖ ਨੂੰ ਵੀ ਗੁਰੂ ਮਹਾਰਾਜ ਜੀ ਨੇ ਬਹੁਤ ਵੱਡੀ ਮਾਨਤਾ ਦਿਤੀ ਹੈ -

***ਜਨੁ ਨਾਨਕੁ ਧੂੜਿ ਮੰਗੈ***
***ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ***
***ਅਵਰਹ ਨਾਮੁ ਜਪਾਵੈ॥ ਅੰਗ - 306***

***ਗੁਰਸਿਖਾਂ ਕੀ ਹਰਿ ਧੂੜਿ ਦੇਹਿ***
***ਹਮ ਪਾਪੀ ਭੀ ਗਤਿ ਪਾਂਹਿ॥***
***ਅੰਗ - 1424***

ਖਾਹਮ-ਖਾਹ ਸੰਤਾਂ ਦੀ ਨਿੰਦਿਆਂ ਕਰਨ ਵਾਲਿਆਂ ਪ੍ਰੇਮੀਆਂ ਦੇ ਚਰਨਾਂ ਵਿਚ ਵੀ ਬੇਨਤੀ ਹੈ ਕਿ ਅੱਜ ਬਹੁਤ ਵੱਡਾ ਮਸਲਾ ਸਿੱਖੀ ਸਰੂਪ

ਨੂੰ, ਸਿੱਖੀ ਨਿਸ਼ਚੇ ਨੂੰ, ਸਿੱਖੀ ਆਚਰਣ ਨੂੰ, ਸਿੱਖੀ ਕਿਰਦਾਰ ਨੂੰ ਬਚਾਉਣ ਦਾ ਸਾਡੇ ਸਾਹਮਣੇ ਹੈ। ਤੁਸੀਂ ਲੋਕ ਸੰਤਾਂ ਦੀ ਨਿੰਦਿਆ ਕਰਦੇ ਹੋਂ ਜਦੋਂ ਕਿ ਸੰਤ ਲੱਖਾਂ ਪ੍ਰੇਮੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਂਦੇ ਹਨ। ਜੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਸੰਤਾਂ ਦੀ ਮਹਿਮਾ ਕਰਦੀ ਹੈ ਤਾਂ ਇਸ ਵਿਚ ਸੰਤਾਂ ਦਾ ਕੋਈ ਕਸੂਰ ਨਹੀਂ। ਚਮਕ ਪੱਥਰ ਨੇ ਤਾਂ ਲੋਹੇ ਦੇ ਟੁਕੜਿਆਂ ਨੂੰ ਖਿੱਚਣਾ ਹੀ ਹੈ। ਬਹੁਤ ਸਾਰੇ ਪ੍ਰੇਮੀ ਗੁਰੂ ਘਰ ਨੂੰ ਛੱਡ ਕੇ ਆਨ ਸੰਪਰਦਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਸ਼ਾਮਿਲ ਹੋ ਜਾਂਦੇ ਹਨ। ਇਸ ਵਿਚ ਉਨ੍ਹਾਂ ਨਿੰਦਕਾਂ, ਕਠੋਰ ਪ੍ਰੇਮੀਆਂ ਦਾ ਕਸੂਰ ਹੈ ਜੋ ਆਪਣੇ ਘਰ ਦੇ ਸੰਤਾਂ ਨਾਲ ਸੰਤਾਂ ਨੂੰ ਮਿਲਣ ਤੋਂ ਵਰਜਦੇ ਹਨ, ਆਪ ਕੁਝ ਨਹੀਂ ਕਰਦੇ।

***ਆਪਿ ਨ ਦੇਹਿ ਚੁਰੂ ਭਰਿ ਪਾਨੀ॥***
***ਤਿਹ ਨਿੰਦਹਿ ਜਿਹ ਗੰਗਾ ਆਨੀ॥***
***ਅੰਗ - 332***

ਸੋ ਪਿਆਰਿਓ! ਇਨ੍ਹਾਂ ਗੱਲਾਂ ਨੂੰ ਵਿਚਾਰੋ। ਨਾ ਡਰੋ ਸੰਤਾਂ ਤੋਂ ਕਿਉਂਕਿ ਸੰਤਾਂ ਨੇ ਕੋਈ ਅਲੈਕਸ਼ਨ ਨਹੀਂ ਲੜਨੀ, ਨਾ ਹੀ ਕੋਈ ਵਜ਼ੀਰੀਆਂ ਲੈਣੀਆਂ ਹਨ। ਆਪਣੇ ਲੜਨ ਵਾਸਤੇ ਹੋਰ ਖੁਲ੍ਹੇ ਮੈਦਾਨ ਪਏ ਹਨ, ਉਥੇ ਜੀਅ ਭਰ ਕੇ ਦੂਜਿਆਂ ਨੂੰ ਕੋਸੋ, ਗਾਲ੍ਹਾਂ ਕੱਢੋ ਕਿਉਂਕਿ ਕੁਰਸੀ ਦਾ ਮਾਮਲਾ ਹੈ ਅਤੇ ਆਪਣੀ ਨਿੱਜ ਦੀ ਪੂਰਤੀ ਦਾ ਮਸਲਾ ਸਾਹਮਣੇ ਹੈ। ਸੰਤਾਂ ਦੀ ਨਿੰਦਿਆ ਕਰਕੇ ਤੁਸੀਂ ਬਹੁਤ ਵੱਡਾ ਗੁਨਾਹ ਕਰ ਰਹੇ ਹੋਂ। ਤੇਰ੍ਹਵੀਂ ਅਸਟਪਦੀ ਸੁਖਮਨੀ ਸਾਹਿਬ ਦੀ ਪੜ੍ਹ ਲਿਆ ਕਰੋ। ਨਹੀਂ ਤਾਂ ਤੁਹਾਨੂੰ ਗੁਰੂ ਸਾਹਿਬ ਨੇ ਮਾਫ ਨਹੀਂ ਕਰਨਾ।

ਇਹ ਗੱਲ ਜ਼ਰੂਰ ਹੈ ਅਸੀਂ ਸਾਰੇ ਹੀ ਮੰਨਦੇ ਹਾਂ ਕਿ ਸੰਤਾਂ ਵਿਚ ਬਹੁਤ ਵਡੀ ਮਿਕਦਾਰ ਵਿਚ ਖੋਟ ਰਲ ਚੁਕੀ ਹੈ। ਬਹੁਤ ਸਾਰੇ ਸੰਤ ਵਾਜਿਆਂ ਤੇ ਪੈਸੇ ਧਰਾ-ਧਰਾ ਕੇ ਮਾਇਆ ਦੇ ਗੁਲਾਮ ਬਣ ਰਹੇ ਹਨ। ਵਾਜਿਆਂ ਤੇ ਰਾਗੀਆਂ ਵਾਂਗੂੰ ਪੈਸੇ ਧਰਾ ਕੇ ਇਸ ਮਹਾਨ ਪਰਮ ਉਚੀ ਸੰਤ ਅਵਸਥਾ ਦਾ ਨਿਰਾਦਰ ਕਰ ਰਹੇ ਹੋਂ। ਮਾਇਆ ਨੂੰ ਜਿੰਨੀਆਂ ਤੁਸੀਂ ਠੋਕਰਾਂ ਮਾਰੋਂਗੇ ਉਨ੍ਹੀਂ ਤੇਜ਼ੀ ਨਾਲ ਹੀ ਆਪਣੇ ਆਪ ਨੂੰ ਸਫਲ ਕਰਾਉਣ ਵਾਸਤੇ ਤੁਹਾਡੇ ਚਰਨਾਂ ਵਿਚ ਰੁਲਦੀ ਫਿਰੇਗੀ। ਗੁਰੂ ਮਹਾਰਾਜ ਜੀ ਦੇ ਫੁਰਮਾਨ ਨੂੰ ਯਾਦ ਰੱਖੋ ਕਿ-

***ਨਵ ਨਿਧੀ ਅਠਾਰਹ ਸਿਧੀ ਪਿਛੈ***
***ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥***
***ਅੰਗ - 649***

ਇਹ ਲੰਮੀ-ਚੌੜੀ ਬੇਨਤੀ ਮੈਨੂੰ ਇਸ ਕਰਕੇ ਕਰਨੀ ਪਈ ਹੈ ਕਿ ਸੰਤਾਂ ਦੇ ਖਿਲਾਫ ਨਿੰਦਿਆ, ਚੁਗਲੀ, ਬਦਨਾਮੀ ਕਰਨ ਨਾਲ ਸੰਤਾਂ ਦਾ ਕੁਝ ਵੀ ਨਹੀਂ ਵਿਗੜਿਆ ਕਰਦਾ ਕਿਉਂਕਿ ਉਨ੍ਹਾਂ ਦਾ ਰਾਖਾ ਰਘੁਰਾਇਆ ਹੈ। ਉਹ ਉਸਤਤਿ ਨਿੰਦਿਆ ਤੋਂ ਨਿਆਰੇ ਹਨ। ਸੰਤਾਂ ਨੂੰ, ਸੰਤਾਂ ਵਿਚ ਰਲੇ ਭੇਖੀਆਂ, ਲਾਲਚੀਆਂ, ਮਾਇਆ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਣ ਵਾਲਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪਿਆਰਿਓ! ਗੁਰੂ ਸਿਧਾਂਤ ਨੂੰ ਨਾ ਰੋਲੋ। ਮਾਇਆ ਤੋਂ ਉਚੇ ਉਠ ਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰੋ। ਐਵੇਂ ਗੁਰਬਾਣੀ ਦੇ ਗਲਤ ਅਰਥ ਕੱਢ-ਕੱਢ ਕੇ ਬਾਹਾਂ ਚੁੱਕ-ਚੁੱਕ ਕੇ ਲੋਕਾਂ ਨੂੰ ਗੁਮਰਾਹ ਨਾ ਕਰੋ। ਆਪਣੇ ਕਰਮਾਂ ਦਾ ਪ੍ਰਾਸ਼ਚਿਤ ਕਰੋ। ਸੱਚੇ ਸੰਤਾਂ ਦਾ ਜੀਵਨ ਆਦਰਸ਼ ਲੈ ਕੇ ਉਸ ਉਤੇ ਚਲਣ ਦਾ ਜਤਨ ਕਰੋ। ਵਲਾਂ-ਛਲਾਂ ਨਾਲ ਪ੍ਰਾਪਤ ਕੀਤੀ ਮਾਨਤਾ ਸਦਾ ਕਾਇਮ ਨਹੀਂ ਰਿਹਾ ਕਰਦੀ। ਭਜਨ ਬੰਦਗੀ ਅਤੇ ਵਾਹਿਗੁਰੂ ਜੀ ਵਲੋਂ ਬਖਸ਼ੀ ਮਾਨਤਾ ਦਿਨੋ-ਦਿਨ ਚੜ੍ਹਦੀ ਕਲਾ ਵਲ ਵਧਦੀ ਜਾਵੇਗੀ। ਅੰਤ ਵਿਚ ਮੈਂ ਸਾਰੇ ਪ੍ਰੇਮੀਆਂ ਤੇ ਜਿਨ੍ਹਾਂ ਨੂੰ ਮੇਰੇ ਬਚਨਾਂ ਨਾਲ ਖੇਦ ਪਹੁੰਚਿਆ ਹੋਵੇ, ਸੱਚਮੁਚ ਉਨ੍ਹਾਂ ਦੇ ਚਰਨਾਂ ਤੇ ਸੀਸ ਰੱਖ ਕੇ ਮਾਫੀ ਮੰਗਦਾ ਹਾਂ, ਬਖਸ਼ੋ।

# ਨਾਮ ਅਭਿਆਸ ਔਰ ਸਤਿਸੰਗ
## (ਭਾਗ ਪਹਿਲਾ)

*ਰਤਵਾੜਾ ਸਾਹਿਬ ਵਿਖੇ ਛੇਵੇਂ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਦੇ ਸਨਮੁਖ ਮਿਤੀ 14-10-95 ਨੂੰ ਕੀਤੇ ਪ੍ਰਵਚਨ।*

ਆਪ ਸਭ ਕੇ ਅੰਦਰ ਪਾਰਬ੍ਰਹਮ ਪਰਮਾਤਮਾ ਕੋ ਪ੍ਰਣਾਮ ਕਰਤਾ ਹੂੰ। ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਮੇਂ ਉਸ ਵਕਤ ਪਧਾਰੇ, ਜਬ ਕਿ ਹਿੰਦੂ-ਮੁਸਲਿਮ, ਦੋਨੋਂ ਕਾ ਆਪਸ ਮੇਂ ਟਕਰਾਵ ਥਾ। ਸ੍ਰੀ ਗੁਰੂ ਨਾਨਕ ਦੇਵ ਜੀ ਕਾ ਜਨਮ ਉਸ ਸਮੇਂ ਹੂਆ ਜਬ ਕਿ ਹਿੰਦੋਸਤਾਨ ਮੇਂ ਚਾਰੋਂ ਤਰਫ ਏਕ ਦੁੱਖ ਛਾਇਆ ਹੂਆ ਥਾ। ਮੈਂ ਆਜ ਆਪ ਕੋ ਏਕ ਬਾਤ ਕਹਿਨਾ ਚਾਹਤਾ ਹੂੰ, ਔਰ ਵੋ ਯੇ ਹੈ ਕਿ ਸੁੱਖ ਔਰ ਦੁੱਖ ਤੋ ਮਨੁੱਸ਼ਯ ਕੇ ਸਾਥੀ ਹੈਂ। ਬੀਮਾਰ ਹੋਨੇ ਸੇ ਕੋਈ ਦੁੱਖ ਨਹੀਂ ਹੋਤਾ। ਗੁਰੂ ਨਾਨਕ ਦੇਵ ਜੀ ਨੇ ਇਸ ਰਹੱਸਯ ਕੋ ਸਿੱਧ ਕੀਆ ਹੈ-

***ਨਾਨਕ ਦੁਖੀਆ ਸਭੁ ਸੰਸਾਰੁ॥***
***ਅੰਗ - 954***

ਦੁੱਖ ਤੋ ਸਾਰੇ ਸੰਸਾਰ ਮੇਂ ਹੈ ਔਰ ਸਭੀ ਦੁਖੀ ਹੈਂ, ਯੇ ਸੱਚ ਬਾਤ ਹੈ; ਲੇਕਿਨ ਫਿਰ ਸੁਖੀ ਕੌਨ ਹੈ? ਸੁੱਖ ਵਹੀ ਪ੍ਰਾਪਤ ਕਰਤਾ ਹੈ ਜੋ ਅਪਨਾ ਸਾਰਾ ਜੀਵਨ ਨਾਮ ਕੇ ਊਪਰ ਨਿਰਭਰ ਕਰਤਾ ਹੈ। ਨਾਮ ਜਪਨੇ ਕੇ ਕਈ ਤਰੀਕੇ ਹੈਂ। ਜਬ ਦੁੱਖ ਹੋਤਾ ਹੈ, ਉਸ ਵਕਤ ਤੋ ਹਰੇਕ ਆਦਮੀ ਨਾਮ ਜਪਤਾ ਹੈ। ਜਬ ਸੁਖੀ ਹੋਤਾ ਹੈ ਸੰਸਾਰ ਸੇ, ਤੋ ਸਭ ਭੂਲ ਜਾਤਾ ਹੈ। ਲੇਕਿਨ ਜਬ ਇਸ ਨਾਮ ਕੋ ਅਪਨੇ ਅੰਦਰ ਬਿਠਾ ਲੇਤਾ ਹੈ ਤੋ ਦੁੱਖ ਨਾਮ ਕੀ ਕੋਈ ਚੀਜ ਨਹੀਂ ਰਹਿਤੀ, ਸਾਰੇ ਦੁੱਖ ਸਮਾਪਤ ਹੋ ਜਾਤੇ ਹੈਂ। ਇਸ ਲੀਏ ਮੈਂ ਤੋ ਆਪ ਸੇ ਪ੍ਰਾਰਥਨਾ ਕਰੂੰਗਾ ਕਿ ਭਾਉ ਔਰ ਭਗਤੀ ਜੋ ਕੁਛ ਵੀ ਹੈ, ਯੇ ਠੀਕ ਹੈ। ਲੇਕਿਨ ਕੁਛ ਦੇਰ ਹਰੇਕ ਵਿਅਕਤੀ ਕੋ, ਇਸਤਰੀ-ਪੁਰਸ਼ ਹਰੇਕ ਕੋ, ਜਪ ਕਰਨਾ ਚਾਹੀਏ। ਯੇ ਗੁਰੂ ਗ੍ਰੰਥ ਸਾਹਿਬ ਕਾ ਸਾਰ ਹੈ। ਜਿਸ ਵਕਤ ਆਪ ਜਪ ਕਰੋ, ਉਸ ਵਕਤ ਕੋਈ ਚੀਜ਼ ਧਾਰਨ ਕਰੋ - ਅਪਨੇ ਮਨ ਮੇਂ ਕਿ ਸੰਸਾਰ ਮੇਂ ਇਸ ਜਪ ਕੇ ਸਿਵਾਏ ਔਰ ਕੁਛ ਭੀ ਸਤਯ ਨਹੀਂ ਹੈ। ਧੀਰੇ-ਧੀਰੇ ਜਪ ਕਰਤੇ-ਕਰਤੇ ਆਤਮਾ ਸ਼ੁੱਧ ਹੋ ਜਾਤੀ ਹੈ। ਸੰਸਾਰ ਕੇ ਜਿਤਨੇ ਵੀ ਮਹਾਨ ਪੁਰਸ਼ ਹੈਂ, ਜਿਨਕੇ ਊਪਰ ਆਜ research (ਖੋਜ) ਹੋ ਰਹੀ ਹੈ ਜੈਸੇ ਮਹਾਤਮਾ ਬੁੱਧ ਕੋ ਲੀਜੀਏ, ਜੀਸਸ ਕਰਾਇਸਟ ਕੋ ਲੀਜੀਏ, ਸ੍ਰੀ ਗੁਰੂ ਨਾਨਕ ਦੇਵ ਜੀ ਕੋ ਲੀਜੀਏ; ਜਿਤਨੇ ਭੀ ਯੇ ਲੋਗ ਹੈਂ, ਕਿਸੀ University ਮੇਂ ਨਹੀਂ ਪੜ੍ਹੇ, ਕਿਸੀ ਸਕੂਲ ਮੇਂ ਨਹੀਂ ਗਏ, ਲੇਕਿਨ ਇਨਕੀ ਬਾਣੀ ਕੇ ਊਪਰ ਬੜੇ-ਬੜੇ ਵਿਦਵਾਨ ਕਾਮ ਕਰ ਰਹੇ ਹੈਂ। ਤੋ ਵੀ ਇਨਕੀ ਬਾਣੀ ਉਨਕੇ ਸਮਝ ਮੇਂ ਨਹੀਂ ਆਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਰਹੱਸਯ ਵੋਹੀ ਪ੍ਰਾਪਤ ਕਰ ਸਕਤਾ ਹੈ ਜੋ ਨਾਮ-ਜਪ ਕੇ ਉਪਰ, ਧਿਆਨ ਦੇਤਾ ਹੋ, ਔਰ ਨਾਮ ਜਪ ਕੇ ਊਪਰ ਜੀਵਨ ਕਾ ਆਧਾਰ ਸਮਝਤਾ ਹੋ। ਕਿਸੀ ਵੀ ਤਰਹ ਸੇ ਹੋ-

***ਭਾਵ ਕੁਭਾਵ ਅਨਖ ਆਲਸ ਹੋਂ॥***
***ਨਾਮ ਜਪਤ ਮੰਗਲ ਦ੍ਰਿਸ਼ ਦਸ ਹੋਂ॥***

ਕੈਸੇ ਵੀ ਭਾਵ ਹੋਂ, ਕੈਸੇ ਵੀ ਆਪ ਹੋਂ, ਕੁਛ ਵੀ ਹੋਂ, ਕੁਛ ਦੇਰ ਨਾਮ ਜਪਨਾ ਚਾਹੀਏ, ਜ਼ਰੂਰ ਜਪਨਾ ਚਾਹੀਏ। ਇਸੀ ਸੇ ਹੀ ਸ਼ਾਂਤੀ ਮਿਲਤੀ ਹੈ। ਸੰਸਾਰ ਮੇਂ ਬੜੇ-ਬੜੇ ਮਹਿਲ ਬਨੇਂ ਹੈਂ, ਬੜੀ-ਬੜੀ ਸੰਸਾਰ ਮੇਂ ਪ੍ਰਾਪਤੀਆਂ ਹੁਈ ਹੈਂ, ਲੇਕਿਨ ਸੁੱਖ ਤੋ ਕਹੀਂ ਭੀ ਨਹੀਂ! ਸੁੱਖ ਅਗਰ ਕਹੀਂ ਹੈ ਤੋ ਵੋ ਹੈ ਨਾਮ ਜਪਨੇ ਮੇਂ। ਅਬ ਨਾਮ ਕਿਸ ਤਰਹ ਸੇ ਜਪਾ ਜਾਏ? ਕਈ ਲੋਗ ਕਹਿਤੇ ਹੈਂ - ਸਵਾਸੋਂ ਮੇਂ ਨਾਮ ਜਪਨਾ ਚਾਹੀਏ, ਕਈ ਕਹਿਤੇ ਹੈਂ ਜੀਭ ਨਹੀਂ ਹਿਲਨੀ ਚਾਹੀਏ। ਏਕ ਛੋਟੀ ਸੀ ਚੀਜ਼ ਆਪ ਕੋ ਏਕ ਬਾਤ ਮੇਂ ਇਸ

ਵਾਰ ਕਹਿ ਦੇਤਾ ਹੂੰ। ਨਾਮ ਜਪਨੇ ਕੇ ਬਜਾਇ ਨਾਮ ਸੁਨਨਾ ਸ਼ੁਰੂ ਕਰਨਾ ਚਾਹੀਏ। ਪਹਿਲੇ ਜੈਸੇ ਕੋਈ ਨਾਮ ਜਪਤਾ ਹੈ ਤੋ ਜੀਭ ਭੀ ਚਲਤੀ ਹੈ, ਕੁਛ ਲੋਗ ਮਾਲਾ ਸੇ ਭੀ ਜਪਤੇ ਹੈਂ। ਜੈਸੇ ਕਬੀਰ ਜੀ ਨੇ ਇਸ ਕੋ ਬਹੁਤ ਅੱਛੀ ਤਰਹ ਸੇ ਕਹਾ ਹੈ –

***ਮਾਲਾ ਫੇਰਤ ਜੁਗ ਗਿਆ,***
***ਗਿਆ ਨਾ ਮਨ ਕਾ ਫੇਰ।***
***ਕਰਕਾ ਮਨਕਾ ਛਾਂਟ ਕੇ,***
***ਮਨ ਕਾ ਮਨਕਾ ਫੇਰ।***

ਜਬ ਤੱਕ ਮਨ ਨਹੀਂ ਫਿਰਤਾ ਔਰ ਬਾਹਰੀ ਵਿਸ਼ਿਓਂ ਮੇਂ ਹੀ ਲਿਪਤ ਰਹਿਤਾ ਹੈ, ਤਬ ਤੱਕ ਆਨੰਦ ਨਹੀਂ ਆਤਾ। ਸੰਸਾਰ ਕੀ ਕੋਈ ਵਸਤੂ ਨਹੀਂ ਜੋ ਮਨੁੱਸ਼ਯ ਕੋ ਅਧਿਕ ਦੇਰ ਤੱਕ ਸੁੱਖ ਦੇ ਸਕੇ। ਕੋਈ ਵੀ ਵਸਤੂ ਨਹੀਂ ਹੈ; ਲੇਕਿਨ ਜੋ ਹਮੇਸ਼ਾ ਸੁੱਖ ਦੇ ਸਕੇ, ਵੋ ਹੈ ਨਾਮ।

ਏਕ ਓਅੰਕਾਰ ਕਾ ਨਾਮ ਹੀ ਸਤਯ ਹੈ। ਜੋ ਇਸ ਪਰ ਆਧਾਰਤ ਹੋ ਜਾਤਾ ਹੈ, ਜੋ ਇਸ ਪਰ ਅਪਨਾ ਜੀਵਨ ਛੋੜ ਜਾਤਾ ਹੈ, ਸਭ ਕੁਛ ਉਸਕੇ ਲੀਏ ਸੰਭਵ ਹੈ ਕਿਉਂਕਿ ਕੋਈ ਇੱਛਾ ਤੋ ਉਸਕੀ ਰਹਿਤੀ ਨਹੀਂ। ਉਸਨੇ ਤੋ ਸਭੀ ਇੱਛਾਓਂ ਕਾ ਤਿਆਗ ਕਰ ਦੀਆ ਹੈ, ਲੇਕਿਨ ਅਗਰ ਕਦਾਚਿਤ ਇੱਛਾ ਕਰੇ, ਇੱਛਾ ਬਾਦ ਮੇਂ ਕਰਤਾ ਹੈ ਤੋ ਕਾਮ ਪਹਿਲੇ ਪੂਰਾ ਹੋ ਜਾਤਾ ਹੈ। ਮੈਨੇ ਪਿਛਲੇ ਸਾਲ, ਪਿਛਲੇ ਵਰਸ਼ ਸੰਤ ਜੀ (ਸੰਤ ਵਰਿਆਮ ਸਿੰਘ ਜੀ) ਕੋ ਔਰ ਆਪ ਲੋਗੋਂ ਕੋ ਯਹਾਂ ਪਰ ਯੇ ਬਚਨ ਦੀਆ ਥਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਮੈਂ ਇੰਗਲਿਸ਼ ਮੇਂ ਅਨੁਵਾਦ ਕਰੂੰਗਾ। ਅਭੀ ਆਧਾ ਹੋ ਪਾਇਆ ਹੈ। ਬਹੁਤ ਵਿਸ਼ਾਲ, ਬਹੁਤ ਬੜਾ ਭਾਰੀ ਕਾਮ ਹੈ। ਦਿਨ ਮੇਂ ਸਾਤ ਆਠ ਘੰਟੇ ਲਗਾਤਾ ਹੂੰ। ਰਾਤ ਮੇਂ ਸੋਤਾ ਨਹੀਂ, ਰਾਤ ਮੁਝੇ ਬਹੁਤ ਪਿਆਰੀ ਹੈ, ਉਸ ਵਕਤ ਕੋਈ ਤੰਗ ਨਹੀਂ ਕਰਤਾ। ਤੋ ਅਭੀ ਮੈਂ ਆਧਾ ਕਰ ਚੁਕਾ ਹੂੰ। ਔਰ ਮੈਨੇ ਉਸ ਆਧੇ ਭਾਗ ਕੋ ਅਮਰੀਕਾ ਭੇਜ ਦੀਆ ਹੈ ਔਰ ਇਸਕੀ ਪ੍ਰਿੰਟਿੰਗ ਕੇ ਲੀਏ ਬੈਂਮਬੂ ਪੇਪਰ ਵਹਾਂ ਲੇ ਲੀਆ ਹੈ। ਅਬ ਤੱਕ ਜਿਤਨੇ ਵੀ English, ਹਿੰਦੀ, ਗੁਰਮੁਖੀ, ਸੰਸਕ੍ਰਿਤ ਮੇਂ ਛਪੇ ਹੈ; ਮੈਂ ਚਾਹਤਾ ਹੂੰ ਉਨ ਸਭਸੇ ਅੱਛਾ ਹੋ। ਹਜਾਰੋਂ ਬੱਚੇ, ਸਿੱਖੋਂ ਕੇ ਬੱਚੇ ਜੋ ਵਿਦੇਸ਼ ਮੇਂ ਰਹਿਤੇ ਹੈਂ, ਵੋ ਪੱਗ ਭੀ ਪਹਿਨ ਲੇਤੇ ਹੈਂ, ਕੜਾ ਭੀ ਪਹਿਨਤੇ ਹੈਂ, ਕਛਹਿਰਾ ਭੀ ਧਾਰਨ ਕਰਤੇ ਹੈਂ, ਕੰਘਾ ਭੀ ਧਾਰਨ ਕਰਤੇ ਹੈਂ, ਲੇਕਿਨ ਉਨਕੋ ਯੇ ਬਾਤ ਕੁਛ ਮਾਲੂਮ ਨਹੀਂ ਹੈ ਕਿ ਸਿੱਖ ਧਰਮ ਕਿਆ ਚੀਜ਼ ਹੈ? ਇਸ ਲੀਏ ਮੈਨੇ ਯੇ ਕਾਰਯ ਅਪਨੇ ਹਾਥ ਮੇਂ ਲੀਆ ਹੈ। ਵੈਸੇ ਤੋ ਕਈ ਗ੍ਰੰਥ, ਸੁਖਮਨੀ ਸਾਹਿਬ ਹੂਆ, ਜਪੁਜੀ ਹੂਆ, ਔਰ ਕਈ ਗ੍ਰੰਥ ਲਿਖੇ ਹੈਂ, ਲੇਕਿਨ ਮੁਝੇ ਸੰਤੋਸ਼ ਨਹੀਂ ਹੂਆ ਹੈ। ਸੰਤ ਜੀ (ਸੰਤ ਵਰਿਆਮ ਸਿੰਘ ਜੀ) ਨੇ ਮੁਝੇ ਪ੍ਰੇਰਨਾ ਦੀ ਕਿ ਆਪ ਗੁਰੂ ਗ੍ਰੰਥ ਸਾਹਿਬ ਕੇ ਊਪਰ ਕਾਰਯ ਕਰੋ। ਅਬ ਆਠ ਨੌਂ ਘੰਟੇ ਰਾਤਰੀ ਕੋ ਕਾਮ ਕਰਨੇ ਕੇ ਪਸ਼ਚਾਤ ਮੇਰੇ ਕੋ ਇਤਨਾ ਸੰਤੋਸ਼ ਹੂਆ ਕਿ ਕਮ ਸੇ ਕਮ ਕੁੱਛ ਤੋ ਸੇਵਾ ਹੋ ਸਕੇਗੀ।

ਕਹਿਨੇ ਕਾ ਤਾਤਪਰਯ ਯੇ ਹੈ ਕਿ ਆਪ ਛੋਟੇ ਹੋਂ, ਬੜੇ ਹੋਂ, ਆਪ ਕੇ ਪਾਸ ਧਨ ਹੋ, ਨਾ ਹੋ; ਆਪ ਸ਼ਰੀਰ ਸੇ ਦੁਖੀ ਹੋਂ, ਸੁਖੀ ਹੋਂ, ਇਸ ਸੇ ਕੋਈ ਮਤਲਬ ਨਹੀਂ; ਮੇਰੇ ਪਾਸ ਯੇ ਹੈ, ਮੇਰੇ ਪਾਸ ਯੇ ਨਹੀਂ ਹੈ, ਇਸੀ ਮੇਂ ਮਨੁਸ਼ਯ ਕਾ ਜੀਵਨ ਸਮਾਪਤ ਹੋ ਜਾਤਾ ਹੈ। ਕੁਛ ਕਾਲ ਬੈਠ ਕਰਕੇ ਜਪ ਕਰਨਾ ਸੀਖੇਂ। ਤੋ ਅਬ ਮੈਂ ਥੋੜੀ ਸੀ ਆਪਕੋ ਜਪ ਕੀ ਵਿਧੀ ਬਤਲਾਤਾ ਹੂੰ। ਯੇ ਜੋ ਸਿਰ ਹੈ, ਔਰ ਗਰਦਨ ਹੈ, ਰੀੜ੍ਹ ਕੀ ਹੱਡੀ ਹੈ, ਇਸ ਕੋ ਏਕ ਸੀਧ ਮੇਂ ਰੱਖੀਏ। ਕਿਸੀ ਤਰਹ ਸੇ ਬੈਠੀਏ, ਸ਼ਰੀਰ ਕੋ ਸਥਿਰ ਰੱਖਨਾ ਸੀਖੀਏ। ਜਿਸ ਵਕਤ ਆਪ ਸ਼ਰੀਰ ਸਥਿਰ ਰੱਖੇਂਗੇ ਤੋ ਪਹਿਲੀ ਚੀਜ਼ ਕਿਆ ਹੋਗੀ? ਆਪ ਕਿਸੀ ਬੱਚੇ ਕੋ ਕਹੇਂਗੇ– ਚੁੱਪ-ਚਾਪ ਬੈਠੋ; ਬੈਠ ਨਹੀਂ ਸਕਤਾ ਵੋ। ਐਸੇ ਸ਼ਰੀਰ ਕੋ ਅਗਰ discipline (ਅਨੁਸ਼ਾਸ਼ਨ) ਮੇਂ ਨਾਂ ਕੀਆ ਜਾਏ ਤੋ ਸ਼ਰੀਰ ਹਰਕਤ ਕਰਤਾ ਰਹੇਗਾ। ਪਹਿਲੇ ਸ਼ਰੀਰ ਕਿਆ ਕਰੇਗਾ? ਯੂੰ ਘੂੰਮੇਗਾ, ਯੂੰ ਘੂੰਮੇਗਾ ਕਿਉਂਕਿ discipline ਔਰ

ਸੰਯਮ ਨਹੀਂ ਹੈ ਸ਼ਰੀਰ ਮੇਂ। ਕੁੱਛ ਦਿਨੋਂ ਕੇ ਬਾਦ ਯੇ ਜੋ gross movements ਹੈਂ, ਯੇ ਸਮਾਪਤ ਹੋ ਜਾਏਗੀ। ਉਸਕੇ ਬਾਦ still movements ਆਤੇ ਹੈਂ। ਆਪ ਸਥਿਰ ਹੋ ਕੇ ਬੈਠਨਾ ਸੀਖੀਏ ਤੋ still movements ਕੀ ਜਗ੍ਹਾ ਪਰ ਅਬ twitching ਹੋਨੇ ਲਗੇਂਗੇ। ਛੋਟੇ-ਛੋਟੇ muscles ਕੀ twitching ਕੁਝ ਦਿਨੋਂ ਬਾਦ ਖਤਮ ਹੋ ਜਾਏਗੀ। ਅਬ ਸਭ ਸੇ ਬੜੀ ਭਾਰੀ ਚੀਜ਼ ਹੈ, ਏਕ ਅਬਰੋਧ ਆਤਾ ਹੈ ਔਰ ਵੋ ਆਤਾ ਹੈ ਸਵਾਸ ਮੇਂ। ਅਗਰ intake ਔਰ output ਠੀਕ ਨਹੀਂ ਹੈ, ਅਗਰ ਆਪ ਸਵਾਸ ਥੋੜਾ ਲੇਤੇ ਹੈਂ ਔਰ ਜ਼ਿਆਦਾ ਛੋੜਤੇ ਹੈਂ, ਔਰ ਜ਼ਿਆਦਾ ਲੇਤੇ ਹੈਂ ਥੋੜਾ ਛੋੜਤੇ ਹੈਂ ਤੋ ਯੇ unbalance ਹੋ ਜਾਏਗਾ body ਮੇਂ। ਇਸ ਲੀਏ ਸਵਾਸ ਲੇਨਾ ਔਰ ਛੋੜਨਾ ਏਕ ਮਹਾਨ ਵਿੱਦਿਆ ਹੈ, ਏਕ ਮਹਾਨ ਕਲਾ ਹੈ। ਤੋ ਆਪ ਕਿਆ ਕਰੇਂ? ਆਂਖ ਬੰਦ ਕਰ ਥੋੜਾ ਸਾ ਅਪਨੇ mind ਕੋ ਇਧਰ ਲੇ ਜਾਏਂ, ਜੈਸੇ ਕਿ ਆਪ ਸਵਾਸ ਛੋੜ ਰਹੇ ਹੈਂ - ਰੀੜ ਕੇ ਆਖਰੀ ਨੋਕ ਤੱਕ, ਔਰ ਸਵਾਸ ਲੇ ਰਹੇ ਹੈਂ ਵਹੀਂ ਸੇ। ਜਿਸ ਵਕਤ ਆਪ ਥੋੜੇ ਦਿਨੋਂ ਤੱਕ ਯੇ ਕਰਨੇ ਲਗੇਂਗੇ ਤੋ ਆਪ ਕੋ ਸ਼ਰੀਰ ਕਾ ਧਿਆਨ ਨਹੀਂ ਰਹੇਗਾ। ਇਸਕੋ ਕਹਿਤੇ ਹੈਂ ਨਾੜੀ ਸ਼ੋਧਨਾ। ਇਸ ਕਲਾ ਸੇ ਨਾੜੀਓਂ ਕੀ ਸ਼ੁੱਧੀ ਹੋ ਜਾਤੀ ਹੈ। ਯੇ ਕਠਿਨ ਚੀਜ਼ ਨਹੀਂ ਹੈ। ਯਦਪਿ ਪ੍ਰਾਣਾਯਾਮ ਕੀ ਕਈ ਵਿਧੀਆਂ ਗੁਰੂ ਲੋਗ ਸਿਖਾਇਆ ਕਰਤੇ ਹੈਂ ਲੇਕਿਨ ਯੇ ਏਕ ਸਰਲ ਸੇ ਸਰਲ ਚੀਜ਼ ਹੈ। ਪਹਿਲੀ ਬਾਤ ਹੈ ਸਥਿਰਤਾ ਸੇ ਸਿਰ, ਗਰਦਨ ਔਰ ਰੀੜ੍ਹ ਕੀ ਹੱਡੀ ਕੋ ਸੀਧਾ ਰੱਖ ਕਰਕੇ ਬੈਠਨਾ ਸੀਖਨਾ ਚਾਹੀਏ। ਏਕ ਮਹੀਨੇ ਕਾ ਪ੍ਰੋਗਰਾਮ ਯਹੀ ਹੈ। ਕੁਛ ਨਾਂ ਕਰੇਂ, ਯਹੀ ਕਰੇਂ ਕਿ ਮੈਂ ਚੁੱਪ-ਚਾਪ ਕੈਸੇ ਬੈਠੂੰ। ਪਹਿਲੇ ਦਿਨ ਆਪ ਕੋ ਥੋੜੀ ਸੀ ਦਿੱਕਤ ਹੋਗੀ, ਦੂਸਰੇ ਦਿਨ ਕਮ ਹੋਏਗੀ, ਕੁਛ ਦਿਨੋਂ ਬਾਦ ਸਮਾਪਤ ਹੋ ਜਾਏਗੀ। ਆਪ ਕੋ ਏਕ ਸ਼ਾਂਤੀ ਮਿਲੇਗੀ। ਸ਼ਾਂਤੀ ਕਾ ਅਗਰ ਅਨੁਭਵ ਕਰਨਾ ਚਾਹਤੇ ਹੋ ਤੋ ਜਪ ਕੇ ਹੀ ਦੁਆਰਾ ਹੋਗਾ; ਕਿਸੀ ਦੂਸਰੀ ਚੀਜ਼ ਕੇ ਦੁਆਰਾ ਨਹੀਂ ਹੋ ਸਕਤਾ। ਕਿਤਨਾ ਹੀ ਗਿਆਨ ਹੋ ਆਪ ਕੋ, ਆਪ ਦੁਨੀਆਂ ਭਰ ਕੇ ਗ੍ਰੰਥੋਂ ਕੋ ਘੋਲ ਕਰਕੇ, ਚਬਾ ਕੇ ਪੀ ਜਾਈਏ, ਕੁੱਛ ਨਹੀਂ ਹੋਗਾ; ਭਜਨ ਸੇ ਹੀ ਆਨੰਦ ਆਏਗਾ। ਜਿਸ ਵਕਤ ਆਪ ਸਥਿਰਤਾ ਸੇ ਬੈਠੇਂ ਔਰ ਤਬ ਆਪ ਸਵਾਸ ਲੇਨਾ ਔਰ ਛੋੜਨਾਂ ਸੀਖੇਂ।

ਸਵਾਮੀ ਵਿਵੇਕਾਨੰਦ ਏਕ ਹੁਏ ਹੈਂ - ਹਿੰਦੂ ਸੰਤ। ਕੰਨਿਆ ਕੁਮਾਰੀ ਸੇ ਲੇਕਰ ਹਿਮਾਲਿਆ ਤੱਕ ਉਨਹੋਂ ਨੇ ਭ੍ਰਮਣ ਕੀਆ, ਸੰਤੋਂ ਕੇ ਦਰਸ਼ਨ ਕੀਏ। ਜਿਸ ਵੀ ਜਾਤੀ ਕਾ ਸੰਤ, ਮੁਸਲਮਾਨ ਫਕੀਰ ਮਿਲਾ, ਹਿੰਦੂ ਸਾਧੂ ਮਿਲਾ, ਸਿੱਖ ਸੰਤ ਮਿਲੇ, ਵੋ ਸਭ ਕੇ ਦਰਸ਼ਨ ਕਰਤੇ ਗਏ, ਤੋ ਉਨਕੋ ਗਾਜ਼ੀਪੁਰ ਮੇਂ ਏਕ ਪੁਹਾਰੀ ਬਾਬਾ ਕਰਕੇ ਨਜ਼ਰ ਆਏ। ਉਨਹੋਂ ਨੇ ਦੇਖਾ ਕਿ ਵੋ ਮਹਾਤਮਾ ਨਿਸ਼ਚਿੰਤ ਹੋ ਕਰਕੇ ਬੈਠੇ ਹੁਏ ਥੇ। ਉਨਹੋਂ ਨੇ ਕਹਾ, "ਮਹਾਰਾਜ ਆਪ ਕੋ ਕੋਈ ਇੱਛਾ ਹੈ?" ਤੋ ਬੋਲੇ, "ਨਹੀਂ ਭਾਈ, ਮੇਰੀ ਇੱਛਾ ਨਹੀਂ ਕੁੱਛ।" ਬੋਲੇ, "ਕੁੱਛ ਸੇਵਾ ਕਰ ਸਕਤਾ ਹੂੰ?" ਬੋਲੇ, "ਨਹੀਂ, ਕੋਈ ਸੇਵਾ ਕੀ ਮੁਝੇ ਅਵਸ਼ਕਤਾ ਨਹੀਂ, ਸਵਾਮੀ ਵਿਵੇਕਾਨੰਦ! ਤੂੰ ਸਾਰਾ ਸੰਸਾਰ ਘੂੰਮ ਚੁਕਾ ਹੈ ਔਰ ਦੁਨੀਆਂ ਤੁਝਕੋ ਪੂਜਨੇ ਲਗੀ ਹੈ ਲੇਕਿਨ ਅਭੀ ਤੁਮਕੋ ਜਪ ਕਰਨਾ, ਧਿਆਨ ਕਰਨਾ ਨਹੀਂ ਆਇਆ। ਬੈਠ ਮੇਰੇ ਸਾਥ, ਤੇਰੇ inhalation exhalation ਸਵਾਸ ਲੇਨੇ ਮੇਂ ਔਰ ਛੋੜਨੇ ਮੇਂ ਠੀਕ ਤਾਲ ਨਹੀਂ ਹੈ, ਇਸ ਲੀਏ ਤੇਰਾ ਧਿਆਨ ਠੀਕ ਨਹੀਂ ਹੈ। ਤੂੰ ਕਿਤਨਾ ਕੋਸ਼ਿਸ਼ ਕਰਤਾ ਹੈ, ਕਿਤਨਾ ਵਿਦਵਾਨ ਹੈ, ਕਿਤਨਾ ਸੱਚਾ ਆਦਮੀ ਹੈ ਲੇਕਿਨ ਹੋ ਨਹੀਂ ਪਾਤਾ। ਉਸਨੇ ਕਹਾ, "ਸਾਹਿਬ! ਕਿਆ ਕਰਨਾ ਚਾਹੀਏ?" ਬੋਲੇ, "ਬੇਟਾ! ਪਾਂਚ ਮਿੰਟ ਮੇਂ ਮੈਂ ਤੁਮਕੋ ਸਾਰੀ ਵਿੱਦਿਆ ਬਤਲਾਤਾ ਹੂੰ।" ਕਬੀਰ ਜੀ ਨੇ ਇਸਕੇ ਊਪਰ ਬਹੁਤ ਜ਼ੋਰ ਦੀਆ। ਆਪ ਕਬੀਰ ਜੀ ਕੇ ਸਾਹਿਤਯ ਕੋ ਪੜ੍ਹੇਂਗੇ ਤੋ ਉਸਮੇਂ ਸੁਖਮਨਾ ਨਾਮ ਕਰਕੇ ਏਕ ਚੀਜ਼ ਆਈ ਹੈ। ਮਨ ਕੋ ਸੁੱਖ ਕਾ ਅਨੁਭਵ ਕੈਸੇ ਹੋ? ਜਬ ਤੱਕ ਮਨ ਕੋ ਸੁੱਖ ਕਾ ਅਨੁਭਵ ਨਹੀਂ ਹੋਤਾ,

ਤਬ ਤੱਕ ਮਨ ਭਜਨ ਮੇਂ ਲੀਨ ਨਹੀਂ ਹੋ ਪਾਤਾ ਔਰ ਜਬ ਤੱਕ ਮਨ ਭਜਨ ਮੇਂ ਲੀਨ ਨਹੀਂ ਹੋਗਾ, ਤਬ ਤੱਕ ਯੇ ਸੋਚਤਾ ਰਹੇਗਾ – ਕੱਲ੍ਹ ਇਤਨਾ ਰੁਪਿਆ ਕਹਾਂ ਸੇ ਮਿਲੇਗਾ? ਪਰਸੋਂ ਕਿਸ ਕੀ ਜੇਬ ਕੈਸੇ ਕਾਟੇਂਗੇ? ਪਰਸੋਂ ਕਿਆ ਹੋਗਾ? ਦੁਨੀਆਂ ਤੋ ਸੋਚਤੀ ਹੈ ਕਿ ਆਪ ਭਗਤੀ ਕਰ ਰਹੇ ਹੋ ਔਰ ਆਪ ਕਾ ਮਨ ਦੁਨੀਆਂ ਭਰ ਮੇਂ ਭਾਗ ਰਹਾ ਹੈ। ਕਾਹੇ ਕੀ ਭਗਤੀ? ਅਰੇ! ਲੋਗੋਂ ਕੋ ਤੋ ਬੇਵਕੂਫ ਹਮ ਲੋਗ ਬਨਾ ਸਕਤੇ ਹੈ ਔਰ ਭਗਵਾਨ ਕੋ ਕੈਸੇ ਕੋਈ ਬੇਵਕੂਫ ਬਨਾ ਸਕਤਾ ਹੈ? ਵੋਹ ਤੋ ਸਰਬਤ੍ਰ ਮੇਂ ਹੈ ਨਾ; ਅਪਨੇ ਅੰਦਰ ਵੀ ਹੈ, ਸਭ ਜਗਹ ਹੈ। ਛੇ ਮਹੀਨੇ ਕੇ ਅੰਦਰ ਆਪ ਪੂਰਨ ਬ੍ਰਹਮ ਕੀ ਪ੍ਰਾਪਤੀ ਕਰ ਸਕਤੇ ਹੈਂ, ਅਗਰ ਸਚਮੁੱਚ ਚਾਹੇਂ। ਔਰ ਅਗਰ ਥੋੜਾ ਸਾ ਸੁਸਤ ਰਹੇਂ ਤੋ ਸਾਲ ਭਰ ਕੇ ਅੰਦਰ ਔਰ ਅਗਰ ਮਹਾਨ ਸੇ ਮਹਾਨ ਮੂਰਖ ਰਹੇਂ ਤੋ ਤੀਨ ਸਾਲ ਕੇ ਅੰਦਰ। ਪਰ ਸਾਰਾ ਜੀਵਨ ਬਤੀਤ ਕਰਨੇ ਕਾ, ਔਰ ਕੁੱਛ ਨਾ ਕਰਨੇ ਕਾ ਕੋਈ ਮਤਲਬ ਨਹੀਂ। ਹਰ ਮਨੁੱਸ਼ਯ ਕੋ ਈਸ਼ਵਰ ਕੋ ਜਪਨਾ, ਈਸ਼ਵਰ ਕੋ ਅਨੁਭਵ ਕਰਨੇ ਕਾ ਅਧਿਕਾਰ ਹੈ, ਜਨਮ ਸਿੱਧ ਅਧਿਕਾਰ ਹੈ ਹਮਾਰਾ। ਅਗਰ ਮਨੁੱਸ਼ਯ ਜੀਵਨ ਮੇਂ, ਇਸ ਚੋਲੇ ਕੋ ਧਾਰਨ ਕਰਨੇ ਮੇਂ ਹਮਨੇ ਭਗਵਾਨ ਕੋ, ਈਸ਼ਵਰ ਕੋ ਪ੍ਰਾਪਤ ਨਹੀਂ ਕੀਆ ਤੋ ਬੇਕਾਰ ਹੀ ਹੈ ਯੇ ਜਨਮ। ਬੜੀ ਮੁਸ਼ਕਿਲ ਸੇ ਮਨੁੱਸ਼ਯ ਜੋਨੀ ਪ੍ਰਾਪਤ ਹੋਤੀ ਹੈ ਔਰ ਫਿਰ ਉਸਕਾ ਦੁਰਉਪਯੋਗ ਹੋਤਾ ਹੈ। ਆਪਨੇ ਦੇਖਾ ਹੋਗਾ ਯੇ ਮਨੁੱਸ਼ਯ ਬਹੁਤ ਭੋਗੀ ਮਨੁੱਸ਼ਯ ਹੈ। ਉਸੇ ਕਹੋ, ਭਾਈ ਬਹੁਤ ਭੋਗ ਕਰਨੇ ਕੇ ਬਾਦ ਤੁਮ ਕਿਆ ਕਰਤੇ ਹੋ? ਬੋਲੇ, ਥੱਕ ਜਾਤਾ ਹੂੰ ਔਰ ਸੋ ਜਾਤਾ ਹੂੰ। ਜਾਗ੍ਰਿਤ, ਸੁਪਨ, ਸਖੋਪਤੀ, ਸਭੀ ਕਾ ਨ੍ਰਿਆਕਰਣ ਕਰਨੇ ਸੇ, ਅਨੁਭਵ ਕਰਨੇ ਸੇ ਮਾਲੂਮ ਹੂਆ ਕਿ ਮਨੁਸ਼ਯ ਕੋ ਨੀਂਦ ਸੇ ਥੋੜਾ ਸਾ ਆਰਾਮ ਆਤਾ ਹੈ, ਲੇਕਿਨ ਨੀਂਦ ਮੇਂ ਜਬ ਆਦਮੀ ਸੋ ਜਾਤਾ ਹੈ, ਸੁਬ੍ਹਾ ਉਸਕੋ ਦੇਖੇਂ ਕਿਆ ਹੋਤਾ ਹੈ; ਵੈਸੇ ਹੀ ਹੋ ਜਾਤਾ ਹੈ ਜੈਸੇ ਪਿਛਲੇ ਦਿਨ ਰਹਿਤਾ ਹੈ। ਮੂਰਖ ਹੈ ਤੋ ਮੂਰਖ ਹੀ ਰਹਿ ਜਾਤਾ ਹੈ। ਲੇਕਿਨ ਧਿਆਨ ਕਰਨੇ ਵਾਲਾ ਆਦਮੀ ਅਗਰ ਆਜ ਮੂਰਖ ਹੈ ਤੋ ਕਲ ਸੰਤ ਬਨ ਜਾਤਾ ਹੈ; ਯੇ ਫਰਕ ਹੈ। ਇਸ ਲੀਏ ਜਿਸ ਕਿਸਮ ਕੇ ਆਪ ਹੋਂ, ਭਲੇ ਆਪ ਡਕੈਤ ਹੋਂ, ਐਸੀ ਕੋਈ ਬਾਤ ਨਹੀਂ। ਆਪ ਕਾ ਵਿਵਸਾਏ ਜੋ ਕੁਛ ਵੀ ਹੋ ਲੇਕਿਨ ਪਾਂਚ ਮਿੰਟ ਸਭ ਛੋੜ ਛਾੜ ਕਰਕੇ ਏਕ ਤਰਫ ਰਖੇਂ।

ਆਪਕੋ ਮੈਂ ਏਕ ਛੋਟੀ ਸੀ ਕਹਾਨੀ ਸੁਨਾਤਾ ਹੂੰ – ਅਪਨੇ ਜੀਵਨ ਕੇ ਅਨੁਭਵ ਕੀ। ਆਪ ਸਭ ਲੋਗੋਂ ਨੇ ਮਾਨ ਸਿੰਘ ਡਾਕੂ ਕਾ ਨਾਮ ਸੁਨਾ ਹੋਗਾ। ਮੈਂ ਉਨ ਦਿਨੋਂ ਮੇਂ ਨਰਬਦਾ ਨਦੀ ਕੇ ਕਿਨਾਰੇ ਪਰ ਰਹਾ ਕਰਤਾ ਥਾ। ਵਹਾਂ ਕੇ ਹੋਮ ਮਨਿਸਟਰ ਫੂਲ ਸਿੰਘ ਉਨ ਦਿਨੋਂ ਮੇਰੇ ਪਾਸ ਆਏ ਔਰ ਏਕ ਕੇਲਾ ਕੀ ਡਲੀ (ਟੋਕਰੀ) ਲੇ ਕੇ ਆ ਗਏ। ਫੂਲ ਸਿੰਘ ਹੋਮ ਮਨਿਸਟਰ ਕੇ ਸਾਥ ਪੁਲਿਸ ਵੀ ਥੀ। ਉਸਕੇ ਜਾਨੇ ਕੇ ਦਸ ਮਿੰਟ ਬਾਅਦ ਏਕ ਆਦਮੀ ਆਇਆ, ਐਸਾ ਮੈਂਨੇ ਅਪਨੇ ਜੀਵਨ ਮੇਂ ਕਮ ਲੋਗੋਂ ਕੋ ਦੇਖਾ। ਲੰਬਾ, ਚੌੜਾ, ਲੰਬਾ ਮੂੰਹ, ਸਫੇਦ ਕੱਪੜੇ ਪਹਿਨੇ ਹੁਏ ਥੇ – ਧੋਤੀ ਔਰ ਕੁੜਤਾ, ਔਰ ਮੇਰੇ ਸਾਮਨੇ ਡੰਡਉਤ ਕਰਕੇ ਕੇਲੇ ਕੀ ਟੋਕਰੀ ਰੱਖ ਦੀ। ਬੋਲੇ, "ਮਹਾਰਾਜ! ਮੈਂ ਆਪਕੀ ਕੋਈ ਸੇਵਾ ਕਰ ਸਕਤਾ ਹੂੰ?" "ਆਜ-ਕਲ ਚੇਤਰ ਮਾਸ ਹੈ, ਮੈ ਯੇ ਖਾਤਾ ਭੀ ਨਹੀਂ, ਕਹੀਂ ਜਾਤਾ ਭੀ ਨਹੀਂ।" ਬੋਲੇ, "ਕੁੱਛ ਉਪਦੇਸ਼ ਦੀਜੀਏ।" ਤਬ ਤੱਕ ਏਕ ਥਾਣੇਦਾਰ ਆ ਗਿਆ। ਉਸਕੇ ਸਾਥ ਸਾਤ-ਆਠ ਪੁਲਿਸ ਵਾਲੇ ਥੇ। ਸਭ ਕੇ ਪਾਸ guns ਥੀਂ। ਉਨਹੋਂ ਨੇ ਮੇਰੇ ਸੇ ਪੂਛਾ ਕਿ ਆਪ ਕੌਨ ਹੈਂ? ਏਕ ਦਮ ਖੜ੍ਹੇ ਹੋ ਕੇ ਬੋਲੇ, "ਜਾਨਤੇ ਹੋ, ਮੈਂ ਰਾਜਾ ਮਾਨ ਸਿੰਘ ਹੂੰ।" ਸਭ ਨੇ ਅਪਨੇ pants ਮੇਂ ਪਿਸ਼ਾਬ ਕਰ ਡਾਲੇ। ਸਭ ਕੀ ਹਾਲਤ ਖਰਾਬ ਹੋ ਗਈ। ਉਸਕਾ ਜੋ ਵਿਅਕਤਿਤਵ ਥਾ, ਇਤਨਾ ਮਹਾਨ ਥਾ। ਉਸਨੇ ਕਹਾ, ਚੁੱਪ ਕਰਕੇ ਬੈਠੇ ਰਹੋ, ਮੈਂ ਜਾ ਰਹਾ ਹੂੰ। ਸਾਤ ਆਦਮੀ ਥੇ ਉਸਕੇ ਸਾਥ। ਔਰ ਸਭ ਕੇ ਪਾਸ loaded guns ਥੀਂ। ਚਲ ਦੀਆ, ਫਿਰ ਦੂਸਰੇ ਦਿਨ ਰਾਤ ਕੋ ਆਇਆ ਮੇਰੇ ਪਾਸ। ਬੋਲੇ, ਇਨ ਲੋਗੋਂ ਨੇ ਆਪ ਕੋ ਕੋਈ ਕਸ਼ਟ

ਦੀਆ? ਮੈਨੇ ਕਹਾ, ਮੁਝੇ ਕਿਆ ਕੋਈ ਕਸ਼ਟ ਦੇਗਾ ਭਾਈ! ਯਹਾਂ ਤੋ ਸਭੀ ਆਤੇ ਹੈਂ, ਸੰਤ ਆਤੇ ਹੈਂ, ਡਾਕੂ ਆਤੇ ਹੈਂ, ਮਹਾਤਮਾ ਆਤੇ ਹੈਂ; ਕਿਆ ਫਰਕ ਪੜਤਾ ਹੈ? ਹਮ ਸੇ ਕਹਾ, "ਮਹਾਰਾਜ! ਮੁਝੇ ਏਕ ਚੀਜ਼ ਬਤਾ ਦੀਜੀਏ - ਜਪ ਕੈਸੇ ਕਰਨਾ ਚਾਹੀਏ?" ਕਿਸੀ ਵੀ ਸੰਤ ਕੇ ਪਾਸ ਜਾਓ, ਕੁੱਛ ਮਤ ਮਾਂਗੋ। ਸਭ ਤੋ ਮਿਲ ਹੀ ਜਾਏਗਾ ਤੁਮਕੋ। ਏਕ ਹੀ ਚੀਜ਼ ਪੂਛੋ ਕਿ ਮਹਾਰਾਜ ਕੈਸੇ ਜਪ ਕੀਆ ਜਾਏ? ਜੋ ਸੰਤ ਲੋਗ ਜਪ ਕਰਨੇ ਵਾਲੇ ਹੈਂ, ਧਿਆਨ ਕਰਨੇ ਵਾਲੇ ਹੈਂ, ਵੋਹ ਕੁੱਛ ਨਾ ਕੁੱਛ ਬਤਲਾ ਦੇਂਗੇ। ਸਵਾਸ ਮੇਂ ਤੋ ਸੁਤਹਿ ਹੀ ਜਪ ਚਲਨੇ ਲਗਤਾ ਹੈ ਲੇਕਿਨ ਪਹਿਲੇ ਸੇ ਹੀ ਅਗਰ ਆਪ ਸਾਂਸ ਸੇ ਜਪ ਕਰਨੇ ਲੱਗੇਂਗੇ, ਆਪ ਜ਼ਿਆਦਾ ਦੂਰ ਤੱਕ ਨਹੀਂ ਜਾ ਪਾਏਂਗੇ। ਏਕ ਨਈ ਚੀਜ਼ ਮੈਂ ਆਪ ਕੋ ਕਹਿਤਾ ਹੂੰ, ਜਿਤਨੇ ਵੀ ਆਪ ਜਪ ਕਰਨੇ ਵਾਲੇ ਹੈਂ। ਜਪ ਖੁਦ ਮਤ ਕਰੋ। ਜੋ ਕਰਤਾ ਹੈ ਉਸਕੋ ਉਸਕਾ ਫਲ ਮਿਲਤਾ ਹੈ ਕਿ ਨਹੀਂ? ਅਰ ਜੋ ਉਸਕੋ ਫਲ ਮਿਲਤਾ ਹੈ, ਉਸਕੋ ਭੋਗ ਕਰ ਫਿਰ ਕਰਤੱਵਯ ਕਰਤਾ ਹੈ, ਚਲਤਾ ਹੀ ਰਹਿਤਾ ਹੈ। ਜਪ ਸੁਨਾ ਕਰੋ। ਜਬ ਆਪ ਨੇ ਅਪਨੇ ਕੋ ਸਥਿਰ ਕਰ ਲੀਆ ਔਰ ਸਵਾਸੋਂ ਕੋ ਠੀਕ ਕਰ ਲੀਆ, ਉਸਕੇ ਬਾਅਦ ਸੰਪੂਰਨ ਸ਼ਰੀਰ ਮੇਂ ਆਪ ਜਪ ਸੁਨ ਰਹੇ ਹੋ। ਉਸਮੇਂ ਜੀਭ ਨਹੀਂ ਚਲੇਗੀ ਕਿਉਂਕਿ ਆਪ ਤੋ ਕੁੱਛ ਨਹੀਂ ਕਰ ਰਹੇ ਹੋ ਤੋ ਸਰਵਣ, ਮੰਨਣ, ਨਿਧਿਆਸਣ, ਯੇ ਵੇਦਾਂਤ ਕੇ ਤੀਨ ਪੱਖ ਹੈਂ। ਸਭਸੇ ਸਰਲ ਉਪਾਏ ਯਹੀ ਹੈ ਔਰ ਇਨਹੇਂ ਛੋੜੋ ਨਹੀਂ।

ਏਕ ਰਿਸ਼ੀ ਥਾ। ਜਬ ਬਹੁਤ ਤਪੱਸਿਆ ਕੀਆ ਔਰ ਕੁੱਛ ਨਹੀਂ ਹੋ ਪਾਇਆ ਤੋ ਰੋਨੇ ਲਗਾ, ਫੂਟ-ਫੂਟ ਕੇ ਰੋਨੇ ਲਗਾ। ਜਬ ਰੋਨਾ ਸਮਾਪਤ ਹੋ ਗਿਆ, ਕਬ ਤੱਕ ਰੋਤਾ? ਤੋ ਅੰਤਰ-ਆਤਮਾ ਕੀ ਉਸਕੇ ਊਪਰ ਕਿਰਪਾ ਹੂਈ ਔਰ ਪ੍ਰਤੱਕਸ਼ ਉਸਕੇ ਸਾਮਨੇ ਆ ਗਿਆ। ਸੰਸਾਰ ਮੇਂ ਕੋਈ ਔਰਤ ਕੇ ਲੀਏ ਰੋ ਰਹਾ ਹੈ, ਕੋਈ ਬੱਚੋਂ ਕੇ ਲੀਏ ਰੋ ਰਹਾ ਹੈ, ਕੋਈ ਪੈਸੇ ਕੇ ਲੀਏ ਰੋ ਰਹਾ ਹੈ, ਕੋਈ ਲੋਭ ਕੇ ਲੀਏ ਰੋ ਰਹਾ ਹੈ, ਕੋਈ ਮੋਹ ਕੇ ਲੀਏ ਰੋ ਰਹਾ ਹੈ, ਕੋਈ ਰੋ ਰਹਾ ਹੈ ਹੰਕਾਰ ਕੇ ਲੀਏ, ਕੋਈ ਰੋ ਰਹਾ ਹੈ ਕਿ ਦੁਨੀਆਂ ਭਰ ਮੁਝੇ ਮਾਨੇਂ। ਲੇਕਿਨ ਜਬ ਮਨੁੱਸ਼ਯ ਸਤਯ ਕੋ ਪ੍ਰਾਪਤ ਕਰਨੇ ਕੇ ਲੀਏ ਰੋਤਾ ਹੈ ਔਰ ਛਟਪਟਾਨੇ ਲਗਤਾ ਹੈ ਤੋ ਉਸਕੇ ਊਪਰ ਆਤਮ ਕਿਰਪਾ ਹੋਤੀ ਹੈ। ਚਾਰ ਤਰਹ ਕੀ ਕਿਰਪਾ ਹੋਤੀ ਹੈ। ਆਪ ਨਿਤਯ ਗ੍ਰੰਥ ਸਾਹਿਬ ਕਾ ਪਾਠ ਕਰੇਂ, ਗ੍ਰੰਥ ਕਿਰਪਾ; ਨਿਤਯ ਗੁਰੂ ਕੇ ਪੈਰ ਛੂਏਂ, ਉਨਕੀ ਸੇਵਾ ਕਰੇਂ, ਗੁਰੂ ਕਿਰਪਾ; ਸਭ ਆਪ ਕਾ ਸਨਮਾਨ ਕਰੇਂ, ਜਨਤਾ ਕੀ ਕਿਰਪਾ; ਲੇਕਿਨ ਯੇ ਤੀਨੋ ਕਿਰਪਾ ਬੇਕਾਰ ਹੈਂ ਅਗਰ ਆਪ ਕੀ ਆਤਮਾ ਕੀ ਕਿਰਪਾ ਆਪਕੇ ਊਪਰ ਨਹੀਂ ਹੈ। ਆਤਮ ਕਿਰਪਾ ਬਹੁਤ ਜ਼ਰੂਰੀ ਹੈ, ਬਹੁਤ ਅਵੱਸ਼ਕ ਹੈ। ਆਪ ਚੁੱਪ ਚਾਪ ਆਪਨੇ ਸੇ ਪੂਛੋ, ਕਹੋ, ਭਾਈ ਤੁਮ ਕੈਸੇ ਹੋ? ਏ ਸਵਾਮੀ ਰਾਮ ਤੂੰ ਕੈਸਾ ਹੈ? ਅੰਦਰ ਸੇ ਆਤਮਾ ਬੋਲ ਦੇਤੀ ਹੈ ਕਿ ਤੂੰ ਤੋ ਐਸਾ ਹੈ, ਐਸਾ ਹੈ, ਐਸਾ ਹੈ। ਇਸਕੇ ਲੀਏ ਦੁਨੀਆਂ ਸੇ ਕਹਿਲਾਨੇ ਕੀ ਜ਼ਰੂਰਤ ਨਹੀਂ। ਯੇ ਜੋ ਲੋਗ ਮਾਣ ਚਾਹਤੇ ਹੈਂ ਕਿਉਂਕਿ ਇਨ ਮੇਂ complex ਰਹਿਤੀ ਹੈ ਕਿ ਸਵਾਮੀ ਬਨ ਗਏ ਹੈਂ; ਡੰਡਵਤ ਕਰੋ, ਕੁੱਛ ਫੂਲ ਚੜ੍ਹਾਓ, ਕੁੱਛ ਪੱਤੀਆਂ ਚੜ੍ਹਾਓ, ਕੁੱਛ ਪੈਸੇ ਚੜ੍ਹਾਓ। ਯੇ ਸਭ complexes ਹੈਂ, ਯੇ ਕਮਜ਼ੋਰੀਆਂ ਹੈਂ। ਕਿਉਂ? ਕਹੀਂ ਨਾ ਕਹੀਂ ਆਤਮਾ ਕਠੂਰਤੀ ਹੈ। ਉਸਕੋ ਭੁਲਾਨੇ ਕੇ ਲੀਏ ਸਭ ਹੋਤਾ ਹੈ। ਅਰੇ ਕੁੱਛ ਨਹੀਂ ਹੈ ਯੇ ਸਭ, ਯੇ ਸਭ ਸਾਥ ਮੇਂ ਨਹੀਂ ਜਾਤਾ। ਸਾਥ ਯਦੀ ਕੁਛ ਜਾਤਾ ਹੈ ਤੋ ਮਨ ਸੇ ਕੀਆ ਹੂਆ ਜਾਤਾ ਹੈ ਔਰ ਮਨ ਸੇ ਕੀਆ ਹੂਆ ਭਜਨ ਜਾਤਾ ਹੈ। ਵੋਹ ਏਕ seat ਬਨਾ ਦੇਤਾ ਹੈ, ਏਕ ਪੁੱਲ ਬਨਾ ਦੇਤਾ ਹੈ - ਉਸ ਜੀਵਨ ਕੇ ਲੀਏ। ਮੇਰੇ ਕਹਿਨੇ ਕਾ ਮਤਲਬ ਯੇ ਹੈ, ਜਿਤਨੀ ਬੱਚੀਆਂ ਹੈਂ, ਮਾਤਾਏਂ ਹੈਂ, ਬਹਿਨੇਂ ਹੈਂ, ਜਿਤਨੇ ਬੱਚੇ ਹੈਂ, ਸਭ ਭਾਈ ਲੋਗ ਹੈ, ਸੰਤ ਹੈਂ, ਕੁੱਛ ਵੀ ਹੋ, ਦੁਨੀਆਂ ਪਲਟ ਜਾਏ, ਏਕ ਸਮਯ ਐਸਾ ਬਨਾ ਲੀਜੀਏ ਕਿ ਉਸ ਸਮਯ ਕੁੱਛ ਵੀ ਹੋ ਸੰਸਾਰ ਮੇਂ, ਬੜੇ ਸੇ ਬੜਾ ਭਿਅੰਕਰ ਕਾਮ ਹੋ

ਜਾਏ, ਉਸ ਵਕਤ ਹਮ ਬੈਠ ਜਾਏਂਗੇ, ਤੇਰੇ ਨਾਮ ਕੇ ਸਿਵਾਏ ਕੁੱਛ ਨਹੀਂ। 5-10 ਮਿੰਟ - ਜ਼ਿਆਦਾ ਨਹੀਂ। ਉਸਕੇ ਬਾਦ ਤੋ ਮਨ ਭਟਕਨੇ ਲਗਤਾ ਹੈ ਇਧਰ-ਉਧਰ। ਦੂਸਰੇ ਕੋ ਦਿਖਾ ਕਰ ਭਜਨ ਮਤ ਕਰਨਾ।

ਏਕ ਇਸਤਰੀ ਔਰ ਪੁਰਸ਼ ਥੇ, ਦੋਨੋਂ ਬੜੇ ਭਗਤ ਥੇ, ਜੋੜਾ ਬਹੁਤ ਅੱਛਾ ਥਾ। ਔਰਤ ਹਰ ਰੋਜ਼ ਮੰਦਿਰ ਮੇਂ ਜਾਤੀ ਥੀ ਔਰ ਪੂਜਾ ਕਰਤੀ ਥੀ। ਏਕ ਦਿਨ ਔਰਤ ਨੇ ਅਪਨੇ ਪਤੀ ਸੇ ਕਹਾ ਕਿ ਮੇਰੇ ਪਿਤਾ ਨੇ ਤੁਮਾਰੇ ਸਾਥ ਸ਼ਾਦੀ ਕਰ ਦੀ, ਤੁਮ ਬਹੁਤ ਅੱਛੇ ਆਦਮੀ ਹੋ, ਅਰੇ ਕਭੀ ਭਗਵਾਨ ਕਾ ਭੀ ਤੋ ਨਾਮ ਲੀਆ ਕਰੋ। ਉਸਨੇ ਕਹਾ ਕਿ ਤੁਮ ਕਰਤੀ ਹੋ, ਵੋਹੀ ਕਾਫੀ ਹੈ ਮੇਰੇ ਲੀਏ। ਏਕ ਦਿਨ, ਰਾਤ ਮੇਂ ਉਸਕੇ ਮੂੰਹ ਸੇ 'ਰਾਮ' ਨਿਕਲ ਗਿਆ। ਜਬ ਉਸਕੇ ਮੂੰਹ ਸੇ ਰਾਮ ਨਿਕਲਾ ਤੋ ਔਰਤ ਨੇ ਏਕ ਦਮ ਉਸਕੋ ਉਠਾਇਆ ਔਰ ਜਗਾਇਆ। ਕਿਆ ਬਾਤ ਹੈ ਬਈ! ਦੋ ਵਜੇ ਰਾਤ ਕੋ ਕਿਉਂ ਤੰਗ ਕਰ ਰਹੀ ਹੋ? ਬੋਲੀ, ਬੈਠ ਜਾਉ, ਅਬ ਤੁਮਾਰੀ ਆਰਤੀ ਉਤਾਰਤੀ ਹੂੰ। ਬੋਲੇ, ਕਿਆ ਬਾਤ ਹੈ? ਯੇ ਆਰਤੀ ਉਤਾਰਨੇ ਵਾਲੀ ਬਾਤ ਕਹਾਂ ਸੇ ਆਈ? ਬੋਲੀ, ਜੀ ਤੁਮਾਰੇ ਮੂੰਹ ਸੇ 'ਰਾਮ' ਨਿਕਲ ਗਿਆ। ਬੋਲੇ, ਨਿਕਲ ਗਿਆ? ਜਿਸਕੋ ਹਮੇਸ਼ਾ ਮੈਨੇ ਹਿਰਦੇ ਮੇਂ ਰਖਾ, ਆਜ ਮੂੰਹ ਸੇ ਬਾਹਰ ਨਿਕਲ ਗਿਆ? ਉਸਕੇ ਪ੍ਰਾਣ ਛੂਟ ਗਏ ਉਸੀ ਵਕਤ, ਕਿਉਂਕਿ ਏਕ ਭਗਤੀ ਤੋ ਬਾਹਰ ਕਰਤੀ ਥੀ ਇਸਤਰੀ, ਵੋਹ ਵੀ ਸੱਚੀ ਥੀ। ਲੇਕਿਨ ਏਕ ਉਸਕੀ ਭਗਤੀ ਜੀਅ ਕੇ ਅੰਦਰ ਹੀ ਅੰਦਰ ਵੋਹ ਭਗਵਾਨ ਕਾ ਨਾਮ ਸਿਮਰਨ ਕਰਤਾ ਥਾ, ਕਿਸੀ ਕੋ ਨਹੀਂ ਬਤਲਾਤਾ ਥਾ। ਇਸ ਲੀਏ ਕਿਸੀ ਕੋ ਦਿਖਾਨਾ, ਦਿਖਾ ਕਰਕੇ ਨਿਮਾਜ਼ ਪੜ੍ਹਨਾ, ਜਪ ਕਰਨਾ, ਧਿਆਨ ਕਰਨਾ, ਯੇ ਬਿਲਕੁਲ ਬੇਕਾਰ ਹੈ। ਚੁੱਪ-ਚਾਪ ਕਰਤੇ ਰਹਿਨਾ ਚਾਹੀਏ। ਐਸੇ ਵਿਅਕਤੀ ਕੇ ਲੀਏ ਕੁੱਛ ਭੀ ਅਸੰਭਵ ਨਹੀਂ ਹੈ। ਉਸਕੀ ਤੋ ਕੋਈ ਇੱਛਾ ਹੋਤੀ ਹੀ ਨਹੀਂ ਲੇਕਿਨ by chance ਭੂਲੇ ਭਟਕੇ ਕਭੀ ਇੱਛਾ ਕਰ ਦੇ, ਤੋ ਪਹਿਲੇ ਪੂਰੀ ਹੋ ਜਾਤੀ ਹੈ। ਯੇ ਮੈਂ ਆਪ ਕੋ ਸੱਚ ਬੋਲਤਾ ਹੂੰ। ਕਹਿਨੇ ਕਾ ਮੇਰਾ ਮਤਲਬ ਯੇ ਹੈ, ਸਭ ਠੀਕ ਹੈ ਸੰਸਾਰ ਮੇਂ, ਸਭੀ ਸੁੱਖ, ਜਿਸਕੋ ਆਪ ਸੁੱਖ ਸਮਝਤੇ ਹੋ, ਸਭ ਠੀਕ ਹੈ ਲੇਕਿਨ ਯੇ ਸੁੱਖ ਜ਼ਿਆਦਾ ਦੇਰ ਤੱਕ ਨਹੀਂ ਰਹਿਤੇ। ਥੋੜੇ-ਥੋੜੇ ਦੇਰ ਤੱਕ ਰਹਿਤਾ ਹੈ। ਏਕ ਹੀ ਸੁੱਖ ਹੈ ਜੋ ਨਿਤਯ ਹੈ ਅਰ ਵੋ ਹੈ ਈਸ਼ਵਰ ਕੇ ਨਾਮ ਮੇਂ, ਓਅੰਕਾਰ ਕੇ ਨਾਮ ਮੇਂ ਰਮਣ ਕਰਨਾ। ਯਹਾਂ ਪਰ ਸੰਤ ਜੀ ਕੇ ਪਾਸ ਆਤੇ ਹੋ, ਉਨਕੇ ਦਰਸ਼ਨ ਕਰਤੇ ਹੋ। ਸੰਤ ਜੀ ਮੁਝੇ ਪ੍ਰੇਰਣਾ ਦੇ ਰਹੇ ਹੈਂ - ਤੁਮਹੇਂ ਕਹਿਨੇ ਕੇ ਲੀਏ ਕਿ ਬਈ ਕੁੱਛ ਦੇਰ ਤੱਕ ਰੋਜ਼ ਚੁੱਪ-ਚਾਪ ਬੈਠ ਕਰ ਜਪ ਕੀਆ ਕਰੋ। ਆਜ ਤੋਂ ਮੈਂ ਆਪਕੋ ਇਤਨਾ ਹੀ ਬੋਲੂੰਗਾ, ਕਲ ਇਸ ਸੇ ਆਗੇ ਜੋ ਕੁੱਛ ਵੀ ਹੋਗਾ, ਆਪਕੀ ਸੇਵਾ ਮੇਂ ਭਗਵਾਨ ਕੀ ਇੱਛਾ ਸੇ ਕਹਿਨੇ ਕੀ ਕੋਸ਼ਿਸ਼ ਕਰੂੰਗਾ।

# ਨਾਮ ਅਭਿਆਸ ਔਰ ਸਤਿਸੰਗ
## (ਭਾਗ ਦੂਜਾ)

ਮੈਂ ਆਪ ਕੇ ਅੰਦਰ ਨਹਿਤ ਪ੍ਰਮਾਤਮਾ ਕੋ ਪ੍ਰਨਾਮ ਕਰਤਾ ਹੂੰ। ਕਲ੍ਹ ਥੋੜਾ ਸਾ ਹਮਨੇ ਸਾਧਨਾ ਕੇ ਊਪਰ ਬਾਤ ਕਹੀ। ਸੰਤੋਂ ਕੇ ਸਤਿਸੰਗ ਸੇ ਜੋ ਮੁਝੇ ਪ੍ਰਾਪਤ ਹੂਆ, ਵੋ ਆਪ ਕੇ ਸਾਮਨੇ ਰਖਤਾ ਹੂੰ। ਜਬ ਮੈਂ ਸੰਸਾਰ ਕੇ ਧਰਮੋਂ ਕਾ ਸਵਾਧਯ (study) ਕਰਨੇ ਲਗਾ ਤੋ ਮੇਰੇ ਸਾਮਨੇ ਦੋ ਧਰਮ ਆਏ - Budhism ਔਰ Sikhism (ਬੁੱਧ ਧਰਮ ਔਰ ਸਿੱਖ ਧਰਮ)। ਕੁਛ ਕਾਲ ਤਕ ਮੈਂ ਦੋਨੋਂ ਕੋ ਸਵਾਧਯ ਕਰਤਾ ਰਹਾ। ਏਕ ਦਿਨ ਸੁਭਾਗ ਗੁਰੂ ਨਾਨਕ ਦੇਵ ਜੀ ਨੇ ਦਰਸ਼ਨ ਦੀਯੇ ਤੋ ਉਸ ਦਿਨ ਸੇ ਮੈਂ ਸਿਖ ਧਰਮ ਕੇ ਊਪਰ ਔਰ ਗਹਿਰੀ ਸਵਾਧਯ ਕਰਨੇ ਲਗਾ। ਮੈਨੇ ਪਿਛਲੇ ਬਰਸ ਆਪ ਸੇ ਕਹਾ ਥਾ ਕਿ ਸਾਲ ਭਰ ਲਗ ਜਾਏਗਾ ਕਿਉਂਕਿ ਇਤਨਾ ਆਸਾਨ ਨਹੀਂ - ਸ੍ਰੀ ਗੁਰੂ ਗ੍ਰੰਥ ਸਾਹਿਬ ਕੋ translate ਕਰ ਲੇਨਾ। ਇਸ ਲੀਏ ਮੈਂ ਆਪ ਸੇ ਮੁਆਫੀ ਮਾਂਗਤਾ ਹੂੰ। 500 ਪੰਨੇ ਮੈਂ ਸਿੱਖ ਸਟੱਡੀਜ਼ ਦਿੱਲੀ ਕੋ ਭੇਜ ਚੁਕਾ ਹੂੰ। ਵੋਹੀ ਲੋਗ ਦੇਰ ਕਰ ਰਹੇ ਹੈਂ। ਮੈਨੇ, ਸਿਖ studies ਕੇ ਜਿਤਨੇ ਵੀ ਵਹਾਂ ਪਰ ਵਿਦਵਾਨ ਹੈਂ, ਉਨ ਕੋ ਲਿਖਾ ਹੈ ਕਿ ਜਲਦੀ ਇਸ ਕੋ ਵਾਪਸ ਕੀਜੀਏ। ਜਹਾਂ ਪਰ ਤਰੁੱਟੀ ਹੋ, ਮੁਝੇ ਬਤਾਈਏ। ਮੇਰਾ ਕਾਰਯ ਸ਼ੁਰੂ ਹੈ, ਅਗਰ ਪ੍ਰਭੂ ਕੀ ਕ੍ਰਿਪਾ ਹੋਗੀ ਤੋਂ ਅਗਲੇ ਵਰਸ਼ ਆਪ ਕੇ ਸਾਮਨੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਆ ਜਾਏਂਗੇ। ਇਸ ਵਰਸ਼ ਕੇ ਅੰਤ ਤਕ, ਜਨਵਰੀ, ਫਰਵਰੀ ਮੇਂ ਪਹਿਲਾ Volume (ਭਾਗ) 500 page (ਪੰਨੇ) ਕਾ ਵੋ ਭੀ ਸਾਮਨੇ ਆ ਜਾਏਗਾ ਕਿਉਂਕਿ ਪਿਛਲੀ ਬਾਰ ਮੈਨੇ ਆਪ ਸੇ promise (ਵਾਅਦਾ) ਕੀਆ ਥਾ ਕਿ ਮੈਂ ਸਾਲ ਭਰ ਮੇਂ ਕਰ ਡਾਲੂੰਗਾ। 8 ਘੰਟੇ 9 ਘੰਟੇ ਰਾਤ ਕੋ ਬੈਠਨੇ ਪਰ ਭੀ ਨਹੀਂ ਹੋ ਪਾਇਆ ਕਿਉਂਕਿ ਬਹੁਤ ਵਿਸ਼ੇਸ਼ਯ ਗ੍ਰੰਥ ਹੈ ਨਾ। ਸੰਸਾਰ ਕੇ ਜਿਤਨੇ ਭੀ ਧਰਮ ਹੈਂ, ਉਨ ਕੋ ਆਪ ਏਕ ਜਗਹ ਮੇਂ ਡਾਲ ਦੀਜੀਏ - ਸਭ ਕੋ ਇਕੱਤਰਤ ਕਰਕੇ, ਤੋ ਸਿਖ ਧਰਮ (Sikhism) ਹੋ ਜਾਤਾ ਹੈ।

ਯਾਦ ਰਖੀਏ, ਜੋ ਸਿਖ ਧਰਮ ਮੇਂ ਹੈ, ਵੋ ਕਹੀਂ ਨਹੀਂ ਹੈ; ਜੋ ਕਹੀਂ ਨਹੀਂ ਹੈ, ਵੋ ਸਿਖ ਧਰਮ ਮੇਂ ਹੈ। ਆਪ ਕੋ ਇਧਰ ਉਧਰ ਭਟਕਨੇ ਕੀ ਜ਼ਰੂਰਤ ਨਹੀਂ ਹੈ। ਸ਼ਰਧਾ ਸੇ, ਪਿਆਰ ਸੇ ਅਪਨੇ ਧਰਮ ਕੇ ਊਪਰ ਚਲੀਏ। ਏਕ ਹੀ ਚੀਜ਼ ਕੀ ਮੈਨੇ ਕਮੀ ਦੇਖੀ ਹੈ। ਸਿਖੋਂ ਮੇਂ ਸ਼ਕਤੀ ਤੋ ਹੈ, ਵਿਦੇਸ਼ੋਂ ਮੇਂ ਭੀ ਬਹੁਤ ਗੁਰਦੁਆਰਾ ਹੈਂ। ਕਈ ਗੁਰਦੁਆਰਾ ਮੇਂ ਜਬ ਦਰਸ਼ਨ ਕਰਨੇ ਗਿਆ ਤੋ ਏਕ ਦਿਨ ਦੇਖਾ ਕਿ ਏਕ ਗੁਰਦੁਆਰਾ ਮੇਂ, ਮੇਰੇ ਸਾਮਨੇ ਚਾਰ ਪਾਂਚ ਆ ਗਏ, ਤਲਵਾਰ ਲੇ ਕਰ ਖੜ੍ਹੇ ਹੋ ਗਏ। ਮੈਨੇ ਕਹਾ, "ਅਭੈ! ਕਿਆ ਬਾਤ ਹੈ?" ਕਹਿਨੇ ਲਗੇ, "ਆਪ ਕੀ ਰਖਸ਼ਾ ਕੇ ਲੀਏ ਹੈ।" ਮੈਨੇ ਕਹਾ, "ਕਿਆ ਬਾਤ ਹੈ?" ਕਹਿਨੇ ਲਗੇ, "ਦੰਗਾ ਹੋਨੇ ਵਾਲਾ ਹੈ। ਗੁਰਦੁਆਰਾ ਕਮੇਟੀ ਕੇ ਆਜ ਯਹਾਂ ਪਰ ਸਭ ਅਹੁਦੇਦਾਰ (bearers) ਚੁਨੇ ਜਾਏਂਗੇ। ਕੌਨ ਪ੍ਰਧਾਨ (President) ਹੋਗਾ, ਕੌਨ ਕਿਆ ਹੋਗਾ।" ਯੇਹ ਸਭ ਕਿਉਂ ਹੋਤੀ ਹੈ - ਏਕ ਦੂਸਰੇ ਸੇ ਦਵੈਸ਼? ਵੋ ਪਿਆਰ ਕਿਤਨਾ ਛੋਟਾ ਹੋਤਾ ਹੈ, ਜੈਸੇ ਏਕ ਔਰਤ ਕੋ ਦੋ ਆਦਮੀ ਪਿਆਰ ਕਰੇਂਗੇ ਤੋ ਕਟੇਂਗੇ, ਮਰੇਂਗੇ। ਲੇਕਿਨ ਏਕ ਭਗਵਾਨ ਕੋ ਦੋ ਆਦਮੀ ਪਿਆਰ ਕਰੇਂਗੇ ਤੋ ਗਲੇ ਮਿਲੇਂਗੇ; ਬਹੁਤ ਫਰਕ ਹੋਤਾ ਹੈ। ਇਸ ਲੀਏ ਮੈਂ ਆਪ ਸੇ ਕਹਿਤਾ ਹੂੰ ਕਿ ਜਿਤਨੀ ਆਪ ਸਾਧਨਾ ਕਰੇਂਗੇ, ਉਤਨਾ ਹੀ ਆਪ ਕੇ ਸਾਮਨੇ ਪ੍ਰਕਾਸ਼ ਆਤਾ ਜਾਏਗਾ। ਯੇ ਠੀਕ ਉਸੀ ਤਰਹ ਸੇ ਹੈ ਕਿ ਏਕ ਦੀਪਕ ਕੇ ਊਪਰ ਚਾਰ, ਪਾਂਚ, ਛੇ, ਸਾਤ ਪਰਦੇ (cover) ਪੜੇ ਹੂਏ ਹੈਂ। ਅੰਦਰ ਤੋਂ ਪ੍ਰਕਾਸ਼ (light) ਹੈ ਲੇਕਿਨ ਉਸ ਕਾ ਪ੍ਰਕਾਸ਼ ਬਾਹਰ ਨਹੀਂ ਆ ਪਾਤਾ ਕਿਉਂਕਿ ਊਪਰ ਪਰਦੇ (covers) ਹੈਂ। ਅਬ ਆਪਨੇ ਏਕ ਕਵਰ ਕੋ ਨਿਕਾਲਾ ਤੋ ਥੋੜਾ ਸਾ ਆਪ ਕੋ ਪ੍ਰਕਾਸ਼ ਦਿਖਾਈ ਦੇਗਾ। ਧੀਰੇ ਧੀਰੇ ਆਪ ਜਬ ਸਭ covers ਨਿਕਾਲੇਂਗੇ ਤੋ ਪ੍ਰਕਾਸ਼ ਸਭ ਕੇ ਅੰਦਰ ਹੈ। ਜਿਸੇ ਹਮ ਬੁਰਾ ਕਹਿਤੇ ਹੈਂ, ਬੁਰਾ ਕੋਈ ਨਹੀਂ ਹੈ। ਬੁਰਾਈ, ਭਲਾਈ ਯੇ ਸਭ ਤੋ ਭਾਈ ਸੰਸਾਰ ਕੀ ਬਾਤੇਂ ਹੋਤੀ ਹੈਂ; ਕੋਈ ਵੀ ਬੁਰਾ ਨਹੀਂ ਹੈ। ਅਗਰ ਸਚਮੁਚ ਪੂਛਾ ਜਾਏ, ਜਬ ਬੁਰਾ ਭਲਾ - ਇਸ ਕਾ ਗਿਆਨ ਕਰਨੇ ਲਗੇਂਗੇ ਤੋ ਆਪ ਕੋ ਲਗੇਗਾ ਕਿ ਮੈਂ ਹੀ ਬੁਰਾ ਹੂੰ, ਔਰ ਸਭ ਠੀਕ ਹੈਂ। ਸਾਧਨਾ ਕਰਨੇ ਵਾਲੇ ਕੋ ਬਹੁਤ practical ਹੋਨਾ ਚਾਹੀਏ। ਹਮ ਲੋਗੋਂ ਮੇਂ ਏਕ

ਕਮੀ ਹੈ - ਮਨੁਸ਼ਯੋਂ ਮੇਂ। ਬਹੁਤ ਐਸੇ ਲੋਗ ਹੈਂ ਜੋ ਅਪਨੇ ਲੀਏ ਜੀਤੇ ਹੈਂ; ਹਮ ਦੂਸਰੇ ਕੇ ਲੀਏ ਜੀਤੇ ਹੈਂ। ਮਰਦ ਸੋਚਤਾ ਹੈ ਮੇਰੀ ਇਸਤਰੀ ਮੁਝੇ ਐਸਾ ਕਪੜਾ ਪਹਿਨਾਨਾ ਚਾਹਤੀ ਹੈ, ਐਸੇ ਬਾਲ ਰਖਵਾਨਾ ਚਾਹਤੀ ਹੈ, ਐਸੇ ਬੋਲਨਾ ਚਾਹਤੀ ਹੈ। ਐਸੇ ਹੀ ਔਰਤ ਭੀ ਸੋਚਤੀ ਹੈ। ਜੋ ਸਾਧਨਾਂ ਕਰਨੇ ਵਾਲੇ ਹੈਂ, ਉਨ ਕੋ ਸਭ ਸੇ ਜ਼ਿਆਦਾ ਅਨੰਦ ਆਤਾ ਹੈ - ਸਾਧਨਾ ਮੇਂ। ਸੰਸਾਰ ਕੀ ਕੋਈ ਵੀ ਵਸਤੂ ਸਾਧਨਾ ਕੇ ਸਾਮਨੇ ਫੀਕੀ ਪੜ ਜਾਤੀ ਹੈ।

ਤੋ ਆਪ ਸੇ ਸਾਧਨਾ ਕੇ ਵਿਸ਼ੇ ਮੇਂ ਕੁਛ ਕਹਿ ਰਹਾ ਥਾ। ਸਾਧਨਾ ਕੀ ਭੀ ਕਈ ਪੌੜੀਆਂ ਹੋਤੀ ਹੈਂ। ਜਬ ਕਬੀਰ ਜੀ ਅਪਨਾ ਚੋਲਾ ਉਤਾਰਨਾ ਚਾਹਤੇ ਥੇ ਤੋ ਉਨ ਕੇ ਸਭ ਭਗਤ ਉਨ ਕੇ ਪਾਸ ਮੇਂ ਆਏ। ਸਭ ਕੀਰਤਨ ਕਰਨੇ ਲਗੇ ਤੋ ਉਨਹੋਂ ਨੇ ਏਕ ਏਕ ਸੇ ਪੂਛਾ -

***ਏਕ ਰਾਮ ਦਸ਼ਰਥ ਕਾ ਬੇਟਾ। ਏਕ ਰਾਮ ਘਟ ਘਟ ਮੇਂ ਬੈਠਾ।***
***ਏਕ ਰਾਮ ਨੇ ਜਗਤ ਪਸਾਰਾ।***
***ਏਕ ਰਾਮ ਹੈ ਸਭ ਸੇ ਨਿਆਰਾ।***

ਬੋਲੋ ਤੁਮ ਕਿਸ ਰਾਮ ਕੋ ਜਪ ਰਹੇ ਹੋ? ਏਕ ਨੇ ਕਹਾ ਕਿ ਮੈਂ 'ਏਕ ਰਾਮ ਦਸ਼ਰਥ ਕੇ ਬੇਟੇ' ਕੋ ਜਪ ਰਹਾ ਹੂੰ। ਬੋਲੇ, ਚਲਾ ਜਾ ਬਾਹਰ, ਔਰ ਉਧਰ ਬੈਠ, ਤੇਰੀ ਜਗਹ ਵਹਾਂ ਹੈ। ਦੂਸਰੇ ਨੇ ਕਹਾ 'ਏਕ ਰਾਮ ਘਟ ਘਟ ਮੇਂ ਬੈਠਾ', ਉਸ ਕੋ ਜਪ ਰਹਾ ਹੂੰ। ਕਹਿਨੇ ਲਗੇ, ਤੂੰ ਭੀ ਸਾਮਨੇ ਬੈਠ ਜਾ। ਏਕ ਬੋਲਾ 'ਏਕ ਰਾਮ ਨੇ ਜਗਤ ਪਸਾਰਾ' ਉਸ ਕੋ ਜਪ ਰਹਾ ਹੂੰ। ਕਹਿਨੇ ਲਗੇ, ਤੂੰ ਭੀ ਉਧਰ ਬੈਠ ਜਾ। ਏਕ ਨੇ ਕਹਾ, 'ਏਕ ਰਾਮ ਹੈ ਸਭ ਸੇ ਨਿਆਰਾ' ਜੋ ਅਸੰਗ ਔਰ ਅਲਿਪਤ, ਪ੍ਰਮਾਤਮਾ ਕੇ ਗੁਣ ਹੈਂ, ਅਸੰਗ ਔਰ ਅਲਿਪਤ ਰਹਿਨਾ, ਉਸ ਕੋ ਗਲੇ ਲਗਾ ਲੀਆ। ਕਹਿਨੇ ਲਗੇ, ਬੇਟਾ ਮੇਰੀ ਸਿਖਸ਼ਾ ਕਾ, ਮੇਰੇ ਸਤਿਸੰਗ ਕਾ ਸਭ ਸੇ ਜ਼ਿਆਦਾ ਲਾਭ ਤੁਮ ਨੇ ਉਠਾਇਆ ਹੈ।

ਅਬ ਸਤਿਸੰਗ ਕਿਸ ਕੋ ਕਹਿਤੇ ਹੈਂ, ਇਸ ਕੇ ਊਪਰ ਬਚਿੱਤਰ ਬਾਤ ਤੁਲਸੀ ਦਾਸ ਜੀ ਨੇ ਕਹੀ ਹੈ -

***ਤਾਤ ਸਰਗ ਅਪਵਰਗ ਸੁਖ ਧਰੈ***
***ਤੁਲਾ ਏਕ ਅੰਗ॥***
***ਤੁਲਹਿ ਨਾ ਤਾਹੇ ਸਕਲ ਗੁਨ***
***ਜੋ ਸੁਖ ਲਉ ਸਤਸੰਗ॥***

ਸੰਸਾਰ ਭਰ ਕੇ ਸਾਤੋਂ ਸਵਰਗ ਕੇ ਜਿਤਨੇਂ ਸੁਖ ਹੈਂ, ਏਕ ਤਰਫ ਤੋਲੀਏ, ਔਰ ਏਕ ਤਰਫ ਸਤਿਸੰਗ। ਸਤਿਸੰਗ ਸੇ ਬੜਾ ਨਹੀਂ ਵੋਹ। ਜੋ ਸੁਖ ਸਤਿਸੰਗ ਮੇਂ ਹੈ, ਸੰਤੋਂ ਕੇ ਸੰਗ ਮੇਂ ਹੈ, ਵੋ ਸੁਖ ਕਹੀਂ ਭੀ ਨਹੀਂ ਮਿਲਤਾ। ਤੋ ਹਮੇਸ਼ਾ ਮਨੁਸ਼ਯ ਕੋ ਸਤਿਸੰਗ ਮੇਂ ਰਹਿਨਾ ਚਾਹੀਏ। ਨਹੀਂ ਤੋ ਚੋਰ ਡਾਕੂ, ਕਾਨ ਸੇ, ਨਾਕ ਸੇ, ਮੂੰਹ ਸੇ, ਕਿਤਨੇ ਇੰਦਰੀਓਂ ਸੇ ਐਸੇ-ਐਸੇ ਭਾਉ ਆਤੇ ਹੈਂ, ਵੋ ਮਨੁਸ਼ਯ ਕੋ, ਅੱਛੇ-ਅੱਛੇ ਸਾਧਕ ਕੋ ਇਧਰ ਸੇ ਉਧਰ ਕਰ ਦੇਤੇ ਹੈਂ, ਬੇ-ਰਾਸਤਾ ਕਰ ਦੇਤੇਂ ਹੈਂ। ਇਸ ਲੀਏ ਜੋ ਸਤਿਸੰਗ ਮੇਂ ਰਹਿਨੇ ਵਾਲਾ ਸਾਧਕ ਹੋਗਾ, ਕਭੀ ਭੀ ਖਤਰੇ ਮੇਂ ਨਹੀਂ ਹੋਗਾ।

ਕਈ ਲੋਗ ਆਪ ਕੋ ਸਿਖਸ਼ਾ ਦੇਤੇ ਹੈਂ - ਸਵਾਸ ਜਪ ਕੀ। ਨਹੀਂ, ਉਸ ਸੇ ਪਰ੍ਹੇ 'ਅਜਪਾ ਜਾਪ' ਹੈ। ਲੇਕਿਨ ਉਸ ਸੇ ਭੀ ਪਰ੍ਹੇ ਕੀ ਬਾਤ ਹੈ - ਜਪ ਸੁਨਨਾ, ਸਰਵਣ ਕਰਨਾ। ਜਪ ਸੁਤਹ ਹੋ ਰਹਾ ਹੈ, ਅਭਿਆਸ ਹੋਤੇ-ਹੋਤੇ ਐਸੀ ਸਥਿਤੀ ਆ ਜਾਤੀ ਹੈ। ਸਾਧਨਾ ਔਰ ਸਤਿਸੰਗ ਸਾਥ-ਸਾਥ ਚਲਨਾ ਚਾਹੀਏ, ਯੇ ਮੇਰੇ ਕਹਨੇ ਕਾ ਮਤਲਬ ਹੈ। ਮਨਮੁਖੀ ਸਾਧਨਾ ਸੇ ਲਾਭ ਨਹੀਂ। ਕੋਈ ਬੋਲੇ ਮੁਝੇ ਅਵੱਸ਼ਕਤਾ ਨਹੀਂ ਸਤਿਸੰਗ ਕੀ, ਅਵਸ਼ਕਤਾ ਨਹੀਂ ਗੁਰੂ, ਮਹਾਤਮਾਓਂ ਕੇ ਪਾਸ ਜਾਨੇ ਕੀ; ਗਲਤ ਬਾਤ ਹੈ। ਆਪ ਨੇ ਦੇਖਾ ਹੋਗਾ, ਸਾਧਨ ਤੀਨ ਤਰਹ ਕੇ ਹੋਤੇ ਹੈਂ। ਚੀਂਟੀ ਅਪਨਾ ਭੋਜਨ ਉਠਾ ਕੇ ਜਾਤੀ ਹੈ, ਫਿਰ ਗਿਰ ਜਾਤੀ ਹੈ, ਫਿਰ ਗਿਰ ਜਾਤੀ ਹੈ; ਯੇ ਕਾਮ ਕਰਤੀ ਰਹਿਤੀ ਹੈ, ਵੋ ਅੱਛੀ ਸਾਧਕ ਨਹੀਂ। ਹਾਥੀ ਬੜੇ ਬਰਿਕਸ਼ੋਂ ਕੋ ਤੋੜ ਕਰਕੇ ਅਪਨਾ ਭੋਜਨ ਬਨਾ ਲੇਤੇਂ ਹੈ, ਵੋ ਭੀ ਅੱਛਾ ਸਾਧਕ ਨਹੀਂ ਹੈ। ਅੱਛਾ ਸਾਧਕ ਕੌਨ ਹੈ? ਵੋ ਮੱਖੀ! ਸਭੀ ਪੁਸ਼ਪੋਂ ਸੇ, ਪਰਾਗ ਸਰਨ ਕਰ ਕੇ ਸ਼ਹਿਦ ਬਨਾ ਦੇਤੀ ਹੈ। ਐਸੇ ਹੀ ਸੰਤ ਲੋਗ ਹੋਤੇ ਹੈਂ। ਐਸੇ ਸਾਧਕ ਲੋਗ ਭੀ ਹੋਤੇ ਹੈਂ। ਸਾਧਨਾ ਕੇ ਸਾਥ ਸਾਥ ਸਤਿਸੰਗ ਭੀ ਹੋਨਾ ਚਾਹੀਏ। ਸਭ ਕੋਈ ਦੋ ਮਿੰਟ ਕੇ ਲੀਏ ਕਹਿ ਸਕਤੇ ਹੈਂ ਕਿ ਮੁਝੇ ਤੋ ਪੂਰਨ ਗਿਆਨ ਹੋ ਗਿਆ ਹੈ, ਕੋਈ ਸਤਿਸੰਗ ਕੀ ਜ਼ਰੂਰਤ ਨਹੀਂ ਔਰ ਸਾਧਨਾ ਕੀ ਜ਼ਰੂਰਤ ਨਹੀਂ; ਯੇ ਬਾਤ ਗਲਤ ਹੈ। ਸਾਧਨਾ ਕਿਤਨੇ ਸਾਲ ਕਰਨੀ ਚਾਹੀਏ, ਕਬ ਤਕ ਕਰਨੀ ਚਾਹੀਏ? ਜਬ

ਤਕ ਮਨੁਸ਼ਯ ਕੇ ਅੰਦਰ ਪ੍ਰਾਣ ਹੋਂ, ਤਬ ਤਕ ਸਾਧਨਾ ਕਰਨੀ ਚਾਹੀਏ। ਸਤਿਸੰਗ ਔਰ ਸਾਧਨਾ ਸਾਥ-ਸਾਥ ਚਲਤੇ ਰਹਿਨੀ ਚਾਹੀਏ।

ਯੇ ਮਨੁਸ਼ਯ ਰੂਪੀ ਜੋ ਪਕਸ਼ੀ ਹੈ, ਬ੍ਰਹਮਲੋਕ ਕੇ ਲੀਏ, ਕਲਿਆਣ ਕਰਕੇ ਉਡਾਨ ਕਰਨੇ ਕੇ ਲੀਏ ਜਬ ਤਕ ਉਸ ਕੇ ਪਾਸ ਦੋ ਪੰਖ ਨਾ ਹੋਂ, ਨਹੀਂ ਉਡ ਸਕਤਾ ਔਰ ਵੋ ਪੰਖ ਹੈਂ - ਸਾਧਨਾ ਔਰ ਸਤਿਸੰਗ। ਸਾਧਨ ਮੇਂ ਏਕ ਖਾਸ ਬਾਤ ਹੈ, ਰੋਜ਼ ਠੀਕ ਸਮਯ ਪਰ ਸਾਧਨਾ ਕਰਨੀ ਚਾਹੀਏ।

ਮੈਂ ਆਪ ਕੋ ਜੀਵਨ ਕਾ ਏਕ ਅਪਨਾ ਅਨੁਭਵ ਬਤਾਤਾ ਹੂੰ। ਯੇ ਬ੍ਰਿੰਦਾਬਨ ਕੀ ਬਾਤ ਹੈ। ਮੈਂ ਸਭ ਜਗਹ ਘੂੰਮਤਾ ਥਾ ਸਾਰੇ ਭਾਰਤ ਵਰਸ਼ ਮੇਂ; ਯੇ ਹਿੰਦੂਓਂ ਕਾ ਹੈ ਮੰਦਿਰ, ਯੇਹ ਮੁਸਲਮਾਨੋਂ ਕਾ ਹੈ ਮਸਜਿਦ; ਸਭ ਦੇਖਾ ਹੈ। ਭ੍ਰਮਣ ਕਰਤੇ-ਕਰਤੇ ਮੱਕੇ ਮੇਂ ਮੁਝੇ ਏਕ ਫਕੀਰ ਮਿਲੇ। ਕਹੇ ਬੇਟਾ, ਤੂੰ ਕਿਆ ਤਲਾਸ਼ ਕਰ ਰਹਾ ਹੈ? ਮੈਨੇ ਕਹਾ, ਕੁਛ ਤਲਾਸ਼ ਨਹੀਂ ਕਰ ਰਹਾ ਹੂੰ। ਬੋਲੇ ਹਮ ਸੇ ਤੁਮ ਜ਼ਿਆਦੇ ਜਿਕਰ ਮਤ ਕਰੋ, ਸੀਧੀ ਬਾਤ ਬਤਾਓ। ਮੈਨੇ ਕਹਾ, ਘੂੰਮਤੇ-ਘੂੰਮਤੇ ਆਪ ਜੈਸੇ ਸੰਤੋਂ ਕੇ ਦਰਸ਼ਨ ਹੋ ਗਏ, ਇਸ ਸੇ ਬੜ ਕਰ ਔਰ ਕਿਆ ਹੋ ਸਕਤਾ ਹੈ? ਮੁਝ ਸੇ ਏਕ ਬਾਤ ਬੋਲੇ ਕਿ ਜਿਸ ਦਿਨ ਸੰਤ ਕੋ ਉਸਤਤੀ ਸੇ ਨਿੰਦਾ ਪਿਆਰੀ ਹੋ ਜਾਏਗੀ, ਉਸ ਦਿਨ ਉਹ ਸੰਤ ਬਨੇਗਾ। ਆਪ ਕੋ ਅਗਰ ਮੈਨੇ ਕਹਿ ਦੀਆ, ਆਪ ਬਹੁਤ ਅੱਛੇ ਹੋ ਤੋ ਆਪ ਖੁਸ਼ ਹੋ ਜਾਤੇ ਹੈਂ। ਅਗਰ ਆਪ ਕੋ ਮੈਨੇ ਕਹਿ ਦੀਆ, ਆਪ ਖਰਾਬ ਹੋ; ਆਪ ਦੁਖੀ ਹੋ ਜਾਤੇ ਹੋ। ਇਸ ਕਾ ਮਤਲਬ ਕਿਆ ਹੂਆ? ਦੁਨੀਆਂ ਕੇ ਕਹਿਨੇ ਸੇ ਆਪ ਕਾ ਜੀਵਨ ਚਲਤਾ ਹੈ, ਅਰੇ ਤਬ ਤੋ ਆਪ ਕਾ ਜੀਵਨ ਕੁਛ ਭੀ ਨਹੀਂ ਹੈ। ਅਪਨਾ ਜੀਵਨ ਤੋ ਕੁਛ ਹੈ ਹੀ ਨਹੀਂ ਅਗਰ ਸੁਬਹ ਉਠ ਕੇ ਕਹਿ ਦੀਆ - ਤੁਮ ਠੀਕ ਨਹੀਂ ਹੋ, ਤੋ ਦਿਨ ਭਰ ਤੁਮਾਰਾ ਜੀਵਨ ਠੀਕ ਨਹੀਂ ਰਹਾ। ਅਗਰ ਦੂਸਰੇ ਕੇ ਕਹਿਨੇ ਪਰ ਆਪ ਕੀ ਮੁਸਕਾਨ ਔਰ ਦੁਖ ਪ੍ਰਤੀਤ ਹੋਤਾ ਹੈ, ਯੇ ਚੀਜ਼ ਗਲਤ ਹੈ। ਹਮ ਨੇ ਇਸ ਕੋ ਪ੍ਰੀਖਿਆ ਕੇ ਰੂਪ ਮੇਂ ਦੇਖਾ। ਸ਼ਾਂਤੀ ਨਿਕੇਤਨ ਮੇਂ ਮੈਂ ਜਬ ਪੜ੍ਹਤਾ ਥਾ ਤੋ ਉਨ ਦਿਨੋਂ Psychology ਔਰ Philosophy ਦੋਨੋਂ ਏਕ ਥੀ। ਪ੍ਰੋਫੈਸਰ ਭਾਟੀਆ ਜੀ ਜਬ ਆਏ, ਹਮ ਸਭ ਬੱਚੋਂ ਨੇ ਸੋਚਾ ਕਿ ਜੋ ਯੇ ਪੜ੍ਹਾਇਆ ਕਰਤੇ ਹੈਂ, ਇਨ ਕੋ ਖੁਦ ਇਸ ਕਾ ਗਿਆਨ ਹੈ ਜਾ ਨਹੀਂ; ਆਜ ਯੇ ਪਰੀਕਸ਼ਾ ਕੀ ਜਾਏ। ਜੈਸੇ ਬਦਮਾਸ਼ ਲੜਕੇ ਹੋਤੇ ਹੀ ਹੈਂ, ਸਭ ਨੇ ਖੜ੍ਹੇ ਹੋ ਕਰ ਕਹਾ, Sir, ਆਜ ਆਪ ਕੀ ਤਬੀਅਤ ਠੀਕ ਨਹੀਂ ਹੈ? ਬੋਲੇ ਮੈਂ ਬਿਲਕੁਲ ਠੀਕ ਹੂੰ। ਸਭ ਕੇ ਸਭ ਖੜ੍ਹੇ ਹੋ ਗਏ। ਵੋ ਬਿਲਕੁਲ ਠੀਕ ਆਏ ਥੇ, ਉਨ ਕੋ ਮਹਿਸੂਸ ਹੂਆ ਕਿ ਜ਼ਰੂਰ ਮੇਰੇ ਅੰਦਰ ਕੋਈ ਖਰਾਬੀ ਹੈ। ਪ੍ਰੋਫੈਸਰਜ਼ ਕੇ ਕਮਰੇ ਮੇਂ ਪਹੁੰਚੇ, ਉਨਹੋਂ ਨੇ ਪੂਛਾ, ਕਿਆ ਹੋ ਗਿਆ ਆਪ ਕੋ, ਤਬੀਅਤ ਠੀਕ ਨਹੀਂ ਹੈ? ਔਰ ਪ੍ਰੋਫੈਸਰ ਮਿਲੇ, ਬੋਲੇ ਬਈ ਕਿਆ ਬਾਤ ਹੈ, ਆਜ ਆਪ ਕੀ ਤਬੀਅਤ ਠੀਕ ਨਹੀਂ ਹੈ? ਵੋ ਬੀਮਾਰ ਹੋ ਕਰ ਹਸਪਤਾਲ ਚਲਾ ਗਿਆ। ਦੂਸਰੋਂ ਕੇ ਵਿਚਾਰੋਂ ਕੇ ਕਹਿਨੇ ਪਰ ਕਿਸ ਮਨੁਸ਼ਯ ਕੇ ਜੀਵਨ ਕੇ ਊਪਰ ਕਿਆ ਅਸਰ ਪੜਤਾ ਹੈ। ਸਾਧਨਾ ਕਰਨੇ ਵਾਲੇ ਕੇ ਊਪਰ ਕੁਛ ਅਸਰ ਨਹੀਂ ਪੜਤਾ, ਵੋ ਮ੍ਰਿਤੂ ਕੋ ਕੁਛ ਨਹੀਂ ਸਮਝਤਾ। ਮ੍ਰਿਤੂ ਕਿਆ ਹੈ ਉਸ ਕੇ ਲੀਏ। ਮਰਨੇ ਕੇ ਬਾਦ ਕਈ ਆਦਮੀ ਸੋਚਤੇ ਹੈਂ, ਸੁਖ ਮਿਲੇਗਾ। ਪ੍ਰਾਰਥਨਾ ਕਰਤੇ ਹੈਂ, ਹੇ ਈਸ਼ਵਰ! ਮੈਂ ਮਰ ਜਾਊਂ, ਬ੍ਰਿਧ ਹੋ ਗਿਆ ਹੂੰ। ਤੋ ਏਕ ਦਿਨ ਮੌਤ ਸਾਮਨੇ ਆ ਗਈ, "ਬੋਲ ਤੇਰੀ ਕਿਆ ਇੱਛਾ ਹੈ ਬੇਟੇ? ਤੂੰ ਰੋਜ਼ ਪ੍ਰਾਰਥਨਾ ਕਰਤਾ ਹੈ ਕਿ ਮੈਂ ਮਰ ਜਾਊਂ, ਮਰ ਜਾਊਂ, ਤੋ ਮੈਂ ਆ ਗਈ ਤੁਝੇ ਲੇਨੇ ਕੇ ਲੀਏ। ਤੇਰੀ ਕੋਈ ਇੱਛਾ ਬਾਕੀ ਹੈ?" ਬੋਲੇ, "ਹਾਂ ਮਹਾਰਾਜ! ਅਭੀ ਮੇਰੀ ਇੱਛਾ ਬਾਕੀ ਹੈ।" "ਹਾਂ ਬੋਲ ਤੁਝੇ ਕਿਆ ਇੱਛਾ ਹੈ?" ਬੋਲੇ, "ਮੇਰੇ ਏਕ ਲੜਕਾ ਹੋ ਜਾਏ, ਬਸ ਯਹੀ ਇੱਛਾ ਹੈ।" ਬੋਲੇ, "ਇਤਨੀ ਬਾਤ?" ਲੜਕਾ ਭੀ ਹੋ ਗਿਆ। ਉਸ ਕੇ ਬਾਦ ਫਿਰ ਮੌਤ ਆ ਗਈ ਦੋਬਾਰਾ ਲੇਨੇ। ਬੋਲੇ, "ਮਾਤਾ ਜੀ ਆਪ ਕੀ ਅਸ਼ੀਰਵਾਦ ਸੇ ਲੜਕਾ ਹੋ ਗਿਆ; ਏਕ ਮੇਰਾ ਨਾਤੀ ਭੀ ਹੋ ਜਾਏ, ਫਿਰ ਮੇਰੀ ਇੱਛਾ ਪੂਰੀ ਹੋ ਜਾਏਗੀ।" ਉਨਹੋਂ ਨੇ ਕਹਾ, "ਠੀਕ ਹੈ ਬੇਟਾ, ਤੇਰਾ ਨਾਤੀ ਭੀ ਹੋ ਜਾਏਗਾ।" ਨਾਤੀ ਹੋ ਗਿਆ ਤੋ ਫਿਰ ਆ ਗਈ ਮੌਤ ਕਿ ਤੁਮ ਨੇ ਮੁਝੇ ਕਹਾ ਥਾ ਕਿ ਨਾਤੀ ਹੋ ਜਾਏ; ਤੋ ਨਾਤੀ ਹੋ ਗਿਆ, ਅਬ ਚਲੋ ਤੁਮਾਰਾ ਟਾਈਮ ਹੋ ਗਿਆ। ਵੋ ਕਹਿਨੇ ਲਗਾ ਕਿ ਦੇਖੀਏ ਮਾਤਾ ਜੀ, ਅਬ ਆਪ ਮੇਰਾ ਸੂਟਕੇਸ ਲੇ ਜਾਈਏ, ਮੈਂ ਬਾਦ ਮੇਂ ਆਊਂਗਾ।

ਮੋਹ, ਲੋਭ ਯੇ ਜੋ ਤ੍ਰਿਸ਼ਨਾਏਂ ਹੈਂ, ਬੜੇ-ਬੜੇ ਮਰ ਗਏ ਪ੍ਰੰਤੂ ਯੇ ਤ੍ਰਿਸ਼ਨਾ ਨਹੀਂ ਮਰ ਪਾਈ। ਤ੍ਰਿਸ਼ਨਾਏਂ ਤੀਨ ਪ੍ਰਕਾਰ ਕੀ ਹੋਤੀ ਹੈਂ - ਪੁੱਤਰ ਤ੍ਰਿਸ਼ਨਾ, ਮੇਰਾ ਪੁਤਰ ਹੋ; ਵਿਤ ਤ੍ਰਿਸ਼ਨਾ - ਮੇਰੇ ਪਾਸ ਧਨ ਹੋ; ਲੋਕ ਤ੍ਰਿਸ਼ਨਾ - ਮੇਰਾ ਯਸ਼ ਹੋ। ਇਨ ਤੀਨੋਂ ਤ੍ਰਿਸ਼ਨਾਓਂ ਸੇ ਜਬ ਸਾਧਕ ਪਰ੍ਹੇ ਹੋ ਜਾਤਾ ਹੈ, ਤਬ ਤ੍ਰਿਸ਼ਨਾਏਂ ਮਰਤੀ ਹੈਂ, ਤਬ ਕਹੀਂ ਉਸ ਕੋ ਕੁਛ ਮਿਲਤਾ ਹੈ। ਇਸ ਲੀਏ ਸਾਧਨਾ ਮੇਂ ਜੁਟੇ ਰਹਿਨਾ ਚਾਹੀਏ। ਪਹਿਲੇ ਮਨ ਲਗੇ, ਨਾ ਲਗੇ, ਕੁਝ ਦੇਰ ਰੋਜ਼ ਸਾਧਨਾ ਕਰਨੀ ਚਾਹੀਏ ਔਰ ਸਾਧਨਾ ਮੇਂ ਸਨ੍ਹੇ-ਸਨ੍ਹੇ ਮਨ ਲਗਤਾ ਹੈ। ਜੋ ਸਾਧਕ ਹੋਤੇ ਹੈਂ, ਉਨ ਕੋ ਸਾਧਨਾ ਕੇ ਸਿਵਾਏ ਦੂਸਰਾ ਕੋਈ ਭੀ ਅਨੰਦ ਨਹੀਂ ਆਤਾ। ਸਭ ਸੇ ਜ਼ਿਆਦੇ ਆਪ ਸੁਰਖਸ਼ਿਤ ਹੈਂ, protected ਹੈਂ ਜਿਸ ਵਕਤ ਆਪ ਸਾਧਨਾ ਕਰ ਰਹੇਂ ਹੈਂ। ਅਗਰ ਬਿਜਲੀ ਗਿਰ ਗਈ, ਆਗ ਲਗ ਗਈ, ਯੇ ਹੋ ਗਿਆ, ਵੋ ਹੋ ਗਿਆ; ਅਗਰ ਆਪ ਸਾਧਨਾ ਮੇਂ ਹੈ, ਕੁਛ ਨਹੀਂ ਹੋਤਾ, fully protected ਹੈਂ। ਜਿਸ ਵਕਤ ਅਪਨੇ ਸਰੀਰਕ ਬਲ ਪਰ, ਹਥਿਆਰੋਂ ਕੇ ਬਲ ਪਰ, ਸਮਾਜ ਕੇ ਬਲ ਪਰ ਰਹਿਤੇ ਹੈਂ ਤੋ ਆਪ ਸੁਰਖਸ਼ਿਤ ਨਹੀਂ ਹੈਂ। ਸਾਧਨਾ ਮੇਂ ਆਪ ਸੁਰਖਸ਼ਿਤ ਹੈਂ।

ਹਮਨੇ ਕਈ ਕਿਤਾਬੋਂ ਮੇਂ ਪੜ੍ਹਾ ਥਾ ਕਿ ਬਨ ਮੇਂ ਵਹਾਂ ਕਭੀ ਰਹੋ, ਜਹਾਂ ਭਾਲੂ ਵਗੈਰਾ ਰਹਿਤੇ ਹੈਂ, ਚੁਪ ਚਾਪ ਰਹਿ ਜਾਓ, ਵੋਹ ਸੂੰਘ ਕੇ ਚਲ ਦੇਤਾ ਹੈ, ਸੋਚਤਾ ਹੈ ਕਿ ਯੇ ਤੋ ਜਿੰਦਾ ਨਹੀਂ ਹੈ। ਏਕ ਬਾਰ ਹਮ ਬੈਠੇ ਹੁਏ ਸਾਧਨਾ ਕਰ ਰਹੇ ਥੇ ਤੋ ਏਕ ਦੂਸਰੇ ਮਹਾਤਮਾ ਭੀ ਥੇ। ਉਨ ਕੋ ਨਾਨਤਿਨ ਬਾਬਾ ਕਹਾ ਕਰਤੇ ਥੇ, ਹਮ ਲੋਗ ਸਾਥ ਹੀ ਸਾਥ ਰਹਿਤੇ ਥੇ। ਉਸ ਵਕਤ ਮੇਰੀ ਸਤਰਾਂ-ਅਠਾਰਾਂ ਬਰਸ ਕੀ ਉਮਰ ਰਹੀ ਹੋਗੀ। ਉਸ ਜੰਗਲ ਮੇਂ ਬਹੁਤ ਹੀ ਭਾਲੂ ਥੇ। ਜਾਨ ਬੂਝ ਕੇ ਹਮਾਰੇ ਗੁਰੂ ਜੀ ਵਹਾਂ ਭੇਜਾ ਕਰਤੇ ਥੇ ਯਹਾਂ ਯੇ ਮੁਸੀਬਤ ਖੜ੍ਹੀ ਹੋਤੀ ਥੀ। ਏਕ ਦਿਨ ਹਮ ਨੇ ਕਹਾ ਕਿ ਗੁਰਦੇਵ! ਕਿਉਂ ਪ੍ਰੇਸ਼ਾਨ ਕਰਤੇ ਹੋ ਹਮ ਕੋ, ਚੁਪ ਚਾਪ ਬੈਠ ਕੇ ਸਾਧਨਾ ਕਿਉਂ ਨਹੀਂ ਕਰਨੇ ਦੇਤੇ? ਆਜ ਇਸ ਬਨ ਮੇਂ ਜਾਉ, ਕਲ ਉਸ ਬਨ ਮੇਂ ਜਾਉ; ਕਿਆ ਫਾਇਦਾ ਹੈ ਇਧਰ ਉਧਰ ਜਾ ਕਰ? ਬੈਠੇ ਹੁਏ ਥੇ ਧਿਆਨ ਮੇਂ ਤੋ ਮਨ ਮੇਂ ਏਕ ਸੰਕਲਪ ਥਾ ਕਿ ਜਬ ਤਕ ਇਤਨੀ ਦੇਰ ਧਿਆਨ ਨਹੀਂ ਕਰੇਂਗੇ, ਉਠੇਂਗੇ ਨਹੀਂ। ਹਮ ਦੇਖ ਰਹੇ ਹੈਂ ਸਾਮਨੇ ਸੇ ਭਾਲੂ ਆਤੇ ਹੁਏ। ਹਮਨੇ ਕਹਾ ਆਜ ਤੋ ਗਏ ਕਾਮ ਸੇ। ਆਂਖ ਹਮਨੇ ਬੰਦ ਕਰ ਦੀ, ਔਰ ਸਵਾਸ ਧੀਰੇ ਧੀਰੇ ਚਲਾਤੇ ਰਹੇ। ਵੋ ਹਮ ਕੋ ਸੂੰਘ (sniff) ਕਰ ਕੇ ਚਲ ਦੀਆ। ਹਮ ਨੇ ਕਹਾ, ਮਹਾਤਮਾ ਲੋਗ ਜੋ ਹੈਂ, ਅਪਨੇ ਅਨੁਭਵ ਕੀ ਬਾਤ ਜੋ ਕਹਿਤੇ ਹੈਂ, ਵੋ ਸਹੀ ਬਾਤ ਹੈ। ਸੱਚਾ ਵਿਸ਼ਵਾਸ਼ ਕਬ ਆਤਾ ਹੈ, ਸੱਚਾ ਵਿਸ਼ਵਾਸ਼ ਕਿਸੇ ਕਹਿਤੇ ਹੈਂ, ਜਬ ਆਦਮੀ ਅਡੋਲ ਹੋ ਜਾਤਾ ਹੈ ਔਰ ਕਿਸੀ ਕਿਸਮ ਕਾ ਭੈਅ ਨਹੀਂ ਰਹਿਤਾ। ਕੌਨ ਉਸੇ ਘ੍ਰਿਣਾ ਕਰਤਾ ਹੈ, ਕੌਨ ਪਿਆਰ ਕਰਤਾ ਹੈ, ਉਸ ਕਾ ਭੈਅ ਨਹੀਂ ਰਹਿਤਾ। ਭਾਈ ਯੇ ਮਨੁਸ਼ਯ ਚੋਲਾ, ਮਨੁਸ਼ਯ ਜੀਵਨ ਪਾ ਕਰ, ਕਰ ਸਕਤੇ ਹੈਂ ਹਮ ਸਭ ਲੋਗ, ਸਭ ਲੋਗ ਯਹਾਂ ਤਕ ਕਰ ਸਕਤੇ ਹੈਂ।

ਏਕ ਪੰਡਿਤ ਜੀ ਕਥਾ ਕੀਆ ਕਰਤੇ ਥੇ ਔਰ ਵੋ ਵੈਰਾਗ ਕੀ ਬਾਤ ਬਹੁਤ ਕਰਤੇ ਥੇ। ਬਿਨਾਂ ਵੈਰਾਗ ਕੇ ਕੁਛ ਨਹੀਂ ਹੋਤਾ। ਧਿਆਨ, ਸਾਧਨ, ਭਜਨ ਕੁਛ ਨਹੀਂ ਹੋਤਾ। ਉਸ ਮੇਂ ਸੇ ਪੰਡਿਤ ਜੀ ਕੀ ਕਥਾ ਸੁਨ ਕਰ ਏਕ ਆਦਮੀ ਕੋ ਵੈਰਾਗ ਆ ਗਿਆ, ਵੋ ਤੋ ਬਨ ਕੋ ਚਲਾ ਗਿਆ। ਤਪ ਕਰਕੇ ਜਬ ਆਇਆ ਤੋ ਏਕ ਦਿਨ ਖਿਆਲ ਆਇਆ ਕਿ 12-14 ਸਾਲ ਹੋ ਗਏ, ਚਲੋ ਦੇਖੇਂ ਪੰਡਿਤ ਜੀ ਕਾ ਕਿਆ ਹਾਲ ਹੈ। ਪੰਡਿਤ ਜੀ ਕਥਾ ਕਰਤੇ ਰਹਿ ਗਏ; ਲੋਗ ਗਰਦਨ ਵੀ ਹਿਲਾ ਰਹੇ ਥੇ ਔਰ ਕੁਛ ਸੋ ਭੀ ਰਹੇ ਥੇ ਉਸ ਮੇਂ। ਪ੍ਰਭੂ ਕ੍ਰਿਪਾ ਜਿਸ ਵਕਤ ਹੋ ਜਾਏ, ਉਸੀ ਵਕਤ ਸਾਧਨਾ ਮੇਂ ਜੁਟ ਜਾਨਾ ਚਾਹੀਏ। ਆਪ ਨੇ ਦੇਖਾ ਹੋਗਾ, ਸਰੀਰ ਤੋ ਜਾਤਾ ਹੀ ਹੈ; ਮਰ ਜਾਤਾ ਹੈ ਜਿਸ ਕੋ ਕਹਿਤੇ ਹੈਂ। ਹਮ ਜਬ ਸ਼ਮਸ਼ਾਨ ਮੇਂ ਲੇ ਜਾਤੇ ਹੈਂ ਉਸ ਕੋ, ਸਭ ਕੇ ਸਭ ਮਹਾਨ ਗਿਆਨੀ ਹੋ ਜਾਤੇ ਹੈਂ। ਔਰ ਜਬ ਉਸ ਕੋ ਜਲਾ ਦੀਆ ਜਾਤਾ ਹੈ, ਵਾਪਸ ਘਰ ਆਤੇ ਹੈਂ ਤੋ ਸਭ ਕਾ ਗਿਆਨ ਸਮਾਪਤ ਹੋ ਜਾਤਾ ਹੈ, ਸ਼ਮਸ਼ਾਨ - ਵੈਰਾਗ ਨਹੀਂ ਰਹਿਤਾ। ਯੇ ਬ੍ਰਿਤੀ ਬਨੀ ਰਹਿਨੀ ਚਾਹੀਏ। ਸੰਸਾਰ-ਸੰਸਾਰ ਕੀ ਜਗਹ ਹੈ, ਯੇ ਤੋ ਚਲਤਾ ਰਹਿਤਾ ਹੈ, ਯੇ ਤੋ ਪ੍ਰਭੂ ਕਾ ਵਿਸਥਾਰ ਹੈ। ਮੈਨੇ ਕਿਆ ਜੀਵਨ ਮੇਂ ਕੀਆ? ਇਸ ਲੀਏ ਅਪਨੀ ਸਾਧਨਾ ਮੇਂ ਦ੍ਰਿੜ੍ਹ ਬਨੇ ਰਹਿਨਾ ਚਾਹੀਏ।

ਜਿਸ ਵਕਤ ਹੇਮਕੁੰਟ ਸਾਹਿਬ ਕਾ ਗੁਰਦੁਆਰਾ ਨਹੀਂ ਬਨਾ ਥਾ, ਹਮ ਲੋਗ ਉਧਰ

ਭ੍ਰਮਣ ਕੀਆ ਕਰਤੇ ਥੇ। ਮੈਨੇ ਅਪਨੇ ਜੀਵਨ ਮੇਂ ਏਕ ਮਹਾਂਪੁਰਸ਼ ਕੋ ਦੇਖਾ, ਆਜ ਭੀ ਮੈਂ ਉਸ ਕੋ ਅਪਨਾ ਮਸਤਕ ਝੁਕਾਤਾ ਹੂੰ। ਉਨ ਕੋ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ (by heart) ਯਾਦ ਥਾ। ਉਨ ਕੋ ਪੂਰਾ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨੇ ਮੇਂ ਆਠ ਘੰਟੇ ਲਗਤੇ ਥੇ, ਇਤਨੀ ਤੇਜ਼ੀ ਸੇ ਬੋਲਤੇ ਥੇ। ਏਕ ਦਿਨ ਮੈਨੇ ਸੋਚਾ, ਹੋ ਸਕਤਾ ਹੈ ਕਿ ਯੇ ਹਮ ਕੋ ਬੇਵਕੂਫ ਬਨਾ ਰਹੇ ਹੋਂ। ਅੰਗਰੇਜ਼ੀ ਪੜ੍ਹੇ ਲਿਖੇ ਆਦਮੀ ਕੀ ਬੁਧੀ ਭ੍ਰਿਸ਼ਟ ਹੋ ਜਾਤੀ ਹੈ। ਵੋ ਕਿਸੀ ਪਰ ਜਲਦੀ ਵਿਸ਼ਵਾਸ਼ ਨਹੀਂ ਕਰਤਾ। ਮੇਰੀ ਬੁਧੀ ਜੋ ਹੈ, ਅੰਗਰੇਜ਼ੀ ਪੜ੍ਹੇ ਲਿਖੇ ਹੋਨੇ ਕੀ ਵਜਹ ਸੇ, ਮੈਨੇ ਕਹਾ, ਟੇਪ ਰਿਕਾਰਡ ਲਾਨਾ ਚਾਹੀਏ। ਮੈਨੇ ਕਹਾ, ਮਹਾਰਾਜ! ਕੁਛ ਦਿਨੋਂ ਕੇ ਲੀਏ ਦੇਹਰਾਦੂਨ ਜਾਨਾ ਚਾਹਤਾ ਹੂੰ, ਫਿਰ ਆ ਜਾਊਂਗਾ। ਬੋਲੇ, ਜਾਉ। ਮੈਂ ਟੇਪ ਰਿਕਾਰਡਰ ਲੇ ਆਇਆ। ਮੈਨੇ ਟੇਪ  ਰਿਕਾਰਡਰ ਲਗਾ ਦੀਆ। ਸੰਪੂਰਨ ਗ੍ਰੰਥ ਸਾਹਿਬ ਕਾ ਤੋ ਉਨ ਕਾ ਰੋਜ਼ ਕਾ ਨਿਯਮ ਥਾ। ਜੋ ਪਹਾੜ ਕੀ ਤਰਫ ਜਾਤੇ ਹੈਂ, ਉਨਹੋਂ ਨੇ ਭੀ ਉਨ ਕਾ ਨਾਮ ਸੁਨਾ ਹੋਗਾ; ਉਨ ਕਾ ਨਾਮ ਥਾ 'ਗੁਦੜੀ ਬਾਬਾ'। ਵੋ ਗੁਦੜੀ ਰੱਖਾ ਕਰਤੇ ਥੇ। ਮੈਂ ਪਹਿਲੇ ਜਬ ਜਵਾਨ ਥਾ, ਤੋ ਮੈਂ ਸਮਝਤਾ ਥਾ ਕਿ ਮੇਰੇ ਅੰਦਰ ਬਹੁਤ ਸ਼ਕਤੀ ਹੈ। ਹਰ ਏਕ ਆਦਮੀ ਸਮਝਤਾ ਹੈ। ਏਕ ਦਿਨ ਬਾਰਸ਼ ਹੋ ਰਹੀ ਥੀ ਔਰ ਉਨ ਕੀ ਗੁਦੜੀ ਭੀਗ ਗਈ ਤੋ ਮੁਝੇ ਕਹਾ ਬੇਟਾ! ਜ਼ਰਾ ਇਸ ਗੁਦੜੀ ਕੋ ਸੰਭਾਲੋ। ਜਬ ਉਨਹੋਂ ਨੇ ਮੇਰੇ ਊਪਰ ਗੁਦੜੀ ਡਾਲੀ ਤੋ ਮੈਂ ਤੋ ਜ਼ਮੀਨ ਊਪਰ ਪਟਕ ਗਿਆ, ਇਤਨੀ heavy (ਭਾਰੀ) ਹੋ ਗਈ। ਉਹ ਗੁਦੜੀ ਕੈਸੇ ਬਨਾਈ; ਰਾਸਤੇ ਮੇਂ ਕੋਈ ਭੀ ਕਪੜਾ ਮਿਲਤਾ ਥਾ, ਉਸੀ ਮੇਂ ਸਿਲ ਦੇਤੇ ਥੇ। ਸੀਤੇ-ਸੀਤੇ-ਸੀਤੇ ਇਤਨੀ ਮੋਟੀ ਗੁਦੜੀ ਹੋ ਗਈ। ਮੈਨੇ ਦੇਖਾ ਕਿ ਇਸ ਆਦਮੀ ਕਾ ਸਰੀਰ ਕਿਤਨਾ ਲੋਹੇ ਕਾ ਥਾ। ਬੋਲੇ ਬਈ ਅਬ ਤੋ ਹਮ ਸਰੀਰ ਛੋੜੇਂਗੇ, ਚੋਲਾ ਤਿਆਗੇਂਗੇ। ਹਮ ਕੋ ਬੋਲਾ, ਬਈ ਦੇਖੋ ਜਬ ਹਮ ਸਰੀਰ ਛੋੜੇਂਗੇ, ਤੋ ਮੇਰੇ ਸਰੀਰ ਕੋ ਗੰਗਾ ਜੀ ਮੇਂ ਡਾਲ ਦੇਨਾ। ਉਨਹੋਂ ਨੇ ਸਰੀਰ ਛੋੜ ਦੀਆ। ਹਮ ਨੇ ਨਬਜ਼ ਦੇਖੀ, ਆਂਖ ਦੇਖੀ; ਨਬਜ਼ ਬੰਦ, ਹਿਰਦੇ ਕੀ ਧੜਕਣ ਬੰਦ। ਕਈ ਲੋਗ ਥੇ, ਹਮ ਉਠਾ ਹੀ ਨਹੀਂ ਪਾਏ। ਚਾਰ ਪਾਂਚ ਜਿਤਨੇ ਭੀ ਬ੍ਰਹਮਚਾਰੀ ਥੇ, ਖੜ੍ਹੇ ਹੋ ਗਏ। ਕਹਿਨੇ ਲਗੇ, ਬਈ ਉਠਾਓ ਇਨ ਕੋ। ਨਹੀਂ ਉਠਾ ਹਮਾਰੇ ਸੇ। ਅਖੀਰ ਲੱਕੜੀ ਕਾਟ ਕੇ ਲਾਏ – ਬੜੇ ਬੜੇ ਡੰਡੇ। ਜਹਾਂ ਸੇ ਵਹਾਂ ਸੇ ਸਭ ਜਗਹ ਸੇ ਕੋਸ਼ਿਸ਼ ਕੀ, ਲੇਕਿਨ ਨਹੀਂ ਕੁਛ ਕਰ ਪਾਏ। ਅਬ ਵੋ ਤੋ ਹੰਸੇ ਨਹੀਂ; ਕਹੀਂ ਸੇ ਏਕ ਹੰਸੀਂ ਸੀ ਆਈ, ਉਨ ਕਾ ਸਰੀਰ ਉਠਾ ਔਰ ਅਪਨੇ ਆਪ ਗੰਗਾ ਜੀ ਮੇਂ ਚਲਾ ਗਿਆ। ਯੇ ਬਾਤੇਂ ਆਪ ਲੋਗ ਕਹੋਗੇ ਕਿ ਮੈਂ ਬੜ੍ਹਾਅ-ਚੜ੍ਹਾਅ ਕਰ ਕਹਿ ਰਹਾਂ ਹੂੰ। ਲੇਕਿਨ ਐਸੀ ਬਾਤ ਨਹੀਂ, ਬਿਲਕੁਲ ਭੀ ਨਹੀਂ। ਸਾਧਨਾ ਮੇਂ ਜੋ ਅਨੁਭਵ ਹੋਤੇ ਹੈਂ, ਵੋ ਕਹੀਂ ਨਹੀਂ ਹੋ ਸਕਤਾ, ਕਭੀ ਨਹੀਂ ਹੋ ਸਕਤਾ ਔਰ ਸਾਧਨਾ ਮਨੁਸ਼ਯ ਜੀਵਨ ਮੇਂ ਪ੍ਰੀਵਰਤਨ ਕਰ ਦੇਤੀ ਹੈ, ਬਦਲ ਦੇਤੀ ਹੈ। ਨਹੀਂ ਤੋ ਜਨਮ-ਜਨਮਾਂਤਰ ਕੇ ਜੋ ਬੁਰੇ ਸੰਸਕਾਰ ਹੋਤੇ ਹੈਂ, ਤਬ ਤਕ ਉਸ ਕੋ ਮੁਕਤੀ ਨਹੀਂ ਮਿਲਤੀ ਜਬ ਤਕ ਕਿ ਸਾਧਕ ਮਨੁਸ਼ਯ ਨਹੀਂ ਕਰ ਲੇਤਾ। ਸਾਧਨਾ ਮੇਂ ਦੋ ਚੀਜ਼ੋਂ ਕੀ ਅਵਸ਼ਕਤਾ ਮੈਨੇ ਆਪ ਕੋ ਬਤਾਈ – ਅਭਿਆਸ ਔਰ ਸਤਿਸੰਗ। ਸਤਿਸੰਗ ਕਰਤੇ ਹੀ ਰਹਨਾ ਚਾਹੀਏ, ਔਰ ਅਭਿਆਸ ਕਰਤੇ ਹੀ ਰਹਿਨਾ ਚਾਹੀਏ।

ਮੁਝੇ ਬੜੀ ਪ੍ਰਸੰਨਤਾ ਹੁਈ ਕਿ ਸੰਤ ਜੀ ਮਹਾਰਾਜ (ਸੰਤ ਵਰਿਆਮ ਸਿੰਘ ਜੀ) ਨੇ ਇਤਨਾ ਬੜਾ ਭਾਰੀ, ਏਕ ਕੁੰਭ ਖੜ੍ਹਾ ਕਰ ਦੀਆ ਹੈ ਜਹਾਂ ਕਿ ਹਰ ਸਾਲ ਲੋਗ ਸਤਿਸੰਗ ਕਰਨੇ ਆਤੇ ਹੈਂ ਔਰ ਹਮ ਜੈਸੇ ਛੋਟੇ-ਮੋਟੇ ਸਵਾਮੀ ਕਹਿਲਾਨੇ ਵਾਲੇ ਲੋਗ ਭੀ ਯਹਾਂ ਆ ਜਾਤੇ ਹੈਂ। ਮੁਝੇ ਬੜੀ ਖੁਸ਼ੀ ਹੁਈ – ਆਪ ਸਭ ਲੋਗੋਂ ਕੇ ਦਰਸ਼ਨ ਕਰਕੇ, ਸੰਤ ਜੀ ਕੇ ਦਰਸ਼ਨ ਕਰਕੇ ਤਥਾ ਜਿਤਨੇ ਸਤਸੰਗੀ ਲੋਗ ਹੈਂ, ਉਨ ਕੇ ਦਰਸ਼ਨ ਕਰਕੇ। ਅਬ ਅਗਲੇ ਸਾਲ ਕੀ ਬਾਤ ਸੋਚੇਂ। ਅਗਲੇ ਸਾਲ ਆਪ ਕੇ ਸਮਕਸ਼ ਗੁਰੂ ਗ੍ਰੰਥ ਸਾਹਿਬ ਕੇ Volume ਲਾ ਕਰਕੇ ਰਖੂੰਗਾ। ਅਬ ਆਪ ਕੇ ਅੰਦਰ ਨਹਿਤ ਪ੍ਰਮਾਤਮਾ ਕੋ ਪ੍ਰਨਾਮ ਕਰਤਾ ਹੂੰ। ਮੈਂ ਈਸ਼ਵਰ ਸੇ ਯਹੀ ਪ੍ਰਾਰਥਨਾ ਕਰਤਾ ਹੂੰ ਕਿ ਮੇਰੀ ਬੀਜੀ ਔਰ ਸੰਤ ਜੀ ਕਮ-ਸੇ-ਕਮ ਸੌ ਬਰਸ ਤਕ ਜੀਏਂ ਔਰ ਸਤਿਸੰਗ ਕਰਤੇ ਕਰਵਾਤੇ ਰਹੇਂ ਕਿਉਂਕਿ ਇਸ ਚੀਜ਼ ਸੇ ਜੋ ਲਾਭ ਹੋਤਾ ਹੈ, ਔਰ ਕਿਸੀ ਚੀਜ਼ ਸੇ ਨਹੀਂ।

# ਬਾਤ ਅਗੰਮ ਕੀ
# ਭਾਗ (4)

# ਦੋ ਸ਼ਬਦ

ਤਿੰਨ ਪੁਸਤਕਾਂ 'ਬਾਤ ਅਗੰਮ ਕੀ' ਦੇ ਨਾਮ ਹੇਠ ਪਹਿਲਾਂ ਛਪ ਚੁੱਕੀਆਂ ਹਨ ਜਿਸ ਵਿਚ ਮਹਾਂਪੁਰਸ਼ਾਂ ਦੇ ਬਚਨ ਜਿਹੜੇ ਜਗਿਆਸੂਆਂ ਨਾਲ ਹਰ ਵਕਤ ਸਬੰਧ ਰਖਦੇ ਹਨ, ਛਪ ਚੁੱਕੇ ਹਨ। ਮਹਾਂਪੁਰਸ਼ ਐਸੇ ਬਚਨ ਘਾਲ ਕਮਾਈਆਂ ਕਰਕੇ ਜਗਿਆਸੂਆਂ ਦੇ ਭਲੇ ਨੂੰ ਵੇਖਦਿਆਂ ਹੋਇਆਂ ਪ੍ਰਗਟ ਕਰਦੇ ਹਨ, ਗੁਰਮਤਿ ਅਨੁਸਾਰ ਉਨ੍ਹਾਂ ਦੇ ਬਚਨ ਹੋਇਆ ਕਰਦੇ ਹਨ। ਜਗਿਆਸੂ ਨੂੰ ਇਕ ਤਰ੍ਹਾਂ ਨਾਲ ਗਾਡੀ ਰਾਹ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਭਜਨ ਬੰਦਗੀ ਦਾ ਰਸਤਾ, ਗੁਪਤ ਰਸਤਾ ਕਹਾਉਂਦਾ ਹੈ ਜੋ ਕਿ ਮਹਾਂਪੁਰਸ਼ ਬਹੁਤ ਹੀ ਛੁਪਾ ਕੇ ਰੱਖਦੇ ਹਨ ਅਤੇ ਅਨ-ਅਧਿਕਾਰੀ ਦੇ ਸਾਮ੍ਹਣੇ ਪ੍ਰਗਟ ਨਹੀਂ ਕਰਦੇ।

ਅੱਜ ਦੀ ਦੁਨੀਆਂ ਦੇ ਅੰਦਰ ਬੇਅੰਤ ਕਿਸਮ ਦੀਆਂ ਪੁਸਤਕਾਂ ਅਧਿਆਤਮਵਾਦ ਤੇ ਛਪਦੀਆਂ ਹਨ ਜਿਨ੍ਹਾਂ ਵਿਚ ਤਿ'ਬਤ ਦੇ ਮਹਾਂਪੁਰਸ਼ਾਂ ਦੇ ਅਨੁਭਵ ਭੀ, ਸੂਫੀ ਪੀਰਾਂ ਦੇ ਅਨੁਭਵ, ਯੋਗੀਆਂ ਦੇ ਅਨੁਭਵ ਅਤੇ ਹੋਰ ਅਨੇਕਾਂ ਮਤ ਮਤਾਂਤਰਾਂ ਦੇ, ਮਹਾਂਪੁਰਸ਼ਾਂ ਦੇ ਬਚਨ ਆਪਣੇ ਆਪਣੇ ਨਿਜ ਦੇ ਤਜਰਬੇ ਨੂੰ ਵੇਖ ਕੇ ਪ੍ਰਗਟ ਕੀਤੇ ਜਾਂਦੇ ਹਨ। ਗੁਰਮਤਿ ਦੇ ਧਾਰਨੀ ਜਗਿਆਸੂ ਲਈ ਬਹੁਤ ਹੀ ਮੁਸ਼ਕਲ ਹੋ ਜਾਂਦਾ ਹੈ ਕਿ ਮੈਂ ਸੁਰਤਿ ਸਬਦਿ ਮਾਰਗਿ ਹਠ ਯੋਗ, ਰਾਜ ਯੋਗ, ਸਮ ਯੋਗ, ਬੁੱਧ ਯੋਗ, ਭਗਤ ਯੋਗ ਅਤੇ ਗਿਆਨ ਯੋਗ ਆਦਿਕ ਅਨੇਕਾਂ ਪ੍ਰਚਲਤ ਰਸਤਿਆਂ ਵਿਚੋਂ ਕਿਹੜੇ ਨੂੰ ਅਪਣਾਵਾਂ?

ਅੱਜਕਲ੍ਹ ਦੀ ਪ੍ਰਸਥਿਤੀ ਦੇ ਮੁਤਾਬਿਕ ਮਹਾਂਪੁਰਸ਼ਾਂ ਨਾਲ ਕੁਝ ਦ੍ਵੈਸ਼ ਚਲ ਰਹੀ ਹੈ। ਜਿਥੇ ਤ'ਕ ਅਸਾਡਾ ਸਬੰਧ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਅਤੇ ਗੁਰਦੇਵ ਮੰਨਦੇ ਹਾਂ। ਗੁਰੂ ਮਹਾਰਾਜ ਦਾ, ਸ਼ਬਦ ਸਰੂਪ ਹੋਣ ਕਰਕੇ ਅਧਿਆਤਮਵਾਦ ਦੇ ਅਤਿ ਗਹਿਰੇ ਸਿਧਾਂਤ ਅਸਾਡੀ ਸਮਝ ਤੋਂ ਪਰ੍ਹੇ ਹਨ। ਗੁਰੂ ਮਹਾਰਾਜ ਜੀ ਉਨ੍ਹਾਂ ਨੂੰ ਸੁਖੈਨ ਬਣਾਉਣ ਵਾਸਤੇ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਤੁਸੀਂ ਕਿਸੇ ਤੱਤ ਬੇਤੇ ਮਹਾਂਪੁਰਸ਼, ਗੁਰਮੁਖ, ਸੰਤ ਸਾਧੂ ਦੀ ਸੰਗਤ ਵਿਚ ਜਾਵੋ ਅਤੇ ਉਨ੍ਹਾਂ ਦੇ ਤਜਰਬੇ ਤੋਂ ਲਾਭ ਉਠਾਵੋ। ਗੁਰੂ ਘਰ ਦੇ ਮਹਾਤਮਾ ਕਦੇ ਭੁ'ਲ ਕੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਕਹਾਉਂਦੇ ਅਤੇ ਨਾ ਹੀ ਕਿਸੇ ਨੂੰ ਉਨ੍ਹਾਂ ਦੇ ਜੀਵਨ ਤੋਂ ਲਾਭ ਉਠਾਉਣ ਲਈ ਅਸਾਨੂੰ ਉਹ ਕੀਮਤ ਦੇਣੀ ਪੈਂਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਵਿਚ ਗੁਰੂ ਮਹਾਰਾਜ ਜੀ ਨੇ ਅੰਕਿਤ ਕੀਤੀ ਹੈ ਜਿਵੇਂ ਕਿ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੈ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*** ***ਅੰਗ - ੫੫੮***

ਸ਼ਰਧਾ ਜਦੋਂ ਤੱਕ ਮਹਾਂਪੁਰਸ਼ਾਂ ਤੇ ਨਹੀਂ ਬਣਦੀ, ਓਨਾਂ ਚਿਰ ਜਗਿਆਸੂ ਦੀ ਸੁਰਤਿ wave length ਮਹਾਂਪੁਰਸ਼ਾਂ ਨਾਲ ਨਾ ਰਲਣ ਕਰਕੇ ਉਨ੍ਹਾਂ ਦੇ ਬਚਨ ਦੀ ਕਮਾਈ ਨਹੀਂ ਹੋ ਸਕਿਆ ਕਰਦੀ। ਗੁਰਮਤਿ ਦਾ ਗਾਡੀ ਰਾਹ ਗੁਰੂ ਮਹਾਰਾਜ ਜੀ ਨੇ ਗੁਰਮਤਿ ਯੋਗ ਰਾਹੀਂ ਪ੍ਰਗਟ ਕੀਤਾ ਹੈ। ਇਸ ਵਿਚ ਕੋਈ ਵੀ ਹਠ ਯੋਗ ਦੀਆਂ ਸਾਧਨਾਵਾਂ ਨਹੀਂ ਹੁੰਦੀਆਂ, ਭੁੱਖੇ ਨਹੀਂ ਰਹਿਣਾ ਪੈਂਦਾ, ਧੂਣੀਆਂ ਨਹੀਂ ਤਾਪਣੀਆਂ ਪੈਂਦੀਆਂ, ਜਲ ਧਾਰੇ ਨਹੀਂ ਕਰਨੇ ਪੈਂਦੇ; ਕੇਵਲ ਗੁਰਬਾਣੀ ਦੇ ਹੁਕਮ ਅਨੁਸਾਰ ਸਿਮਰਨ ਭਗਤੀ, ਕੀਰਤਨ ਭਗਤੀ ਦਾ ਸਹਾਰਾ ਲੈਣਾ ਪੈਂਦਾ ਹੈ ਕਿਉਂਕਿ ਚਿ'ਤ ਦੀ ਇਕਾਗਰਤਾ ਵਾਸਤੇ ਅੱਜ ਦੇ ਬਿਖੜੇ ਸਮੇਂ ਵਿਚ ਜਦੋਂ ਕਿਸੇ ਦਾ ਖਿਆਲ ਥਿਰ ਨਹੀਂ ਰਹਿੰਦਾ,

ਕੀਰਤਨ ਭਗਤੀ ਨੂੰ ਮਹਾਨਤਾ ਦਿਤੀ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥* *ਅੰਗ - ੬੪੨*

ਇਸੇ ਤਰ੍ਹਾਂ ਨਾਲ ਮਹਾਂਪੁਰਸ਼ਾਂ ਦੀ ਜੀਵਨ ਕਥਾ, ਗੁਰੂ ਮਹਾਰਾਜ ਜੀ ਦੇ ਜੀਵਨ ਚਮਤਕਾਰ ਅਸਾਨੂੰ ਸੇਧ ਬਖਸ਼ਦੇ ਹਨ ਅਤੇ ਆਸਾਡਾ ਪਿਆਰ ਉਨ੍ਹਾਂ ਨੂੰ ਲਗਦਾ ਹੈ। ਅਸੀਂ ਉਨ੍ਹਾਂ ਨਾਲ ਜੁੜੇ ਰਹਿੰਦੇ ਹਾਂ। ਸੋ ਇਸ ਪ੍ਰਕਾਸ਼ਨ ਵਿਚ - ਸਤਿਗੁਰ ਨਾਨਕ ਪ੍ਰਗਟਿਆ, ਸੰਤ ਅਤਰ ਸਿੰਘ ਜੀ ਮਹਾਰਾਜ, ਭਾਗਠੜੇ ਹਰਿ ਸੰਤ ਤੁਮਾਰੇ, ਕਲਜੁਗ ਦੇ ਨੂਰੀ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ, ਆਦਿ ਲੇਖ ਹਨ ਜੋ ਸਾਨੂੰ ਪ੍ਰੇਰਨਾ ਦਿੰਦੇ ਹਨ ਅਤੇ ਸਾਡਾ ਮਾਰਗ ਸੁਖੈਨ ਹੋ ਜਾਂਦਾ ਹੈ। ਵਿਦਵਾਨ ਡਾ. ਵੇਦ ਭਾਰਤੀ ਜੀ ਡੀ.ਲਿਟ. ਦਾ ਲੇਖ ਵਿਚ ਆਪਣੇ ਮਾਰਗ ਦੀ ਪਹਿਚਾਣ ਕਰਕੇ ਘਾਲ ਕਮਾਈ ਕਰਨ ਦੀ ਪ੍ਰੇਰਨਾ ਪੈਦਾ ਹੁੰਦੀ ਹੈ।

ਐਸ.ਏ.ਐਸ ਨਗਰ

੧ ਅਗਸਤ, ੧੯੯੭

**ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
ਬਾਨੀ, ਮੁਖੀ ਤੇ ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਸੰਤ ਬਚਨ

(ਭਾਗ ਪਹਿਲਾ)

1961, ਮਈ ਦੇ ਮਹੀਨੇ ਵਿਚ ਸੰਤ ਮਹਾਰਾਜ ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲਿਆਂ ਨੇ ਚੰਡੀਗੜ੍ਹ ਕੀਰਤਨ ਲਈ ਸਮਾਂ ਦਿਤਾ ਹੋਇਆ ਸੀ। ਹਰ ਰੋਜ਼ ਦੀਵਾਨ ਲੱਗਿਆ ਕਰਦੇ ਸਨ। ਦੀਵਾਨ ਲਗਦਿਆਂ ਨੂੰ ਕਈ ਦਿਨ ਹੋ ਚੁਕੇ ਸਨ। ਆਪ ਜੀ ਦੇ ਕੀਰਤਨ ਸਮੇਂ ਸਰਬ ਸਾਂਝੇ ਬਚਨਾਂ ਨੂੰ ਸੁਣਨ ਵਾਸਤੇ ਦੂਰ-ਦਰਾਜ਼ ਤੋਂ ਸੰਗਤਾਂ ਪਹੁੰਚਿਆ ਕਰਦੀਆਂ ਸਨ। ਪਿੰਡਾਂ ਵਿਚੋਂ ਵੀ ਬਹੁਤ ਸਾਰੇ ਪ੍ਰੇਮੀ ਆਇਆ ਕਰਦੇ ਸਨ। ਇਹ ਪਹਿਲੀ ਵਾਰੀ ਹੀ ਦੇਖਿਆ ਗਿਆ ਕਿ ਚੰਡੀਗੜ੍ਹ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਸ਼ਹਿਰ ਵਿਚ ਦੀਵਾਨ ਸੁਣਨ ਲਈ ਸੰਗਤ ਪਹੁੰਚਦੀ ਸੀ ਜਦੋਂ ਕਿ ਇਨ੍ਹਾਂ ਪਿੰਡਾਂ ਵਿਚ ਸਿਖੀ ਦਾ ਕੋਈ ਨਾਮ ਨਿਸ਼ਾਨ ਹੀ ਨਹੀਂ ਸੀ। ਲੋਕ ਵਹਿਮ ਪ੍ਰਸਤੀ ਦੇ ਹਨ੍ਹੇਰੇ ਵਿਚ ਟੱਕਰਾਂ ਮਾਰ ਰਹੇ ਸਨ। ਕੋਈ ਵੀ ਮਹਾਂਪੁਰਸ਼ ਇਨ੍ਹਾਂ ਪਿੰਡਾਂ ਵਿਚ ਜਾ ਕੇ ਇਨ੍ਹਾਂ ਪ੍ਰੇਮੀਆਂ ਨੂੰ ਗੁਰਮਤਿ ਦੇ ਮਾਰਗ ਤੇ ਨਹੀਂ ਚਲਾ ਰਿਹਾ ਸੀ। ਨਸ਼ੇ ਖਾਣੇ, ਤਮਾਕੂ ਆਦਿ ਚੱਬਣਾ ਇਨ੍ਹਾਂ ਵਿਚ ਆਮ ਸੀ। ਦੇਵੀਆਂ, ਮਾਤਾ ਰਾਣੀਆਂ, ਸੱਪਾਂ (ਗੁੱਗਾ), ਦਰਖਤਾਂ ਦੀ ਮਾਨਤਾ ਇਹ ਲੋਕ ਕਰਿਆ ਕਰਦੇ ਸਨ। ਸੋ ਇਨ੍ਹਾਂ ਦੀ ਹਾਜ਼ਰੀ ਦੀਵਾਨ ਵਿਚ ਦੇਖ ਕੇ ਅਸਚਰਜਤਾ ਹੋਇਆ ਕਰਦੀ ਸੀ। ਜਿਉਂ-ਜਿਉਂ ਦੀਵਾਨਾਂ ਦਾ ਸਮਾਂ ਵਧ ਰਿਹਾ ਸੀ, ਤਿਉਂ-ਤਿਉਂ ਸੰਗਤਾਂ ਦਾ ਜਵਾਰਭਾਟਾ 19 ਸੈਕਟਰ ਦੇ ਵਿਸ਼ਾਲ ਪਾਰਕ, ਸੜਕਾਂ ਤੋਂ ਪਾਰ, ਸਕੂਲ ਦੇ ਗਰਾਊਂਡ, ਜਿਧਰ ਦੇਖੋ, ਸੰਗਤਾਂ ਹੀ ਸੰਗਤਾਂ ਹੋਇਆ ਕਰਦੀਆਂ ਸਨ। ਬਹੁਤ ਹੀ ਅਨੰਦਦਾਇਕ ਉਹ ਸਮਾਂ ਸੀ। ਅਜਿਹੇ ਭਾਗਾਂ ਵਾਲੇ ਸਮੇਂ ਨੂੰ ਅਜ ਤਕ ਵੀ ਯਾਦ ਕੀਤਾ ਜਾਂਦਾ ਹੈ। ਆਪ ਜੀ ਬਹੁਤ ਜੁਗਤੀਆਂ ਸਰਵਣ ਕਰਾ ਕੇ ਸਰੋਤਿਆਂ ਦਾ ਮਨ ਮੋਹ ਲੈਂਦੇ ਸਨ। ਹਿੰਦੂ ਤੇ ਸਿੱਖ ਪ੍ਰੇਮੀ, ਬਗੈਰ ਵਿਤਕਰੇ ਦੇ ਦੀਵਾਨ ਦੀ ਹਾਜ਼ਰੀ ਭਰਿਆ ਕਰਦੇ ਸਨ।

ਸਵੇਰ ਵੇਲੇ ਜਦੋਂ ਆਪ ਜੀ ਨਿਵਾਸ ਸਥਾਨ ਤੇ ਸੰਗਤਾਂ ਨਾਲ ਬਚਨ ਕਰਨ ਲਈ ਸਮਾਂ ਦਿਆ ਕਰਦੇ ਸਨ ਤਾਂ ਉਸ ਇਕ ਘੰਟੇ ਨੂੰ ਮਾਨਣ ਲਈ ਸਾਰੀਆਂ ਸੰਪਰਦਾਵਾਂ ਦੇ ਜਗਿਆਸੂ ਹੁੰਮ-ਹੁੰਮਾ ਕੇ ਆਇਆ ਕਰਦੇ ਸਨ ਜਿਨ੍ਹਾਂ ਵਿਚ ਨਾਮਧਾਰੀ, ਰਾਧਾ ਸੁਆਮੀ ਅਤੇ ਹੋਰ ਮਹਾਂਪੁਰਸ਼ਾਂ ਦੇ ਸੰਗੀ ਬਹੁਤ ਗਿਣਤੀ ਵਿਚ ਹੋਇਆ ਕਰਦੇ ਸਨ। ਸੰਤ ਮਹਾਰਾਜ ਜੀ ਨੂੰ ਬੇਨਤੀ ਕਰਕੇ ਪ੍ਰਸ਼ਨ ਕੀਤਾ ਜਾਂਦਾ ਸੀ। ਅੱਜ ਬੇਨਤੀ ਕੀਤੀ ਗਈ ਕਿ ਮਹਾਰਾਜ ਕਲਜੁਗ ਦਾ ਸਮਾਂ ਹੈ, ਆਪ ਜੀ ਦੇ ਅਸੀਂ ਬਹੁਤ ਬਚਨ ਸਰਵਣ ਕੀਤੇ ਹਨ ਅਤੇ ਬਹੁਤ ਸਾਰੇ ਪ੍ਰੇਮੀਆਂ ਨੇ, ਜਿਨ੍ਹਾਂ ਦੇ ਮਨ ਵਿਚ ਉੱਤਮ ਜਗਿਆਸਾ ਹੈ, ਉਨ੍ਹਾਂ ਨੇ ਬਚਨਾਂ ਨੂੰ ਲਿਖਤੀ ਰੂਪ ਦੇ ਕੇ ਸੰਭਾਲ ਲਿਆ ਹੈ ਪਰ ਜੋ ਭਜਨ ਕਰਨ ਦੇ, ਵਾਹਿਗੁਰੂ ਨੂੰ ਮਿਲਣ ਦੇ ਮਾਰਗ ਉਪਰ ਆਪ ਜੀ ਨੇ ਪ੍ਰਕਾਸ਼ ਪਾਇਆ ਹੈ, ਉਸ ਉਪਰ ਚਲਣਾ ਬਹੁਤ ਕਠਿਨ ਹੈ। ਅੱਜ ਬਹੁਤ ਸਾਰੀਆਂ ਨਵੀਆਂ ਸੰਗਤਾਂ ਆਈਆਂ ਹਨ। ਆਪ ਜੀ ਨੂੰ ਅਸੀਂ ਖੇਚਲ ਦਿੰਦੇ ਬੇਨਤੀ ਕਰਦੇ ਹਾਂ ਕਿ ਆਪ ਜੀ ਇਕ ਵਾਰੀ ਫੇਰ ਸੰਖੇਪ ਰੂਪ ਵਿਚ ਪ੍ਰਭੂ ਨੂੰ ਮਿਲਣ ਦੇ ਮਾਰਗ ਉਪਰ ਪ੍ਰਕਾਸ਼ ਪਾਉਣ ਦੀ ਖੇਚਲ ਕਰੋ। ਇਹ ਬੇਨਤੀ ਸੁਣ ਕੇ ਆਪ ਜੀ ਨੇ ਫੁਰਮਾਇਆ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਤਿਸੰਗ ਦੇ ਮਹਾਤਮ ਅਤੇ ਸਤਿਸੰਗ ਕਰਨ ਦੀ ਤਾਕੀਦ ਇਸੇ ਵਾਸਤੇ ਕੀਤੀ ਹੈ ਕਿ ਹਰ ਰੋਜ਼ ਹੀ ਸੰਗਤ ਕੀਤੀ ਜਾਵੇ ਅਤੇ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸਰਵਣ ਕੀਤੇ ਜਾਣ ਕਿਉਂਕਿ ਆਦਮੀ ਦਾ ਜੋ ਮਨ ਹੈ, ਬੁਧੀ ਹੈ, ਉਹ ਦ੍ਰਿਸ਼ਟਮਾਨ ਵਿਚ ਐਨੀ ਪਰਚੀ ਹੋਈ ਹੈ ਕਿ ਉਹ ਜੀਵਨ ਦਾ ਸਭ ਤੋਂ ਉਤਮ ਮਨੋਰਥ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***

***ਅੰਗ - 12***

ਇਤਨੀ ਸਪਸ਼ਟ ਤਾਕੀਦ ਕਰਨ ਦੇ ਬਾਵਜੂਦ ਭੀ ਅਸੀਂ ਸਦਾ ਹੀ ਇਸ ਆਦੇਸ਼ ਨੂੰ ਭੁੱਲੇ ਰਹਿੰਦੇ ਹਾਂ। ਭਾਵੇਂ ਅਸੀਂ ਨਿਤਨੇਮ ਕਰਦੇ

ਹਾਂ, ਸਾਲਾਂ ਬੱਧੀ ਇਸ ਫੁਰਮਾਨ ਨੂੰ ਬਾਰ-ਬਾਰ ਪੜ੍ਹਿਆ ਹੈ ਪਰ ਤਾਂ ਵੀ ਇਹ ਸਾਡੀ ਯਾਦ-ਦਾਸ਼ਤ ਵਿਚ ਟਿਕਦਾ ਨਹੀਂ ਅਤੇ ਨਾ ਹੀ ਅਸੀਂ ਸੱਚੇ ਦਿਲੋਂ ਗੁਰੂ ਫੁਰਮਾਨ ਨੂੰ ਮੰਨਦੇ ਹਾਂ ਅਤੇ ਨਾ ਹੀ ਇਸ ਉਦੇਸ਼ ਉਪਰ ਸਾਡਾ ਕੋਈ ਵਿਸ਼ਵਾਸ਼ ਹੀ ਬੱਝਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਕ ਪਾਸੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਪੂਰਾ ਸਤਿਗੁਰੂ ਕਰਕੇ ਮੰਨਦੇ ਹਾਂ ਪਰ ਦੂਜੇ ਪਾਸੇ ਐਸੀ ਨਿਲੱਜਤਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਮੰਨਣ ਲਈ ਬਿਲਕੁਲ ਤਿਆਰ ਨਹੀਂ ਹਾਂ। ਆਪਣੇ ਆਪ ਨੂੰ ਵੱਡੇ ਪੱਕੇ ਸਿੱਖ ਅਖਵਾਉਂਦੇ ਹਾਂ, ਮੱਥੇ ਟੇਕਦੇ ਹਾਂ, ਰੁਮਾਲੇ ਚੜ੍ਹਾਉਂਦੇ ਹਾਂ, ਵਧੀਆ ਤੋਂ ਵਧੀਆਂ ਸੁਗੰਧੀਆਂ, ਧੂਪਾਂ ਦਿੰਦੇ ਹਾਂ, ਹੱਥ ਬੰਨ੍ਹਦੇ ਹਾਂ, ਲੰਮੇ ਪੈ ਪੈ ਕੇ ਡੰਡਉਤਾਂ ਕਰਦੇ ਹਾਂ ਪਰ ਗੁਰਬਾਣੀ ਨੂੰ ਅਸੀਂ ਮੰਨਣ ਨੂੰ ਤਿਆਰ ਨਹੀਂ ਹਾਂ। ਸਾਡੀ ਪੂਜਾ ਸ਼ਰਧਾ ਕੀ ਕਰੇਗੀ ਜਦੋਂ ਹੁਕਮ ਹੀ ਨਹੀਂ ਮੰਨਦੇ। ਸਮਾਂ ਲੰਘਦਾ ਜਾ ਰਿਹਾ ਹੈ ਪਰ ਅਸੀਂ ਉਸੇ ਤਰ੍ਹਾਂ ਨਾਲ ਅਵੇਸਲੇ ਹਾਂ।

**ਲੇਖਕ ਵਲੋਂ -**

(ਸੰਤ ਮਹਾਰਾਜ ਦੇ ਉਪਰਲੇ ਬਚਨ ਸੁਣ ਕੇ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ 'ਬਿਜਲੀਆਂ ਦੇ ਹਾਰ' ਨਾਮੀ ਪੁਸਤਕ ਵਿਚ ਪ੍ਰਗਟ ਕੀਤੀ ਕਾਵਿ ਉਡਾਰੀ ਦੀ ਯਾਦ ਆਈ। ਆਪ ਨੇ ਫੁਰਮਾਇਆ ਹੈ -

***ਬੀਤ ਗਈ ਦੀ ਯਾਦ ਪਈ***
***ਹੱਡਾਂ ਨੂੰ ਖਾਵੇ।***
***ਆਉਣ ਵਾਲੀ ਦਾ ਸਹਿਮ***
***ਜਾਨ ਨੂੰ ਪਿਆ ਸਕਾਵੇ।***
***ਹੁਣ ਦੀ ਛਿੰਨ ਨੂੰ 'ਸੋਚ'***
***ਸਦਾ ਹੀ ਖਾਂਦੀ ਜਾਵੇ।***
***ਗਈ ਤੇ 'ਜਾਂਦੀ', 'ਜਾਏ'***
***ਉਮਰ ਇਹ ਬਿਅਰਥ ਵਿਹਾਵੇ।***

ਹੋਰ ਤਾਕੀਦ ਕਰਦਿਆਂ ਇਸੇ ਵਿਸ਼ੇ ਤੇ ਆਪ ਨੇ ਅੰਕਿਤ ਕੀਤਾ ਹੈ -

***'ਕਲ੍ਹ' ਚੁਕੀ ਹੈ ਬੀਤ***
***ਵੱਸ ਤੋਂ ਦੂਰ ਨਸਾਈ।***
***'ਭਲਕੇ' ਅਜੇ ਹੈ ਦੂਰ ਨਹੀਂ***
***ਵਿਚ ਹੱਥਾਂ ਆਈ।***
***'ਅੱਜ' ਅਸਾਡੇ ਕੋਲ ਵਿਚ***
***ਪਰ ਫਿਕਰਾਂ ਲਾਈ।***
***'ਕੱਲ' 'ਭਲਕੇ' ਨੂੰ ਸੋਚ 'ਅੱਜ'***
***ਇਹ ਮੁਫਤ ਗੁਆਈ।***

ਇਸੇ ਸਬੰਧ ਵਿਚ ਆਪ ਜੀ ਨੇ ਸਮੇਂ ਬਾਰੇ ਵਿਚਾਰ ਕਰਦਿਆਂ ਫੁਰਮਾਇਆ-

***ਰਹੀ ਵਾਸਤੇ ਘੱਤ ਸਮੇਂ ਨੇ***
***ਇੱਕ ਨਾ ਮੰਨੀ।***
***ਫੜ ਫੜ ਰਹੀ ਧਰੀਕ, 'ਸਮੇਂ'***
***ਖਿਸਕਾਈ ਕੰਨੀ।***
***ਕਿਵੇਂ ਨਾ ਸੱਕੀ ਰੋਕ***
***ਅਟਕ ਜੋ ਪਾਈ ਭੰਨੀ।***
***ਤ੍ਰਿਖੇ ਅਪਣੇ ਵੇਗ ਗਿਆ***
***ਟਪ ਬੰਨੇ ਬੰਨੀ।***

***ਹੋਸ਼! ਅਜੇ ਸੰਭਲ ਇਸ ਸਮੇਂ ਨੂੰ,***
***ਕਰ ਸਫਲ ਉਡੰਦਾ ਜਾਂਵਦਾ,***
***ਇਹ ਠਹਿਰਨ ਜਾਚ ਨਾ ਜਾਣਦਾ***
***ਲੰਘ ਗਿਆ ਨਾ ਮੁੜ ਕੇ ਆਂਵਦਾ।***

ਸੰਤ ਮਹਾਰਾਜ ਜੀ ਦੇ ਬਚਨ ਸੁਣਦਿਆਂ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੇ ਦਰਸਾਏ ਭਾਵ ਇਕ ਦਮ ਹਿਰਦੇ ਵਿਚ ਝਟਕਾ ਮਾਰ ਕੇ ਆਪਣੇ ਪ੍ਰਭਾਵ ਛੱਡ ਗਏ। ਸੰਤ ਮਹਾਰਾਜ ਜੀ ਦੇ ਬਚਨ ਸੁਣਦਿਆਂ ਹੀ ਅੰਦਰ ਪਛਤਾਵਾ ਹੋ ਗਿਆ ਕਿ ਸਚਮੁਚ ਅਸੀਂ ਗੁਰੂ ਮਹਾਰਾਜ ਜੀ ਦੇ ਇਨ੍ਹਾਂ ਸਿਧੇ ਸਾਦੇ ਬਚਨਾਂ ਨੂੰ ਕੋਈ ਵੀ ਮਹੱਤਤਾ ਨਹੀਂ ਦੇ ਰਹੇ ਅਤੇ ਕੇਵਲ ਪੜ੍ਹ ਛੱਡਦੇ ਹਾਂ।

***ਸੰਤ ਮਹਾਰਾਜ ਜੀ ਵਲੋਂ***

ਅਸੀਂ ਸਚਮੁਚ ਹੀ ਕਿੰਨੇ ਅਵੇਸਲੇ ਹਾਂ ਤੇ ਕਿੰਨੇ ਬੇਧਿਆਨੇ ਹਾਂ ਕਿ ਪੜ੍ਹਦਿਆਂ-ਪੜ੍ਹਦਿਆਂ ਉਮਰ ਬੀਤ ਗਈ ਪਰ ਅਸੀਂ ਇਨ੍ਹਾਂ ਹੁਕਮਾਂ ਉਪਰ ਕੋਈ ਧਿਆਨ ਨਹੀਂ ਦਿੰਦੇ। ਆਪ ਨੇ ਅੱਗੇ ਫੁਰਮਾਇਆ ਕਿ ਕਾਰਨ ਕੀ ਹੈ? ਅਸੀਂ ਆਪਣੇ ਇਸ਼ਟ ਦਾ ਹੁਕਮ ਕਿਉਂ ਨਹੀਂ ਮੰਨਦੇ ਜਿਸ ਵਿਚ ਸਾਡਾ ਮਹਾਨ ਭਲਾ ਹੈ, ਸਾਡੀ ਕਲਿਆਣ ਹੈ, ਸਾਰੇ ਦੁੱਖਾਂ ਤੇ ਕਲੇਸ਼ਾਂ ਤੋਂ ਬਰੀ ਹੋ ਸਕਦੇ ਹਾਂ, ਫਿਰ ਵੀ ਕਿਉਂ ਨਹੀਂ ਹੁੰਦੇ? ਇਸ ਦੇ ਬਹੁਤ ਕਾਰਨ ਹਨ। ਪਰ ਸਾਰੇ ਕਾਰਨਾਂ ਦੀ ਜੋ ਜੜ੍ਹ ਹੈ, ਉਹ ਇਹ ਹੈ ਕਿ ਪ੍ਰਭੂ ਦੀ ਮਾਇਆ ਨੇ ਇਸ

ਮਨੁੱਖ ਨੂੰ ਮੂਰਛਤ ਕੀਤਾ ਹੋਇਆ ਹੈ, ਠਗਮੂਰੀ ਬੂਟੀ ਸੁੰਘਾਈ ਹੋਈ ਹੈ। ਜਿਸ ਤਰ੍ਹਾਂ ਇਕ ਅੱਧ-ਮੂਰਛਤ ਆਦਮੀ ਨੂੰ ਕੋਈ ਗੱਲ ਕਹੀ ਜਾਵੇ, ਉਹ ਕੋਈ ਨਿਰਨਾ ਨਹੀਂ ਲੈ ਸਕਿਆ ਕਰਦਾ, ਇਸੇ ਤਰ੍ਹਾਂ ਨਾਲ ਇਸ ਸੰਸਾਰ ਦੀ ਖੇਡ ਕਰਨ ਸਮੇਂ ਮਮਤਾ ਅਤੇ ਮਾਇਆ ਆਪ ਹੀ ਲਾ ਦਿਤੀ ਅਤੇ ਇਹ ਇੰਨੀਂ ਜਬਰਦਸਤ ਹੈ ਕਿ ਕਿਸੇ ਵੀ ਪ੍ਰਾਣਧਾਰੀ ਮਨੁੱਖ, ਦੇਵਤਾ ਪਦਵੀ ਦੇ ਦੇਵ ਸਿਧ ਸਾਧਕ, ਸਭ ਇਸ ਦੇ ਅਸਰ ਹੇਠ ਭਰਮੇ, ਮਾਇਆ ਵਲ ਮੁਖ ਕਰ ਰਹੇ ਹਨ ਅਤੇ ਪ੍ਰਮੇਸ਼ਰ ਵਲ ਪਿੱਠ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਜਿਨਿ ਲਾਈ ਪ੍ਰੀਤਿ*
*ਸੋਈ ਫਿਰਿ ਖਾਇਆ॥*
*ਜਿਨਿ ਸੁਖਿ ਬੈਠਾਲੀ*
*ਤਿਸੁ ਭਉ ਬਹੁਤੁ ਦਿਖਾਇਆ॥*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ॥*
*ਹਮ ਆਈ ਵਸਗਤਿ ਗੁਰ ਪਰਸਾਦੇ॥*
*ਐਸਾ ਦੇਖਿ ਬਿਮੋਹਿਤ ਹੋਏ॥*
*ਸਾਧਿਕ ਸਿਧ ਸੁਰਦੇਵ ਮਨੁਖਾ*
*ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥*
*ਇਕਿ ਫਿਰਹਿ ਉਦਾਸੀ*
*ਤਿਨ ਕਾਮਿ ਵਿਆਪੈ॥*
*ਇਕਿ ਸੰਚਹਿ ਗਿਰਹੀ*
*ਤਿਨ ਹੋਇ ਨ ਆਪੈ॥*
*ਇਕਿ ਸਤੀ ਕਹਾਵਹਿ*
*ਤਿਨ ਬਹੁਤੁ ਕਲਪਾਵੈ॥*
*ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥*
*ਤਪੁ ਕਰਤੇ ਤਪਸੀ ਭੂਲਾਏ॥*
*ਪੰਡਿਤ ਮੋਹੇ ਲੋਭਿ ਸਬਾਏ॥*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥*
*ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ ੩ ॥*

*ਅੰਗ - 370*

ਇਸ ਮਾਇਆ ਦਾ ਨਸ਼ਾ ਜੀਵ ਨੂੰ ਚੜ੍ਹ ਗਿਆ ਅਤੇ ਇਹ ਇਸ ਦੇ ਅਧੀਨ, ਸਦਾ ਅੰਗ ਸੰਗ ਰਹਿੰਦੇ ਪਿਆਰੇ ਮਿੱਤਰ ਰਾਮ ਨੂੰ ਪੂਰੀ ਤਰ੍ਹਾਂ ਭੁੱਲ ਗਿਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੋ ਇਸ ਦੇ ਸ਼ਤਰੂ ਤੇ ਦੁਸ਼ਟ ਹਨ, ਇਨ੍ਹਾਂ ਦੇ ਵੱਸ ਪੈ ਕੇ ਇਨ੍ਹਾਂ ਨੂੰ ਪਿਆਰ ਕਰਦਾ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥ ਅੰਗ-267*

ਮਾਇਆ ਦਾ ਕੰਮ ਹੀ ਜੀਵਾਂ ਨੂੰ ਪ੍ਰਮੇਸ਼ਰ ਭੁਲਾ ਕੇ ਰੱਖਣਾ ਹੈ। ਭਾਵੇਂ ਪ੍ਰਭੂ ਦੀ ਪ੍ਰੀਤ ਕਿੰਨੀ ਹੀ ਸੁਖਦਾਈ ਹੈ, ਸਾਰੇ ਬੰਧਨ ਕੱਟ ਕੇ ਪ੍ਰਮ ਅਨੰਦ ਵਿਚ ਮਿਲਾ ਦਿੰਦੀ ਹੈ, ਜੰਮਣ ਮਰਨ ਦੀ ਫਾਂਸੀ ਗਲ ਵਿਚੋਂ ਕੱਟ ਹੋ ਜਾਂਦੀ ਹੈ, ਕ੍ਰੋੜਾਂ ਜਨਮਾਂ ਵਿਚ ਭਟਕਦਾ ਜੀਵ ਮਹਾਨ ਉਚੀ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ, ਪਰ ਭੋਰਾ ਜਿੰਨੀ ਵੀ ਪ੍ਰੀਤ ਉਸ ਦਾਤੇ ਨਾਲ ਇਸਦੀ ਨਹੀਂ ਜੁੜਦੀ ਜਿਸਨੇ ਇਸਨੂੰ ਪਿਆਰੇ ਪਰਿਵਾਰ, ਬਾਲ ਬੱਚੇ, ਬਸਤਰ, ਸੁੰਦਰ ਸਰੀਰ, ਅਰੋਗ ਦੇਹੀ, ਸਨਮਾਨ ਦਿਤਾ ਹੈ ਅਤੇ ਇਸਦੇ ਵਰਤਣ ਵਾਸਤੇ ਸਾਰੇ ਸੰਸਾਰ ਦੀਆਂ ਨਿਆਮਤਾਂ ਪਉਣ, ਪਾਣੀ, ਸ਼ੁਧ ਵਾਤਾਵਰਨ ਬਣਾਇਆ ਹੈ। ਅਨੇਕ ਪਦਾਰਥ ਇਸਦੇ ਖਾਣ ਵਾਸਤੇ ਉਸੇ ਪ੍ਰਭੂ ਨੇ ਪੈਦਾ ਕੀਤੇ ਹਨ ਪਰ ਇਹ ਦਿਤੀਆਂ ਚੀਜ਼ਾਂ ਵਿਚ ਪਰਚ ਗਿਆ ਤੇ ਕਿਤੇ ਭੁਲ ਕੇ ਵੀ ਦਾਤੇ ਵੱਲ ਧਿਆਨ ਨਹੀਂ ਕਰਦਾ। ਗੁਰਬਾਣੀ ਵਿਚ ਫੁਰਮਾਨ ਹੈ -

*ਇਨਿ ਮਾਇਆ ਜਗਦੀਸ ਗੁਸਾਈ*
*ਤੁਮਰੇ ਚਰਨ ਬਿਸਾਰੇ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ॥ ਅੰਗ - 857*

ਮਹਾਰਾਜ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ ਅਤੇ ਪ੍ਰਸ਼ਨ ਰੂਪ ਵਿਚ ਫੁਰਮਾਉਂਦੇ ਹਨ ਕਿ ਇਸ ਮਨ ਨੂੰ ਮਮਤਾ ਕਿਥੋਂ ਲਗ ਗਈ -

*ਇਹੁ ਮਨੁ ਗਿਰਹੀ*
*ਕਿ ਇਹੁ ਮਨੁ ਉਦਾਸੀ॥*
*ਕਿ ਇਹੁ ਮਨੁ ਅਵਰਨੁ*
*ਸਦਾ ਅਵਿਨਾਸੀ॥*
*ਕਿ ਇਹੁ ਮਨੁ ਚੰਚਲੁ*
*ਕਿ ਇਹੁ ਮਨੁ ਬੈਰਾਗੀ॥*
*ਇਸ ਮਨ ਕਉ ਮਮਤਾ ਕਿਥਹੁ ਲਾਗੀ॥*

*ਅੰਗ - 1261*

ਤੇ ਉਸਦੇ ਉਤਰ ਵਿਚ ਆਪ ਹੀ ਫੁਰਮਾਨ ਕਰਦੇ ਹਨ ਕਿ ਇਹ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਉਤਪੰਨ ਹੋਈ ਹੈ ਤੇ ਆਤਮ ਕਿਰਨ ਰੂਪੀ ਸੁਰਤ ਨੂੰ ਭੁਲਾਉਣ ਲਈ -

*ਮਾਇਆ ਮਮਤਾ ਕਰਤੈ ਲਾਈ॥*

*ਅੰਗ - 1261*

ਆਪ ਨੇ ਆਪਣੀ ਵਾਰਤਾ ਨੂੰ ਜਾਰੀ ਰੱਖਦੇ ਹੋਏ ਫੁਰਮਾਇਆ ਕਿ ਇਹ ਜੀਵ ਭਾਵੇਂ ਕਿੰਨਾਂ ਹੀ

ਪੜ੍ਹਿਆ ਲਿਖਿਆ ਹੈ, ਕਿੰਨਾਂ ਹੀ ਸੰਸਾਰ ਵਿਚ ਮਾਣ ਪ੍ਰਾਪਤ ਹੁੰਦਾ ਹੈ ਪਰ ਇਹ ਪ੍ਰਭੂ ਦੀ ਯਾਦ ਤੋਂ ਬਗੈਰ ਭੁਲਿਆ ਹੋਇਆ ਇਕ ਕੀਟ ਹੀ ਹੈ। ਦੁਨਿਆਵੀ ਪ੍ਰਾਪਤੀਆਂ ਦੀ ਕੋਈ ਮਹੱਤਤਾ ਨਹੀਂ ਕਿਉਂਕਿ ਰੂਹਾਨੀ ਮੰਡਲ ਵਿਚ ਇਨ੍ਹਾਂ ਪ੍ਰਾਪਤੀਆਂ ਦੀ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਕੰਮਾਂ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਇਹ ਸਾਰੇ ਕਾਰਜ worthless (ਵਿਅਰਥ) ਹਨ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

***ਅੰਗ - 12***

ਇਕ ਥਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਦੇ ਕੋਲ ਹੀਰੇ ਮੋਤੀ ਜੜਤ ਘਰ ਹੋਣ, ਸੋਨੇ ਦੀਆਂ ਪਲੇਟਾਂ ਦੇ ਨਾਲ ਘਰ ਨੂੰ decorate ਕੀਤਾ (ਸਜਾਇਆ) ਹੋਵੇ, ਸਾਰੇ ਸੁਖਾਂ ਦੀ ਇਸਨੂੰ ਪ੍ਰਾਪਤੀ ਹੋਵੇ ਅਤੇ ਸੁਖ ਮਾਣਦਿਆਂ ਨਾ ਹੀ ਕੋਈ ਕਸ਼ਟ ਸਰੀਰ ਨੂੰ ਹੋਵੇ ਤੇ ਨਾ ਹੀ ਕੋਈ ਵਿਘਨ ਰੁਕਾਵਟ ਪਾਵੇ, ਦੁਨੀਆਂ ਭਾਵੇਂ ਦਿਨ ਰਾਤ ਉਸ ਦੇ ਸਤਿਕਾਰ ਵਜੋਂ ਜਲੂਸ ਕੱਢੇ, ਫੁੱਲਾਂ ਦੀ ਵਰਸ਼ਾ ਕਰੇ ਅਤੇ ਅਖਬਾਰ ਦਿਨ ਰਾਤ ਉਸ ਦੀ ਪ੍ਰਸੰਸਾ ਕਰਨ, ਸਰਕਾਰ ਤੇ ਸੁਸਾਇਟੀਆਂ ਉਸ ਨੂੰ ਬੁਲਾ ਬੁਲਾ ਕੇ ਵੱਡੇ-ਵੱਡੇ award (ਇਨਾਮ) ਦੇਣ ਪਰ ਜੇ ਉਸ ਦੀ ਸੁਰਤਿ ਪ੍ਰਭੂ ਨਾਲੋਂ ਟੁੱਟੀ ਹੋਈ ਹੈ ਤਾਂ ਉਸ ਨੂੰ ਰੂਹਾਨੀਅਤ ਦੇ ਗਜ਼ ਨਾਲ ਮਾਪਿਆਂ ਇਕ ਵਿਸ਼ਟਾ ਦੇ ਕੀੜੇ ਦੀ ਹੀ ਤੁਲਨਾ ਮਿਲਦੀ ਹੈ ਕਿਉਂਕਿ ਉਹ ਪ੍ਰਭੂ ਦੇ ਮਹਾਨ ਰਸ ਤੋਂ ਵਾਂਝਾ ਭਟਕ ਰਿਹਾ ਹੈ। ਅੰਦਰਲੀ ਭਟਕਣਾ ਕਦੇ ਵੀ ਨਾਮ ਵਿਚ ਸਮਾਈ ਕਰਨ ਤੋਂ ਬਗੈਰ ਨਹੀਂ ਹਟਦੀ -

***ਸੁੰਦਰ ਸੇਜ ਅਨੇਕ ਸੁਖ***
***ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ***
***ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ***
***ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ***
***ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ***
***ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥***

***ਅੰਗ - 707***

ਸੋ ਇਹ ਹਨ ਕਾਰਨ ਜੋ ਕੁਛ ਅਸੀਂ ਆਪ ਦੇ ਨਾਲ ਕਈ ਦਿਨਾਂ ਤੋਂ ਵਿਚਾਰ ਸਾਂਝੇ ਕਰ ਰਹੇ ਹਾਂ, ਉਹ ਭੁੱਲ ਜਾਇਆ ਕਰਦੇ ਹਨ ਕਿਉਂਕਿ ਪ੍ਰਭੂ ਦੀ ਲੀਲ੍ਹਾ ਹੀ ਐਸੀ ਹੈ। ਤੁਸੀਂ ਤਾਂ ਬੜੇ ਉਤਮ ਜਗਿਆਸੂ ਹੋ ਜੋ ਭੁਲਿਆਂ ਭਟਕਿਆਂ ਦੇ ਉਧਾਰ ਲਈ ਐਸੇ ਪ੍ਰਸ਼ਨ ਕਰਦੇ ਹੋ। ਆਪ ਤਾਂ ਤੁਸੀਂ ਮਾਰਗ ਦਰਸ਼ਨ ਕਰ ਹੀ ਰਹੇ ਹੋ ਪਰ ਤੁਹਾਥੋਂ ਸੁਣ ਕੇ ਹੋਰ ਵੀ ਅਨੇਕਾਂ ਭੁਲਿਆਂ ਭਟਕਿਆਂ ਨੂੰ ਆਤਮ ਮਾਰਗ ਦਾ ਗਿਆਨ ਪ੍ਰਾਪਤ ਹੋ ਜਾਣ ਵਿਚ ਕੋਈ ਸੰਦੇਹ ਨਹੀਂ ਹੈ। ਇਹ ਬਹੁਤ ਪਰਉਪਕਾਰ ਦੀ ਬਾਤ ਹੈ। ਇਸ ਗਿਆਨ ਦੀ ਵਿਰਾਸਤ ਸਾਰੇ ਜਗਿਆਸੂਆਂ ਲਈ ਹੈ ਭਾਵੇਂ ਉਹ ਕਿਸੇ ਵੀ ਸੰਪਰਦਾਇ, ਮਜ਼ਹਬ ਨਾਲ ਸਬੰਧ ਕਿਉਂ ਨਾ ਰਖਦਾ ਹੋਵੇ। ਇਹ ਰੂਹਾਨੀ ਬਚਨ ਸਾਰੇ ਸੰਸਾਰ ਲਈ ਹੀ ਹੋਇਆ ਕਰਦੇ ਹਨ।

ਹੁਣ ਜੋ ਤੁਸੀਂ ਪ੍ਰਸ਼ਨ ਕੀਤਾ ਹੈ ਕਿ ਕਲਜੁਗ ਦਾ ਸਮਾਂ ਹੈ, ਅਸੀਂ ਭੁੱਲ ਜਾਂਦੇ ਹਾਂ, ਇਹ ਸਹਿਜ ਸੁਭਾਅ ਹੀ ਹੈ ਕਿ ਮਾਇਆ ਦੇ ਅਸਰ ਅਧੀਨ ਦ੍ਰਿਸ਼ਟਮਾਨ ਵਿਚ ਪਰਚਿਆ ਹੋਇਆ ਮਨ 'ਪ੍ਰਮਾਣ ਬਿਰਤੀ' ਦੇ ਅਧੀਨ ਮਨ ਵਿਚ ਜੋ-ਜੋ ਰੁਚੀ ਪ੍ਰਧਾਨ ਹੋਇਆ ਕਰਦੀ ਹੈ, ਮਨ, ਬੁੱਧ ਉਸੇ ਪਾਸੇ ਉਲਾਰ ਹੋ ਜਾਇਆ ਕਰਦੀ ਹੈ। ਸੰਖੇਪ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਕਲਜੁਗ ਕਲਹ ਤੇ ਕਲੇਸ਼ ਦਾ ਯੁੱਗ ਹੈ ਜਿਸ ਵਿਚ ਰਾਗ, ਦ੍ਵੈਸ਼ ਦੀਆਂ ਪ੍ਰਬਲ ਲਹਿਰਾਂ ਉਠ ਰਹੀਆਂ ਹਨ। ਇਕ ਤਰ੍ਹਾਂ ਨਾਲ ਅਧਰਮ ਪ੍ਰਧਾਨ ਹੈ ਅਤੇ ਝੂਠ ਉਸ ਦਾ ਪੂਰੀ ਤਰ੍ਹਾਂ ਨਾਲ ਸਾਥੀ ਹੈ ਜਿਸ ਦਾ ਡੰਕਾ ਅੱਜ ਦੇ ਸੰਸਾਰ ਵਿਚ ਵੱਜ ਰਿਹਾ ਹੈ। ਸੱਚ ਦੇ ਧਾਰਨੀ ਨੂੰ ਲੋਕ 'ਸਿੱਧਾ-ਪਣ' ਦੀ ਉਪਾਧੀ ਦਿੰਦੇ ਹਨ। ਅਧਰਮ ਅਤੇ ਝੂਠ ਦੇ ਮਿਲਾਪ ਵਿਚੋਂ ਪਖੰਡ ਪੈਦਾ ਹੋ ਜਾਣਾ ਕੁਦਰਤੀ ਹੀ ਹੈ। ਇਨ੍ਹਾਂ ਤਿੰਨਾਂ ਦੇ ਮਿਲਾਪ ਤੋਂ ਬੇਅੰਤ ਦੁਸ਼ਟ, ਦੈਂਤ, ਅਸੁਰ, ਦੋਖੀ ਰੂਪੀ ਦੁਸ਼ਮਣ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਵਿਚੋਂ ਮੋਹ ਸਭ ਦਾ ਪ੍ਰਧਾਨ ਹੈ ਅਤੇ ਕ੍ਰੋਧ, ਕਾਮ, ਲੋਭ, ਅਭਿਆਨ ਬਹੁਤ ਵੱਡੇ ਮਹਾਂਰੱਥੀ ਹਨ। ਇਨ੍ਹਾਂ ਨੂੰ ਅਸੁਰੀ ਸੰਪਰਦਾ ਯਾਨਿ ਦੈਂਤਾਂ ਦੀਆਂ ਫੌਜਾਂ ਕਿਹਾ ਜਾਂਦਾ ਹੈ। ਨਿਤਨੇਮ ਕਰਨ ਵਾਲੇ ਪ੍ਰੇਮੀਆਂ ਨੂੰ ਗਿਆਤ ਹੋਣੀ ਚਾਹੀਦੀ ਹੈ ਕਿ 'ਹਮਰੀ ਕਰੋ ਹਾਥ ਦੇ ਰੱਛਾ' ਵਾਲੀ ਚੌਪਈ ਵਿਚ ਅਸੀਂ ਹਰ ਰੋਜ਼ ਪ੍ਰਾਰਥਨਾ ਕਰਦੇ ਹਾਂ ਕਿ ਇਨ੍ਹਾਂ ਦੈਂਤਾਂ, ਦੁਸ਼ਟਾਂ, ਦੋਖੀਆਂ,

ਵੈਰੀਆਂ ਨੂੰ ਛੇਤੀਂ ਸੰਘਾਰ ਦੇਵੋ ਅਤੇ ਜੋ ਮਹਾਂਪੁਰਸ਼ਾਂ ਦੀਆਂ ਸ਼ੁਭ ਸਿਖਿਆਵਾਂ ਹਨ, ਉਹ ਅਸਾਡੇ ਹਿਰਦੇ ਵਿਚ ਵਸ ਜਾਣ ਅਤੇ ਅਸੀਂ ਤੇਰੇ ਨਾਲ ਜੁੜ ਜਾਈਏ। ਕਲਜੁਗ ਵਿਚ ਜੀਵਾਂ ਦਾ ਸੁਭਾਅ ਸਤੋਗੁਣੀ ਤੋਂ ਬਦਲ ਕੇ ਤਮੋਗੁਣੀ ਹੋ ਗਿਆ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਕਲਜੁਗ ਦੇ ਰਾਜੇ ਕੈਂਚੀਆਂ ਲੈ ਕੇ ਜਨਤਾ ਨੂੰ ਚੀਰ ਫਾੜ ਕਰ ਰਹੇ ਹਨ ਅਤੇ ਉਨ੍ਹਾਂ ਦਾ ਖ਼ੂਨ ਪੀਣ ਵਿਚ ਅਨੰਦ ਮਹਿਸੂਸ ਕਰਦੇ ਹਨ ਯਾਨਿ ਕਿ ਇਨ੍ਹਾਂ ਨੇਤਾਵਾਂ ਨੇ ਕਸਾਈਆਂ ਦਾ ਰੂਪ ਧਾਰਿਆ ਹੋਇਆ ਹੈ ਅਤੇ ਜਨਤਾ ਦੀ ਕਮਾਈ ਨੂੰ ਝੂਠ ਬੋਲ ਬੋਲ ਕੇ ਲੁਟ-ਕਸੁਟ ਰਹੇ ਹਨ, ਆਪਣੀਆਂ ਤਜੌਰੀਆਂ ਭਰ ਰਹੇ ਹਨ। ਧਰਮ ਨਾਮ ਦੀ ਕੋਈ ਚੀਜ਼ ਸੰਸਾਰ ਵਿਚ ਨਜ਼ਰ ਨਹੀਂ ਆ ਰਹੀ। ਇਕ ਤਰ੍ਹਾਂ ਨਾਲ ਧਰਮ ਦਾ ਚੰਦਰਮਾ ਅਲੋਪ ਹੋ ਗਿਆ ਹੈ ਅਤੇ ਸੱਚ ਦਾ ਪ੍ਰਕਾਸ਼ ਮੱਸਿਆ ਦੇ ਰੂਪ ਵਿਚ ਬਦਲ ਗਿਆ ਹੈ। ਅਨ੍ਹੇਰੇ ਵਿਚ ਕੋਈ ਰਾਹ ਨਹੀਂ ਲੱਭ ਰਿਹਾ। ਕਿਸ ਤਰ੍ਹਾਂ ਦੇ ਨਾਲ ਸੰਸਾਰ ਦੀ ਗਤੀ ਹੋਏਗੀ ਕਿਉਂਕਿ ਹਉਮੈ ਤੱਤ ਦੇ ਅਧੀਨ ਅਗਿਆਨ ਦੇ ਹਨ੍ਹੇਰੇ ਵਿਚ, ਚਿੱਕੜ ਵਿਚ ਫਸੇ ਹੋਏ ਜੀਵ ਹਾਹਾਕਾਰ ਮਚਾ ਰਹੇ ਹਨ -

***ਕਲਿ ਕਾਤੀ ਰਾਜੇ ਕਾਸਾਈ***<br>
***ਧਰਮੁ ਪੰਖ ਕਰਿ ਉਡਰਿਆ॥***<br>
***ਕੂੜੁ ਅਮਾਵਸ ਸਚੁ ਚੰਦ੍ਰਮਾ***<br>
***ਦੀਸੈ ਨਾਹੀ ਕਹ ਚੜਿਆ॥***<br>
***ਹਉ ਭਾਲਿ ਵਿਕੁੰਨੀ ਹੋਈ॥***<br>
***ਆਧੇਰੈ ਰਾਹੁ ਨ ਕੋਈ॥***<br>
***ਵਿਚਿ ਹਉਮੈ ਕਰਿ ਦੁਖੁ ਰੋਈ॥***<br>
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥***

***ਅੰਗ - 145***

ਸੋ ਇਸ ਕਲਜੁਗ ਦਾ ਅਸਰ ਛੋਟੇ ਬੜੇ ਸਾਰੇ ਘਰਾਂ ਵਿਚ ਪੂਰੀ ਤਰ੍ਹਾਂ ਨਾਲ ਰੋਮ-ਰੋਮ ਵਿਚ ਰਚ ਗਿਆ ਹੈ ਅਤੇ ਸੁਭਾਉ ਹੀ ਐਸੇ ਬਣ ਗਏ ਹਨ ਕਿ ਕਿਸੇ ਨਾਲ ਵੀ ਪਿਆਰ ਨਹੀਂ ਰਿਹਾ। ਕ੍ਰੋਧ, ਆਪ-ਹੁਦਰਾ-ਪਨ, ਮਨਮਤਿ ਦਾ ਐਸਾ ਪ੍ਰਭਾਵ ਪਿਆ ਹੈ ਕਿ ਪ੍ਰਵਾਰਿਕ ਧਰਮਾਂ ਨੂੰ ਛਿਕੇ ਤੇ ਟੰਗ ਕੇ ਬਿਲਕੁਲ ਹੀ ਭੁਲ ਗਏ ਹਨ। ਸ਼ਾਸ਼ਕ ਦੀ (ਰਾਜੇ ਦੀ) ਲੜਾਈ ਪਰਜਾ ਨਾਲ ਹੋ ਰਹੀ ਹੈ, ਪਿਤਾ ਨੂੰ ਪੁਤਰ ਬੁਰਾ ਭਲਾ ਕਹਿ ਰਿਹਾ ਹੈ, inefficient (ਨਾਲਾਇਕ) ਦੀ ਉਪਾਧੀ ਦੇ ਰਿਹਾ ਹੈ, ਆਪ ਆਪਣੀਆਂ ਮਨ ਮਰਜ਼ੀਆਂ ਕਰਕੇ ਮਾਤਾ ਪਿਤਾ ਦੇ ਸਤਿਕਾਰ ਤੋਂ ਬਿਲਕੁਲ ਹੀ ਵਾਂਝਾ ਹੋ ਚੁਕਿਆ ਹੈ। ਮਾਂ-ਬਾਪ ਉਸ ਨੂੰ ਪਿਆਰ ਕਰਦੇ ਹਨ ਪਰ ਪੁਤਰ ਆਪਣੇ ਪਰਵਾਰ ਵਿਚ ਰਚਿਆ ਹੋਇਆ ਕੋਈ ਪ੍ਰਵਾਹ ਨਹੀਂ ਕਰਦਾ, ਗੱਲ-ਗੱਲ ਤੇ ਝਗੜੇ ਕਰਦੇ ਹਨ। ਸਾਡੇ ਕੋਲ ਤਾਂ ਐਸੇ ਪ੍ਰੇਮੀ ਆਉਂਦੇ ਹਨ ਕਿ ਸਾਨੂੰ ਸਾਡੇ ਪੁਤਰ ਨੇ ਮਾਰਿਆ, ਘਰੋਂ ਕੱਢ ਦਿਤਾ। ਮਾਵਾਂ ਵੀ ਆਉਂਦੀਆਂ ਨੇ, ਪਿਤਾ ਵੀ ਆਉਂਦੇ ਹਨ। ਅੱਜ ਦੇ ਸਮੇਂ ਵਿਚ ਸਰਵਣ ਪੁੱਤਰ ਇਕ ਕਹਾਣੀ ਬਣ ਕੇ ਹੀ ਰਹਿ ਗਿਆ ਹੈ। ਪੁੱਤਰ ਆਪਣੇ ਪਰਿਵਾਰ ਵਿਚ ਰਚਿਆ ਮਾਂ ਬਾਪ ਨੂੰ ਇਕ ਵਾਧੂ ਬੋਝ ਸਮਝਣ ਲਗ ਗਿਆ ਹੈ। ਭਾਵੇਂ ਮਾਂ ਬਾਪ ਨੇ ਤਰਲੇ ਲੈ ਲੈ ਕੇ, ਪੈਸੇ ਮੰਗ-ਮੰਗ ਕੇ ਉਸ ਦੀ ਪੜ੍ਹਾਈ ਲਿਖਾਈ ਕਰਾਈ, ਉਸਨੂੰ ਸੰਸਾਰ ਵਿਚ ਇੱਜ਼ਤ ਤੇ ਮਾਣ ਪਾਉਣ ਦਾ ਸਾਧਨ ਪ੍ਰਦਾਨ ਕਰਿਆ ਪਰ ਉਹ ਮਾਂ ਬਾਪ ਨਾਲ hate (ਘਿਰਣਾ) ਕਰਦਾ ਹੈ ਅਤੇ ਆਪ ਕਹਿੰਦਾ ਹੈ ਕਿ ਇਨ੍ਹਾਂ ਗਰੀਬ ਮਾਂ-ਬਾਪ ਨੇ ਮੈਨੂੰ ਕੀ ਦਿਤਾ ਹੈ, ਮੈਂ ਤਾਂ ਆਪਣੀ ਮਿਹਨਤ ਨਾਲ ਪੜ੍ਹਿਆ ਹਾਂ। ਅੱਜ ਇਹ ਕਹਿ ਰਿਹਾ ਹੈ, ਕੱਲ ਨੂੰ ਏਸ ਦੀ ਔਲਾਦ ਨੇ ਇਹ ਉਪਾਧੀ ਇਸਨੂੰ ਬਖਸ਼ਣੀ ਹੈ।

ਪਿਛਲਿਆਂ ਸਮਿਆਂ ਵਿਚ ਸ੍ਰੀ ਰਾਮ ਚੰਦਰ ਜੀ ਦਾ ਆਪਣੇ ਭਰਾਵਾਂ ਨਾਲ ਕੀਤਾ ਪਿਆਰ ਸੰਸਾਰ ਨੂੰ ਮਾਰਗ ਦਰਸ਼ਨ ਕਰਾਉਂਦਾ ਸੀ। ਪੰਜੇ ਪਾਂਡਵਾਂ ਦਾ ਪਿਆਰ ਜਗਤ ਪ੍ਰਸਿੱਧ ਹੈ ਪਰ ਅੱਜ ਦਾ ਭਰਾ ਆਪਣੇ ਭਰਾ ਦਾ ਗਲਾ ਘੁਟ ਕੇ ਉਸ ਦੀ ਜਾਇਦਾਦ ਉਤੇ ਕਾਬਜ਼ ਹੋਣਾ ਲੋਚਦਾ ਹੈ ਅਤੇ ਆਪਣੇ ਸਤਿ ਧਰਮ ਨੂੰ ਛੱਡ ਕੇ ਆਪਣੀ ਮਾਂ ਵਰਗੀ ਭਰਜਾਈ ਨੂੰ ਦੋਖ ਦ੍ਰਿਸ਼ਟੀ ਨਾਲ ਤੱਕਦਾ ਹੈ। ਮਾਂ ਦੀ, ਆਪਣੀ ਬੇਟੀ ਨਾਲ ਲੜਾਈ ਹੈ। ਮਾਂ ਉਸਨੂੰ ਸ਼ੁਭ ਮਾਰਗ ਤੇ ਚਲਣ ਦੀ ਤਾਕੀਦ ਕਰਦੀ ਹੈ ਪਰ ਲੜਕੀ ਆਪਣੇ ਅੰਨ੍ਹੇ ਮਨ ਦੀ ਮੋਹੀ, ਮਾਂ ਦੀ ਇਕ ਨਹੀਂ ਸੁਣਦੀ। ਆਪਣੀ ਮਨਮਰਜ਼ੀ ਕਰਕੇ ਅਜਿਹੇ ਕੋਝੇ ਕੰਮ ਕਰਦੀ ਹੈ ਕਿ ਮਾਂ ਬਾਪ ਐਸੇ ਕੰਮਾਂ ਨੂੰ ਸਹਿਨ ਕਰਨ ਦੀ ਸਤ੍ਹਾ ਨਹੀਂ ਰੱਖਦੇ ਅਤੇ ਅਨੇਕਾਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਸੱਸ ਦੀ ਨੂੰਹ ਨਾਲ ਲੜਾਈ ਹੈ। ਸੱਸ ਉਸਨੂੰ ਘੱਟ ਦਾਜ

ਲਿਆਉਣ ਤੇ ਉਸਨੂੰ ਮਾਰਨਾ ਲੋਚਦੀ ਹੈ। ਨੂੰਹ ਸਮਾਂ ਲੰਘ ਜਾਣ ਤੇ ਸੱਸ ਤੋਂ ਪੂਰੀ ਤਰ੍ਹਾਂ ਬਦਲੇ ਲੈਂਦੀ ਹੈ। ਸਹੁਰੇ ਅਤੇ ਜਵਾਈ ਦੀ ਲੜਾਈ, ਸ਼ਰੀਕੇ ਦੀ ਆਪਸ ਵਿਚ ਲੜਾਈ, ਵੱਖਰੇ-ਵੱਖਰੇ ਮਜ਼੍ਹਬਾਂ ਦੀ ਜਾਨ ਮਾਰੂ ਲੜਾਈ ਜੋ ਮਹਾਨ ਖੂੰ-ਖਾਰ ਦਰਿੰਦਿਆਂ ਦੇ ਸੁਭਾਅ ਨੂੰ ਭੀ ਮਾਤ ਪਾ ਜਾਂਦੀ ਹੈ। ਹਜ਼ਾਰਾਂ ਬੇਕਸੂਰ ਲੋਕ ਬਗੈਰ ਕਿਸੇ ਦੋਸ਼ ਦੇ ਮਾਰੇ ਜਾਂਦੇ ਹਨ, ਜੁਗਗਰਦੀ ਵਰਤ ਜਾਂਦੀ ਹੈ, ਸਾਰੇ ਕਨੂੰਨ ਭੁਲ ਜਾਂਦੇ ਹਨ, ਇਕ ਤਰ੍ਹਾਂ ਨਾਲ ਦਰਿੰਦਗੀ ਦਾ ਦੌਰ-ਦੌਰਾ ਹੋ ਜਾਂਦਾ ਹੈ। ਅਜਿਹੇ ਵਾਤਵਰਨ ਵਿਚ ਮਨ ਦੀ ਸ਼ਾਂਤੀ ਪੂਰੀ ਤਰ੍ਹਾਂ ਨਾਲ ਭੰਗ ਹੋ ਜਾਂਦੀ ਹੈ ਅਤੇ ਆਪਣੇ ਆਪ ਨੂੰ ਨਰਕਾਂ ਦੀ ਅੱਗ ਵਿਚ ਸੜਦਾ ਮਹਿਸੂਸ ਕਰਦਾ ਹੈ।

ਅਜਿਹੇ ਕਲਜੁਗ ਦੇ ਚੁੰਗਲ ਵਿਚ ਫਸੇ ਹੋਏ ਲੋਕਾਂ ਦੀ ਬੇ-ਵਸੀ ਤੇ ਅੰਧਕਾਰਮਈ ਅਵਸਥਾ ਨੂੰ ਦੇਖ ਕੇ ਉਨ੍ਹਾਂ ਦੇ ਭਲੇ ਲਈ ਸਾਧੂ, ਸੰਤਾਂ, ਆਰਫਾਂ, ਬ੍ਰਹਮਗਿਆਨੀਆਂ, ਗੁਰੂਆਂ, ਪੀਰਾਂ, ਰਿਸ਼ੀਆਂ-ਮੁਨੀਆਂ ਨੂੰ ਭੇਜ ਕੇ ਐਸੇ ਅੰਧਕਾਰਮਈ ਸਮੇਂ ਵਿਚ ਪ੍ਰਕਾਸ਼ ਦੀ ਕਿਰਨ ਪ੍ਰਦਾਨ ਕਰਨ ਲਈ ਭੇਜਦਾ ਹੈ। ਪਾਰਬ੍ਰਹਮ ਪ੍ਰਮੇਸ਼ਰ ਨੇ ਧਰਤੀ ਦੀ ਪੁਕਾਰ ਸੁਣ ਕੇ ਆਪਣੇ ਆਪ ਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਸਰੂਪ ਵਿਚ ਪ੍ਰਗਟ ਕੀਤਾ ਜਿਨ੍ਹਾਂ ਨੇ ਪੁਰਾਣੇ ਕਠਿਨ ਮਾਰਗਾਂ, ਰੂਹਾਨੀ ਭੁਲ ਭੁਲਾਈਆਂ, ਯੋਗ ਦੀਆਂ ਕਸ਼ਟਦਾਇਕ ਮੁੰਦਰਾਵਾਂ ਨੂੰ ਵੇਖ ਕੇ ਬਹੁਤ ਹੀ ਸਹਿਲ ਮਾਰਗ ਦੀ ਸੋਝੀ ਦਿੰਦਿਆਂ ਫੁਰਮਾਇਆ ਹੈ -

***ਅਬ ਕਲੂ ਆਇਓ ਰੇ।।***  
***ਇਕੁ ਨਾਮੁ ਬੋਵਹੁ ਬੋਵਹੁ।।***  
***ਅਨ ਰੂਤਿ ਨਾਹੀ ਨਾਹੀ।।***  
***ਮਤੁ ਭਰਮਿ ਭੂਲਹੁ ਭੂਲਹੁ।।***

***ਅੰਗ - 1185***

ਆਪ ਨੇ ਗੁਰਸਿਖੀ ਦਾ ਭਗਤੀ ਮਾਰਗ ਪ੍ਰਚਲਤ ਕੀਤਾ ਜੋ ਕਿ ਅਜਿਹੇ ਬਿਖੜੇ ਜ਼ਮਾਨੇ ਦੇ ਮੁਤਾਬਿਕ ਬਹੁਤ ਹੀ ਸਹਿਲ ਸੀ। ਪਹਿਲੇ ਸਮਿਆਂ ਦੀਆਂ ਸਾਰੀਆਂ ਕਠਿਨ ਸਾਧਨਾਵਾਂ ਦੀ ਥਾਂ ਸੇਵਾ ਭਗਤੀ ਗਿਆਨ ਦਾ ਮਾਰਗ ਚਲਾਇਆ। ਗੁਰਬਾਣੀ ਦਾ ਪਾਠ, ਗੁਰਬਾਣੀ ਦਾ ਕੀਰਤਨ, ਗੁਰਬਾਣੀ ਦੀ ਵੀਚਾਰ ਅਤੇ ਸਾਧਨ ਪੱਖ ਵਿਚ ਨਾਮ ਦਾ ਸਿਮਰਨ ਪ੍ਰਚਲਤ ਕੀਤਾ ਅਤੇ ਪ੍ਰਭੂ ਦੇ ਪਿਆਰ ਦਾ ਹੋਕਾ ਦਿਤਾ। ਆਪ ਨੇ ਕਿਹਾ ਕਿ ਪ੍ਰਭੂ ਦੇ ਪਿਆਰ ਤੋਂ ਬਿਨਾਂ ਆਦਮੀ ਮੁਰਦਾ ਹੈ ਕਿਉਂਕਿ ਜੀਵਨ ਕਲਾ ਕੇਵਲ ਨਾਮ ਵਿਚ ਹੀ ਹੈ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।।***  
***ਨਾਨਕ ਅਵਰੁ ਨ ਜੀਵੈ ਕੋਇ।।***

***ਅੰਗ - 142***

ਦਸ ਜਾਮੇ ਧਾਰ ਕੇ ਆਪ ਨੇ ਇਸ ਗੁਰਮਤਿ ਮਾਰਗ ਨੂੰ ਪ੍ਰਚਲਤ ਕੀਤਾ ਅਤੇ ਬਹੁਤ ਸਾਰੀਆਂ ਸਿਮਰਨ ਦੀਆਂ ਜੁਗਤੀਆਂ ਰਾਹੀਂ ਗੁਰਸਿੱਖਾਂ ਦਾ ਉਧਾਰ ਕੀਤਾ। ਗੁਰੂ ਨਾਲ ਸਰੀਰਕ ਪਿਆਰ ਲਈ ਤਾਕੀਦ ਕੀਤੀ ਅਤੇ ਗੁਰੂ ਸਰੂਪ ਦਾ ਸਾਕਾਰ, ਸ਼ਬਦ ਪਰੀਪੂਰਨਤਾ ਦਾ ਧਿਆਨ ਲਾਜ਼ਮੀ ਕਰਾਰ ਦਿਤਾ। ਨਿਸ਼ਕਾਮ ਸੇਵਾ ਦੇ ਨਾਲ ਮਨ ਸ਼ੁੱਧ ਹੋ ਜਾਇਆ ਕਰਦਾ ਹੈ ਅਤੇ ਭਜਨ ਬੰਦਗੀ ਵਿਚ ਸ਼ੁੱਧ ਹੋਇਆ ਮਨ ਇਕਾਗਰਤਾ ਅਤੇ ਨਿਰੁਧ ਦੀ ਅਵਸਥਾ ਵਿਚ ਲੀਨ ਹੋ ਜਾਇਆ ਕਰਦਾ ਹੈ। ਸ਼ੁੱਧ ਮਨ ਵਿਚ ਰਿਧੀਆਂ ਸਿਧੀਆਂ ਦੀਆਂ ਸ਼ਕਤੀਆਂ ਪਿਛੇ ਲਗ ਤੁਰਦੀਆਂ ਹਨ ਪਰ ਸਤਿ ਦਾ ਜਗਿਆਸੂ ਇਨ੍ਹਾਂ ਵਲ ਨਿਗਾਹ ਚੁੱਕ ਕੇ ਵੀ ਨਹੀਂ ਦੇਖਦਾ।

***ਨਵਨਿਧੀ ਅਠਾਰਹ ਸਿਧੀ***  
***ਪਿਛੈ ਲਗੀਆ ਫਿਰਹਿ***  
***ਜੋ ਹਰਿ ਹਿਰਦੈ ਸਦਾ ਵਸਾਇ।।***

***ਅੰਗ - 649***

ਪੂਰਨ ਰੂਪ ਵਿਚ ਇਕਾਗਰ ਹੋਇਆ ਮਨ, ਬ੍ਰਹਮਗਿਆਨ ਦਾ ਅਧਿਕਾਰੀ ਹੋ ਜਾਇਆ ਕਰਦਾ ਹੈ। ਜਦੋਂ ਪ੍ਰਭੂ ਦੀ ਯਾਦ ਇਕ ਛਿੰਨ ਵਾਸਤੇ ਵੀ ਨਾ ਭੁੱਲੇ ਤਾਂ ਗੁਰੂ ਉਸ ਜਗਿਆਸੂ ਉਪਰ ਪ੍ਰਸੰਨ ਹੋ ਕੇ ਉਸਨੂੰ ਬ੍ਰਹਮਗਿਆਨ ਦੀ ਦਾਤ ਬਖਸ਼ ਦਿਆ ਕਰਦਾ ਹੈ ਅਤੇ ਜੀਵ ਅਤੇ ਪ੍ਰਭੂ ਦੇ ਭੇਦ ਨੂੰ ਮਿਟਾ ਕੇ ਇਸ ਜੀਵ ਨੂੰ ਹੀ ਪ੍ਰਭੂ ਦਾ ਰੂਪ ਬਣਾ ਦਿੰਦਾ ਹੈ -

***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***  
***ਸੋ ਗੁਰਸਿਖੁ ਗੁਰੂ ਮਨਿ ਭਾਵੈ।।***  
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***  
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।***  
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***  
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।***

***ਅੰਗ - 305***

ਦਸਵੇਂ ਜਾਮੇ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਨੇ ਖਾਲਸਾ ਪੰਥ ਚਲਾਇਆ, ਖਾਲਸੇ ਬਾਰੇ ਫੁਰਮਾਨ ਕਰਦਿਆਂ ਆਪ ਨੇ ਅੰਕਿਤ ਕੀਤਾ ਕਿ ਜਿਸ ਪ੍ਰੇਮੀ ਦੀ ਸੁਰਤਿ ਸੰਸਾਰਕ ਮੋਹ ਮਾਇਆ ਵਿਚੋਂ ਉਠ ਕੇ ਅੰਤਸ਼ਕਰਣ ਦੀਆਂ ਚਾਰੇ ਰੁਕਾਵਟਾਂ - ਮਨ, ਬੁੱਧੀ, ਚਿੱਤ ਅਤੇ ਅਹੰਭਾਵ ਤੋਂ ਉਚਾ ਉਠ ਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰ ਜਾਵੇ, ਉਹ ਖਾਲਸਾ ਪਦਵੀ ਦਾ ਹੱਕਦਾਰ ਹੈ ਅਤੇ ਉਹ ਮੇਰਾ ਤੇ ਪ੍ਰਭੂ ਦਾ ਖਾਸ ਰੂਪ ਹੋ ਕੇ ਅਭੇਦ ਹੋ ਜਾਂਦਾ ਹੈ -

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ॥ ਪ੍ਰਭ ਮਹਿ,*
*ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਪੰਜ ਪਿਆਰੇ ਜੋ ਪੰਚ ਪਰਵਾਨ ਅਭੇਦ ਅਵਸਥਾ ਵਾਲੀਆਂ ਰੂਹਾਂ ਸਨ, ਉਨ੍ਹਾਂ ਦੀਆਂ ਪ੍ਰਚਾਰ ਲਈ ਸ਼ਾਖਾਂ ਫੈਲੀਆਂ ਅਤੇ ਬਹੁਤ ਵਿਸਥਾਰ ਹੋਇਆ ਅਤੇ ਚੌਰਾਸੀ ਜਾਮੇ ਕਲਜੁਗ ਵਿਚ ਧਾਰ ਕੇ ਦੁਨੀਆਂ ਨੂੰ ਸ਼ਾਂਤ ਕਰਕੇ ਪਰਮ ਪਦ ਦੀ ਪ੍ਰਾਪਤੀ ਕਰਾਈ। ਜਨਮਸਾਖੀ ਵਿਚ ਆਉਂਦਾ ਹੈ - ਅਜਿਤੇ ਰੰਧਾਵੇ ਨੂੰ ਗੁਰੂ ਮਹਾਰਾਜ ਕਹਿੰਦੇ ਹਨ ਕਿ ਅਜਿਤਿਆ! ਦਸ ਜਾਮੇ ਤਾਂ ਪ੍ਰਤੱਖ ਗੁਰੂ ਸਰੂਪ ਵਿਚ ਵਰਤਣਗੇ ਅਤੇ 74 ਜਾਮੇ ਸੰਤ ਰੂਪ ਵਿਚ ਵਰਤ ਕੇ ਸੰਸਾਰ ਦਾ ਉਧਾਰ ਕੀਤਾ ਜਾਵੇਗਾ। 74 ਜਾਮਿਆਂ ਵਿਚ ਵੱਡੇ-ਵੱਡੇ ਮਹਾਂਪੁਰਸ਼ ਕਰਨੀ ਕਮਾਈਆਂ ਦੇ ਮਾਲਕ ਪੂਰਨ ਗਿਆਨਵਾਨ, ਕ੍ਰੋੜਾਂ ਲੋਕਾਂ ਮਨਮੁਖਾਂ ਦਾ ਉਧਾਰ ਕਰਕੇ ਪਰਮ ਪਦਵੀ ਤੇ ਪਹੁੰਚਾਉਣਗੇ ਅਤੇ ਦੋਜ਼ਕ ਦੀ ਅੱਗ ਤੋਂ ਬਚਾਉਣਗੇ।

ਪਹਿਲੇ ਜ਼ਮਾਨਿਆਂ ਵਿਚ ਲੋਕ ਪ੍ਰਾਣਾਯਾਮ (ਯੋਗ ਅਭਿਆਸ) ਦੇ ਬਲ ਦੇ ਨਾਲ ਆਪਣੇ ਪ੍ਰਾਣ ਰੋਕ ਕੇ ਮਨ ਨੂੰ ਇਕਾਗਰ ਕਰਿਆ ਕਰਦੇ ਸਨ ਅਤੇ ਦਸਮੇਂ ਦੁਆਰ ਵਿਚ ਸਥਿਤ ਕਰਦੇ ਸਨ। ਉਸ ਜ਼ਮਾਨੇ ਦੇ ਲੋਕਾਂ ਦੇ ਸਰੀਰ ਪੂਰੀ ਤਰ੍ਹਾਂ ਨਾਲ ਸਵੱਸਥ ਸਨ। ਬ੍ਰਹਮਚਰੀਆ ਦੇ ਅਸੂਲਾਂ ਤੇ ਪਹਿਰਾ ਦੇ ਕੇ ਆਪਣੇ ਬਲ ਨੂੰ ਕਾਇਮ ਰੱਖਦੇ ਸਨ ਜਿਸ ਨਾਲ ਉਨ੍ਹਾਂ ਦੀ ਜਿਸਮਾਨੀ ਅਤੇ ਦਿਮਾਗੀ ਹਾਲਤ ਪੂਰਨ ਸਵੱਸਥ ਹੋਣ ਕਰਕੇ ਕਠਿਨ ਸਾਧਨਾ ਨੂੰ ਸਿਰੇ ਚਾੜ੍ਹ ਲਿਆ ਕਰਦੇ ਸਨ। ਗੁਰੂ ਨਾਨਕ ਪਾਤਸ਼ਾਹ ਨੇ 'ਏਕਾ ਨਾਰੀ ਜਤੀ ਹੋਇ' ਦੇ ਗ੍ਰਹਿਸਤ ਦੇ ਅਸੂਲ ਨੂੰ ਮੁੱਖ ਰਖਦਿਆਂ ਸਿਮਰਨ ਮਾਰਗ ਨਾਲ ਹੀ ਚਿਤ ਦੀ ਇਕਾਗਰਤਾ ਤੇ ਬ੍ਰਹਮਗਿਆਨ ਦੀ ਪ੍ਰਾਪਤੀ ਕਰਾਈ ਅਤੇ ਸ਼ਬਦਿ ਨੂੰ ਸੁਰਤਿ ਨਾਲ ਲਾ ਕੇ ਆਗਿਆ ਚੱਕਰ, ਤ੍ਰਿਕੁਟੀ ਅਸਥਾਨ, ਦਸਮੇਂ ਦੁਆਰ, ਮਹਾਂ ਸੁੰਨ ਨੂੰ ਲੰਘਦਿਆਂ ਸਚਖੰਡ ਵਿਚ ਪ੍ਰਵੇਸ਼ ਕਰਾ ਕੇ ਅਗਮ, ਅਲੱਖ, ਅਕਹਿ, ਨਿਜਧਾਮ, ਸਵੈ ਸਰੂਪ ਵਿਚ ਪ੍ਰਵੇਸ਼ ਕਰਾ ਕੇ ਪ੍ਰਭੂ ਨਾਲ ਪੂਰਨ ਅਭੇਦਤਾ ਕਰਵਾਈ। ਇਸ ਸਰੀਰ ਵਿਚ ਬਹੁਤ ਸਾਰੇ energy centre (ਸ਼ਕਤੀ ਅਸਥਾਨ) ਜਿਵੇਂ ਕਿ ਗੁਦਾ ਚੱਕਰ, ਲਿੰਗ ਚੱਕਰ, ਨਾਭੀ ਚੱਕਰ, ਹਿਰਦਾ ਚੱਕਰ, ਕੰਠ ਚੱਕਰ - ਇਹ ਪਿੰਡ ਦੇ ਚੱਕਰ ਹਨ, ਇਸ ਤੋਂ ਅੱਗੇ ਦੋਏ ਨੇਤਰਾਂ ਦੇ ਮੱਧ ਵਿਚ ਤੀਸਰਾ ਤਿਲ, ਉਸ ਤੋਂ ਅੱਗੇ ਆਗਿਆ ਚੱਕਰ, ਤ੍ਰਿਕੁਟੀ ਸਥਾਨ, ਦਸਮ ਦੁਆਰ, ਮਾਇਆ ਤੋਂ ਰਹਿਤ ਸਚਖੰਡ ਦਾ ਮੰਡਲ ਅਤੇ ਪਰਮ ਅਵਸਥਾ ਅਗਮ, ਅਲੱਖ, ਅਕਹਿ ਨਿਜਧਾਮ ਹੀ ਹੈ ਜਿਸ ਦੀ ਪ੍ਰਾਪਤੀ ਲਈ ਪੂਰਨ ਅਭਿਆਸੀ, ਅਨੁਭਵੀ, ਤ੍ਰਿਗੁਣ ਅਤੀਤ, ਬ੍ਰਹਮਗਿਆਨੀ, ਅਭੇਦ ਅਵਸਥਾ ਦੇ ਮਹਾਂਪੁਰਖ ਦੀ ਅਗਵਾਈ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਵਿਚ ਰਹਿੰਦਿਆਂ ਅਤਿਅੰਤ ਜ਼ਰੂਰੀ ਹੈ।

ਮਨ ਦੀ ਇਕਾਗਰਤਾ ਲਈ ਮਹਾਂਪੁਰਸ਼ਾਂ ਪਾਸ ਆਪਣਾ ਨਿਜੀ ਅਨੁਭਵ ਜੋ ਕਠਿਨ ਘਾਲਣਾ ਕਰਕੇ ਪ੍ਰਾਪਤ ਹੋਇਆ ਹੁੰਦਾ ਹੈ, ਉਸ ਉਪਰ ਜਗਿਆਸੂ ਦੀ ਅਧਿਕਾਰਤਾ ਨੂੰ ਦੇਖਦਿਆਂ ਸਨੇ-ਸਨੇ ਮਾਰਗ ਦਸਦੇ ਉਸਨੂੰ ਉਪਰਲੀਆਂ ਮੰਜ਼ਲਾਂ ਵਿਚ ਪਹੁੰਚਾ ਦਿਆ ਕਰਦੇ ਹਨ। ਜਿਨ੍ਹਾਂ ਜੁਗਤੀਆਂ ਨੂੰ ਜਗਿਆਸੂ ਅਪਣਾਅ ਕੇ, ਬਿਰਤੀ ਨੂੰ ਅੰਤਰਮੁਖ ਕਰਕੇ ਸ਼ਕਤੀਆਂ ਅਤੇ ਗਿਆਨ ਅਤੇ ਵਾਹਿਗੁਰੂ ਦਾ ਮਿਲਾਪ ਆਸਾਨੀ ਨਾਲ ਹੋ ਜਾਇਆ ਕਰਦਾ ਹੈ, ਐਸੇ ਅਭੇਦ ਅਵਸਥਾ ਦੇ ਮਹਾਂਪੁਰਸ਼ ਬੇਅੰਤ ਜੀਵਾਂ ਦਾ ਉਧਾਰ ਕਰਦੇ ਆ ਰਹੇ ਹਨ -

***ਗੁਰਮੁਖਿ ਕੋਟਿ ਉਧਾਰਦਾ ਭਾਈ***
***ਦੇ ਨਾਵੈ ਏਕ ਕਣੀ॥ ਅੰਗ - 608***

ਸਿਮਰਨ ਗੁਰਮੰਤਰ ਦਾ ਕੀਤਾ ਜਾਂਦਾ ਹੈ। ਗੁਰਮੰਤਰ ਗੁਰਸਿਖੀ ਮਾਰਗ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਦੀ ਚਲਾਈ ਹੋਈ ਮਰਯਾਦਾ ਦੇ ਅਨੁਸਾਰ ਪੰਜ ਪਿਆਰਿਆਂ ਰਾਹੀਂ ਪ੍ਰਾਪਤ ਹੁੰਦਾ

ਹੈ। ਉਪਰੰਤ ਗੁਰਬਾਣੀ ਤਾਕੀਦ ਕਰਦੀ ਹੈ ਕਿ ਮਹਾਂਪੁਰਖਾਂ ਦੀ ਸੰਗਤ ਕਰਕੇ ਆਪਣਾ ਰੂਹਾਨੀ ਸਫਰ ਤਹਿ ਕੀਤਾ ਜਾਵੇ। ਬੈਖਰੀ ਬਾਣੀ, ਮਧਮਾ ਬਾਣੀ, ਪਸੰਤੀ ਬਾਣੀ, ਪਰਾ ਬਾਣੀ - ਚਾਰ ਕਿਸਮ ਦੀ ਬਾਣੀ ਹੁੰਦੀ ਹੈ। ਬੈਖਰੀ ਵਿਚ ਜਾਪ ਜ਼ਬਾਨ, ਬੁਲ੍ਹ ਅਤੇ ਖਿਆਲ ਨਾਲ ਕੀਤਾ ਜਾਂਦਾ ਹੈ। ਮਧਮਾ ਬਾਣੀ ਕੰਠ ਵਿਚ ਨਿਵਾਸ ਰੱਖਦੀ ਹੈ। ਇਸ ਵਿਚ ਸਿਮਰਨ ਬਿਨਾਂ ਜੀਭ ਹਿਲਾਏ, ਕੇਵਲ ਚਿਤ ਨੂੰ ਇਕਾਗਰ ਕਰਕੇ ਸ਼ਬਦ ਦੀ ਧੁਨ ਰਾਹੀਂ ਕੀਤਾ ਜਾਂਦਾ ਹੈ। ਪਸੰਤੀ ਬਾਣੀ ਦਾ ਨਿਵਾਸ ਹਿਰਦੇ ਵਿਚ ਹੋਇਆ ਕਰਦਾ ਹੈ। ਇਸ ਵਿਚ ਵਾਹਿਗੁਰੂ ਜੀ ਨਾਲ ਅੰਤਰ ਆਤਮੇ ਪਿਆਰ ਦੀ ਲਹਿਰ ਉਠਦੀ ਹੈ ਅਤੇ ਗੁਰ ਸ਼ਬਦ ਨੂੰ ਸਰਵਣ ਕੀਤਾ ਜਾਂਦਾ ਹੈ। ਪਰਾ ਬਾਣੀ ਦਾ ਨਿਵਾਸ ਨਾਭੀ ਵਿਚ ਹੋਇਆ ਕਰਦਾ ਹੈ ਜਿਥੇ ਪੂਰਨ ਤੌਰ ਦੇ ਉਤੇ deep silence ਹੋਇਆ ਕਰਦੀ ਹੈ, ਜਿਥੇ ਵਾਹਿਗੁਰੂ ਦੀ ਹਾਜ਼ਰੀ ਨੂੰ ਪੂਰੀ ਤਰ੍ਹਾਂ ਨਾਲ ਮਹਿਸੂਸ ਕਰਕੇ ਉਸ ਦੇ ਨਾਮ ਦੀ ਧੁਨ ਸੁਣੀ ਜਾਂਦੀ ਹੈ। ਇਸ ਥਾਂ ਉਪਰ ਫੁਰਨਾ ਪੂਰੀ ਤਰ੍ਹਾਂ ਨਾਲ ਸ਼ਾਂਤ ਹੋਇਆ ਹੁੰਦਾ ਹੈ।

ਬੈਖਰੀ ਬਾਣੀ ਨਾਲੋਂ ਮਧਮਾ ਬਾਣੀ ਦੇ ਸਿਮਰਨ ਦਾ ਫਲ ਦਸ ਗੁਣਾਂ ਵਧ ਜਾਂਦਾ ਹੈ, ਪਸੰਤੀ ਬਾਣੀ ਦਾ ਫਲ ਸੌ ਗੁਣਾਂ ਅਤੇ ਪਰਾ ਬਾਣੀ ਦਾ ਫਲ ਇਕ ਹਜ਼ਾਰ ਗੁਣਾ ਹੋਇਆ ਕਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਦਸ ਮਾਲਾ ਬੈਖਰੀ ਬਾਣੀ ਵਿਚ 'ਵਾਹਿਗੁਰੂ' ਦੇ ਨਾਮ ਦਾ ਸਿਮਰਨ ਕੀਤਾ ਜਾਵੇ ਤਾਂ ਪਰਾ ਬਾਣੀ ਵਿਚ ਸਿਰਫ ਇਕ ਵਾਰੀ ਕਹਿਣਾ ਉਸ ਦੇ ਬਰਾਬਰ ਹੋਇਆ ਕਰਦਾ ਹੈ। ਪਰਾ ਬਾਣੀ ਵਿਚ ਜਦੋਂ ਸਾਧਕ ਦੀ ਸਥਿਤੀ ਹੋ ਜਾਵੇ ਤਾਂ ਸੌਂਦਿਆਂ, ਜਾਗਦਿਆਂ, ਕੰਮ ਕਰਦਿਆਂ ਕਿਸੇ ਸਵਾਸ ਵਿਚ ਵੀ ਵਾਹਿਗੁਰੂ ਨਹੀਂ ਭੁਲਿਆ ਕਰਦਾ। ਜੇਕਰ ਕੋਈ ਦਿਮਾਗੀ ਕੰਮ ਕਰਨਾ ਪੈ ਜਾਵੇ ਤਾਂ ਵੀ ਨਾਮ ਦੀ Vibration (ਝਰਨਾਹਟ) ਸਰੀਰ ਵਿਚੋਂ ਉਠ ਕੇ ਰਸਨਾ ਰਾਹੀਂ ਨਾਮ ਜਪ ਹੋ ਜਾਇਆ ਕਰਦਾ ਹੈ। ਇਕ ਅਵਸਥਾ ਐਸੀ ਪ੍ਰਾਪਤ ਹੋ ਜਾਇਆ ਕਰਦੀ ਹੈ ਕਿ ਸੁਰਤਿ, ਨੀਂਦ ਵਿਚ ਬੇਹੋਸ਼ੀ ਵਿਚ ਨਹੀਂ ਆਉਂਦੀ। ਸਰੀਰ ਪੂਰੀ ਤਰ੍ਹਾਂ ਸੌਂ ਜਾਂਦਾ ਹੈ, ਆਪਣੇ ਚੌਗਿਰਦੇ ਤੋਂ ਬੇਖਬਰ ਹੁੰਦਾ ਹੈ ਪਰ ਸੁਰਤਿ ਦਾ ਵੇਗ ਨਾਮ ਦੇ ਰਸ ਵਿਚ ਪੂਰੀ ਤਰ੍ਹਾਂ ਲੀਨ ਹੋਇਆ ਕਰਦਾ ਹੈ। ਬਹਿੰਦਿਆਂ, ਉਠਦਿਆਂ, ਜਾਗਦਿਆਂ ਸਮ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਸੁਰਤਿ ਮੰਜ਼ਿਲ-ਦਰ-ਮੰਜ਼ਿਲ ਉਪਰ ਚੜ੍ਹਦੀ ਜਾਂਦੀ ਹੈ। ਪਰਾ ਬਾਣੀ ਤੋਂ ਉਤੇ ਸ਼ਬਦ ਦੀ ਧੁਨ ਆਪਣੇ ਆਪ ਹੀ ਆਗਿਆ ਚੱਕਰ ਵਿਚ ਪ੍ਰਵੇਸ਼ ਕਰਕੇ ਅਨਹਦ ਸ਼ਬਦ ਦੇ ਨਾਲ ਅਨੰਦਮਈ ਅਵਸਥਾ ਮਾਣਦੀ ਹੈ। ਆਗਿਆ ਚੱਕਰ ਤੋਂ ਉਪਰ ਤ੍ਰਿਕੁਟੀ ਦਾ ਸਥਾਨ ਆਉਂਦਾ ਹੈ। ਇਥੇ ਸ਼ਬਦ ਦੇ ਧਿਆਨ ਵਿਚ ਜਾਂ ਗੁਰੂ ਸਰੂਪ ਦੇ ਧਿਆਨ ਵਿਚ ਐਨੀ ਲੀਨਤਾ ਹੋ ਜਾਂਦੀ ਹੈ ਕਿ ਆਪਣਾ ਆਪ ਪੂਰੀ ਤਰ੍ਹਾਂ ਨਾਲ ਭੁੱਲ ਜਾਂਦਾ ਹੈ ਅਤੇ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਟੁੱਟ ਕੇ ਸੁਰਤਿ ਦਸਵੇਂ ਦੁਆਰ ਵਲ ਵਧਦੀ ਹੈ। ਇਸਦੇ ਮਾਰਗ ਵਿਚ ਸਹੰਸਰਾਰ ਦਲ ਕਮਲ ਜਿਸ ਦੀਆਂ ਹਜ਼ਾਰ ਪੱਤੀਆਂ ਹਨ ਅਤੇ ਬੇਅੰਤ ਪ੍ਰਕਾਸ਼ ਦਾ ਕੇਂਦਰ ਹੈ ਅਤੇ ਪੂਰਨ ਇਕਾਗਰਤਾ ਹੈ, ਇਸ ਅਸਥਾਨ ਉਤੇ ਰਿਧੀਆਂ ਸਿਧੀਆਂ, ਗੁਪਤ ਸ਼ਕਤੀਆਂ ਦਾ ਪ੍ਰਵਾਹ ਐਨੇ ਵੇਗ ਨਾਲ ਪ੍ਰਵਾਹਿਤ ਹੁੰਦਾ ਹੈ ਜਿਸ ਵਿਚ ਹੜ੍ਹ ਆਏ ਦਰਿਆ ਵਾਂਗੂੰ ਜਗਿਆਸੂ ਰੁੜ੍ਹ ਜਾਂਦਾ ਹੈ। ਇਹ ਅਵਸਥਾ ਬਹੁਤ ਹੀ ਧਿਆਨ ਮੰਗਦੀ ਹੈ। ਅਨੁਭਵੀ ਮਹਾਂਪੁਰਸ਼, ਜਗਿਆਸੂ ਦੀ ਇਸ ਅਵਸਥਾ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਆਪਣੀ ਪੂਰਨ ਕ੍ਰਿਪਾ ਦੇ ਨਾਲ ਇਨ੍ਹਾਂ ਸ਼ਕਤੀਆਂ ਦੇ ਵੇਗ ਵਿਚ ਰੁੜ੍ਹਨ ਤੋਂ ਜਗਿਆਸੂ ਨੂੰ ਬਚਾ ਲਿਆ ਕਰਦੇ ਹਨ ਕਿਉਂਕਿ ਇਹ ਮਾਇਆ ਦੇ ਮੰਡਲ ਦੀ ਆਖਰੀ ਹੱਦ ਹੋਇਆ ਕਰਦੀ ਹੈ। ਜਾਂ ਇਉਂ ਕਹਿ ਲਵੋ, ਇਸ ਅਸਥਾਨ ਉਪਰ ਮਹਾਂ ਪ੍ਰਬਲ ਕਾਲ ਚੱਕਰ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਬਾਰ-ਬਾਰ ਪ੍ਰਭੂ ਤੋਂ, ਅਵਿਅਕਤ ਰੂਪ ਗੁਰੂਆਂ ਅਤੇ ਮਹਾਂਪੁਰਸ਼ਾਂ ਤੋਂ ਸਹਾਇਤਾ ਲੈਣੀ ਪੈਂਦੀ ਹੈ ਕਿਉਂਕਿ ਇਹ ਮੰਡਲ ਲੰਘਦੀ ਸਾਰ ਦਸਮੇਂ ਦੁਆਰ ਵਿਚ ਪ੍ਰਵੇਸ਼ ਹੋ ਜਾਂਦਾ ਹੈ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ॥*
*ਅੰਗ - 1414*

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ*
*ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕੁ*
*ਸਤਿਗੁਰਿ ਮਿਲਿਐ ਧਾਵਤੁ ਥੰਮਿਆ*
*ਨਿਜ ਘਰਿ ਵਸਿਆ ਆਏ॥*
*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥*
*ਮੂਲੁ ਪਛਾਣਹਿ ਤਾਂ ਸਹੁ ਜਾਣਹਿ*
*ਮਰਣ ਜੀਵਣ ਕੀ ਸੋਝੀ ਹੋਈ॥*
*ਗੁਰ ਪਰਸਾਦੀ ਏਕੋ ਜਾਣਹਿ*
*ਤਾਂ ਦੂਜਾ ਭਾਉ ਨ ਹੋਈ॥*
*ਮਨਿ ਸਾਂਤਿ ਆਈ ਵਜੀ ਵਧਾਈ*
*ਤਾ ਹੋਆ ਪਰਵਾਣੁ॥*
*ਇਉ ਕਹੈ ਨਾਨਕੁ*
*ਮਨ ਤੂੰ ਜੋਤਿ ਸਰੂਪੁ ਹੈ*
*ਅਪਣਾ ਮੂਲੁ ਪਛਾਣੁ॥*

***ਅੰਗ** - 440-41*

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦੁ ਸੁਣਾਵਣਿਆ॥*

***ਅੰਗ** - 124*

ਭਾਈ ਗੁਰਦਾਸ ਜੀ ਨੇ ਇਸ ਦੇ ਬਾਰੇ ਆਪਣੇ ਕਬਿਤ ਸਵੱਯੀਆਂ ਵਿਚ ਫੁਰਮਾਨ ਕਰਦਿਆਂ ਦਸਮ ਦੁਆਰ ਦੇ ਬਾਰੇ ਪ੍ਰਕਾਸ਼ ਪਾਇਆ ਹੈ -

*ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੋ,*
*ਗੁਰਮੁਖਿ ਪਾਵੈ ਸੁ ਤੇ ਅਨਤ ਨ ਪਾਵਈ।*
*ਉਨਮਨੀ ਜੋਤਿ ਪਟੰਤਰ ਦੀਜੈ*
*ਕੌਣ ਜੋਤਿ,*
*ਦਯਾ ਕੈ ਦਿਖਾਵੈ ਜਾਹੀ*
*ਤਾਹੀ ਬਨ ਆਵਈ।*
*ਅਨਹਦ ਨਾਦ ਸਮਸਰ ਨਾਦ ਬਾਦ ਕੌਨ,*
*ਸ੍ਰੀ ਗੁਰੂ ਸੁਨਾਵੈ*
*ਜਾਹਿ ਸੋਈ ਲਿਵ ਲਾਵਈ।*
*ਨਿਝਟ ਅਪਾਰ ਧਾਰ ਤੁਲ ਨ ਅੰਮ੍ਰਿਤ ਰਸ,*
*ਅਪਿਉ ਪੀਆਵੈ*
*ਜਾਹਿ ਤਾਹੀ ਮੈ ਸਮਾਵਈ।*

*(ਕਬਿੱਤ ਭਾਈ ਗੁਰਦਾਸ ਜੀ)*

ਗੁਰੂ ਮਹਾਰਾਜ ਨੇ ਇਕ ਥਾਂ ਇਸੇ ਅਸਥਾਨ ਬਾਰੇ ਫੁਰਮਾਨ ਕੀਤਾ ਹੈ -

*ਸਤਿਗੁਰ ਸਬਦਿ ਉਜਾਰੋ ਦੀਪਾ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲੀ ਅਨੂਪਾ॥*
*ਬਿਸਮਨ ਬਿਸਮ ਭਏ ਜਉ ਪੇਖਿਓ*
*ਕਹਨੁ ਨ ਜਾਇ ਵਡਿਆਈ॥*
*ਮਗਨ ਭਏ ਊਹਾ ਸੰਗਿ ਮਾਤੇ*
*ਓਤਿ ਪੋਤਿ ਲਪਟਾਈ॥*
*ਆਲ ਜਾਲ ਨਹੀ ਕਛੂ ਜੰਜਾਰਾ*
*ਅਹੰਬੁਧਿ ਨਹੀ ਭੋਰਾ॥*
*ਊਚਨ ਊਚਾ ਬੀਚੁ ਨ ਖੀਚਾ*
*ਹਉ ਤੇਰਾ ਤੂੰ ਮੋਰਾ॥*
*ਏਕੰਕਾਰੁ ਏਕੁ ਪਾਸਾਰਾ*
*ਏਕੈ ਅਪਰ ਅਪਾਰਾ॥*
*ਏਕੁ ਬਿਸਥੀਰਨੁ ਏਕੁ ਸੰਪੂਰਨੁ*
*ਏਕੈ ਪ੍ਰਾਨ ਅਧਾਰਾ॥*
*ਨਿਰਮਲ ਨਿਰਮਲ ਸੂਚਾ ਸੂਚੋ*
*ਸੂਚਾ ਸੂਚੋ ਸੂਚਾ॥*
*ਅੰਤ ਨ ਅੰਤਾ ਸਦਾ ਬੇਅੰਤਾ*
*ਕਹੁ ਨਾਨਕ ਊਚੋ ਊਚਾ॥*

***ਅੰਗ** - 821*

ਇਸ ਅਸਥਾਨ ਦੀ ਪ੍ਰਾਪਤੀ ਵਿਚ ਪ੍ਰੇਮ ਦਾ ਅੰਮ੍ਰਿਤ ਰਸ ਝਰਦਾ ਹੈ ਅਤੇ ਕੰਵਲ ਸਿੱਧਾ ਹੋ ਕੇ ਪਰਮ ਅਨੰਦ ਦੇ ਲਹਿਰੇ ਮਾਰਦਾ ਹੈ। ਸਰੀਰ, ਦੁਨੀਆਂ, ਸਾਰੇ ਦੁਖ-ਸੁਖ ਭੁਲ ਕੇ ਪੂਰਨ ਵਿਸਮਾਦੀ, ਅਨੰਦ ਦੀ ਅਵਸਥਾ, ਜੋਤਿ ਪ੍ਰਕਾਸ਼ ਹੋ ਜਾਂਦੀ ਹੈ ਜਿਸ ਦੀ ਮਹਿਮਾ ਕਹਿਣ ਤੇ ਕਥਨ ਤੋਂ ਬਾਹਰ ਹੈ। ਭਾਈ ਗੁਰਦਾਸ ਜੀ ਆਪਣੇ ਕਬਿੱਤ ਨੰ: 33 ਵਿਚ ਇਸ ਅਵਸਥਾ ਦਾ ਨਿਰੂਪਣ ਕਰਦੇ ਫੁਰਮਾਉਂਦੇ ਹਨ -

*ਚਰਨ ਕਮਲ ਭਜ ਕਮਲ ਪ੍ਰਗਾਸ ਭਏ,*
*ਦਰਸ ਦਰਸ ਸਮ ਦਰਸ ਦਿਖਾਏ ਹੈਂ।*
*ਸਬਦ ਸੁਰਤਿ ਅਨਹਦ ਲਿਵਲੀਨ ਭਏ,*

*ਉਨਮਨ ਮਗਨ ਗਗਨ ਪੁਰ ਛਾਏ ਹੈਂ।*
*ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ,*
*ਅਤਿ ਅਸਚਰਜ ਮੈ ਹੇਰਤ ਹਿਰਾਏ ਹੈਂ।*
*ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ,*
*ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ।*
*(ਕਬਿੱਤ, ਭਾਈ ਗੁਰਦਾਸ ਜੀ)*

ਇਸ ਤੋਂ ਉਪਰਲੀਆਂ ਅਵਸਥਾਵਾਂ ਪਰਮ ਅਨੁਭਵੀ, ਪੂਰਨ ਅਭਿਆਸੀ ਦੀ ਮਦਦ ਨਾਲ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚ ਸੁਰਤਿ, ਸੁੰਨ ਮੰਡਲ ਤੋਂ ਹੁੰਦੀ ਹੋਈ ਸਚਖੰਡ ਵਿਚ ਪਹੁੰਚ ਕੇ ਪਰਮ ਧਾਮ ਜਾ ਨਿਵਾਸ ਕਰਦੀ ਹੈ ਅਤੇ ਤੱਤੂ ਦਾ ਪੂਰਨ ਗਿਆਨ ਹੋ ਜਾਣ ਨਾਲ ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਪ੍ਰਮੇਸ਼ਰ ਦਾ ਸਾਕਾਰ ਰੂਪ, ਬ੍ਰਹਮਗਿਆਨੀ ਹੋ ਜਾਇਆ ਕਰਦਾ ਹੈ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
***ਅੰਗ** - 273*

ਇਸ ਅਵਸਥਾ ਵਿਚ ਸਰੀਰਕ ਕ੍ਰਿਆ ਹੁਕਮ ਅਧੀਨ ਹੁੰਦੀ ਹੈ। ਉਸ ਨੂੰ ਕਿਸੇ ਕਰਮ ਦੇ ਕਰਨ ਦੀ ਲੋੜ ਨਹੀਂ ਰਹਿੰਦੀ, ਉਹ ਅ-ਕਰਤਾ ਅਵਸਥਾ ਵਿਚ ਪਹੁੰਚ ਜਾਂਦਾ ਹੈ, ਮੁੜ ਉਸ ਤੇ ਕਾਲ ਦਾ ਪਰਛਾਵਾਂ ਭੀ ਨਹੀਂ ਪੈਂਦਾ -

*ਜਾਪ ਮਰੇ ਅਜਪਾ ਮਰੇ*
*ਅਨਹਦ ਭੀ ਮਰ ਜਾਏ।*
*ਸੁਰਤਿ ਸਮਾਨੀ ਸਬਦਿ ਮਹਿ*
*ਤਾ ਕੌ ਕਾਲ ਨ ਖਾਏ।*

ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਪੂਰੀ ਜੁਗਤ ਵਾਲੇ ਮਹਾਂਪੁਰਸ਼ ਦੀ ਲੋੜ ਹੈ -

*ਨਾਨਕ ਸਤਿਗੁਰਿ ਭੇਟਿਐ*
*ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ॥*
***ਅੰਗ** - 522*

ਐਨੇ ਬਚਨ ਕਰਕੇ ਮਹਾਂਪੁਰਸ਼ਾਂ ਨੇ ਫੁਰਮਾਇਆ ਕਿ ਪਿਛਲੇ ਦਿਨਾਂ ਦੀ ਸਾਰੀ ਵਿਚਾਰ ਦਾ ਅੰਸ਼ ਮਾਤਰ ਤੁਸੀਂ ਸਰਵਣ ਕਰਿਆ ਹੈ। ਇਨ੍ਹਾਂ ਵਿਚਾਰਾਂ ਨੂੰ ਅੰਤਿਰੰਗ ਸਤਿਸੰਗ ਰਾਹੀਂ ਆਪਣੇ ਅੰਦਰ ਧਾਰਨ ਕਰੋ ਅਤੇ ਆਪਣੇ ਜੀਵਨ ਮਨੋਰਥ -

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
***ਅੰਗ** - 12*

ਨੂੰ ਪ੍ਰਾਪਤ ਕਰੋ।

ਮਹਾਂਪੁਰਸ਼ਾਂ ਦੀ ਰਸਨਾ ਤੋਂ ਅਜਿਹੇ ਅਮੋਲਕ ਬਚਨ ਸੁਣ ਕੇ ਸਰੋਤੇ ਜਨਾਂ ਦੀਆਂ ਇਕ ਤਰ੍ਹਾਂ ਨਾਲ ਸਮਾਧੀਆਂ ਹੀ ਲਗ ਗਈਆਂ ਅਤੇ ਸਾਰਿਆਂ ਨੂੰ ਇਸੇ ਤਰ੍ਹਾਂ ਹੀ ਮਹਿਸੂਸ ਹੋਇਆ ਕਿ ਅਸਾਡੇ ਤੁਛ ਕਰਮਾਂ ਤੇ 'ਸਦਾ ਸਦਾ ਦਇਆਲ' ਪ੍ਰਭੂ ਨੇ ਮਹਾਂਪੁਰਸ਼ਾਂ ਦੀ ਸੰਗਤ ਬਖਸ਼ ਦਿਤੀ। ਸਾਰੇ ਸਰੋਤਿਆਂ ਨੂੰ ਇਕ ਤਰ੍ਹਾਂ ਨਾਲ ਇਹ ਪੂਰਨ ਰੂਪ ਵਿਚ ਭੁੱਲ ਚੁਕਿਆ ਸੀ ਕਿ ਸਾਡੇ ਵਿਚ ਕੌਣ ਕਿਸ ਸੰਪਰਦਾ ਦਾ ਹੈ ਤੇ ਕੌਣ ਕਿਸ ਮਹਾਂਪੁਰਸ਼ ਦੇ ਲੜ ਲੱਗਿਆ ਹੋਇਆ ਹੈ। ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਗਿਆ ਅਤੇ ਆਪ ਆਪਣੇ ਨਿਜ ਅਸਥਾਨ ਤੇ ਚਲੇ ਗਏ। ਪਿਛੋਂ ਸਾਰੇ ਜਗਿਆਸੂਆਂ ਨੇ ਇਸ ਵਿਚਾਰ ਲਈ ਮਹਾਂਪੁਰਸ਼ਾਂ ਦਾ ਧੁਰ ਅੰਦਰੋਂ ਸੱਚੇ ਦਿਲ ਨਾਲ ਧੰਨਵਾਦ ਕੀਤਾ।

'ਆਤਮ ਮਾਰਗ' ਤੇ ਚੱਲਣ ਨਾਲ ਇਹ ਸਾਰੇ ਬਚਨ, ਯਾਦ-ਦਾਸ਼ਤ ਦੀ ਪੱਟੀ ਤੋਂ ਅੱਖਰਾਂ ਦਾ ਰੂਪ ਧਾਰਨ ਕਰਕੇ, ਅਨੇਕਾਂ ਹੀ ਜਗਿਆਸੂ, ਮਹਾਂਪੁਰਸ਼ਾਂ ਦੇ ਬਚਨਾਂ ਦੇ ਪ੍ਰਕਾਸ਼ ਵਿਚ, ਆਪਣਾ ਮਾਰਗ ਦਰਸ਼ਨ ਕਰਕੇ, ਆਪਣੇ ਪਰਮ ਮਨੋਰਥ ਨੂੰ ਪ੍ਰਾਪਤ ਕਰਨ ਲਈ, ਸਾਵਧਾਨ ਹੋ ਕੇ ਆਪਣੇ ਉਧਾਰ ਲਈ ਵਾਹਿਗੁਰੂ ਜੀ ਪਾਸ ਅਰਦਾਸ ਕਰਨਗੇ ਤੇ ਇਸ ਕਲਜੁਗ ਦੇ ਜਲਦੇ ਬਲਦੇ ਜੁਗ ਦੇ ਅੰਦਰ ਦੂਰ-ਦਰਾਜ਼ ਬੈਠੇ ਪ੍ਰੇਮੀ ਭੀ ਲਾਹਾ ਪ੍ਰਾਪਤ ਕਰ ਰਹੇ ਹੋਣਗੇ।

# ਸੰਤ ਬਚਨ
## (ਭਾਗ ਦੂਜਾ)

ਅਗਲਾ ਦਿਨ ਆਇਆ, ਲਗਨ ਵਾਲੇ ਜਗਿਆਸੂ ਸਮੇਂ ਤੋਂ ਪਹਿਲਾਂ ਹੀ ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ) ਰਾੜੇ ਸਾਹਿਬ ਵਾਲਿਆਂ ਦੇ ਰਿਹਾਇਸ਼ ਅਸਥਾਨ, ਕੋਠੀ ਸ. ਅਜਮੇਰ ਸਿੰਘ ਜੀ ਰੈਵੀਨਿਉ ਮਨਿਸਟਰ, ਸੈਕਟਰ 10 ਵਿਚ ਇਕੱਤਰ ਹੋ ਗਏ ਅਤੇ ਬਾਰ-ਬਾਰ ਆਪਣੀਆਂ ਘੜੀਆਂ ਦੇਖਦੇ ਉਹ ਮਹਾਂਪੁਰਸ਼ਾਂ ਦਾ ਇੰਤਜ਼ਾਰ ਕਰ ਰਹੇ ਸਨ। ਕੋਨੇ ਵਾਲੇ ਕਮਰੇ ਦਾ ਦਰਵਾਜ਼ਾ ਖੁਲ੍ਹਿਆ। ਕੋਠੀ ਦੇ ਅੱਗੇ ਬੈਠੇ ਪ੍ਰੇਮੀਆਂ ਨੇ ਦੇਖਿਆ ਅਤੇ ਮਹਾਂਪੁਰਸ਼ਾਂ ਦੇ ਸਤਿਕਾਰ ਲਈ ਸ਼ਰਧਾਪੂਰਵਕ ਖੜ੍ਹੇ ਹੋ ਗਏ ਜੋ ਉਸ ਕਮਰੇ ਵਿਚੋਂ ਆਹਿਸਤਾ-ਆਹਿਸਤਾ ਸਾਰਿਆਂ ਵੱਲ ਕ੍ਰਿਪਾ ਦ੍ਰਿਸ਼ਟੀ ਕਰਦੇ ਹੋਏ ਆਪਣੀ ਕੁਰਸੀ ਵਲ ਬਿਰਾਜਮਾਨ ਹੋਏ। ਸਾਰੀਆਂ ਸੰਗਤਾਂ ਦਾ ਸੀਸ ਪਿਆਰ ਅਤੇ ਸਤਿਕਾਰ ਨਾਲ ਝੁਕਿਆ। ਜਦੋਂ ਸਾਰੇ ਆਪੋ ਆਪਣੇ ਥਾਂ ਬੈਠ ਗਏ ਤਾਂ ਮਹਾਂਪੁਰਸ਼ ਸਭਨਾਂ ਵਲ ਦੇਖ ਕੇ ਮੁਸਕਰਾਏ ਅਤੇ ਕਿਹਾ ਕਿ ਅੱਜ ਕੀ ਪ੍ਰਸ਼ਨ ਲੈ ਕੇ ਆਏ ਹੋ? ਮੁਖ ਬੁਲਾਰੇ ਕਹਿਣ ਲਗੇ ਕਿ ਮਹਾਰਾਜ ਜੀ! ਬਚਨ ਤਾਂ ਆਪ ਤੋਂ ਪਿਛਲੇ ਦਸਾਂ ਦਿਨਾਂ ਵਿਚ ਐਨੇ ਸਰਵਣ ਕਰ ਚੁਕੇ ਹਾਂ ਜੋ ਸਾਡੀ ਸਾਰੀ ਜ਼ਿੰਦਗੀ ਲਈ ਹੀ ਬਹੁਤ ਹਨ ਪਰ ਆਪ ਜੀ ਜਾਣਦੇ ਹੀ ਹੋ ਕਿ ਆਦਮੀ ਦੇ ਅੰਦਰ ਹੋਰ-ਹੋਰ ਜਾਨਣ ਦੀ ਲੋਚਾ ਲਗੀ ਹੀ ਰਹਿੰਦੀ ਹੈ। ਜਿਸ ਤਰ੍ਹਾਂ ਦੇ ਨਾਲ ਪੈਸਾ ਕਮਾਉਣ ਵਾਲੇ ਸੰਤੁਸ਼ਟ ਨਹੀਂ ਹੁੰਦੇ ਅਤੇ ਸੰਤੋਖ ਧਾਰਨ ਨਹੀਂ ਕਰਦੇ, ਇਸੇ ਤਰ੍ਹਾਂ ਨਾਲ ਮਨ ਦੇ ਅੰਦਰ ਹੋਰ ਜਾਨਣ-ਹੋਰ ਜਾਨਣ ਦੀ ਲਾਲਸਾ ਲਗੀ ਰਹਿੰਦੀ ਹੈ ਭਾਵੇਂ ਪਹਿਲਾ ਜਾਣਿਆ ਭੁੱਲ ਹੀ ਕਿਉਂ ਨਾ ਜਾਵੇ। ਅਸੀਂ ਬਹੁਤ ਕੁਛ ਆਪ ਜੀ ਤੋਂ ਉਚੀਆਂ ਮੰਜ਼ਲਾਂ ਬਾਰੇ ਪੁੱਛ ਚੁੱਕੇ ਹਾਂ ਜਿਸ ਦੀ ਕਮਾਈ ਪੂਰਨ ਮਹਾਂਪੁਰਸ਼ਾਂ ਦੀ ਮਿਹਰ ਤੋਂ ਬਗੈਰ ਅਸੰਭਵ ਹੀ ਹੈ। ਅਸੀਂ ਆਪ ਦੇ ਦੱਸੇ ਦੇ ਮੁਤਾਬਿਕ ਕਈ ਦਿਨਾਂ ਤੋਂ ਅੰਮ੍ਰਿਤ ਵੇਲੇ ਉਠ ਕੇ ਸਾਧਨ ਵੀ ਕਰਦੇ ਹਾਂ, ਅੰਦਰ ਲਗਨ ਵੀ ਲੱਗੀ ਹੋਈ ਹੈ ਪਰ ਮਨ ਦੀਆਂ ਉਡਾਰੀਆਂ ਨੂੰ ਅਸੀਂ ਰੋਕ ਨਹੀਂ ਸਕਦੇ। ਇਹ ਅਨੇਕਾਂ ਕਿਸਮਾਂ ਦੇ ਖਿਆਲਾਂ ਦੇ ਨਾਲ ਹਿਰਦੇ ਨੂੰ ਗੰਧਲ੍ਹਾ ਰਖਦਾ ਹੈ। ਪਤਾ ਹੀ ਨਹੀਂ ਲਗਦਾ ਕਿ ਕਦੋਂ ਮਨ ਨੇ ਉਡਾਰੀ ਮਾਰੀ, ਕਿਥੇ ਚਲਿਆ ਗਿਆ ਅਤੇ ਕਿੰਨੀ ਦੇਰ ਬਾਅਦ ਵਾਪਸ ਪਰਤਿਆ।

ਇਕ ਪ੍ਰੇਮੀ ਨੇ ਕਿਹਾ ਕਿ ਮਹਾਰਾਜ ਜੀ ਮੈਂ ਬਹੁਤ ਸਾਵਧਾਨੀ ਨਾਲ 'ਜਪੁਜੀ ਸਾਹਿਬ' ਦਾ ਪਾਠ ਸ਼ੁਰੂ ਕਰਦਾ ਹਾਂ, ਮੈਨੂੰ ਬਹੁਤ ਹੈਰਾਨੀ ਹੁੰਦੀ ਹੈ ਕਿ ਐਨਾ ਸਾਵਧਾਨ ਹੋਣ ਦੇ ਬਾਵਜੂਦ ਵੀ ਮਨ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਜਾ ਕੇ ਪ੍ਰਵੇਸ਼ ਕਰ ਲੈਂਦਾ ਹੈ ਕਿ ਮੈਂ ਬੈਖਰੀ ਬਾਣੀ ਨਾਲ ਬਾਣੀ ਪੜ੍ਹਦਾ ਰਹਿੰਦਾ ਹਾਂ, ਜਪੁਜੀ ਸਾਹਿਬ ਪੂਰਾ ਹੋ ਜਾਂਦਾ ਹੈ, ਤਾਂ ਜਾ ਕੇ ਮੈਨੂੰ ਪਤਾ ਲਗਦਾ ਹੈ ਕਿ ਮੈਂ 'ਜਪੁਜੀ ਸਾਹਿਬ' ਪੂਰਾ ਪੜ੍ਹ ਲਿਆ ਹੈ ਪਰ ਮੇਰੇ ਮਨ ਅੰਦਰ ਵਿਚਾਰ ਸ਼ੁਰੂ ਹੋ ਜਾਂਦੀ ਹੈ ਕਿ ਤੂੰ ਜਪੁਜੀ ਸਾਹਿਬ ਪੂਰਾ ਨਹੀਂ ਪੜ੍ਹਿਆ ਕਿਉਂਕਿ 'ਜਪੁਜੀ ਸਾਹਿਬ' ਦੇ ਪਾਠ ਦੇ ਅੰਦਰ ਬਹੁਤ ਸਾਰੀਆਂ ਪਉੜੀਆਂ ਦੀਆਂ ਅੰਤਲੀਆਂ ਤੁਕਾਂ ਮਿਲਦੀਆਂ ਹਨ। ਕਈ ਵਾਰੀ ਮੈਂ ਦੇਖਿਆ ਹੈ ਕਿ ਮੈਂ - ***'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥'*** ਦੀ ਇਕੋ ਪਉੜੀ ਪੜ੍ਹ ਕੇ ***'ਜੇ ਜੁਗ ਚਾਰੇ ਆਰਜਾ'*** ਵਿਚ ਚਲਿਆ ਜਾਂਦਾ ਹਾਂ। ***'ਸੁਣਿਐ'*** ਦੀ ਇਕ ਪਉੜੀ ਪੜ੍ਹ ਕੇ, ***'ਮੰਨੈ'*** ਦੀ ਪਉੜੀ ਵਿਚ ਚਲਿਆ ਜਾਂਦਾ ਹਾਂ, ***'ਵਾਰਿਆ ਨ ਜਾਵਾ ਏਕ ਵਾਰ'*** ਦੀ ਪਹਿਲੀ ਪਉੜੀ ਪੜ੍ਹ ਕੇ ਹੀ ***'ਭਰੀਐ ਹਥੁ ਪੈਰੁ ਤਨੁ ਦੇਹ॥'*** ਦੀ ਪਉੜੀ ਤੇ ਚਲਿਆ ਜਾਂਦਾ ਹਾਂ। ਇਸੇ ਤਰ੍ਹਾਂ ਨਾਲ ***'ਸੋ ਦਰੁ'*** ਦੀ ਪਉੜੀ ਤਕ ਪਹੁੰਚਿਆਂ, ਵਿਚੋਂ ਛੱਡ ਹੀ ਜਾਂਦਾ ਹਾਂ। ਉਪਰੰਤ ***'ਤੂ ਸਦਾ ਸਲਾਮਤਿ ਨਿਰੰਕਾਰ'*** ਵਾਲੀ ਇਕੋ ਪਉੜੀ ਪੜ੍ਹ ਕੇ ***'ਇਕ ਦੂ ਜੀਭੌ ਲਖ ਹੋਹਿ'*** ਤੇ ਪਹੁੰਚ ਜਾਂਦਾ ਹਾਂ। ਅੱਗੇ ***'ਸਰਮ ਖੰਡ'*** ਦੀ ਪਉੜੀ ਵਿਚ ਜਦੋਂ ***'ਜੇ ਕੋ ਕਹੈ ਪਿਛੈ ਪਛੁਤਾਇ॥'*** ਪੜ੍ਹ ਕੇ ***'ਕਾਗਦਿ ਕਲਮ ਨ ਲਿਖਣਹਾਰੁ॥'*** ਤੋਂ ***'ਮੰਨੇ'*** ਦੀਆਂ ਪਉੜੀਆਂ ਵਿਚ ਪ੍ਰਵੇਸ਼ ਕਰ ਲੈਂਦਾ ਹਾਂ। ਮੈਨੂੰ ਉਸ ਸਮੇਂ ਹੀ ਪਤਾ ਲਗਦਾ ਹੈ ਜਦੋਂ ਦੁਬਾਰਾ ਉਨ੍ਹਾਂ ਪਉੜੀਆਂ 'ਚੋਂ ਲੰਘਦਾ ਹਾਂ ਅਤੇ ਸੋਚਦਾ ਹਾਂ ਕਿ ਇਹ ਤਾਂ ਮੈਂ ਪੜ੍ਹ ਲਈਆਂ ਸਨ। ਮਹਾਰਾਜ ਜੀ ਮੈਨੂੰ ਬਹੁਤ ਹੀ ਸੰਕਟ ਹੈ, ਆਪ ਕ੍ਰਿਪਾ ਕਰਕੇ ਇਸਦਾ ਕੋਈ

ਇਲਾਜ ਦੱਸੋ। ਇਹ ਗੱਲ ਸੁਣ ਕੇ ਬਹੁਤ ਸਾਰੇ ਪ੍ਰੇਮੀ ਬੋਲ ਉਠੇ ਕਿ ਮਹਾਰਾਜ ਜੀ ਜਦੋਂ ਆਪ ਨੇ ਭਾਈ ਗੋਪਾਲੇ, ਹਾਫਜ਼ਾਬਾਦ ਵਾਲੇ ਦਾ ਜ਼ਿਕਰ ਦੀਵਾਨ ਵਿਚ ਕੀਤਾ ਕਿ 'ਜਪੁਜੀ ਸਾਹਿਬ' ਦੇ ਸ਼ੁਧ ਪਾਠ ਦਾ ਫਲ ਗੁਰਗੱਦੀ ਦੇ ਕੇ ਵੀ ਪੂਰਾ ਨਹੀਂ ਹੁੰਦਾ ਤਾਂ ਸਾਨੂੰ ਬਹੁਤ ਖਿਆਲ ਆਇਆ ਕਿ ਬਾਣੀ ਸ਼ੁਧ ਅਤੇ ਇਕਾਗਰ ਚਿਤ ਪੜ੍ਹੀ ਜਾਵੇ। ਨਵਾਬ ਦੌਲਤ ਖਾਂ ਦੀ ਸਾਖੀ ਚਿਤ ਦੀ ਇਕਾਗਰਤਾ ਬਾਰੇ ਸਾਨੂੰ ਯਾਦ ਹੈ। ਇਸ ਸਬੰਧ ਵਿਚ ਕੀ ਕਰੀਏ?

ਇਹ ਸਾਰੀਆਂ ਬੇਨਤੀਆਂ ਸੁਣ ਕੇ ਸੰਤ ਮਹਾਰਾਜ ਜੀ ਮੁਸਕਰਾਏ ਅਤੇ ਕਹਿਣ ਲੱਗੇ ਕਿ ਪਿਆਰਿਓ! ਇਕ ਗੱਲ ਦੀ ਸਾਨੂੰ ਖੁਸ਼ੀ ਹੈ ਕਿ ਤੁਹਾਨੂੰ ਇਹ ਤਾਂ ਪਤਾ ਲਗ ਗਿਆ ਕਿ 'ਮਨ ਨਹੀਂ ਟਿਕਦਾ'। ਤੁਸੀਂ ਧੰਨ ਹੋ, ਤੁਸੀਂ ਕੁਛ ਮੰਜ਼ਿਲ ਤਹਿ ਕਰ ਲਈ ਹੈ, ਜਿਨ੍ਹਾਂ ਨੇ ਮਨ ਦੀਆਂ ਸ਼ਰਾਰਤਾਂ ਨੂੰ ਜਾਣ ਲਿਆ ਹੈ। ਨਹੀਂ ਤਾਂ ਬਹੁਤ ਸਾਰੇ ਜਗਿਆਸੂਆਂ ਨੂੰ ਪਾਠ ਕਰਨ ਸਮੇਂ, ਭਜਨ ਕਰਨ ਸਮੇਂ ਨੀਂਦ ਆ ਘੇਰਦੀ ਹੈ ਅਤੇ ਆਸਣ ਤੇ ਬੈਠੇ ਹੀ ਉਂਘਦੇ ਰਹਿੰਦੇ ਹਨ। ਕਈ ਵਾਰੀ ਵੇਖਣ ਵਾਲਿਆਂ ਨੂੰ ਇਉਂ ਲਗਦਾ ਹੈ ਕਿ ਇਸ ਪ੍ਰੇਮੀ ਦੀ ਸੁਰਤ ਬਹੁਤ ਉਚੀ ਚੜ੍ਹ ਗਈ ਹੈ, ਇਹ ਆਸਣ ਤੇ ਬੈਠਾ ਉਂਘਦਾ ਵੀ ਨਹੀਂ। ਨੇਤਰ ਬੰਦ ਹਨ, ਸਰੀਰ ਪੂਰੀ ਤਰ੍ਹਾਂ ਨਿਚਲਾ ਹੈ ਪਰ ਉਸਦੀ ਸੁਰਤਿ, ਤੁੰਦਰਾ ਨੀਂਦ ਵਿਚ ਗ੍ਰਸਤ ਹੋ ਕੇ ਸਾਰਾ ਸਮਾਂ ਅਜਾਈਂ ਗਵਾ ਦਿੰਦੀ ਹੈ। ਉਸਨੂੰ ਵੀ ਪਤਾ ਨਹੀਂ ਲਗਦਾ। ਉਸ ਨੀਂਦ ਦਾ ਜੋ ਰਸ ਹੈ, ਉਸ ਨੂੰ ਉਹ ਪ੍ਰੇਮੀ ਸਮਾਧੀ ਗਿਣਦਾ ਹੈ ਪਰ ਹੁੰਦੀ ਉਹ ਯੋਗੀਆਂ ਵਾਲੀ ਨੀਂਦ ਹੀ ਹੈ; ਭਾਵੇਂ ਸਰੀਰ 90 ਦਰਜੇ ਤੇ ਰੀੜ੍ਹ ਦੀ ਹੱਡੀ ਰੱਖ ਕੇ ਆਸਣ ਲਾਈ ਬੈਠਾ ਹੋਵੇ।

ਪਿਛਲੀਆਂ ਵਿਚਾਰਾਂ ਵਿਚ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਕਾਫੀ ਦੱਸ ਚੁੱਕੇ ਹਾਂ ਪਰ ਤੁਹਾਡੀ ਪੁੱਛ ਦਾ ਉਤਰ ਦਿੰਦਿਆਂ ਨਵੇਂ ਸਿਰੇ ਤੋਂ ਫੇਰ ਦੱਸਿਆ ਜਾਂਦਾ ਹੈ, ਧਿਆਨ ਪੂਰਵਕ ਤੁਸੀਂ ਇਨ੍ਹਾਂ ਬਚਨਾਂ ਨੂੰ ਸ੍ਰਵਣ ਕਰੋ।

ਮਨ ਨੂੰ ਇਕਾਗਰ ਕਰਨ ਵਾਸਤੇ, ਚਿੱਤ ਦੀਆਂ ਬਿਰਤੀਆਂ ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਜਿੰਨੀ ਦੇਰ ਤਕ ਚਿੱਤ ਸਾਥ ਨਹੀਂ ਦਿੰਦਾ, ਮਨ ਟਿਕਣਾ ਕਾਫੀ ਮੁਸ਼ਕਲ ਹੋਇਆ ਕਰਦਾ ਹੈ।

ਵਾਹਿਗੁਰੂ ਜੀ ਦਾ ਸਰੂਪ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੋਣ ਕਰਕੇ ਕੇਵਲ ਅਨੁਭਵ ਦਾ ਵਿਸ਼ਾ ਹੈ। ਇਹ ਅਨੁਭਵ ਬਹੁਤ ਮਿਹਨਤ ਨਾਲ ਅਤੇ ਸਾਧੂ ਦੀ ਸੰਗਤ ਕਰਕੇ ਜਾਗਿਆ ਕਰਦਾ ਹੈ। ਫੇਰ ਇਸ ਨਿਰਾਕਾਰ ਪਰਿਪੂਰਨ ਸਤਾ ਦੀ ਸੋਝੀ ਮਨ ਵਿਚ ਜਾਗਦੀ ਹੈ, ਨਹੀਂ ਤਾਂ ਗਿਆਨ ਇੰਦ੍ਰੇ ਦੇਖਣ, ਸੁਣਨ ਵਾਲੀਆਂ ਚੀਜ਼ਾਂ ਦੇ ਵਿਚ ਗੁਲਤਾਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਅਕਸ, ਚਿਤ ਵਿਚ ਐਉਂ ਉਕਰ ਜਾਂਦੇ ਹਨ ਜਿਵੇਂ ਕੈਮਰੇ ਵਿਚ ਫੋਟੋ, ਰੀਲ੍ਹ ਉਪਰ ਉਕਰ ਜਾਂਦੀ ਹੈ। ਦਿਸਣ ਵਾਲੀਆਂ ਚੀਜ਼ਾਂ ਨਾਲ ਚਿਤ ਨੂੰ ਖਾਸ ਲਗਾਉ ਹੋਇਆ ਕਰਦਾ ਹੈ। ਉਨ੍ਹਾਂ ਦੇ ਵਿਚ ਕੁਝ ਪਿਆਰਾ ਲਗਦਾ ਹੈ, ਕੁਝ ਬਾਰੇ ਦ੍ਵੈਸ਼ ਭਾਵਨਾ ਜਾਗਦੀ ਹੈ। ਅੱਖਾਂ ਦੇ ਰਾਹੀਂ ਅਸੀਂ ਸੰਸਾਰ ਹਰ ਸਮੇਂ ਤਕਦੇ ਰਹਿੰਦੇ ਹਾਂ ਅਤੇ ਦੇਖਣ ਵਾਲੀਆਂ ਚੀਜ਼ਾਂ ਦੇ ਅਕਸ ਅਸਾਡੇ ਚਿਤ ਵਿਚ ਉਕਰੇ ਜਾਂਦੇ ਹਨ। ਜਦੋਂ ਅਸੀਂ ਨੇਤਰ ਬੰਦ ਕਰਦੇ ਹਾਂ ਤਾਂ ਸਹਿਜ ਸੁਭਾਅ ਦੇਖੀਆਂ ਚੀਜ਼ਾਂ ਦੀ ਰੀਲ੍ਹ ਯਾਦਦਾਸ਼ਤ ਦੀ ਮਦਦ ਨਾਲ ਚਲ ਪੈਂਦੀ ਹੈ। ਉਨ੍ਹਾਂ ਦੀਆਂ ਸ਼ਕਲਾਂ ਸਾਮ੍ਹਣੇ ਆਉਂਦੀਆਂ ਰਹਿੰਦੀਆਂ ਹਨ ਅਤੇ ਮਨ ਉਨ੍ਹਾਂ ਵਿਚ ਪਰਚਿਆ ਫੁਰਨੇ ਕਰਦਾ ਰਹਿੰਦਾ ਹੈ। ਇਸਨੂੰ ਪ੍ਰਮਾਣ ਬਿਰਤੀ ਆਖਦੇ ਹਨ। ਇਸ ਬਿਰਤੀ ਵਿਚੋਂ ਨਿਕਲਣ ਲਈ ਅਸਾਨੂੰ ਗੁਰਬਾਣੀ ਦੀ ਵਿਚਾਰ ਦਾ ਆਸਰਾ ਲੈਣਾ ਪੈਂਦਾ ਹੈ ਜਿਵੇਂ ਕਿ –

***ਦ੍ਰਿਸਟਉ ਕਛੁ ਸੰਗਿ ਨ ਜਾਇ***
***ਮਾਨੁ ਤਿਆਗਿ ਮੋਹਾ॥***
***ਏਕੈ ਹਰਿ ਪ੍ਰੀਤਿ ਲਾਇ***
***ਮਿਲਿ ਸਾਧਸੰਗਿ ਸੋਹਾ॥ ਅੰਗ – 1230***

ਸੰਸਾਰ ਦੀਆਂ ਪ੍ਰੀਤਾਂ ਛੱਡ ਕੇ ਕੇਵਲ ਵਾਹਿਗੁਰੂ ਨਾਲ ਪ੍ਰੀਤ ਰੱਖ ਕੇ ਮਨ ਦੀ ਸੂਈ ਪ੍ਰਭੂ ਵਲ ਹੋ ਜਾਇਆ ਕਰਦੀ ਹੈ। ਫੁਰਮਾਨ ਹੈ –

***ਮਾਤਰ ਪਿਤਰ ਤਿਆਗਿ ਕੈ***
***ਮਨੁ ਸੰਤਨ ਪਾਹਿ ਬੇਚਾਇਓ॥***
***ਜਾਤਿ ਜਨਮ ਕੁਲ ਖੋਈਐ***
***ਹਉ ਗਾਵਉ ਹਰਿ ਹਰੀ॥***
***ਲੋਕ ਕੁਟੰਬ ਤੇ ਟੂਟੀਐ***
***ਪ੍ਰਭ ਕਿਰਤਿ ਕਿਰਤਿ ਕਰੀ॥***
***ਗੁਰਿ ਮੋ ਕਉ ਉਪਦੇਸਿਆ***

***ਨਾਨਕ ਸੇਵਿ ਏਕ ਹਰੀ॥***

***ਅੰਗ - 1230***

ਇਸ ਤਰ੍ਹਾਂ ਦੇ ਨਾਲ ਗੁਰਬਾਣੀ ਦੀ ਵਿਚਾਰ ਕਰਨੀ ਬਹੁਤ ਹੀ ਜ਼ਰੂਰੀ ਹੈ ਅਤੇ ਵਾਹਿਗੁਰੂ ਜੀ ਨਾਲ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਸਮਝ ਕੇ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਸੰਸਾਰ ਦੀਆਂ **ਵਸਤੂਆਂ ਅਤੇ ਮਨੁੱਖ ਦਰਗਾਹ ਵਿਚ ਨਾਲ ਨਹੀਂ ਜਾਂਦੇ ਅਤੇ ਨਾ ਹੀ ਸਹਾਇਤਾ ਕਰਦੇ ਹਨ ।** ਜੋ ਵਾਹਿਗੁਰੂ ਜੀ ਸੰਗ ਸਹਾਈ ਹੈ, ਉਸ ਨਾਲ ਪ੍ਰੀਤ ਕਰਨੀ ਚਾਹੀਦੀ ਹੈ ਜਿਵੇਂ ਕਿ -

***ਹਰਿ ਬਿਨੁ ਤੇਰੋ ਕੋ ਨ ਸਹਾਈ॥***
***ਕਾਂ ਕੀ ਮਾਤ ਪਿਤਾ***
***ਸੁਤ ਬਨਿਤਾ ਕੋ ਕਾਹੂ ਕੋ ਭਾਈ॥***
***ਧਨੁ ਧਰਨੀ ਅਰੁ ਸੰਪਤਿ ਸਗਰੀ***
***ਜੋ ਮਾਨਿਓ ਅਪਨਾਈ॥***
***ਤਨ ਛੂਟੈ ਕਛੁ ਸੰਗਿ ਨ***
***ਚਾਲੈ ਕਹਾ ਤਾਹਿ ਲਪਟਾਈ॥***
***ਦੀਨ ਦਇਆਲ ਸਦਾ ਦੁਖ ਭੰਜਨ***
***ਤਾ ਸਿਉ ਰੁਚਿ ਨ ਬਢਾਈ॥***
***ਨਾਨਕ ਕਹਤ ਜਗਤ ਸਭ ਮਿਥਿਆ***
***ਜਿਉ ਸੁਪਨਾ ਰੈਨਾਈ॥***

***ਅੰਗ - 1231***

ਅਜਿਹੀਆਂ ਵਿਚਾਰਾਂ ਕਰਨ ਨਾਲ ਪ੍ਰਮਾਣ ਬਿਰਤੀ ਵਿਚੋਂ ਚਿਤ ਨਿਕਲ ਕੇ ਪ੍ਰਭੂ ਨਾਲ ਪਿਆਰ ਪਾ ਲੈਂਦਾ ਹੈ ਅਤੇ ਜਦੋਂ ਇਸ ਵਿਚਾਰ ਵਿਚ ਰਹਿੰਦਾ ਹੈ ਤਾਂ ਦੇਖਣ ਵਾਲੀਆਂ ਚੀਜ਼ਾਂ ਵਿਚ ਚਿਤ ਨਹੀਂ ਪਰਚਦਾ।

ਦੂਸਰੀ ਬਿਰਤੀ ਹੋਇਆ ਕਰਦੀ ਹੈ - ਭਜਨ ਕਰਨ ਵੇਲੇ ਨਿੰਦ੍ਰਾ ਦਾ ਦੋਸ਼ ਬਹੁਤ ਵਿਘਨਕਾਰੀ ਹੁੰਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ। ਇਸ ਤੋਂ ਬਚਣ ਲਈ ਥੋੜਾ ਹੱਠ ਧਾਰਨ ਕਰਨਾ ਪੈਂਦਾ ਹੈ ਜਿਵੇਂ ਕਿ ਖੜ੍ਹੇ ਹੋ ਕੇ ਉਚੀ ਬੈਰਾਗਣ ਦੀ ਸਹਾਇਤਾ ਨਾਲ ਨਾਮ ਜਪਣਾ ਜਾਂ ਥੋੜਾ ਤੁਰ ਫਿਰ ਕੇ ਆਲਸ ਨੂੰ ਦੂਰ ਕਰਨਾ।

ਤੀਸਰੀ ਬਿਰਤੀ ਵਿਕਲਪ ਦੀ ਹੋਇਆ ਕਰਦੀ ਹੈ। ਇਸ ਵਿਚ ਮਨ ਕਲਪਨਾ ਕਰਦਾ ਰਹਿੰਦਾ ਹੈ ਕਿ ਮੈਨੂੰ ਭਜਨ ਕਰਨ ਦੇ ਬਦਲੇ ਇੱਛਿਆ ਦੇ ਮੁਤਾਬਿਕ ਫਲ ਮਿਲਣ। ***'ਸੇਵਾ ਥੋਰੀ ਮਾਗਨੁ ਬਹੁਤਾ॥' (ਪੰਨਾ - 738)*** ਵਾਲੀ ਮਨੋ ਬਿਰਤੀ ਹੋਣ ਕਰਕੇ ਬਿਰਤੀ ਵਿਚ ਮੰਗਣ-ਪੁਣਾ ਵਸਿਆ ਰਹਿੰਦਾ ਹੈ। ਇਸ ਦੀ ਨਿਰਵਿਰਤੀ ਵੀ ਵਿਚਾਰ ਨਾਲ ਹੁੰਦੀ ਹੈ ਕਿ ਜੋ ਕੁਛ ਪ੍ਰਭੂ ਨੇ ਲੇਖ ਲਿਖਿਆ ਹੈ, ਉਹਦੇ ਮੁਤਾਬਿਕ ਵਸਤੂ ਮਿਲ ਹੀ ਜਾਣੀ ਹੈ। ਜੇ ***'ਸੇਵਾ ਕਰਤ ਹੋਇ ਨਿਹਕਾਮੀ॥' (ਪੰਨਾ - 286)*** ਵਾਲੀ ਬਿਰਤੀ ਧਾਰਨ ਕਰੀ ਜਾਵੇ ਤਾਂ ਫਲਸਰੂਪ ਵਾਹਿਗੁਰੂ ਜੀ ਦਾ ਮਿਲਾਪ ਹੋ ਜਾਇਆ ਕਰਦਾ ਹੈ।

ਚੌਥੀ ਹੈ ਭਜਨ ਕਰਨ ਵੇਲੇ ਬੀਤ ਗਈ ਦੀ ਯਾਦ ਖਹਿੜਾ ਨਹੀਂ ਛੱਡਦੀ, ਬਚਪਨ 'ਚ ਲੰਘੀਆਂ ਗੱਲਾਂ, ਭੁੱਲੇ ਹੋਏ ਵਰਤ ਵਰਤਾਵੇ, ਯਾਦਗਾਰ ਦੀਆਂ ਪਰਤਾਂ ਵਿਚੋਂ ਆਪਣਾ ਸਿਰ ਚੁਕ ਲੈਂਦੇ ਹਨ ਅਤੇ ਨਾਮ ਰਸ ਵਿਚ ਮਗਨ ਨਹੀਂ ਹੋਣ ਦਿੰਦੇ ਅਤੇ ਸਿਮ੍ਰਿਤੀ ਬਣੀ ਰਹਿੰਦੀ ਹੈ। ਇਸ ਵਿਚ ਵਿਚਾਰ ਦੀ ਲੋੜ ਹੈ ਕਿ ਜੋ ਸਮਾਂ ਲੰਘ ਗਿਆ, ਉਹ ਤਾਂ ਲੰਘ ਹੀ ਗਿਆ; ਜੋ ਅਜੇ ਆਉਣਾ ਹੈ, ਉਸ ਦੇ ਬਾਰੇ ਸੋਚਣਾ ਹੀ ਨਿਰਮੂਲ ਹੈ ਕਿਉਂਕਿ ਸਾਰੀ ਕ੍ਰਿਆ ਵਾਹਿਗੁਰੂ ਜੀ ਦੇ ਹੁਕਮ ਅਧੀਨ ਹੀ ਚਲ ਰਹੀ ਹੈ। ਜੋ ਸਮਾਂ ਅੱਜ ਦਾ ਅਸਾਡੇ ਪਾਸ ਹੈ, ਉਸਨੂੰ ਸਫਲਾ ਕਰਨਾ ਚਾਹੀਦਾ ਹੈ। ਇਸ ਤੋਂ ਅਗਲੀ ਵਿਚਾਰ ਇਹ ਹੈ ਕਿ ਮਹਾਂਪੁਰਸ਼ ਗੁਰਬਾਣੀ ਦੇ ਦੱਸੇ ਸਿਧਾਂਤਾਂ ਮੁਤਾਬਿਕ ਇਹ ***'ਦ੍ਰਿਸਟਿਮਾਨ ਹੈ ਸਗਲ ਬਿਨਾਸੀ' (ਪੰਨਾ - 1204)*** ਨਾਸ਼ ਹੋਣ ਵਾਲਾ ਹੈ। ਸੰਸਾਰ 'ਚ ਵੱਡੇ-ਵੱਡੇ ਆਏ, ਕੋਈ ਵੀ ਐਥੇ ਨਹੀਂ ਟਿਕ ਸਕਿਆ, ਸਭ ਚਲੇ ਜਾਂਦੇ ਹਨ। ਜਿਵੇਂ ਕਿ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ -

***ਏਕ ਸ਼ਿਵ ਭਏ ਏਕ ਗਏ,***
***ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ,***
***ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ***
***ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ***
***ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ,***
***ਅਸੁਨੀ ਕੁਮਾਰ ਕੇਤੇ,***

*ਅੰਸਾ ਅਵਤਾਰ ਕੇਤੇ,*
*ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ,*
*ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ,*
*ਫੇਰੇ ਭੂਮ ਹੀ ਮਿਲਏ ਹੈਂ॥*
*(ਅਕਾਲ ਉਸਤਤਿ)*

*ਧਰਤਿ ਆਕਾਸੁ ਪਾਤਾਲੁ ਹੈ*
*ਚੰਦੁ ਸੂਰੁ ਬਿਨਾਸੀ॥*
*ਬਾਦਿਸਾਹ ਸਾਹ ਉਮਰਾਵ*
*ਖਾਨ ਢਾਹਿ ਡੇਰੇ ਜਾਸੀ॥*
*ਰੰਗ ਤੁੰਗ ਗਰੀਬ ਮਸਤ*
*ਸਭੁ ਲੋਕੁ ਸਿਧਾਸੀ॥*
*ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥*
*ਪੀਰ ਪੈਕਾਬਰ ਅਉਲੀਏ*
*ਕੋ ਥਿਰੁ ਨ ਰਹਾਸੀ॥*
*ਰੋਜਾ ਬਾਗ ਨਿਵਾਜ ਕਤੇਬ*
*ਵਿਣੁ ਬੁਝੇ ਸਭ ਜਾਸੀ॥*
*ਲਖ ਚਉਰਾਸੀਹ ਮੇਦਨੀ*
*ਸਭ ਆਵੈ ਜਾਸੀ॥*
*ਨਿਹਚਲੁ ਸਚੁ ਖੁਦਾਇ ਏਕੁ*
*ਖੁਦਾਇ ਬੰਦਾ ਅਬਿਨਾਸੀ॥ ਅੰਗ - 1100*

ਅਜਿਹੀ ਵਿਚਾਰ ਦੇ ਹੁੰਦਿਆਂ ਜਗਤ ਨੂੰ ਸੱਤਿ ਸਮਝਦਾ ਹੈ, ਵਾਹਿਗੁਰੂ ਜੀ ਨੂੰ ਅਸੱਤਿ ਸਮਝਦਾ ਹੈ; ਇਸ ਬਿਰਤੀ ਨੂੰ ਵਿਪਰਜੇ ਬਿਰਤੀ ਕਿਹਾ ਜਾਂਦਾ ਹੈ।

ਮਹਾਰਾਜ ਜੀ ਪ੍ਰਸ਼ਨ ਕਰਦੇ ਹਨ -

*ਇਹੁ ਜਗੁ ਧੂਏ ਕਾ ਪਹਾਰ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ॥*
*ਅੰਗ - 1187*

ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਬਾਣੀ ਦੀ ਵਿਚਾਰ ਦੇ ਨਾਲ ਚਿਤ ਵਿਚ ਪ੍ਰਭੂ ਪ੍ਰਾਪਤੀ ਦੀ ਦ੍ਰਿੜ੍ਹਤਾ ਲਿਆਵਾਂਗੇ ਤਾਂ ਮਨ ਵਿਚਾਰ ਵਸ ਹੋਇਆ-ਹੋਇਆ ਟਿਕਣਾ ਸ਼ੁਰੂ ਕਰ ਦੇਵੇਗਾ।

ਫੇਰ ਵੀ ਮਨ ਨੂੰ ਇਕਾਗਰ ਕਰਨ ਦੇ ਤਰੀਕੇ ਮਹਾਂਪੁਰਸ਼ਾਂ ਪਾਸ ਹੋਇਆ ਕਰਦੇ ਹਨ। ਉਨ੍ਹਾਂ ਨੂੰ ਧਿਆਨ ਨਾਲ ਸੁਣੋ -

1. ਮਨ ਦਾ ਘੋੜਾ ਸ੍ਵਾਸ ਹਨ। ਜਿਸ ਤਰ੍ਹਾਂ ਦੇ ਨਾਲ ਕੋਈ ਸਵਾਰ ਘੋੜੇ ਤੇ ਬੈਠਾ ਆਪਣਾ ਕਾਰਜ ਕਰਨ ਜਾਇਆ ਕਰਦਾ ਹੈ, ਇਸੇ ਤਰ੍ਹਾਂ ਦੇ ਨਾਲ ਮਨ ਸ੍ਵਾਸਾਂ ਰਾਹੀਂ ਸਵਾਰੀ ਕਰਕੇ ਬਾਹਰ ਉਡਾਰੀਆਂ ਮਾਰਦਾ ਹੈ। ਜੇ ਸਾਨੂੰ breath control ਦੀ ਸਾਇੰਸ ਆਉਂਦੀ ਹੋਵੇ ਤਾਂ ਅਸੀਂ ਮਨ ਨੂੰ ਸਥਿਰ ਕਰ ਸਕਦੇ ਹਾਂ। ਜਿਵੇਂ ਘੋੜੇ ਦੀਆਂ ਵਾਗਾਂ ਫੜ ਲਈਆਂ ਜਾਣ ਤਾਂ ਘੋੜੇ ਦੇ ਖੜੋਣ ਨਾਲ ਸਵਾਰ ਕਿਤੇ ਜਾ ਨਹੀਂ ਸਕਿਆ ਕਰਦਾ ਪਰ ਇਸ ਤੋਂ ਪਹਿਲਾਂ ਮਨ ਦੀਆਂ ਅਨੇਕ ਤਰੰਗਾਂ ਵਾਸ਼ਨਾਵਾਂ ਦੇ ਰੂਪ ਵਿਚ ਉਡਾਰੀਆਂ ਮਾਰ ਰਹੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਨਵਾਬ ਦੌਲਤ ਖਾਨ ਨੂੰ ਦੱਸਿਆ ਸੀ ਕਿ ਵਾਸ਼ਨਾਵਾਂ ਦੇ ਅਸਰ ਵਿਚ ਹੋਇਆ-ਹੋਇਆ ਮਨ ਉਨ੍ਹਾਂ ਵਾਸ਼ਨਾਵਾਂ ਦੀ ਪੂਰਤੀ ਲਈ ਉਡਾਰੀਆਂ ਮਾਰਦਾ ਹੀ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਨਵਾਬ ਨੇ ਮਸਜਿਦ ਵਿਚ ਨਮਾਜ਼ੀਆਂ ਵਿਚ ਸ਼ਾਮਿਲ ਹੋ ਕੇ ਨਮਾਜ਼ ਪੜ੍ਹਨ ਲਈ ਕਿਹਾ ਤਾਂ ਮਹਾਰਾਜ ਜੀ ਗੁਰੂ ਨਾਨਕ ਪਾਤਸ਼ਾਹ ਨਮਾਜ਼ੀਆਂ 'ਚ ਜਾ ਕੇ ਖੜ੍ਹੇ ਹੋ ਗਏ ਪਰ ਨਮਾਜ਼ ਸ਼ੁਰੂ ਹੁੰਦੇ ਹੀ ਇਕ ਪਾਸੇ ਹੋ ਕੇ ਪ੍ਰਭੂ ਦੀ ਯਾਦ ਵਿਚ ਜੁੜੇ ਰਹੇ। ਨਮਾਜ਼ ਦੀ ਸਮਾਪਤੀ ਪਿਛੋਂ ਨਵਾਬ ਦੌਲਤ ਖਾਨ ਨੇ ਕਿਹਾ, "ਹੇ ਨਾਨਕ! ਤੂੰ ਨਮਾਜ਼ ਕਿਉਂ ਨਹੀਂ ਪੜ੍ਹੀ?" ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਵਾਬ ਸਾਹਿਬ! ਅਸੀਂ ਤਾਂ ਨਮਾਜ਼ ਵਿਚ ਹੀ ਰਹੇ ਹਾਂ, ਪ੍ਰਭੂ ਦੀ ਯਾਦ ਵਿਚ ਸਾਡਾ ਸਾਰਾ ਸਮਾਂ ਸਫਲ ਹੁੰਦਾ ਹੈ ਪਰ ਤੂੰ ਅੱਧਾ ਮਿੰਟ ਵੀ ਨਮਾਜ਼ ਵਿਚ ਸ਼ਾਮਿਲ ਨਹੀਂ ਹੋਇਆ ਅਤੇ ਕੰਧਾਰ ਘੋੜੇ ਖਰੀਦਣ ਲਈ ਭੇਜਿਆਂ ਆਪਣੇ ਬੰਦਿਆਂ ਨੂੰ ਦਸਦਾ ਰਿਹਾ ਹੈਂ ਕਿ ਕਿਸ-ਕਿਸ ਰੰਗ ਦੇ ਘੋੜੇ ਖਰੀਦਣੇ ਹਨ ਅਤੇ ਕਿਸ-ਕਿਸ ਮਤਲਬ ਲਈ ਘੋੜੇ ਚਾਹੀਦੇ ਹਨ। ਨਮਾਜ਼ ਖਤਮ ਹੋਣ ਪਿਛੋਂ ਤੂੰ ਵਾਪਸ ਆਇਆਂ। ਸੋ ਨਮਾਜ਼ ਵਿਚੋਂ ਗੈਰ-ਹਾਜ਼ਰ ਰਿਹਾ। ਸਰੀਰ ਦੀ ਹਾਜ਼ਰੀ ਬਹੁਤੀ ਮਹੱਤਵਪੂਰਨ ਨਹੀਂ ਹੋਇਆ ਕਰਦੀ। ਅੱਲਾ ਦੀ ਦਰਗਾਹ ਵਿਚ ਮਨ ਦੀ ਹਾਜ਼ਰੀ ਗਿਣੀ ਜਾਇਆ ਕਰਦੀ ਹੈ। ਨਵਾਬ ਨੇ ਮਨ ਦੀ ਹਾਜ਼ਰੀ ਲਈ ਬੇਨਤੀ ਕਰਕੇ ਪੁਛਿਆ ਤਾਂ ਮਹਾਰਾਜ ਜੀ ਨੇ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਬਚਨ ਕੀਤਾ ਕਿ ਨਵਾਬ ਸਾਹਿਬ! ਮਨ ਪਵਨ ਸਵਾਰੀ ਕਰਦਾ ਹੈ ਅਤੇ ਵਾਸ਼ਨਾਵਾਂ ਦੇ ਅਧੀਨ ਹੋਇਆ

ਉਡਾਰੀਆਂ ਮਾਰਦਾ ਹੈ -

*ਪੰਖੀ ਬਿਰਖਿ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥*

***ਅੰਗ*** *- 66*

ਜਦੋਂ ਤਕ ਵਾਸ਼ਨਾਵਾਂ ਕਾਬੂ ਨਹੀਂ ਹੁੰਦੀਆਂ, ਓਨੀਂ ਦੇਰ ਤਕ ਮਨ ਨੂੰ ਰੋਕਣ ਲਈ ਕਈ ਸਾਧਨ ਕਰਨੇ ਪਿਆ ਕਰਦੇ ਹਨ।

ਸਾਰਾ ਸੰਸਾਰ ਵਾਸ਼ਨਾਵਾਂ ਦੇ ਵਾ-ਵਰੋਲਿਆਂ ਦੇ ਅਧੀਨ ਸਾਹੋ-ਸਾਹ ਹੋਇਆ ਬੇ-ਹਿਸ ਦਿਮਾਗੀ ਖਿੱਚ ਦੇ ਕਾਰਨ ਭਜਨ ਬੰਦਗੀ ਤੋਂ ਸੁੰਨ ਰਹਿੰਦਾ ਹੈ। ਧਨ ਵਾਸ਼ਨਾ ਬੜੇ ਵੱਡੇ ਉਪਦ੍ਰਵ ਕਰਾਉਂਦੀ ਹੈ। ਵੱਡੇ-ਵੱਡੇ ਖੜਯੰਤਰ ਰਚੇ ਜਾਂਦੇ ਹਨ ਅਤੇ ਇਕ ਦਮ ਅਮੀਰ ਹੋਣ ਲਈ ਕਾਨੂੰਨ ਤੋਂ ਉਲਟ ਕੰਮ ਵੀ ਕੀਤੇ ਜਾਂਦੇ ਹਨ ਭਾਵੇਂ ਪਿਛੋਂ ਜੇਲ੍ਹ ਵਿਚ ਜਾ ਕੇ ਸਜ਼ਾ ਭੁਗਤਣੀ ਪਵੇ। ਪਰ ਇਹ ਵਾਸ਼ਨਾ ਅਜਿਹੀ ਪ੍ਰਬਲ ਹੈ ਕਿ ਬੁਰੇ ਤੋਂ ਬੁਰਾ ਕੰਮ ਕਰਾ ਦਿੰਦੀ ਹੈ। ਦੇਸ਼ ਦਾ ਗਦਾਰ ਬਣ ਜਾਂਦਾ ਹੈ। ਦੇਸ਼ ਦੇ ਭੇਤ ਦੂਸਰੇ ਦੇਸ਼ ਨੂੰ ਵੇਚ ਦਿੰਦਾ ਹੈ। ਚੋਰੀਆਂ, ਠੱਗੀਆਂ, ਧਾੜੇ, ਪਾਖੰਡ, ਧੋਖੇ ਆਦਿ ਸਭ ਧਨ ਕਮਾਉਣ ਵਾਸਤੇ ਜੀਵਨ ਵਿਚ ਅਪਣਾਏ ਜਾਂਦੇ ਹਨ ਜਿਸ ਦੇ ਫਲਸਰੂਪ ਜੀਵ ਆਤਮਾ ਨੂੰ ਨਰਕ ਵਿਚ ਸੜ ਕੇ ਹਾਇ-ਹਾਇ ਕਰਨਾ ਪੈਂਦਾ ਹੈ।

ਇਸ ਵਾਸ਼ਨਾ ਦੇ ਹੁੰਦਿਆਂ ਭਜਨ ਵਿਚ ਮਨ ਲਾਉਣਾ ਬਹੁਤ ਹੀ ਮੁਸ਼ਕਿਲ ਹੈ। ਇਹ ਮੂਰਖ ਵਿਚਾਰ ਨਹੀਂ ਕਰਦਾ ਕਿ ਜੋੜਿਆ-ਜੜਾਇਆ ਧਨ, ਜਾਇਦਾਦ ਐਥੇ ਹੀ ਛੱਡ ਜਾਣਾ ਹੈ ਅਤੇ ਇਸ ਦੇ ਫਲਸਰੂਪ ਦਰਗਾਹ ਵਿਚ ਜਾ ਕੇ ਜਿੰਦੜੀ ਰੋਂਦੀ ਹੈ, ਕੁਰਲਾਂਦੀ ਹੈ ਅਤੇ ਉਸਨੂੰ ਸੁਖਾਂ ਦੇ ਥਾਂ, ਪੈਰ ਰੱਖਣ ਦੀ ਵੀ ਇਜ਼ਾਜ਼ਤ ਨਹੀਂ ਮਿਲਦੀ। ਅੰਨ੍ਹਾ ਹੋ ਕੇ ਜਨਮ ਗਵਾ ਦਿੰਦਾ ਹੈ-

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

***ਅੰਗ*** *- 464*

2. **ਦੂਸਰੀ ਪ੍ਰਬਲ ਵਾਸ਼ਨਾ** - ਜਿਸਦੇ ਪੁਤਰ ਨਾ ਹੋਵੇ, ਉਸ ਬਾਰੇ ਹੀ ਚਿਤਵਦਾ ਰਹਿੰਦਾ ਹੈ। ਧਨ, ਜਾਇਦਾਦ ਵਲ ਦੇਖ ਕੇ ਉਦਾਸ ਹੋ ਜਾਂਦਾ ਹੈ ਕਿ ਇਸਨੂੰ ਕੌਣ ਸਾਂਭੇਗਾ। ਪੁੱਤਰ ਪ੍ਰਾਪਤੀ ਦੀ ਵਾਸ਼ਨਾ ਹਰ ਸਮੇਂ ਲਗੀ ਰਹੇਗੀ। ਵਾਹਿਗੁਰੂ ਉਤੇ ਭਰੋਸਾ ਨਹੀਂ ਰਖਦਾ ਅਤੇ ਹਰ ਸਮੇਂ ਬਿਰਤੀ ਪੁੱਤਰ ਪ੍ਰਾਪਤੀ ਵਿਚ ਲਗੀ ਰਹਿੰਦੀ ਹੈ। ਇਸ ਤਰ੍ਹਾਂ ਦੇ ਨਾਲ ਹੋਰ ਬਹੁਤ ਸਾਰੀਆਂ ਮਾਰੂ ਵਾਸ਼ਨਾਵਾਂ ਜਿਵੇਂ ਕਿ ਲੋਕ-ਲਾਜ ਵਾਸ਼ਨਾ, ਉਚੇ ਅਹੁਦਿਆਂ ਦੀ ਪ੍ਰਾਪਤੀ ਦੀ ਵਾਸ਼ਨਾ, ਭੋਗਾਂ ਦੀ ਵਾਸ਼ਨਾ, ਪੁਸਤਕਾਂ ਰਟਣ ਦੀ ਵਾਸ਼ਨਾ, ਅਨਸ਼ਠਾਨ ਵਾਸ਼ਨਾ, ਲੋਕ ਪ੍ਰਿਅਤਾ ਦੀ ਵਾਸ਼ਨਾ ਆਦਿ ਵਾਸ਼ਨਾਵਾਂ ਦੇ ਵਿਚ ਫਸਿਆ ਹੋਇਆ ਮਨ ਦੌੜਦਾ ਹੀ ਰਹਿੰਦਾ ਹੈ ਪਰ ਜੇ ਸਾਨੂੰ ਸੁਆਸ ਨੂੰ ਕਾਬੂ ਕਰਨ ਦੀ ਜੁਗਤ ਆ ਜਾਵੇ ਤਾਂ ਮਨ ਬਹੁਤ ਹੱਦ ਤਕ ਰੁਕ ਜਾਇਆ ਕਰਦਾ ਹੈ। ਉਸ ਦਾ ਤਰੀਕਾ ਇਹ ਹੁੰਦਾ ਹੈ ਕਿ ਭਜਨ ਕਰਨ ਸਮੇਂ ਆਪਣੇ ਨਿਯਤ ਆਸਣ ਤੇ ਬੈਠੇ। ਆਸਣ, ਸਰੀਰ ਦੀ ਅਨੁਕੂਲਤਾ ਦੇ ਮੁਤਾਬਿਕ ਹੋਣਾ ਚਾਹੀਦਾ ਹੈ। ਚੌਂਕੜਾ ਮਾਰ ਕੇ ਬੈਠੇ, ਰੀੜ੍ਹ ਦੀ ਹੱਡੀ ਨੂੰ 90 ਦਰਜੇ ਉਪਰ ਸਿੱਧੀ ਕਰੇ; ਸਿਰ, ਗਰਦਨ, ਕਮਰ ਇਕ ਸੇਧ ਵਿਚ ਹੋਣ, ਫੇਰ ਬੈਠ ਕੇ ਸਿਰ ਨੂੰ ਢਿਲਾ ਕਰ ਦੇਵੇ, tension (ਖਿੱਚ) ਰਹਿਤ ਖਾਲੀ ਕਰ ਦੇਵੇ। ਮੋਢੇ ਖਿੱਚ ਰਹਿਤ ਕਰੇ। ਇਵੇਂ ਬਾਕੀ ਸਰੀਰ ਦੇ ਅੰਗਾਂ ਨੂੰ ਖਿੱਚ ਰਹਿਤ ਕਰਕੇ ਧਿਆਨ ਸੁਆਸ ਦੀ ਆਵਾਜਾਈ ਉਪਰ ਜਮਾਵੇ ਅਤੇ ਸਾਵਧਾਨ ਹੋ ਕੇ ਸੁਆਸ ਦੇ ਅੰਦਰ ਅਤੇ ਬਾਹਰ ਜਾਣ ਨੂੰ watch ਕਰਦਾ ਰਹੇ। ਸੁਆਸ ਤੋਂ ਧਿਆਨ ਉੱਕਣ ਨਾ ਦੇਵੇ ਅਤੇ ਸੁਆਸ ਨਾਲ ਨਾਮ ਜਪਣ ਦੀ ਜੁਗਤੀ ਮਹਾਂਪੁਰਸ਼ਾਂ ਤੋਂ ਪੁੱਛ ਕੇ ਕਰੇ। ਇਸ ਤਰ੍ਹਾਂ ਕਰਨ ਨਾਲ, ਥੋੜੀ ਮਿਹਨਤ ਕਰਨ ਨਾਲ, ਸੁਆਸ ਨੂੰ ਧਿਆਨ ਅੰਦਰ ਰੱਖਣ ਨਾਲ ਸੁਰਤੀ ਨਾਮ ਵਿਚ ਲੀਨ ਹੋਣੀ ਸ਼ੁਰੂ ਹੋ ਜਾਵੇਗੀ ਅਤੇ ਛੇਤੀਂ ਹੀ ਰਸ ਆਉਣਾ ਸ਼ੁਰੂ ਹੋ ਜਾਵੇਗਾ। ਨਾਮ ਦੇ ਉਚਾਰਣ ਵਾਲੀ ਧੁਨੀ ਸਰਵਣ ਹੋਣ ਲਗ ਜਾਵੇਗੀ, ਇਸ ਤਰ੍ਹਾਂ ਮਨ ਟਿਕ ਜਾਵੇਗਾ।

3. ਮਨ ਦੇ ਵਿਚ ਅਨੇਕ ਤਰੰਗਾਂ ਹਨ। ਜਿਸ ਤਰ੍ਹਾਂ ਦੇ ਨਾਲ ਪਾਰਾ, ਬਿਨਾਂ ਔਸ਼ਧੀ ਨਾਲ ਮਾਰੇ ਤੋਂ ਉਂਗਲੀ ਹੇਠ ਨਹੀਂ ਆਇਆ ਕਰਦਾ, ਇਸੇ ਤਰ੍ਹਾਂ ਦੇ ਨਾਲ ਮਨ ਕਿਸੇ ਵੀ ਜ਼ਬਰਦਸਤੀ ਰੋਕਣ ਦੇ ਤਰੀਕੇ ਨਾਲ ਵਸ ਵਿਚ ਨਹੀਂ ਆਉਂਦਾ। ਮਨ ਇਕ ਖੁਟਹਰ ਚੀਜ਼ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਮਨ! ਤੂੰ ਕਿਸ-ਕਿਸ ਨੂੰ ਨਹੀਂ ਸਿਟਿਆ। ਸਿਖਰ ਪਹੁੰਚਿਆਂ ਹੋਇਆਂ ਨੂੰ ਤੂੰ ਐਨਾ ਨੀਵਾਂ ਸੁੱਟ ਦਿੰਦਾ ਹੈਂ ਜਿਸ ਅਵਸਥਾ ਬਾਰੇ ਕਦੇ ਵੀ ਅਨੁਮਾਨ ਨਹੀਂ ਕੀਤਾ ਜਾ ਸਕਦਾ।

ਮਛੰਦਰ ਨਾਥ ਇਕ ਬਹੁਤ ਉਚ ਕੋਟੀ ਦਾ ਯੋਗੀ ਸੀ। ਗੋਰਖਨਾਥ ਵਰਗਾ ਮਹਾਨ ਵਿਦਵਾਨ ਗੁਰੂ ਇਸ ਦਾ ਚੇਲਾ ਸੀ। ਬੇਅੰਤ ਸ਼ਕਤੀਆਂ ਦਾ ਭੰਡਾਰ ਸੀ। ਇਕ ਵਾਰੀ ਇਹ ਲੰਕਾ ਦੇ ਰਾਜੇ ਅਮਰੂ ਦੇ ਪਾਸ ਠਹਿਰਿਆ ਹੋਇਆ ਸੀ। ਰਾਜਾ ਅਤੇ ਪਦਮਨੀ ਰਾਣੀਆਂ ਉਸਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿੰਦੀਆਂ ਸਨ। ਇਸਤਰੀ ਦੇ, ਸੰਗ-ਦੋਸ਼ ਨੇ, ਇਸਦੀ ਬਿਰਤੀ ਦੇ ਅੰਦਰ ਗੁਪਤ ਰੂਪ ਵਿਚ ਕਾਮਵੇਗ ਨੂੰ ਪੈਦਾ ਕਰ ਦਿਤਾ। ਯੋਗੀ ਹੋਣ ਕਰਕੇ ਉਸਨੂੰ ਆਪਣੀ ਪ੍ਰਭਤਾ ਦਾ ਵੀ ਖਿਆਲ ਸੀ ਪਰ ਅੰਦਰੋਂ ਉਸਨੂੰ ਗਲਤ ਫੁਰਨੇ ਆਉਣੇ ਸ਼ੁਰੂ ਹੋ ਗਏ। ਰਾਜਾ ਅਮਰੂ ਸਰੀਰ ਛੱਡ ਗਿਆ ਅਤੇ ਉਸਦੀਆਂ ਰਾਣੀਆਂ ਬਹੁਤ ਵੈਰਾਗ ਕਰ ਰਹੀਆਂ ਸਨ। ਇਸ ਯੋਗੀ ਨੂੰ ਦੂਸਰੇ ਦੇ ਸਰੀਰ ਵਿਚ ਪ੍ਰਵੇਸ਼ ਕਰਨ ਦੀ ਕਲਾ ਆਉਂਦੀ ਸੀ। ਇਸਨੇ ਆਪਣਾ ਸਰੀਰ ਇਕ ਗਹਿਰੀ ਗੁਫਾ ਦੇ ਅੰਦਰ ਛੱਡ ਕੇ ਆਪ ਅਮਰੂ ਦੇ ਸਰੀਰ ਵਿਚ ਪ੍ਰਵੇਸ਼ ਕਰ ਗਿਆ ਅਤੇ ਚੌਦਾਂ ਸਾਲ ਲਗਾਤਾਰ ਪਦਮਨੀ ਰਾਣੀਆਂ ਦੇ ਸੰਗ ਵਿਚ ਰਿਹਾ। ਗੋਰਖ ਨੂੰ ਜਦੋਂ ਪਤਾ ਲਗਿਆ ਤਾਂ ਆਪਣੇ ਗੁਰੂ ਨੂੰ ਉਸਨੇ ਕਾਮ ਵਾਸ਼ਨਾ 'ਚੋਂ ਜਗਾਇਆ।

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਹੇ ਮਨ! ਤੇਰਾ ਇਤਬਾਰ ਕੌਣ ਕਰੇ, ਤੈਨੂੰ ਮਾਇਆ ਮੋਹਣੀ ਨੇ ਮੋਹਿਆ ਹੋਇਆ ਹੈ। ਤੇਰੇ ਮੋਹੇ ਹੋਏ ਜੀਵ, ਨਰਕਾਂ ਦੇ ਰਾਹ ਪੈ ਜਾਂਦੇ ਹਨ। ਇਸ ਮਨ ਦਾ ਕੋਈ ਭਰੋਸਾ ਨਹੀਂ। ਮਹਾਤਮਾ ਬੜੇ ਕਿਸਮ ਦੇ ਯਤਨ ਕਰਦੇ ਹਨ ਤੇ ਮਨ ਦੇ ਨਾਲ ਝਗੜਾ ਪਾਉਂਦੇ ਹਨ ਜਿਵੇਂ ਕਿ ਇਕ ਮਹਾਤਮਾ ਨੂੰ ਕਿਸੇ ਨੇ ਰਜਾਈ ਲਿਆ ਦਿਤੀ। ਭਜਨ ਕਰਨ ਦੇ ਸਮੇਂ ਉਸਨੂੰ ਜਾਗ ਆਈ ਪਰ ਰਜਾਈ ਦਾ ਨਿੱਘ ਐਨਾ ਸੀ ਕਿ ਰਜਾਈ ਛੱਡ ਨਾ ਸਕਿਆ। ਇਸ ਤਰ੍ਹਾਂ ਦੁਬਾਰਾ ਨੀਂਦ ਆ ਗਈ ਅਤੇ ਭਜਨ ਕਰਨ ਦਾ ਸਮਾਂ ਲੰਘ ਗਿਆ। ਮਹਾਤਮਾ ਜਦੋਂ ਜਾਗਿਆ ਤਾਂ ਦਿਨ ਚੜ੍ਹ ਚੁਕਿਆ ਸੀ। ਉਸਨੂੰ ਬੜਾ ਅਫਸੋਸ ਹੋਇਆ ਕਿ ਮਨ ਨੇ ਸੁਖ ਦਾ ਝਲਕਾਰਾ, ਰਜਾਈ ਰਾਹੀਂ ਦੇ ਕੇ ਮੇਰਾ ਨਿਤਨੇਮ ਦਾ ਨੇਮ ਤੋੜ ਦਿਤਾ ਹੈ। ਸਰੀਰ ਅਤੇ ਮਨ ਨੂੰ ਸਜ਼ਾ ਦੇਣ ਲਈ ਮਹਾਤਮਾ ਇਕ ਨਲਕੇ ਹੇਠਾਂ, ਸਣੇ ਰਜਾਈ ਬੈਠ ਗਏ। ਜਿਉਂ-ਜਿਉਂ ਰਜਾਈ ਭਿੱਜਦੀ ਸੀ, ਭਾਰੀ ਹੁੰਦੀ ਜਾਂਦੀ ਸੀ ਤਾਂ ਮਹਾਤਮਾ ਬਾਰ-ਬਾਰ ਕਹਿੰਦੇ ਸਨ ਕਿ ਮਨ ਜੀ! ਤੈਨੂੰ ਹੁਣ ਪਤਾ ਲਗੇਗਾ ਕਿ ਕਿਵੇਂ ਧੋਖਾ ਦੇਈਦਾ ਹੈ, ਹੁਣ ਸਾਰਾ ਸਿਆਲ ਠੁਰ-ਠੁਰ ਕਰੀਂ, ਮੈਂ ਵੀ ਇਹ ਗਿੱਲੀ ਰਜਾਈ ਉਪਰੋਂ ਨਹੀਂ ਲਾਹੁਣੀ। ਸੋ ਇਸ ਤਰ੍ਹਾਂ ਮਨ ਨਾਲ ਸੱਥ ਪਾਉਂਦੇ ਹਨ, ਝਗੜਾ ਪਾਉਂਦੇ ਹਨ ਪਰ ਮਨ ਨਹੀਂ ਟਿਕਦਾ। ਇਹ ਧੋਖੇਬਾਜ਼ ਹੈ, ਇਹ ਮਾਇਆ ਨਾਲ ਰਲ ਕੇ ਐਨੇ ਪਿਆਰੇ ਰੂਪ ਧਾਰਦਾ ਹੈ ਕਿ ਸਾਧਕ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸ ਸਮੇਂ ਮਨ ਨੇ ਲਿਤਾੜ ਦਿਤਾ ਹੈ।

ਰਾਜਾ ਪਾਰਸਨਾਥ ਸਤਿਜੁਗ ਦੇ ਅੰਦਰ ਬਹੁਤ ਹੀ ਪ੍ਰਸਿੱਧ ਅਤੇ ਸ਼ਕਤੀਸ਼ਾਲ ਸਮਰਾਟ ਹੋਇਆ ਹੈ। ਇਸਨੇ ਸੰਸਾਰ ਵਿਚ ਇਕ ਲੱਖ ਰਾਜੇ ਉਤੇ ਫਤਹਿ ਪਾ ਕੇ ਉਸਨੂੰ ਆਪਣੀ ਜੇਲ੍ਹ ਵਿਚ ਕੈਦ ਕਰਿਆ ਹੋਇਆ ਸੀ। ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੈਂ ਰਾਜਸੂ ਯੱਗ ਦੀ ਪਹਿਲੀ ਸ਼ਰਤ ਪੂਰੀ ਕਰ ਦਿਤੀ ਹੈ, ਹੁਣ ਮੈਂ ਰਾਜਸੂ ਯੱਗ ਕਰਨਾ ਚਾਹੁੰਦਾ ਹਾਂ। ਵਜ਼ੀਰ ਬੜਾ ਸਿਆਣਾ ਸੀ ਉਸ ਨੇ ਕਿਹਾ, ਹਜ਼ੂਰ! ਇਕ ਰਾਜਾ ਐਸਾ ਹੈ ਜੇ ਉਸਨੂੰ ਜਿੱਤ ਲਿਆ ਜਾਵੇ ਤਾਂ ਸਾਰਾ ਹੀ ਸੰਸਾਰ ਜਿੱਤਿਆ ਜਾ ਸਕਦਾ ਹੈ; ਉਹ ਮਨ ਰਾਜਾ ਹੈ। ਉਸਦੀਆਂ ਫੌਜਾਂ ਵਿਚ ਬਹੁਤ ਹੀ ਅਜਿੱਤ ਸੂਰਮੇ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਉਨ੍ਹਾਂ ਦੇ ਸਾਥੀ ਪੰਜ ਠੱਗ - ਰਾਜ, ਮਾਲ, ਰੂਪ, ਜਾਤ, ਜੋਬਨ; ਹੰਸ, ਹੇਤ, ਕੋਪ, ਲੋਭ - ਚਾਰੇ ਨਦੀਆਂ ਅੱਗ; ਸ਼ਬਦ, ਸਪਰਸ਼, ਰੂਪ, ਰਸ, ਗੰਧ - ਪੰਜੇ ਵਿਸ਼ੇ, ਅਜਿੱਤ ਹਨ ਜਿਨ੍ਹਾਂ ਦੇ ਅੱਗੇ ਵੱਡੇ-ਵੱਡੇ ਮਹਾਂਰਥੀਆਂ, ਰਾਜਿਆਂ, ਸਿੱਧ-ਸਾਧਕਾਂ, ਦੇਵਤਿਆਂ ਦੀ ਪੇਸ਼ ਨਹੀਂ ਜਾਂਦੀ। ਇਕ ਇਕੱਲਾ ਕਾਮ ਹੀ ਲੈ ਲਓ

ਜਿਸ ਦੇ ਵਸ ਹੋ ਕੇ ਇੰਦ੍ਰ ਵਰਗਾ ਦੇਵਤਾ, ਜਿਸਦੇ ਰਾਜ ਵਿਚ ਅਨੇਕ ਮਹਾਨ ਸੁੰਦਰ ਅਪੱਛਰਾਵਾਂ ਹਨ, ਭਟਕਿਆ ਹੋਇਆ ਗੋਤਮ ਰਿਸ਼ੀ ਦੀ ਇਸਤਰੀ ਅਹੱਲਿਆ ਨਾਲ ਮੰਦ ਕਰਮ ਕਰਨ ਗੋਤਮ ਤਪੇ ਦਾ ਰੂਪ ਧਾਰਨ ਕਰਕੇ ਆ ਗਿਆ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ।।*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ।। ਅੰਗ-1343-44*

ਗੁਰੂ ਮਹਾਰਾਜ ਨੇ ਇਕ ਥਾਂ ਹੋਰ ਲਿਖਿਆ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ।।*
*ਅੰਗ - 953*

ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ ਇਸ ਮਨ ਸੂਰਮੇ ਨੂੰ ਜ਼ੋਰ ਨਾਲ ਕੋਈ ਨਹੀਂ ਜਿੱਤ ਸਕਿਆ ਅਤੇ ਨਾ ਹੀ ਆਪਣੇ ਵਸ ਕਰ ਸਕਿਆ ਹੈ। ਇਹ ਵਾਹਿਗੁਰੂ ਜੀ ਦੀ ਬਣਾਈ ਹੋਈ ਮਹਾਂ ਪ੍ਰਬਲ ਸ਼ਕਤੀ ਹੈ। ਜਦੋਂ ਤਕ ਤੁਸੀਂ ਇਸ ਮਨ ਰਾਜੇ ਨੂੰ ਨਹੀਂ ਜਿੱਤਦੇ, ਤੁਸੀਂ ਰਾਜਸੂ ਯੱਗ ਕਰਨ ਦੇ ਅਧਿਕਾਰੀ ਨਹੀਂ ਹੋ। ਪਾਰਸਨਾਥ, ਜਿਸ ਨੇ ਧਰਤੀ ਦੇ ਰਾਜਿਆਂ ਨੂੰ ਜਿੱਤ ਕੇ ਦੇਵ ਲੋਕਾਂ ਦੇ ਦੇਵਤਿਆਂ ਨੂੰ ਜਿੱਤ ਲਿਆ ਪਰ ਉਹ ਮਨ ਨੂੰ ਨਾ ਜਿੱਤ ਸਕਿਆ ਅਤੇ ਅੰਤ ਨੂੰ ਚਿਖਾ ਉਪਰ ਬੈਠ ਕੇ ਜਿਉਂਦਾ ਜਲ ਗਿਆ। ਇਹ ਮਨ ਆਪਣੀਆਂ ਖਰਮਸਤੀਆਂ ਵਿਚ ਆਪਣੇ ਕੀਤੇ ਹੋਏ ਜਪਾਂ-ਤਪਾਂ ਅਤੇ ਪਰਹੇਜ਼ ਵਾਲੇ ਕੰਮਾਂ ਦਾ ਅਸਰ ਇਕ ਮਿੰਟ ਵਿਚ ਦੂਰ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਜਮਡੰਡ ਅਤੇ ਦੁਖ ਸਹਾਰਨ ਜੋਗਾ ਬਣਾ ਲੈਂਦਾ ਹੈ। ਜੋ ਵਾਹਿਗੁਰੂ ਇਸਦੇ ਅੰਗ-ਸੰਗ ਰਹਿੰਦਾ ਹੈ, ਉਸ ਤੋਂ ਬਹੁਤ ਦੂਰੀ ਤੇ ਰਹਿੰਦਾ ਹੈ। ਉਸ ਨਾਲ ਮਿਲਦਾ ਨਹੀਂ ਜਿਸ ਨਾਲ ਮਿਲਕੇ ਇਸਨੂੰ ਸੁਖ ਹੋ ਸਕਦਾ ਹੈ ਪਰ ਇਸ ਦੇ ਵਿਪਰੀਤ ਪੰਜ ਠੱਗਾਂ ਨਾਲ ਜੋ ਇਸਨੂੰ ਪਲ-ਪਲ ਲੁਟਦੇ ਹਨ ਅਤੇ ਨਾਮ ਦੇ ਅੰਮ੍ਰਿਤ ਕੁੰਡ ਤੇ ਨਹੀਂ ਪਹੁੰਚਣ ਦਿੰਦੇ, ਉਹ ਇਸਦੇ ਮਿੱਤਰ ਹਨ -

*ਸੰਗਿ ਸਹਾਈ ਸੁ ਆਵੈ ਨ ਚੀਤਿ।।*
*ਜੋ ਬੈਰਾਈ ਤਾ ਸਿਉ ਪ੍ਰੀਤਿ।।*
*ਅੰਗ - 267*

ਇਸ ਦੇ ਵਸ ਕਰਨ ਦਾ ਇਕੋ ਤਰੀਕਾ ਹੈ ਕਿ ਉਨ੍ਹਾਂ ਪ੍ਰਮੇਸ਼ਰ ਦੇ ਰਸਕ ਬੈਰਾਗੀ ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਵੇ ਅਤੇ ਉਨ੍ਹਾਂ ਦੀ ਸੰਗਤ ਕਰਦਿਆਂ ਨਾਮ ਰਸ ਪ੍ਰਾਪਤ ਹੋ ਜਾਵੇ। ਇਹ ਇਕ ਇਲਾਜ ਇਸਦੇ ਟਿਕਣ ਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਵਨੁ ਕਵਨੁ ਨਹੀ ਪਤਰਿਆ*
*ਤੁਮਰੀ ਪਰਤੀਤਿ।।*
*ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ।।*
*ਮਨ ਖੁਟਹਰ ਤੇਰਾ ਨਹੀ ਬਿਸਾਸੁ*
*ਤੂੰ ਮਹਾ ਉਦਮਾਦਾ।।*
*ਖਰ ਕਾ ਪੈਖਰੁ ਤਉ ਛੁਟੈ*
*ਜਉ ਊਪਰਿ ਲਾਦਾ।।*
*ਜਪ ਤਪ ਸੰਜਮ ਤੁਮ ਖੰਡੇ*
*ਜਮ ਕੇ ਦੁਖ ਡਾਂਡ।।*
*ਸਿਮਰਹਿ ਨਾਹੀ ਜੋਨਿ*
*ਦੁਖ ਨਿਰਲਜੇ ਭਾਂਡ।।*
*ਹਰਿ ਸੰਗਿ ਸਹਾਈ ਮਹਾ ਮੀਤੁ*
*ਤਿਸ ਸਿਉ ਤੇਰਾ ਭੇਦੁ।।*
*ਬੀਧਾ ਪੰਚ ਬਟਵਾਰਈ*
*ਉਪਜਿਓ ਮਹਾ ਖੇਦੁ।।*
*ਨਾਨਕ ਤਿਨ ਸੰਤਨ ਸਰਣਾਗਤੀ*
*ਜਿਨ ਮਨੁ ਵਸਿ ਕੀਨਾ।।*
*ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਾ॥*
*ਅੰਗ - 815*

ਇਸ ਵਾਸਤੇ ਮਨ ਨੂੰ ਰੋਕਣ ਲਈ ਜ਼ਬਰਦਸਤੀ ਨਾ ਕਰੇ, ਇਹਦੇ ਨਾਲ ਕੁਸ਼ਤੀ ਅਤੇ ਜੱਦੋ-ਜਹਿਦ ਨਾ ਕਰੇ। ਸਿਰਫ ਆਪਣੇ ਖਿਆਲਾਂ ਨੂੰ, ਇਕ ਪਾਸੇ ਹਟ ਕੇ ਬਹੁਤ ਧਿਆਨ ਨਾਲ ਪਰਖੇ। ਮਨ ਦਾ ਜੋ ਸੁਭਾਅ ਹੈ, ਇਸਦੀਆਂ ਜੋ ਪੱਕੀਆਂ ਆਦਤਾਂ ਹਨ ਉਨ੍ਹਾਂ ਉਪਰ ਗੌਰ ਕਰੇ। ਦੇਖੇ ਕਿ ਬਾਰ-ਬਾਰ ਕਿਸ ਪਾਸੇ ਨੂੰ ਜਾਂਦਾ ਹੈ। ਇਸ ਦਾ ਇਕ ਹੋਰ ਸੁਖਾਲਾ ਤਰੀਕਾ ਹੈ ਕਿ ਜਦੋਂ ਭਜਨ ਕਰਨ ਵੇਲੇ ਮਨ ਵਿਚ ਫੁਰਨਾ ਆਵੇ, ਕਾਗਜ਼, ਪੈਨਸਿਲ ਆਪਣੇ ਪਾਸ ਹੀ ਰੱਖੇ। ਉਸ ਫੁਰਨੇ ਨੂੰ ਉਸੇ ਵੇਲੇ ਕਾਗਜ਼ ਤੇ ਲਿਖ ਲਵੇ। ਭਜਨ ਕਰਨ ਉਪਰੰਤ ਉਨ੍ਹਾਂ ਸਾਰਿਆਂ ਫੁਰਨਿਆਂ ਨੂੰ ਪੜ੍ਹੇ ਅਤੇ ਆਪਣੇ ਆਪ ਨੂੰ ਦੇਖੇ। ਇਸ ਤਰ੍ਹਾਂ ਕਰਨ ਨਾਲ ਜਦੋਂ ਤੁਸੀਂ ਮਨ ਨੂੰ watch ਕਰਨ ਲਗ ਜਾਵੋਂਗੇ ਅਤੇ ਇਸ ਦੇ ਥਾਂ ਪਰ ਥਾਂ ਦੌੜਨ ਨੂੰ ਲਾਂਭੇ ਹੋ ਕੇ ਦੇਖਣ ਲਗ ਜਾਵੋਂਗੇ ਤਾਂ ਇਹ

ਖੁਦ-ਬ-ਖੁਦ ਹੀ ਸ਼ਾਂਤ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਦਾ ਅਭਿਆਸ ਕਰਨ ਨਾਲ ਮਨ ਹੌਲੀ-ਹੌਲੀ ਟਿਕ ਜਾਂਦਾ ਹੈ। ਆਮ ਜਗਿਆਸੂ ਇਸ ਤਰੀਕੇ ਨੂੰ ਅਪਣਾਉਂਦੇ ਹਨ।

ਦੂਸਰਾ ਤਰੀਕਾ - ਜੋ ਜਗਿਆਸੂ ਕਾਫੀ ਸਮੇਂ ਤੋਂ ਭਜਨ ਕਰ ਰਹੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਸ਼ਬਦ ਦਾ ਰਸ ਆਉਣਾ ਸ਼ੁਰੂ ਹੋ ਗਿਆ, ਉਹ ਆਪਣੇ ਆਪ ਨੂੰ ਮਨ ਦਾ ਸੁਆਮੀ ਬਣਾ ਲੈਂਦੇ ਹਨ ਅਤੇ ਮਨ ਨੂੰ ਆਪਣਾ ਸੇਵਕ ਬਣਾ ਕੇ ਬੁਰੇ ਖਿਆਲਾਂ ਤੋਂ ਰੋਕਦੇ ਹਨ ਅਤੇ ਸਚਮੁਚ ਹੀ ਪੂਰੇ ਰੋਹਬ ਨਾਲ ਤਾੜਨਾ ਕਰਦੇ ਹਨ। ਅੱਗੇ ਵਾਸਤੇ ਮਨ ਦੀਆਂ ਉਡਾਰੀਆਂ ਸੀਮਤ ਕਰਦੇ ਹਨ। ਮਨ ਉਡਦਾ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਪੰਛੀ ਅਨੇਕਾਂ ਖੱਟੇ-ਮਿੱਠੇ ਫਲ ਵਾਲੇ ਦਰਖਤਾਂ ਤੇ ਉਡਾਰੀ ਮਾਰਦਾ ਹੈ। ਕਈ ਸਿੰਬਲ ਦਾ ਗਲ ਘੋਟੂ ਫਲ ਖਾ ਕੇ ਪੀੜਤ ਹੁੰਦੇ ਹਨ। ਇਸੇ ਤਰ੍ਹਾਂ ਦੇ ਨਾਲ ਮਨ ਉਡਾਰੀਆਂ ਮਾਰਦਾ ਹੈ ਅਤੇ ਅਨੇਕ ਕਿਸਮ ਦੇ ਭੋਗ ਵਾਸ਼ਨਾਵਾਂ ਰਾਹੀਂ ਫਲ ਖਾਂਦਾ ਦੁਖੀ ਹੁੰਦਾ ਹੈ -

***ਕਬੀਰ ਮਨੁ ਪੰਖੀ ਭਇਓ***
***ਉਡਿ ਉਡਿ ਦਹ ਦਿਸ ਜਾਇ॥***
***ਜੋ ਜੈਸੀ ਸੰਗਤਿ ਮਿਲੈ***
***ਸੋ ਤੈਸੋ ਫਲੁ ਖਾਇ॥ ਅੰਗ-1369***

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥ ਅੰਗ - 66***

ਇਸ ਤਰ੍ਹਾਂ ਜੱਦੋ-ਜਹਿਦ ਕਰਦਿਆਂ ਇਕ ਦਿਨ ਆਉਂਦਾ ਹੈ ਜਦੋਂ ਮਨ ਕਹਿਣਾ ਮੰਨਣਾ ਸ਼ੁਰੂ ਕਰ ਦਿੰਦਾ ਹੈ ਅਤੇ ਆਪ-ਹੁਦਰਾ-ਪਨ ਨਹੀਂ ਕਰਦਾ ਅਤੇ ਸੱਚੀ ਵਿਚਾਰ ਦੇ ਅੱਗੇ ਝੁਕ ਜਾਂਦਾ ਹੈ।

**ਮਨ ਰੋਕਣ ਦਾ ਤੀਸਰਾ ਤਰੀਕਾ** - ਇਹ ਤਰੀਕਾ ਯੋਗੀਆਂ ਦਾ ਹੈ। ਆਰਾਮ ਨਾਲ ਧਿਆਨ ਜਮਾਉਣ ਲਈ ਬੈਠ ਜਾਓ ਅਤੇ ਸੋਚਣਾ ਬੰਦ ਕਰ ਦਿਓ, ਦਿਮਾਗ ਨੂੰ ਖਾਲੀ ਕਰ ਦਿਓ ਅਤੇ ਆਪਣੇ ਮਨ ਨੂੰ ਦੇਖੋ ਕਿ ਖਿਆਲ ਕਿਧਰੋਂ ਆ ਰਹੇ ਹਨ ਅਤੇ ਕਿਸ ਕਿਸਮ ਦੇ ਆ ਰਹੇ ਹਨ। ਤੁਸੀਂ ਦੇਖੋਂਗੇ ਕਿ ਸਾਰੇ ਖਿਆਲ ਬਾਹਰੋਂ ਆ ਰਹੇ ਹਨ। ਬਾਹਰ ਦੀਆਂ ਚੀਜ਼ਾਂ ਦੇ ਅਸਰ ਲੈ ਕੇ ਅੰਦਰ ਪ੍ਰਵੇਸ਼ ਕਰ ਰਹੇ ਹਨ। ਇਨ੍ਹਾਂ ਨੂੰ ਸਰੀਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਬਾਹਰ ਧੱਕ ਦੇਵੋ। ਬਾਣੀ ਦੀ ਸਹਾਇਤਾ ਨਾਲ, ਮਹਾਂਪੁਰਸ਼ਾਂ ਦੀ ਸੰਗਤ ਦੇ ਪ੍ਰਭਾਵ ਨਾਲ ਆਦਮੀ ਦੇ ਅੰਦਰ ਦ੍ਰਿੜ੍ਹਤਾ ਆ ਜਾਂਦੀ ਹੈ ਪਰ ਮਨ ਦੇ ਨਾਲ ਇਸ ਤਰ੍ਹਾਂ ਦੀ ਲੜਾਈ ਕਰਨੀ ਅਤੇ ਉਸ ਉਪਰ ਵਿਜੈ ਪਾਉਣੀ, ਇਹ ਪ੍ਰਮੇਸ਼ਰ ਦੀ ਦਇਆ ਤੋਂ ਬਿਨਾਂ ਨਹੀਂ ਹੋਇਆ ਕਰਦੀ।

***ਮਨੁ ਬਸਿ ਆਵੈ ਨਾਨਕਾ***
***ਜੇ ਪੂਰਨ ਕਿਰਪਾ ਹੋਇ॥ ਅੰਗ - 298***

ਇਕ ਸਾਧਨ ਹੋਰ ਹੈ ਕਿ ਨਾਮ ਦੀ ਧੁਨ ਵਿਚ ਧਿਆਨ ਲੱਗਣ ਦੇ ਨਾਲ ਆਦਮੀ ਦੇ ਸਰੀਰ ਵਿਚ ਕੁਝ ਪਰਿਵਰਤਨ ਆਉਂਦੇ ਹਨ। ਸੁਰਤਿ ਪ੍ਰਭੂ ਦੇ ਨਾਲ ਸੰਪਰਕ ਕਰਦੀ ਹੈ ਜਿਸ ਕਰਕੇ ਇਸਨੂੰ ਉਸ ਧੁਨ ਵਿਚ ਇਕ ਮਸਤੀ ਪ੍ਰਤੀਤ ਦਿੰਦੀ ਹੈ। ਸਰੀਰ ਝੂੰਮਦਾ ਹੈ ਅਤੇ ਇਕ ਅੰਮ੍ਰਿਤ ਰਸ ਦੀ ਵਰਸ਼ਾ ਇਸਦੇ ਕਮਲ ਤੇ ਹੋਣੀ ਸ਼ੁਰੂ ਹੋ ਜਾਂਦੀ ਹੈ, ਕਮਲ ਰਸ ਨਾਲ ਭਰ ਜਾਂਦਾ ਹੈ ਅਤੇ ਖੇੜਾ ਸਰੀਰ ਦੇ ਕਣ-ਕਣ ਵਿਚ ਵਿਆਪਕ ਹੋ ਕੇ ਝਰਨ੍ਹਾਟਾਂ ਦਿੰਦਾ ਹੈ। ਅਨਹਦ ਸ਼ਬਦ ਸੁਣਦੇ ਹਨ। ਪ੍ਰਭੂ ਦਾ ਪ੍ਰਕਾਸ਼ ਲਿਸ਼ਕਾਰੇ ਮਾਰਦਾ ਹੈ। ਅਜਿਹੇ ਮਹਾਨ ਰਸ ਨੂੰ ਛੱਡ ਕੇ ਮਨ ਇਕ ਸੈਕਿੰਡ ਵਾਸਤੇ ਵੀ ਨਹੀਂ ਦੌੜਿਆ ਕਰਦਾ ਅਤੇ ਸਮੇਂ ਤੋਂ ਬੇਪਰਵਾਹ ਹੋ ਕੇ ਸਮਾਧੀ ਵਿਚ ਲੀਨ ਰਹਿੰਦਾ ਹੈ। ਸਮਾਧੀ ਤੋਂ ਉਥਾਨ ਹੋ ਕੇ ਭੀ ਮਨ ਬਾਰ-ਬਾਰ ਅੰਦਰ ਨੂੰ ਰੁਖ ਕਰਦਾ ਹੈ ਅਤੇ ਉਸ ਮਹਾਨ ਰਸ ਨੂੰ ਭੁੰਚਣ ਲਈ ਅੰਦਰ ਚੁੱਭੀਆਂ ਮਾਰਦਾ ਹੈ। ਇਹ ਉਨ੍ਹਾਂ ਸਾਧਕਾਂ ਦੇ ਭਾਗ ਵਿਚ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉਪਰ ਮੁਰਸ਼ਦ ਦੀ ਅਪਾਰ ਕ੍ਰਿਪਾ ਹੋਵੇ ਅਤੇ ਪੂਰਨ ਅਧਿਕਾਰੀ ਜਗਿਆਸੂ ਹੋਣ।

ਇਨ੍ਹਾਂ ਸਾਰਿਆਂ ਦੇ ਉਪਰ ਇਕ ਅਵਸਥਾ ਪ੍ਰਾਪਤ ਹੁੰਦੀ ਹੈ ਜਿਥੇ ਮਨ ਦਾ ਵਜੂਦ ਹੀ ਖਤਮ ਹੋ ਜਾਂਦਾ ਹੈ ਅਤੇ ਅ-ਮਨ ਬਣ ਜਾਂਦਾ ਹੈ। ਉਸ ਥਾਂ ਆਪਣੀ ਹਉਮੈ ਤੋਂ ਉਤਪਤ ਹੋਈ ਹਸਤੀ ਆਪਣੇ ਅਸਲੀ ਸਰੂਪ ਆਤਮਾ ਵਿਚ ਲੈਅ ਹੋ ਜਾਂਦੀ ਹੈ ਅਤੇ ਹਉਮੈ ਦੀ ਸੁਰਤ ਤੋਂ ਉਪਰ ਸਾਖੀ ਚੇਤਨ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੁਝ ਦ੍ਰਿਸ਼ਟੀ ਹੀ ਨਹੀਂ ਆਉਂਦਾ। ਉਸ ਅਵਸਥਾ ਵਿਚ ਮਨ ਦੇ ਦੌੜਨ ਭੱਜਣ ਦਾ ਕੋਈ ਸਵਾਲ ਹੀ ਨਹੀਂ

ਉਠਦਾ ਕਿਉਂਕਿ ਤੱਤੂ ਗਿਆਨ ਦੇ ਪ੍ਰਗਟ ਹੋਣ ਨਾਲ ਲੈਅ ਹੋ ਗਿਆ ਅਤੇ ਉਸ ਦ੍ਰਿਸ਼ਟੀ ਵਿਚ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਵੀ ਬਾਕੀ ਨਾ ਰਿਹਾ। ਜਗਿਆਸੂ ਦਾ ਆਪਣਾ ਅਸਿਤਤ੍ਵ, ਸੂਰਜ ਚੜ੍ਹਨ ਦੇ ਪ੍ਰਕਾਸ਼ ਹੋਣ ਨਾਲ ਜਿਵੇਂ ਹਨ੍ਹੇਰੇ ਦਾ ਵਜੂਦ ਹੀ ਨਹੀਂ ਰਹਿੰਦਾ, ਵਾਂਗੂੰ ਪ੍ਰੇਮ ਚੇਤਨ ਵਾਹਿਗੁਰੂ ਜੀ ਵਿਚ ਲੈਅ ਹੋ ਕੇ ਵਾਹਿਗੁਰੂ ਬਿਨਾਂ ਕੁਝ ਵੀ ਬਾਕੀ ਨਹੀਂ ਰਹਿੰਦਾ। ਅਵਸਥਾ ਭੇਦ ਦੇ ਮੁਤਾਬਿਕ ਤਿੰਨ ਅਵਸਥਾ ਵਾਪਰਦੀਆਂ ਹਨ – ਇਕ ਹੈ – ਮੈਂ ਸਤਿ, ਚਿੱਤ, ਅਨੰਦ ਪੂਰਨ ਹਾਂ, ਸਭ ਕੁਝ ਮੈਂ ਹੀ ਹਾਂ, ਮੇਰੇ ਤੋਂ ਬਿਨਾਂ ਸੰਸਾਰ ਵਿਚ ਹੋਰ ਕੁਝ ਹੈ ਹੀ ਨਹੀਂ। ਇਹ ਪ੍ਰਤੱਖ ਅਵਸਥਾ ਸ਼ਾਖਸ਼ਾਤ ਹੋ ਜਾਇਆ ਕਰਦੀ ਹੈ। ਦੂਸਰਾ – ਮੈਂ ਵਾਹਿਗੁਰੂ ਹੀ ਹਾਂ, ਉਹ ਵਾਹਿਗੁਰੂ ਮੈਂ ਹੀ ਹਾਂ। ਤੀਸਰਾ – ਇਹ ਸਾਰਾ ਸੰਸਾਰ ਵਾਹਿਗੁਰੂ ਹੀ ਹੈ –

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।*
*ਗੋਬਿੰਦ ਬਿਨੁ ਨਹੀ ਕੋਈ।।*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ*
*ਓਤਿ ਪੋਤਿ ਪ੍ਰਭੁ ਸੋਈ।।*
*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ।।*

***ਅੰਗ** – 485*

ਇਹ ਅਵਸਥਾਵਾਂ ਪੂਰਨ ਬ੍ਰਹਮਗਿਆਨੀ ਨੂੰ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦੇ ਅੰਦਰੋਂ ਹਉਮੈ ਦਾ ਪੂਰੀ ਤਰ੍ਹਾਂ ਨਾਲ ਅਭਾਵ ਹੋ ਚੁਕਿਆ ਹੁੰਦਾ ਹੈ। ਜਿਨ੍ਹਾਂ ਦੀ ਖੋਜ ਆਪਣੇ ਅੰਤਮ ਟੀਚੇ ਤੇ ਪਹੁੰਚ ਚੁਕੀ ਹੁੰਦੀ ਹੈ, ਉਹ ਫੁਰਮਾਨ ਕਰਦੇ ਹਨ –

*ਕਬੀਰ ਜਾ ਕਉ ਖੋਜਤੇ*
*ਪਾਇਓ ਸੋਈ ਠਉਰੁ।।*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ।।*

***ਅੰਗ** – 1369*

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ।।*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ।।*

***ਅੰਗ** – 1375*

ਉਸ ਨੂੰ ਐਸਾ ਪ੍ਰਤੀਤ ਦਿੰਦਾ ਹੈ ਕਿ ਮੇਰੇ ਹੀ ਵਿਕਲਪਹੀਨ ਦੇ ਬ੍ਰਹਮ ਅਤੇ ਜਗਤ ਦੋ ਨਾਮ ਹਨ। ਮੈਂ ਨਿਰਾਕਾਰ, ਨਿਰਵਿਕਲਪ, ਪ੍ਰੇਮ ਅਨੰਦ, ਚਿਦਾ ਅਕਾਸ਼ ਹਾਂ। ਮੇਰੇ ਹੀ ਦੋ ਨਾਮ ਹਨ – ਗਿਆਨ ਅਵਸਥਾ ਵਿਚ ਮੇਰਾ ਨਾਮ ਵਾਹਿਗੁਰੂ ਹੈ, ਅਗਿਆਨ ਅਵਸਥਾ ਵਿਚ ਮੇਰਾ ਹੀ ਨਾਮ ਸੰਸਾਰ-ਏ-ਜਗਤ ਹੈ। ਪਰ ਅਗਿਆਨ ਅਤੇ ਗਿਆਨ ਅਵਸਥਾ ਤੋਂ ਉਠ ਕੇ ਮੇਰਾ ਨਾਮ ਕੋਈ ਭੀ ਨਹੀਂ ਹੈ।

*ਨਾਮ ਠਾਮ ਨ ਜਾਤਿ ਜਾਕਰ*
*ਰੂਪ ਰੰਗ ਨ ਰੇਖ।।*

*(ਜਾਪੁ ਸਾਹਿਬ)*

*ਰੂਪੁ ਨ ਰੇਖ ਨ ਰੰਗੁ ਕਿਛੁ*
*ਤ੍ਰਿਹੁ ਗੁਣ ਤੇ ਪ੍ਰਭ ਭਿੰਨ।।*
*ਤਿਸਹਿ ਬੁਝਾਏ ਨਾਨਕਾ*
*ਜਿਸੁ ਹੋਵੈ ਸੁਪ੍ਰਸੰਨ।।* ***ਅੰਗ** – 283*

ਇਸ ਵਾਸਤੇ ਸੰਸਾਰ ਦ੍ਰਿਸ਼ਟੀ, ਗਿਰਾਵਟ ਹੈ ਅਤੇ ਜੀਵ ਅਵਸਥਾ ਹੈ। ਅਗਿਆਨ ਅਤੇ ਹਉਮੈ ਦੇ ਅਧੀਨ ਹੋਇਆ ਇਹੋ ਜੀਵ ਪ੍ਰੇਮ ਦੁਖੀ ਹੁੰਦਾ ਹੈ। ਬ੍ਰਹਮ ਦ੍ਰਿਸ਼ਟੀ ਉਤਪੰਨ ਹੋ ਜਾਂਦੀ ਹੈ ਤਾਂ ਆਪਣੇ ਆਪ ਸਮੇਤ ਸਾਰੇ ਦ੍ਰਿਸ਼ਟਮਾਨ ਨੂੰ ਬ੍ਰਹਮ ਹੀ ਅਨੁਭਵ ਕਰਦਾ ਹੈ ਜੋ ਇਸ ਦੀ ਸਤਿ ਅਵਸਥਾ ਹੈ ਜਿਸਨੂੰ ਸਿਧ-ਸਾਧਕ, ਦੇਵੀ-ਦੇਵਤੇ, ਪੀਰ-ਪੈਗੰਬਰ, ਅਉਲੀਏ ਖੋਜ ਰਹੇ ਹਨ। ਭਾਗਾਂ ਵਾਲਿਆਂ ਨੂੰ ਇਹ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਇਨ੍ਹਾਂ ਦੇ ਲੱਛਣ ਦੱਸਦਿਆਂ ਗੁਰੂ ਪੰਜਵੇ ਪਾਤਸ਼ਾਹ ਫੁਰਮਾਨ ਕਰਦੇ ਹਨ :-

*ਮਨਿ ਸਾਚਾ ਮੁਖਿ ਸਾਚਾ ਸੋਇ।।*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ।।*
*ਨਾਨਕ ਇਹ ਲਛਣ*
*ਬ੍ਰਹਮ ਗਿਆਨੀ ਹੋਇ।।* ***ਅੰਗ** – 272*

ਅਤੇ ਉਸਦੀ ਦ੍ਰਿਸ਼ਟੀ ਹੁੰਦੀ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ।।*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ।।* ***ਅੰਗ** – 846*

ਇਨ੍ਹਾਂ ਸਾਰੀਆਂ ਦ੍ਰਿਸ਼ਟੀਆਂ ਦੇ ਉਪਰ ਨਿਰਵਿਕਲਪਤਾ ਹੋਇਆ ਕਰਦੀ ਹੈ।

(---------)

# ਸਤਿਗੁਰ ਨਾਨਕ ਪ੍ਰਗਟਿਆ
# ਮਿਟੀ ਧੁੰਧ ਜਗ ਚਾਨਣ ਹੋਆ।

ਵਾਹਿਗੁਰੂ ਜੀ ਦੀ ਆਪਣੀ ਮੌਜ ਵਿਚ ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਅਨੇਕ ਭਾਂਤ ਦੀ, ਅਨੇਕ ਰੂਪਾਂ, ਰੰਗਾਂ ਦੀ ਸ੍ਰਿਸ਼ਟੀ ਸਾਜ ਕੇ ਮਨੁਖਾਂ ਦੇ ਕਲਿਆਣ ਵਾਸਤੇ ਅਜਿਹੀਆਂ ਰੂਹਾਂ ਵੀ ਮਨੁਖਾਂ ਦੇ ਜਨ ਸਮੂੰਹ ਵਿਚ ਪ੍ਰਵੇਸ਼ ਕਰਾਉਂਦਾ ਰਿਹਾ ਜੋ ਉਨ੍ਹਾਂ ਨੂੰ ਆਪਣੇ ਅੰਦਰਲੇ ਪ੍ਰਕਾਸ਼ ਰਾਹੀਂ ਅਕਾਲ ਪੁਰਖ ਵਲੋਂ ਆਏ ਗਿਆਨ ਦਾ ਪ੍ਰਕਾਸ਼ ਕਰਾਉਂਦੇ ਰਹੇ ਅਤੇ ਸੰਸਾਰ ਦਾ ਵਾਤਾਵਰਣ ਸੁਖਾਵਾਂ ਰਿਹਾ ਅਤੇ ਜੀਵਾਂ ਦੀ ਕਲਿਆਣ ਹੁੰਦੀ ਰਹੀ। ਅਨੇਕ ਰੂਪਾਂ ਵਿਚ ਸਮਾਜਿਕ, ਆਰਥਿਕ ਤੇ ਰਾਜਸੀ ਬੰਦੇ, ਮਰਿਆਦਾ ਦੇ ਕਾਨੂੰਨ ਵਿਚ ਬੰਨੇ ਜਾਂਦੇ ਰਹੇ ਜਿਸ ਨਾਲ ਜੀਵਨ ਨਿਯਮਬੱਧ ਹੋ ਕੇ ਸੁਖ-ਸ਼ਾਂਤੀ ਦਾ ਅਨੁਭਵ ਕਰਾਉਂਦਾ ਰਿਹਾ। ਭਾਈ ਗੁਰਦਾਸ ਜੀ ਦੇ ਪਉੜੀ ੫, ਵਾਰ ੧ ਦੇ ਕਥਨ ਅਨੁਸਾਰ ਅੰਕਿਤ ਹੈ -

***ਚਾਰਿ ਜੁਗਿ ਕਰਿ ਥਾਪਨਾ***
***ਸਤਿਜੁਗ ਤ੍ਰੇਤਾ ਦੁਆਪੁਰ ਸਾਜੇ।***
***ਚੌਥਾ ਕਲਿਜੁਗ ਥਾਪਿਆ***
***ਚਾਰਿ ਵਰਨਿ ਚਾਰੋਂ ਕੇ ਰਾਜੇ।***
***ਭਾਈ ਗੁਰਦਾਸ ਜੀ, ਵਾਰ ੧/੫***

ਸਤਿਜੁਗ ਦਾ ਮਨੁੱਖ ਦੈਵੀ ਗੁਣਾਂ ਵਿਚ ਭਰਪੂਰ ਹੋਣ ਕਰਕੇ ਸਤੋ ਗੁਣ ਵਿਚ ਵਰਤਦਾ ਸੀ ਅਤੇ ਪ੍ਰਮੇਸ਼ਰ ਨੂੰ ਘਟ-ਘਟ ਵਿਚ ਵਿਆਪਕ ਜਾਣ ਕੇ ਹਉਮੈਂ ਦੇ ਲੇਸ ਤੋਂ ਬਚਿਆ ਰਹਿੰਦਾ ਸੀ ਜਿਸ ਦੇ ਬਾਰੇ ਫੁਰਮਾਨ ਹੈ -

***ਸਤਿਜੁਗ ਹੰਸੁ ਅਵਤਾਰ ਧਰ***
***ਸੋਹੰ ਬ੍ਰਹਮ ਨ ਦੂਜਾ ਪਾਜੇ।***
***ਭਾਈ ਗੁਰਦਾਸ ਜੀ, ਵਾਰ ੧/੫***

ਇਸ ਜੁਗ ਦੇ ਵਿਚ ਹੰਸ ਅਵਤਾਰ ਧਾਰ ਕੇ ਸੋਹੰ ਬ੍ਰਹਮ ਦਾ ਪਤਾ ਦਸਿਆ, ਹੋਰ ਕੋਈ ਪਖੰਡ ਨਹੀਂ ਕੀਤਾ। ਲੋਕ ਇਕੋ ਬ੍ਰਹਮ ਹੀ ਬ੍ਰਹਮ ਆਖਦੇ ਸਨ। ਮੋਹ ਤੇ ਮਾਇਆ ਤੋਂ ਬੇ-ਖੁਹਾਇਸ਼ ਰਹਿੰਦੇ ਸਨ। ਵਣਾਂ ਵਿਖੇ ਪ੍ਰਭੂ ਪਿਆਰ ਵਿਚ ਜੁੜੇ ਰਹਿੰਦੇ ਅਤੇ ਕੰਦ ਮੂਲ ਖਾ ਕੇ ਲੰਬੀਆਂ ਅਰੋਗ ਉਮਰਾਂ ਭੋਗਦੇ। ਸਮਾਂ ਬਦਲਿਆ, ਤ੍ਰੇਤੇ ਜੁਗ ਵਿਚ ਮਾਇਆ, ਮੋਹ ਅਤੇ ਅਹੰਕਾਰ ਤਿੰਨਾਂ ਦਾ ਪਸਾਰਾ ਵਧ ਗਿਆ। ਦੁਆਪਰ ਵਿਚ ਹੋਰ ਜ਼ਿਆਦੇ ਤਬਦੀਲੀ ਆ ਗਈ ਤੇ ਵੱਡੇ-ਵੱਡੇ ਘਰੋਗੀ ਜੁੱਧ ਹੋਣ ਲਗੇ। ਇਸ ਤੋਂ ਪਿਛੋਂ ਕਲਜੁਗ ਦੀ ਵਾਰੀ ਆਈ। ਲੋਕਾਂ ਦੀਆਂ ਬਿਰਤੀਆਂ ਪੂਰੀ ਤਰ੍ਹਾਂ ਨਾਲ ਬਦਲ ਗਈਆਂ।

***ਕਲਿਜੁਗ ਚੌਥਾ ਥਾਪਿਆ***
***ਸੂਦ੍ਰ ਬਿਰਤਿ ਜਗ ਮਹਿ ਵਰਤਾਈ।***
***ਭਾਈ ਗੁਰਦਾਸ ਜੀ, ਵਾਰ - ੧/੭***

ਇਸ ਸਮੇਂ ਵਿਚ ਧਰਮ ਤੋਂ ਬੇਮੁਖਤਾ ਵਧ ਗਈ ਅਤੇ ਜਗਤ ਵਿਚ ਗਿਲਾਨੀ ਫੈਲ ਗਈ। ਸ੍ਰਿਸ਼ਟੀ ਮਾਇਆ ਨੇ ਠੱਗ ਲਈ, ਕਲਜੁਗੀ ਕਲ੍ਹਾ ਵਾਲੀ ਕ੍ਰਿਆ ਨੇ ਸਾਰੀ ਦੁਨੀਆਂ ਭਰਮਾ ਦਿਤੀ। ਜਗਤ ਵਿਚ ਗਿਲਾਨੀ ਉਠ ਖੜ੍ਹੀ ਹੋਈ। ਹਉਮੈ ਵਿਚ ਲੋਕ ਸੜਨ ਲੱਗੇ। ਕੋਈ ਕਿਸੇ ਨੂੰ ਮੰਨਦਾ ਨਹੀਂ। ਉਚੇ-ਨੀਵੇਂ ਦਾ ਸਤਿਕਾਰ ਸਭ ਨੂੰ ਭੁੱਲ ਗਿਆ। ਪਾਤਸ਼ਾਹ ਪਰਜਾ ਦੇ ਸੇਵਾਦਾਰ ਬਣਨ ਦੀ ਥਾਂ ਪਰਜਾ ਨੂੰ ਕੋਹਣ ਵਾਲੇ, ਲੁੱਟਣ ਵਾਲੇ, ਬੇਅਦਲੀ ਹੋ ਗਏ ਅਤੇ ਉਨ੍ਹਾਂ ਦੇ ਮੁਸਾਹਿਬ ਕਸਾਈਆਂ ਦਾ ਰੂਪ ਧਾਰ ਬੈਠੇ। ਪਰਜਾ ਰੂਪ ਬੱਕਰੀ ਨੂੰ ਕੋਹਣ ਲਗ ਪਏ। ਪਰਉਪਕਾਰ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ। ਪ੍ਰਮੇਸ਼ਰ ਭੁੱਲ ਗਿਆ, ਆਚਾਰੀਆਂ ਦਾ ਗਿਆਨ ਲੁਪਤ ਹੋ ਗਿਆ। ਸਾਰੀ ਦੁਨੀਆਂ ਭ੍ਰਿਸ਼ਟ ਹੋ ਗਈ। ਸ਼ੁਭ ਕਰਮਾਂ ਤੋਂ ਪਤਿਤ ਹੋ ਗਈ। ਅਜਿਹੇ ਵਾਤਾਵਰਨ ਵਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

***ਮਾਯਾ ਮੋਹੀ ਮੇਦਨੀ***
***ਕਲਿ ਕਲਿ ਵਾਲੀ ਸਭ ਭਰਮਾਈ।***
***ਉਠੀ ਗਿਲਾਨਿ ਜਗਤ ਵਿਚ***
***ਹਉਮੈਂ ਅੰਦਰ ਜਲੈ ਲੁਕਾਈ।***
***ਕੋਈ ਨ ਕਿਸੈ ਪੂਜਦਾ***
***ਊਚ ਨੀਚ ਸਭਿ ਗਤਿ ਬਿਸਰਾਈ।***

***ਭਏ ਬਿਅਦਲੀ ਪਾਤਸ਼ਾਹ***
***ਕਲਿ ਕਾਤੀ ਉਮਰਾਵ ਕਸਾਈ।***
***ਰਹਿਆ ਤਪਾਵਸ ਤ੍ਰਿਹੁ ਜੁਗੀ***
***ਚੌਥੇ ਜੁਗ ਜੋ ਦੇਇ ਸੁ ਪਾਈ।***
***ਕਰਮ ਭ੍ਰਿਸ਼ਟਿ ਸਭਿ ਭਈ ਲੁਕਾਈ।।***
***ਭਾਈ ਗੁਰਦਾਸ ਜੀ, ਵਾਰ - ੧/੭***

ਉਸ ਸਮੇਂ ਛੇ ਸ਼ਾਸ਼ਤਰ - ਨਿਆਏ ਸ਼ਾਸ਼ਤਰ, ਗੌਤਮ ਤਪੇ ਨੇ ਉਚਾਰਿਆ, ਮੀਮਾਂਸਾ - ਜੈਮਨੀ ਨੇ, ਵੇਦਾਂਤ - ਬਿਆਸ ਨੇ, ਸਾਂਖਜ - ਕਪਲ ਨੇ, ਵੈਸ਼ੇਖਕ- ਵੈਸ਼ੇਖਕ ਨੇ ਅਤੇ ਪਾਤੰਜਲ ਸ਼ਾਸ਼ਤਰ - ਪਾਤੰਜਲ ਰਿਖੀ ਨੇ। ਵੇਦਾਂ ਦਾ ਅਧਿਐਨ ਕਰਕੇ, ਤੱਤ ਕੱਢ ਕੇ ਬਣਾਏ ਪਰ ਇਨ੍ਹਾਂ ਵਿਚੋਂ ਅਸਲੀ ਗਿਆਨ ਅਲੋਪ ਹੋ ਗਿਆ ਉਸ ਦੀ ਸਮਝ ਨਾ ਆਵੇ ਕਿਉਂਕਿ ਪੂਰੇ ਸਤਿਗੁਰੂ ਦੀ ਅਣਹੋਂਦ ਕਾਰਨ ਸੋਹੰ ਬ੍ਰਹਮ ਨੂੰ ਲੁਕਾ ਕੇ ਭਰਮ ਦੇ ਪਰਦੇ ਦੀ ਗੱਲ ਹੀ ਦੱਸੀ ਗਈ। ਸ਼ਾਸਤਰ ਪੜ੍ਹ ਕੇ ਗਿਆਨ ਦਾ ਪ੍ਰਕਾਸ਼ ਹੋਣੋ ਰਹਿ ਗਿਆ ਕਿਉਂਕਿ -

***ਸਤਿਗੁਰ ਬਿਨਾ ਨ ਸਹਸਾ ਜਾਵੈ।।***
***ਭਾਈ ਗੁਰਦਾਸ ਜੀ - ਵਾਰ, ੧/੧੦***

ਇਸ ਤਰ੍ਹਾਂ ਦੇ ਨਾਲ ਹਉਮੈ ਦੇ ਘੁੱਪ ਹਨੇਰ੍ਹ ਵਿਚ ਸੰਸਾਰ ਗੁਆਚ ਗਿਆ ਅਤੇ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਸਾਧਨ ਕੀਤਾ ਜਾਵੇ ਜਿਸ ਕਰਕੇ ਆਤਮ ਸ਼ਾਖਸ਼ਾਤਕਾਰ ਹੋਵੇ ਅਤੇ ਪ੍ਰਭੂ ਨਾਲ ਮਿਲਾਪ ਹੋਵੇ। ਕਲਜੁਗ ਦੇ ਬੰਦਿਆਂ ਦੀ ਮੰਦ ਮਤਿ ਤੇ ਮੰਦ ਸੋਚਣੀ ਵਿਚ ਕਰਮ, ਕਿਰਤ ਦੀ ਪੇਸ਼ ਚਲਣੀ ਹਟ ਗਈ। ਭਜਨ ਬੰਦਗੀ, ਧਾਰਮਿਕ ਕਾਰ-ਵਿਹਾਰ ਸਾਰੇ ਦੇ ਸਾਰੇ ਭਰਮ ਭੁਲਾਵਾ ਬਣ ਗਏ। ਆਰਥਿਕ, ਸਮਾਜਿਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਨਾਲ ਉਲਝ ਗਏ। ਮਨੁੱਖ ਡਾਵਾਂ-ਡੋਲ ਹੋ ਗਿਆ। ਜਿਹੜੇ ਆਚਾਰੀਆ, ਪੀਰ, ਫਕੀਰ, ਔਲੀਆ ਇਸ ਜੁਗ ਵਿਚ ਉਪਦੇਸ਼ ਕਰਦੇ ਰਹੇ, ਉਨ੍ਹਾਂ ਨੇ ਵੀ ਜਨਤਾ ਨੂੰ ਕਰਮ-ਕਾਂਡ ਦੇ ਸੰਘਣੇ ਬਣ ਵਿਚ ਭੁਲਾ ਦਿਤਾ। ਇਸ ਕਲਜੁਗ ਵਿਚ ਭਗਤ ਯੋਗ ***'ਗੁਰਮੁਖਿ ਨਾਮੁ ਦਾਨੁ ਇਸਨਾਨੁ।।'*** ਹੀ ਇਕੋ-ਇਕ ਰਾਹ ਜੀਵ ਦੇ ਉਧਾਰ ਦਾ ਸੀ ਅਤੇ ਕਲਜੁਗ ਵਿਚ ਨਾਮ ਦੀ ਵਡਿਆਈ ਪ੍ਰੇਮਾ ਭਗਤੀ ਰਾਹੀਂ, ਕੀਤੀ ਹੋਈ ਕਮਾਈ ਹੀ ਪ੍ਰਵਾਨ ਹੈ। ਐਸੇ ਬਦਲੇ ਹੋਏ ਹਾਲਾਤ ਵਿਚ ਜਦੋਂ ਸੰਸਾਰ ਪਾਪ ਭ੍ਰਿਸ਼ਟ ਹੋ ਗਿਆ, ਵਰਨ, ਜਾਤਾਂ, ਮਜ਼ਹਬ ਆਪਸ ਵਿਚ ਖਹਿ-ਖਹਿ ਕੇ ਜਲਣ ਲੱਗੇ ਜਿਵੇਂ ਬਾਂਸ ਜਲਿਆ ਕਰਦੇ ਹਨ, ਧਰਮ ਗ੍ਰੰਥਾਂ ਦੀ ਨਿੰਦਿਆ ਚਲ ਪਈ ਅਤੇ ਅਗਿਆਨ ਦੇ ਹਨੇਰ੍ਹੇ ਵਿਚ ਸੰਸਾਰ ਡਾਵਾਂ-ਡੋਲ ਹੋ ਗਿਆ। ਹੁਣ ਲੋੜ ਸੀ - ਪੂਰੇ ਸਤਿਗੁਰੂ ਦੀ। ਫੁਰਮਾਨ ਕਰਦੇ ਹਨ -

***ਸਤਿਗੁਰ ਬਾਝ ਨ ਬੁਝੀਐ***
***ਜਿੱਚਰ ਧਰੇ ਨ ਗੁਰ ਅਵਤਾਰਾ।***
***ਭਾਈ ਗੁਰਦਾਸ ਜੀ, ਵਾਰ - ੧/੧੭***

ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਜੀਵ ਨੂੰ ਕੋਈ ਥਾਂ ਨਹੀਂ ਲੱਭ ਰਿਹਾ ਸੀ। ਅਜਿਹੀ ਹਾਲਤ ਵਿਚ ਜਦੋਂ ਹਉਮੈ ਦੇ ਝੱਖਣਾ-ਝਾਖ ਵਿਚ ਸਾਰੇ ਹੀ ਧਰਮ, ਆਚਾਰੀਆ, ਮਜ਼ਹਬ, ਜੀਵਾਂ ਨੂੰ ਸਹੀ ਸੇਧ ਦੇਣ ਦੀ ਥਾਂ ਵੈਰ, ਵਿਰੋਧ ਵਿਚ ਫਸਾ ਰਹੇ ਸਨ, ਖੰਡਨ-ਮੰਡਨ, ਕਰਮ-ਕਾਂਡ ਪ੍ਰਧਾਨ ਹੋ ਗਿਆ, ਉਸ ਵੇਲੇ ਪ੍ਰਭੂ ਦੇ ਦਰ ਤੇ ਪੁਕਾਰ ਪਹੁੰਚਦੀ ਹੈ ਜਿਸਨੂੰ ਸੁਣ ਕੇ ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਸੰਸਾਰ ਵਿਚ ਕੀਤਾ ਅਤੇ ਇਹ ਕਹਿ ਕੇ ਭੇਜਿਆ, "ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪ੍ਰਮੇਸ਼ਰ। ਮੇਰੇ ਕਲਿਆਣਕਾਰੀ ਨਾਮ ਦਾ ਅੰਮ੍ਰਿਤ ਸੰਸਾਰ ਵਿਚ ਵੰਡ।" ***(ਜਨਮਸਾਖੀ)***

***ਸੁਣੀ ਪੁਕਾਰ ਦਾਤਾਰ***
***ਪ੍ਰਭੁ ਗੁਰ ਨਾਨਕ ਜਗ ਮਾਹਿੰ ਪਠਾਯਾ।***
***ਭਾਈ ਗੁਰਦਾਸ ਜੀ, ਵਾਰ - ੧/੨੩***

ਸੰਮਤ ੧੫੨੬ ਬ੍ਰਿਕਮੀ ਮੁਤਾਬਿਕ ਸੰਨ ੧੪੬੯ ਈਃ, ਕੱਤਕ ਸੁਦੀ ੧੫ ਨੂੰ ਰਾਇ ਭੋਇ ਦੀ ਤਲਵੰਡੀ ਵਿਚ, ਪਿਤਾ ਮਹਿਤਾ ਕਾਲੂ ਜੀ ਦੇ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਪਹਿਰ ਦੇ ਤੜਕੇ ਐਤਵਾਰ ਨੂੰ ਪ੍ਰਕਾਸ਼ ਹੋਇਆ। ਆਪ ਜੀ ਦੇ ਸਾਰੇ ਜੀਵਨ ਦਾ ਅਧਿਐਨ ਕਰਨ ਤੋਂ ਬਹੁਤ ਹੀ ਸੁੰਦਰ ਸਿਖਿਆਵਾਂ ਸੱਚ ਦੇ ਪ੍ਰਕਾਸ਼ ਵਿਚ ਸਹਾਈ ਹੁੰਦੀਆਂ ਹਨ। ਆਪ ਜੀ ਨੂੰ ਪਿੰਡ ਦੇ ਪਾਂਧੇ ਗੋਪਾਲ ਪਾਸ ਪੜ੍ਹਨ ਲਈ ਮਹਿਤਾ ਕਾਲੂ ਜੀ ਲੈ ਜਾਂਦੇ ਹਨ ਅਤੇ ਦੁਨੀਆਂ ਦੇ ਵਿਵਹਾਰ

ਦੇ ਮੁਤਾਬਿਕ ਸ਼ੱਕਰ ਦੀ ਪਰਾਤ ਤੇ ਇਕ ਥਾਨ ਕੱਪੜਾ ਪਾਂਧਾ ਜੀ ਨੂੰ ਭੇਟ ਕਰਕੇ ਬੇਨਤੀ ਕਰਦੇ ਹਨ ਕਿ (ਗੁਰੂ) ਨਾਨਕ ਨੂੰ ਪੜ੍ਹਾਈ ਵਿਚ ਪੂਰੀ ਤਰ੍ਹਾਂ ਨਾਲ ਨਿਪੁੰਨ ਕਰਨ ਦੀ ਕੋਸ਼ਿਸ਼ ਕਰਨੀ। ਵਿਦਿਆਰਥੀ ਦੇ ਰੂਪ ਵਿਚ ਕਲਾਸ ਵਿਚ ਬੈਠ ਗਏ। ਥੋੜ੍ਹੇ ਦਿਨਾਂ ਪਿਛੋਂ ਜਦੋਂ ਫੱਟੀ ਉਪਰ ਅੱਖਰ ਪਾਉਣ ਲੱਗੇ ਤਾਂ ਉਨ੍ਹਾਂ ਨੇ ਫੱਟੀ ਉਪਰ ਮੰਗਲਾਚਰਣ 'ਓਅੰ ਭਗਵਤੇ ਸਿਧੰ' ਅੱਖਰ ਪਾ ਦਿਤਾ ਤਾਂ ਗੁਰੂ ਨਾਨਕ ਨੇ ਪਾਂਧੇ ਨੂੰ ਪੁਛਿਆ ਕਿ ਆਪ ਨੇ ਇਹ ਅੱਖਰ ਕੀ ਲਿਖਿਆ ਹੈ? ਪਾਂਧਾ ਹੈਰਾਨ ਹੋ ਗਿਆ ਕਿ ਕਿਸੇ ਵਿਦਿਆਰਥੀ ਨੇ ਮੇਰੇ ਉਤੇ ਇਹ ਪ੍ਰਸ਼ਨ ਨਹੀਂ ਕੀਤਾ। ਉਸਨੇ ਕਿਹਾ, "ਨਾਨਕ ਤੈਂ ਇਸ ਦੇ ਅਰਥਾਂ ਨੂੰ ਕੀ ਕਰਨਾ ਹੈ, ਤੂੰ ਅੱਖਰ ਸਿੱਖ।" ਜਦੋਂ ਫੇਰ ਦੁਬਾਰਾ ਕਿਹਾ ਤਾਂ ਗੁਰੂ ਨਾਨਕ ਨੂੰ ਉਸਨੇ ਟਾਲਣ ਲਈ ਕਿਹਾ ਕਿ ਅਸੀਂ ਇਹ ਪ੍ਰਮਾਤਮਾ ਅੱਗੇ ਕਾਰਜ ਸਿੱਧੀ ਲਈ ਮੰਗਲ ਰੂਪ ਵਿਚ ਲਿਖਿਆ ਹੈ। ਗੁਰੂ ਨਾਨਕ ਜੀ ਨੇ ਕਿਹਾ, "ਪਾਂਧਾ ਜੀ! ਕੀ ਤੁਸੀਂ ਉਸ ਓਅੰਕਾਰ ਨੂੰ ਜਾਣਿਆ ਹੈ, ਪਛਾਣਿਆ ਹੈ? ਉਹ ਕਿਹੋ ਜਿਹਾ ਹੈ? ਕਿਥੇ ਰਹਿੰਦਾ ਹੈ?" ਉਤਰ ਵਿਚ ਪਾਂਧਾ ਜੀ ਨੂੰ ਕੁਝ ਵੀ ਨਾ ਅਹੁੜਿਆ ਤਾਂ ਗੁਰੂ ਨਾਨਕ ਨੇ ਕਿਹਾ ਕਿ ਤੁਸੀਂ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋ? ਤਾਂ ਉਸਨੇ ਉਤਰ ਦਿਤਾ ਕਿ ਨਾਨਕ! ਮੈਂ ਤੈਨੂੰ ਹਿਸਾਬ-ਕਿਤਾਬ ਵਿਚ ਸਾਰੇ ਪਹਾੜੇ, ਸਾਰੇ 'ਗੁਰ' ਸਿਖਾ ਕੇ ਐਨਾ ਤਾਕ ਕਰ ਦੇਵਾਂਗਾ ਕਿ ਤੂੰ ਹਰ ਚੀਜ਼ ਦਾ ਜ਼ੁਬਾਨੀ ਹੀ ਹਿਸਾਬ-ਕਿਤਾਬ ਜੋੜ ਸਕੇਂ ਅਤੇ ਲੇਖੇ ਕਰ ਸਕੇਂ।

ਗੁਰੂ ਨਾਨਕ ਨੇ ਲੇਖਿਆਂ ਦੀ ਗੱਲ ਸੁਣ ਕੇ ਕਿਹਾ, "ਪਾਂਧਾ ਜੀ! ਇਹ ਲੇਖੇ ਦਰਗਾਹ ਵਿਚ ਜਦੋਂ ਜ਼ਿੰਦੜੀ ਜਮਾਂ ਦੇ ਵਸ ਪਈ ਸਾਹੋ-ਸਾਹ ਹੋਈ, ਆਪਣੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਲੇਖਾ ਦੇ ਰਹੀ ਹੋਵੇਗੀ, ਕੀ ਉਸ ਸਮੇਂ ਇਹ ਲੇਖਾ ਜੋ ਤੁਸੀਂ ਮੈਨੂੰ ਦਸ ਰਹੇ ਹੋਂ, ਉਸ ਥਾਂ ਸਹਾਇਤਾ ਵੀ ਕਰੇਗਾ?" ਇਕ ਛੋਟੇ ਸੁੰਦਰ ਬਾਲ ਦੀ ਨਿਰੇ ਹੀ ਪਿਆਰ ਰੂਪੀ ਵਜੂਦ ਵਿਚੋਂ ਇਹ ਗੱਲ ਸੁਣ ਕੇ ਪਾਂਧਾ ਇਕ ਦਮ ਚੌਂਕ ਉਠਿਆ ਅਤੇ ਮਨ ਹੀ ਮਨ ਵਿਚ ਸੋਚਣ ਲਗਿਆ ਕਿ ਇਹ ਤਾਂ ਕੋਈ ਮਹਾਨ ਆਤਮਾ ਪ੍ਰਗਟ ਹੋਈ ਹੈ। ਇਹਨਾਂ ਨੂੰ ਤਾਂ ਪੜ੍ਹਨ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਯੋਗ ਮਤ ਅਨੁਸਾਰ ਸਰਬ ਵਿਦਿਆਵਾਂ ਦੇ, ਸਰਬ ਬੋਲੀਆਂ ਦੇ ਪੂਰਨ ਰੂਪ ਵਿਚ ਗਿਆਤਾ ਹਨ; ਕਿਉਂ ਨਾ ਇਨ੍ਹਾਂ ਤੋਂ ਮੈਂ ਉਨ੍ਹਾਂ ਲੇਖਿਆਂ ਬਾਰੇ ਸ਼ਰਧਾ ਨਾਲ ਪੁੱਛ ਲਵਾਂ ਜਿਨ੍ਹਾਂ ਦੀ ਤਲਵਾਰ ਹਰ ਜੀਵ ਦੇ ਸਿਰ ਉਪਰ ਸਦਾ ਹੀ ਲਟਕਦੀ ਰਹਿੰਦੀ ਹੈ। ਉਸ ਵੇਲੇ ਪਾਂਧਾ ਜੀ ਸ਼ਰਧਾ ਦੇ ਘਰ ਆ ਕੇ ਗੁਰੂ ਨਾਨਕ ਨੂੰ ਕਹਿਣ ਲੱਗੇ ਕਿ ਹੇ ਨਾਨਕ! ਇਹ ਲੇਖੇ ਤਾਂ ਦੁਨੀਆਂ ਦੇ ਕਾਰਜ ਸਿਧੀ ਵਾਸਤੇ ਅਤੇ ਇਹ ਪੜ੍ਹਾਈ ਦੁਨੀਆਂ ਵਿਚ ਸਿਆਣੇ ਬਣਨ ਵਾਸਤੇ ਸਿਖਾਈ ਜਾਂਦੀ ਹੈ। ਇਹ ਦਰਗਾਹ ਵਿਚ ਨਾਲ ਨਹੀਂ ਜਾਂਦੀ। ਜਿਨ੍ਹਾਂ ਲੇਖਿਆਂ ਦੀ ਤੂੰ ਗੱਲ ਕਰਦਾ ਹੈਂ, ਉਹ ਮੇਰੀ ਸਮਝ ਤੋਂ ਪਰ੍ਹੇ ਹਨ। ਮੈਂ ਨਹੀਂ ਜਾਣਦਾ ਕਿ ਉਹ ਕਿਹੜੀ ਪੜ੍ਹਾਈ ਹੈ? ਉਸਦਾ ਕੀ ਕੋਰਸ ਹੈ? ਉਸਦਾ ਗੁਰੂ ਕੌਣ ਹੈ ਜੋ ਉਹ ਪੜ੍ਹਾਈ ਕਰਾ ਸਕਦਾ ਹੋਵੇ ਜਿਹਦੇ ਪੜ੍ਹਨ ਨਾਲ ਜਨਮਾਂ-ਜਨਮਾਂਤਰਾਂ ਦੇ ਪਏ ਹੋਏ ਲੇਖਿਆਂ ਦਾ ਬੋਝ ਸਿਰ ਤੋਂ ਉਤਰ ਜਾਵੇ। ਹੇ ਨਾਨਕ! ਮੈਂ ਤੈਨੂੰ ਪੂਰਨ ਪੁਰਖ ਜਾਣ ਕੇ ਬੇਨਤੀ ਕਰ ਰਿਹਾ ਹਾਂ ਕਿ ਮੈਨੂੰ ਉਨ੍ਹਾਂ ਬਾਰੇ ਕੁਝ ਦੱਸ।

ਉਸ ਵਕਤ ਇਹ ਸੁਣ ਕੇ ਗੁਰੂ ਨਾਨਕ ਗੰਭੀਰਤਾ ਦੇ ਰੂਪ ਵਿਚ ਆ ਗਏ ਅਤੇ ਫੁਰਮਾਨ ਲੱਗੇ ਕਿ ਪਾਂਧਾ ਜੀ! ਇਸ ਸੰਸਾਰ ਵਿਚ ਹੰਗਤਾ ਤੇ ਮਮਤਾ ਦਾ ਬੰਨ੍ਹਿਆ ਹੋਇਆ ਜੀਵ ਕਰਮ ਕਰਦਾ ਹੈ। ਇਹ ਹਉਮੈ ਦੀ ਸੂਝ ਅਧੀਨ ਕੀਤੇ ਹੋਏ ਕਰਮ, ਚੰਗੇ-ਮੰਦੇ, ਜੀਵ ਨੂੰ ਚਿੰਬੜ ਜਾਂਦੇ ਹਨ ਜਿਨ੍ਹਾਂ ਦਾ ਲੇਖਾ ਦਰਗਾਹ ਵਿਚ ਹੁੰਦਾ ਹੈ, ਉਸਦੇ ਫਲਸਰੂਪ ਸਵਰਗ, ਨਰਕ ਤੇ ਸੁਖ, ਦੁਖ ਭੋਗਣੇ ਪੈਂਦੇ ਹਨ। ਸੋ ਇਸ ਹਉਮੈ ਰੂਪੀ ਬਿਆਧੀ ਨੂੰ ਦੂਰ ਕਰਨ ਲਈ ਇਸ ਹੰਗਤਾ ਤੇ ਮਮਤਾ ਨੂੰ ਨਾਮ ਅਗਨ ਨਾਲ ਜਾਲ ਕੇ ਸਿਆਹੀ ਬਣਾ ਲਵੇ ਜਿਵੇਂ ਦੀਵੇ ਦੀ ਲਾਟ ਦੇ ਉਪਰ ਠੂਠੀ ਬੰਨ੍ਹ ਦਿਤੀ ਜਾਂਦੀ ਹੈ ਅਤੇ ਉਸ ਮਸ (ਕਾਲਖ) ਨੂੰ ਲਾਹ ਕੇ ਉਸ ਵਿਚ ਗੂੰਦ ਆਦਿ ਚੀਜ਼ਾਂ ਪਾ ਕੇ ਸਿਆਹੀ ਬਣਾਈ ਜਾਂਦੀ ਹੈ। ਸੋ ਇਸੇ ਤਰ੍ਹਾਂ ਨਾਲ ਤੁਸੀਂ ਵੀ ਹੰਗਤਾ ਤੇ ਮਮਤਾ ਦੀ ਸਿਆਹੀ ਬਣਾ ਲਵੋ ਅਤੇ ਸਾਰ ਮਤ ਜੋ ਨਿਤ ਅਤੇ

ਅਨਿਤ ਦਾ ਨਿਖੇੜਾ ਕਰਦੀ ਹੈ ਯਾਨਿ ਵਿਵੇਕ ਬੁੱਧੀ ਦਾ ਕਾਗਜ਼ ਬਣਾਓ। ਇਸ ਉਪਰ ਲਿਖਣ ਲਈ ਪਿਆਰ ਦੀ ਕਲਮ ਚਾਹੀਦੀ ਹੈ ਅਤੇ ਲਿਖਣ ਲਈ ਲਿਖਾਰੀ ਆਪਣੇ ਚਿਤ ਨੂੰ ਬਣਾਓ। ਸਮਰੱਥ ਗੁਰੂ ਨੂੰ ਪੁੱਛ ਕੇ ਇਸ ਉਪਰ ਪ੍ਰਭੂ ਦਾ ਨਾਮ ਲਿਖੋ, ਪ੍ਰਭੂ ਦੀ ਬੇਅੰਤਤਾਈ ਦੀਆਂ ਵਡਿਆਈਆਂ ਲਿਖੋ। ਜਦੋਂ ਇਹ ਲੇਖਾ ਸਮਰੱਥ ਗੁਰੂ ਤੋਂ ਪੁੱਛ ਕੇ ਲਿਖੋਂਗੇ ਤਾਂ ਇਹ ਦਰਗਾਹ ਵਿਚ ਸੱਚਾ ਨਿਸ਼ਾਨ ਬਣ ਕੇ ਤੁਹਾਡੀ ਸਹਾਇਤਾ ਹੀ ਨਹੀਂ ਕਰੇਗਾ, ਦਰਗਾਹ ਵਿਚ ਪੂਰਾ ਮਾਣ ਭੀ ਦਿਵਾਵੇਗਾ -

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ***
***ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ***
***ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ***
***ਤਿਥੈ ਹੋਇ ਸਚਾ ਨੀਸਾਣੁ॥***

***ਅੰਗ - ੧੬***

ਇਸ ਲੇਖੇ ਦੇ ਨਾਲ ਦਰਗਾਹ ਦੀਆਂ ਵਡਿਆਈਆਂ ਪ੍ਰਾਪਤ ਹੋਣਗੀਆਂ ਅਤੇ ਜੀਉ ਸਦਾ ਹੀ ਖਿੜਿਆ ਰਹੇਗਾ, ਖੁਸ਼ੀਆਂ ਮਾਣੇਗਾ। ਉਨ੍ਹਾਂ ਪੁਰਸ਼ਾਂ ਨੂੰ, ਜਿਨ੍ਹਾਂ ਨੇ ਇਹ ਲੇਖਾ ਲਿਖਿਆ ਹੈ, ਸੱਚੀ ਦਰਗਾਹ ਦੇ ਵਿਚ ਮਾਣ ਪ੍ਰਾਪਤ ਹੋਵੇਗਾ। ਸੋ ਇਸੇ ਤਰ੍ਹਾਂ ਦੇ ਉਪਦੇਸ਼ ਸੁਣ ਕੇ ਪਾਂਧਾ ਜੀ ਨੇ ਗੁਰੂ ਨਾਨਕ ਨੂੰ ਬੇਨਤੀ ਕੀਤੀ ਕਿ ਮੇਰੇ ਉਪਰ ਆਪ ਕ੍ਰਿਪਾ ਕਰੋ। ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਦੇ ਘਰ ਆ ਕੇ ਨਾਮ ਦ੍ਰਿੜ ਕਰਾ ਦਿਤਾ ਅਤੇ ਪੱਟੀਆਂ ਦਿਤੀਆਂ। ਪਾਂਧਾ ਪੜ੍ਹ ਰਿਹਾ ਹੈ-

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ***
***ਸਭਨਾ ਸਾਹਿਬੁ ਏਕੁ ਭਇਆ॥***
***ਸੇਵਤ ਰਹੇ ਚਿਤੁ ਜਿਨ ਕਾ ਲਾਗਾ***
***ਆਇਆ ਤਿਨ ਕਾ ਸਫਲੁ ਭਇਆ॥***
***ਮਨ ਕਾਹੇ ਭੂਲੇ ਮੂੜ ਮਨਾ॥***
***ਜਬ ਲੇਖਾ ਦੇਵਹਿ***
***ਬੀਰਾ ਤਉ ਪੜਿਆ॥***
***ਈਵੜੀ ਆਦਿ ਪੁਰਖੁ ਹੈ***
***ਦਾਤਾ ਆਪੇ ਸਚਾ ਸੋਈ॥***
***ਏਨਾ ਅਖਰਾ ਮਹਿ***
***ਜੋ ਗੁਰਮੁਖਿ ਬੂਝੈ***
***ਤਿਸੁ ਸਿਰਿ ਲੇਖੁ ਨ ਹੋਈ॥***
***ਊੜੈ ਉਪਮਾ ਤਾ ਕੀ ਕੀਜੈ***
***ਜਾ ਕਾ ਅੰਤੁ ਨ ਪਾਇਆ॥***
***ਸੇਵਾ ਕਰਹਿ ਸੇਈ ਫਲੁ ਪਾਵਹਿ***
***ਜਿਨੀ ਸਚੁ ਕਮਾਇਆ॥***

***ਅੰਗ - ੪੩੨***

ਇਸ ਤਰ੍ਹਾਂ ਨਾਲ ਇਕ-ਇਕ ਅੱਖਰ ਨੂੰ ਪਰਮਾਰਥੀ ਬਣਾ ਕੇ ਪੰਡਿਤ ਨੂੰ ਦਿਤਾ ਤਾਂ ਪੰਡਿਤ ਹੱਕਾ-ਬੱਕਾ ਰਹਿ ਗਿਆ। ਗੁਰੂ ਭਾਵਨਾ ਗੁਰੂ ਨਾਨਕ ਤੇ ਕਰਕੇ ਆਪਣਾ ਜੀਵਨ ਸਫਲ ਕਰਿਆ ਤੇ ਚਰਨਾਂ ਤੇ ਸੀਸ ਨਿਵਾਉਂਦਿਆਂ ਕਿਹਾ -

"ਹੇ ਸਨਾਤਨ ਤੋਂ ਸਨਾਤਨ ਪੁਰਖ! ਤੂੰ ਪੂਰਨ ਪੁਰਖ ਹੈਂ; ਜੋ ਤੇਰੇ ਆਤਮੇ ਆਵੇ ਸੋ ਕਰ। ਮੇਰੀ ਵੀ ਕਲਿਆਣ ਚਿਤ ਰਖੇਂ, ਤੇਰੀ ਮਿਹਰਾਮਤ ਹੋਵੇ।"

ਇਸੇ ਤਰ੍ਹਾਂ ਦੇ ਨਾਲ ਆਪ ਨੂੰ ਬ੍ਰਿਜਨਾਥ ਪੰਡਤ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ। ਉਥੇ ਵੀ ਆਪਨੇ ਸਪਤ ਸਲੋਕੀ ਗੀਤਾ ਸੰਸਕ੍ਰਿਤ ਵਿਚ ਲਿਖ ਕੇ ਪੰਡਤ ਨੂੰ ਹੈਰਾਨ ਕਰ ਦਿਤਾ। ਪੰਡਤ ਸੋਝੀ ਵਾਲਾ ਸੀ, ਉਸਨੇ ਗੁਰੂ ਨਾਨਕ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ -

"ਹੇ ਆਦਿ ਤੂੰ, ਅਨਾਦਿ ਤੂੰ ਰੱਖ, ਤੂੰ ਦਾਸ ਉਪਰ ਮਿਹਰ ਕਰ ਅਤੇ ਮੇਰੇ ਜਨਮ ਮਰਨ ਦੇ ਬੰਧਨ ਕੱਟ ਦੇ।"

ਇਸ ਤਰ੍ਹਾਂ ਨਾਲ ਆਪਨੂੰ ਮੁਲਾਂ ਪਾਸ ਫਾਰਸੀ ਪੜ੍ਹਨ ਪਾਇਆ ਗਿਆ, ਉਸ ਥਾਂ ਵੀ ਮੌਲਵੀ ਨੂੰ ਜੀਵਨ ਦੀ ਸਾਰਥਾ ਦੱਸਣ ਲਈ ਇਕ ਸਿਹਰਫੀ ਲਿਖ ਕੇ ਪ੍ਰਕਾਸ਼ ਪਾਇਆ।

ਇਹ ਸਾਖੀਆਂ ਸੁਣ ਕੇ ਕਈ ਕਮਜ਼ੋਰ ਮਨਾਂ ਵਿਚ ਕਈ ਤਰਕਸ਼ੀਲ ਬੁੱਧੀਜੀਵੀਆਂ ਵਿਚ ਇਕ ਤੁਲਨਾ ਉਪਜਦੀ ਹੈ ਕਿ ਅਸੀਂ ਬਹੁਤ ਪੁਸਤਕਾਂ ਪੜ੍ਹ ਕੇ, ਲਿਖ ਕੇ, ਪੜ੍ਹਾਈਆਂ ਦੀ

ਅੰਤਿਮ ਛੋਹ ਤਕ ਪੁਜੇ ਹਾਂ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਇਕ ਬੱਚਾ ਸੰਸਾਰਕ ਵਿਦਿਆਵਾਂ ਨੂੰ ਬਿਨਾਂ ਪੜ੍ਹਾਏ ਕਿਵੇਂ ਜਾਣ ਗਿਆ? ਕਿਸ ਬੁੱਧੀ ਅਨੁਸਾਰ ਉਸ ਨੇ ਉਸ ਸਮੇਂ ਮਹਾਨ ਬਾਣੀ ਦੀ ਰਚਨਾ ਕੀਤੀ ਇਹ ਉਨ੍ਹਾਂ ਦਾ ਪ੍ਰਸ਼ਨ ਉਨ੍ਹਾਂ ਦੇ ਨਜ਼ਰੀਏ ਨਾਲ ਯਥਾਰਥ ਲਗਦਾ ਹੈ ਪਰ ਉਨ੍ਹਾਂ ਨੂੰ ਰੂਹਾਨੀ ਸੂਝ ਨਾ ਹੋਣ ਕਰਕੇ ਅੰਦਰਲਾ ਗਿਆਨ ਨਹੀਂ ਹੈ। ਯੋਗੀ ਸਰਬ ਵਿਦਿਆ ਯੋਗ ਦੀਆਂ ਸਾਧਨਾਵਾਂ ਕਰਕੇ ਸਾਰੇ ਸੰਸਾਰ ਦੀਆਂ ਬੋਲੀਆਂ ਤੇ ਵਿਦਿਆ ਬਿਨਾਂ ਪੜ੍ਹੇ ਜਾਣ ਸਕਦੇ ਹਨ। ਭਾਰਤ ਵਰਸ਼ ਵਿਚ ਅੱਜ ਦੇ ਸਮੇਂ ਦੋ ਮਹਾਨ ਯੋਗੀ ਜਿਨ੍ਹਾਂ ਨੂੰ ਮੈਂ ਨੇੜੇ ਹੋ ਕੇ ਜਾਣਿਆ, ਪਛਾਣਿਆ ਹੈ, ਉਹ ਹਨ ਡਾ. ਸੁਆਮੀ ਰਾਮ ਜੀ ਤੇ ਡਾ. ਵੇਦ ਭਾਰਤੀ ਜੀ (D.Lit)। ਇਹ ਦੋਵੇਂ ਸਰਬ ਵਿਦਿਆ ਯੋਗ ਦੇ ਮਾਹਿਰ ਹਨ। ਸੁਆਮੀ ਵੇਦ ਭਾਰਤੀ ਜੀ ਨੇ ਰਤਵਾੜਾ ਸਾਹਿਬ ਇਕ ਵਖਿਆਨ ਵਿਚ ਇਹ ਸਪਸ਼ਟ ਕੀਤਾ ਸੀ ਕਿ ਉਹ ਹਾਲੈਂਡ ਵਿਚ ਪੀ ਐਚ.ਡੀ ਕਰਨ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਤਾਂ ਡੱਚ ਭਾਸ਼ਾ ਨਹੀਂ ਜਾਣਦੇ। ਸੁਆਮੀ ਜੀ ਨੇ ਕਿਹਾ ਕਿ ਮੈਨੂੰ ਸਿਰਫ ਸੱਤ ਦਿਨ ਚਾਹੀਦੇ ਹਨ। ਜਦੋਂ ਸੱਤਾਂ ਦਿਨਾਂ ਪਿਛੋਂ ਫੇਰ ਗਏ ਤਾਂ ਉਨ੍ਹਾਂ ਨੇ ਇਜ਼ਾਜ਼ਤ ਦੇ ਦਿਤੀ ਅਤੇ ਸੁਆਮੀ ਜੀ ਨੇ ਉਥੇ ਪੀ ਐਚ.ਡੀ ਕੀਤੀ। ਭਾਰਤਵਰਸ਼ ਵਿਚ ਡਾ. ਸੁਆਮੀ ਵੇਦ ਭਾਰਤੀ ਜੀ ਦੇ ਕਹਿਣ ਮੁਤਾਬਿਕ ਉਨ੍ਹਾਂ ਤੋਂ ਬਿਨਾਂ ਅੱਠ ਹੋਰ ਯੋਗੀ ਹਨ ਜਿਹੜੇ ਸਰਬ ਵਿਦਿਆ ਯੋਗ ਦੇ ਸਾਧਨਾਂ ਨਾਲ ਹਰ ਬੋਲੀ ਬੋਲ ਸਕਦੇ ਹਨ, ਲੈਕਚਰ ਦੇ ਸਕਦੇ ਹਨ। ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਜਿਹੜੇ ਆਪ ਹੀ ਅਨਿਕ ਕਲਾ ਸਮਰੱਥ ਸਨ ਉਨ੍ਹਾਂ ਨੂੰ ਕੋਈ ਵਿਦਿਆ ਪੜ੍ਹਨ ਦੀ ਲੋੜ ਹੀ ਨਹੀਂ ਭਾਸਦੀ। ਉਹ ਜਿਥੇ ਵੀ ਗਏ, ਉਸੇ ਬੋਲੀ ਵਿਚ ਰੂਹਾਨੀ ਕਦਰਾਂ ਕੀਮਤਾਂ ਦੱਸ ਕੇ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਵਿਚ ਸ਼ਬਦਾਂ ਦੀ ਸੰਭਾਲ ਅਸਾਡੇ ਕਲਿਆਣ ਵਾਸਤੇ ਕਰਦੇ ਰਹੇ। ਸੋ ਇਹ ਸ਼ੰਕਾ ਨਿਰਮੂਲ ਹੈ ਕਿ ਗੁਰੂ ਨਾਨਕ ਪੜ੍ਹੇ ਹੋਏ ਨਹੀਂ ਸਨ। ਉਹ ਸਾਰੀਆਂ ਬੋਲੀਆਂ ਦੇ ਗਿਆਤਾ ਸਨ। ਕਬੀਰ ਸਾਹਿਬ ਕਿਹੜੇ ਕਾਲਜ ਵਿਚ ਪੜ੍ਹਨ ਗਏ ਜਿਨ੍ਹਾਂ ਦੀ ਬਾਣੀ ਨੂੰ ਬਹੁਤ ਵੱਡੇ-ਵੱਡੇ ਵਿਦਵਾਨਾਂ ਨੂੰ ਸਮਝਣਾ ਅਤਿ ਕਠਿਨ ਹੈ? ਗੁਰੂ ਨਾਨਕ ਜੀ ਨੇ ਤਾਂ ਆਚਰਣ ਹੀਣ ਪੜ੍ਹਿਆਂ ਨੂੰ ਮੂਰਖ ਆਖਿਆ ਹੈ ਕਿਉਂਕਿ ਉਹ ਆਸ਼ਰੀ ਸੰਪ੍ਰਦਾ ਤੇ ਕਾਬੂ ਨਹੀਂ ਪਾ ਸਕੇ। ਮਨਮੁਖ ਪੜ੍ਹਾਕੂਆਂ ਦੀ ਵਿਦਿਆ ਨੂੰ ਵਿਹੁ ਖਟਦੀ, ਵਿਹੁ ਵੰਡਦੀ ਵਿਦਿਆ ਕਰਕੇ reject ਕੀਤਾ ਹੈ।

ਗੁਰੂ ਨਾਨਕ ਨੇ ਮੱਝੀਆਂ ਚਾਰੀਆਂ, ਉਨ੍ਹਾਂ ਉਪਰ ਸੱਪ ਨੇ ਛਾਂ ਕੀਤੀ, ਦਰੱਖਤਾਂ ਦਾ ਪਰਛਾਵਾਂ ਨਾ ਢਲਿਆ। ਇਹ ਕਰਾਮਾਤਾਂ ਨਹੀਂ ਸਨ, ਇਹ ਅੰਦਰਲੇ ਨਾਮ ਦੇ ਪ੍ਰਗਟਾਵੇ ਦੇ ਸੁਤਅ ਕਰਿਸ਼ਮੇ ਸਨ।

ਮਿਸਾਲ ਦੇ ਤੌਰ ਤੇ ਮੈਂ ਦਸਦਾ ਹਾਂ ਕਿ ਬੀਬੀ ਰਣਜੀਤ ਕੌਰ (ਲੇਖਕ ਦੀ ਪਤਨੀ) ਦੇ ਪਿਤਾ ਜੀ ਵਿਚ ਨਾਮ ਐਨਰਜੀ ਐਨੇ ਵੇਗ ਨਾਲ ਪ੍ਰਗਟ ਹੋ ਗਈ ਕਿ ਉਹ ਭਜਨ ਕਰਦੇ ਛੱਤ ਨਾਲ ਜਾ ਲੱਗੇ ਅਤੇ ਜਦੋਂ ਉਹ ਹੇਠਾਂ ਆਏ ਤਾਂ ਉਨ੍ਹਾਂ ਦੇ ਸਰੀਰ ਵਿਚੋਂ ਛੇ ਘੰਟੇ ਲਗਾਤਾਰ ਲਾਈਟ ਦੇ ਵਰੋਲੇ ਨਿਕਲ ਕੇ ਸਾਰੀ ਸੰਗਤ ਨੂੰ ਰੂਹਾਨੀ ਕੰਬਣੀ ਦਾ ਅਨੁਭਵ ਕਰਾਉਂਦੇ ਰਹੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਬਾਰੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਲਿਖਦੇ ਹੋਏ ਦਸਦੇ ਹਨ ਕਿ ਸੰਤ ਭਾਈ ਹੀਰਾ ਸਿੰਘ ਜੀ ਜਦੋਂ ਕੋਈ ਵਜ਼ਨ ਸੀਸ ਉਪਰ ਚੁਕਦੇ ਸਨ ਤਾਂ ਉਨ੍ਹਾਂ ਦੇ ਸੀਸ ਦੇ ਨਾਲ ਉਹ ਵਜ਼ਨ ਛੂੰਹਦਾ ਨਹੀਂ ਸੀ ਸਗੋਂ ਇਕ ਗਿੱਠ ਉਚਾ ਰਿਹਾ ਕਰਦਾ ਸੀ। ਇਹ ਕੋਈ ਕਰਾਮਾਤ ਨਹੀਂ ਸੀ। ਇਹ ਨਾਮੀ ਜੀਵਨ ਵਿਚ ਨਾਮ ਐਨਰਜੀ ਦਾ ਪ੍ਰਗਟਾਵਾ ਹੀ ਸੀ। ਉਹ ਜਦੋਂ ਕਿਸੇ ਨੂੰ ਹੱਥ ਲਾ ਦਿੰਦੇ ਸਨ ਤਾਂ ਨਾਮ ਐਨਰਜੀ ਦਾ ਐਨਾ ਜਬਰਦਸਤ flow ਉਨ੍ਹਾਂ ਦੇ ਹੱਥ ਰਾਹੀਂ ਬਾਹਰ ਆਉਂਦਾ ਸੀ ਕਿ ਉਹ ਪ੍ਰੇਮੀ ਬੇ-ਸੁਧ ਹੋ ਕੇ ਧਰਤੀ ਤੇ ਲਿਟਣ ਲਗ ਜਾਂਦਾ ਸੀ। ਜੋ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਦਰੱਖਤਾਂ ਨੇ ਛਾਂ ਕਰਨੀ, ਸੱਪ ਨੇ ਛਾਂ ਕਰਨੀ ਅਤੇ ਮੱਝੀਆਂ ਦਾ ਖਾਧਾ ਹੋਇਆ ਖੇਤ ਮੁੜ ਕੇ ਪੂਰੀ ਤਰ੍ਹਾਂ ਹਰਿਆ-ਭਰਿਆ ਹੋ ਜਾਣਾ; ਇਹ ਕਰਾਮਾਤਾਂ ਨਹੀਂ ਸਨ। ਇਹ ਪੂਰਨ ਸਤਿ ਦੇ ਹਿਰਦੇ ਵਿਚੋਂ

ਉਠੇ ਹੋਏ ਫੁਰਨੇ ਦੀ ਸਾਕਾਰਤਾ ਸੀ। ਜਦੋਂ ਵਾਹਿਗੁਰੂ ਜੀ ਦਾ ਇਕੋ ਫੁਰਨਾ ਅਨੰਤ ਸੰਸਾਰ ਦਾ ਪਸਾਰਾ ਕਰ ਸਕਦਾ ਹੈ ਤਾਂ ਨਾਮ ਵਿਚ ਰਤੇ ਨਾਮ ਰੂਪ ਹੋਏ ਸਰੀਰ ਵਿਚੋਂ ਉਠਿਆ ਫੁਰਨਾ, ਉਨ੍ਹਾਂ ਦਾ ਸਹਿਜ ਸੁਭਾਅ ਇਹ ਕਹਿ ਦੇਣਾ ਕਿ ਇਹ ਕਿਸਾਨ ਦਾ ਖੇਤ ਤਾਂ ਹਰਿਆ-ਭਰਿਆ ਹੈ, ਦੇਖਣ ਤੇ ਹਰਿਆ-ਭਰਿਆ ਹੀ ਨਿਕਲਣਾ; ਇਹ ਸਤਿ ਦੇ ਪ੍ਰਕਾਸ਼ ਦੀ ਅਚਰਜ ਕਲਾ ਹੈ।

ਗੁਰੂ ਨਾਨਕ ਚੁਪ ਕਰਕੇ ਲੇਟੇ ਰਹਿੰਦੇ ਹਨ ਤਾਂ ਵੈਦ ਬੁਲਾਇਆ ਗਿਆ। ਉਸਨੇ ਗੁਰੂ ਨਾਨਕ ਦੇ ਰੋਗ ਦੀ ਪਰਖ ਕਰਨੀ ਚਾਹੀ। ਗੁਰੂ ਨਾਨਕ ਜੀ ਮੁਸਕਰਾਏ ਅਤੇ ਪੁਛਿਆ, "ਵੈਦ ਜੀ! ਤੁਸੀਂ ਕੀ ਦੇਖ ਰਹੇ ਹੋਂ?" ਉਸਨੇ ਕਿਹਾ, "ਹੇ ਨਾਨਕ! ਮੈਂ ਰੋਗ ਦੀ ਪਹਿਚਾਨ ਕਰਨਾ ਚਾਹੁੰਦਾ ਹਾਂ।" ਪਾਤਸ਼ਾਹ ਕਹਿਣ ਲੱਗੇ, "ਵੈਦ ਜੀ ਤੁਸੀਂ ਤਾਂ ਆਪ ਹੀ ਰੋਗੀ ਹੋਂ। ਤੁਹਾਡਾ ਸਾਰਾ ਸੰਸਾਰ ਜੋ ਵੀ ਨਾਮ ਤੋਂ ਟੁੱਟਿਆ ਹੋਇਆ ਹੈ, ਉਹ ਸਾਰਾ ਹੀ ਰੋਗੀ ਹੈ। ਤੁਹਾਨੂੰ ਇਨ੍ਹਾਂ ਰੋਗਾਂ ਬਾਰੇ ਕੋਈ ਗਿਆਨ ਨਾ ਹੋਣ ਕਰਕੇ ਦੁਖ ਪਾ ਰਹੇ ਹੋਂ। ਵੈਦ ਓਹੀ ਹੋਇਆ ਕਰਦਾ ਹੈ ਜੋ ਰੋਗ ਨੂੰ ਬੁੱਝ ਸਕੇ ਅਤੇ ਸਹੀ ਦਾਰੂ ਜਾਨਣ ਵਾਲਾ ਸੁ-ਵੈਦ ਹੋਇਆ ਕਰਦਾ ਹੈ।" ਵੈਦ ਜੀ ਨੇ ਪੂਰੀ ਸ਼ਰਧਾ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਸਮਝਾਓ ਕਿ ਮੇਰੇ ਸਮੇਤ ਸੰਸਾਰ ਕਿਸ ਤਰ੍ਹਾਂ ਰੋਗੀ ਹੈ। ਮੈਂ ਤਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਵੱਸਥ ਮਹਿਸੂਸ ਕਰ ਰਿਹਾ ਹਾਂ। ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਥੋੜ੍ਹਿਆਂ ਰੋਗਾਂ ਨੂੰ ਛੱਡ ਕੇ ਰੋਗਾਂ ਦਾ ਘਾਣ ਮਨ ਵਿਚੋਂ ਪੈਦਾ ਹੁੰਦਾ ਹੈ। ਜਦੋਂ ਮਨ ਰੋਗੀ ਹੋ ਗਿਆ ਤਾਂ ਸਰੀਰ ਵੀ ਰੋਗੀ ਹੋ ਜਾਇਆ ਕਰਦਾ ਹੈ। ਸਭ ਤੋਂ ਪਹਿਲਾਂ ਜਿਸ ਨੂੰ ਮਨ ਦਾ ਕੁਸ਼ਟ ਆਖਿਆ ਜਾਂਦਾ ਹੈ, ਉਸ ਰੋਗ ਦਾ ਨਾਮ ਹੈ - 'ਹਉਮੈ ਰੋਗ' ਜੋ ਮਨੁੱਖ ਦੇ ਹਿੱਸੇ ਆਇਆ ਹੈ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਇਨ੍ਹਾਂ ਰੋਗਾਂ ਦਾ ਵੇਰਵਾ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਹੈ -

***ਹਉਮੈ ਰੋਗੁ ਮਾਨੁਖ ਕਉ ਦੀਨਾ॥***
***ਕਾਮ ਰੋਗਿ ਮੈਗਲੁ ਬਸਿ ਲੀਨਾ॥***
***ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥***
***ਨਾਦ ਰੋਗਿ ਖਪਿ ਗਏ ਕੁਰੰਗਾ॥***
***ਜੋ ਜੋ ਦੀਸੈ ਸੋ ਸੋ ਰੋਗੀ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***
***ਜਿਹਵਾ ਰੋਗਿ ਮੀਨੁ ਗ੍ਰਸਿਆਨੋ॥***
***ਬਾਸਨ ਰੋਗਿ ਭਵਰੁ ਬਿਨਸਾਨੋ॥***
***ਹੇਤ ਰੋਗ ਕਾ ਸਗਲ ਸੰਸਾਰਾ॥***
***ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥***
***ਰੋਗੇ ਮਰਤਾ ਰੋਗੇ ਜਨਮੈ॥***
***ਰੋਗੇ ਫਿਰਿ ਫਿਰਿ ਜੋਨੀ ਭਰਮੈ॥***
***ਰੋਗ ਬੰਧ ਰਹਨੁ ਰਤੀ ਨ ਪਾਵੈ॥***
***ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥***
***ਪਾਰਬ੍ਰਹਮਿ ਜਿਸੁ ਕੀਨੀ ਦਇਆ॥***
***ਬਾਹ ਪਕੜਿ ਰੋਗਹੁ ਕਢਿ ਲਇਆ॥***
***ਤੂਟੇ ਬੰਧਨ ਸਾਧਸੰਗੁ ਪਾਇਆ॥***
***ਕਹੁ ਨਾਨਕ ਗੁਰਿ ਰੋਗੁ ਮਿਟਾਇਆ॥***
***ਅੰਗ - ੧੧੪੦-੪੧***

ਮਨੁਖ ਹਉਮੈ ਦੇ ਰੋਗ ਵਿਚ ਗ੍ਰਸਿਆ ਜੰਮਦਾ ਮਰਦਾ ਰਹਿੰਦਾ ਹੈ, ਕਰਮਾਂ ਦੇ ਚੰਗੇ-ਮੰਦੇ ਫਲ ਖਾਂਦਾ ਹੈ। ਦੁਖ-ਸੁਖ ਦੇ ਦ੍ਵੰਦ ਵਿਚ ਫਸਿਆ ਜੰਮਣ ਮਰਣ ਦੀਆਂ ਘਮੇਟਣੀਆਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਅਨੰਤ ਕਾਲ ਤੋਂ ਇਸ ਜੀਵ ਨੂੰ ਹਉਮੈ ਰੋਗ ਨੇ ਗ੍ਰਸਿਆ ਹੋਇਆ ਹੈ। ਇਸ ਰੋਗ ਕਰਕੇ ਇਸਦਾ ਅਨੁਭਵ ਦੂਸ਼ਿਤ ਹੋ ਜਾਣ ਕਰਕੇ ਇਕ ਪਰੀਪੂਰਨ ਬ੍ਰਹਮ ਤਿੰਨ ਰੂਪਾਂ ਵਿਚ ਦਿਸਦਾ ਹੈ - ਇਕ ਪ੍ਰਮਾਤਮਾ ਦਾ ਰੂਪ, ਦੂਜਾ ਜੀਵ-ਆਤਮਾ, ਤੀਜਾ ਸੰਸਾਰ। ਪਰੀਪੂਰਨ ਨਾਮ ਸਤਾ ਨਾਲੋਂ ਟੁਟ ਕੇ ਦੁਖ ਭੋਗ ਰਿਹਾ ਹੈ। ਅਨੰਤ ਕਾਲ ਤੋਂ ਇਹ ਰੋਗ ਮਨੁੱਖ ਨੂੰ ਚਿੰਬੜਿਆ ਹੋਇਆ ਹੈ। ਇਹ ਆਪਣੇ ਆਪ ਨੂੰ ਭੁੱਲ ਕੇ ਸਰੀਰ ਬਣਿਆ ਹੈ ਜੋ ਤਿੰਨ ਕਾਲ ਹੀ ਅਸੱਤ ਹੈ। ਜੀਵ ਅੰਧ ਘੋਰ ਖੂਹ ਵਿਚ ਗੋਤੇ ਖਾਂਦਾ ਪਰਮ ਦੁਖੀ ਹੋ ਰਿਹਾ ਹੈ। ਇਕ ਸਾਧੂ ਤੋਂ ਬਿਨਾਂ, ਸਾਰੇ ਹੀ ਮਨੁੱਖ ਇਸ ਰੋਗ ਨਾਲ ਪੀੜ੍ਹਤ ਹਨ। ਇਹ ਰੋਗ ਨਾ ਦਾਨ ਕਰਨ ਤੋਂ, ਨਾ ਹੀ ਤੀਰਥ ਯਾਤਰਾ ਤੋਂ, ਨਾ ਹੀ ਦੇਹੀ ਨੂੰ ਕਸ਼ਟ ਦੇਣ ਵਾਲੇ ਤਪਾਂ ਤੋਂ, ਨਾ ਹੀ ਪੁਸਤਕਾਂ, ਬੇਦ-ਕਤੇਬ ਪੜ੍ਹਨ ਤੋਂ

ਜਾਂਦਾ ਹੈ ਸਗਵਾਂ ਹੋਰ ਮੈਲ ਲਗ ਕੇ ਅਗਿਆਨ ਵਧਦਾ ਜਾਂਦਾ ਹੈ।

ਦੂਸਰਾ ਭਿਆਨਕ ਰੋਗ ਜੋ ਹਉਮੈ ਤੋਂ ਹੀ ਉਪਜਦਾ ਹੈ, ਉਹ ਹੈ ਆਪਣੇ ਬਾਰੇ, ਪ੍ਰਭੂ ਬਾਰੇ, ਸੰਸਾਰ ਬਾਰੇ ਭਰਮ ਉਤਪੰਨ ਹੋ ਜਾਵੇ ਇਸਨੂੰ 'ਅਵਿਦਿਆ' ਵੀ ਕਹਿ ਦਿੰਦੇ ਹਨ ਜਿਵੇਂ ਫੁਰਮਾਨ ਹੈ –

***ਛਛੈ ਛਾਇਆ ਵਰਤੀ ਸਭ ਅੰਤਰਿ***
***ਤੇਰਾ ਕੀਆ ਭਰਮੁ ਹੋਆ॥***
***ਭਰਮੁ ਉਪਾਇ ਭੁਲਾਈਅਨੁ ਆਪੇ***
***ਤੇਰਾ ਕਰਮੁ ਹੋਆ***
***ਤਿਨ ਗੁਰੂ ਮਿਲਿਆ॥ ਅੰਗ – ੪੩੩***

ਇਸ ਭਰਮ ਕਰਕੇ ਜੀਵ ਨੂੰ ਸੋਹੰ ਸਰੂਪ ਉਤੇ ਕੋਈ ਵਿਸ਼ਵਾਸ਼ ਨਹੀਂ ਆਉਂਦਾ ਅਤੇ ਆਪਣੇ ਆਪ ਨੂੰ ਕਲਪਿਤ ਜੀਵ ਜਾਣ ਕੇ ਅਨੰਤ ਕਾਲ ਤੋਂ ਦੁਖ ਸੁਖ ਭੋਗਦਾ ਫਿਰਦਾ ਹੈ।

ਤੀਸਰਾ ਰੋਗ ਜਿਸਨੂੰ ਮਨ ਦੀ ਟੀ.ਬੀ. ਆਖਦੇ ਹਨ, ਉਹ ਤ੍ਰਿਸ਼ਨਾ ਦਾ ਰੋਗ ਹੈ ਜਿਸ ਦੇ ਵਿਚ ਇਕ ਵਿਰਲੇ ਨੂੰ ਛੱਡ ਕੇ ਸਾਰੇ ਪੜ੍ਹੇ ਲਿਖੇ, ਕਰਮ-ਕਾਂਡੀ, ਧਰਮਾਂ ਦੇ ਠੇਕੇਦਾਰ ਅਤੇ ਅਖੌਤੀ ਬੁਧੀਜੀਵੀ ਸਭ ਜਲ ਰਹੇ ਹਨ ਅਤੇ ਅਗਿਆਨ ਵਸ ਹੋਏ ਹੋਏ ਤਿਸ਼ਨਾ ਦੀ ਅਗਨ ਨਾਲ ਸੜਦੇ ਹੋਏ ਭੀ ਹੋਰ-ਹੋਰ ਧੰਨ ਦੀ, ਪਦਾਰਥਾਂ ਦੀ ਲੋਚਾ ਲਾਈ ਰਖਦੇ ਹਨ ਅਤੇ ਤ੍ਰਿਸ਼ਨਾ ਦੀ ਅਗਨ ਵਿਚ ਹਰ ਵਾਰੀ ਜਨਮ ਧਾਰ ਕੇ ਜਲਦੇ ਰਹਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ –

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥***
***ਅੰਗ – ੨੧੩***

ਇਸ ਰੋਗ ਨੂੰ ਟੀ.ਬੀ. ਦੀ ਤੁਲਨਾ ਦਿਤੀ ਜਾਂਦੀ ਹੈ। ਇਸ ਤੋਂ ਵੀ ਭਿਆਨਕ ਇਕ ਹੋਰ ਰੋਗ ਨਿੰਦਿਆ ਹੈ ਜਿਸਨੂੰ ਬਮਨ (ਉਲਟੀਆਂ) ਦਾ ਰੋਗ ਕਿਹਾ ਜਾਂਦਾ ਹੈ। ਨਿੰਦਕ ਦਾ ਸੁਭਾਅ ਹਰ ਵਕਤ ਨਿੰਦਿਆ ਕਰਨ ਦਾ ਹੋਇਆ ਕਰਦਾ ਹੈ। ਇਹ ਜਾਣਦਾ ਹੋਇਆ ਕਿ ਇਸਦੇ ਬਹੁਤ ਮਾੜੇ ਨਤੀਜੇ ਹਨ, ਫਿਰ ਵੀ ਇਹ ਜੀਵ, ਨਿੰਦਿਆ ਵਿਚ ਗੁਲਤਾਨ ਰਹਿੰਦਾ ਹੈ ਅਤੇ ਸੰਤ ਜਨਾਂ, ਮਹਾਂਪੁਰਸ਼ਾਂ ਦੀ ਨਿੰਦਿਆ ਇਹ ਅਕਾਰਨ ਹੀ ਕਰਦਾ ਰਹਿੰਦਾ ਹੈ। ਨਿੰਦਾ ਕਰਨ ਵਾਲਾ ਦੂਸਰੇ ਦੇ ਮਲਮੂਤਰ ਰੂਪ ਔਗੁਣਾਂ ਨੂੰ ਮੂੰਹ ਨਾਲ ਸਾਫ ਕਰਿਆ ਕਰਦਾ ਹੈ। ਇਹ ਨਿੰਦਕ ਪੁਰਖ ਕਿੰਨਾ ਵੀ ਦਾਨ-ਪੁੰਨ ਕਰ ਲਵੇ, ਸੇਵਾ ਕਰ ਲਵੇ, ਖੂਹ ਲਵਾ ਦੇਵੇ, ਤਲਾਬ ਲਵਾ ਦੇਵੇ, ਜ਼ਮੀਨ ਸਤਿਸੰਗ ਵਾਸਤੇ, ਹਸਪਤਾਲਾਂ ਵਾਸਤੇ, ਸਕੂਲਾਂ ਵਾਸਤੇ ਦਾਨ ਕਰ ਦੇਵੇ, ਬੇਅੰਤ ਪੁੰਨ ਦਾਨ ਕਰ ਦੇਵੇ; ਜੇ ਸਾਰੇ ਕੰਮ ਨੇਕ ਕਰਕੇ ਇਕ ਵਾਰੀ ਨਿੰਦਿਆ ਕਰ ਦੇਵੇ ਤਾਂ ਸਾਰਾ ਕੁਝ ਬਿਰਥਾ ਚਲਿਆ ਜਾਇਆ ਕਰਦਾ ਹੈ। ਜਿਸ ਤਰ੍ਹਾਂ ਦੇ ਨਾਲ ਅਸੀਂ ਕ੍ਰੋੜਾਂ ਅਰਬਾਂ ਦੀਆਂ ਰਕਮਾਂ ਨੂੰ ਸੈਂਕੜੇ ਰਕਮਾਂ ਨਾਲ ਗੁਣਾਂ ਕਰਦੇ ਰਹੀਏ ਅਤੇ ਅੰਤ ਵਿਚ ਜ਼ੀਰੋ ਨਾਲ ਗੁਣਾਂ ਕਰ ਦੇਈਏ ਤਾਂ ਬਣ ਜਾਇਆ ਕਰਦਾ ਹੈ। ਫੁਰਮਾਨ ਹੈ-

***ਜੇ ਓਹੁ ਅਠਸਠਿ ਤੀਰਥ ਨਾਵੈ॥***
***ਜੇ ਓਹੁ ਦੁਆਦਸ ਸਿਲਾ ਪੂਜਾਵੈ॥***
***ਜੇ ਓਹੁ ਕੂਪ ਤਟਾ ਦੇਵਾਵੈ॥***
***ਕਰੈ ਨਿੰਦ ਸਭ ਬਿਰਥਾ ਜਾਵੈ॥***
***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ॥***
***ਜੇ ਓਹੁ ਗ੍ਰਹਨ ਕਰੈ ਕੁਲਖੇਤਿ॥***
***ਅਰਪੈ ਨਾਰਿ ਸੀਗਾਰ ਸਮੇਤਿ॥॥***
***ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥***
***ਕਰੈ ਨਿੰਦ ਕਵਨੈ ਨਹੀ ਗੁਨੈ॥***
***ਜੇ ਓਹੁ ਅਨਿਕ ਪ੍ਰਸਾਦ ਕਰਾਵੈ॥***
***ਭੂਮਿ ਦਾਨ ਸੋਭਾ ਮੰਡਪਿ ਪਾਵੈ॥***
***ਅਪਨਾ ਬਿਗਾਰਿ ਬਿਰਾਂਨਾ ਸਾਂਢੈ॥***
***ਕਰੈ ਨਿੰਦ ਬਹੁ ਜੋਨੀ ਹਾਂਢੈ॥***
***ਨਿੰਦਾ ਕਹਾ ਕਰਹੁ ਸੰਸਾਰਾ॥***
***ਨਿੰਦਕੁ ਕਾ ਪਰਗਟਿ ਪਾਹਾਰਾ॥***
***ਨਿੰਦਕੁ ਸੋਧਿ ਸਾਧਿ ਬੀਚਾਰਿਆ॥***
***ਕਹੁ ਰਵਿਦਾਸ ਪਾਪੀ***
***ਨਰਕਿ ਸਿਧਾਰਿਆ॥ ਅੰਗ – ੮੭੫***

ਨਿੰਦਕ ਬਾਰੇ ਐਸਾ ਭੀ ਫੁਰਮਾਨ ਹੈ ਕਿ ਇਹ ਮੂਰਖ ਪੁਰਸ਼ ਬਿਨਾਂ ਕੋਈ ਮਜ਼ੂਰੀ ਲਏ ਦੂਸਰਿਆਂ ਦੀ ਮੈਲ ਧੋਂਦਾ ਰਹਿੰਦਾ ਹੈ। ਇਸਦੇ ਨਤੀਜੇ ਬੜੇ

ਭਿਆਨਕ ਹਨ। ਸਾਰਾ ਜਪ, ਤਪ ਨਸ਼ਟ ਹੋ ਜਾਂਦਾ ਹੈ ਅਤੇ ਨਰਕ ਘੋਰ ਵਿਚ ਵਾਸਾ ਪਾਉਂਦਾ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ॥ ਅੰਗ - ੭੫੫*

ਇਸੇ ਤਰ੍ਹਾਂ ਚੁਗਲੀ, ਈਰਖਾ ਵਰਗੇ ਮਾਨਸਿਕ ਰੋਗ ਹਨ। ਇਸ ਮਨ ਵਿਚ ਬਹੁਤ ਹੀ ਭਿਆਨਕ ਕੀਟਾਣੂ ਪੰਜ ਚੋਰਾਂ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ; ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਆਸ਼ਾ, ਤ੍ਰਿਸ਼ਨਾਂ ਦੀਆਂ ਡੈਣਾਂ ਘਰ ਪਾਈਂ ਬੈਠੀਆਂ ਹਨ। ਸੋ ਵੈਦ ਜੀ ਇਹ ਸਾਰਾ ਸੰਸਾਰ ਇਨ੍ਹਾਂ ਰੋਗਾਂ ਕਰਕੇ ਪੀੜ੍ਹਤ ਹੈ। ਸੰਸਾਰ ਵਿਚ ਕੇਵਲ ਸਤਿਗੁਰੂ ਪੂਰਨ ਮਹਾਂਪੁਰਸ਼, ਆਰਫ, ਬ੍ਰਹਮਗਿਆਨੀ ਇਸ ਰੋਗ ਤੋਂ ਰਹਿਤ ਹਨ।

ਐਨੇ ਬਚਨ ਸੁਣ ਕੇ ਵੈਦ ਜੀ ਨੇ ਪੂਰੀ ਸ਼ਰਧਾ ਨਾਲ ਚਰਨੀਂ ਨਮਸਕਾਰ ਕਰਕੇ ਪੁਛਿਆ, "ਹੇ ਗੁਰਦੇਵ! ਆਪ ਇਸ ਸਰੀਰ ਵਿਚ ਸ਼ਾਖਸ਼ਾਤ ਪ੍ਰਮਾਤਮਾ ਦਾ ਰੂਪ ਪ੍ਰਗਟ ਹੋਏ ਹੋਂ, ਆਪ ਨੇ ਕਲਿਆਣ ਕਰਨੀ ਹੈ ਕ੍ਰਿਪਾ ਕਰਕੇ ਮੈਨੂੰ ਇਨ੍ਹਾਂ ਰੋਗਾਂ ਦੀ ਦਵਾਈ ਦੱਸੋ।" ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਜਿਸ ਵਾਹਿਗੁਰੂ ਨੇ ਸ੍ਰਿਸ਼ਟੀ ਸਾਜੀ ਹੈ, ਉਸਨੇ ਇਨ੍ਹਾਂ ਰੋਗਾਂ ਦੀ ਦਵਾਈ ਇਸ ਸਰੀਰ ਵਿਚ ਸਥਾਪਿਤ ਕੀਤੀ ਹੈ। ਉਹ ਹੈ ਪ੍ਰਭੂ ਦਾ 'ਨਾਮ' ਜਿਸ ਦੇ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੋਇਆ ਹੈ-

*ਲਲਾ ਲਾਵਉ ਅਉਖਧ ਜਾਹੂ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ॥*
*ਨਾਮ ਅਉਖਧੁ ਜਿਹ ਰਿਦੈ ਹਿਤਾਵੈ॥*
*ਤਾਹਿ ਰੋਗੁ ਸੁਪਨੈ ਨਹੀ ਆਵੈ॥*
*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*
*ਅੰਗ - ੨੫੯*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਅੰਗ - ੨੯੩*

ਵੈਦ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਇਹ ਦਾਰੂ ਬਖਸ਼ੋ ਤਾਂ ਕਿ ਮੈਂ ਅਰੋਗ ਹੋ ਕੇ ਆਪਣੇ ਪ੍ਰਮ ਮਨੋਰਥ ਨੂੰ ਪ੍ਰਾਪਤ ਹੋ ਸਕਾਂ। ਗੁਰੂ ਮਹਾਰਾਜ ਜੀ ਨੇ ਵੈਦ ਤੇ ਕ੍ਰਿਪਾ ਕਰਕੇ ਪੂਰਨ ਬ੍ਰਹਮ ਸ਼ਾਖਸ਼ਾਤ ਕਰਾ ਕੇ ਨਾਮ ਮੰਡਲ ਦਾ ਵਾਸੀ ਬਣਾ ਦਿਤਾ। ਇਸੇ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਬਹੁਤ ਵੱਡੇ ਸਬਕ ਮਿਲਦੇ ਹਨ। ਗੁਰਬਾਣੀ ਵਿਚ ਆਉਂਦਾ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥*
*ਅੰਗ - ੨੯੫*

ਵਾਹਿਗੁਰੂ ਦਾ ਨਾਮ ਜਦੋਂ ਤਕ ਸਾਵਧਾਨ ਅਤੇ ਇਕਾਗਰ ਚਿਤ ਹੋ ਕੇ ਨਹੀਂ ਜਪਿਆ ਜਾਂਦਾ, ਉਨੀਂ ਦੇਰ ਤਕ ਮਨ ਦੀ ਗੈਰ-ਹਾਜ਼ਰੀ - ਸਾਡੀ ਇਬਾਦਤ, ਸਾਡੀ ਭਜਨ ਬੰਦਗੀ ਨੂੰ ਪ੍ਰਵਾਨ ਨਹੀਂ ਹੋਣ ਦਿੰਦੀ। ਗੁਰੂ ਨਾਨਕ ਪਾਤਸ਼ਾਹ ਵੇਈ ਨਦੀ ਵਿਚ ਟੁੱਭੀ ਲਾ ਕੇ ਸੰਸਾਰ ਨੂੰ ਦਸਦੇ ਹਨ -

*ਮੁਖ ਤੇ ਭਾਖਹਿਂ ਸਤਿਗੁਰ ਬੈਨਾ।*
*'ਨਹਿਂ ਹਿੰਦੂ ਕੋ ਤੁਰਕ ਨ ਹੈਨਾ।*
*ਜਗ ਮਹਿਂ ਹਿੰਦੂ ਤੁਰਕ ਨ ਕੋਊ।*
*ਝੂਠੇ ਨਾਮ ਧਰਵਹਿਂ ਦੋਊ॥*
*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ*
*(ਅੰਗ - ੩੮੪)*

ਇਹ ਗੱਲ ਸੁਣ ਕੇ ਨਵਾਬ ਨੇ ਗੁਰੂ ਨਾਨਕ ਨੂੰ ਬੁਲਾ ਕੇ ਪੁਛਿਆ ਤਾਂ ਗੁਰੂ ਮਹਾਰਾਜ ਨੇ ਦਸਿਆ ਕਿ ਦੋਹਾਂ ਵਿਚੋਂ ਆਪਣੇ ਅਸੂਲਾਂ ਮੁਤਾਬਿਕ ਕੋਈ ਵੀ ਨਹੀਂ ਚਲ ਰਿਹਾ। ਨਵਾਬ ਦੌਲਤ ਖਾਨ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਮਸੀਤ ਵਿਚ ਆਪਣੇ ਨਾਲ ਨਮਾਜ਼ ਪੜ੍ਹਨ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਚਲੇ ਗਏ ਪਰ ਨਮਾਜ਼ ਨਾ ਪੜ੍ਹੀ। ਨਮਾਜ਼ ਪੜ੍ਹਨ ਪਿਛੋਂ

ਨਵਾਬ ਤੇ ਕਾਜ਼ੀ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਤੁਸੀਂ ਅਸਾਡੇ ਨਾਲ ਆ ਕੇ ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਵਾਬ ਦੌਲਤ ਖਾਨ! ਤੇਰਾ ਮਨ ਨਮਾਜ਼ ਪੜ੍ਹਨ ਸਮੇਂ ਇਸ ਸਰੀਰ ਵਿਚੋਂ ਨਿਕਲ ਗਿਆ ਸੀ ਅਤੇ ਕੰਧਾਰ ਵਿਚ ਘੋੜੇ ਖਰੀਦ ਰਿਹਾ ਸੀ। ਕਾਜ਼ੀ ਵਲ ਦੇਖ ਕੇ ਕਿਹਾ ਕਿ ਤੂੰ ਘਰ ਵਿਚ ਖੱਡੇ ਵਿਚ ਵਛੇਰੀ ਨੂੰ ਗਿਰਨ ਤੋਂ ਬਚਾਉਣ ਵਾਸਤੇ ਉਥੇ ਖੜ੍ਹਾ ਵਛੇਰੀ ਮੋੜਦਾ ਰਿਹਾ। ਮੈਂ ਨਮਾਜ਼ ਕਿਸ ਨਾਲ ਪੜ੍ਹਦਾ ਤਾਂ ਨਵਾਬ ਨੇ ਮਹਾਰਾਜ ਜੀ ਨੂੰ ਪੁਛਿਆ ਕਿ ਮਨ ਕਿਉਂ ਨਹੀਂ ਟਿਕਦਾ? ਗੁਰੂ ਮਹਾਰਾਜ ਜੀ ਨੇ ਦਸਿਆ ਕਿ ਮਨ ਪਾਰੇ ਦੀ ਨਿਆਈਂ ਹੋਣ ਕਰਕੇ ਵਾਸ਼ਨਾ ਦੇ ਵੇਗ ਨਾਲ ਸਦਾ ਹੀ ਹਿਲਦਾ ਰਹਿੰਦਾ ਹੈ, ਜਦੋਂ ਤਕ ਇਹ ਗੁਰੂ ਦੇ ਸ਼ਬਦ ਨਾਲ ਨਾ ਲੱਗੇ, ਉਨਾਂ ਚਿਰ ਇਹ ਟਿਕਿਆ ਨਹੀਂ ਕਰਦਾ। ਸਮਰੱਥ ਗੁਰੂ ਦਾ ਦਿਤਾ ਹੋਇਆ ਸ਼ਬਦ ਰੋਮ-ਰੋਮ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਇਹ ਮਨ ਉਸ ਮਹਾਨ ਅੰਮ੍ਰਿਤ ਰਸ ਵਿਚ ਲੀਨ ਹੋ ਕੇ ਕਿਤੇ ਵੀ ਨਹੀਂ ਜਾਇਆ ਕਰਦਾ। ਮਨ ਦੀ ਗੈਰਹਾਜ਼ਰੀ ਦਾ ਕੀਤਾ ਹੋਇਆ ਭਜਨ ਪ੍ਰਵਾਨ ਨਹੀਂ ਹੋਇਆ ਕਰਦਾ। ਨਵਾਬ ਦੇ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਸ਼ਬਦ ਦੀ ਦਾਤ ਬਖਸ਼ੀ ਅਤੇ ਉਸਨੂੰ ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਾਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਤਕ ਪ੍ਰਿਥਵੀ ਉਪਰ ਅਬਾਦੀ ਸੀ, ਭ੍ਰਮਣ ਕੀਤਾ ਅਤੇ ਗੁਰਮਤਿ ਬਾਰੇ ਜਾਣਕਾਰੀ ਦੇ ਕੇ ਬੇਅੰਤ ਰੁਕੇ ਹੋਏ ਜਗਿਆਸੂਆਂ, ਪੀਰਾਂ, ਫਕੀਰਾਂ, ਸਾਧੂਆਂ, ਮਹਾਤਮਾ ਨੂੰ ਸੱਚੇ ਰਸਤੇ ਤੇ ਪਾਇਆ। ਜਦੋਂ ਆਪ ਜੀ ਸੁਮੇਰ ਪ੍ਰਬਤ ਤੇ ਗਏ ਉਥੇ ਗੋਰਖ ਆਦਿ ਚੌਰਾਸੀ ਸਿੱਧ ਜਿਹੜੇ ਪ੍ਰਾਣਾਯਾਮ ਦੇ ਬਲ ਕਰਕੇ ਲੰਮੀਆਂ ਸਮਾਧੀਆਂ ਵਿਚ ਸਵਾਸ ਰੱਖ ਕੇ ਉਮਰਾਂ ਵਧਾ ਰਹੇ ਸਨ ਅਤੇ ਸ਼ਕਤੀਆਂ ਦਾ ਪ੍ਰਯੋਗ ਕਰਕੇ ਲੋਕਾਂ ਨੂੰ ਦਿਖਾ ਰਹੇ ਸਨ। ਜਦੋਂ ਗੁਰੂ ਮਹਾਰਾਜ ਜੀ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਗੁਰੂ ਮਹਾਰਾਜ ਜੀ ਨਾਲ ਹੱਠ ਯੋਗ ਦੀਆਂ ਪ੍ਰਾਪਤੀਆਂ ਬਾਰੇ ਗੱਲਬਾਤ ਕਰਕੇ ਗੁਰੂ ਮਹਾਰਾਜ ਜੀ ਨੂੰ ਆਪਣੇ ਪੰਥ ਵਿਚ ਲਿਆਉਣ ਦਾ ਜਤਨ ਕਰਨ ਲੱਗੇ। ਗੁਰੂ ਨਾਨਕ ਪਾਤਸ਼ਾਹ ਨੂੰ ਇਕ ਚਿੱਪੀ ਦੇ ਕੇ ਕਿਹਾ ਕਿ ਔਹ ਸਾਹਮਣਿਓਂ ਹੇਠਾਂ ਤਾਲ ਵਿਚੋਂ ਇਕ ਚਿੱਪੀ ਪਾਣੀ ਦੀ ਭਰ ਲੈ ਆਓ। ਗੁਰੂ ਨਾਨਕ ਜੀ ਨੇ ਜਾ ਕੇ ਦੇਖਿਆ ਤਾਂ ਤਾਲ ਵਿਚ ਪਾਣੀ ਦੀ ਥਾਂ ਹੀਰੇ, ਜਵਾਹਰਾਤ, ਲਾਲ, ਨਗੀਨੇ ਅਨੇਕ ਪੱਥਰ ਝਿਲਮਿਲ-ਝਿਲਮਿਲ ਕਰ ਰਹੇ ਸਨ ਅਤੇ ਮਨ ਨੂੰ ਮੋਹ ਰਹੇ ਸਨ। ਗੁਰੂ ਨਾਨਕ ਵਾਪਸ ਆ ਗਏ ਤੇ ਕਿਹਾ, "ਨਾਥ ਜੀ! ਉਥੇ ਪਾਣੀ ਤਾਂ ਹੈ ਨਹੀਂ।" ਸਿਧਾਂ ਨੇ ਦੇਖਿਆ ਕਿ ਗੁਰੂ ਨਾਨਕ ਜੀ ਦੇ ਮਨ ਵਿਚ ਪਾਣੀ ਨੂੰ ਕੀਮਤੀ ਪੱਥਰਾਂ ਦੇ ਰੂਪ ਵਿਚ ਦੇਖ ਕੇ ਕੋਈ ਅਸਰ ਨਹੀਂ ਹੋਇਆ ਸਗੋਂ ਉਨ੍ਹਾਂ ਦੇ ਦਿਲ ਵਿਚ ਸਿਧਾਂ ਦੀ ਕਰਾਮਾਤੀ ਬਿਰਤੀ ਨੂੰ ਦੇਖ ਕੇ ਕੁਝ ਤਰਸ ਉਪਜ ਰਿਹਾ ਹੈ। ਗੋਰਖਨਾਥ ਨੇ ਕਿਹਾ ਕਿ ਹੇ ਨਾਨਕ! ਦੇਖ ਸਾਡੇ ਮੱਤ ਵਿਚ ਹੱਠ ਯੋਗ ਰਾਹੀਂ ਕਿੰਨੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ। ਅਸੀਂ ਧੋਤੀ, ਨੇਤੀ, ਬਸਤੀ, ਤ੍ਰਾਟਕ ਅਤੇ ਕਪਾਲਭਾਤੀ ਦੀਆਂ ਕ੍ਰਿਆ ਕਰਕੇ ਕਿੱਡੀਆਂ ਵੱਡੀਆਂ ਪ੍ਰਾਪਤੀਆਂ ਤੇ ਕਿੰਨੀਆਂ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਹਾਂ। ਅਸੀਂ ਯੋਗ ਬਲ ਨਾਲ ਸਵਾਸਾਂ ਰਾਹੀਂ ਭੁਜੰਗਾ ਨਾੜੀ ਨੂੰ ਮੂਲਾਧਾਰ ਚੱਕਰ ਤੋਂ ਪਿਛੇ ਹਟਾ ਕੇ ਕੁੰਡਲਨੀ ਜਾਗ੍ਰਤ ਕਰ ਲੈਂਦੇ ਹਾਂ। ਕੁੰਡਲਨੀ ਦੇ ਜਾਗ੍ਰਤ ਹੋਇਆਂ ਸਾਡੇ ਵਿਚ ਤਿੰਨਾਂ ਲੋਕਾਂ ਨੂੰ ਦੇਖਣ ਦੀ ਸ਼ਕਤੀ ਉਤਪੰਨ ਹੋ ਜਾਂਦੀ ਹੈ। ਅਸੀਂ ਦੇਵੀ ਦੇਵਤਿਆਂ ਦੀਆਂ ਗੁਪਤ ਕ੍ਰੀੜਾਂ ਨੂੰ ਵੇਖ ਸਕਦੇ ਹਾਂ। ਅਸਮਾਨ ਅਤੇ ਧਰਤੀ ਵਿਚੋਂ ਕੋਈ ਚੀਜ਼ ਐਸੀ ਨਹੀਂ ਜੋ ਸਾਡੀ ਦਿਬ ਦ੍ਰਿਸ਼ਟੀ ਤੋਂ ਲ੍ਹਾਂਬੇ ਰਹਿ ਸਕੇ। ਅਸੀਂ ਛੇਆਂ ਚੱਕਰਾਂ ਨੂੰ ਬੇਧ ਕੇ ਸਹੰਸਰਾਰ ਦਲ ਕਮਲ ਵਿਚ ਪ੍ਰਵੇਸ਼ ਕਰਕੇ ਅਨੇਕ ਰਿਧੀਆਂ-ਸਿਧੀਆਂ ਨੂੰ ਪ੍ਰਾਪਤ ਕਰਕੇ ਜੀਵਨ ਬਤੀਤ ਕਰ ਰਹੇ ਹਾਂ ਅਤੇ ਅੰਦਰਲੇ ਅੰਮ੍ਰਿਤ ਨੂੰ ਪੀ ਕੇ ਅਨੰਦ ਰਹਿੰਦੇ ਹਾਂ। ਤੈਂ ਦੇਖਿਆ ਹੀ ਹੈ ਇਕ ਫੁਰਨੇ ਨਾਲ ਹੀ ਅਸੀਂ ਪਾਣੀ ਨੂੰ ਹੀਰੇ, ਜਵਾਹਰਾਤ, ਲਾਲਾਂ ਵਿਚ ਬਦਲ ਦਿਤਾ। ਇਨ੍ਹਾਂ ਲਾਲਾਂ ਦਾ ਕੋਈ ਮੁਲ ਨਹੀਂ ਪਾ ਸਕਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਸਿਧੀਆਂ ਦੀ ਪ੍ਰਾਪਤੀ ਨੂੰ ਇਕ ਬੱਚਿਆਂ ਦਾ ਖੇਲ ਦਸਿਆ

ਕਿਉਂਕਿ ਪਰਮਾਰਥੀ ਪੁਰਸ਼ਾਂ ਨੂੰ ਇਨ੍ਹਾਂ ਸ਼ਕਤੀਆਂ ਦੀ ਕੋਈ ਲੋੜ ਨਹੀਂ। ਇਹ ਮਾਇਆ ਦਾ ਇਕ ਰੂਪ ਹਨ ਜਿਸ ਨਾਲ ਹਉਮੈ ਦੀ ਆਖਰੀ ਕੰਧ ਨਹੀਂ ਟੁਟਦੀ ਅਤੇ ਜੀਵ ਵਾਹਿਗੁਰੂ ਤੋਂ ਵਿਛੜਿਆ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਉਸ ਪਾਣੀ ਦੇ ਤਾਲ ਵਲ ਤੱਕਿਆ ਤਾਂ ਗੋਰਖਨਾਥ ਦੀ ਪਾਈ ਹੋਈ ਸਾਰੀ ਮਾਇਆ ਉਥੋਂ ਗੁੰਮ ਹੋ ਗਈ। ਗੋਰਖ ਨੇ ਦੇਖਿਆ ਕਿ ਨਾਨਕ ਕੋਈ ਪਰਮ ਪੁਰਖ ਹੈ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨਾਲ ਬਹੁਤ ਵਿਸਥਾਰ ਦੇ ਨਾਲ ਚਰਚਾ ਹੋਈ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਕਲਜੁਗ ਦੇ ਅੰਦਰ ਕੇਵਲ ਪ੍ਰਮੇਸ਼ਰ ਦਾ ਨਾਮ ਜਪਣਾ ਹੀ ਕਲਿਆਣਕਾਰੀ ਹੈ, ਨਾਮ ਦੇ ਮੁਕਾਬਲੇ ਉਪਰ ਕੋਈ ਸਾਧਨ ਨਹੀਂ ਪਹੁੰਚ ਸਕਦਾ। ਸਮਰੱਥ ਗੁਰੂ ਤੋਂ ਪ੍ਰਾਪਤ ਕੀਤਾ ਹੋਇਆ ਨਾਮ ਫਲੀਭੂਤ ਹੋ ਜਾਇਆ ਕਰਦਾ ਹੈ ਅਤੇ ਜਦੋਂ ਨਾਮ ਹਿਰਦੇ ਵਿਚ ਵਸ ਗਿਆ ਤਾਂ ਸਾਰੀਆਂ ਰਿਧੀਆਂ-ਸਿਧੀਆਂ ਉਸ ਗੁਰਮੁਖ ਪਿਆਰੇ ਦੇ ਪਿਛੇ ਲਗੀਆਂ ਫਿਰਦੀਆਂ ਹਨ। ਇਸ ਸਾਰੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਤੇ ੩੧ਵੇਂ ਅੰਗ ਵਿਚ ਲਿਖਿਆ ਹੈ -

***ਸਿਧੀਂ ਮਨੇ ਬਿਚਾਰਿਆ***
***ਕਿਵੇਂ ਦਰਸਨ ਏਹ ਲੇਵੇ ਬਾਲਾ।***
***ਐਸਾ ਜੋਗੀ ਕਲੀ ਮਹਿੰ***
***ਹਮਰੇ ਪੰਥ ਕਰੇ ਉਜਿਆਲਾ।***
***ਖੱਪਰ ਦਿਤਾ ਨਾਥ ਜੀ***
***ਪਾਣੀ ਭਰ ਲੈਵਣ ਉਠ ਚਾਲਾ।***
***ਬਾਬਾ ਆਯਾ ਪਾਣੀਐ***
***ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧ ਪੁਰਖ***
***ਕੇਹੜਾ ਝੱਲੇ ਗੁਰੂ ਦੀ ਝਾਲਾ।***
***ਫਿਰ ਆਯਾ ਗੁਰ ਨਾਥ ਜੀ***
***ਪਾਣੀ ਠਉੜ ਨਹੀ ਉਸ ਤਾਲਾ।***
***ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ***
***ਆਪਣਾ ਪੰਥ ਨਿਰਾਲਾ।***
***ਕਲਿਜੁਗ ਨਾਨਕ ਨਾਮ ਸੁਖਾਲਾ।***
***ਭਾਈ ਗੁਰਦਾਸ ਜੀ - ਵਾਰ, ੧/੩੧***

ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਮੱਕੇ ਜਾ ਕੇ ਦੱਸਿਆ ਕਿ ਜਿਸ ਵਾਹਿਗੁਰੂ ਨੂੰ ਤੁਸੀਂ ਇਹ ਸਮਝਦੇ ਹੋ ਕਿ ਸਿਰਫ ਮੱਕੇ ਵਿਚ ਹੀ, ਰੱਬ ਦਾ ਵਾਸਾ ਹੈ, ਆਪ ਨੇ ਇਕ ਕੌਤਕ ਕੀਤਾ। ਮਹਿਰਾਬੇ ਵਲ ਪੈਰ ਕਰਕੇ ਲੇਟ ਗਏ। ਸਵੇਰੇ 'ਜੀਵਨ' ਨਾਮ ਦਾ ਪ੍ਰਬੰਧਕ ਆਇਆ ਉਸਨੇ ਗੁਰੂ ਨਾਨਕ ਦੇ ਲੱਤ ਮਾਰ ਕਰ ਕਿਹਾ ਕਿ ਤੂੰ ਖੁਦਾਇ ਦੇ ਘਰ ਵਲ ਪੈਰ ਕਰਕੇ ਕਿਉਂ ਸੁੱਤਾ ਪਿਆ ਹੈਂ? ਗੁਰੂ ਨਾਨਕ ਜੀ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਨਹੀਂ ਸੀ ਪਤਾ ਕਿ ਖੁਦਾ ਕੇਵਲ ਮਹਿਰਾਬੇ ਵਲ ਹੈ; ਤੂੰ ਮੇਰੀਆਂ ਲੱਤਾਂ ਚੁਕ ਕੇ ਓਧਰ ਕਰ ਦੇ ਜਿਧਰ ਅੱਲਾਹ ਤਾਲਾ ਨਹੀਂ ਹੈ। ਉਸਨੇ ਗੁਰੂ ਨਾਨਕ ਦੀਆਂ ਲੱਤਾਂ ਫੜ ਕੇ ਘੁੰਮਾਈਆਂ, ਉਸਦੇ ਅੰਦਰ ਚਰਨ ਛੂੰਹਦੇ ਹੀ ਗਿਆਨ ਦਾ ਪ੍ਰਕਾਸ਼ ਹੋ ਗਿਆ। ਕੀ ਦੇਖਦਾ ਹੈ ਕਿ ਜਿਧਰ ਵੀ ਲੱਤਾਂ ਕਰਦਾ ਹੈ, ਉਧਰ ਹੀ ਮਹਿਰਾਬ ਨਜ਼ਰ ਆਉਂਦਾ ਹੈ। ਮੱਕੇ ਦੀ ਗੋਸ਼ਟ ਕਰਕੇ ਆਪ ਜੀ ਨੇ ਦਸਿਆ ਕਿ -

***ਬਾਬਾ ਆਖੇ ਹਾਜੀਆਂ***
***ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।***
***ਹਿੰਦੂ ਮੁਸਲਮਾਨ ਦੋਇ***
***ਦਰਗਹ ਅੰਦਰ ਲੈਨ ਨ ਢੋਈ।***
***ਭਾਈ ਗੁਰਦਾਸ ਜੀ, ਵਾਰ - ੧/੩੩***

ਉਨ੍ਹਾਂ ਦਾ ਇਹ ਭਰਮ ਸੀ ਕਿ ਖੁਦਾ ਇਸ ਮੰਦਰ ਵਿਚ ਨਿਵਾਸ ਕਰਦਾ ਹੈ ਅਤੇ ਦੂਜਾ ਇਹ ਕਿ ਇਸਲਾਮ ਹੀ ਸਭ ਮੱਤਾਂ ਨਾਲੋਂ ਸ਼੍ਰੇਸ਼ਟ ਹੈ ਉਸ ਬਾਰੇ ਲੰਮੀ ਗੋਸ਼ਟ ਵਿਚ ਜਿਸਨੂੰ ਮੱਕੇ ਮਦੀਨੇ ਦੀ ਗੋਸ਼ਟ ਦਾ ਨਾਮ ਦਿਤਾ ਜਾਂਦਾ ਹੈ, ਵਿਚ ਦਸਿਆ ਕਿ ਅੱਲਾ ਤਾਲਾ ਹਰ ਘਟ ਵਿਚ ਵਿਆਪਕ ਹੈ। ਮੰਦਰ ਤੇ ਮਸਜਿਦਾਂ ਭਜਨ ਕਰਨ ਦੇ ਥਾਂ ਹਨ, ਸਤਿਕਾਰ ਯੋਗ ਤੇ ਪੂਜਣ ਜੋਗ ਹਨ ਪਰ ਵਾਹਿਗੁਰੂ ਜੀ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਸਦਾ ਹੀ ਆਪਣੇ ਸੰਸਾਰ ਵਿਚ ਅਖੰਡ ਜੋਤੀ ਦੇ ਰੂਪ ਵਿਚ ਰਮਿਆ ਰਹਿੰਦਾ ਹੈ, ਉਹ ਹਰ ਘਟ ਵਿਚ ਵਿਆਪਕ ਹੈ, ਉਹ ਕਿਸੇ ਖਾਸ ਮਜ਼ਹਬ, ਖਾਸ ਮੰਦਰ ਨਾਲ ਕੋਈ ਵਿਸ਼ੇਸ਼ ਸਬੰਧ ਨਹੀਂ ਰਖਦਾ। ਪ੍ਰਮੇਸ਼ਰ ਦੀ ਭਗਤੀ ਵਿਚ ਲਾ ਕੇ ਆਪ ਬਗਦਾਦ ਪਹੁੰਚਦੇ ਹਨ। ਉਥੇ ਦਸਤਗੀਰ ਪੀਰ ਨਾਲ ਲੰਮੀ ਚਰਚਾ ਹੋਈ ਅਤੇ ਦਸਿਆ ਕਿ

ਵਾਹਿਗੁਰੂ ਜੀ ਦੀ ਕੁਦਰਤ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ, ਇਹ ਕਹਿਣਾ ਨਿਰਮੂਲ ਹੈ ਕਿ ਸੱਤ ਅਕਾਸ਼, ਸੱਤ ਪਤਾਲ ਤੋਂ ਵੱਧ ਕੁਝ ਵੀ ਨਹੀਂ ਹੈ। ਪੀਰ ਦੇ ਬੇਟੇ ਨੂੰ ਲੈ ਕੇ ਲੱਖਾਂ ਪਾਤਾਲ, ਲੱਖਾਂ ਅਕਾਸ਼ ਵਿਖਾਲ ਦਿਤੇ। ਭਾਈ ਗੁਰਦਾਸ ਜੀ ਨੇ ਇਸ ਵਾਰੇ ਇਉਂ ਲਿਖਿਆ ਹੈ –

***ਪੁੱਛੇ ਪੀਰ ਤਕਰਾਰ ਕਰ***
***ਏਹ ਫਕੀਰ ਵਡਾ ਆਤਾਈ।***
***ਏਥੇ ਵਿਚ ਬਗਦਾਦ ਦੇ***
***ਵਡੀ ਕਰਾਮਾਤ ਦਿਖਲਾਈ।***
***ਪਾਤਾਲਾਂ ਆਕਾਸ਼ ਲਖ***
***ਓੜਕ ਭਾਲੀ ਖਬਰ ਸੁਣਾਈ।***
***ਫੇਰ ਦੁਰਾਇਣ ਦਸਤਗੀਰ***
***ਅਸੀ ਭੀ ਵੇਖਾਂ ਜੋ ਤੁਹਿ ਪਾਈ।***
***ਨਾਲ ਲੀਤਾ ਬੇਟਾ ਪੀਰ ਦਾ***
***ਅੱਖੀ ਮੀਟ ਗਿਆ ਹਵਾਈ।***
***ਲੱਖ ਅਕਾਸ਼ ਪਾਤਾਲ ਲੱਖ***
***ਅੱਖ ਫਰਕ ਵਿਚ ਸਭ ਦਿਖਲਾਈ।***
***ਭਰ ਕਚਕੌਲ ਪ੍ਰਸ਼ਾਦ ਦਾ***
***ਧੁਰੋਂ ਪਤਾਲੋਂ ਲਈ ਕੜਾਹੀ।***
***ਜਾਹਰ ਕਲਾ ਨ ਛਪੈ ਛਪਾਈ।।***

***ਭਾਈ ਗੁਰਦਾਸ ਜੀ, ਵਾਰ – ੧/੩੬***

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਦੇ ਮੁਤਾਬਿਕ –

***ਜੀਤੀ ਨਵ ਖੰਡ ਮੇਦਨੀ***
***ਸਤਿਨਾਮ ਕਾ ਚੱਕ੍ਰ ਫਿਰਾਯਾ।***
***ਦੇਵ ਦਾਨੋ ਰਾਕਸ਼ ਦੈਤ ਸਭ***
***ਚਿੱਤ ਗੁਪਤ ਸਭ ਚਰਨੀ ਲਾਯਾ।***
***ਇੰਦ੍ਰਾਸਨ ਅਪੱਛਰਾਂ***
***ਰਾਗ ਰਾਗਨੀ ਮੰਗਲ ਗਾਯਾ।***
***ਭਯਾ ਅਨੰਦ ਜਗਤ***
***ਵਿਚ ਕਲਿ ਤਾਰਨ ਗੁਰ ਨਾਨਕ ਆਯਾ।***
***ਹਿੰਦੂ ਮੁਸਲਮਾਨ ਨਿਵਾਯਾ।***

***ਭਾਈ ਗੁਰਦਾਸ ਜੀ, ਵਾਰ – ੧/੩੭***

ਅੰਤਲੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਕਰਤਾਰਪੁਰ ਸਤਿਸੰਗ ਦਾ ਮੰਡਲ ਕਾਇਮ ਕੀਤਾ ਅਤੇ ਆਪਣੀ ਜੋਤਿ, ਧਰਮ ਦਾ ਪੰਥ ਚਲਾਉਣ ਲਈ ਗੁਰੂ ਅੰਗਦ ਪਾਤਸ਼ਾਹ ਦੀ ਕਾਇਆਂ ਵਿਚ ਪ੍ਰਵੇਸ਼ ਕੀਤੀ।

***ਜੋਤਿ ਓਹਾ ਜੁਗਤਿ ਸਾਇ***
***ਸਹਿ ਕਾਇਆ ਫੇਰਿ ਪਲਟੀਐ।।***

***ਅੰਗ – ੯੬੬***

ਮਾਨੋ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਰੂਪ ਬਦਲ ਗੁਰੂ ਅੰਗਦ ਪਾਤਸ਼ਾਹ ਜੀ ਦੇ ਰੂਪ ਵਿਚ ਪ੍ਰਗਟ ਕੀਤਾ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ ਵਿਚਾਰਿਆਂ ਸੂਝਵਾਨ ਜਗਿਆਸੂਆਂ ਨੂੰ ਸੋਝੀ ਹੁੰਦੀ ਹੈ ਕਿ ਸਾਰਾ ਸੰਸਾਰ ੧ੴ ਦਾ ਆਪਣਾ ਹੀ ਪਸਾਰਾ ਹੈ ਜਿਸ ਵਿਚ ਮਾਇਆ ਵੀ ਆਪ ਰਚੀ ਹੈ ਅਤੇ ਜੀਵ ਵੀ ਆਪ ਹੀ ਰਚਿਆ ਹੈ ਅਤੇ ਇਕੋ ਪ੍ਰਮੇਸ਼ਰ ਅਨੇਕਾਂ ਰੂਪਾਂ, ਰੰਗਾਂ ਵਿਚ ਵਰਤ ਕੇ ਪ੍ਰਗਟ ਪਹਾਰਾ ਜਾਪ ਰਿਹਾ ਹੈ। ਇਥੇ 'ਏਕੋ ਬ੍ਰਹਮ ਦੁਤੀਆ ਨੇਸਤ।।' ਦੇ ਸਿਧਾਂਤ ਨੂੰ ਪ੍ਰਗਟ ਕੀਤਾ ਅਤੇ ਫੁਰਮਾਨ ਆਇਆ ਹੈ –

***ਆਪੇ ਪਟੀ ਕਲਮ ਆਪਿ***
***ਉਪਰਿ ਲੇਖੁ ਭਿ ਤੂੰ।।***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।।***

***ਅੰਗ – ੧੨੯੧***

ਸ੍ਰੀ ਆਸਾ ਜੀ ਦੀ ਵਾਰ ਵਿਚ ਆਪ ਫੁਰਮਾਨ ਕਰਦੇ ਹਨ –

***ਆਪੀਨੈ ਆਪੁ ਸਾਜਿਓ***
***ਆਪੀਨੈ ਰਚਿਓ ਨਾਉ।।***
***ਦੁਯੀ ਕੁਦਰਤਿ ਸਾਜੀਐ***
***ਕਰਿ ਆਸਣੁ ਡਿਠੋ ਚਾਉ।।***
***ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ।।***
***ਤੂੰ ਜਾਣੋਈ ਸਭਸੈ***
***ਦੇ ਲੈਸਹਿ ਜਿੰਦੁ ਕਵਾਉ।।***
***ਕਰਿ ਆਸਣੁ ਡਿਠੋ ਚਾਉ।।***

***ਅੰਗ – ੪੬੩***

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਇਸ ਸਿਧਾਂਤ ਨੂੰ ਹੋਰ ਸਪਸ਼ਟ ਕੀਤਾ ਹੈ –

***ਸੋਧਤ ਸੋਧਤ ਸੋਧਤ ਸੀਝਿਆ।।***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ।।***
***ਜਬ ਦੇਖਉ ਤਬ ਸਭੁ ਕਿਛੁ ਮੂਲੁ।।***

***ਨਾਨਕ ਸੋ ਸੂਖਮੁ ਸੋਈ ਅਸਥੂਲੁ॥***
***ਅੰਗ - ੨੮੧***

ਇਸੇ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਨੇ ਅਕਾਲ ਉਸਤਤਿ ਵਿਚ ਵਾਹਿਗੁਰੂ ਨੂੰ ਸਰਬ ਰੂਪ ਪ੍ਰੀਪੂਰਨ ਜਾਣ ਕੇ ਮਹਿਮਾ ਗਾਇਨ ਕੀਤੀ।

ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪ ਹੀ ਆਪਣੇ ਆਪ ਤੋਂ ਪਸਾਰਾ ਕਰਕੇ ਅਨੇਕ ਹੁੰਦੇ ਹੋਏ ਭੀ ਇਕੋ ਹੀ ਹਨ। ਗੁਰੂ ਦਸ਼ਮੇਸ਼ ਪਿਤਾ ਦੇ ਮੁਤਾਬਿਕ -

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ***
***ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਨਾ ਤਾਂ ਛੇਆਂ ਸ਼ਾਸਤਰਾਂ ਨਾਲ ਪੂਰੀ ਤਰ੍ਹਾਂ ਮਿਲਦਾ ਹੈ ਅਤੇ ਨਾ ਹੀ ਵੱਖ ਹੈ। ਜਿਥੋਂ ਤਕ ਸ਼ਾਸਤਰਾਂ ਦੀ ਪਹੁੰਚ ਹੈ ਉਨ੍ਹਾਂ ਦੀ ਸਤਿ ਖੋਜ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ ਕਿਉਂਕਿ ਸਤਿ ਤਾਂ ਸਤਿ ਹੀ ਹੁੰਦਾ ਹੈ। ਜਿਥੇ ਤੀਕਰ ਉਨ੍ਹਾਂ ਦੀ ਪਹੁੰਚ ਹੈ ਉਸ ਤੋਂ ਅੱਗੇ ਗੁਰੂ ਮਹਾਰਾਜ ਜੀ ਨੇ ਪ੍ਰੇਮਾ ਭਗਤੀ ਰਾਹੀਂ ਅਤੇ ਨਾਮ ਮਾਰਗ ਰਾਹੀਂ ਸਤਿ ਦੀ ਅੰਤਿਮ ਸੀਮਾਂ ਤਕ ਪਹੁੰਚਣ ਦਾ ਮਾਰਗ ਪ੍ਰਤੱਖ ਪ੍ਰਗਟ ਕੀਤਾ ਹੈ ਅਤੇ ਆਪ ਜੀ ਫੁਰਮਾਨ ਕਰਦੇ ਹਨ -

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥***
***ਅੰਗ - ੧੧੮੫***

ਆਪ ਨੇ ਸਾਰੀ ਸ੍ਰਿਸ਼ਟੀ ਨੂੰ ਅਦ੍ਵੈਤਵਾਦ ਦਾ ਸ਼ੰਦੇਸਾ ਦਿਤਾ ਅਤੇ ਨਾਲ ਹੀ ਇਹ ਵੀ ਪ੍ਰਗਟ ਕੀਤਾ ਕਿ ਬੁੱਧੀ ਮੰਡਲ ਦੀਆਂ ਉਡਾਰੀਆਂ ਪ੍ਰਭੂ ਮੰਡਲ ਤਕ ਨਹੀਂ ਪਹੁੰਚ ਸਕਦੀਆਂ ਕਿਉਂਕਿ ਪ੍ਰਕ੍ਰਿਤੀ ਦੀ ਆਖਰੀ ਹੱਦ ਤਕ ਬੁਧੀ ਦੇ ਫੰਘ ਝੜ ਜਾਂਦੇ ਹਨ ਅਤੇ ਪੰਖਹੀਨ ਹੋਈ ਬੁੱਧੀ ਡੋਰੋਂ ਟੁੱਟੀ ਪਤੰਗ ਵਾਂਗ ਗੋਤੇ ਖਾਂਦੀ ਹੈ। ਉਨ੍ਹਾਂ ਨੇ ਪ੍ਰਭੂ ਵਿਚ ਲੀਨਤਾ ਪ੍ਰਾਪਤ ਕਰਨ ਦਾ ਮਾਰਗ ਪੂਰੇ ਸਤਿਗੁਰੂ ਉਪਰ ਪੂਰਨ ਵਿਸ਼ਵਾਸ਼, ਪੂਰੇ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਦੇ ਬਚਨਾਂ ਦੀ ਕਮਾਈ, ਦ੍ਰਿੜ੍ਹਤਾ ਸੇਵਾ ਅਤੇ ਸਮਰੱਥ ਗੁਰੂ ਦੀ ਮਿਹਰ ਭਰੀ ਨਦਰਿ ਦਸਿਆ, ਜਿਸ ਨਾਲ ਇਹ ਜੀਵ ਦੀ ਹਉਮੈ ਦਾ ਨਾਸ਼ ਹੋ ਕੇ ਇਸ ਦੇ ਮਮਤ੍ਵ ਭਾਵ ਦਾ ਨਾਸ਼ ਹੋ ਕੇ ਆਪਣਾ ਸਰੂਪ ਪਹਿਚਾਨਿਆ ਜਾਂਦਾ ਹੈ, ਜੋ ਜੀਵ ਦਾ ਸ਼ੁਧ ਸਰੂਪ 'ਆਤਮਾ' ਕਹਾਉਂਦਾ ਹੈ। ਆਤਮਾ ਪ੍ਰਮਾਤਮਾ ਗੁਰੂ ਦੀ ਦਇਆ ਨਾਲ ਇਕਮਿਕ ਹੋ ਜਾਇਆ ਕਰਦੇ ਹਨ ਅਤੇ ਇਹ ਜੀਵ ਸੋਹੰ ਦੀ ਅਵਸਥਾ ਪ੍ਰਾਪਤ ਕਰਕੇ ਆਪ ਹੀ ਪ੍ਰਮੇਸ਼ਰ ਹੋ ਜਾਇਆ ਕਰਦਾ ਹੈ। ਇਸ ਸੰਸਾਰ ਵਿਚ ਦੂਜਾ ਕੋਈ ਨਹੀਂ, ਸਾਰੇ ਪ੍ਰਭੂ ਹੁਕਮ ਦੀ ਕ੍ਰਿਆ ਹੋ ਰਹੀ ਹੈ ਪਰ ਇਹ ਜੀਵ ਅਗਿਆਨ ਵਸ ਹੰਗਤਾ ਤੇ ਮਮਤਾ ਧਾਰ ਕੇ ਕਰਮ ਜਾਲ ਵਿਚ ਫਸ ਜਾਂਦਾ ਹੈ ਅਤੇ ਭਟਕਦਾ ਰਹਿੰਦਾ ਹੈ। ਜਦੋਂ ਤਕ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਉਨੀਂ ਦੇਰ ਤਕ ਇਸ ਦੀ ਕਲਿਆਣ ਨਹੀਂ ਹੁੰਦੀ।

ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਆਪਣੀ-ਆਪਣੀ ਸ਼ਰਧਾ ਮੁਤਾਬਿਕ ਅਨੇਕ ਜਗਿਆਸੂ, ਅਨੇਕ ਤਰ੍ਹਾਂ ਨਾਲ ਮਨਾ ਰਹੇ ਹਨ ਪਰ ਸਭ ਤੋਂ ਸ਼੍ਰੇਸ਼ਟ ਉਹ ਹਨ ਜੋ ਗੁਰੂ ਦੇ ਸਿਧਾਂਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੰਸਾਂ ਵਾਂਗੂੰ ਚੁੱਭੀਆਂ ਮਾਰ ਕੇ ਉਚੇ ਆਦਰਸ਼ਾਂ ਤੋਂ ਜਾਣੂ ਹੋ ਕੇ ਪਰਮ ਪਦ ਦੀ ਪ੍ਰਾਪਤੀ ਕਰਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦਾ ਪ੍ਰਸਾਰ ਕਰਨ ਲਈ ਆਤਮ ਮਾਰਗ ਅਦਾਰੇ ਵਲੋਂ 'ਆਤਮ ਮਾਰਗ ਮੈਗਜ਼ੀਨ' ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਸਾਰੇ ਅਦਾਰੇ ਵਲੋਂ ਸਮੁੱਚੇ ਪਾਠਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਦੀ ਵਧਾਈ ਅਤੇ ਸ਼ੁਭ ਕਾਮਨਾਵਾਂ ਪ੍ਰਵਾਨ ਹੋਣ।

# ਸ੍ਰੀ 108 ਸੰਤ ਅਤਰ ਸਿੰਘ ਜੀ ਰੇਰੂ ਸਾਹਿਬ

ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ ਜਿਸ ਨੂੰ ਅਨੇਕਾਂ ਮਹਾਂਪੁਰਸ਼ਾਂ ਵਿਗਿਆਨਕਾਂ, ਵਿਚਾਰਵਾਨਾਂ ਵਲੋਂ ਦੱਸਣ ਦਾ ਯਤਨ ਕੀਤਾ ਗਿਆ ਪਰ ਵਾਹਿਗੁਰੂ ਜੀ ਆਪ ਹੀ ਜਾਣਦੇ ਹਨ ਕਿ ਸੰਸਾਰ ਦੀ ਉਤਪਤੀ ਕਿਸ ਕਾਰਣ ਕੀਤੀ ਗਈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥*
*ਆਤਮੁ ਚੀਨੈ ਸੁ ਤਤੁ ਬੀਚਾਰੇ॥*

*ਪੰਨਾ - 224*

ਸੰਤ ਨੂੰ ਪ੍ਰਗਟ ਕਰਨ ਵਾਸਤੇ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਜਿਸ ਵਿਚ ਅਨੇਕਾਂ ਕਿਸਮ ਦੇ ਅਨੇਕਾਂ ਰੰਗਾਂ ਦੇ ਜੀਵ ਜੰਤਾਂ ਦੀ ਸਾਜਨਾ ਕੀਤੀ। ਦੇਵਤਿਆਂ, ਦੈਂਤਾਂ, ਮਨੁਖਾਂ, ਭੂਤਾਂ-ਪ੍ਰੇਤਾਂ, ਬੇਅੰਤ ਅਵਿਅਕਤ ਜਾਤੀਆਂ ਜਿਨਸਾਂ ਪ੍ਰਗਟ ਕੀਤੀਆਂ ਪਰ ਇਨ੍ਹਾਂ ਸਾਰੀਆਂ ਵਿਚੋਂ ਮਾਨਸ ਜਾਤ ਨੂੰ ਮਹੱਤਤਾ ਦਿਤੀ ਗਈ ਅਤੇ ਪ੍ਰਧਾਨ ਜੂਨੀ ਥਾਪਿਆ ਗਿਆ ਕਿਉਂਕਿ ਕੇਵਲ ਇਕੋ-ਇਕ ਇਹੋ ਜੂਨੀ ਹੈ ਜਿਸ ਰਾਹੀਂ ਸ੍ਰਿਸ਼ਟੀ ਦੇ ਸਾਜਣ ਵਾਲੇ ਮਾਲਕ ਤਕ ਪਹੁੰਚਿਆ ਜਾ ਸਕਦਾ ਹੈ। ਇਸ ਮਾਨਸ ਜਾਤੀ ਵਿਚ ਕਈ ਸੁਭਾਵਾਂ ਦੇ ਮਨੁਖ ਹਨ ਜਿਨ੍ਹਾਂ ਨੂੰ ਕਰਮਵਾਰ ਪਾਮਰ, ਭੋਗੀ, ਜਗਿਆਸੂ ਅਤੇ ਮੁਕਤ ਆਤਮਾਵਾਂ ਦੇ ਰੂਪ ਵਿਚ ਵੰਡਿਆ ਜਾਂਦਾ ਹੈ। ਪਾਮਰ ਅਤੇ ਵਿਸ਼ਈ ਸ਼੍ਰੇਣੀ ਦੇ ਮਨੁਖ, ਮਨਮੁਖਤਾਈ ਨਾਲ ਭਰਪੂਰ ਹੋਇਆ ਕਰਦੇ ਹਨ ਅਤੇ ਮਨ ਦੀ ਦੁਨੀਆਂ ਦੇ ਘੇਰੇ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਦੇ ਹਨ ਅਤੇ ਆਪਣੇ ਕਰਮ ਭੋਗ ਕੇ ਨਵੇਂ ਕਰਮਾਂ ਦੇ ਬੰਧਨਾਂ ਵਿਚ ਫੇਰ ਫਸ ਕੇ ਹੇਠਲੀ ਸ਼੍ਰੇਣੀ ਦੀਆਂ ਜੂਨੀਆਂ ਵਿਚ ਕਰਮਾਂ ਦਾ ਫਲ ਭੋਗਣ ਲਈ ਚੱਕਰ ਕਟਦੇ ਰਹਿੰਦੇ ਹਨ ਅਤੇ ਅਨੰਤ ਕਾਲ ਤੋਂ ਇਹ ਕਿਰਿਆ ਉਨ੍ਹਾਂ ਜੀਵਾਂ ਦੀ ਚਲਦੀ ਰਹਿੰਦੀ ਹੈ। ਇਹ ਸ਼੍ਰੇਣੀ ਨਾ ਤਾਂ ਸ੍ਰਿਸ਼ਟੀ ਦੇ ਕਰਨਹਾਰੇ ਪ੍ਰਭੂ ਵਿਚ ਵਿਸ਼ਵਾਸ਼ ਰਖਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਭੋਗਾਂ ਦੀਆਂ ਰੁਚੀਆਂ ਤੋਂ ਵਿਹਲ ਮਿਲਦਾ ਹੈ। ਜਾਇਜ਼-ਨਜਾਇਜ਼ ਤਰੀਕਿਆਂ ਨਾਲ ਧੰਨ ਇਕੱਠਾ ਕਰਨਾ, ਸ਼ਕਤੀ ਪ੍ਰਾਪਤ ਕਰਨੀ, ਵੈਰ, ਵਿਰੋਧ, ਕਾਮ, ਕਰੋਧ, ਲੋਭ, ਮੋਹ, ਅਭਿਮਾਨ, ਈਰਖਾ, ਨਫ਼ਰਤ, ਨਿੰਦਿਆ ਕਰਦਿਆਂ ਹੀ ਇਨ੍ਹਾਂ ਦੇ ਜਨਮ ਬਤੀਤ ਹੋ ਜਾਇਆ ਕਰਦੇ ਹਨ। ਸੇਵਾ, ਸਿਮਰਨ, ਭਜਨ ਅਤੇ ਨੇਕ ਕੰਮਾਂ ਵਲ ਇਨ੍ਹਾਂ ਦੀ ਰੁਚੀ ਨਾ ਹੋਣ ਕਰਕੇ ਆਪਣਾ ਜਨਮ ਬਿਰਥਾ ਗਵਾ ਦਿਆ ਕਰਦੇ ਹਨ। ਇਨ੍ਹਾਂ ਦੀ ਮਾਨਸਿਕ ਸਥਿਤੀ ਅਤੇ ਸੂਝ-ਬੂਝ ਬਹੁਤ ਹੱਦ ਤਕ ਪਸ਼ੂਆਂ ਨਾਲ ਮਿਲਣ ਕਰਕੇ ਪਸ਼ੂ ਹੀ ਹੋਇਆ ਕਰਦੇ ਹਨ।

ਦੂਸਰੀ ਸ਼੍ਰੇਣੀ ਜੋ ਸ੍ਰੇਸ਼ਟ ਹੈ, ਉਨ੍ਹਾਂ ਨੂੰ ਜਗਿਆਸੂ ਆਖਿਆ ਜਾਂਦਾ ਹੈ। ਉਨ੍ਹਾਂ ਦੇ ਅੰਦਰ ਸੂਝ ਜਾਗਦੀ ਹੈ ਕਿ ਜੀਵਨ ਮਨੋਰਥ ਕੀ ਹੈ। ਕੀ ਇਹ ਖਾਣ-ਪੀਣ, ਖੇਲ੍ਹਣ, ਵੈਰ, ਵਿਰੋਧ ਕਰਨ ਵਾਸਤੇ ਹੀ ਪ੍ਰਾਪਤ ਹੋਇਆ ਹੈ ਜਾਂ ਇਸ ਦਾ ਕੋਈ ਹੋਰ ਉਚਾ ਮਨੋਰਥ ਹੈ? ਇਨ੍ਹਾਂ ਨੂੰ ਸੋਝੀ ਦੇਣ ਲਈ ਪ੍ਰਭੂ ਵਲੋਂ ਸੰਤ ਦਾ ਵਜੂਦ ਪ੍ਰਗਟ ਕੀਤਾ ਜਾਂਦਾ ਹੈ। ਮੁਕਤ ਆਤਮਾਵਾਂ ਨੂੰ, ਸੰਸਾਰ ਦੇ ਅੰਧਕਾਰ ਨੂੰ ਦੂਰ ਕਰਨ ਵਾਸਤੇ ਸਮੇਂ-ਸਮੇਂ ਸਿਰ ਭੇਜਿਆ ਜਾਂਦਾ ਹੈ। ਇਹ ਆਪਣੇ ਪ੍ਰਕਾਸ਼ਮਈ ਗਿਆਨ ਰਾਹੀਂ ਸਾਰੇ ਸੰਸਾਰ ਨੂੰ ਸੋਝੀ ਦਿੰਦੇ ਹਨ ਅਤੇ ਦੁੱਖਾਂ ਤੋਂ ਛੁੱਟਣ ਦਾ ਰਾਹ ਸਦਾ ਹੀ ਦਸਦੇ ਰਹਿੰਦੇ ਹਨ। ਇਹ ਖੁਦ ਸੰਸਾਰ ਵਿਚ ਮਨੁਖੀ ਲੀਲ੍ਹਾ ਵਿਚ ਵਰਤਦੇ ਹਨ ਅਤੇ ਆਪਣੀ ਜੀਵਨ ਕਿਰਿਆ ਰਾਹੀਂ ਸੰਸਾਰ ਨੂੰ ਉਦਾਹਰਣ ਪੇਸ਼ ਕਰਦੇ ਹਨ। ਇਹ ਪ੍ਰਭੂ ਦੀ ਦਇਆ ਹੈ ਕਿ ਉਸ ਨੂੰ ਆਪਣੀ ਸਾਜੀ ਹੋਈ ਰਚਨਾ ਨੂੰ ਮਹਾਨ ਸੁਖ ਦਾ ਰਸਤਾ ਦੱਸਣ ਲਈ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੈ। ਉਨ੍ਹਾਂ ਦੇ ਉੱਚੇ ਸੰਦੇਸ਼ ਸਦੀਵੀ ਹੋਇਆ ਕਰਦੇ ਹਨ, ਉਨ੍ਹਾਂ ਦੀ ਕਥਨੀ ਦੀ ਸਚਾਈ ਅਮਰ ਹੋਇਆ ਕਰਦੀ ਹੈ ਜਿਸ ਤੇ ਵਿਚਾਰ ਕੀਤਿਆਂ ਪਰਮ ਅਨੰਦ ਦਾ ਮਾਰਗ ਦ੍ਰਿਸ਼ਟੀ ਗੋਚਰੇ ਹੋ ਜਾਂਦਾ ਹੈ। ਸੰਸਾਰ ਦੇ ਅੰਦਰ ਜੀਵਾਂ ਦੇ ਉਧਾਰ ਲਈ ਪਵਿਤਰ ਥਾਵਾਂ, ਤੀਰਥਾਂ, ਪੂਜਨੀਕ ਥਾਵਾਂ ਦੇ ਵਿਚ ਪ੍ਰਗਟ ਕੀਤੀਆਂ ਜਿਨ੍ਹਾਂ ਥਾਵਾਂ ਤੇ ਗਿਆਨਵਾਨ, ਰਸੀਏ ਵਿਅਕਤੀ ਆਪ ਆ ਕੇ ਜਨ ਸਮੂੰਹ ਨੂੰ ਮਾਰਗ ਦਰਸ਼ਨ ਕਰਾਉਂਦੇ

ਹਨ ਪਰ ਦੂਜੀ ਤਰ੍ਹਾਂ ਦੇ ਜੰਗਮ ਤੀਰਥ ਸੰਤਾਂ, ਮਹਾਂਪੁਰਸ਼ਾਂ, ਆਰਫਾਂ, ਦਰਵੇਸ਼ਾਂ, ਸਾਧੂਆਂ ਦੇ ਰੂਪ ਵਿਚ ਪ੍ਰਗਟ ਕੀਤੇ ਜੋ ਥਾਂ-ਥਾਂ ਤੇ ਜਾ ਕੇ ਭੁੱਲੜ ਜੀਵਾਂ ਨੂੰ ਪ੍ਰਭੂ ਨਾਲ ਮਿਲਾਉਣ ਲਈ ਸਤਿ ਦਾ ਪ੍ਰਕਾਸ਼ ਬਖਸ਼ਦੇ ਹਨ।

ਇਨ੍ਹਾਂ ਵਿਚੋਂ ਹੀ ਮਹਾਨ ਆਤਮਾ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ 1867 ਈਸਵੀ, ਮਾਰਚ ਦੇ ਮਹੀਨੇ, ਪਿੰਡ ਲੋਪੋਂ, ਜ਼ਿਲਾ ਲੁਧਿਆਣਾ ਵਿਚ ਪ੍ਰਗਟ ਹੋਏ। ਉਸ ਸਮੇਂ ਜਗਤ ਪ੍ਰਸਿਧ ਮਹਾਨ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਨਾਮਧਾਰੀ ਸੰਪਰਦਾਇ ਦੇ ਮੁਖੀ ਦਾ ਇਸ ਇਲਾਕੇ ਵਿਚ ਪੂਰੀ ਤਰ੍ਹਾਂ ਨਾਲ ਬੋਲ-ਬਾਲਾ ਸੀ।

ਲੋਪੋਂ ਪਿੰਡ ਦੇ ਵਾਸੀ ਵੀ ਉਨ੍ਹਾਂ ਦੀ ਗੁਰਮਤਿ ਧਾਰਨੀ ਤੋਂ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਏ। ਇਨ੍ਹਾਂ ਦੇ ਬਾਬਾ ਤਖਤ ਸਿੰਘ ਜੀ ਉਪਰ ਵੀ ਨਾਮ ਬਾਣੀ ਦਾ ਅਸਰ ਪੂਰੀ ਤਰ੍ਹਾਂ ਨਾਲ ਪਿਆ। ਇਸੇ ਧਾਰਮਿਕ ਵਾਤਾਵਰਣ ਵਿਚ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਪ੍ਰਵਰਿਸ਼ ਹੋਈ। ਪੰਜ ਸਾਲ ਦੀ ਉਮਰ ਵਿਚ ਆਪ ਜੀ ਨੇ ਗੁਰਮੁਖ ਪਿਆਰੇ ਭਾਈ ਗੁਰਮੁਖ ਸਿੰਘ ਜੀ ਨਗਰ ਦੇ ਗ੍ਰੰਥੀ ਸਿੰਘ ਜੀ ਪਾਸ ਪੰਜਾਬੀ ਪੜ੍ਹਨ ਬਿਠਾ ਦਿਤਾ ਗਿਆ। ਉਨ੍ਹਾਂ ਦਿਨਾਂ ਵਿਚ ਗੁਰਦਵਾਰਿਆਂ ਦੀ ਸੇਵਾ ਕਰਨ ਵਾਲੇ ਗ੍ਰੰਥੀ ਸਿੰਘ ਅਜਕਲ ਦੇ ਸੰਤਾਂ ਨਾਲੋਂ ਜੀਵਨ ਗੁਣਾਂ ਵਿਚ, ਗੁਰਮਤਿ ਧਾਰਨੀ ਵਿਚ ਪੂਰੀ ਤਰ੍ਹਾਂ ਨਾਲ ਸ਼ਰਧਾਲੂ ਹੋਇਆ ਕਰਦੇ ਸਨ, ਉਹ ਪਾਠਾਂ ਦੇ ਪੈਸੇ ਨਹੀਂ ਲਿਆ ਕਰਦੇ ਸਨ ਅਤੇ ਨਾ ਹੀ ਮਾਇਆ ਦੀਆਂ ਰੁਚੀਆਂ ਉਨ੍ਹਾਂ ਦੇ ਅੰਦਰ ਹੋਇਆ ਕਰਦੀਆਂ ਸਨ। ਉਹ ਸਚਮੁੱਚ ਦੇ ਗੁਰਮੁਖ ਪਿਆਰੇ, ਗੁਰੂ ਘਰ ਦੇ ਸੇਵਾਦਾਰ ਹੋਇਆ ਕਰਦੇ ਸਨ ਅਤੇ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਪਿੰਡਾਂ, ਇਲਾਕਿਆਂ ਵਿਚ ਸਿਖੀ ਪ੍ਰਫੁੱਲਤ ਹੋਇਆ ਕਰਦੀ ਸੀ। ਐਸੇ ਹੀ ਗੁਰਮੁਖ ਪਿਆਰੇ ਤੋਂ ਗੁਰਮਤਿ ਮਾਰਗ ਦੀ ਸੋਝੀ ਇਸ ਬਾਲਕ ਨੇ ਕਬੂਲ ਕੀਤੀ। ਆਪ ਅੰਮ੍ਰਿਤ ਵੇਲੇ ਢਾਈ ਵਜੇ ਜਾਗਿਆ ਕਰਦੇ ਸਨ, ਫੇਰ ਬਾਣੀਆਂ ਦੇ ਪਾਠ ਕਰਨੇ, ਸਿਮਰਨ ਕਰਨਾ, ਬਾਣੀ ਵਿਚਾਰਨੀ, ਆਪਣੇ ਵਿਦਿਆ ਦਾਤੇ ਤੋਂ ਜੀਵਨਰੀਤ ਸਿਖ ਕੇ ਇਸ ਵਿਚ ਪ੍ਰਵਿਰਤ ਰਹਿੰਦੇ ਸਨ। ਆਪ ਦੇ ਪਿਤਾ ਜੀ ਨੰਬਰਦਾਰ ਅਤੇ ਸਫੈਦਪੋਸ਼ ਹੋਣ ਕਰਕੇ ਇਲਾਕੇ ਵਿਚ ਸਨਮਾਨ ਰਖਦੇ ਸਨ। ਆਪ ਜੀ ਪੜ੍ਹਾਈ ਤੋਂ ਵਿਹਲੇ ਹੋ ਕੇ, ਜੋ ਬਾਣੀ ਸਮਝੀ ਹੈ, ਉਸ ਦਾ ਪ੍ਰਤੱਖ ਅਨੁਭਵ ਕਰਨ ਲਈ ਇਕਾਂਤ ਦੇ ਬ੍ਰਿਛਾਂ ਹੇਠ ਬੈਠ ਕੇ ਤਪੱਸਵੀਆਂ ਵਾਂਗੂੰ ਨੇਤਰ ਬੰਦ ਕਰਕੇ ਅੰਤਰੀਵ ਰਸ ਨੂੰ ਮਾਣਿਆ ਕਰਦੇ ਸਨ। ਜਦੋਂ ਆਪ 18 ਸਾਲ ਦੇ ਹੋਏ ਤਾਂ ਆਪ ਜੀ ਦੇ ਮਨ ਵਿਚ ਦੇਸ਼ ਸੇਵਾ ਤੇ ਕੌਮੀ ਪਿਆਰ ਦਾ ਜਜ਼ਬਾ ਆਪ ਜੀ ਨੂੰ ਸੇਵਾ ਕਰਨ ਲਈ ਪ੍ਰੇਰਦਾ ਰਹਿੰਦਾ ਸੀ। ਆਪ ਜੀ36 ਨੰਬਰ ਪਲਟਨ ਵਿਚ, ਜਿਸ ਵਿਚੋਂ ਉਘੇ ਸੰਤ ਪ੍ਰਗਟ ਹੋਏ ਸਨ, ਉਸ ਵਿਚ ਭਰਤੀ ਹੋ ਗਏ। ਉਹ ਪਲਟਨ ਸਿਖਾਂ ਦਾ ਮਾਣ ਸੀ। ਉਸ ਵੇਲੇ ਆਪ ਦੀ ਆਯੂ 20 ਸਾਲ ਦੀ ਸੀ, ਸੰਮਤ 8 ਜੂਨ 1887 ਸੀ। ਆਪ ਜੀ ਦਾ ਸੁੰਦਰ ਸਰੀਰ, ਭਰਵਾਂ ਕੱਦ, ਚੌੜੀ ਛਾਤੀ, ਭਾਗ ਭਰਿਆ ਮਸਤਕ, ਪੰਜ ਫੁੱਟ ਨੌ ਇੰਚ ਕੱਦ ਹਰ ਦੇਖਣ ਵਾਲੇ ਨੂੰ ਆਕ੍ਰਸ਼ਿਤ ਕਰਦਾ ਸੀ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਮਹਾਨ ਪੂਜਨੀਕ ਆਤਮਾ ਆਪ ਦੇ ਬਹੁਤ ਨੇੜੇ ਨਿਵਾਸ ਰਖਦੇ ਸਨ। ਆਪ ਜੀ ਇਸ ਸਮੇਂ ਨੁਸ਼ਹਿਰੇ ਛਾਉਣੀ ਵਿਚ ਸਨ। ਫੌਜੀ ਸਿੰਘ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਹੋਤੀ ਮਰਦਾਨ ਜਾਇਆ ਕਰਦੇ ਸਨ ਅਤੇ ਬਹੁਤ ਸਾਰੇ ਫੌਜੀ ਸਿੰਘ ਬਾਬਾ ਜੀ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਵੇਲੇ ਉੱਠ ਕੇ ਬੰਦਗੀ ਕਰਿਆ ਕਰਦੇ ਸਨ। ਜਦੋਂ ਆਪ ਬਾਬਾ ਜੀ ਦੇ ਸਨਮੁਖ ਹੋਏ ਤਾਂ ਆਪ ਜੀ ਨੇ ਬਹੁਤ ਹੀ ਸ਼ਰਧਾ ਨਾਲ ਡੰਡਵਤ ਬੰਦਨਾ ਕੀਤੀ। ਜਦੋਂ ਆਪ ਦਾ ਸੀਸ ਬਾਬਾ ਜੀ ਦੇ ਚਰਨਾਂ ਨਾਲ ਛੋਹਿਆ ਤਾਂ ਬਿਜਲੀ ਦੀ ਕਰੰਟ ਵਾਂਗੂੰ ਰੋਮ-ਰੋਮ ਵਿਚ ਝਰਨ੍ਹਾਟਾਂ ਛਿੜ ਗਈਆਂ। ਆਪ ਵੈਰਾਗ ਵਿਚ ਪੂਰੀ ਤਰ੍ਹਾਂ ਪ੍ਰਭਾਵਿਤ ਸਨ। ਆਪ ਨੂੰ ਆਵਾਜ਼ ਦੇ ਕੇ ਉਠਾਇਆ ਤੇ ਕਿਹਾ, "ਉੱਠੋ ਭਾਈ! ਸੰਗਤਾਂ ਦੇ ਦਰਸ਼ਨ ਕਰੋ ਤੇ ਵੈਰਾਗ ਰੋਕੋ।" ਆਪ ਦੇ ਸੀਸ ਅਤੇ ਪਿੱਠ ਉੱਤੇ ਹੱਥ ਫੇਰਿਆ। ਬਾਬਾ ਅਤਰ ਸਿੰਘ ਜੀ ਨੇ ਬਹੁਤ ਹੀ ਸ਼ਰਧਾ ਪੂਰਵਕ ਧੁਰ ਅੰਦਰੋਂ ਅਰਦਾਸ ਕੀਤੀ ਕਿ ਬਾਬਾ ਜੀ ਮੇਰੇ ਤੇ ਕ੍ਰਿਪਾ ਕਰੋ, ਮੇਰਾ ਮਾਨਸ ਜਨਮ ਲੇਖੇ ਵਿਚ ਲਗੇ। ਉਸ ਵੇਲੇ ਮਹਾਂਪੁਰਸ਼ਾਂ ਨੇ ਬਚਨ ਕੀਤਾ, "ਅਤਰ ਸਿੰਘਾ! ਤੇਰੀ ਅਮਾਨਤ

ਗੁਰੂ ਕਲਗੀਧਰ ਪਾਤਸ਼ਾਹ ਵਲੋਂ ਬਖਸ਼ੀ ਹੋਈ ਮੇਰੇ ਪਾਸ ਸੁਰੱਖਿਅਤ ਹੈ। ਝੋਲੀ ਅੱਡੋ ਤੇ ਇਸ ਅਮਾਨਤ ਨੂੰ ਸੰਭਾਲੋ। ਆਪ ਕਮਾਈ ਕਰਕੇ ਸੰਸਾਰ ਵਿਚ ਵੰਡੋ।"

ਆਪ ਜੀ ਦਾ ਜੀਵਨ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਮਿਲਣ ਉਪਰੰਤ ਇਕਦਮ ਬਦਲ ਗਿਆ। ਹਰ ਵਕਤ ਗੁਰਮੰਤ੍ਰ ਦਾ ਅਖੰਡ ਜਾਪ ਆਪ ਦੀ ਰਸਨਾ, ਆਪ ਦੇ ਸਰੀਰ ਵਿਚ ਅਖੰਡ ਰੂਪ ਵਿਚ ਪ੍ਰਵਾਹ ਬਣਕੇ ਚਲ ਪਿਆ ਅਤੇ ਨਾਮ ਦਾ ਪ੍ਰਵਾਹ ਰਸਨਾ ਤੋਂ ਸਵਾਸ ਵਿਚ, ਸਵਾਸ ਤੋਂ ਪਸੰਤੀ ਬਾਣੀ ਵਿਚ, ਪਸੰਤੀ ਤੋਂ ਹਿਰਦੇ ਵਿਚ, ਫੇਰ ਪਰਾ ਬਾਣੀ ਨਾਭੀ ਵਿਚੋਂ ਹੁੰਦਾ ਹੋਇਆ ਅਨਹਦ ਸ਼ਬਦ ਦੇ ਮੰਡਲ ਵਿਚੋਂ ਆਗਿਆ ਚੱਕਰ ਵਿਚ ਪ੍ਰਵੇਸ਼ ਕਰਕੇ, ਤ੍ਰਿਕੁਟੀ ਵਿਚ ਦੀ ਲੰਘਦਾ ਹੋਇਆ, ਸਹੰਸਰਾਰ ਦਲ ਕਮਲ ਚੋਂ ਹੁੰਦਾ, ਦਸਵੇਂ ਦੁਆਰ ਵਿਚ ਪ੍ਰਵੇਸ਼ ਕਰ ਗਿਆ। ਹੁਣ ਆਪ ਨੂੰ ਸਾਰੀ ਦੁਨੀਆਂ, ਸਾਰੀ ਕੁਦਰਤ ਵਿਚੋਂ ਨਾਮ ਦੀਆਂ ਸੰਗੀਤਕ ਧੁਨੀਆਂ ਸਰਵਣ ਹੁੰਦੀਆਂ ਅਤੇ ਗੁਰੂ ਫੁਰਮਾਨ ਹੈ –

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥***

***ਅੰਗ – 1265***

ਅਤੇ ਇਸ ਤੋਂ ਵੀ ਹੋਰ ਸੂਖਸ਼ਮ ਹੋ ਕੇ ਸਾਰੀ ਪ੍ਰਕ੍ਰਿਤੀ ਦੇ ਜੜ੍ਹ ਤੱਤਾਂ ਵਿਚੋਂ ਨਾਮ ਦੀ ਪਰੀਪੂਰਨਤਾ –

***ਧਰਤਿ ਪਾਤਾਲੁ ਆਕਾਸੁ ਹੈ***
***ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ॥***

***ਅੰਗ – 540***

ਦਾ ਭਾਸ ਹੋਣ ਲਗਿਆ ਤੇ ਇਸ ਤਰ੍ਹਾਂ ਅਖੰਡ ਬਿਰਤੀ ਨਾਲ ਉਸ ਅਵਸਥਾ ਵਿਚ ਪਹੁੰਚ ਗਏ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

***ਜਿਨ ਹਰਿ ਜਪਿਆ ਸੇ ਹਰਿ ਹੋਏ***
***ਹਰਿ ਮਿਲਿਆ ਕੇਲ ਕੇਲਾਲੀ॥***

***ਅੰਗ – 667***

ਐਸੀ ਅਵਸਥਾ ਪ੍ਰਗ ਜਾਣ ਤੇ ਨਾਮ ਜਪਾਉਣ ਦਾ ਅਧਿਕਾਰ ਗੁਰੂ ਵਲੋਂ ਮਿਲ ਜਾਂਦਾ ਹੈ ਅਤੇ ਗੁਰੂ ਮਹਾਰਾਜ ਉਸ ਗੁਰਸਿਖ ਦੇ ਸਤਿਕਾਰ ਬਾਰੇ ਸਾਨੂੰ ਸੂਚਿਤ ਕਰਦੇ ਹੋਏ ਫੁਰਮਾਉਂਦੇ ਹਨ –

***ਜਨੁ ਨਾਨਕੁ ਧੂੜਿ ਮੰਗੈ***
***ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

***ਅੰਗ – 306***

ਇਸ ਤਰ੍ਹਾਂ ਦੀ ਘਾਲ ਕਮਾਈ ਕਰਦਿਆਂ 40 ਸਾਲ ਦੀ ਉਮਰ ਵਿਚ ਫੌਜ ਵਿਚੋਂ ਸੇਵਾ ਮੁਕਤ ਹੋ ਕੇ ਰੇਰੂ ਸਾਹਿਬ ਦੇ ਅਸਥਾਨ ਤੇ ਪਹੁੰਚ ਗਏ ਜਿਥੇ ਮਹਾਂ ਪਵਿਤਰ ਰੇਰੂ ਖੜ੍ਹਾ ਸੀ, ਜੋ ਗੁਰੂ ਕਲਗੀਧਰ ਪਾਤਸ਼ਾਹ ਦੀ ਪਾਵਨ ਯਾਦ ਨੂੰ ਆਪ ਦੇ ਵਜੂਦ ਵਿਚ ਸੰਭਾਲੀ ਖੜ੍ਹਾ, ਪ੍ਰਤੀਕਸ਼ਾ ਕਰ ਰਿਹਾ ਸੀ ਕਿ ਕੋਈ ਪੂਰਾ ਆਵੇ, ਆਪਣੇ ਕਰ ਕਮਲਾਂ ਨਾਲ ਇਸ ਅਸਥਾਨ ਨੂੰ ਪ੍ਰਗਟ ਕਰਕੇ ਦਸ਼ਮੇਸ਼ ਪਿਤਾ ਦੀ ਯਾਦ ਸਦੀਵੀ ਸਾਕਾਰ ਬਣਾਵੇ।

ਆਪ ਜਦੋਂ ਬਾਬਾ ਕਰਮ ਸਿੰਘ ਜੀ ਤੋਂ ਵਿਦਾ ਹੋਣ ਲਗੇ ਤਾਂ ਆਪ ਜੀ ਨੇ ਬਚਨ ਕੀਤਾ, "ਜਾਹ ਜੋੜ ਲੈ ਹਲ, ਕਰੀ ਜਾਈਂ ਸਾਰੀ ਜਿੰਦਗੀ ਗੁਰੂ ਘਰ ਦੀ ਸੇਵਾ ਅਤੇ ਅੰਤਰ ਆਤਮੇ ਗੁਰੂ ਦਾ ਜਾਪ ਵੀ ਜਾਰੀ ਰਹੇਗਾ। ਤੈਨੂੰ ਗੁਰੂ ਘਰ ਦੀ ਸੇਵਾ ਵੀ ਬਖਸ਼ੀ।" ਸੋ ਇਸ ਤਰ੍ਹਾਂ ਸੇਵਾ 18-10-1907 ਤੋਂ ਸ਼ੁਰੂ ਕੀਤੀ। ਆਪਣਾ ਨਿਰਵਾਹ ਆਪਣੀ ਫੌਜੀ ਪੈਨਸ਼ਨ ਵਿਚੋਂ ਹੀ ਕਰਦੇ ਰਹੇ।

ਆਪ ਜੀ ਦਾ ਜੀਵਨ, ਸੇਵਾ ਤੇ ਸਿਮਰਨ ਦਾ ਜੀਵਨ ਸੀ। ਚਿਤ ਦੀ ਇਕਾਗਰਤਾ ਅਤੇ ਨਾਮ ਦੇ ਬੱਲ ਨਾਲ ਰਿਧੀਆਂ-ਸਿਧੀਆਂ ਅਤੇ ਅਨੇਕਾਂ ਹੋਰ ਸ਼ਕਤੀਆਂ ਆਪ ਜੀ ਦੇ ਚਰਨਾਂ ਦੀਆਂ ਦਾਸੀਆਂ ਬਣਨ ਲਈ ਤਰਲੋ ਮੱਛੀ ਹੋ ਰਹੀਆਂ ਸਨ ਪਰ ਆਪ ਨਿਗਾਹ ਭਰ ਕੇ ਵੀ ਉਨ੍ਹਾਂ ਵਲ ਤੱਕਦੇ ਨਹੀਂ ਸਨ। ਆਪ ਜੀ ਦਾ ਜਪ ਤੇ ਗੁਰਮਤਿ ਘਾਲ ਕਮਾਈ ਦੀ ਮਹਿਮਾ ਸਚਮੁੱਚ ਅਤਰ ਦੀ ਖੁਸ਼ਬੂ ਵਾਂਗੂੰ ਦੂਰ ਦੁਰਾਡੇ ਅਮੀਰਾਂ-ਗਰੀਬਾਂ, ਰਾਜਿਆਂ-ਰਾਣਿਆਂ ਦੇ ਮਹਿਲਾਂ ਤਕ ਜਾ ਪੁਹੰਚੀ। ਮਹਾਰਾਜਾ ਪਟਿਆਲਾ ਗੁਪਤ ਰੂਪ ਵਿਚ ਆਪ ਜੀ ਦੇ ਦਰਸ਼ਨ ਕਰਨ ਆਇਆ। ਉਸ ਸਮੇਂ ਆਪ ਜੀ ਖੇਤਾਂ ਵਿਚ ਹਲ ਚਲਾ ਕੇ ਆਏ ਸਨ। ਉਸੇ ਤਰ੍ਹਾਂ ਧੂੜ ਨਾਲ ਲਥ-ਪਥ

ਹੋਏ-ਹੋਏ ਪਸ਼ੂਆਂ ਲਈ ਚਾਰੇ ਦਾ ਹੱਥ ਨਾਲ ਟੋਕਾ (ਕੁਤਰਾ) ਕਰਨ ਲਗ ਪਏ। ਮਹਾਰਾਜਾ ਪਟਿਆਲਾ ਨੇ ਵੇਖਿਆ ਕਿ ਕੋਈ ਸੇਵਾਦਾਰ ਚਾਦਰ ਦਾ ਝੁੰਬ ਮਾਰ ਕੇ ਬੈਲਾਂ ਵਾਸਤੇ ਆਪਣੇ ਹੱਥੀਂ ਟੋਕਾ ਕਰ ਰਿਹਾ ਹੈ ਪਰ ਦਗ-ਦਗ ਕਰਦਾ ਚਿਹਰਾ ਦੇਖ ਕੇ ਇਕਦਮ ਪ੍ਰਭਾਵਿਤ ਹੋਇਆ। ਆਪਣੇ ਮਨ ਦਾ ਸੰਸਾ ਨਵਿਰਤ ਕਰਨ ਵਾਸਤੇ ਪੁੱਛ ਕੀਤੀ ਕਿ ਮੈਂ ਦੂਰ ਤੋਂ ਸੰਤਾਂ ਦੇ ਦਰਸ਼ਨ ਕਰਨ ਵਾਸਤੇ ਆਇਆ ਹਾਂ। ਮੈਨੂੰ ਸੰਤਾਂ ਬਾਰੇ ਦਸੋ ਕਿ ਉਨ੍ਹਾਂ ਦੇ ਕਿਸ ਸਮੇਂ ਅਤੇ ਕਿਥੇ ਦਰਸ਼ਨ ਹੋ ਸਕਦੇ ਹਨ ਤਾਂ ਮਹਾਂਪੁਰਸ਼ਾਂ ਨੇ ਉਨ੍ਹਾਂ ਨੂੰ ਨਾਲ ਪਏ ਮੰਜੇ ਉਪਰ ਬੈਠਣ ਦਾ ਇਸ਼ਾਰਾ ਕੀਤਾ ਤੇ ਨਾਲ ਹੀ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਤੁਸੀਂ ਦੂਰੋਂ ਆਏ ਹੋ, ਲੰਗਰ ਵਿਚ ਪ੍ਰਸ਼ਾਦਾ ਛਕੋ। ਜੇ ਹੁਕਮ ਕਰੋ ਤਾਂ ਇਥੇ ਵੀ ਹਾਜ਼ਰ ਹੋ ਸਕਦਾ ਹੈ। ਇਕ ਕਮਰੇ ਵਲ ਇਸ਼ਾਰਾ ਕਰ ਕੇ ਕਿਹਾ ਕਿ ਤੁਸੀਂ ਥੋੜਾ ਇੰਤਜ਼ਾਰ ਕਰੋ। ਜਿਨ੍ਹਾਂ ਨੂੰ ਮਿਲਣਾ ਹੈ, ਉਹ ਸ਼ੀਘਰ ਹੀ ਆ ਜਾਣਗੇ। ਆਪ ਨੇ ਆਪਣਾ ਕੰਮ ਮੁਕਾ ਕੇ ਚਰਨ ਧੋਤੇ, ਹੱਥ ਮੂੰਹ ਧੋ ਕੇ ਜਦੋਂ ਆਪ ਕਮਰੇ ਵਲ ਨੂੰ ਜਾ ਰਹੇ ਸਨ ਤਾਂ ਇਕ ਸੇਵਾਦਾਰ ਨੇ ਮਹਾਰਾਜਾ ਪਟਿਆਲਾ ਨੂੰ ਦਸਿਆ ਕਿ ਐਹ ਸੰਤ ਆ ਰਹੇ ਹਨ। ਮਹਾਰਾਜਾ ਹੈਰਾਨ ਹੋ ਗਿਆ ਅਤੇ ਇਹ ਮਹਿਸੂਸ ਕਰੇ ਕਿ ਸੰਤ ਪਸ਼ੂਆਂ ਲਈ ਟੋਕਾ ਕਰਦੇ ਸਨ ਤੇ ਮੈਂ ਚਾਰਪਾਈ ਤੇ ਬੈਠਾ ਸੀ। ਸੰਤਾਂ ਦੇ ਚਰਨਾਂ ਉਪਰ ਢਹਿ ਪਿਆ ਤੇ ਪਿਆਰ ਭਰੀ, ਸ਼ਰਧਾ ਭਰੀ ਬਾਣੀ ਰਾਹੀਂ ਬੇਨਤੀ ਕੀਤੀ ਕਿ ਮਹਾਰਾਜ ਮੈਥੋਂ ਬਹੁਤ ਭੁਲ ਹੋ ਗਈ ਕਿ ਮੈਂ ਮੰਜੇ ਤੇ ਬੈਠਣ ਦੀ ਅਵੱਗਿਆ ਕੀਤੀ। ਮੈਂ ਸਚਮੁਚ ਅਜ ਇਕ ਬ੍ਰਹਮਗਿਆਨੀ ਮਹਾਂਪੁਰਸ਼ ਦੇ ਦਰਸ਼ਨ ਕਰ ਰਿਹਾ ਹਾਂ। ਮੇਰੇ ਉਪਰ ਕਿਰਪਾ ਕਰੋ ਤੇ ਆਪਣੀ ਜਾਣ ਪਛਾਣ ਕਰਾ ਕੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਹਾਂਪੁਰਸ਼ਾਂ ਦੇ ਪਵਿਤਰ ਬਚਨ ਸੁਣਕੇ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਲੈ ਕੇ ਵਿਦਾ ਹੋਇਆ।

ਇਹੋ ਸੁਗੰਧੀ ਮਹਾਂਪੁਰਖ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਭੈਣੀ ਸਾਹਿਬ ਵਾਲਿਆਂ ਤਕ ਪਹੁੰਚੀ ਤਾਂ ਆਪ ਜੀ ਨਾਮਧਾਰੀ ਮਹਾਂਪੁਰਸ਼ਾਂ ਤੇ ਬਜ਼ੁਰਗ ਮਾਤਾਵਾਂ ਨੂੰ ਲੈ ਕੇ ਸ਼ਬਦ ਪੜ੍ਹਦੇ ਹੋਏ ਸੰਤ ਦਰਸ਼ਨ ਨੂੰ ਆਏ। ਉਸ ਸਮੇਂ ਆਪ ਦੀਵਾਨ ਵਿਚ ਖੱਦਰ ਦੀ ਚਾਦਰ ਦਾ ਝੁੰਬ ਮਾਰੀ ਅੰਤਰਮੁਖ ਹੋਏ ਬੈਠੇ ਸਨ। ਉਸ ਵੇਲੇ ਸ੍ਰੀ ਮਾਨ ਮਹਾਂਪੁਰਖ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਬੜੇ ਪ੍ਰੇਮ ਨਾਲ ਇਹ ਸ਼ਬਦ ਪੜ੍ਹ ਰਹੇ ਸਨ -

***ਭਾਗ ਜਾਗੇ ਅਜ ਸਾਡੇ ਭਾਗ ਜਾਗੇ,***
***ਗੁਰਾਂ ਨੇ ਸੰਤ ਮਿਲਾਏ।***

ਸ਼ਬਦ ਸਮਾਪਤ ਹੋਣ ਪਿੱਛੋਂ ਪਵਿੱਤਰ ਮਾਤਾਵਾਂ ਜੋ ਭੈਣੀ ਸਾਹਿਬ ਤੋਂ ਨਾਲ ਹੀ ਆਈਆਂ ਸਨ, ਨੇ ਪਿਆਰ ਵਿਚ ਆ ਕੇ ਸੰਤ ਅਤਰ ਸਿੰਘ ਜੀ ਦੀ ਪਿੱਠ ਤੇ ਹੱਥ ਫੇਰ ਕੇ ਅਸੀਸ ਦਿਤੀ ਕਿ ਧੰਨ ਹੋ ਗੁਰੂ ਕੇ ਸਪੂਤ ਬੇਟੇ, ਤੇਰੇ ਦਰਸ਼ਨ ਤੋਂ ਬਲਿਹਾਰ। 'ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।।' (ਪੰਨਾ - 32) ਇਹ ਦੋਵੇਂ ਮਾਤਾਵਾਂ ਧਰਮ ਦੀਆਂ ਮੂਰਤੀਆਂ ਨੇ ਹੀ ਅਵਤਾਰ ਲਿਆ ਹੋਇਆ ਸੀ। ਸੀਤਲ ਹਿਰਦਾ, ਸਾਦਾ ਲਿਵਾਸ, ਮਿੱਠੇ ਬੋਲ, ਨੇਕ ਸੁਭਾਉ ਦੀਆਂ, ਹਰ ਸਮੇਂ ਆਪਣੇ ਹੱਥਾਂ ਦੇ ਨਾਲ ਸੇਵਾ ਕਰਨ ਵਾਲੀਆਂ ਸਾਖਸ਼ਾਤ ਪੂਜਨੀਕ ਦੇਵੀਆਂ ਸਨ।

ਆਪ ਜੀ ਬਹੁਤ ਵਾਰੀ ਸੈਦੂ ਸਾਹਿਬ ਦੀ ਯਾਤਰਾ ਕਰਨ ਵਾਸਤੇ, ਜਿਸ ਥਾਂ ਸੰਤ ਬਾਬਾ ਕਰਮ ਸਿੰਘ ਜੀ ਨੂੰ ਲੁੰਡੇ ਦਰਿਆ ਵਿਚ ਜਲ ਪ੍ਰਵਾਹ ਕੀਤਾ ਗਿਆ ਸੀ, ਦਰਸ਼ਨ ਕਰਨ ਜਾਇਆ ਕਰਦੇ ਸਨ। ਇਥੇ ਸੰਗਤਾਂ ਸੰਤ ਅਤਰ ਸਿੰਘ ਜੀ ਨੂੰ ਸੰਤ ਬਾਬਾ ਕਰਮ ਸਿੰਘ ਜੀ ਦਾ ਰੂਪ ਜਾਣ ਕੇ ਸੇਵਾ ਕਰਿਆ ਕਰਦੀਆਂ ਸਨ ਅਤੇ ਆਪਣੇ ਮਨੋਰਥ ਦੀ ਪੂਰਤੀ ਆਪ ਦੀਆਂ ਅਸੀਸਾਂ ਲੈ ਕੇ ਹੀ ਕਰਿਆ ਕਰਦੀਆਂ ਸਨ। ਆਪ ਜੀ ਸੈਦੂ ਸਾਹਿਬ ਦੀ ਯਾਤਰਾ ਸਮੇਂ ਅਜੀਮ ਖਾਨ ਪਠਾਣ ਦੇ ਖੂਹ ਦੇ ਕਿਨਾਰੇ ਰਾਤ ਨੂੰ ਆ ਕੇ ਬੈਠਿਆ ਕਰਦੇ ਸਨ। ਉਹ ਅਮੀਰ ਪਠਾਣ ਸੀ ਅਤੇ ਮਹਾਂਪੁਰਸ਼ਾਂ ਉਤੇ ਭਾਵਨਾਂ ਰਖਿਆ ਕਰਦਾ ਸੀ। ਉਸ ਦਾ ਮਿੱਤਰ ਨਿਜ਼ੁਲਾਖਾਨ ਨਾਮ ਦਾ ਪਠਾਣ, ਜੋ ਇਸ ਨਗਰ ਦਾ ਨੰਬਰਦਾਰ ਇਲਾਕੇ ਵਿਚ ਮੰਨਿਆ ਪ੍ਰਮੰਨਿਆ ਰਈਸ ਅਤੇ ਜਰਨੈਲੀ ਪੈਨਸ਼ਨਰ ਸੀ। ਉਸ ਦੀਆਂ ਤਿੰਨ ਬੇਗਮਾਂ ਸਨ ਪਰ ਔਲਾਦ ਤੋਂ ਬਿਨਾਂ ਘਰ ਵਿਚ ਹਨੇਰ੍ਹਾ ਸੀ। ਉਸ ਨੇ ਅਜੀਮਖਾਨ ਤੋਂ ਮਹਾਂਪੁਰਸ਼ਾਂ ਦੀ ਮਹਿਮਾ

ਸੁਣੀ, ਉਸ ਨੇ ਕਿਹਾ ਕਿ ਮੇਰੇ ਖੂਹ ਉਪਰ ਰੱਬੀ ਫਕੀਰ, ਸੱਚਾ ਆਸ਼ਕ, ਗੁਰੂ ਨਾਨਕ ਦਾ ਸੱਚਾ ਮੁਰੀਦ ਸਾਰੀ ਰਾਤ ਜੋਹਦ ਵਿਚ ਰਹਿੰਦਾ ਹੈ। ਗੁਰੂ ਨਾਨਕ ਦਾ ਘਰ ਬਹੁਤ ਹੀ ਬਰਕਤਾਂ ਵਾਲਾ ਸੁਣੀਦਾ ਹੈ। ਮਰਦਾਨੇ ਵਰਗੇ ਮੁਸਲਮਾਨ ਨੇ ਸਾਰੀ ਜ਼ਿੰਦਗੀ ਗੁਰੂ ਨਾਨਕ ਦੀ ਮਹਿਮਾ ਕਰਦਿਆਂ ਉਨ੍ਹਾਂ ਦਾ ਪਰਮ ਮੁਰੀਦ ਹੋ ਕੇ ਲੰਘਾਈ ਅਤੇ ਮੈਂ ਤਾਂ ਇਥੋਂ ਤਕ ਸੁਣਿਆ ਹੈ ਕਿ ਜਦੋਂ ਗੁਰੂ ਨਾਨਕ ਦੁਨੀਆਂ ਤੋਂ ਪਰਦਾ ਪਾ ਗਏ ਤਾਂ ਉਨ੍ਹਾਂ ਦੇ ਸਰੀਰ ਬਾਬਤ ਹਿੰਦੂ ਮੁਸਲਮਾਨਾਂ ਵਿਚ ਬਹੁਤ ਤਕਰਾਰ ਹੋਇਆ। ਮੁਸਲਮਾਨਾਂ ਦਾ ਅਕੀਦਾ ਸੀ ਕਿ ਗੁਰੂ ਨਾਨਕ ਅਸਾਡਾ ਹੈ, ਹਿੰਦੂ ਆਪਣਾ ਸਮਝਦੇ ਸਨ। ਝਗੜਾ ਨਿਪਟਾਉਣ ਲਈ ਉਸ ਪਰਮ ਪੀਰ ਨੇ ਆਪਣਾ ਸਰੀਰ ਹੀ ਅਲੋਪ ਕਰ ਦਿਤਾ। ਸੰਤ ਅਤਰ ਸਿੰਘ ਜੀ ਵੀ ਗੁਰੂ ਨਾਨਕ ਦੀ ਸ਼ਾਖ ਵਿਚੋਂ ਹੀ ਹਨ। ਮੈਂਨੂੰ ਪੂਰਨ ਯਕੀਨ ਹੈ ਕਿ ਉਸ ਘਰ ਵਿਚੋਂ ਤੇਰੀ ਝੋਲੀ ਵਿਚ ਜ਼ਰੂਰ ਖੈਰ ਪੈ ਜਾਵੇਗੀ। ਨਿਜੁਲਾਖਾਨ ਸ਼ਰ੍ਹਾ ਤੋਂ ਬਹੁਤ ਡਰਦਾ ਸੀ ਪਰ ਫਿਰ ਵੀ ਲੋੜ ਦਾ ਬੰਨ੍ਹਿਆਂ ਹੋਇਆ ਅਨੇਰ੍ਹੀ ਰਾਤ ਵਿਚ, ਰਾਤ ਦੇ 11 ਵਜੇ ਕਹਿਰਾਂ ਦੀ ਸਰਦੀ ਵਿਚ ਮਹਾਂਪੁਰਸ਼ਾਂ ਦੇ ਪਾਸ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ ਕਿ ਹੇ ਅੱਲਾਹ ਪਿਆਰੇ! ਆਪ ਪੀਰਾਂਨ-ਪੀਰ ਗੁਰੂ ਨਾਨਕ ਦੇ ਮੁਰੀਦ ਹੋ, ਉਨ੍ਹਾਂ ਦੇ ਘਰੋਂ ਕਦੇ ਵੀ ਝੋਲੀ ਸੱਖਣੀ ਨਹੀਂ ਮੁੜੀ। ਮੈਂ ਆਪ ਦੇ ਦਰਬਾਰ ਵਿਚ ਇਕ ਪੁੱਤਰ ਦੀ ਦਾਤ ਲੈਣ ਲਈ ਹਾਜ਼ਰ ਹੋਇਆ ਹਾਂ। ਗਰੀਬ ਨਿਵਾਜ਼! ਮੇਰੇ ਪਾਸ ਬਹੁਤ ਜ਼ਮੀਨ ਹੈ, ਜਰਨੈਲੀ ਪੈਨਸ਼ਨ ਹੈ, ਤਿੰਨ ਬੇਗਮਾਂ ਹਨ ਪਰ ਮੇਰੀ ਪੁੱਤਰ ਤੋਂ ਬਿਨਾਂ ਸੰਸਾਰ ਨਾਲ ਗੰਢ ਨਹੀਂ ਪੈ ਰਹੀ। ਆਪ ਸੁੱਕਿਆਂ ਨੂੰ ਹਰੇ ਕਰ ਸਕਦੇ ਹੋ। ਜਦੋਂ ਉਮਰ ਪੁਛੀ ਤਾਂ ਪਠਾਣ ਨੇ ਦਸਿਆ ਕਿ ਮੇਰੀ ਉਮਰ 90 ਸਾਲ ਦੀ ਹੈ। ਦੋ ਬੇਗਮਾਂ ਮੇਰੀਆਂ ਅੱਲਾਹ ਪਾਸ ਜਾ ਚੁੱਕੀਆਂ ਹਨ ਤੇ ਤਿੰਨ ਜਿਉਂਦੀਆਂ ਹਨ। ਮਹਾਂਪੁਰਸ਼ਾਂ ਨੇ ਨੇਤਰ ਬੰਦ ਕਰ ਲਏ ਤੇ ਕਹਿਣ ਲਗੇ, "ਖਾਨ ਸਾਹਿਬ ਅੱਲਾਹ ਤਾਲਾ ਦੀ ਤੇਰੇ ਉੱਤੇ ਮਿਹਰ ਹੋ ਗਈ। ਵੱਡੀ ਬੇਗਮ ਦੀ ਹੀ ਝੋਲੀ ਵਿਚ ਆਉਂਦੇ ਸਾਲ ਪੁੱਤਰ ਖੇਡੇਗਾ ਪਰ ਤੂੰ ਹਿੰਦੂ ਮੁਸਲਮਾਨ ਨੂੰ ਇਕ ਨਿਗਾਹ ਨਾਲ ਵੇਖੀਂ। ਘਰ ਵਿਚ ਲੰਗਰ ਚਲਾਓ, ਨੇਮ ਨਾਲ ਪੰਜ ਨਿਮਾਜ਼ਾਂ ਪੜ੍ਹੋ, ਅੱਲਾਹ ਤੇਰੀ ਭਾਵਨਾ ਪੂਰੀ ਕਰੇਗਾ।" ਉਸ ਪਠਾਣ ਦੇ ਘਰ ਅਗਲੇ ਸਾਲ ਬੱਚਾ ਹੋਇਆ। ਮਹਾਂਪੁਰਸ਼ਾਂ ਪਾਸ ਸੈਦੂ ਸਾਹਿਬ ਹੀ ਬੈਂਡ-ਵਾਜੇ ਵਜਾਉਂਦਾ ਹੋਇਆ ਸ਼ੁਕਰ ਗੁਜ਼ਾਰੀ ਕਰਨ ਆਪਣੇ ਭਾਈਚਾਰੇ ਨੂੰ ਲੈ ਕੇ ਪਹੁੰਚਿਆ।

ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਸੰਤ ਮਹਾਰਾਜ ਗੋਖੇ ਦੀ ਛਪੜੀ ਦੇ ਕੰਢੇ ਇਕਾਂਤ ਜਾਣ ਕੇ ਉਸੇ ਥਾਂ ਪ੍ਰਭੂ ਦੀ ਯਾਦ ਵਿਚ ਬੈਠਦੇ। ਭਾਦੋਂ ਦਾ ਮਹੀਨਾ ਸੀ। ਫਸਲਾਂ ਨੂੰ ਔੜ ਲਗੀ ਹੋਈ ਸੀ। ਜ਼ਿਮੀਦਾਰ ਦਿਨ ਰਾਤ ਖੂਹ ਚਲਾ ਕੇ ਆਪਣੀਆਂ ਫਸਲਾਂ ਸਿੰਜਿਆ ਕਰਦੇ ਸਨ। ਪਾਸ ਹੀ ਚੈਂਚਲ ਸਿੰਘ ਦਾ ਖੂਹ ਸੀ। ਖੂਹ ਚਲਦੇ ਸਮੇਂ ਕੁੱਤਾ ਟੱਕ-ਟੱਕ ਕਰਦਾ ਰਹਿੰਦਾ ਸੀ ਅਤੇ ਬੂੜੀਆਂ ਨਾਲ ਲੱਗ ਕੇ ਲਗਾਤਾਰੀ ਅਵਾਜ਼ ਦਿੰਦਾ ਰਹਿੰਦਾ ਸੀ। ਚੈਂਚਲ ਸਿੰਘ ਨੇ ਸੋਚਿਆ ਕਿ ਇਹ ਕੁੱਤੇ ਦੀ ਅਵਾਜ਼ ਮਹਾਂਪੁਰਸ਼ਾਂ ਦੀ ਭਜਨ ਬੰਦਗੀ ਵਿਚ ਵਿਘਨਕਾਰੀ ਹੋ ਰਹੀ ਹੈ, ਉਸ ਨੇ ਚੁੱਕ ਕੇ ਕੁੱਤਾ ਪਿਛੇ ਕਰ ਦਿਤਾ। ਜਦੋਂ ਆਪ ਸਮਾਧੀ ਤੋਂ ਉਥਾਨ ਹੋਏ, ਉਸ ਵੇਲੇ ਕੁੱਤੇ ਦੀ ਆਵਾਜ਼ ਨਾ ਸੁਣਨ ਕਰਕੇ ਚੈਂਚਲ ਸਿੰਘ ਨੂੰ ਬੁਲਾ ਕੇ ਪੁੱਛਿਆ ਅਤੇ ਫੁਰਮਾਨ ਕੀਤਾ ਕਿ ਭਾਈ, ਬਲਦਾਂ ਦੇ ਕੰਨ੍ਹੇ ਥੱਕ ਜਾਂਦੇ ਹਨ ਅਤੇ ਜ਼ਿਮੀਦਾਰ ਥੋੜਾ ਰੋਕ ਕੇ ਉਨ੍ਹਾਂ ਦੀ ਧੂਫ ਕਢਾ ਦਿੰਦੇ ਹਨ। ਉਹ ਵਿਚਾਰੇ ਦੁਖੀ ਹੋਏ - ਮੇਰੇ ਵਾਸਤੇ। ਉਸ ਨੇ ਕਿਹਾ ਕਿ ਮਹਾਰਾਜ, ਗਾਧਲ ਨੂੰ ਆਪਣੇ ਪੱਟਾਂ ਨਾਲ ਰੋਕ ਲੈਂਦਾ ਸਾਂ, ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਈ। ਉਸ ਵੇਲੇ ਮਹਾਂਪੁਰਸ਼ਾਂ ਦੇ ਮੁਖ ਤੋਂ ਸੁਤੇ ਹੀ ਨਿਕਲ ਗਿਆ ਕਿ ਤੂੰ ਕੁੱਤਾ ਚਕਲੀ ਤੋਂ ਨਾ ਚੁਕਿਆ ਕਰ, ਇਹ ਅੱਜ ਤੋਂ ਬਾਅਦ ਬੋਲੇਗਾ ਹੀ ਨਹੀਂ। ਮਹਾਂਪੁਰਸ਼ਾਂ ਦੇ ਜੀਵਨ ਯਾਤਰਾ ਦੇ ਸਮੇਂ ਉਸ ਕੁੱਤੇ ਨੇ ਮੁੜ ਕੇ ਅਵਾਜ਼ ਨਹੀਂ ਕੀਤੀ। ਨਾਮ ਦੀ ਬਰਕਤ ਕਿੰਨੀ ਹੈ ਕਿ ਪ੍ਰਕ੍ਰਿਤੀ ਵੀ, ਪੌਣ-ਪਾਣੀ ਵੀ, ਦਰਿਆ ਵੀ ਪ੍ਰਭੂ ਨਾਲ ਅਭੇਦ ਹੋਇਆਂ ਦਾ ਹੁਕਮ ਮੰਨਦੇ ਹਨ। ਇਸ ਤਰ੍ਹਾਂ ਦੇ ਨਾਲ ਆਪ ਨੇ ਬੇਅੰਤ ਰੂਹਾਂ ਦਾ ਉਧਾਰ ਕੀਤਾ। ਆਪਣੇ ਜੀਵਨ ਨਾਟ ਰਾਹੀਂ, ਸੇਵਾ ਸਿਮਰਨ ਰਾਹੀਂ ਜੀਵਨ ਜੁਗਤ ਦਾ ਵੱਲ (ਢੰਗ) ਸਿਖਾਇਆ।

ਆਪ ਜੀ ਦਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨਾਲ ਮਿਲਾਪ ਹੋਇਆ, ਉਸ ਸਮੇਂ ਆਪ ਦੀਵਾਨ ਵਿਚ ਕੀਰਤਨ ਕਰ ਰਹੇ ਸਨ। ਆਪ ਨੇ ਬੇਨਤੀ ਕਰ ਕੇ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਦਰਸ਼ਨ ਕਰਨ ਲਈ ਸੰਗਤਾਂ ਨੂੰ ਉਚੀ ਅਵਾਜ਼ ਵਿਚ ਕਿਹਾ ਕਿ ਭਾਈ ਸੰਤ ਤਾਂ ਸਾਨੂੰ ਭੀ ਸਾਰੀ ਦੁਨੀਆਂ ਕਹਿੰਦੀ ਹੈ, ਜੇ ਤੁਸੀਂ ਸਚਮੁੱਚ ਉਸ ਸਾਧੂ ਤੇ ਬ੍ਰਹਮਗਿਆਨੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਜਿਨ੍ਹਾਂ ਬਾਰੇ ਸੁਖਮਨੀ ਸਾਹਿਬ ਦੇ ਅੰਦਰ ਮਹਿਮਾ ਕੀਤੀ ਗਈ ਹੈ ਤਾਂ ਆਪ ਇਨ੍ਹਾਂ ਦੇ ਦਰਸ਼ਨ ਕਰੋ। ਇਸ ਤਰ੍ਹਾਂ ਆਪ ਦਾ ਜੀਵਨ, ਬਖਸ਼ਿਸ਼ਾਂ ਦੇ ਭੰਡਾਰੇ ਵੰਡਦਾ ਜੀਵਨ ਹੈ। ਆਪ ਦੀ ਸੰਗਤ ਵਿਚ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ ਅਤੇ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜੇ ਸਾਹਿਬ ਵਾਲੇ ਪਹੁੰਚ ਕੇ ਪਾਰਸ ਨੂੰ ਛੋਹ ਕੇ ਪਾਰਸ ਬਣ ਗਏ ਜਿਨ੍ਹਾਂ ਨੇ ਜ਼ਿੰਦਗੀ ਭਰ ਆਪ ਦਾ ਉਪਦੇਸ਼ ਕਮਾਉਂਦਿਆਂ ਅਨੇਕਾਂ ਦੇਸ਼ਾਂ-ਵਿਦੇਸ਼ਾਂ ਵਿਚ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ ਅਤੇ 10 ਲੱਖ ਤੋਂ ਵੱਧ ਪ੍ਰੇਮੀਆਂ ਨੂੰ ਅੰਮ੍ਰਿਤਪਾਨ ਕਰਾਇਆ। ਐਸੇ ਮਹਾਂਪੁਰਖ ਗੁਰਸਿਖੀ ਦੇ ਚਾਨਣ ਮੁਨਾਰੇ ਹਨ ਜਿਨ੍ਹਾਂ ਦੀ ਯਾਦ ਸਦਾ ਹੀ ਜੀਵਾਂ ਨੂੰ ਭਜਨ ਬੰਦਗੀ ਲਈ ਪ੍ਰੇਰਦੀ ਹੈ।

ਸੰਤ ਬਾਬਾ ਅਤਰ ਸਿੰਘ ਜੀ ਦੁਰਾਹੇ ਇਕ ਸਹਿਜਧਾਰੀ ਸਿਖ ਦੇ ਘਰ ਬਹੁਤ ਹੀ ਪ੍ਰੇਮ ਨਾਲ ਕੀਰਤਨ ਕਰ ਰਹੇ ਸਨ। ਉਸ ਵੇਲੇ ਇਕ ਵਾਚ ਗਿਆਨੀ ਨੇ ਕਿਹਾ ਕਿ ਮਹਾਰਾਜ! ਤੁਸੀਂ ਵੈਰਾਗ ਦੇ ਸ਼ਬਦ ਐਨੀ ਉਚੀ ਅਵਸਥਾ ਦੇ ਹੁੰਦੇ ਹੋਏ ਕਿਉਂ ਪੜ੍ਹ ਰਹੇ ਹੋ? ਤੁਸੀਂ ਬ੍ਰਹਮਗਿਆਨ ਦੇ ਬਚਨ ਕਿਉਂ ਨਹੀਂ ਕਰਦੇ? ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਤੂੰ ਤਿੰਨ ਦਿਨ ਹੋਰ ਇੰਤਜ਼ਾਰ ਕਰ। 5 ਮਾਘ 1983 ਨੂੰ ਆਪ ਨੇ ਰਾਮਪੁਰ ਪਿੰਡ ਦੇ ਨੇੜੇ, ਬਹੁਤ ਵੱਡਾ ਚਲ੍ਹਾ ਸੀ, ਸਾਰਾ ਦਿਨ ਉਥੇ ਖੜ੍ਹੇ ਰਹੇ, ਉਸ ਨੂੰ ਸੜਕ ਦੇ ਰੂਪ ਵਿਚ ਬਦਲਿਆ ਅਤੇ ਫੁਰਮਾਨ ਕੀਤਾ ਕਿ ਸੰਗਤਾਂ ਨੇ ਰੇਰੂ ਸਾਹਿਬ ਆਉਣਾ ਹੈ, ਉਨ੍ਹਾਂ ਨੂੰ ਚਿੱਕੜ ਵਿਚੋਂ ਲੰਘਣ ਕਾਰਣ ਬਹੁਤ ਤਕਲੀਫ ਹੋਵੇਗੀ। ਇਹ ਗੱਲ ਕਿਸੇ ਦੀ ਸਮਝ ਵਿਚ ਨਾ ਆਈ। ਇਸ ਤੋਂ ਥੋੜੇ ਦਿਨ ਬਾਦ ੯ ਮਾਘ 1983 (21 ਜਨਵਰੀ 1927) ਦਾ ਅੰਮ੍ਰਿਤ ਵੇਲਾ ਹੋਇਆ। ਰਾਤ ਦੇ ਇਕ ਵਜੇ ਆਪ ਨੇ ਫੁਰਮਾਨ ਕੀਤਾ ਕਿ ਅਸੀਂ ਗੁਰੂ ਕਲਗੀਧਰ ਪਾਤਸ਼ਾਹ ਦੀ ਦਰਗਾਹ ਵਿਚ ਜਾਣ ਲਈ ਕਮਰਕਸੇ ਕਰ ਲਏ ਹਨ। ਅਸਾਡੇ ਜਾਣ ਉਪਰੰਤ ਕਿਸੇ ਨੇ ਰੁਦਨ ਨਹੀਂ ਕਰਨਾ। ਪਰ ਸੰਗਤ ਦੇ ਵੈਰਾਗ ਨੂੰ ਕੌਣ ਰੋਕ ਸਕਦਾ ਸੀ? ਥੋੜੀ ਦੇਰ ਪਿੱਛੋਂ ਅੰਤਿਮ ਫਤਹਿ ਬੁਲਾ ਕੇ ਪੰਜ ਭੂਤਕ ਚੋਲੇ 'ਚੋਂ ਅਲਹਿਦਾ ਹੋ ਕੇ ਵਾਹਿਗੁਰੂ ਜੀ ਦੀ ਪਰਮ ਜੋਤਿ ਵਿਚ ਸਮਾਅ ਗਏ।

ਮਹਾਂਪੁਰਸ਼ਾਂ ਦਾ ਜੀਵਨ ਵਿਚਾਰਿਆਂ ਪ੍ਰੇਰਨਾ ਹੁੰਦੀ ਹੈ ਕਿ ਉਸੇ ਤਰ੍ਹਾਂ ਨਾਲ ਭਜਨ ਬੰਦਗੀ, ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲ ਕਰਿਆ ਜਾਵੇ। ਮਹਾਂਪੁਰਖ ਵਾਹਿਗੁਰੂ ਜੀ ਵਲੋਂ ਭੇਜੇ ਹੋਏ ਆਉਂਦੇ ਹਨ ਅਤੇ ਜਦੋਂ ਸੱਦਾ ਆ ਜਾਵੇ ਤਾਂ ਮਹਾਨ ਖੁਸ਼ੀਆਂ ਮਾਣਦੇ ਹੋਏ ਆਪਣੇ ਪ੍ਰੀਤਮ ਦੇ ਚਰਨਾਂ ਵਿਚ ਅਮਰ ਲੋਕ ਵਿਚ ਜਾ ਬਿਰਾਜਦੇ ਹਨ। ਉਨ੍ਹਾਂ ਦੀ ਯਾਦ ਅਜੇ ਵੀ ਸਾਨੂੰ ਉਨੀਂ ਹੀ ਪ੍ਰੇਰਨਾ ਦੇ ਰਹੀ ਹੈ ਜਿੰਨੀਂ ਉਨ੍ਹਾਂ ਦੇ ਸਰੀਰਧਾਰੀ ਹੁੰਦਿਆਂ ਮਿਲਿਆ ਕਰਦੀ ਸੀ।

ਇਸੇ ਜਨਵਰੀ ਦੇ ਮਹੀਨੇ ਮਹਾਨ ਆਤਮਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ੧੯ ਮਾਘ ਨੂੰ ਸਰੀਰਕ ਚੋਲਾ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਨੇ ਜੋ ਘਾਲਣਾ, ਪਤਿਤ ਹੋਈ ਹੋਈ ਸਿਖ ਜਨਤਾ ਨੂੰ ਸੇਧ ਦੇ ਕੇ ਮੁੜ ਸਿਖੀ ਨੂੰ ਸੁਰਜੀਤ ਕਰਨ ਲਈ ਕੀਤੀ, ਉਹ ਕਦੇ ਵੀ ਭੁਲਾਈ ਨਹੀਂ ਜਾ ਸਕਦੀ। ਇਨ੍ਹਾਂ ਦੋਹਾਂ ਮਹਾਂਪੁਰਖਾਂ ਦਾ ਆਪਸ ਵਿਚ ਬਹੁਤ ਹੀ ਪਿਆਰ ਸੀ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਵਿਦਿਅਕ ਖੇਤਰ ਵਿਚ ਜੋ ਸੇਵਾ ਕੀਤੀ, ਉਸ ਦੀਆਂ ਅਟੱਲ ਯਾਦਾਂ ਸਾਡੇ ਹਿਰਦੇ ਵਿਚ ਸ਼ਰਧਾ ਭਾਵਨਾ ਪੈਦਾ ਕਰ ਰਹੀਆਂ ਹਨ।

ਇਸੇ ਜਨਵਰੀ ਦੇ ਮਹੀਨੇ ਮਹਾਨ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਬਾਬਾ ਕਿਸ਼ਨ ਸਿੰਘ ਜੀ ਰਾੜੇ ਸਾਹਿਬ ਵਾਲੇ ਆਪਣਾ ਜੀਵਨ, ਸੇਵਾ ਅਤੇ ਸਿਮਰਨ ਵਿਚ ਬਤੀਤ ਕਰਕੇ ਪਹਿਲੀ ਜਨਵਰੀ ਨੂੰ ਪੰਜ ਭੂਤਕ ਚੋਲਾ ਤਿਆਗ ਗੁਰ ਚਰਨਾਂ ਵਿਚ ਜਾ ਬਿਰਾਜੇ ਸਨ।

(---------)

# ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥
## (ਸ੍ਰੀ 108 ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ)

ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾ ਜਾਣ ਪਿਛੋਂ ਸਿੱਖਾਂ ਉਪਰ ਦਮਨ ਚੱਕਰ ਪੂਰੇ ਜ਼ੋਰ ਨਾਲ ਮੁਗਲ ਰਾਜ ਵਲੋਂ ਚਲ ਪਿਆ। ਉਸ ਸਮੇਂ ਚਰਖੜੀਆਂ ਤੇ ਚਾੜ੍ਹ ਦੇਣਾ, ਬੰਦ-ਬੰਦ ਕੱਟ ਦੇਣਾ, ਪੁੱਠੀਆਂ ਖੱਲਾਂ ਉਤਾਰ ਦੇਣੀਆਂ, ਅੱਗ ਵਿਚ ਸਾੜ ਦੇਣਾ, ਪਾਣੀ ਵਿਚ ਡੋਬ ਦੇਣਾ ਅਤੇ ਹੋਰ ਅਨੇਕਾਂ ਅਸਹਿ ਤੇ ਅਕਹਿ ਕਸ਼ਟ ਗੁਰੂ ਪਿਆਰਿਆਂ ਉਪਰ ਢਾਹੇ ਜਾ ਰਹੇ ਸਨ। ਉਸ ਸਮੇਂ ਗੁਰਸਿੱਖ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸ਼ਸ਼ਤਰਾਂ ਦਾ ਪ੍ਰਯੋਗ ਕਰਕੇ ਪੂਰੀ ਵਾਹ ਲਾ ਰਹੇ ਸਨ। ਕਦੇ ਮੀਰ-ਮੰਨੂੰ, ਨਾਦਿਰਸ਼ਾਹ, ਅਬਦਾਲੀ ਅਤੇ ਹੋਰ ਅਨੇਕਾਂ ਪ੍ਰਮੇਸ਼ਰ ਤੋਂ ਭੁੱਲੀਆਂ ਹੋਈਆਂ ਰਾਜਸੀ ਸ਼ਕਤੀਆਂ ਪੰਜਾਬ ਨੂੰ ਦਰੜ ਰਹੀਆਂ ਸਨ। ਪੰਜਾਬ ਵਿਚੋਂ ਸਿੰਘ ਰਾਜਸਥਾਨ, ਯੂ.ਪੀ. ਦੇ ਮੁਰਾਦਾਬਾਦ, ਮੇਰਠ ਜ਼ਿਲੇ ਵਿਚ, ਰੇਤਲਿਆਂ ਟਿਬਿਆਂ ਵਿਚ ਜਿਥੇ ਜੰਗਲ ਹੀ ਜੰਗਲ ਸਨ, ਵਿਚ ਰਹਿ ਕੇ ਆਪਣਾ ਜੀਵਨ ਨਿਰਵਾਹ ਕਰਦੇ ਸਨ ਪਰ ਜਦੋਂ ਪੰਜਾਬ ਵਿਚ ਬੇ-ਦੋਸ਼ਿਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾ ਰਹੀਆਂ ਸਨ ਤਾਂ ਰਾਜਸਥਾਨ ਵਿਚੋਂ ਸਿੰਘਾਂ ਦੇ ਜਥੇ ਆ ਕੇ ਆਪਣੇ ਪਵਿੱਤਰ ਅਸਥਾਨਾਂ ਦੀ ਰਾਖੀ ਵੀ ਕਰਿਆ ਕਰਦੇ ਸਨ ਅਤੇ ਜ਼ਾਲਮ ਫੌਜਾਂ ਦੇ ਨਾਲ ਲੋਹਾ ਵੀ ਲਿਆ ਕਰਦੇ ਸਨ। ਉਹ ਸਮਾਂ ਐਸਾ ਸੀ ਕਿ ਸਿੱਖੀ ਦੇ ਸਿਧਾਂਤਕ ਪ੍ਰਚਾਰ ਇਕ ਤਰ੍ਹਾਂ ਦੇ ਨਾਲ ਬੰਦ ਹੀ ਹੋ ਗਏ ਸਨ। ਗੁਪਤ ਰੂਪ ਵਿਚ ਬਾਣੀਆਂ ਪੜ੍ਹੀਆਂ ਜਾਂਦੀਆਂ। ਇਸ ਤਰ੍ਹਾਂ ਦਾ ਸਮਾਂ ਬਿਤਾਉਂਦਿਆਂ ਸੰਨ 1800 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਖਾਲਸਾ ਰਾਜ ਦੇ ਰੂਪ ਵਿਚ ਲਾਹੌਰ ਵਿਚ ਕਾਇਮ ਹੋ ਗਿਆ। ਇਸ ਪਿਛੋਂ ਸਿੰਘਾਂ ਨੇ ਪੰਜਾਬ, ਕਸ਼ਮੀਰ, ਸਿੰਧ, ਅਫਗਾਨਿਸਤਾਨ ਦੇ ਕੁਝ ਇਲਾਕਿਆਂ ਵਿਚ ਆਪਣਾ ਬੋਲ-ਬਾਲਾ ਕਰ ਲਿਆ। ਕੁਝ ਸੁਖ ਦਾ ਸਾਹ ਆਇਆ। ਉਸ ਸਮੇਂ ਦੇ ਮਹਾਂਪੁਰਸ਼ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਆਪਣਿਆਂ ਉਪਦੇਸ਼ਾਂ ਰਾਹੀਂ ਸਿੱਖੀ ਨੂੰ ਸੁਰਜੀਤ ਰੱਖਿਆ ਅਤੇ ਅੰਮ੍ਰਿਤ ਪ੍ਰਚਾਰ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਮ ਦਿਨਾਂ ਤਕ ਅਨੁਮਾਨ ਹੈ ਕਿ ਸਿੱਖਾਂ ਦੀ ਗਿਣਤੀ 86 ਲੱਖ ਤਕ ਜਾ ਪਹੁੰਚੀ ਸੀ। ਇਸ ਸਮੇਂ ਬਾਬਾ ਭਾਗ ਸਿੰਘ ਜੀ ਕੁਰੀ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਗੁਰਸਿੱਖੀ ਪ੍ਰਚਾਰ ਕਰਕੇ ਖਾਲਸੇ ਦੀ ਗਿਣਤੀ ਵਿਚ ਬਹੁਤ ਵਾਧਾ ਕਰ ਰਹੇ ਸਨ। ਪਰ ਸਿੱਖ ਰਾਜ ਦੇ ਪੱਤਨ ਹੋਣ ਉਪਰੰਤ ਸਿੰਘਾਂ ਦੀ ਗਿਣਤੀ ਇਕ ਦਮ ਘਟ ਗਈ ਅਤੇ 1861 ਦੀ ਮਰਦਮਸ਼ੁਮਾਰੀ ਵਿਚ ਸਿੱਖ, ਘਟ ਕੇ 13 ਲੱਖ 45 ਹਜ਼ਾਰ ਦੀ ਛੋਟੀ ਗਿਣਤੀ ਤਕ ਪਹੁੰਚ ਗਏ। ਸਿੱਖੀ ਦਾ ਹੋਰ ਵੀ ਪੱਤਨ ਹੋ ਜਾਂਦਾ ਜੇ ਉਸ ਸਮੇਂ ਮਹਾਨ ਪੁਰਸ਼ ਸ੍ਰੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਸੰਪਰਦਾ ਦੇ ਮੁਖੀ ਆਪਣੀ ਦਿਨ ਰਾਤ ਦੀ ਅਣਥੱਕ ਮਿਹਨਤ ਰਾਹੀਂ ਸਿੱਖੀ ਉਪਦੇਸ਼ ਥਾਂ-ਥਾਂ ਫਿਰ ਕੇ ਨਾ ਕਰਦੇ ਅਤੇ ਸੰਤ ਮਹਾਰਾਜ ਬਾਬਾ ਮਹਾਰਾਜ ਸਿੰਘ ਜੀ ਘਰ-ਘਰ ਫਿਰ ਕੇ ਸਿੱਖੀ ਸਰੂਪ ਨੂੰ ਬਚਾਉਣ ਲਈ ਢਾਰਸ ਨਾ ਦਿੰਦੇ।

1861 ਦੀ ਮਰਦਮਸ਼ੁਮਾਰੀ ਵਿਚ ਲਿਖਿਆ ਹੈ ਕਿ ਸਿੱਖਾਂ ਦਾ ਪਤਨ ਐਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਮਰਦਮਸ਼ੁਮਾਰੀ ਦੇ ਅਫਸਰ ਨੇ ਡਰ ਪ੍ਰਗਟ ਕੀਤਾ ਕਿ ਹੋਰ ਥੋੜ੍ਹੇ ਸਾਲਾਂ ਵਿਚ ਸਿੱਖ ਦੇਖਣ ਲਈ ਬਹੁਤ ਹੀ ਘਟ ਬਚਣਗੇ। ਇਸ ਵਾਸਤੇ ਇਨ੍ਹਾਂ ਦੇ statue (ਬੁੱਤ) ਬਣਾ ਕੇ ਅਜਾਇਬ ਘਰ ਵਿਚ ਰਖ ਦੇਣੇ ਚਾਹੀਦੇ ਹਨ ਅਤੇ ਨਾਲ ਇਹ ਭੀ remarks ਦਿਤੇ ਕਿ ਅਸਲ ਵਿਚ ਸਿੱਖਾਂ ਦੀ ਗਿਣਤੀ ਸਿਰਫ ਸਾਢੇ ਚਾਰ ਲੱਖ ਦੇ ਕਰੀਬ ਹੀ ਹੈ। ਇਹ ਸਾਰੇ ਭੈਣੀ ਸਾਹਿਬ ਨਾਲ ਜੁੜੇ ਹੋਏ ਨਾਮਧਾਰੀ ਸਿੱਖ ਹੀ ਹਨ ਜੋ ਰਹਿਤ ਬਹਿਤ ਵਿਚ ਪੂਰੀ ਤਰ੍ਹਾਂ ਨਾਲ ਦ੍ਰਿੜ੍ਹ ਵਿਸ਼ਵਾਸ਼ ਰਖਦੇ ਹਨ ਅਤੇ ਅੰਤਲੇ ਸ੍ਵਾਸ ਤਕ ਸਿੱਖੀ ਤਿਆਗਣ ਨੂੰ ਨਹੀਂ ਮੰਨਦੇ, ਭਾਵੇਂ ਕਿੰਨੀਆਂ ਹੀ ਸਖਤੀਆਂ ਇਨ੍ਹਾਂ ਉਪਰ ਹੋਰ ਕੀਤੀਆਂ ਜਾਣ।

ਸਰਵ ਸ਼੍ਰੋਮਣੀ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਨਾਮਧਾਰੀ ਦਾ ਆਪਣੇ ਸੂਬਿਆਂ ਸਮੇਤ ਅੰਗਰੇਜ਼ ਦੇ ਹੱਥੋਂ ਜ਼ਲਾ-ਵਤਨ ਹੋ ਕੇ ਦੇਸ਼ ਛੱਡ ਜਾਣਾ, ਸਿੱਖੀ ਉਪਰ ਇਕ ਬਹੁਤ ਵੱਡੀ ਸੱਟ ਸੀ। ਉਸ ਵੇਲੇ ਕੋਈ ਵੀ ਹਸਤੀ ਨਜ਼ਰ ਨਹੀਂ ਸੀ ਆ ਰਹੀ ਜੋ ਪ੍ਰੰਪਰਾਵਾਂ ਦੇ ਮੁਤਾਬਿਕ ਸਿੱਖੀ ਦੀ ਸੰਭਾਲ ਕਰ ਸਕੇ। ਇਹ ਸੰਨ 1872 ਦਾ ਸਮਾਂ ਸੀ ਜਦੋਂ ਬਾਬਾ ਜੀ ਦੇਸ਼-ਬਦਰ ਕਰ ਦਿਤੇ ਗਏ। ਉਸ ਵੇਲੇ ਕੁਝ ਪਤਵੰਤਿਆਂ ਨੇ ਸਿੰਘ ਸਭਾ ਲਹਿਰ ਚਲਾਈ ਪਰ ਇਨ੍ਹਾਂ ਦੇ ਸਾਹਮਣੇ ਬਹੁਤ ਵੱਡੀਆਂ ਸਮੱਸਿਆਵਾਂ ਸਨ। ਖੰਡਨ ਮੰਡਨ ਦਾ ਜੁਗ ਚਲ ਪਿਆ। ਸਿੱਖੀ ਸਿਧਾਂਤਾਂ ਅਤੇ ਨਾਮ ਰਸ ਤੋਂ ਆਮ ਸਿੱਖ ਵਾਂਝਾ ਹੋ ਗਿਆ। ਹੁਣ ਲੋੜ ਸੀ ਕਿਸੇ ਐਸੀ ਹਸਤੀ ਦੀ, ਜੋ ਇਸ ਡਾਵਾਂਡੋਲ ਹੋਈ ਹਾਲਤ ਵਿਚ ਮੁੜ ਕੇ ਸਿੱਖੀ ਸੁਰਜੀਤ ਕਰ ਸਕੇ ਅਤੇ ਨਾਮ ਬਾਣੀ ਦਾ ਸੰਦੇਸ਼ ਦੇ ਕੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਸਕੇ।

1866 ਈ. ਮੁਤਾਬਿਕ 1923 ਬਿਕ੍ਰਮੀ ਨੂੰ ਇਕ ਮਹਾਨ ਆਤਮਾ ਦਾ ਇਸ ਧਰਤੀ ਤੇ ਪ੍ਰਵੇਸ਼ ਹੋਇਆ। ਉਸ ਸਮੇਂ ਦੀ ਰਿਆਸਤ ਪਟਿਆਲਾ ਦੇ ਇਕ ਉਘੇ ਨਗਰ ਚੀਮਾ ਵਿਚ ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਦਾ ਗੁਰੂ ਮਹਾਰਾਜ ਦੇ ਹੁਕਮ ਵਿਚ ਸੰਸਾਰ ਤੇ ਆਉਣਾ ਹੋਇਆ। ਐਸੇ ਮਹਾਂਪੁਰਸ਼ ਜਨਮ-ਮਰਨ ਤੋਂ ਰਹਿਤ ਕੇਵਲ ਪਰਉਪਕਾਰ ਵਾਸਤੇ ਭੇਜੇ ਜਾਇਆ ਕਰਦੇ ਹਨ –

***ਜਨਮ ਮਰਣ ਦੁਹਹੂ ਮਹਿ***
***ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥***

***ਅੰਗ - 749***

ਆਪ ਜੀ ਦੇ ਪਿਤਾ ਦਾ ਨਾਮ ਭਾਈ ਕਰਮ ਸਿੰਘ ਜੀ ਸੀ। ਆਪ ਦਾ ਇਕ ਭਰਾ ਅਤੇ ਤਿੰਨ ਭੈਣਾਂ ਸਨ। ਆਪ ਜੀ ਦੇ ਜਨਮ ਦੀ ਅਲੌਕਿਕ ਕਥਾ ਬੜੀ ਪ੍ਰਭਾਵਸ਼ਾਲੀ ਹੈ ਅਤੇ ਪ੍ਰੇਰਨਾ ਦਿੰਦੀ ਹੈ।

ਇਕ ਦਿਨ ਜਦ ਬਾਬਾ ਕਰਮ ਸਿੰਘ ਜੀ ਅੰਮ੍ਰਿਤ ਵੇਲੇ ਹਲ ਵਾਹੁਣ ਲਈ ਜਾ ਰਹੇ ਸਨ ਤਾਂ ਸਾਮ੍ਹਣੇ ਵਾੜ ਦੇ ਕੋਲ ਹੀ ਇਕ ਸਾਧੂ ਦੇ ਦਰਸ਼ਨ ਹੋਏ। ਬਾਬਾ ਜੀ ਨੇ ਬੜੇ ਸਤਿਕਾਰ ਦੇ ਨਾਲ ਆ ਕੇ ਨਮਸਕਾਰ ਕੀਤੀ। ਜਦੋਂ ਖੜ੍ਹੇ ਹੋਏ ਤਾਂ ਸਾਧੂ ਮੁਸਕਰਾਇਆ ਅਤੇ ਬੜੇ ਪ੍ਰੇਮ ਨਾਲ ਆਖਿਆ, "ਕਰਮ ਸਿੰਘਾ! ਅੱਜ ਤੇਰੀ ਭਾਵਨੀ ਪੂਰੀ ਹੋਈ। ਆਹ ਲੈ ਅੰਮ੍ਰਿਤ ਜਲ ਦੀ ਸ਼ੀਸ਼ੀ, ਇਸਨੂੰ ਲਿਜਾ ਕੇ ਆਪਣੇ ਘਰ ਵਿਚ ਸਾਂਭ ਕੇ ਰੱਖ ਦੇ। ਤੇਰੇ ਘਰ ਇਕ ਮਹਾਨ ਆਤਮਾ ਜਦੋਂ ਪ੍ਰਗਟ ਹੋਈ ਤਾਂ ਇਸੇ ਥਾਂ ਸਾਡੀ ਅਮਾਨਤ ਮੋੜ ਜਾਈਂ। ਬਾਬਾ ਜੀ ਨਿਸ਼ਚੇ ਵਾਲੇ ਸਨ। ਵਾਪਸ ਮੁੜ ਆਏ ਅਤੇ ਸਾਧੂ ਦੀ ਅਮਾਨਤ ਆਪਣੀ ਸੁਪਤਨੀ ਮਾਤਾ ਭੋਲੀ ਦੇ ਸਪੁਰਦ ਕੀਤੀ। ਜਦੋਂ ਸੰਤ ਮਹਾਰਾਜ ਅਤਰ ਸਿੰਘ ਜੀ ਦਾ ਜਨਮ ਹੋਇਆ ਤਾਂ ਸਾਧੂ ਦੀ ਅਮਾਨਤ ਲੈ ਕੇ ਆਪ ਬਾਹਰ ਗਏ, ਸਾਧੂ ਦੇ ਦਰਸ਼ਨ ਉਸੇ ਥਾਂ ਕਰਕੇ ਅਮਾਨਤ ਵਾਪਸ ਕਰ ਦਿਤੀ।

ਆਪ ਬਚਪਨ ਵਿਚ ਹੀ ਰੱਸੀਆਂ ਦੀ ਮਾਲਾ ਬਣਾ ਕੇ ਫੇਰਿਆ ਕਰਦੇ ਸਨ ਅਤੇ ਛੋਟੀ ਉਮਰ ਵਿਚ ਹੀ ਨਾਲ ਦੇ ਬਾਲਕਾਂ ਨੂੰ ਕਿਹਾ ਕਰਦੇ ਸਨ ਕਿ ਜਿਵੇਂ ਭਗਤੀ ਕਰਦਿਆਂ ਬਾਲਮੀਕ ਦੇ ਦੁਆਲੇ ਬਰਮੀ ਜੰਮ ਗਈ ਸੀ, ਇਵੇਂ ਜਿਵੇਂ ਸਾਡਾ ਵੀ ਦਿਲ ਕਰਦਾ ਹੈ। ਜਦੋਂ ਆਪ ਨੂੰ ਪੜ੍ਹਨੇ ਪਾਇਆ ਗਿਆ ਤਾਂ ਆਪ ਨੇ ਕਿਹਾ ਕਿ ਅਸੀਂ ਤਾਂ ਸੱਚ ਦੀ ਪੜ੍ਹਾਈ ਪੜ੍ਹਨੀ ਹੈ; ਉਰਦੂ, ਅੰਗ੍ਰੇਜ਼ੀ, ਫਾਰਸੀ ਨਹੀਂ ਪੜ੍ਹਨੀ। ਆਪ ਨੇ ਭਾਈ ਬੂਟਾ ਸਿੰਘ ਜੀ ਤੋਂ ਪੰਜਾਬੀ ਪੜ੍ਹੀ। ਆਪ ਜੀ ਨੇ ਛੋਟੇ ਹੁੰਦਿਆਂ ਡੰਗਰ ਚਾਰੇ ਅਤੇ ਹੋਰ ਸਾਰੇ ਕੰਮ ਖੇਤੀਬਾੜੀ ਦੇ ਕੀਤੇ। ਸੰਤ ਮਹਾਰਾਜ ਜੀ ਦਾ ਮੁੱਢ ਤੋਂ ਹੀ ਵੰਡ ਛਕਣ ਦਾ ਸੁਭਾਅ ਸੀ। ਮਾਤਾ ਨੂੰ ਪਤਾ ਲੱਗਿਆ ਤਾਂ ਉਹ ਅਛੋਪਲੇ ਹੀ ਇਨ੍ਹਾਂ ਸੰਤਾਂ ਦੇ ਪਿਛੇ ਗਈ ਅਤੇ ਦੁਪੱਟੇ ਵਿਚ ਬੰਨ੍ਹਿਆਂ ਗੁੜ ਫੜ ਲਿਆ। ਕੀ ਦੇਖਦੀ ਹੈ ਕਿ ਬਾਲਕ ਸੰਤ ਜੀ ਓਸੇ ਥਾਂ ਖੜ੍ਹੇ ਹਨ ਜਿਥੇ ਮਾਤਾ ਨੇ ਉਨ੍ਹਾਂ ਦੇ ਦੁਪੱਟੇ ਵਿਚੋਂ ਗੁੜ ਦੀ ਭੇਲੀ ਖੋਲ੍ਹ ਲਈ ਸੀ। ਮਾਤਾ ਜੀ ਸਮਝ ਗਏ, ਮੁੜ ਲਿਆ ਕੇ ਫੇਰ ਦੇ ਦਿਤਾ। ਸੰਤ ਜੀ ਸਾਥੀਆਂ ਨੂੰ ਗੁੜ ਵੰਡ ਕੇ ਵਾਪਸ ਘਰ ਆਏ।

ਜਦੋਂ ਆਪ 16 ਸਾਲ ਦੀ ਉਮਰ ਵਿਚ ਖੇਤੀ ਕਰਨ ਲੱਗੇ ਤਾਂ ਪਿਤਾ ਕਰਮ ਸਿੰਘ ਜੀ ਕਈ ਵਾਰੀ ਸੰਤ ਪੁਤਰ ਦੀ ਅੰਤਰਮੁਖ ਬਿਰਤੀ ਦੇਖ ਕੇ ਆਪ-ਮੁਹਾਰੇ ਕਹਿ ਦਿਆ ਕਰਦੇ ਸਨ ਕਿ ਇਸ ਲੜਕੇ ਨੇ ਘਰ ਦਾ ਕੋਈ ਕੰਮ ਨਹੀਂ ਕਰਨਾ, ਪਤਾ ਨਹੀਂ ਕਿਵੇਂ ਗੁਜ਼ਾਰਾ ਕਰੇਗਾ।

ਆਪ ਦੇ ਮਨ ਵਿਚ ਫੌਜੀਆਂ ਬਾਰੇ ਬਹੁਤ ਉਚੇ ਵਿਚਾਰ ਸਨ ਅਤੇ ਚੀਮਾ ਪਿੰਡ ਦੇ ਸੂਬੇਦਾਰ ਦਲੇਰ ਸਿੰਘ ਜੀ ਨੂੰ, ਜੋ 54 ਸਿੱਖ ਪਲਟਨ ਵਿਚ ਕੋਹਾਟ ਹੀ ਰਹਿੰਦਾ ਸੀ, ਨੂੰ ਚੀਮੇ ਪਿੰਡ ਆਇਆਂ ਮਿਲੇ। ਸੰਤਾਂ ਨੇ ਕਿਹਾ ਕਿ ਫੌਜ ਵਿਚ ਹੱਕ ਦੀ ਕਮਾਈ ਫੌਜੀ ਕਰਦਾ ਹੈ, ਹੱਕ ਦੀ ਕਮਾਈ ਦਾ ਅੰਨ ਖਾ ਕੇ ਜਗਿਆਸੂ ਦਾ ਮਨ ਪ੍ਰਭੂ ਨਾਲ ਜ਼ਿਆਦਾ ਜੁੜਦਾ ਹੈ। ਇਸ ਵਿਚਾਰ ਨੂੰ ਲੈ ਕੇ ਆਪ ਨੇ ਉਨ੍ਹਾਂ ਨਾਲ ਫੌਜ ਵਿਚ ਭਰਤੀ ਹੋਣ ਦੀ ਸਲਾਹ ਕੀਤੀ। ਸੰਮਤ 1940 ਬਿਕ੍ਰਮੀ ਨੂੰ ਧਰਮਕੋਟ ਵਿਚ ਭਰਤੀ ਹੋਣ ਗਏ। ਆਪ ਸੂਬੇਦਾਰ ਦਲੇਰ ਸਿੰਘ ਦੇ ਨੇੜੇ ਹੀ ਤੋਪਖਾਨੇ ਵਿਚ ਭਰਤੀ ਹੋ ਗਏ ਪਰ ਤੋਪਖਾਨੇ ਦਾ ਬਹੁਤ ਰੁਝੇਵਿਆਂ ਭਰਿਆ ਕੰਮ ਹੋਣ ਕਰਕੇ ਆਪ ਨੇ ਪਲਟਨ ਵਿਚ ਬਦਲੀ ਕਰਾ ਲਈ। ਆਪ ਜੀ ਪਿੰਡ ਛੁੱਟੀ ਆਏ ਹੋਏ ਸਨ ਤਾਂ ਆਪ ਜੀ ਦਾ ਸਡੌਲ, ਸੁੰਦਰ, ਛੇ ਫੁੱਟ ਲੰਮਾ ਕੱਦ ਅਤੇ ਹੋਣਹਾਰ ਨੌਜਵਾਨ ਦੇਖ, ਜੀਵਨ ਸਿੰਘ, ਪਿੰਡ ਬਡਰੁਖੇ ਵਾਲੇ ਨੇ ਆਪਣੀ ਸਪੁੱਤਰੀ ਮਹਾਂ ਕੌਰ ਲਈ ਯੋਗ ਵਰ ਸਮਝਿਆ। ਸੰਤ ਜੀ ਛੁੱਟੀ ਕੱਟ ਕੇ ਜਾ ਚੁੱਕੇ ਸਨ ਤਾਂ ਸੰਤਾਂ ਨੂੰ ਇਸ ਰਿਸ਼ਤੇ ਦੀ ਚਿੱਠੀ ਪਹੁੰਚੀ ਪਰ ਆਪ ਜੀ ਨੇ ਕਿਹਾ ਕਿ ਅਸੀਂ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਕਾਰਜ ਲਈ ਆਪਣਾ ਸਰਬੰਸ ਜੀਵਨ ਦਾਨ ਕੀਤਾ ਹੋਇਆ ਹੈ, ਇਹ ਸਾਕ ਛੋਟੇ ਭਰਾ ਜੈ ਸਿੰਘ ਨਾਲ ਕਰ ਦੇਵੋ।

ਰੰਗਰੂਟੀ ਪਾਸ ਕਰਨ ਉਪਰੰਤ ਆਪ ਜੀ ਨੇ ਜਥੇਦਾਰ ਭਾਈ ਜੋਧ ਸਿੰਘ ਜੀ, ਜੋ ਉਸੇ ਪਲਟਨ ਵਿਚ ਗ੍ਰੰਥੀ ਦੀ ਸੇਵਾ ਨਿਭਾ ਰਹੇ ਸਨ, ਉਨ੍ਹਾਂ ਦੇ ਜਥੇ ਤੋਂ ਅੰਮ੍ਰਿਤ ਪਾਨ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਪੱਕੀ ਤਰ੍ਹਾਂ ਜੁੜ ਗਏ। ਰਹਿਤਾਂ ਪੂਰੀ ਤਰ੍ਹਾਂ ਦੇ ਨਾਲ ਦ੍ਰਿੜ ਕਰਾ ਦਿਤੀਆਂ ਅਤੇ ਨਾਲ ਹੀ ਵਾਧੂ ਉਪਦੇਸ਼ ਦਿੰਦਿਆਂ ਆਪ ਜੀ ਨੂੰ ਦ੍ਰਿੜ ਕਰਾਇਆ ਗਿਆ ਕਿ ਗੁਰਮੁਖ ਪਿਆਰੇ, ਨਾਮ ਰਸੀਆਂ ਨਾਲ ਪ੍ਰਸਪਰ ਮਿਲ ਕੇ ਭਜਨ ਕਰਨਾ ਹੈ, ਹਰੀ ਦਾ ਕੀਰਤਨ, ਹਰੀ ਦੀ ਕਥਾ ਤੇ ਹਰੀ ਦੀ ਵਿਚਾਰ ਉਨ੍ਹਾਂ ਤੋਂ ਸੁਣਨੀ ਹੈ ਅਤੇ ਉਨ੍ਹਾਂ ਦਾ ਆਦਰ ਹੇਠ ਲਿਖੇ ਗੁਰਵਾਕ ਅਨੁਸਾਰ ਕਰਨਾ ਹੈ –

***ਤੈ ਸਾਹਿਬ ਕੀ ਬਾਤ ਜਿ ਆਖੈ***
***ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ***
***ਵਿਣੁ ਸਿਰ ਸੇਵ ਕਰੀਜੈ॥***

***ਅੰਗ – 558***

ਨਿੰਦਿਆ ਕਦੇ ਭੁੱਲ ਕੇ ਵੀ ਨਹੀਂ ਕਰਨੀ ਅਤੇ ਮਨਮੁਖਾਂ, ਬੇਮੁਖਾਂ, ਆਪ-ਹੁਦਰਿਆਂ, ਫਕੜਾਂ ਦੀ ਸੰਗਤ ਨਹੀਂ ਕਰਨੀ ਜਿਵੇਂ ਕਿ ਪ੍ਰੌੜਤਾ ਕੀਤੀ ਗਈ ਹੈ –

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ***
***ਤਉ ਕਛੁ ਲਾਗੈ ਦਾਗੁ॥***

***ਅੰਗ – 1371***

ਚਾਰ ਗੱਲਾਂ ਦੀ ਖਾਸ ਤੌਰ ਤੇ ਤਾਕੀਦ ਕੀਤੀ ਗਈ। 1. ਹੱਥਾਂ, ਪੈਰਾਂ ਨਾਲ ਚੋਰੀ ਨਹੀਂ ਕਰਨੀ। 2. ਪਰਾਈਆਂ ਇਸਤਰੀਆਂ ਨਾਲ ਪਿਆਰ ਨਹੀਂ ਕਰਨਾ। 3. ਕੰਨਾਂ ਨਾਲ ਨਿੰਦਿਆ ਨਹੀਂ ਸੁਣਨੀ ਅਤੇ ਜੀਭ ਨਾਲ ਨਿੰਦਿਆ ਨਹੀਂ ਕਰਨੀ। 4. ਅੱਖਾਂ ਨਾਲ ਪਰਾਇਆ ਧਨ ਦੇਖ ਕੇ ਨਹੀਂ ਲੁਭਾਉਣਾ। ਆਪ ਜੀ ਨੇ ਅੰਮ੍ਰਿਤ ਛਕਣ ਤੋਂ ਬਾਦ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦੀ ਅਤੁੱਟ ਸੇਵਾ ਕਰਨੀ ਸ਼ੁਰੂ ਕਰ ਦਿਤੀ ਜੋ ਪੂਰਨ ਗੁਰਸਿੱਖ ਰਹਿਤ ਮਰਿਆਦਾ ਵਾਲੇ ਸਨ। ਆਪ ਜੀ ਨੇ ਇਕ ਵਾਰੀ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਕ੍ਰਿਪਾ ਕਰਕੇ ਮੈਨੂੰ ਬੇਗਮਪੁਰਾ ਸ਼ਹਿਰ ਦੇ ਵਾਸੀ ਬਣਨ ਦੀ ਜੁਗਤ ਦੱਸ ਦੇਵੋ। ਬਾਬਾ ਜੀ, ਜੋ ਆਪ ਦੀ ਸੇਵਾ ਤੋਂ ਪਹਿਲਾਂ ਹੀ ਬਹੁਤ ਪ੍ਰਸੰਨ ਸਨ, ਨੇ ਸਮਝਾਇਆ ਕਿ ਗੁਰਮੰਤ੍ਰ ਦੇ ਆਸਰੇ ਹੀ ਪਉੜੀ-ਦਰ-ਪਉੜੀ ਸੁਰਤਿ, ਸ਼ਬਦ ਵਿਚ ਲਿਵਲੀਨ ਕਰੀਦੀ ਹੈ। ਸੁਰਤਿ, ਸ਼ਬਦ ਦੇ ਨਾਲ ਜੁੜ ਕੇ ਮੰਜ਼ਿਲ-ਦਰ-ਮੰਜ਼ਿਲ ਚੜ੍ਹਾਈ

ਕਰਦੀ ਹੈ। ਚਾਰ ਤਰ੍ਹਾਂ ਨਾਲ ਨਾਮ ਜਪੀਦਾ ਹੈ - ਪਹਿਲਾਂ ਬੈਖਰੀ ਬਾਣੀ, ਰਸਨਾ ਦੁਆਰਾ; ਦੂਜਾ ਮਧਮਾ ਬਾਣੀ - ਜੀਭ ਦੀ ਟੀਸੀ ਹਿੱਲੇ, ਮੂੰਹ ਨਾ ਹਿੱਲਣਾ; ਤੀਸਰਾ ਪਸੰਤੀ ਬਾਣੀ ਸ੍ਵਾਸ ਦੁਆਰਾ - ਅੰਦਰ ਨੂੰ ਸ੍ਵਾਸ ਜਾਂਦਾ ਹੈ, ਅੱਧਾ ਹਿੱਸਾ ਗੁਰਮੰਤ੍ਰ ਦਾ ਅੰਦਰ ਲੈਣਾ ਹੈ ਅਤੇ ਅੱਧਾ ਹਿੱਸਾ ਸਾਹ ਨਾਲ ਬਾਹਰ ਕੱਢਣਾ ਹੈ। ਸ੍ਵਾਸ ਦੇ ਨਾਲ ਸੁਰਤਿ ਜਗਾ ਕੇ ਰਖਣੀ। ਸਭ ਤੋਂ ਜ਼ਰੂਰੀ ਗੱਲ ਜੋ ਉਨ੍ਹਾਂ ਨੇ ਦੱਸੀ ਕਿ ਵਾਹਿਗੁਰੂ ਜੀ ਹਰ ਥਾਂ, ਹਰ ਸਮੇਂ, ਹਰ ਘਟ ਵਿਚ ਪਰਿਪੂਰਨ ਹਨ। ਉਨ੍ਹਾਂ ਦਾ ਪ੍ਰਤੀਬਿੰਬ ਹਰ ਘਟ ਵਿਚ ਇਸ ਤਰ੍ਹਾਂ ਪੈਂਦਾ ਹੈ ਜਿਵੇਂ ਕ੍ਰੋੜਾਂ ਪਾਣੀ ਦੇ ਭਰੇ ਬਰਤਨਾਂ ਵਿਚ ਸੂਰਜ ਤੇ ਚੰਦਰਮਾ ਦਾ ਪਰਛਾਵਾਂ ਹਰੇਕ ਵਿਚ ਪ੍ਰਤੀਬਿੰਬਤ ਹੁੰਦਾ ਹੈ। ਉਸਨੂੰ ਹਾਜ਼ਰ-ਨਾਜ਼ਰ ਜਾਣ ਕੇ ਪਿਆਰ ਕਰਨਾ ਹੈ। ਨਾਮ ਜਪਦੇ ਉਸ ਪ੍ਰੇਮ ਜੋਤ ਦਾ ਧਿਆਨ ਹਿਰਦੇ ਵਿਚ ਜਗਾਉਣਾ ਹੈ ਅਤੇ ਨਾਲ ਹੀ ***'ਗੁਰ ਕੀ ਮੂਰਤਿ ਮਨ ਮਹਿ ਧਿਆਨੁ'*** ਦੇ ਸਾਰੇ ਭੇਦ ਸਮਝਾ ਦਿਤੇ।

ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦਾ ਦੱਸਿਆ ਬੇਗਮਪੁਰੇ ਸ਼ਹਿਰ ਦਾ ਦਰਸ਼ਨ ਅਤੇ ਬਚਨ ਬਿਲਾਸਾਂ ਨੇ ਸੰਤ ਜੀ ਦੇ ਮਨ ਵਿਚ ਅਥਾਹ ਖਿੱਚ ਪੈਦਾ ਕਰ ਦਿਤੀ। ਉਸ ਵੇਲੇ ਆਪ ਜੀ ਦੀ ਉਮਰ ਪੂਰੇ ੨੨ ਸਾਲ ਦੀ ਸੀ। ਛੇ ਫੁੱਟ, ਗੋਰਾ ਸਡੌਲ ਸਰੀਰ, ਮੁੱਛ ਫੁੱਟ ਰਹੀ ਵਾਲਾ ਆਪ ਦਾ ਵਜੂਦ ਹਰ ਦੇਖਣ ਵਾਲੇ ਦੇ ਅੰਦਰ ਜਾਣੇ-ਅਣਜਾਣੇ ਖਿੱਚ ਪੈਦਾ ਕਰ ਦਿੰਦਾ ਸੀ। ਆਪ ਜੀ ਦੇ ਵੈਰਾਗ ਰੱਤੇ ਨੇਤਰ ਮੈਗਨੇਟ ਤੋਂ ਵੀ ਜ਼ਿਆਦਾ ਖਿੱਚ ਪਾਉਂਦੇ ਸਨ, ਦੇਖਦੇ ਸਾਰ ਧੂਹ ਪੈ ਜਾਂਦੀ ਸੀ। ਆਪ ਜੀ ਦੇ ਅੰਦਰ ਵੈਰਾਗ ਅਤੇ ਪ੍ਰੇਮ ਦਾ ਸਮੁੰਦਰ ਮਨ ਵਿਚੋਂ ਠਾਠਾਂ ਮਾਰ ਰਿਹਾ ਸੀ ਅਤੇ ਆਪ ਸਦਾ ਹੀ ਲੋਚਦੇ ਸਨ ਕਿ ਉਹ ਕਿਹੜਾ ਵੇਲਾ ਹੋਵੇ ਜਦੋਂ ਮੈਂ ਹਜ਼ੂਰ ਸਾਹਿਬ ਪਹੁੰਚ ਕੇ ਉਸ ਪਾਵਨ ਪਵਿੱਤਰ ਭੂਮੀ ਦੀ ਚਰਨ ਧੂੜ ਨਾਲ ਆਪਣਾ ਮਸਤਕ ਲਾਵਾਂ ਜਿਥੇ ਮੇਰੇ ਪਿਆਰੇ ਪ੍ਰੀਤਮ ਜੀ ਨੇ ਆਪਣਾ ਅੰਤਲਾ ਸਫਰ ਸਰੀਰਕ ਤੌਰ ਕੇ ਸਮਾਪਤ ਕੀਤਾ ਸੀ।

ਆਪ ਜੀ ਡੇਰਾ ਗਾਜ਼ੀ ਖਾਂ, ਉਸ ਵੇਲੇ ਦੇ ਸਰਹੱਦੀ ਸੂਬੇ ਤੋਂ ਹਜ਼ੂਰ ਸਾਹਿਬ ਨੂੰ ਪੈਦਲ ਚਲ ਪਏ ਅਤੇ ਸੱਜੇ ਤੇ ਖੱਬੇ ਪੈਰ ਨਾਲ ਗੁਰਮੰਤ੍ਰ ਦਾ ਜਾਪ ਜਪਦੇ, ਬਿਨਾਂ ਕਿਸੇ ਥਕੇਵੇਂ-ਅਕੇਵੇਂ ਤੋਂ ਸੌ-ਸੌ ਮੀਲ ਦਾ ਸਫਰ ਕਰ ਲੈਂਦੇ। ਆਪ ਫੁਰਮਾਇਆ ਕਰਦੇ ਸਨ ਕਿ ਜੇ ਸੁਰਤਿ ਪੈਰਾਂ ਦੀ ਚਾਲ ਨਾਲ ਜੋੜ ਕੇ ਸ਼ਬਦ ਦਾ ਜਾਪ ਕੀਤਾ ਜਾਵੇ ਤਾਂ ਸ਼ਬਦ ਐਨਰਜੀ ਦੇ ਵਿਚੋਂ ਐਨੀ ਸ਼ਕਤੀ ਆ ਜਾਂਦੀ ਹੈ ਕਿ ਸੌ ਕੋਹ ਨੱਸਿਆਂ ਵੀ ਆਦਮੀ ਥੱਕਦਾ ਨਹੀਂ। ਇਹੋ ਸ਼ਬਦ ਦੀ ਸ਼ਕਤੀ ਸੀ ਜਿਸਨੂੰ ਵਰਤ ਕੇ ਅਤਿ ਸੰਤਾਪ ਦੇ ਸਮੇਂ ਅਸਾਡੇ ਬਜ਼ੁਰਗ ਸੂਰਮੇ, ਜੰਗਾਂ ਜੁੱਧਾਂ ਦੇ ਵਿਚ ਆਪਣੇ ਜੌਹਰ ਦਿਖਾਉਂਦੇ ਰਹੇ। ਸ਼ਬਦ ਐਨਰਜੀ ਨੂੰ ਅੱਜ ਦੇ ਪੜ੍ਹੇ ਲਿਖੇ ਬੁਧੀਜੀਵੀ, ਪ੍ਰਚਾਰਕ, ਕੀਰਤਨੀਏ, ਕਥਾਕਾਰ, ਢਾਡੀ, ਰਾਗੀ ਬਿਲਕੁਲ ਹੀ ਭੁੱਲ ਚੁਕੇ ਹਨ। ਛੋਟਾ ਜਿਹਾ ਪ੍ਰੋਗਰਾਮ ਕਰਨ ਤੋਂ ਪਿਛੋਂ ਦਿਮਾਗ ਥੱਕ ਜਾਂਦੇ ਹਨ ਅਤੇ ਥੱਕੇ ਹੋਏ ਆਲ-ਮਾਲ ਹੋ ਜਾਂਦੇ ਹਨ ਪਰ ਪਹਿਲੇ ਮਹਾਂਪੁਰਸ਼ ਨਾਮ ਦੇ ਬੱਲ ਨਾਲ ਇਕੋ ਚੌਂਕੜੇ ਵਿਚ ਪੂਰਾ ਅਖੰਡਪਾਠ ਕਰ ਦਿਆ ਕਰਦੇ ਸਨ।

ਐਸੀ ਇਕ ਹਸਤੀ ਬਾਰੇ ਮੈਨੂੰ ਪਤਾ ਹੈ ਕਿ ਮਹਿਮਾ ਸਿੰਘ ਵਾਲੇ (ਜ਼ਿਲਾ ਲੁਧਿਆਣਾ) ਦੇ ਇਕ ਗੁਰਮੁਖ ਪਿਆਰੇ, ਜਿਨ੍ਹਾਂ ਦਾ ਨਾਮ ਬਾਬਾ ਕਿਸ਼ਨ ਸਿੰਘ ਜੀ ਲੋਹਗੜ੍ਹੀਆ ਸੀ, ਉਨ੍ਹਾਂ ਨੇ ਆਪਣੇ ਜੀਵਨ ਵਿਚ ਇਕ ਹਜ਼ਾਰ ਅਖੰਡਪਾਠ ਵਾਰੀ-ਵਾਰੀ ਇਕੋ ਚੌਂਕੜੇ ਵਿਚ ਕੀਤੇ ਸਨ। ਉਹ 25 ਰੁਪਈਏ ਭੇਟਾ ਲਿਆ ਕਰਦੇ ਸਨ। ਉਨ੍ਹਾਂ ਨੇ ਭੈਣੀ ਸਾਹਿਬ 25,000 ਰੁਪਿਆ ਲੰਗਰ ਲਈ ਜਮ੍ਹਾਂ ਕਰਾਇਆ ਸੀ। ਉਨ੍ਹਾਂ ਦੀ ਅਵਸਥਾ ਇਥੇ ਤਕ ਉਚੀ ਹੋ ਗਈ ਸੀ ਕਿ ਇਕ ਕਦਮ ਚੁਕ ਕੇ ਸੈਂਕੜੇ ਮੀਲ ਤੇ ਦੂਜਾ ਕਦਮ ਰਖਦੇ ਸਨ। ਇਸੇ ਤਰ੍ਹਾਂ ਦੇ ਨਾਲ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਬਾਰੇ ਪ੍ਰਚਲਿਤ ਹੈ ਕਿ ਆਪ ਸ਼ਬਦ ਦੀ ਸਵਾਰੀ ਕਰਦੇ ਇਕੋ ਕਦਮ ਨਾਲ 40-50 ਮੀਲ ਦੂਰ ਚਲੇ ਜਾਇਆ ਕਰਦੇ ਸਨ।

ਇਕ ਹੋਰ ਮਹਾਤਮਾ ਕਪੂਰਥਲੇ ਨੇੜੇ, ਜਿਨ੍ਹਾਂ ਦਾ ਨਾਮ ਹਰਨਾਮ ਸਿੰਘ ਜੀ ਸੀ, ਉਹ ਵੀ ਸ਼ਬਦ ਦੀ ਸਵਾਰੀ ਕਰਿਆ ਕਰਦੇ ਸਨ।

ਭਾਈ ਪਾਰੋ ਜੀ ਗੁਰੂ ਅੰਗਦ ਸਾਹਿਬ ਵੇਲੇ ਹੋਏ ਹਨ। ਆਪ ਗੁਰੂ ਅਮਰਦਾਸ ਜੀ ਦੇ ਦਰਸ਼ਨ

ਕਰਨ ਲਈ ਹਰ ਰੋਜ਼ ਜਾਇਆ ਕਰਦੇ ਸਨ। ਇਕ ਦਿਨ ਬਿਆਸਾ ਦਰਿਆ ਵਿਚ ਬਹੁਤ ਤੇਜ਼ ਹੜ੍ਹ ਆਇਆ ਹੋਇਆ ਸੀ ਤਾਂ ਆਪ ਹਰ ਰੋਜ਼ ਦੀ ਤਰ੍ਹਾਂ ਆਪਣੇ ਘੋੜੇ ਤੇ ਸਵਾਰ ਹੋਏ ਪਾਣੀ ਦੇ ਉਪਰੋਂ ਐਉਂ ਲੰਘ ਗਏ ਜਿਵੇਂ ਘੋੜਾ ਧਰਤੀ ਦੇ ਉਤੇ ਲੰਘਦਾ ਹੈ, ਘੋੜੇ ਦੇ ਖੁਰ ਵੀ ਪਾਣੀ ਵਿਚ ਨਹੀਂ ਭਿੱਜੇ ਸਨ। ਇਹ ਸਾਰਾ ਖੇਲ੍ਹ ਸ਼ਬਦ ਐਨਰਜੀ ਦੀ ਸੁਤਹ ਹੀ ਆਪ-ਮੁਹਾਰੀ ਵਰਤ ਰਹੀ ਸ਼ਕਤੀ ਹੋਇਆ ਕਰਦੀ ਹੈ।

ਸੋ ਸੰਤ, ਲੰਮਾ ਅਤੇ ਬਹੁਤ ਬਿਖੜਾ ਸਫਰ ਕਰਕੇ ਹਜ਼ੂਰ ਸਾਹਿਬ ਪਹੁੰਚ ਕੇ, ਜਿਸ ਥਾਂ ਤੇ ਆਪ ਨੇ ਬਹੁਤ ਹੀ ਕਠਿਨ ਤਪ ਕਰਨਾ ਸ਼ੁਰੂ ਕਰ ਦਿਤਾ; ਆਪ ਦੇ ਸਿਰ ਤੇ ਇਕ ਛੋਟੀ ਦਸਤਾਰ, ਤੇੜ ਕਛਹਿਰਾ, ਮੋਢੇ ਤੇ ਦੋ ਹੱਥ ਦਾ ਇਕ ਪਰਨਾ ਹੁੰਦਾ ਸੀ, ਦਿਨ ਰਾਤ ਸ਼ਬਦ ਦੇ ਅਭਿਆਸ ਵਿਚ ਲਗੇ ਰਹਿੰਦੇ ਸਨ, ਇਸ ਥਾਂ ਉਪਰ ਆਪ ਜੀ ਨੇ ਪਹਿਲਾਂ ਇਕ ਮਹੀਨਾ ਗੁਪਤ ਰਹਿ ਕੇ ਹੋਰ ਤਪ ਸ਼ੁਰੂ ਕਰ ਦਿਤਾ। ਫੇਰ ਆਪ ਜੀ ਨੇ ਨਗੀਨਾ ਘਾਟ ਤੇ ਰਹਿ ਕੇ ਇਕ ਸਾਲ ਸੱਤ ਮਹੀਨੇ ਅੱਠੇ ਪਹਿਰ, ਚੌਂਸਠ ਘੜੀ ਨਾਮ ਬਾਣੀ ਦਾ ਅਭਿਆਸ ਕਰਦਿਆਂ ਲੰਘਾ ਦਿਤੇ। ਆਪ ਡੇਢ-ਡੇਢ ਫੁੱਟ ਜਲ ਵਿਚ ਸੁਭਾਵਿਕ ਹੀ ਬੈਠ ਜਾਇਆ ਕਰਦੇ ਸਨ। ਕਈ-ਕਈ ਦਿਨ ਲੰਘ ਜਾਣੇ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣੇ ਸਿੰਘਾਂ ਨੂੰ ਪ੍ਰੇਰ ਕੇ ਪ੍ਰਸ਼ਾਦਾ ਪਹੁੰਚਾ ਦਿਆ ਕਰਨਾ। ਇਸ ਕਿਸਮ ਦੀਆਂ ਹਜ਼ੂਰ ਸਾਹਿਬ ਬਹੁਤ ਸਾਖੀਆਂ ਹੋਈਆਂ।

ਇਕ ਵਾਰੀ ਬੰਦਗੀ ਕਰਦਿਆਂ-ਕਰਦਿਆਂ ਐਸਾ ਫੁਰਨਾ ਆਇਆ ਕਿ ਭਜਨ ਕਰਦਿਆਂ ਪਾਣੀ ਵਿਚ ਹੀ ਸਰੀਰ ਛੱਡ ਦੇਣਾ ਹੈ ਪਰ ਜਦੋਂ ਪਾਣੀ ਵਧਿਆ ਤਾਂ ਕਿਸੇ ਅਛੋਪਲੇ ਹੱਥ ਨੇ ਚੁਕ ਕੇ ਪਾਣੀ ਵਿਚੋਂ ਬਾਹਰ ਕੱਢ ਦਿਤਾ ਅਤੇ ਨਾਲ ਹੀ ਆਵਾਜ਼ ਆਈ ਕਿ ਸਿੱਖਾ! ਤੇਰੇ ਸਰੀਰ ਤੋਂ ਅਸੀਂ ਬਹੁਤ ਕੰਮ ਲੈਣੇ ਹਨ, ਤੂੰ ਪੰਜਾਬ ਜਾ ਕੇ ਸਿੱਖਾਂ ਵਿਚ ਅੰਮ੍ਰਿਤ ਦੀ ਦਾਤ ਵੰਡਣੀ ਹੈ। ਸੰਤ ਜੀ ਮਹਾਰਾਜ ਦਾ ਨਿਤਨੇਮ ਚੌਦਾਂ ਘੰਟੇ ਹਰ ਰੋਜ਼ ਦਾ ਸੀ। ਆਪ ਜੀ ਨੇ ਹਜ਼ੂਰ ਸਾਹਿਬ ਇਕ ਲੱਖ 25 ਹਜ਼ਾਰ 'ਜਪੁਜੀ ਸਾਹਿਬ' ਦਾ ਪਾਠ ਕੀਤਾ। 172 ਪਾਠ ਹਰ ਰੋਜ਼ ਕਰਿਆ ਕਰਦੇ ਸਨ। ਹਜ਼ੂਰ ਸਾਹਿਬ ਤੋਂ ਆਪ ਨੇ ਵਾਪਸ ਪੰਜਾਬ ਵਲ ਨੂੰ ਮੋੜੇ ਪਾਏ। ਪੈਦਲ ਹੀ ਚਲੇ ਆ ਰਹੇ ਸਨ, ਆਪ ਜੀ ਦੇ ਨਾਲ ਭਾਈ ਭਗਤ ਸਿੰਘ ਜੀ, ਜੋ ਆਪ ਦੇ ਪ੍ਰੇਮ ਕਰਕੇ ਆਪ ਦੇ ਨਾਲ ਹੀ ਰਹਿੰਦੇ ਸਨ, ਉਹ ਭੀ ਆ ਰਹੇ ਸਨ। ਇਕ ਦਿਨ ਘਣੇ ਜੰਗਲਾਂ ਵਿਚੋਂ ਲੰਘ ਰਹੇ ਸਨ ਤਾਂ ਭਗਤ ਸਿੰਘ ਨੇ ਦੇਖਿਆ ਕਿ ਸਾਮ੍ਹਣੇ ਸੜਕ ਤੇ ਇਕ ਸ਼ੇਰ ਖੜ੍ਹਾ ਹੈ। ਸੰਤ ਜੀ ਅੱਗੇ ਤੁਰੇ ਜਾ ਰਹੇ ਸਨ। ਭਗਤ ਸਿੰਘ ਰੁਕ ਗਿਆ, ਉਸ ਨੇ ਦੇਖਿਆ ਕਿ ਸੰਤ ਜੀ ਸ਼ੇਰ ਦੇ ਬਿਲਕੁਲ ਨੇੜੇ ਜਾ ਚੁਕੇ ਹਨ। ਸ਼ੇਰ ਨੇ ਉਨ੍ਹਾਂ ਨੂੰ ਸੁੰਘਿਆ, ਪੂੰਛ ਹਿਲਾਈ ਅਤੇ ਜੰਗਲ ਵਿਚ ਛਾਲ ਮਾਰ ਕੇ ਅਲੋਪ ਹੋ ਗਿਆ। ਜਦੋਂ ਭਗਤ ਸਿੰਘ ਜੀ ਨੇ ਇਸ ਘਟਨਾ ਬਾਰੇ ਜ਼ਿਕਰ ਕੀਤਾ ਤਾਂ ਆਪ ਨੇ ਕਿਹਾ ਕਿ ਭਗਤ ਸਿੰਘਾ! ਅੱਜ ਅੰਤਰਜਾਮੀ ਦਰਸ਼ਨ ਦੇਣ ਆਏ ਸਨ। ਭਗਤ ਸਿੰਘਾ! ਹੁਣ ਇਨ੍ਹਾਂ ਅੱਖਾਂ ਨੂੰ ਸ਼ੇਰ ਦਿਖਣ ਤੋਂ ਹਟ ਗਿਆ ਹੈ; ਜੇ ਕੁਝ ਦਿਸਦਾ ਹੈ ਤਾਂ ਕੇਵਲ ਗੁਰੂ ਨਾਨਕ ਹੀ ਨਜ਼ਰ ਆਉਂਦਾ ਹੈ।

ਸੋ ਐਸੀ ਅਵਸਥਾ ਵਿਚ ਆਪ ਵੈਰਾਗ ਦੀ ਰੰਗਣ ਵਿਚ ਰੰਗੇ ਹੋਏ ਰਿਸ਼ੀਕੇਸ਼ ਇਕ ਚਸ਼ਮੇ ਦੇ ਕਿਨਾਰੇ, ਜਿਥੇ ਰਾਤ ਦੇ ਸਮੇਂ ਸ਼ੇਰ, ਚੀਤੇ, ਜੰਗਲੀ ਜਾਨਵਰ ਆਦਿ ਪਾਣੀ ਪੀਣ ਆਇਆ ਕਰਦੇ ਸਨ, ਬੈਠ ਗਏ। ਇਸ ਥਾਂ ਵੀ ਇਕ ਸਾਲ ਘੋਰ ਤਪ ਕਰਦੇ ਰਹੇ। ਆਪ ਜੀ ਦੇ ਜੀਵਨ ਵਿਚ 'ਭਾਰੀ ਕਰੀ ਤਪਸਿਆ' ਦੇ ਪ੍ਰੇਰਨਾਦਾਇਕ ਵੇਰਵੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਜਗਿਆਸੂ ਦੇ ਮਨ ਵਿਚ ਨਾਮ ਜਪਣ ਦਾ ਉਤਸ਼ਾਹ ਜਾਗਦਾ ਹੈ ਅਤੇ ਇਕ ਪਛਤਾਵਾ ਵੀ ਪੈਦਾ ਹੁੰਦਾ ਹੈ ਕਿ ਅਸਾਡੇ ਜੀਵਨ ਐਵੇਂ ਹੀ ਲੰਘ ਗਏ, ਮਾਨਸ ਜੀਵਨ ਤੋਂ ਲਾਭ ਨਹੀਂ ਉਠਾ ਸਕੇ।

ਆਪ ਜੀ ਨੇ ਫੌਜ ਵਿਚੋਂ ਆਪਣਾ ਨਾਮ ਕਟਾ ਲਿਆ ਅਤੇ ਸੁਤੰਤਰ ਹੋ ਕੇ ਆਪ ਜੀ ਰਾਵਲਪਿੰਡੀ ਵਲ ਨੂੰ ਚਲੇ ਗਏ। ਕਲਰ-ਚੂਹਾ ਖਾਲਸਾ ਪਹੁੰਚ ਕੇ ਆਪ ਨੇ ਇਕ ਪਲ੍ਹਾਈਆਂ ਦੀ ਬਣੀ ਝੁੰਗੀ ਦੇਖੀ ਜਿਥੇ ਬੈਠ ਕੇ ਆਪ ਨੇ ਤਪ ਅਰੰਭਿਆ ਅਤੇ ਇਸੇ ਥਾਂ ਮਾਈ ਭਾਗ ਭਰੀ ਤੇ ਭਾਈ ਵਜ਼ੀਰ ਸਿੰਘ ਜੀ ਆਪ ਦੀ ਸੇਵਾ ਵਿਚ

ਜੁਟ ਗਏ। ਆਪ ਜੀ ਨੇ ਇਨ੍ਹਾਂ ਪਲ੍ਹਾਈਆਂ ਵਿਚ ਬਹੁਤ ਘੋਰ ਤਪ ਕੀਤਾ। ਬਹੁਤ ਹੀ ਅਲੌਕਿਕ ਪ੍ਰਸੰਗ ਇਸ ਥਾਂ ਦੇ ਉਤੇ ਹੋਏ। ਪਹਿਲੀ ਵਾਰੀ ਆਪ 41 ਦਿਨ ਨਿਰ-ਅਹਾਰ ਰਹਿ ਕੇ ਸਮਾਧੀ ਸਥਿਤ ਰਹੇ, ਫੇਰ ਦੂਜੀ ਵਾਰੀ ਛੇ ਮਹੀਨੇ ਅਤੇ ਤੀਸਰੀ ਵਾਰੀ ਇਕ ਸਾਲ ਇਕਾਂਤ ਨਿਵਾਸ ਕਰਕੇ ਪਰਮ ਜੋਤ ਵਾਹਿਗੁਰੂ ਜੀ ਨੂੰ ਸ਼ਾਖਸ਼ਾਤ ਕਰਕੇ ਉਨ੍ਹਾਂ ਦਾ ਰੂਪ ਹੀ ਬਣ ਗਏ। ਬਹੁਤ ਸਖਤ ਜੱਦੋ-ਜਹਿਦ ਤੇ ਵੈਰਾਗ ਭਰੀ ਅਵਸਥਾ ਦੇ ਨਾਲ ਆਪ ਜੀ ਦੋਇ ਤੋਂ ਇਕ ਰੂਪ ਹੋ ਗਏ। ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਹੱਥ ਬੰਨ੍ਹੀਂ ਆਪ ਦੇ ਪਿਛੇ ਸੇਵਾ ਲਈ ਬੇਨਤੀਆਂ ਕਰ ਰਹੀਆਂ ਸਨ ਪਰ ਆਪ ਜੀ ਉਨ੍ਹਾਂ ਵਲ ਅੱਖ ਚੁਕ ਕੇ ਵੀ ਨਹੀਂ ਸੀ ਦੇਖਦੇ। ਇਸ ਤਰ੍ਹਾਂ ਦੇ ਨਾਲ ਘੋਰ ਤਪੱਸਿਆ ਕਰਕੇ ਵਾਹਿਗੁਰੂ ਜੀ ਨਾਲ ਬਣ ਆਈ। ਫਿਰ ਆਪ ਨੂੰ ਹੁਕਮ ਹੋਇਆ ਕਿ ਨਾਮ ਦਾ ਪਿਆਲਾ ਜੋ ਗੁਰੂ ਨਾਨਕ ਪਾਤਸ਼ਾਹ ਧੁਰ ਦਰਗਾਹ ਤੋਂ ਲੈ ਕੇ ਆਏ ਹੋਏ ਸਨ, ਨੂੰ ਅੰਧਕਾਰ ਵਿਚ ਖਪਦੀ ਜਨਤਾ ਵਿਚ ਵੰਡੋ। ਆਪ ਜੀ ਦਾ ਜੀਵਨ ਵਿਸਥਾਰ ਬਹੁਤ ਉਤਮ ਅਤੇ ਪ੍ਰੇਰਨਾਦਾਇਕ ਹੈ। ਅੱਜ ਵੀ ਇਨ੍ਹਾਂ ਦਾ ਨਾਮ ਲੈ ਕੇ ਜਗਿਆਸੂਆਂ ਦੇ ਅੰਦਰ ਵਾਹਿਗੁਰੂ ਦਾ ਪਿਆਰ ਠਾਠਾਂ ਮਾਰਨ ਲਗ ਜਾਂਦਾ ਹੈ। ਆਪ ਜੀ ਨੇ ਜੋ ਗੁਰਸਿੱਖੀ ਦੀ ਸੇਵਾ ਆਪਣੇ ਜੀਵਨ ਵਿਚ ਨਿਭਾਈ, ਉਹ ਬਹੁਤ ਹੀ ਮਹੱਤਵਪੂਰਨ ਅਤੇ ਨਾ ਭੁੱਲਣ ਵਾਲੀ ਹੈ। ਹਰ ਪੱਖ ਤੋਂ ਆਪ ਜੀ ਪੂਰਨ ਸਨ। ਰਾਜੇ, ਮਹਾਰਾਜੇ ਆਪ ਦੀ ਦਹਿਲੀਜ਼ ਤੇ ਮਸਤਕ ਨਿਵਾਉਂਦੇ ਸਨ ਆਪ ਜੀ ਨੇ ਉਨ੍ਹਾਂ ਨੂੰ ਵੀ ਸੁਮੱਤ ਦਿਤੀ, ਅੰਮ੍ਰਿਤ ਛਕਾਏ ਅਤੇ ਪਤਿਤ ਜੀਵਨ ਵਿਚੋਂ ਕੱਢ ਕੇ ਗੁਰੂ ਦੇ ਲੜ ਲਾਏ। ਵਿਦਿਅਕ ਖੇਤਰ ਵਿਚ ਆਪ ਜੀ ਨੇ ਸ੍ਰੀ ਮਸਤੂਆਣੇ ਜੀ ਦਾ ਮਸ਼ਹੂਰ ਕਾਲਜ ਸਥਾਪਤ ਕੀਤਾ। ਦਮਦਮਾ ਸਾਹਿਬ ਪੰਜਵੇਂ ਤਖਤ ਦੀ ਆਪ ਜੀ ਨੇ ਭਰਪੂਰ ਸੇਵਾ ਕੀਤੀ ਅਤੇ ਪੰਜਾਬ ਦਾ ਕੋਈ ਪਿੰਡ ਹੀ ਬਚਿਆ ਹੋਣਾ ਹੈ ਜਿਥੇ ਆਪ ਜੀ ਦੇ ਚਰਨ ਨਾ ਪਏ ਹੋਣ। ਸਿੱਖੀ ਘੂਕ ਨੀਂਦ ਸੌਂ ਗਈ ਸੀ, ਆਪ ਜੀ ਨੇ ਅੰਮ੍ਰਿਤ ਦੇ ਛਿੱਟੇ ਦੇ ਕੇ ਜਗਾਈ। ਆਪ ਜੀ ਦੇ ਜੀਵਨ ਨਾਲ ਸਬੰਧ ਰੱਖਣ ਵਾਲੀਆਂ ਅਣਗਿਣਤ ਸਾਖੀਆਂ ਹਨ ਜਿਸ ਦਾ ਜ਼ਿਕਰ ਇਸ ਛੋਟੇ ਲੇਖ ਵਿਚ ਨਹੀਂ ਕੀਤਾ ਜਾ ਸਕਦਾ। ਸਮੁੱਚੀ ਵਿਚਾਰ ਇਸ ਤਰ੍ਹਾਂ ਹੈ ਕਿ ਆਪ ਜੀ ਨੂੰ ਧੁਰ ਦਰਗਾਹ ਤੋਂ ਥਾਪ ਕੇ ਭੇਜਿਆ ਗਿਆ। ਆਪ ਜੀ ਨੇ ਆਪਣਾ ਕਾਰਜ, ਨਿਪੁੰਨਤਾ ਸਹਿਤ ਸਿਰੇ ਚਾੜ੍ਹਿਆ ਅਤੇ ਸਿੱਖ ਇਤਿਹਾਸ ਵਿਚ ਆਪ ਜੀ ਇਕ ਅਭੁੱਲ ਯਾਦ ਛੱਡ ਗਏ ਜੋ ਸਮਾਂ ਲੰਘਣ ਦੇ ਨਾਲ ਘਟਣ ਦੀ ਥਾਂ ਵਧਦੀ ਹੀ ਜਾਂਦੀ ਹੈ। ਆਪ ਜੀ ਦਾ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਅਥਾਹ ਪਿਆਰ ਸੀ।

ਸੰਸਾਰ ਤੋਂ ਜਾਣ ਸਮੇਂ ਦੋਨੋਂ ਮਹਾਂਪੁਰਸ਼ ਕੁਝ ਦਿਨਾਂ ਦੇ ਫਰਕ ਨਾਲ ਆਪਣਾ ਪੰਜ ਭੂਤਕ ਸਰੀਰ 1927 ਵਿਚ 9 ਮਾਘ ਅਤੇ 19 ਮਾਘ ਵਾਲੇ ਦਿਨ ਛੱਡ ਕੇ ਪਰਮ ਜੋਤ ਵਿਚ ਲੀਨ ਹੋ ਗਏ ਜਿਵੇਂ ਕਿ ਫੁਰਮਾਨ ਹੈ -

***ਸੂਰਜ ਕਿਰਣਿ ਮਿਲੇ***
***ਜਲ ਕਾ ਜਲੁ ਹੂਆ ਰਾਮ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥***

***ਅੰਗ - 846***

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮੁ॥***
***ਨਾਨਕ ਪ੍ਰਭ ਕੈ ਸਦ ਕੁਰਬਾਨ॥***

***ਅੰਗ - 278***

ਉਨ੍ਹਾਂ ਦੀ ਅਭੁੱਲ ਯਾਦ, ਸਮਾਂ ਲੰਘਣ ਨਾਲ ਘਟਣ ਦੀ ਥਾਂ ਵਧਦੀ ਹੀ ਜਾਂਦੀ ਹੈ, ਵਾਹਿਗੁਰੂ ਜੀ ਸਾਨੂੰ ਵੀ ਸੁਮੱਤ ਦੇਣ ਕਿ ਅਸੀਂ ਮਹਾਂਪੁਰਖਾਂ ਦੇ ਪਾਏ ਹੋਏ ਪੂਰਨਿਆਂ ਤੇ ਚਲ ਕੇ ਵਾਹਿਗੁਰੂ ਜੀ ਦੇ ਸੰਸਾਰ ਦੀ ਕੁਝ ਸੇਵਾ ਕਰ ਜਾਈਏ।

# ਕਲਜੁਗ ਵਿਚ ਸਤਿਜੁਗ ਦੇ ਨੂਰੀ ਮਹਾਂਪੁਰਸ਼
# ਬਾਬਾ ਰਾਮ ਸਿੰਘ ਜੀ

ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਸਾਰਾ ਖਾਲਸਾ ਪੰਥ ਬੜੀ ਸਾਵਧਾਨੀ ਨਾਲ ਬੰਦਾ ਬਹਾਦਰ ਦੀ ਜਥੇਦਾਰੀ ਹੇਠ ਬਹੁਤ ਹੀ ਸੁਚੱਜੀ ਜੱਦੋ-ਜਹਿਦ ਕਰਦਾ ਰਿਹਾ ਸੀ ਪਰ ਸਮਾਂ ਪੈਣ ਤੇ ਕੁਝ ਕੁ ਧਾਰਮਿਕ ਸਿਧਾਂਤਾਂ ਕਰਕੇ ਅਤੇ ਕੁਝ ਰਾਜਸੀ ਨੀਤੀਆਂ ਕਰਕੇ ਆਪਸ ਵਿਚ ਵਿਖੇੜ ਆ ਗਿਆ ਅਤੇ ਪੰਥ, ਬੰਦਈ ਖਾਲਸਾ ਅਤੇ ਤੱਤ ਖਾਲਸਾ ਦੇ ਰੂਪ ਵਿਚ ਦੋ ਧੜਿਆਂ ਵਿਚ ਉਭਰ ਕੇ ਸੰਘਰਸ਼ ਜਾਰੀ ਰਖਦਾ ਰਿਹਾ। ਬੰਦਾ ਬਹਾਦਰ ਸ਼ਹੀਦੀ ਪ੍ਰਾਪਤ ਕਰ ਗਿਆ। ਅਣਖੀ ਤੱਤ ਖਾਲਸਾ ਨਾਮ ਬਾਣੀ ਦੇ ਅਧਾਰ ਤੇ ਆਪਣੇ ਉਚ ਆਦਰਸ਼ਾਂ ਨੂੰ ਕਾਇਮ ਰਖਦਾ ਹੋਇਆ ਵਿਚਰਦਾ ਰਿਹਾ। ਖੋਪਰੀਆਂ ਲਾਹੀਆਂ ਗਈਆਂ, ਚਰਖੜੀਆਂ ਤੇ ਚਾੜ੍ਹ ਕੇ ਤੂੰਬਾ-ਤੂੰਬਾ ਉਡਾ ਦਿਤਾ ਗਿਆ, ਬੰਦ-ਬੰਦ ਕੱਟ ਦਿਤੇ ਗਏ, ਰੂੰ ਵਿਚ ਵਲੇਟ ਕੇ ਜਿਉਂਦਿਆਂ ਨੂੰ ਸਾੜਿਆ ਗਿਆ, ਮਾਈਆਂ ਨੂੰ ਭੁੱਖਿਆਂ ਰੱਖ ਕੇ ਅਤੇ ਹੋਰ ਅਨੇਕਾਂ ਕਸ਼ਟ ਦੇ ਕੇ ਪਰਖਿਆ ਗਿਆ, ਬੱਚੇ ਨੇਜ਼ਿਆਂ ਉਪਰ ਟੰਗੇ-ਗਏ, ਪੁਰਜ਼ਾ-ਪੁਰਜ਼ਾ ਕੱਟ ਕੇ ਮਾਵਾਂ ਦੀ ਝੋਲੀ ਵਿਚ ਪਾਏ ਗਏ, ਰਕਤ ਭਿੱਜੀਆਂ ਆਂਦਰਾਂ ਮਾਵਾਂ ਦੇ ਗਲਾਂ ਵਿਚ ਪਾਈਆਂ ਗਈਆਂ ਪਰ ਨਾਮ ਬਾਣੀ, ਸਤਿਗੁਰੂ ਦੇ ਪਿਆਰ ਵਿਚ ਰੱਤੀਆਂ ਇਨ੍ਹਾਂ ਮਾਤਾਵਾਂ ਨੇ ਕਾਂਪ ਨਾ ਖਾਧੀ; ਬਹੁਤ ਹੀ ਬੁਰੇ adverse ਹਾਲਾਤ ਵਿਚ ਡਾਵਾਂਡੋਲ ਨਾ ਹੋਈਆਂ ਅਤੇ ਗੁਰੂ ਦਸ਼ਮੇਸ਼ ਪਿਤਾ ਦੇ ਪਿਆਰ, ਨਾਮ ਦੇ ਰਸ, ਗੁਰਬਾਣੀ ਦੀ ਅਮਿੱਟ ਛਾਪ ਅਧੀਨ ਭੈ ਰਹਿਤ, ਵੈਰ ਰਹਿਤ ਕੇਵਲ ਸਤਿਗੁਰੂ ਦਾ ਭਾਣਾ ਮੰਨਦੀਆਂ ਹੋਈਆਂ ਸੱਚੀ ਦਰਗਾਹ ਵਿਚ ਪ੍ਰਵੇਸ਼ ਕਰ ਗਈਆਂ। ਇਸੇ ਤਰ੍ਹਾਂ ਨਾਲ ਇਹ ਸਮਾਂ ਚਲਦਾ ਰਿਹਾ। ਅਨੇਕਾਂ ਹੀ ਸ਼ਹੀਦੀਆਂ ਦਿਤੀਆਂ ਪਰ ਬੇਦਿਲ ਨਾ ਹੋਏ।

ਉਸ ਸਮੇਂ ਦਾ ਖਾਲਸਾ ਪੂਰਨ ਜੋਤ ਇਸ ਦ੍ਰਿਸ਼ਟਮਾਨ ਸੰਸਾਰ ਵਿਚ ਪ੍ਰਤੱਖ ਦੇਖ ਰਿਹਾ ਸੀ ਅਤੇ ਬਗੈਰ ਵਿਤਕਰੇ ਦੇ ਆਪਾ ਵਾਰ-ਵਾਰ ਕੇ ਸਰਬੱਤ ਦੇ ਭਲੇ ਲਈ ਜੂਝ ਰਿਹਾ ਸੀ। ਜੇ ਨਾਦਰਸ਼ਾਹ ਤੇ ਅਬਦਾਲੀ, ਬੀਬੀਆਂ ਬੱਚਿਆਂ ਨੂੰ ਫੜ ਕੇ ਗਜ਼ਨੀ ਵਿਚ ਟਕੇ-ਟਕੇ ਨੂੰ ਵੇਚਣ ਵਾਸਤੇ ਭਾਰਤ ਦੀ ਅਣਖ ਨੂੰ challenge ਕਰਕੇ ਲਿਜਾ ਰਹੇ ਸਨ ਤਾਂ ਇਨ੍ਹਾਂ ਮਰਜੀਵੜਿਆਂ ਨੇ ਆਪਣੇ ਸੀਸਾਂ ਦੀ ਬਲੀ ਦੇ ਕੇ ਇਨ੍ਹਾਂ ਦੁਖਿਆਰਨਾਂ ਨੂੰ ਹਤਿਆਰਿਆਂ ਦੇ ਚੁੰਗਲ 'ਚੋਂ ਛੁਡਾ ਕੇ ਬਹੁਤ ਇਜ਼ਤ ਨਾਲ ਘਰ-ਘਰ ਪਹੁੰਚਾ ਹੀ ਨਹੀਂ ਦਿਤਾ ਸਗਮਾਂ ਹਿੰਦੂ ਭਾਈਚਾਰੇ ਦੀ ਜੋ ਇਹ ਵਹਿਮ ਭਰੀ ਰੀਤ ਸੀ ਕਿ ਜੇ ਕਿਸੇ ਇਸਲਾਮ ਵਾਲੇ ਦਾ ਹੱਥ ਉਨ੍ਹਾਂ ਦੀਆਂ ਬਹੂ-ਬੇਟੀਆਂ ਨੂੰ ਲਗ ਗਿਆ ਤਾਂ ਉਹ ਸਦਾ ਲਈ ਭਿੱਟੀਆਂ ਗਈਆਂ ਅਤੇ ਹਿੰਦੂ ਸਮਾਜ ਵਿਚੋਂ ਖਾਰਜ ਹੋ ਗਈਆਂ ਅਤੇ ਮੁੜ ਹਿੰਦੂ ਸਮਾਜ ਵਿਚ ਦਾਖਲ ਨਹੀਂ ਹੋ ਸਕਦੀਆਂ। ਇਹ ਜਾਤ ਪਾਤ ਦੇ ਭਰਮਾਂ ਦੀ ਸਿਖਰ ਸੀ। ਇਨਸਾਨ ਨੂੰ ਇਨਸਾਨੀਅਤ ਦੇ ਨਾਤੇ ਨਹੀਂ ਪਛਾਣਿਆ ਜਾਂਦਾ ਸੀ, ਉਸਨੂੰ ਗਹਿਰੀ ਨਜ਼ਰ ਨਾਲ ਆਤਮ ਸ਼ਹਿਜ਼ਾਦਾ ਨਹੀਂ ਮੰਨਿਆ ਜਾਂਦਾ ਸੀ। ਉਨ੍ਹਾਂ ਅਬਲਾਵਾਂ ਦਾ ਕੀ ਕਸੂਰ ਸੀ ਜੋ ਧੱਕੇ ਨਾਲ, ਜ਼ੋਰ ਜ਼ਬਰ ਨਾਲ ਸਭ ਦੇ ਦੇਖਦਿਆਂ ਖੋਹ ਲਈਆਂ ਅਤੇ ਉਨ੍ਹਾਂ ਦੀ ਬੇ-ਪੱਤੀ ਕੀਤੀ ਗਈ। ਉਸ ਸਮੇਂ ਚਾਹੀਦਾ ਤਾਂ ਇਹ ਸੀ ਕਿ ਬੰਦਿਆਂ ਦਾ ਖੂਨ ਖੌਲਦਾ ਤੇ ਆਪਣੀ ਜਾਨ ਦੇ ਕੇ ਇਨ੍ਹਾਂ ਬੇਸਹਾਰਾ ਬੀਬੀਆਂ ਨੂੰ ਇਨ੍ਹਾਂ ਹਤਿਆਰਿਆਂ ਤੋਂ ਛੁਡਾ ਲਿਆ ਜਾਂਦਾ ਪਰ ਇਸ ਦੇ ਵਿਪਰੀਤ ਜੇ ਕਿਸੇ ਨਾ ਕਿਸੇ ਤਰ੍ਹਾਂ ਉਹ ਉਨ੍ਹਾਂ ਤੋਂ ਛੁਟ ਕੇ ਘਰ ਵਾਪਸ ਆ ਜਾਂਦੀਆਂ ਸਨ ਤਾਂ ਪੂਰਾ ਭਾਈਚਾਰਾ ਇਕੱਠਾ ਹੋ ਕੇ ਉਨ੍ਹਾਂ ਨੂੰ ਕੱਢ ਦਿਆ ਕਰਦਾ ਸੀ। ਉਹ ਸਮਾਂ ਐਸਾ ਹੀ ਸੀ, ਆਪਣਾ ਕਸੂਰ ਹੋਣ ਦੇ ਬਾਵਜੂਦ ਸਜ਼ਾ ਉਨ੍ਹਾਂ ਬੇਕਸੂਰ ਬੀਬੀਆਂ ਨੂੰ ਦਿਤੀ ਜਾਂਦੀ ਸੀ ਪਰ ਗੁਰੂ ਦਸ਼ਮੇਸ਼ ਪਿਤਾ ਜੀ

ਦੇ ਸਿਰਲੱਥ ਸੂਰਬੀਰ, ਜਿਨ੍ਹਾਂ ਦਾ ਜੀਵਨ ਨਾਮ ਬਾਣੀ ਦੇ ਆਧਾਰ ਤੇ ਸਾਰਿਆਂ ਲਈ ਸਾਂਝਾ ਸੀ ਅਤੇ ਆਪਣਾ ਕੋਈ ਹਿਤ ਉਨ੍ਹਾਂ ਦੇ ਸਾਮ੍ਹਣੇ ਨਹੀਂ ਸੀ, ਜਦੋਂ ਉਹ ਇਨ੍ਹਾਂ ਬੀਬੀਆਂ ਨੂੰ ਸੈਂਕੜੇ ਕੁਰਬਾਨੀਆਂ ਦੇਣ ਤੋਂ ਬਾਅਦ ਛੁਡਾ ਕੇ ਲਿਆਉਂਦੇ ਸਨ ਤਾਂ ਇਹ ਸਿਰਲੱਥ ਸੂਰਬੀਰ ਉਨ੍ਹਾਂ ਦੇ ਮਾਪਿਆਂ ਨੂੰ, ਭਾਈਚਾਰੇ ਨੂੰ ਸਮਝਾ ਕੇ ਇਨ੍ਹਾਂ ਬੀਬੀਆਂ ਦੇ ਹੱਥੋਂ ਲੰਗਰ ਸਜਵਾ ਕੇ, ਸਾਰੇ ਭਾਈਚਾਰੇ ਨੂੰ ਲੰਗਰ ਛਕਾ ਕੇ ਬੀਬੀਆਂ ਨੂੰ ਪੂਰੀ ਤਰ੍ਹਾਂ ਸੈੱਟ ਕਰਕੇ ਫੇਰ ਆਪਣੇ ਦਲਾਂ ਵਿਚ ਆ ਜਾਇਆ ਕਰਦੇ ਸਨ।

ਇਹ ਸਨ ਉਨ੍ਹਾਂ ਸੂਰਬੀਰਾਂ ਦੇ ਜੀਵਨ ਦੇ ਕਰਿਸ਼ਮੇ ਜਿਹੜੇ ਅੱਜ ਦੇ ਮਨੁੱਖ ਨੂੰ, ਜੋ ਆਪਣੀ ਨਿੱਜੀ ਟੇਕ ਲਾ ਕੇ ਜਿਉਂਦਾ ਹੈ, ਹੈਰਾਨ ਕਰ ਦਿੰਦੇ ਹਨ। ਉਸਦਾ ਕਾਰਣ ਵਿਸ਼ੇਸ਼ ਤੌਰ ਤੇ ਇਹ ਵੀ ਸੀ ਕਿ ਅਜੇ ਤੱਕ ਉਹ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਿਆਰੇ, ਜਿਨ੍ਹਾਂ ਨੇ ਅੰਮ੍ਰਿਤ ਦੀ ਦਾਤ, ਗੁਰੂ ਦਸ਼ਮੇਸ਼ ਪਿਤਾ ਤੋਂ ਵਰੋਸਾਏ ਹੋਏ, ਪੰਜ ਪਿਆਰਿਆਂ ਗੁਰਸਿੱਖਾਂ ਦੇ ਰਾਹੀਂ ਪ੍ਰਾਪਤ ਕੀਤੀ ਸੀ, ਸ਼ਰਧਾ ਭਾਵਨਾ ਅਤੇ ਗੁਰੂ ਪਿਆਰ ਵਿਚ ਜੀਵਨ ਬਤੀਤ ਕਰ ਰਹੇ ਸਨ ਅਤੇ ਪੂਰਨ ਉਚਤਾ ਨੂੰ ਪ੍ਰਾਪਤ ਕੀਤੇ ਹੋਏ ਸੰਤ ਸਿਪਾਹੀ ਸਨ। ਨਾਮ ਦੇ ਬਲ ਦੇ ਆਸਰੇ ਇਨ੍ਹਾਂ ਗੁਰਸਿਖਾਂ ਨੇ ਜ਼ਾਲਮ ਰਾਜ ਦਾ ਸੂਰਜ ਛੁਪਦਾ ਵੀ ਵੇਖਿਆ ਅਤੇ ਪੰਜਾਬ ਦੀ ਅਜ਼ਾਦੀ ਦਾ ਚੜ੍ਹਦਾ ਸੂਰਜ ਵੀ ਤੱਕਿਆ। ਬੜੇ-ਬੜੇ ਜਰਵਾਣਿਆਂ ਨੂੰ ਇਨ੍ਹਾਂ ਤੋਂ ਮੂੰਹ ਦੀ ਖਾਣੀ ਪਈ। ਸਿੱਖ ਰਾਜ ਦਾ ਸੂਰਜ, ਪ੍ਰਭਾਤ ਦੀਆਂ ਕਿਰਨਾਂ ਨਾਲ ਰੌਸ਼ਨੀ ਪੈਦਾ ਕਰ ਰਿਹਾ ਸੀ ਪਰ ਨਾਮ ਰਸੀਏ ਸੂਰਬੀਰ ਸੰਤ ਸਿਪਾਹੀਆਂ ਦੀ ਔਲਾਦ ਆਪਣੀਆਂ ਗਰਜ਼ਾਂ ਵਿਚ, ਨਿੱਜ ਦੇ ਸੁਖ ਵਿਚ, ਨਿੱਜ ਦੇ ਰਾਜ ਵਿਚ ਫਸ ਗਈ ਅਤੇ ਉਹ ਪਿਆਰ ਜੋ ਇਨ੍ਹਾਂ ਦੇ ਬਜ਼ੁਰਗਾਂ ਦੇ ਰੋਮ-ਰੋਮ ਵਿਚ ਭਰਿਆ ਹੋਇਆ ਸੀ, ਉਸ ਤੋਂ ਇਹ ਖਾਲੀ ਹੋ ਗਈ। ਛੇਤੀਂ ਹੀ ਇਕ ਦੂਜੇ ਨੂੰ ਮਾਰਨਾ ਸ਼ੁਰੂ ਕਰ ਦਿਤਾ, ਇਕ ਦੂਜੇ ਦਾ ਰਾਜ ਖੋਹਣਾ ਸ਼ੁਰੂ ਕਰ ਦਿਤਾ, ਨਾਮ ਅਤੇ ਬਾਣੀ ਤੋਂ ਪੂਰੀ ਤਰ੍ਹਾਂ ਅਵੇਸਲੇ ਹੋ ਗਏ। ਕੇਵਲ ਸ਼ਸ਼ਤਰ ਦਾ ਬਲ ਹੀ ਇਨ੍ਹਾਂ ਕੋਲ ਬਾਕੀ ਰਹਿ ਗਿਆ ਕਿਉਂਕਿ ਉਸ ਬਲ ਦੇ ਆਸਰੇ ਆਪਣੇ ਨਿੱਜ ਦੀ ਪੂਰਤੀ ਹੁੰਦੀ ਸੀ। ਨਾਮ ਬਲ ਨਾਲ ਨਿੱਜ ਖਤਮ ਹੋ ਜਾਂਦਾ ਹੈ।

ਇਕ ਤਰ੍ਹਾਂ ਨਾਲ ਗੁਰਸਿੱਖੀ ਜੀਵਨ ਅਤੇ ਸਿੱਖੀ ਸਿਧਾਂਤਾਂ ਵਿਚ ਪਤਨ ਆਉਣਾ ਸ਼ੁਰੂ ਹੋ ਗਿਆ। ਉਸ ਵੇਲੇ ਦੇ ਜੁਗ ਪੁਰਸ਼ **ਬਾਬਾ ਸਾਹਿਬ ਸਿੰਘ ਜੀ ਬੇਦੀ** ਜੋ ਇਕ ਮਹਾਨ ਧਾਰਮਿਕ ਆਗੂ ਸਨ, ਨੇ ਅਨੇਕਾਂ ਹੀ ਗੁਰਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਗੁਰਸਿੱਖੀ ਜੀਵਨ ਦੀ ਫੁਲਵਾੜੀ ਨੂੰ ਪ੍ਰਫੁਲਤ ਰੱਖਿਆ ਪਰ ਰਾਜਸੀ ਨਸ਼ੇ ਵਿਚ ਮੱਤਿਆਂ ਨੇ ਗੁਰਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਦੇ ਦਿਤੀ। ਬਾਬਾ ਬੀਰ ਸਿੰਘ ਜੀ ਵਰਗੇ ਮਹਾਨ ਤਪੀ ਜੋ ਗੁਰਸਿੱਖੀ ਦੇ ਬੂਟੇ ਦੀ ਸੰਭਾਲ ਕਰਦੇ ਰਹੇ ਪਰ ਆਪ ਬੁਰਛਾਗਰਦੀ ਵਿਚ ਮੱਤੀ ਹੋਈ ਗੁਰੂ ਮਾਰੀ ਫੌਜ ਦੇ ਹੱਥੋਂ ਜਾਮ-ਏ-ਸ਼ਹਾਦਤ ਪੀ ਗਏ ਪਰ ਗੁਰਸਿੱਖੀ ਦੇ ਉਚੇ ਅਸੂਲਾਂ ਨੂੰ ਦ੍ਰਿੜ੍ਹਤਾ ਦੇ ਨਾਲ ਦਰਸਾਂਦਿਆਂ ਹੋਇਆਂ ਆਪ ਜੀ ਦੇ ਹੁਕਮ ਨਾਲ ਲੰਗਰ ਚਲਾਏ ਗਏ, ਗੁਰੂ ਮਾਰੀਆਂ ਫੌਜਾਂ ਨੂੰ ਪਿਆਰ ਨਾਲ ਲੰਗਰ ਛਕਾ ਕੇ ਓਹਨਾਂ ਦੀ ਤਪਸ਼ ਤੇ ਭੁੱਖ ਦੂਰ ਕੀਤੀ ਤੇ ਕੋਈ ਵੀ ਬਦਲੇ ਦੀ ਭਾਵਨਾ ਨਾ ਉਠਣ ਦਿਤੀ। ਉਸ ਵੇਲੇ ਗੁਰ ਸਿਧਾਂਤਾਂ ਤੋਂ ਉਲਟ ਅਖਾਉਤੀ ਖਾਲਸਾ, ਸ਼ਰਾਬ ਦੇ ਪਿਆਲੇ ਵਿਚ ਡੁੱਬ ਗਿਆ, ਪਰ-ਇਸਤ੍ਰੀਆਂ ਨੇ ਰੂਹਾਨੀ ਜੀਵਨ ਬਿਲਕੁਲ ਖਤਮ ਕਰ ਦਿਤਾ। ਇਕ ਤਰ੍ਹਾਂ ਨਾਲ ਉਨ੍ਹਾਂ ਸੂਰਮੇ ਸੰਤ ਸਿਪਾਹੀਆਂ ਦੀ ਔਲਾਦ ਰਾਜ ਗੱਦੀਆਂ ਤੇ ਬੈਠ ਕੇ ਸ਼ਰਾਬ ਦੇ ਨਸ਼ੇ ਵਿਚ ਮਖਮੂਰ ਹੋਈ ਹੋਈ ਸਭ ਕੁਛ ਭੁੱਲ ਗਈ ਤੇ ਪਤਨ ਦੇ ਰਾਹ ਵਿਚ ਰਿੜ੍ਹਨ ਲਗੀ। ਅੰਤ ਉਹ ਵੀ ਸਮਾਂ ਆਇਆ ਜਦੋਂ ਆਪਸ ਦੀ ਬੇ-ਵਿਸ਼ਵਾਸ਼ੀ ਅਤੇ ਲੂੰਬੜ ਚਾਲਾਂ ਦੇ ਅਧੀਨ ਮਹਾਨ ਸੂਰਮਿਆਂ ਦੀ ਅਜਿੱਤ ਫੌਜ, ਪ੍ਰਦੇਸ਼ਾਂ ਤੋਂ ਆਏ ਵਪਾਰੀ ਸ਼ਾਸ਼ਕ ਦੇ ਅੱਗੇ ਹਥਿਆਰ ਸੁੱਟ ਬੈਠੀ। ਆਮ ਜਨਤਾ ਦੇ ਮਨ ਉਪਰ ਬਹੁਤ ਭਾਰੀ ਸੱਟ ਲੱਗੀ। ਕੌਣ ਸੀ ਜੋ

ਉਸ ਵੇਲੇ ਬੇ-ਸਹਾਰਾ, ਰਸਤੇ ਤੋਂ ਭਟਕੇ, ਹਨ੍ਹੇਰੇ ਵਿਚ, ਦਲਦਲ ਵਿਚ ਫਸੇ ਗੁਰੂ ਪਿਆਰਿਆਂ ਦੀ ਬਾਂਹ ਫੜਦਾ? ਮਹਾਨ ਪੁਰਸ਼ ਬਾਬਾ ਮਹਾਰਾਜ ਸਿੰਘ ਜੀ ਰਾਤਾਂ ਨੂੰ ਘੁੰਮ-ਘੁੰਮ ਕੇ ਇਕੱਲੇ-ਇਕੱਲੇ ਗੁਰਸਿੱਖ ਨੂੰ ਪ੍ਰੇਰਨਾ ਦਿੰਦੇ ਰਹੇ। ਆਪ 1852 ਵਿਚ ਗ੍ਰਿਫਤਾਰ ਹੋ ਗਏ ਅਤੇ ਬਾਕੀ ਦਾ ਸਮਾਂ ਇਕ ਰਾਜਸੀ ਕੈਦੀ ਵਾਂਗੂੰ ਸਿੰਘਾਪੁਰ ਦੀ ਜੇਲ੍ਹ ਵਿਚ ਕੱਟਿਆ।

ਉਨ੍ਹਾਂ ਤੋਂ ਥੋੜੀ ਦੇਰ ਪਿਛੋਂ ਹੀ ਪੂਰਨ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਪੰਥ ਦੇ ਰੰਗ ਮੰਚ ਉਪਰ ਭੱਬਕਾਰ ਕੇ ਪ੍ਰਗਟ ਹੋਏ। ਉਨ੍ਹਾਂ ਦੀ ਭੱਬਕਾਰ ਨੇ ਅੰਗ੍ਰੇਜ਼ਾਂ ਨੂੰ ਫਿਕਰ ਵਿਚ ਪਾ ਦਿਤਾ। ਉਨ੍ਹਾਂ ਨੇ ਇਸ ਭੇਤ ਨੂੰ ਅੱਛੀ ਤਰ੍ਹਾਂ ਜਾਣ ਲਿਆ ਸੀ ਕਿ ਖਾਲਸਾ ਜੀ ਦਾ ਪਤਨ ਕੇਵਲ ਇਸ ਕਰਕੇ ਹੋਇਆ ਹੈ ਕਿ ਇਹ ਗੁਰੂ ਮਹਾਰਾਜ ਜੀ ਵਲ ਪਿੱਠ ਕਰਕੇ ਨਾਮ ਬਾਣੀ ਦੀਆਂ ਬਰਕਤਾਂ ਤੋਂ ਵਾਂਝਾ ਹੋ ਗਿਆ ਹੈ। ਆਪ ਨੇ ਨਾਮ ਸ਼ਕਤੀ ਦਾ injection ਬੇ-ਹਿਸ, ਬੇ-ਨਿਸ਼ਾਨਾ ਹੋਈ ਸਿੱਖ ਕੌਮ ਦੇ ਸਰੀਰ ਵਿਚ ਲਾਇਆ। 1861 ਦੀ ਮਰਦਮਸ਼ੁਮਾਰੀ ਵਿਚ ਸਿੱਖਾਂ ਦੀ ਗਿਣਤੀ 86 ਲੱਖ ਤੋਂ ਘਟ ਕੇ ਕੇਵਲ 13 ਲੱਖ 45 ਹਜ਼ਾਰ ਰਹਿ ਗਈ। ਮਰਦਮਸ਼ੁਮਾਰੀ ਅਫਸਰ ਨੇ remarks ਦਿਤੇ ਕਿ ਉਹ ਦਿਨ ਦੂਰ ਨਹੀਂ ਜਦੋਂ ਸਿੱਖ ਕੋਈ ਵੀ ਦੇਖਣ ਵਿਚ ਨਹੀਂ ਆਵੇਗਾ। ਇਹ remarks ਦਿੰਦਿਆਂ ਉਸ ਨੇ ਕਿਹਾ ਕਿ ਭਾਵੇਂ ਅਜੇ 13 ਲੱਖ 45 ਹਜ਼ਾਰ ਸਿੰਘ ਗਿਣਤੀ ਵਿਚ ਲਿਖੇ ਗਏ ਹਨ ਪਰ ਇਨ੍ਹਾਂ ਵਿਚੋਂ ਜਿਨ੍ਹਾਂ ਨੂੰ ਸਹੀ ਤੌਰ ਤੇ ਸਿੱਖ ਆਖਿਆ ਜਾ ਸਕਦਾ ਹੈ, ਉਹ ਸਿਰਫ ੪ ਲੱਖ ੪੫ ਹਜ਼ਾਰ ਦੀ ਗਿਣਤੀ ਵਿਚ ਹਨ ਜੋ ਪੂਰੀ ਤਰ੍ਹਾਂ ਨਾਲ ਆਪਣੇ ਗੁਰੂਆਂ ਨਾਲ ਜੁੜੇ ਹੋਏ ਹਨ ਅਤੇ ਇਹ ਪੂਰੀ ਤਰ੍ਹਾਂ ਜਾਗਦੇ ਹਨ; ਇਨ੍ਹਾਂ ਨੂੰ ਨਾਮਧਾਰੀ ਜਾਂ ਕੂਕੇ ਕਿਹਾ ਜਾਂਦਾ ਹੈ। ਬਾਬਾ ਰਾਮ ਸਿੰਘ ਜੀ ਦੇ ਪਾਸ ਕੋਈ ਐਸਾ ਜਾਦੂ ਹੈ, ਕੋਈ ਐਸਾ ਮੰਤ੍ਰ ਹੈ, ਜਦੋਂ ਉਹ ਉਸ ਮੰਤ੍ਰ ਨੂੰ ਦੂਸਰਿਆਂ ਨੂੰ ਦਿੰਦੇ ਹਨ ਤਾਂ ਉਹ ਆਪਣੇ ਗੁਰੂ ਦੇ ਪਿਆਰ ਵਿਚ ਅਤੇ ਨਾਮ ਦੀ ਖੁਮਾਰੀ ਵਿਚ ਝੂੰਮ ਉਠਦੇ ਹਨ, ਨੱਚ ਉਠਦੇ ਹਨ, ਬਜਦ ਵਿਚ ਆ ਜਾਂਦੇ ਹਨ ਅਤੇ ਮੌਤ ਤੋਂ ਪੂਰੀ ਤਰ੍ਹਾਂ ਨਾਲ ਬੇਪਰਵਾਹ ਹੋ ਕੇ ਨਾ ਕਿਸੇ ਦਾ ਡਰ ਮੰਨਦੇ ਹਨ ਤੇ ਨਾ ਕਿਸੇ ਨੂੰ ਡਰਾਉਂਦੇ ਹਨ। ਬਾਬਾ ਰਾਮ ਸਿੰਘ ਜੀ ਨੂੰ ਉਹ ਐਨਾ ਸਤਿਕਾਰ ਦਿੰਦੇ ਹਨ ਕਿ ਬਿਨਾਂ ਖਰੀਦਿਆਂ ਹੀ ਉਨ੍ਹਾਂ ਦੇ ਗੁਲਾਮ ਬਣ ਕੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਤਪਰ ਰਹਿੰਦੇ ਹਨ। ਭਾਵੇਂ ਉਸ ਸਮੇਂ ਸਿੱਖ ਹਾਰ ਗਏ ਸਨ, ਰਾਜ ਗਵਾ ਬੈਠੇ ਸਨ, ਵੱਡੇ-ਵੱਡੇ ਜਾਗੀਰਦਾਰ ਸ਼ਰਾਬਾਂ-ਕਬਾਬਾਂ ਵਿਚ ਮਸਤ ਹੋਏ ਹੋਏ, ਅੰਗ੍ਰੇਜ਼ਾਂ ਵਲੋਂ ਦਿਤੀਆਂ ਜਾਗੀਰਾਂ 'ਤੇ ਪਲਦੇ, ਅੰਗ੍ਰੇਜ਼ਾਂ ਦੇ ਗੁਣ ਗਾਉਂਦੇ ਸਨ, ਨਾਮ ਬਾਣੀ ਦੇ ਨੇੜੇ ਵੀ ਨਹੀਂ ਜਾਂਦੇ ਸਨ ਅਤੇ ਆਮ ਜਨਤਾ, ਸੇਧ ਵਿਹੂਣੀ ਹੋਈ ਹੋਈ ਹਨੇਰ੍ਹੇ ਵਿਚ ਵਹਿਮਾਂ ਭਰਿਆ ਜੀਵਨ ਜਿਉਂ ਰਹੀ ਸੀ; ਅਜ਼ਾਦੀ ਦਾ ਉਤਸ਼ਾਹ ਮੁੱਕ ਚੁਕਿਆ ਸੀ। 1857 ਵਿਚ ਦਿਤੀਆਂ ਗਈਆਂ ਫਾਂਸੀਆਂ ਦੇ ਦ੍ਰਿਸ਼ ਅਜੇ ਵੀ ਦਿਲ ਵਿਚ ਹੌਲ ਪਾ ਰਹੇ ਸਨ।

ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ, ਅਜਿਹੇ ਬੰਦਿਆਂ ਵਿਚ ਵਿਚਰ ਰਹੇ ਸਨ; ਜੋ ਵੀ ਰੂਹਾਨੀ ਕੀਰਤਨ ਸੁਣ ਲੈਂਦਾ ਉਹ ਨਾਮ ਦੀ ਰੰਗਣ ਵਿਚ ਰੰਗਿਆ ਜਾਂਦਾ, ਉਹ ਜੀਵਨ ਮਰਨ ਤੋਂ ਬੇਪਰਵਾਹ ਹੋ ਕੇ ਆਪਣੇ ਮਹਾਂਪੁਰਸ਼ਾਂ ਨੂੰ ਸਤਿਕਾਰ ਵਜੋਂ ਸਤਿਗੁਰੂ ਤੇ ਰੱਬ ਸਮਝਦਾ। ਜੀਵਨ ਦੀ ਪਵਿੱਤਰਤਾ ਬਾਬਾ ਰਾਮ ਸਿੰਘ ਜੀ ਨੇ ਐਨੀ ਕੁੱਟ-ਕੁੱਟ ਕੇ ਭਰ ਦਿਤੀ ਕਿ ਅੰਮ੍ਰਿਤਸਰ ਵਿਚ ਬੁੱਚੜਾਂ ਨੂੰ ਮਾਰਨ ਵਾਲੇ ਫੜੇ ਨਾ ਗਏ, ਉਨ੍ਹਾਂ ਦੀ ਥਾਂ ਤੇ ਨਿਹੰਗਾਂ ਨੂੰ ਫੜ ਕੇ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਤਾਂ ਬਾਬਾ ਜੀ ਨੇ ਸੰਦੇਸ਼ਾ ਭੇਜਿਆ ਕਿ ਇਹ ਗੱਲ ਕਿਸੇ ਤਰ੍ਹਾਂ ਵੀ ਭਲੀ ਨਹੀਂ ਕਹੀ ਜਾ ਸਕਦੀ ਕਿ 'ਕਰੇ ਕੋਈ ਹੋਰ ਤੇ ਭਰੇ ਕੋਈ ਹੋਰ।' ਉਹ ਸਾਰੇ ਨਾਮਧਾਰੀ ਸਿੰਘ ਜਿਨ੍ਹਾਂ ਨੇ ਅੰਮ੍ਰਿਤਸਰ, ਰਾਏਕੋਟ ਦੇ ਬੁੱਚੜਾਂ ਨੂੰ ਮਾਰਿਆ ਸੀ, ਅੰਗ੍ਰੇਜ਼ ਦੀ ਕਚਹਿਰੀ ਵਿਚ ਆ ਕੇ ਕਿਹਾ ਕਿ ਤੁਹਾਡੀ ਨਿਗ੍ਹਾ ਵਿਚ ਅਤੇ ਤੁਹਾਡੇ ਕਾਨੂੰਨ ਦੇ ਮੁਤਾਬਿਕ ਅਸਲੀ ਮੁਜ਼ਰਿਮ ਤਾਂ ਅਸੀਂ

ਹਾਂ। ਭਾਵੇਂ ਅਸੀਂ ਇਕ ਨੇਕ ਕੰਮ ਕੀਤਾ ਹੈ ਪਰ ਤੁਸੀਂ ਦੂਸਰਿਆਂ ਨੂੰ, ਜਿਨ੍ਹਾਂ ਨੇ ਕੋਈ ਕਸੂਰ ਨਹੀਂ ਕੀਤਾ, ਉਨ੍ਹਾਂ ਨੂੰ ਫਾਂਸੀਆਂ ਦੇ ਤਖ਼ਤੇ ਤੇ ਚਾੜ੍ਹ ਕੇ ਫਾਂਸੀਆਂ ਗਲਾਂ ਵਿਚ ਪਾ ਰਹੇ ਹੋ; ਇਹ ਕਿਧਰਲਾ ਇਨਸਾਫ ਹੈ? ਆਪ ਤਖ਼ਤਿਆਂ ਤੇ ਚੜ੍ਹ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆਂ ਅਤੇ ਬਹਾਦਰ ਸੰਤ ਸਿਪਾਹੀਆਂ ਵਾਂਗੂੰ ਜੀਵਨ-ਮੌਤ ਨੂੰ ਸਮਝਦਿਆਂ ਹੋਇਆਂ ਫਾਂਸੀ ਦੇ ਰੱਸੇ ਚੁੰਮ ਕੇ ਆਪਣੇ ਗਲੇ ਵਿਚ ਖੁਦ ਹੀ ਪਾਏ। ਇਹ ਮਨੁੱਖੀ ਜੀਵਨ ਦੀ ਅਤਿ ਉਚੀ ਅਵਸਥਾ ਹੈ। ਜਦੋਂ ਜੀਵਨ ਤੇ ਮੌਤ ਦਾ ਭੇਤ ਸਮਝ ਆ ਜਾਵੇ ਅਤੇ ਕਬੀਰ ਸਾਹਿਬ ਜੀ ਦੇ ਫੁਰਮਾਨ ਮੁਤਾਬਿਕ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਅੰਗ - 1365***

ਦੇ ਗਹਿਰੇ ਸਿਧਾਂਤ ਨੂੰ ਅਪਣਾਅ ਲਿਆ। ਆਪ ਦੇ ਪ੍ਰਚਾਰ ਦੌਰਿਆਂ ਨੇ, ਜੋ ਬਹੁਤ ਹੀ ਸੀਮਤ ਸਮੇਂ ਵਿਚ ਹੋਏ, ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿਤਾ ਅਤੇ ਨਾਮ ਬਾਣੀ ਦੀਆਂ ਗੂੰਜਾਂ ਪਾ ਦਿਤੀਆਂ। ਇਕ ਵਜੇ ਤੜਕਿਓਂ ਖੂਹਾਂ ਵਿਚੋਂ ਡੋਲ ਕੱਢ ਕੇ ਇਸ਼ਨਾਨ ਕਰਨ ਦੇ ਚਾਉ ਪੈਦਾ ਕਰ ਦਿਤੇ ਅਤੇ ਫਿਰ ਅਠਾਉਤਰੀਆਂ ਮਾਲਾਂ ਫੇਰ ਕੇ ਪ੍ਰਭੂ ਨਾਲ ਇਕਮਿਕ ਹੋਣ ਦੀ ਜੁਗਤ ਪ੍ਰਾਪਤ ਕਰਕੇ ਹੰਸਾਂ ਵਰਗੇ ਸਫੈਦ ਦਰਵੇਸ਼ ਇਸ ਭੂਮੀ ਵਿਚ ਪੈਦਾ ਕਰ ਦਿਤੇ। ਇਹ ਸਚਮੁੱਚ ਹੀ ਇਕ ਅਤਿ ਪ੍ਰਸੰਸਾਦਾਇਕ ਜਾਦੂ ਭਰਿਆ ਕਰਿਸ਼ਮਾ ਸੀ। ਪ੍ਰਮ ਸਤਿਕਾਰਯੋਗ ਮਹਾਂਪੁਰਸ਼ਾਂ ਬਾਬਾ ਰਾਮ ਸਿੰਘ ਜੀ ਦੀ ਜ਼ਾਤ (ਹੋਂਦ) ਦਾ ਕਰਿਸ਼ਮਾ ਸੀ ਜਿਸਨੂੰ ਓਹੀ ਸਮਝ ਸਕਦਾ ਹੈ ਜਿਸਨੇ ਕਦੇ ਨਾਮ ਹੁਲਾਰਿਆਂ ਨੂੰ ਮਾਣਿਆ ਹੋਵੇ।

ਆਪ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਹੁੰਦਿਆਂ, ਸਿੱਖੀ ਦੇ ਹੋ ਰਹੇ ਪਤਨ ਨੂੰ, ਭਾਂਪ ਲਿਆ ਸੀ ਅਤੇ ਨਾਮ ਦੀ ਮਸਤੀ ਵਿਚ ਸਾਰੇ ਦ੍ਰਿਸ਼ਾਂ ਨੂੰ ਪ੍ਰਤੱਖ ਦੇਖ ਕੇ ਆਪ ਉਚੀ ਅਵਾਜ਼ ਵਿਚ ਖਬਰਦਾਰ ਕਰਦੇ ਸਨ ਕਿ ਲਾਹੌਰ ਵਿਚ ਅੰਗ੍ਰੇਜ਼ਾਂ ਦੇ ਬੈਂਡ-ਵਾਜੇ ਵਜਣੇ ਹਨ, ਇਹ 'ਸਰਦਾਰੀਆਂ', ਮੁਰਦਾਰੀਆਂ ਵਿਚ ਬਦਲ ਜਾਣੀਆਂ ਨੇ ਜਿਸਨੂੰ ਸੁਣ ਕੇ ਆਪ ਦੇ ਰਿਸ਼ਤੇਦਾਰ ਭਾਈ ਕਾਬਲ ਸਿੰਘ, ਜੋ ਤੋਪਖਾਨੇ ਵਿਚ ਅਫਸਰ ਸਨ, ਨੇ ਆਪ ਨੂੰ ਇਕ ਤੋਪ ਦੇ ਨਾਲ ਬੰਨ੍ਹ ਦਿਤਾ। ਆਪ ਨੇ ਅਨੁਭਵੀ ਨੇਤਰਾਂ ਨਾਲ ਭਵਿੱਖ ਵੇਖ ਕੇ ਉਚੀ ਅਵਾਜ਼ ਵਿਚ ਪੁਕਾਰਿਆ, "ਮੈਨੂੰ ਤੋਪ ਨਾਲ ਬੰਨ੍ਹ ਕੇ ਕੋਈ ਕਾਰਜ ਸੰਵਰਨਾ ਨਹੀਂ, ਇਸੇ ਤੋਪ ਨੇ ਤੇਰੇ ਸਰੀਰ ਦੇ ਟੁਕੜੇ-ਟੁਕੜੇ ਕਰਕੇ ਉਡਾ ਦੇਣਾ ਹੈ।" ਸਿੱਖ ਰਾਜ ਦੇ ਪਤਨ ਪਿਛੋਂ ਆਪ ਆਪਣੇ ਪਿੰਡ ਭੈਣੀ ਵਿਚ ਆ ਗਏ ਅਤੇ ਭਜਨ ਬੰਦਗੀ ਦੇ ਹੜ੍ਹ ਲਿਆ ਦਿਤੇ। ਇਸ ਪਿੰਡ ਦੀ ਭੂਮੀ ਦਾ ਕਣ-ਕਣ ਐਨਾ ਪਵਿੱਤਰ ਹੋ ਗਿਆ ਕਿ ਇਸ ਪਿੰਡ ਨੂੰ ਭੈਣੀ ਦੇ ਨਾਲ ਸਾਹਿਬੀ ਪ੍ਰਾਪਤ ਹੋ ਗਈ ਅਤੇ 'ਭੈਣੀ ਸਾਹਿਬ' ਦੇ ਨਾਮ ਨਾਲ ਪਵਿੱਤਰਤਾ ਪ੍ਰਾਪਤ ਹੋ ਗਈ। ਅੱਜ ਵੀ ਇਸ ਪਵਿੱਤਰ ਨਗਰ ਦੀਆਂ ਜੂਹਾਂ ਵਿਚ ਨਾਮ ਰਸੀਆਂ ਨੂੰ ਨਾਮ ਦੀਆਂ ਧੁਨਕਾਰਾਂ ਸੁਣਦੀਆਂ ਹਨ ਅਤੇ ਇਸ ਭੂਮੀ ਦੇ ਪੁੰਨ ਕਰਮਾਂ ਕਰਕੇ ਮੱਲੋ-ਮੱਲੀ ਨਾਮ ਜਪਣ ਨੂੰ ਜੀਅ ਕਰਦਾ ਹੈ। ਧੰਨ ਹੈ ਇਹ ਧਰਤੀ ਜਿਸਨੇ ਜੁਗ ਪਲਟਾਊ ਮਹਾਂਪੁਰਸ਼ਾਂ ਨੂੰ ਸੰਸਾਰ ਵਿਚ ਪ੍ਰਗਟ ਕੀਤਾ। ਆਪ ਜੀ ਦੀ ਯਾਦ, ਆਪ ਜੀ ਦੇ ਕੀਤੇ ਹੋਏ ਨਿਰਭੈਤਾ ਦੇ ਕਾਰਨਾਮੇ, ਸਦਾ ਹੀ ਹਨ੍ਹੇਰਿਆਂ ਵਿਚ ਫਸਿਆਂ ਹੋਇਆਂ ਨੂੰ ਪ੍ਰਕਾਸ਼ ਬਖਸ਼ਦੇ ਰਹਿਣਗੇ।

ਮਲੇਰਕੋਟਲੇ ਵਿਚ ਭਾਈ ਗੁਰਮੁਖ ਸਿੰਘ ਦਾ ਬੈਲ, ਗੱਡੇ ਨਾਲੋਂ ਲਾਹ ਕੇ ਜ਼ਬਰੀ ਜ਼ਿਬਹਾ (ਕਤਲ) ਕਰ ਦਿਤਾ। ਇਸ ਖਬਰ ਨੂੰ ਸੁਣ ਕੇ ਕਾਲ ਮੰਡਲ ਦੇ ਕਰੜੇ ਸਰਕਲ ਨੂੰ ਪਾਰ ਕੀਤੇ ਹੋਏ ਮਰਜੀਵੜੇ ਨਾਮਧਾਰੀਆਂ ਦੇ ਜੱਥੇ ਨੇ ਮਲੇਰਕੋਟਲੇ ਵਿਚ ਪਹੁੰਚ ਕੇ ਦੋਸ਼ੀਆਂ ਨੂੰ ਦੰਡ ਦਿਤਾ। ਅੰਗ੍ਰੇਜ਼ ਨੇ ਗ੍ਰਿਫਤਾਰ ਕਰਕੇ ਬਗੈਰ ਕੋਈ inquiry ਕਰਿਆਂ, ਬਗੈਰ ਕੋਈ ਚਾਰਜ ਸ਼ੀਟ ਦਿਤਿਆਂ ਅਤਿ ਨਿੰਦਨੀ, ਮਾੜੀ ਕਰਤੂਤ ਕੀਤੀ ਅਤੇ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ

ਦਿਤਾ। ਇਸ ਜੱਥੇ ਵਿਚ ਪੂਰੀ ਤਰ੍ਹਾਂ ਨਾਲ ਚੜ੍ਹਦੀ ਕਲਾ ਅਤੇ ਨਾਮ ਬਾਣੀ ਦਾ ਪ੍ਰਤੱਖ ਅਸਰ ਭਾਸ ਰਿਹਾ ਸੀ। ਉਹ ਕੀਰਤਨ ਵਿਚ ਮਸਤ ਸਨ; ਨਾ ਕੋਈ ਕਿਸੇ ਦੇ ਮਸਤਕ ਉਤੇ ਚਿੰਤਾ ਅਤੇ ਨਾ ਹੀ ਕੋਈ ਜੀਵਨ ਲਈ ਲਾਲਸਾ ਦਿਸ ਰਹੀ ਸੀ। ਇਸਦੇ ਵਿਪਰੀਤ, ਸਾਰੇ ਸੂਰਮਿਆਂ ਨੇ ਇਕ ਗੱਲ ਮਨਵਾ ਲਈ ਕਿ ਅਸੀਂ ਆਪ ਇਨ੍ਹਾਂ ਤੋਪਾਂ ਨੂੰ ਆਪਣਿਆਂ ਕਲਾਵਿਆਂ ਵਿਚ ਘੁੱਟਾਂਗੇ ਕਿਉਂਕਿ ਮੁਕਤ-ਦਾਤੀ ਅਸਾਨੂੰ ਸਦਾ ਲਈ ਗੁਰੂ ਤੇਗ ਬਹਾਦਰ, ਗੁਰੂ ਪੰਜਵੇਂ ਪਾਤਸ਼ਾਹ ਦੀ ਮਹਾਨ ਪਵਿੱਤਰ ਦਰਗਾਹ ਵਿਚ ਪ੍ਰਵੇਸ਼ ਕਰਾ ਰਹੀ ਹੈ; ਮਹਾਨ ਗੁਰੂ ਅਸਾਨੂੰ ਬੁਲਾ ਰਹੇ ਹਨ। ਸੋ ਅਸੀਂ ਸੂਰਮੇ ਦੇਸ਼ ਭਗਤਾਂ ਵਾਂਗੂੰ ਅਤੇ ਪੂਰਨ ਗੁਰਸਿੱਖਾਂ ਵਾਂਗੂੰ ਖੁਸ਼ੀ-ਖੁਸ਼ੀ ਜਾ ਰਹੇ ਹਾਂ। ਤੋਪਾਂ ਦੇ ਗੋਲੇ ਚਲ-ਚਲ ਕੇ ਕੰਨ ਬੋਲੇ ਕਰ ਰਹੇ ਸਨ ਅਤੇ ਇਨ੍ਹਾਂ ਨਾਮ ਬਾਣੀ ਦੇ ਰਸੀਆਂ, ਸ਼ਹੀਦਾਂ ਨੂੰ ਅਸਮਾਨਾਂ ਵਿਚ ਟੁਕੜੇ-ਟੁਕੜੇ ਕਰਕੇ ਉਛਾਲ ਰਹੀਆਂ ਸਨ। ਉਨ੍ਹਾਂ ਦੀ ਥਾਂ ਹੋਰ ਸੂਰਮੇ ਛਾਲਾਂ ਮਾਰ-ਮਾਰ ਕੇ, ਝੂਮ-ਝੂਮ ਕੇ ਤੋਪਾਂ ਦੇ ਕਲਾਵੇ ਭਰ ਰਹੇ ਸਨ। ਇਹ ਸੀ ਇਕ ਦ੍ਰਿਸ਼ ਜੋ ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚੋਂ ਨਹੀਂ ਲੱਭਿਆ ਜਾ ਸਕਦਾ। ਸ਼ਹੀਦ ਤਾਂ ਬਹੁਤ ਹੋਏ ਹਨ ਪਰ ਉਨ੍ਹਾਂ ਵਿਚ ਜਿਉਂਦੇ ਰਹਿਣ ਦੀ ਲਾਲਸਾ ਹੋਣ ਕਰਕੇ ਉਹ ਕਾਨੂੰਨ ਦੀ ਮਦਦ ਭਾਲ ਰਹੇ ਸਨ ਪਰ ਇਹ ਸੂਰਮੇ, ਮੌਤ ਦੀ ਹੱਦ, ਜਿਉਂਦੇ ਹੀ ਪਾਰ ਕਰਕੇ ਜੀਵਤ ਮਿਰਤਕ ਹੋ ਕੇ, ਗੁਰੂ ਦੇ ਪਿਆਰ ਵਾਲਾ ਜੀਵਨ ਪ੍ਰਾਪਤ ਕਰਕੇ, ਸਦਾ ਹੀ ਅਮਰ ਜੀਵਨ ਵਿਚ ਪ੍ਰਵੇਸ਼ ਕਰ ਗਏ ਸਨ। ਇਨ੍ਹਾਂ ਨੂੰ ਜੀਵਨ ਤੇ ਮੌਤ ਦਾ ਕੋਈ ਫਰਕ ਨਹੀਂ ਸੀ। ਜੋ ਕੰਮ ਇਨ੍ਹਾਂ ਨੇ ਕੀਤਾ ਸੀ, ਉਸ ਵਿਚ ਰੰਚਕ ਮਾਤਰ ਵੀ ਹਿਤ ਨਹੀਂ ਸੀ। ਇਹ ਨਹੀਂ ਚਾਹੁੰਦੇ ਸਨ ਕਿ ਕੋਈ ਵਿਦੇਸ਼ੀ ਸਾਡੀ ਗੈਰਤ ਨੂੰ challenge ਕਰੇ ਅਤੇ ਸਾਡੀ ਮਹਾਨ ਉਚੀ ਸਭਿਅਤਾ ਨੂੰ ਫਿੱਕੇ ਜੀਵਨ ਦੀਆਂ ਰੰਗੀਲੀਆਂ ਵਿਚ ਬਦਲੇ। ਉਹ ਦੇਸ਼ ਨੂੰ ਅਜ਼ਾਦ ਦੇਖਣਾ ਚਾਹੁੰਦੇ ਸਨ ਜਿਸ ਵਿਚ ਹਿੰਦੂ, ਮੁਸਲਮਾਨ, ਈਸਾਈ ਖੇੜਿਆਂ ਭਰਿਆ ਜੀਵਨ ਬਤੀਤ ਕਰ ਰਹੇ ਹੋਣ। ਜਿਸ ਦੇਸ਼ ਵਿਚ ਦੁੱਧ, ਅੰਨ ਤੇ ਧਨ ਦੀ ਕੋਈ ਤੋਟ ਨਾ ਹੋਵੇ, ਐਸੇ ਹਲੀਮੀ ਰਾਜ ਦੀ ਕਾਮਨਾ ਵਿਚ ਜਿਉਂ ਰਹੇ ਸਨ। ਇਨ੍ਹਾਂ ਦੀ ਬਹਾਦਰੀ, ਨਿਰਭੈਤਾ ਦਾ ਮੇਚ ਅਤੇ ਤੋਲ ਸਾਰਿਆਂ ਇਤਿਹਾਸਾਂ ਵਿਚ ਹੋਏ ਸ਼ਹੀਦਾਂ ਨਾਲ ਤੋਲਿਆ ਨਹੀਂ ਜਾ ਸਕਦਾ ਕਿਉਂਕਿ ਇਨ੍ਹਾਂ ਦੇ ਮਨ ਪੂਰੀ ਤਰ੍ਹਾਂ ਸ਼ਾਂਤ ਸਨ, ਕਿਸੇ ਨਾਲ ਵੈਰ ਨਹੀਂ ਸੀ ਅਤੇ ਸਾਰੀ ਸ੍ਰਿਸ਼ਟੀ ਵਿਚ ਇਕੋ ਪ੍ਰਮੇਸ਼ਰ ਦੀ ਜੋਤ ਰਮੀ ਹੋਈ ਤਕਦੇ ਸਨ। ਆਪਣੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਆਦਰਸ਼ ***'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।'*** ਦੇ ਧਾਰਨੀ ਸਨ।

ਪ੍ਰਮ ਸਤਿਕਾਰ ਯੋਗ ਮਹਾਂਪੁਰਸ਼ ਕੇਵਲ ਦੇਸ਼ ਭਗਤ ਹੀ ਨਹੀਂ ਸਨ। ਦੇਸ਼ ਭਗਤ ਬਹੁਤ ਹੋਏ ਹਨ ਪਰ ਰੂਹਾਨੀ ਰਹਿਬਰ ਕੋਈ-ਕੋਈ ਹੀ ਹੋਇਆ ਹੈ। ਆਪ ਨੇ ਗੁਰਸਿੱਖਾਂ ਵਿਚ ਨਾਮ ਦੀ ਰੌ ਚਲਾ ਦਿਤੀ ਅਤੇ ਮੁਰਦਿਆਂ ਨੂੰ ਜਿਉਂਦਿਆਂ ਵਿਚ ਸ਼ਾਮਿਲ ਕਰ ਦਿਤਾ। ਜਿਉਂਦਿਆਂ ਦੀਆਂ ਹੂਕਾਂ, ਪਿਆਰ ਵਿਲਕਣੀਆਂ, ਆਦਮੀ ਤਾਂ ਕੀ, ਜੀਵ-ਜੰਤੂਆਂ ਦੇ ਦਿਲ ਵੀ ਪਿਘਲਾ ਰਹੀਆਂ ਸਨ। ਆਪ ਨੇ ਜਿਉਂਦਿਆਂ ਦਾ ਸਮੂੰਹ ਪ੍ਰਗਟ ਕਰ ਦਿਤਾ-

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥***

***ਅੰਗ - 142***

ਇਨ੍ਹਾਂ ਮਹਾਂਵਾਕਾਂ ਨੂੰ ਸਫਲ ਕਰਕੇ ਸੰਸਾਰ ਨੂੰ ਦਿਖਾ ਦਿਤਾ। ਇਨ੍ਹਾਂ ਬਾਰੇ ਬਹੁਤ ਪਾਰਖੂਆਂ ਨੇ ਲਿਖਿਆ ਹੈ ਕਿ ਕਈ ਇਨ੍ਹਾਂ ਦੇ, ਵਿਦੇਸ਼ੀ ਮਾਲ ਦਾ ਬਾਈਕਾਟ, ਵਿਦੇਸ਼ੀ ਕੱਪੜਾ ਨਹੀਂ ਪਹਿਨਣਾ, ਵਿਦੇਸ਼ੀ ਚੀਜ਼ਾਂ ਨੂੰ ਨਾ ਵਰਤਣਾ, ਵਿਦੇਸ਼ੀਆਂ ਵਲੋਂ ਚਲਾਈਆਂ ਗੱਡੀਆਂ ਦਾ ਬਾਈਕਾਟ ਅਤੇ ਅਜਿਹੇ ਹੋਰ ਬਹੁਤ ਸਾਰੇ ਕਾਰਨਾਮਿਆਂ ਦੀ ਸ਼ਲਾਘਾ ਕਰਦੇ ਹਨ। ਪਿਛੋਂ ਜਾ ਕੇ ਮਹਾਤਮਾ ਗਾਂਧੀ ਜੀ ਨੇ ਇਨ੍ਹਾਂ ਲਾਈਨਾਂ ਤੇ ਵਿਚਾਰ ਕੀਤੀ

ਅਤੇ ਮਹਾਂਪੁਰਸ਼ਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਅੰਦੋਲਨ ਚਲਾਏ ਪਰ ਆਪ ਜੀ ਦੇ ਜੋ ਫੁਰਮਾਨ ਸਨ, ਉਹ ਸਹਿਜ ਸੁਭਾਅ ਹੀ ਸਨ। ਅੰਗ੍ਰੇਜ਼ਾਂ ਨੇ ਆਪ ਜੀ ਨੂੰ ਵਿਦੇਸ਼ ਵਿਚ ਕੈਦ ਕਰ ਦਿਤਾ। ਆਪ ਦਾ ਵਿਛੋੜਾ ਗੁਰਸਿੱਖਾਂ ਲਈ ਅਸਹਿ ਸੀ। ਆਪ ਐਨੇ ਹਰਮਨ ਪਿਆਰੇ ਹੋ ਚੁਕੇ ਸਨ ਕਿ ਪੰਜਾਬ, ਖਾਸ ਕਰਕੇ ਭੈਣੀ ਸਾਹਿਬ ਦੇ ਵੇਲ-ਬੂਟੇ, ਪੰਛੀ, ਪਸ਼ੂ ਭੀ ਆਪ ਦੇ ਬਿਰਹੁ ਵਿਚ ਰੁਦਨ ਕਰ ਰਹੇ ਸਨ। ਨਾਮਧਾਰੀ ਵੀਰਾਂ ਦੀਆਂ ਕੀਰਤਨਾਂ ਰਾਹੀਂ ਪਾਈਆਂ ਬਿਰਹੁ ਕੂਕਾਂ ਨੂੰ ਸਹਿਆ ਨਹੀਂ ਜਾ ਸਕਦਾ ਸੀ; ਆਪ ਜੀ ਬਾਰੇ ਕਿੰਨਾ ਕੁ ਲਿਖਿਆ ਜਾਵੇ? ਭਾਵੇਂ ਆਪ ਜੀ ਨੂੰ ਪ੍ਰਦੇਸ਼ ਗਿਆਂ 123 ਸਾਲ ਲੰਘ ਚੁਕੇ ਹਨ ਪਰ ਆਪ ਦੀਆਂ ਯਾਦਾਂ ਨਸਲ-ਦਰ-ਨਸਲ ਹਿਰਦਿਆਂ ਵਿਚ ਉਸੇ ਤਰ੍ਹਾਂ ਸਮਾਈਆਂ ਹੋਈਆਂ ਹਨ। ਆਪ ਨੂੰ ਪਿਆਰ ਕਰਨ ਵਾਲੇ, ਜਿਨ੍ਹਾਂ ਨੂੰ ਆਪ ਤੋਂ ਰੂਹਾਨੀ ਰਸਤੇ ਦੇ ਭੇਤ ਲੱਗੇ ਤੇ ਗੁਰੂ ਦੇ ਮਿਲਾਪ ਤੇ ਖੇੜੇ ਪ੍ਰਾਪਤ ਹੋਏ, ਉਹ ਸ਼ਰਧਾ ਨਾਲ 'ਸਤਿਗੁਰੂ' ਕਹਿ ਕੇ ਸੰਬੋਧਤ ਕਰਦੇ ਹਨ। ਪਰ ਪਿਆਰ ਅਸਾਡੇ ਹਿਰਦਿਆਂ ਵਿਚ ਵੀ ਘੱਟ ਨਹੀਂ ਹੈ, ਅਸਾਡੇ ਮਨਾਂ ਵਿਚ ਸਤਿਕਾਰ ਕਿਸੇ ਤਰ੍ਹਾਂ ਵੀ ਥੋੜ੍ਹਾ ਨਹੀਂ ਹੈ। ਪਰ ਜਦੋਂ ਅਸੀਂ ਲੰਘ ਚੁੱਕੇ ਹਾਲਾਤ ਦੀ ਪੜਚੋਲ ਕਰਦੇ ਹਾਂ ਤਾਂ ਬਹੁਤ ਅਫਸੋਸ ਹੁੰਦਾ ਹੈ ਕਿ ਪੰਥ ਦੇ ਮਹਾਨ ਮਹਾਂਪੁਰਸ਼ਾਂ ਨੂੰ ਕਿਉਂ ਭੁਲਾ ਦਿਤਾ ਹੈ? ਉਨ੍ਹਾਂ ਦੀ ਯਾਦ ਸਮੁੱਚੇ ਸਿੱਖ ਪੰਥ ਨੂੰ ਦ੍ਵੈਤ ਭਾਵ ਛੱਡ ਕੇ ਪੂਰੀ ਸ਼ਰਧਾ ਨਾਲ ਮਨਾਉਣੀ ਚਾਹੀਦੀ ਹੈ। ਨਾਮਧਾਰੀ ਸੰਪਰਦਾ ਉਨ੍ਹਾਂ ਨੂੰ ਸਤਿਗੁਰੂ ਕਰਕੇ ਮੰਨਦੀ ਹੈ, ਇਸ ਨਾਲ ਉਨ੍ਹਾਂ ਦੀ ਵਡੱਤਣ ਉਤੇ ਕੋਈ ਵੀ ਫਰਕ ਨਹੀਂ ਪੈਂਦਾ; ਇਹ ਉਨ੍ਹਾਂ ਦੀ ਸ਼ਰਧਾ ਹੈ। ਸ਼ਰਧਾ ਦੇ ਪ੍ਰਤੀਕ ਵਿਚ ਉਨ੍ਹਾਂ ਨੇ ਇਨ੍ਹਾਂ ਮਹਾਂਪੁਰਸ਼ਾਂ ਨੂੰ ਆਪਣੇ ਘੇਰੇ ਵਿਚ ਰੱਖਣ ਦਾ ਜਤਨ ਕਰਨਾ ਹੀ ਹੈ। ਉਨ੍ਹਾਂ ਦਾ ਇਨ੍ਹਾਂ ਨੂੰ, ਸਿਰਫ ਆਪਣੇ ਕਹਿਣਾ ਇਹ ਕੁਦਰਤੀ ਹੈ, ਸੁਭਾਵਿਕ ਹੈ ਪਰ ਅਸੀਂ ਜੋ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜੇ ਉਸ ਸਮੇਂ ਇਹ ਮਹਾਂਪੁਰਸ਼ ਆਪਣਾ ਤਾਣ ਨਾ ਲਾਉਂਦੇ ਤਾਂ ਅੱਜ ਹਾਲਾਤ ਹੋਰ ਤਰ੍ਹਾਂ ਹੋਣੇ ਸਨ। ਇਹ ਜੇ ਨਾਮ ਬਾਣੀ ਦੇ injection ਨਾ ਲਾਉਂਦੇ ਤਾਂ ਅੱਜ ਨਾਮ ਬਾਣੀ ਦਾ ਸਿਧਾਂਤ ਬਹੁਤ ਅਣਗੌਲਿਆ ਹੋ ਜਾਣਾ ਸੀ। ਇਨ੍ਹਾਂ ਦੀ ਦੇਣ ਨੂੰ ਕਿਸੇ ਤਰ੍ਹਾਂ ਵੀ ਭੁਲਾਇਆ ਨਹੀਂ ਜਾ ਸਕਦਾ। ਇਨ੍ਹਾਂ ਮਹਾਂਪੁਰਸ਼ਾਂ ਦੀਆਂ ਕੁਰਬਾਨੀਆਂ ਅਤੇ ਲਗਨ ਵੇਖ ਕੇ ਅਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਅੱਜ ਨਾਮ ਤੋਂ ਦੂਰ ਜਾ ਚੁਕੇ ਸਿੱਖੀ ਰੂਪ ਵਿਚ ਕੁਰਸੀਆਂ ਦੇ ਚਾਹਵਾਨਾਂ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਜੇ ਅਸਾਡੇ ਵਿਚ ਨਾਮ ਨਾ ਰਿਹਾ, ਪ੍ਰਭੂ ਦਾ ਪਿਆਰ ਨਾ ਰਿਹਾ ਤਾਂ ਅਸੀਂ ਵੱਡੀਆਂ ਕੁਰਸੀਆਂ ਤੇ ਬੈਠੇ, ਧਨ ਅੰਬਾਰਾਂ ਵਿਚ ਦੱਬੇ ਹੋਏ, ਸੋਹਣੀਆਂ ਕੋਠੀਆਂ, ਸੋਹਣੀਆਂ ਸਵਾਰੀਆਂ ਅਤੇ ਉਚੀਆਂ ਇੱਜ਼ਤਾਂ ਨੂੰ ਮਾਣਦੇ ਹੋਏ ਕੁਝ ਵੀ ਨਹੀਂ ਹਾਂ। ਕਿੰਨਾਂ ਹੀ ਅਸੀਂ ਗਲ ਪਾੜ-ਪਾੜ ਕੇ ਬੋਲ ਲਈਏ, ਆਪਣੇ ਆਪ ਨੂੰ ਆਪੇ ਚੰਗਾ ਕਹਿ ਲਈਏ ਪਰ ਅਸਾਡਾ ਪਿਆਰਾ ਗੁਰੂ, ਅਸਾਨੂੰ ਪ੍ਰਵਾਨ ਨਹੀਂ ਕਰੇਗਾ ਕਿਉਂਕਿ ਅਸੀਂ ਮੁਰਦੇ ਹਾਂ -

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥***

***ਅੰਗ - 253***

ਪਰਮ ਪੁਰਖ ਬਾਬਾ ਰਾਮ ਸਿੰਘ ਜੀ ਦੀ ਬਰਸੀ ਪਿਛਲੇ ਮਹੀਨੇ ਬਹੁਤ ਧੂਮ-ਧਾਮ ਨਾਲ ਮਨਾਈ ਗਈ। ਸਾਰੇ ਸਹੀ ਸੋਚ ਵਾਲਿਆਂ ਨੇ ਮਹਾਂਪੁਰਸ਼ਾਂ ਦੀ ਯਾਦ ਤੋਂ ਪ੍ਰੇਰਨਾ ਲਈ। ਵਾਹਿਗੁਰੂ ਜੀ ਕ੍ਰਿਪਾ ਕਰਨ ਕਿ ਅਸੀਂ ਪੰਥ ਵਿਚ ਹੋ ਚੁਕੀਆਂ ਮਹਾਨ ਹਸਤੀਆਂ ਨੂੰ ਪੂਰਾ ਸਤਿਕਾਰ ਦੇ ਸਕੀਏ। ਜਿਸ ਤਰ੍ਹਾਂ ਦੇ ਨਾਲ ਇਨ੍ਹਾਂ ਮਹਾਂਪੁਰਸ਼ਾਂ ਨਾਲ ਅਸੀਂ ਵਿਤਕਰਾ ਕਰ ਰਹੇ ਹਾਂ ਅਤੇ ਆਪਣੇ ਨਹੀਂ ਸਮਝ ਰਹੇ, ਇਸੇ ਤਰ੍ਹਾਂ ਨਾਲ ਅਸਾਥੋਂ ਬੰਦੇ ਬਹਾਦਰ ਨਾਲ ਵੀ ਬੇ-ਇਨਸਾਫੀ ਹੋਈ। (ਅੱਜ 24 ਜਨਵਰੀ 1996 ਦੇ ਅਜੀਤ ਅਖ਼ਬਾਰ ਵਿਚ ਪੰਥ ਦੇ ਮਹਾਨ ਆਗੂ, ਗੁਰੂ ਦਰਗਾਹ ਵਾਸੀ

ਮਾਸਟਰ ਤਾਰਾ ਸਿੰਘ ਜੀ ਦਾ ਇਕ ਲੇਖ ਛਪਿਆ ਹੈ ਜਿਸ ਵਿਚ ਮਾਸਟਰ ਜੀ ਆਪਣੇ ਪ੍ਰਭਾਵ ਦਸਦੇ ਹੋਏ ਅੰਕਿਤ ਕਰਦੇ ਹਨ ਕਿ 'ਸ੍ਰੀ ਬਾਬਾ ਜੀ ਦੀ ਪਵਿਤਰ ਜੀਵਨੀ ਪੜ੍ਹ ਕੇ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਸਿੱਖ ਰਾਜ ਦੇ ਅੰਤ ਪਿਛੋਂ ਸਿੱਖੀ ਦਾ ਝੰਡਾ ਉਚਾ ਕਰਨ ਵਾਲੇ ਆਪ ਸ਼੍ਰੋਮਣੀ ਹੋਏ ਹਨ। ਸਿੱਖਾਂ ਦੀ ਖੇਰੂੰ-ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰਿਓਂ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਸਾਰੀਆਂ ਬੁਰਿਆਈਆਂ ਸਿੱਖਾਂ ਨੂੰ ਡੂੰਘੇ ਟੋਏ ਵਿਚ ਸੁੱਟਣ ਦੀਆਂ ਬਣੀਆਂ ਸਨ; ਉਨ੍ਹਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਸੋਚੀ ਸੀ। ਆਪ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਭੁੱਲੀ ਹੋਈ ਸਿੱਖੀ ਦਾ ਚੇਤਾ ਕਰਾਇਆ ਅਤੇ ਨਾਮ ਬਾਣੀ ਦਾ ਲੜ, ਜੋ ਉਨ੍ਹਾਂ ਦੇ ਹੱਥੋਂ ਛੁਟ ਚੁੱਕਾ ਸੀ, ਬੜੇ ਪਿਆਰ ਨਾਲ ਉਨ੍ਹਾਂ ਦੇ ਹੱਥਾਂ ਵਿਚ ਦਿਤਾ। ਜਿਸ ਵੇਲੇ ਸਿੱਖਾਂ ਤੇ ਸਿੱਖੀ ਦਾ ਰੰਗ ਚੜ੍ਹਿਆ, ਉਨ੍ਹਾਂ ਦੀ ਵੀਰਤਾ ਅਤੇ ਅਣਖ ਨੇ ਹੁਲਾਰਾ ਖਾਧਾ ਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਸੁਪਨਾ ਵੇਖਣ ਲਗ ਪਏ।)

ਅਸਾਡੇ 'ਆਤਮ ਮਾਰਗ' ਅਦਾਰੇ ਵਲੋਂ ਸ਼ਰਧਾ ਨਾਲ ਆਪ ਦੇ ਚਰਨਾਂ ਵਿਚ ਸੀਸ ਝੁਕਦਾ ਹੈ। ਵਾਹਿਗੁਰੂ ਜੀ ਆਪ ਦੇ ਜੀਵਨ ਮਾਰਗ ਵਿਚੋਂ ਨਾਮ ਬਾਣੀ ਦੇ ਪਿਆਰ ਦੀ ਅਸਾਨੂੰ ਵੀ ਇਕ ਕਣੀ ਬਖਸ਼ਿਸ਼ ਕਰਨ।

ਅੰਤ ਵਿਚ ਅਸੀਂ ਪਾਠਕਾਂ ਦੀ ਗਿਆਤ ਲਈ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਵਲੋਂ ਲਿਖੀ ਇਕ ਕਵਿਤਾ reproduce ਕਰਕੇ ਧੰਨਵਾਦ ਸਹਿਤ ਖਿਮਾ ਦੇ ਜਾਚਕ ਹਾਂ -

*ਪਾਇ ਇਹ ਹੁਕਮ ਪ੍ਰਮੇਸ਼ ਦਾ ਵਿਸ਼ੇਸ਼ ਇਹ*
*ਰਾਮ ਪ੍ਰਮੇਸ਼ ਉਪਦੇਸ਼ ਦੇਣ ਲਾਗਯੋ।*
*ਹੁੱਕੇ ਛਡਵਾਏ ਰਖਵਾਏ ਕੇਸ ਮੋਨਿਉਂ ਕੋ*
*ਸੁਧਾ ਛਕ ਥਾਏ*
*ਸਿੱਖ ਭਾਗ ਜੈਨ ਜਾਗਯੋ।*
*ਫੈਲਿਓ ਜਸ ਭਾਰੀ ਜਗ ਥੀਖੇ-*
*ਤਾਂਹਿ ਕੇ ਅਪਾਰੀ ਸਿੰਘ*
*ਪੰਥ ਬਿਰਧਾਨੋ ਨਾਮ ਰਸ ਪਾ ਗਯੋ।*
*ਭੰਗ, ਪੋਸਤ-ਸ਼ਰਾਬ,*
*ਮਾਸ ਚੋਰੀ ਯਾਰੀ ਠੱਗੀ*
*ਤਜ ਥੀਏ ਸੰਤ, ਸਤਿਜੁਗ ਆ ਗਿਓ।*

ਨਾਮਧਾਰੀ ਸ਼ਹੀਦ, ਭਾਰਤ ਦੀ ਅਜ਼ਾਦੀ ਦੇ ਨਾ ਭੁਲਾਏ ਜਾ ਸਕਣ ਵਾਲੇ ਮਹਾਨ ਵਿਅਕਤੀ ਹਨ। ਇਨ੍ਹਾਂ ਸ਼ਹੀਦਾਂ ਨੇ ਪੱਕੀ ਨੀਂਹ ਵਿਚ ਆਪਾ ਸਮਰਪਨ ਕਰਕੇ ਅਪਣੇ ਉਪਰ ਅਜ਼ਾਦ ਭਾਰਤ ਦਾ ਮੰਦਰ ਉਸਰਾਇਆ। ਨੀਂਹ ਦੇ ਹੀਰਿਆਂ ਨੂੰ ਅਸੀਂ ਭੁੱਲ ਕੇ ਮੰਦਰ ਦੇ ਵਜੂਦ ਵਿਚ ਗੁਆਚ ਗਏ ਹਨ। ਕਦੇ ਯਾਦ ਕਰਿਆ ਕਰੋ, ਸ਼ਰਧਾ ਨਾਲ ਸਿਰ ਝੁਕਾਇਆ ਕਰੋ। ਅਫਸੋਸ ਹੈ, ਇਸ ਮੰਦਰ ਵਿਚ ਹੁਣ ਅਨੇਕਾਂ scandles ਰਾਹੀਂ ਕੁਰੀਤੀਆਂ ਕਰਨ ਵਾਲੇ, ਮਾਲਕ ਬਣ ਕੇ ਬਦਮਸਤ ਹੋਏ ਕਦੇ ਬੁਨਿਆਦ ਵਿਚ ਪਏ ਹੀਰਿਆਂ ਨੂੰ ਯਾਦ ਨਹੀਂ ਕਰਦੇ। ਅਸੀਂ ਭੀ ਸਿੱਖ ਪੰਥ, ਸਿੱਖ ਚੇਤਨਾ ਪੱਖੀ -

*ਆਪਿ ਨ ਦੇਹਿ ਚੁਰੂ ਭਰਿ ਪਾਨੀ॥*
*ਤਿਹ ਨਿੰਦਹਿ ਜਿਹ ਗੰਗਾ ਆਨੀ॥*
***ਅੰਗ** - 332*

ਦੇ ਘੇਰੇ ਵਿਚ ਹੀ ਹਾਂ। ਬਹੁਤ ਚੰਗਾ ਹੈ ਕਿ ਵਿਸ਼ਵ ਸਿੱਖ ਸੰਮੇਲਨ ਦੀ ਸੂਝਵਾਨ ਸੋਚ ਨੇ ਇਨ੍ਹਾਂ ਮਹਾਨ ਸੂਰਮਿਆਂ ਨੂੰ ਮਾਣ ਦਿਤਾ। ਪਰਮ ਮਹਾਂਪੁਰਸ਼ਾਂ ਦਾ ਜਿੰਨਾਂ ਸਤਿਕਾਰ ਕੀਤਾ ਜਾਵੇ, ਥੋੜ੍ਹਾ ਹੈ।

# ਆਤਮ ਮਾਰਗ

## (ਭਾਗ ਪਹਿਲਾ)

## ਮਿਤੀ 14.10.95 ਨੂੰ ਰਤਵਾੜਾ ਸਾਹਿਬ ਵਿਖੇ ਸੰਤ ਸਮਾਗਮ ਦੌਰਾਨ ਕੀਤੇ ਗਏ ਪ੍ਰਵਚਨ।

ਜਿਨ੍ਹਾਂ ਦੇ ਚਰਨਾਂ ਵਿਚ ਸਾਡੀਆਂ ਅੱਖੀਆਂ ਦੇ ਫੁੱਲ, ਦ੍ਰਿਸ਼ਟੀ ਬਣ ਕੇ ਪਵਿੱਤਰ ਹੋ ਜਾਂਦੇ ਨੇ, ਜਿਨ੍ਹਾਂ ਦੀ ਕ੍ਰਿਪਾ ਨਾਲ ਘਾਟੀਆਂ ਵਿਚ, ਪੱਥਰਾਂ, ਚਟਾਨਾਂ ਵਿਚ ਰੁਲਦੀ ਹੋਈ ਆਤਮਾ ਉਠ ਕੇ ਹਿਮਾਲਿਆ ਦੀ ਚੋਟੀ ਤੇ ਪਹੁੰਚ ਜਾਂਦੀ ਹੈ, ਉਨ੍ਹਾਂ ਸੰਤਾਂ ਦੇ ਚਰਨਾਂ ਵਿਚ ਮੈਂ ਆਪਣੇ ਆਪ ਨੂੰ ਸਮਰਪਣ ਕਰਦਾ ਹਾਂ।

ਸੰਤ ਜਨ ਉਸ ਪ੍ਰਮੇਸ਼ਰ ਦੀ ਕ੍ਰਿਪਾ ਨਾਲ ਆਪਣੇ ਜਿਸਮ ਨੂੰ ਜੋਤੀ ਦਾ ਰੂਪ ਬਣਾ ਕੇ ਇਸ ਦੁਨੀਆਂ ਵਿਚ ਫਿਰਦੇ ਨੇ ਤਾਂ ਕਿ ਸਾਰੇ, ਦੁਖਾਂ 'ਚ ਰੋਂਦੇ ਹੋਏ ਜੀਵਾਂ ਦਾ ਕਲਿਆਣ ਹੋ ਜਾਵੇ। ਜਿਨ੍ਹਾਂ ਦੀ ਕ੍ਰਿਪਾ ਦਾ ਅੰਤ ਨਹੀਂ ਹੈ, ਜਿਸ ਕ੍ਰਿਪਾ ਦਾ ਧੰਨਵਾਦ ਨਹੀਂ ਕੀਤਾ ਜਾ ਸਕਦਾ, ਮੈਂ ਉਨ੍ਹਾਂ ਸੰਤਾਂ ਨੂੰ ਜੋਤੀ ਦੀ ਜਵਾਲਾ ਸਮਝ ਕੇ, ਆਪਣੇ ਜਿਸਮ ਨੂੰ ਚੰਦਨ ਦੀ ਲੱਕੜੀ ਬਣਾ ਕੇ ਓਸ ਜਵਾਲਾ 'ਚ ਜਲਾਣ ਵਾਸਤੇ ਪੇਸ਼ ਕਰਦਾ ਹਾਂ। ਇਹ ਉਨ੍ਹਾਂ ਦੀ ਕ੍ਰਿਪਾ ਹੈ ਜਿਸ ਕ੍ਰਿਪਾ ਦੁਆਰਾ ਦੁਨੀਆਂ ਵਿਚ ਰਹਿੰਦਾ ਹੋਇਆ ਮਨੁੱਖ, ਚਲਦਾ ਫਿਰਦਾ ਗੁਰਦੁਆਰਾ ਬਣ ਜਾਂਦਾ ਹੈ। ਜਦੋਂ ਇਹ ਮਨੁੱਖ ਆਪਣੇ ਆਪ ਨੂੰ ਜਿਸਮ ਨਹੀਂ ਸਮਝਦਾ, ਨੂਰ ਸਮਝਦਾ ਹੈ ਤਾਂ ਉਸ ਵੇਲੇ ਉਹਦੀ ਆਤਮਾ ਦੀ ਜਿਹੜੀ ਉਡਾਨ ਹੁੰਦੀ ਹੈ, ਉਹ ਅਕਾਸ਼ ਵਿਚ ਚਮਕਦੀ ਹੋਈ ਬਿਜਲੀ ਵਾਂਗ ਹੁੰਦੀ ਹੈ। ਜਿਹੜੇ ਸੰਤ ਐਸ ਤਰ੍ਹਾਂ ਜੋਤਿ ਦਾ, ਨੂਰ ਦਾ ਸਰੂਪ ਹੋ ਗਏ ਨੇ, ਉਨ੍ਹਾਂ ਦੀ ਕ੍ਰਿਪਾ ਨਾਲ ਦੁਨੀਆਂ ਦੇ ਅੰਦਰ ਰੋਂਦੇ ਹੋਏ, ਚਿਲਲਾਂਦੇ ਹੋਏ, ਚੀਕਾਂ ਮਾਰਦੇ ਹੋਏ ਸਾਡਾ ਸਾਰਾ ਦੁਖ ਦੂਰ ਹੋ ਜਾਂਦਾ ਹੈ। ਉਹ ਐਸੀ ਥਾਂ 'ਚ ਪਹੁੰਚ ਚੁਕੇ ਹਨ ਜਿਥੇ ਦੁਖ ਨਹੀਂ ਹੈ, ਸੋਗ ਨਹੀਂ ਹੈ, ਅਨ੍ਹੇਰਾ ਨਹੀਂ ਹੈ ਤੇ ਉਥੇ ਰਹਿੰਦੇ ਹੋਏ ਉਹ ਸਮੁੰਦਰ, ਅਨੰਦ ਰੂਪ ਹੋ ਜਾਂਦੇ ਹਨ ਜਿਹਦਾ ਖੜਕਾ, ਜਦੋਂ ਵਰਖਾ ਬਰਸਦੀ ਹੈ, ਤਾਂ ਸਾਨੂੰ ਸੁਣਾਈ ਦਿੰਦਾ ਹੈ। ਓਹਦੀ ਹੰਸੀਂ ਸਾਨੂੰ ਚੰਦਰਮਾ ਵਿਚ ਦਿਖਾਈ ਪੜਦੀ ਹੈ ਤੇ ਐਹੋ ਜਿਹੇ ਅਨੰਦ ਵਿਚ ਰਹਿਣ ਵਾਲੇ ਉਹ ਸੰਤ, ਓਸ ਚੋਟੀ ਤੋਂ ਦੇਖਦੇ ਨੇ, ਦੁਨੀਆਂ ਦੇ ਆਲਮ ਕਿਸ ਤਰ੍ਹਾਂ ਚੀਕਾਂ ਮਾਰਦੇ ਹੋਏ, ਤੜਪਦੇ ਹੋਏ ਮਰ ਰਹੇ ਨੇ। ਇਛਾਵਾਂ ਜਿੰਨੀਆਂ ਸਾਡੀਆਂ ਹਨ, ਕਾਮਨਾਵਾਂ ਹਨ, ਉਹਦੇ ਨਾਲ ਅਸੀਂ ਤੜਪਦੇ ਹਾਂ। ਜਿਸ ਤਰ੍ਹਾਂ ਇਕ ਮੱਛਲੀ ਇੱਛਾ, ਕਾਮਨਾ ਕਰਕੇ ਤੜਪਦੀ ਰਹੀ-ਤੜਪਦੀ ਰਹੀ; ਜਦ ਤਕ ਗੁਰੂ ਜੀ ਦਾ ਪੈਰ ਉਹਦੇ ਉਤੇ ਨਹੀਂ ਪਿਆ, ਤਦ ਤਕ ਓਹਦਾ ਉਧਾਰ ਨਹੀਂ ਹੋਇਆ। ਇਸ ਤਰ੍ਹਾਂ ਆਪਣਾ ਉਧਾਰ ਕਰਨ ਵਾਸਤੇ ਗੁਰੂਆਂ ਦੇ, ਸੰਤਾਂ ਦੇ ਚਰਨ ਸਾਨੂੰ ਛੂਹ ਜਾਣ, ਅਸੀਂ ਇਹ ਇੰਤਜ਼ਾਰ ਕਰਦੇ ਰਹਿੰਦੇ ਹਾਂ। ਕਰਦੇ ਤਾਂ ਰਹਿੰਦੇ ਹਾਂ ਪਰ ਹੁੰਦਾ ਕੀ ਹੈ? ਜਦੋਂ ਗੁਰੂ ਆਉਂਦਾ ਹੈ ਤਾਂ ਅਸੀਂ ਉਸਨੂੰ ਪਹਿਚਾਣ ਨਹੀਂ ਪਾਂਦੇ। ਇਹ ਬੜਾ ਦੁਰਭਾਗ ਹੈ ਸਾਡਾ। ਗੁਰੂ ਆਉਂਦਾ ਹੈ, ਆਪਣੇ ਦਰਸ਼ਨ ਸਾਡੇ ਅੰਦਰ ਵੜ ਕੇ ਕਰਾਉਂਦਾ ਹੈ ਪਰ ਅਸੀਂ ਓਹਨੂੰ ਪਹਿਚਾਨ ਨਹੀਂ ਪਾਂਦੇ। ਰਾਤ ਦੇ ਹਨ੍ਹੇਰੇ ਵਿਚ ਓਹਨੇ ਦਸਤਕ ਮਾਰੀ। ਅਸੀਂ ਸਮਝਿਆ, ਇਹ ਹਵਾ ਦਾ ਝੌਂਕਾ ਹੈ। ਕਰਵਟ ਬਦਲ ਕੇ ਪੈ ਗਏ, ਅੱਖਾਂ ਨਹੀਂ ਖੋਲ੍ਹੀਆਂ। ਗੁਰੂ ਆਇਆ ਉਧਾਰ ਕਰਨ ਵਾਸਤੇ, ਤੇ ਅਸੀਂ ਦਸਤਕ ਸੁਣ ਕੇ ਵੀ ਆਪਣੇ ਦਿਲ ਦਾ ਦਰਵਾਜ਼ਾ ਖੋਲ੍ਹਿਆ ਨਹੀਂ। ਇਸ ਤਰ੍ਹਾਂ ਅਸੀਂ ਅੰਧਕਾਰ ਦੇ ਵਿਚ ਭਟਕਦੇ ਫਿਰਦੇ ਹਾਂ।

ਹੁਣ ਸਵਾਲ ਇਹ ਹੈ ਕਿ ਕਿਸ ਤਰ੍ਹਾਂ ਅਸੀਂ ਗੁਰੂਆਂ, ਸੰਤਾਂ ਦੇ ਚਰਨਾਂ 'ਚ ਬਹਿ ਕੇ ਆਪਣਾ ਉਧਾਰ ਕਰੀਏ। ਉਹਨਾਂ ਦੇ ਜਿਹੜੇ ਅਨਮੋਲ ਰਤਨ ਹੈਗੇ ਨੇ, ਉਹ ਤਾਂ ਓਸ ਲਾਲ ਵਾਂਗ ਹੈਗੇ ਨੇ ਜਿਸ ਲਾਲ ਨੂੰ ਜੌਹਰੀ ਨੂੰ ਦਿਖਾਉਣ ਵਾਸਤੇ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਭੇਜਿਆ ਸੀ। ਉਹ ਲਾਲ, ਈਸ਼ਵਰ ਦੇ ਨਾਮ ਦਾ ਲਾਲ ਹੈ, ਉਹ ਲਾਲ, ਜਿਸਦੀ ਵੇਖਣ ਦੀ

ਕੀਮਤ ਦਾ ਕੁਝ ਪਤਾ ਨਹੀਂ ਹੈ। ਉਹ ਲਾਲਾਂ ਦੀ ਪੋਟਲੀ ਨੂੰ ਸਾਨੂੰ ਦੇਣ ਵਾਲੇ ਜਿਹੜੇ ਹੈਗੇ ਨੇ ਜਿਸ ਤਰ੍ਹਾਂ ਸਾਡੇ ਐਥੇ ਸੰਤ ਵਰਿਆਮ ਸਿੰਘ ਜੀ ਬੈਠੇ ਨੇ ਤਾਂ ਉਨ੍ਹਾਂ ਦੇ ਬਚਨ ਸੁਣ ਕੇ ਭੀ ਜਦ ਅਸੀਂ ਐਥੋਂ ਜਾਂਦੇ ਹਾਂ ਤਾਂ ਸਾਰਾ ਕੁਛ ਭੁਲ ਜਾਂਦੇ ਹਾਂ। ਜਿਹਨੇ ਓਸ ਨਾਮ ਨੂੰ ਪਾਇਆ ਹੈ, ਉਹ ਜਾਣਦਾ ਹੈ। ਦੁਨੀਆਂ ਦੇ ਵਿਚ ਅਸੀਂ ਨਾਨਾ ਪ੍ਰਕਾਰ ਦੇ ਸਵਾਦ ਚੱਖਣ ਵਾਸਤੇ ਘੁੰਮਦੇ ਫਿਰਦੇ ਹਾਂ। ਇਹ ਸਾਨੂੰ ਪਤਾ ਨਹੀਂ ਹੈ। ਇਕੋ ਹੀ ਸਵਾਦ ਹੈਗਾ ਹੈ, ਸਵਾਦਾਂ ਦਾ ਸਵਾਦ ਹੈ, ਓਸ ਸਵਾਦ ਤੋਂ ਉਚਾ ਹੋਰ ਕੋਈ ਸਵਾਦ ਹੈ ਨਹੀਂ। ਜਿਹੜਾ ਮੂੰਹ 'ਚ ਨਾਮ ਦਾ ਸਵਾਦ ਹੈਗਾ ਐ, ਉਹਨੂੰ ਸਾਡੀ ਰਸਨਾ ਚੱਖ ਸਕਦੀ ਹੈ। ਉਹਦੇ ਬਰਾਬਰ ਹੋਰ ਕੋਈ ਸਵਾਦ ਦੁਨੀਆਂ 'ਚ ਸਾਨੂੰ ਮਿਲਣਾ ਨਹੀਂ। ਓਸ ਸਵਾਦ ਨੂੰ ਚੱਖਣ ਵਾਸਤੇ ਸਾਡੇ ਗੁਰੂਆਂ ਨੇ ਰਸਤਾ ਸਾਨੂੰ ਦੱਸਿਆ ਹੈ। ਉਹ ਜਿਹੜਾ ਸੂਰਜ ਦਾ ਸੂਰਜ ਹੈ, ਚੰਦਰਮਾ ਦਾ ਚੰਦਰਮਾ ਹੈ, ਰਾਜਿਆਂ ਦਾ ਰਾਜਾ ਹੈ, ਇੰਦਰ ਦਾ ਇੰਦਰ ਹੈ ਜਿਹਨੂੰ ਨਮਸਕਾਰ ਕੀਤਾ ਹੈ, ਉਹ ਜਿਹੜਾ ਹੈ 'ਘਟ ਦੀਪਕ ਰਹਿਆ ਸਮਾਇ', ਉਹ ਦੀਪਕ ਸਾਡੇ ਅੰਦਰ ਬਲਦਾ ਹੈ। ਉਹਨੂੰ ਅਸੀਂ ਦੇਖਦੇ ਨਹੀਂ, ਦੁਨੀਆਂ ਦੇ ਦੀਪਕਾਂ ਵਿਚ ਅਸੀਂ ਚਲਦੇ ਫਿਰਦੇ ਹਾਂ। ਉਹਦੇ ਨਾਲ ਜਿਹੜੀ ਜਵਾਲਾ ਹੈ, ਸਾਨੂੰ ਹੋਰ ਜਲਾਂਦੀ ਹੈ, ਉਥੋਂ ਸ਼ਾਂਤੀ ਪਾਉਣ ਵਾਸਤੇ ਕਦੀ-ਕਦੀ ਅਸੀਂ ਗੁਰੂ ਦੇ ਦੁਆਰੇ ਆਉਂਦੇ ਹਾਂ, ਆ ਕੇ ਦੋ ਚਾਰ ਮਿੰਟ ਦੀ, ਦੋ ਚਾਰ ਪਲਾਂ ਦੀ, ਛਿਨਾਂ ਦੀ ਸ਼ਾਂਤੀ ਸਾਨੂੰ ਮਿਲਦੀ ਹੈ, ਉਹ ਲੈ ਕੇ ਅਸੀਂ ਪੋਟਲੀ ਬੰਨ੍ਹ ਕੇ, ਗੱਠੜੀ ਬੰਨ੍ਹ ਕੇ ਨਾਲ ਲਿਜਾਂਦੇ ਨਹੀਂ, ਉਥੇ ਹੀ ਛੱਡ ਜਾਂਦੇ ਹਾਂ ਤੇ ਜਾ ਕੇ ਫੇਰ ਓਸੇ ਦੁਨੀਆਂ ਵਿਚ ਪੈ ਜਾਂਦੇ ਹਾਂ; ਕਿੰਨਾ ਸਾਡਾ ਦੁਰਭਾਗ ਹੁੰਦਾ ਹੈ। ਏਸ ਵਾਸਤੇ ਹਰ ਵੇਲੇ ਸਾਂਸ-ਸਾਂਸ ਵਿਚ ਓਸ ਨਾਮ ਨੂੰ ਯਾਦ ਕਰੋ ਜਿਹੜਾ ਨਾਮ ਗੁਰੂ ਨੇ ਦਿਤਾ ਹੈ। ਜਦੋਂ ਤੁਸੀਂ ਓਸ ਨਾਮ ਦਾ ਇਕ-ਇਕ ਸਾਂਸ ਦੇ ਵਿਚ ਜਾਪ ਕਰੋਂਗੇ, ਮੈਂ ਸੱਚ ਕਹਿੰਦਾ ਹਾਂ, ਤੁਹਾਨੂੰ ਉਹਨੂੰ ਯਾਦ ਕਰਦੇ ਹੋਏ ਦੁਨੀਆਂ ਦੇ ਸਾਰੇ ਦੇ ਸਾਰੇ ਦੁੱਖ ਭੁੱਲ ਜਾਣਗੇ। ਅਕਾਲ ਪੁਰਖ ਤੁਹਾਡੇ ਅੰਦਰ ਵੜ ਜਾਵੇਗਾ, ਤੁਸੀਂ ਅਕਾਲ ਪੁਰਖ ਦੇ ਅੰਦਰ ਵੜ ਜਾਵੋਂਗੇ। ਇਹ ਪਤਾ ਨਹੀਂ ਰਹੇਗਾ ਕਿ ਅਕਾਲਪੁਰਖ ਤੁਹਾਡੇ ਤੋਂ ਕਿਤੇ ਵੱਖਰਾ ਹੈ; ਤੁਸੀਂ ਕਾਲ ਦੀ ਜਿਹੜੀ ਸੀਮਾ, ਕਾਲ ਦੀ ਜਿਹੜੀਆਂ ਜੰਜੀਰਾਂ ਹਨ ਉਹਨਾਂ ਨੂੰ ਤੋੜ ਕੇ ਉਹਦੇ ਉਤੇ ਜਾ ਕੇ ਇਕ ਇਹੋ ਜਿਹਾ ਹਿਮਾਲੀਆ ਹੈ ਜੋ ਸਾਡੇ ਅੰਦਰ ਹੈ, ਉਹਦੀ ਚੋਟੀ ਦੇ ਉਤੇ ਜਾ ਕੇ ਬੈਠ ਜਾਵੋਂਗੇ ਤੇ ਐਸੇ ਸੰਤਾਂ, ਗੁਰੂਆਂ ਦੇ ਚਰਨਾਂ ਵਿਚ ਅਸੀਂ ਕੀ ਚੜ੍ਹਾ ਸਕਦੇ ਹਾਂ, ਕੀ ਚੜ੍ਹਾਈਏ? ਕਹਿੰਦੇ ਨੇ ਆਪਣਾ ਕਮਲ ਫੁੱਲ, ਆਪਣੇ ਗੁਲਾਬ, ਅਪਣੇ ਫੁੱਲ ਖਿਆਲਾਂ ਦੇ।

ਲੋਕੀ ਜਾਪ ਕਰਨ ਬੈਠਦੇ ਨੇ, ਗੁਰਬਾਣੀ ਸੁਣਦੇ ਨੇ, ਸ਼ਬਦ ਸੁਣਦੇ ਨੇ ਤਾਂ ਉਹ ਜਾਪ ਕਰਦੇ ਹੋਏ, ਸ਼ਬਦ ਸੁਣਦੇ ਹੋਏ, ਗੁਰਬਾਣੀ ਕੰਨ ਵਿਚ ਪੈ ਰਹੀ ਹੈ ਤਾਂ ਵੀ ਕੀ ਕਰਦੇ ਨੇ, ਕੰਧਾਰ ਦੇ ਬਜ਼ਾਰ ਵਿਚ ਜਾ ਕੇ ਘੋੜਿਆਂ ਦਾ ਮੁੱਲ ਕਰਦੇ ਨੇ ਤੇ ਗਵਾਚੇ ਹੋਏ ਬਛੜਿਆਂ ਦੇ ਪਿਛੇ ਉਹਨਾਂ ਨੂੰ ਢੂੰਡਣ ਜਾਂਦੇ ਨੇ। ਜਾਪ ਭੁੱਲ ਜਾਂਦਾ ਹੈ, ਸ਼ਬਦ ਦਾ ਅਸਰ ਹੁੰਦਾ ਨਹੀਂ, ਗੁਰਬਾਣੀ ਹਿਰਦੇ ਦੇ ਵਿਚ ਖੁਭਦੀ ਨਹੀਂ। ਜਦੋਂ ਖੁਭਣ ਲਗਦੀ ਹੈ ਤਾਂ ਫਿਰ ਕੰਧਾਰ ਦੇ ਘੋੜੇ, ਗਵਾਚੇ ਹੋਏ ਜਿੰਨੇ ਬਛੜੇ ਹਨ, ਸਾਰੇ ਭੁੱਲ ਜਾਂਦੇ ਨੇ। ਜੋ ਅਸਲੀ ਰਤਨ ਗਵਾਚ ਗਿਆ ਹੈ, ਉਹ ਮਿਲ ਜਾਂਦਾ ਹੈ। ਜਿਹੜਾ ਅਸਲੀ ਰਤਨ ਗਵਾਚ ਗਿਆ ਸਾਡੇ ਕੋਲੋਂ, ਜਿਹਦਾ ਨਾਮ ਆਤਮਾ ਹੈ, ਉਹਨੂੰ ਢੂੰਢੋ, ਉਹਨੂੰ ਪਾਓ। ਕਿਥੋਂ ਪਾਈਏ, ਕਿਥੇ ਜਾਈਏ, ਕਿਹੜੇ ਗੁਰੂ ਦੇ ਦੁਆਰੇ ਸਾਨੂੰ ਉਹ ਮਿਲਣਾ ਹੈ? ਇਕ ਗੁਰੂ ਇਹੋ ਜਿਹਾ ਹੈ ਜਿਹੜਾ ਸਾਡੇ ਅੰਦਰ ਬੈਠਾ ਹੋਇਆ ਹੈ, ਜਿਹੜਾ ਹਰ ਵੇਲੇ ਬੈਠਾ ਹੋਇਆ ਹੈ; ਰਾਤ ਨੂੰ ਸੌਂਦੇ ਹੋ ਤਾਂ ਵੀ ਗੁਰੂ ਅੰਦਰ ਬੈਠਾ ਹੋਇਆ ਹੈ; ਸਪਨੇ ਦੇਖਦੇ ਹੋ - ਦੁਨੀਆਂ ਦੇ, ਪਰ ਗੁਰੂ ਅੰਦਰ ਬੈਠਾ ਹੈ; ਅੱਖਾਂ ਖੋਲ੍ਹ-ਖੋਲ੍ਹ ਕੇ ਦੁਨੀਆਂ ਦੇ ਤਮਾਸ਼ੇ ਦੇਖਦੇ ਹੋ, ਗੁਰੂ ਅੰਦਰ ਬੈਠਾ ਹੈ ਤੇ ਕਹਿੰਦਾ ਹੈ ਕਿ ਮੇਰੀ ਤਰਫ ਵੀ ਵੇਖੋ। ਉਹ ਕਿਥੇ ਹੈ, ਕਿਥੇ ਵੇਖੀਏ? ਤੇ ਜਦੋਂ ਗੁਰੂ ਸਾਮ੍ਹਣੇ ਆ ਜਾਂਦਾ ਹੈ ਤਾਂ ਓਸ ਵੇਲੇ ਅਸੀਂ ਉਹਨੂੰ ਕੀ ਚੜ੍ਹਾਉਣਾ ਹੈ? ਆਪਣੇ ਖਿਆਲਾਂ ਦੇ ਫੁੱਲ ਚੜ੍ਹਾਓ। ਆਪਣੇ ਸਾਸਾਂ ਨੂੰ,

ਇਕ-ਇਕ ਸਾਂਸ ਨੂੰ ਫੁੱਲ ਬਣਾ ਕੇ ਚੜ੍ਹਾ ਦਿਓ। ਗੁਰੂ ਨੇ ਚੇਲੇ ਨੂੰ ਕਿਹਾ, ਲਿਆਓ ਫੁੱਲ ਚੜ੍ਹਾਓ। ਫੁੱਲ ਮੈਂ ਕਿਥੋਂ ਲਿਆਵਾਂ, ਐਥੇ ਤਾਂ ਬਗੀਚਾ ਹੈ ਨਹੀਂ। ਜਾਹ! ਤੇਰੀ ਕੁਟੀਆ ਦੇ ਕੋਲ ਜੋ ਬਗੀਚਾ ਹੈ, ਉਥੋਂ ਜਾ ਕੇ ਲਿਆ। ਹੁਣ ਉਹ ਕੁਟੀਆ ਦੇ ਆਰ-ਪਾਰ, ਐਧਰ ਉਧਰ ਘੁੰਮਦਾ ਫਿਰਦਾ ਹੈ, ਢੂੰਡਦਾ ਹੈ, ਉਹਨੂੰ ਬਗੀਚਾ ਨਹੀਂ ਮਿਲਦਾ। ਜਿਹੜਾ ਬਗੀਚਾ ਦਿਸਦਾ ਹੈ, ਉਹਦੇ ਅੰਦਰ ਫੁੱਲ ਨਹੀਂ ਖਿਲਦੇ। ਜਿਹੜੇ ਫੁੱਲ ਕਦੀ-ਕਦੀ ਐਧਰੋਂ-ਉਧਰੋਂ ਦਿਖਾਈ ਦਿੰਦੇ ਨੇ, ਉਨ੍ਹਾਂ ਦੇ ਅੰਦਰ ਧੂਲ ਜੰਮੀ ਹੋਈ ਹੈ। ਮੈਂ ਕਿਸ ਤਰ੍ਹਾਂ ਇਨ੍ਹਾਂ ਫੁੱਲਾਂ ਨੂੰ ਲੈ ਕੇ ਗੁਰੂ ਜੀ ਦੇ ਪਾਸ ਜਾਵਾਂ। ਉਹ ਕਹਿੰਦੇ ਨੇ, ਤੇਰਾ ਬਗੀਚਾ ਜਿਹੜਾ ਹੈ, ਕੁਟੀਆ ਦੇ ਬਾਹਰ ਨਹੀਂ ਹੈ; ਕੁਟੀਆ ਦੇ ਅੰਦਰ ਵੜ, ਉਥੇ ਹੈ। ਉਹ ਅੰਦਰ ਜਾਂਦਾ ਹੈ, ਅੰਦਰ ਗੜਵਾ ਪਿਆ ਹੈ, ਭਾਂਡੇ ਪਏ ਨੇ, ਸਿੰਗੁੜੀਆਂ ਹੋਈਆਂ ਚਦਰਾਂ ਪਈਆਂ ਨੇ, ਉਹਨੂੰ ਕੋਈ ਬਗੀਚਾ ਉਥੇ ਦਿਸਦਾ ਨਹੀਂ ਹੈ ਤਾਂ ਗੁਰੂ ਜੀ, ਸੰਤ ਜਨ, ਜਿਨ੍ਹਾਂ ਦੀ ਕ੍ਰਿਪਾ ਉਹਦੇ ਉਤੇ ਹੋਈ ਹੈ, ਉਸ ਕ੍ਰਿਪਾ ਦੇ ਕਾਰਨ ਓਹਦੀ ਤੀਜੀ ਅੱਖ ਖੁਲ੍ਹ ਜਾਂਦੀ ਹੈ। ਜਦੋਂ ਅੱਖ ਖੁਲ੍ਹ ਜਾਂਦੀ ਹੈ ਤਾਂ ਉਹ ਫੇਰ ਕੁਟੀਆ ਦੇ ਅੰਦਰ ਦੇਖਦਾ ਹੈ - ਬਗੀਚੇ ਹੀ ਬਗੀਚੇ ਹੈਗੇ ਨੇ। ਕਿਹੜੇ ਬਗੀਚੇ ਨੇ? ਕਿਹੜੇ ਫੁਲ ਨੇ? ਤੁਸੀਂ ਮੇਰੇ ਭਰਾਵੋ! ਮੇਰੀ ਮਾਤਾਓ! ਤੁਸੀਂ ਚਲਦੇ ਫਿਰਦੇ ਗੁਰਦਵਾਰੇ ਹੋ, ਤੁਸੀਂ ਚਲਦੇ ਫਿਰਦੇ ਬਗੀਚੇ ਹੋ।

ਇਕ ਕਮਲ ਫੁੱਲ ਹੈ ਜਿਹੜਾ **ਮੂਲਾਧਾਰ ਚੱਕਰ** ਵਿਚ ਖਿਲਦਾ ਹੈ। ਇਕ ਕਮਲ ਫੁੱਲ ਹੈ ਜਿਹੜਾ **ਸਵਾਦਿਸ਼ਠਾਨ ਚੱਕਰ** ਵਿਚ ਖਿਲਦਾ ਹੈ। ਇਕ ਕਮਲ ਹੈ ਜਿਹੜਾ ਨਾਭੀ ਦੇ ਅੰਦਰ **ਮਣੀਪੂਰਵਕ ਚੱਕਰ** ਵਿਚ ਖਿਲਦਾ ਹੈ, ਇਕ ਕਮਲ ਇਹੋ ਜਿਹਾ ਹੈ ਜਿਹੜਾ ਅਨਾਹਤ ਚੱਕਰ ਵਿਚ, ਹਿਰਦੇ ਗੁਫਾ ਦੇ ਅੰਦਰ ਖਿਲਦਾ ਹੈ। ਇਕ ਕੰਠ ਵਿਚ **ਵਿਸ਼ੁਧ ਚੱਕਰ** ਵਿਚ ਖਿਲਦਾ ਹੈ। ਇਕ ਦੋ ਜਾਂ ਬਾਹਰੀ ਅੱਖਾਂ ਦੇ ਵਿਚ ਅੰਦਰ ਦੀ ਤਰਫ ਖੁਲ੍ਹਣ ਵਾਲੀ ਅੱਖ ਦੇ ਵਿਚ, ਉਥੇ ਇਕ ਕਮਲ ਫੁੱਲ ਖਿਲਦਾ ਹੈ। ਇਕ ਹੋਰ ਕਮਲ ਫੁੱਲ ਹੈ ਜਿਹਦੀਆਂ ਹਜ਼ਾਰਾਂ ਹੀ ਪੰਖੜੀਆਂ ਦਾ ਕੋਈ ਅੰਤ ਨਹੀਂ ਹੈ। ਜਿਹੜੀਆਂ ਪੰਖੜੀਆਂ ਇਨ੍ਹਾਂ ਕਮਲਾਂ ਦੀਆਂ ਹਨ, ਉਹ ਬਾਗ ਦੇ ਫੁੱਲਾਂ ਵਾਂਗ ਨਹੀਂ ਹਨ; ਉਹ ਰੋਸ਼ਨੀ ਦੀਆਂ ਪੰਖੜੀਆਂ ਹਨ, ਉਹ ਨੂਰ ਦੀਆਂ ਨੇ, ਉਹ ਜੋਤ ਦੀਆਂ ਪੰਖੜੀਆਂ ਨੇ। ਉਨ੍ਹਾਂ ਨੂੰ ਲੈ ਕੇ ਜਦੋਂ ਗੁਰੂ ਦੇ ਚਰਨਾਂ ਵਿਚ ਰਹਿੰਦਾ ਹੈ ਤਾਂ ਹੀ ਓਸ ਵੇਲੇ ਇਹ ਚਲਦਾ ਫਿਰਦਾ ਗੁਰਦੁਆਰਾ ਹੋ ਜਾਂਦਾ ਹੈ। ਏਸ ਗੁਰਦਵਾਰੇ ਦੇ ਅੰਦਰ ਵੜਨ ਵਾਸਤੇ ਰਸਤੇ ਦੱਸੇ ਗਏ ਨੇ। ਜੇ ਤੁਸੀਂ ਅੱਖਾਂ ਦੇ ਰਸਤੇ ਜਾਓਂਗੇ, ਅੱਖਾਂ ਬਾਹਰ ਖੁਲ੍ਹੀਆਂ ਨੇ ਪਰ ਦਿਸਦਾ ਅੰਦਰ ਹੈ। ਜਦੋਂ ਤੁਸੀਂ ਕੰਨਾਂ ਦੇ ਰਸਤੇ ਜਾਵੋਂਗੇ, ਅੰਦਰ ਇਕ ਅਨਾਹਤ ਨਾਦ ਹੈ, ਉਸ ਅਨਾਹਤ ਨਾਦ ਦੇ ਵਿਚ ਸਾਰੀ ਦੁਨੀਆਂ ਦੇ ਜਿੰਨੇ ਨਾਦ ਨੇ, ਸਾਰੇ ਲੀਨ ਹੋ ਜਾਂਦੇ ਨੇ। ਉਨਮਨੀ ਅਵਸਥਾ ਆ ਜਾਂਦੀ ਹੈ। ਓਸ ਉਨਮਨੀ ਅਵਸਥਾ ਦੇ ਅੰਦਰ ਜਾ ਕੇ ਦੁਆਪਰ ਜੁਗ ਦੇ ਕੋਈ ਮੁਨੀ, ਫੇਰੂ ਬਣ ਕੇ ਉਹ ਰਬਾਬ ਦੇ ਜਾਂਦੇ ਨੇ ਕਿ ਉਹਦੇ ਅੰਦਰੋਂ ਅਵਾਜ਼ ਨਿਕਲਦੀ ਹੈ - **'ਤੂੰ ਹੀ ਨਿਰੰਕਾਰ, ਤੂੰ ਹੀ ਨਿਰੰਕਾਰ।'** ਓਸ ਰਬਾਬ ਨੂੰ ਵਜਾਉਣ ਵਾਸਤੇ ਉਗਲੀਆਂ ਨਹੀਂ ਚਾਹੀਦੀਆਂ। ਓਸ ਰਬਾਬ ਨੂੰ ਵਜਾਉਣ ਵਾਸਤੇ ਸਿਰਫ ਗੁਰੂ ਦੀ ਕਿਰਪਾ ਚਾਹੀਦੀ ਹੈ ਜੇ ਮਰਦਾਨੇ ਨੇ ਸੰਸਾ ਨਾ ਕੀਤਾ ਹੁੰਦਾ ਕਿ ਮੈਨੂੰ ਤਾਂ ਵਜਾਉਣਾ ਨਹੀਂ ਆਉਂਦਾ, ਮੈਂ ਕਿਸ ਤਰ੍ਹਾਂ ਵਜਾਵਾਂ; ਬਿਨਾਂ ਸੰਸੇ ਦੇ ਜੇ ਉਹ ਵਜਾਉਣ ਲੱਗ ਜਾਂਦਾ ਤਾਂ ਉਹਦਾ ਜਿਸਮ, ਉਹਦਾ ਤਨ, ਉਹਦਾ ਮਨ ਵੀ ਰਬਾਬ ਬਣ ਜਾਂਦਾ। ਬਾਹਰ ਦੀ ਆਵਾਜ਼ ਉਹਨੂੰ ਸੁਣਾਈ ਨਾ ਦਿੰਦੀ। ਉਹਦਾ ਰੋਮ-ਰੋਮ ਕਹਿੰਦਾ - 'ਤੂੰ ਹੀ ਨਿਰੰਕਾਰ, ਤੂੰ ਹੀ ਨਿਰੰਕਾਰ।' ਤਾਂ ਫਿਰ ਓਸ ਵੇਲੇ ਉਹਨੂੰ ਨਾ ਭੁੱਖ ਸਤਾਂਦੀ, ਨਾ ਪਿਆਸ ਤੰਗ ਕਰਦੀ। ਗੁਰੂ ਜੀ ਨੇ ਜਦੋਂ ਸਮਾਧੀ ਖੋਲ੍ਹੀ ਤਾਂ ਉਠ ਕੇ ਉਨ੍ਹਾਂ ਨੂੰ ਵਿਦਾ ਕਰਕੇ ਤਲਵੰਡੀ ਨਾ ਚਲਾ ਜਾਂਦਾ। ਇਹੋ ਕੰਮ ਅਸੀਂ ਕਰਦੇ ਹਾਂ।

ਸਾਡੇ ਬਾਹਰ ਜੋ ਗੁਰੂ ਹੈਗੇ ਨੇ, ਸੰਤ ਜਨ ਹੈਗੇ ਨੇ, ਉਹ ਓਸੇ ਗੁਰੂ ਦਾ ਰੂਪ ਹਨ ਜਿਹੜਾ ਗੁਰੂ ਸਾਡੇ ਅੰਦਰ ਬਹਿ ਕੇ, ਸਾਡੇ ਅੰਦਰ ਵੜ ਕੇ, ਹਿਰਦੇ ਦੇ ਸਿੰਘਾਸਨ ਦੇ ਉਤੇ ਜਿਹੜਾ ਅਸੀਂ ਖਿਆਲਾਂ ਦਾ, ਭਗਤੀ ਦੇ ਫੁਲਾਂ ਦਾ ਜਾਜਮ ਵਿਛਾਇਆ ਹੈ ਉਹਦੇ ਉਤੇ ਬਿਰਾਜਮਾਨ ਹੋ ਕੇ,

ਜਿਹੜਾ ਗੁਰੂ ਸਾਡੇ ਅੰਦਰ ਬਹਿ ਕੇ ਉਹ ਰਬਾਬ ਵਜਾਂਦਾ ਹੈ, ਉਹਨੂੰ **ਅਨਾਹਤ ਨਾਦ** ਕਹਿੰਦੇ ਨੇ। ਜਦੋਂ ਲੋਕੀਂ ਉਸ ਅਨਾਹਤ ਨਾਦ ਨੂੰ ਸੁਣਨ ਲਗਣਗੇ ਤਾਂ ਇਹ ਦੁਨੀਆਂ ਦੇ ਰੇਡੀਓ ਤੇ ਟੀ.ਵੀ. ਉਨ੍ਹਾਂ ਨੂੰ ਪਸੰਦ ਨਹੀਂ ਆਉਣਗੇ। ਉਸ ਰਬਾਬ ਦੇ ਸਾਮ੍ਹਣੇ ਇਨ੍ਹਾਂ ਦਾ ਸੰਗੀਤ ਕੁਛ ਨਹੀਂ ਹੈ। ਜਿਸ ਤਰ੍ਹਾਂ ਕੋਇਲ ਦੀ ਕੂਕ ਦੇ ਸਾਮ੍ਹਣੇ ਕਾਂ ਦੀ 'ਕਾਂ-ਕਾਂ' ਕੁਛ ਨਹੀਂ ਹੈ, ਐਸ ਤਰ੍ਹਾਂ ਸਾਡੇ ਅੰਦਰ ਜਿਹੜਾ ਅਨਾਹਤ ਨਾਦ ਹੈ, ਉਹਦੇ ਸਾਮਣੇ ਸਾਰੀ ਦੁਨੀਆਂ ਦਾ ਰਾਗ, ਓਹਦੀਆਂ ਰਾਗਨੀਆਂ ਕੁਝ ਨਹੀਂ ਹਨ। ਜਿੰਨੇ ਰਾਗ ਹਨ, ਜਿੰਨੀਆਂ ਰਾਗਨੀਆਂ ਹਨ, ਉਥੋਂ ਹੀ ਨਿਕਲੀਆਂ ਹਨ, ਉਹਦੇ ਹੀ ਛੋਟੇ-ਛੋਟੇ ਨਿਕੇ-ਨਿਕੇ ਰੂਪ ਹਨ। ਜਿਸ ਤਰ੍ਹਾਂ ਅੱਗ ਦੀ ਚਿੰਗਾਰੀ ਹੁੰਦੀ ਹੈ, ਜਿਸ ਤਰ੍ਹਾਂ ਸਮੁੰਦਰ ਦੀ ਫੁਹਾਰ ਹੁੰਦੀ ਹੈ, ਐਸ ਤਰ੍ਹਾਂ ਦੁਨੀਆਂ ਦੇ ਜਿਹੜੇ ਸੰਗੀਤ ਹਨ, ਉਹ ਉਸ ਅਨਾਹਤ ਨਾਦ ਦੀਆਂ ਚਿੰਗਾਰੀਆਂ ਹਨ, ਉਸ ਅਨਾਹਤ ਨਾਦ ਦੇ ਸਮੁੰਦਰ ਦੀਆਂ ਫੁਹਾਰਾਂ ਹਨ। ਉਹਦੀ ਤਰਫ ਜਾਓ, ਆਪਣੇ ਅੰਦਰ ਵੜ ਕੇ ਉਸ ਅਨਾਹਤ ਨਾਦ ਨੂੰ ਸੁਣੋ। ਕਿਸ ਤਰ੍ਹਾਂ ਸੁਣਾਂਗੇ? ਓਸ ਰਬਾਬ ਵਿਚ ਦੋ ਤਾਰ ਹੈਗੇ ਨੇ - ਇਕ ਤਾਰ ਉਹ ਹੈ ਜਿਹਦੇ ਸਹਾਰੇ ਤੁਹਾਡੀ ਸਾਂਸ ਬਾਹਰ ਆਉਂਦੀ ਹੈ; ਇਕ ਦੂਸਰਾ ਤਾਰ ਉਹ ਹੈਗਾ ਹੈ ਜਿਥੇ ਸਾਂਸ ਅੰਦਰ ਜਾਂਦੀ ਹੈ। ਇਨ੍ਹਾਂ ਦੋ ਤਾਰਾਂ ਨੂੰ ਮਿਲਾ ਕੇ ਮਨ ਦੀ ਜਿਹੜੀ ਤਾਕਤ ਹੈ, ਇਨ੍ਹਾਂ ਦੇ ਵਿਚ ਪਾ ਕੇ ਜਦੋਂ ਤੁਸੀਂ ਆਪਣੀ ਇਕ ਇਕ ਸਾਂਸ ਦੇ ਵਿਚ ਓਸ ਪਿਆਰੇ ਨਾਮ ਨੂੰ ਪਾ ਦਿੰਦੇ ਹੋ ਜਿਹੜਾ ਕ੍ਰਿਪਾ ਕਰਕੇ ਸਾਡੇ ਸੰਤ ਗੁਰੂ ਜੀ ਨੇ ਸਾਨੂੰ ਦਿਤਾ ਹੋਇਆ ਹੈ, ਤਾਂ ਫੇਰ ਉਹਦੇ ਸਹਾਰੇ ਓਸ ਨਿਰੰਕਾਰ ਦੇ ਬਚਨ, ਓਸ ਨਿਰੰਕਾਰ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਨੇ ਜਿਨ੍ਹਾਂ ਨੂੰ ਸੁਣ ਕੇ ਫਿਰ ਦੁਨੀਆਂ ਦੇ ਸਾਰੇ ਸੰਗੀਤ ਫਿਕੇ ਹੋ ਜਾਂਦੇ ਨੇ। ਜਦੋਂ ਅੰਦਰ ਦੀਆਂ ਅੱਖਾਂ ਖੁਲ੍ਹਦੀਆਂ ਨੇ ਤਾਂ ਉਹ ਜੋਤ ਦਿਖਾਈ ਦਿੰਦੀ ਹੈ ਜਿਹਦੇ ਸਾਮ੍ਹਣੇ ਸਾਰੀ ਦੁਨੀਆਂ ਦੀਆਂ ਹਜ਼ਾਰਾਂ ਦੀਵਾਲੀਆਂ ਕੁਝ ਨਹੀਂ ਹਨ।

ਤੁਹਾਡੇ ਅੰਦਰ ਇਕ ਜੋਤਿ ਹੈ ਤੁਹਾਨੂੰ ਪਤਾ ਨਹੀਂ ਹੈ। ਅੰਧਕਾਰ ਵਿਚ ਤੁਸੀਂ ਟਟੋਲਦੇ ਫਿਰਦੇ ਹੋ, ਇਕ ਜੋਤੀ ਤੁਹਾਡੇ ਅੰਦਰ ਐਹੋ ਜਿਹੀ ਹੈ ਕਿ ਜਿਥੇ ਕਰੋੜਾਂ ਕਰੋੜ ਸੂਰਜਾਂ ਦੀ ਜੋਤੀ ਚਮਕਦੀ ਹੈ, ਇਕ-ਸਾਰ ਚਮਕਦੀ ਹੈ। ਜਿਹੜਾ ਉਠ ਕੇ ਆਪਣੇ ਅੰਦਰ ਦੇ ਮੇਰੂ-ਪਰਬਤ ਦੀ ਚੋਟੀ ਤੇ ਚੜ੍ਹ ਗਿਆ ਹੈ, ਉਹਨੂੰ ਉਥੇ ਚੜ੍ਹ ਕੇ ਉਹ ਜੋਤੀ ਦਿਖਾਈ ਦਿੰਦੀ ਹੈ। ਕੋਈ-ਕੋਈ ਭਾਗਵੰਤ ਇਹੋ ਜਿਹੇ ਨੇ ਜੋ ਇਹਦੀ ਚੋਟੀ ਤੇ ਚੜ੍ਹ ਗਏ ਨੇ। ਇਹ ਮੇਰੂ ਪਰਬਤ ਕਿਥੇ ਹੈਗਾ ਹੈ? ਇਹ ਮੇਰੂ ਪਰਬਤ ਜਿਹੜਾ ਤੁਹਾਡਾ ਮੇਰੂਦੰਡ ਹੈਗਾ ਏ, ਇਹੋ ਮੇਰੂ ਪਰਬਤ ਹੈ। ਇਹਨੂੰ ਜਦ ਤੁਸੀਂ ਸਿੱਧਾ ਕਰਕੇ ਬੈਠੋਂਗੇ ਤਾਂ ਆਹਿਸਤਾ-ਆਹਿਸਤਾ ਇਹਦੇ ਉਤੇ ਚੜ੍ਹਨ ਦੀ ਆਦਤ ਪੈ ਜਾਵੇਗੀ। ਜਿਥੇ-ਜਿਥੇ ਮੈਂ ਤੁਹਾਨੂੰ ਉਹਨਾਂ ਅੰਦਰੂਨੀ ਕਮਲਾਂ ਦਾ ਵਰਣਨ ਕੀਤਾ ਹੈ, ਉਹ ਸਾਰੇ ਏਸ ਮੇਰੂ ਪਰਬਤ ਦੀ ਚੋਟੀ ਤੀਕਣ ਚੜ੍ਹਨ ਵਾਸਤੇ ਸੀੜ੍ਹੀਆਂ (ਪੌੜੀਆਂ) ਵੀ ਹੈਗੀਆਂ ਨੇ। ਏਸ ਵਾਸਤੇ ਅੰਦਰ ਵੜੋ। ਜਿਥੋਂ ਇਹ ਸਾਂਸ ਬਾਹਰ ਆਉਂਦੀ ਹੈ, ਇਹ ਕਿਥੋਂ ਆਉਂਦੀ ਹੈ? ਕਿਹੜਾ ਹੈਗਾ ਹੈ ਸਾਡੇ ਅੰਦਰ ਬੈਠਾ ਹੋਇਆ ਜੋ ਇਸ ਸਾਂਸ ਨੂੰ ਬਾਹਰ ਸੁਟਦਾ ਹੈ, ਅੰਦਰ ਖਿਚਦਾ ਹੈ? ਓਹਦੀ ਤਰਫ ਦੇਖੋ। ਤੁਸੀਂ ਹਾਲੇ ਐਥੇ ਬੈਠੇ ਹੋਏ ਹੋਂ, ਸਾਰੀ ਸੰਗਤ ਬੈਠੀ ਹੈ, ਸਾਰੀ ਸੰਗਤ ਮਨ ਲਗਾ ਕੇ ਉਸ ਪਿਆਰੇ ਦੀਆਂ ਗੱਲਾਂ ਸੁਣਨ ਵਿਚ ਲੀਨ ਹੋ ਗਈ ਹੈ। ਕਿੰਨੇ ਪਿਆਰ ਦੇ ਨਾਲ, ਸਾਡੇ ਅੰਦਰ ਉਹ ਪਿਆਰ ਉਮੜਦਾ ਹੈ ਕਿ ਹੁਣ ਹੋਰ ਕੋਈ ਗੱਲ ਦੁਨੀਆਂ ਦੀ ਕੰਨ ਵਿਚ ਨਾ ਪਏ, ਸਿਰਫ ਓਹਦੀਆਂ ਗੱਲਾਂ ਸੁਣਦੇ ਰਹੀਏ। ਏਸ ਤਰ੍ਹਾਂ ਦਾ ਖਿਆਲ, ਏਸ ਤਰ੍ਹਾਂ ਦਾ ਭਾਵ ਅੰਦਰ ਉਠਦਾ ਹੈ। ਜਦ ਇਹ ਭਾਵ ਪੱਕਾ ਹੋ ਜਾਂਦਾ ਹੈ ਤਾਂ ਆਪਣੇ ਅੰਦਰ ਵੀ ਇਕ ਅਨੰਦ ਦਾ ਸਮੁੰਦਰ ਠਹਾਕੇ ਮਾਰ-ਮਾਰ ਕੇ ਹਸਦਾ ਹੈ। ਓਹਦੀਆਂ ਗਹਿਰਾਈਆਂ 'ਚ ਜਦ ਉਤਰ ਜਾਂਦੇ ਓਂ, ਓਸ ਸਮੁੰਦਰ ਦੀਆਂ ਗਹਿਰਾਈਆਂ ਵਿਚ ਜਦ ਤੁਸੀਂ ਡੁਬਕੀ ਲਗਾ ਲੈਨੇ ਓਂ ਤਾਂ ਉਥੇ ਇੰਨੀ ਸ਼ਾਂਤੀ ਹੈ, ਐਹੋ ਜਿਹਾ ਮੌਨ ਹੈਗਾ ਹੈ ਤਾਂ ਫੇਰ ਦੁਨੀਆਂ ਦੀਆਂ ਗੱਲਾਂ ਕਰਨ ਦਾ ਜੀਅ ਨਹੀਂ ਕਰਦਾ, ਬਾਣੀ ਬੰਦ ਹੋ ਜਾਂਦੀ ਹੈ, ਮੂੰਹ ਬੰਦ ਹੋ ਜਾਂਦਾ ਹੈ, ਰਸਨਾ ਸ਼ਾਂਤ ਹੋ ਜਾਂਦੀ ਹੈ, ਇਛਾਵਾਂ ਇਕ

ਦਮ ਐਸ ਤਰ੍ਹਾਂ ਚਲੀਆਂ ਜਾਂਦੀਆਂ ਨੇ ਜਿਸ ਤਰ੍ਹਾਂ ਦੀਵਾ ਜਲਾਣ ਤੇ ਅੰਧਕਾਰ ਚਲਾ ਜਾਂਦਾ ਹੈ। ਲੋਕੀ ਕਹਿੰਦੇ ਨੇ - ਮੇਰਾ ਤਾਂ ਅੰਧਕਾਰ ਬਹੁਤ ਹੈ, ਮੇਰੇ ਅੰਦਰ ਵੱਡਾ ਅੰਧਕਾਰ ਹੈ; ਕਿਸ ਤਰ੍ਹਾਂ ਇਹ ਅੰਧਕਾਰ ਜਾਊਗਾ, ਕੀ ਕਰਾਂ?

ਮੈਂ ਤੁਹਾਨੂੰ ਦਸਦਾ ਹਾਂ ਕਿੰਨਾ ਵੱਡਾ ਅੰਧਕਾਰ ਹੋਵੇ, ਸਾਰੇ ਮਹਿਲ ਦੇ ਅੰਦਰ ਅੰਧਕਾਰ ਹੀ ਅੰਧਕਾਰ ਹੋਵੇ ਪਰ ਦੀਵਾ ਜਗਦਿਆਂ ਹੀ ਅੰਧਕਾਰ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਅੰਧਕਾਰ ਨੂੰ ਪ੍ਰਕਾਸ਼ ਨਾਸ਼ ਕਰ ਦੇਵੇਗਾ। ਅੰਧਕਾਰ ਹੋਏ ਨੂੰ ਅਨੰਤ ਕਾਲ ਬੀਤ ਗਿਆ, ਦਰਵਾਜ਼ਾ ਖੁਲਿਆ ਨਹੀਂ ਹੈਗਾ ਤਾਂ ਵੀ ਇਕ ਦੀਵਾ ਉਥੇ ਜੇ ਅਸੀਂ ਜਲਾ ਦੇਈਏ ਤਾਂ ਉਹ ਦੀਵੇ ਦੀ ਜਿਹੜੀ ਲੋਅ ਹੈ, ਉਹ ਨਹੀਂ ਕਹਿੰਦੀ ਕਿ ਐਨਾ ਵੱਡਾ ਅੰਧਕਾਰ ਹੈ, ਤੇ ਮੈਂ ਐਨੀ ਨਿੱਕੀ ਜਿਹੀ ਹਾਂ, ਕਿਸ ਤਰ੍ਹਾਂ ਮੈਂ ਇਹਦਾ ਸਾਮ੍ਹਣਾ ਕਰਾਂਗੀ। ਤਾਂ ਜਿਹੜੇ ਸੱਚੇ ਸੂਰਮੇ ਹੈਗੇ ਨੇ, ਉਨ੍ਹਾਂ ਨੇ ਉਸ ਅੰਧਕਾਰ ਨੂੰ ਗਿਆਨ ਦੀ ਤਲਵਾਰ ਦੇ ਨਾਲ, ਗਿਆਨ ਦੀ ਤੀਖੀ ਤਲਵਾਰ ਦੇ ਨਾਲ ਉਸ ਅੰਧਕਾਰ ਨੂੰ ਕੱਟ ਦੇਣਾ ਹੈ। ਨਿੱਕੀ ਜਿਹੀ ਜੋਤ ਜੇ ਹਿਰਦੇ ਦੇ ਦੀਵੇ ਵਿਚ ਬਲ ਜਾਵੇ ਤਾਂ ਫੇਰ ਚਾਹੇ ਕਿੰਨਾ ਵੱਡਾ ਅੰਧਕਾਰ ਹੋਵੇ, ਕੁਝ ਹੋਣਾ ਨਹੀਂ। ਉਹ ਅੰਧਕਾਰ ਇਕ ਦਮ, ਓਸੇ ਵੇਲੇ ਅਲੋਪ ਹੋ ਜਾਣਾ ਹੈ। ਉਸ ਹਿਰਦੇ ਦੀ ਗੁਫਾ ਦੇ ਅੰਦਰ ਵੜਨ ਵਾਸਤੇ ਕੋਈ ਰਸਤਾ, ਕੋਈ ਰਾਹ ਹੈ ਉਥੇ, ਜਿਥੇ ਕ੍ਰੋੜਾਂ ਹੀ ਸੂਰਜ ਚਮਕਦੇ ਨੇ, ਜਿਥੇ ਚਮਕਦੇ ਹੋਏ ਚੰਦਰਮਾ ਦੀ ਜੋਤੀ ਦਾ ਪੈਮਾਨਾ ਨਹੀਂ ਹੈ, ਜਿਥੇ ਹਰ ਵਕਤ ਓਸ ਅਕਾਲ ਪੁਰਖ ਦੀ ਅਵਾਜ਼, **ਅਨਾਹਤ ਨਾਦ** ਬਣ ਕੇ ਸਾਨੂੰ ਲੀਨ ਕਰਦੀ ਹੈ, ਅੰਦਰ ਬੁਲਾਂਦੀ ਹੈ, ਕਹਿੰਦੀ ਹੈ - 'ਆਓ, ਐਧਰ ਆਓ।' ਕਦੀ-ਕਦੀ ਅਸੀਂ ਓਸਨੂੰ ਸੁਣਦੇ ਹਾਂ ਤਾਂ ਚੰਗਾ ਲਗਦਾ ਹੈ। ਇਕ ਸੁਹਾਣੀ ਥਾਂ ਹੈਗੀ ਹੈ, ਇਕ ਸੋਹਣੀ ਥਾਂ ਹੈ, ਓਸ ਸੋਹਣੀ ਥਾਂ 'ਚ ਦੁਨੀਆਂ ਦੀ ਕੋਈ ਕਰੂਪਤਾ ਫਟਕਦੀ ਨਹੀਂ, ਨੇੜੇ ਨਹੀਂ ਆਉਂਦੀ। ਓਹਦਾ ਇਕ ਦੂਰ ਤੋਂ ਕੋਈ ਦ੍ਰਿਸ਼ ਸਾਨੂੰ ਕਦੀ-ਕਦੀ ਦਿਸਦਾ ਹੈ, ਕਦੀ-ਕਦੀ ਸੁਪਨਿਆਂ ਵਿਚ ਦਿਸਦਾ ਹੈ, ਕਦੀ ਚਲਦੇ ਫਿਰਦੇ ਵੀ ਦਿਸਦਾ ਹੈ। ਕਦੀ ਵਹਿੰਦੇ ਹੋਏ ਚਸ਼ਮੇ ਦੇ ਕੋਲ ਬਹਿ ਕੇ ਅਸੀਂ ਦੇਖਦੇ ਹਾਂ ਮਨ ਕਿੰਨਾ ਸ਼ਾਂਤ ਹੋ ਗਿਆ ਹੈ। ਕਦੀ ਬਲਦੀ ਹੋਈ ਅੱਗ ਨੂੰ ਦੇਖ ਕੇ ਸਾਨੂੰ ਆਪਣੇ ਅੰਦਰ ਦੀ ਓਸ ਜੋਤੀ ਦੀ ਯਾਦ ਆਉਂਦੀ ਹੈ। ਕਦੀ ਅਸੀਂ ਹੀਰੇ ਨੂੰ ਦੇਖਦੇ ਹਾਂ, ਲਾਲ ਨੂੰ ਦੇਖਦੇ ਹਾਂ ਤਾਂ ਉਹਨੂੰ ਦੇਖ ਕੇ ਅਸੀਂ ਕਹਿੰਦੇ ਹਾਂ, ਮੇਰੇ ਜਿਹਾ ਕੋਈ ਹੈ।' ਇਹਦੇ ਅੰਦਰ ਜੋਤੀ ਹੈ। ਤੁਸੀਂ ਆਹ ਦਸੋ ਮੈਨੂੰ ਮੇਰੇ ਪਿਆਰਿਓ! ਦੁਨੀਆਂ ਦੇ ਵਿਚ ਜੇ ਅਸੀਂ ਐਨਾ ਪਿਆਰ ਹੀਰੇ ਜਵਾਹਰਾਤ ਨਾਲ ਕਰਦੇ ਹਾਂ ਤਾਂ ਉਹ ਕਿਉਂ ਕਰਦੇ ਹਾਂ? ਉਹ ਇਸੇ ਵਾਸਤੇ ਕਰਦੇ ਹਾਂ ਕਿ ਆਤਮਾ ਦੀ ਜਿਹੜੀ ਜੋਤੀ ਹੈ, ਉਹਦੀ ਯਾਦ ਆਉਂਦੀ ਹੈ ਸਾਨੂੰ - ਹੀਰੇ ਨੂੰ ਦੇਖ ਕੇ। ਦੀਵੇ 'ਚ ਜਿਹੜੀ ਲੌਅ ਬਲ ਰਹੀ ਹੈ, ਉਹਨੂੰ ਦੇਖ ਕੇ ਚੰਗਾ ਕਿਉਂ ਲਗਦਾ ਹੈ? ਏਸੇ ਵਾਸਤੇ ਲਗਦਾ ਹੈ ਕਿ ਉਹਨੂੰ ਦੇਖ ਕੇ ਸਾਨੂੰ ਆਪਣੇ ਅੰਦਰ ਦੀ ਆਤਮਾ ਦਾ ਜਿਹੜਾ ਦੀਵਾ ਹੈ, ਓਹਦੀ ਯਾਦ ਆਉਂਦੀ ਹੈ ਕਿ ਇਹ ਮੇਰੇ ਜਿਹਾ ਹੀ ਹੈ, ਓਹਦੀ ਯਾਦ ਨੂੰ ਆਪਣੇ ਅੰਦਰ ਖੁਭਾ ਕੇ, ਉਹਨੂੰ ਹੋਰ ਪੱਕਾ ਕਰਕੇ, ਓਹਦੇ ਨਾਲ ਪਿਆਰ ਕਰਕੇ ਆਪਣੇ ਅੰਦਰ ਵੜ ਜਾਓ। ਉਥੇ ਇਕ ਗੁਰੂ ਦਾ ਦੁਆਰਾ ਹੈ। ਉਹਦੀ ਥਾਂ ਮੈਂ ਤੁਹਾਨੂੰ ਇਕ ਰਹੱਸ ਦਸ ਕੇ ਕਹਿੰਦਾ ਹਾਂ, ਓਹਦੀ ਥਾਂ ਇਹ ਜਿਹੜਾ ਆਗਿਆ ਚੱਕਰ ਹੈਗਾ ਹੈ ਤੇ **ਆਗਿਆ ਚੱਕਰ** ਤੋਂ ਲੈ ਕੇ ਇਹ ਜਿਹੜਾ ਸਹੰਸਰਾਰ ਚੱਕਰ ਹੈਗਾ ਹੈ, ਐਥੇ ਇਕ ਹਜ਼ਾਰ ਪੰਖੜੀਆਂ ਵਾਲੀ ਜੋਤੀ ਦੀ ਸਾਰੀ ਤਾਕਤ ਇਕੱਠੀ ਹੋਈ ਹੋਈ ਹੈ। ਇਨ੍ਹਾਂ ਦੇ ਵਿਚ ਇਕ ਹੋਰ ਥਾਂ ਹੈ, ਉਹਨੂੰ ਗੁਰੂ ਚੱਕਰ ਕਹਿੰਦੇ ਨੇ। ਗੁਰੂ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਉਸ ਗੁਰੂ ਚੱਕਰ ਦੇ ਅੰਦਰ ਵੜ ਕੇ ਆਦਮੀ ਸਾਰੀਆਂ ਅਰਦਾਸਾਂ ਕਰਦਾ ਹੈ। ਉਥੇ ਜਾ ਕੇ ਗੁਰੂ ਮਹਾਰਾਜ ਸਾਡੀਆਂ ਸਾਰੀਆਂ ਕਾਮਨਾਵਾਂ ਨੂੰ ਪੂਰਾ ਕਰਦੇ ਹਨ। ਇਹਦਾ ਰਸਤਾ ਖੋਜਣ ਵਾਲੇ ਦੁਨੀਆਂ ਵਿਚ ਕੋਈ ਕੋਈ ਹੁੰਦੇ ਨੇ। ਜਿਹੜਾ ਮਨੁੱਖ ਓਸ ਰਸਤੇ ਤੇ ਚਲ ਕੇ, ਓਸ ਰਾਹ ਤੇ ਚਲ ਕੇ ਹਿਮਾਲਿਆ ਦੀ ਉਚੀ ਚੋਟੀ ਤੇ ਪਹੁੰਚ ਜਾਂਦਾ ਹੈ ਤਾਂ ਉਹਨੂੰ ਪਤਾ ਲਗਦਾ ਹੈ ਕਿ ਬਾਹਰ ਕੋਈ ਹਿਮਾਲਿਆ ਦੀ ਚੋਟੀ ਨਹੀਂ ਹੈ; ਹਿਮਾਲਿਆ ਦੀ ਚੋਟੀ ਤਾਂ

ਆਪਣੇ ਅੰਦਰ ਹੈ; ਬਾਹਰ ਕੋਈ ਸੂਰਜ ਚਮਕਦਾ ਨਹੀਂ ਹੈ, ਸੂਰਜ ਤਾਂ ਆਪਣੇ ਅੰਦਰ ਚਮਕਦਾ ਹੈ; ਬਾਹਰ ਕੋਈ ਚੰਦਰਮਾ ਨਹੀਂ ਉਗਦਾ ਹੈ। ਇਹ ਬਾਹਰ ਦੀਆਂ ਜੋ ਬੱਤੀਆਂ ਹੈਗੀਆਂ ਨੇ। ਇਨ੍ਹਾਂ ਦੀ ਸਾਰੀ ਜੋਤੀ ਤਾਂ ਅੰਦਰ ਦੀ ਜਿਹੜੀ ਬੱਤੀ ਹੈਗੀ ਐ, ਉਥੋਂ ਨਿਕਲੀ ਹੈ। ਮੈਨੂੰ ਜਦ ਬਾਹਰ ਦੀਆਂ ਬੱਤੀਆਂ ਚੰਗੀਆਂ ਲਗਦੀਆਂ ਨੇ ਤਾਂ ਉਹ ਸਿਰਫ ਮੈਨੂੰ ਯਾਦ ਕਰਾਉਣ ਵਾਸਤੇ ਕਿ ਮੇਰੀ ਆਪਣੀ ਜੋਤੀ ਕਿਹੜੀ ਹੈ, ਕਿਸ ਤਰ੍ਹਾਂ ਦੀ ਹੈ? ਐਸੇ ਵਾਸਤੇ ਓਸ ਪਰਮ ਪੁਰਖ ਨੇ, ਓਸ ਅਕਾਲ ਪੁਰਖ ਨੇ ਬਾਹਰ ਦੀਆਂ ਸਾਰੀਆਂ ਬੱਤੀਆਂ ਜਗਾਈਆਂ ਨੇ ਤਾਂ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਦ ਵੀ ਤੁਸੀਂ ਬਾਹਰ ਦੀ ਬੱਤੀ ਜਗਦੀ ਦੇਖ ਕੇ ਉਹਨੂੰ ਪਸੰਦ ਕਰਦੇ ਓਂ ਕਿ ਮੇਰੇ ਅੰਦਰ ਇਸ ਤੋਂ ਹਜ਼ਾਰ-ਹਜ਼ਾਰ ਗੁਣਾਂ ਜੋਤੀ ਮੇਰੇ ਅੰਦਰ ਹੈਗੀ ਐ। ਜਦ ਵੀ ਤੁਸੀਂ ਬਾਹਰ ਦੀ ਬੱਤੀ ਜਗਦੀ ਦੇਖ ਕੇ ਉਹਨੂੰ ਪਸੰਦ ਕਰਦੇ ਹੋ ਤਾਂ ਯਾਦ ਕਰੋ, ਮੇਰੇ ਅੰਦਰ ਕਿਹੜੀ ਹੈ, ਇਸ ਤੋਂ ਹਜ਼ਾਰ-ਹਜ਼ਾਰ ਗੁਣਾ ਜੋਤੀ ਵਾਲੀ ਮੇਰੇ ਅੰਦਰ ਹੈਗੀ ਹੈ।

ਮੈਂ ਕਿਸ ਤਰ੍ਹਾਂ ਉਥੇ ਪਹੁੰਚ ਜਾਵਾਂ, ਮੈਂ ਕਿਸ ਤਰ੍ਹਾਂ ਉਹਨੂੰ ਪਾਵਾਂ, ਕਿਸ ਤਰ੍ਹਾਂ ਮੈਂ ਉਹਦੇ ਅੰਦਰ ਵੜ ਜਾਵਾਂ, ਉਹ ਮੇਰੇ ਅੰਦਰ ਵੜ ਜਾਵੇ। ਤਾਂ ਇਹ ਅਵਸਥਾ ਜਦ ਆ ਜਾਂਦੀ ਹੈ ਤਾਂ ਇਕ ਸ਼ੀਸ਼ਾ ਜਿਸ ਤਰ੍ਹਾਂ ਬਿਲੌਰ ਹੈਗਾ ਹੈ ਤਾਂ ਉਹਦੇ ਕੋਲ ਜੋ ਚੀਜ਼ ਰਖ ਦਿਓਂਗੇ, ਉਹਦਾ ਰੰਗ ਉਸ ਬਿਲੌਰ 'ਚ ਪੈ ਜਾਂਦਾ ਹੈ; ਉਥੇ ਤੁਸੀਂ ਲਾਲ ਗੁਲਾਬ ਰਖਦੇ ਹੋ ਤਾਂ ਬਿਲੌਰ ਲਾਲ ਹੋ ਜਾਂਦਾ ਹੈ; ਨੀਲਾ ਫੁੱਲ ਰੱਖ ਦਿਓ, ਬਿਲੌਰ ਨੀਲਾ ਲਗਦਾ ਹੈ; ਉਹਦੇ ਕੋਲ ਤੁਸੀਂ ਪੀਲਾ ਗੇਂਦੇ ਦਾ ਫੁੱਲ ਰੱਖ ਦਿਓ ਤਾਂ ਉਹ ਪੀਲਾ ਹੋ ਜਾਂਦਾ ਹੈ। ਇਸ ਤਰ੍ਹਾਂ ਸਾਡੇ ਅੰਦਰ ਜਿਹੜਾ ਮਨ ਹੈ, ਚਿਤ ਹੈ, ਤੁਸੀਂ ਮੇਰੇ ਕਹੇ ਦਾ ਵਿਸ਼ਵਾਸ਼ ਨਹੀਂ ਕਰੋਂਗੇ ਪਰ ਮੈਂ ਕਹਿੰਦਾ ਹਾਂ, ਦੁਨੀਆਂ ਵਿਚ ਕੋਈ ਵੀ ਥਾਂ ਇਹੋ ਜਿਹੀ ਪਵਿੱਤਰ ਨਹੀਂ ਹੈ, ਇਹੋ ਜਿਹੀ ਨਿਰਮਲ ਨਹੀਂ ਹੈ, ਇਹੋ ਜਿਹੀ ਸ਼ਾਂਤ ਨਹੀਂ ਹੈ ਜਿੰਨਾ ਪਵਿੱਤਰ ਤੇ ਨਿਰਮਲ ਸਾਡਾ ਮਨ ਹੈ। ਤੁਸੀਂ ਕਹਿੰਦੇ ਹੋ - ਮਨ ਉਖੜਿਆ-ਉਖੜਿਆ ਰਹਿੰਦਾ ਹੈ। ਮੇਰੀ ਗੱਲ ਸੁਣੋ, ਇਹ ਮਨ ਜਿਹੜਾ ਉਖੜਿਆ-ਉਖੜਿਆ ਰਹਿੰਦਾ ਹੈ, ਇਹ ਮਨ ਦੀ, ਚਿਤ ਦੀ ਸਿਰਫ ਉਪਰੀ ਸਤਹਿ ਹੈਗੀ ਐ, ਬਾਹਰੀ ਸਤਹਿ ਹੈ ਤਾਂ ਇਹਦੇ ਅੰਦਰ ਡੁੱਬਕੀ ਲਗਾ ਕੇ, ਡੁੱਬਕੀ ਮਾਰ ਕੇ ਜਦ ਤੁਸੀਂ ਗਹਿਰਾਈਆਂ ਵਿਚ ਜਾਂਦੇ ਹੋ, ਤੁਹਾਨੂੰ ਪਤਾ ਲਗਦਾ ਹੈ, ਦਿਸਦਾ ਹੈ, ਸਾਫ ਸਾਡੇ ਕੋਲ ਆ ਜਾਂਦੀ ਹੈ ਗੱਲ, ਕਿ ਇਥੇ ਹੀ ਇਹ ਜਿਹੜਾ ਆਤਮਾ ਹੈ, ਸਾਰਿਆਂ ਤੋਂ ਨੇੜੇ ਹੈ, ਐਥੇ ਹੀ ਅਕਾਲਪੁਰਖ ਦਾ ਵਾਸਾ ਹੈ, ਓਸ ਗਹਿਰਾਈ ਵਿਚ ਮਨ ਦਾ ਜਿਹੜਾ ਸ਼ੀਸ਼ਾ ਹੈ, ਮਨ ਦਾ ਜਿਹੜਾ ਆਇਨਾ ਹੈ, ਓਸ ਬਿਲੌਰ ਦੇ ਬਣੇ ਹੋਏ ਆਇਨੇ ਦੇ ਬਰਾਬਰ ਹੈਗਾ ਹੈ ਜਿਹਦੇ ਕੋਲ ਕੋਈ ਹੋਰ ਲਾਈਟ, ਕੋਈ ਹੋਰ ਜੋਤੀ ਤੇ ਕੋਈ ਹੋਰ ਰੰਗ ਰੱਖਿਆ ਨਹੀਂ ਗਿਆ ਹੈ ਤਾਂ ਉਹ ਆਪਣੇ ਸਰੂਪ ਵਿਚ ਹੈ। ਜਦ ਮਨ ਤੇ ਚਿਤ ਦੇ ਅੰਦਰ, ਬਾਹਰ ਦੀਆਂ ਚੀਜ਼ਾਂ ਦਾ ਅਕਸ਼ ਤੁਸਾਂ ਪਾਉਣਾ ਬੰਦ ਕਰਕੇ, ਅੱਖਾਂ ਨੂੰ ਬੰਦ ਕਰਕੇ ਬਹਿ ਜਾਨੇ ਓਂ ਤਾਂ ਤੁਹਾਨੂੰ ਪਤਾ ਲਗਦਾ ਹੈ ਕਿ ਅੰਦਰ ਇਕ ਹੋਰ ਅਕਸ਼ ਪੈ ਰਿਹਾ ਹੈ। ਮਨ ਦੇ ਅੰਦਰ ਜਿੰਨੀ ਤਾਕਤ ਹੈ, ਓਸ ਅਕਸ਼ ਦੇ ਕਾਰਨ ਹੈ, ਓਸ ਪ੍ਰਤੀਬਿੰਬ ਦੇ ਕਾਰਨ ਹੈਗੀ ਹੈ। ਉਹ ਪ੍ਰਤੀਬਿੰਬ ਆਤਮਾ ਦਾ ਪ੍ਰਤੀਬਿੰਬ ਹੈ, ਉਹ ਪ੍ਰਤੀਬਿੰਬ ਗੁਰੂ ਮਹਾਰਾਜ ਦਾ ਪ੍ਰਤੀਬਿੰਬ ਹੈ, ਉਹ ਪ੍ਰਤੀਬਿੰਬ ਉਹਨਾਂ ਸਾਰਿਆਂ ਸੰਤਾਂ ਦਾ ਪ੍ਰਤੀਬਿੰਬ ਹੈ ਜਿਨ੍ਹਾਂ ਨੇ ਆ ਕੇ ਤੁਹਾਡੇ ਮਨ ਵਿਚ ਹੁਣ ਵਾਸਾ ਕਰ ਲੈਣਾ ਹੈ, ਉਥੇ ਹੀ ਉਨ੍ਹਾਂ ਦਾ ਡੇਰਾ ਲਗਣਾ ਹੈ।

ਲੋਕੀਂ ਕਹਿੰਦੇ ਨੇ ਕਿ ਇਸ ਤਰ੍ਹਾਂ ਸਾਨੂੰ ਵੀ ਦੁਆਪਰ ਜੁਗ ਦੇ ਸੰਤਾਂ ਦਾ ਜਿਸ ਤਰ੍ਹਾਂ ਭਾਈ ਬਾਲੇ ਭਾਈ ਮਰਦਾਨੇ ਨੂੰ ਦਰਸ਼ਨ ਹੋਇਆ ਹੈ, ਸਾਨੂੰ ਕਿਉਂ ਨਹੀਂ ਹੁੰਦਾ? ਇਸ ਵਾਸਤੇ ਨਹੀਂ ਹੁੰਦਾ ਕਿ ਜਿਥੇ ਆ ਕੇ ਸੰਤਾਂ ਨੇ, ਰਿਸ਼ੀਆਂ-ਮੁਨੀਆਂ ਨੇ ਆਪਣਾ ਵਾਸਾ ਕਰਨਾ ਹੈ, ਉਹ ਜਗ੍ਹਾ ਸਾਫ ਨਹੀਂ ਕੀਤੀ ਹੈ। ਉਹਨੂੰ ਧਿਆਨ ਦੇ ਜਾਪ ਦੇ ਸਵੱਛ ਪਾਣੀ ਨਾਲ ਧੋਇਆ ਨਹੀਂ ਹੈ। ਉਹਨੂੰ ਧੋ ਕੇ, ਜਿਸ ਤਰ੍ਹਾਂ ਗੁਰੂ ਮਹਾਰਾਜ ਤੁਹਾਡੇ ਘਰ ਆਉਣ ਵਾਲੇ ਹੁੰਦੇ ਨੇ ਤਾਂ ਸਾਰੇ ਘਰ ਦੀ ਸਫਾਈ ਹੁੰਦੀ ਹੈ, ਕਿਸ ਤਰ੍ਹਾਂ ਲੀਪਾ-ਪੋਚੀ ਹੁੰਦੀ ਹੈ, ਕਿਸ ਤਰ੍ਹਾਂ ਸਾਰੀਆਂ ਚੀਜ਼ਾਂ ਸਜ਼ਾ ਕੇ ਰੱਖੀਆਂ ਜਾਂਦੀਆਂ ਨੇ ਤਾਂ ਗੁਰੂ ਮਹਾਰਾਜ ਕਹਿੰਦੇ ਨੇ -

ਕਦੀ-ਕਦੀ ਮੈਂ ਤੇਰੇ ਘਰ ਆਉਂਦਾ ਹਾਂ ਤਾਂ ਤੂੰ ਹੁੰਦਾ ਈ ਨੀਂ ਉਥੇ, ਮਿਲਦਾ ਹੀ ਨਹੀਂ। ਤਾਂ ਤੁਸੀਂ ਪੁਛਦੇ ਹੋਂ - ਗੁਰੂ ਮਹਾਰਾਜ ਆਏ ਸੀ? ਨਹੀਂ ਜੀ, ਅਸੀਂ ਤਾਂ ਦੇਖਿਆ ਨਹੀਂ। ਅਸੀਂ ਤਾਂ ਵੇਖਿਆ ਨਹੀਂ ਕਦ ਆਏ ਸੀ? ਐਵੇਂ ਹੀ ਕਹਿੰਦੇ ਹੋਣੇ ਨੇ। ਪਰ ਐਵੇਂ ਨਹੀਂ ਕਹਿੰਦੇ। ਉਹ ਜਿਹੜਾ ਜੋਤੀ ਰੂਪ ਹੈ, ਉਹਦੇ ਨਾਲ ਆਉਂਦੇ ਨੇ। ਕਿੰਨੇ ਘਰਾਂ ਵਿਚ ਇਸ ਜਿਸਮ ਨੂੰ ਲੈ ਕੇ ਗੁਰੂ ਮਹਾਰਾਜ ਜਾਣਗੇ? ਹਰੇਕ ਆਦਮੀ, ਹਰੇਕ ਭਗਤ ਸੰਗਤ ਦਾ ਕਹਿੰਦਾ ਹੈ - ਮੇਰੇ ਘਰ ਆਉਣ, ਮੇਰੀ ਕੁਟੀਆ ਪਵਿੱਤਰ ਕਰਨ, ਪਰ ਕਿੰਨੇ ਘਰਾਂ 'ਚ ਜਾਣਗੇ ਉਹ। ਪਰ ਉਹ ਜੋਤੀ ਰੂਪ ਧਾਰਨ ਕਰਕੇ ਆਉਂਦੇ ਨੇ। ਸਾਡੀਆਂ ਅੱਖਾਂ ਚੁੰਧਿਆ ਗਈਆਂ ਨੇ - ਦੁਨੀਆਂ ਦੀਆਂ ਜੋਤੀਆਂ ਦੇਖ-ਦੇਖ ਕੇ; ਸਾਨੂੰ ਦਿਸਦੇ ਹੀ ਨਹੀਂ। ਇਸ ਵਾਸਤੇ ਕਹਿੰਦੇ ਨੇ, ਖਬਰ ਨਹੀਂ ਕਿਸ ਦਿਨ, ਕਿਸ ਵੇਲੇ, ਕਿਸ ਛਿਨ, ਕਿਸ ਘੰਟੇ ਗੁਰੂ ਮਹਾਰਾਜ ਆਪਣੇ ਜੋਤੀ ਦੇ ਰੂਪ ਨੂੰ ਲੈ ਕੇ ਮੇਰੇ ਘਰ ਆ ਜਾਣ। ਜਿਸ ਤਰ੍ਹਾਂ ਜਿਸਮਾਨੀ ਤੌਰ ਤੇ ਆਉਂਦੇ ਹੁੰਦੇ ਨੇ, ਪਧਾਰਦੇ ਹੁੰਦੇ ਨੇ ਤਾਂ ਉਸ ਵੇਲੇ ਸਫਾਈ ਕਰੀਦੀ ਹੁੰਦੀ ਹੈ, ਹਰ ਵੇਲੇ ਆਪਣੇ ਮਨ ਦੀ ਕੁਟੀਆ ਦੇ ਵਿਚ ਉਸੇ ਤਰ੍ਹਾਂ ਦੀ ਸਫਾਈ ਰੱਖੋ। ਉਹਦੇ ਅੰਦਰ ਜਿੰਨੇ ਫੁਲ ਹੈਗੇ ਨੇ, ਤਾਜ਼ੇ ਖਿੜਦੇ ਹੁੰਦੇ ਨੇ; ਜਦੋਂ ਉਹ ਖਿੜ ਜਾਣ ਤੇ ਜਦੋਂ ਗੁਰੂ ਮਹਾਰਾਜ ਉਥੇ ਜਾ ਕੇ ਦੇਖਣ ਤਾਂ ਮੂਲਾਧਾਰ ਤੋਂ ਲੈ ਕੇ ਸਹੰਸਰਾਰ ਤੀਕਰ ਇਹਦੇ ਅੰਦਰ ਦਾ ਜਿਹੜਾ ਬਗੀਚਾ ਹੈ, ਖਿੜ ਰਿਹਾ ਹੈ, ਸਗੁੰਧੀ ਦੇ ਰਿਹਾ ਹੈ। ਆਹਾ! ਉਸ ਸੁਗੰਧ ਨੂੰ ਸੁੰਘ ਕੇ ਗੁਰੂ ਮਹਾਰਾਜ ਖੁਸ਼ ਹੋ ਜਾਂਦੇ ਨੇ ਤਾਂ ਅੱਗੇ ਦਾ ਜਿਹੜਾ ਗਿਆਨ ਹੈ, ਤਦ ਉਹ ਆਪਣੇ ਚੇਲੇ ਨੂੰ, ਆਪਣੇ ਸਿਖ ਨੂੰ ਦਿੰਦੇ ਨੇ। ਹਰ ਵੇਲੇ ਆਪਣੇ ਮਨ ਦੀ ਕੁਟੀਆ ਨੂੰ ਤਿਆਰ ਰੱਖੋ, ਹਰ ਵੇਲੇ ਆਪਣੀ ਬੁੱਧੀ ਤੇ ਚਿਤ ਦੀ ਜਿਹੜੀ ਅੰਦਰ ਦੀ ਕੁਟੀਆ ਹੈ, ਉਹਦੀ ਸਫਾਈ ਰਖੋ। ਤਾਂ ਕੀ ਹੁੰਦਾ ਹੈ? ਜਦੋਂ ਤੁਸੀਂ ਜਾਪ ਵਿਚ ਬਹਿ ਜਾਂਦੇ ਹੋ, ਇਸ ਤਰ੍ਹਾਂ ਕਿਹਾ ਹੈ - ਸਾਡੀ ਪਰੰਪਰਾ ਨੇ ਕਿ ਜਿਹੜਾ ਮਨੁੱਖ ਜਾਪ ਦੇ ਅੰਦਰ ਆਪਣੇ ਆਪ ਨੂੰ ਭੁੱਲ ਜਾਂਦਾ ਹੈ, ਤਾਂ ਇਹ ਖਿਆਲ ਨਹੀਂ ਰਹਿੰਦਾ ਹੈ ਕਿ ਮੇਰੇ ਇਸ ਕੰਮ ਦਾ ਕੀ ਹੋਏਗਾ, ਮੇਰੇ ਇਸ ਕੰਮ ਦਾ ਕੀ ਹੋਏਗਾ; ਉਥੇ ਸ਼ਾਦੀ ਹੈ ਲੜਕੀ ਦੀ, ਉਹਦਾ ਇੰਤਜ਼ਾਮ ਕੌਣ ਕਰੇਗਾ? ਇਹ ਖਿਆਲ ਨਹੀਂ ਰਹਿੰਦਾ ਹੈ ਕਿ ਹਾਇ! ਮੇਰੇ ਬਿਜ਼ਨਿਸ ਦਾ, ਮੇਰੇ ਵਿਉਪਾਰ ਦਾ, ਮੇਰੀ ਦੁਕਾਨ ਦਾ, ਮੇਰੀ ਹੱਟੀ ਦਾ, ਮੇਰੇ ਖੇਤ ਦਾ ਕੀ ਹੋਣਾ ਹੈ? ਭੁੱਲ ਜਾਂਦਾ ਹੈ ਤਾਂ ਉਸ ਵੇਲੇ ਜਿੰਨੇ ਦੇਵਤੇ ਹੈਗੇ ਨੇ, ਉਹਦਾ ਕੰਮ ਕਰਦੇ ਨੇ। ਜਦੋਂ ਤੁਸੀਂ ਜਾਪ ਵਿਚ ਆਪਣੇ ਆਪ ਨੂੰ , ਬਾਹਰ ਦੀਆਂ ਚੀਜ਼ਾਂ ਨੂੰ, ਬਾਹਰ ਦੀਆਂ ਗੱਲਾਂ ਨੂੰ ਭੁੱਲ ਕੇ ਲੀਨ ਹੋ ਜਾਂਦੇ ਹੋ, ਉਸ ਵੇਲੇ ਜਿੰਨੇ ਦੇਵਤੇ ਹਨ, ਜਿੰਨੇ ਪਰੰਪਰਾ ਦੇ ਸੰਤ ਹੋਏ ਨੇ - ਹਜ਼ਾਰਾਂ ਹਜ਼ਾਰ ਸਾਲ ਤੀਕਰ, ਉਨ੍ਹਾਂ ਦੀ ਪਹੁੰਚ ਹੈ ਤੁਹਾਡੇ ਤੀਕਰ, ਉਹ ਜਿਹੜੇ ਨੇ ਉਹ ਤੁਹਾਡਾ ਕੰਮ ਕਰਦੇ ਨੇ, ਕਹਿੰਦੇ ਨੇ ਇਹ ਮੇਰਾ ਪਿਆਰਾ ਸਿੱਖ, ਇਹ ਮੇਰਾ ਸ਼ਿਸ਼, ਇਹ ਮੇਰਾ ਚੇਲਾ ਲੀਨ ਹੋ ਕੇ ਬੈਠਾ ਹੈ, ਇਹਦੀ ਹੱਟੀ 'ਚ ਕੀ ਹੋਏਗਾ? ਇਹਦੇ ਖੇਤ ਦੇ ਵਿਚ ਕੌਣ ਹੱਲ ਚਲਾਏਗਾ? ਉਹ ਹੱਲ ਆਪੇ ਹੀ ਚਲਦਾ ਹੈ ਤੇ ਮੋਦੀਖਾਨੇ ਦਾ ਖਜ਼ਾਨਾ ਆਪ ਹੀ ਭਰ ਜਾਂਦਾ ਹੈ। ਉਹ ਦੇਵਤੇ ਕਰਦੇ ਨੇ, ਉਹ ਪਰੰਪਰਾ ਦੇ ਸੰਤ ਕਰਦੇ ਨੇ ਤੇ ਤੁਹਾਨੂੰ ਆਪਣੇ ਮੋਦੀਖਾਨੇ ਦੀ ਫਿਕਰ ਕਰਨ ਦੀ ਲੋੜ ਨਹੀਂ ਹੁੰਦੀ।

ਮੈਂ ਕਹਿੰਦਾ ਹਾਂ ਅਰਾਮ ਦੀ ਜ਼ਿੰਦਗੀ ਕੱਟੋ। ਇਸ ਤਰ੍ਹਾਂ ਖੱਟ ਰਹੇ ਹੋਂ; ਸਵੇਰ ਤੋਂ ਸ਼ਾਮ ਤੀਕਰ ਆਪਣਾ ਬੋਝ, ਆਪਣਾ ਭਾਰ ਆਪਣੇ ਹੀ ਮੋਢੇ ਤੇ ਲੈ ਕੇ ਚਲ ਰਹੇ ਹੋ? ਜਿਹੜਾ ਮਨੁੱਖ ਐਹੋ ਜਿਹਾ ਹੈ ਕਿ ਆਪਣੇ ਆਪ ਨੂੰ ਆਪਣੇ ਹੀ ਮੋਢੇ ਤੇ ਚੜ੍ਹਾ ਕੇ ਲਿਜਾਵੇ। ਤਾਂ ਸੰਤਾਂ ਨੇ ਕਿਹਾ ਹੈ, ਉਹਦੇ ਮੋਢੇ ਤੇ ਚੜ੍ਹ ਜਾਵੋ, ਜਿਹਦੇ ਮੋਢੇ ਦੇ ਅੰਦਰ ਤੁਹਾਨੂੰ ਲਿਜਾਣ ਦੀ ਤਾਕਤ ਹੈਗੀ, ਸ਼ਕਤੀ ਹੈਗੀ ਐ; ਤਾਂ ਕਾਹਨੂੰ ਆਪਣਾ ਆਪਾ ਉਹਨੂੰ ਸਮਰਪਣ ਨਹੀਂ ਕਰਦੇ? ਕਹਿੰਦੇ ਨੇ ਕਿ ਜਾਪ ਦਾ ਰਸਤਾ ਬੜਾ ਮੁਸ਼ਕਲ ਹੈ, ਕਹਿੰਦੇ ਐਂ ਧਿਆਨ ਦਾ ਮਾਰਗ ਬੜਾ ਕਠਿਨ ਹੈ, ਕਹਿੰਦੇ ਨੇ ਅਕਾਲ ਪੁਰਖ ਦੀ ਭਗਤੀ ਦਾ ਰਸਤਾ ਕੰਕਰਾਂ ਤੇ ਖੁਭਣ ਵਾਲੇ ਕੰਡੇ ਜਿਹੜੇ ਨੇ, ਉਨ੍ਹਾਂ ਨਾਲ ਭਰਿਆ ਹੋਇਆ ਹੈ। ਮੈਂ ਪੁਛਦਾ ਹਾਂ ਕਿ ਜਿਹੜਾ ਦੁਨੀਆਂ ਦਾ ਰਸਤਾ ਤੁਸੀਂ ਅਪਣਾਇਆ ਹੈ, ਉਹ ਕੀ ਅਸਾਨ ਹੈ? ਇਹ ਜਿਹੜਾ ਦੁਨੀਆਂ ਦਾ

ਰਸਤਾ ਤੁਸੀਂ ਅਪਣਾਇਆ ਹੈ ਇਹਦੇ ਵਿਚ ਕੋਈ ਸੁਖ ਮਿਲਿਆ ਹੈ? ਕਹਿੰਦੇ ਨੇ ਕੱਲ ਨੂੰ ਤਾਂ ਮਿਲ ਜਾਏਗਾ; ਅੱਜ ਇਕ ਸਮੱਸਿਆ ਹੈਗੀ ਐ, ਕੱਲ ਨੂੰ ਜਿਹੜਾ ਦਿਨ ਨਿਕਲਣਾ ਹੈ, ਉਸ ਦਿਨ ਮੈਂ ਤਿਆਰੀ ਕੀਤੀ ਹੋਈ ਹੈ, ਸਾਰਾ ਸੁਖ ਹੋਣਾ ਹੈ। ਤਾਂ ਜੋ ਕੱਲ੍ਹ ਆਉਂਦਾ ਹੈ, ਆਪਣੀ ਨਿੱਕੀ ਜਿਹੀ ਝੌਂਪੜੀ ਨੂੰ ਛੱਡ ਕੇ ਮਹਿਲ ਵਿਚ ਰਹਿਣ ਲਗਦਾ ਹੈ ਤਾਂ ਫੇਰ ਉਥੇ ਹਜ਼ਾਰਾਂ ਹੀ ਨਵੀਆਂ ਗੱਲਾਂ ਆ ਜਾਂਦੀਆਂ ਨੇ। ਜਿਹਦੇ ਕੋਲ ਇਕ ਨੌਕਰ ਨਹੀਂ ਹੈ, ਉਹ ਅਜ਼ਾਦ ਹੈਗਾ ਐ। ਜਿਹਦੇ ਕੋਲ ਇਕ ਨੌਕਰ ਐ, ਉਹਦੀ ਸੁਤੰਤਰਤਾ ਇਕ ਦਫਾ ਖਤਮ ਹੋ ਗਈ ਹੈ। ਜਿਹਦੇ ਕੋਲ ਇਕ ਹਜ਼ਾਰ ਦੀ ਫੌਜ ਹੈਗੀ ਐ, ਉਹਦੀ ਸੁਤੰਤਰਤਾ ਇਕ ਹਜ਼ਾਰ ਦਫਾ ਖਤਮ ਹੋ ਗਈ ਹੈ; ਉਨ੍ਹਾਂ ਦੇ ਉਤੇ ਨਿਰਭਰ ਹੈਗਾ ਐ, ਆਪਣੇ ਉਪਰ ਨਿਰਭਰ ਨਹੀਂ ਹੈ।

ਏਸ ਵਾਸਤੇ ਜਾਪ ਦਾ ਰਸਤਾ ਅਪਣਾਓ। ਜਿਸ ਵੇਲੇ ਤੁਸੀਂ ਜਾਪ ਕਰਨ ਬਹਿੰਦੇ ਹੋ ਤਾਂ ਮਨ ਦੇ ਵਿਚ ਇਹ ਸੰਕਲਪ ਕਰੋ ਕਿ ਐਸ ਵੇਲੇ ਇਹ ਜਿਹੜੀਆਂ ਚਟਾਨਾਂ, ਜਿਹੜੇ ਪੱਥਰ ਮੈਂ ਆਪਣੀ ਗਰਦਨ ਤੇ ਲਟਕਾਏ ਹੋਏ ਨੇ, ਉਹਨੂੰ ਉਤਾਰ ਕੇ ਮੈਂ ਐਥੇ ਰਖਦਾ ਹਾਂ। ਜਿਸ ਤਰ੍ਹਾਂ ਗੁਰਦੁਆਰੇ ਅੰਦਰ ਵੜਦੇ ਹੋਏ ਆਪਣੀਆਂ ਚਪਲਾਂ, ਆਪਣੀਆਂ ਜੁੱਤੀਆਂ, ਅਪਣੇ ਜੋੜੇ ਬਾਹਰ ਛੱਡ ਦਿੰਦੇ ਹੋ, ਇਸੇ ਤਰ੍ਹਾਂ ਜਦੋਂ ਤੁਸੀਂ ਆਪਣੇ ਮਨ ਦੇ ਗੁਰਦੁਆਰੇ ਵਿਚ ਵੜੋ, ਜਾਪ ਕਰਨ ਵਾਸਤੇ ਬਹਿਣ ਲਗੋ ਤਾਂ ਇਹ ਜਿਹੜੀਆਂ ਚਟਾਨਾਂ, ਇਹ ਦੁਨੀਆਂ ਦੀਆਂ ਸਾਰੀਆਂ ਗੱਲਾਂ ਜਿੰਨੀਆਂ ਭਾਰੀਆਂ ਹੋ ਕੇ ਤੁਹਾਨੂੰ ਰੋਕਦੀਆਂ ਰਹਿੰਦੀਆਂ ਨੇ, ਉਨ੍ਹਾਂ ਨੂੰ ਉਤਾਰ ਕੇ ਇਕ ਤਰਫ ਰੱਖ ਦਿਓ। ਜਦ ਉਥੇ ਬਹਿ ਜਾਓ ਤਾਂ ਤੁਹਾਨੂੰ ਪਤਾ ਰਹੇਗਾ ਕਿ ਹਾਂ, ਉਹ ਤਾਂ ਉਥੇ ਹੀ ਪਈਐਂ; ਕਿਸੇ ਨੇ ਆ ਕੇ ਉਹਨੂੰ ਚੁਰਾਉਣਾ ਨਹੀਂ ਹੈ, ਕਿਸੇ ਨੂੰ ਤੁਹਾਡੀਆਂ ਇਹ ਚਟਾਨਾਂ ਪਸੰਦ ਨਹੀਂ ਹਨ, ਕੋਈ ਉਨ੍ਹਾਂ ਨੂੰ ਨਹੀਂ ਚਾਹੁੰਦਾ; ਉਥੇ ਹੀ ਹੋਣੀਐਂ; ਉਨ੍ਹਾਂ ਦੀ ਫਿਕਰ ਮਤ ਕਰੋ ਤੇ ਕੰਧਾਰ ਜਾ ਕੇ ਘੋੜਿਆਂ ਦਾ ਭਾਅ ਨਾ ਕਰੋ ਤੇ ਗਵਾਚੇ ਹੋਏ ਬਛੜੇ ਨੂੰ ਨਾ ਖੋਜੋ, ਨਾ ਢੂੰਡੋ। ਅੰਦਰ ਵੜ ਜਾਓ। ਅੰਦਰ ਵੜ ਕੇ, ਮੈਂ ਤੁਹਾਨੂੰ ਇਕ technique (ਤਰੀਕਾ) ਦਸਦਾ ਹਾਂ। ਇਹ ਜਿਹੜੀ ਸਾਂਸ ਹੈਗੀ ਹੈ, ਇਸ ਸਾਂਸ ਵਿਚ ਮਨ ਲਗਾਓ। ਸਾਂਸ ਨੂੰ ਹੋਰ ਕੁਛ ਨਹੀਂ ਕਰਨਾਂ, ਰੋਕਨਾਂ ਨਹੀਂ। ਖਾਲੀ ਇਹ ਬਹਿੰਦੀ ਹੋਈ ਜਿਹੜੀ ਸਾਂਸ ਹੈਗੀ ਐ ਓਹਦਾ ਅਨੁਭਵ ਕਰੋ। ਜਿਸ ਤਰ੍ਹਾਂ ਤੁਸੀਂ ਐਥੇ ਬੈਠੇ ਹੋਂ, ਆਪਣੇ ਮੇਰੂ ਪਰਬਤ ਨੂੰ, ਮੇਰੂਦੰਡ ਨੂੰ ਸਿੱਧਾ ਕਰਕੇ, ਮੱਥੇ ਦੀਆਂ ਸ਼ਿਕਨਾਂ (ਝੁਰੜੀਆਂ) ਨੂੰ ਹਟਾ ਕੇ ਹੁਣ ਆਪਣੇ ਨੱਕ ਵਿਚ ਵਹਿੰਦੀ ਹੋਈ ਸਾਂਸ ਦੇ ਵਿਚ ਮਨ ਨੂੰ ਪਰੋ ਦਿਓ ਤੇ ਅਨੁਭਵ ਕਰੋ ਕਿ ਕਿਸ ਤਰ੍ਹਾਂ ਇਹ ਸਾਂਸ ਬਹਿ ਰਹੀ ਐ; ਸਾਂਸ ਅੰਦਰ ਆਉਂਦੀ ਐ..........., ਸਾਂਸ ਬਾਹਰ ਜਾਂਦੀ ਐ............, ਸਾਂਸ ਅੰਦਰ ਆਉਂਦੀ ਐ............., ਸਾਂਸ ਬਾਹਰ ਜਾਂਦੀ ਐ............; ਬਾਹਰ ਜਾਂਦੀ ਹੈ ਤੇ ਸਾਂਸ ਅੰਦਰ ਆਉਂਦੀ ਹੈ; ਇਸ ਸਾਂਸ ਦੇ ਵਿਚ ਮਨ ਨੂੰ ਪਰੋ ਦਿਓ। ਕਰੋ ਤੁਸੀਂ ਮੇਰੇ ਨਾਲ। ਮੇਰੇ ਨਾਲ ਬਹਿ ਕੇ ਐਸ ਵੇਲੇ ਤੁਸੀਂ ਕਰੋ ਤੇ ਮੋਢਿਆਂ ਨੂੰ ਢਿੱਲਾ ਛੱਡ ਦਿਓ। ਮੋਢਿਆਂ 'ਚ ਜਿਹੜਾ ਤਨਾਵ ਹੈਗਾ ਹੈ, ਉਹਨੂੰ ਢਿੱਲਾ ਛੱਡ ਦਿਓ ਤਾਂ ਮੇਰੂਦੰਡ ਜਿਹੜਾ ਹੈ, ਪਿੱਠ ਜਿਹੜੀ ਹੈ ਇਕ ਦਮ ਸਿੱਧੀ ਹੋਣੀ ਚਾਹੀਦੀ ਹੈ ਤੇ ਮੋਢੇ ਢਿੱਲੇ ਛੱਡ ਦਿਓ ਤੇ ਹੱਥ ਜਿਹੜੇ ਨੇ, ਉਂਗਲੀਆਂ baby (ਬੱਚੇ) ਦੀਆਂ ਉਗਲੀਆਂ ਵਾਂਗਰ ਇਕ ਦਮ (ਸਥਿਲ) ਢਿੱਲੀਆਂ ਹੋਣੀਆਂ ਚਾਹੀਦੀਆਂ ਨੇ। ਇਸ ਤਰ੍ਹਾਂ ਜਿਸਮ ਨੂੰ ਭੁੱਲ ਕੇ ਤੇ ਦੁਨੀਆਂ ਦੀਆਂ ਜਿਹੜੀਆਂ ਗੱਲਾਂ ਹੈਗੀਆਂ ਨੇ, ਉਨ੍ਹਾਂ ਦੀਆਂ ਚਟਾਨਾਂ ਜਿਹੜੀਆਂ ਤੁਹਾਡੇ ਗਲੇ ਵਿਚ ਹਾਰ ਬਣ ਕੇ ਪਈਆਂ ਹੋਈਆਂ ਨੇ, ਉਨ੍ਹਾਂ ਨੂੰ ਇਕ ਤਰਫ ਰੱਖ ਕੇ ਸਿਰਫ ਆਪਣੇ ਨੱਕ ਵਿਚ ਵਹਿੰਦੀ ਹੋਈ ਸਾਂਸ ਦਾ ਅਨੁਭਵ ਕਰੋ - ਉਹਦਾ ਅਨੁਭਵ ਕਰੋ ਕਿਸ ਤਰ੍ਹਾਂ ਵਹਿੰਦੀ ਹੈ.........ਕਿਸ ਤਰ੍ਹਾਂ ਬਾਹਰ ਜਾਂਦੀ ਹੈ.........ਕਿਸ ਤਰ੍ਹਾਂ ਅੰਦਰ ਆਉਂਦੀ ਹੈ। ਨੱਕ ਦੇ ਅੰਦਰ ਉਹ ਵਹਿੰਦੀ ਹੈ; ਆਹਿਸਤਾ-ਆਹਿਸਤਾ ਵਹੇ, ਤੇਜ਼ੀ ਨਾਲ ਨਾ ਵਹੇ। ਜਦੋਂ ਸਾਂਸ ਆਹਿਸਤਾ-ਆਹਿਸਤਾ ਵਹੇਗੀ ਤਾਂ ਜਿਹੜਾ ਮਨ ਅੱਗੇ-ਅੱਗੇ ਦੌੜਦਾ ਨੱਸਦਾ ਫਿਰਦਾ ਸੀ, ਉਹ ਵੀ ਆਹਿਸਤਾ-ਆਹਿਸਤਾ ਚਲਣ ਲਗੇਗਾ; ਉਹਦੇ ਜਿਹੜੇ ਝਟਕੇ ਹੈਗੇ ਨੇ, ਉਹ ਝਟਕੇ ਖਤਮ ਹੋ ਜਾਣਗੇ। ਏਸ ਸਾਂਸ ਦੇ ਵਿਚ ਝਟਕਾ ਨਹੀਂ ਹੋਣਾ ਚਾਹੀਦਾ। ਬਿਨਾਂ ਝਟਕੇ, ਬਿਨਾਂ ਰੋਕੇ, ਨੱਕ

ਦੇ ਵਿਚ ਵਹਿੰਦੀ ਹੋਈ ਸਾਂਸ ਦਾ ਅਨੁਭਵ ਕਰੋ। ਸਾਂਸ ਬਾਹਰ ਛਡਦੇ ਹੋਏ ਮਨ ਨੂੰ ਉਹਦੇ ਅੰਦਰ ਪਿਰੋ ਦਿਓ। ਸਾਂਸ ਨੂੰ ਅੰਦਰ ਲੈਂਦੇ ਹੋਏ, ਮਨ ਨੂੰ ਉਹਦੇ ਅੰਦਰ ਪਿਰੋ ਦਿਓ ਤਾਂ ਇਸ ਤਰ੍ਹਾਂ ਵਹਿੰਦੀ ਹੋਈ ਸਾਂਸ ਦੇ ਵਿਚ ਕੋਈ ਟੁਟੇ ਨਹੀਂ; ਜਿਸ ਵੇਲੇ ਬਾਹਰ ਛੱਡੀ ਹੈ, ਓਸੇ ਵੇਲੇ ਅੰਦਰ ਦੇਣਾ ਸ਼ੁਰੂ ਕਰੋ। ਜਿਸ ਵੇਲੇ ਅੰਦਰ ਆ ਗਈ ਹੈ, ਓਸੇ ਵੇਲੇ ਬਾਹਰ ਛੱਡਣਾ ਸ਼ੁਰੂ ਕਰੋ। ਅੰਦਰ ਜਾਣ ਵਾਲੀ ਤੇ ਬਾਹਰ ਆਉਣ ਵਾਲੀ ਸਾਂਸ ਦੇ ਵਿਚ ਕੋਈ ਟੁਟੇ ਨਹੀਂ; ਕੜੀ ਬਣੀ ਰਹੇ, ਅਨੁਭਵ ਦੀ ਕੜੀ ਬਣੀ ਰਹੇ, ਮਨ ਪਿਰੋਇਆ ਰਹੇ - ਸਾਂਸ ਬਾਹਰ ਛਡਦੇ ਹੋਏ ਤੇ ਸਾਂਸ ਅੰਦਰ ਲੈਂਦੇ ਹੋਏ। ਹੁਣ ਸਾਂਸ ਅੰਦਰ ਲੈਂਦੇ ਹੋਏ ਮਨ ਦੇ ਅੰਦਰ ਸਿਰਫ ਇਕ ਸ਼ਬਦ ਸੋਚੋ; ਸਾਂਸ ਅੰਦਰ ਲੈਂਦੇ ਹੋਏ - 'ਵਾਹਿ ............' ਸਾਂਸ ਬਾਹਰ ਛਡਦੇ ਹੋਏ 'ਗੁਰੂ............।'

ਇਸ ਤਰ੍ਹਾਂ ਸਾਂਸ-ਸਾਂਸ ਦੇ ਵਿਚ ਵਾਹਿ.........ਗੁਰੂ........., ਵਾਹਿ.........ਗੁਰੂ........., ਵਾਹਿ........ਗੁਰੂ........, ਕਰਦੇ ਰਹੋ। ਸਾਂਸ ਟੁਟੇ ਨਹੀਂ.....ਤੇ ਬਿਨਾਂ ਸਾਂਸ ਨੂੰ ਝਟਕਾ ਦਿਤੇ, ਮਨ ਨੂੰ ਬਿਨਾਂ ਤੋੜੇ, ਸਿਰਫ ਏਸ ਤਰ੍ਹਾਂ ਮਨ ਨੂੰ ਸ਼ਾਂਤ ਕਰੋ, ਵੇਖੋ ਕਿਸ ਤਰ੍ਹਾਂ ਸਾਂਸ, ਮਨ ਤੇ ਸ਼ਬਦ ਇਕ ਝਰਨਾ ਵਗੇ, ਇਕ ਚਸ਼ਮਾ ਵਗੇ। ਬਹਿ ਰਹੇ ਨੇ........ਇਕ ਹੋ ਕੇ ਬਹਿ ਰਹੇ ਨੇ। ਸਾਂਸ, ਮਨ ਤੇ ਸ਼ਬਦ ਦੇ ਵਿਚ ਕੋਈ ਫਰਕ ਨਹੀਂ ਹੈਗਾ ਹੈ। ਤਿੰਨੋਂ ਇਕ ਹੋ ਗਏ ਨੇ। ਐਸ ਤਰ੍ਹਾਂ ਕਰੋ ਤਾਂ ਦੁਨੀਆਂ ਦਾ ਕੋਈ ਖਿਆਲ ਬਾਹਰ ਦਾ ਅੰਦਰ ਨਹੀਂ ਵੜੇਗਾ। ਹੁਣ ਇਸ ਤਰ੍ਹਾਂ ਸਾਂਸ ਦਾ ਅਨੁਭਵ ਕਰਦੇ ਹੋਏ ਸਾਂਸ-ਸਾਂਸ ਵਿਚ ਵਾਹਿਗੁਰੂ-ਵਾਹਿਗੁਰੂ ਇਹ ਸ਼ਬਦ ਯਾਦ ਕਰਦੇ ਹੋਏ, ਹੁਣ ਨੀਚੇ ਉਤਰ ਕੇ ਛਾਤੀ ਦੇ ਵਿਚੋਂ, ਤੁਹਾਨੂੰ ਦੋਹਾਂ ਛਾਤੀਆਂ ਦੇ ਵਿਚੋਂ ਇਕ ਗੁਫਾ ਦਿਖਾਈ ਦੇਵੇਗੀ, ਇਹ ਗੁਰੂ ਦੇ ਦੁਆਰੇ ਦਾ ਰਸਤਾ ਹੈ, ਇਸ ਗੁਫਾ ਦੇ ਅੰਦਰ ਵੜ ਜਾਓ ਜਿਥੇ ਕਿ ਇਸ ਦਾ ਮੁਕਾਮ ਹੈਗਾ ਐ, ਛਾਤੀ ਦੇ ਬਿਲਕੁਲ ਵਿਚੋਂ -ਵਿਚੀਂ ਜਿਥੇ ਸਾਡੀਆਂ ਭਾਵਨਾਵਾਂ ਉਠਦੀਆਂ ਨੇ, ਉਥੇ ਗੁਫਾ ਦੇ ਦਰਵਾਜ਼ੇ ਅੱਗੇ ਖੜ੍ਹੋ। ਓਸ ਗੁਫਾ ਦੇ ਦਰਵਾਜ਼ੇ ਦੇ ਅੰਦਰ ਵੜ ਜਾਓ ਤਾਂ ਤੁਸੀਂ ਓਸਦੇ ਅੰਦਰ ਜਦ ਵੜੋਂਗੇ, ਓਹਦੇ ਅੰਦਰ ਵੜ ਕੇ ਤੁਹਾਨੂੰ ਇਕ ਜੋਤੀ ਦਿਖਾਈ ਦੇਵੇਗੀ, ਇਕ ਰੌਸ਼ਨੀ ਦਿਖਾਈ ਦੇਵੇਗੀ - ਸਾਰਿਆਂ ਨੂੰ। ਓਸ ਰੌਸ਼ਨੀ ਨੂੰ ਮੱਥਾ ਟੇਕੋ। ਇਹ ਗੁਰੂ ਮਹਾਰਾਜ ਦੀ ਰੌਸ਼ਨੀ ਹੈ, ਇਹ ਅਕਾਲਪੁਰਖ ਦੀ ਰੌਸ਼ਨੀ ਹੈ, ਇਹ ਸਾਰਿਆਂ ਸੰਤਾਂ ਦੀ ਰੌਸ਼ਨੀ ਹੈ, ਇਹ ਤੁਹਾਡੀ ਆਪਣੀ ਆਤਮਾ ਦੀ ਰੌਸ਼ਨੀ ਹੈ। ਇਸ ਗੁਫਾ ਦੇ ਅੰਦਰ ਜਿਹੜੀ ਰੌਸ਼ਨੀ ਹੈ, ਹਰ ਵੇਲੇ ਵਗਦੀ ਹੈ। ਕਦੀ ਬੁਝਦੀ ਨਹੀਂ ਹੈ। ਨਾ ਪੈਦਾ ਹੁੰਦੀ ਹੈ, ਨਾ ਮਰਦੀ ਹੈ। ਇਹ ਅਚਰ ਹੈ, ਅਮਰ ਹੈ। ਇਹਨੂੰ ਮੱਥਾ ਟੇਕ ਕੇ ਇਸ ਗੁਫਾ ਦੇ ਫਰਸ਼ ਤੇ ਬਹਿ ਜਾਓ ਤਾਂ ਉਥੇ ਬਹਿ ਕੇ ਫੁਲ ਚੜ੍ਹਾਓ, ਜੋਤ ਜਗਾਓ, ਧੂਫ-ਬੱਤੀ ਜਲਾਓ। ਐਥੇ ਹੁਣ ਬਹਿ ਕੇ ਗੁਰੂ ਮਹਾਰਾਜ ਨੇ ਜਿਹੜਾ ਮੰਤਰ, ਜਿਹੜਾ ਨਾਮ ਤੁਹਾਨੂੰ ਦਿਤਾ ਹੋਇਆ ਹੈ, ਓਸ ਨਾਮ ਦਾ ਜਾਂ 'ਵਾਹਿਗੁਰੂ' ਦਾ ਜਾਪ ਕਰੋ। ਹਿਰਦੇ ਦੇ ਅੰਦਰ 'ਵਾਹਿਗੁਰੂ' 'ਵਾਹਿਗੁਰੂ', 'ਵਾਹਿਗੁਰੂ' - ਇਹ ਆਵਾਜ਼ ਉਠੇਗੀ; ਆਵਾਜ਼ ਉਠਦੀ ਰਹੇ, ਤੁਸਾਂ ਏਥੇ ਕੁਛ ਨਹੀਂ ਕਰਨਾ; ਇਹ ਆਤਮਾ ਦੀ ਜੋਤੀ, ਆਤਮਾ ਦੀ ਰੌਸ਼ਨੀ ਆਪੇ ਹੀ ਇਹ ਆਵਾਜ਼ ਕਰਦੀ ਹੈ - ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ। ਉਹਨੂੰ ਹਿਰਦੇ ਦੇ ਅੰਦਰ **ਅਨਾਹਤ ਨਾਦ** ਸਮਝ ਕੇ ਸੁਣੋ, ਸੁਣਦੇ ਹੋਏ ਉਹਦੇ ਅੰਦਰ ਲੀਨ ਹੋ ਜਾਓ। ਕਰੋ ਇਸ ਤਰ੍ਹਾਂ, ਸੁਣਦੇ ਰਹੋ। ਉਹ ਰੌਸ਼ਨੀ ਬਣੀ ਰਹੇਗੀ। ਜਦ ਜਾਪ ਪੂਰਾ ਹੋ ਜਾਵੇ ਤਾਂ ਆਹਿਸਤਾ-ਆਹਿਸਤਾ ਗੁਫਾ ਦੇ ਫਰਸ਼ ਤੋਂ ਉਠ ਕੇ, ਫਿਰ ਮੱਥਾ ਟੇਕ ਕੇ ਜਿਸ ਤਰ੍ਹਾਂ ਗੁਰਦੁਆਰੇ ਤੋਂ ਬਾਹਰ ਆਇਆ ਜਾਂਦਾ ਹੈ, ਐਸ ਤਰ੍ਹਾਂ ਬਾਹਰ ਆ ਜਾਓ। ਬਾਹਰ ਆ ਕੇ ਫਿਰ ਸਾਂਸ ਦੇ ਰਸਤੇ ਚੱਲੋ। ਸਾਂਸ ਜਿਹੜੀ ਬਹਿ ਰਹੀ ਹੈ - ਨੀਚੋਂ ਉਤੇ ਆਉਂਦੀ ਹੈ, ਉਤੋਂ ਨੀਚੇ ਜਾਂਦੀ ਹੈ, ਉਹਦਾ ਅਨੁਭਵ ਕਰੋ। ਸਾਂਸ ਜਦੋਂ ਉਪਰ ਆਉਂਦੀ ਹੈ ਉਹਦੇ ਨਾਲ ਯਾਦ ਕਰੋ - 'ਵਾਹਿਗੁਰੂ'; ਅੰਦਰ ਆਉਂਦੀ ਹੈ, ਉਹਦੇ ਨਾਲ ਯਾਦ ਕਰੋ - 'ਵਾਹਿਗੁਰੂ'। ਸਾਂਸ 'ਚ ਝਟਕਾ ਨਾ ਹੋਵੇ, ਸਾਂਸ ਟੁਟੇ ਨਹੀਂ। ਇਸ ਤਰ੍ਹਾਂ ਕਰਦੇ ਹੋਏ ਦਿਲੋ ਦਿਮਾਗ ਨੂੰ, ਇਕ ਦਮ ਸ਼ਾਂਤ ਕਰਕੇ ਮਨ ਵਿਚ ਸੰਕਲਪ ਕਰੋ ਕਿ ਰੋਜ਼ ਇਸ ਤਰ੍ਹਾਂ ਦੇ ਨਾਲ ਸ਼ਾਂਤੀ ਦੇ ਸਰੋਵਰ ਵਿਚ ਇਸ਼ਨਾਨ ਕਰਾਂਗਾ; ਹੁਣ ਮੈਨੂੰ

ਅੰਮ੍ਰਿਤ ਦਾ ਸਰੋਵਰ ਮਿਲ ਗਿਆ ਹੈ, ਇਸ ਅੰਮ੍ਰਿਤਸਰ ਦੇ ਵਿਚ ਮੈਂ ਰੋਜ਼ ਜਾ ਕੇ ਤੀਰਥ ਯਾਤਰਾ ਕਰਕੇ, ਇਹਦੇ ਅੰਦਰ ਇਸ਼ਨਾਨ ਕਰਕੇ ਆਪਣੇ ਮਨ ਦੇ ਸਾਰੇ ਮਲਾਂ (ਮੈਲਾਂ) ਨੂੰ ਧੋਵਾਂਗਾ। ਪਵਿਤਰ ਹੋ ਕੇ ਆਪਣੇ ਮਨ ਨੂੰ ਬਿਲੌਰ ਦੇ ਬਣੇ ਹੋਏ ਆਇਨੇ ਵਾਂਗਰ ਸ਼ੁਧ ਕਰਕੇ ਉਹਦੇ ਅੰਦਰ ਆਪਣੀ ਆਤਮਾ ਦਾ, ਅਕਾਲਪੁਰਖ ਦਾ ਅਕਸ ਮੈਂ ਲਿਆ ਕਰਾਂਗਾ। ਇਸ ਤਰ੍ਹਾਂ ਕਰਦੇ ਹੋਏ ਧੀਰੇ-ਧੀਰੇ ਅੱਖਾਂ ਖੋਲ੍ਹੋ ਅਤੇ ਅੱਖਾਂ ਖੋਲ੍ਹ ਕੇ ਵੀ ਤੁਸੀਂ ਹੁਣ ਨੱਕ ਵਿਚ ਵਹਿੰਦੀ ਹੋਈ ਸਾਂਸ ਦਾ ਅਨੁਭਵ ਕਰਦੇ ਰਹੋ। ਜਿੰਨਾਂ ਚਿਰ ਤੁਸੀਂ ਐਥੇ ਬੈਠੇ ਹੋਂ, ਓਹ ਸਾਂਸ ਦੀ ਕੜੀ ਟੁਟੇ ਨਹੀਂ। ਜਦੋਂ ਕੜੀ ਟੁਟੇਗੀ ਨਹੀਂ ਤਾਂ ਫੇਰ ਦੁਨੀਆਂ ਦੇ ਖਿਆਲਾਤ, ਦੁਨੀਆਂ ਦੇ ਕਿੱਚੜ, ਦੁਨੀਆਂ ਦੀਆਂ ਚਟਾਨਾਂ ਰੋੜੀਆਂ ਅੰਦਰ ਆ ਕੇ ਤੁਹਾਨੂੰ ਤੰਗ ਨਹੀਂ ਕਰਨਗੀਆਂ।

ਇਹ ਤੁਹਾਨੂੰ ਮੈਂ ਗੁਰੂ ਦੇ ਦਵਾਰੇ ਦੇ ਅੰਦਰ ਜਾਣ ਦਾ ਰਸਤਾ ਦੱਸਿਆ ਹੈ ਪਰ ਪੂਰਾ ਨਹੀਂ ਦੱਸਿਆ ਹੈ। ਏਸ ਸਾਲ ਏਸ ਵਰ੍ਹੇ ਤੁਸੀਂ ਕਰੋਂਗੇ ਤਾਂ ਜੇ ਆਪਣੇ ਸੰਤ ਜੀ ਮਹਾਰਾਜ ਦੀ ਕ੍ਰਿਪਾ ਹੋਵੇਗੀ, ਤੁਹਾਡਾ ਫਿਰ ਦਰਸ਼ਨ ਹੋਵੇਗਾ ਤਾਂ ਮੈਂ ਅਗਲਾ ਰਸਤਾ ਏਸ ਤੋਂ ਅੱਗੇ ਦਾ ਫਿਰ ਦਸਾਂਗਾ। ਪਰ ਜਿਹੜੇ ਲੋਕੀ ਕਰਨਗੇ, ਉਨ੍ਹਾਂ ਨੂੰ ਇਹ ਮਿਲੇਗਾ; ਦੂਸਰਿਆਂ ਨੂੰ ਮਿਲੇਗਾ ਨਹੀਂ। ਸੁਣੋਂਗੇ, ਪਰ ਦਿਲ ’ਚ ਖੁੱਭੇਗਾ ਨਹੀਂ। ਅਕਾਲਪੁਰਖ ਤੁਹਾਡੇ ਅੰਦਰ ਖੁੱਭ ਜਾਏ, ਜਦ ਬਹਿ ਜਾਓ ਤਾਂ ਕਾਲ ਦਾ ਖਿਆਲ ਨਾ ਰਹੇ - ਕਿੰਨਾ ਟਾਈਮ ਬੀਤ ਗਿਆ ਹੈ, ਕਿੰਨੇ ਮਿੰਟ ਕੀਤਾ ਹੈ, ਕਿੰਨੇ ਘੰਟੇ ਬੈਠਾ ਰਿਹਾ ਹਾਂ; ਮੇਰੇ ਹੱਲ ਦਾ ਕੀ ਹੋਣਾ ਹੈ, ਮੇਰੇ ਖੇਤ ਦਾ ਕੀ ਹੋਣਾ ਹੈ, ਮੇਰੀ ਹੱਟੀ ਦਾ ਕੀ ਹੋਣਾ ਹੈ; ਉਹਦਾ ਖਿਆਲ ਸੰਤ ਜਨ ਕਰਨਗੇ। ਤੁਸੀਂ ਵਿਸ਼ਵਾਸ਼ ਕਰੋ; ਕਰਨਗੇ। ਸਾਰਿਆਂ ਦਾ ਕੀਤਾ ਹੈ, ਤੁਹਾਡਾ ਕਾਹਨੂੰ ਨਹੀਂ ਕਰਨਗੇ ? ਜਿਸ ਜਿਸ ਨੇ ਇਹ ਰਸਤਾ ਅਪਣਾਇਆ ਹੈ, ਓਹਦਾ ਖਿਆਲ ਕੀਤਾ ਹੈ ਤੇ ਤੁਹਾਡਾ ਖਿਆਲ ਕਾਹਨੂੰ ਨਹੀਂ ਕਰਨਗੇ ? ਇਹਦੇ ’ਚ ਤੁਸੀਂ ਲਿਵਲੀਨ ਹੋ ਜਾਓ; ਬਹਿ ਜਾਓ ਜਿਥੇ ਥਾਂ ਮਿਲੇ। ਬੱਸ ਦੀ ਇੰਤਜ਼ਾਰ ਕਰਦੇ ਖਲੋਤੇ ਹੋਏ ਹੋਂ ਤਾਂ ਉਥੇ ਖਲੋਤੇ-ਖਲੋਤੇ ਆਪਣੀ ਸਾਂਸ ਦੇ ਅੰਦਰ ਮਨ ਨੂੰ ਪਿਰੋ ਦਿਓ ਤਾਂ ਉਹ ਜਿਹੜਾ ਇੰਤਜ਼ਾਰ ਦਾ ਮੌਕਾ ਹੈਗਾ ਹੈ, ਟਾਈਮ ਹੈਗਾ ਹੈ; ਇੰਨਾਂ ਚਿਰ ਹੋ ਗਿਆ, ਬਸ ਨਹੀਂ ਆਈ, ਪਰੇਸ਼ਾਨ ਪਸ਼ੇਮਾਨ ਹੋ ਰਹੇ ਹੋਂ, ਉਹ ਨਹੀਂ ਹੋਵੋਂਗੇ। ਉਹ ਵੇਲਾ ਜਿਹੜਾ ਤੁਹਾਨੂੰ ਮਿਲਿਆ ਹੈ, ਕਹਾਂਗੇ ਧੰਨਵਾਦ ਹੈ ਤੇਰਾ, ਉਸ ਅਕਾਲਪੁਰਖ ਨੇ ਐਥੇ ਖਲੋਤੇ ਹੋਏ ਵੀ ਮੈਨੂੰ ਯਾਦ ਕਰਨ ਦਾ ਮੌਕਾ ਦਿਤਾ ਹੈ। ਇਸ ਤਰ੍ਹਾਂ ਦੁਨੀਆਂ ਦੇ ਅੰਦਰ ਰਹਿੰਦੇ ਹੋਏ, ਕਰਨੀ ਤੇ ਸਿਮਰਨੀ ਨਾਲ-ਨਾਲ ਚਲੇਗੀ ਤਾਂ ਇਕ ਦਿਨ ਇਹੋ ਜਿਹਾ ਆਏਗਾ, ਜਿਸ ਦਿਨ ਸਿਮਰਨੀ-ਸਿਮਰਨੀ ਰਹਿ ਜਾਏਗੀ, ਕਰਨੀ ਦੀ ਲੋੜ ਹੀ ਨਹੀਂ ਹੋਏਗੀ। ਕਰਮਾਂ ਤੋਂ ਉਤੇ ਉਠ ਜਾਓਂਗੇ। ਹਿਮਾਲਿਆ ਦੀ ਚੋਟੀ ਐਥੇ ਹੀ ਐ, ਤੁਹਾਡਾ ਅੰਮ੍ਰਿਤ ਦਾ ਸਰੋਵਰ ਵੀ ਐਥੇ ਹੀ ਹੈ। ਬਾਹਰ ਜਾਓ, ਤੀਰਥ ਯਾਤਰਾ ਕਰੋ; ਸਾਲ ’ਚ ਤੀਰਥ ਯਾਤਰਾ ਇਕ ਦਫਾ ਹੁੰਦੀ ਹੈ। ਇਹ ਤੀਰਥ ਯਾਤਰਾ ਜਿਸ ਵੇਲੇ ਚਾਹੋ, ਉਸ ਵੇਲੇ ਅੰਮ੍ਰਿਤ ਦੇ ਸਰੋਵਰ ਵਿਚ ਇਸ਼ਨਾਨ ਕਰ ਸਕਦੇ ਹੋ। ਐਨਾ ਕਹਿ ਕੇ ਮੈਂ ਆਪਣੇ ਭ੍ਰਾਤਾ ਸਮਰਨੀਐ ਸ੍ਰੀ ਸੰਤ ਜੀ ਦੇ ਚਰਨਾਂ ਵਿਚ ਆਪਣੇ ਧੰਨਵਾਦ ਦੇ ਫੁਲ ਚੜ੍ਹਾਉਂਦਾ ਹੋਇਆ ਸਾਰੀ ਸੰਗਤ ਨੂੰ ਇਹ ਵਧਾਈ ਦਿੰਦਾ ਹਾਂ ਕਿ ਇਹੋ ਜਿਹੇ ਸੰਤ ਮਿਲੇ, ਇਨ੍ਹਾਂ ਦੀ ਕ੍ਰਿਪਾ ਨਾਲ ਤੁਹਾਡਾ ਉਧਾਰ ਹੋ ਜਾਵੇ, ਇਸੇ ਜਨਮ ਹੋ ਜਾਵੇ। ਇਸੇ ਜਨਮ ਵਿਚ ਅਕਾਲ ਪੁਰਖ ਤੁਹਾਡੇ ਅੰਦਰ ਵੜ ਜਾਵੇ ਤੇ ਤੁਸੀਂ ਅਕਾਲ ਪੁਰਖ ਦੇ ਅੰਦਰ ਵੜ ਜਾਵੋਂ। ਇਸ ਤਰ੍ਹਾਂ ਅਰਦਾਸ ਕਰਦਾ ਹੋਇਆ, ਅਸ਼ੀਰਵਾਦ ਦੇਂਦਾ ਹੋਇਆ ਇਨ੍ਹਾਂ ਸ਼ਬਦਾਂ ਨੂੰ ਮੈਂ ਬੰਦ ਕਰਦਾ ਹਾਂ; ਤੁਹਾਡੇ ਅੰਦਰ ਸ਼ਬਦ ਚਲਦਾ ਰਹੇ, ਤੁਹਾਡੇ ਅੰਦਰ ਸਾਂਸ-ਸਾਂਸ ਵਿਚ ਉਹ ਵਾਹਿਗੁਰੂ ਹਰ ਵੇਲੇ ਚਲਦਾ ਰਹੇ।

# ਆਤਮ ਮਾਰਗ
## (ਭਾਗ ਦੂਜਾ)

ਆਪਣੇ ਗੁਰਦੇਵ ਜੀ ਦੇ ਬਾਅਦ ਮੈਂ ਕੀ ਬੋਲ ਸਕਦਾ ਹਾਂ। ਉਹ ਜਿਹੜੀਆਂ ਗੱਲਾਂ ਕਹਿ ਗਏ ਨੇ, ਉਨ੍ਹਾਂ ਨੂੰ ਮੈਂ ਪਿਛਲੇ ਪੰਝੀ ਵਰ੍ਹਿਆਂ ਤੋਂ ਸੁਣ ਰਿਹਾ ਹਾਂ ਤਾਂ ਹਾਲੇ ਵੀ ਏਸ ਮਨ ਵਿਚ ਪੂਰੀ ਤਰ੍ਹਾਂ ਬਿਠਾਉਣ ਵਾਸਤੇ ਕਿੰਨੀ ਦਫਾ ਯਾਦ ਕਰਨੀ ਪੈਂਦੀ ਹੈ; ਜਿੰਨੀ ਦਫਾ ਸੁਣੋਂਗੇ, ਕੋਈ ਨਾ ਕੋਈ ਨਵੀਂ ਗੱਲ ਲੱਭੇਗੀ। ਸੰਤਾਂ ਦੀਆਂ ਗੱਲਾਂ ਵਿਚ ਇਹੋ ਹੀ ਇਕ ਰਹੱਸ ਹੁੰਦਾ ਹੈ। ਕਿਸੇ ਨੂੰ ਸੁਣਦੇ ਹੋਏ ਵੀ ਸੁਣਾਈ ਪੈਂਦੀ ਨਹੀਂ, ਕਿਸੇ ਨੂੰ ਦੇਖਦੇ ਹੋਏ ਵੀ ਦਿਸਦਾ ਨਹੀਂ ਤੇ ਕੋਈ-ਕੋਈ ਭਾਗਵਾਨ ਇਹੋ ਜਿਹਾ ਹੁੰਦਾ ਹੈ, ਦੋ ਲਫਜ਼ ਸੁਣ ਕੇ ਪਾਰ ਹੋ ਜਾਂਦਾ ਹੈ। ਇਹ ਦੋ ਲਫਜ਼ਾਂ ਨਾਲ ਪਾਰ ਕਰਨ ਦੀ ਤਾਕਤ ਜਿਹਦੇ ਅੰਦਰ ਹੋਵੇ, ਉਹਨੂੰ ਹੀ ਸਤਿਗੁਰੂ ਕਹਿੰਦੇ ਨੇ, ਸੰਤ ਕਹਿੰਦੇ ਨੇ। ਅਨੰਦ ਹੈ - ਇਹ ਸੰਤਾਂ ਦਾ ਤੇ ਸੰਗਤਾਂ ਦਾ ਸਮਾਗਮ ਹੋਇਆ ਹੈ। ਅਨੰਦ ਹੈ - ਏਸ ਸਮਾਗਮ ਵਿਚ ਜਿਸ ਕਿਸੀ ਨੇ ਬਾਹਰ ਦੀਆਂ ਅੱਖੀਆਂ ਬੰਦ ਕਰ ਦਿਤੀਆਂ ਨੇ, ਉਹਦੀ ਅੰਦਰੂਨੀ ਅੱਖ ਖੁਲ੍ਹ ਗਈ ਹੈ। ਉਹਨੂੰ ਦਿਸਦੀ ਹੈ- ਇਕ ਆਰਤੀ, ਲੱਖਾਂ ਲੱਖ ਸੂਰਜ ਤੇ ਚੰਦ ਸਿਤਾਰੇ। ਸਾਰੇ ਆਲਮ ਦੇ ਜਿੰਨੇ ਪ੍ਰਕਾਸ਼ ਹੈਗੇ ਨੇ, ਮੋਤੀਆਂ ਦੀਆਂ ਲੜੀਆਂ ਵਾਂਗਰ, ਬਲਦੀ ਹੋਈ ਦੀਵੇ ਦੀ ਲੋਅ ਵਾਂਗਰ ਉਸ ਅਕਾਲ ਪੁਰਖ ਦੀਆਂ ਆਰਤੀਆਂ ਉਤਾਰ ਰਹੇ ਨੇ। ਚਾਰੋਂ ਤਰਫ ਸਾਰੇ ਬ੍ਰਹਿਮੰਡ ਵਿਚ ਇਕ ਆਵਾਜ਼ ਆਉਂਦੀ ਹੈ - '੧ਓ'; ਦੂਜਾ ਕੋਈ ਹੈ ਨਹੀਂ, ਨਾ ਕਦੀ ਹੋਇਆ ਹੈ, ਨਾ ਕਦੀ ਹੋਣਾ ਹੈ। ਜਿਸ ਤਰ੍ਹਾਂ ਮਾਂ ਦੇ ਗਰਭ ਦੇ ਅੰਦਰ ਬੱਚਾ ਰਹਿੰਦਾ ਹੈ, ਓਸ ਤਰ੍ਹਾਂ ਇਹ ਸੂਰਜ, ਚੰਦ, ਸਿਤਾਰੇ ਇਹ ਸਾਰੇ ਜੀਵ, ਸਾਰੀਆਂ ਆਤਮਾਂ, ਸਾਰੇ ਜੰਤੂ ਓਹਦੇ ਅੰਦਰ ਹੈਗੇ ਨੇ, ਓਹਦੇ ਅੰਨ ਨਾਲ ਪਲ ਰਹੇ ਨੇ, ਵੱਡੇ ਹੋ ਰਹੇ ਨੇ। ਇਹ ਜਿਹੜੀ ਵਡਿਆਈ ਹੈ ਇਹ ਜਿਸਮਾਨੀ ਵਡਿਆਈ ਨਹੀਂ ਹੈ, ਇਹ ਰੂਹਾਨੀ ਵਡਿਆਈ ਹੈ।

ਇਕ ਗੱਲ ਯਾਦ ਕਰਾਉਣ ਵਾਸਤੇ ਅਨੰਦ ਹੈ, ਸੰਤਾਂ ਨੇ ਇਹ ਸਮਾਗਮ ਕੀਤਾ ਹੈ। ਅਨੰਦ ਹੈ ਕਿ ਜਿਨ੍ਹਾਂ ਦੇ ਮਨ ਕਿੱਚੜ ਵਿਚ ਲਿੱਬੜ ਗਏ ਸੀ, ਐਥੇ ਆ ਕੇ ਧੁਲ ਗਏ ਨੇ। ਅਨੰਦ ਹੈ - ਇਹ ਦੁਨੀਆਂ ਦੇ ਅੰਦਰ ਜਿੰਨੇ ਮਨ ਹੈਗੇ ਨੇ, ਉਥੇ ਆਹਿਸਤਾ-ਆਹਿਸਤਾ ਸਾਰੇ ਦੇ ਸਾਰੇ ਹੁਣ ਇਕ ਤਰ੍ਹਾਂ ਦੀ ਖੁਸ਼ਬੂ ਪੈਦਾ ਕਰਨਗੇ। ਜ਼ਰਾ ਸੋਚੋ ਭਰਾਵੋ, ਮੇਰੀ ਮਾਤਾਓ! ਸੋਚੋ, ਸਾਡੇ ਜਿੰਨੇ ਖਿਆਲਾਤ ਮਨ ਵਿਚ ਉਠਦੇ ਨੇ, ਜੋ ਉਨ੍ਹਾਂ ਦੀ ਆਪਣੀ-ਆਪਣੀ ਬੂ ਹੁੰਦੀ ਹੈ ਤਾਂ ਜਦੋਂ ਅਸੀਂ ਬਜ਼ਾਰ ਵਿਚ ਨਿਕਲਦੇ ਹਾਂ ਤਾਂ ਕਿਸ ਤਰ੍ਹਾਂ ਦੀ ਬੂ ਸਾਡੇ ਜਿਸਮ ਵਿਚੋਂ, ਸਾਡੇ ਮਨਾਂ ਵਿਚੋਂ ਨਿਕਲ ਕੇ ਦੂਸਰਿਆਂ ਨੂੰ ਲੱਗਦੀ ਹੈ। ਐਸ ਵਾਸਤੇ ਆਪਣੇ ਮਨਾਂ ਨੂੰ, ਚਿਤ ਨੂੰ ਫੁੱਲਾਂ ਦੀ ਫੁਲਵਾੜੀ ਬਣਾਓ ਕਿ ਇਕ-ਇਕ ਖਿਆਲ ਫੁੱਲ ਵਰਗਾ ਹੋਵੇ; ਇਕ-ਇਕ ਵਿਚਾਰ ਬਲਦੇ ਹੋਏ ਦੀਵੇ ਵਰਗਾ ਹੋਵੇ; ਜਿਥੇ ਖਿੜ ਜਾਵੇ, ਖੁਸ਼ਬੂ ਹੀ ਖੁਸ਼ਬੂ ਹੋ ਜਾਵੇ ਤੇ ਜਿਥੇ ਬਲ ਜਾਵੇ, ਉਥੇ ਅੰਧਕਾਰ ਦਾ ਨਾਮ ਨਿਸ਼ਾਨ ਨਾ ਰਹੇ; ਸਿਰਫ ਪ੍ਰਕਾਸ਼, ਜੋਤੀ, ਰੌਸ਼ਨੀ ਹੋ ਜਾਵੇ। ਏਸ ਰੌਸ਼ਨੀ ਦਾ ਦੂਜਾ ਨਾਮ ਰੱਬ ਹੈ। ਕੋਈ-ਕੋਈ ਵਿਰਲਾ ਇਸ ਬ੍ਰਹਿਮੰਡ ਵਿਚ, ਇਹੋ ਜਿਹਾ ਪੈਦਾ ਹੁੰਦਾ ਹੈ ਜੋ ਦੁਨੀਆਂ ਨੂੰ ਓਸ ਰੌਸ਼ਨੀ ਦੀ ਸੜਕ ਦਿਖਾਉਂਦਾ ਹੈ, ਰਸਤਾ ਦਿਖਾਂਦਾ ਹੈ, ਲੈ ਜਾਂਦਾ ਹੈ - ਹੱਥ ਫੜ ਕੇ; ਐਧਰ ਚਲੋ। ਅਸੀਂ ਹੱਥ ਛੁਡਾਉਂਦੇ ਰਹਿੰਦੇ ਹਾਂ - ਮੈਨੂੰ ਆਹ ਕੰਮ ਹੈ, ਮੈਨੂੰ ਔਹ ਕੰਮ ਐ। ਉਹ ਕਹਿੰਦਾ, ਚਲ, ਕੰਮ ਤੇਰੇ ਹੋ ਜਾਣਗੇ। ਅਸ਼ੀਰਵਾਦ ਹੈ, ਪਰ ਅਸੀਂ ਓਸ ਅਸ਼ੀਰਵਾਦ ਦੇ ਹੁੰਦੇ ਹੋਏ ਵੀ ਅਸ਼ੀਰਵਾਦ ਲੈਂਦੇ ਨਹੀਂ, ਮੰਨਦੇ ਨਹੀਂ ਕਿ ਅਸੀਸ ਮਿਲੀ ਹੈ। ਫੇਰ ਉਨ੍ਹਾਂ ਹੀ ਕੰਮਾਂ ਵਿਚ ਅਸੀਂ ਚਲਦੇ ਹਾਂ, ਉਨ੍ਹਾਂ ਦੇ ਵਿਚ ਹੀ ਲੀਨ ਹੋ ਜਾਂਦੇ ਹਾਂ। ਵੱਖਰੀਆਂ-ਵੱਖਰੀਆਂ ਇਛਾਵਾਂ, ਵੱਖਰੀਆਂ-ਵੱਖਰੀਆਂ ਕਾਮਨਾਵਾਂ ਅਸਾਡੇ ਮਨ ਨੂੰ ਪ੍ਰਭਾਵਿਤ ਐਸ ਤਰ੍ਹਾਂ

ਕਰਦੀਆਂ ਨੇ ਕਿ ਰੌਸ਼ਨੀ ਨੂੰ ਭੁੱਲ ਜਾਂਦੇ ਹਾਂ, ਜਿਸਦਾ ਨਾਮ ਰੱਬ ਹੈ। ਜਿਹੜਾ ਇਸ ਕਿੱਚੜ ਤੋਂ ਉਠ ਗਿਆ ਹੈ, ਜਿਹਨੇ ਆਪਣੀ ਲਿਬੜਨ ਧੋ ਲਈ ਹੈ - ਸ਼ਾਂਤੀ ਦੇ ਪਵਿੱਤਰ ਜਲ ਨਾਲ ਧਿਆਨ ਵਿਚ ਬੈਠ ਕੇ, ਬਾਰ-ਬਾਰ ਜਾਪ ਵਿਚ ਲੀਨ ਹੋ ਕੇ, ਤਾਂ ਉਹ ਜ਼ਰਾ ਕੁ ਜਿੰਨਾ ਉਚਾ ਉਠਦਾ ਹੈ। ਉਚਾ ਉਠਦਾ ਹੈ, ਪੀੜ੍ਹੀ ਤੇ ਬੈਠਦਾ ਹੈ, ਹੁਣ ਉਹ ਕਿੱਚੜ 'ਚ ਨਹੀਂ ਬੈਠਦਾ। ਪੀੜ੍ਹੀ ਤੇ ਬਹਿ ਕੇ ਉਹ ਸੋਚਦਾ ਹੈ ਕਿ ਹੁਣ ਮੈਂ ਪਹੁੰਚ ਗਿਆ ਹਾਂ। ਉਹਦੇ ਅੰਦਰ ਅਹੰਕਾਰ ਆ ਜਾਂਦਾ ਹੈ। ਜਦੋਂ ਅਹੰਕਾਰ ਆਉਂਦਾ ਹੈ ਤਾਂ ਉਹ ਫੇਰ ਅੱਗੇ ਵੱਧਦਾ ਨਹੀਂ, ਉਹ ਉਥੇ ਹੀ ਬੈਠਾ ਰਹਿ ਜਾਂਦਾ ਹੈ। ਜੇ ਅਸੀਂ ਅੱਗੇ ਵਧਣਾ ਹੈ ਤਾਂ ਉਸ ਪੀੜ੍ਹੀ ਤੇ ਬਹਿ ਕੇ ਵੀ ਇਹੋ ਹੀ ਸੋਚੀਏ ਕਿ ਇਸ ਤੋਂ ਅੱਗੇ ਇਕ ਹੋਰ ਮੰਜੀ ਹੈਗੀ ਏ, ਤਖਤ ਹੈ। ਜਿਹੜਾ ਮੰਜੀ ਤੇ ਬਹਿ ਗਿਆ ਹੈ, ਉਹ ਪੀੜ੍ਹੀ ਵਾਲੇ ਨੂੰ ਦੇਖਦਾ ਹੈ ਤੇ ਕਹਿੰਦਾ ਹੈ ਕਿ ਉਥੇ ਹੇਠਾਂ ਤੂੰ ਕਾਹਨੂੰ ਬੈਠਾ ਹੈਂ, ਉਪਰ ਆ ਜਾ। ਕਹਿੰਦਾ ਮੈਨੂੰ ਤਾਂ ਐਥੇ ਹੀ ਖੁਸ਼ੀ ਹੈ। ਇਸ ਤਰ੍ਹਾਂ ਧੀਰੇ-ਧੀਰੇ, ਧੀਰੇ-ਧੀਰੇ ਕਦੀ-ਕਦੀ ਪੀੜ੍ਹੀ ਤੋਂ ਵੀ ਲੁੜਕ ਜਾਂਦਾ ਹੈ, ਗਿਰ ਜਾਂਦਾ ਹੈ, ਫੇਰ ਓਸੇ ਕਿੱਚੜ ਵਿਚ ਲੁੜਕਦਾ ਹੈ, ਫੇਰ ਉਠਦਾ ਹੈ। ਐਸ ਤਰ੍ਹਾਂ ਕਰਦੇ-ਕਰਦੇ-ਕਰਦੇ ਮੰਜੀ ਤੱਕ ਪਹੁੰਚਦਾ ਹੈ। ਕਦੀ ਫੇਰ ਕੋਈ ਸੰਤ ਮਹਾਤਮਾ ਓਧਰੋਂ ਨਿਕਲਦਾ ਹੈ, ਦੇਖਦਾ ਹੈ ਕਿ ਹਾਲੇ ਤਾਂ ਇਹਨੇ ਆਪਣੀ ਮੰਜ਼ਿਲ ਪਾਈ ਨਹੀਂ ਹੈ; ਕਿਸ ਤਰ੍ਹਾਂ ਇਹਨੂੰ ਇਹਦੀ ਮੰਜ਼ਿਲ ਦਿਖਾਈਏ? ਬੜੀ ਮੁਸ਼ਕਿਲਾਂ ਨਾਲ, ਬੜੇ ਪਿਆਰ ਦੇ ਨਾਲ ਸਮਝਾ ਬੁਝਾ ਕੇ, ਤਰੀਕੇ ਕਰਕੇ ਉਹ ਸੰਤ ਮਹਾਤਮਾ ਆਪਣੇ ਦਿਲ ਦੀ ਦਇਆ ਦੀ ਖਾਤਿਰ, ਆਪਣੇ ਦਿਲ ਦੇ ਅੰਦਰ ਓਹਦੇ ਲਈ ਕਰੁਣਾ ਉਠਦੀ ਹੈ, ਓਹਦੇ ਕਾਰਨ ਉਸ ਹੰਝੂ ਬਹਾਉਂਦੇ ਹੋਏ ਨੂੰ ਫੇਰ ਉਥੋਂ ਉਠਾ ਕੇ ਉਸ ਤਖਤ ਤੇ ਬਿਠਾ ਦਿੰਦਾ ਹੈ ਜਿਹਦਾ ਨਾਉਂ ਅਕਾਲ ਤਖਤ ਹੈ। ਜਦ ਇਹ ਪੁਰਖ ਉਸ ਅਕਾਲ ਤਖਤ ਤੇ ਜਾ ਕੇ ਬਹਿ ਜਾਂਦਾ ਹੈ ਤਾਂ ਫੇਰ ਉਹਨੂੰ ਕਾਲ ਛੂਹ ਨਹੀਂ ਸਕਦਾ, ਉਹਦੇ ਨੇੜੇ ਨਹੀਂ ਆ ਸਕਦਾ। ਲੋਕੀ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਦੇ ਨੇ, ਤਰ੍ਹਾਂ-ਤਰ੍ਹਾਂ ਦੇ ਜਵਾਬ ਵੱਖਰੇ-ਵੱਖਰੇ ਮਜ਼ਹਬਾਂ ਵਿਚ, ਧਰਮਾਂ ਵਿਚ ਦਿਤੇ ਗਏ ਨੇ।

ਮੈਂ ਇਕ ਗੱਲ ਦੱਸਦਾਂ ਤੁਹਾਨੂੰ ਮੇਰੇ ਮਿਤਰੋ! ਜਿਹਨੇ ਜਾਨਿਆ ਹੈ, ਉਹ ਬੋਲਦਾ ਨਹੀਂ; ਤੇ ਜੋ ਬੋਲਦਾ ਹੈ, ਉਹਨੇ ਦੇਖਿਆ ਨਹੀਂ। ਜਿਹਨੇ ਜਾਣ ਲੀਤਾ ਹੈ, ਉਹ ਬੋਲਣਾ ਬੰਦ ਕਰਕੇ ਮੌਨ ਬਹਿ ਜਾਂਦਾ ਹੈ; ਜਿਹਨੇ ਪਾਇਆ ਨਹੀਂ ਹੈ, ਉਹ ਉਹਦੀਆਂ ਗੱਲਾਂ ਕਰਦਾ ਹੈ - ਇਸ ਤਰ੍ਹਾਂ ਦਾ ਹੈ, ਓਸ ਤਰ੍ਹਾਂ ਦਾ ਹੈ, ਕਿਵੇਂ ਹੈਂ; ਨਾ-ਨਾ, ਤੇਰੀ ਗੱਲ ਗਲਤ ਹੈ, ਮੈਨੂੰ ਜ਼ਿਆਦਾ ਪਤਾ ਹੈ। ਇਸ ਤਰ੍ਹਾਂ ਆਪਣੇ ਅਹੰਕਾਰ 'ਚ ਪੈ ਕੇ ਅਸੀਂ ਆਪਣੇ-ਆਪਣੇ ਸਿਧਾਂਤ, ਆਪਣੇ ਖਿਆਲਾਤ ਦੂਜੇ ਲੋਕਾਂ ਦੇ ਉਤੇ ਲੱਦਦੇ ਹਾਂ ਪਰ ਜਿਹੜਾ ਅਸਲੀ ਸੰਤਤਾਈ ਦੇ ਰਸਤੇ ਤੇ ਚਲਦਾ ਹੈ, ਉਹ ਮੌਨ ਹੋ ਕੇ, ਚੁਪ-ਚਾਪ ਹੋ ਕੇ, ਇਨ੍ਹਾਂ ਵੱਖਰੀਆਂ-ਵੱਖਰੀਆਂ ਗੱਲਾਂ ਨੂੰ ਛੱਡ ਕੇ, ਇਨ੍ਹਾਂ ਦਾ ਤਿਆਗ ਕਰਕੇ ਆਪਣੇ ਹਿਰਦੇ ਦੀ ਗੁਫਾ ਦੇ ਅੰਦਰ ਵੜ ਕੇ ਸਾਧਨਾ ਕਰਦਾ ਹੈ। ਮੈਂ ਤੁਹਾਨੂੰ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਏਸ ਗੁਫਾ ਦੇ ਅੰਦਰ ਵੜ ਕੇ ਸਾਧਨਾ ਕਰੋ। ਅੱਜਕੱਲ ਹਿਮਾਲਿਆ ਵਿਚ ਜਿਥੇ ਗੁਫਾਵਾਂ ਸੀਗੀਆਂ, ਉਥੇ ਬੱਸ ਸਟੈਂਡ ਬਣ ਗਏ ਨੇ, ਅਵਾਜ਼ ਹੋ ਗਈ ਹੈ। ਇਕ ਥਾਂ ਐਹੋ ਜਿਹੀ ਹੈਗੀ ਐ ਜਿਥੇ ਬਾਹਰ ਦੀ ਅਵਾਜ਼ ਪਹੁੰਚ ਨਹੀਂ ਸਕਦੀ; ਉਹ ਥਾਂ ਤੁਹਾਡੇ ਅੰਦਰ ਹੈ। ਉਹਦੇ ਅੰਦਰ ਜਾਓ। ਅੰਦਰ ਜਾਣ ਦੇ ਕਈ ਰਸਤੇ ਹੈਗੇ ਨੇ, ਸੰਤ, ਯੋਗੀ ਲੋਗ ਦਸਦੇ ਨੇ, ਦਿਖਾਉਂਦੇ ਨੇ। ਉਹਦੇ ਵਾਸਤੇ ਆਪਸ ਵਿਚ ਵਿਵਾਦ ਕਰਨ ਦੀ ਲੋੜ ਨਹੀਂ ਹੈ। ਇਕ ਰਸਤਾ ਫੜ ਲਵੋ ਜਿਹੜਾ ਸਤਿਗੁਰੂ ਨੇ ਦਿਖਾਇਆ ਹੈ ਓਸ ਰਸਤੇ ਤੇ ਚਲਦੇ ਜਾਓ, ਚਲਦੇ ਜਾਓ ਤਾਂ ਇਕ ਦਿਨ ਪਹੁੰਚ ਜਾਓਗੇ। ਜ਼ਰੂਰ ਜਾਣਾ ਹੈ ਉਥੇ, ਓਹੀ ਸਾਡੀ ਮੰਜ਼ਿਲ ਹੈ। ਓਸ ਮੰਜ਼ਿਲ ਤੇ ਪਹੁੰਚਣ ਵਾਸਤੇ, ਉਥੇ ਜਾਣ ਵਾਸਤੇ ਅਸੀਂ ਇਕੱਲੇ ਚਲ ਨਹੀਂ ਸਕਦੇ। ਇਸ ਵਾਸਤੇ ਜਿੰਨੇ ਸੰਤ ਜਨ ਨੇ, ਗੁਰੂ ਹੋਏ ਨੇ ਉਹ ਸਾਨੂੰ ਹੱਥ ਫੜ ਕੇ ਲਿਜਾਉਂਦੇ ਨੇ - ਐਧਰ ਚਲ। ਉਹਨਾਂ ਦੇ ਅੰਦਰ ਇਕ ਰੌਸ਼ਨੀ ਦਾ ਦਰਿਆ ਬਹਿੰਦਾ ਹੈ, ਰੌਸ਼ਨੀ ਦਾ ਝਰਨਾ ਚਲਦਾ ਹੈ, ਰੌਸ਼ਨੀ ਦਾ ਸਮੁੰਦਰ ਹੁਲਾਸਾਂ ਨਾਲ

ਅਵਾਜ਼ ਮਾਰਦਾ ਹੈ। ਉਸ ਰੌਸ਼ਨੀ ਦੀ ਕੋਈ ਸ਼ੁਰੂਆਤ ਨਹੀਂ ਹੈ, ਉਸ ਰੌਸ਼ਨੀ ਦਾ ਕੋਈ ਅੰਤ ਨਹੀਂ ਹੈ। ਜਿਹੜੇ ਸੰਤ ਮੁਨੀ ਓਸ ਰੌਸ਼ਨੀ ਨਾਲ ਇਕ ਹੋ ਗਏ ਨੇ, ਉਨ੍ਹਾਂ ਦੀ ਗਹਿਰਾਈ ਨੂੰ ਕੋਈ ਨਾਪ ਨਹੀਂ ਸਕਦਾ, ਉਨ੍ਹਾਂ ਦੀ ਉਚਾਈ ਨੂੰ ਕੋਈ ਛੂਹ ਨਹੀਂ ਸਕਦਾ। ਉਹ ਕਹਿੰਦੇ ਨੇ, "ਮੈਂ ਜਿਥੇ ਆਇਆ ਹਾਂ, ਤੂੰ ਵੀ ਆ ਸਕਦਾ ਹੈਂ।" "ਮੈਂ ਕਿਸ ਤਰ੍ਹਾਂ ਆ ਸਕਦਾ ਹਾਂ?" "ਜਿਸ ਤਰ੍ਹਾਂ ਮੈਂ ਪਹੁੰਚਿਆ ਹਾਂ, ਤੂੰ ਵੀ ਪਹੁੰਚ ਸਕਦਾ ਹੈਂ।" ਐਥੇ ਜਿੰਨੇ ਭਰਾ ਬੈਠੇ ਨੇ, ਜਿੰਨੀਆਂ ਸੰਗਤਾਂ ਬੈਠੀਆਂ ਨੇ, ਜਿੰਨੀਆਂ ਮੇਰੀਆਂ ਮਾਵਾਂ ਨੇ, ਤੁਸੀਂ ਸਾਰੇ ਇਕ-ਇਕ ਕਰਕੇ ਓਸੇ ਉਚਾਈ ਨੂੰ ਨਾਪ ਸਕਦੇ ਹੋਂ, ਓਸੇ ਗਹਿਰਾਈ ਵਿਚ ਵੜ ਸਕਦੇ ਹੋਂ ਜਿਹੜੀ ਗਹਿਰਾਈ ਓਨ੍ਹਾਂ ਸਾਰੇ ਸੰਤਾਂ ਨੇ ਪਾਈ ਹੈ। ਮੈਂ ਅੱਜ ਸਾਫ ਕਹਿੰਦਾ ਹਾਂ ਕਿ ਉਚੇ ਉਠਣ ਦੀ ਆਪਣੇ ਅੰਦਰ ਇਕ ਇੱਛਾ ਜਾਗ੍ਰਤ ਹੋਣੀ ਚਾਹੀਦੀ ਹੈ ਕਿ ਮੈਂ ਪਹੁੰਚਣਾ ਹੀ ਹੈ, ਮੈਂ ਜਾਣਾ ਹੀ ਹੈ। ਇਹ ਦੁਨੀਆਂ ਵਿਚ ਮੈਂ ਜੋ ਤੜਪ ਰਿਹਾ ਹਾਂ, ਐਧਰੋਂ ਓਧਰ ਗਿਰ ਰਿਹਾ ਹਾਂ; ਜਿਥੇ ਵੀ ਜਾਂਦਾ ਹਾਂ, ਠੋਕਰ ਲਗਦੀ ਹੈ; ਇਹ ਠੋਕਰਾਂ ਦੇ ਰਸਤੇ ਨੂੰ ਛੱਡ ਕੇ ਮੈਂ ਓਥੇ ਜਾਣਾ ਹੈ ਜਿਥੇ ਰਸਤਾ ਅਕਾਸ਼ ਵਾਂਗਰ ਸਾਫ ਹੈ ਜਿਸ ਤਰ੍ਹਾਂ ਅਕਾਸ਼ ਦੇ ਵਿਚ ਉਡਦੇ ਹੋਏ ਪੰਛੀ ਦੀ ਕੋਈ ਗਤੀ ਨਹੀਂ ਜਾਣੀ ਜਾ ਸਕਦੀ। ਜਦ ਤੁਸੀਂ ਤੇ ਮੈਂ ਚਲਦੇ ਹਾਂ, ਚਲਦੇ ਹਾਂ ਇਸ ਜ਼ਮੀਨ ਦੇ ਉਤੇ ਤਾਂ ਸਾਡੇ ਪੈਰਾਂ ਦੇ ਜਿਹੜੇ ਨਿਸ਼ਾਨ ਹੈਗੇ ਨੇ, ਉਥੇ ਪੈਂਦੇ ਨੇ। ਪਰ ਅਕਾਸ਼ ਵਿਚ ਉਡਦੇ ਹੋਏ ਪੰਛੀ ਦੀ ਕੋਈ ਨਿਸ਼ਾਨੀ ਨਹੀਂ ਹੈ, ਸਮੁੰਦਰ ਵਿਚ ਤੈਰਦੀ ਹੋਈ ਮੱਛਲੀ ਕੋਈ ਨਿਸ਼ਾਨ ਛੱਡ ਕੇ ਨਹੀਂ ਜਾਂਦੀ ਤੇ ਇਹ ਓਹੀ ਰਸਤਾ ਹੈ ਜਿਥੇ ਕੋਈ ਨਿਸ਼ਾਨ ਨਹੀਂ ਹੈ; ਸਿਰਫ ਰੌਸ਼ਨੀ ਹੈ।

ਆਪਣੇ ਅੰਦਰ ਇਕ ਇੱਛਾ ਜਾਗ੍ਰਤ ਕਰੋ। ਇੱਛਾ ਤਾਂ ਹੈ; ਨਾ ਹੁੰਦੀ ਤਾਂ ਐਥੇ ਨਹੀਂ ਆ ਕੇ ਬਹਿੰਦੇ। ਇੱਛਾ ਤਾਂ ਹੈ ਪਰ ਉਹਨੂੰ ਹੋਰ ਜਾਗ੍ਰਤ ਕਰੋ ਕਿ ਮੈਂ ਉਥੇ ਪਹੁੰਚਣਾ ਹੀ ਹੈ ਜਿਥੇ ਸੰਤ ਮੁਨੀ ਪਹੁੰਚ ਗਏ ਨੇ। ਜਦ ਤੁਸੀਂ ਇਸ ਇੱਛਾ ਨੂੰ ਜਾਗ੍ਰਤ ਕਰੋਂਗੇ ਤਾਂ ਉਥੇ ਪਹੁੰਚ ਜਾਓਂਗੇ। ਤਾਂ ਮਾਂ ਕਹੇਗੀ, ਕਬੀਰ ਪਾਗਲ ਹੋ ਗਿਆ ਹੈ। ਪਰ ਕਬੀਰ ਕਹਿੰਦਾ ਹੈ ਕਿ ਅਸਲੀ ਤਾਣਾ-ਬਾਣਾ ਹੁਣ ਮੈਂ ਦੇਖ ਲਿਆ ਹੈ। ਇਸ ਤਰ੍ਹਾਂ ਜਦ ਤੁਸੀਂ ਓਸ ਰਸਤੇ ਤੇ ਚਲੋਂਗੇ, ਹੋ ਸਕਦਾ ਹੈ ਤੁਸੀਂ ਵੀ ਇਕ ਦਿਨ ਨਦੀ ਦੀ ਤਲਹਿਟੀ ਵਿਚ ਜਾ ਕੇ ਬਹਿ ਜਾਓਂ, ਤਿੰਨ ਦਿਨ ਅੱਖਾਂ ਨਾ ਖੁਲ੍ਹਣ, ਸਾਂਸ ਲੈਣ ਦੀ ਲੋੜ ਨਾ ਰਹੇ, ਸਾਰਾ ਪ੍ਰਾਣ ਰੁਕ ਜਾਏ ਤੇ ਆਪਣੇ ਅੰਦਰ ਜਿਹੜੀ ਰੌਸ਼ਨੀ ਹੈ, ਉਹ ਬਾਹਰ ਅੰਦਰ ਚਾਰੋਂ ਤਰਫ ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰੇ ਕਿ ਉਸ ਨਦੀ ਦੀ ਤਲਹਿਟੀ ਤੋਂ ਆਉਣ ਦੀ ਇੱਛਾ ਆਪਣੇ ਮਨ ਦੇ ਅੰਦਰ ਨਾ ਰਹੇ। ਜਦ ਤੁਸਾਂ ਉਸ ਉਚਾਈ ਤੇ ਪਹੁੰਚ ਜਾਓਂਗੇ ਤਾਂ ਸਾਰੀ ਦੁਨੀਆਂ ਤੁਹਾਡਾ ਵੀ ਚੌਂਕਾ ਹੋ ਜਾਏਗੀ। ਜਦ ਤੁਸੀਂ ਉਸ ਉਚਾਈ ਤੇ ਪਹੁੰਚ ਜਾਓਂਗੇ, ਯਾਦ ਰੱਖਣਾ, ਤੁਸੀਂ ਦੇਖੋਂਗੇ, ਏਸ ਗੱਲ ਨੂੰ ਤੁਸੀਂ ਓਸ ਵੇਲੇ ਯਾਦ ਕਰੋਂਗੇ, ਜੰਗਲ ਦੇ ਬਣ-ਮਾਣਸ ਵੀ ਮੇਵੇ ਲਿਆ ਕੇ ਤੁਹਾਡੇ ਅੱਗੇ ਰੱਖਣਗੇ। ਜਿਸ ਤਰ੍ਹਾਂ ਮੇਰੇ ਗੁਰੂਦੇਵ ਹੁਣੇ ਹੀ ਕਹਿੰਦੇ ਸੀ ਕਿ ਉਨ੍ਹਾਂ ਦੇ ਪਿੱਛੇ-ਪਿੱਛੇ ਜੰਗਲ ਦੇ ਭਾਲੂ ਏਸ ਤਰ੍ਹਾਂ ਚਲਦੇ ਸੀ ਜਿਸ ਤਰ੍ਹਾਂ ਪਾਲਤੂ ਕੁੱਤਾ ਹੁੰਦਾ ਹੈ। ਤੁਸਾਂ ਆਪਣੇ ਆਪ ਨੂੰ ਇਹੋ ਜਿਹਾ ਹੀ ਬਣਾਉਣ ਦੀ ਇੱਛਾ ਨਹੀਂ ਰੱਖਦੇ? ਆਪਣੇ ਅੰਦਰ ਇਹੋ ਜਿਹੀ ਇੱਛਾ ਪੈਦਾ ਨਹੀਂ ਹੁੰਦੀ? ਇਹ ਜਿਹੜੀਆਂ ਵੱਖਰੀਆਂ-ਵੱਖਰੀਆਂ, ਛੋਟੀਆਂ-ਛੋਟੀਆਂ, ਨਿੱਕੀਆਂ-ਨਿੱਕੀਆਂ ਇਛਾਵਾਂ ਹਨ; ਅੱਜ ਹੈਗੀਆਂ, ਕੱਲ ਹੈਗੀਆਂ ਨਹੀਂ ਹਨ। ਕਹਿੰਦੇ ਨੇ ਰੱਬ ਮੇਰੀ ਸੁਣਦਾ ਨਹੀਂ, ਮੇਰੀਆਂ ਅਰਦਾਸਾਂ ਦਾ ਜਵਾਬ ਦਿੰਦਾ ਨਹੀਂ; ਮੈਂ ਉਹਦੇ ਕੋਲੋਂ ਮੰਗਦਾ ਹਾਂ, ਮੈਨੂੰ ਕੁਝ ਮਿਲਦਾ ਨਹੀਂ ਪਰ ਰੱਬ ਕੀ ਕਰੇ; ਅੱਜ ਤੁਸੀਂ ਇਕ ਚੀਜ਼ ਮੰਗਦੇ ਓਂ ਤੇ ਦੂਜੇ ਦਿਨ ਦੂਜੀ ਚੀਜ਼ ਮੰਗਦੇ ਓਂ ਤੇ ਤੀਜੇ ਦਿਨ ਕਹਿੰਦੇ ਓਂ ਕਿ ਨਹੀਂ-ਨਹੀਂ, ਉਹ ਚੀਜ਼ਾਂ ਨਹੀਂ ਚਾਹੀਦੀਆਂ, ਹੋਰ ਕੋਈ ਤੀਜੀ ਚੀਜ਼ ਚਾਹੀਦੀ ਹੈ ਮੈਨੂੰ; ਤਾਂ ਕਿਹੜੀ ਗੱਲ ਸੁਣੇ?

ਜਿਸ ਤਰ੍ਹਾਂ ਇਕ ਆਦਮੀ ਸੀ ਜਿਹੜਾ ਕਿ ਐਨਾ ਪਹੁੰਚਿਆ ਹੋਇਆ ਸੀ, ਉਹਦੇ ਅੰਦਰ ਤਾਕਤ ਸੀ ਕਿ ਜਦ ਚਾਹੇ, ਬਾਰਿਸ਼ ਕਰਾ ਦੇ। ਉਹਦੀਆਂ ਦੋ ਧੀਆਂ ਸਨ; ਇਕ ਦੀ ਸ਼ਾਦੀ ਹੋਈ ਘੁਮਿਆਰ ਨਾਲ ਤੇ ਦੂਜੀ ਦੀ ਸ਼ਾਦੀ ਹੋਈ ਐ

ਕਿਸਾਨ ਨਾਲ, ਹੱਲ ਚਲਾਉਣ ਵਾਲੇ ਨਾਲ। ਕਿਸਾਨ ਨੇ ਬੀਜ ਪਾਇਆ ਹੈ, ਕਹਿੰਦਾ, "ਜਾਹ! ਆਪਣੇ ਪਿਉ ਨੂੰ ਕਹਿ! ਅਸੀਂ ਬੀਜ ਬੋਇਆ ਹੈ ਤਾਂ ਜ਼ਰਾ ਬਾਰਿਸ਼ ਕਰਾ ਦੇਣ।" ਘੁਮਿਆਰ ਨੇ ਘੜੇ ਬਣਾ ਕੇ ਬਾਹਰ ਰੱਖੇ ਨੇ - ਸੁਕਾਉਣ ਵਾਸਤੇ; ਆਪਣੀ ਤੀਵੀਂ ਨੂੰ ਕਹਿੰਦਾ, "ਜਾਹ ਆਪਣੇ ਪਿਉ ਦੇ ਕੋਲ, ਉਹਨੂੰ ਕਹਿ ਕਿ ਕਿਤੇ ਬਾਰਿਸ਼ ਨਾ ਕਰ ਦੇਣ।" ਇਹੋ ਜਿਹੀਆਂ ਸਾਡੀਆਂ ਅਰਦਾਸਾਂ ਹਨ; ਕਦੀ ਸਾਨੂੰ ਬਾਰਿਸ਼ ਚਾਹੀਦੀ ਹੈ, ਕਦੀ ਨਹੀਂ ਚਾਹੀਦੀ। ਕਦੀ ਓਹੀ ਤੀਵੀਂ ਸੁੰਦਰ ਲਗਦੀ ਹੈ, ਕਦੀ ਅਸੀਂ ਉਹਨੂੰ ਨਿਕਾਲ ਕੇ ਬਾਹਰ ਕਰ ਦਿੰਦੇ ਹਾਂ; ਕਦੀ ਉਹ ਖਸਮ ਚੰਗਾ ਲਗਦਾ ਹੈ ਤੇ ਕਦੀ ਉਹਨੂੰ ਗਾਲੀਆਂ ਦੇਣ ਦਾ ਜੀਅ ਕਰਦਾ ਹੈ। ਸੋ ਇਸ ਤਰ੍ਹਾਂ ਅਰਦਾਸ ਨਹੀਂ ਕਰੀਦੀ ਹੁੰਦੀ। ਕਿਹੜੀ-ਕਿਹੜੀ ਅਰਦਾਸ, ਵੱਖਰੀਆਂ-ਵੱਖਰੀਆਂ ਅਰਦਾਸਾਂ ਵਿਚ ਉਹ ਤੁਹਾਡੀ ਸੁਣੇਗਾ ਰੱਬ? ਆਪਣਾ ਮਨ ਬਣਾ ਲਓ, ਕਿਹੜੀ ਚੀਜ਼ ਤੁਸੀਂ ਮੰਗਦੇ ਓਂ, ਕੀ ਚਾਹੀਦਾ ਹੈ ਤੁਹਾਨੂੰ? ਇਹ ਸੋਚ ਕੇ, ਚੰਗੀ ਤਰ੍ਹਾਂ ਸੋਚ ਕੇ ਓਹੀ ਅਰਦਾਸ ਕਰੋ; ਰੋਜ਼-ਰੋਜ਼ ਕਰੋ, ਪਲ-ਪਲ ਕਰੋ, ਹਰ ਵੇਲੇ ਕਰੋ। ਜਿਨ੍ਹਾਂ ਦੀਆਂ ਸੁਣੀਆਂ ਹੈਗੀਆਂ ਨੇ, ਐਸੇ ਵਾਸਤੇ ਸੁਣੀਆਂ ਨੇ ਕਿ ਉਨ੍ਹਾਂ ਦਾ ਮਨ ਬਣ ਗਿਆ ਸੀ ਕਿ ਮੈਨੂੰ ਤਾਂ ਇਹੋ ਹੀ ਚੀਜ਼ ਚਾਹੀਦੀ ਹੈ। ਤਾਂ ਉਹਦੇ ਪਿਛੇ ਲਗ ਜਾਓ। ਆਹੋ ਜੀ! ਲੱਗਾਂਗੇ, ਕੁੜੀ ਦੀ ਸ਼ਾਦੀ ਹੋ ਜਾਵੇ; ਲੱਗਾਂਗੇ ਜ਼ਰਾ ਇਕ ਲੱਖ ਦਾ ਮੁਨਾਫਾ ਹੋ ਜਾਵੇ; ਲੱਗਾਂਗੇ, ਜ਼ਰਾ ਦੁਨੀਆਂ ਦੇ ਪਿਆਰ ਨੂੰ ਚੰਗੀ ਤਰ੍ਹਾਂ ਚੱਖ ਲਈਏ। ਐਸ ਤਰ੍ਹਾਂ ਨਹੀਂ ਲਗੀਦਾ ਹੁੰਦਾ; ਕਾਲ ਨੇ ਆ ਕੇ ਲੈ ਜਾਣਾ ਹੈ - ਫੜ ਕੇ; ਕਿਸ ਵੇਲੇ ਉਹ ਕਾਲ ਫੜ ਕੇ ਉਠਾ ਕੇ ਲੈ ਜਾਏਗਾ, ਨਹੀਂ ਕਹਿ ਸਕਦੇ। ਇਸ ਵਾਸਤੇ ਹੁਣੇ ਹੀ ਲਗ ਜਾਓ, ਅੱਜ ਹੀ ਲਗ ਜਾਓ ਤੇ ਕਹੋ ਕਿ ਅਸੀਂ ਤਾਂ ਤੈਅ ਕਰ ਲਿਆ ਹੋਇਆ ਹੈ, ਇਕੋ ਹੀ ਇੱਛਾ ਹੈ; ਨਿੱਕੀ-ਨਿੱਕੀ ਇੱਛਾ ਨਹੀਂ ਹੈ, ਵੱਡੀ ਇੱਛਾ ਹੈ। ਉਹ ਜਿਹੜਾ ਬ੍ਰਹਿਮੰਡ ਤੋਂ ਵੀ ਵੱਡਾ ਹੈ, ਜਿਹਦੇ ਅੰਦਰ ਲੱਖਾਂ-ਲੱਖ ਬ੍ਰਹਿਮੰਡ ਸਮਾ ਜਾਂਦੇ ਨੇ; ਐਨਾ ਵੱਡਾ ਹੈ ਤੇ ਹਰੇਕ ਦੀਆਂ ਨਿੱਕੀਆਂ-ਨਿੱਕੀਆਂ ਇਛਾਵਾਂ ਪੂਰੀਆਂ ਕਰਦਾ ਫਿਰਦਾ ਹੈ। ਉਹ ਜਿੰਨਾਂ ਵੱਡਾ ਹੈ, ਓਨੀ ਵੱਡੀ ਇੱਛਾ ਕਰੋ ਨਾ! ਤੁਸੀਂ ਕੀ ਸ਼ਹਿਨਸ਼ਾਹ ਦੇ ਕੋਲ ਜਾ ਕੇ ਕੌਡੀਆਂ ਮੰਗੋਂਗੇ? ਤੁਸੀਂ ਸੰਤਾਂ ਕੋਲ ਜਾ ਕੇ ਇਸ ਤਰ੍ਹਾਂ ਦੀਆਂ ਅਸੀਸਾਂ ਮੰਗੋਂਗੇ? ਜਿਹਦੇ ਕੋਲ ਹੀਰੇ ਤੇ ਜਵਾਹਰਾਤ ਦੇ ਢੇਰ ਐਨੇ ਲੱਗੇ ਹੋਏ ਨੇ, ਸਾਰੀਆਂ ਖਾਨਾਂ ਜਿਹੜੀਆਂ ਹੈਗੀਆਂ ਨੇ, ਉਹਦੇ ਕੋਲ ਜਾ ਕੇ ਤੁਸੀਂ ਕਾਹਨੂੰ ਕੌਡੀਆਂ ਮੰਗਦੇ ਓਂ।

ਏਸ ਵਾਸਤੇ ਅੱਜ ਤਾਂ ਤੁਸੀਂ ਤੈਅ ਕਰਕੇ ਜਾਓ ਕਿ ਇਸੇ ਜੀਵਨ ਵਿਚ ਅਸੀਂ ਉਥੇ ਪਹੁੰਚਣਾ ਹੈ। ਇਸ ਤਰ੍ਹਾਂ ਦੀ ਉਚਾ ਉਠਣ ਦੀ, ਵੱਡੇ ਹੋਣ ਦੀ ਇੱਛਾ ਮਨ ਦੇ ਵਿਚ ਜਾਗ੍ਰਤ ਕਰਕੇ ਜਾਓ। ਰੁਪਿਆ ਕਮਾਉਣਾ ਹੈ - ਕਮਾਵਾਂਗੇ; ਇਸ ਵਾਸਤੇ ਕਿ ਛੇਤੀਂ-ਛੇਤੀਂ ਕਰਮ ਕੱਟ ਜਾਵੇ; ਜਿਨ੍ਹਾਂ ਦਾ ਦੇਣਾ ਹੈ, ਉਨ੍ਹਾਂ ਨੂੰ ਮਿਲ ਜਾਵੇ ਤਾਂ ਉਹਦੇ ਬਾਅਦ ਬਾਹਰ ਦੀਆਂ ਅੱਖਾਂ ਬੰਦ ਕਰਕੇ ਅੰਦਰ ਦੀਆਂ ਅੱਖਾਂ ਖੋਲ੍ਹੀਏ। ਬਾਹਰ ਦੀਆਂ ਬੱਤੀਆਂ ਬੰਦ ਕਰਕੇ ਅੰਦਰ ਦੀਆਂ ਬੱਤੀਆਂ ਬਾਲੀਏ, ਬਾਹਰ ਦੇ ਹੀਰੇ ਜਵਾਹਰਾਤ ਛੱਡ ਕੇ ਬਾਹਰ ਦੀਆਂ ਕੌਡੀਆਂ ਬਾਹਰ ਸੁੱਟ ਕੇ ਤੇ ਆਪਣੇ ਅੰਦਰ ਜਿਹੜੇ ਅਸਲੀ ਹੀਰੇ ਜਵਾਹਰਾਤ ਹੈਗੇ ਨੇ, ਉਨ੍ਹਾਂ ਦਾ ਅਨੰਦ ਲਈਏ, ਉਨਾਂ ਦੀ ਜੋਤੀ ਦੇ ਅੰਦਰ ਡੁਬਕੀ ਮਾਰੀਏ। ਇਸ ਤਰ੍ਹਾਂ ਆਪਣੇ ਵਿਚਾਰ ਕਰ ਲੈਣੇ ਚਾਹੀਦੇ ਨੇ। ਜੇ ਤੁਸੀਂ ਇਹ ਤੈਅ ਕਰ ਲਓਂਗੇ, ਅੱਜ ਜੇ ਮਨ ਨਹੀਂ ਲਗੇਗਾ - ਜਪ ਵਿਚ, ਤਾਂ ਕੱਲ ਜ਼ਰਾ ਕੁ ਹੋਰ ਲਗੇਗਾ। ਭੁੱਲ ਜਾਓਂਗੇ, ਫੇਰ ਯਾਦ ਆਵੇਗੀ; ਫੇਰ ਦੂਜੇ, ਤੀਜੇ ਦਿਨ ਅੱਧਾ ਘੰਟਾ ਚਲਾ ਜਾਏਗਾ, ਪਤਾ ਨਹੀਂ ਲਗੇਗਾ - ਕਿਥੇ ਗਿਆ ਹੈ, ਕਿਉਂਕਿ ਉਸ ਵੇਲੇ ਜਿਹੜਾ ਅਕਾਲਪੁਰਖ ਹੈ, ਉਹ ਤੁਹਾਡੇ ਅੰਦਰ ਆ ਕੇ ਬਹਿ ਜਾਏਗਾ। ਉਹ ਅਕਾਲ ਹੈ, ਜਦੋਂ ਉਹ ਅਕਾਲ ਹੈ ਤਾਂ ਉਹਦੇ ਅੰਦਰ ਕਾਲ ਦੀ ਕੋਈ ਸੀਮਾ ਨਹੀਂ ਹੈ, ਪਰ ਲੋਕੀ ਜਾਪ ਕਰਦੇ ਨਹੀਂ, ਗੱਲਾਂ ਪੁਛਦੇ ਐਂ ਕਿ ਸੰਤ ਜੀ! ਮਰਨ ਦੇ ਬਾਅਦ ਆਤਮਾ ਕਿਥੇ ਜਾਂਦਾ ਹੈ? ਇਹ ਵੀ ਕੋਈ ਸਵਾਲ ਹੋਇਆ? ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਕੋਈ ਸਵਾਲ ਨਹੀਂ ਹੈ। ਮਰਨ ਦੇ ਬਾਅਦ ਆਤਮਾ ਕਿਥੇ ਜਾਂਦਾ ਹੈ? ਇਹ

ਸਵਾਲ ਗੁਰੂ, ਜੋਗੀ, ਸੰਤ ਸੁਣਦੇ ਨੇ ਤੇ ਕਹਿੰਦੇ ਨੇ ਕਿ ਤੂੰ ਆਪੇ ਹੀ ਇਹਦਾ ਪਤਾ ਲਗਾ। ਅੰਦਰ ਵੜ ਕੇ ਦੇਖ, ਇਹ ਆਤਮਾ ਦਾ ਸਰੂਪ ਕੀ ਹੈ। ਤੂੰ ਪੁਛਦਾ ਹੈਂ, ਮਰਨ ਤੇ ਆਤਮਾ ਕਿਥੇ ਜਾਂਦਾ ਹੈ? ਜ਼ਰਾ ਇਹਦਾ ਵਿਚਾਰ ਕਰ; ਮਰਨ ਨਾਲ ਜਿਹੜਾ ਇਹ ਆਤਮਾ ਹੈ, ਉਹ ਮਰ ਜਾਏਗਾ? ਮਰਨ ਦਾ ਤਾਂ ਸਵਾਲ ਹੀ ਨਹੀਂ ਹੈ। ਜਿਹੜਾ ਪਹਿਲਾ ਲਫਜ਼ ਹੈ - ਤੇਰੇ ਇਸ ਸਵਾਲ ਵਿਚ, ਉਹਦਾ ਕੋਈ ਮੁੱਲ ਨਹੀਂ ਹੈ, ਕੋਈ ਮਤਲਬ ਨਹੀਂ ਹੈ। ਮਰਨਾ ਤਾਂ ਹੈਈ ਨਹੀਂ ਆਤਮਾ ਨੇ; ਮਰਨ ਦੇ ਬਾਅਦ ਦਾ ਸਵਾਲ ਹੀ ਨਹੀਂ ਉਠਦਾ। ਤੂੰ ਕਹਿੰਦਾ ਹੈਂ - ਮਰਨ ਦੇ ਬਾਅਦ; ਇਹ ਭਵਿੱਖਤ ਕਾਲ ਹੋ ਗਿਆ। ਆਤਮਾ ਦਾ ਨਾ ਭੂਤਕਾਲ ਹੈ, ਨਾ ਵਰਤਮਾਨ ਕਾਲ ਹੈ, ਨਾ ਭਵਿੱਖਤ ਕਾਲ ਹੈ। 'ਆਤਮਾ ਮਰਨ ਦੇ ਬਾਅਦ' ਇਹ ਜਿਹੜਾ ਤੂੰ ਕਿਹਾ ਹੈ, ਇਹਦਾ ਵੀ ਕੋਈ ਮਤਲਬ ਨਹੀਂ ਹੈ। ਫਿਰ ਤੂੰ ਕਹਿੰਦਾ ਹੈਂ ਕਿਥੇ? ਪਹਿਲਾਂ ਤਾਂ ਇਹ ਮਰਦਾ ਨਹੀਂ, ਦੂਸਰਾ ਓਹਦਾ ਕੋਈ ਕਾਲ ਨਹੀਂ ਹੈ। ਫਿਰ ਤੂੰ ਕਹਿੰਦੈਂ, ਕਿਥੇ? ਕਿਥੇ ਦਾ ਮਤਲਬ ਕੋਈ ਦੇਸ਼ ਹੈ, ਕੋਈ ਜਗ੍ਹਾ ਹੈ। ਜਿਸ ਤਰ੍ਹਾਂ ਤੂੰ ਆਤਮਾ ਨੂੰ ਸਮਝਿਆ ਨਹੀਂ ਹੈਂ, ਇਹ ਜਿਹੜਾ ਆਤਮਾ ਹੈ, ਇਹ ਦੇਸ਼ ਦੇ ਬੰਧਨ ਵਿਚ ਨਹੀਂ ਹੈ। ਇਹ ਕੋਈ ਨਿੱਕੀ ਜਿਹੀ ਚੀਜ਼ ਨਹੀਂ ਹੈ ਕਿ ਐਥੇ ਹੈ, ਓਥੇ ਨਹੀਂ ਹੈ। ਤਾਂ ਕਿਥੇ! ਇਹ ਸਵਾਲ ਨਹੀਂ ਉਠਦਾ। ਜਦ ਕਾਲ ਨਹੀਂ ਹੈ, ਦੇਸ਼ ਨਹੀਂ ਹੈ, ਤਾਂ ਜਾਣ ਦਾ ਸਵਾਲ ਕੀ ਹੋਇਆ? ਇਸ ਵਾਸਤੇ ਇਹ ਸਵਾਲਾਂ ਨੂੰ ਛੱਡ ਕੇ ਜਿਹੜਾ ਇਕੋ ਜਵਾਬ ਤੇਰੇ ਅੰਦਰ ਹੈਗਾ ਹੈ, ਉਹਨੂੰ ਸੁਣ। ਉਹ ਜਦ ਅੱਖਾਂ ਬੰਦ ਕਰਕੇ, ਅੰਦਰ ਜਾ ਕੇ, ਆਪਣੇ ਹਿਰਦੇ ਦੇ ਸਿੰਘਾਸਨ ਤੇ ਜਾ ਕੇ ਬਹਿ ਜਾਂਦਾ ਹੈ ਤਾਂ ਫਿਰ ਉਹਦੇ ਅੰਦਰ ਕੋਈ ਸਵਾਲ ਉਠਦਾ ਨਹੀਂ। ਸਾਰੇ ਜਵਾਬ ਆਪੇ ਹੀ ਮਿਲ ਜਾਂਦੇ ਨੇ। ਤੇ ਉਹ ਜਿਹੜੇ ਜਵਾਬ ਨੇ, ਉਹ ਅਲਫਾਜ਼ ਵਿਚ ਨਹੀਂ ਮਿਲਦੇ, ਲਫਜ਼ਾਂ ਵਿਚ ਨਹੀਂ ਮਿਲਦੇ। ਇਕ ਤਰ੍ਹਾਂ ਦਾ ਇਕ ਮੌਨ ਹੈ, ਇਕ ਚੁੱਪ ਹੀ ਹੈ, ਉਥੇ ਉਸ ਚੁੱਪ ਵਿਚ ਹੀ ਸਾਰੇ ਜਵਾਬ ਮਿਲਦੇ ਨੇ। ਉਥੇ ਜਾ ਕੇ ਦੇਖੋ! ਪਤਾ ਲਗ ਜਾਵੇਗਾ। ਪਰ ਗੱਲ ਇਕੋ ਹੀ ਹੈ, ਉਹ ਇਹ ਹੈਗੀ ਏ ਕਿ ਇਸ ਦੁਨੀਆਂ ਵਿਚ ਰਹਿੰਦੇ ਹੋਏ ਇਹ ਕੰਮ ਕਰਨਾ ਹੈ, ਚਲਦੇ ਫਿਰਦੇ ਕਰਨਾ ਹੈ। ਜਦ ਤੁਹਾਡਾ ਨਵਾਂ-ਨਵਾਂ ਬੱਚਾ ਪੈਦਾ ਹੋਇਆ ਹੈ, ਚਲਦੇ-ਫਿਰਦੇ ਕਦੀ ਉਹਨੂੰ ਭੁੱਲ ਜਾਂਦੇ ਓਂ? ਕੰਮ ਕਰਦੇ ਓਂ, ਖੇਤ ਵਿਚ ਆਪਣੇ ਹੱਲ ਚਲਾਉਂਦੇ ਓਂ, ਕੰਮ ਤੇ ਜਾਂਦੇ ਓਂ, ਹੱਟੀ ਦਾ ਕੰਮ ਦੇਖਦੇ ਓਂ ਪਰ ਓਹਦੀ ਯਾਦ ਬਣੀ ਰਹਿੰਦੀ ਹੈ।

ਇਕ ਮਾਂ ਹੈ, ਰੋਟੀ ਬਣਾ ਰਹੀ ਹੈ, ਆਲੂ ਛਿੱਲ ਰਹੀ ਹੈ, ਸਾਰੇ ਕੰਮ ਕਰ ਰਹੀ ਹੈ - ਚਉਕੇ ਵਿਚ। ਉਹਦਾ ਦੋ ਮਹੀਨੇ ਦਾ ਬੱਚਾ ਦੂਜੇ ਕਮਰੇ ਵਿਚ ਪਿਆ ਹੈ। ਕਦੀ ਕਹਿੰਦੀ ਹੈ ਕਿ ਮੈਨੂੰ ਕੰਮ ਬਹੁਤ ਸੀ ਤੇ ਮੈਂ ਉਹਨੂੰ ਭੁੱਲ ਗਈ ਹਾਂ? ਕਦੀ ਨਹੀਂ ਕਹਿੰਦੀ। ਇਹ ਪਿਆਰ ਦਾ ਲੱਛਣ ਹੈ। ਇਸੇ ਤਰ੍ਹਾਂ ਜੇ ਤੁਸੀਂ ਰੱਬ ਨੂੰ ਪਿਓ ਨਹੀਂ ਮੰਨਣਾ, ਮਾਂ ਨਹੀਂ ਮੰਨਣਾ, ਜੇ ਰੱਬ ਨੂੰ ਤੁਸੀਂ ਗੁਰੂਆਂ ਦਾ ਗੁਰੂ ਮੰਨ ਕੇ ਪਿਆਰ ਨਹੀਂ ਕਰਨਾ ਤਾਂ ਰੱਬ ਨੂੰ ਆਪਣਾ ਨਿੱਕਾ ਜਿਹਾ ਬੱਚਾ ਬਣਾ ਕੇ ਆਪਣੇ ਦਿਲ ਦੇ ਪਾਲਨੇ ਵਿਚ ਝੁਲਾਉਣਾ ਸ਼ੁਰੂ ਕਰ ਦਿਓ। ਇਕ-ਇਕ ਹਿਰਦੇ ਦੀ ਧੜਕਣ ਦੇ ਨਾਲ ਉਹ ਝੂਲੇਗਾ, ਤੁਹਾਡੇ ਅੰਦਰ ਇਕ ਮਸਤੀ ਆਏਗੀ; ਉਹ ਮਸਤੀ ਤੁਹਾਨੂੰ ਦੁਨੀਆਂ ਦੀਆਂ ਜਿੰਨੀਆਂ ਪਰੇਸ਼ਾਨੀਆਂ ਹੈਗੀਆਂ ਨੇ, ਚੀਕਾਂ ਹੈਗੀਆਂ ਨੇ, ਉਨ੍ਹਾਂ ਤੋਂ ਉਠਾ ਕੇ ਉਤੇ ਲੈ ਜਾਏਗੀ ਜਿਥੇ ਰਿਸ਼ੀਆਂ-ਮੁਨੀਆਂ ਦੀ ਆਤਮਾ, ਉਹ ਬ੍ਰਹਿਮੰਡ ਦੀਆਂ ਜਿੰਨੀਆਂ ਜੋਤੀਆਂ ਹੈਗੀਆਂ ਨੇ, ਉਨ੍ਹਾਂ ਦੇ ਨਾਲ ਇਕ ਹੋ ਕੇ ਉਹਦੀ ਆਰਤੀ ਉਤਾਰਦੇ ਨੇ; ਉਥੇ ਲੈ ਜਾਏਗੀ। ਇਸ ਤਰ੍ਹਾਂ ਤੁਸੀਂ ਉਤੇ ਉਠ ਜਾਓਂਗੇ। ਇਹ ਹੋ ਸਕਦਾ ਹੈ, ਇਸੇ ਜੀਵਨ ਵਿਚ ਹੋ ਸਕਦਾ ਹੈ, ਅੱਜ ਵੀ ਹੋ ਸਕਦਾ ਹੈ, ਜੇ ਤੁਸੀਂ ਏਸ ਵਾਸਤੇ ਆਪਣਾ ਮਨ ਚਿਤ ਇਕਾਗਰ ਕਰ ਲਓ, ਤਾਂ ਹੋ ਸਕਦਾ ਹੈ।

ਇਸ ਤਰ੍ਹਾਂ ਜਿਹੜੇ ਰਿਸ਼ੀ-ਮੁਨੀ ਹੈਗੇ ਨੇ, ਸੰਤ ਹੈਗੇ ਨੇ, ਗੁਰੂ ਉਥੇ ਪਹੁੰਚ ਗਏ ਨੇ, ਉਹ ਜਿਸਮਾਨੀ ਬੰਧਨ ਵਿਚ ਨਹੀਂ ਰਹਿੰਦੇ; ਉਥੇ ਚਲੇ ਜਾਂਦੇ ਨੇ, ਉਥੇ ਰਹਿੰਦੇ ਨੇ ਜਿਥੇ ਨਾ ਕਾਲ ਹੈ, ਨਾ ਦੇਸ਼ ਹੈ, ਨਾ ਕੱਲ ਹੈ, ਨਾ ਅੱਜ ਹੈ, ਨਾ

ਗਿਆ ਸਾਲ ਹੈਗਾ ਹੈ, ਨਾ ਆਉਣ ਵਾਲਾ ਵਰ੍ਹਾ ਹੈਗਾ ਹੈ; ਉਥੇ ਚੁੱਪ ਹੀ ਹੈ, ਰੌਸ਼ਨੀ ਦੀਆਂ ਲੜੀਆਂ ਹਨ, ਉਥੇ ਲਿਵਲੀਨ ਹੋ ਕੇ ਜਿਸ ਅਨੰਦ ਦਾ ਅਨੁਭਵ ਕਰਦੇ ਨੇ, ਚਾਹੁੰਦੇ ਨੇ ਕਿ ਇਹ ਦੁਨੀਆਂ ਵਿਚ ਜਿੰਨੇ ਲੋਕੀ ਦੁੱਖਾਂ 'ਚ ਪਏ ਐਂ, ਕਿਸੇ ਤਰ੍ਹਾਂ ਇਨ੍ਹਾਂ ਨੂੰ ਵੀ ਇਸ ਅਨੰਦ ਦੀ ਇਕੋ ਹੀ ਬੂੰਦ ਲੱਭ ਜਾਵੇ ਤਾਂ ਆਪਣੇ ਅਨੰਦ ਨੂੰ ਛੱਡ ਕੇ, ਆਪਣੀ ਉਸ ਅਵਸਥਾ ਨੂੰ ਤਿਆਗ ਕੇ ਇਸ ਤੋਂ ਵੱਡਾ ਤਿਆਗ ਹੋ ਨਹੀਂ ਸਕਦਾ ਕਿ ਓਸ ਅਨੰਦ ਨੂੰ ਛੱਡ ਕੇ ਉਹ ਜਿਸਮਾਨੀ ਦੁਨੀਆਂ ਵਿਚ ਆ ਜਾਂਦੇ ਨੇ। ਫੇਰ ਅਵਤਾਰ ਲੈਂਦੇ ਨੇ, ਫੇਰ ਜਿਸਮਾਨੀ ਦੁਨੀਆਂ ਵਿਚ ਐਸ ਵਾਸਤੇ ਆ ਜਾਂਦੇ ਨੇ ਕਿ ਜਿਹੜੇ ਲੋਕੀ ਜਿਸਮਾਨੀ ਦੁਨੀਆਂ ਵਿਚ ਨੇ, ਉਹ ਉਥੇ ਦੀ ਅਵਾਜ਼ ਸੁਣ ਨਹੀਂ ਸਕਦੇ। ਉਨ੍ਹਾਂ ਦੇ ਕੰਨ ਤਾਂ ਜਿਸਮਾਨੀ ਅਵਾਜ਼ ਸੁਣਦੇ ਨੇ। ਕਿੱਚੜ ਵਿਚ ਬੱਚਾ ਗਿਰ ਗਿਆ ਹੈ, ਆਪਣਾ ਪੈਰ ਓਸੇ ਕਿੱਚੜ ਵਿਚ ਹੀ ਰੱਖ ਕੇ ਸਾਨੂੰ ਉਸ ਬੱਚੇ ਨੂੰ ਉਠਾਉਣਾ ਪਏਗਾ; ਚਾਹੇ ਆਪਣੇ ਕੱਪੜੇ ਲਿਬੜ ਜਾਣ, ਕੋਈ ਗੱਲ ਨਹੀਂ, ਉਸ ਬੱਚੇ ਨੂੰ ਪਿਆਰ ਨਾਲ ਧੋ ਕੇ, ਕੁੱਛੜ ਚੁਕ ਕੇ ਪਿਆਰ ਦੇਵਾਂਗੇ। ਉਹ ਸੰਸਾਰ ਵਿਚ ਜੀਵਾਂ ਨੂੰ ਲਗੀ ਮੈਲ, ਨਾਮ ਦੇ ਆਸਰੇ ਧੋਂਦੇ ਹਨ। ਸੁਥਰੇ ਵਾਤਾਵਰਨ (ਸੰਗਤ) ਵਿਚ ਰਖਦੇ ਹਨ, ਹੋਰ ਮੈਲ ਪੈਣ ਨਹੀਂ ਦਿੰਦੇ। ਸਾਰੀਆਂ ਮੈਲਾਂ ਧੋ ਦਿੰਦੇ ਹਨ। ਜਦੋਂ ਵੇਖਦੇ ਹਨ ਕਿ ਕੋਈ ਮਲ ਰਹਿ ਨਹੀਂ ਗਿਆ ਹੈ ਤਾਂ ਐਸ ਤਰ੍ਹਾਂ ਉਹ ਖੁਸ਼ ਹੁੰਦੇ ਹਨ ਜਿਸ ਤਰ੍ਹਾਂ ਮਾਂ ਆਪਣੇ ਨਿੱਕੇ ਜਿਹੇ ਬੱਚੇ ਦੇ ਮੂੰਹ ਨੂੰ ਸਾਫ ਚਮਕਦਾ ਹੋਇਆ ਦੇਖ ਕੇ ਖੁਸ਼ ਹੁੰਦੀ ਹੈ। ਇਸੇ ਵਾਸਤੇ ਉਹ ਆਉਂਦੇ ਨੇ ਤਾਂ ਇਕ ਸਾਲ, ਦੋ ਸਾਲ, ਦਸ ਵਰ੍ਹੇ, ਵੀਹ ਵਰ੍ਹੇ – ਜਿੰਨਾਂ ਵੀ ਚਿਰ ਉਨ੍ਹਾਂ ਨੂੰ ਲਗਦਾ ਹੈ ਕਿ ਹੁਣ ਲੋੜ ਹੈਗੀ ਐ, ਇਸ ਦੁਨੀਆਂ ਵਿਚ ਵਿਚਰਦੇ ਨੇ। ਕੋਈ ਉਨ੍ਹਾਂ ਨੂੰ ਸਮਝਦਾ ਹੈ, ਕੋਈ ਨਹੀਂ ਸਮਝਦਾ ਹੈ। ਭਾਵੇਂ ਕੋਈ ਜੁੱਤੀਆਂ ਦਾ ਹਾਰ ਪਾਏ, ਭਾਵੇਂ ਕੋਈ ਫੁੱਲ ਲਿਆਏ, ਭਾਵੇਂ ਕੋਈ ਕੌਡੀਆਂ ਚੜ੍ਹਾਵੇ, ਭਾਵੇਂ ਕੋਈ ਹੀਰੇ ਲਾਵੇ, ਮੋਤੀ ਲਾਵੇ, ਲੜੀਆਂ ਲਾ ਕੇ ਅਰਪਣ ਕਰੇ, ਉਨ੍ਹਾਂ ਨੂੰ ਫਰਕ ਨਹੀਂ ਪੈਂਦਾ; ਕੋਈ ਨਿੰਦਾ ਕਰੇ, ਚਾਹੇ ਕੋਈ ਗੁਣ ਗਾਵੇ, ਉਨ੍ਹਾਂ ਦਾ ਇਹਦੇ ਨਾਲ ਕੋਈ ਤਅੱਲੁਕ ਨਹੀਂ ਹੈ। ਜਲਦੇ ਤਵੇ ਦੇ ਉਤੇ ਭੁੰਨ ਦਿਉ, ਖੌਲਦੇ ਹੋਏ ਤੇਲ ਦੇ ਵਿਚ ਉਬਾਲ ਦਿਓ; ਉਨ੍ਹਾਂ ਨੇ ਜਾਣ ਲਿਆ ਹੈ ਕਿ ਇਹ ਜਿਸਮ ਮੈਂ ਨਹੀਂ ਹਾਂ; ਮੈਂ ਤਾਂ ਉਹ ਰੌਸ਼ਨੀ ਹਾਂ, ਆਤਮਾ ਹਾਂ। ਉਸ ਆਤਮਾ ਨੂੰ ਨਾ ਕੋਈ ਭੁੰਨ ਸਕਦਾ ਹੈ, ਨਾ ਕੋਈ ਗਿੱਲਾ ਕਰ ਸਕਦਾ ਹੈ, ਨਾ ਕੋਈ ਤਲ ਸਕਦਾ ਹੈ। ਇਸ ਤਰ੍ਹਾਂ ਜਾਣਦੇ ਹੋਏ ਉਹ ਫੇਰ ਆਪਣਾ ਕੰਮ ਪੂਰਾ ਕਰਕੇ ਇਸ ਦੁਨੀਆਂ ਵਿਚ ਆਪਣੇ ਜਿਸਮ ਨੂੰ ਕੱਪੜੇ ਵਾਂਗਰ ਲਾਹ ਦਿੰਦੇ ਨੇ। ਕੱਪੜੇ ਵਾਂਗਰ ਆਪਣੇ ਜਿਸਮ ਨੂੰ ਲਾਹ ਕੇ ਫੇਰ ਓਸੇ ਹੀ ਜੋਤੀ ਵਿਚ ਲੀਨ ਹੋ ਜਾਂਦੇ ਨੇ ਜਿਸ ਜੋਤੀ ਵਿਚੋਂ ਉਨ੍ਹਾਂ ਨੇ ਆ ਕਰਕੇ ਅਵਤਾਰ ਲਿਆ ਸੀ – ਸਾਡੇ ਵਾਸਤੇ।

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥***

***ਅੰਗ – 749***

ਅਸੀਂ ਹਾਂ ਕਿ ਉਨ੍ਹਾਂ ਦੇ ਮੂੰਹ ਫੇਰਦੇ ਹੀ ਫੇਰ ਓਹੀ ਗੱਲਾਂ ਕਰਨ ਲਗ ਜਾਂਦੇ ਹਾਂ। ਉਨ੍ਹਾਂ ਦੇ ਮੂੰਹ ਫੇਰਦੇ ਹੀ ਇਹ ਫੇਰ ਦੁਨੀਆਂ ਦੇ ਸਿਆਪੇ ਤੇ ਡਰਾਵੇ ਵਿਚ ਆ ਜਾਨੇ ਆਂ, ਉਨ੍ਹਾਂ ਦੇ ਮੂੰਹ ਫੇਰਦੇ ਹੀ ਅਸੀਂ ਕੀ ਕਰਦੇ ਹਾਂ ਕਿ ਇਹ ਜਿਹੜੀਆਂ ਪੰਜ ਇੰਦ੍ਰੀਆਂ ਹੈਗੀਆਂ ਨੇ, ਇਨ੍ਹਾਂ ਨੇ ਆ ਕੇ ਫੇਰ ਸਾਡੇ ਮਨ ਦੇ ਪਿੰਡ ਦੀਆਂ ਗਲੀਆਂ ਦੇ ਵਿਚ ਖੱਪ ਪਾਉਣੀ ਹੈ ਤੇ ਖੱਪ ਪਾਈ ਹੋਈ ਹੈ। ਤਾਂ ਮੈਂ ਕਹਿੰਦਾ ਹਾਂ ਇੰਦ੍ਰੀਆਂ ਨੂੰ ਸ਼ਾਂਤ ਕਰੋ। ਇੰਦ੍ਰੀਆਂ ਨੂੰ ਕਿਸ ਤਰ੍ਹਾਂ ਸ਼ਾਂਤ ਕਰੀਏ? ਉਹਦਾ ਇਕ ਰਹੱਸ ਹੈ। ਜਦੋਂ ਮਨ ਸ਼ਾਂਤ ਹੋ ਕੇ ਲਿਵਲੀਨ ਹੋ ਜਾਂਦਾ ਹੈ, ਇੰਦ੍ਰੀਆਂ ਤੇ ਇੰਦ੍ਰੀਆਂ ਵਿਚ ਉਠਦੀਆਂ ਹੋਈਆਂ ਇਛਾਵਾਂ ਆਪਣੇ ਆਪ ਹੀ ਸ਼ਾਂਤ ਹੋ ਜਾਂਦੀਆਂ ਨੇ, ਆਪਣੇ ਆਪ ਹੀ ਚੁੱਪ ਹੋ ਜਾਂਦੀਆਂ ਨੇ, ਪਰ ਉਹਦੇ ਵਾਸਤੇ ਚਾਹੀਦਾ ਹੈ – ਪਿਆਰ; ਉਸ ਗੁਰੂ ਦਾ ਪਿਆਰ, ਜਿਹੜਾ ਗੁਰੂਆਂ ਦਾ ਗੁਰੂ ਹੈ; ਉਸ ਦਾ ਪਿਆਰ, ਜਿਹੜਾ ਸੰਤਾਂ ਦੇ ਮਨਾਂ ਵਿਚ ਨਿਵਾਸ ਕਰਦਾ ਹੈ; ਓਸਦਾ ਪਿਆਰ, ਜਿਹਦੇ ਪਿਆਰ ਦੇ ਨਾਲ

ਸੂਰਜ, ਚੰਦ ਤੇ ਸਿਤਾਰੇ ਚਮਕਦੇ ਨੇ। ਅਸਾਂ ਰੱਬ ਤੋਂ ਖੌਫ ਖਾ ਕੇ ਚਲਦੇ ਹਾਂ। ਰੱਬ ਕਹਿੰਦਾ ਹੈ – ਡਰਨ ਦੀ ਲੋੜ ਨਹੀਂ ਹੈ; ਪਿਆਰ ਕਰੋ। ਰੱਬ ਨੂੰ ਪਿਆਰ ਕਰਨ ਦੇ ਦੋ ਰਸਤੇ ਹਨ। ਇਕ ਰਸਤਾ ਇਹ ਹੈ ਕਿ ਰੱਬ ਦੇ ਜਿਤਨੇ ਜੀਵ-ਜੰਤੂ ਹੈਗੇ ਨੇ, ਉਨ੍ਹਾਂ ਸਾਰਿਆਂ ਨੂੰ ਪਿਆਰ ਕਰੋ ਤੇ ਜਿਹਦੇ ਅੰਦਰ ਪਿਆਰ ਨਹੀਂ ਹੈ, ਉਹਨੂੰ ਹੋਰ ਪਿਆਰ ਕਰੋ ਤਾਂ ਕਿ ਤੁਹਾਡਾ ਪਿਆਰ ਉਹਦੇ ਅੰਦਰ ਚਲਾ ਜਾਵੇ। ਤੁਹਾਡੇ ਪਿਆਰ ਦੇ ਨਾਲ ਓਹਦਾ ਘੜਾ, ਜਿਹੜਾ ਖਾਲੀ ਹੈ – ਭਰ ਜਾਵੇ; ਇਕ ਤਾਂ ਇਹ ਤਰੀਕਾ ਹੈ। ਦੂਸਰਾ ਹੈ – ਉਹਨੂੰ ਸਿੱਧੇ ਪਿਆਰ ਕਰੋ, ਆਪਣੇ ਦਿਲ ਵਿਚ ਉਹਦੇ ਲਈ ਇਕ ਤਰ੍ਹਾਂ ਦਾ ਉਭਾਰ, ਇਕ ਤਰ੍ਹਾਂ ਦਾ ਭਾਉ ਪੈਦਾ ਹੋ ਜਾਵੇ। ਬਾਰ-ਬਾਰ ਉਹਦੇ ਗੁਣਾਂ ਨੂੰ ਯਾਦ ਕਰ-ਕਰ ਕੇ ਆਪਣਾ ਪਿਆਰ ਉਹਨੂੰ ਚੜ੍ਹਾਓ।

ਇਕ ਸੰਤ ਜੀ ਸੀਗੇ। ਇਕ ਦਿਨ ਇਕ ਹੱਥ ਵਿਚ ਪਾਣੀ ਦੀ ਬਾਲਟੀ ਤੇ ਦੂਜੇ ਹੱਥ ਵਿਚ ਮਸਾਲ ਲੈ ਕੇ ਬਜ਼ਾਰ ਵਿਚੋਂ ਨਿਕਲ ਗਏ।

"ਸੰਤ ਜੀ! ਕਿੱਧਰ ਚਲੇ ਓਂ? ਕੀ ਗੱਲ ਹੈ ਇਹ ਬਾਲਟੀ, ਤੇ ਦਿਨ ਦਿਹਾੜੇ ਮਸਾਲ?"

ਸੰਤ ਕਹਿੰਦੇ ਨੇ, "ਅੱਜ ਮੈਂ ਬਹਿਸ਼ਤ ਨੂੰ ਅੱਗ ਲਗਾਉਣੀ ਹੈ, ਸਵਰਗ ਨੂੰ ਖਾਕ ਕਰ ਦੇਣਾ ਹੈ, ਤੇ ਮੈਂ ਨਰਕ ਤੇ, ਦੋਜਕ ਤੇ ਪਾਣੀ ਪਾ ਕੇ ਨਰਕ ਦੀ ਜਿਹੜੀ ਜਵਾਲਾ ਹੈ, ਉਹਨੂੰ ਸ਼ਾਂਤ ਕਰ ਦੇਣਾ ਹੈ।" ਬੜੇ ਗੁੱਸੇ ਨਾਲ ਕਹਿੰਦੇ ਨੇ। "ਇਹ ਬਹਿਸ਼ਤ, ਦੋਜ਼ਕ, ਇਹ ਸਵਰਗ ਤੇ ਨਰਕ ਉਤੇ ਐਨਾ ਗੁੱਸਾ ਆਇਐ; ਕੀ ਗੱਲ ਹੈ ਸੰਤ ਜੀ! ਬਹਿਸ਼ਤ ਨੇ ਤੁਹਾਡਾ ਕੀ ਕੀਤਾ ਹੈ? ਦੋਜ਼ਕ ਨਾਲ ਤਾਂ ਤੁਹਾਡਾ ਕੋਈ ਤਅੱਲੁਕ ਹੈਈ ਨਹੀਂ ਹੈ।"

ਕਹਿੰਦੇ ਨੇ, "ਲੋਕੀ ਰੱਬ ਨੂੰ ਯਾਦ ਕਰਦੇ ਨੇ – ਬਹਿਸ਼ਤ ਪਾਉਣ ਵਾਸਤੇ; ਲੋਕੀ ਰੱਬ ਦਾ ਜਾਪ ਕਰਦੇ ਨੇ – ਸਵਰਗ ਜਾਣ ਵਾਸਤੇ; ਲੋਕੀ ਉਹਨੂੰ ਯਾਦ ਕਰਦੇ ਨੇ – ਦੋਜ਼ਕ, ਨਰਕ ਤੋਂ ਡਰਦੇ ਹੋਏ ਕਿ ਅਸੀਂ ਕਿਤੇ ਨਰਕ 'ਚ ਨਾ ਪੈ ਜਾਈਏ। ਇਹ ਕੋਈ ਰੱਬ ਨੂੰ ਯਾਦ ਕਰਨ ਦਾ ਤਰੀਕਾ ਹੈ? ਰੱਬ ਨੂੰ ਤਾਂ ਯਾਦ ਕਰਨਾ ਚਾਹੀਦਾ ਹੈ ਕਿਉਂਕਿ ਸਾਨੂੰ ਉਹਦੇ ਨਾਲ ਪਿਆਰ ਹੈ – ਇਸ ਕਰਕੇ ਮੈਂ ਬਹਿਸ਼ਤ ਨੂੰ ਅੱਜ ਅੱਗ ਲਗਾ ਦੇਣੀ ਹੈ ਤੇ ਦੋਜ਼ਕ ਦੀ ਜਵਾਲਾ ਨੂੰ ਸ਼ਾਂਤ ਕਰ ਦੇਣਾ ਹੈ ਤਾਂ ਕਿ ਲੋਕੀ ਬਹਿਸ਼ਤ ਤੇ ਦੋਜ਼ਕ ਨੂੰ ਭੁੱਲ ਕੇ, ਸਵਰਗ ਤੇ ਨਰਕ ਦੀਆਂ ਗੱਲਾਂ ਛੱਡ ਕੇ ਸਿਰਫ ਪਿਆਰ ਵਾਸਤੇ, ਸਿਰਫ ਪਿਆਰ ਦੇ ਕਾਰਨ ਰੱਬ ਨੂੰ ਯਾਦ ਕਰਨ।"

ਇਸ ਤੇ ਤੁਸੀਂ ਜ਼ਰਾ ਵਿਚਾਰ ਕਰੋ। ਇਕ ਮਿੰਟ ਵਾਸਤੇ ਆਪਣੇ ਮਨ ਨੂੰ ਸ਼ਾਂਤ ਕਰੋ, ਦੁਨੀਆਂ ਭੁੱਲ ਜਾਵੇ। ਸਿਰਫ ਆਪਣੇ ਮਨ ਦੇ ਅੰਦਰ ਇਕ ਤਰ੍ਹਾਂ ਦਾ ਪਿਆਰ ਪੈਦਾ ਹੋਵੇ। ਆਪਣੇ ਦਿਲ ਦੇ ਅੰਦਰ ਵੜ ਕੇ ਦੇਖੋ, ਉਥੇ ਰੱਬ ਦਾ ਪਿਆਰ ਉਗਦਾ ਹੈ ਕਿ ਨਹੀਂ। ਉਸ ਪਿਆਰ ਦੇ ਨਾਲ ਦੇਖੋ, ਓਸ ਰੱਬ ਨੇ ਉਸ ਅਕਾਲ ਪੁਰਖ ਨੇ ਤੁਹਾਨੂੰ ਇਹ ਸਾਂਸ ਦਿਤੀ ਹੈ। ਸਾਂਸ ਏਸ ਵਾਸਤੇ ਦਿਤੀ ਹੈ ਕਿ ਸਾਂਸ ਇਕੱਲੀ ਨਾ ਚੱਲੇ, ਇਕੱਲੀ ਨਾ ਹੋ ਜਾਏ। ਇਹਦੇ ਅੰਦਰ ਨਾਮ ਨੂੰ ਪਿਰੋ ਦਿਓ। ਜਿਸ ਤਰ੍ਹਾਂ ਹਿਰਦੇ ਵਿਚੋਂ ਭਾਵਨਾਵਾਂ ਉਠਦੀਆਂ ਹਨ, ਉਦਗਾਰ ਉਠਦੇ ਨੇ, ਉਸੇ ਤਰ੍ਹਾਂ ਇਹ ਸਾਂਸ ਉਠਦੀ ਹੈ। ਇਕ-ਇਕ ਸਾਂਸ ਦੇ ਵਿਚ ਪਿਆਰ ਭਰ ਕੇ, ਉਸ ਪਿਆਰ ਦੇ ਨਾਲ ਨਾਮ ਨੂੰ ਯਾਦ ਕਰੋ। ਸਾਂਸ ਬਾਹਰ ਛੱਡਦੇ ਹੋਏ ਉਸ ਨਾਮ ਨੂੰ ਯਾਦ ਕਰੋ, ਤੇ ਸਾਂਸ ਨੂੰ ਅੰਦਰ ਲੈਂਦੇ ਹੋਏ ਉਸ ਨਾਮ ਨੂੰ ਯਾਦ ਕਰੋ। ਮੂੰਹ 'ਚ ਨਹੀਂ ਬੋਲਣਾ, ਉਥੇ ਜਾ ਕੇ ਮੌਨ ਹੋ ਜਾਂਦਾ ਹੈ, ਚੁੱਪ ਹੀ ਆ ਜਾਂਦੀ ਹੈ; ਉਸ ਚੁੱਪ ਵਿਚ ਸਿਰਫ ਰੌਸ਼ਨੀ ਹੈ, ਪਿਆਰ ਦੀ ਰੌਸ਼ਨੀ ਪੈਦਾ ਹੁੰਦੀ ਹੈ। ਉਸ ਪਿਆਰ ਦੇ ਨਾਲ ਹਿਰਦੇ ਵਿਚੋਂ ਉਠਦੀ ਹੋਈ ਸਾਂਸ ਦੇ ਨਾਲ ਨਾਮ ਨੂੰ ਯਾਦ ਕਰੋ। ਸਾਂਸ ਬਾਹਰ ਛੱਡਦੇ ਹੋਏ ਮਨ ਵਿਚ ਉਸ ਪਿਆਰੇ ਦਾ ਨਾਮ, ਤੇ ਸਾਂਸ ਅੰਦਰ ਲੈਂਦੇ ਹੋਏ, ਮਨ ਦੇ ਵਿਚ ਉਸੇ ਪਿਆਰੇ ਦਾ ਓਹੀ ਨਾਮ ਯਾਦ ਕਰਦੇ ਰਹੋ। ਜਦੋਂ ਸਾਂਸ ਬਾਹਰ ਆਵੇ ਤਾਂ ਫੌਰਨ ਅੰਦਰ ਜਾਂਦੀ ਹੋਈ ਸਾਂਸ ਦੇ ਵਿਚ ਚਿੱਤ ਨੂੰ ਡਾਲ ਦਿਓ ਤੇ ਜਦੋਂ ਸਾਂਸ ਅੰਦਰ ਆਵੇ ਤਾਂ ਫੌਰਨ ਬਾਹਰ ਜਾਂਦੀ ਹੋਈ ਸਾਂਸ ਦੇ ਵਿਚ ਚਿਤ ਨੂੰ ਡਾਲ ਦਿਓ। ਇਹ ਕੜੀ ਟੁੱਟੇ ਨਹੀਂ। ਜੇ ਕੜੀ ਟੁੱਟ ਜਾਵੇਗੀ ਤਾਂ ਬਾਹਰ ਦੇ ਵਿਚਾਰ, ਅੰਦਰ ਆ ਕੇ ਖੱਪ ਕਰਨਗੇ। ਇਸ ਕੜੀ ਨੂੰ ਸਾਂਸ ਦੇ ਨਾਲ ਜਿਹੜਾ ਚੇਤਨਾ ਦਾ ਪ੍ਰਵਾਹ

ਹੈਗਾ ਹੈ, ਸਾਂਸ ਦੇ ਨਾਲ ਜਿਹੜੀ ਚੇਤਨਾ ਦੀ ਨਦੀ ਬਹਿ ਰਹੀ ਹੈ, ਉਸ ਚੇਤਨਾ ਦੀ ਨਦੀ ਨਾਲ ਤੁਸੀਂ ਜਾ ਕੇ ਤੈਰਨਾ ਹੈ; ਉਹਦਾ ਅਨੁਭਵ ਕਰੋ, ਕਰਦੇ ਰਹੋ। ਸਾਂਸ-ਸਾਂਸ ਵਿਚ ਨਾਮ ਨੂੰ ਯਾਦ ਕਰੋ। ਜਦੋਂ ਨਾਮ ਦੀ ਇਕ ਯਾਦ ਪੂਰੀ ਹੋ ਜਾਵੇ ਤਾਂ ਫੌਰਨ ਦੁਬਾਰਾ ਫੇਰ ਉਹਨੂੰ ਹੀ ਸ਼ੁਰੂ ਕਰੋ। ਉਹ ਕੜੀ ਵੀ ਟੁੱਟਣੀ ਨਹੀਂ ਚਾਹੀਦੀ।

ਇਸ ਤਰ੍ਹਾਂ ਜਿਥੇ ਵੀ ਖਲੋਤੇ ਓਂ; ਜਿਥੇ ਵੀ ਬੈਠੇ ਓਂ, ਦੁਨੀਆਂ ਰੇਡੀਓ ਸੁਣਦੀ ਰਹੇ, ਟੀ.ਵੀ. ਦੇਖਦੀ ਰਹੇ, ਗੱਲਾਂ ਕਰਦੀ ਰਹੇ, ਲੋਕ ਗਾਲੀਆਂ ਦੇਣ, ਚਾਹੇ ਗੁਣ ਗਾਉਣ; ਤੁਸੀਂ ਐਸੇ ਤਰ੍ਹਾਂ ਹੀ ਆਪਣੇ ਸਾਂਸ ਨੂੰ ਫੜ ਕੇ, ਸਾਂਸ ਦੀ ਰੱਸੀ ਨੂੰ ਆਪਣੇ ਹੱਥ ਵਿਚ ਲੈ ਕੇ, ਆਪਣੇ ਖਿਆਲਾਂ 'ਚ ਲੈ ਕੇ ਉਤੇ ਚੜ੍ਹ ਜਾਵੋ। ਚੇਤਨਾ ਦੀਆਂ ਉਚਾਈਆਂ ਤੇ ਜਾ ਕੇ ਉਥੇ ਆਰਾਮ ਕਰੋ; ਜੋ ਕਰੋ, ਪਿਆਰ ਨਾਲ ਕਰੋ, ਪਿਆਰ ਦੇ ਬਗੈਰ ਨਾ ਕਰੋ; ਐਸ ਵਾਸਤੇ ਨਾ ਕਰੋ ਕਿ ਦੁਨੀਆਂ ਵਿਚ ਦੁਖ ਬਹੁਤ ਹੈ; ਐਸ ਵਾਸਤੇ ਕਰੋ ਕਿ ਉਹ ਤੁਹਾਨੂੰ ਪਿਆਰ ਕਰਦਾ ਹੈ। ਉਸ ਪਿਆਰ ਦੇ ਕਾਰਨ ਉਹਨੇ ਤੁਹਾਨੂੰ ਇਹ ਦੁਨੀਆਂ ਵੀ ਦਿਤੀ ਹੈ, ਸਾਰੀ ਦੀ ਸਾਰੀ ਦੁਨੀਆਂ ਦਿਤੀ ਹੈ, ਹਵਾ ਦਿਤੀ ਹੈ, ਪਾਣੀ ਦਿਤਾ ਹੈ, ਅੰਨ ਦਿਤਾ ਹੈ, ਸੂਰਜ, ਚੰਦ ਤੇ ਸਿਤਾਰੇ ਦਿਤੇ ਨੇ, ਫੁੱਲ ਦਿਤੇ ਨੇ, ਪੇੜ ਦਿਤੇ ਨੇ; ਇਸ ਦੁਨੀਆਂ ਵਿਚ ਦੁਖਾਂ ਦੀ ਥਾਂ ਸੁਖ ਪੈਦਾ ਕਰਨਾ ਹੈ।

ਜਿਨ੍ਹਾਂ ਦੇ ਅੰਦਰ ਪਿਆਰ ਨਹੀਂ ਹੈ, ਉਨ੍ਹਾਂ ਦੇ ਅੰਦਰ ਪਿਆਰ ਪੈਦਾ ਕਰਨਾ ਹੈ। ਐਸ ਵਾਸਤੇ ਮੇਰੇ ਰੱਬਾ! ਮੇਰੇ ਅਕਾਲ ਪੁਰਖ! ਮੇਰੇ ਦਿਲ ਵਿਚ ਆ ਕੇ ਬਹਿ ਜਾ। ਜਦ ਉਹ ਤੁਹਾਡੇ ਦਿਲ ਵਿਚ ਬਹਿ ਜਾਏਗਾ, ਤੇ ਜਿੰਨੇ ਕਰਮ ਤੁਸੀਂ ਕਰੋਂਗੇ, ਉਸ ਪਿਆਰ ਨਾਲ ਕਰੋਂਗੇ।

ਇਕ ਥਾਂ ਲੰਗਰ ਚਲ ਰਿਹਾ ਸੀ ਤਾਂ ਦਹੀਂ ਘੱਟ ਪੈ ਗਿਆ। ਚੇਲੇ ਜਿਹੜੇ ਸੰਤ ਜੀ ਦਾ ਲੰਗਰ ਚਲਾ ਰਹੇ ਸੀ, ਉਨ੍ਹਾਂ ਦੇ ਮਨ ਵਿਚ ਬੜਾ ਖਿਆਲ ਆਇਆ ਕਿ ਸੰਗਤ, ਬਿਨਾਂ ਰੱਜੇ ਹੀ ਚਲੀ ਜਾਏਗੀ; ਕੀ ਕਰੀਏ? ਯਾਦ ਆਇਆ ਕਿ ਪਿੰਡ ਵਿਚ ਇਕ ਹੈਗੀ ਐ ਕੋਈ - ਬੀਬੀ, ਜਿਹਦੇ ਕੋਲ ਡੰਗਰ ਹੈਗੇ ਨੇ; ਉਹਦੇ ਕੋਲ ਚੱਲੀਏ, ਸ਼ਾਇਦ ਉਹਦੇ ਕੋਲ ਹੋਰ ਦਹੀਂ ਮਿਲ ਜਾਵੇ। ਗਏ, ਭੱਜ-ਭੱਜ ਕੇ ਗਏ; ਟੁਰ ਕੇ ਨਹੀਂ ਗਏ, ਭੱਜ ਕੇ ਗਏ ਕਿ ਸੰਗਤ ਨੂੰ ਦੇਣਾ ਹੈ।

"ਕੀ ਗੱਲ ਹੈ? ਭੱਜ ਭੱਜ ਕੇ ਆ ਰਹੇ ਓਂ।"

"ਗੱਲ ਇਹ ਹੈ ਬੀਜੀ! ਲੰਗਰ ਚਲ ਰਿਹਾ ਹੈ, ਤੇ ਦਹੀਂ ਘੱਟ ਹੋ ਗਿਆ ਹੈ। ਸਾਨੂੰ ਜ਼ਰਾ ਜਿੰਨਾਂ ਦਹੀਂ ਮਿਲ ਜਾਂਦਾ ਤਾਂ ਤੁਹਾਡੀ ਵੱਡੀ ਕ੍ਰਿਪਾ ਹੁੰਦੀ।"

"ਅੱਛਾ! ਇਹ ਗੱਲ ਹੈ? ਹਾਂ, ਦਹੀਂ ਤਾਂ ਹੈਗਾ ਮੇਰੇ ਪਾਸ ਪਰ ਮੈਂ ਐਵੇਂ ਨਹੀਂ ਦੇਣਾ; ਕੋਈ ਕੀਮਤ ਲੈ ਕੇ ਦੇਣਾ ਹੈ।"

"ਜਿਹੜੀ ਕੀਮਤ ਮੰਗਦੀ ਹੈਂ, ਮੂੰਹ ਮੰਗੀ ਕੀਮਤ ਮਿਲ ਜਾਏਗੀ, ਬੀਜੀ। ਐਸ ਵੇਲੇ ਤਾਂ ਲੰਗਰ ਦਾ ਕੰਮ ਪੂਰਾ ਕਰਨਾ ਹੈ, ਤੁਸਾਂ ਦਹੀਂ ਦੇ ਦਿਓ।"

ਦਹੀਂ ਉਹਨੇ ਦਿਤਾ ਤਾਂ ਹੁਣ ਕਹਿੰਦੀ, "ਮੇਰੀ ਕੀਮਤ ਦਿਓ।"

"ਤੁਸੀਂ ਕੀਮਤ ਦੱਸੀ ਨਹੀਂ। ਕੀ ਚਾਹੀਦੈ ਤੁਹਾਨੂੰ?"

ਉਹ ਜਾਣਦੀ ਸੀ ਕਿ ਇਹ ਸਿੱਖ, ਇਹ ਚੇਲਾ ਨਿੱਕਾ ਜਿਹਾ ਨਹੀਂ ਹੈ; ਗੁਰੂ ਜਿਸ ਤਰ੍ਹਾਂ ਦਾ ਹੈ, ਉਸੇ ਤਰ੍ਹਾਂ ਦਾ ਚੇਲਾ ਵੀ ਹੈ। ਜਾਣਦੀ ਸੀ - ਉਹਦੀ ਤਾਕਤ ਨੂੰ।

ਕਹਿੰਦੀ, "ਮੈਨੂੰ ਕੀਮਤ ਦੇਣੀ ਹੈ? ਦਿਓਗੇ?"

ਕਹਿੰਦੇ, "ਹਾਂ, ਅਸੀਂ ਵਚਨ ਦਿਤਾ ਹੈ, ਦਿਆਂਗੇ।"

"ਤਾਂ ਫਿਰ ਦਿਓ।"

ਤੁਸੀਂ, "ਬੋਲੋ ਤਾਂ ਸਹੀ। ਕਿਹੜੀ ਕੀਮਤ ਚਾਹੀਦੀ ਹੈ?"

ਕਹਿੰਦੀ, "ਮੈਨੂੰ ਤਾਂ ਨਜ਼ਾਤ ਬਖਸ਼ ਦਿਓ, ਮੁਕਤੀ ਦੇ ਦਿਓ। ਇਹੋ ਹੀ ਕੀਮਤ ਹੈ।"

ਚੇਲੇ ਨੇ ਕਿਹਾ, "ਚੰਗਾ! ਬਖਸ਼ ਦਿਤੀ।"

ਉਹ ਖੁਸ਼ ਹੈ ਅਤੇ ਚੇਲਾ ਵੀ ਦਹੀਂ ਲੈ ਕੇ ਆ ਜਾਂਦਾ ਹੈ। ਸੰਗਤ ਰੱਜ ਕੇ ਖਾਂਦੀ ਹੈ ਤੇ ਆਪਣੇ-ਆਪਣੇ ਰਸਤੇ ਜਾਂਦੀ ਹੈ। ਗੁਰੂ ਜੀ

ਅਰਾਮ ਕਰ ਰਹੇ ਨੇ ਤਾਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਦੇ ਕੰਨਾਂ ਵਿਚ ਅਵਾਜ਼ ਪੈਂਦੀ ਹੈ - ਰੋਣ-ਧੋਣ ਦੀ। ਕਹਿੰਦੇ, "ਗਵਾਂਢੀਆਂ ਦੇ ਘਰ ਕੀ ਹੋ ਗਿਆ ਹੈ?" ਚੇਲੇ ਨੂੰ ਬੁਲਾ ਕੇ ਪੁਛਦੇ ਨੇ, "ਇਹ ਕੀ ਗੱਲ ਹੈ, ਇਹ ਰੋਣਾ-ਧੋਣਾ ਕਿਸ ਤਰ੍ਹਾਂ ਦਾ ਚਲ ਰਿਹਾ ਹੈ?" ਕਹਿੰਦਾ, "ਜੀ ਗੱਲ ਇਉਂ ਹੋਈ, ਜਿਹੜਾ ਦਹੀਂ ਹੈ ਘੱਟ ਪੈ ਗਿਆ ਸੀ ਤਾਂ ਮੈਂ ਗਿਆ ਸੀ - ਉਹਦੇ ਕੋਲ, ਦਹੀਂ ਮੰਗਿਆ ਤਾਂ ਕਹਿੰਦੀ, ਕੀਮਤ? ਕੀਮਤ ਉਹਨੇ ਮੰਗੀ ਤੇ ਮੈਂ ਦੇ ਦਿਤੀ।

"ਕਿਹੜੀ ਕੀਮਤ ਦਿਤੀ ਤੂੰ?"

"ਉਹਨੇ ਕਿਹਾ ਨਿਜ਼ਾਤ ਬਖਸ਼ ਦਿਓ, ਮੁਕਤੀ ਦੇ ਦਿਓ; ਮੈਂ ਦੇ ਦਿਤੀ ਤੇ ਹੁਣ ਉਹ ਆਪਣੇ ਜਿਸਮ ਨੂੰ ਛੱਡ ਕੇ ਰੂਹਾਨੀ ਦੁਨੀਆਂ ਵਿਚ, ਰੌਸ਼ਨੀ ਦੀ ਦੁਨੀਆਂ ਵਿਚ ਜਾ ਰਹੀ ਹੈ। ਜਿਹੜੇ ਦੁਨੀਆਂਦਾਰ ਜਿਸਮ ਨੂੰ ਹੀ ਸਭ ਕੁਝ, ਸਮਝਦੇ ਨੇ ਉਹ ਬੈਠੇ ਹੋਏ ਰੋਂਦੇ-ਧੋਂਦੇ ਨੇ।" ਗੁਰੂ ਜੀ ਬੜੇ ਗੁੱਸੇ ਹੋਏ, "ਐਨਾ ਵੱਡਾ ਉਪਕਾਰ ਉਹਨੇ ਤੇਰੇ ਉਤੇ ਕੀਤਾ ਕਿ ਸਾਡੀ ਸੰਗਤ ਰੱਜ ਕੇ ਚਲੀ ਗਈ। ਇਸ ਤੋਂ ਵੱਡਾ ਉਪਕਾਰ ਹੋ ਨਹੀਂ ਸਕਦਾ। ਤੂੰ ਦਿਤਾ ਉਹਨੂੰ ਕੀ - ਨਿਜ਼ਾਤ? ਸਿਰਫ ਮੁਕਤੀ ਦਿਤੀ ਹੈ? ਰੱਬ ਦਾ ਪਿਆਰ ਕਾਹਨੂੰ ਨਹੀਂ ਦਿਤਾ? ਨਿਜ਼ਾਤ ਤਾਂ ਆਪੇ ਹੀ ਹੋ ਜਾਂਦੀ; ਪਿਆਰ ਬਖਸ਼ਣਾ ਚਾਹੀਦਾ ਸੀ।" ਕਹਿੰਦਾ, "ਮੈਂ ਕੀ ਕਰਦਾ, ਉਹਨੇ ਤਾਂ ਨਿਜ਼ਾਤ ਹੀ ਮੰਗੀ ਸੀ।"

ਕਹਿਣ ਦਾ ਮਤਲਬ ਇਹ ਹੈ ਕਿ ਪਿਆਰ ਹੋਵੇਗਾ ਤਾਂ ਨਿਜ਼ਾਤ ਆਪਣੇ ਆਪ ਹੀ ਮਿਲ ਜਾਵੇਗੀ, ਮੁਕਤੀ ਆਪਣੇ ਆਪ ਹੀ ਹੋ ਜਾਵੇਗੀ। ਸਿਰਫ ਆਪਣੇ ਅੰਦਰ ਪਿਆਰ ਭਰ ਕੇ ਅੱਗੇ ਚਲਣਾ ਹੈ। ਮੈਂ ਕੱਲ ਵੀ ਕਿਹਾ ਸੀ ਕਿ ਉਹਦੇ ਵਾਸਤੇ ਬਾਹਰ ਦੀਆਂ ਬੱਤੀਆਂ ਦੀ ਲੋੜ ਨਹੀਂ ਹੈ। ਆਪਣੇ ਅੰਦਰ ਵੜ ਕੇ ਦੇਖੋ, ਇਹ ਜਿਹੜੀ ਸਾਂਸ ਹੈ, ਸਾਂਸ ਦੇ ਰਸਤੇ ਜੋਗੀ, ਸੰਤ-ਮੁਨੀ ਇਹ ਕੁੰਡਲਨੀ ਸ਼ਕਤੀ ਦੇ ਰਸਤੇ ਚਲੇ ਜਾਂਦੇ ਨੇ, ਉਥੇ ਜਾ ਕੇ ਉਹ ਦੇਖਦੇ ਨੇ ਕਿ ਇਕ ਦੀਵਾ ਬਲ ਰਿਹਾ ਹੈ - ਮੂਲਾਧਾਰ ਚੱਕਰ ਵਿਚ, ਇਕ ਸਵਾਧਿਸ਼ਠਾਨ ਚੱਕਰ ਵਿਚ ਬਲ ਰਿਹਾ ਹੈ, ਇਕ ਮਣੀਪੂਰਵਕ ਚੱਕਰ ਵਿਚ ਦੀਵਾ ਬਲ ਰਿਹਾ ਹੈ। ਇਕ ਲੋਅ ਹਿਰਦੇ ਵਿਚ, ਅਨਾਹਤ ਚੱਕਰ ਵਿਚ ਬਲ ਰਹੀ ਹੈ ਤੇ ਵਿਸ਼ੁਧ ਚੱਕਰ ਦੇ ਅਕਾਸ਼ ਵਿਚ ਬਲ ਰਹੀ ਹੈ ਤੇ ਦੋ ਬਾਹਰੀ ਅੱਖੀਆਂ ਦੇ ਵਿਚ ਜਿਹੜੀ ਅੰਦਰੂਨੀ ਅੱਖ ਹੈ, ਉਥੇ ਵੀ ਇਕ ਲੋਅ, ਇਕ ਜਵਾਲਾ ਜਲ ਰਹੀ ਹੈ, ਇਕ ਦੀਵਾ ਉਥੇ ਵੀ ਬਲ ਰਿਹਾ ਹੈ। ਇਹ ਜਿਹੜਾ ਸਭ ਤੋਂ ਆਖਰੀ ਹੈ, ਉਹਦੀਆਂ ਹਜ਼ਾਰ-ਹਜ਼ਾਰ ਪੰਖੜੀਆਂ ਸਿਰਫ ਰੌਸ਼ਨੀ ਦੀਆਂ ਬਣੀਆਂ ਹੋਈਆਂ ਨੇ। ਇਨ੍ਹਾਂ ਸਾਰੇ ਦੀਵਿਆਂ ਦੇ ਉਤੇ ਲੱਖਾਂ-ਲੱਖ ਸੂਰਜ ਵਾਰੀ ਜਾਂਦੇ ਨੇ। ਇਹੋ ਜਿਹੇ ਉਹ ਦੀਵੇ ਤੁਹਾਡੇ ਅੰਦਰ ਬਲ ਰਹੇ ਨੇ। ਤੁਸੀਂ ਕਹਿੰਦੇ ਓਂ ਕਿ ਅਸੀਂ ਅੰਧਕਾਰ 'ਚ ਪਏ ਹੋਏ ਹਾਂ; ਜੇ ਦੀਵੇ ਦੀ ਲੋਅ ਕਹੇ ਕਿ ਮੇਰੇ ਅੰਦਰ ਅੰਧਕਾਰ ਹੋ ਗਿਆ ਹੈ ਤਾਂ ਫੇਰ ਦੁਨੀਆਂ 'ਚ ਅੰਧਕਾਰ ਹੋ ਹੀ ਜਾਣਾ ਹੈ। ਆਪਣੇ ਅੰਦਰ ਵੜ ਕੇ ਉਹਦੇ ਅੰਦਰ ਜਾਣ ਦਾ ਰਸਤਾ ਤੁਸੀਂ ਸਿੱਖੋ। ਉਥੇ ਜਾ ਕੇ ਜੇ ਗੁਰੂਆਂ ਦੀ ਕ੍ਰਿਪਾ ਹੋਏਗੀ ਤਾਂ ਇਸੇ ਹੀ ਜੀਵਨ ਵਿਚ ਓਸ ਪਦ ਨੂੰ ਪਾ ਲਓਂਗੇ ਜਿਥੇ ਆਦਮੀ ਜਾ ਕੇ, ਆਤਮਾ ਜਾ ਕੇ ਮਨ ਤੇ ਚਿੱਤ ਜਿਹੜਾ ਹੈ, ਉਹ ਰੱਜ ਜਾਂਦਾ ਹੈ। ਤਾਂ ਫੇਰ ਹੋਰ ਕਿਸੇ ਚੀਜ਼ ਦੀ ਉਹਨੂੰ ਲੋੜ ਨਹੀਂ ਰਹਿੰਦੀ।

ਮੈਂ ਇਕ ਦਫਾ ਫੇਰ ਕਹਿੰਦਾ ਹਾਂ, ਜ਼ਰਾ ਆਪਣੇ ਇਸ ਮੇਰੂ ਪਰਬਤ ਨੂੰ, ਪਿੱਠ ਨੂੰ ਸਿੱਧਾ ਕਰਕੇ ਬੈਠੋ। ਇਹ ਅਨੁਭਵ ਕਰੋ ਕਿ ਤੁਹਾਡੇ ਚਾਰੋਂ ਔਰ ਰੱਬ ਦੀ ਰੌਸ਼ਨੀ ਹੀ ਰੌਸ਼ਨੀ ਹੈ, ਉਹ ਪਿਆਰ ਤੁਹਾਡੇ ਅੰਦਰ ਉਂਡੇਲ ਰਿਹਾ ਹੈ। ਉਹ ਪਿਆਰ ਜਿਹੜਾ ਉਂਡੇਲ ਰਿਹਾ ਹੈ, ਉਹ ਸਾਰੇ ਜਿਸਮ ਵਿਚ, ਸਾਰੇ ਪ੍ਰਾਣਾਂ ਵਿਚ ਜਾ ਕੇ ਅੰਦਰ ਤੁਹਾਨੂੰ ਜਾਗ੍ਰਤ ਕਰ ਰਿਹਾ ਹੈ। ਜਦੋਂ ਉਹ ਤੁਹਾਨੂੰ ਜਾਗ੍ਰਤ ਕਰਦਾ ਹੈ, ਉਹਦੇ ਅੰਦਰੋਂ ਤੇ ਤੁਹਾਡੇ ਅੰਦਰੋਂ ਇਕ ਲਹਿਰ ਉਠਦੀ ਹੈ। ਉਹ ਲਹਿਰ ਸਾਂਸ ਬਣ ਕੇ ਉਤੇ ਆਉਂਦੀ ਹੈ, ਨੀਚੇ ਜਾਂਦੀ ਹੈ। ਇਸ ਤਰ੍ਹਾਂ ਇਸ ਸਾਂਸ ਦਾ ਅਨੁਭਵ ਕਰੋ। ਇਸ ਬਹਿੰਦੀ ਹੋਈ ਸਾਂਸ ਦਾ ਅਨੁਭਵ ਕਰੋ। ਇਹਦੇ ਨਾਲ, ਮਨ ਉਤੇ ਜਾਵੇ..........ਤਾਂ ਫੇਰ ਨੀਚੇ ਆਵੇ............। ਸਾਂਸ ਦਾ ਜਿਹੜਾ ਰਸਤਾ ਹੈ, ਉਹਦਾ ਅਨੁਭਵ ਕਰੋ। ਸਾਂਸ ਵਿਚ ਝਟਕਾ ਨਾ

ਹੋਵੇ, ਟੁੱਟੇ ਨਹੀਂ, ਚਲਦੀ ਰਹੇ। ਆਪਣੀ ਚੇਤਨਾ ਦਾ ਪ੍ਰਭਾਵ ਜਿਹੜਾ ਹੈ, ਉਹਨੂੰ ਸਾਂਸ ਦੇ ਪ੍ਰਵਾਹ ਦੇ ਨਾਲ, ਸਾਂਸ ਦੀ ਗਤੀ ਦੇ ਨਾਲ ਇਕ ਕਰ ਦਿਓ। ਸਾਂਸ ਨੂੰ ਛੱਡ ਕੇ ਹੋਰ ਕੋਈ ਖਿਆਲ ਨਾ ਰਹੇ, ਹੋਰ ਕੋਈ ਅਨੁਭਵ ਨਾ ਰਹੇ। ਇਕ ਦਮ ਸ਼ਾਂਤ ਹੋ ਜਾਏ। ਜੇ ਸਾਂਸ, ਬਿਨਾਂ ਟੁੱਟੇ, ਆਹਿਸਤਾ-ਆਹਿਸਤਾ ਬਹੇਗੀ ਤਾਂ ਮਨ ਆਪਣੇ ਆਪ, ਆਪ ਹੀ ਚੁੱਪ ਹੋ ਜਾਏਗਾ ਤੇ ਹੁਣ ਸਾਂਸ ਦੇ ਰਸਤੇ ਵਿਚ ਇਕ ਥਾਂ ਹੈਗੀ ਹੈ, ਛਾਤੀ ਦੇ ਵਿਚ ਇਕ ਗੁਫਾ ਹੈ, ਉਸ ਗੁਫਾ ਦੇ ਅੰਦਰ ਵੜ ਜਾਓ। ਇਹੋ ਹੀ ਸੱਚੀ ਹਿਮਾਲਿਆ ਦੀ ਗੁਫਾ ਹੈ। ਇਸ ਗੁਫਾ ਦੇ ਅੰਦਰ ਤੁਹਾਨੂੰ ਰੌਸ਼ਨੀ ਦਿਖਾਈ ਦੇਵੇਗੀ। ਇਹ ਜਿਹੜੀ ਰੌਸ਼ਨੀ ਗੁਫਾ ਦੇ ਅੰਦਰ ਦਿਸਦੀ ਹੈ, ਜਿਵੇਂ ਦੀਵੇ ਦੀ ਲੋਅ ਹੋਵੇ ਜਾਂ ਜਿਵੇਂ ਰੌਸ਼ਨੀ ਦਾ ਇਕ ਨਿਕਾ ਜਿਹਾ ਪਹਾੜ ਹੋਵੇ, ਇਸ ਰੌਸ਼ਨੀ ਨੂੰ ਗੁਰੂ ਮਹਾਰਾਜ ਦੀ ਰੌਸ਼ਨੀ ਸਮਝ ਕੇ, ਰੱਬ ਦੀ ਰੌਸ਼ਨੀ ਸਮਝ ਕੇ, ਆਤਮਾ ਦੀ ਰੌਸ਼ਨੀ ਸਮਝ ਕੇ ਮੱਥਾ ਟੇਕੋ ਤੇ ਹੁਣ ਗੁਫਾ ਦੇ ਫਰਸ਼ ਤੇ ਬਹਿ ਕੇ ਜਾਪ ਕਰਨਾ ਸ਼ੁਰੂ ਕਰ ਦਿਓ। ਜਾਪ ਦਾ ਇਕ-ਇਕ ਲਫਜ਼, ਇਕ ਇਕ ਹਰਫ ਇਸ ਰੌਸ਼ਨੀ ਨੂੰ ਸਮਰਪਣ ਕਰਦੇ ਹੋਏ ਕਰੋ, ਪਿਆਰ ਨਾਲ ਕਰੋ। ਮੂਲਮੰਤ੍ਰ ਦਾ ਤਿੰਨ ਵਾਰ ਜਾਪ ਕਰਕੇ, ਓਸੇ ਥਾਂ ਤੇ ਬੈਠੇ ਹੋਏ, ਗੁਫਾ ਦੇ ਅੰਦਰ, ਗੁਰੂਆਂ ਦੀ ਰੌਸ਼ਨੀ ਦੇ ਸਾਹਮਣੇ ਤਿੰਨ ਵਾਰ ਮੂਲਮੰਤ੍ਰ ਦਾ ਜਾਪ ਕਰਕੇ, ਹੁਣ ਸਿਰਫ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰੋ। ਜਿੰਨਾਂ ਚਿਰ ਵੀ ਚਾਹੋ, ਇਸ ਤਰ੍ਹਾਂ ਅਕਾਲ ਪੁਰਖ ਦੇ ਕੋਲ ਬਹਿ ਕੇ, ਆਪਣੇ ਜਾਪ ਦਾ ਸਾਰਾ ਫਲ ਚੜ੍ਹਾ ਕੇ, ਜਿਸ ਤਰ੍ਹਾਂ ਫੁੱਲ ਚੜ੍ਹਾਈਦੇ ਨੇ, ਆਹਿਸਤਾ-ਆਹਿਸਤਾ ਉਠ ਜਾਵੋ। ਫੇਰ ਮੱਥਾ ਟੇਕ ਕੇ ਗੁਰੂ ਦੇ ਏਸ ਦੁਆਰੇ ਤੋਂ ਬਾਹਰ ਆਓ - ਆਦਰ ਨਾਲ। ਤਾਂ ਫਿਰ ਉਸ ਬਹਿੰਦੀ ਹੋਈ ਸਾਂਸ ਦੇ ਵਿਚ ਓਹੀ ਵਾਹਿਗੁਰੂ ਚਲਦਾ ਰਹੇ। ਸਾਂਸ ਬਾਹਰ ਛਡਦੇ ਹੋਏ, ਮਨ ਵਿਚ 'ਵਾ......ਹਿ......' ਅੰਦਰ ਲੈਂਦੇ ਹੋਏ 'ਗੁ......ਰੂ......' ਉਹਦੀ ਕੜੀ ਟੁੱਟੇ ਨਹੀਂ, ਚਲਦੀ ਰਹੇ। ਐਸ ਤਰ੍ਹਾਂ ਹਮੇਸ਼ਾ ਮਨ ਨੂੰ, ਚਿਤ ਨੂੰ ਸ਼ਾਂਤ ਕਰਨ ਦਾ ਸੰਕਲਪ ਕਰਕੇ ਆਹਿਸਤਾ-ਆਹਿਸਤਾ ਅੱਖਾਂ ਖੋਲ੍ਹ ਦਿਓ ਪਰ ਉਹ ਰੌਸ਼ਨੀ ਦਿਲ ਵਿਚ ਬਣੀ ਰਹੇ, ਪਿਆਰ ਬਣਿਆ ਰਹੇ; ਮਨ ਸ਼ਾਂਤ ਰਹੇ - ਅੱਖਾਂ ਖੋਲ੍ਹ ਕੇ ਵੀ। ਸਾਂਸ ਵਿਚ ਵਾਹਿਗੁਰੂ ਦਾ ਨਾਮ ਚਲਦਾ ਰਹੇ, ਚਲਦਾ ਰਹੇ। ਜਦ ਮਨ ਉਖੜੇ, ਦੁਨੀਆਂ ਦੀਆਂ ਚਾਬਕਾਂ ਤਾਬੜ ਤੋੜ ਮਾਰਨ, ਤਦੇ ਹੀ ਓਸੇ ਵੇਲੇ ਅੰਦਰ ਵੜ ਜਾਵੋ, ਲੁਕ ਜਾਓ - ਉਸ ਗੁਫਾ ਦੇ ਅੰਦਰ। ਉਸ ਗੁਰੂ ਦੇ ਦੁਆਰੇ ਅੰਦਰ ਜਾ ਕੇ ਸ਼ਰਨ ਲੈ ਲਓ ਤਾਂ ਉਹ ਸਾਰੀ ਦੁਨੀਆਂ ਦੇ ਜੀਵ-ਜੰਤੂਆਂ ਨੂੰ ਪਿਆਰ ਕਰਨ ਵਾਲਾ ਤੁਹਾਨੂੰ ਇਸ ਤਰ੍ਹਾਂ ਦਾ ਸੂਰਮਾ ਬਣਾ ਦੇਵੇਗਾ, ਇਸ ਤਰ੍ਹਾਂ ਦੀ ਤੇਗ ਤੁਹਾਡੇ ਹੱਥ ਵਿਚ ਫੜਾ ਦੇਵੇਗਾ ਕਿ ਓਸ ਤੇਗ ਦੇ ਨਾਲ ਦੁਨੀਆਂ ਦੇ ਸਾਰੇ ਅੰਧਕਾਰਾਂ ਨੂੰ ਤੁਸੀਂ ਕੱਟ ਕੇ ਆਪਣਾ ਰਸਤਾ ਓਹਦੀ ਉਚਾਈ ਤੀਕਣ ਬਣਾ ਸਕੋਂਗੇ। ਆਖਰਕਾਰ, ਇਸੇ ਹੀ ਜੀਵਨ ਵਿਚ ਉਥੇ ਪਹੁੰਚ ਜਾਓਂਗੇ - ਇਹ ਮੈਂ ਵਚਨ ਦਿੰਦਾ ਹਾਂ। ਮੈਂ ਸਾਰਿਆਂ ਦੇ ਮਨ ਦੀ ਸ਼ਾਂਤੀ ਦੀ ਅਰਦਾਸ ਕਰਦਾ ਹਾਂ।

# ਬਾਤ ਅਗੰਮ ਕੀ

# ਭਾਗ (5)

# ਦੋ ਸ਼ਬਦ

ਇਹ ਪੁਸਤਕ ਪੰਜਵਾਂ ਭਾਗ ਹੈ ਜੋ 'ਬਾਤ ਅਗੰਮ ਕੀ' ਦੇ ਨਾਲ ਹੀ ਸਬੰਧਿਤ ਹੈ। ਇਸ ਵਿਚ ਸੰਤ ਬਚਨ, ਤਿੰਨ ਭਾਗਾਂ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ, ਜੋ ਇਸ ਪੁਸਤਕ ਦੇ ਪ੍ਰਕਾਸ਼ਕ ਨਾਲ ਸਬੰਧ ਰੱਖਦੇ ਹਨ। ਸੰਤ ਮਹਾਰਾਜ ਜੀ ਮੇਰੇ ਪਾਸ ਆਇਆ ਕਰਦੇ ਸਨ। ਬਹੁਤ ਸਾਰੇ ਪ੍ਰੇਮੀ ਇਕੱਠੇ ਹੋ ਕੇ ਹਰ ਰੋਜ਼ ਹੀ ਉਨ੍ਹਾਂ ਦੇ ਬਚਨ ਸੁਣਦੇ ਸਨ। ਸਮਾਂ ਬੀਤਦਾ ਗਿਆ, ਬਹੁਤ ਵਾਰੀ ਮੇਰੇ ਮਨ ਵਿਚ ਆਇਆ ਕਰੇ ਕਿ ਸੰਤ ਮਹਾਰਾਜ ਜੀ (ਸ੍ਰੀ ੧੦੮ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਜੋ ਬਚਨ ਹਨ, ਇਹ ਸਮਾਂ ਲੰਘਣ ਨਾਲ ਯਾਦਾਸ਼ਤ ਦੀ ਪੱਟੀ ਤੋਂ ਬਹੁਤ ਮੱਧਮ ਪੈ ਜਾਣਗੇ। ਇਹ ਬਚਨ ਬਹੁਤ ਹੀ ਅਮੋਲ ਸਨ ਜੋ ੩੦ ਸਾਲ ਦਾ ਸਮਾਂ ਲੰਘ ਜਾਣ ਉਪਰੰਤ ਸੰਕੇਤ ਰੂਪ ਵਿਚ ਹੀ ਯਾਦ ਰਹਿ ਗਏ। ਦੂਜਾ ਇਸ ਲੇਖਕ ਦੀ ਆਯੂ ਵਡੇਰੀ ਹੋ ਜਾਣ ਨਾਲ ਯਾਦਦਾਸ਼ਤ ਦੇ ਸੈਲ ਵੀ ਕਮਜ਼ੋਰ ਪੈ ਗਏ ਅਤੇ ਨਾਮ ਭੁੱਲਣੇ ਸ਼ੁਰੂ ਹੋ ਗਏ ਪਰ ਇਹ ਰੂਹਾਨੀ ਬਚਨ ਬਹੁਤ ਗਹਿਰੇ ਤਲ ਤੇ ਟਿਕੇ ਪਏ ਸਨ। ਕਦੇ-ਕਦੇ ਅੰਦਰੋਂ ਹੀ ਹੁਲਾਰਾ ਮਾਰਦੇ ਅਤੇ ਇਕ-ਇਕ ਕਰਕੇ ਯਾਦਦਾਸ਼ਤ ਦੇ ਉਪਰਲੇ ਤਲ ਤੇ ਉਭਰ ਆਉਂਦੇ। ਜੇ ਇਹ ਕਲਮਬੱਧ ਨਾ ਕੀਤੇ ਜਾਂਦੇ ਤਾਂ ਇਹ ਅਮੋਲ ਬਚਨ ਅਣ-ਛਪੇ ਹੀ ਰਹਿ ਜਾਣੇ ਸਨ। ਹੁਣ ਇਹ ਬਚਨ ਸੂਤਰ ਰੂਪ ਵਿਚ ਹੋਣ ਕਰਕੇ ਆਪਣਾ ਵਿਸਥਾਰ ਪ੍ਰਗਟ ਕਰਨ ਲਈ ਵਿਆਖਿਆ ਦੀ ਪੁਸ਼ਾਕ ਲੋਚਦੇ ਸਨ ਜੋ ਸਮੇਂ ਦੇ ਮੁਤਾਬਿਕ ਜਗਿਆਸੂਆਂ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਉਨ੍ਹਾਂ ਦੇ ਹੀ ਬਖਸ਼ੇ ਹੋਏ ਗਿਆਨ ਪ੍ਰਕਾਸ਼ ਦੀਆਂ ਹੱਦਾਂ ਵਿਚ ਰਹਿ ਕੇ ਵਿਆਖਿਆ ਕੀਤੀ ਗਈ ਹੈ ਅਤੇ ਵਿਸਥਾਰ ਨਾਲ ਇਸ ਪੁਸਤਕ ਵਿਚ ਜਗਿਆਸੂਆਂ ਦੇ ਉਤਸ਼ਾਹ, ਉਮਾਹ ਨੂੰ ਕਾਇਮ ਰੱਖਣ ਵਾਸਤੇ ਛਾਪੇ ਜਾ ਰਹੇ ਹਨ। ਬਚਨ ਉਨ੍ਹਾਂ ਦੇ ਹਨ, ਭੁੱਲਾਂ ਮੇਰੀਆਂ ਹਨ। ਸੰਤ ਮਹਾਰਾਜ ਜੀ ਨੇ ਆਪਣੇ ਦਸਤੇ ਮੁਬਾਰਕ (ਹਸਤ ਕਮਲਾਂ) ਨਾਲ ਸੰਖੇਪ ਰੂਪ ਵਿਚ ਕੁਝ ਨੋਟ ਬੁਕਾਂ ਲਿਖੀਆਂ ਸਨ, ਉਹ ਸਾਰੇ ਗਿਆਨ ਦਾ ਮੂਲ ਹਨ। ਪੂਰੀ ਕੋਸ਼ਿਸ਼ ਕੀਤੀ ਗਈ ਕਿ ਕਿਸੇ ਤਰ੍ਹਾਂ ਵੀ ਉਨ੍ਹਾਂ ਦੇ ਸਿਧਾਂਤ ਤੋਂ ਐਧਰ ਓਧਰ ਹੋ ਕੇ ਗੱਲ ਨਾ ਲਿਖੀ ਜਾਵੇ। ਇਹ ਬਚਨ ਜਗਿਆਸੂਆਂ ਨੂੰ ਗਾਡੀ ਰਾਹ (ਹਗਿਹਾਓ) ਪ੍ਰਦਾਨ ਕਰਦੇ ਹਨ। ਚਾਰ ਲੇਖ ਇਸ ਪੁਸਤਕ ਵਿਚ ਬਹੁਤ ਸਾਰੇ ਸ਼ੰਕਿਆ ਨੂੰ ਦੂਰ ਕਰਦੇ ਛਾਪੇ ਗਏ ਹਨ। ਜੋ ਸ਼ੰਕੇ ਸਾਡੇ ਮਨਾਂ ਵਿਚ ਆਮ ਤੌਰ ਤੇ ਹਿਲਜੁਲ ਪੈਦਾ ਕਰ ਰਹੇ ਹਨ, ਉਨ੍ਹਾਂ ਦਾ ਸਮਾਧਾਨ ਇਤਿਹਾਸਕ ਸੁੱਚਤਾ ਤੇ ਸਚਾਈ ਨਾਲ ਕਰਕੇ ਲੇਖ ਰੂਪਮਾਨ ਹੋਏ ਹਨ। ਇਨ੍ਹਾਂ ਲੇਖਾਂ ਤੋਂ ਸਤਿਗੁਰੂ ਜੀ ਨਾਲ ਪਿਆਰ ਪੈਂਦਾ ਹੈ। ਅਸਾਡੇ ਅੰਦਰ ਇਕ ਉਮਾਹ ਉਠਦਾ ਹੈ ਕਿ ਉਨ੍ਹਾਂ ਦੇ ਬਚਨਾਂ ਨੂੰ, ਉਨ੍ਹਾਂ ਦੇ ਦੱਸੇ ਹੋਏ ਰਾਹ ਨੂੰ ਅਪਣਾਅ ਕੇ, ਹਿਰਦੇ ਵਿਚ ਧਾਰ ਕੇ ਆਪਣਾ ਰੂਹਾਨੀ ਮਾਰਗ ਤਹਿ ਕਰਦੇ ਹੋਏ ਆਪਣੇ ਲਕਸ਼ ਵਲ ਸਹਿਜੇ ਹੀ ਵਧਦੇ ਜਾਈਏ। ਪਾਠਕਾਂ ਲਈ, ਜਗਿਆਸੂਆਂ ਲਈ ਇਹ ਪੁਸਤਕਾਂ ਬਹੁਤ ਹੀ ਲਾਭਵੰਦ ਹਨ। ਗੁਰਮਤਿ ਦੇ ਪ੍ਰਚਾਰਕਾਂ ਲਈ ਇਕ ਨਵਾਂ ਮਾਰਗ ਜੋ ਸੱਚ ਤੇ ਆਧਾਰਿਤ ਹੈ, ਦਰਸਾਉਂਦੀਆਂ ਹਨ। ਭੁੱਲਾਂ ਚੁਕਾਂ ਦੀ ਖਿਮਾਂ ਮੰਗਦੇ ਹੋਏ ਵਿਦਵਾਨ ਲੇਖਕਾਂ, ਗੁਰਮਤਿ ਦੇ ਖੋਜੀਆਂ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਉਹ ਸਤਿ ਨੂੰ ਨਿਖੇੜ ਕੇ ਉਭਾਰਨ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਿਖਸ਼ਾ ਨੂੰ ਬੰਦਿਆਂ ਦੇ ਖਿਆਲ ਵਿਚ ਵਾ-ਵਰੋਲੇ ਨਾ ਬਣਨ ਦੇਣ। ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਾਨਵਤਾ ਲਈ ਹਨ। ਇਸ ਨੂੰ ਸੰਪਰਦਾਇਕ ਵਲਗਣਾਂ ਵਿਚ ਨਾ ਘੇਰੋ, ਸਗਮਾਂ ਸੂਰਜ ਦੀ ਤਰ੍ਹਾਂ ਸਾਰੀ ਹੀ ਮਾਨਵਤਾ ਨੂੰ ਪ੍ਰਕਾਸ਼ ਕਰਨ ਲਈ ਆਪਣੇ ਯਤਨ ਕੀਤੇ ਜਾਣ।

**ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

ਐਸ.ਏ.ਐਸ ਨਗਰ
ਬਾਨੀ, ਮੁਖੀ ਤੇ ਚੇਅਰਮੈਨ

੨੬-੯-੧੯੯੬
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਸੰਤ ਬਚਨ
## (ਭਾਗ ਪਹਿਲਾ)

**(1961 ਵਿਚ ਸ੍ਰੀ 108 ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ ਵਾਲਿਆਂ ਦੇ ਚੰਡੀਗੜ੍ਹ ਦੇ ਦੀਵਾਨਾਂ ਸਮੇਂ ਉਨ੍ਹਾਂ ਦੀ ਰਿਹਾਇਸ਼ੀ ਕੋਠੀ ਵਿਚ ਹੋਏ ਬਚਨ)**

ਅੱਜ ਬਹੁਤ ਸਾਰੀ ਸੰਗਤ ਦੇ ਪ੍ਰੇਮੀ ਹਰ ਰੋਜ਼ ਦੇ ਮੁਤਾਬਿਕ ਸੰਤ ਮਹਾਰਾਜ ਜੀ ਦੇ ਆਉਣ ਤੋਂ ਪਹਿਲਾਂ ਹੀ ਬੜੇ ਪਿਆਰ ਤੇ ਸ਼ਰਧਾ ਨਾਲ ਬੈਠੇ, ਘੜੀਆਂ ਵਲ ਦੇਖ ਰਹੇ ਸਨ। ਸਹੀ ਟਾਈਮ ਤੇ ਮਹਾਂਪੁਰਸ਼ ਬਾਹਰ ਆਏ ਅਤੇ ਆਪਣੀ ਸੀਟ ਤੇ ਬਿਰਾਜਮਾਨ ਹੋ ਗਏ। ਪ੍ਰੇਮੀਆਂ ਨੇ ਸ਼ਰਧਾ ਵਜੋਂ ਫਤਹਿ ਬੁਲਾਈ, ਸੀਸ ਨਿਵਾਇਆ ਅਤੇ ਬੈਠ ਗਏ। ਮਹਾਂਪੁਰਸ਼ਾਂ ਨੇ ਇਕ ਪਿਆਰ ਭਰੀ ਦ੍ਰਿਸ਼ਟੀ ਨਾਲ ਸਾਰੀ ਸੰਗਤ ਵਲ ਨਿਗ੍ਹਾ ਮਾਰੀ, ਆਪ ਮੁਸਕਰਾਏ ਅਤੇ ਆਪ ਦੇ ਮੁਖਾਰਬਿੰਦ ਤੋਂ ਫੁਰਮਾਨ ਹੋਇਆ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ***
***ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਅੰਗ – 12***

***ਚੌਰਾਸੀ ਲੱਖ ਜੋਨਿ ਵਿੱਚ***
***ਉਤਮ ਜਨਮ ਸੁ ਮਾਨਸ ਦੇਹੀ।***
***ਭਾਈ ਗੁਰਦਾਸ ਜੀ, ਵਾਰ – 1/3***

ਆਪ ਨੇ ਸਾਰੀ ਸੰਗਤ ਵਲ ਦ੍ਰਿਸ਼ਟੀ ਕਰਦਿਆਂ ਫੁਰਮਾਨ ਕੀਤਾ ਕਿ ਤੁਹਾਡੇ ਵਿਚੋਂ ਤਾਂ ਬਹੁਤ ਪ੍ਰੇਮੀ ਐਸੇ ਹੋਣਗੇ ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਦੇ ਇਹ ਮਹਾਂਵਾਕ ਯਾਦ ਰਹਿੰਦੇ ਹੋਣਗੇ। ਇਹ ਬਚਨ ਸੁਣ ਕੇ ਸਾਰੇ ਪ੍ਰੇਮੀ ਇਕ ਦੂਜੇ ਵਲ ਵੇਖਣ ਲਗ ਗਏ ਤਾਂ ਥੋੜ੍ਹੇ ਸਮੇਂ ਪਿਛੋਂ ਆਵਾਜ਼ ਆਈ ਕਿ ਮਹਾਰਾਜ ਜੀ! ਯਾਦਦਾਸ਼ਤ ਦੇ ਅੰਦਰ ਹਜ਼ਾਰਾਂ ਹੀ ਪੁਸਤਕਾਂ, ਹਜ਼ਾਰਾਂ ਹੀ ਸ਼ੁਭ ਉਪਦੇਸ਼ ਇਸ ਤਰ੍ਹਾਂ ਪਏ ਹਨ ਜਿਵੇਂ ਇਕ ਲਾਇਬ੍ਰੇਰੀ ਵਿਚ ਹਜ਼ਾਰਾਂ ਕਿਤਾਬਾਂ ਰੈਕਾਂ ਵਿਚ ਰੱਖੀਆਂ ਹੁੰਦੀਆਂ ਹਨ। ਪੁਸਤਕ ਵੇਖੀ ਜਾਂਦੀ ਹੈ, ਉਸਦਾ title ਪਛਾਣ ਵਿਚ ਆ ਜਾਂਦਾ ਹੈ ਅਤੇ ਪਤਾ ਲਗ ਜਾਂਦਾ ਹੈ ਕਿ ਇਹ ਪੁਸਤਕ ਫਲਾਣੇ ਲੇਖਕ ਦੀ ਲਿਖੀ ਹੋਈ ਹੈ ਅਤੇ ਉਸ ਪੁਸਤਕ ਦਾ ਕੁਝ ਅੰਸ਼ ਯਾਦਦਾਸ਼ਤ ਵਿਚੋਂ ਉਭਰ ਕੇ ਪ੍ਰਗਟ ਹੋ ਜਾਂਦਾ ਹੈ ਕਿ ਇਸ ਵਿਚ ਕਿਹੜੀ ਗੱਲ ਲਿਖੀ ਹੋਈ ਹੈ। ਇਸੇ ਤਰ੍ਹਾਂ ਨਾਲ ਇਹ ਬਾਣੀ ਜੋ ਆਪ ਜੀ ਦੇ ਮੁਖ ਤੋਂ ਉਚਾਰਨ ਹੋਈ ਹੈ, ਅਸੀਂ ਜਦੋਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ, ਉਸ ਵੇਲੇ ਇਕ ਸੈਕਿੰਡ ਵਾਸਤੇ ਸਾਡੀ ਯਾਦਦਾਸ਼ਤ ਵਿਚੋਂ ਹੋ ਕੇ ਉਚਾਰਨ ਹੁੰਦੀ ਹੋਈ ਲੰਘ ਜਾਂਦੀ ਹੈ ਪਰ ਇਹ ਸਦਾ ਹੀ ਯਾਦ ਨਹੀਂ ਰਹਿੰਦੀ, ਮਹਾਨ ਭੁੱਲ ਵਿਚ ਪਏ ਰਹਿੰਦੇ ਹਾਂ। ਐਡਾ ਕੀਮਤੀ ਉਪਦੇਸ਼ ਸਾਡੇ ਲਈ ਹੁੰਦਿਆਂ ਹੋਇਆਂ ਵੀ ਅਣਹੁੰਦਾ ਹੈ। ਹੁਣ ਆਪ ਦੇ ਮੁਖਾਰਬਿੰਦ ਤੋਂ ਸੁਣ ਕੇ ਇਸਦੇ ਭਾਵ ਦਾ ਕੁਝ ਅੰਸ਼ ਅਸਾਡੇ ਅੰਦਰ ਪ੍ਰਵੇਸ਼ ਕਰ ਗਿਆ ਹੈ ਪਰ ਸਾਡੇ ਉਪਰ ਕੋਈ ਅਸਰ ਨਹੀਂ ਹੁੰਦਾ। ਆਪ ਨੇ ਬੜੀ ਕ੍ਰਿਪਾ ਕੀਤੀ ਹੈ ਕਿ ਅਸਾਡਾ ਧਿਆਨ ਇਸ ਮਹਾਂਵਾਕ ਵਲ ਆਕਰਸ਼ਿਤ ਕੀਤਾ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਆਪ ਦੇ ਮੁਖਾਰਬਿੰਦ ਤੋਂ ਇਸ ਬਾਰੇ ਸ੍ਰਵਣ ਕਰੀਏ।

ਮਹਾਂਪੁਰਸ਼ ਉਤਰ ਸੁਣ ਕੇ ਮੁਸਕਰਾਏ ਅਤੇ ਕਿਹਾ ਕਿ ਇਕ ਗੱਲ ਦੱਸੋ! ਕਿਸੇ ਆਦਮੀ ਦੇ ਪਾਸ ਆਪਣੇ bag ਵਿਚ ਇਕ ਲੱਖ ਰੁਪਿਆ ਪਾਇਆ ਹੋਵੇ, ਉਸ ਨੂੰ ਗਰਮੀ ਦੇ ਮਹੀਨੇ ਜਾਂਦਿਆਂ-ਜਾਂਦਿਆਂ ਪਿਆਸ ਬਹੁਤ ਆਤਰ ਕਰ ਰਹੀ ਹੋਵੇ ਪਰ ਇਸ ਮਾਇਆ ਬਾਰੇ ਵਿ-ਸਿਮ੍ਰਿਤੀ ਹੋ ਗਈ ਹੋਵੇ ਤਾਂ ਸਭ ਕੁਛ ਹੁੰਦਿਆਂ ਹੋਇਆਂ ਵੀ ਉਹ ਪਿਆਸਾ, ਪਿਆਸ ਨਾਲ ਪੀੜਤ ਰਹੇਗਾ। ਜੇ ਉਸ ਨੇ ਆਪਣੀ ਹੁੰਦੀ ਹੋਈ

ਮਾਇਆ ਦਾ ਵੀ ਕੋਈ ਲਾਭ ਨਾ ਉਠਾਇਆ, ਤਾਂ ਉਸਦੀ ਮਾਇਆ bag ਵਿਚ ਪਈ ਹੋਈ ਇਕ ਬੋਝ ਹੀ ਹੋਈ। ਇਸੇ ਤਰ੍ਹਾਂ ਨਾਲ ਗੁਰਬਾਣੀ ਦੇ ਅੰਦਰ ਅਨੇਕਾਂ ਹੀ ਵਿਘਨਾਂ ਦੇ ਨਾਸ਼ ਕਰਨ ਵਾਲੇ, ਦੁਖ ਸੰਤਾਪ ਤੋਂ ਖਲਾਸੀ ਕਰਾਉਣ ਵਾਲੇ, ਪ੍ਰੇਮ ਸੁਖ ਦੇ ਵਿਚ ਲੀਨ ਹੋਣ ਦਾ ਰਸਤਾ ਦੱਸਦੇ ਬੇਅੰਤ ਉਪਦੇਸ਼ ਹਨ। ਜੇ ਉਨ੍ਹਾਂ ਵਲ ਪੂਰੀ ਤਰ੍ਹਾਂ ਨਾਲ ਧਿਆਨ ਨਾ ਦਿਤਾ ਜਾਵੇ ਤਾਂ ਫਿਰ ਉਹ ਯਾਦਦਾਸ਼ਤ ਦੇ ਸਟੋਰ ਵਿਚ ਸਾਂਭੀਆਂ ਕੀਮਤੀ ਚੀਜ਼ਾਂ ਹੀ ਹਨ, ਜੋ ਕੇਵਲ ਸਾਂਭ ਕੇ ਰੱਖੀਆਂ ਹੋਈਆਂ ਹੀ ਹਨ, ਉਨ੍ਹਾਂ ਤੋਂ ਕੋਈ ਫਾਇਦਾ ਨਹੀਂ ਉਠਾਇਆ ਜਾ ਰਿਹਾ। ਚਾਹੀਦਾ ਤਾਂ ਇਹ ਹੈ ਕਿ ਗੁਰੂ ਮਹਾਰਾਜ ਦੇ ਉਪਦੇਸ਼ ਸਦਾ ਹੀ ਹਿਰਦੇ ਵਿਚ ਹਾਜ਼ਰ ਰਹਿਣ। ਮਿਸਾਲ ਦੇ ਤੌਰ ਤੇ ਜਿਵੇਂ ਹੁਣੇ ਹੀ ਪੜ੍ਹਿਆ ਹੈ - ***'ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।'*** ਪੜ੍ਹਦੇ ਸਾਰ ਇਸ ਮਹਾਨ ਉਪਦੇਸ਼ ਦਾ ਧੁਰ ਹਿਰਦੇ ਵਿਚ ਪ੍ਰਵੇਸ਼ ਹੋਵੇ ਅਤੇ ਇਕ ਦਮ ਹੌਲ ਪੈ ਜਾਵੇ ਕਿ ਮੈਨੂੰ ਇਹ ਮਨੁੱਖਾ ਦੇਹੀ ਵਾਹਿਗੁਰੂ ਦੀ ਅਪਾਰ ਕ੍ਰਿਪਾ ਦੇ ਨਾਲ ਪ੍ਰਾਪਤ ਹੋਈ ਹੈ ਅਤੇ ਪ੍ਰਭੂ ਪ੍ਰਾਪਤੀ ਵਾਸਤੇ ਮਿਲੀ ਹੈ ਪਰ ਇਸ ਬਾਰੇ ਮੈਂ ਕੁਝ ਵੀ ਨਹੀਂ ਕਰ ਸਕਿਆ। ਮੈਂ ਪ੍ਰਭੂ ਦੀ ਭਗਤੀ ਛੱਡ ਕੇ ਅਵਰ ਕਾਜ ਵਿਚ ਗੁਲਤਾਨ ਹੋ ਕੇ ਆਪਣਾ ਸਮਾਂ ਵਿਅਰਥ ਹੀ ਗੁਆ ਦਿਤਾ ਹੈ। ਸੋਚਦਿਆਂ, ਕੰਬ ਜਾਣਾ ਚਾਹੀਦਾ ਹੈ ਕਿ ਸਮਾਂ ਅਜਾਈਂ ਲੰਘ ਗਿਆ। ਲੰਘਿਆ ਹੋਇਆ ਵਾਪਸ ਨਹੀਂ ਪਰਤਾਇਆ ਜਾ ਸਕਦਾ। ਨਾ ਤਾਂ ਇਹ ਟੇਪ ਰਿਕਾਰਡ ਦੀ ਰੀਲ੍ਹ ਹੈ ਅਤੇ ਨਾ ਹੀ ਫਿਲਮ ਹੈ ਜਿਸਨੂੰ reverse ਕੀਤਾ ਜਾ ਸਕੇ। ਆਦਮੀ ਦੇ ਮਨ ਵਿਚ ਅਫਸੋਸ ਪੈਦਾ ਹੋ ਜਾਣਾ ਚਾਹੀਦਾ ਹੈ ਕਿ ਮੈਂ ਅਤਿ ਕੀਮਤੀ ਸਮਾਂ ਅਜਾਈਂ ਬਰਬਾਦ ਕਰ ਦਿਤਾ ਅਤੇ ਮੈਂ ਪ੍ਰਭੂ ਪ੍ਰਾਪਤੀ ਵਾਸਤੇ ਕੁਝ ਵੀ ਨਾ ਕਰ ਸਕਿਆ। ਨਾ ਤਾਂ ਕੋਈ ਪੂਰਨ ਤੱਤ ਬੇਤਾ ਸਾਧੂ, ਗੁਰਮੁਖ, ਰੱਬ ਦਾ ਪਿਆਰਾ ਗੁਰਸਿੱਖ ਹੀ ਮਿਲਿਆ ਜਿਸਦੀ ਸੰਗਤ ਵਿਚ ਮੈਂ ਨਾਮ ਜਪ ਸਕਦਾ। ਹੁਣ ਵੀ ਅਸੀਂ ਇਸ ਮਹਾਂਵਾਕ ਨੂੰ ਪੜ੍ਹ ਕੇ ਕੇਵਲ ਜਾਣਿਆਂ ਹੀ ਹੈ ਕਿ ਮਾਨਸ ਦੇਹ ਮਿਲੀ ਹੈ - ਪ੍ਰਭੂ ਦੀ ਪ੍ਰਾਪਤੀ ਲਈ। ਜੇ ਅਸੀਂ ਇਹ ਜਾਣ ਜਾਈਏ ਕਿ ਡਾਇਨਿੰਗ ਟੇਬਲ ਤੇ ਪਿਆ ਹੋਇਆ ਪ੍ਰਸ਼ਾਦੇ ਦਾ ਥਾਲ ਖਾਣ ਵਾਸਤੇ ਮਿਲਿਆ ਹੈ, ਅਸੀਂ ਅਤਿ ਭੁੱਖੇ ਹੋਈਏ ਤਾਂ ਤੁਸੀਂ ਆਪ ਹੀ ਦੱਸੋ ਕਿ ਇਹ ਜਾਨਣ ਨਾਲ ਖੁਦੀਆ (ਭੁੱਖ) ਨਵਿਰਤ ਹੋ ਜਾਵੇਗੀ? ਬਿਲਕੁਲ ਇਹੀ ਹਾਲ ਅਸਾਡੇ ਨਾਲ ਵਰਤ ਰਿਹਾ ਹੈ, ਪੜ੍ਹ ਤਾਂ ਲਿਆ - ***'ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।*** ਕੀ ਅਸਰ ਹੋਇਆ ਇਸ ਵਾਕ ਦਾ ਸਾਡੇ ਉਤੇ? 'ਅਵਰਿ ਕਾਜ ਤੇਰੈ ਕਿਤੈ ਨ ਕਾਮ।। ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।' ਇਹ ਦੋ ਹਦਾਇਤਾਂ ਹਨ ਪਰ ਇਸਦਾ ਵੀ ਕੋਈ ਅਸਰ ਨਹੀਂ ਹੋਇਆ। ਸੋ ਕੇਵਲ ਜਾਨਣਾ ਹੀ ਕੋਈ ਮਹੱਤਤਾ ਵਾਲੀ ਬਾਤ ਨਹੀਂ ਹੈ, ਇਕ ਵਾਧੂ ਦਾ load (ਭਾਰ) ਹੈ ਜੋ ਅਸੀਂ ਆਪਣੇ ਦਿਮਾਗ ਉਤੇ ਪਾਈ ਰੱਖਦੇ ਹਾਂ।

ਮਹਾਂਪੁਰਸ਼ਾਂ ਦੇ ਇਹ ਬਚਨ ਸੁਣ ਕੇ ਸਾਰਿਆਂ ਨੇ ਨੀਵੀਂ ਪਾ ਲਈ ਅਤੇ ਬਚਨ ਦਾ ਅੰਦਰ ਹੀ ਅੰਦਰ ਨਿਰਣਾ ਕਰਨਾ ਸ਼ੁਰੂ ਕਰ ਦਿਤਾ ਕਿ ਮਹਾਂਪੁਰਸ਼ ਠੀਕ ਹੀ ਆਖ ਰਹੇ ਹਨ। ਅਸੀਂ ਕੇਵਲ ਯਾਦਦਾਸ਼ਤ ਦੇ ਬਲ ਤੇ ਇਹ ਤੁਕਾਂ ਪੜ੍ਹ ਲੈਂਦੇ ਹਾਂ, ਗਾ ਲੈਂਦੇ ਹਾਂ, ਅਰਥ ਕਰ ਲੈਂਦੇ ਹਾਂ ਪਰ ਕਰਿਆ ਤਾਂ ਅਸੀਂ ਕੁਝ ਵੀ ਨਹੀਂ ਨਾ। ਕਰਿਆ ਕੀ ਜਾਵੇ? ਉਹ ਕਿਹੜੀ ਸ਼ਕਤੀ ਹੈ ਜਿਹੜੀ ਇਸ ਮਹਾਂਵਾਕ ਦੇ ਗਹਿਰੇ ਭਾਵ ਅਸਾਡੇ ਅੰਦਰ ਪ੍ਰਵੇਸ਼ ਨਹੀਂ ਹੋਣ ਦਿੰਦੀ? ਅਜਿਹੇ ਖਿਆਲ ਅਸਾਨੂੰ ਆ ਰਹੇ ਸਨ ਕਿ ਮਹਾਂਪੁਰਖ ਅਚਾਨਕ ਫੇਰ ਬਚਨ ਕਰਨ ਲੱਗੇ ਕਿ ਪਿਆਰਿਓ! ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਅਨੇਕ ਰੂਪ ਧਾਰ ਕੇ ਨਾਲ ਹੀ ਆਪਣੀ ਮਾਇਆ ਦਾ ਪਸਾਰਾ ਕਰ ਦਿਤਾ ਹੈ -

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ।।***
***ਨਾਨਾ ਰੂਪੁ ਧਰੇ ਬਹੁ ਰੰਗੀ***

***ਸਭ ਤੇ ਰਹੈ ਨਿਆਰਾ॥***

***ਅੰਗ - 537***

ਉਹ ਮਾਇਆ ਦਾ ਕੰਮ ਹੀ ਇਸ ਜੀਵ ਨੂੰ ਅਸਲੀਅਤ ਤੋਂ ਲਾਂਭੇ ਰੱਖਣਾ ਹੈ ਅਤੇ ਘਟ-ਘਟ ਵਿਚ ਵਿਆਪਕ ਅੰਦਰ ਬਾਹਰ ਸਾਰੇ ਪ੍ਰੀਪੂਰਨ ਪ੍ਰਮੇਸ਼ਰ ਦੀ ਅਟੱਲ ਹੋਂਦ ਨੂੰ ਅਣਹੋਂਦ ਵਿਚ ਰੱਖਣਾ ਹੈ ਅਤੇ ਜੀਵ ਭੁੱਲਿਆ ਹੀ ਰਹਿੰਦਾ ਹੈ। ਬੱਦਲਾਂ ਵਿਚ ਜਿਵੇਂ ਬਿਜਲੀ ਚਮਕਦੀ ਹੈ, ਉਸਦਾ ਲਿਸ਼ਕਾਰਾ, ਕੁਝ ਸੈਕਿੰਡ ਵਾਸਤੇ ਰੋਸ਼ਨੀ ਦਿੰਦਾ ਹੈ, ਫਿਰ ਅਲੋਪ ਹੋ ਜਾਵੇ। ਇਸੇ ਤਰ੍ਹਾਂ ਨਾਲ ਮਹਾਂਪੁਰਸ਼ਾਂ ਦੇ ਸਤਿ ਬਚਨ ਘੁਪ ਹਨ੍ਹੇਰ ਦੇ ਵਿਚ ਪ੍ਰਕਾਸ਼ ਲਿਆਉਣ ਲਈ ਲਿਸ਼ਕਾਰਾ ਮਾਰਦੇ ਹਨ ਅਤੇ ਬਹੁਤ ਛੇਤੀਂ ਫੇਰ ਹਨ੍ਹੇਰਾ ਹੋ ਜਾਂਦਾ ਹੈ-

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ***
***ਜਨ ਕਉ ਜਨ ਕਹਾ ਕਰਹਿ ਬੇਚਾਰੇ॥***

***ਅੰਗ - 857***

ਮਾਇਆ ਦਾ ਕੰਮ ਹੀ ਭੁੱਲ ਪਾਉਣਾ ਹੈ ਅਤੇ ਜੀਵ ਦੀਆਂ ਬਿਰਤੀਆਂ ਆਪਣੇ ਮਨਮੋਹਣੇ, ਧੋਖਾ ਦੇਣ ਵਾਲੇ, ਠੱਗ ਲੈਣ ਵਾਲੇ ਰੂਪ ਵਿਚ ਪਰਚਾਅ ਕੇ ਰੱਖਣਾ ਹੀ ਹੈ ਅਤੇ ਇਸ ਦੇ ਅੰਦਰ ਵਾਹਿਗੁਰੂ ਦੇ ਮਿਲਾਪ ਦੀ ਰੁਚੀ ਪੈਦਾ ਨਾ ਹੋਣ ਦੇਣੀ, ਭੁੱਲ ਪਾ ਰੱਖਣੀ; ਇਸ ਮਾਇਆ ਦਾ ਹੀ ਕਰਤੱਵ ਹੈ ਜਿਸ ਦੇ ਨਾਲ ਮਨੁੱਖ ਦੇ ਅੰਦਰਲੀਆਂ ਸ਼ਕਤੀਆਂ ਮਨ, ਬੁੱਧੀ, ਚਿਤ ਰਲੇ ਰਹਿੰਦੇ ਹਨ। ਇਨ੍ਹਾਂ ਦੀ ਮਦਦ ਲਈ ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ, ਈਰਖਾ, ਨਿੰਦਾ, ਚੁਗਲੀ, ਦ੍ਵੈਸ਼, ਧੋਖਾ, ਫਰੇਬ, ਪਾਖੰਡ, ਬੁਰਾ ਚਿਤਵਨਾ, ਬੁਰਾ ਕਰਨਾ, ਦੁਖ ਦੇਣਾ, ਅਹਿੰਸਾ, ਤ੍ਰਿਸ਼ਨਾ, ਆਸਾ, ਅੰਦੇਸਾ, ਵਾਸ਼ਨਾਵਾਂ ਆਦਿ ਦੀਆਂ ਅਨੇਕ ਸ਼ਕਤੀਆਂ ਇਸ ਜੀਵ ਨੂੰ ਬੇ-ਵਸ ਕਰਕੇ ਰਖਦੀਆਂ ਹਨ ਅਤੇ ਅਜਿਹੇ ਸੁਨਹਿਰੀ ਉਪਦੇਸ਼ ਨੂੰ ਧੁਰ-ਅੰਦਰ ਜਾਣ ਤੋਂ ਪੂਰੀ ਸ਼ਕਤੀ ਦੇ ਨਾਲ ਰੋਕਦੀਆਂ ਹਨ। ਕਰਿਆ ਕੀ ਜਾਵੇ? ਇਹ ਜੀਵ ਬੇ-ਵਸ ਇਕੱਲਾ ਹੈ, ਇਸ ਵਿਚ ਇਹ ਤਾਕਤ ਨਹੀਂ ਕਿ ਉਹ ਆਪਣੇ ਅੰਦਰ ਰਹਿ ਰਹੀਆਂ ਮਾਰੂ ਸ਼ਕਤੀਆਂ ਦਾ ਮੁਕਾਬਲਾ ਕਰ ਸਕੇ। ਇਸ ਦੇ ਵਾਸਤੇ ਉਸਨੂੰ ਪੂਰਨ ਮਹਾਂਪੁਰਸ਼, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਬ੍ਰਹਮਗਿਆਨੀ ਦੀ ਸੰਗਤ ਅਤੇ ਉਸ ਨਾਲ ਪਿਆਰ, ਪ੍ਰੇਮ ਦੀ ਵਰਤੋਂ ਦੀ ਲੋੜ ਹੈ ਕਿਉਂਕਿ ਅਜਿਹੇ ਸਤਿਪੁਰਸ਼ਾਂ ਨੂੰ ਮਿਲ ਕੇ ਤੁਹਾਡੇ ਅੰਦਰ ਕੁਝ ਤਾਕਤ ਉਨ੍ਹਾਂ ਦੇ ਪ੍ਰਭਾਵ ਕਰਕੇ ਆਉਣੀ ਸ਼ੁਰੂ ਹੋ ਜਾਵੇਗੀ ਅਤੇ ਹਨ੍ਹੇਰਾ ਗਾਇਬ (ਖਤਮ) ਹੁੰਦਾ ਲਗੇਗਾ ਅਤੇ ਪ੍ਰਕਾਸ਼ ਦੀ ਕਿਰਨ ਚਮਕਣੀ ਸ਼ੁਰੂ ਹੋ ਜਾਵੇਗੀ ਕਿਉਂਕਿ ਉਨ੍ਹਾਂ ਨਾਲ ਪਿਆਰ ਹੈ। ਉਨ੍ਹਾਂ ਦਾ ਸਤਿਕਾਰ ਹਿਰਦੇ ਵਿਚ ਪ੍ਰਵੇਸ਼ ਕਰੇਗਾ ਅਤੇ ਉਨ੍ਹਾਂ ਦੇ ਕਹੇ ਹੋਏ ਬਚਨਾਂ ਨੂੰ ਪੂਰੀ ਸ਼ਰਧਾ ਦੇ ਨਾਲ, ਦ੍ਰਿੜ੍ਹਤਾ ਦੇ ਨਾਲ ਪਾਲਣ ਦਾ ਜਤਨ ਕਰੇਗਾ। ਗੁਰਮੁਖਾਂ ਦੀ ਸੰਗਤ ਪ੍ਰਾਪਤ ਹੁੰਦੇ ਸਾਰ ਇਹ 'ਆਸਰੀ ਸ਼ਕਤੀਆਂ' ਆਪਣੇ ਆਪ ਹੀ ਅਲੋਪ ਹੋਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਹਨ ਅਤੇ ਫਿਰ ਸਤਿ ਬਚਨਾਂ ਤੇ ਪ੍ਰਤੀਤ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰਮੁਖ ਦਾ ਪਿਆਰ ਪ੍ਰਤੱਖ ਭਾਸਣ ਲਗ ਜਾਂਦਾ ਹੈ। ਤੁਸੀਂ ਸਾਰੇ ਜਾਣਦੇ ਹੀ ਹੋਂ ਕਿ ਇਕ ਚਰਿਤ੍ਰਹੀਣ ਇਸਤ੍ਰੀ ਦਾ ਵਜੂਦ ਜੇ ਮਨ ਵਿਚ ਪ੍ਰਵੇਸ਼ ਹੋ ਜਾਵੇ ਤਾਂ ਆਦਮੀ ਦੇ ਅੰਦਰ ਕਿੰਨੀ ਉਥਲ-ਪੁਥਲ ਹੋਣੀ ਸ਼ੁਰੂ ਹੋ ਜਾਇਆ ਕਰਦੀ ਹੈ; ਕੋਈ ਨੰਗੇਜ਼ ਦਾ ਚਿਤਰ ਅੰਦਰ ਵਸ ਜਾਵੇ ਤਾਂ ਉਸਦੇ ਅਸਰ ਹੇਠ ਆਦਮੀ ਦੇ ਅੰਦਰ ਕਿੰਨੀ ਅਦਲਾ ਬਦਲੀ ਹੁੰਦੀ ਹੈ। ਇਸ ਕਰਕੇ ਗੁਰਮੁਖ ਦੇ ਦਰਸ਼ਨ, ਮਹਾਂਪੁਰਸ਼ਾਂ ਦੀ ਸੰਗਤ, ਮਹਾਂਪੁਰਸ਼ਾਂ ਦੇ ਬਚਨ ਸੁਣਨ ਲਈ ਤਾਕੀਦ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਾਰ-ਬਾਰ ਕੀਤੀ ਜਾਂਦੀ ਹੈ। ਇਸ ਵਾਕ ਵਿਚ ਵੀ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - 12***

ਸੋ ਇਸ ਤਰ੍ਹਾਂ ਨਾਲ ਸਤਿਪੁਰਸ਼ਾਂ ਦੀ ਸੰਗਤ ਦੀ ਬਹੁਤ ਹੀ ਆਵਸ਼ਕਤਾ ਹੈ। ਗੁਰਬਾਣੀ ਦੇ ਅੰਦਰ ਜਦੋਂ ਤੁਸੀਂ ਵਿਚਾਰ ਕਰੋਂਗੇ ਤਾਂ ਇਹ ਫੁਰਮਾਨ ਬਾਰ-ਬਾਰ ਗੁਰੂ ਮਹਾਰਾਜ ਜੀ ਵਲੋਂ

ਆਉਂਦੇ ਹੀ ਰਹਿਣਗੇ।

ਮਾਨਸ ਸਰੀਰ ਅਸ਼ਰਫ-ਉਲ-ਮਖਲੂਕਾਤ ਕਹਿਲਾਉਂਦਾ ਹੈ ਅਤੇ ਪ੍ਰਭੂ ਮਿਲਾਪ ਵਾਸਤੇ ਬਹੁਤ ਹੀ ਦੁਰਲਭ ਮੌਕਾ ਹੈ। ਮਨੁੱਖੀ ਸਰੀਰ ਤੋਂ ਇਲਾਵਾ ਪ੍ਰਭੂ ਨੇ ਇਸ earth planet (ਧਰਤੀ) ਉਤੇ ਸਭ 84 ਲੱਖ ਜੂਨੀਆਂ, ਚਾਰ ਖਾਣੀਆਂ ਵਿਚ ਪ੍ਰਗਟ ਕੀਤੀਆਂ ਹਨ। 84 ਲੱਖ ਜੂਨੀਆਂ ਵਿਚ ਬੁੱਧੀਹੀਣਤਾ ਹੋਣ ਕਰਕੇ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਸਕਦੀ ਕਿ ਵਾਹਿਗੁਰੂ ਜੀ ਕੋਈ ਹਨ ਅਤੇ ਉਨ੍ਹਾਂ ਨੂੰ ਮਿਲ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। 84 ਲੱਖ ਦੀ ਰਚਨਾ ਵਿਚ ਸਿਰਫ ਮਨੁੱਖ ਦੇਹੀ ਹੀ ਇਕ ਐਸੀ ਹੈ ਜਿਸ ਵਿਚ ਪ੍ਰਭੂ ਨੇ ਰਸਤਾ ਰੱਖਿਆ ਹੋਇਆ ਹੈ ਕਿ ਇਹ ਜੀਵ ਮੇਰੇ ਤਕ ਪਹੁੰਚ ਕੇ ਸਾਰੇ ਦੁਖਾਂ ਤੋਂ ਬਰੀ ਹੋ ਸਕੇ। ਕੇਵਲ ਇਸੇ ਸਰੀਰ ਵਿਚ ਉਹ ਅੱਖ provide ਕੀਤੀ ਹੋਈ ਹੈ ਜਿਸ ਰਾਹੀਂ ਅਸੀਂ ਪ੍ਰਭੂ ਦੇ ਸਾਂਗੋ-ਪਾਂਗ ਦਰਸ਼ਨ ਕਰ ਸਕਦੇ ਹਾਂ ਅਤੇ ਅਸੀਂ ਆਪਣੇ ਬਾਰੇ ਵੀ ਜਾਣ ਸਕਦੇ ਹਾਂ ਕਿ ਅਸੀਂ ਕੌਣ ਹਾਂ। ਇਸ ਸਰੀਰ ਦੀ ਬਣਤਰ ਵਿਚ ਵਾਹਿਗੁਰੂ ਜੀ ਨੇ ਨੌਂ ਦੁਆਰਿਆਂ ਵਾਲਾ ਸਰੀਰ ਰੂਪੀ ਕਿਲਾ ਰਚਿਆ ਹੈ ਜਿਸ ਵਿਚ ਦਸਵਾਂ ਦਰਵਾਜ਼ਾ ਗੁਪਤ ਰੱਖਿਆ ਹੋਇਆ ਹੈ। ਉਹ ਆਪਣੇ ਆਪ ਅੱਜ ਤਕ ਕਿਸੇ ਤੋਂ ਨਹੀਂ ਖੁਲ੍ਹਿਆ ਭਾਵੇਂ ਅਨੇਕਾਂ ਹੀ ਜਤਨ ਤਪਾਂ, ਜਪਾਂ ਦੇ ਮਨੁੱਖ ਨੇ ਕੀਤੇ ਹਨ। ਸੰਸਾਰ ਦੇ ਭਲੇ ਹਿਤ ਵਾਹਿਗੁਰੂ ਜੀ ਨੇ ਮਹਾਂਪੁਰਸ਼ਾਂ, ਆਰਫਾਂ, ਸੰਤਾਂ, ਬ੍ਰਹਮਗਿਆਨੀਆਂ, ਸਾਧੂਆਂ, ਗੁਰਮੁਖਾਂ, ਗੁਰੂਆਂ, ਪੀਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ ਨੂੰ ਸੰਸਾਰ ਤੇ ਭੇਜਿਆ ਕਿ ਉਹ 84 ਲੱਖ ਜੂਨੀਆਂ ਵਿਚ ਭਟਕਦੇ ਜੀਵ ਨੂੰ ਪ੍ਰਭੂ ਮਿਲਾਪ ਦਾ ਰਸਤਾ ਦੱਸ ਕੇ ਉਸਦੀ ਕਲਿਆਣ ਕਰਨ। ਸੋ ਪ੍ਰਭੂ ਮਿਲਾਪ ਦੀ ਜੋ ਚਾਬੀ ਹੈ ਉਹ ਕੇਵਲ ਸਮਰੱਥ ਗੁਰੂ ਕੋਲ ਹੀ ਹੋਇਆ ਕਰਦੀ ਹੈ ਅਤੇ ਸਮਰੱਥ ਗੁਰੂ ਓਹੀਓ ਹੋਇਆ ਕਰਦਾ ਹੈ ਜੋ ਉਸ ਦੁਆਰੇ ਦੀ ਚਾਬੀ ਰਾਹੀਂ ਬੱਜਰ ਕਪਾਟ ਖੋਲ੍ਹ ਕੇ ਪ੍ਰਭੂ ਦੇ ਦਰਸ਼ਨ ਇਸ ਸਰੀਰ ਦੇ ਅੰਦਰੋਂ ਹੀ ਕਰਾ ਦੇਵੇ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥***

***ਅੰਗ - 205***

ਗੁਰੂ ਦੇ ਕੋਲ ਸ਼ਬਦ ਰੂਪੀ ਚਾਬੀ ਹੋਇਆ ਕਰਦੀ ਹੈ। ਸ਼ਬਦ ਤੋਂ ਬਗੈਰ ਅੰਦਰ ਘੁੱਪ ਹਨ੍ਹੇਰ ਪਸਰਿਆ ਰਹਿੰਦਾ ਹੈ; ਸੋਝੀ ਕੋਈ ਨਹੀਂ ਹੁੰਦੀ, ਦ੍ਰਿਸ਼ਟੀ ਕੁਝ ਭੀ ਨਹੀਂ ਆਉਂਦਾ, ਇਹ ਜੀਵ ਹਨ੍ਹੇਰੇ ਵਿਚ ਭਟਕਦਾ ਹੈ। ਜਦੋਂ ਸਮਰੱਥ ਗੁਰੂ ਤੋਂ ਸ਼ਬਦ ਰੂਪੀ ਚਾਬੀ ਮਿਲ ਜਾਵੇ ਤਾਂ ਇਹਦੀ ਵਰਤੋਂ ਕਰਕੇ ਅੰਦਰ ਪ੍ਰਕਾਸ਼ ਹੋ ਜਾਇਆ ਕਰਦਾ ਹੈ ਜਿਸ ਨਾਲ ਅਤਿ ਉਤਮ ਪ੍ਰਭੂ ਦੇ ਦੀਦਾਰੇ ਹੋ ਜਾਂਦੇ ਹਨ ਅਤੇ ਆਪਣੇ ਆਪ ਦੀ ਸੋਝੀ ਹੋ ਜਾਇਆ ਕਰਦੀ ਹੈ -

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ***
***ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥***

***ਅੰਗ - 124***

ਸਾਰੇ ਮਤਾਂ-ਮਤਾਂਤਰਾਂ ਦੇ ਆਪੋ ਆਪਣੇ ਤਰੀਕੇ ਹੋਇਆ ਕਰਦੇ ਹਨ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਗੁਰਸਿੱਖ ਮੰਡਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ ਸਤਿਗੁਰੂ ਦਾ ਐਲਾਨ ਕਰਕੇ ਪੰਜ ਪਿਆਰਿਆਂ ਰਾਹੀਂ ਨਾਮ ਦੀ ਦਾਤ ਦੇਣ ਦੀ ਰੀਤ ਪ੍ਰਗਟ ਕੀਤੀ ਅਤੇ ਗੁਰੂ ਘਰ ਦੇ ਮਹਾਂਪੁਰਸ਼ ਤੱਤ ਬੇਤਿਆਂ ਗੁਰਸਿੱਖਾਂ, ਗੁਰਮੁਖਾਂ ਦੀ ਮਦਦ ਨਾਲ ਸ਼ਰਧਾ ਪ੍ਰੇਮ ਵਿਚ ਰਹਿੰਦਿਆਂ ਅਤੇ ਮਹਾਂਪੁਰਸ਼ਾਂ ਨੂੰ ਅਭੇਦ ਅਵਸਥਾ ਵਿਚ ਜਾਣਦਿਆਂ ਪ੍ਰਭੂ ਦਾ ਰੂਪ ਜਾਣ ਕੇ ਪ੍ਰਾਪਤੀਆਂ ਕਰਨ ਦੀ ਤਾਕੀਦ ਕੀਤੀ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਜਿਨਾ ਨ ਵਿਸਰੈ ਨਾਮੁ***
***ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ***

***ਸਾਂਈ ਜੇਹਿਆ।।                    ਅੰਗ- 397***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।***
***ਨਾਨਕ ਬ੍ਰਹਮ ਗਿਆਨੀ***
***ਆਪਿ ਪਰਮੇਸੁਰ।।              ਅੰਗ - 273***

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ।।***
***(ਸਰਬ ਲੋਹ ਗ੍ਰੰਥ 'ਚੋਂ)***

ਸੋ ਇਸ ਕਰਕੇ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਦਾਇਤਾਂ ਉਪਰ ਪੂਰੀ ਤਰ੍ਹਾਂ ਅਮਲ ਕਰਾਂਗੇ ਤਾਂ ਅਸਾਨੂੰ ਗੁਰ ਸ਼ਬਦ ਰੂਪੀ ਚਾਬੀ ਦੀ ਵਰਤੋਂ ਕਰਕੇ ਆਪਣੀ ਮੰਜ਼ਿਲੇ ਮਕਸੂਦ ਤਕ ਪਹੁੰਚਣ ਦੀ ਸਮਰਥਾ ਹੋ ਜਾਵੇਗੀ। ਮਹਾਂਪੁਰਸ਼ ਦ੍ਰਿੜ੍ਹ ਕਰਾ ਦਿੰਦੇ ਹਨ ਕਿ ਜਿਸ ਪ੍ਰਮੇਸ਼ਰ ਨੂੰ ਤੂੰ ਮਿਲਣਾ ਹੈ, ਉਹ ਸਦਾ ਹੀ ਤੇਰੇ ਨਾਲ ਰਹਿੰਦਾ ਹੈ; ਕਦੇ ਵੀ ਦੂਰ ਨਹੀਂ ਹੁੰਦਾ। ਜਿਵੇਂ ਹਰ ਇਨਸਾਨ ਦਾ ਮੂੰਹ, ਅੱਖ ਅਤੇ ਕੰਨ ਕਦੇ ਵੀ ਦੂਰ ਨਹੀਂ ਹੁੰਦੇ, ਪ੍ਰੰਤੂ ਆਪਣੇ ਮੂੰਹ ਅਤੇ ਅੱਖਾਂ ਦੇਖਣ ਲਈ ਸ਼ੀਸ਼ੇ ਦੀ ਜ਼ਰੂਰਤ ਪੈਂਦੀ ਹੈ। ਹਾਲਾਂਕਿ ਅੱਖਾਂ ਸਾਰਿਆਂ ਨੂੰ ਦੇਖਦੀਆਂ ਹਨ ਪਰ ਆਪਣੇ ਆਪ ਨੂੰ ਨਜ਼ਦੀਕਤਰ ਹੋਣ ਦੇ ਬਾਵਜੂਦ ਵੀ ਨਹੀਂ ਦੇਖ ਸਕਦੀਆਂ। ਦੇਖਣ ਲਈ ਸ਼ੀਸ਼ੇ ਦੀ ਮਦਦ ਦੀ ਜ਼ਰੂਰਤ ਹੈ ਪਰ ਜ਼ਰੂਰੀ ਹੈ ਕਿ ਇਹ ਸ਼ੀਸ਼ਾ ਸਿੱਧਾ ਹੋਵੇ, ਉਲਟਾ ਨਾ ਹੋਵੇ ਅਤੇ ਬਿਲਕੁਲ ਸਾਫ ਹੋਵੇ, ਮੈਲਾ ਨਾ ਹੋਵੇ। ਮੂੰਹ ਦੇ ਸਾਮ੍ਹਣੇ ਸਥਿਤ ਹੋਵੇ, ਐਧਰ ਉਧਰ ਹਿਲਦਾ-ਜੁਲਦਾ ਨਾ ਹੋਵੇ ਤਾਂ ਉਸ ਸ਼ੀਸ਼ੇ ਵਿਚੀਂ ਆਪਣੇ ਮੂੰਹ ਤੇ ਅੱਖਾਂ ਚਿਹਰਾ ਜਿਉਂ ਦਾ ਤਿਉਂ ਨਜ਼ਰ ਆ ਜਾਇਆ ਕਰਦਾ ਹੈ। ਜੇ ਸ਼ੀਸ਼ੇ ਉਤੇ ਮੈਲ ਲਗੀ ਹੋਵੇ ਤਾਂ ਸ਼ੁੱਧ ਚਿਹਰਾ ਨਜ਼ਰ ਨਹੀਂ ਆਉਂਦਾ। ਜੇ ਸ਼ੀਸ਼ੇ ਦੇ ਪਾਲਿਸ਼ ਵਿਚ ਗੜਬੜੀ ਹੋਵੇ ਤਾਂ ਵੀ ਆਪਣਾ ਚਿਹਰਾ ਸਹੀ ਨਜ਼ਰ ਨਹੀਂ ਆਉਂਦਾ। ਵਾਹਿਗੁਰੂ ਜੀ ਬਿਲਕੁਲ ਨਾਲ ਰਹਿੰਦਾ ਹੈ, ਸਾਰਿਆਂ ਦਾ ਆਪਣਾ ਸਰੂਪ ਹੈ, ਨੇੜੇ ਤੋਂ ਨੇੜੇ ਹੈ - ਜਿਵੇਂ ਹਰੇਕ ਦਾ ਮੂੰਹ ਤੇ ਅੱਖਾਂ। ਉਸ ਪ੍ਰਮਾਤਮਾ ਦਾ ਦਰਸ਼ਨ ਅੰਤਸ਼ਕਰਣ ਰੂਪੀ ਸ਼ੀਸ਼ੇ ਰਾਹੀਂ ਹੋਇਆ ਕਰਦਾ ਹੈ। ਪਰ ਜੇ ਬੁੱਧੀ ਵਿਚ ਵਾਹਿਗੁਰੂ ਦੀ ਹੋਂਦ ਦੀ ਭਾਵਨਾ, ਆਸਤਿਕਤਾ ਨਾ ਹੋਵੇ, ਇਸ ਦੇ ਵਿਪਰੀਤ ਨਾਸਤਿਕ ਭਾਵਨਾ ਹੋਵੇ ਅਤੇ ਅੰਤਸ਼ਕਰਣ ਗੰਦੇ ਖਿਆਲਾਂ ਦੀ ਮੈਲ ਨਾਲ ਭਰਿਆ ਹੋਵੇ ਤਾਂ ਵਾਹਿਗੁਰੂ ਜੀ ਦੇ, ਅੰਦਰ ਨਾਲ ਰਹਿੰਦਿਆਂ ਹੋਇਆਂ ਵੀ ਦਰਸ਼ਨ ਨਹੀਂ ਹੋਇਆ ਕਰਦਾ। ਅੰਤਸ਼ਕਰਣ ਵਿਚ ਵਿਖਸ਼ੇਪ ਦੋਸ਼, ਦਰਸ਼ਨ ਨਹੀਂ ਹੋਣ ਦਿਆ ਕਰਦਾ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦੇ ਵੇਦ ਵਿਆਸ (ਬ੍ਰਹਮਵਿਤ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ ਮਹਾਂਪੁਰਸ਼ਾਂ ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਬੀ ਮੰਨੀ ਗਈ ਹੈ।) ਫੁਰਮਾਉਂਦੇ ਹਨ ਕਿ ਪਰਮਪਦ ਦੀ ਪ੍ਰਾਪਤੀ ਵਾਸਤੇ ਨਿਮਨ ਅੰਕਿਤ ਸਾਧਨ, ਮਨਮਤਿ ਛੱਡ ਕੇ ਗੁਰਮਤਿ ਧਾਰ ਕੇ ਕਰਨੇ ਅਤਿਅੰਤ ਜ਼ਰੂਰੀ ਹਨ। ਆਪ ਫੁਰਮਾਨ ਕਰਦੇ ਹਨ -

***ਹਉਂ ਤਿਸ ਘੋਲ ਘੁਮਾਇਆ***
***ਗੁਰਮਤਿ ਰਿਦੈ ਗਰੀਬੀ ਆਵੈ।।***
***ਹਉਂ ਤਿਸ ਘੋਲਿ ਘੁਮਾਇਆ***
***ਪਰ ਨਾਰੀ ਦੇ ਨੇੜਿ ਨ ਜਾਵੈ।।***
***ਹਉਂ ਤਿਸ ਘੋਲ ਘੁਮਾਇਆ***
***ਪਰ ਦਰਬੇ ਨੂੰ ਹਥ ਨ ਲਾਵੈ।।***
***ਹਉਂ ਤਿਸ ਘੋਲ ਘੁਮਾਇਆ***
***ਪਰ ਨਿੰਦਾ ਸੁਣਿ ਆਪੁ ਹਟਾਵੈ।।***
***ਹਉਂ ਤਿਸ ਘੋਲ ਘੁਮਾਇਆ***
***ਸਤਿਗੁਰ ਦਾ ਉਪਦੇਸ਼ ਕਮਾਵੈ।।***
***ਹਉਂ ਤਿਸ ਘੋਲ ਘੁਮਾਇਆ***
***ਥੋੜਾ ਸਵੈ ਥੋੜਾ ਹੀ ਖਾਵੈ।।***
***ਗੁਰਮੁਖ ਸੋਈ ਸਹਜਿ ਸਮਾਵੈ।।***
***ਭਾਈ ਗੁਰਦਾਸ ਜੀ, ਵਾਰ - 12/4***

ਇਸਦੇ ਅੰਦਰ ਛੇ ਸਾਧਨਾਂ ਦਾ ਜ਼ਿਕਰ ਕੀਤਾ ਹੈ - ਪਹਿਲੀ ਵਿਚ ਨਿਮਰਤਾ (ਗਰੀਬੀ) ਆਦਿ ਦੀ, ਦੂਸਰੀ ਦੇ ਅੰਦਰ ਹਦਾਇਤ ਹੈ ਕਿ ਗੁਰਸਿੱਖ ਨੂੰ ਜਤ ਅਤੇ ਬ੍ਰਹਮਚਰਜ ਦਾ ਪਾਲਣ ਕਰਨਾ ਚਾਹੀਦਾ ਹੈ। ਗੁਰੂ ਘਰ ਵਿਚ ਗੁਰਮੁਖ, ਘਰ ਛਡ ਕੇ ਪਹਾੜਾਂ ਦੀਆਂ ਗੁਫਾਵਾਂ ਵਿਚ ਵਾਸ

ਨਹੀਂ ਕਰਦੇ ਸਗਮਾਂ ਘਰ ਵਿਚ ਰਹਿ ਕੇ, ਬਾਲ ਬੱਚਿਆਂ ਵਿਚ ਰਹਿ ਕੇ ਆਪਣੇ ਜਤ ਅਤੇ ਬ੍ਰਹਮਚਰਜ ਦਾ ਪਾਲਣ ਕਰਦੇ ਹਨ -

***ਏਕਾ ਨਾਰੀ ਜਤੀ ਹੋਇ***
***ਪਰ ਨਾਰੀ ਧੀ ਭੈਣ ਵਖਾਣੈ॥***
***ਭਾਈ ਗੁਰਦਾਸ ਜੀ, ਵਾਰ - 6/8***
***ਦੇਖ ਪਰਾਈਆਂ ਚੰਗੀਆਂ***
***ਮਾਵਾਂ ਭੈਣਾਂ ਧੀਆਂ ਜਾਣੈ॥***
***ਭਾਈ ਗੁਰਦਾਸ ਜੀ, ਵਾਰ - 29/11***
***ਪਰਨਾਰੀ ਕੀ ਸੇਜ,***
***ਭੂਲਿ ਸੁਪਨੇ ਹੂੰ ਨ ਜੈਯਹੁ॥***
***(ਰੂਪਕੁਅਰ ਪ੍ਰਥਾਇ, ਪਾ: 10)***
***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***
***ਅੰਗ - 274***

***ਤਕਹਿ ਨਾਰਿ ਪਰਾਈਆ***
***ਲੁਕਿ ਅੰਦਰਿ ਠਾਣੀ॥ ਅੰਗ - 315***

ਗ੍ਰਹਿਸਤ ਵਿਚ ਸੰਜਮ ਵਰਤਦਾ ਹੋਇਆ, ਆਪਣੇ ਸਰੀਰ ਦੀ ਸ਼ਕਤੀ ਨੂੰ ਬਰਕਰਾਰ ਰੱਖਦਾ ਹੋਇਆ ਮਰਿਯਾਦਾ ਵਿਚ ਰਹਿ ਕੇ ਭਜਨ ਬੰਦਗੀ ਕਰੇ ਅਤੇ ਪਰਾਈ ਇਸਤ੍ਰੀ ਵਲ ਮੰਦ ਨਿਗ੍ਹਾ ਨਾਲ ਨਾ ਤੱਕੇ। ਤੀਸਰੀ ਤੁਕ ਵਿਚ ਫੁਰਮਾਨ ਕਰਦੇ ਹਨ ਕਿ ਪਰਾਏ ਦਰਬ (ਪਰਾਏ ਧਨ) ਨੂੰ ਹੱਥ ਨਾ ਲਾਵੇ। ਆਪਣੀ ਕਿਰਤ ਦੀ ਸੁਚਤਾ ਉਤੇ ਪਹਿਰਾ ਦੇਵੇ ਅਤੇ ਦਸਾਂ ਨੌਹਾਂ ਦੀ ਘਾਲ ਕਮਾਈ ਕਰਕੇ ਜੋ ਕੁਝ ਮਿਲਦਾ ਹੈ, ਉਸ ਤੇ ਸੰਤੋਖ ਕਰਕੇ ਆਪਣਾ ਨਿਰਬਾਹ ਕਰਦਾ ਵਾਹਿਗੁਰੂ ਜੀ ਦਾ ਸ਼ੁਕਰ ਕਰੇ। ਇਸ ਵਿਚ ਪਰਾਏ ਧਨ ਦੀ ਚੋਰੀ, ਖੋਹ-ਖਿੰਝ, ਰਿਸ਼ਵਤ, ਮਿਲਾਵਟਾਂ, ਕਮਿਸ਼ਨ ਅਤੇ ਵੱਡੇ-ਵੱਡੇ ਸਕੈਂਡਲ ਆ ਜਾਂਦੇ ਹਨ। ਚੌਥਾ - ਪਰਾਈ ਨਿੰਦਾ ਕਰਕੇ ਖੁਸ਼ ਨਾ ਹੋਵੇ ਸਗਮਾਂ ਜੁਗਤ ਦੇ ਨਾਲ ਨਿੰਦਕ ਨੂੰ ਵਰਜ ਕੇ, ਸਹੀ ਰਸਤੇ ਤੇ ਚਲਣ ਦਾ ਉਪਦੇਸ਼ ਦੇਵੇ। ਪੰਜਵਾਂ - ਜੋ ਗੁਰੂ ਨੇ ਉਪਦੇਸ਼ ਦਿਤਾ ਹੈ, ਗੁਰਮੰਤ੍ਰ ਦਿਤਾ ਹੈ, ਉਸਦਾ ਅਭਿਆਸ ਕਰਕੇ ਆਪਣੇ ਜੀਵਨ ਨੂੰ ਉਸ ਮੁਤਾਬਿਕ ਢਾਲੇ। ਛੇਵੇਂ ਵਿਚ ਆਪ ਨੇ ਇਸ਼ਾਰਾ ਕੀਤਾ ਹੈ ਕਿ -

***ਪੇਟੁ ਭਰਿਓ ਪਸੂਆ ਜਿਉ ਸੋਇਓ***
***ਮਨੁਖੁ ਜਨਮੁ ਹੈ ਹਾਰਿਓ॥***
***ਅੰਗ - 1105***

ਦੀ ਥਾਂ ਤੇ - ***'ਅਲਪ ਅਹਾਰ ਸੁਲਪ ਸੀ ਨਿੰਦ੍ਰਾ'*** ਦੀ ਰਹਿਤ ਧਾਰਨ ਕਰਨੀ ਚਾਹੀਦੀ ਹੈ। ਜਦੋਂ ਇਨ੍ਹਾਂ ਰਹਿਤਾਂ ਨੂੰ ਗੁਰਸਿੱਖ ਅਪਣਾਏਗਾ ਤਾਂ ਸਹਿਜ ਵਿਚ ਸਮਾਈ ਹੋ ਜਾਇਆ ਕਰਦੀ ਹੈ, ਵਾਹਿਗੁਰੂ ਦਾ ਮਿਲਾਪ ਹੋ ਜਾਇਆ ਕਰਦਾ ਹੈ। ਇਸ ਵਾਸਤੇ ਭਾਈ ਗੁਰਦਾਸ ਜੀ ਦੇ ਮੁਤਾਬਿਕ ਮੋਖਸ਼ ਲਈ ਛੇ ਸਾਧਨ ਅਤਿ ਜ਼ਰੂਰੀ ਹਨ -

1. ਆਜ਼ਜੀ (ਨਿੰਮ੍ਰਤਾ) 2. ਜਤ (ਬ੍ਰਹਮਚਰਜ) 3. ਚੋਰੀ ਰਹਿਤ, ਸੰਤੋਖ 4. ਪਰਾਈ ਨਿੰਦਾ ਤੋਂ ਰਹਿਤ 5. ਗੁਰ ਸ਼ਬਦ, ਗੁਰ ਉਪਦੇਸ਼, ਗੁਰਮੰਤ੍ਰ ਦਾ ਅਭਿਆਸ 6. ਅਲਪ ਅਹਾਰ ਸੁਲਪ ਸੀ ਨਿੰਦ੍ਰਾ।

ਇਸ ਤੋਂ ਸਾਫ ਪਤਾ ਲਗਦਾ ਹੈ ਕਿ ਸਾਨੂੰ ਪ੍ਰਮੇਸ਼ਰ ਦੇ ਦਰਸ਼ਨ ਅਤੇ ਮਿਲਾਪ ਵਾਸਤੇ ਆਪਣੇ ਅੰਤਸ਼ਕਰਣ ਰੂਪੀ ਸ਼ੀਸ਼ੇ ਵਿਚ ਪਏ ਉਪਰ ਕਥੇ ਦੋਸ਼ ਦੂਰ ਕਰਨੇ ਪੈਣਗੇ। ਨਾਸਤਿਕ ਭਾਵਨਾ ਨੂੰ ਦੂਰ ਕਰਕੇ ਅਤੇ ਨਿਸ਼ਕਾਮਤਾ ਨਾਲ ਸ਼ੁਭ ਕਰਮ ਕਰਕੇ ਅੰਤਸ਼ਕਰਣ ਦੀ ਮਲ ਦੂਰ ਹੁੰਦੀ ਹੈ, ਮਨ ਦੀ ਚੰਚਲਤਾ ਦੂਰ ਕਰਨੀ ਚਾਹੀਦੀ ਹੈ। ਤੀਸਰਾ ਆਵਰਨ ਬਾਕੀ ਰਹਿ ਜਾਂਦਾ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਹੀ ਦੂਰ ਹੋਇਆ ਕਰਦਾ ਹੈ। ਇਨ੍ਹਾਂ ਦੋਸ਼ਾਂ ਨੂੰ ਦੂਰ ਕਰਨ ਵਾਸਤੇ ਸਤਿਸੰਗ ਅਤੇ ਗੁਰੂ ਕ੍ਰਿਪਾ ਦੀ ਅਤਿਅੰਤ ਲੋੜ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਸਤੁ ਸੰਤੋਖੁ ਲੈ ਲਰਨੇ ਲਾਗਾ***
***ਤੋਰੇ ਦੁਇ ਦਰਵਾਜਾ॥***
***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ***
***ਪਕਰਿਓ ਗਢ ਕੋ ਰਾਜਾ॥***
***ਭਗਵਤ ਭੀਰਿ ਸਕਤਿ ਸਿਮਰਨ ਕੀ***
***ਕਟੀ ਕਾਲ ਭੈ ਫਾਸੀ॥***
***ਦਾਸੁ ਕਮੀਰੁ ਚੜਿਓ ਗੜ੍ਹ ਊਪਰਿ***
***ਰਾਜੁ ਲੀਓ ਅਬਿਨਾਸੀ॥***
***ਅੰਗ - 1162***

ਯਾਨਿ ਸ਼ੁਭ ਗੁਣਾਂ ਨੂੰ ਨਾਲ ਲੈ ਕੇ ਜੁੱਧ ਸ਼ੁਰੂ ਕੀਤਾ। ਪੰਜ ਤੱਤਾਂ ਦੇ 25ਗੁਣ ਜੋ ਇਨ੍ਹਾਂ ਦੇ ਇਕ ਦੂਜੇ ਨਾਲ ਮਿਲਕੇ ਬਣਦੇ ਹਨ। ਯਾਨਿ ਕਿ ਪੰਜ ਤੱਤ ਤੇ ੨੫ ਪ੍ਰਾਕ੍ਰਿਤੀਆਂ ਦਾ ਬਣਿਆ ਹੋਇਆ ਸਰੀਰ, ਦ੍ਵੈਤ ਰੂਪੀ ਦੂਹਰੀ ਦੀਵਾਰ ਦਾ ਕਿਲਾ ਤੇ ਤਿੰਨ ਗੁਣਾਂ ਰੂਪੀ ਤੀਹਰੀ ਖਾਈ ਵਾਲਾ ਕਿਲਾ ਜਿੱਤਣ ਲਈ ਜਗਿਆਸੂ ਨੇ ਜੁੱਧ ਸ਼ੁਰੂ ਕੀਤਾ। ਪੰਜ ਤੱਤਾਂ ਤੇ 25 ਪ੍ਰਾਕ੍ਰਿਤੀਆਂ ਵਾਲੇ ਕਿਲੇ ਵਿਚ ਮੋਹ, ਅਹੰਕਾਰ ਦਾ ਨਸ਼ਾ, ਈਰਖਾ ਵਾਲੀ ਪ੍ਰਬਲ ਮਾਇਆ ਨਾਲ ਵਾਹ ਪਿਆ, ਜਿਥੇ ਇਸ ਜੀਵ ਦਾ ਜ਼ੋਰ ਨਹੀਂ ਪਹੁੰਚ ਸਕਦਾ ਸੀ। ਜੀਵ ਨੇ ਵਾਹਿਗੁਰੂ ਦੀ ਓਟ ਲੈਣ ਵਾਸਤੇ ਅਰਦਾਸ ਕੀਤੀ। ਕਾਮ ਬੂਹੇ ਦਾ ਰਾਖਾ, ਦੁਖ ਸੁਖ ਦੋਨੋਂ ਪਹਿਰੇਦਾਰ ਅਤੇ ਪਾਪ ਪੁੰਨ ਦਾ ਦਰਵਾਜ਼ਾ ਸੀ, ਬਹੁਤ ਰੌਲਾ ਪਾ ਕੇ ਲੜਨ ਵਾਲਾ ਕ੍ਰੋਧ ਇਥੇ ਪ੍ਰਧਾਨ ਸੀ ਅਤੇ ਮਨ ਆਕੀ ਰਾਜਾ ਬਣਿਆ ਹੋਇਆ ਸੀ। ਉਸਨੇ ਵਾਸ਼ਨਾਵਾਂ ਤੇ ਸੁਆਦਾਂ ਦਾ ਜ਼ੱਰਾ ਵਸਤਰ ਪਹਿਨਿਆਂ ਹੋਇਆ ਸੀ। ਮਮਤਾ ਦਾ ਟੋਪ ਅਤੇ ਕੁ-ਬੁੱਧੀ ਦੀ ਕਮਾਨ ਚੜ੍ਹਾਈ ਹੋਈ ਸੀ। ਕੁ-ਬੁੱਧੀ ਦੀ ਕਮਾਨ ਦੇ ਉਤੇ ਤ੍ਰਿਸ਼ਨਾ ਦੇ ਤੀਰ, ਅੰਦਰ ਹੀ ਚਲਣੇ ਸ਼ੁਰੂ ਹੋ ਗਏ। ਜੀਵ ਆਤਮਾ ਇਨ੍ਹਾਂ ਬਹੁਤ ਬਲੀ ਦੁਸ਼ਮਨਾਂ ਦੇ ਘੇਰੇ ਵਿਚ ਆਇਆ ਅਜਿੱਤ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਾ, ਚੁਗਲੀ, ਅਸ਼ਰਧਾ, ਬੇਪ੍ਰਤੀਤੀ, ਬੇ-ਵਿਸ਼ਵਾਸ਼ੀ, ਨਸ਼ਿਆਂ ਵਿਚ ਗੁਲਤਾਨ ਹੋਏ ਮਹਾਂ-ਦੁੰਦਰਾਂ ਦਾ ਸਾਮ੍ਹਣਾ ਕਰ ਰਿਹਾ ਸੀ। ਗੁਰੂ ਤੋਂ ਮਦਦ ਮੰਗੀ, ਉਸ ਵੇਲੇ ਗੁਰੂ ਨੇ ਪ੍ਰੇਮ ਦਾ ਪਲੀਤਾ, ਸੁਰਤ ਦੀ ਹਵਾਈ, ਗਿਆਨ ਦਾ ਗੋਲਾ ਜੀਵ ਦੇ ਹਵਾਲੇ ਕਰ ਦਿਤਾ। ਬ੍ਰਹਮ ਦੀ ਅਗਨ ਗੁਰੂ ਨੇ ਪ੍ਰਚੰਡ ਕਰ ਦਿਤੀ ਅਤੇ ਉਸਨੂੰ ਇਨ੍ਹਾਂ ਸ਼ਸ਼ਤਰਾਂ ਰਾਹੀਂ ਦੁਸ਼ਮਣਾਂ ਨੂੰ ਮਾਰਨ ਦੀ ਤਾਕੀਦ ਕੀਤੀ। ਇਕੋ ਗੋਲਾ ਚਲਣ ਦੀ ਦੇਰ ਸੀ ਕਿ ਮਨ ਨੇ ਹਥਿਆਰ ਸੁੱਟ ਦਿਤੇ। ਸਤਿ ਸੰਤੋਖ ਦੇ ਅਸਤਰ ਲੈ ਕੇ ਜਦੋਂ ਲੜਿਆ ਤਾਂ ਦੋਏ ਦਰਵਾਜ਼ੇ ਤੋੜ ਸੁੱਟੇ। ਸਾਧੂ ਦੀ ਸੰਗਤ ਤੇ ਗੁਰੂ ਦੀ ਕ੍ਰਿਪਾ ਦੇ ਬਲ ਨਾਲ ਇਸ ਕਿਲੇ ਦਾ ਮਨ ਰਾਜਾ ਫੜ ਲਿਆ ਅਤੇ ਸਤਿਸੰਗ ਰੂਪੀ ਜਗਿਆਸੂਆਂ ਦੀ ਭੀੜ ਦੀ ਸ਼ਕਤੀ ਅਤੇ ਸਿਮਰਨ ਦੀ ਸ਼ਕਤੀ ਨਾਲ ਕਾਲ ਰੂਪੀ ਫਾਂਸੀ ਨੂੰ ਕੱਟ ਦਿਤਾ। ਇਸੇ ਤਰ੍ਹਾਂ ਦੇ ਨਾਲ ਕਿਲੇ ਉਪਰ ਚੜ੍ਹ ਕੇ ਸਾਰੇ ਦੁਸ਼ਮਨ ਫਤਹਿ ਕਰ ਲਏ। ਹੁਣ ਇਸ ਜਗਿਆਸੂ ਨੇ ਨਾਸ਼ ਤੋਂ ਰਹਿਤ ਗੱਦੀ ਪ੍ਰਾਪਤ ਕਰ ਲਈ -

*ਕਿਉ ਲੀਜੈ ਗਢੁ ਬੰਕਾ ਭਾਈ॥*
*ਦੋਵਰ ਕੋਟ ਅਰੁ ਤੇਵਰ ਖਾਈ॥*
*ਪਾਂਚ ਪਚੀਸ ਮੋਹ ਮਦ ਮਤਸਰ*
*ਆਡੀ ਪਰਬਲ ਮਾਇਆ॥*
*ਜਨ ਗਰੀਬ ਕੋ ਜੋਰੁ ਨ ਪਹੁਚੈ*
*ਕਹਾ ਕਰਉ ਰਘੁਰਾਇਆ॥*
*ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ*
*ਪਾਪੁ ਪੁੰਨੁ ਦਰਵਾਜਾ॥*
*ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ*
*ਤਹ ਮਨੁ ਮਾਵਾਸੀ ਰਾਜਾ॥*
*ਸ੍ਵਾਦ ਸਨਾਹ ਟੋਪੁ ਮਮਤਾ ਕੋ*
*ਕੁਬੁਧਿ ਕਮਾਨ ਚਢਾਈ॥*
*ਤਿਸਨਾ ਤੀਰ ਰਹੇ ਘਟ ਭੀਤਰਿ*
*ਇਉ ਗਢੁ ਲੀਓ ਨ ਜਾਈ॥*
*ਪ੍ਰੇਮ ਪਲੀਤਾ ਸੁਰਤਿ ਹਵਾਈ*
*ਗੋਲਾ ਗਿਆਨੁ ਚਲਾਇਆ॥*
*ਬ੍ਰਹਮ ਅਗਨਿ ਸਹਜੇ ਪਰਜਾਲੀ*
*ਏਕਹਿ ਚੋਟ ਸਿਝਾਇਆ॥*
*ਸਤੁ ਸੰਤੋਖੁ ਲੈ ਲਰਨੇ ਲਾਗਾ*
*ਤੋਰੇ ਦੁਇ ਦਰਵਾਜਾ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ*
*ਪਕਰਿਓ ਗਢ ਕੋ ਰਾਜਾ॥*
*ਭਗਵਤ ਭੀਰਿ ਸਕਤਿ ਸਿਮਰਨ ਕੀ*
*ਕਟੀ ਕਾਲ ਭੈ ਫਾਸੀ॥*
*ਦਾਸੁ ਕਮੀਰੁ ਚੜਿਓ ਗੜ੍ਹ ਊਪਰਿ*
*ਰਾਜੁ ਲੀਓ ਅਬਿਨਾਸੀ॥*

***ਅੰਗ - 1161***

ਮਨ ਰਾਜੇ ਤੇ ਕਾਬੂ ਪਾਉਣ ਵਾਸਤੇ ਜ਼ਰੂਰੀ ਹੈ ਕਿ ਸਾਧਸੰਗਤ ਅਤੇ ਗੁਰੂ ਦੀ ਕ੍ਰਿਪਾ ਰੂਪੀ ਮਦਦ ਮਿਲੇ। ਜਿੰਨੀ ਦੇਰ ਤਕ ਮਨ ਦੁਸ਼ਮਨ ਜਿਉਂਦਾ ਹੈ, ਓਨੀ ਦੇਰ ਤਕ ਸਾਰੇ ਦੁਸ਼ਮਨ

ਜਿਉਂਦੇ ਹਨ। ਜਦੋਂ ਮਨ ਰਾਜੇ ਨੂੰ ਮਾਤੈਹਿਤ ਕਰ ਲਿਆ ਤਾਂ ਸਾਰੇ ਦੁਸ਼ਮਨ ਹਥਿਆਰ ਸੁੱਟ ਦਿੰਦੇ ਹਨ। ਭਰਥਰੀ ਜੀ ਨੇ ਇਸ ਬਾਰੇ ਦੱਸਿਆ ਹੈ -

***ਮਨ ਰਿਪੁ ਜੀਤੇ ਸਭ ਰਿਪੁ ਜੀਤੇ॥***
***ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥***

***(ਬੈਰਾਗ ਸ਼ਤਕ)***

ਪਹਿਲੇ ਵਿਚ 'ਰਿਪੁ' ਮਨ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਜਿੰਨਾਂ ਚਿਰ ਉਹ ਜਿਉਂਦਾ ਹੈ ਤਾਂ ਸਾਰੇ ਦੁਸ਼ਮਨ ਜਿਉਂਦੇ ਹਨ; ਇਸਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਨ ਜਿੱਤ ਲਏ।

ਮਲ, ਵਿਖਸ਼ੇਪ ਤੇ ਆਵਰਨ ਤਿੰਨ ਦੋਸ਼ ਅੰਤਸ਼ਕਰਣ ਵਿਚ ਹੋਣ ਕਰਕੇ ਵਾਹਿਗੁਰੂ ਜੀ ਦੇ ਦਰਸ਼ਨ ਨਹੀਂ ਹੁੰਦੇ। ਇਨ੍ਹਾਂ ਨੂੰ ਖਤਮ ਕਰਨ ਵਾਸਤੇ ਕਰਮ, ਉਪਾਸ਼ਨਾ ਤੇ ਗਿਆਨ ਦੇ ਸਾਧਨ ਕਰਨੇ ਪੈਂਦੇ ਹਨ। ਅੰਤਸ਼ਕਰਣ ਦੀ ਮੈਲ ਨਿਸ਼ਕਾਮ ਕਰਮ ਕਰਨ ਨਾਲ, ਆਪਣੀ ਨੇਕ ਕਮਾਈ ਵਿਚੋਂ ਦਸਵੰਧ ਗੁਰੂ ਘਰ ਵਿਚ ਦੇਣ ਨਾਲ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਣੀ ਪੜ੍ਹਨ ਨਾਲ, ਗੁਰੂ ਅਤੇ ਸਾਧਸੰਗਤ ਦੀ ਸੇਵਾ ਪਿਆਰ ਨਾਲ ਕਰਕੇ ਇਹ ਮਲ ਦਾ ਦੋਸ਼ ਦੂਰ ਹੋਇਆ ਕਰਦਾ ਹੈ। ਜਿਵੇਂ ਸ਼ੀਸ਼ੇ ਨੂੰ ਮਾਰਜਨ ਕਰਨ ਨਾਲ ਸਫਾਈ ਆ ਜਾਂਦੀ ਹੈ, ਇਸੇ ਤਰ੍ਹਾਂ ਨਾਲ ਸ਼ੁਭ ਕਰਮਾਂ ਦੇ ਨਾਲ ਜਦੋਂ ਅਸੀਂ ਅੰਤਸ਼ਕਰਣ ਧੋਂਦੇ ਹਾਂ ਤਾਂ ਮਤਿ ਨਿਖਰ ਜਾਇਆ ਕਰਦੀ ਹੈ -

***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥***

***ਅੰਗ - 4***

ਵਿਖਸ਼ੇਪ ਨੂੰ ਦੂਰ ਕਰਨ ਵਾਸਤੇ ਮਨ ਨੂੰ ਇਕ point (ਬਿੰਦੂ) ਉਤੇ ਕੇਂਦਰਿਤ ਕਰਨ ਲਈ ਅਸਾਨੂੰ ਧਿਆਨ ਦੀ ਅਤੇ ਸਿਮਰਨ ਦੀ ਮਦਦ ਲੈਣੀ ਪੈਂਦੀ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***

***ਅੰਗ - 864***

ਕਰਨ ਦਾ ਗੁਰੂ ਮਹਾਰਾਜ ਨੇ ਆਦੇਸ਼ ਦਿਤਾ ਹੈ ਜਿਸ ਦੇ ਬਾਰੇ ਇਕ ਸਾਖੀ ਆਉਂਦੀ ਹੈ ਕਿ ਇਕ ਬਹੁਤ ਹੀ ਭਜਨ ਬੰਦਗੀ ਕਰਨ ਵਾਲਾ ਅਭੇਦ ਅਵਸਥਾ ਦਾ ਧਾਰਨੀ ਗੁਰਸਿੱਖ ਭਾਈ ਗੋਂਦਾ ਗੁਰੂ ਸਤਵੇਂ ਪਾਤਸ਼ਾਹ ਦੀ ਚਰਨ ਸ਼ਰਨ ਵਿਚ ਰਿਹਾ ਕਰਦਾ ਸੀ। ਉਹ ਪ੍ਰਵਾਨ ਗੁਰਸਿੱਖਾਂ ਵਿਚੋਂ ਸੀ। ਉਸਦੀ ਕਰਨੀ ਕਮਾਈ ਤੋਂ ਗੁਰੂ ਮਹਾਰਾਜ ਜੀ ਬਹੁਤ ਪ੍ਰਸੰਨ ਸਨ। ਉਹ ਹਰ ਵਕਤ ਗੁਰੂ ਮਹਾਰਾਜ ਦੇ ਸਾਕਾਰ ਸਰੂਪ ਦੇ ਧਿਆਨ ਵਿਚ ਲੀਨ ਰਹਿੰਦਾ ਸੀ ਅਤੇ ਸਭਨਾਂ ਵਿਚ ਭਾਈ ਘਨਈਏ ਵਾਂਗੂੰ ਗੁਰੂ ਨੂੰ ਹੀ ਪ੍ਰਤੱਖ ਰੂਪ ਵਿਚ ਦੇਖਿਆ ਕਰਦਾ ਸੀ। ਗੁਰੂ ਮਹਾਰਾਜ ਜੀ ਨੇ ਉਸਨੂੰ ਕਾਬਲ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਭੇਜ ਕੇ ਫੁਰਮਾਨ ਕੀਤਾ ਕਿ ਭਾਈ ਗੋਂਦਾ! ਤੁਸੀਂ ਕਾਬਲ ਵਿਚ ਜਾਓ। ਜੋ ਦਸਵੰਧ ਸੰਗਤਾਂ ਵਲੋਂ ਪ੍ਰਾਪਤ ਹੋਵੇ, ਉਸ ਨਾਲ ਗੁਰੂ ਕਾ ਲੰਗਰ ਚਲਾ ਕੇ ਭੁੱਖਿਆਂ ਅਤੇ ਲੋੜਵੰਦਾਂ ਨੂੰ ਪ੍ਰਸ਼ਾਦਾ ਛਕਾ ਕੇ ਸੇਵਾ ਕਰੋ। ਜੋ ਬਾਕੀ ਬਚੇ, ਉਹ ਅਸਾਡੇ ਪਾਸ ਪਹੁੰਚਾ ਦਿਆ ਕਰੋ। ਇਹ ਆਦੇਸ਼ ਲੈ ਕੇ ਭਾਈ ਗੋਂਦਾ ਕਾਬਲ ਪਹੁੰਚ ਗਿਆ। ਉਸਦੀ ਘਾਲ ਕਮਾਈ ਅਤੇ ਸਾਧਨਾ ਨੂੰ ਤੱਕ ਕੇ ਅਨੇਕਾਂ ਹੀ ਪ੍ਰਾਣੀਆਂ ਨੇ ਗੁਰਸਿੱਖੀ ਧਾਰਨ ਕਰ ਲਈ। ਇਸ ਤਰ੍ਹਾਂ ਕਾਫੀ ਸਮਾਂ ਲੰਘ ਗਿਆ। ਇਧਰ ਕੀਰਤਪੁਰ ਸਾਹਿਬ ਇਕ ਦਿਨ ਗੁਰੂ ਮਹਾਰਾਜ ਜੀ ਇਸ਼ਨਾਨ ਕਰਕੇ ਸੰਗਤਾਂ ਵਿਚ ਬਿਰਾਜਮਾਨ ਸਨ। ਰਾਗੀ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਮਹਾਰਾਜ ਜੀ ਨਿੱਜ ਪ੍ਰਮਾਤਮ ਸਰੂਪ ਵਿਚ ਲੀਨ ਸਮਾਧਿਸ਼ਟ ਸਨ। ਅੱਜ ਭੋਗ ਪੈਣ ਉਪਰੰਤ ਆਪ ਜੀ ਉਸੇ ਤਰ੍ਹਾਂ ਬੈਠੇ ਰਹੇ, ਕੋਈ ਖਾਣ-ਪਾਣ ਨਾ ਕਰਿਆ ਅਤੇ ਨਾ ਹੀ ਕਿਸੇ ਨਾਲ ਬੋਲੇ। ਸੂਪਕਾਰ ਨੇ ਲੰਗਰ ਤਿਆਰ ਕੀਤਾ। ਗੁਰੂ ਮਹਾਰਾਜ ਜੀ ਪਾਸ ਆ ਕੇ ਲੰਗਰ ਛਕਣ ਲਈ ਬੇਨਤੀ ਕੀਤੀ ਪਰ ਆਪ ਜੀ ਨੇ ਨਾ ਹੀ ਨੇਤਰ ਖੋਲ੍ਹੇ ਅਤੇ ਨਾ ਹੀ ਕੋਈ ਉਤਰ ਦਿਤਾ। ਇਸੇ ਤਰ੍ਹਾਂ ਹੀ ਆਪ ਸੂਰਜ ਛਿਪਣ ਤੋਂ ਦੋ ਘੜੀ ਪਹਿਲਾਂ ਤਕ ਅਚੱਲ ਬਿਰਾਜਮਾਨ ਰਹੇ। ਸੰਗਤ ਹੈਰਾਨ ਸੀ ਕਿ ਗੁਰੂ ਮਹਾਰਾਜ ਜੀ ਅਖੰਡ ਸਮਾਧੀ ਵਿਚ ਬਿਰਾਜਮਾਨ ਰਹੇ। ਦੋ ਘੜੀਆਂ ਰਹਿੰਦੇ ਜਦ ਆਪ ਨੇ ਨੇਤਰ ਖੋਲ੍ਹੇ ਤੇ ਕਿਹਾ 'ਧੰਨ ਸਿੱਖੀ'। ਸੰਗਤ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਕਾਬਲ ਵਿਚ

ਭਾਈ ਗੋਂਦਾ ਸਾਡੇ ਸਾਕਾਰ ਸਰੂਪ ਦਾ ਧਿਆਨ ਧਰਦਾ ਹੈ। ਅੱਜ ਉਸਨੇ ਧਿਆਨ ਧਰਦੇ ਹੀ ਸਾਡੇ ਚਰਨ ਆਪਣੇ ਹੱਥਾਂ ਵਿਚ ਲੈ ਲਏ। ਅਸੀਂ ਉਸ ਤੋਂ ਚਰਨ ਕਿਵੇਂ ਛੁਡਾਉਂਦੇ? ਗੁਰਸਿੱਖ ਨੂੰ ਖੇਦ ਹੋਣਾ ਸੀ। ਸੋ ਹੁਣ ਉਹ ਸਮਾਧੀ ਤੋਂ ਉਥਾਨ ਹੋਇਆ ਹੈ ਤਾਂ ਅਸੀਂ ਉਠੇ ਹਾਂ।

ਵਿਸਾਖੀ ਦੇ ਸਮਾਗਮ ਤੇ ਜਦੋਂ ਭਾਈ ਗੋਂਦਾ ਜੀ ਸੰਗਤ ਨੂੰ ਲੈ ਕੇ ਆਏ ਤਾਂ ਕੀਰਤਪੁਰ ਸਾਹਿਬ ਵਾਲੀ ਸੰਗਤ ਦੇ ਪੁੱਛਣ ਤੇ ਕਾਬਲ ਵਾਲੀ ਸੰਗਤ ਨੇ ਦੱਸਿਆ ਕਿ ਭਾਈ ਗੋਂਦਾ ਇਕ ਦਿਨ ਅੰਮ੍ਰਿਤ ਵੇਲੇ ਤੋਂ ਲੈ ਕੇ ਸੂਰਜ ਛਿਪਣ ਤੋਂ ਦੋ ਘੜੀ ਪਹਿਲਾਂ ਅਖੰਡ ਸਮਾਧੀ ਤੋਂ ਉਥਾਨ ਹੋਏ। ਸੋ ਇਸ ਤਰ੍ਹਾਂ ਧਿਆਨ ਵਿਚ ਮਨ ਪੂਰੀ ਤਰ੍ਹਾਂ ਨਾਲ ਲੀਨ ਹੋ ਜਾਂਦਾ ਹੈ ਅਤੇ ਟਿਕ ਜਾਂਦਾ ਹੈ ਜਿਸ ਕਰਕੇ ਹਿਲ-ਜੁਲ ਰੂਪੀ ਵਿਖਸ਼ੇਪਤਾ ਖਤਮ ਹੋ ਜਾਇਆ ਕਰਦੀ ਹੈ। ਇਸਨੂੰ ਦੂਰ ਕਰਨ ਹਿਤ ਭਾਵਲੀਨ ਹੋ ਕੇ ਬਾਣੀ ਪੜ੍ਹਨ ਤੇ ਚਿਤ ਬਿਰਤੀ ਇਕਾਗਰ ਕਰਕੇ ਕੀਰਤਨ ਸੁਣਨਾ ਭੀ ਬਹੁਤ ਹੀ ਲਾਹੇਵੰਦ ਹੁੰਦਾ ਹੈ। ਇਹ ਦੂਸਰਾ ਦੋਸ਼ ਉਪਾਸ਼ਨਾ ਦੇ ਨਾਲ ਦੂਰ ਹੋ ਜਾਇਆ ਕਰਦਾ ਹੈ। ਇਸਨੂੰ ਦੂਰ ਕਰਨ ਵਾਸਤੇ ਸੰਖੇਪ ਵਿਚ ਬਾਣੀ ਦਾ ਭਾਵਲੀਨ ਹੋ ਕੇ ਪਾਠ ਕਰਨਾ, ਨਾਮ ਦਾ ਸਿਮਰਨ ਕਰਨਾ, ਸ਼ਬਦ ਦੀ ਧੁਨ ਵਿਚ ਧਿਆਨ ਲਾਉਣਾ ਅਤੇ ਗੁਰੂ ਦੇ ਸਾਕਾਰ ਸਰੂਪ ਦਾ ਧਿਆਨ ਬਹੁਤ ਲਾਹੇਵੰਦ ਹਨ।

ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ। ਇਕ 'ਬਹਿਰੰਗ ਉਪਾਸ਼ਨਾ' ਜੋ ਬਾਹਰਲੀਆਂ ਚੀਜ਼ਾਂ, ਆਪਣੇ ਇਸ਼ਟ ਦੀ ਪੂਜਾ ਕਰਨ ਲਈ ਕਰੀਦੀ ਹੈ। ਇਸ ਵਿਚ ਦੁੱਧ ਪਿਲਾਉਣਾ, ਪ੍ਰਸ਼ਾਦਾ ਛਕਾਉਣਾ, ਇਸ਼ਨਾਨ ਕਰਾਉਣਾ, ਵਸਤਰ ਸਾਫ ਕਰਨੇ ਅਤੇ ਅਨੇਕ ਤਰੀਕਿਆਂ ਨਾਲ ਆਪਣੇ ਪ੍ਰਭੂ ਨੂੰ ਸੁੱਖ ਪਹੁੰਚਾਉਣ ਦੀਆਂ ਕਿਰਿਆਵਾਂ ਸ਼ਾਮਿਲ ਹੋਇਆ ਕਰਦੀਆਂ ਹਨ।

ਦੂਜੀ 'ਅੰਤਰੰਗ ਉਪਾਸ਼ਨਾ' ਕੇਵਲ ਧਿਆਨ ਦੇ ਨਾਲ ਹੀ ਹੋ ਸਕਿਆ ਕਰਦੀ ਹੈ।

ਮਸ਼ਹੂਰ ਮਹਾਤਮਾ ਰਾਮਾਨੰਦ ਜੀ, ਜੋ ਕਬੀਰ ਸਾਹਿਬ ਦੇ ਸਤਿਗੁਰੂ ਸਨ, ਇਕ ਵਾਰੀ ਅੰਤਰੰਗ ਉਪਾਸ਼ਨਾ ਕਰ ਰਹੇ ਸਨ। ਆਪ ਜੀ ਨੇ ਆਪਣੇ ਧੇਅ ਦਾ ਇਸ਼ਨਾਨ ਕਰਾ ਕੇ ਵਸਤਰ ਪਹਿਨਾਉਣੇ ਸ਼ੁਰੂ ਕੀਤੇ, ਸੀਸ ਉਪਰ ਮੁਕਟ ਰੱਖ ਦਿਤਾ ਅਤੇ ਆਪ ਵਜੈਂਤੀ ਮਾਲਾ ਪਾਉਣੀ ਭੁੱਲ ਗਏ। ਕਬੀਰ ਸਾਹਿਬ ਬਾਹਰ ਦਰਵਾਜ਼ੇ ਦੇ ਬਾਹਰਵਾਰ ਅੰਤਰ ਧਿਆਨ ਹੋਏ ਬੈਠੇ ਸਨ। ਉਹ ਆਪਣੇ ਯੋਗ ਬਲ ਨਾਲ ਆਪਣੇ ਗੁਰੂ ਦੇ ਆਏ ਸੰਕਟ ਨੂੰ ਵਾਚ ਰਹੇ ਸਨ। ਰਾਮਾਨੰਦ ਜੀ ਮੁਕਟ ਲਾਹ ਕੇ ਮਾਲਾ ਪਾਉਂਦੇ ਹਨ ਤਾਂ ਬੇਅਦਬੀ ਹੁੰਦੀ ਹੈ; ਮੁਕਟ ਸਮੇਤ ਮਾਲਾ ਗਲ ਵਿਚ ਨਹੀਂ ਪਾ ਸਕਦੇ ਕਿਉਂਕਿ ਧਾਗੇ ਦਾ ਘੇਰ ਛੋਟਾ ਹੈ। ਜੇ ਮਾਲਾ ਨਹੀਂ ਪਹਿਨਾਂਦੇ ਤਾਂ ਉਪਾਸ਼ਨਾ ਅਧੂਰੀ ਰਹਿੰਦੀ ਹੈ। ਰਾਮਾਨੰਦ ਜੀ ਅੰਦਰ ਹੀ ਅੰਦਰ ਇਸ ਭੁੱਲ ਕਰਕੇ ਚਿੰਤਾਮਨ ਸਨ। ਕਬੀਰ ਸਾਹਿਬ ਨੇ ਆਪਣੇ ਯੋਗ ਬਲ ਨਾਲ ਸਭ ਕੁਝ ਦੇਖ ਲਿਆ। ਆਪ ਨੇ ਬਾਹਰੋਂ ਹੀ ਆਵਾਜ਼ ਮਾਰ ਕੇ ਕਹਿ ਦਿਤਾ ਕਿ ਮਾਲਾ ਦੀ ਗੰਢ ਖੋਲ੍ਹ ਕੇ ਗਲ ਦੁਆਲੇ ਪਾ ਕੇ ਫੇਰ ਗੱਠ ਦੇ ਦਿਓ। ਸੋ ਦੋ ਤਰ੍ਹਾਂ ਦੀ ਉਪਾਸ਼ਨਾ ਅੰਤਰੰਗ ਅਤੇ ਬਹਿਰੰਗ ਹੋਇਆ ਕਰਦੀ ਹੈ, ਇਸਦੇ ਕਰਨ ਨਾਲ ਮਨ ਦੀ ਵਿਖਸ਼ੇਪਤਾ ਦੂਰ ਹੋ ਜਾਇਆ ਕਰਦੀ ਹੈ।

ਤੀਸਰਾ ਸਾਧਨ ਜੋ ਗਿਆਨ ਕਹਾਉਂਦਾ ਹੈ, ਉਸਦਾ ਅਭਿਆਸ ਸਾਰੇ ਸੰਕਲਪ-ਵਿਕਲਪ ਤੋਂ ਰਹਿਤ ਹੋ ਕੇ ਨਾਮ ਸਿਮਰਨ, ਗੁਰ ਸ਼ਬਦ ਜਾਪ ਰਾਹੀਂ ਸ਼ੁਰੂ ਕਰੋ। ਜਦੋਂ ਫੁਰਨਾ ਆਉਣਾ ਬਿਲਕੁਲ ਬੰਦ ਹੋ ਜਾਵੇ ਉਸ ਤੋਂ ਪਿਛੋਂ ਆਪਣੇ ਆਪ ਨੂੰ ਅਸਥੂਲ, ਸੂਖਸ਼ਮ ਅਤੇ ਕਾਰਨ ਸਰੀਰ ਤੋਂ ਨਿਆਰਾ ਕਰਕੇ ਆਤਮਾ ਮਹਿਸੂਸ ਕਰੋ। ਯਾਨਿ ਜਿਸਮ ਪੰਜ ਪ੍ਰਾਣ, ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਮਨ, ਚਿੱਤ, ਬੁੱਧ; ਇਨ੍ਹਾਂ ਦੇ ਧਰਮਾਂ ਤੋਂ ਨਿਆਰਾ ਆਪਣੇ ਆਪ ਨੂੰ ਨਿਰਾਕਾਰ ਸਤਿ ਚਿੱਤ ਅਨੰਦ ਪ੍ਰੀਪੂਰਨ ਆਤਮਾ ਮੰਨੋ ਅਤੇ ਇਹ ਉਤਮ ਅਭਿਆਸ ਆਤਮ ਚਿੰਤਨ ਦਾ, ਫੁਰਨਾ ਰਹਿਤ ਹੋ ਕੇ ਕਰਦੇ ਰਹੋ।

ਜਦੋਂ ਇਹ ਪਰਪੱਕ ਹੋ ਜਾਵੇ ਤਾਂ ਆਪਣੀ ਬਿਰਤੀ ਨੂੰ ਦ੍ਰਿਸ਼ਟਮਾਨ ਵਿਚੋਂ, ਯਾਨਿ ਨਾਮ ਅਤੇ ਰੂਪ ਵਿਚੋਂ ਖਿੱਚ ਕੇ ਪ੍ਰੀਪੂਰਨ ਜੋਤ ਦੇ ਨਾਲ ਜੋੜੋ ਜੋ ਇਸ ਦ੍ਰਿਸ਼ਟਮਾਨ ਦੀ ਅਸਲੀਅਤ ਹੈ ਅਤੇ ਜਿਸਦੇ ਅਧਾਰ ਤੇ ਸਭ ਦ੍ਰਿਸ਼ਟਮਾਨ ਨਜ਼ਰ ਆ ਰਹੇ ਹਨ -

***ਜਿਮੀ ਜਮਾਨ ਕੇ ਬਿਖੈ ਸਮਸਤ***
***ਏਕ ਜੋਤ ਹੈ***
***ਨਾ ਘਾਟ ਹੈ ਨ ਬਾਢ ਹੈ***
***ਨਾ ਬਾਢ ਘਾਟ ਹੋਤ ਹੈ।***

***(ਅਕਾਲ ਉਸਤਤਿ)***

ਉਸ ਸਤਿ ਸਰੂਪ ਨਾਲ ਸੁਰਤ ਨੂੰ ਜੋੜੋ। ਇਹ ਅਨਾਮ ਅਤੇ ਅਰੂਪ ਹੈ। ਇਸਦਾ ਅਭਿਆਸ ਕਰਕੇ ਨਿਰਵਿਕਲਪ ਅਨੰਦ ਮਾਣੋ। ਜਿਸ ਵਕਤ ਬਿਰਤੀ ਆਪਣਾ ਸਰੂਪ ਬਿਲਕੁਲ ਗਵਾ ਦੇਵੇਗੀ, ਮਨ ਅ-ਮਨ ਹੋ ਜਾਵੇਗਾ ਅਤੇ ਵਾਸ਼ਨਾਵਾਂ ਖ੍ਹੈ ਹੋ ਜਾਣ ਤੇ ਬਾਕੀ ਨਿਰਾਕਾਰ ਨਿਰਵਿਕਲਪ ਚਿਦਾ ਅਕਾਸ਼, ਪ੍ਰਮ ਅਨੰਦ ਅਤੇ ਕੇਵਲ ਕੇਵਲੀ ਸਰੂਪ ਜੋ ਕਿ ਆਪਣਾ ਸਰੂਪ ਹੈ, ਉਸਦੇ ਵਿਚ ਲੀਨ ਹੋ ਜਾਓ। ਇਸ ਤਰ੍ਹਾਂ ਦੇ ਨਾਲ ਜਦੋਂ ਤਿੰਨੇ ਦੋਸ਼ ਦੂਰ ਹੋ ਗਏ ਤਾਂ ਪ੍ਰੀਪੂਰਨ ਪ੍ਰਮਾਤਮਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ ਅਤੇ ਪਤਾ ਲਗਦਾ ਹੈ ਕਿ -

***ਕਬੀਰ ਜਾ ਕਉ ਖੋਜਤੇ***
***ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥***

***ਅੰਗ - 1369***

ਐਨੇ ਬਚਨ ਸੁਣ ਕੇ ਸੰਗਤਾਂ ਇਸ ਉਚੇ ਗੁਰ ਸਿਧਾਂਤ ਦੇ ਅਨੰਦ ਵਿਚ ਲੀਨ ਹੋਈਆਂ ਪ੍ਰਤੀਤ ਦੇ ਰਹੀਆਂ ਸਨ। ਥੋੜਾ ਸਮਾਂ ਬਿਲਕੁਲ ਚੁੱਪ ਦਾ ਵਾਤਾਵਰਣ ਬਣਿਆ ਰਿਹਾ।

ਇਕ ਪ੍ਰੇਮੀ ਨੇ ਸੰਤ ਮਹਾਰਾਜ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ਬਾਣੀ ਤਾਂ ਅਸੀਂ ਪੜ੍ਹਦੇ ਹਾਂ ਪਰ ਅਸਾਡਾ ਮਨ ਕਿਉਂ ਨਹੀਂ ਟਿਕਦਾ?

ਸਮਾਂ ਕਿਉਂਕਿ ਜ਼ਿਆਦਾ ਹੋ ਚੁਕਿਆ ਸੀ ਤਾਂ ਮਹਾਂਪੁਰਸ਼ਾਂ ਨੇ ਫੁਰਮਾਨ ਕੀਤਾ ਕਿ ਆਪ ਦੇ ਪ੍ਰਸ਼ਨ ਦਾ ਨਿਰਣਾ ਅਕਾਲ ਪੁਰਖ ਦੀ ਰਜ਼ਾ ਅੰਦਰ ਕੱਲ ਨੂੰ ਕੀਤਾ ਜਾਵੇਗਾ। ਸਮਾਂ ਹੋਣ ਉਪਰੰਤ ਸੰਗਤਾਂ ਮਹਾਂਪੁਰਸ਼ਾਂ ਦਾ ਸਤਿਕਾਰ ਕਰਦੀਆਂ ਹੋਈਆਂ ਬਹੁਤ ਹੀ ਧੰਨਵਾਦ ਕਰਨ ਲਗੀਆਂ ਅਤੇ ਕਈ ਪ੍ਰੇਮੀਆਂ ਨੇ ਕਿਹਾ, ਮਹਾਰਾਜ ਜੀ! ਅਸਾਡੇ ਵਿਚ ਸਾਰੀਆਂ ਹੀ ਸੰਪਰਦਾਵਾਂ ਦੇ ਪ੍ਰੇਮੀ ਹਨ, ਆਪ ਜੀ ਦੇ ਬਚਨ ਸਾਰੀ ਸ੍ਰਿਸ਼ਟੀ ਨੂੰ ਹੀ ਗਿਆਨ ਪ੍ਰਦਾਨ ਕਰਦੇ ਹਨ, ਅਸੀਂ ਆਪ ਦੇ ਧੁਰ ਅੰਦਰੋਂ ਧੰਨਵਾਦੀ ਹਾਂ। ਇੰਨਾਂ ਕਹਿ ਕੇ ਆਪੋ ਆਪਣੇ ਕਾਰਜਾਂ ਲਈ ਵਿਦਾ ਹੋਣ ਲੱਗੇ।

# ਸੰਤ ਬਚਨ
## (ਭਾਗ ਦੂਜਾ)

ਕੱਲ੍ਹ ਇਕ ਪ੍ਰੇਮੀ ਨੇ ਸੰਤ ਮਹਾਰਾਜ ਜੀ ਨੂੰ ਪ੍ਰਸ਼ਨ ਕੀਤਾ ਸੀ ਕਿ ਮਹਾਰਾਜ ਜੀ! ਬਾਣੀ ਤਾਂ ਅਸੀਂ ਪੜ੍ਹਦੇ ਹਾਂ ਪਰ ਅਸਾਡਾ ਮਨ ਕਿਉਂ ਨਹੀਂ ਟਿਕਦਾ? ਇਹ ਸੁਣ ਕੇ ਸੰਤ ਮਹਾਰਾਜ ਜੀ ਨੇ ਕਿਹਾ ਕਿ ਇਸ ਪ੍ਰਸ਼ਨ ਦਾ ਵਿਸਥਾਰ ਬਹੁਤ ਲੰਮਾ ਹੈ ਜੋ ਆਪ ਇਹ ਕਹਿੰਦੇ ਹੋ ਕਿ ਮਨ ਨਹੀਂ ਲਗਦਾ। ਪਹਿਲਾਂ ਮਨ ਨੂੰ ਸਮਝਣ ਦਾ ਜਤਨ ਕਰੋ। ਮਨ ਕੀ ਚੀਜ਼ ਹੁੰਦਾ ਹੈ ਅਤੇ ਮਨ ਕਿਥੇ ਪਰਚਿਆ ਰਹਿੰਦਾ ਹੈ, ਮਨ ਨੂੰ ਕਿਹੜੀ ਚੀਜ਼ ਚੰਗੀ ਲਗਦੀ ਹੈ ਅਤੇ ਕਿਹੜੀ ਚੰਗੀ ਨਹੀਂ ਲਗਦੀ, ਕਿਹੜੀ ਚੀਜ਼ ਨਾਲ ਇਹ ਬੇਰੁਖੀ ਕਰਦਾ ਹੈ ਅਤੇ ਕਿਸ ਚੀਜ਼ ਵਲ ਇਹਦਾ ਰੁਖ ਹੁੰਦਾ ਹੈ, ਕਿਹੜੇ ਰਸਾਂ ਵਿਚ ਇਹ ਲੀਨ ਰਹਿੰਦਾ ਹੈ, ਕਿਹੜੇ ਰਸ ਹਨ ਜਿਨ੍ਹਾਂ ਵਲੋਂ ਇਹ ਬੇ-ਧਿਆਨਾ ਰਹਿੰਦਾ ਹੈ। ਇਸ ਸਬੰਧ ਵਿਚ ਸੰਖੇਪ ਵਿਚ ਅਸੀਂ ਦਸਦੇ ਹਾਂ ਕਿ ਇਹ ਜੀਵ ਇਸ ਪ੍ਰਿਥਵੀ ਮੰਡਲ ਅਤੇ ਅਦ੍ਰਿਸ਼ ਮੰਡਲਾਂ ਵਿਚ ਆਦਿ ਕਾਲ ਤੋਂ ਹੀ ਘੁੰਮ ਰਿਹਾ ਹੈ, ਇਹ ਸਤਿ ਨਹੀਂ। ਇਸ ਆਦਿ ਕਾਲ ਦਾ ਕੋਈ ਨਿਰਨਾ ਨਹੀਂ ਹੋ ਸਕਦਾ। ਜੇ ਅਸੀਂ ਕਹਿ ਦੇਈਏ ਕਿ ਐਨੇ ਅਰਬ ਸਾਲ ਤੋਂ ਘੁੰਮ ਰਿਹਾ ਹੈ, ਇਸਦੇ ਘੁੰਮਣ ਦਾ ਕਾਰਨ ਆਪਣੇ ਮੂਲ ਸਰੋਤ ਵਾਹਿਗੁਰੂ ਜੀ ਅਤੇ ਇਸ ਵਿਚਕਾਰ ਪਈ ਹੋਈ ਭੁੱਲ ਦੀ ਵਿੱਥ ਹੈ। ਇਸ ਵਿੱਥ ਦਾ ਕਾਰਨ ਹਉਮੈ ਤੱਤ ਹੈ ਜਿਸ ਨੇ ਇਸ ਵਾਹਿਗੁਰੂ ਦੀ ਅੰਸ ਨੂੰ ਜੀਵ ਆਤਮਾ ਬਣਾ ਦਿਤਾ ਹੈ। ਮਹਾਰਾਜ ਜੀ ਨੇ ਵੀ ਨਿਰਣੇਪੂਰਵਕ ਨਹੀਂ ਕਿਹਾ ਕਿ ਇਹ ਜੀਵ ਆਤਮਾ ਆਪਣੇ ਮੂਲ ਸਰੋਤ ਵਾਹਿਗੁਰੂ ਤੋਂ ਕਿੰਨੇ ਖਰਬਾਂ ਸਾਲਾਂ ਤੋਂ ਵਿਛੜੀ ਹੋਈ ਹੈ। ਪੱਕੀ ਤੌਰ ਤੇ ਇਹ ਕਿਹਾ ਵੀ ਨਹੀਂ ਜਾ ਸਕਦਾ ਕਿਉਂਕਿ ਆਦਿ ਦੇ ਆਰੰਭ ਨੂੰ ਕਿਸੇ ਕਾਲ ਮਾਪ ਨਾਲ ਨਾਪਿਆ ਨਹੀਂ ਜਾ ਸਕਦਾ -

***ਥਿਤਿ ਵਾਰੁ ਨਾ ਜੋਗੀ ਜਾਣੈ***
***ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ***
***ਆਪੇ ਜਾਣੈ ਸੋਈ॥ ਅੰਗ - 4***

ਸਿਰਫ ਸੰਕੇਤਕ ਰੂਪ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥***

***ਅੰਗ - 631***

ਬਹੁਤ ਜੁਗ ਕਹਿਣਾ, ਕਿਸੇ ਗਿਣਤੀ ਦੇ ਮਾਪ ਦੇ ਅੰਦਰ ਨਹੀਂ ਆ ਸਕਦਾ। ਆਦਮੀ ਦੀ ਅਕਲ ਚਕਰਾ ਜਾਂਦੀ ਹੈ ਜਦੋਂ ਅਜਿਹੇ ਪ੍ਰਸ਼ਨ ਵਿਚਾਰਨੇ ਪੈਂਦੇ ਹਨ। ਇਸਨੂੰ infinity ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਦੇ ਨਾ ਕਦੇ ਕੋਈ ਸਮਾਂ ਜ਼ਰੂਰ ਹੈ ਜਦੋਂ ਇਸ ਪ੍ਰਮ ਜੋਤ ਨੂੰ ਹਉਮੈ ਦੇ ਪਰਦੇ ਤੋਂ ਪਾਰ ਲੰਘ ਕੇ ਜੀਵ ਆਤਮਾ ਦੀ ਉਪਾਧੀ ਮਿਲੀ। ਜਦੋਂ ਹੀ ਇਸ ਜੀਵ ਆਤਮਾ ਦਾ ਜੜ੍ਹ ਤਤੂ ਨਾਲ ਮੇਲ ਹੋਇਆ, ਉਸ ਸਮੇਂ ਤੋਂ ਹੀ ਇਸ ਨੇ ਮਾਇਆ ਦੇ ਪ੍ਰਭਾਵ 'ਚੋਂ ਪੈਦਾ ਹੋਏ-ਹੋਏ ਅਣਗਿਣਤ ਪ੍ਰਭਾਵ, ਸੁਭਾਵ, ਰਸ-ਕੁ-ਰਸ ਦੇ ਤਜਰਬੇ ਆਪਣੇ ਸਟੋਰ ਵਿਚ ਸੰਚਿਤ ਕਰ ਲਏ। ਇਸ ਤਰ੍ਹਾਂ ਇਹ ਜੀਵ ਚਲਦਾ-ਚਲਦਾ ਮਨੁੱਖ ਦੇਹ ਵਿਚ ਆ ਗਿਆ। ਇਸ ਸਮੇਂ ਇਸਦਾ ਜੋ ਅੰਤਸ਼ਕਰਣ ਸੀ, ਉਸ ਉਤੇ ਮੈਲਾਂ ਦੀਆਂ ਤੈਹਾਂ ਦੀਆਂ ਤੈਹਾਂ ਜੰਮ ਗਈਆਂ ਅਤੇ ਪ੍ਰਮ ਪ੍ਰਕਾਸ਼ ਦੀ ਇਸ ਹੋਂਦ ਨੂੰ, ਮੈਲ ਨੇ ਰੂਪੋਂ ਕਰੂਪ ਕਰ ਦਿਤਾ -

***ਜਨਮ ਜਨਮ ਕੀ ਇਸੁ ਮਨ ਕਉ***
***ਮਲੁ ਲਾਗੀ***
***ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ॥***

***ਅੰਗ - 651***

ਇਸ ਮੈਲ ਨੇ ਇਸਨੂੰ ਲੰਮੇ ਚੱਕਰ ਵਿਚ ਪਾ ਦਿਤਾ ਅਤੇ ਇਹ ਜੀਵ ਆਤਮਾ ਆਪਣੇ ਸੁਭਾਅ ਦੇ ਮੁਤਾਬਿਕ ਮੁੜ-ਮੁੜ ਕੇ ਚੱਕਰ ਕੱਟ ਰਹੀ ਹੈ ਅਤੇ ਕੋਈ ਇਲਾਜ ਇਸਨੂੰ ਨਹੀਂ ਸੁੱਝ

ਰਿਹਾ ਕਿ ਇਹ ਇਸ ਮਹਾਨ ਭਟਕਣਾ 'ਚੋਂ ਕਿਵੇਂ ਸਤਿ ਚਿਤ ਅਨੰਦ ਦੇ ਸਥਿਰ ਦੇਸ਼ ਵਿਚ ਪ੍ਰਵੇਸ਼ ਕਰੇ। ਇਹ ਜੀਵ ਆਤਮਾ ਚੰਗੇ ਕਰਮ ਵੀ ਕਰਦੀ ਹੈ, ਮਾੜੇ ਵੀ ਕਰਦੀ ਹੈ। ਕੋਈ ਬਹੁਤ ਚੰਗਾ ਕਰਮ ਕੀਤਾ ਹੋਵੇ ਅਤੇ ਇਸ ਦੇ ਭਾਗਾਂ ਵਿਚ ਜਮ੍ਹਾਂ ਹੋ ਜਾਵੇ ਅਤੇ ਇਹ ਕਰਮ ਇਸ ਜੀਵ ਦੀ ਪਰਾਲਬਧ ਕੋਟੀ ਵਿਚ, ਇਸ ਦੇ ਸਰੀਰ ਧਾਰਨ ਸਮੇਂ, ਫਲ ਦੇਣ ਲਈ ਨਾਲ ਹੀ ਆ ਜਾਇਆ ਕਰਦੇ ਹਨ। ਜਦੋਂ ਸ਼ੁਭ ਸਮਾਂ ਹੁੰਦਾ ਹੈ ਤਾਂ ਉਹ ਕਰਮ ਆਪਣਾ ਫਲ ਦੇ ਕੇ ਇਸਨੂੰ ਸਤਿਸੰਗ ਵਿਚ ਲੈ ਆਉਂਦਾ ਹੈ ਜਿਥੇ ਜਾ ਕੇ ਮਹਾਂਪੁਰਸ਼ਾਂ, ਸੰਤਾਂ, ਆਰਫਾਂ, ਪੀਰਾਂ, ਪੈਗੰਬਰਾਂ, ਗੁਰੂਆਂ ਦੇ ਦਰਸ਼ਨ ਕਰਦਾ ਹੈ। ਇਸ ਦਰਸ਼ਨ ਦਾ ਫਲ ਉਸਨੂੰ ਮਿਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਦੇ ਮਨ ਵਿਚ ਫੁਰਨੇ ਜਾਗ ਪੈਂਦੇ ਹਨ ਕਿ ਮਹਾਂਪੁਰਸ਼ਾਂ ਦੀ ਸੰਗਤ ਕਰਿਆ ਕਰੀਏ, ਉਨ੍ਹਾਂ ਦੇ ਬਚਨ ਸੁਣੀਏ। ਇਸ ਤਰ੍ਹਾਂ ਨਾਲ ਸੁਣਦੇ-ਸੁਣਦੇ ਮਨ ਵਿਚ ਕੁਝ ਵਿਸ਼ਵਾਸ਼ ਜਾਗ ਪੈਂਦਾ ਹੈ, ਕੀਤੇ ਹੋਏ ਬੁਰੇ ਕਰਮਾਂ ਦੇ ਫਲ ਦਾ ਭੈ ਇਸਨੂੰ ਪ੍ਰਤੀਤ ਦੇਣ ਲਗ ਜਾਂਦਾ ਹੈ ਅਤੇ ਚੌਰਾਸੀ ਦੇ ਚੱਕਰ ਵਿਚੋਂ ਨਿਕਲਣ ਲਈ ਮਹਾਂਪੁਰਸ਼ਾਂ ਤੋਂ ਪੁੱਛ ਕੇ, ਇਹ ਕਿਸੇ ਮੰਤਰ ਦਾ ਜਾਪ, ਗੁਰਬਾਣੀ, ਗੀਤਾ, ਕੁਰਾਨ ਸ਼ਰੀਫ, ਬਾਈਬਲ ਆਦਿ ਪੜ੍ਹਨ ਲਗ ਜਾਂਦਾ ਹੈ। ਪਰ ਇਸਨੂੰ ਗੁਰਬਾਣੀ ਦੀ ਮਹੱਤਤਾ ਦਾ ਪਤਾ ਨਾ ਹੋਣ ਕਰਕੇ ਧੁਰ ਅੰਦਰੋਂ ਰੁਚੀ ਨਹੀਂ ਜਾਗਦੀ ਅਤੇ ਪੰਜ ਬਿਰਤੀਆਂ ਦੇ ਅਧੀਨ ਉਨ੍ਹਾਂ ਦਾ ਅਸਰ ਇਸ ਉਪਰ ਪੈਂਦਾ ਰਹਿੰਦਾ ਹੈ ਜੋ ਮਨ ਨੂੰ ਆਪਣੇ ਨਾਲ ਬੰਨ੍ਹ ਕੇ ਰਖਦੀਆਂ ਹਨ। ਇਸੇ ਤਰ੍ਹਾਂ ਨਾਲ ਜੀਵਨ ਦੇ ਅਨੇਕ ਰਸ ਜਿਵੇਂ ਕਿ ਜਵਾਨੀ ਦਾ ਰਸ, ਭੋਗਾਂ ਦਾ ਰਸ, ਬਹੁਤੀ ਵਿਦਿਆ ਦਾ ਰਸ, ਕੱਪੜਿਆਂ ਦਾ ਰਸ, ਜ਼ਮੀਨਾਂ-ਜਾਇਦਾਦਾਂ ਦਾ ਰਸ, ਆਪਣੀ ਮਹਿਮਾ ਦਾ ਰਸ, ਖਾਣ ਦੇ ਸੁਆਦਾਂ ਦਾ ਰਸ, ਆਪਣੇ ਅਹੁਦਿਆਂ ਦਾ ਰਸ; ਇਸਨੂੰ ਨਾਮ ਦੇ ਰਸ ਤੋਂ ਬਿਲਕੁਲ ਕੋਰਾ ਰੱਖਦਾ ਹੈ ਅਤੇ ਹੋਰ ਨੀਵੇਂ ਰਸਾਂ ਦੇ ਵਿਚ ਲੀਨ ਰਹਿੰਦਾ ਹੈ। ਉਚੇ ਰਸ ਲਈ ਉਸਦੇ ਹਿਰਦੇ ਵਿਚ ਕੋਈ ਥਾਂ ਨਹੀਂ ਹੁੰਦੀ। ਹੌਲੀ-ਹੌਲੀ ਪਾਠ ਕਰਦਿਆਂ, ਸਤਿਸੰਗ ਕਰਦਿਆਂ ਅਚਾਨਕ ਇਸਦੇ ਮਨ ਵਿਚ ਇਹ ਸੋਝੀ ਪੈ ਜਾਂਦੀ ਹੈ ਕਿ ਮੈਨੂੰ ਮਾਨਸ ਜਨਮ ਦੀ ਪ੍ਰਾਪਤੀ ਹੋਈ ਹੈ, ਇਹ ਪ੍ਰਾਪਤੀ ਜ਼ਮੀਨਾਂ, ਜਾਇਦਾਦਾਂ ਬਣਾਉਣ ਵਾਸਤੇ ਅਤੇ ਅਨੇਕ ਭੋਗਾਂ ਦੇ ਰਸ ਭੋਗਣ ਵਾਸਤੇ, ਵੈਰ ਵਿਰੋਧ ਵਿਚ ਜੀਵਨ ਬਰਬਾਦ ਕਰਨ ਵਾਸਤੇ, ਦੁਨੀਆਂ ਨੂੰ ਦੁਖ ਦੇ ਕੇ, ਠੱਗੀਆਂ ਧੋਖੇ ਦੇ ਕੇ, ਧਨ ਜੋੜ ਕੇ ਆਪਣਾ ਬਣਾਉਣ ਵਾਸਤੇ ਨਹੀਂ ਪ੍ਰਾਪਤ ਹੋਈ ਸਗਮਾਂ ਮੈਨੂੰ ਇਹ ਦੇਹੀ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਜਿਸ ਮੰਤਵ ਲਈ ਪ੍ਰਾਪਤ ਹੋਈ ਹੈ, ਉਹ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ***
***ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ***
***ਰੰਗਿ ਮਾਇਆ ਕੈ॥ ਅੰਗ - 12***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥***
***ਅੰਗ - 1159***

ਅਤੇ ਇਸ ਗੱਲ ਦਾ ਵੀ ਨਿਰਣੇਪੂਰਵਕ ਗਿਆਨ ਹੋ ਜਾਂਦਾ ਹੈ ਕਿ -

***ਮਾਨਸ ਦੇਹ ਬਹੁਰਿ ਨਹ ਪਾਵੈ***
***ਕਛੂ ਉਪਾਉ ਮੁਕਤਿ ਕਾ ਕਰੁ ਰੇ॥***
***ਅੰਗ - 220***

ਅਤੇ ਮਨ ਦਾ ਵੀ ਕੁਛ ਗਿਆਨ ਹੋ ਜਾਂਦਾ ਹੈ ਕਿ ਇਸ ਦੀ ਮੂਰਖਤਾ, ਇਸ ਦੇ ਉਜੱਡਪੁਣੇ ਕਰਕੇ, ਹਠੀ ਅਤੇ ਹਿੰਡੀ ਵਰਤਾਰੇ ਕਰਕੇ ਇਹ ਆਪਣੇ ਹੀ ਸੁਭਾਵ ਵਿਚ ਮਸਤ ਬੇਪਰਵਾਹ ਚਲਦਾ ਹੈ ਅਤੇ ਇਹ ਜੀਵ ਆਤਮਾ ਨੂੰ ਸੁਣਨ ਦਾ ਮੌਕਾ ਮਿਲਦਾ ਹੈ।

***ਮਨ ਮੂਰਖ ਅਜਹੂ ਨਹ ਸਮਝਤ***

***ਸਿਖ ਦੈ ਹਾਰਿਓ ਨੀਤ॥***
***ਨਾਨਕ ਭਉਜਲੁ ਪਾਰਿ ਪਰੈ***
***ਜਉ ਗਾਵੈ ਪ੍ਰਭ ਕੇ ਗੀਤ॥***

***ਅੰਗ - 536***

ਜਿਉਂ-ਜਿਉਂ ਸਤਿਪੁਰਸ਼ਾਂ ਦੀ ਸੰਗਤ ਕਰਦਾ ਹੈ, ਗੁਰੂ ਦੀ ਬਾਣੀ ਸੁਣਦਾ ਹੈ, ਤਿਉਂ-ਤਿਉਂ ਇਸਦੇ ਅੰਤਸ਼ਕਰਣ ਦੀ ਮੈਲ ਵਿਚ ਹਿਲਜੁਲ ਪੈਦਾ ਹੁੰਦੀ ਹੈ, ਮੋਟੀਆਂ ਤੈਹਾਂ ਟੁਟਣੀਆਂ ਸ਼ੁਰੂ ਹੁੰਦੀਆਂ ਹਨ। ਗੁਰੂ ਇਸ ਦੀ ਮਦਦ ਕਰਦਾ ਹੈ ਅਤੇ ਇਸਨੂੰ ਗੁਰਮੰਤ੍ਰ ਦੀ ਸੋਝੀ ਦੇ ਕੇ ਤਿਤਿਕਸ਼ਾ ਵਿਚ ਲਾ ਦਿੰਦੇ ਹਨ। ਜਦੋਂ ਇਹ ਗੁਰਬਾਣੀ ਦੇ ਹੁਕਮ ਅਧੀਨ ਤੇ ਮਹਾਂਪੁਰਸ਼ਾਂ ਦੇ ਬਚਨਾਂ ਅਧੀਨ ਆਪਣਾ ਰੁਖ ਮੋੜ ਕੇ ਦੁਨੀਆਂ ਤੋਂ ਵਿਪਰੀਤ, ਵਾਹਿਗੁਰੂ ਜੀ ਦੀ ਹੋਂਦ ਨਾਲ ਆਪਣੇ ਆਪ ਨੂੰ ਮੇਲਣ ਦਾ ਜਤਨ ਕਰਦਾ ਹੈ, ਬਾਣੀ ਦਾ ਪਾਠ ਕਰਦਾ ਹੈ, ਮੂਲਮੰਤ੍ਰ ਦਾ ਪਾਠ ਕਰਦਾ ਹੈ, ਗੁਰਮੰਤ੍ਰ ਵਿਚ ਆਪਣੀ ਸੁਰਤ ਜੋੜਦਾ ਹੈ ਤਾਂ ਇਕ ਸੰਘਰਸ਼ ਆਪਣੇ ਅੰਦਰ ਮਹਿਸੂਸ ਕਰਦਾ ਹੈ। ਮਨ ਇਤਨੀ ਸੂਖਸ਼ਮ ਵਸਤੂ ਹੈ ਕਿ ਲੱਖ ਜਤਨ ਕਰਨ ਦੇ ਬਾਵਜੂਦ ਵੀ ਇਹ ਫੜਿਆ ਨਹੀਂ ਜਾ ਸਕਦਾ, ਰੋਕਿਆ ਨਹੀਂ ਜਾ ਸਕਦਾ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***

***ਅੰਗ - 66***

ਉਡਦਾ ਉਡਾਰੀਆਂ ਮਾਰਦਾ ਹੈ, ਫਸ ਜਾਂਦਾ ਹੈ, ਆਪਣੇ ਆਪ ਨੂੰ ਵਿਸ਼ੇ ਵਿਕਾਰਾਂ ਦੇ ਚੁੰਗਲ ਵਿਚ ਮਹਿਸੂਸ ਕਰਦਾ ਹੈ ਪਰ ਨਿਕਲ ਨਹੀਂ ਸਕਦਾ। ਰਸਨਾ ਦੇ ਨਾਲ ਬਾਣੀ ਪੜ੍ਹਦਾ ਹੈ, ਹਰੀ ਦੇ ਗੁਣ ਗਾਉਣ ਦਾ ਜਤਨ ਕਰਦਾ ਹੈ ਪਰ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਮਨੂਆ ਦਹ ਦਿਸ ਧਾਵਦਾ***
***ਓਹੁ ਕੈਸੇ ਹਰਿ ਗੁਣ ਗਾਵੈ॥***
***ਇੰਦ੍ਰੀ ਵਿਆਪਿ ਰਹੀ ਅਧਿਕਾਈ***
***ਕਾਮੁ ਕ੍ਰੋਧੁ ਨਿਤ ਸੰਤਾਵੈ॥***

***ਅੰਗ - 565***

ਇਸ ਦਾ ਧਾਵਣਾ ਬੰਦ ਨਹੀਂ ਹੁੰਦਾ ਕਿਉਂਕਿ ਦ੍ਵੈਤ ਦੀ ਚਿੱਕੜ ਭਰੀ ਦਲਦਲ ਵਿਚ ਸਿਰ ਦੀ ਚੋਟੀ ਤਕ ਡੁੱਬਿਆ ਪਿਆ ਹੈ, ਨਿਕਲਣ ਦਾ ਕੋਈ ਸਾਧਨ ਇਸ ਪਾਸ ਨਹੀਂ ਹੈ। ਬੇਹੋਸ਼ ਹੋਇਆ-ਹੋਇਆ ਉਸੇ ਦਲਦਲ ਵਿਚ ਫਸਿਆ, ਜਨਮ ਮਰਨ ਦੇ ਦੁਖ ਭੋਗਦਾ, ਨਿਕਲ ਨਹੀਂ ਸਕਦਾ -

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨ ਪਾਏ ਮਾਇ॥***

***ਅੰਗ - 50***

***ਇਹੁ ਮਨੂਆ ਦਹ ਦਿਸਿ ਧਾਵਦਾ***
***ਦੂਜੈ ਭਾਇ ਖੁਆਇਆ॥***
***ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ***
***ਬਿਰਥਾ ਜਨਮੁ ਗਵਾਇਆ॥***

***ਅੰਗ - 600***

ਸੋ ਇਸ ਤਰ੍ਹਾਂ ਦੇ ਨਾਲ ਮਨ ਆਪਣੇ ਸੁਭਾਅ ਦੇ ਮੁਤਾਬਿਕ ਬੇ-ਲਗਾਮ ਘੋੜੇ ਵਾਂਗੂੰ ਦੜੰਗੇ ਮਾਰਦਾ, ਬੱਕ ਮਾਰਦਾ, ਕਾਬੂ ਤੋਂ ਬਾਹਰ ਰਹਿੰਦਾ ਹੈ। ਬਾਣੀ ਦੇ ਉਪਦੇਸ਼ ਨੂੰ ਨਹੀਂ ਸੁਣਦਾ ਕਿਉਂਕਿ ਇਸਦੇ ਅੰਦਰ ਇਸਦੇ ਧੋਖੇਬਾਜ਼ ਸਾਥੀ ਪੰਜ ਚੋਰ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜ ਠੱਗ - ਰਾਜ, ਮਾਲ, ਰੂਪ, ਜਾਤ, ਜੋਬਨ; ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਦੋ ਡੈਣਾਂ - ਆਸਾ ਤੇ ਤ੍ਰਿਸ਼ਨਾ ਆਦਿ ਅਨੇਕ ਕੁਕਰਮ ਕਰਨ ਵਾਲੇ ਸੂਖਮ ਸਾਥੀ ਵਸਦੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਭੀਤਰਿ ਪੰਚ ਗੁਪਤ ਮਨਿ ਵਾਸੇ॥***
***ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥***
***ਮਨੁ ਮੇਰਾ ਦਇਆਲ***
***ਸੇਤੀ ਥਿਰੁ ਨ ਰਹੈ॥***
***ਲੋਭੀ ਕਪਟੀ ਪਾਪੀ ਪਾਖੰਡੀ***
***ਮਾਇਆ ਅਧਿਕ ਲਗੈ॥***

***ਅੰਗ - 359***

ਸੋ ਇਸ ਤਰ੍ਹਾਂ ਦੀ ਵਿਥਿਆ ਹੋਣ ਕਰਕੇ ਜਗਿਆਸੂ ਦੇ ਅੱਗੇ ਬਹੁਤ ਵੱਡੀ ਸਮੱਸਿਆ ਹੈ। ਮਨ ਨੂੰ ਵਸ ਕਰਨ ਦੇ ਅਨੇਕਾਂ ਪ੍ਰਾਣੀਆਂ ਨੇ

ਵੱਡੇ-ਵੱਡੇ ਤਿਆਗ ਕਰਕੇ ਜਤਨ ਕੀਤੇ। ਜਿਵੇਂ ਕਿ ਭਰਥਰੀ ਨੇ ਰਾਜ ਭਾਗ, ਖਜ਼ਾਨੇ, ਕੀਮਤੀ ਵਸਤਰ, ਪਦਮਨੀ ਰਾਣੀਆਂ ਅਤੇ ਅਨੇਕਾਂ ਸੁਖਾਂ ਨੂੰ ਛੱਡ ਕੇ ਕਰਪਾਤਰ ਬਿਰਤੀ ਧਾਰਨ ਕਰੀ, ਪਰ ਚੰਦ ਦੀ ਚਾਨਣੀ ਵਿਚ ਪਾਨ ਖਾ ਕੇ ਥੁੱਕੇ ਹੋਏ ਘਾਹ ਨਾਲ ਲਟਕਦੀ ਪੀਕ ਨੂੰ ਅਤਿ ਕੀਮਤੀ ਲਾਲ ਸਮਝ ਕੇ ਹੱਥ ਪਾ ਲਿਆ। ਇਹ ਕਿਉਂ ਹੋਇਆ? ਮਨ ਦੁਸ਼ਮਨ ਅਜੇ ਅੰਦਰ ਜਿਉਂਦਾ ਸੀ।

ਮਛੰਦਰਨਾਥ ਵਰਗੇ ਮਹਾਨ ਯੋਗੀ, ਜਿਸ ਨੇ ਇਕ ਮਹਾਨ ਪੁਰਸ਼ ਗੁਰੂ ਗੋਰਖਨਾਥ ਨੂੰ ਦੁਨੀਆਂ ਤੇ ਪ੍ਰਗਟ ਕੀਤਾ ਪਰ ਆਪ ਮਨ ਦੀਆਂ ਭੁਲ-ਭਲਾਈਆਂ ਵਸ ਹੋ ਕੇ ਸੰਗਲਾਦੀਪ ਦੀਆਂ ਪਦਮਨੀ ਨਾਰੀਆਂ ਨੂੰ ਭੋਗਣ ਲਈ ਰਾਜਾ ਅਮਰੂ ਦੇ ਮਿਰਤਕ ਸਰੀਰ ਵਿਚ ਪ੍ਰਵੇਸ਼ ਕਰਕੇ ੧੪ ਸਾਲ ਦੇ ਲੰਮੇ ਸਮੇਂ ਲਈ ਆਪਣਾ ਸਰੀਰ ਗੁਫਾ ਵਿਚ ਗੁਪਤ ਰੱਖ ਕੇ ਮਾਇਆ ਦੇ ਕੁ-ਰਸਾਂ ਵਿਚ ਪੂਰੀ ਤਰ੍ਹਾਂ ਨਾਲ ਗੁਲਤਾਨ ਰਿਹਾ। ਇਸੇ ਤਰ੍ਹਾਂ ਨਾਲ ਰਾਜਾ ਪਾਰਸਨਾਥ, ਜਿਸਨੇ ਸਾਰੀ ਦੁਨੀਆਂ ਦੇ ਰਾਜਿਆਂ ਨੂੰ ਜਿੱਤ ਲਿਆ, ਏਥੋਂ ਤਕ ਕਿ ਸਵਰਗ ਮੰਡਲਾਂ ਦੇ ਵੱਡੇ ਦੇਵਤਿਆਂ ਨੂੰ ਮਾਤਹਿਤ ਕਰ ਲਿਆ ਪਰ ਲੱਖ ਜਤਨ ਕਰਨ ਤੇ ਵੀ ਮਨ ਨੂੰ ਨਾ ਜਿੱਤ ਸਕਿਆ ਅਤੇ ਅੰਤ ਨੂੰ ਆਤਮ ਘਾਤ ਕਰਕੇ ਚਿਖਾ ਵਿਚ ਜਲਣਾ ਪਿਆ। ਕਾਰਨ ਇਹ ਹੈ ਕਿ ਇਹ ਮਨ, ਦ੍ਵੈਤ ਵਿਚ ਫਸਿਆ ਹੋਇਆ ਹੈ -

***ਇਹੁ ਮਨੂਆ ਖਿਨੁ ਨ ਟਿਕੈ***
***ਬਹੁ ਰੰਗੀ ਦਹ ਦਹ ਦਿਸਿ***
***ਚਲਿ ਚਲਿ ਹਾਢੇ॥ ਅੰਗ - 170***

ਇਸ ਜੀਵ ਆਤਮਾ ਨੂੰ ਦੂਜੇ ਭਾਉ ਵਿਚ ਫਸਾ ਕੇ, ਪਿਆਰ ਵਲੋਂ ਪੂਰੀ ਤਰ੍ਹਾਂ ਭੁਲਾ ਕੇ, ਬਹੁਤ ਲੰਮੇ ਜਨਮ-ਮਰਨ ਦੇ ਚੱਕਰਾਂ ਦੀਆਂ ਸਜਾਵਾਂ ਵਿਚ ਪਾ ਦਿੰਦਾ ਹੈ -

***ਇਹੁ ਮਨੂਆ ਅਤਿ ਸਬਲ ਹੈ***
***ਛਡੇ ਨ ਕਿਤੈ ਉਪਾਇ॥***
***ਦੂਜੈ ਭਾਇ ਦੁਖੁ ਲਾਇਦਾ***
***ਬਹੁਤੀ ਦੇਇ ਸਜਾਇ॥ ਅੰਗ - 33***

ਇਹ ਮਾਇਆ ਦੇ ਸੰਗ ਕਰਕੇ ਲਿਪਟਿਆ ਪਿਆ ਹੈ, ਜਦੋਂ ਤਕ ਮਾਇਆ ਦੀ ਸਮਝ ਇਸਦੀ ਬੁੱਧੀ ਅੰਗੀਕਾਰ ਨਹੀਂ ਕਰਦੀ, ਉਤਨੀ ਦੇਰ ਇਸ ਮਨ ਨਾਲ ਘੋਲ ਕੀਤਾ ਸਫਲ ਨਹੀਂ ਹੁੰਦਾ। ਜਦੋਂ ਤਕ ਇਸਨੂੰ ਪੂਰਾ ਸਤਿਗੁਰੂ ਨਹੀਂ ਮਿਲਦਾ ਅਤੇ ਵਿਧੀਪੂਰਵਕ ਸਤਿਗੁਰੂ ਨੂੰ ਦੱਛਣਾ ਦੇ ਕੇ ਉਸ ਤੋਂ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਕਰਦਾ, ਉਤਨਾ ਚਿਰ ਜੀਵ ਆਤਮਾ ਇਕੱਲਾ ਹੀ ਇਸ ਨਾਲ ਲੜਦਾ ਹੈ ਪਰ ਮਨ ਦੀ ਸ਼ਕਤੀ ਅੱਗੇ ਰੂੰ ਵਾਂਗੂੰ ਉਡ ਜਾਂਦਾ ਹੈ। ਗੁਰੂ ਮਹਾਰਾਜ ਜੀ ਇਸ ਘੁੰਡੀ ਨੂੰ ਸੁਲਝਾਉਂਦੇ ਹੋਏ ਅਤੇ ਸਪਸ਼ਟ ਰਾਹ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਇਹ ਜੀਵ ਜਦੋਂ ਤਕ ਆਪਣੀ ਹੋਂਦ ਨੂੰ ਗੁਰੂ ਦੇ ਚਰਨਾਂ ਵਿਚ ਭੇਟ ਨਹੀਂ ਕਰਦਾ, ਮਨ ਕਦੇ ਵੀ ਵੱਸ ਨਹੀਂ ਆਵੇਗਾ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਇਹੁ ਮਨੁ ਮੈਲਾ ਇਕੁ ਨ ਧਿਆਏ॥***
***ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥***
***ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ***
***ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥***
***ਸਤਿਗੁਰੁ ਸੇਵੇ ਤਾ ਮਲੁ ਜਾਏ॥***
***ਜੀਵਤੁ ਮਰੈ ਹਰਿ ਸਿਉ ਚਿਤੁ ਲਾਏ॥***
***ਹਰਿ ਨਿਰਮਲੁ ਸਚੁ ਮੈਲੁ ਨ ਲਾਗੈ***
***ਸਚਿ ਲਾਗੈ ਮੈਲੁ ਗਵਾਵਣਿਆ॥***
***ਅੰਗ - 116***

ਇਹ ਨਾ ਪੋਥੀਆਂ ਪੜ੍ਹਿਆਂ ਤੇ ਕਾਬੂ ਆਉਂਦਾ ਹੈ, ਪ੍ਰਾਣਾਯਾਮ ਦੇ ਬਲ ਨਾਲ ਰੇਚਕ, ਪੂਰਕ, ਕੁੰਭਕ ਦੇ ਸਾਧਨ ਕਰਕੇ, ਸਵਾਸ ਨੂੰ ਮੂਲਧਾਰ ਤੋਂ ਲੈ ਕੇ ਸਾਰੇ ਐਨਰਜੀ ਸੈਂਟਰਾਂ ਨੂੰ ਵੇਧ ਕੇ, ਉਪਰ ਸਮਾਧ ਲਾ ਕੇ ਵੀ ਵੱਸ ਨਹੀਂ ਆਉਂਦਾ। ਕੇਵਲ ਜਦੋਂ ਗੁਰੂ, ਕ੍ਰਿਪਾ ਕਰਕੇ, ਇਸਨੂੰ ਗਿਆਨ ਬਖਸ਼ ਦੇਵੇ ਤਾਂ ਇਹ ਮਨ ਵਸ ਆ ਜਾਇਆ ਕਰਦਾ ਹੈ -

***ਮਨਮੁਖ ਮੰਨੁ ਅਜਿਤੁ ਹੈ***
***ਦੂਜੈ ਲਗੈ ਜਾਇ॥***
***ਤਿਸ ਨੋ ਸੁਖੁ ਸੁਪਨੈ ਨਹੀ***

*ਦੂਖੇ ਦੂਖਿ ਵਿਹਾਇ॥*
*ਘਰਿ ਘਰਿ ਪੜਿ ਪੜਿ ਪੰਡਿਤ ਥਕੇ*
*ਸਿਧ ਸਮਾਧਿ ਲਗਾਇ॥*
*ਇਹੁ ਮਨੁ ਵਸਿ ਨ ਆਵਈ*
*ਥਕੇ ਕਰਮ ਕਮਾਇ॥*
*ਭੇਖਧਾਰੀ ਭੇਖ ਕਰਿ ਥਕੇ*
*ਅਠਿਸਠਿ ਤੀਰਥ ਨਾਇ॥*
*ਮਨ ਕੀ ਸਾਰ ਨ ਜਾਣਨੀ*
*ਹਉਮੈ ਭਰਮਿ ਭੁਲਾਇ॥*
*ਗੁਰ ਪਰਸਾਦੀ ਭਉ ਪਾਇਆ*
*ਵਡਭਾਗਿ ਵਸਿਆ ਮਨਿ ਆਇ॥*
*ਭੈ ਪਇਐ ਮਨੁ ਵਸਿ ਹੋਆ*
*ਹਉਮੈ ਸਬਦਿ ਜਲਾਇ॥*
*ਸਚਿ ਰਤੇ ਸੇ ਨਿਰਮਲੇ*
*ਜੋਤੀ ਜੋਤਿ ਮਿਲਾਇ॥*
*ਸਤਿਗੁਰਿ ਮਿਲਿਐ ਨਾਉ ਪਾਇਆ*
*ਨਾਨਕ ਸੁਖਿ ਸਮਾਇ॥*
*ਅੰਗ – 644*

ਸੋ ਇਨ੍ਹਾਂ ਉਪਰ ਕਥੇ ਗੁਰਵਾਕਾਂ ਰਾਹੀਂ ਚੰਗੀ ਤਰ੍ਹਾਂ ਇਹ ਸਮਝ ਵਿਚ ਆ ਜਾਂਦਾ ਹੈ ਕਿ ਮਨ ਬਹੁਤ ਅਜਿੱਤ ਸੂਰਮਾ ਹੈ ਅਤੇ ਆਪਣੇ ਮੂੜ ਬਲ ਕਰਕੇ ਜੀਵ ਆਤਮਾ ਨੂੰ ਦੁਖਾਂ ਦੀ ਦਲਦਲ ਵਿਚ ਸੁੱਟ ਰਖਦਾ ਹੈ। ਬਗੈਰ ਮਨ ਮਾਰੇ ਤੋਂ ਕਿੰਨੇ ਵੀ ਕਰਮ ਕਰ ਲਏ ਜਾਣ, ਕੁਝ ਬਣਦਾ ਨਹੀਂ ਹੈ।

*ਵਿਣੁ ਮਨੁ ਮਾਰੇ ਕੋਇ ਨ ਸਿਝਈ*
*ਵੇਖਹੁ ਕੋ ਲਿਵ ਲਾਇ॥*
*ਭੇਖਧਾਰੀ ਤੀਰਥੀ ਭਵਿ ਥਕੇ*
*ਨਾ ਏਹੁ ਮਨੁ ਮਾਰਿਆ ਜਾਇ॥*
*ਅੰਗ – 650*

ਸੋ ਇਹਦਾ ਸੁਭਾਅ ਇਹੀ ਹੈ ਕਿ ਮਾਇਆ ਦੇ ਵਸ ਵਿਚ ਪਾ ਕੇ, ਇਹ ਮਨ, ਜੀਵ ਆਤਮਾ ਨੂੰ ਨਰਕਾਂ ਦੇ ਦੁਖਾਂ ਵਿਚ ਪਾਉਂਦਾ ਹੀ ਰਹਿੰਦਾ ਹੈ। ਇਸਦਾ ਕੋਈ ਵੀ ਵਿਸ਼ਵਾਸ਼ ਨਹੀਂ ਹੈ। ਇਹ ਜਪਾਂ, ਤਪਾਂ, ਸੰਜਮਾਂ, ਦਾਨ-ਪੁੰਨ, ਤੀਰਥ ਯਾਤਰਾ ਤੇ ਹੋਰ ਅਨੇਕਾਂ ਜਨ-ਸਮੂੰਹ ਦੇ ਭਲੇ ਲਈ ਕੀਤੇ ਕਰਮ, ਅਭਿਮਾਨ ਰਾਹੀਂ ਸੁਆਹ ਬਣਾ ਦਿੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਕਵਨੁ ਕਵਨੁ ਨਹੀ ਪਤਰਿਆ*
*ਤੁਮਰੀ ਪਰਤੀਤਿ॥*
*ਮਹਾ ਮੋਹਨੀ ਮੋਹਿਆ*
*ਨਰਕ ਕੀ ਰੀਤਿ॥*
*ਮਨ ਖੁਟਹਰ ਤੇਰਾ ਨਹੀ ਬਿਸਾਸੁ*
*ਤੂ ਮਹਾ ਉਦਮਾਦਾ॥*
*ਖਰ ਕਾ ਪੈਖਰੁ ਤਉ ਛੁਟੈ*
*ਜਉ ਊਪਰਿ ਲਾਦਾ॥*
*ਜਪ ਤਪ ਸੰਜਮ ਤੁਮ ਖੰਡੇ*
*ਜਮ ਕੇ ਦੁਖ ਡਾਂਡ॥*
*ਸਿਮਰਹਿ ਨਾਹੀ ਜੋਨਿ*
*ਦੁਖ ਨਿਰਲਜੇ ਭਾਂਡ॥*
*ਹਰਿ ਸੰਗਿ ਸਹਾਈ ਮਹਾ ਮੀਤੁ*
*ਤਿਸ ਸਿਉ ਤੇਰਾ ਭੇਦੁ॥*
*ਬੀਧਾ ਪੰਚ ਬਟਵਾਰਈ*
*ਉਪਜਿਓ ਮਹਾ ਖੇਦੁ॥ ਅੰਗ – 815*

ਹੁਣ ਇਸਦਾ ਇਲਾਜ ਕੀ ਹੈ? ਕਿਵੇਂ ਮਨ ਸਾਥ ਦੇਵੇ? ਕਿਸ ਤਰ੍ਹਾਂ ਦੇ ਨਾਲ ਅਸੀਂ ਆਪਣਾ ਜਨਮ ਪਦਾਰਥ ਹਾਸਿਲ ਕਰੀਏ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤਕ ਜੀਵ, ਅਤਿ ਨਿਮਰਤਾ ਅਤੇ ਪੂਰੀ ਸਚਾਈ ਨਾਲ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਅਤੇ ਆਪਣਾ ਤਨ, ਮਨ, ਧਨ ਗੁਰੂ ਦੱਛਣਾ ਵਿਚ ਨਹੀਂ ਦਿੰਦਾ, ਉਤਨੀ ਦੇਰ ਤਕ ਇਹ ਮਨ ਮਾਰਿਆ ਨਹੀਂ ਜਾ ਸਕਦਾ। ਇਹ ਸਿਰਫ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਹੋਣ ਦੇ ਨਾਲ ਮਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਮਾਰੂ ਮਾਰਣ ਜੋ ਗਏ*
*ਮਾਰਿ ਨ ਸਕਹਿ ਗਵਾਰ॥*
*ਨਾਨਕ ਜੇ ਇਹੁ ਮਾਰੀਐ*
*ਗੁਰ ਸਬਦੀ ਵੀਚਾਰਿ॥*
*ਏਹੁ ਮਨੁ ਮਾਰਿਆ ਨਾ ਮਰੈ*
*ਜੇ ਲੋਚੈ ਸਭੁ ਕੋਇ॥*
*ਨਾਨਕ ਮਨ ਹੀ ਕਉ ਮਨੁ ਮਾਰਸੀ*

*ਜੇ ਸਤਿਗੁਰੁ ਭੇਟੈ ਸੋਇ॥*

**ਅੰਗ - 1089**

ਸੋ ਇਨ੍ਹਾਂ ਮਹਾਂਵਾਕਾਂ ਤੋਂ ਸਪਸ਼ਟ ਹੁੰਦਾ ਹੈ ਕਿ ਮਨ ਇਕ ਐਸੀ ਸ਼ਕਤੀ ਹੈ ਜਿਸਦਾ ਮੁਕਾਬਲਾ ਕਰਨ ਵਾਸਤੇ ਬਹੁਤ ਸਾਵਧਾਨੀ ਦੀ ਲੋੜ ਹੈ ਜਿਸ ਨਾਲ ਪੂਰੀ ਸ਼ਰਧਾ ਨਾਲ ਕੀਤੀ ਮਹਾਂਪੁਰਸ਼ਾਂ ਦੀ ਸੰਗਤ, ਮਹਾਂਪੁਰਸ਼ਾਂ ਨਾਲ ਹਾਰਦਿਕ ਪਿਆਰ, ਉਨ੍ਹਾਂ ਦੇ ਬਚਨ ਨੂੰ 100% ਮੰਨਣ ਦੀ ਭਾਵਨਾ, ਹਿਰਦੇ ਵਿਚ ਪੈਦਾ ਹੋ ਜਾਵੇ।

ਦੂਸਰਾ ਬ੍ਰਹਮਗਿਆਨ ਦੇ ਪ੍ਰਾਪਤ ਹੋਇਆਂ ਇਹ ਮਨ ਆਪਣੀ ਸ਼ਕਲ ਬਦਲ ਕੇ ਉਨਮਨ ਬਣ ਜਾਂਦਾ ਹੈ ਅਤੇ ਸਤਿ, ਸੰਤੋਖ, ਦਇਆ, ਵੈਰਾਗ, ਵਿਵੇਕ, ਵਿਚਾਰ, ਮੋਖਸ਼ ਇੱਛਾ, ਸੁਣਨਾ, ਮੰਨਣਾ ਨਿਧਿਆਸਣ ਆਦਿ ਦੈਵੀ ਸੰਪਰਦਾ ਦੀ ਮਿੱਤਰਤਾ ਪ੍ਰਾਪਤ ਕਰਕੇ ਆਸਰੀ ਸੰਪਰਦਾ ਦੇ ਪੰਜਾਂ ਚੋਰਾਂ, ਮਹਾਂ ਕ੍ਰੋਧ, ਵਾਸ਼ਨਾਵਾਂ, ਕਬੁੱਧ, ਤ੍ਰਿਸ਼ਨਾ ਆਦਿ ਨੂੰ ਦਰੜ ਕੇ ਮਨ ਰਾਜਾ ਵੱਸ ਵਿਚ ਆਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਪ੍ਰੇਮ ਪਲੀਤਾ ਸੁਰਤਿ ਹਵਾਈ*
*ਗੋਲਾ ਗਿਆਨੁ ਚਲਾਇਆ॥*
*ਬ੍ਰਹਮ ਅਗਨਿ ਸਹਜੇ ਪਰਜਾਲੀ*
*ਏਕਹਿ ਚੋਟ ਸਿਝਾਇਆ॥*
*ਸਤੁ ਸੰਤੋਖੁ ਲੈ ਲਰਨੇ ਲਾਗਾ*
*ਤੋਰੇ ਦੁਇ ਦਰਵਾਜਾ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ*
*ਪਕਰਿਓ ਗਢ ਕੋ ਰਾਜਾ॥*
*ਭਗਵਤ ਭੀਰਿ ਸਕਤਿ ਸਿਮਰਨ ਕੀ*
*ਕਟੀ ਕਾਲ ਭੈ ਫਾਸੀ॥*
*ਦਾਸੁ ਕਮੀਰੁ ਚੜਿਓ ਗੜ੍ਹ ਊਪਰਿ*
*ਰਾਜੁ ਲੀਓ ਅਬਿਨਾਸੀ॥*

**ਅੰਗ - 1162**

ਤੁਹਾਡਾ ਜੋ ਸਵਾਲ ਹੈ ਕਿ ਮਨ ਬਾਣੀ ਵਿਚ ਨਹੀਂ ਲਗਦਾ, ਨਾਮ ਸਿਮਰਨ ਵਿਚ ਨਹੀਂ ਲਗਦਾ। ਇਸ ਤੋਂ ਸਪਸ਼ਟ ਹੈ ਕਿ ਤੁਹਾਨੂੰ ਮਨ ਦੇ ਖੜਯੰਤਰਾਂ ਦੀ ਕੁਝ ਸਮਝ ਪੈ ਗਈ ਹੈ। ਹੁਣ ਧਿਆਨ ਨਾਲ ਸ੍ਰਵਣ ਕਰੋ। ਕੁਝ ਅਸੂਲ ਹਨ ਜੋ ਅੰਦਰ ਧਾਰਨ ਕਰਨੇ ਪੈਂਦੇ ਹਨ ਤਾਂ ਮਨ ਲਗਣਾ ਸ਼ੁਰੂ ਹੋ ਜਾਂਦਾ ਹੈ।

1. **ਗੁਰ ਕੀ ਪਰਤੀਤ** - ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿੰਨੀ ਦੇਰ ਤਕ ਆਪਣੇ ਗੁਰੂ ਉਪਰ ਪਰਤੀਤ ਨਹੀਂ ਆਉਂਦੀ ਅਤੇ ਇਹ ਪਰਤੀਤੀ ਸਦੀਵੀ ਕਾਇਮ ਨਹੀਂ ਰਹਿੰਦੀ, ਉਤਨੀ ਦੇਰ ਤਕ ਨਾ ਹੀ ਨਾਮ ਜਪ ਹੋਵੇ ਅਤੇ ਨਾ ਹੀ ਬਾਣੀ ਪੜ੍ਹ ਹੋਵੇ। ਕਿਉਂਕਿ ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਹੈ -

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*

**ਅੰਗ - 283**

ਜਦੋਂ ਤਕ ਇਹ ਧੁਰ ਅੰਦਰੋਂ ਗੁਰੂ ਤੇ ਪ੍ਰਮੇਸ਼ਰ ਨੂੰ ਇਕ ਨਹੀਂ ਸਮਝਦਾ, ਉਤਨੀ ਦੇਰ ਤਕ ਗੁਰੂ ਦੇ ਬਚਨਾਂ ਉਪਰ ਭਰੋਸਾ ਨਾ ਹੋਣ ਕਰਕੇ ਗੁਰੂ ਦੇ ਬਚਨ ਧਾਰਨ ਨਹੀਂ ਕਰਦਾ ਅਤੇ ਆਪਣੀ ਅਧੂਰੀ ਅਕਲ ਦੇ ਮੰਤਕਾਂ, ਕੱਚੇ ਗਿਆਨ ਨਾਲ ਬਣੇ ਪ੍ਰਭਾਵ ਅਤੇ ਨਾਸਤਕ ਖਿਆਲਾਂ ਦੇ ਅਸਰ ਨਾਲ ਪਏ ਅਗਿਆਨ ਇਸਦਾ ਰਸਤਾ ਰੋਕੀ ਰਖਦੇ ਹਨ। ਗੁਰੂ ਤੇ ਪ੍ਰਮੇਸ਼ਰ ਨੂੰ ਇਕ ਜਾਣੇ। ਜਿਵੇਂ ਕਿ ਫੁਰਮਾਨ ਹੈ-

*ਗੁਰ ਪਰਮੇਸਰੁ ਏਕੋ ਜਾਣੁ॥*

**ਅੰਗ - 864**

*ਸਤਿਗੁਰ ਦੇਉ ਪਰਤਖਿ ਹਰਿ ਮੂਰਤਿ*
*ਜੋ ਅੰਮ੍ਰਿਤ ਬਚਨ ਸੁਣਾਵੈ॥*
*ਨਾਨਕ ਭਾਗ ਭਲੇ ਤਿਸ ਜਨ ਕੇ*
*ਜੋ ਹਰਿ ਚਰਣੀ ਚਿਤੁ ਲਾਵੈ॥*

**ਅੰਗ - 1264**

*ਸਤਿਗੁਰ ਜੇਵਡੁ ਅਵਰੁ ਨ ਕੋਇ॥*
*ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥*

**ਅੰਗ - 1271**

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*

*ਗੁਰ ਗੋਵਿੰਦ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*
*ਅੰਗ - 442*

*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥*
*ਅੰਗ - 1142*

*ਗੁਰ ਕੀ ਮਹਿਮਾ ਕਿਆ ਕਹਾ*
*ਗੁਰੁ ਬਿਬੇਕ ਸਤ ਸਰੁ॥*
*ਓਹੁ ਆਦਿ ਜੁਗਾਦੀ ਜੁਗਹ ਜੁਗ*
*ਪੂਰਾ ਪਰਮੇਸਰੁ॥*
*ਅੰਗ - 397*

*ਮਨੁ ਸਤਿਗੁਰ ਸਰਨਿ ਧਿਆਵੈਗੋ॥*
*ਲੋਹਾ ਹਿਰਨੁ ਹੋਵੈ ਸੰਗਿ ਪਾਰਸ*
*ਗੁਨੁ ਪਾਰਸ ਕੋ ਹੋਇ ਆਵੈਗੋ॥*
*ਸਤਿਗੁਰ ਮਹਾ ਪੁਰਖੁ ਹੈ ਪਾਰਸੁ*
*ਜੋ ਲਾਗੈ ਸੋ ਫਲੁ ਪਾਵੈਗੋ॥*
*ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ*
*ਗੁਰੁ ਸੇਵਕ ਪੈਜ ਰਖਾਵੈਗੋ॥*
*ਅੰਗ - 1311*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨੂੰ ਜਦੋਂ ਤਕ ਪ੍ਰਮੇਸ਼ਰ ਰੂਪ ਕਰਕੇ ਨਹੀਂ ਮੰਨਦਾ ਅਤੇ ਗੁਰੂ ਦੀ ਮਤਿ ਨੂੰ ਧਾਰਨ ਕਰਦਾ ਹੋਇਆ ਜਦੋਂ ਤਕ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਦੇ ਨਾਲ ਸਮਰਪਣ ਨਹੀਂ ਕਰਦਾ, ਇਹ ਰੂਹਾਨੀ ਘਰ ਦੇ ਰਸਤੇ ਉਪਰ ਚਲ ਹੀ ਨਹੀਂ ਸਕਦਾ। ਇਸ ਕਰਕੇ ਸਭ ਤੋਂ ਪਹਿਲਾ ਜੋ ਵਿਸ਼ਵਾਸ਼ ਹੈ, ਉਹ ਇਹ ਹੈ ਕਿ ਮੇਰਾ ਗੁਰੂ ਪ੍ਰਮੇਸ਼ਰ ਹੈ, ਉਸ ਤੋਂ ਵੱਡਾ ਸੰਸਾਰ ਵਿਚ ਹੋਰ ਕੋਈ ਨਹੀਂ ਹੈ। ਹਰ ਵਕਤ ਵਿਸ਼ਵਾਸ਼ ਵਿਚ ਰਹੇ-

*ਗੁਰੁ ਬੋਹਿਥੁ ਤਾਰੇ ਭਵ ਪਾਰਿ॥*
*ਗੁਰ ਸੇਵਾ ਜਮ ਤੇ ਛੁਟਕਾਰਿ॥*
*ਅੰਧਕਾਰ ਮਹਿ ਗੁਰਮੰਤ੍ਰੁ ਉਜਾਰਾ॥*
*ਗੁਰ ਕੈ ਸੰਗਿ ਸਗਲ ਨਿਸਤਾਰਾ॥*
*ਗੁਰੁ ਪੂਰਾ ਪਾਈਐ ਵਡਭਾਗੀ॥*
*ਗੁਰ ਕੀ ਸੇਵਾ ਦੂਖੁ ਨ ਲਾਗੀ॥*
*ਗੁਰ ਕਾ ਸਬਦੁ ਨ ਮੇਟੈ ਕੋਇ॥*
*ਗੁਰੁ ਨਾਨਕੁ ਨਾਨਕੁ ਹਰਿ ਸੋਇ॥*
*ਅੰਗ - 865*

ਫੇਰ ਇਸ ਤੋਂ ਅੱਗੇ ਜਿਸਨੂੰ ਅਸੀਂ ਪਿਆਰ ਕਰਦੇ ਹਾਂ ਉਸਦੇ ਬਚਨ, ਅਸੀਂ ਸਭ ਕੁਝ ਕੁਰਬਾਨ ਕਰਕੇ ਭੀ ਮੰਨਦੇ ਹਾਂ। ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪਣ ਕਰਕੇ ਗੁਰੂ ਨੂੰ ਮੰਨਣਾ ਪ੍ਰਮੇਸ਼ਰ ਦੀ ਪ੍ਰਾਪਤੀ ਦੀ ਕੁੰਜੀ ਹੈ। ਗੁਰੂ ਦਾ ਪਿਆਰ ਉਸਦੇ ਦ੍ਰਿਸ਼ਟਮਾਨ ਵਜੂਦ ਨੂੰ ਸਦਾ ਹੀ ਅੰਦਰ ਵਸਾ ਕੇ ਰਖਦਾ ਹੈ। ਉਹ ਐਨਾ ਵਸ ਜਾਂਦਾ ਹੈ ਕਿ ਖੁਲ੍ਹੀਆਂ ਅੱਖਾਂ ਦੇ ਨਾਲ ਜਿਧਰ ਵੀ ਦੇਖੋ, ਆਪਣੇ ਗੁਰੂ ਦਾ ਸਾਕਾਰ ਵਜੂਦ ਹੀ ਨਜ਼ਰ ਆਉਂਦਾ ਹੈ। ਜਦੋਂ ਗੁਰੂ ਹਰ ਵਕਤ ਹਾਜ਼ਰ-ਨਾਜ਼ਰ, ਹਰ ਥਾਂ, ਅੰਦਰ-ਬਾਹਰ ਪ੍ਰਤੱਖ ਭਾਸਦਾ ਹੈ ਤਾਂ ਇਸ ਮਨ ਦੀ ਕੋਈ ਤਾਕਤ ਨਹੀਂ ਕਿ ਉਹ ਇਸ ਮਹਾਂ-ਪਵਿੱਤਰ ਮੰਡਲ ਵਿਚ ਪ੍ਰਵੇਸ਼ ਕਰ ਸਕੇ। ਗੁਰੂ ਮਹਾਰਾਜ ਦਾ ਫੁਰਮਾਨ ਹੈ-

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥*
*ਗੁਰ ਕੇ ਚਰਨ ਰਿਦੈ ਲੈ ਧਾਰਉ॥*
*ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥*
*ਮਤ ਕੋ ਭਰਮਿ ਭੁਲੈ ਸੰਸਾਰਿ॥*
*ਗੁਰ ਬਿਨੁ ਕੋਇ ਨ ਉਤਰਸਿ ਪਾਰਿ॥*
*ਅੰਗ - 864*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਾ ਜੋ ਹੁਕਮ ਹੈ, ਗੁਰੂ ਨੂੰ ਜੋ ਭਾਉਂਦਾ ਹੈ, ਉਸ ਦੇ ਮੁਤਾਬਿਕ ਆਪਣੀ ਜੀਵਨ ਰਬਾਬ ਨੂੰ ਸੁਰ ਕੀਤਿਆਂ ਗੁਰੂ ਦੇ ਸੁਰ ਨਾਲ ਮੇਲ ਹੋ ਕੇ ਪੂਰਨ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦਾ ਜੋ ਬਚਨ ਹੈ, ਅਸੀਂ ਉਸਨੂੰ ਗੁਰਬਾਣੀ ਕਹਿੰਦੇ ਹਾਂ। ਗੁਰੂ ਤੇ ਪ੍ਰਮੇਸ਼ਰ ਅਭੇਦ ਹਨ, ਗੁਰੂ ਦਾ ਅੱਖਾਂ ਨਾਲ ਦੇਖਣ ਵਾਲਾ ਵਜੂਦ, ਪ੍ਰਮੇਸ਼ਰ ਦਾ ਸਰਗੁਣ ਸਰੂਪ ਹੈ। ਇਸ ਦੇ ਰਾਹੀਂ ਜੋ ਬਚਨ ਅਸਾਨੂੰ ਲਿਖਤੀ ਜਾਂ ਬੈਖਰੀ ਬਾਣੀ ਰਾਹੀਂ ਪ੍ਰਾਪਤ ਹੁੰਦੇ ਹਨ, ਉਹ ਗੁਰੂ ਦੇ ਬਚਨ, ਗੁਰਬਾਣੀ ਹੋਇਆ ਕਰਦੀ ਹੈ। ਇਹ ਬਚਨ, ਭਰਮਾਂ ਦਾ ਨਾਸ਼ ਕਰਦੇ ਹਨ। ਪੰਜ ਭਰਮ ਪੂਰੀ ਤਰ੍ਹਾਂ ਨਾਲ ਅਲੋਪ ਹੋ ਜਾਂਦੇ ਹਨ

ਅਤੇ ਇਸੇ ਜਗਤ ਵਿਚ ਖੁਲ੍ਹੀਆਂ ਅੱਖਾਂ ਨਾਲ ਬ੍ਰਹਮ ਦੇ ਸਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਏਥੋਂ ਤਕ ਕਿ ਆਪ ਵੀ ਬ੍ਰਹਮ ਦਾ ਰੂਪ ਹੀ ਹੋ ਜਾਇਆ ਕਰਦਾ ਹੈ। ਗੁਰੂ ਦੇ ਬਚਨਾਂ ਦੀ ਮਹਿਮਾ ਦਸਦੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥***
***ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ॥***
***ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥***
***ਗੁਰ ਕੈ ਸੰਗਿ ਤਰਿਆ ਸਭੁ ਲੋਗੁ॥***
***ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥***
***ਗੁਰ ਕੈ ਬਚਨਿ ਪਾਇਆ***
***ਨਾਉ ਨਿਧਿ॥***
***ਜਿਨਿ ਜਿਨਿ ਕੀਨੀ***
***ਮੇਰੇ ਗੁਰ ਕੀ ਆਸਾ॥***
***ਤਿਸ ਕੀ ਕਟੀਐ ਜਮ ਕੀ ਫਾਸਾ॥***
***ਗੁਰ ਕੈ ਬਚਨਿ ਜਾਗਿਆ ਮੇਰਾ***
***ਕਰਮੁ॥***
***ਨਾਨਕ ਗੁਰੁ ਭੇਟਿਆ ਪਾਰਬ੍ਰਹਮ॥***
***ਅੰਗ – 239***

ਜਦੋਂ ਅਸੀਂ ਪਿਆਰ ਦੇ ਬਚਨ ਪੜ੍ਹਾਂਗੇ ਅਤੇ ਪਿਆਰ ਵਿਚ ਪੂਰੀ ਤਰ੍ਹਾਂ ਨਾਲ ਲੀਨ ਹੋਵਾਂਗੇ ਤਾਂ ਇਹ ਮਨ ਪੂਰੀ ਤਰ੍ਹਾਂ ਨਾਲ ਸ਼ੁਧ ਹੋ ਕੇ ਜੀਵ ਆਤਮਾ ਦਾ ਪੂਰਾ ਸਾਥ ਦੇਵੇਗਾ। ਇਸ ਕਾਰਜ ਨੂੰ ਸਫਲ ਬਣਾਉਣ ਵਾਸਤੇ ਸਾਨੂੰ ਗੁਰੂ ਦੀ ਬਾਣੀ ਦੀ ਮਹਿਮਾ ਉਪਰ ਪੂਰੀ ਤਰ੍ਹਾਂ ਵਿਸ਼ਵਾਸ਼ ਕਰਨ ਦੀ ਲੋੜ ਹੈ।

ਗੁਰੂ ਸੱਤਵੇਂ ਪਾਤਸ਼ਾਹ ਇਕ ਵਾਰੀ ਗੁਰਬਾਣੀ ਦੀ ਮਹਿਮਾ ਦਸਦੇ ਹੋਏ ਸਮੂੰਹ ਸੰਗਤ ਨੂੰ ਉਪਦੇਸ਼ ਦਿੰਦੇ ਫੁਰਮਾਨ ਕਰਦੇ ਹਨ ਕਿ 'ਸਤਿਨਾਮੁ' ਉਤਨੀ ਦੇਰ ਤਕ ਪ੍ਰਗਟ ਨਹੀਂ ਹੁੰਦਾ ਜਦੋਂ ਤਕ ਬਾਣੀ ਦੇ ਰਾਹੀਂ ਨਾਮ-ਮਹਿਮਾ, ਹਿਰਦੇ ਵਿਚ ਵਸ ਨਾ ਜਾਵੇ। ਗੁਰਬਾਣੀ, 'ਸਤਿਨਾਮ' ਦੇ ਉਪਜਾਉਣ ਲਈ ਸ਼ੁਭ ਧਰਤੀ ਹੈ। ਜਦੋਂ ਤਕ ਸ਼ੁਭ ਧਰਤੀ ਦੀ ਪ੍ਰਾਪਤੀ ਨਾ ਹੋਵੇ ਜਿਸ ਵਿਚ ਕੱਲਰ ਦੀ ਅੰਸ ਨਾ ਹੋਵੇ, ਧਰਤੀ ਹੇਠਾਂ ਪਥਰੀਆਂ ਆਦਿ ਨਾ ਹੋਣ ਅਤੇ ਸੇਮ ਵਾਲੀ ਤੇ ਕਰੜੀ ਧਰਤੀ ਨਾ ਹੋਵੇ, ਓਨਾਂ ਚਿਰ 'ਸਤਿਨਾਮ' ਰੂਪੀ ਬ੍ਰਿਛ ਪੂਰੀ ਤਰ੍ਹਾਂ ਪ੍ਰਫੁਲਤ ਹੋ ਕੇ ਹਰਿਆ ਭਰਿਆ ਨਹੀਂ ਹੋ ਸਕਦਾ। ਜੋ ਗੁਰਬਾਣੀ ਹੈ ਇਹ ਇਨ੍ਹਾਂ ਸਾਰੇ ਅਵਗੁਣਾਂ ਤੋਂ ਰਹਿਤ ਸ਼ੁਭ ਧਰਤੀ ਹੈ ਜਿਥੇ ਇਕ ਬੀਜ ਸੁਟਿਆ, ਆਪਣੀ ਉੱਗਣ ਸ਼ਕਤੀ ਰਾਹੀਂ ਬ੍ਰਿਛ ਦੇ ਰੂਪ ਵਿਚ ਪ੍ਰਗਟ ਹੋ ਜਾਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਗੁਰਬਾਣੀ ਸ਼ੁਭ ਧਰਤੀ ਦਾ ਰੂਪ ਧਾਰਦਿਆਂ, ਨਾਮ ਬ੍ਰਿਛ ਨੂੰ ਪ੍ਰਫੁਲਤ ਕਰਦੀ ਹੈ। ਗੁਰਬਾਣੀ ਦੀ ਸਹਾਇਤਾ ਬਿਨਾਂ ਇਸ ਧਰਤੀ ਵਿਚੋਂ ਗਿੱਲ (ਨਮੀ) ਸੁੱਕ ਜਾਂਦੀ ਹੈ ਅਤੇ ਬ੍ਰਿਛ, ਗਿੱਲ ਤੋਂ ਬਿਨਾਂ ਸੁੱਕ ਜਾਇਆ ਕਰਦਾ ਹੈ। ਸੋ ਗੁਰਬਾਣੀ ਦੀ ਸ਼ੁਭ ਹਵਾ, ਵਾਤਾਵਰਣ ਨੂੰ ਅਨੁਕੂਲ ਰੱਖਣ ਲਈ ਨਾਮ ਬ੍ਰਿਛ ਨੂੰ ਪ੍ਰਫੁਲਤ ਕਰਨ ਲਈ ਪੂਰੀ-ਪੂਰੀ ਸਹਾਇਤਾ ਕਰਦੀ ਹੈ ਅਤੇ ਨਾਲ ਹੀ ਨਾਮ ਬ੍ਰਿਛ ਨੂੰ ਹੁਲਾਰਿਆਂ ਵਿਚ ਰੱਖਣ ਲਈ ਅਸ਼ੁਭ ਗੁਣਾਂ ਦੀ ਗਰਮ ਲੋਅ ਤੋਂ ਬਚਾਉਂਦੀ ਹੈ ਅਤੇ ਦੂਸ਼ਿਤ ਵਾਤਾਵਰਣ ਨੂੰ ਦੂਰ ਰਖਦੀ ਹੈ। ਇਸ ਲਈ ਗੁਰਬਾਣੀ ਅਤੇ ਨਾਮ ਦਾ ਅਤੁੱਟ ਸਬੰਧ ਹੈ। ਜੋ ਗੁਰਬਾਣੀ ਦਾ ਅਰਥ ਭਾਵ ਸਮਝ ਕੇ, ਭਾਵਲੀਨ ਹੋ ਕੇ ਇਸ ਨੂੰ ਕਮਾਉਂਦੇ ਹਨ, ਉਨ੍ਹਾਂ ਦੀ ਸ਼ੁਭ ਕਰਨੀ, ਸੰਸਾਰ ਨੂੰ ਪ੍ਰਭਾਵਿਤ ਕਰਦੀ ਹੈ। ਮਾਇਆ ਦੇ ਦੋ ਮਹਾਂ ਬਲੀਆਂ – ਰਾਗ ਅਤੇ ਦ੍ਵੈਸ਼ ਦੇ ਕਲੇਸ਼ਾਂ ਨੂੰ, ਪਾਪਾਂ ਨੂੰ ਨਾਸ਼ ਕਰ ਦਿਆ ਕਰਦੀ ਹੈ। ਗੁਰਬਾਣੀ ਦੇ ਸਿਧਾਂਤ ਸ੍ਰੇਸ਼ਟ ਪੁਰਸ਼ਾਂ ਦੇ ਕਾਰਨ, ਤਰਨ ਵਾਲੇ ਹਨ। ਉਹ ਜਦੋਂ ਇਨ੍ਹਾਂ ਸਿਧਾਂਤਾਂ ਦੀ ਰੌਸ਼ਨੀ ਵਿਚ ਆਪਣਾ ਜੀਵਨ ਬਿਤਾਉਂਦੇ ਹਨ ਤਾਂ ਸੰਸਾਰ ਉਨ੍ਹਾਂ ਨੂੰ ਮਾਣ ਦਿੰਦਾ ਹੈ ਅਤੇ ਦਰਗਾਹ ਵਿਚ ਉਨ੍ਹਾਂ ਦੀ ਜੈ-ਜੈਕਾਰ ਹੁੰਦੀ ਹੈ। ਗੁਰਬਾਣੀ, ਵਿਕਾਰਾਂ ਤੋਂ ਬਿਲਕੁਲ ਮਨ ਨੂੰ ਸਾਫ ਕਰ ਦਿੰਦੀ ਹੈ ਕਿਉਂਕਿ ਉਹ ਔਗੁਣਾਂ ਦੇ ਬੁਰੇ ਪ੍ਰਭਾਵ ਨੂੰ ਸਪਸ਼ਟ ਕਰਕੇ ਫੁਰਮਾਨ ਕਰਦੀ ਹੈ –

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥***
***ਅੰਗ – 932***

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ।।*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ।।*

***ਅੰਗ - 755***

ਸ਼ੁਭ ਰਸਤੇ ਤੇ ਤੋਰਨ ਵਾਸਤੇ ਫੁਰਮਾਨ ਆਉਂਦੇ ਹਨ –

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ।।*
*ਦੇਹੀ ਰੋਗੁ ਨ ਲਗਈ*
*ਪਲੈ ਸਭੁ ਕਿਛੁ ਪਾਇ।।*

***ਅੰਗ - 1381***

ਗੁਰਬਾਣੀ, ਗੁਰੂ ਦੀ ਸੇਵਾ ਕਰਨ ਲਈ ਪ੍ਰੇਰਨਾ ਦਿੰਦੀ ਹੈ ਅਤੇ ਉਸ ਦੇ ਫਲ ਨੂੰ ਪ੍ਰਗਟ ਕਰਦੀ ਸਪਸ਼ਟ ਕਰਦੀ ਹੈ ਕਿ –

*ਵਿਚਿ ਦੁਨੀਆ ਸੇਵ ਕਮਾਈਐ।।*
*ਤਾ ਦਰਗਹ ਬੈਸਣੁ ਪਾਈਐ।।*
*ਕਹੁ ਨਾਨਕ ਬਾਹ ਲੁਡਾਈਐ।।*

***ਅੰਗ - 26***

ਇਸੇ ਤਰ੍ਹਾਂ ਨਾਲ ਅੰਤਸ਼ਕਰਣ ਨੂੰ ਸੁਥਰਾ ਰੱਖਣ ਲਈ ਫੁਰਮਾਨ ਕਰਦੇ ਹਨ ਕਿ –

*ਵਵਾ ਵੈਰੁ ਨ ਕਰੀਐ ਕਾਹੂ।।*
*ਘਟ ਘਟ ਅੰਤਰਿ ਬ੍ਰਹਮ ਸਮਾਹੂ।।*

***ਅੰਗ - 259***

ਇਸ ਤਰ੍ਹਾਂ ਦੇ ਅਨੇਕਾਂ ਉਪਦੇਸ਼ ਦੇ ਕੇ ਅਵਗੁਣਾਂ ਨੂੰ ਮਾਰਨ ਵਾਲੀ ਮਹਾਂਬਲੀ ਸ਼ੇਰਨੀ ਹੈ। ਤ੍ਰਿਸ਼ਨਾਂ ਨੂੰ ਪੂਰੀ ਤਰ੍ਹਾਂ ਨਾਲ ਮਾਰ ਦਿੰਦੀ ਹੈ ਜੋ ਮਨ ਨੂੰ ਹਰ ਵਕਤ ਜਲਦਾ ਬਲਦਾ ਰੱਖਦੀ ਹੈ ਅਤੇ ਭਜਨ ਕਰਨ ਵੇਲੇ ਅਨੇਕਾਂ ਸੰਕਲਪਾਂ ਵਿਕਲਪਾਂ ਵਿਚ ਜੀਵ ਨੂੰ ਪਾਈ ਰੱਖਦੀ ਹੈ। ਅਵਿਦਿਆ, ਜੋ ਦਾਬ ਘਾਵ ਕਰਕੇ ਇਸ ਜੀਵ ਆਤਮਾ ਨੂੰ ਸਦਾ ਹੀ ਭੁਲਾਈ ਰਖਦੀ ਹੈ ਤੇ ਹਉਮੈ ਦੇ ਵੱਸ ਪਾ ਕੇ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਨਿਕਲਣ ਦਿੰਦੀ, ਇਸ ਅਵਿਦਿਆ ਰੂਪੀ ਹਰਨੀ ਨੂੰ ਮਾਰਨ ਵਾਲੀ ਮਹਾਂਬਲੀ ਸ਼ੇਰਨੀ ਹੈ। ਇਸ ਜੀਵ ਨੂੰ ਦੇਹ ਅਧਿਆਸ ਵਿਚੋਂ ਕੱਢਣ ਲਈ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ।।*

***ਅੰਗ - 441***

ਅਤੇ ਗਿਆਨ ਦੇ ਸੂਰਜ ਦਾ ਪ੍ਰਕਾਸ਼ ਪੂਰੀ ਤਰ੍ਹਾਂ ਨਾਲ ਘੁੱਪ ਅਨ੍ਹੇਰੇ ਨੂੰ ਦੂਰ ਕਰ ਦਿੰਦਾ ਹੈ, ਇਹ ਦੱਸ ਦਿੰਦੀ ਹੈ –

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ।।*
*ਗੋਬਿੰਦ ਬਿਨੁ ਨਹੀ ਕੋਈ।।*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ*
*ਓਤਿ ਪੋਤਿ ਪ੍ਰਭੁ ਸੋਈ।।*
*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ।।*

***ਅੰਗ - 485***

*ਬਾਜੀਗਰਿ ਜੈਸੇ ਬਾਜੀ ਪਾਈ।।*
*ਨਾਨਾ ਰੂਪ ਭੇਖ ਦਿਖਲਾਈ।।*
*ਸਾਂਗੁ ਉਤਾਰਿ ਥੰਮਿਓ ਪਾਸਾਰਾ।।*
*ਤਬ ਏਕੋ ਏਕੰਕਾਰਾ।।*

***ਅੰਗ - 736***

ਇਸ ੧ਓਅੰਕਾਰ ਨੂੰ ਹੀ ਸਰਬ ਪਾਸੇ ਰਮਿਆ ਜਣਾ ਕੇ ਸਤਿ ਰੂਪ ਦੀ ਗਵਾਹੀ ਦਿੰਦੀ ਹੈ –

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ।।*

***ਅੰਗ - 922***

ਅਤੇ ਨਿਰੰਕਾਰ ਦਾ ਵਿਸਥਾਰ ਦਸਦੀ ਹੋਈ ਫੁਰਮਾਨ ਕਰਦੀ ਹੈ –

*ਜਹ ਜਹ ਪੇਖਹੁ ਤਹ ਹਜੂਰਿ*
*ਦੂਰਿ ਕਤਹੁ ਨ ਜਾਈ।।*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ।।*
*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ।।* ***ਅੰਗ - 677***

*ਪਾਰਬ੍ਰਹਮ ਕੇ ਸਗਲੇ ਠਾਉ।।*

*ਜਿਤੁ ਜਿਤੁ ਘਰਿ ਰਾਖੈ*
*ਤੈਸਾ ਤਿਨ ਨਾਉ॥*

*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਅੰਗ - 275*

*ਤੁਧੁ ਰੂਪੁ ਨ ਰੇਖਿਆ ਜਾਤਿ*
*ਤੂ ਵਰਨਾ ਬਾਹਰਾ॥*
*ਏ ਮਾਣਸ ਜਾਣਹਿ ਦੂਰਿ*
*ਤੂ ਵਰਤਹਿ ਜਾਹਰਾ॥*
*ਅੰਗ - 1096*

*ਤੂੰ ਪੇਡੁ ਸਾਖ ਤੇਰੀ ਫੂਲੀ॥*
*ਤੂੰ ਸੂਖਮੁ ਹੋਆ ਅਸਥੂਲੀ॥*
*ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ*
*ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥*
*ਤੂੰ ਸੂਤੁ ਮਣੀਏ ਭੀ ਤੂੰਹੈ॥*
*ਤੂੰ ਗੰਠੀ ਮੇਰੁ ਸਿਰਿ ਤੂੰਹੈ॥*
*ਆਦਿ ਮਧਿ ਅੰਤਿ ਪ੍ਰਭੁ ਸੋਈ*
*ਅਵਰੁ ਨ ਕੋਇ ਦਿਖਾਲੀਐ ਜੀਉ॥*
*ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥*
*ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥*
*ਅਪਣੇ ਕਰਤਬ ਆਪੇ ਜਾਣਹਿ*
*ਆਪੇ ਤੁਧੁ ਸਮਾਲੀਐ ਜੀਉ॥*
*ਤੂੰ ਠਾਕੁਰੁ ਸੇਵਕੁ ਫੁਨਿ ਆਪੇ॥*
*ਤੂੰ ਗੁਪਤੁ ਪਰਗਟੁ ਪ੍ਰਭ ਆਪੇ॥*
*ਨਾਨਕ ਦਾਸੁ ਸਦਾ ਗੁਣ ਗਾਵੈ*
*ਇਕ ਭੋਰੀ ਨਦਰਿ ਨਿਹਾਲੀਐ॥*
*ਅੰਗ - 102*

ਸੋ ਇਸ ਤਰ੍ਹਾਂ ਦੇ ਅਨੇਕ ਪ੍ਰਮਾਣ ਦੇ ਕੇ ਅਗਿਆਨ ਦਾ ਬਿਲਕੁਲ ਖਾਤਮਾ ਕਰ ਦਿੰਦੀ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ*
*ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*
*ਅੰਗ - 293*

ਇਸ ਤਰ੍ਹਾਂ ਦੇ ਨਾਲ ਅਵਿਦਿਆ ਦੇ ਦਾਬ ਘਾਵ ਕੱਟ ਕੇ ਹਿਰਦੇ ਵਿਚ ਪੂਰਨ ਪ੍ਰਕਾਸ਼ ਕਰ ਦਿੰਦੀ ਹੈ। ਇਸ ਦੇ ਪੜ੍ਹਨ ਨਾਲ ਬਿਮਾਰੀਆਂ ਦੂਰ ਹੁੰਦੀਆਂ ਹਨ, ਇੱਛਾ ਪੂਰੀਆਂ ਹੁੰਦੀਆਂ ਹਨ, ਜਮ ਨੇੜ ਨਹੀਂ ਆਉਂਦੇ, ਬਾਣੀ ਪੜ੍ਹਨ ਦੇ ਅਨੇਕਾਂ-ਅਨੇਕਾਂ ਫਲ ਮਿਲਦੇ ਹਨ। ਸੋ ਹਰ ਤਰ੍ਹਾਂ ਨਾਲ ਬਾਣੀ ਪੜ੍ਹਨੀ, ਮੰਨਣੀ, ਵਿਚਾਰਨੀ; ਮੰਨਕੇ ਉਸ ਦੇ ਮੁਤਾਬਿਕ ਜੀਵਨ ਢਾਲਣਾ ਕਲਿਆਣਕਾਰੀ ਹੋਇਆ ਕਰਦਾ ਹੈ।

ਬਾਣੀ ਹਿਰਦੇ ਵਿਚ ਸੁਗੰਧੀ ਪੈਦਾ ਕਰਦੀ ਹੈ ਜਿਵੇਂ ਕੁਸਮ ਦਾ ਫੁਲ, ਤਿਲਾਂ ਦੇ ਵਿਚ ਰੱਖ ਕੇ ਜਦੋਂ ਤੇਲ ਕਢਾਇਆ ਜਾਂਦਾ ਹੈ ਤਾਂ ਉਸ ਕੁਸਮ ਦੇ ਫੁੱਲ ਦੀ ਸੁਗੰਧੀ ਤੇਲ 'ਚੋਂ ਆਉਂਦੀ ਹੈ। ਇਸ ਤਰ੍ਹਾਂ ਬਾਣੀ ਹਿਰਦੇ ਵਿਚੋਂ ਪ੍ਰਗਟ ਹੋ ਕੇ ਇਸ ਜੀਵ ਦੀ ਰਖਸ਼ਾ ਕਰਦੀ ਹੈ। ਐਥੋਂ ਤਕ ਇਸ ਬਾਣੀ ਦਾ ਪ੍ਰਤਾਪ ਹੈ ਕਿ ਇਸ ਨਾਮ ਰੂਪੀ ਬ੍ਰਿਛ ਦਾ ਬ੍ਰਹਮਗਿਆਨ ਰੂਪੀ ਫਲ ਇਸੇ ਜਨਮ ਵਿਚ ਪ੍ਰਾਪਤ ਕਰਾ ਦਿੰਦੀ ਹੈ ਜਿਸ ਦੀ ਪ੍ਰਾਪਤੀ ਜਨਮ-ਮਰਨ ਦਾ ਛੁਟਕਾਰਾ ਕਰਾ ਕੇ ਪ੍ਰਭੂ ਦਾ ਰੂਪ ਬਣਾ ਕੇ ਪ੍ਰਭੂ ਦੇ ਮੰਡਲਾਂ ਵਿਚ ਪ੍ਰਵੇਸ਼ ਕਰਾ ਦਿੰਦੀ ਹੈ। ਜਦੋਂ ਤੁਸੀਂ ਐਸੀ ਉਚੀ ਬਾਣੀ ਨੂੰ ਹਿਰਦੇ ਵਿਚ ਧਾਰਨ ਕਰੋਂਗੇ ਤਾਂ ਮਨ ਦੜੰਗੇ ਲਾਉਣ ਦੀ ਥਾਂ ਇਸ ਮਹਾਨ ਰਸ ਵਿਚ ਲੀਨ ਹੋ ਕੇ ਆਪਣੇ ਮਨੋਭਾਵ ਨੂੰ ਖ੍ਹੈ ਕਰਕੇ ਉਨਮਨ ਦਾ ਰੂਪ ਧਾਰਨ ਕਰ ਲਵੇਗਾ-

*ਇਹੁ ਮਨ ਲੈ ਜਉ ਉਨਮਨਿ ਰਹੈ॥*
*ਤਉ ਤੀਨਿ ਲੋਕ ਕੀ ਬਾਤੈ ਕਹੈ॥*
*ਅੰਗ - 342*

ਇਸੇ ਮਨ ਵਿਚੋਂ ਵਾਹਿਗੁਰੂ ਜੀ ਪ੍ਰਗਟ ਹੋ ਜਾਣਗੇ -

***ਮਨ ਮਹਿ ਆਪਿ ਮਨ ਅਪੁਨੇ ਮਾਹਿ॥***
***ਨਾਨਕ ਕੀਮਤਿ ਕਹਨੁ ਨ ਜਾਇ॥***
***ਅੰਗ - 279***

ਸਭ ਮਨਾਂ ਵਿਚ ਆਪ ਹੈ ਅਤੇ ਸਭ ਮਨ ਉਸ ਵਿਚ ਹਨ। ਜਦੋਂ ਮਨ ਇਸ ਦਾ ਪੂਰਾ ਸਾਥ ਦਿੰਦਾ ਹੈ -

***ਤਨ ਮਹਿ ਹੋਤੀ ਕੋਟਿ ਉਪਾਧਿ॥***
***ਉਲਟਿ ਭਈ ਸੁਖ ਸਹਜਿ ਸਮਾਧਿ॥***
***ਅੰਗ - 327***

ਸਾਰੀਆਂ ਉਪਾਧੀਆਂ ਉਲਟ ਕੇ ਸਹਿਜ ਸਮਾਧੀ ਵਿਚ ਜੋ ਸੁੱਖ ਹੁੰਦੇ ਹਨ, ਉਹ ਹੋ ਗਏ ਅਤੇ ਪ੍ਰਮ ਅਡੋਲਤਾ ਤੇ ਸ਼ਾਂਤੀ ਹੋ ਗਈ। ਆਪਾ ਪਛਾਣ ਕੇ ਆਪੇ ਹੀ ਆਪ ਵਾਹਿਗੁਰੂ ਵਿਆਪਕ ਦਿਸਦਾ ਹੈ -

***ਆਪੁ ਪਛਾਨੈ ਆਪੈ ਆਪ॥***
***ਰੋਗੁ ਨ ਬਿਆਪੈ ਤੀਨੌ ਤਾਪ॥***
***ਅੰਗ - 327***

ਆਧਿ ਬਿਆਧਿ ਤੇ ਉਪਾਧਿ, ਮਨ ਦੇ, ਸਰੀਰ ਦੇ, ਭੁਲੇਖੇ ਦੇ, ਦੁਖ ਦੂਰ ਹੋ ਗਏ -

***ਅਬ ਮਨੁ ਉਲਟਿ ਸਨਾਤਨੁ ਹੂਆ॥***
***ਤਬ ਜਾਨਿਆ ਜਬ ਜੀਵਤ ਮੂਆ॥***
***ਅੰਗ - 327***

ਇਹ ਪ੍ਰਮੇਸ਼ਰ ਦੀ ਅੰਸ, ਨਿਰੀ ਨਿਰੋਲ ਪਰਮ ਸ਼ਾਂਤ ਆਤਮਾ ਹੁੰਦੀ ਹੋਈ, ਮਾਇਆ ਦੇ ਵਸ, ਜੀਵ ਦੀ ਉਪਾਧੀ ਧਾਰਨ ਕਰਕੇ ਦੁਖੀ ਹੋ ਰਿਹਾ ਸੀ ਪਰ ਜਦੋਂ ਗੁਰਬਾਣੀ ਦੀ ਵਿਚਾਰ ਕੀਤੀ ਤਾਂ ਇਹ ਆਪਣੇ ਅਸਲੀ ਸਵੈ ਸਰੂਪ ਨੂੰ ਪਛਾਣ ਕੇ ਪ੍ਰਮੇਸ਼ਰ ਦਾ ਰੂਪ ਬਣ ਗਿਆ। ਸੋ ਅਜਿਹੀਆਂ ਬਰਕਤਾਂ ਗੁਰਬਾਣੀ ਵਿਚੋਂ ਪ੍ਰਗਟ ਹੁੰਦੀਆਂ ਹਨ ਜਦੋਂ ਗੁਰਬਾਣੀ ਨੂੰ ਸੁਣ ਕੇ, ਮੰਨ ਕੇ, ਗੁਰਬਾਣੀ ਦਾ ਸਿਧਾਂਤ ਜੀਵਨ ਵਿਚ ਧਾਰਨ ਕੀਤਾ ਜਾਵੇ।

ਸੋ ਹੁਣ ਤੁਹਾਡਾ ਜੋ ਪ੍ਰਸ਼ਨ ਹੈ ਕਿ ਮਨ ਗੁਰਬਾਣੀ ਵਿਚ ਇਕਾਗਰ ਨਹੀਂ ਹੁੰਦਾ, ਉਸ ਬਾਰੇ ਤੁਸੀਂ ਆਪ ਹੀ ਵਿਚਾਰੋ ਕਿ ਗੁਰਬਾਣੀ ਦੀ ਮਹਾਂ-ਉਤਮ ਮਹਿਮਾ ਵਿਚ ਤੁਹਾਨੂੰ ਵਿਸ਼ਵਾਸ਼ ਹੈ? ਜਿਨ੍ਹਾਂ ਦੇ ਹਿਰਦੇ ਵਿਚ ਇਹ ਵਿਸ਼ਵਾਸ਼ ਆ ਗਿਆ ਹੈ, ਉਹ ਗੁਰੂ ਦੇ ਪਿਆਰ ਦੇ ਬਲ ਸਦਕੇ ਪ੍ਰਮੇਸ਼ਰ ਨੂੰ ਅੰਦਰ-ਬਾਹਰ ਸਾਰੇ ਪ੍ਰੀਪੂਰਨ ਦੇਖਦੇ ਹਨ। ਜਿਨ੍ਹਾਂ ਨੂੰ ਵਿਸ਼ਵਾਸ਼ ਹੋਇਆ ਨਹੀਂ ਅਤੇ ਗੁਰਬਾਣੀ ਦੀ ਮਹਿਮਾ ਮਨ ਵਿਚ ਵਸੀ ਨਹੀਂ, ਉਹ ਇਕ ਰਸਮ ਪੂਰੀ ਕਰ ਰਹੇ ਹਨ। ਸਤਿਪੁਰਸ਼ ਦੇ ਪਿਆਰ ਤੋਂ ਹੀਣੇ ਹਨ, ਗੁਰੂ ਦੀ ਮੂਰਤ ਹਿਰਦੇ ਵਿਚ ਵਸੀ ਨਹੀਂ। ਇਸ ਕਰਕੇ ਪੂਰੇ ਸਾਧੂ ਦੀ ਸੰਗਤ ਤੋਂ ਬਿਨਾਂ, ਮਿਹਨਤ ਤਾਂ ਕਰਦੇ ਹਨ ਪਰ ਪ੍ਰਾਪਤੀ ਤੋਂ ਬਹੁਤ ਦੂਰ ਰਹਿੰਦੇ ਹਨ। ਇਹ ਬਚਨ ਸੁਣ ਕੇ ਐਸਾ ਨਾ ਹੋਵੇ ਕਿ ਤੁਸੀਂ ਦਿਲ ਹੀ ਛੱਡ ਜਾਵੋਂ। ਕਿਉਂਕਿ ਇਸ ਪਉੜੀ ਤੇ ਚੜ੍ਹਨ ਲਈ ਬਹੁਤ ਸਾਰੇ ਡੰਡਿਆਂ ਉਪਰ ਚੜ੍ਹਨਾ ਪੈਂਦਾ ਹੈ; ਪਹਿਲਾ ਡੰਡਾ 'ਸਤਿਸੰਗ' ਹੈ - ਐਸੇ ਮਹਾਂਪੁਰਸ਼ਾਂ ਦੀ ਸੰਗਤ ਜਿਸਨੂੰ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***
***ਅੰਗ - 846***

ਦੀ ਉਤਮ ਅਵਸਥਾ ਪ੍ਰਾਪਤ ਹੋਵੇ, ਇਨ੍ਹਾਂ ਖੁਲ੍ਹੇ ਨੇਤ੍ਰਾਂ ਦੇ ਨਾਲ ਸੰਸਾਰ ਨੂੰ ਪ੍ਰਮੇਸ਼ਰ ਦਾ ਰੂਪ ਜਾਣਦਾ ਹੋਵੇ, ਪ੍ਰਮੇਸ਼ਰ ਗਿਆਨ ਵਿਚੋਂ ਬ੍ਰਹਮ ਦੇ ਬਚਨ ਸੁਣਾਉਣ ਵਾਲਾ ਹੋਵੇ, ਕੇਵਲ ਪ੍ਰੀਪੂਰਨ ਨਾਮ ਦੀ ਮਹਿਮਾ ਨੂੰ ਪ੍ਰਗਟ ਕਰਨ ਵਾਲਾ ਹੋਵੇ; ਪਿਆਰ ਨਾਲ ਉਸਦੀ ਸੰਗਤ ਕਰਨ ਨਾਲ ਅੰਤਰ ਰੁਚੀ ਜਾਗਦੀ ਹੈ ਅਤੇ ਪ੍ਰਭੂ ਨਾਲ ਮਿਲਣ ਲਈ ਉਤਸ਼ਾਹ ਪੈਦਾ ਹੁੰਦਾ ਹੈ। ਸਤਿਸੰਗ ਦੀ ਘਾਟ ਹੋਣ ਕਰਕੇ ਮਨ ਅੰਦਰ ਪਿਆਰ ਦੀ ਅੰਸ ਬਹੁਤ ਘੱਟ ਹੁੰਦੀ ਹੈ।

2. ਦੂਸਰਾ 'ਵਿਚਾਰ' ਦਾ ਦਰਜਾ ਆਉਂਦਾ ਹੈ - ਸਤਿ ਤੇ ਅਸੱਤਿ ਦੀ ਵਿਚਾਰ; ਆਤਮਾ ਤੇ ਅਨਾਤਮਾ ਦੀ ਵਿਚਾਰ ਇਸ ਜੀਵ ਨੂੰ ਅੰਤਰ ਰੌਸ਼ਨੀ ਪ੍ਰਦਾਨ ਕਰਦੀ ਹੈ ਜਿਸ ਨਾਲ ਪ੍ਰਭੂ

ਮਿਲਾਪ ਦੀ ਰੁਚੀ ਜਾਗਦੀ ਹੈ।

3. ਸਮ ਤੇ ਦਮ, ਮਨ ਨੂੰ ਰੋਕਣਾ ਅਤੇ ਇੰਦ੍ਰੀਆਂ ਨੂੰ ਰੋਕਣਾ, ਬੁਰਿਆਂ ਕੰਮਾਂ ਵਿਚ ਪ੍ਰਵਿਰਤ ਨਾ ਹੋਣ ਦੇਣਾ; ਇਨ੍ਹਾਂ ਦਾ ਵੇਰਵਾ ਪਹਿਲਾਂ ਕੀਤੀ ਵਿਚਾਰ ਵਿਚ ਅਸੀਂ ਬਹੁਤ ਵਿਸਥਾਰ ਨਾਲ ਕਰ ਚੁੱਕੇ ਹਾਂ। ਜਿਨ੍ਹਾਂ ਪ੍ਰੇਮੀਆਂ ਨੇ ਅਸਾਡੇ ਬਚਨ ਨੋਟ ਕਰੇ ਹੋਣ, ਉਨ੍ਹਾਂ ਨਾਲ ਮਿਲ ਕੇ ਇਸ ਨੂੰ ਸਮਝਣ ਦਾ ਜਤਨ ਕਰੋ। ਮਾਨਸਿਕ ਅਤੇ ਸਰੀਰਕ ਰਹਿਤਾਂ, ਮਨ ਦੀ ਇਕਾਗਰਤਾ ਵਿਚ ਸਹਾਈ ਹੋਇਆ ਕਰਦੀਆਂ ਹਨ।

4. ਨਿਰ-ਅਭਿਮਾਨ ਹੋ ਕੇ ਸੇਵਾ ਦਾ ਉਤਸ਼ਾਹ ਅਤੇ ਭਜਨ ਬੰਦਗੀ ਵਿਚ ਦ੍ਰਿੜ੍ਹ ਹੋ ਕੇ, ਸੁਜਾਗ ਬ੍ਰਿਤੀ ਧਾਰਨ ਕਰਕੇ ਜਦੋਂ ਅਸੀਂ ਗੁਰਬਾਣੀ ਦਾ ਪਾਠ ਕਰਾਂਗੇ ਤਾਂ ਅਸਾਡੇ ਅੰਦਰ ਬਹੁਤ ਗਹਿਰੇ ਭਾਵ ਪ੍ਰਗਟ ਹੋਣਗੇ ਜੋ ਮਨ ਨੂੰ ਆਪਣੇ ਵਿਚ ਲੀਨ ਕਰ ਲੈਣਗੇ ਅਤੇ ਰਸ ਦੇ ਸਰੋਵਰ ਵਿਚ ਅੰਮ੍ਰਿਤ ਦਾ ਇਸ਼ਨਾਨ ਕਰਾਉਣਗੇ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ*
*ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ*
*ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ*
*ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਅੰਗ – 305*

ਜਿਨ੍ਹਾਂ ਪ੍ਰੇਮੀਆਂ ਤੋਂ ਇਸ ਤਰ੍ਹਾਂ ਵੀ ਨਹੀਂ ਹੁੰਦਾ, ਉਨ੍ਹਾਂ ਨੂੰ ਅਸੀਂ ਇਕ ਸੁਖੈਨ ਮਾਰਗ ਦਸਦੇ ਹਾਂ। ਜਿਨ੍ਹਾਂ ਨੂੰ ਪਹਿਲੀ ਜਮਾਤ ਵਾਲੇ student (ਵਿਦਿਆਰਥੀ) ਆਖਿਆ ਜਾ ਸਕਦਾ ਹੈ, ਉਹ ਜਦੋਂ ਬਾਣੀ ਪੜ੍ਹਨ ਤਾਂ ਲਗਾਂ-ਮਾਤਰਾਂ ਵਲ ਪੂਰਾ ਧਿਆਨ ਦੇਣ; ਮਨ ਨੱਠ ਨਹੀਂ ਸਕੇਗਾ।

ਦੂਜਾ ਤਰੀਕਾ ਇਹ ਹੈ ਕਿ ਬਾਣੀ ਦੇ ਅਰਥ ਭਾਵ ਸਮਝਣ ਦਾ ਜਤਨ ਕਰੋ ਅਤੇ ਮਨ ਨੂੰ ਬਾਣੀ ਦੇ ਅਰਥ ਸਮਝਣ ਵਿਚ ਲੀਨ ਕਰੋ।

ਤੀਸਰਾ ਤਰੀਕਾ ਇਹ ਹੈ ਕਿ ਬਾਣੀ ਪੜ੍ਹਨ ਸਮੇਂ ਬਾਣੀ ਵਿਚ ਪ੍ਰਗਟ ਹੋ ਰਹੇ ਭਾਵਾਂ ਵਿਚ ਆਪਣੇ ਆਪ ਨੂੰ ਲੀਨ ਕਰੋ। ਮਨ ਰਸ ਵਿਚ ਜਾਏਗਾ, ਰਸ ਵਾਹਿਗੁਰੂ ਜੀ ਦੀ ਨੇੜਤਾ ਦੀ ਨਿਸ਼ਾਨੀ ਹੈ; ਅਨੰਦ ਵਿਚ ਜਾਏਗਾ, ਅਨੰਦ ਵਾਹਿਗੁਰੂ ਜੀ ਦੀ ਨੇੜਤਾ ਦੀ ਨਿਸ਼ਾਨੀ ਹੋਇਆ ਕਰਦੀ ਹੈ, ਸੁਖ ਮਹਿਸੂਸ ਕਰੇਗਾ। ਸੋ ਇਸ ਤਰ੍ਹਾਂ ਆਪੇ ਹੀ ਰੁਚੀ ਜਾਗ ਪਵੇਗੀ। ਤੁਸੀਂ ਅੰਮ੍ਰਿਤ ਵੇਲੇ ਉਠੋ, ਗੁਰਮੰਤ੍ਰ ਦਾ ਜਾਪ ਕਿਸੇ ਮਹਾਂਪੁਰਸ਼ ਤੋਂ ਜੁਗਤੀ ਪੁੱਛ ਕੇ ਸ਼ੁਰੂ ਕਰ ਦੇਵੋ ਕਿਉਂਕਿ ਜੁਗਤ ਵਿਹੂਣਿਆਂ ਨੂੰ ਬਹੁਤ ਹੀ ਮਿਹਨਤ ਕਰਨੀ ਪੈਂਦੀ ਹੈ। ਫਾਰਮੂਲੇ ਨਾਲ ਐਲਜ਼ੈਬਰੇ ਦਾ ਸਵਾਲ ਬਹੁਤ ਛੇਤੀਂ ਕੱਢਿਆ ਜਾਂਦਾ ਹੈ; ਫਾਰਮੂਲੇ ਬਗੈਰ ਖਪਣਾ ਪੈਂਦਾ ਹੈ ਪਰ ਉਤਰ ਫੇਰ ਵੀ ਸਹੀ ਨਹੀਂ ਨਿਕਲਿਆ ਕਰਦਾ। ਸਵਾਸ ਨਿਯੰਤਰਣ ਵਿਚ ਲਿਆਓ, ਸੂਖਸ਼ਮ ਕਰੋ, ਸਵਾਸ ਉਤੇ ਧਿਆਨ ਜਮਾਓ ਅਤੇ ਸਵਾਸ-ਸਵਾਸ ਨਾਮ, ਜੁਗਤੀ ਮੁਤਾਬਿਕ ਜਪੋ, ਸਵਾਸ ਨੂੰ ਧੀਮਾ ਕਰ ਦਿਓ; ਪਤਾ ਹੀ ਨਾ ਲੱਗੇ ਕਿ ਸਵਾਸ ਆਉਂਦਾ ਹੈ ਜਾਂ ਨਹੀਂ। ਸੁਰਤਿ ਨੂੰ ਪੂਰੀ ਤਰ੍ਹਾਂ ਨਾਲ ਸ਼ਬਦ ਦੀ ਧੁਨ ਨਾਲ ਜੋੜ ਦੇਵੋ। ਜਦੋਂ ਸੁਰਤਿ ਅਤਿ ਗਹਿਰੀ ਚਲੀ ਜਾਵੇਗੀ ਤਾਂ ਇਸੇ ਸਰੀਰ ਵਿਚ ਅਖੰਡ ਵਜਦੇ ਮਹਾਨ ਰਸੀਲੇ ਵਾਜੇ, ਅਨਹਦ ਧੁਨ ਵਿਚ ਪ੍ਰਗਟ ਹੋ ਜਾਣਗੇ। ਸ਼ਬਦ ਦੇ ਬਲ ਨਾਲ ਅੰਦਰਲੀ ਐਨਰਜੀ ਪੁਰਜ਼ੂਲਤ ਹੋ ਜਾਵੇਗੀ ਅਤੇ ਅਲੌਕਿਕ ਪ੍ਰਕਾਸ਼, ਸੁਰਤਿ ਨੂੰ ਅਤਿ ਅਨੰਦਿਤ ਕਰਦੇ ਮਹਾਨ ਉਚੇ ਮੰਡਲਾਂ ਵਿਚ ਪ੍ਰਵੇਸ਼ ਕਰਾ ਦੇਣਗੇ ਜਿਨ੍ਹਾਂ ਦਾ ਜ਼ਿਕਰ ਪਹਿਲਿਆਂ ਬਚਨਾਂ ਵਿਚ ਬਹੁਤ ਹੀ ਵਿਸਥਾਰ ਨਾਲ ਕੀਤਾ

ਜਾ ਚੁੱਕਾ ਹੈ।

ਸੰਤ ਮਹਾਰਾਜ ਜੀ ਦੇ ਬਚਨ ਸੁਣਦਿਆਂ ਇਤਨੀ pin drop silence ਸੀ ਕਿ ਕਿਸੇ ਦਾ ਮੋਟਾ ਸਵਾਸ ਆਇਆ ਭੀ ਬੁਰਾ ਲਗਦਾ ਸੀ। ਸਭ ਦੀਆਂ ਬਿਰਤੀਆਂ ਅੰਤਰਮੁਖ ਹੋ ਕੇ ਮਨ ਨੂੰ ਕੀਲ ਰਹੀਆਂ ਸਨ ਅਤੇ ਸੰਤ ਮਹਾਰਾਜ ਜੀ ਵਲੋਂ ਕਥੇ ਅਨੰਦ, ਅਨਹਦ ਪ੍ਰਕਾਸ਼ ਦੀਆਂ ਟੋਹਾਂ ਆਪਣੇ ਅੰਦਰ ਲਾ ਰਹੇ ਸਨ। ਅੱਜ ਏਥੋਂ ਤਕ ਅਸਰ ਹੋਇਆ ਕਿ ਬਹੁਤ ਸਾਰੇ ਪ੍ਰੇਮੀਆਂ ਨੇ ਸੰਤ ਮਹਾਰਾਜ ਜੀ ਨੂੰ ਸੀਸ ਨਿਵਾਇਆ ਤੇ ਬੇਨਤੀ ਕੀਤੀ ਕਿ ਅਸੀਂ ਆਪਣਾ ਜੀਵਨ, ਆਪਣੇ ਮਾਨਸਿਕ ਹੱਠ ਤੇ ਅਸੂਝ ਕਰਕੇ ਬਿਰਥਾ ਹੀ ਗਵਾ ਲਿਆ। ਸਾਡੀ ਸੂਝ ਵਿਚ ਇਹ ਹੱਠ ਪੂਰੀ ਤਰ੍ਹਾਂ ਘਰ ਕਰ ਚੁਕਿਆ ਸੀ ਕਿ ਨਾਮ ਜਪਣ ਵਿਚ ਮਹਾਂਪੁਰਸ਼ਾਂ ਦੀ ਸਹਾਇਤਾ ਦੀ ਕੀ ਲੋੜ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬਾਣੀ ਰਾਹੀਂ ਪ੍ਰੇਰਨਾ ਕਰਦੇ ਹਨ ਕਿ ਗੁਰਮੁਖ ਪਿਆਰਿਆਂ ਦੀ ਮਦਦ ਲਓ, ਗੁਰਮੁਖਾਂ ਤੋਂ ਬਿਨਾਂ ਰਸਤੇ ਦੀ ਸੋਝੀ ਨਹੀਂ ਆ ਸਕਦੀ। ਗੁਰੂ ਮਹਾਰਾਜ ਜੀ ਸਿਫਤਾਂ ਕਰਦੇ ਹੋਏ ਐਸ ਤਰ੍ਹਾਂ ਫੁਰਮਾਨ ਕਰਦੇ ਹਨ –

***ਜਨੁ ਨਾਨਕੁ ਧੂੜਿ ਮੰਗੈ***
***ਤਿਸੁ ਗੁਰਸਿਖ ਕੀ ਜੋ ਆਪਿ ਜਪੈ***
***ਅਵਰਹ ਨਾਮੁ ਜਪਾਵੈ॥ ਅੰਗ – 306***

ਪਰ ਮਹਾਰਾਜ ਜੀ! ਅਸੀਂ ਆਪਣੇ ਹੱਠ ਵਿਚ ਮੱਤੇ ਹੋਏ ਇਨ੍ਹਾਂ ਗੁਰਵਾਕਾਂ ਦਾ ਸਤਿਕਾਰ ਨਾ ਕਰ ਸਕੇ ਅਤੇ ਫਲਸਰੂਪ ਕੁਝ ਵੀ ਪ੍ਰਾਪਤ ਨਾ ਕਰ ਸਕੇ। ਉਮਰਾ ਵਿਹਾ ਗਈ, ਇਕ ਪਛਤਾਵਾ ਮਨ ਵਿਚ ਰਹਿ ਗਿਆ ਕਿ ਕੁਝ ਵੀ ਨਾ ਬਣਿਆ। ਅਸਾਡੇ ਮਨ ਵਿਚ ਪੂਰੀ ਤਰ੍ਹਾਂ ਨਾਲ ਨਿਸ਼ਚਾ ਹੋ ਗਿਆ ਹੈ ਕਿ ਆਪ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਨਾਮ ਜਪਣ ਤੇ ਨਾਮ ਜਪਾਉਣ ਲਈ ਹੀ ਅਸਾਨੂੰ ਦਰਸ਼ਨ ਦੇਣ ਲਈ ਚੰਡੀਗੜ੍ਹ ਵਿਚ ਭੇਜਿਆ ਹੈ। ਹੁਣ ਕ੍ਰਿਪਾ ਕਰੋ, ਅਸਾਨੂੰ ਅਵਸਥਾ ਭੇਦ ਦੇ ਮੁਤਾਬਿਕ ਕੁਝ ਸੋਝੀ ਪ੍ਰਦਾਨ ਕਰੋ, ਜੁਗਤ ਦੀ ਕ੍ਰਿਪਾ ਕਰੋ। ਅਸੀਂ ਵੀ ਆਪਣਾ ਜੀਵਨ ਸਫਲ ਕਰਕੇ ਬਾਕੀ ਰਹਿੰਦਾ ਸਮਾਂ ਗੁਰੂ ਪਿਆਰ ਵਿਚ ਬਤੀਤ ਕਰੀਏ।

ਸੰਤ ਮਹਾਰਾਜ ਜੀ ਨੇ ਬੇਨਤੀ ਸੁਣ ਕੇ ਕ੍ਰਿਪਾ ਦ੍ਰਿਸ਼ਟੀ ਕਰਦਿਆਂ ਫੁਰਮਾਇਆ, ਬਹੁਤ ਅੱਛਾ ਹੈ, ਆਪ ਜੀ ਸਤਿਸੰਗ ਪੂਰੀ ਵਿਧੀ ਨਾਲ ਕਰ ਰਹੇ ਹੋ। ਉਸ ਸਤਿਸੰਗ ਦਾ ਹੀ ਫਲ ਹੈ ਕਿ ਤੁਹਾਡੇ ਮਨਾਂ ਵਿਚ ਇਹ ਸੋਝੀ ਜਾਗੀ ਹੈ; ਕੋਈ ਨਾ, ਗੁਰੂ ਭਲੀ ਕਰਨਗੇ; ਕੋਈ ਸਮਾਂ ਆਏਗਾ ਤਾਂ ਜੁਗਤ ਦੀ ਪ੍ਰਾਪਤੀ ਵੀ ਹੋ ਜਾਵੇਗੀ। ਐਨਾ ਫੁਰਮਾ ਕੇ ਆਪ ਜੀ ਸਮਾਂ ਹੋਣ ਕਰਕੇ ਆਪਣੇ ਕਮਰੇ ਵਲ ਚਲੇ ਗਏ। ਬਾਬੂ ਰਲਾ ਸਿੰਘ ਜੀ ਜੋ ਆਪ ਦੇ ਅੰਨਿਨ ਸੇਵਕ ਸਨ ਤੇ ਨਿਰੇ ਹੀ ਪਿਆਰ ਦੀ ਮੂਰਤੀ ਸਨ, ਸੰਤ ਮਹਾਰਾਜ ਜੀ ਨਾਲ ਅੰਦਰ ਚਲੇ ਗਏ ਅਤੇ ਜਾ ਕੇ ਮਹਾਰਾਜ ਜੀ ਵਾਸਤੇ ਕੁਛ ਜਲ-ਪਾਣੀ ਛਕਣ ਦਾ ਬੰਦੋਬਸਤ ਕਰਨ ਲੱਗੇ। ਸੰਗਤਾਂ ਆਪੋ ਆਪਣੇ ਕਾਰਜਾਂ ਨੂੰ ਨਿਭਾਉਣ ਵਾਸਤੇ ਵਿਦਾ ਹੋਈਆਂ। ਦੀਵਾਨਾਂ ਵਿਚ ਇਕੱਠ ਇਤਨਾ ਹੋਣ ਲਗਿਆ ਕਿ ਸਾਰੇ ਪਾਰਕ ਭਰ ਕੇ, ਸੜਕਾਂ ਤੋਂ ਪਾਰ ਹੋ ਕੇ ਸਰੋਤੇ ਜਨ ਅਨੰਦ ਲੈਣ ਲੱਗੇ। ਸੈਂਕੜੇ ਹਿੰਦੂ ਵੀਰ, ਹਿੰਦੂ ਬੀਬੀਆਂ, ਸੈਂਕੜੇ ਹੀ ਹੋਰ ਸੰਪਰਦਾਵਾਂ ਨੂੰ ਮੰਨਣ ਵਾਲੇ ਜਗਿਆਸੂ, ਸੰਤ ਮਹਾਰਾਜ ਜੀ ਦੇ ਸਮੇਂ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਨਾਲ ਦੀਵਾਨ ਅਸਥਾਨ ੧੯ ਸੈਕਟਰ ਦੇ ਗੁਰਦੁਆਰੇ ਵਿਚ ਸ਼ਸ਼ੋਭਤ ਹੋ ਜਾਇਆ ਕਰਦੇ ਸਨ।

**ਲੇਖਕ** – ਪਿਆਰਿਓ! ਉਹ ਦਿਨ ਕਿੰਨੇ ਸੁਹਾਵਣੇ ਸਨ ਜਦੋਂ ਇਕ ਪੂਰਨ ਮਹਾਂਪੁਰਸ਼, ਪ੍ਰਮੇਸ਼ਰ ਰੂਪ ਜੀ ਦੇ ਮੁਖੋਂ ਅੰਮ੍ਰਿਤ ਵਰਸਦਾ ਸੀ, ਬੇਅੰਤ ਜਗਿਆਸੂ ਪੂਰਾ-ਪੂਰਾ ਲਾਹਾ ਹਾਸਲ ਕਰ ਰਹੇ ਸਨ ਅਤੇ ਇਕ ਅਨੰਦ ਦੇ ਅੰਮ੍ਰਿਤਮਈ ਸਰੋਵਰ ਵਿਚ ਸੀਤਲਤਾ ਮਹਿਸੂਸ ਕਰ ਰਹੇ ਸਨ। ਉਹ ਦਿਨ ਬੀਤ ਗਏ ਹੁਣ ਵਾਪਸ ਨਹੀਂ ਆ ਸਕਦੇ। ਇਕ ਬੇਵਸੀ ਹੀ ਹੈ ਪਰ ਸ਼ੁਕਰ ਹੈ ਕਿ ਉਹਨਾਂ ਨੇ ਜੋ ਰਸਤੇ ਦੀ ਸੋਝੀ ਗੁਰਬਾਣੀ ਅਨੁਸਾਰ ਨਿਜ ਜੀਵਨ ਵਿਚ ਕਮਾ ਕੇ ਬਖਸ਼ੀ, ਉਸ ਰਸਤੇ ਤੁਰ ਰਹੇ ਜਗਿਆਸੂ ਆਪਣਾ ਜੀਵਨ ਸਫਲ ਕਰ ਰਹੇ ਹਨ।

# ਸੰਤ ਬਚਨ
## (ਭਾਗ ਤੀਜਾ)

1961, ਚੰਡੀਗੜ੍ਹ ਦੇ ਦੀਵਾਨਾਂ ਵਿਚ ਬਹੁਤ ਰੌਣਕ ਹੋਣੀ ਸ਼ੁਰੂ ਹੋ ਗਈ। ਅਸਾਡੇ ਵਲੋਂ ਭਾਵੇਂ publicity ਬਹੁਤ ਹੀ ਘਟ ਸੀ, ਅਸੀਂ ਇਸ਼ਤਿਹਾਰ ਛਪਾ ਕੇ ਪੂਰੀ ਤਰ੍ਹਾਂ ਵੰਡ ਭੀ ਨਾ ਸਕੇ ਅਤੇ ਨਾ ਹੀ ਅਖਬਾਰਾਂ ਵਿਚ ਪ੍ਰਕਾਸ਼ਿਤ ਕਰਾ ਸਕੇ ਕਿਉਂਕਿ ਅਸਾਨੂੰ ਤਜਰਬਾ ਹੀ ਨਹੀਂ ਸੀ, ਨਾ ਹੀ ਦਫਤਰੀ ਕੰਮਾਂ ਵਿਚੋਂ ਵਿਹਲ ਹੀ ਸੀ ਪਰ ਹੌਲੀ-ਹੌਲੀ ਦੂਰ-ਦਰਾਜ਼ ਤਾਂਈਂ ਪਤਾ ਲਗ ਗਿਆ ਅਤੇ ਜਗਿਆਸੂ, ਭੌਰਿਆਂ ਵਾਂਗੂੰ ਫੁਲਾਂ ਦੀ ਸੁਗੰਧੀ ਲੈਣ ਲਈ ਪੂਰੇ ਪਰਿਵਾਰਾਂ ਨਾਲ ਠੀਕ ਸਮੇਂ ਦੀਵਾਨ ਅਸਥਾਨ ਵਿਚ ੧੯ ਸੈਕਟਰ ਦੇ ਗੁਰਦੁਆਰਾ ਸਾਹਿਬ ਦੀ ਗਰਾਊਂਡ ਵਿਚ ਬੈਠ ਜਾਇਆ ਕਰਦੇ ਸਨ। ਸੰਤ ਮਹਾਰਾਜ ਜੀ ਸ. ਅਜਮੇਰ ਸਿੰਘ ਜੀ ਦੀ, ਦਸ ਸੈਕਟਰ ਵਾਲੀ ਕੋਠੀ ਤੋਂ ਆਇਆ ਕਰਦੇ ਸਨ। ਪਹਿਲਾਂ ਮੈਂ ਕੁਝ ਘਰਾਂ ਵਿਚ ਚਰਨ ਪੁਆਉਣੇ, ਫੇਰ ਠੀਕ ਅੱਠ ਵਜੇ ਦੀਵਾਨ ਅਸਥਾਨ ਵਿਚ ਪਹੁੰਚ ਜਾਣਾ। ਦੀਵਾਨ ਦੀ ਸਮਾਪਤੀ ਉਪਰੰਤ ਹਰ ਰੋਜ਼ ਹੀ ਦੱਸ ਦਿਤਾ ਜਾਂਦਾ ਸੀ ਕਿ ਜਿਨ੍ਹਾਂ ਪ੍ਰੇਮੀਆਂ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਇਕਾਂਤ ਵਿਚ ਕਰਨੇ ਹੋਣ ਅਤੇ ਕੋਈ ਰੂਹਾਨੀ ਅੜਚਣਾਂ ਦੂਰ ਕਰਨੀਆਂ ਹੋਣ ਅਤੇ ਕੋਈ ਰੂਹਾਨੀ ਬਚਨ ਕਰਨੇ ਹੋਣ; ਉਹ ਸਵੇਰੇ ਅੱਠ ਵਜੇ 10 ਸੈਕਟਰ ਕੋਠੀ ਵਿਚ ਪੁਜ ਕੇ ਕਰ ਸਕਦਾ ਹੈ। ਮਹਾਂਪੁਰਸ਼ ਸਮੇਂ ਅਨੁਸਾਰ ਹੀ ਸਾਰੀ ਕ੍ਰਿਆ ਕਰਦੇ ਸਨ ਪਰ ਮੇਰੇ ਤੋਂ ਬੜੀ ਭੁੱਲ ਹੋ ਜਾਇਆ ਕਰਦੀ ਸੀ ਕਿ ਮੈਂ ਸਮਾਂ ਲੰਘ ਜਾਣ ਉਪਰੰਤ ਵੀ ਬੇਨਤੀ ਕਰਕੇ ਮਿਲਣ ਵਾਲਿਆਂ ਲਈ ਵਾਧੂ ਸਮਾਂ ਲੈਂਦਾ ਰਹਿੰਦਾ ਸੀ। ਆਪ ਜੀ ਐਨੇ ਦਿਆਲੂ ਸਨ ਕਿ ਸਮਾਂ ਲੰਘ ਜਾਣ ਉਪਰੰਤ ਵੀ ਮੈਨੂੰ ਕੁਝ ਵੀ ਨਹੀਂ ਕਿਹਾ ਕਰਦੇ ਸਨ।

ਕੱਲ੍ਹ ਜਦੋਂ ਸੰਗਤ ਨੇ ਰੂਹਾਨੀ ਪ੍ਰਵਚਨ ਸੁਣੇ ਤਾਂ ਬਹੁਤ ਸਾਰੇ ਪ੍ਰੇਮੀ, ਬਚਨਾਂ ਦਾ ਸਮਾਂ ਹੋ ਜਾਣ ਉਪਰੰਤ ਮਿਲਣ ਲਈ ਆਏ ਹੋਏ ਸਨ। ਸੰਤ ਮਹਾਰਾਜ ਜੀ, ਅੰਦਰ ਕੋਠੀ ਵਿਚ ਚਲੇ ਗਏ, ਬਾਬੂ ਰਲਾ ਸਿੰਘ ਜੀ ਨੇ ਜਲ ਪਾਣੀ ਛਕਾਇਆ। ਉਸ ਉਪਰੰਤ ਮੈਂ ਮਿਲਣ ਵਾਲਿਆਂ ਨੂੰ ਇਕ-ਇਕ ਕਰਕੇ ਭੇਜਦਾ ਰਿਹਾ ਅਤੇ ਮਿਲਣ ਵਾਲਿਆਂ ਦੀ ਗਿਣਤੀ ਦਾ ਅਨੁਮਾਨ ਲਾ ਕੇ ਕੋਸ਼ਿਸ਼ ਕਰਦਾ ਰਿਹਾ ਕਿ ਸਭ ਨੂੰ ਸਮਾਂ ਮਿਲ ਜਾਵੇ, ਕੋਈ ਵਾਂਝਾ ਨਾ ਰਹਿ ਜਾਵੇ ਪਰ ਬਹੁਤ ਸਾਰੇ ਪ੍ਰੇਮੀ ਦੂਰ ਦੇ ਸ਼ਹਿਰਾਂ ਤੋਂ ਆਏ ਹੋਏ ਸਨ। ਉਹ ਵਾਰੀ-ਵਾਰੀ ਮਿਲਦੇ ਰਹੇ। ਬਾਬੂ ਜੀ ਕਈ ਵਾਰੀ ਆਏ ਅਤੇ ਮੈਨੂੰ ਕਿਹਾ ਕਿ ਸੰਤ ਮਹਾਰਾਜ ਜੀ ਨੇ ਪ੍ਰਸ਼ਾਦਾ ਛਕਣਾ ਹੈ, ਅਰਾਮ ਕਰਨਾ ਹੈ। ਤੁਸੀਂ ਛੇਤੀਂ-ਛੇਤੀਂ ਸੰਗਤ ਨੂੰ ਮਿਲਾ ਦੇਵੋ ਪਰ ਉਹ ਤਾਂਤਾ ਤਾਂ ਮੁਕਣ ਵਿਚ ਹੀ ਨਹੀਂ ਸੀ ਆਉਂਦਾ। ਪੂਰਾ ਡੇਢ ਵਜ ਗਿਆ, ਪ੍ਰਸ਼ਾਦੇ ਦਾ ਸਮਾਂ ਜੋ ੧੨ ਵਜੇ ਨੀਯਤ ਹੁੰਦਾ ਸੀ, ਉਹ ਵੀ ਲੰਘ ਗਿਆ। ਮੇਰੇ ਅੰਦਰ ਵੀ ਬਹੁਤ ਕਾਹਲ ਸੀ ਕਿ ਛੇਤੀਂ-ਛੇਤੀਂ ਸਾਰੇ ਮਿਲ ਜਾਣ ਪਰ ਇਸ ਤਰ੍ਹਾਂ ਹੋ ਨਾ ਸਕਿਆ। ਮੈਂ ਸੰਤ ਮਹਾਰਾਜ ਜੀ ਵਲ ਵੀ ਵੇਖ ਰਿਹਾ ਸਾਂ ਪਰ ਦਿਆਲਤਾ ਦੇ ਭੰਡਾਰ, ਸਮੇਂ ਦੀ ਚਾਲ ਤੋਂ ਉਪਰ, ਸਮੇਂ ਬਾਰੇ ਮੈਨੂੰ ਕੁਝ ਨਹੀਂ ਕਹਿ ਰਹੇ ਸਨ। ਅੰਤ ਪੌਣੇ ਦੋ ਵਜੇ ਮੈਂ ਕਿਹਾ ਕਿ ਮਹਾਰਾਜ ਜੀ! ਅਜ ਆਪ ਨੂੰ ਅਸੀਂ ਬਹੁਤ ਹੀ ਖੇਚਲ ਦਿਤੀ ਹੈ, ਢੀਠਤਾਈ ਕਰੀ ਹੈ ਕਿ ਆਪ ਦਾ ਪ੍ਰਸ਼ਾਦਾ ਛਕਣ ਦਾ ਸਮਾਂ ਅਤੇ ਅਰਾਮ ਕਰਨ ਦਾ ਸਮਾਂ ਲੈ ਲਿਆ ਹੈ। ਇਹ ਸੁਣ ਕੇ ਦਿਆਲ ਮੂਰਤੀ ਮੁਸਕਰਾਏ ਅਤੇ ਕਹਿਣ ਲੱਗੇ, "ਅੱਜ ਤੁਸੀਂ ਪੂਰਿਆਂ ਨੂੰ ਸਮਾਂ ਨਹੀਂ ਦਿਤਾ। ਅਜੇ ਰਹਿ ਗਏ ਹਨ, ਜਾਓ ਦੇਖੋ।" ਮੈਂ ਕਮਰੇ ਤੋਂ ਬਾਹਰ ਆ ਕੇ ਪਿਛਲੇ ਅਤੇ ਅਗਲੇ ਬਰਾਂਡੇ ਦੇਖੇ, ਮੈਨੂੰ ਕੋਈ ਨਜ਼ਰ ਨਾ ਆਇਆ; ਸਾਰੇ ਜਾ ਚੁਕੇ ਸਨ, ਵਿਛੀਆਂ ਹੋਈਆਂ ਦਰੀਆਂ ਵਿਚ ਵਲ ਪਏ ਹੋਏ ਸਨ। ਵਾਪਸ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਕੋਈ ਵੀ ਬੰਦਾ ਜੋ ਮਿਲਣ ਦਾ ਅਭਿਲਾਸ਼ੀ ਹੋਵੇ, ਨਹੀਂ ਰਿਹਾ। ਆਪ ਜੀ ਪੂਰਨ ਯੋਗੀ ਸਨ, ਅੰਤਰਜਾਮਤਾ ਆਪ ਵਿਚ

ਸਹਿਜ ਸੁਭਾਅ ਹੀ ਸੀ। ਕੋਈ ਅਵਾਜ਼, ਕੋਈ ਖਿੱਚ ਆਪ ਜੀ ਨੂੰ ਮਹਿਸੂਸ ਹੋ ਰਹੀ ਸੀ। ਆਪ ਨੇ ਫੇਰ ਕਿਹਾ ਕਿ ਚੰਗੀ ਤਰ੍ਹਾਂ ਦੇਖ ਕੇ ਆ। ਮੈਂ ਫੇਰ ਜਾ ਕੇ ਕਮਰੇ ਦੇ ਦੁਆਲੇ ਚੱਕਰ ਕੱਟ ਆਇਆ, ਇਧਰ-ਉਧਰ ਜਾਣੇ-ਪਛਾਣੇ ਹਰ ਰੋਜ਼ ਦੇ ਆਉਣ ਵਾਲੇ ਬੈਠੇ ਸਨ। ਜਥੇ ਦੇ ਸਿੰਘ ਪ੍ਰਸ਼ਾਦਾ ਛਕ ਕੇ first floor ਵਿਚ ਬਿਰਾਜ ਗਏ ਸਨ। ਬਾਬੂ ਜੀ ਬਹੁਤ ਕਾਹਲੇ ਹੋਏ ਹੋਏ ਥਾਲ ਤਿਆਰ ਕਰਾ ਰਹੇ ਸਨ ਅਤੇ ਮੈਨੂੰ ਕਹਿ ਰਹੇ ਸਨ ਕਿ ਤੁਸੀਂ ਮਹਾਰਾਜ ਜੀ ਦੇ ਪ੍ਰਸ਼ਾਦੇ ਦਾ ਤਾਂ ਧਿਆਨ ਰੱਖਿਆ ਕਰੋ? ਮੈਂ ਕਿਹਾ, "ਬਾਬੂ ਜੀ ਮੈਂ ਵੀ ਕੀ ਕਰਾਂ, ਦੂਰ-ਦੂਰ ਤੋਂ ਜਗਿਆਸੂ ਆਉਂਦੇ ਹਨ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ ਹਨ, ਉਨ੍ਹਾਂ ਨੂੰ ਕਿਵੇਂ ਰੋਕਾਂ? ਮੈਂ ਮਹਾਂਪੁਰਸ਼ਾਂ ਤੇ ਉਨ੍ਹਾਂ ਦੇ ਪਿਆਰ ਵਿਚ ਦੀਵਾਰ ਕਿਵੇਂ ਬਣਾਂ? ਤੁਸੀਂ ਵੀ ਦੇਖ ਰਹੇ ਸੀ ਕਿ ਅੱਜ ਕਿੰਨੀ ਸੰਗਤ ਮਿਲਣ ਆਈ ਹੈ, ਮੈਂ ਤਾਂ ਬਹੁਤ ਥੋੜਾ ਸਮਾਂ ਇਕ-ਇਕ ਨੂੰ ਦਿਵਾਉਂਦਾ ਰਿਹਾ ਹਾਂ। ਹੁਣ ਮਹਾਰਾਜ ਜੀ ਮੈਨੂੰ ਦੋ ਵਾਰੀ ਕਹਿ ਚੁੱਕੇ ਹਨ ਕਿ ਮਿਲਣ ਵਾਲੇ ਅਜੇ ਰਹਿੰਦੇ ਹਨ। ਮੈਂ ਦੋ ਵਾਰੀ ਵਰਾਂਡੇ ਦੇਖ ਲਏ ਹਨ, ਏਥੇ ਕੋਈ ਵੀ ਓਪਰਾ ਬੰਦਾ ਨਜ਼ਰ ਨਹੀਂ ਆ ਰਿਹਾ, ਮੈਂ ਕੀ ਕਰਾਂ ਹੁਣ?"

ਇਸ ਤਰ੍ਹਾਂ ਮੈਂ ਅੰਦਰ ਚਲਾ ਗਿਆ, ਫੇਰ ਓਹੋ ਬੇਨਤੀ ਕੀਤੀ ਤਾਂ ਆਪ ਨੇ ਫੁਰਮਾਨ ਕਰਿਆ ਕਿ ਬਾਹਰਲੇ ਬਰਾਂਡੇ ਦੇ ਕੋਨੇ ਵਿਚ, ਬਾਹਰਲੇ ਪਾਸੇ ਇਕ ਪ੍ਰੇਮੀ ਚਿੱਟੇ ਕਪੜੇ ਦੀ ਬੁੱਕਲ ਮਾਰੀਂ ਬੈਠਾ ਅਰਦਾਸਾਂ ਕਰ ਰਿਹਾ ਹੈ ਕਿ ਮੈਂ ਤਾਂ ਮਿਲਾਂਗਾ ਜੇ ਮੈਨੂੰ ਆਪ ਬੁਲਾ ਕੇ ਸਮਾਂ ਬਖਸ਼ਣ। ਜਾਹ ਉਸਨੂੰ ਲੈ ਆ। ਬਾਹਰਲੇ ਪਾਸੇ ਥਮਲੇ ਕੋਲ ਜਾ ਕੇ ਮੈਂ ਦੇਖਿਆ, ਬਹੁਤ ਹੌਲੀ ਰੋਣ ਦੀ ਅਵਾਜ਼ ਆ ਰਹੀ ਹੈ ਅਤੇ ਸਿਸਕੀਆਂ ਭਰਨ ਦੀ ਅਵਾਜ਼ ਸੁਣੀ। ਮੈਂ ਹੱਥ ਲਾ ਕੇ ਉਸਨੂੰ ਸਾਵਧਾਨ ਕੀਤਾ ਅਤੇ ਸੰਤ ਮਹਾਰਾਜ ਜੀ ਦੇ ਹਾਜ਼ਰ ਹੋਣ ਲਈ ਬੇਨਤੀ ਕੀਤੀ। ਉਹ ਪ੍ਰੇਮੀ ਉਚੀ-ਉਚੀ ਵੈਰਾਗ ਦੇ ਵਿਚ ਆਇਆ ਹੋਇਆ ਰੋਣ ਲਗ ਗਿਆ ਅਤੇ ਆਖੀ ਜਾਵੇ ਕਿ ਤੂੰ ਕਿੱਡਾ ਦਿਆਲੂ ਹੈਂ, ਮੇਰੇ ਵਰਗੇ ਗਰੀਬ ਦੀ ਵੀ ਸਾਰ ਲੈਂਦਾ ਹੈਂ। ਜਦੋਂ ਉਹ ਅੰਦਰ ਗਿਆ ਤਾਂ ਉਹ ਡੰਡਉਤ ਬੰਦਨਾ ਕਰਦਾ ਉਚੀ-ਉਚੀ ਰੋ ਕੇ ਵੈਰਾਗ ਕਰਕੇ ਕਹਿ ਰਿਹਾ ਸੀ ਕਿ ਮੇਰੇ ਮਾਲਕ! ਆਖਿਰ ਤੂੰ ਮੈਨੂੰ ਬੁਲਾ ਹੀ ਲਿਆ ਅਤੇ ਮੇਰੇ ਮਨ ਦੀਆਂ ਸਾਰੀਆਂ ਜਾਣ ਕੇ ਤੂੰ ਮੈਨੂੰ ਬਾਹਰ ਬੈਠੇ ਨੂੰ ਉਤਰ ਭੇਜਦਾ ਰਿਹਾ। ਮੈਂ ਪ੍ਰਤੱਖ ਵੇਖਿਆ ਕਿ ਤੂੰ ਨਿਰਾ ਨੂਰ ਹੀ ਨੂਰ ਹੈਂ। ਸਰੀਰ ਦਾ ਭੁਲੇਖਾ ਤੈਂ ਪਾਇਆ ਹੋਇਆ ਹੈ। ਮੇਰੇ ਮਾਲਕ! ਮੈਥੋਂ ਇਹ ਨੂਰੀ ਝਲਕ ਜੀਵਨ ਭਰ ਨਾ ਖੋਹੀਂ, ਮੇਰੇ ਅੰਦਰ ਤੂੰ ਵਸਦਾ ਰਹੇਂ ਅਤੇ ਮੈਂ ਤੇਰੇ ਚਰਨਾਂ ਦਾ ਭੌਰਾ ਹੋ ਕੇ ਆਪਣਾ ਆਪਾ ਤੇਰੇ ਤੋਂ ਨਿਸ਼ਾਵਰ ਕਰਾਂ।

ਮਹਾਰਾਜ ਜੀ ਨੇ ਅਸ਼ੀਰਵਾਦ ਦਿਤੀ ਅਤੇ ਫੁਰਮਾਇਆ ਕਿ ਸੰਤ ਸਰੀਰ ਨਹੀਂ ਹੋਇਆ ਕਰਦੇ। ਸਰੀਰ ਨੂੰ ਇਕ ਤਰ੍ਹਾਂ ਦਾ ਕੱਪੜਾ ਹੀ ਸਮਝਦੇ ਹਨ। ਉਨ੍ਹਾਂ ਦੀ ਹੋਂਦ ਪ੍ਰਭ ਹੋਂਦ ਵਿਚ ਲੈਅ ਹੋ ਜਾਇਆ ਕਰਦੀ ਹੈ ਅਤੇ ਪਰਾਲਬਧ ਵਸ ਗਿਣਵੇਂ ਸੁਆਸ ਲੈਂਦੇ, ਜਗਿਆਸੂਆਂ ਦੀ ਪਰਾਲਬਧ ਅਨੁਸਾਰ ਉਪਦੇਸ਼ ਕਰਦੇ ਰਹਿੰਦੇ ਹਨ। ਸਰੀਰ ਦੀ ਪਰਾਲਬਧ ਮੁਕ ਜਾਂਦੀ ਹੈ ਤਾਂ ਕਹਿੰਦੇ ਹਨ - ਸੰਤ ਸਰੀਰ ਛੱਡ ਗਏ, ਬ੍ਰਹਮ ਲੀਨ ਹੋ ਗਏ ਆਦਿ। ਸੰਤ ਨਾ ਕਿਤੋਂ ਆਉਂਦੇ ਹਨ, ਨਾ ਕਿਤੇ ਜਾਂਦੇ ਹਨ। ਦੁਨੀਆਂ ਭੁਲੇਖਿਆਂ 'ਚ ਪਈ ਹੋਈ ਉਨ੍ਹਾਂ ਦੇ ਜਨਮ ਉਤਸਵ ਅਤੇ ਬਰਸੀਆਂ ਮਨਾਉਂਦੀ, ਸੰਤਾਂ ਦੇ ਅਸਲੀ ਸਰੂਪ ਨੂੰ ਨਹੀਂ ਜਾਣਦੀ। ਇਹ ਪ੍ਰੇਮੀ ਕਾਲਕਾ ਰੇਲਵੇ ਵਰਕਸ਼ਾਪ ਵਿਚ ਕੰਮ ਕਰਿਆ ਕਰਦਾ ਸੀ। ਇਸ ਦਾ ਨਾਮ ਮਹਿੰਦਰ ਸਿੰਘ ਸੀ ਅਤੇ ਆਮ ਪ੍ਰੇਮੀ ਜੋ ਇਸ ਨੂੰ ਲਾਹੌਰ ਤੋਂ ਜਾਣਦੇ ਸਨ, ਉਹ ਮਸਤਾਨਾ ਜੀ ਕਹਿ ਕੇ ਬੁਲਾਇਆ ਕਰਦੇ ਸਨ। ਇਸ ਰੰਗ ਰੱਤੇ ਪ੍ਰੇਮੀ ਨੂੰ ਬਾਹਰ ਆ ਕੇ ਮੈਂ ਵੀ ਨਮਸ਼ਕਾਰ ਕੀਤੀ ਕਿ ਪਿਆਰਿਆ! ਤੂੰ ਧੰਨ ਹੈਂ, ਜੋ ਮਹਾਂਪੁਰਸ਼ਾਂ ਨਾਲ ਉਨ੍ਹਾਂ ਦੇ ਨੂਰੀ ਸਰੂਪ ਨੂੰ ਤੱਕ ਕੇ ਜੁੜਿਆ ਰਹਿੰਦਾ ਹੈਂ। ਅਜਿਹੀਆਂ ਬੇਅੰਤ ਘਟਨਾਵਾਂ ਹਰ ਰੋਜ਼ ਹੀ ਦੀਵਾਨ ਵਿਚ ਵੀ ਅਤੇ ਨਿਵਾਸ ਅਸਥਾਨ ਉਤੇ ਵਾਪਰਿਆ ਕਰਦੀਆਂ ਸਨ।

ਅੱਜ ਪ੍ਰਵਚਨਾਂ ਦੇ ਸਮੇਂ ਇਕ ਵਿਦਵਾਨ

ਪੰਡਤ ਮਹਿਮਾਂ ਸੁਣ ਕੇ 10 ਸੈਕਟਰ ਪਹੁੰਚਿਆ। ਉਸ ਸਮੇਂ ਮਹਾਂਪੁਰਸ਼ ਬਚਨ ਕਰ ਰਹੇ ਸਨ। ਉਹ ਪੰਡਤ ਕੇਸਾਧਾਰੀ ਸੀ। ਵੇਸ ਬ੍ਰਾਹਮਣਾਂ ਵਾਲਾ ਸੀ, ਆ ਕੇ ਨਮਸਕਾਰ ਕੀਤੀ ਅਤੇ ਦੋਨੋਂ ਹੱਥ ਜੋੜ ਕੇ ਸਾਮ੍ਹਣੇ ਖੜ੍ਹਾ ਹੋ ਗਿਆ। ਉਸਨੇ ਦੱਸਿਆ ਕਿ ਮਹਾਰਾਜ ਜੀ! ਮੈਂ ਰਾਤ ਆਪ ਦੇ ਦੀਵਾਨਾਂ ਵਿਚ ਬਚਨ ਸੁਣੇ ਅਤੇ ਆਪ ਦੀ ਆਵਾਜ਼ ਸੁਣੀ। ਮੈਨੂੰ ਵਿਦਿਆ ਦੇ ਬਲ ਕਰਕੇ ਇਹ ਅਨੁਭਵ ਹੋਇਆ ਕਿ ਆਪ ਦੇ ਬਚਨ ਸਭਨਾਂ ਸਰੀਰਾਂ ਵਿਚੋਂ ਆਰ-ਪਾਰ ਹੋ ਰਹੇ ਸਨ। ਇਸ ਅਵਾਜ਼ ਵਿਚ ਬਹੁਤ ਵੱਡੀ ਸ਼ਕਤੀ ਪਸਰ ਰਹੀ ਸੀ ਅਤੇ ਸਭ ਨੂੰ ਮੋਹਿਤ ਕਰਕੇ ਇਕਾਗਰਤਾ ਪ੍ਰਦਾਨ ਕਰ ਰਹੀ ਸੀ। ਇਕੱਠ ਸੜਕ ਤੋਂ ਵੀ ਪਾਰ ਲੰਘ ਕੇ ਸਕੂਲ ਦਾ ਗਰਾਊਂਡ ਭਰਿਆ ਹੋਇਆ ਸੀ ਪਰ ਆਪ ਦੇ ਬਚਨ ਅਮੋਘ ਬਾਣ ਸਨ ਜਿਵੇਂ ਅਰਜਨ ਦੇ ਬਾਣ, ਭੀਸ਼ਮ ਪਿਤਾਮਾ ਤੇ ਦਰੋਣਾਚਾਰੀਆ ਦੇ ਬਾਣ, ਮਹਾਂਭਾਰਤ ਦੇ ਜੁੱਧ ਵਿਚ ਅਮੋਘ ਚਲ ਰਹੇ ਸਨ। ਇਸੇ ਤਰ੍ਹਾਂ ਨਾਲ ਆਪ ਦਾ ਇਕ-ਇਕ ਬਚਨ ਜੋ ਕਿ ਸ਼ਕਤੀਸ਼ਾਲ ਆਵਾਜ਼ ਦੇ ਰਾਹੀਂ ਹਿਰਦਿਆਂ ਦੀਆਂ ਗਹਿਰੀਆਂ ਅੰਧਕਾਰ ਨੁਕਰਾਂ ਨੂੰ ਪ੍ਰਕਾਸ਼ਿਤ ਕਰਦਾ ਜਾਂਦਾ ਸੀ। ਮੈਂ ਸ਼ਾਸ਼ਤਰਾਂ ਦੇ ਹਿਸਾਬ ਨਾਲ ਜਾਂਚਿਆ ਕਿ ਕੋਈ ਪ੍ਰਮ ਬੀਤਰਾਗ ਯੋਗੀ, ਬ੍ਰਹਮ ਬੇਤਾ, ਬ੍ਰਹਮ ਬਕਤਾ, ਨੂਰੀ ਸਰੂਪ ਵਿਚ ਸ਼ਸ਼ੋਭਤ ਹੋ ਕੇ ਇਨ੍ਹਾਂ ਪ੍ਰੇਮੀਆਂ ਦੇ ਪੁੰਨ ਕਰਮਾਂ ਦੇ ਫਲ ਰੂਪ ਉਜਾਗਰ ਹੋਣ ਕਰਕੇ ਆਇਆ ਹੋਇਆ ਹੈ। ਮੈਂ ਵੀ ਆਪ ਦੇ ਪ੍ਰਵਚਨ ਸੁਣੇ, ਹੁਣ ਮੇਰੀ ਇਕੋ ਬੇਨਤੀ ਹੈ, ਆਪ ਤੋਂ ਸਪਸ਼ਟਤਾ ਚਾਹੁੰਦਾ ਹਾਂ।

ਇਸ ਬ੍ਰਾਹਮਣ ਦਾ ਕੱਦ ਛੇ ਫੁੱਟ ਦੇ ਕਰੀਬ, ਭਰਵਾਂ ਸਰੀਰ ਅਤੇ ਚਿਹਰੇ ਉਤੇ ਪ੍ਰਸੰਨਤਾ ਹੀ ਪ੍ਰਸੰਨਤਾ ਨਜ਼ਰੀਂ ਪੈ ਰਹੀ ਸੀ, ਅੱਖਾਂ ਵਿਚ ਲਾਲੀ ਮਿਲੀ ਹੋਈ ਸੀ ਅਤੇ ਚਿਹਰਾ ਪੂਰੀ ਤਰ੍ਹਾਂ ਸ਼ਾਂਤ ਸੀ। ਇਸਨੇ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕੀਤੀ -

**1. ਦ੍ਰਿਸ਼ਟੀਗੋਚਰੇ ਹੋਈ ਸੀ, ਪਰ ਦੇਖ ਕਿਉਂ ਨਾ ਹੋਇਆ?**

**2. ਸੁਣਿਆ ਸੀ, ਸੁਣ ਕਿਉਂ ਨਾ ਹੋਇਆ?**

ਐਨਾ ਹੀ ਬਚਨ ਕੀਤਾ। ਅਸੀਂ ਸਾਰੇ ਹੈਰਾਨ ਸਾਂ ਕਿ ਇਹ ਪ੍ਰਸ਼ਨ ਕੀ ਹੋਇਆ? ਇਹ ਤਾਂ ਗੁਪਤ ਪ੍ਰਸ਼ਨ ਹੈ ਜਿਵੇਂ ਰਾਜੇ ਜਨਕ ਨੇ ਭਾਰਤ ਦੇ ਸਭ ਰਿਸ਼ੀਆਂ ਮੁਨੀਆਂ, ਪੰਡਤਾਂ ਅੱਗੇ ਕੀਤਾ ਸੀ ਕਿ -

**'ਇਹ ਸੱਚਾ ਜਾਂ ਉਹ ਸੱਚਾ'**

ਇਸ ਪ੍ਰਸ਼ਨ ਦਾ ਉਤਰ ਦੇਣ ਲਈ ਭਾਰਤ ਵਰਸ਼ ਦੇ ਸਮੂੰਹ ਵਿਦਵਾਨ, ਰਿਸ਼ੀ-ਮੁਨੀ ਅੱਠ ਸਾਲ ਤਕ ਰਾਜਾ ਜਨਕ ਜੀ ਪਾਸ ਰਹੇ ਕਿਉਂਕਿ ਉਹ ਬਿਨਾਂ ਉਤਰ ਦਿਤੇ ਕਿਸੇ ਨੂੰ ਜਾਣ ਨਹੀਂ ਸੀ ਦਿੰਦਾ। ਅੰਤ ਇਕ ਕੁਬੜਾ ਬਾਲਕ ਰਿਸ਼ੀ ਜਿਸਦੇ ਸਰੀਰ ਵਿਚ ਅੱਠ ਵਲ ਪੈਂਦੇ ਸਨ, ਜੋ ਸਿਰਫ ਅੱਠ ਸਾਲ ਦਾ ਸੀ, ਆਇਆ ਅਤੇ ਉਸਨੇ ਕਿਹਾ ਕਿ ਰਾਜਨ! ਤੇਰਾ ਪ੍ਰਸ਼ਨ ਗੁਪਤ ਹੈ, ਸੋ ਮੈਂ ਵੀ ਗੁਪਤ ਹੀ ਉਤਰ ਦਿੰਦਾ ਹਾਂ। ਉਹ ਇਉਂ ਹੈ -

**'ਇਹ ਵੀ ਝੂਠਾ, ਉਹ ਵੀ ਝੂਠਾ।'**

ਇਸੇ ਤਰ੍ਹਾਂ ਦਾ ਪ੍ਰਸ਼ਨ ਅੱਜ ਸੰਤ ਮਹਾਰਾਜ ਜੀ ਦੇ ਸਨਮੁੱਖ ਉਸ ਵਿਦਵਾਨ ਬ੍ਰਾਹਮਣ ਨੇ ਆ ਕੇ ਕੀਤਾ। ਮਹਾਰਾਜ ਜੀ ਨੇ ਉਸੇ ਸਮੇਂ ਬਚਨ ਕੀਤਾ ਕਿ - **'ਅਭਿਆਸ ਦੀ ਕਮੀ ਸੀ।'**

ਉਸ ਸਮੇਂ ਉਸ ਨੇ ਨਮਸਕਾਰ ਕੀਤੀ ਅਤੇ ਅਸੀਸਾਂ ਦਿੰਦਾ ਹੋਇਆ, ਵਿਦਾ ਹੋਣ ਸਮੇਂ ਕਹਿਣ ਲੱਗਿਆ ਕਿ ਆਪ ਪੂਰਨ ਮਹਾਂਪੁਰਸ਼ ਹੋ ਜਿਨ੍ਹਾਂ ਨੇ ਮੇਰੇ ਮਨ ਦਾ ਭਰਮ ਦੂਰ ਕਰ ਦਿਤਾ ਅਤੇ ਗੁਹਜ ਪ੍ਰਸ਼ਨ ਦਾ ਉਤਰ ਇਕੋ ਹੀ ਬਚਨ ਵਿਚ ਦੇ ਦਿਤਾ। ਮਹਾਰਾਜ ਜੀ! ਮੈਨੂੰ ਅਸੀਸ ਦੇਵੋ ਕਿ ਮੈਂ ਹੁਣ ਅਭਿਆਸ ਕਰਾਂ। ਮਹਾਂਪੁਰਸ਼ਾਂ ਨੇ ਆਪਣਾ ਸੱਜਾ ਹੱਥ ਉਪਰ ਚੁੱਕਿਆ ਅਤੇ ਉਹ ਅਨੇਕ ਤਰ੍ਹਾਂ ਦੀਆਂ ਅਸੀਸਾਂ ਦਿੰਦਾ ਹੋਇਆ ਵਿਦਾ ਹੋ ਗਿਆ।

ਸਾਰੀ ਸੰਗਤ ਜੋ ਸੰਤ ਮਹਾਰਾਜ ਜੀ ਦੇ ਬਚਨ ਸੁਣਨ ਵਾਸਤੇ ਆਈ ਸੀ, ਹੈਰਾਨ ਸੀ ਕਿ ਮਹਾਂਪੁਰਸ਼ਾਂ ਨੇ ਉਤਰ ਦਿਤਾ ਹੈ; ਨਾ ਤਾਂ ਸਾਨੂੰ ਪ੍ਰਸ਼ਨ ਦੀ ਸਮਝ ਆਈ ਹੈ ਅਤੇ ਨਾ ਹੀ ਕੁਝ ਉਤਰ ਦਾ ਭੇਤ ਲਗ ਰਿਹਾ ਹੈ। ਹਰ ਰੋਜ਼ ਦੇ ਆਉਣ ਵਾਲੇ ਪ੍ਰੇਮੀ ਘਾਲ ਕਮਾਈ ਕਰਨ ਵਾਲੇ

ਸਨ ਜਿਨ੍ਹਾਂ ਵਿਚੋਂ ਬਹੁਤੇ ਸਿਵਲ ਸੈਕਟਰੀਏਟ ਦੇ ਕਰਮਚਾਰੀ ਤੇ ਅਫਸਰ ਸਨ। ਰਾਧਾ ਸੁਆਮੀ ਵੀਰ ਹਰ ਰੋਜ਼ ਇਕ ਜੱਥੇ ਦੀ ਸ਼ਕਲ ਵਿਚ ਇਕੱਠੇ ਹੋ ਕੇ ਆਇਆ ਕਰਦੇ ਸਨ। ਉਹ ਸੰਤ ਮਹਾਰਾਜ ਜੀ ਨੂੰ ਆਮ ਤੌਰ ਤੇ ਚਾਚਾ ਜੀ ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਅਸਾਡੇ ਨਾਲ ਉਨ੍ਹਾਂ ਦਾ ਪਿਆਰ ਸੀ, ਕਦੇ ਕੋਈ ਤਰਕ-ਵਿਤਰਕ ਆਪਸ ਵਿਚ ਪੈਦਾ ਨਹੀਂ ਹੋਇਆ ਕਰਦੀ ਸੀ। ਉਹ ਵੀ ਸੱਚ ਦੇ ਢੂੰਡਾਊ ਸਨ। ਅਸਾਡੇ ਵੀ ਬਹੁਤ ਸੰਗਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਬਾਬਾ ਹਰੀ ਸਿੰਘ ਜੀ ਕਹਾਰਪੁਰੀਏ, ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਬਾਬਾ ਵਸਾਖਾ ਸਿੰਘ ਜੀ ਅੰਮ੍ਰਿਤਸਰ ਜ਼ਿਲੇ ਵਾਲੇ ਅਤੇ ਡਾ. ਵੀਰ ਸਿੰਘ ਅਤੇ ਬਹੁਤ ਸਾਰੇ ਮਹਾਤਮਾ ਨਾਲ ਸਬੰਧ ਰਖਦੀ ਸੀ ਅਤੇ ਬਹੁਤ ਹੀ ਸ਼ਰਧਾ ਨਾਲ ਸੰਤ ਮਹਾਰਾਜ ਜੀ ਦੇ ਬਚਨ ਸੁਣ ਕੇ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਦੀ ਹਾਜ਼ਰੀ ਵਿਚ ਮਸਤੀ ਮਹਿਸੂਸ ਕਰਿਆ ਕਰਦੇ ਸਨ। ਸੰਤ ਮਹਾਰਾਜ ਜੀ ਦੇ ਲਗਾਤਾਰ ਪ੍ਰਵਚਨ ਸੁਣ ਕੇ ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ ਨਾਲ ਸਬੰਧ ਰੱਖਣ ਵਾਲੇ ਵੀ ਆਉਣੇ ਸ਼ੁਰੂ ਹੋ ਗਏ ਸਨ ਅਤੇ ਉਹ ਵੀ ਅੰਦਰਲੀਆਂ ਅਵਸਥਾਵਾਂ ਬਾਰੇ ਸੁਣ ਕੇ ਸ਼ਰਧਾ ਵਿਚ ਆ ਗਏ ਸਨ।

ਅਸੀਂ ਸਾਰੇ ਇਕ ਦੂਜੇ ਵਲ ਦੇਖ ਰਹੇ ਸਾਂ ਕਿ ਉਸ ਪੰਡਤ ਦਾ ਕੀ ਸਵਾਲ ਸੀ ਅਤੇ ਸੰਤ ਮਹਾਰਾਜ ਜੀ ਵਲੋਂ ਉਤਰ ਦੀ ਸਮਝ ਨਹੀਂ ਸੀ ਆ ਰਹੀ। ਸੰਤ ਮਹਾਰਾਜ ਜੀ ਨੇ ਸਾਰਿਆਂ ਦੀਆਂ ਮਨੋ-ਬਿਰਤੀਆਂ ਨੂੰ ਜਾਣ ਲਿਆ ਅਤੇ ਫੁਰਮਾਇਆ ਕਿ ਕੀ ਸੋਚ ਰਹੇ ਹੋ? ਸਾਰੇ ਹੀ ਅਦਬ ਭਰੀ ਮੁਸਕਰਾਹਟ ਵਿਚ ਆ ਗਏ ਅਤੇ ਸਾਰਿਆਂ ਨੇ ਆਪਣਾ ਸੀਸ ਝੁਕਾ ਦਿਤਾ। ਉਸ ਵੇਲੇ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ! ਉਹ ਜੋ ਪੰਡਤ ਹੁਸ਼ਿਆਰਪੁਰ ਤੋਂ ਆਇਆ ਸੀ, ਉਹ ਨਾ ਹੀ ਬੈਠਿਆ ਅਤੇ ਨਾ ਹੀ ਉਸ ਨੇ ਕੋਈ ਪ੍ਰਸ਼ਾਦ ਪਾਣੀ ਛਕਿਆ। ਉਸ ਨੇ ਆ ਕੇ ਪ੍ਰਸ਼ਨ ਕੀਤਾ, ਆਪ ਨੇ ਉਤਰ ਦੇ ਦਿਤਾ। ਨਾ ਸਾਨੂੰ ਪ੍ਰਸ਼ਨ ਦੀ ਸਮਝ ਆਈ ਹੈ ਅਤੇ ਨਾ ਹੀ ਉਤਰ ਦਾ ਕੁਝ ਪਤਾ ਲੱਗਿਆ। ਉਸ ਸਮੇਂ ਮਹਾਰਾਜ ਜੀ ਦਇਆ ਦੇ ਘਰ ਆ ਕੇ ਫੁਰਮਾਉਣ ਲੱਗੇ ਕਿ ਪਿਆਰਿਓ! ਉਸਨੇ ਬਹੁਤ ਗੁਹਜ ਪ੍ਰਸ਼ਨ ਕੀਤਾ ਸੀ। ਉਹ ਪੰਡਤ ਜਿਥੇ ਵਿਦਵਾਨ ਹੈ, ਉਥੇ ਸਾਧਨਾ ਸੰਪੰਨ ਵੀ ਹੈ। ਉਸਨੇ ਇਹ ਕਿਹਾ ਸੀ ਕਿ ਉਸਨੂੰ ਇਕ ਲਾਈਟ ਦੇ ਦਰਸ਼ਨ ਹੋਏ ਪਰ ਛੇਤੀਂ ਹੀ ਉਹ ਚਲੀ ਗਈ। ਦੂਸਰੇ ਪ੍ਰਸ਼ਨ ਵਿਚ ਉਸਨੇ ਕਿਹਾ ਸੀ ਕਿ ਪੂਰੇ ਸਾਜ਼ਾਂ ਦੀ ਘਨਘੋਰ ਅਨਹਦ ਧੁਨ ਸੁਣਾਈ ਦਿਤੀ ਪਰ ਉਹ ਛੇਤੀਂ ਹੀ ਮੱਧਮ ਪੈ ਗਏ। ਅਸਾਡਾ ਉਤਰ ਸੀ ਕਿ ਅਭਿਆਸ ਘੱਟ ਹੋਣ ਕਰਕੇ ਇਹ ਅਵਸਥਾ ਆਈ ਤੇ ਚਲੀ ਗਈ।

ਸਾਰਿਆਂ ਦੀ ਬੇਨਤੀ ਸੁਣ ਕੇ ਆਪ ਨੇ ਕਿਹਾ ਕਿ ਅਨਹਦ ਸ਼ਬਦਾਂ ਬਾਰੇ ਅਤੇ ਅੰਦਰਲੀਆਂ ਰੋਸ਼ਨੀਆਂ ਬਾਰੇ ਅਸੀਂ ਬਹੁਤ ਵਿਸਥਾਰ ਨਾਲ ਆਪ ਨੂੰ ਦੱਸ ਚੁੱਕੇ ਹਾਂ; ਜਿਨ੍ਹਾਂ ਪ੍ਰੇਮੀਆਂ ਨੇ notes ਲਏ ਹੋਣ, ਉਹ ਮੁੜ ਕੇ ਵਿਚਾਰ ਲੈਣ। ਨਹੀਂ ਤਾਂ ਤੁਹਾਡੇ ਵਿਚ ਬਹੁਤ ਸੂਝਵਾਨ ਜਗਿਆਸੂ ਉਪਸਥਿਤ ਹਨ, ਆਪਸ ਵਿਚ ਮਿਲ ਕੇ ਵਿਚਾਰ ਲੈਣਾ। ਇਸ ਬਾਰੇ ਮੈਂ ਸਪਸ਼ਟ ਕਰਦਾ ਹਾਂ ਕਿ ਅਨਹਦ ਸ਼ਬਦ ਜੋ ਪੰਜ ਧੁਨਾਂ ਵਿਚ, ਭਜਨ ਕਰਨ ਵੇਲੇ ਹੇਠਲੀ ਅਵਸਥਾ ਵਿਚ ਸੁਣਾਈ ਦਿੰਦੇ ਹਨ, ਉਹ ਹੌਲੀ-ਹੌਲੀ ਸਹਿਨ -ਯੋਗ ਹਨ ਅਤੇ ਅੰਦਰ ਟਿਕੇ ਰਹਿੰਦੇ ਹਨ। ਕਦੇ-ਕਦੇ ਜਗਿਆਸੂਆਂ ਦਾ ਬਹੁਤ ਹੀ ਗਹਿਰੀ ਇਕਾਗਰਤਾ ਵਿਚ ਜਾ ਕੇ ਨਿਰੰਕਾਰੀ ਧੁਨ ਨਾਲ ਸੰਪਰਕ ਹੋ ਜਾਂਦਾ ਹੈ। ਉਹ ਸ਼ਬਦ ਇਤਨਾ ਸ਼ਕਤੀਸ਼ਾਲ ਹੈ ਕਿ ਸਰੀਰ ਤੋਂ ਸਹਿਨ ਨਹੀਂ ਹੁੰਦਾ; ਸਰੀਰ ਝੁਣ-ਝੁਣੀ ਖਾ ਜਾਂਦਾ ਹੈ। ਕਈਆਂ ਦਾ ਸਰੀਰ balance ਛੱਡ ਕੇ ਉਪਰ ਨੂੰ ਉਡ ਜਾਂਦਾ ਹੈ, ਕਈਆਂ ਨੂੰ ਮਹਿਸੂਸ ਹੁੰਦਾ ਹੈ ਕਿ ਮੇਰਾ ਸਰੀਰ ਰੱਤੀ-ਰੱਤੀ ਕਰਕੇ ਉਡ ਜਾਵੇਗਾ, ਉਹ ਅਸਹਿ ਹੈ; ਉਹ ਨਿਰੰਕਾਰੀ ਧੁਨ advanced ਜਗਿਆਸੂਆਂ ਨੂੰ ਸੁਣਦੀ ਹੈ। ਉਸ ਵਿਚ ਅਨੇਕ ਵਾਜੇ ਇਕੱਠੇ ਸੁਣਦੇ ਹਨ, ਜਿਸ ਦਾ ਸੰਕੇਤ ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਕਰਦਿਆਂ ਫੁਰਮਾਨ ਕੀਤਾ ਹੈ -

***ਤਾਰ ਘੋਰ ਬਾਜਿੰਤ੍ਰ ਤਹ***

*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*

*ਅੰਗ - 1291*

ਇਹ ਅਨਹਦ ਦੀ ਧੁਨ ਬਹੁਤ ਹੀ ਨਿਰਾਲੀ ਹੈ ਜਿਵੇਂ ਕਿ ਬਾਣੀ ਵਿਚ ਫੁਰਮਾਨ ਹੈ-

*ਅਨਹਤ ਬਾਣੀ ਥਾਨੁ ਨਿਰਾਲਾ॥*
*ਤਾ ਕੀ ਧੁਨਿ ਮੋਹੇ ਗੋਪਾਲਾ॥*

*ਅੰਗ - 186*

ਦ੍ਰਿੜ੍ਹ ਲਗਨ ਦੇ ਨਾਲ ਸਮ ਅਤੇ ਦਮ ਦੀਆਂ ਪੂਰੀਆਂ ਰਹਿਤਾਂ ਰੱਖ ਕੇ ਜੋ ਸਾਧਨ ਕਰਦੇ ਹਨ, ਉਨ੍ਹਾਂ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਇਸੇ ਤਰ੍ਹਾਂ ਨਾਲ ਉਸ ਦਾ ਦੂਜਾ ਪ੍ਰਸ਼ਨ ਸੀ ਕਿ 'ਦ੍ਰਿਸ਼ਟੀਗੋਚਰੇ ਹੋਈ ਸੀ, ਪਰ ਦੇਖ ਕਿਉਂ ਨਾ ਹੋਇਆ?' ਉਹ ਸੀ ਪੂਰੀ ਸ਼ੁਧਤਾ ਦੇ ਨਾਲ ਪ੍ਰਗਟ ਹੋਇਆ ਪ੍ਰਕਾਸ਼; ਜੋ ਐਨਾ ਐਨਰਜੀ ਭਰਪੂਰ ਹੈ ਕਿ ਸਰੀਰ ਇਕ ਦਮ ਸਹਿ ਨਹੀਂ ਸਕਦਾ। ਇਹ ਵੀ ਭਾਗਾਂ ਵਾਲਿਆਂ ਨੂੰ ਪ੍ਰਤੱਖ ਹੋਇਆ ਕਰਦਾ ਹੈ। ਲਗਾਤਾਰ ਅਭਿਆਸ ਨਾਲ ਇਸ ਦਾ ਪ੍ਰਕਾਸ਼ ਲਗਾਤਾਰ ਦਿਸਣ ਲਗ ਜਾਂਦਾ ਹੈ। ਇਹ advanced ਜਗਿਆਸੂਆਂ ਦੀਆਂ ਅਵਸਥਾਵਾਂ ਹਨ। ਇਨ੍ਹਾਂ ਬਾਰੇ ਓਹੀ ਜਾਣਦਾ ਹੈ ਜਿਨ੍ਹਾਂ ਨੂੰ ਪ੍ਰਗਟ ਹੋਈਆਂ ਹੋਣ।

ਇਕ ਦੋ ਸੈਕਿੰਡ ਲਈ ਜੇ ਓਅੰਕਾਰੀ ਧੁਨ ਸੁਣ ਜਾਵੇ ਤਾਂ ਮਹੀਨਿਆਂ, ਸਾਲਾਂ ਬੱਧੀ ਉਸਦਾ ਨਸ਼ਾ ਨਹੀਂ ਉਤਰਿਆ ਕਰਦਾ ਅਤੇ ਇਹ ਲਾਈਟ ਪ੍ਰਗਟ ਹੋ ਜਾਵੇ ਤਾਂ ਮਹੀਨਿਆਂ, ਸਾਲਾਂ ਬੱਧੀ ਮਸਤੀ ਨਹੀਂ ਉਤਰਿਆ ਕਰਦੀ। ਸਰੀਰ ਵਿਚ ਝੁਣ-ਝੁਣੀਆਂ ਆਉਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਹਨ। ਇਹ ਪ੍ਰੇਮ ਅਨੰਦਿਤ ਅਵਸਥਾਵਾਂ ਹਨ ਜਿਨ੍ਹਾਂ ਬਾਰੇ ਇਸ ਵਿਦਵਾਨ ਪੰਡਤ ਨੇ ਗੁਪਤ ਰੂਪ ਵਿਚ ਹੀ ਪ੍ਰਸ਼ਨ ਕੀਤਾ ਸੀ। ਇਹ ਖੇਡਾਂ ਭਾਵੇਂ ਉਚੀਆਂ ਅਵਸਥਾਵਾਂ ਹਨ ਪਰ ਮੰਜ਼ਿਲ ਨਹੀਂ ਹੈ। ਜਦੋਂ ਤਕ ਤਿੰਨਾਂ ਸਰੀਰਾਂ, ਤਿੰਨਾਂ ਗੁਣਾਂ, ਪੰਜਾਂ ਕਰਮ ਇੰਦਰਿਆਂ, ਪੰਜਾਂ ਗਿਆਨ ਇੰਦਰਿਆਂ, ਪੰਜਾਂ ਤੱਤਾਂ ਤੋਂ ਪਰ੍ਹੇ ਮਨ, ਚਿੱਤ, ਬੁੱਧ ਦੇ ਮੰਡਲ ਲੰਘ ਕੇ ਅਹੰਭਾਵ ਤੋਂ ਬਣਿਆ ਜੀਵ-ਆਤਮਾ ਦਾ ਮੰਡਲ ਲੰਘ ਕੇ ਆਤਮ ਮੰਡਲ ਵਿਚ ਪ੍ਰਵੇਸ਼ ਨਹੀਂ ਕਰਦਾ; ਇਸ ਜੀਵ ਦਾ ਆਉਣਾ ਜਾਣਾ ਖਤਮ ਨਹੀਂ ਹੋਇਆ ਕਰਦਾ। ਗਿਆਨ ਪ੍ਰਾਪਤੀ ਪ੍ਰਤੱਖ ਅਵਸਥਾ ਹੋਇਆ ਕਰਦੀ ਹੈ। ਇਹ ਕੋਈ ਗੱਲਾਂ ਦਾ ਗਿਆਨ ਨਹੀਂ ਹੁੰਦਾ। ਗੱਲਾਂ ਦੇ ਗਿਆਨੀਆਂ ਨਾਲ ਸੰਸਾਰ ਭਰਿਆ ਪਿਆ ਹੈ ਪਰ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ॥*

*ਅੰਗ - 465*

ਸਾਧਨਾ ਸੰਪੰਨ ਹੋ ਕੇ ਜਦੋਂ ਤਕ ਸ਼ਾਖਸ਼ੀ ਪਦ ਦੀ ਪ੍ਰਾਪਤੀ ਨਹੀਂ ਹੁੰਦੀ, ਓਨਾਂ ਚਿਰ ਗਿਆਨ ਕੇਵਲ ਬਾਤਾਂ ਹੀ ਹਨ। ਗਿਆਨ ਦਾ ਮਤਲਬ ਹੈ - ਕਿਸੇ ਚੀਜ਼ ਨੂੰ ਜਾਣ ਲੈਣਾ। ਕੇਵਲ ਜਾਨਣ ਨਾਲ ਕੋਈ ਮਤਲਬ ਨਹੀਂ ਹੱਲ ਹੋਇਆ ਕਰਦਾ। ਇਕ ਤਰ੍ਹਾਂ ਨਾਲ ਇਹ ਵਾਧੂ ਖਿਆਲ ਹਨ ਜਿਨ੍ਹਾਂ ਦੇ ਨਾਲ ਅੰਤਸ਼ਕਰਣ ਵਿਚ ਇਕ ਹੋਰ ਜਾਣ ਲੈਣ ਦਾ ਮਸਾਲਾ ਜਮ੍ਹਾਂ ਹੋ ਗਿਆ। ਅਸਲੀ ਗਿਆਨ ਜਦੋਂ ਪ੍ਰਗਟ ਹੁੰਦਾ ਹੈ, ਉਸ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਉਪਜੈ ਗਿਆਨੁ ਦੁਰਮਤਿ ਛੀਜੈ॥*
*ਅੰਮ੍ਰਿਤ ਰਸਿ ਗਗਨੰਤਰਿ ਭੀਜੈ॥*
*ਏਸੁ ਕਲਾ ਜੋ ਜਾਣੈ ਭੇਉ॥*
*ਭੇਟੈ ਤਾਸੁ ਪਰਮ ਗੁਰਦੇਉ॥*

*ਅੰਗ - 974*

ਜਦੋਂ ਗਿਆਨ ਪ੍ਰਗਟ ਹੋ ਜਾਂਦਾ ਹੈ ਤਾਂ ਦਸਮ ਦੁਆਰ ਵਿਚ ਨਾਮ ਦੇ ਅੰਮ੍ਰਿਤ ਨਾਲ ਪ੍ਰੇਮ ਸ਼ਾਂਤੀ ਪ੍ਰਾਪਤ ਹੋ ਜਾਇਆ ਕਰਦੀ ਹੈ। ਹੋਰ ਜੇ ਵਿਸਥਾਰ ਪੂਰਵਕ ਵਿਚਾਰ ਕਰਨੀ ਹੋਵੇ ਤਾਂ ਬੇਣੀ ਜੀ ਦੇ ਰਾਮਕਲੀ ਵਿਚ ਆਏ ਸ਼ਬਦ ***'ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ***

***ਇਕ ਠਾਈ॥'*** ( ਅੰਗ  - ***974)*** ਦੀ ਵਿਚਾਰ ਕਰਕੇ ਵੇਖ ਲੈਣਾ।

ਸੋ ਗਿਆਨ, ਜਾਨਣ ਦੀ ਬਾਤ ਨਹੀਂ ਹੈ, ਇਹ ਪ੍ਰਤੱਖ ਅਨੁਭਵ ਹੁੰਦਾ ਹੈ ਜਿਥੇ 'ਮੈਂ' 'ਮੇਰੀ' ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਗਿਆਨੁ ਨ ਗਲੀਈ ਢੂਢੀਐ***
***ਕਥਨਾ ਕਰੜਾ ਸਾਰੁ॥***
***ਕਰਮਿ ਮਿਲੈ ਤਾ ਪਾਈਐ***
***ਹੋਰ ਹਿਕਮਤਿ ਹੁਕਮੁ ਖੁਆਰੁ॥***
***ਅੰਗ - 465***

ਸੰਸਾਰ ਵਿਚ ਕਥਨੀ ਦੇ ਮਾਲਕ ਬਹੁਤ ਹਨ ਜੋ ਗਿਆਨ-ਗਿਆਨ ਕੂਕਦੇ ਹਨ ਪਰ ਉਦੋਂ ਤੱਕ ਪ੍ਰਤੱਖ ਨਹੀਂ ਹੋਇਆ ਕਰਦਾ, ਜਦੋਂ ਤੱਕ ਨਾਮ ਦੇ ਰਸ ਵਿਚ ਪੂਰੀ ਤਰ੍ਹਾਂ ਲੀਨਤਾ ਨਹੀਂ ਹੁੰਦੀ, ਗੁਰੂ ਦੀ ਕ੍ਰਿਪਾ ਨਹੀਂ ਹੁੰਦੀ, ਗਿਆਨ ਨਹੀਂ ਹੋਇਆ ਕਰਦਾ -

***ਗਿਆਨੁ ਗਿਆਨੁ ਕਥੈ ਸਭੁ ਕੋਈ॥***
***ਕਥਿ ਕਥਿ ਬਾਦੁ ਕਰੇ ਦੁਖੁ ਹੋਈ॥***
***ਕਥਿ ਕਹਣੈ ਤੇ ਰਹੈ ਨ ਕੋਈ॥***
***ਬਿਨੁ ਰਸ ਰਾਤੇ ਮੁਕਤਿ ਨ ਹੋਈ॥***
***ਗਿਆਨੁ ਧਿਆਨੁ***
***ਸਭੁ ਗੁਰ ਤੇ ਹੋਈ॥***
***ਸਾਚੀ ਰਹਤ ਸਾਚਾ ਮਨਿ ਸੋਈ॥***
***ਮਨਮੁਖ ਕਥਨੀ ਹੈ***
***ਪਰੁ ਰਹਤ ਨ ਹੋਈ॥***
***ਨਾਵਹੁ ਭੂਲੇ ਥਾਉ ਨ ਕੋਈ॥***
***ਅੰਗ - 831***

ਇਸ ਸੰਸਾਰ ਬਾਰੇ ਗੋਰਖਨਾਥ ਨੇ ਗੁਰੂ ਮਹਾਰਾਜ ਜੀ ਤੋਂ ਪੁਛਿਆ ਕਿ ਹੇ ਨਾਨਕ! ਤੇਰਾ ਇਹ ਫੁਰਮਾਨ ਹੈ ਕਿ ਇਥੇ ਇਕੋ ਵਾਹਿਗੁਰੂ ਅਨੇਕ ਰੂਪਾਂ ਵਿਚ ਆਪਣੇ ਖੇਲ੍ਹ ਕਰ ਰਿਹਾ ਹੈ। ਫੇਰ ਇਹ ਸੰਸਾਰ ਕਿਵੇਂ ਬਣ ਗਿਆ, ਇਹ ਤਾਂ ਵਾਹਿਗੁਰੂ ਹੀ ਸੀ? ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਨਾਥ ਜੀ! ਸੰਸਾਰ ਰਚਨਾ ਤੋਂ ਪਹਿਲਾਂ ਨਾ ਤਾਂ ਮਾਇਆ ਰੂਪੀ ਮੱਖੀ ਦੀ ਕੋਈ ਹੋਂਦ ਸੀ, ਪ੍ਰਕ੍ਰਿਤੀ ਕਿਸੇ ਵੀ ਰੂਪ ਵਿਚ ਨਹੀਂ ਸੀ, ਨਾ ਹੀ ਮਾਇਆ ਦਾ ਕੋਈ ਰੂਪ ਪ੍ਰਮੇਸ਼ਰ ਵਿਚ ਸੀ। ਉਸ ਵਿਚ ਦੋਂਹ ਦੀ ਗੁੰਜਾਇਸ਼ ਹੀ ਨਹੀਂ, ਉਹ ਆਪੇ ਆਪਣੀ ਮੌਜ ਵਿਚ ਖੇਲ੍ਹ ਕਰ ਰਿਹਾ ਹੈ। ਆਪਣੀ ਮੌਜ ਵਿਚ ਹੀ ਉਸਨੇ ਆਪਣੇ ਆਪ ਤੋਂ ਪ੍ਰਗਟ ਹੋ ਕੇ ਅਨੇਕ ਰੂਪ ਧਾਰੇ, ਗੁਪਤ ਤੋਂ ਦ੍ਰਿਸ਼ਟੀਗੋਚਰਾ ਹੋਇਆ ਪਰ ਵਾਹਿਗੁਰੂ ਜੀ ਨੇ ਇਕ ਤੱਤ ਜਿਸ ਨੂੰ ਹਉਮੈ ਤੱਤ ਆਖਿਆ ਜਾਂਦਾ ਹੈ, ਉਹ ਵੀ ਸ੍ਰਿਸ਼ਟੀ ਰਚਨਾ ਦੇ ਨਾਲ ਹੀ ਪੈਦਾ ਕੀਤਾ ਜਿਸਨੇ ਸਾਰੀ ਚੇਤਨ ਰਚਨਾ ਨੂੰ ਅਮਰ ਵੇਲ ਵਾਂਗੂੰ ਢਕ ਲਿਆ। ਹਉਮੈ ਤੱਤ ਨੇ ਵਖਰਾਪੁਣ ਪੈਦਾ ਕਰਕੇ ਸਮੂੰਹ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਪ੍ਰਤੀਤ ਕਰਾ ਦਿਤਾ। ਇਹੋ ਹੀ ਮਾਇਆ ਹੈ, ਅਗਿਆਨ ਹੈ; ਕੋਈ ਨਾਮ ਦੇ ਲਓ, ਪਰ ਹੈ ਇਹ ਹਉਮੈ ਤੱਤ ਹੀ। ਆਪ ਨੇ ਫੁਰਮਾਨ ਕੀਤਾ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥***
***ਅੰਗ - 946***

ਜਿਥੇ 'ਮੈਂ' 'ਮੇਰੀ' ਦਾ ਪੂਰੀ ਤਰ੍ਹਾਂ ਅਭਾਵ ਹੋ ਜਾਵੇ, ਸਾਰੀਆਂ ਵਾਸ਼ਨਾਵਾਂ ਖ੍ਵੈ ਹੋ ਜਾਣ, ਮਨ ਦਾ ਨਾਸ਼ ਹੋ ਕੇ ਉਨਮਨ ਹੋ ਜਾਵੇ ਅਤੇ ਤਤ੍ਵ ਦੇ ਮੰਡਲ ਵਿਚ ਪ੍ਰਤੱਖ ਰੂਪ ਵਿਚ ਆਪਣੇ ਅਸਲੀ ਆਤਮ/ਪ੍ਰਮਾਤਮ ਸਰੂਪ ਨੂੰ ਅਨੁਭਵ ਕਰ ਲਵੇ; ਇਹ ਮੰਜ਼ਿਲ ਹੋਇਆ ਕਰਦੀ ਹੈ ਜੋ ਗੁਰੂ ਕ੍ਰਿਪਾ ਤੋਂ ਬਿਨਾਂ ਪ੍ਰਗਟ ਨਹੀਂ ਹੋਇਆ ਕਰਦੀ। ਗੁਰੂ ਘਰ ਦੇ ਅੰਦਰ ਜੋ ਮਰਯਾਦਾ ਮਹਾਂਪੁਰਸ਼ਾਂ ਤੋਂ ਚਲੀ ਆ ਰਹੀ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਗੁਰਮੰਤ੍ਰ ਦੀ ਦੀਕਸ਼ਾ ਦਿੰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦਿੰਦੇ ਹਨ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵਿਚਾਰਦੇ ਹਾਂ ਤਾਂ ਉਹ ਸੰਤ ਦੇ ਲੱਛਣ ਦਸਦੀ ਹੈ ਅਤੇ ਸੰਤ ਦੀ ਮਹਿਮਾ ਬਾਰੇ ਗਿਆਤ ਕਰਾਉਂਦੀ ਹੈ ਅਤੇ ਸਪਸ਼ਟ ਕਰਦੀ ਹੈ ਕਿ ਸੰਤ ਤੇ ਰਾਮ ਦੋਨੋਂ ਇਕੋ ਹੀ ਹੋਇਆ ਕਰਦੇ ਹਨ। ਇਨ੍ਹਾਂ ਵਿਚ ਕੋਈ ਭੇਦ ਨਹੀਂ ਹੁੰਦਾ। ਸੰਤਾਂ ਦਾ ਕੰਮ ਨਾਮ ਜਪਾਉਣਾ ਹੋਇਆ ਕਰਦਾ

ਹੈ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥*

*ਅੰਗ - 1373*

ਸੰਤ ਦਾ ਦਰਜਾ ਭੀ ਬਹੁਤ ਉਚਾ ਹੁੰਦਾ ਹੈ -

*ਜਿਨਾ ਨ ਵਿਸਰੈ ਨਾਮੁ ਸੇ*
*ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ*
*ਜੇਹਿਆ॥ ਅੰਗ - 397*

ਅਜਿਹੀ ਸਾਧਨਾ ਸੰਪੰਨ ਪੂਰਨ ਗਿਆਨਵਾਨ, ਪ੍ਰਭੂ ਵਿਚ ਅਭੇਦ ਪੁਰਸ਼ਾਂ ਨੂੰ, ਜਿਨ੍ਹਾਂ ਨੂੰ ਕਦੇ ਵੀ ਪ੍ਰਮੇਸ਼ਰ ਨਹੀਂ ਭੁਲਦਾ, ਜਿਨ੍ਹਾਂ ਦੀ ਹਉਂ ਪੂਰੀ ਤਰ੍ਹਾਂ ਨਵਿਰਤ ਹੋ ਚੁੱਕੀ ਹੁੰਦੀ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਵਲੋਂ ਸੰਤ ਦੀ ਉਪਾਧੀ ਪ੍ਰਾਪਤ ਹੋ ਕੇ ਲੋਕ ਕਲਿਆਣ ਲਈ ਕਿਰਿਆਸ਼ੀਲ ਕੀਤਾ ਜਾਂਦਾ ਹੈ -

*ਜਿਨਾ ਸਾਸਿ ਗਿਰਾਸਿ ਨ*
*ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ*
*ਪੂਰਨੁ ਸੋਈ ਸੰਤੁ॥ ਅੰਗ - 319*

ਸੋ ਸਾਧਨਾ ਭੀ ਅਜਿਹੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਹੀ ਛੇਤੀਂ ਫਲੀਭੂਤ ਹੋ ਜਾਇਆ ਕਰਦੀ ਹੈ। ਫੁਰਮਾਨ ਹੈ -

*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*

*ਅੰਗ - 283*

ਅਜਿਹੇ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ ਉਨ੍ਹਾਂ ਦੀ ਮਿਹਰ ਦੇ ਸਦਕੇ ਗਿਆਨ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ -

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ॥*

*ਅੰਗ - 293*

ਸੰਤ ਆਪ ਕਦੇ ਵੀ ਗੁਰੂ ਨਹੀਂ ਬਣਦੇ, ਪਰ ਗੁਰੂ ਮਹਾਰਾਜ ਦੇ ਬਖਸ਼ੇ ਹੋਏ ਕਾਰਜ ਨੂੰ ਨਿਭਾਉਂਦੇ ਹਨ। ਜੀਵਾਂ ਦੀ ਮਿਥਿਆ ਦ੍ਰਿਸ਼ਟੀ ਦਾ ਨਾਸ਼ ਕਰਕੇ ਤਤ੍ਵ ਦ੍ਰਿਸ਼ਟੀ ਵਿਚ ਪ੍ਰਵੇਸ਼ ਕਰਾ ਦਿਆ ਕਰਦੇ ਹਨ। ਇਸ ਕਰਕੇ ਐਸੀਆਂ ਹਸਤੀਆਂ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ। ਜਦੋਂ ਗਿਆਨ ਦਾ ਪ੍ਰਕਾਸ਼ ਹੋ ਗਿਆ ਤਾਂ ਸੰਸਾਰਕ ਦ੍ਰਿਸ਼ਟੀ ਪੂਰੀ ਤਰ੍ਹਾਂ ਨਾਲ ਬਦਲ ਜਾਇਆ ਕਰਦੀ ਹੈ ਅਤੇ ਹਰ ਥਾਂ, ਹਰ ਸਮੇਂ ਇਕੋ ਹੀ ਭਾਸਦਾ ਹੈ, ਇਕੋ ਹੀ ਕ੍ਰਿਆ ਕਰਦਾ ਨਜ਼ਰ ਆਉਂਦਾ ਹੈ। ਦੇਖਣ ਵਾਲਾ ਵੀ ਆਪ ਹੀ ਹੈ, ਦਿਸਣ ਵਾਲਾ ਭੀ ਉਹ ਆਪ ਹੀ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ*
*ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*

*ਅੰਗ - 293*

ਐਨੇ ਬਚਨ ਕਰਦਿਆਂ ਸਮਾਂ ਹੋ ਆਇਆ, ਮਹਾਰਾਜ ਜੀ ਉਠੇ ਅਤੇ ਆਪਣੇ ਨਿੱਜ ਅਸਥਾਨ ਵਲ ਨੂੰ ਚਲੇ ਗਏ।

# ਗੁਰੂ ਅਰਜਨ ਪਰਤਖੁ ਹਰਿ

ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਬਰ ਨਾਲ ਐਮਨਾਬਾਦ ਵਿਚ ਪਹਿਲੀ ਭੇਟ ਹੋਈ, ਜਿਥੇ ਬਾਬਰ ਨੇ ਸਾਰੇ ਬੰਦਿਆਂ ਨੂੰ ਫੜ ਕੇ ਵਗਾਰ ਵਿਚ ਲਾਇਆ ਹੋਇਆ ਸੀ। ਇਕ ਭਿਆਨਕ ਕਤਲੇਆਮ, ਜੁੱਧ ਦੀ ਭਿਆਨਕਤਾ ਕਰਕੇ, ਭਾਰਤ ਵਾਸੀਆਂ ਦੇ ਮਨਾਂ ਉਤੇ ਇਕ ਤਰ੍ਹਾਂ ਮੁਰਦਿਆਨ ਛਾਈ ਹੋਈ ਸੀ। ਉਹ ਇਸ ਕਹਿਰ ਨੂੰ ਅੱਖੀਂ ਦੇਖ ਕੇ ਕੰਬ ਰਹੇ ਸਨ ਅਤੇ ਅਬੋਲ ਹੋਏ, ਬੇ-ਹਿਸ ਹੋਈਆਂ ਮੂਰਤਾਂ ਹੀ ਬਣੇ ਹੋਏ ਸਨ -

***ਕਾਇਆ ਕਪੜੁ***
***ਟੁਕੁ ਟੁਕੁ ਹੋਸੀ............।।***

***ਅੰਗ - 723***

ਮੈਦਾਨੇ ਜੰਗ ਦਾ ਦ੍ਰਿਸ਼ ਅਤਿ ਦੀ ਭਿਆਨਕਤਾ ਪ੍ਰਗਟ ਕਰ ਰਿਹਾ ਸੀ, ਔਰਤਾਂ ਘਰਾਂ ਵਿਚੋਂ ਧਰੂ ਕੇ ਬਾਹਰ ਕੱਢੀਆਂ ਜਾ ਰਹੀਆਂ ਸਨ, ਸਤਿ ਤੋੜੇ ਜਾ ਰਹੇ ਸਨ ਅਤੇ ਇਨਸਾਨੀਅਤ ਦੀ ਅਤਿ ਭਿਆਨਕ ਘਿਨੌਣੀ ਤਸਵੀਰ ਦ੍ਰਿਸ਼ ਵਿਚ ਪਸਰੀ ਮਾਲੂਮ ਦੇ ਰਹੀ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਬਾਬਰ ਵਲ ਸਨਮੁਖ ਹੋ ਕੇ ਫੁਰਮਾ ਰਹੇ ਸਨ -

***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ।।***

***ਅੰਗ - 360***

ਅਤੇ ਤਾੜਨਾ ਕਰ ਰਹੇ ਸਨ ਕਿ ਇਸ ਮਹਾਨ ਜ਼ੁਲਮ ਦਾ, ਅਤਿਆਚਾਰ ਦਾ ਬਦਲਾ ਤੂੰ ਦੇਣਾ ਹੈ ਕਿਉਂਕਿ ਜਦੋਂ ਦੋਹਾਂ ਫੌਜਾਂ ਦੀ ਲੜਾਈ ਹੋ ਰਹੀ ਸੀ, ਸਾਡੇ ਮਨ ਵਿਚ ਕੋਈ ਰੋਸ ਨਹੀਂ ਸੀ। ਐ ਬਾਬਰ! ਜਦੋਂ ਇਕ ਫੌਜ ਹਾਰ ਜਾਂਦੀ ਹੈ ਤਾਂ ਜੇਤੂ ਰਾਜੇ ਦਾ ਰਾਜ ਉਸੇ ਹੀ ਸਮੇਂ ਤੋਂ ਸ਼ੁਰੂ ਹੋ ਜਾਂਦਾ ਹੈ। ਤੈਂ ਆਪਣੀ ਹੋ ਚੁੱਕੀ ਪਰਜਾ ਦੇ ਉਤੇ ਅਤਿਆਚਾਰ ਕੀਤੇ ਅਤੇ ਤੂੰ ਸਕਤੇ ਸੀਂਹ ਦਾ ਰੂਪ ਧਾਰ ਕੇ, ਵੱਗਾਂ ਦੇ ਬਾੜੇ ਵਿਚ ਦਾਖਲ ਹੋ ਕੇ, ਨਿਹੱਥੀ ਗਊ ਰੂਪ ਜਨਤਾ ਨੂੰ ਲਹੂ ਲੁਹਾਨ ਕਰ ਦਿਤਾ। ਤੂੰ ਇਸ ਨਿਤਾਣੀ ਜਨਤਾ ਦਾ ਰਾਜਾ ਬਣ ਚੁਕਿਆ ਹੈਂ, ਦਰਗਾਹ ਵਿਚ ਪੁੱਛ ਤੇਰੇ ਤੋਂ ਹੀ ਕੀਤੀ ਜਾਣੀ ਹੈ -

***ਜੇ ਸਕਤਾ ਸਕਤੇ ਕਉ ਮਾਰੇ***
***ਤਾ ਮਨਿ ਰੋਸੁ ਨ ਹੋਈ।।***
***ਸਕਤਾ ਸੀਹੁ ਮਾਰੇ ਪੈ ਵਗੈ***
***ਖਸਮੈ ਸਾ ਪੁਰਸਾਈ।।***

***ਅੰਗ - 360***

ਤੈਨੂੰ ਕੋਈ ਦਰਦ ਨਹੀਂ ਆ ਰਿਹਾ - ਇਨ੍ਹਾਂ ਦੁਖੀ ਜੀਵਾਂ ਦੀ ਚੀਕ ਪੁਕਾਰ ਤੇ? ਤੈਂ ਸੁਖੀ ਵਸਦਿਆਂ ਨੂੰ ਮਿੱਟੀ ਵਿਚ ਰੋਲ ਦਿਤਾ, ਹਾਸਿਆਂ ਨੂੰ ਲੰਮੇ ਰੋਣਿਆਂ ਵਿਚ ਬਦਲ ਦਿਤਾ। ਤੂੰ ਗੁਨਹਗਾਰ ਹੈਂ। ਇਸ ਸ੍ਰਿਸ਼ਟੀ ਦਾ ਮਾਲਕ ਵਾਹਿਗੁਰੂ ਜੀ ਹੈ। ਤੇਰੇ ਜ਼ਿੰਮੇ ਰਾਜ ਕਰਨ ਤੇ ਇਨਸਾਫ ਕਰਨ ਦਾ ਕੰਮ ਸੌਂਪਣਾ ਕਰਕੇ ਤੇਰੀ ਜਿੱਤ ਅੱਲਾ ਨੇ ਕਰਾਈ। ਉਹ ਸਾਰਿਆਂ ਦਾ ਹੀ ਹੈ; ਉਹ ਹਿੰਦੂਆਂ ਦਾ ਵੀ ਹੈ, ਮੁਸਲਮਾਨਾਂ ਦਾ ਵੀ ਹੈ, ਚੰਗਿਆਂ ਦਾ ਵੀ ਓਹੀ ਹੈ, ਮਾੜਿਆਂ ਦਾ ਵੀ ਓਹੀ ਹੈ -

***ਕਰਤਾ ਤੂੰ ਸਭਨਾ ਕਾ ਸੋਈ।।***

***ਅੰਗ - 360***

ਉਸ ਕਰਤਾ ਪੁਰਖ ਨੇ ਤੈਥੋਂ ਜਵਾਬ ਤਲਬੀ ਦਰਗਾਹ ਵਿਚ ਕਰਨੀ ਹੈ ਅਤੇ ਇਸ ਗੁਨਾਹੇ ਅਜ਼ੀਮ ਦਾ ਫਲ, ਤੈਨੂੰ ਦੋਜ਼ਕਾਂ ਵਿਚ ਸੁੱਟ ਕੇ ਦਿਤਾ ਜਾਵੇਗਾ।

ਇਸ ਰੋਹ ਭਰੀ ਗਰਜ਼ ਨੂੰ ਸੁਣ ਕੇ ਬਾਬਰ ਕੰਬ ਗਿਆ, ਫਜ਼ਲ! ਫਜ਼ਲ! ਦੀ ਮੰਗ ਕੀਤੀ, ਚਰਨਾਂ ਤੇ ਸਿਜਦਾ ਕਰਕੇ ਗਿੜ-ਗਿੜਾਇਆ। ਦਰਵੇਸ਼ ਨਾਨਕ ਜੀ ਦਾ ਜਲਾਲ ਝਲਿਆ ਨਾ ਗਿਆ, ਧੁਰ ਅੰਦਰੋਂ ਕੰਬ ਗਿਆ। ਬੇਨਤੀ ਕਰੀ, "ਹੇ ਦਰਵੇਸ਼ ਸਾਂਈ! ਮੇਰੇ ਤੇ ਰਹਿਮ ਕਰੋ, ਮੇਰੀਆਂ ਅੱਖਾਂ ਨੂੰ ਉਹ ਦੋਜ਼ਕ ਦਿਸ ਰਿਹਾ ਹੈ ਜਿਥੇ ਮੈਥੋਂ ਜਵਾਬ ਤਲਬੀ ਕੀਤੀ ਜਾਵੇਗੀ। ਉਹ ਅੱਗ ਨਾਲ ਸੜਿਆ ਦੋਜ਼ਕ ਮੇਰੇ ਸਨਮੁਖ ਹੈ, ਮੈਨੂੰ ਬਖਸ਼ ਦਿਓ। ਸਚਮੁੱਚ ਮੈਂ ਮਾੜਾ ਕੀਤਾ। ਜਦੋਂ ਲੋਧੀ ਫੌਜ ਹਾਰ ਗਈ ਸੀ ਤਾਂ ਉਸੇ ਸਮੇਂ ਤੋਂ ਮੇਰਾ ਰਾਜ ਸ਼ੁਰੂ ਹੋ ਜਾਂਦਾ ਹੈ ਪਰ ਮੈਂ ਮਨ ਦੇ ਹਨ੍ਹੇਰੇ

ਵਿਚ ਰੁੜ੍ਹਿਆ ਆਪਣੇ ਫਰਜ਼ ਦੀ ਪਛਾਣ ਨਾ ਕਰ ਸਕਿਆ ਅਤੇ ਕਤਲੇਆਮ ਦਾ ਹੁਕਮ ਦੇ ਦਿਤਾ। ਹੇ ਦਰਵੇਸ਼ ਸਾਂਈ! ਤੂੰ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਮੈਂ ਤੇਰੀ ਸ਼ਰਨ ਹਾਂ, ਮੈਨੂੰ ਹੁਕਮ ਦੇਹ, ਤਾਂ ਕਿ ਮੈਂ ਸਿਰ ਨਿਵਾ ਕੇ ਉਸਦੀ ਪਾਲਣਾ ਕਰਾਂ।" ਹੁਕਮ ਹੋਇਆ ਕਿ ਸਾਰੇ ਕੈਦੀ ਛੱਡ ਦੇ, ਸਭਨਾਂ ਦਾ ਸਮਾਨ ਵਾਪਸ ਕਰ, ਜਿਨ੍ਹਾਂ ਦੇ ਘਰ ਜਲ ਗਏ ਉਨ੍ਹਾਂ ਦੇ ਵਸੇਬੇ ਲਈ ਘਰ ਦੇਹ, ਜਿਨ੍ਹਾਂ ਦਾ ਸਮਾਨ ਲੁੱਟ ਲਿਆ ਹੈ ਉਨ੍ਹਾਂ ਦਾ ਸਮਾਨ ਵਾਪਸ ਕਰਕੇ ਉਨ੍ਹਾਂ ਦੀਆਂ ਖੁਸ਼ੀਆਂ ਲੈ। ਆਪਣੇ ਗੁਨਾਹਾਂ ਤੋਂ ਤੋਬਾ ਕਰ। ਪਬਲਿਕ ਨੇ ਤੇਰਾ ਕੀ ਵਿਗਾੜਿਆ ਸੀ ਕਿ ਉਨ੍ਹਾਂ ਨਿਹੱਥਿਆਂ ਨੂੰ ਬਿਨਾਂ ਕਿਸੇ ਗੁਨਾਹ ਦੇ ਘੋਰ ਸਜ਼ਾ ਦਿਤੀ? ਫੌਰਨ ਹੁਕਮ ਦੀ ਤਾਮੀਲ ਹੋ ਗਈ। ਲੋਕ ਬੰਧਨਾਂ ਤੋਂ ਛੁੱਟ ਕੇ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ। ਫੌਜੀਆਂ ਤੋਂ ਲੁੱਟ ਦਾ ਸਮਾਨ ਵਾਪਸ ਲਿਆ ਜਾ ਰਿਹਾ ਸੀ ਅਤੇ ਵਿਖਾ-ਵਿਖਾ ਕੇ ਜਿਨ੍ਹਾਂ ਦਾ ਸਮਾਨ ਲੁਟਿਆ ਸੀ, ਉਨ੍ਹਾਂ ਦਾ ਵਾਪਸ ਕੀਤਾ ਜਾ ਰਿਹਾ ਸੀ। ਜਨਤਾ ਦੀ ਖੁਸ਼ੀ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਮਹਿਸੂਸ ਕਰਕੇ ਬਾਬਰ ਨੂੰ ਰਾਜ ਦੀ ਬਖਸ਼ਿਸ਼ ਕਰ ਦਿਤੀ ਪਰ ਦੋ ਰਾਜ ਕਰ ਦਿਤੇ - ਦੁਨਿਆਵੀ ਰਾਜ ਬਾਬਰ ਕਾ, ਰੂਹਾਨੀ ਰਾਜ ਬਾਬੇ ਕਾ।

***ਬਾਬੇ ਕੇ ਬਾਬਰ ਕੇ ਦੋਊ॥***

ਬਾਬਰ ਨੇ ਗੁਰੂ ਨਾਨਕ ਪਾਤਸ਼ਾਹ ਤੋਂ ਭੁੱਲ ਬਖਸ਼ਾਈ। ਗੁਰੂ ਘਰ ਨਾਲ ਪੂਰੀ ਤਰ੍ਹਾਂ ਨਾਲ ਮੇਲ ਰੱਖਦਾ ਰਿਹਾ। ਪੁੱਤਰ ਹਮਾਯੂੰ ਹਾਰ ਖਾ ਕੇ ਗੁਰੂ ਅੰਗਦ ਪਾਤਸ਼ਾਹ ਜੀ ਦੇ ਪਾਸ ਪੁੱਜਦਾ ਹੈ। ਗੁਰੂ-ਹਜ਼ੂਰੀ ਵਿਚ ਖੜ੍ਹਾ ਹੁੰਦਾ ਹੈ ਪਰ ਉਹ ਬੇਪਰਵਾਹ ਗੁਰੂ ਅੰਗਦ ਦੇਵ ਜੀ, ਆਪਣੀ ਮੌਜ ਵਿਚ ਲੀਨ ਹਨ। ਇਹ ਸਾਮ੍ਹਣੇ ਖੜ੍ਹਾ ਬਖਸ਼ਿਸ਼ ਦੀ ਮੰਗ ਕਰ ਰਿਹਾ ਹੈ ਪਰ ਇਸ ਹਾਰੇ ਹੋਏ ਰਾਜੇ ਦੇ ਮਨ ਵਿਚ ਬੜਾ ਅਭਿਮਾਨ ਹੈ। ਗੁਰੂ ਮਹਾਰਾਜ ਜੀ ਉਪਰ ਸ਼ਸ਼ਤਰ ਚੁੱਕਿਆ। ਮਹਾਰਾਜ ਜੀ ਨੇ ਫੁਰਮਾਇਆ, "ਤੇਰੀ ਬਹਾਦਰੀ ਸ਼ੇਰ ਸ਼ਾਹ ਸੂਰੀ ਦੇ ਸਾਮ੍ਹਣੇ ਕਿਥੇ ਗਈ ਹੋਈ ਸੀ?" ਸ਼ਰਮਿੰਦਾ ਹੋ ਕੇ ਆਪਣੀ ਗਲਤੀ ਦੀ ਤਲਾਫੀ ਲਈ ਬੇਨਤੀ ਕੀਤੀ ਅਤੇ ਆਪਣੇ ਗਏ ਹੋਏ ਰਾਜ ਦੀ ਮੰਗ ਕਰੀ। ਗੁਰੂ ਮਿਹਰ ਦੇ ਘਰ ਆਏ, ਰਾਜ ਦੀ ਬਖਸ਼ਿਸ਼ ਕਰ ਦਿਤੀ।

14 ਸਾਲ ਪਿਛੋਂ ਹਮਾਯੂੰ ਫੇਰ ਭਾਰਤ ਵਰਸ਼ ਦਾ ਰਾਜਾ ਬਣ ਗਿਆ। ਇਸ ਦੇ ਪਿਛੋਂ ਇਸ ਦਾ ਪੁੱਤਰ ਅਕਬਰ ਇਕ ਬਹੁਤ ਹੀ ਬਚਿੱਤਰ ਸਖਸ਼ੀਅਤ ਦਾ ਮਾਲਕ ਸੀ। ਭਾਵੇਂ ਇਕ ਅੱਖਰ ਵੀ ਨਹੀਂ ਸੀ ਪੜ੍ਹਿਆ ਹੋਇਆ ਪਰ ਉਸਦੇ ਅੰਦਰਲੇ ਦਿੱਬ ਨੈਣ ਪ੍ਰਕਾਸ਼ਿਤ ਸਨ। ਉਸ ਦੇ ਰਾਜ ਵਿਚ ਸ਼ੀਂਹ ਤੇ ਬੱਕਰੀ ਇਕੋ ਘਾਟ ਤੇ ਪਾਣੀ ਪੀਂਦੇ ਸਨ। ਗੁਰੂ ਅਮਰਦਾਸ ਜੀ ਦੀ ਚਰਨ-ਸ਼ਰਨ ਆ ਕੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ, ਖੁਸ਼ੀਆਂ ਲਈਆਂ। ਇਸ ਬਾਦਸ਼ਾਹ ਦੇ ਰਾਜ ਕਾਲ ਵਿਚ ਭਾਰਤ ਨੇ ਬਹੁਤ ਸੁਖ ਵੇਖਿਆ। ਇਸ ਦੇ ਪਿਛੋਂ ਇਸ ਦਾ ਪੁੱਤਰ ਜਹਾਂਗੀਰ ਰਾਜਗੱਦੀ ਦੇ ਉਤੇ ਬੈਠਾ। ਉਸ ਸਮੇਂ ਗੁਰੂ ਅਰਜਨ ਪਾਤਸ਼ਾਹ, ਪੰਜਵੇਂ ਗੁਰੂ ਨਾਨਕ ਸੰਸਾਰ ਦੇ ਅਗਿਆਨ ਦੇ ਛਉੜ ਕੱਟ ਰਹੇ ਸਨ। ਪੰਜਾਬ ਅਤੇ ਸਾਰਾ ਭਾਰਤ ਵਰਸ਼ ਆਪ ਦੇ ਚਰਨਾਂ ਵਿਚ ਪੁੱਜ ਕੇ ਅਧਿਆਤਮ ਮਾਰਗ ਦੀ ਸੋਝੀ ਪ੍ਰਾਪਤ ਕਰ ਰਿਹਾ ਸੀ। ਆਪ ਜੀ ਬਾਣੀ ਦੇ ਬੋਹਿਥ ਸਨ। ਆਪ ਜੀ ਨਿਰੇ ਨੂਰ ਦਾ ਮਹਾਨ ਸੂਰਜ ਸਨ, ਜਿਨ੍ਹਾਂ ਦੇ ਉਪਦੇਸ਼ ਤੋਂ ਹਿੰਦੂ ਤੇ ਮੁਸਲਮਾਨ ਇਕੋ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੇ ਸਨ; ਇਹ ਤਸਵੀਰ ਦਾ ਇਕ ਰੁਖ ਹੈ। ਦੂਜੇ ਪਾਸੇ ਕੱਟੜ ਮੁੱਲਾਂ-ਮੁਲਾਣੇ ਇਸਲਾਮੀ ਰਾਜ ਦਾ ਸੁਪਨਾ ਲੈ ਰਹੇ ਸਨ ਪਰ ਅਕਬਰ ਦੇ ਰਾਜ ਵਿਚ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਜਿਉਂ ਹੀ ਅਕਬਰ ਦੀ ਮੌਤ ਹੋਈ ਤਾਂ ਇਕ ਦਮ ਕੱਟੜ ਪਾਰਟੀਆਂ ਉਭਰ ਕੇ ਰੰਗ ਮੰਚ ਤੇ ਆ ਗਈਆਂ, ਜਿਨ੍ਹਾਂ ਵਿਚ ਉਚ ਜਾਤੀਏ, ਦੋਹਾਂ ਧਰਮਾਂ ਦੇ ਬੰਦੇ, ਹਿੰਦੂ ਤੇ ਮੁਸਲਿਮ, ਕੁਲ ਅਭਿਮਾਨੀ ਬੀਰਬਲ ਵਰਗੇ ਜੋ ਧਰਮ ਨੂੰ ਦੁਕਾਨ ਸਮਝ ਕੇ ਸੌਦੇ ਵਿਹਾਝਦੇ ਸਨ, ਇਨ੍ਹਾਂ ਦੇ ਅੰਦਰ ਈਰਖਾ ਦੀ ਅੱਗ ਭੜਕ ਉਠੀ। ਅਖਾਉਤੀ ਅਚਾਰੀਏ ਤੇ ਮਾਨਮਤੀਏ ਜੋ ਲੋਕਾਂ ਦੇ ਪਾਰ-ਉਤਾਰੇ ਦੇ ਠੇਕੇਦਾਰ ਬਣੇ ਹੋਏ ਸਨ, ਲੋਕਾਂ ਨੂੰ ਬੁੱਧੂ ਬਣਾ ਕੇ ਧਨ ਬਟੋਰ ਰਹੇ ਸਨ, ਇਨ੍ਹਾਂ ਨੂੰ ਗੁਰੂ ਸਾਹਿਬ ਦੀ ਮਹਾਨ ਅਨੰਦ ਦਿੰਦੀ ਸੀਤਲ

ਅਤੇ ਲੋਕ ਪ੍ਰਿਅ ਸਖਸ਼ੀਅਤ, ਬਿਲਕੁਲ ਨਹੀਂ ਭਾ ਰਹੀ ਸੀ। ਗੁਰੂ ਗ੍ਰੰਥ ਸਾਹਿਬ ਜੀ ਦੇ ਉਲਟ ਸ਼ਕਾਇਤਾਂ ਕੀਤੀਆਂ ਗਈਆਂ ਕਿ ਇਸ ਵਿਚ ਪੀਰਾਂ-ਪੈਗੰਬਰਾਂ, ਵੇਦਾਂ, ਸ਼ਾਸ਼ਤਰਾਂ, ਕੁਰਾਨ ਸ਼ਰੀਫ ਦੀ ਨਿੰਦਿਆ ਕੀਤੀ ਗਈ ਹੈ। ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸੁਣ ਕੇ ਸੋਨੇ ਦੀਆਂ ਮੋਹਰਾਂ ਭੇਟ ਕੀਤੀਆਂ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸਿਰੋਪੇ ਭੇਜੇ ਤੇ ਸ਼ਿਕਾਇਤੀਆਂ ਨੂੰ ਮੂੰਹ ਦੀ ਖਾਣੀ ਪਈ ਪਰ ਜਹਾਂਗੀਰ ਦੇ ਰਾਜ ਵਿਚ ਹਾਲਾਤ ਹੋਰਵੇਂ ਸਨ। ਉਸ ਨੇ ਭਾਵੇਂ ਇਹ ਕਿਹਾ ਸੀ ਕਿ ਉਹ ਇਨਸਾਫ ਕਰਨ ਵੇਲੇ ਆਪਣੀ ਪ੍ਰਮ ਸਨੇਹਵਾਨ ਬੇਗਮ ਨੂਰਜਹਾਂ ਨੂੰ ਵੀ ਸਜ਼ਾ ਦੇ ਸਕਦਾ ਹੈ ਪਰ ਦੂਜੇ ਪਾਸੇ ਉਸ ਦੇ ਮਨ ਵਿਚ ਗੁਰੂ ਘਰ ਲਈ ਵਿਰੋਧ ਦਿਨੋਂ-ਦਿਨ ਵਧ ਰਿਹਾ ਸੀ ਕਿਉਂਕਿ ਇਹ ਚੁਗਲਖੋਰ, ਜਿਨ੍ਹਾਂ ਵਿਚ ਪ੍ਰਿਥੀਆ, ਚੰਦੂ ਸ਼ਾਹ ਅਤੇ ਹੋਰ ਪੰਡਤ ਵਗੈਰਾ ਸਨ, ਇਹ ਸਾਰੇ, ਸ਼ੇਖ ਮੁਜ਼ਦੱਦ ਅਲਫਸਾਨੀ ਅਤੇ ਸ਼ੇਖ ਫਰੀਦ ਬੁਖਾਰੀ ਨਾਲ ਮਿਲ ਕੇ ਗੁਰੂ ਘਰ ਦੇ ਖਿਲਾਫ ਖੜਯੰਤਰ ਰਚ ਰਹੇ ਸਨ। ਇਨ੍ਹਾਂ ਨੇ ਜਹਾਂਗੀਰ ਦੇ ਮਨ ਵਿਚ ਗੁਰੂ ਘਰ ਦੇ ਖਿਲਾਫ ਐਤਨੀਆਂ ਝੂਠੀਆਂ ਤੁਹਮਤਾਂ ਲਾਈਆਂ ਕਿ ਉਹ ਪੂਰੀ ਤਰ੍ਹਾਂ ਦੇ ਨਾਲ ਬਿਨਾਂ ਸੋਚੇ ਸਮਝੇ ਗੁਰੂ ਘਰ ਦੇ ਖਿਲਾਫ ਹੋ ਕੇ ਇਸ ਲਹਿਰ ਨੂੰ, ਇਸ ਸੀਤਲ ਸੋਮੇ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰਨ ਉਤੇ ਤੁਲਿਆ ਹੋਇਆ ਸੀ। ਉਸ ਦੇ ਮਨ ਵਿਚ ਐਤਨੀ ਘਿਨੌਣੀ ਘਿਰਨਾ ਭਰ ਦਿਤੀ ਗਈ ਸੀ ਕਿ ਉਹ ਛੋਟੇ-ਛੋਟੇ ਬਹਾਨਿਆਂ ਦੇ ਸਹਾਰੇ ਵੱਡੇ ਤੋਂ ਵੱਡਾ ਨੁਕਸਾਨ ਕਰ ਦੇਵੇ। ਸ਼ੇਖ ਮੁਜ਼ਦੱਦ ਅਲਫਸਾਨੀ ਪੂਰੀ ਤਰ੍ਹਾਂ ਇਹ ਸਮਝਦਾ ਸੀ ਕਿ ਇਸਲਾਮੀ ਰਾਜ ਲਿਆਉਣ ਵਿਚ ਜੇ ਕੋਈ ਵੱਡੀ ਰੁਕਾਵਟ ਹੈ ਤਾਂ ਉਹ ਗੁਰੂ ਅਰਜਨ ਪਾਤਸ਼ਾਹ ਜੀ ਦੀ ਸਤਿ ਦੀ ਆਵਾਜ਼ ਹੈ ਜੋ ਹਿੰਦੂ, ਮੁਸਲਮਾਨ ਨੂੰ ਇਕੋ ਪਲੇਟਫਾਰਮ ਤੇ ਜੋੜੀ ਬੈਠੀ ਸੀ। ਸੋ ਉਹ ਜਹਾਂਗੀਰ ਨੂੰ ਭੜਕਾਉਣਾ ਚਾਹੁੰਦਾ ਸੀ। ਜਦੋਂ ਖੁਸਰੋ ਨੇ ਬਗਾਵਤ ਕੀਤੀ, ਉਹ ਹਾਰ ਖਾ ਕੇ ਬਿਆਸ ਦਰਿਆ ਪਾਰ ਕਰਕੇ ਗੁਰੂ ਅਰਜਨ ਪਾਤਸ਼ਾਹ ਦੇ ਪਾਸ ਤਰਨ ਤਾਰਨ ਸਾਹਿਬ ਪਹੁੰਚਦਾ ਹੈ ਅਤੇ ਗੁਰੂ ਕੇ ਲੰਗਰ ਦੀ ਪ੍ਰਥਾ ਦੇ ਮੁਤਾਬਿਕ ਇਨ੍ਹਾਂ ਭੁੱਖੀਆਂ ਫੌਜਾਂ ਨੂੰ ਲੰਗਰ ਵਿਚ ਪ੍ਰਸ਼ਾਦਾ ਛਕਾਇਆ ਗਿਆ, ਜੋ ਬਗੈਰ ਵਿਤਕਰੇ ਤੋਂ ਦਿਤਾ ਜਾਂਦਾ ਹੈ। ਇਹ ਘਟਨਾ ਬਹੁਤ ਮਹੱਤਵ ਪੂਰਨ ਸੀ ਜਿਸ ਨੂੰ exploit ਕਰਕੇ ਜਹਾਂਗੀਰ ਨੂੰ ਪੂਰੀ ਤਰ੍ਹਾਂ ਨਾਲ ਕਹਿਰਵਾਨ ਕੀਤਾ ਜਾ ਸਕਦਾ ਹੈ। ਸ਼ਹਿਜ਼ਾਦਾ ਖੁਸਰੋ ਫੜਿਆ ਗਿਆ, ਸਾਥੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ; ਮਦਦ ਦੇਣ ਵਾਲਿਆਂ ਨੂੰ ਇਨਾਮ ਦਿਤੇ ਗਏ ਪਰ ਇਨ੍ਹਾਂ ਵਿਰੋਧੀਆਂ ਦੇ ਮਨ ਨੂੰ ਕਦ ਚੈਨ ਆਉਂਦੀ ਸੀ, ਉਨ੍ਹਾਂ ਨੇ ਜਹਾਂਗੀਰ ਨੂੰ ਗੁਰੂ ਅਰਜਨ ਪਾਤਸ਼ਾਹ ਜੀ ਦੇ ਖਿਲਾਫ ਬਹੁਤ ਹੀ ਭੜਕਾਇਆ। ਗੁਰੂ ਮਹਾਰਾਜ ਜੀ ਨੂੰ ਲਾਹੌਰ ਬੁਲਾਇਆ ਗਿਆ - ਬਿਨਾਂ ਕਿਸੇ Inquiry ਕਰਨ ਦੇ, ਯਾਸ਼ਾ ਦੀ ਸਜ਼ਾ ਦੇ ਹੁਕਮ ਜਾਰੀ ਕਰ ਦਿਤੇ। ਇਹ ਸਜ਼ਾ ਦਰਵੇਸ਼ਾਂ ਤੇ ਸਾਧੂਆਂ ਨੂੰ ਇਸ ਲਈ ਦਿਤੀ ਜਾਂਦੀ ਹੈ ਕਿ ਜੇ ਉਨ੍ਹਾਂ ਦਾ ਖੂਨ ਧਰਤੀ ਉਤੇ ਡੁੱਲ੍ਹ ਜਾਵੇ ਤਾਂ ਉਨ੍ਹਾਂ ਦੀ ਰੂਹ ਬਾਦਸ਼ਾਹ ਨੂੰ ਸੌਣ ਨਹੀਂ ਦਿੰਦੀ ਅਤੇ ਡਰ ਪੈਦਾ ਕਰਦੀ ਰਹਿੰਦੀ ਹੈ।

ਅਸਾਡੇ ਇਤਿਹਾਸਕਾਰ ਬਹੁਤ ਕਿਸਮ ਦੇ ਕਾਰਨ ਲਿਖਦੇ ਹਨ ਜਿਨ੍ਹਾਂ ਵਿਚੋਂ ਚੰਦੂ ਦੀ ਲੜਕੀ ਦਾ ਰਿਸ਼ਤਾ ਜੋ ਗੁਰੂ ਹਰਿਗੋਬਿੰਦ ਪਾਤਸ਼ਾਹ ਲਈ ਭੇਜਿਆ ਗਿਆ ਸੀ, ਉਸ ਨੂੰ ਨਾ-ਪ੍ਰਵਾਨ ਕਰਨਾ ਵੱਡਾ ਕਾਰਨ ਦਸਦੇ ਹਨ। ਇਹ ਠੀਕ ਹੈ ਕਿਉਂਕਿ ਚੰਦੂ, ਗੁਰੂ ਮਹਾਰਾਜ ਜੀ ਦੇ ਇਸੇ ਗੱਲੋਂ ਖਿਲਾਫ ਹੋਇਆ। ਆਪਣੇ ਅਭਿਮਾਨ ਵਿਚ ਆਪਣੀ ਕੀਤੀ ਹੋਈ ਗੁਸਤਾਖੀ ਨੂੰ ਵਿਚਾਰ ਨਹੀਂ ਰਿਹਾ ਸੀ। ਉਸਨੇ ਕਿਹਾ ਸੀ ਕਿ ਮੈਂ ਉਚੀ ਜਾਤੀ ਦਾ ਖਤਰੀ ਵੱਡੇ ਆਹੁਦੇ ਉਤੇ ਲੱਗਿਆ ਹੋਇਆ, ਬਹੁਤ ਇਜ਼ਤ ਵਾਲਾ ਬੰਦਾ; ਤੇ ਗੁਰੂ ਅਰਜਨ ਇਕ ਦਰਵੇਸ਼, ਜਿਨ੍ਹਾਂ ਦੇ ਕੋਲ ਕੋਈ ਜਗੀਰ ਨਹੀਂ, ਕੋਈ ਸਰਕਾਰੀ ਅਹੁਦਾ ਨਹੀਂ; ਰਿਸ਼ਤਾ ਕਰਕੇ ਆਉਣ ਵਾਲਿਆਂ ਪਰੋਹਤਾਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਤੁਸੀਂ ਬਹੁਤ ਘਟੀਆ ਕੰਮ ਕਰਿਆ ਕਿ ਚੁਬਾਰੇ ਦੀ ਇੱਟ ਗੰਦੇ ਪਾਣੀ ਨਿਕਲਣ ਵਾਲੀ ਨਾਲੀ ਵਿਚ ਲਾ ਦਿਤੀ ਹੈ। ਉਸ ਦੇ ਮਨ ਵਿਚ ਗੁਰੂ ਘਰ

ਲਈ ਹੱਦ ਦਰਜੇ ਦੀ ਹਿਕਾਰਤ ਸੀ। ਇਹ ਇਕ ਕਾਰਨ ਤਾਂ ਹੋ ਸਕਦਾ ਹੈ ਪਰ ਸਾਰੇ ਕਾਰਨ ਨਹੀਂ ਹਨ। ਇਸ ਦੇ ਨਾਲ ਬਹੁਤ ਸਾਰੇ ਰਾਜਸੀ ਕਾਰਨ ਸਨ। ਅਕਬਰ ਗੁਰੂ ਘਰ ਦਾ ਹੱਦੋਂ ਵੱਧ ਸ਼ਰਧਾਲੂ ਸੀ। ਉਸ ਦੇ ਬਹੁਤ ਸਾਰੇ ਉਚ ਪਦਵੀਆਂ ਦੇ officer, ਹਿੰਦੂ-ਮੁਸਲਮਾਨ, ਗੁਰੂ ਘਰ ਦੇ ਸ਼ਰਧਾਲੂ ਸਨ, ਖਾਸ ਕਰਕੇ ਲਾਹੌਰ ਦਾ ਸੂਬੇਦਾਰ ਵਜ਼ੀਰ ਖਾਨ ਅਤੇ ਉਚ ਕੋਟੀ ਦੇ ਫਨਾਹ-ਫਿਲਾਹ ਹਾਲਤ ਦੇ ਦਰਜੇ ਵਾਲੇ ਫਕੀਰ ਮੀਆਂ-ਮੀਰ, ਜਿਨ੍ਹਾਂ ਦਾ ਰਸੂਖ ਹਿੰਦੂ-ਮੁਸਲਮਾਨਾਂ ਦੋਹਾਂ ਵਿਚ ਸੀ, ਉਹ ਵੀ ਗੁਰੂ ਮਹਾਰਾਜ ਜੀ ਉਪਰ ਪੂਰੀ ਯਕੀਦਤ ਰਖਦੇ ਸਨ।

ਗੁਰੂ ਮਹਾਰਾਜ ਜੀ ਨੇ, ਲਾਹੌਰ ਵਿਚ ਜਦੋਂ ਮਹਾਂ ਮਰੀ ਫੈਲੀ, ਉਸ ਵੇਲੇ ਬਗੈਰ ਵਿਤਕਰੇ ਦੇ ਮੁਰਦਿਆਂ ਨੂੰ ਦਫਨਾਇਆ ਤੇ ਸਸਕਾਰਿਆ, ਸਾਰਾ ਕੰਮ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਹੋਇਆ। ਲੋੜਵੰਦਾਂ ਦੀ ਵਸਤਰ, ਅਨਾਜ ਨਾਲ ਮਦਦ ਕੀਤੀ ਗਈ। ਉਹ ਸਾਰੇ ਗੁਰੂ ਮਹਾਰਾਜ ਉਪਰ ਕੁਰਬਾਨ ਹੋ ਰਹੇ ਸਨ। ਇਸ ਤੋਂ ਇਲਾਵਾ ਪੰਜਾਬ ਦਾ ਕਿਸਾਨ ਵਰਗ ਗੁਰੂ ਮਹਾਰਾਜ ਨੂੰ ਆਪਣਾ ਮਸੀਹਾ ਸਮਝਦਾ ਸੀ ਕਿਉਂਕਿ ਕਾਲ ਪੈਣ ਵੇਲੇ ਜਦੋਂ ਮਾਮਲਾ ਦੇਣ ਵਾਸਤੇ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ ਤਾਂ ਗੁਰੂ ਮਹਾਰਾਜ ਨੇ ਅਕਬਰ ਨੂੰ ਕਹਿ ਕੇ ਇਨ੍ਹਾਂ ਕਿਸਾਨਾਂ ਦੀ ਪੂਰੀ ਮਦਦ ਕੀਤੀ ਸੀ ਤੇ ਮਾਲੀਆ ਮਾਫ ਕਰਾ ਦਿਤਾ ਸੀ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਪ੍ਰਭਾਵ ਪੰਜਾਬ ਅਤੇ ਭਾਰਤ ਵਰਸ਼ ਵਿਚ ਬਹੁਤ ਜ਼ਿਆਦਾ ਸੀ। ਜਹਾਂਗੀਰ ਇਨ੍ਹਾਂ ਗੱਲਾਂ ਨੂੰ ਅੱਛੀ ਤਰ੍ਹਾਂ ਜਾਣਦਾ ਸੀ ਅਤੇ ਛੇਤੀਂ-ਛੇਤੀਂ ਗੁਰੂ ਘਰ ਨਾਲ ਵਿਗਾੜ ਨਹੀਂ ਪਾਉਣਾ ਚਾਹੁੰਦਾ ਸੀ ਪਰ ਖੁਸਰੋ ਦੀ ਬਗਾਵਤ ਵੇਲੇ ਉਸਦੀਆਂ ਦਿਤੀਆਂ ਹੋਈਆਂ ਦਹਿਸ਼ਤ ਪਾਉਣ ਵਾਲੀਆਂ ਸਜ਼ਾਵਾਂ ਨੇ ਜਨਤਾ ਨੂੰ ਕੰਮਪਾਇਮਾਨ ਕਰ ਦਿਤਾ ਸੀ। ਸੋ ਇਹ ਮੌਕਾ ਅਜਿਹਾ ਸੀ ਕਿ ਗੁਰੂ ਘਰ ਨਾਲ ਟੱਕਰ ਲਈ ਜਾ ਸਕਣ ਵੇਲੇ ਜਨਤਾ ਨੇ ਅਬੋਲ ਹੀ ਰਹਿਣਾ ਸੀ। ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਜੀ ਨੇ ਅਮੀਰ ਖੁਸਰੋ ਦੀ ਪੈਸੇ ਨਾਲ ਵੀ ਮਦਦ ਕੀਤੀ ਹੈ ਅਤੇ ਲੰਗਰ ਵਿਚ ਪ੍ਰਸ਼ਾਦਾ ਛਕਾ ਕੇ ਉਸ ਦੇ ਹੱਕ ਵਿਚ ਦੁਆ ਕੀਤੀ ਸੀ। ਇਨ੍ਹਾਂ ਹੀ ਕਾਰਨਾਂ ਕਰਕੇ ਉਸ ਦੀ ਪਹਿਲਾਂ ਹੀ ਮਿੱਥੀ ਹੋਈ ਵਿਉਂਤ ਦੇ ਮੁਤਾਬਿਕ, ਗੁਰੂ ਘਰ ਨਾਲ ਟੱਕਰ ਲੈਣ ਲਈ ਕਾਫੀ ਸੀ। ਉਸ ਨੇ ਇਸ ਘਟਨਾ ਦਾ ਜ਼ਿਕਰ ਤੁਜ਼ਕੇ ਜਹਾਂਗੀਰੀ ਵਿਚ ਇਸ ਤਰ੍ਹਾਂ ਨਾਲ ਕੀਤਾ -

"ਦਰਿਆ ਬਿਆਸ ਕੰਢੇ ਗੋਇੰਦਵਾਲ ਵਿਖੇ ਇਕ ਅਰਜਨ ਨਾਮ ਦਾ ਹਿੰਦੂ ਰਹਿੰਦਾ ਸੀ। ਉਹ ਪੀਰ ਤੇ ਸ਼ੇਖ ਹੋਣ ਦਾ ਦਾਅਵਾ ਕਰਦਾ ਸੀ। ਸਿੱਧੇ ਸਾਦੇ ਹਿੰਦੂ ਤੇ ਅਣਜਾਣ ਤੇ ਕਮੀਨੇ ਮੁਸਲਮਾਨ ਉਸਨੇ ਅਨੁਯਾਈ ਬਣਾ ਲਏ ਸਨ। ਚਿਰਾਂ ਤੋਂ ਮੇਰੇ ਦਿਲ ਵਿਚ ਸੀ ਕਿ ਝੂਠ ਦੀ ਦੁਕਾਨ ਨੂੰ ਬੰਦ ਕਰਵਾਇਆ ਜਾਏ ਜਾਂ ਫਿਰ ਅਰਜਨ ਨੂੰ ਇਸਲਾਮੀ ਜਮਾਤ ਵਿਚ ਸ਼ਾਮਲ ਕਰ ਲਿਆ ਜਾਵੇ। ਉਨ੍ਹਾਂ ਦਿਨਾਂ ਵਿਚ ਖੁਸਰੋ ਗੋਇੰਦਵਾਲ ਦੇ ਰਾਹੋਂ ਲੰਘਿਆ। ਇਸ ਮੂਰਖ ਮਰਦ ਨੇ ਉਸ ਦੀ ਸੇਵਾ ਕੀਤੀ ਤੇ ਆਪਣੇ ਡੇਰੇ ਠਹਿਰਾਇਆ।

ਜਦੋਂ ਇਹ ਗੱਲ ਅਸਾਂ ਸੁਣੀ ਤਾਂ ਮੈਨੂੰ ਅਰਜਨ ਦੇ ਝੂਠ ਤੇ ਕੁਫਰ ਦਾ ਯਕੀਨ ਹੋ ਗਿਆ ਤੇ ਮੈਂ ਉਸ ਨੂੰ ਹਾਜ਼ਰ ਕਰਨ ਦਾ ਹੁਕਮ ਦਿਤਾ, ਉਸ ਦਾ ਘਰ-ਬਾਰ ਤੇ ਟੱਬਰ, ਬੱਚੇ ਮੁਰਤਜ਼ਾਖਾਨ (ਸ਼ੇਖ ਫਰੀਦ ਬੁਖਾਰੀ ਜੋ ਸੇਖ ਅਹਿਮਦ ਸਰਹੰਦੀ ਮੁਜ਼ਦੱਦ ਅਲਫਸਾਨੀ ਦਾ ਫਰਮਾ ਬਰਦਾਰ ਸੀ), ਨੂੰ ਸੌਂਪੇ, ਉਸਦਾ ਸਾਰਾ ਮਾਲ ਅਸਬਾਬ ਜ਼ਬਤ ਕਰ ਲਿਆ ਅਤੇ ਹੁਕਮ ਦਿਤਾ ਕਿ 'ਊਂ ਰਾ ਬ-ਸਿਆਸਤ ਵਾ ਯਾਸਾ ਕਤਲ ਰਸਾਨੰਦ।" ਉਸ ਨੂੰ ਯਾਸ਼ਾ ਦੀ ਸਜ਼ਾ ਰਾਹੀਂ ਮੌਤ ਦਾ ਦੰਡ ਮਿਲੇ।"

ਚੰਦੂ ਨੇ ਜਦੋਂ ਪ੍ਰੋਹਿਤ ਰਿਸ਼ਤਾ ਕਰਨ ਲਈ ਭੇਜਿਆ ਤਾਂ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਰਿਸ਼ਤਾ ਪੱਕਾ ਕਰ ਗਿਆ। ਦਿੱਲੀ ਵਿਖੇ ਸ਼ਗਨ ਭੇਜਣ ਵੇਲੇ ਚੰਦੂ ਨੇ ਕੁਝ ਉਘੇ ਸਿੱਖ ਵੀ ਬੁਲਾਏ ਤੇ ਉਥੇ ਹੰਕਾਰ ਭਰੇ ਸ਼ਬਦ ਬੋਲੇ। ਅਭਿਮਾਨੀ ਨੇ ਕਿਹਾ, ਪ੍ਰੋਹਿਤ ਜੀ! ਤੁਸੀਂ ਗੱਲ ਸੋਚ ਸਮਝ ਕੇ ਨਹੀਂ ਕੀਤੀ। ਮੇਰੀ ਲੜਕੀ ਬਹੁਤ ਉਚੀ ਕੁਲ ਨਾਲ ਸਬੰਧ ਰੱਖਣ ਵਾਲੀ ਸੀ। ਉਹ

ਚੁਬਾਰੇ ਦੀ ਇੱਟ ਸੀ, ਤੁਸੀਂ ਮੋਰੀ ਵਾਲੀ ਕੁਲ ਨਾਲ ਲਗਾ ਆਏ ਹੋਂ।

***ਕਨਿਆ ਈਟ ਚੁਬਾਰੇ ਕੀ ਮਮ***
***ਮੋਰੀ ਸਮ ਕੁਲ ਮਹਿ ਦੀ ਸੋਇ।।***

ਗੁਰਸਿੱਖ ਨਿੰਦਿਆ ਸਹਿਨ ਨਾ ਕਰ ਸਕੇ, ਉਨ੍ਹਾਂ ਨੇ ਗੁਰੂ ਮਹਾਰਾਜ ਜੀ ਨੂੰ ਪਤ੍ਰਿਕਾ ਲਿਖ ਕੇ ਭੇਜ ਦਿਤੀ –

***ਆਪ ਚੁਬਾਰਾ ਬਨਿਓ ਪਾਪੀ।***
***ਗੁਰ ਕਾ ਘਰ ਇਨ ਮੋਰੀ ਥਾਪੀ।***
***ਨਿੰਦੀ ਯਾ ਬਿਧਿ ਉਨ ਗੁਰਗਾਦੀ।***
***ਕੀਏ ਨ ਚਾਹੀਏ ਇਨ ਕੇ ਸ਼ਾਦੀ।***

ਇਕ ਗੁਰਸਿੱਖ ਦੇ ਪਾਸ ਚਿੱਠੀ ਭੇਜ ਦਿਤੀ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੇ ਹੋਰ ਸਿੱਖਾਂ ਨੂੰ ਬੁਲਾ ਕੇ ਚਿੱਠੀ ਸੁਣਾਈ। ਫੈਸਲਾ ਹੋਇਆ ਕਿ ਸਗਾਈ ਲਈ ਨਾ ਜਾਵੇ, ਅਸੀਂ ਤਾਂ ਕਿਸੇ ਨਿਰਹੰਕਾਰੀ ਪੁਰਸ਼ ਦਾ ਰਿਸ਼ਤਾ ਲਵਾਂਗੇ –

***ਬਾਬੇ ਬੁੱਢੇ ਅਰ ਗੁਰਦਾਸ।***
***ਇਤਿਆਦਿਕ ਸਿੱਖ ਥੇ ਜੋ ਪਾਸ।***
***ਚਿੱਠੀ ਸਭ ਕੋ ਗੁਰੂ ਸੁਣਾਈ।***
***ਸਭ ਨੇ ਕਿਹੋ, ਨ ਲੇਹੁ ਸਗਾਈ।***

***ਪੰਥ ਪ੍ਰਕਾਸ਼***

ਸੂਰਜ ਪ੍ਰਕਾਸ਼ ਅਨੁਸਾਰ –

***ਸਾਕਤ ਸੁਤਾ ਨ ਲੇਹਿੰਗੇ,***
***ਨਹਿ ਸ਼ਰਧਾ ਗੁਰ ਭੌਨ।***

ਸ਼ਗਨ ਵਾਪਸ ਮੁੜ ਗਿਆ। ਚੰਦੂ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਅਸੀਂ ਸ਼ਾਹੀ ਖੱਤਰੀ ਧਰਮਾਇਣ ਕਹਾਹੀਏ। ਉਹ ਸਰੀਣ ਨਿਵਾਂਦੀਏ, ਉਹ ਸਾਡੇ ਤੋਂ ਛੋਟੇ ਹੁੰਦੇ ਹੋਏ ਰਿਸ਼ਤਾ ਮੋੜਦੇ ਹਨ। ਮੁਹੰਮਦ ਲਤੀਫ ਲਿਖਦਾ ਹੈ ਕਿ ਚੰਦੂ ਨੇ ਇਕ ਲੱਖ ਰੁਪਈਆ ਰਿਸ਼ਤਾ ਮੰਨ ਲੈਣ ਲਈ ਭੇਜਿਆ। ਗੁਰੂ ਮਹਾਰਾਜ ਜੀ ਨੇ ਕਿਹਾ, ਜੇ ਰਾਜ ਵੀ ਦਾਜ ਵਿਚ ਦਿਤਾ ਜਾਵੇ ਤਾਂ ਵੀ ਅਸੀਂ ਸੰਗਤ ਦੇ ਬਚਨ ਨਹੀਂ ਮੋੜ ਸਕਦੇ।

ਚੰਦੂ ਮੁਖਾਲਫ ਬਣ ਗਿਆ। ਪ੍ਰਿਥੀ ਚੰਦ ਤਾਂ ਪਹਿਲਾਂ ਹੀ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਅਰਜਨ ਪਾਤਸ਼ਾਹ ਬਾਰੇ ਬਹੁਤ ਹੀ ਬੁਰੀਆਂ ਗੱਲਾਂ ਸੋਚਦਾ ਰਹਿੰਦਾ ਸੀ। ਦੂਜੇ ਪਾਸੇ ਕੱਟੜ ਮਜ਼੍ਹਬੀ ਜਨੂੰਨੀ ਹਿੰਦੂ ਮੁਸਲਮਾਨ ਦੋਨੋਂ ਹੀ ਧਰਮਾਂ ਵਿਚ ਗੁਰੂ ਘਰ ਦੇ ਪ੍ਰਕਾਸ਼ ਦੇ ਸੂਰਜ ਦੀ ਰੋਸ਼ਨੀ ਨੂੰ ਆਪਣੀਆਂ ਉੱਲੂ ਵਰਗੀਆਂ ਅੱਖਾਂ ਨਾਲ ਵੇਖਣਾ ਬਿਲਕੁਲ ਹੀ ਪਸੰਦ ਨਹੀਂ ਸਨ ਕਰਦੇ। ਸਾਜਿਸ਼ਾਂ ਕਰਕੇ ਸੁਲਭੀ ਖਾਨ ਅਤੇ ਸੁਲਹੀ ਖਾਨ ਵਰਗਿਆਂ ਨੂੰ ਗੁਰੂ ਮਹਾਰਾਜ ਜੀ ਉਪਰ ਚੜ੍ਹਾਉਂਦੇ ਰਹੇ। ਖੁਸਰੋ ਦੀ ਬਗਾਵਤ ਹੋ ਜਾਣ ਕਰਕੇ ਇਨ੍ਹਾਂ ਸਾਰਿਆਂ ਨੂੰ ਮੌਕਾ ਮਿਲ ਗਿਆ। ਗੁਰੂ ਮਹਾਰਾਜ ਜੀ ਦੇ ਵਿਰੋਧ ਵਿਚ ਇਕ ਬਹੁਤ ਸ਼ਕਤੀਸ਼ਾਲ lobby (ਜੁੰਡਲੀ) ਜਹਾਂਗੀਰ ਦੇ ਦੁਆਲੇ ਸਦਾ ਹੀ ਤਾਕ ਵਿਚ ਰਹਿੰਦੀ ਸੀ ਕਿ ਕਦੋਂ ਗੁਰੂ ਘਰ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ ਕਿਉਂਕਿ ਉਸ ਥਾਂ ਦੇ ਉਤੇ ਗੁਰੂ ਘਰ ਰਾਹੀਂ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰੋਸ਼ਨੀ ਵਿਚ ਸਾਰੇ ਸੰਸਾਰ ਨੂੰ ਅੱਲਾਹ ਦੇ ਨੂਰ ਵਿਚੋਂ ਪ੍ਰਗਟ ਹੋਇਆ ਪੂਰਨ ਏਕਤਾ ਦ੍ਰਿੜ੍ਹਾਉਂਦਾ ਸੀ। ਉਚਾ ਗਿਆਨ, ਸ਼ਰ੍ਹਾ ਤੇ ਕਰਮਕਾਂਡ ਦੇ ਬੰਧਨਾਂ ਨੂੰ ਤੋੜ ਕੇ ਇਨਸਾਨ ਨੂੰ ਦਸਦਾ ਸੀ ਕਿ ਤੂੰ ਮਜ਼੍ਹਬਾਂ ਦੇ ਬੰਧਨਾਂ ਵਿਚ ਪੈ ਕੇ ਵਕਤ ਗੁਜ਼ਾਰਨ ਨਹੀਂ ਆਇਆ, ਤੇਰਾ ਅਸਲੀ ਮਨੋਰਥ, ਅੰਦਰ ਵਸਦੇ ਪ੍ਰਭੂ ਨਾਲ ਮੇਲ ਹੈ, ਜੋ ਗੁਰੂ ਦਾ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਰਾਹੀਂ ਪ੍ਰਾਪਤ ਹੋ ਸਕਦਾ ਹੈ। ਆਪ ਫੁਰਮਾਉਂਦੇ ਹਨ ਕਿ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ।।***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।।***
***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ।।***
***ਇਕੁ ਦੇਖਿਆ ਇਕੁ ਮੰਨਿਆ***
***ਇਕੋ ਸੁਣਿਆ ਸ੍ਰਵਣ ਸਰੋਤਿ।।***
***ਜਨ ਨਾਨਕ ਨਾਮੁ ਸਲਾਹਿ ਤੂ***
***ਸਚੁ ਸਚੇ ਸੇਵਾ ਤੇਰੀ ਹੋਤਿ।।***

***ਅੰਗ – 309***

ਗੁਰੂ ਮਹਾਰਾਜ ਜੀ ਦਾ ਉਪਦੇਸ਼, ਆਦਮੀ ਦੇ ਦੁਆਲੇ ਕੱਟੜ ਪੰਥੀਆਂ ਵਲੋਂ ਪਾਏ ਗਏ ਭਰਮ ਭੁਲੇਖੇ, ਸ਼ਰਾ ਦੇ ਸੰਗਲ ਅਤੇ ਵਾਧੂ ਰਸਮ

ਰਿਵਾਜਾਂ ਦੀਆਂ ਕਾਲੀਆਂ ਵਲਗਣਾਂ ਨੂੰ ਤੋੜ ਕੇ ਸੱਚ ਦਾ ਪ੍ਰਕਾਸ਼ ਕਰਕੇ ਆਦਮੀ ਨੂੰ ਪੂਰੀ ਸੇਧ ਦਿੰਦਾ ਹੋਇਆ ਪ੍ਰੇਰਨਾ ਦਿੰਦਾ ਸੀ ਕਿ ਵਾਹਿਗੁਰੂ ਜੀ ਇਸੇ ਸਰੀਰ ਦੇ ਅੰਦਰ ਸਮਾਏ ਹੋਏ ਹਨ, ਜੋ ਗੁਰੂ ਦੀ ਕ੍ਰਿਪਾ ਨਾਲ ਪ੍ਰਗਟ ਹੁੰਦੇ ਹਨ। ਆਪ ਦਾ ਫੁਰਮਾਨ ਸੀ –

*ਕਾਇਆ ਨਗਰੁ ਨਗਰ ਗੜ ਅੰਦਰਿ।।*
*ਸਾਚਾ ਵਾਸਾ ਪੁਰਿ ਗਗਨੰਦਰਿ।।*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ।।*
*ਅੰਦਰਿ ਕੋਟ ਛਜੇ ਹਟਨਾਲੇ।।*
*ਆਪੇ ਲੇਵੈ ਵਸਤੁ ਸਮਾਲੇ।।*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ।।*
*ਭੀਤਰਿ ਕੋਟ ਗੁਫਾ ਘਰ ਜਾਈ।।*
*ਨਉ ਘਰ ਥਾਪੇ ਹੁਕਮਿ ਰਜਾਈ।।*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ।।*

*ਅੰਗ – 1033*

ਗੁਰੂ ਮਹਾਰਾਜ ਜੀ ਜੰਗਲਾਂ ਵਿਚ ਜਾ ਕੇ ਸਖਤ ਕਿਸਮ ਦੇ ਜ਼ੋਹਦ ਕਰਕੇ ਇਸ ਕਾਇਆ ਨੂੰ ਅਤਿ ਦੁਬਲੀ ਕਰਨ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਫੁਰਮਾਨ ਸੀ ਕਿ ਇਸ ਦੇਹੀ ਦੀ ਸਵਸਥਤਾ ਨੂੰ ਸਾਧਨ ਬਣਾ ਕੇ ਸਰੀਰ ਨੂੰ ਨਰੋਆ ਰੱਖ ਕੇ –

*ਅਲਪ ਅਹਾਰ ਸੁਲਪ ਸੀ*
*ਨਿੰਦ੍ਰਾ...............।। ਪਾਤਸ਼ਾਹੀ 10*

ਦੇ ਨਿਯਮਾਂ ਦਾ ਪਾਲਣ ਕਰਕੇ ਅਸੀਂ ਆਪਣੇ ਅੰਦਰੋਂ ਘਟ-ਘਟ ਵਿਚ ਰਮੇ ਵਾਹਿਗੁਰੂ ਦੀ ਖੋਜ ਕਰ ਸਕਦੇ ਹਾਂ।

*ਘਟਿ ਵਸਹਿ ਚਰਣਾਰਬਿੰਦ*
*ਰਸਨਾ ਜਪੈ ਗੁਪਾਲ।।*
*ਨਾਨਕ ਸੋ ਪ੍ਰਭੁ ਸਿਮਰੀਐ*
*ਤਿਸੁ ਦੇਹੀ ਕਉ ਪਾਲਿ।।*

*ਅੰਗ – 554*

ਗੁਰੂ ਮਹਾਰਾਜ ਜੀ ਦਾ ਉਪਦੇਸ਼ ਸਾਰੀ ਇਨਸਾਨੀਅਤ ਵਾਸਤੇ ਸਾਂਝਾ ਸੀ। ਉਨ੍ਹਾਂ ਨੇ ਨਿਰਭਉ ਨੂੰ ਜਪ ਕੇ ਨਿਰਭੈ ਹੋਣ ਦੀ ਪ੍ਰੇਰਨਾ ਦਿਤੀ, ਨਿਰਵੈਰ ਨੂੰ ਜਪ ਕੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੰਦਿਆਂ ਇਕ ਭਾਵਨੀ ਪੈਦਾ ਕੀਤੀ–

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

*ਵਵਾ ਵੈਰੁ ਨ ਕਰੀਐ ਕਾਹੂ।।*
*ਘਟ ਘਟ ਅੰਤਰਿ ਬ੍ਰਹਮ ਸਮਾਹੂ।।*

*ਅੰਗ – 259*

ਇਸ ਦ੍ਰਿਸ਼ਟਮਾਨ ਪਸਾਰੇ ਨੂੰ ਗੁਰੂ ਮਹਾਰਾਜ ਜੀ ਨੇ ਪ੍ਰਭੂ ਦਾ ਹੀ ਰੂਪ ਦ੍ਰਿਸ਼ਟੀਗੋਚਰੇ ਕਰਾਇਆ ਅਤੇ ਪੂਰਨ ਅਦ੍ਵੈਤ ਸਿਧਾਂਤ ਇਸ ਕਰਮਕਾਂਡਾਂ ਵਿਚ ਫਸੇ ਮਨੁੱਖ ਦੇ ਹਿਰਦੇ ਵਿਚ ਵਸਾਇਆ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ।।*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ।।*

*ਅੰਗ – 846*

ਉਨ੍ਹਾਂ ਨੇ ਹਰ ਵਰਗ ਦੀ ਨਿਰਾਰਥਕ ਕ੍ਰਿਆ ਨੂੰ ਪ੍ਰਭੂ ਪ੍ਰਾਪਤੀ ਲਈ ਗੈਰ ਜ਼ਰੂਰੀ ਦੱਸਿਆ ਅਤੇ ਫੁਰਮਾਨ ਕੀਤਾ ਕਿ ਜਦ ਤੱਕ ਤੁਹਾਡੇ ਅੰਦਰੋਂ ਵਿਕਾਰਾਂ ਦਾ ਨਾਸ਼ ਨਹੀਂ ਹੁੰਦਾ, ਵਾਸ਼ਨਾਵਾਂ ਦੇ ਉਲਝੇ ਹੋਏ ਜਾਲ ਕੱਟੇ ਨਹੀਂ ਜਾਂਦੇ; ਉਸ ਸਮੇਂ ਤੀਕਰ ਵਾਹਿਗੁਰੂ ਦੀ ਪ੍ਰਾਪਤੀ ਅਸੰਭਵ ਹੈ। ਆਪ ਜੀ ਨੇ ਸਤਿ ਪ੍ਰਾਪਤ ਕੀਤੇ ਹੋਏ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਗਾਡੀ ਰਾਹ ਪ੍ਰਗਟ ਕੀਤਾ ਜੋ ਜਗਿਆਸੂ ਨੂੰ ਬਿਨਾਂ ਕਿਸੇ ਬੰਧਨਾਂ ਵਿਚ ਪਾਏ ਆਪਣੇ ਪ੍ਰਭੂ ਤਕ ਪਹੁੰਚਾਉਣ ਦੀ ਸਮਰਥਾ ਰੱਖਦਾ ਸੀ। ਹੇਠ ਲਿਖੇ ਫੁਰਮਾਨ ਵਿਚ ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਗੁਰਮਤਿ ਸਿਧਾਂਤ ਪੂਰੀ ਤਰ੍ਹਾਂ ਨਾਲ ਨਿਰੂਪਣ ਹੁੰਦਾ ਹੈ –

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ।।*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ।।*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ।।*

*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ॥*
*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ*
*ਦੁਬਿਧਾ ਛੁਟਕੈ ਨਾਹੀ॥*
*ਮਨ ਕਾਮਨਾ ਤੀਰਥ ਜਾਇ ਬਸਿਓ*
*ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ*
*ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ*
*ਬਹੁ ਬਿਧਿ ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ*
*ਨਹ ਮਿਲੀਐ ਹਰਿ ਦੁਆਰਾ॥*
*ਪੂਜਾ ਅਰਚਾ ਬੰਦਨ ਡੰਡਉਤ*
*ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ॥*
*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ॥*
*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ*
*ਨਰਕ ਘੋਰ ਕਾ ਦੁਆਰਾ॥*
*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*
*ਤੇਰੋ ਸੇਵਕੁ ਇਹ ਰੰਗਿ ਮਾਤਾ॥*
*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ*
*ਹਰਿ ਹਰਿ ਕੀਰਤਨਿ*
*ਇਹੁ ਮਨੁ ਰਾਤਾ॥ ਅੰਗ-641-42*

ਤੀਰਥਾਂ ਤੇ ਨਹਾਉਣ ਦੀ ਥਾਂ ਤੇ ਅੰਦਰ ਵਸਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਜਾਂਚ ਦੱਸੀ। ਜਨੇਊ ਪਾਉਣ ਦੀ ਯਥਾਰਥਕਤਾ ਦਰਸਾਂਦੇ ਹੋਏ ਆਪ ਨੇ ਫੁਰਮਾਇਆ ਕਿ ਜਦੋਂ ਤੱਕ ਦਇਆ ਹਿਰਦੇ ਵਿਚ ਨਹੀਂ ਵਸਦੀ, ਸੰਤੋਖ ਦਾ ਨਿਵਾਸ ਪੂਰੀ ਤਰ੍ਹਾਂ ਨਾਲ ਮਨ ਵਿਚ ਪ੍ਰਗਟ ਨਹੀਂ ਹੁੰਦਾ ਤੇ ਸਤਿ ਦਾ ਜੀਵਨ ਜੀਉਣ ਦੀ ਜਾਂਚ ਨਹੀਂ ਆਉਂਦੀ ਤੇ ਸਮੂੰਹ ਇੰਦਰਿਆਂ ਉਪਰ ਜਤ ਦਾ ਨਿਯੰਤਰਣ ਕਾਇਮ ਨਹੀਂ ਹੁੰਦਾ, ਉਸ ਵੇਲੇ ਤੱਕ ਧਾਗੇ ਦਾ ਪਾਇਆ ਹੋਇਆ ਜਨੇਊ ਅੰਦਰਲੇ ਵਿਕਾਰਾਂ ਨੂੰ ਕੱਢਣ ਦੇ ਸਮਰੱਥ ਨਹੀਂ ਹੈ। ਕੇਵਲ ਗੁਰੂ ਸ਼ਬਦ ਦਾ ਪਹਿਨਿਆਂ ਹੋਇਆ ਜਨੇਊ ਅਤੇ ਨਾਮ ਦੇ ਸਰੋਵਰ ਵਿਚ ਕੀਤਾ ਹੋਇਆ ਇਸ਼ਨਾਨ ਹੀ ਅੰਤਸ਼ਕਰਣ ਦੀ ਮੈਲ ਦੂਰ ਕਰਨ ਦੀ ਸਮਰੱਥਾ ਰਖਦਾ ਹੈ। ਆਪ ਨੇ ਫੁਰਮਾਇਆ ਕਿ ਮਨੁੱਖ ਮਾਤਰ ਨੂੰ ਸਭ ਤੋਂ ਵੱਡਾ ਰੋਗ ਆਪਣੀ ਹੋਂਦ ਨੂੰ ਵਾਹਿਗੁਰੂ ਜੀ ਤੋਂ ਵੱਖਰਾ ਸਮਝ ਕੇ ਵਰਤਣ ਦਾ, ਜਿਸਨੂੰ ਹਉਮੈ ਕਹਿੰਦੇ ਹਨ, ਲੱਗਿਆ ਹੋਇਆ ਹੈ। ਇਹ ਹਉਮੈ ਦਾ ਰੋਗ, ਜਦੋਂ ਤਕ ਨਾਮ ਦੇ ਮੰਡਲ ਵਿਚ ਸੁਰਤ ਨਹੀਂ ਪਹੁੰਚਦੀ, ਨਹੀਂ ਕੱਟਿਆ ਜਾ ਸਕਦਾ। ਹਉਮੈ ਕੱਟਣ ਦੀ ਦਾਰੂ ਪ੍ਰਭੂ ਨੇ ਇਸ ਸਰੀਰ ਦੇ ਅੰਦਰ ਹੀ ਰੱਖੀ ਹੋਈ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਅੰਗ - 293*

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*
*ਅੰਗ - 259*

ਸੋ ਅਜਿਹਾ ਆਦਰਸ਼ ਤੇ ਪ੍ਰਕਾਸ਼ਮਈ ਮਾਰਗ, ਭਰਮਾਂ ਤੇ ਵਹਿਮਾਂ ਵਿਚ ਫਸਿਆਂ ਇਨਸਾਨਾਂ ਦੀ ਸਮਝ ਵਿਚ ਆਇਆ। ਉਹ ਸਾਰੇ ਬੰਧਨਾਂ ਨੂੰ ਤੋੜ ਕੇ ਗੁਰੂ ਦੀ ਸ਼ਰਨ ਵਿਚ ਫੁੱਲਾਂ ਦੀ ਸੁਗੰਧੀ ਨੂੰ ਮਾਨਣ ਵਾਲੇ ਭੌਰਿਆਂ ਦੇ ਝੁੰਡਾਂ ਦੇ ਵਿਚ ਆ ਰਹੇ ਸਨ। ਅਖੌਤੀ ਮੁੱਲਾਂ-ਮੁਲਾਣੇ, ਕਰਮਕਾਂਡੀ ਪੰਡਤ ਵਰਗ ਅਤੇ ਸ਼ਾਸ਼ਕ ਸਾਰੇ ਹੀ ਮਨੁੱਖ ਵਿਚ ਪੈਦਾ ਹੋ ਰਹੀ ਜਾਗ੍ਰਤੀ ਤੋਂ ਘਬਰਾ ਰਹੇ ਸਨ ਅਤੇ ਇਹ ਸਾਰੇ ਇਕੱਠੇ ਹੋ ਕੇ ਇਸ

ਪ੍ਰਕਾਸ਼ ਦਿੰਦੇ ਸੂਰਜ ਨੂੰ ਢਕਣ ਦੇ ਜਤਨਾਂ ਵਿਚ ਸਨ। ਮਨੁੱਖ ਨੂੰ ਆਪਣੇ ਹੱਕਾਂ ਦੀ ਸੋਝੀ ਅਤੇ ਸਵੈਮਾਨ ਨਾਲ ਜੀਉਣ ਦੀ ਜੁਗਤ ਗੁਰਮਤਿ ਵਿਚੋਂ ਪ੍ਰਾਪਤ ਹੋ ਕੇ, ਦ੍ਰਿੜ੍ਹਤਾ ਦੇ ਰੂਪ ਵਿਚ ਬਦਲ ਰਹੀ ਸੀ ਜਿਸਨੂੰ ਅੱਜਕੱਲ੍ਹ human rights ਆਖਿਆ ਜਾਂਦਾ ਹੈ। ਇਹ ਚੇਤਨਤਾ ਦਿਨ-ਬ-ਦਿਨ ਵਧ ਰਹੀ ਸੀ। ਰਾਜਾ ਪ੍ਰੇਸ਼ਾਨ ਸੀ ਕਿ ਜੇ ਇਹ ਜਾਗੇ ਹੋਏ ਮਨੁੱਖਾਂ ਦੀ ਜਥੇਬੰਦੀ, ਅਨਿਆਂ ਤੇ ਜ਼ੋਰ-ਜ਼ਬਰ ਨਾਲ ਟੱਕਰ ਲੈਣ ਲਈ ਉਠ ਖੜ੍ਹੀ ਹੋਈ ਤਾਂ ਇਨ੍ਹਾਂ ਨਾਲ ਸਿੱਝਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਇਕ ਤਰ੍ਹਾਂ ਨਾਲ ਇਹ ਸੁੱਚੇ ਜੀਵਨ ਵਾਲੇ ਮਨੁੱਖਾਂ ਅਤੇ ਜ਼ੋਰ-ਜ਼ਬਰ, ਭਰਮਾਂ, ਵਹਿਮਾਂ, ਬੰਧਨਾਂ 'ਚ ਪਾਉਣ ਵਾਲੇ ਸਮੂੰਹ ਨਾਲ ਇਕ ਸਹਿਜ ਯੁੱਧ ਹੋ ਰਿਹਾ ਸੀ, ਜੋ ਗੁਰੂ ਘਰ ਨਾਲ ਵਿਰੋਧਤਾ ਦਾ ਅਸਲੀ ਕਾਰਨ ਸੀ। ਗੁਰਬਾਣੀ ਦੇ ਪ੍ਰਕਾਸ਼ ਨੇ ਮਨੁੱਖ ਨੂੰ ਐਨੀ ਉਚਤਾ ਬਖਸ਼ੀ ਕਿ ਉਸਦੀ ਬਿਰਤੀ ਸਮਤਾ ਵਿਚ ਲੀਨ ਹੋ ਰਹੀ ਸੀ, ਜਿਸ ਦਾ ਭਾਵ ਇਸ ਤਰ੍ਹਾਂ ਸੀ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ***
***ਜੀਵਨ ਮੁਕਤਿ॥ਪੰਨਾ - 275***

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ॥***

***ਅੰਗ - 633***

ਸਦੀਆਂ ਦਾ ਦਬਿਆ ਹੋਇਆ ਮਨੁੱਖ, ਮੌਤ ਦੀ ਭਿਆਨਕ ਹੱਦ ਤੋਂ ਪਾਰ ਹੋ ਕੇ ਇਕ ਆਦਰਸ਼ਕ ਜੀਵਨ ਜੀਉਣ ਨੂੰ ਉਤਸ਼ਾਹਤ ਸੀ। ਮਜ਼੍ਹਬਾਂ, ਵਹਿਮਾਂ ਤੋਂ ਮੁਕਤ ਹੋ ਕੇ ਉਹ ਸੰਸਾਰ ਵਿਚ ਹਲੀਮੀ ਰਾਜ ਦੀ ਕਾਮਨਾ ਦੀ ਚਿਤਵਨੀ ਕਰ ਰਿਹਾ ਸੀ ਜਿਸ ਵਿਚ ਕੋਈ ਦੁਖੀ ਨਾ ਹੋਵੇ, ਕੋਈ ਕਿਸੇ ਦੇ ਦਬਾਅ ਹੇਠ ਨਾ ਹੋਵੇ, ਕੋਈ ਕਿਸੇ ਨੂੰ ਭੈ ਨਾ ਦਿੰਦਾ ਹੋਵੇ, ਨਾ ਹੀ ਕਿਸੇ ਤੋਂ ਭੈ ਮੰਨਦਾ ਹੋਵੇ। ਸਭੇ ਸਾਂਝੀਵਾਲ ਸਦਾਉਣ ਵਾਲੀ ਉਚ ਭਾਵਨਾ ਹਿਰਦੇ ਅੰਦਰ ਪ੍ਰਫੁੱਲਤ ਹੋਵੇ ਅਤੇ ਕੋਈ ਗੈਰ ਨਜ਼ਰੀ ਨਾ ਪੈਂਦਾ ਹੋਵੇ, ਜਿਸ ਨਾਲ ਵੈਰ ਪੈਦਾ ਹੋਵੇ, ਜਿਸਨੂੰ ਲੁੱਟਿਆ ਜਾ ਸਕੇ, ਜਿਸ ਨੂੰ ਪਤਿਤ ਕੀਤਾ ਜਾ ਸਕੇ-

***ਸਭੈ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥***

***ਅੰਗ - 97***

ਨਾ ਹੀ ਰਾਜਸੀ ਵਰਗ ਅਤੇ ਨਾ ਹੀ ਕਰਮਕਾਂਡੀ ਬੰਧਨਾਂ, ਸ਼ਰ੍ਹਾ ਦੇ ਅੰਦਰ ਭੁੱਲ-ਭੁਲਾਈਆਂ ਵਿਚ ਪਾ ਕੇ ਰੱਖਣ ਵਾਲਾ ਵਰਗ ਕਦੋਂ ਇਹ ਬਰਦਾਸ਼ਤ ਕਰ ਸਕਦਾ ਸੀ ਕਿ ਇਕ ਅਜਿਹੀ, ਗਿਆਨ ਪ੍ਰਕਾਸ਼ ਵਿਚ ਜਿਉਂਦੀ ਸੰਸਥਾ ਜਨਮ ਲਵੇ ਜੋ ਉਨ੍ਹਾਂ ਦੀ ਲੁੱਟ-ਕਸੁੱਟ ਨੂੰ ਦੂਰ ਕਰਕੇ, ਸੁਥਰਾ ਜੀਵਨ ਪ੍ਰਦਾਨ ਕਰੇ। ਸੋ ਇਹ ਸਨ ਕਾਰਨ ਜੋ ਗੁਰੂ ਘਰ ਦੇ ਵਿਰੋਧ ਵਿਚ ਅੰਦਰ ਹੀ ਅੰਦਰ ਪਲ ਰਹੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਸਾਰੀ ਸ੍ਰਿਸ਼ਟੀ ਨੂੰ ਰਾਹ ਦਿਖਾਉਣ ਵਾਲੀ ਧੁਰ ਤੋਂ ਆਈ ਬਾਣੀ ਦੀ ਸੁੱਚਤਾ, ਮੌਲਿਕਤਾ ਕਾਇਮ ਰਹੇ। ਉਹ ਇਸ ਵਿਚ ਹਨ੍ਹੇਰੇ ਦੀ ਅੰਸ ਰਲਾਉਣਾ ਚਾਹੁੰਦੇ ਸਨ ਜੋ ਕਿਸੇ ਵੀ ਸੂਰਤ ਉਪਰ ਪ੍ਰਦਾਨ ਨਹੀਂ ਕਰ ਸਕਦੇ ਸਨ। ਸਮਾਂ ਆ ਗਿਆ ਜਦੋਂ ਕਾਰਨਾਂ ਦੇ ਵਸ ਅਤੇ ਆਪਣੇ ਨਿੱਜੀ ਅਤਿ ਨਿੰਦਨੀ ਮਜ਼੍ਹਬੀ ਤੁਅੱਸਬ ਵਿਚ ਆਇਆ ਹੋਇਆ ਜਹਾਂਗੀਰ ਗੁਰੂ ਮਹਾਰਾਜ ਜੀ ਨੂੰ ਅਤਿ ਘਿਨੌਣੀਆਂ ਸਜ਼ਾਵਾਂ ਰਚ ਕੇ ਸ਼ਹੀਦ ਕਰ ਸਕੇ। ਖੁਸਰੋ ਦੀ ਬਗਾਵਤ ਸਮੇਂ ਉਸ ਭੁੱਖੇ ਨੂੰ ਲੰਗਰ ਪ੍ਰਸ਼ਾਦ ਛਕਾ ਦੇਣਾ ਇਕ ਨੇਕੀ ਦਾ ਕਰਮ ਸੀ ਪਰ ਉਸਨੂੰ ਬਹੁਤ ਚੁੱਭਿਆ ਅਤੇ ਬਹਾਨਾ ਮਿਲ ਗਿਆ। ਇਤਿਹਾਸਕਾਰਾਂ ਨੇ ਆਪਣੇ-ਆਪਣੇ ਭਾਵ ਪ੍ਰਗਟ ਕੀਤੇ ਹਨ।

ਗੁਰੂ ਮਹਾਰਾਜ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਹੋ ਗਿਆ। 15 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ, ਜਿਨ੍ਹਾਂ ਦਾ ਸਰੀਰ ਅਜੇ ਬਾਲ ਅਵਸਥਾ ਵਿਚ ਸੀ, ਨੂੰ ਗੱਦੀ ਦੇ ਦਿਤੀ

ਅਤੇ ਦੱਸ ਦਿਤਾ ਕਿ ਸ਼ਾਂਤਮਈ ਦੀ ਹੱਦ ਹੋਇਆ ਕਰਦੀ ਹੈ, ਉਸ ਤੋਂ ਲੰਘ ਕੇ ਆਪਣੇ ਸਰੀਰ ਦੀ ਅਹੂਤੀ ਦੇ ਕੇ ਸ਼ਹੀਦੀ ਪ੍ਰਾਪਤ ਕਰ ਲੈਣੀ ਇਕ ਸ਼ੁਭ ਤੇ ਪ੍ਰਮ ਪਵਿੱਤਰ ਕਰਮ ਹੈ। ਹਥਿਆਰ ਚੁੱਕ ਲੈਣਾ, ਉਸ ਵੇਲੇ ਇਨਸਾਨ ਦਾ ਸਿਰਫ ਹੱਕ ਹੀ ਨਹੀਂ ਹੋਇਆ ਕਰਦਾ, ਉਹਦਾ ਪਵਿੱਤਰ ਧਰਮ ਹੋਇਆ ਕਰਦਾ ਹੈ। ਇਨ੍ਹਾਂ ਗੱਲਾਂ ਨੂੰ ਅਤੇ ਸੁੱਚੇ ਜੀਵਨ ਵਿਚੋਂ ਨਿਕਲੇ ਆਦਰਸ਼ਕ ਜੀਵਨ ਦੀ ਸੁੱਚੀ ਕ੍ਰਿਆ ਨੂੰ ਰਾਜੇ ਕਦੇ ਵੀ ਅੱਖੋਂ ਓਹਲੇ ਨਹੀਂ ਕਰਦੇ। ਉਨ੍ਹਾਂ ਨੂੰ ਆਪਣਾ ਹਿੱਤ ਹੋਇਆ ਕਰਦਾ ਹੈ। ਕਿਵੇਂ ਜਨਤਾ ਨੂੰ ਅਣਜਾਣ ਰੱਖ ਕੇ ਭੰਬਲ-ਭੂਸਿਆਂ ਦੀ ਪਕੜ ਦੇ ਵਿਚ ਜਕੜ, ਆਪਸ ਵਿਚ ਬੇ-ਵਿਸ਼ਵਾਸ਼ੀ ਪੈਦਾ ਕਰਕੇ ਰਾਜ ਕੀਤਾ ਜਾਂਦਾ ਹੈ।

ਜਹਾਂਗੀਰ ਕੋਈ ਧਰਮੀ ਬੰਦਾ ਨਹੀਂ ਸੀ। ਕੁਰਾਨ ਸ਼ਰੀਫ ਦੇ ਉਪਦੇਸ਼ ਦੇ ਮੁਤਾਬਿਕ ਸ਼ਰਾਬ ਪੀਣੀ ਹਰਾਮ ਹੈ ਪਰ ਇਹ ਸ਼ਰਾਬ ਵਿਚ ਹੀ ਹਰ ਸਮੇਂ ਮਸਤ ਰਹਿੰਦਾ ਸੀ। ਇਹ ਲੋਕ ਧਰਮ ਨੂੰ ਇਕ ਬਹਾਨਾ ਬਣਾ ਕੇ ਉਸ ਲਈ ਕੀਤੇ ਪਾਪ ਨੂੰ ਪੁੰਨਾਂ ਵਿਚ ਬਦਲ ਕੇ ਆਪਣੀਆਂ ਮਨਮਾਨੀਆਂ ਲਈ ਇਕ ਸ਼ਾਹ-ਰਾਹ ਮੰਨਿਆਂ ਕਰਦੇ ਹਨ। ਸੋ ਗੁਰਸਿੱਖੀ ਦਾ ਚੜ੍ਹਦਾ ਸੂਰਜ ਅਤੇ ਉਸ ਦੇ ਪਵਿੱਤਰ ਜੀਵਨ ਵਿਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਕਿਵੇਂ ਅਣਜਾਣ ਰਹਿ ਸਕਦੇ ਸਨ। ਇਸੇ ਲਈ ਜਹਾਂਗੀਰ ਨੇ ਇਸ ਮਹਾਨ ਪਵਿੱਤਰ ਆਦਰਸ਼ ਨੂੰ ਝੂਠ ਦੀ ਦੁਕਾਨ ਕਹਿ ਘਿਨੌਣੇ ਭਾਵ ਪ੍ਰਗਟ ਕੀਤੇ ਅਤੇ ਅੰਦਰਲੀ ਮੈਲਾਂ ਭਰੀ, ਦੁਰਗੰਧ ਭਰੀ ਈਰਖਾ ਗੁਰੂ ਪੰਜਵੇਂ ਪਾਤਸ਼ਾਹ ਦੇ ਬਲੀਦਾਨ ਦਾ ਕਾਰਨ ਬਣਿਆਂ।

ਗੁਰੂ ਮਹਾਰਾਜ ਜੀ ਦੀ ਗ੍ਰਿਫਤਾਰੀ ਦਾ ਹੁਕਮ ਹੋ ਗਿਆ। ਆਪ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ। ਗੁਰੂ ਮਹਾਰਾਜ ਜੀ ਨੇ ਤੁਰਨ ਤੋਂ ਪਹਿਲਾਂ ਫੁਰਮਾਨ ਕੀਤਾ –

***ਸਾਡਾ ਲੱਗੇਗਾ ਸੀਸ,***
***ਇਹ ਨਿਸ਼ਚਾ ਆਇਆ।***
***ਅਸਾਂ ਹੋਆ ਤੁਰਕਾਂ ਵਿਚ ਜਾਣਾ,***
***ਉਨ੍ਹਾਂ ਕਰਣੀ ਹੈ ਹੁੱਜਤ,***
***ਸਰੀਰ ਹੈ ਛੁਟਣਾ***
***ਸੰਸਾ ਨਹੀਂ ਕੋਈ,***
***ਰਜਾਇ ਖਾਵੰਦ ਦੀ ਹੈ,***
***ਇਸ ਤਰ੍ਹਾਂ ਹੋਈ।***

ਗੁਰੂ ਮਹਾਰਾਜ ਜੀ ਨਾਲ ਭਾਈ ਲੰਘਾਹਾ, ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਭਾਈ ਪਰਾਣਾ ਨਾਲ ਗਏ। ਆਪ ਜੀ ਦੀ ਜਹਾਂਗੀਰ ਦੇ ਪੇਸ਼ੀ ਹੋਈ, ਉਸ ਵਿਚ ਦੋਸ਼ ਲਾਇਆ ਕਿ ਆਪ ਦੇ ਪਾਸ ਚੋਰ ਅਤੇ ਡਾਕੂ, ਸਰਕਾਰੀ ਬਾਗੀ ਖੁਸਰੋ ਵਰਗੇ ਪਨਾਹ ਲੈਂਦੇ ਹਨ ਅਤੇ ਆਪ ਦੇਸ਼ ਦਾ ਅਮਨ ਭੰਗ ਕਰ ਰਹੇ ਹੋ। ਆਪ ਨੇ ਅਜਿਹਾ ਗ੍ਰੰਥ ਬਣਾਇਆ ਹੈ ਜਿਸ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਪ੍ਰਚਲਤ ਅਕੀਦਿਆਂ ਨੂੰ ਸੱਟ ਮਾਰੀ ਗਈ ਹੈ ਅਤੇ ਉਨ੍ਹਾਂ ਨੂੰ ਖੰਡਨ ਕੀਤਾ ਗਿਆ ਹੈ ਜਿਸ ਕਰਕੇ ਦੋਹਾਂ ਵਰਗਾਂ ਦੇ ਮੁਖੀਆਂ ਨੂੰ ਖੇਦ ਪਹੁੰਚਿਆ ਹੈ। ਇਸ ਕਰਕੇ ਅਜਿਹੇ ਬਚਨ ਕੱਟ ਦਿਤੇ ਜਾਣ ਅਤੇ ਉਸ ਦੀ ਥਾਂ ਮੁਹੰਮਦ ਸਾਹਿਬ ਦੇ ਪਵਿੱਤਰ ਜੀਵਨ ਦੀ ਸਿਫਤ ਉਸ ਵਿਚ ਲਿਖ ਦਿਤੀ ਜਾਵੇ। ਆਪ ਨੂੰ ਯਾਸ਼ਾ ਰਾਹੀਂ ਮੌਤ ਦਾ ਦੰਡ ਦਿਤਾ ਜਾਂਦਾ ਹੈ ਜਿਸ ਤੋਂ ਬਚਣ ਦਾ ਕੇਵਲ ਇਕੋ-ਇਕ ਰਾਹ, ਆਪ ਦਾ ਇਸਲਾਮ ਧਾਰਨ ਕਰਨਾ ਹੀ ਹੈ। ਗੁਰੂ ਮਹਾਰਾਜ ਜੀ ਨੇ ਸਮਝਾਉਣ ਦਾ ਜਤਨ ਕੀਤਾ ਪਰ ਨਾ ਹੀ ਉਨ੍ਹਾਂ ਸਰੀਰਾਂ ਵਿਚ ਬੁੱਧੀ ਦੀ ਕੋਈ ਅੰਸ ਬਚਦੀ ਸੀ, ਕੁਬੁੱਧੀ ਦੇ ਮਹਾਨ ਹਨ੍ਹੇਰ ਘੁੱਪ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ, ਨਾ ਹੀ ਕਿਸੇ ਕਾਨੂੰਨ ਦਾ ਸਨਮਾਨ ਉਨ੍ਹਾਂ ਦੇ ਅੰਦਰ ਸੀ। ਜੇ ਕੋਈ ਭਾਵਨੀ ਸੀ ਤਾਂ ਕੇਵਲ ਇਕੋ-ਇਕ ਸੀ – ਕਿਸੇ ਤਰ੍ਹਾਂ ਨਾਲ ਇਸ ਪ੍ਰਕਾਸ਼ਮਈ ਚਲਦੀ ਸੀਤਲ ਨਦੀ ਨੂੰ, ਸੋਮੇ ਸਮੇਤ ਬੰਦ ਕਰ ਦਿਤਾ ਜਾਵੇ ਅਤੇ ਗੁਰੂ ਮਹਾਰਾਜ ਜੀ ਨੂੰ ਯਾਸ਼ਾ ਰਾਹੀਂ ਸ਼ਹੀਦ ਕਰ ਦਿਤਾ ਜਾਵੇ।

ਹੁਕਮ ਦੀ ਪਾਲਣਾ ਸ਼ੁਰੂ ਹੋ ਗਈ। ਇਕ ਹਵੇਲੀ ਵਿਚ ਲਿਜਾ ਕੇ ਗੁਰੂ ਮਹਾਰਾਜ ਜੀ ਨੂੰ ਨਾ ਹੀ ਪਾਣੀ ਦਿਤਾ ਗਿਆ, ਨਾ ਹੀ ਕੁਝ ਛਕਣ ਵਾਸਤੇ ਦਿਤਾ ਗਿਆ। ਜੇਠ ਦੀ ਕੜਕਦੀ ਧੁੱਪ ਵਿਚ ਖੜ੍ਹਾ ਕੀਤਾ ਗਿਆ। ਦੂਸਰੇ ਦਿਨ ਇਕ ਦੇਗ ਮੰਗਾਈ ਗਈ, ਹੁਕਮ ਕੀਤਾ ਗਿਆ ਕਿ ਇਨ੍ਹਾਂ ਨੂੰ ਦੇਗ ਵਿਚ ਚੁੱਕ ਕੇ ਸੁੱਟ ਦਿਤਾ

ਜਾਵੇ ਅਤੇ ਦੇਗ ਦਾ ਪਾਣੀ ਉਬਾਲ ਕੇ ਸਰੀਰ ਨੂੰ ਰਿੰਨ੍ਹ ਦਿਤਾ ਜਾਵੇ। ਇਹ ਸਾਰੀਆਂ ਸਜ਼ਾਵਾਂ ਭੁੱਲੜ ਚੰਦੂ ਦੀ ਦੇਖ-ਰੇਖ ਵਿਚ ਦਿਤੀਆਂ ਜਾ ਰਹੀਆਂ ਸਨ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ –

*ਕਹਿ ਚਾਕਰ ਸੋ ਦੇਗ ਉਬਾਰੀ।*
*'ਪਕਰੋ ਦੇਹੁ ਤਿਸੀ ਮਹਿਂ ਡਾਰੀ'।।*
*ਤਬਿ ਸਤਿਗੁਰੁ ਉਠਿ ਆਪੇ ਗਏ।*
*ਤਪਤਿ ਨੀਰ ਮਹਿਂ ਬੈਠਤਿ ਭਏ।*

*ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ – 2364*

ਆਪ ਦੇ ਚਿਹਰੇ ਉਪਰ ਕਰੂਰਤਾ ਦਾ ਕੋਈ ਵੀ ਚਿੰਨ੍ਹ ਨਹੀਂ ਸੀ ਸਗਮਾਂ ਆਪ ਦੀ ਸੁਰਤ, ਪ੍ਰਭੂ ਪ੍ਰੇਮ ਵਿਚ ਪ੍ਰੋਤੀ, ਪ੍ਰਭੂ ਨਾਲ ਇਕ-ਮਿਕ ਹੋਈ ਉਚਾਰ ਰਹੀ ਸੀ –

*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ।।*
*ਸਭ ਨਗਰੀ ਮਹਿ ਏਕੋ ਰਾਜਾ*
*ਸਭੇ ਪਵਿਤੁ ਹਹਿ ਥਾਵਾ।।*

*ਅੰਗ – 993*

ਰੂਹਾਨੀ ਸ਼ਕਤੀਆਂ ਦੇ ਭੰਡਾਰ ਹੁੰਦੇ ਹੋਏ ਕੋਈ ਫੁਰਨਾ ਵੀ ਨਹੀਂ ਕਰ ਰਹੇ ਸਨ ਕਿ ਭੁੱਲੜਾਂ ਨੂੰ ਪੂਰੀ ਸਜ਼ਾ ਦਿਤੀ ਜਾਵੇ, ਉਸ ਦੀ ਥਾਂ ਸ਼ਾਂਤ ਚਿੱਤ ਪ੍ਰਭੂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਭਾਈ ਪਰਾਣਾ ਜੀ ਇਹ ਦ੍ਰਿਸ਼ ਦੇਖ ਕੇ ਸਹਿਨ ਨਾ ਕਰ ਸਕੇ ਅਤੇ ਦੋਨੋਂ ਬਾਹਾਂ ਉਚੀਆਂ ਕਰਕੇ ਜਦੋਂ ਤਾਲੀ ਵਜਾਉਣ ਲੱਗੇ, ਉਸ ਸਮੇਂ ਗੁਰੂ ਮਹਾਰਾਜ ਜੀ ਨੇ ਉਚੀ ਅਵਾਜ਼ ਦੇ ਕੇ ਰੋਕ ਦਿਤਾ ਅਤੇ ਕਿਹਾ ਕਿ ਸ਼ਕਤੀ ਨਹੀਂ ਦਿਖਾਉਣੀ। ਇਹ ਜੋ ਕੁਝ ਹੋ ਰਿਹਾ ਹੈ, ਇਹ ਵਾਹਿਗੁਰੂ ਜੀ ਦੇ ਭਾਣੇ ਵਿਚ ਹੋ ਰਿਹਾ ਹੈ, ਇਸ ਨੂੰ ਅਸੀਂ ਮਿੱਠਾ ਕਰਕੇ ਮੰਨ ਰਹੇ ਹਾਂ। ਆਪ ਜੀ ਪ੍ਰਭੂ ਨਾਲ ਸਨਮੁਖ ਹੋ ਕੇ ਫੁਰਮਾਨ ਕਰ ਰਹੇ ਨੇ –

*ਹਮ ਨੇ ਇਮ ਹੀ ਕਾਰਨ ਕਰਨਾ।*
*ਤੂੰ ਨਹਿਂ ਲਖੈਂ ਏਵ ਆਚਰਨਾ।*

*ਸ੍ਰੀ ਸੂਰਜ ਗ੍ਰੰਥ ਪ੍ਰਕਾਸ਼, ਪੰਨਾ – 2365*

ਤਨ ਨੂੰ ਪੀੜ ਹੋ ਰਹੀ ਹੈ ਪਰ ਆਪ ਦੀ ਸੁਰਤ ਚੜ੍ਹਦੀ ਕਲਾ ਵਿਚ ਜਾ ਰਹੀ ਹੈ। ਜਿਵੇਂ ਪ੍ਰਬਤ ਨੂੰ ਝੱਖੜ ਹਿਲਾ ਨਹੀਂ ਸਕਦਾ, ਇਸ ਤਰ੍ਹਾਂ ਨਾਲ ਕੋਈ ਵੀ ਦਿਤਾ ਜਾ ਰਿਹਾ ਕਸ਼ਟ ਗੁਰੂ ਮਹਾਰਾਜ ਜੀ ਦੀ ਅਡੋਲਤਾ ਵਿਚ ਫਰਕ ਨਹੀਂ ਲਿਆ ਸਕਦਾ –

*ਤਨ ਪੀਰਾ ਤੇ ਡਿਗੀ ਨ ਸੋਈ।*
*ਮੇਰੁ ਹਿਲਾਇ ਨ ਜਿਮ ਨਰ ਕੋਈ।*

ਪਾਣੀ ਉਬਲ ਕੇ ਕੰਢਿਆਂ ਤੋਂ ਬਾਹਰ ਆ ਰਿਹਾ ਸੀ। ਗੁਰੂ ਮਹਾਰਾਜ ਜੀ ਦੇਗ ਵਿਚ ਬੈਠੇ, ਕੋਈ ਵੀ ਫੁਰਨਾ ਨਹੀਂ ਕਰ ਰਹੇ ਸਨ। ਆਪ ਨੂੰ ਬਾਹਰ ਕੱਢਿਆ ਗਿਆ। ਤਨ ਦੀ ਪੀੜਾ ਅਸਹਿ ਸੀ। ਦੂਸਰੇ ਦਿਨ ਇਕ ਤਵੀ ਦੇ ਹੇਠਾਂ ਅੱਗ ਜਲਾ ਕੇ ਉਸਨੂੰ ਲਾਲ ਕੀਤਾ ਗਿਆ, ਉਸ ਉਪਰ ਗੁਰੂ ਮਹਾਰਾਜ ਜੀ ਨੂੰ ਬੈਠਣ ਦਾ ਹੁਕਮ ਦਿਤਾ। ਆਪ ਅਡੋਲ ਲਾਲ ਰੰਗ ਦੀ ਹੋਈ ਲੋਹ ਉਪਰ ਬੈਠ ਗਏ, ਮਾਸ ਜਲਣ ਦੀ ਕ੍ਰਿਆ ਵਾਪਰੀ। ਮੀਆਂ ਮੀਰ ਨੂੰ ਪਤਾ ਲਗਿਆ, ਉਹ ਬਹੁਤ ਕਾਹਲੀ ਨਾਲ ਅਤਿ ਦੁਖਿਤ ਹੋਇਆ, ਗੁਰੂ ਮਹਾਰਾਜ ਜੀ ਦੇ ਸਨਮੁਖ ਆ ਕੇ ਕਹਿਣ ਲੱਗਿਆ ਕਿ ਪਾਤਸ਼ਾਹ! ਅਸਾਥੋਂ ਆਪ ਦੀ ਇਹ ਨਿਰਾਦਰੀ ਸਹਿਨ ਨਹੀਂ ਹੋ ਸਕਦੀ। ਹੁਕਮ ਦੇਵੋ, ਮੈਂ ਆਗਰੇ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦੇਵਾਂ। ਆਪ ਸ਼ਕਤੀ ਸੰਪੰਨ ਮਹਾਂਪੁਰਸ਼ ਸਨ ਜਿਨ੍ਹਾਂ ਦੀ ਉਚਤਾਈ ਨੂੰ ਅਨੁਭਵ ਕਰਕੇ ਗੁਰੂ ਮਹਾਰਾਜ ਜੀ ਨੇ ਮਹਾਂਪਵਿੱਤਰ ਹਰਿਮੰਦਰ ਦੀ ਨੀਂਹ ਇਸ ਮਹਾਂਪੁਰਸ਼ ਦੇ ਕਰ-ਕਮਲਾਂ ਰਾਹੀਂ ਰਖਾਈ ਸੀ। ਮਹਾਰਾਜ ਜੀ ਕਹਿਣ ਲੱਗੇ ਕਿ ਪੀਰ ਜੀ! ਇਹ ਸਾਰਾ ਆਤਮ ਪਸਾਰਾ ਹੈ ਅਤੇ ਦਿਖਣ ਵਾਲਾ ਪਰਪੰਚ ਮਿਥਿਆ ਹੈ। ਆਤਮਾ ਸਦਾ ਅਸੰਗ ਹੈ। ਪ੍ਰਮੇਸ਼ਰ ਤੋਂ ਬਿਨਾਂ ਇਸ ਸੰਸਾਰ ਵਿਚ ਹੋਰ ਕੋਈ ਹੈ ਨਹੀਂ। ਇਹ ਦ੍ਰਿਸ਼ਟੀ ਮੀਆਂਮੀਰ ਜੀ ਨੇ ਸੁਖਮਨੀ ਸਾਹਿਬ ਜੀ ਵਿਚੋਂ ਪੜ੍ਹੀ ਸੀ –

*ਮਨਿ ਸਾਚਾ ਮੁਖਿ ਸਾਚਾ ਸੋਇ।।*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ।।*
*ਨਾਨਕ ਇਹ ਲਛਣ*
*ਬ੍ਰਹਮਗਿਆਨੀ ਹੋਇ।।* *ਅੰਗ- 272*

*ਬ੍ਰਹਮ ਗਿਆਨੀ ਕੈ ਧੀਰਜੁ ਏਕ।।*

*ਜਿਉ ਬਸੁਧਾ ਕੋਊ ਖੋਦੈ*
*ਕੋਊ ਚੰਦਨ ਲੇਪ॥* ਅੰਗ - 272

ਅਤੇ ਇਹ ਵੀ ਪੜ੍ਹਿਆ ਸੀ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ॥* ਅੰਗ-275

ਕਹਿਣ ਲੱਗੇ, ਪੀਰ ਜੀ! ਤੁਸੀਂ ਆਪ ਹੀ ਦੱਸੋ, ਇਸ ਸੰਸਾਰ ਵਿਚ ਅਲਾਹ ਤੋਂ ਬਗੈਰ ਹੋਰ ਵੀ ਕੋਈ ਹੈ? ਆਪ ਤਾਂ ਦਿਬਯ ਦ੍ਰਿਸ਼ਟ ਪ੍ਰਾਪਤ ਮਹਾਂਪੁਰਸ਼ ਹੋ; ਇਹ ਜੋ ਕੁਝ ਹੋ ਰਿਹਾ ਹੈ, ਇਕ ਸੁਪਨੇ ਦਾ ਪਰਪੰਚ ਹੈ। ਆਤਮਾ ਨੂੰ ਕੋਈ ਮਾਰ ਨਹੀਂ ਸਕਦਾ, ਜਲਾ ਨਹੀਂ ਸਕਦਾ, ਸੁਕਾ ਨਹੀਂ ਸਕਦਾ, ਟੁਕੜੇ ਨਹੀਂ ਕਰ ਸਕਦਾ; ਉਹ ਸਦਾ ਹੀ ਅਚੱਲ ਤੇ ਅਸੰਗ ਸਤਿ ਚਿਤ ਅਨੰਦ ਸਮਾਧਿਸ਼ਟ ਰੂਪ ਹੈ। ਜਿਸ ਤਵੀ ਉਪਰ ਅਸੀਂ ਬੈਠੇ ਹਾਂ, ਜੋ ਅੱਗ ਜਾਲੀ ਜਾ ਰਹੀ ਹੈ, ਪ੍ਰਭੂ ਇਸ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ, ਆਪ ਹੀ ਅਗਨ ਰੂਪ ਹੈ, ਆਪ ਹੀ ਇਸ ਸਮੇਂ ਇਨ੍ਹਾਂ ਜਲਾਦਾਂ ਦੇ ਰੂਪ ਵਿਚ ਹੈ, ਆਪ ਹੀ ਹੁਕਮ ਦੇਣ ਵਾਲਾ ਹੈ ਅਤੇ ਆਪ ਹੀ ਹੁਕਮ ਮੰਨਣ ਵਾਲਾ ਹੈ ਤਾਂ ਫਿਰ ਸਰਾਪ ਕਿਸ ਨੂੰ ਦਿਤਾ ਜਾਵੇ? ਜੋ ਕੁਝ ਹੋ ਰਿਹਾ ਹੈ, ਇਹ ਮੇਰੇ ਪ੍ਰਭੂ ਦਾ ਭਾਣਾ ਹੈ -

*ਰਹੇ ਬਦੇਹੀ ਹੋਇ*
*ਦ੍ਰਿੜ੍ਹ ਬ੍ਰਹਮਗਿਆਨ ਨੀਕ।*
*ਜੋ ਬਰਨਿਓ ਮਧ ਸੁਖਮਨੀ*
*ਪਾਲ ਦਿਖਾਇਓ ਠੀਕ।*
*ਅਜਰ ਜਰਨਿ ਕੀ ਔਧਿ ਜਨਾਈ।*
*ਇਤੇ ਕਸ਼ਟ ਤੇ ਨਹੀਂ ਦਿਖਾਈ।*
*ਇੰਦ੍ਰ ਆਦਿ ਜੇਤਿਕ ਸੁਰ ਸਾਰੇ।*
*ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥*
*'ਧੰਨ ਜ ਧੰਨ ਜ' ਸਭ ਕਰਹਿ ਬਖਾਨਾ।*
*'ਇਨ ਤੇ ਬਿਨਾ ਨ ਐਸੋ ਆਨਾ।'*

ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ,
ਪੰਨਾ - 2369

ਆਪ ਨੇ ਪੀਰ ਜੀ ਨੂੰ ਸੰਬੋਧਨ ਕਰਕੇ ਫੁਰਮਾਇਆ -

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*
ਅੰਗ - 394

ਗੁਰੂ ਮਹਾਰਾਜ ਜੀ ਦੀ ਅਜੱਰ ਜਰਨ ਦੀ ਮਾਨਸਿਕ ਅਵਸਥਾ ਨੂੰ ਵੇਖ ਕੇ ਮੀਆਂ ਮੀਰ ਦਾ ਸੀਸ ਨਿਵ ਗਿਆ ਅਤੇ ਫੁਰਮਾਇਆ ਕਿ ਹੇ ਗੁਰੂ ਮਹਾਰਾਜ! ਇਕ ਤੂੰ ਹੀ ਹੈਂ ਜੋ ਐਸੇ ਹਾਲਾਤ ਨੂੰ ਸਮ ਅਵਸਥਾ ਵਿਚ ਵੇਖ ਰਿਹਾ ਹੈਂ। ਕਿਸੇ ਪੀਰ, ਰਿਸ਼ੀ-ਮੁਨੀ ਵਿਚ ਸ਼ਕਤੀ ਨਹੀਂ ਹੈ ਕਿ ਸਬਰ ਨੂੰ ਦ੍ਰਿੜ੍ਹ ਕਰੇ ਅਤੇ ਸਭ ਕੁਝ ਹੁੰਦਿਆਂ ਹੋਇਆਂ ਫੇਰ ਵੀ ਸਰਬੱਤ ਦੇ ਭਲੇ ਦੀ ਭਾਵਨੀ ਮਨ ਵਿਚ ਰੱਖੇ।

ਸੂਰਜ ਪ੍ਰਕਾਸ਼ ਵਿਚ ਆਉਂਦਾ ਹੈ ਕਿ ਅੰਤਰਜਾਮਤਾ ਦੇ ਬਲ ਨਾਲ ਗੋਰਖ ਨੇ ਸਮਾਧੀ ਵਿਚ ਦ੍ਰਿਸ਼ ਦੇਖਿਆ, ਜਿਸ ਕਾਰਨ ਉਹ ਇਸ ਦ੍ਰਿਸ਼ ਨੂੰ ਦੇਖ ਕੇ ਘਬਰਾ ਗਿਆ। ਅਦ੍ਰਿਸ਼ਟ ਰੂਪ ਵਿਚ ਗੁਰੂ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕਰਦਾ ਹੈ ਕਿ ਮੈਂ ਇਨ੍ਹਾਂ ਦੁਸ਼ਟਾਂ ਨੂੰ ਗਰਕ ਕਰ ਦੇਵਾਂ, ਆਗਿਆ ਦੇਵੋ। ਗੁਰੂ ਮਹਾਰਾਜ ਜੀ! ਜੇ ਇਨ੍ਹਾਂ ਨੂੰ ਸਬਕ ਨਾ ਦਿਤਾ ਗਿਆ ਤਾਂ ਇਹ ਦੁਸ਼ਟ, ਸੰਤਾਂ ਨੂੰ ਦੁਖੀ ਕਰਦੇ ਰਹਿਣਗੇ। ਇਨ੍ਹਾਂ ਦਾ ਭੈਅ ਦੂਰ ਹੋ ਜਾਵੇਗਾ ਅਤੇ ਰੱਬ ਦੇ ਪਿਆਰਿਆਂ ਦੀ ਨਿਰਾਦਰੀ ਸ਼ੁਰੂ ਹੋ ਜਾਵੇਗੀ। ਜੇ ਤੁਸੀਂ ਸ਼ਕਤੀ ਨਹੀਂ ਦਿਖਾਉਣੀ ਤਾਂ ਮੈਨੂੰ ਆਗਿਆ ਦੇਵੋ -

*ਨਾਂਹਿ ਤ ਦੁਸ਼ਟ ਹੰਕਾਰੀ ਹੋਇ॥*
*ਦੇਹਿ ਕਸ਼ਟ ਸੰਤਨਿ ਸਭਿ ਕੋਇ॥*

ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ,
ਪੰਨਾ - 2370

ਮਹਾਰਾਜ ਜੀ ਕਹਿਣ ਲੱਗੇ ਕਿ ਗੋਰਖ! ਅਸੀਂ

ਸਬਰ ਤੇ ਸ਼ੁਕਰ ਦਾ ਸਬਕ, ਆਉਣ ਵਾਲੇ ਜਗਿਆਸੂਆਂ ਨੂੰ ਆਪਣੇ ਉਤੇ ਵਰਤਾ ਕੇ ਦ੍ਰਿੜ੍ਹ ਕਰਾ ਰਹੇ ਹਾਂ। ਤੁਸੀਂ ਚਿੰਤਾ ਨਾ ਕਰੋ, ਅਜਿਹਾ ਅਸੀਂ ਆਪਣੀ ਇੱਛਾ ਨਾਲ ਹੀ ਕਰ ਰਹੇ ਹਾਂ। ਅਸਾਡੇ ਅੰਦਰ ਨਾਮ ਦੀ ਠੰਢਕ ਇਸ ਅਗਨ ਦੀ ਤਪਸ਼ ਨੂੰ ਨੇੜੇ ਨਹੀਂ ਆਉਣ ਦਿੰਦੀ। ਇਹ ਇਕ ਸਬਕ ਹੈ ਜੋ ਆਉਣ ਵਾਲੀ ਦੁਨੀਆਂ ਨੂੰ ਰਾਹ ਦਿਖਾਵੇਗਾ। ਅੰਦਰ ਬਾਹਰ ਪ੍ਰਭੂ ਨੂੰ ਪਸਰਿਆ ਹੋਇਆ ਕਹਿਣਾ ਬਹੁਤ ਆਸਾਨ ਹੈ ਪਰ ਉਸ ਨੂੰ ਜਲਦੀ ਅੱਗ, ਤਪਦੀ ਲੋਹ, ਸੀਸ ਪੈਂਦੇ ਤਪਦੇ ਰੇਤੇ ਅਤੇ ਪਾਣੀ ਦੇ ਉਬਾਲਾਂ ਵਿਚੋਂ ਪ੍ਰਭੂ ਨੂੰ ਦੇਖਣਾ ਅਤੇ ਵਰਤਣਾ ਬਹੁਤ ਔਖਾ ਹੈ। ਇਹ ਇਕ ਸਬਕ ਹੈ ਜੋ ਅਸੀਂ ਸੰਸਾਰ ਨੂੰ ਦੇ ਰਹੇ ਹਾਂ –

*ਏਕੋ ਏਕੁ ਕਹੈ ਸਭੁ ਕੋਈ*
*ਹਉਮੈ ਗਰਬੁ ਵਿਆਪੈ॥*
*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ॥*

*ਅੰਗ – 930*

ਸਰੀਰ ਛੱਡ ਜਾਣਾ ਜਾਂ ਰੱਖ ਲੈਣਾ ਗੁਰਮੁਖਾਂ ਦੇ ਆਪਣੇ ਹੱਥ ਵਿਚ ਹੋਇਆ ਕਰਦਾ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਮਹਾਰਾਜ ਜੀ ਨੂੰ ਬੰਨ੍ਹ ਕੇ ਰਾਵੀ, ਜੋ ਉਸ ਸਮੇਂ ਕਿਲੇ ਦੇ ਨਾਲ ਲਗਦੀ ਚਲਿਆ ਕਰਦੀ ਸੀ, ਵਿਚ ਰੁੜ੍ਹਾ ਦਿਤਾ। ਇਹ ਸ਼ਹੀਦੀ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਅਲੌਕਿਕ ਹੈ ਜੋ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦਿਆਂ ਹੋਇਆਂ ਭੀ ਸਬਰ, ਸ਼ੁਕਰ ਅਤੇ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ ਮਨੁਖਤਾ ਨੂੰ ਸੁੱਚੇ ਆਦਰਸ਼ਾਂ ਵਿਚ ਉਭਾਰਨ ਲਈ, ਨਿਰਭੈਤਾ ਦਾ ਜੀਵਨ ਬਖ਼ਸ਼ਣ ਲਈ ਇਕ ਅਦੁੱਤੀ ਮਿਸਾਲ ਹੈ; ਇਹ ਕੋਈ ਅਤਿਕਥਨੀ ਨਹੀਂ। ਮਹਾਂਪੁਰਸ਼ ਭਾਵੇਂ ਕਿਸੇ ਵੀ ਧਰਮ ਨਾਲ, ਕਿਸੇ ਵੀ ਦੇਸ਼ ਨਾਲ ਸਬੰਧ ਰਖਦਾ ਹੋਵੇ ਜਿਸ ਵਿਚ ਸਤਿ ਦਾ ਪ੍ਰਕਾਸ਼ ਪੂਰਨਤਾ ਨਾਲ ਹੋ ਗਿਆ ਹੋਵੇ, ਉਨ੍ਹਾਂ ਦੀ ਲੀਲ੍ਹਾ ਨਿਆਰੀ ਤੇ ਅਗੰਮ ਹੋਣ ਕਰਕੇ ਸਮਝਣੀ ਬਹੁਤ ਔਖੀ ਹੈ ਕਿਉਂਕਿ –

*ਸਤਿਗੁਰ ਪੁਰਖੁ ਅਗੰਮੁ ਹੈ*
*ਨਿਰਵੈਰੁ ਨਿਰਾਲਾ॥*

*ਭਾਈ ਗੁਰਦਾਸ ਜੀ, ਵਾਰ 34/1*

*ਸਤਿਗੁਰੁ ਪੁਰਖੁ ਅਗੰਮੁ ਹੈ*
*ਜਿਸੁ ਅੰਦਰਿ ਹਰਿ ਉਰਿਧਾਰਿਆ॥*
*ਸਤਿਗੁਰੂ ਨੋ ਅਪੜਿ ਕੋਇ ਨ ਸਕਈ*
*ਜਿਸੁ ਵਲਿ ਸਿਰਜਣਹਾਰਿਆ॥*
*ਸਤਿਗੁਰੂ ਕਾ ਖੜਗੁ ਸੰਜੋਉ*
*ਹਰਿ ਭਗਤਿ ਹੈ*
*ਜਿਤੁ ਕਾਲੁ ਕੰਟਕੁ*
*ਮਾਰਿ ਵਿਡਾਰਿਆ॥*
*ਸਤਿਗੁਰੂ ਕਾ ਰਖਣਹਾਰਾ*
*ਹਰਿ ਆਪਿ ਹੈ*
*ਸਤਿਗੁਰੂ ਕੈ ਪਿਛੈ*
*ਹਰਿ ਸਭਿ ਉਬਾਰਿਆ॥*
*ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ*
*ਸੋ ਆਪਿ ਉਪਾਵਣਹਾਰੈ ਮਾਰਿਆ॥*
*ਏਹ ਗਲ ਹੋਵੈ ਹਰਿ ਦਰਗਹ ਸਚੇ ਕੀ*
*ਜਨ ਨਾਨਕ ਅਗਮੁ ਵੀਚਾਰਿਆ॥*

*ਅੰਗ – 312*

*ਸਤਿਗੁਰੁ ਪੁਰਖੁ ਦਇਆਲੁ ਹੈ*
*ਜਿਸ ਨੋ ਸਮਤੁ ਸਭੁ ਕੋਇ॥*
*ਏਕ ਦ੍ਰਿਸਟਿ ਕਰਿ ਦੇਖਦਾ*
*ਮਨ ਭਾਵਨੀ ਤੇ ਸਿਧਿ ਹੋਇ॥*
*ਸਤਿਗੁਰ ਵਿਚਿ ਅੰਮ੍ਰਿਤੁ ਹੈ*
*ਹਰਿ ਉਤਮੁ ਹਰਿ ਪਦੁ ਸੋਇ॥*
*ਨਾਨਕ ਕਿਰਪਾ ਤੇ ਹਰਿ ਧਿਆਈਐ*
*ਗੁਰਮੁਖਿ ਪਾਵੈ ਕੋਇ॥*

*ਅੰਗ – 300*

ਐਸੇ ਸਤਿਗੁਰ ਨਾਲ ਵੈਰ ਕਰਕੇ ਇਨ੍ਹਾਂ ਭੁੱਲੜਾਂ ਨੇ ਸਦਾ ਲਈ ਆਪਣੇ ਆਪ ਨੂੰ ਕਲੰਕਿਤ ਕਰ ਲਿਆ। ਸ਼ਹੀਦ ਹੋ ਜਾਣਾ ਹਾਰ ਨਹੀਂ ਹੋਇਆ ਕਰਦੀ ਪਰ ਭਵਿੱਖਤ ਵਿਚ ਆਉਣ ਵਾਲਿਆਂ ਦੀ ਜਿੱਤ ਹੋਇਆ ਕਰਦੀ ਹੈ। ਨਿਰਵੈਰਾਂ ਨਾਲ ਵੈਰ ਕਰਨ ਵਾਲੇ ਪਚ ਜਾਂਦੇ ਹਨ। ਅੱਜ ਕਿਥੇ ਹਨ ਉਹ ਭੁੱਲੜ ਬੰਦੇ ਜਿਨ੍ਹਾਂ ਨੇ ਨਿਰਵੈਰ ਨਾਲ ਵੈਰ ਕੀਤਾ? ਪਰ ਗੁਰੂ ਮਹਾਰਾਜ ਜੀ ਸਦਾ-ਸਦਾ ਅਮਰ ਹਨ। ਉਨ੍ਹਾਂ ਦੀ ਮਹਾਨ ਸ਼ਹੀਦੀ ਸਦਾ ਹੀ ਪ੍ਰੇਰਨਾ ਦਿੰਦੀ ਰਹੇਗੀ

ਅਤੇ ਮਨੁੱਖ ਨੂੰ ਆਪਣੇ ਹੱਕਾਂ ਲਈ ਸ਼ਕਤੀ ਪ੍ਰਦਾਨ ਕਰਦੀ ਰਹੇਗੀ-

*ਸਤਿਗੁਰ ਪੁਰਖੁ ਨਿਰਵੈਰੁ ਹੈ*
*ਨਿਤ ਹਿਰਦੈ ਹਰਿ ਲਿਵ ਲਾਇ॥*
*ਨਿਰਵੈਰੈ ਨਾਲਿ ਵੈਰੁ ਰਚਾਇਦਾ*
*ਅਪਣੈ ਘਰਿ ਲੂਕੀ ਲਾਇ॥*
*ਅੰਤਰਿ ਕ੍ਰੋਧੁ ਅਹੰਕਾਰੁ ਹੈ*
*ਅਨਦਿਨੁ ਜਲੈ ਸਦਾ ਦੁਖੁ ਪਾਇ॥*
*ਕੂੜੁ ਬੋਲਿ ਬੋਲਿ ਨਿਤ ਭਉਕਦੇ*
*ਬਿਖੁ ਖਾਧੇ ਦੂਜੈ ਭਾਇ॥*
*ਬਿਖੁ ਮਾਇਆ ਕਾਰਣਿ ਭਰਮਦੇ*
*ਫਿਰਿ ਘਰਿ ਘਰਿ ਪਤਿ ਗਵਾਇ॥*
*ਬੇਸੁਆ ਕੇਰੇ ਪੂਤ ਜਿਉ*
*ਪਿਤਾ ਨਾਮੁ ਤਿਸੁ ਜਾਇ॥*
*ਹਰਿ ਹਰਿ ਨਾਮੁ ਨ ਚੇਤਨੀ*
*ਕਰਤੈ ਆਪਿ ਖੁਆਇ॥*
*ਹਰਿ ਗੁਰਮੁਖਿ ਕਿਰਪਾ ਧਾਰੀਅਨੁ*
*ਜਨ ਵਿਛੁੜੇ ਆਪਿ ਮਿਲਾਇ॥*

*ਅੰਗ - 1415*

ਅੱਜ ਇਸ ਮਹਾਨ ਘਟਨਾ ਨੂੰ ਅਸਾਨੂੰ ਵਿਚਾਰ ਕੇ ਸਮੁੱਚੇ ਸੰਸਾਰ ਨੂੰ ਆਪਣਾ ਸਮਝਣਾ ਚਾਹੀਦਾ ਹੈ। ਭੇਖਾਂ-ਭਰਮਾਂ ਤੋਂ ਨਿਆਰੇ ਹੋ ਕੇ ਵਹਿਮ ਪ੍ਰਸਤੀ ਤੇ ਭਰਮਾਂ ਦੇ ਪਾਏ ਬੰਧਨਾਂ ਨੂੰ ਦੂਰ ਕਰਕੇ ਮਨੁੱਖ ਮਾਤਰ ਦੀ ਸੇਵਾ ਵਿਚ ਜੁਟ ਜਾਣਾ ਚਾਹੀਦਾ ਹੈ। ਸਭ ਤੋਂ ਵੱਡੀ ਸੇਵਾ ਪ੍ਰਭੂ ਦਾ ਨਾਮ ਜਪ ਕੇ ਇਕ ਅੰਤਰੀਵੀ ਭਾਵਨਾ ਪੈਦਾ ਕਰਕੇ ਸੰਸਾਰ ਦਾ ਭਲਾ ਮੰਗਣਾ ਹੈ। ਇਕੋ ਅਰਦਾਸ ਕਰੀਏ, ਹੇ ਪ੍ਰਭੂ!

*ਜਗਤੁ ਜਲੰਦਾ ਰਖਿ ਲੈ*
*ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ*
*ਤਿਤੈ ਲੈਹੁ ਉਬਾਰਿ॥*
*ਸਤਿਗੁਰਿ ਸੁਖੁ ਵੇਖਾਲਿਆ*
*ਸਚਾ ਸਬਦੁ ਬੀਚਾਰਿ॥*
*ਨਾਨਕ ਅਵਰੁ ਨ ਸੁਝਈ*
*ਹਰਿ ਬਿਨੁ ਬਖਸਣਹਾਰ॥*

*ਅੰਗ - 853*

ਗੁਰੂ ਮਹਾਰਾਜ ਜੀ ਸਦਾ ਅਮਰ ਹਨ, ਹਾਜ਼ਰ ਨਾਜ਼ਰ ਹਨ। ਸੰਸਾਰ ਤੋਂ ਜਾਣਾ ਸਭ ਨੇ ਹੀ ਹੈ; ਇਕਨਾਂ ਦੇ ਜਾਣ ਤੇ ਸੰਸਾਰ ਕਦੇ ਉਨ੍ਹਾਂ ਨੂੰ ਭੁਲਦਾ ਨਹੀਂ, ਉਹ ਅਮਰ ਹਨ, ਹਾਜ਼ਰ ਨਾਜ਼ਰ ਹਨ, ਆਪਣਿਆਂ ਪਿਆਰਿਆਂ ਦੇ ਪਿਆਰ ਵਿਚ ਵਸਦੇ ਹਨ।

ਇਕ ਉਹ ਹਨ ਜਿਨ੍ਹਾਂ ਨੇ ਸਤਿਗੁਰੂ ਦਾ ਬੁਰਾ ਚਿਤਵਿਆ, ਨਿਰਵੈਰਾਂ ਸੰਗਿ ਵੈਰ ਰਚਾਏ; ਉਹ ਕਿਹੜੇ ਨਰਕਾਂ ਵਿਚ ਸੜਦੇ ਹੋਣਗੇ, ਕੌਣ ਜਾਣਦਾ ਹੈ।

ਆਖੋ ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ - ਸ਼ਹੀਦਾਂ ਦੇ ਸਿਰਤਾਜ -

*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ॥*
*ਜਪ੍ਯਉ ਜਿਨ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥*

*ਅੰਗ - 1409*

*ਧਰਨਿ ਗਗਨ ਨਵ ਖੰਡ ਮਹਿ*
*ਜੋਤਿ ਸ੍ਵਰੂਪੀ ਰਹਿਓ ਭਰਿ॥*
*ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ਯ ਹਰਿ॥*

*ਅੰਗ - 1409*

# ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ

ਗੁਰੂ ਅਰਜਨ ਪਾਤਸ਼ਾਹ ਜੀ ਨੂੰ ਗੁਰਿਆਈ ਮਿਲੀ, ਪ੍ਰਿਥੀ ਚੰਦ ਜੋ ਉਨ੍ਹਾਂ ਦਾ ਵੱਡਾ ਭਰਾ ਸੀ, ਉਹ ਵਲ ਛਲ ਕਰਕੇ ਗੁਰਿਆਈ ਆਪਣੇ ਪਾਸ ਰੱਖਣ ਦੀ ਸਦਾ ਹੀ ਸੋਚਦਾ ਰਹਿੰਦਾ ਸੀ ਪਰ ਗੁਰੂ ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਗੁਰਿਆਈ ਦੇ ਅਧਿਕਾਰੀ ਗੁਰੂ ਅਰਜਨ ਪਾਤਸ਼ਾਹ ਜੀ ਹੋਏ। ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ ਅਤੇ ਉਸਨੇ ਗੁਰਮਤਿ ਪ੍ਰਚਾਰ ਵਿਚ ਬਹੁਤ ਹੀ ਵਿਘਨ ਖੜ੍ਹੇ ਕੀਤੇ। ਸਾਰੀ ਦਸਵੰਧ ਦੀ ਰਕਮ ਜੋ ਮਸੰਦਾਂ ਰਾਹੀਂ ਗੁਰੂ ਕੇ ਖਜ਼ਾਨੇ ਵਿਚ ਪਹੁੰਚਿਆ ਕਰਦੀ ਸੀ, ਉਹ ਆਪਣੇ ਏਜੰਟਾਂ ਰਾਹੀਂ ਆਪ ਹੀ ਉਗਰਾਹ ਲੈਣੀ। ਸੰਗਤਾਂ ਨੂੰ ਰੋਕ ਲੈਣਾ ਪਰ ਲੰਗਰ ਛਕਣ ਵੇਲੇ ਗੁਰੂ ਅਰਜਨ ਪਾਤਸ਼ਾਹ ਜੀ ਪਾਸ ਭੇਜ ਦੇਣਾ। ਆਗਰੇ ਤੋਂ ਭਾਈ ਗੁਰਦਾਸ ਜੀ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਕੇ ਲੰਗਰ ਵਿਚ ਮਿੱਸੇ ਪ੍ਰਸ਼ਾਦੇ ਵਰਤਦੇ ਵੇਖ ਕੇ ਸਾਰੀ ਗੱਲ ਮਾਤਾ ਗੰਗਾ ਜੀ ਤੋਂ ਸਮਝ ਲਈ। ਆਪ ਨੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਗੁਰੂ ਪਦਵੀ ਕਿਸੇ ਦੀ ਵਿਰਾਸਤ ਨਹੀਂ ਹੈ, ਇਹ ਤਾਂ ਅਕਾਲ ਪੁਰਖ ਵਲੋਂ ਬਖਸ਼ਿਸ਼ ਹੈ ਪਰ ਪ੍ਰਿਥੀ ਚੰਦ ਜੀ ਨੇ ਕੋਈ ਗੱਲ ਨਾ ਮੰਨੀ। ਭਾਈ ਗੁਰਦਾਸ ਜੀ ਨੇ ਮੁਖੀ-ਮੁਖੀ ਪ੍ਰਵਾਨ ਗੁਰਸਿੱਖਾਂ ਨੂੰ ਨਾਲ ਲੈ ਕੇ ਸੰਗਤਾਂ ਨੂੰ ਗੁਰਗੱਦੀ ਬਾਰੇ ਗਿਆਤ ਕਰਾਈ। ਸੰਗਤਾਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਉਮੰਡ ਪਈਆਂ।

ਗੁਰੂ ਮਹਾਰਾਜ ਜੀ ਦੀ ਸ਼ਾਦੀ ਹੋਇਆਂ 14 ਸਾਲ ਹੋ ਗਏ ਸਨ ਪਰ ਅਜੇ ਤਕ ਕੋਈ ਸੰਤਾਨ ਨਹੀਂ ਸੀ ਹੋਈ। ਇਕ ਵਾਰੀ ਮਾਤਾ ਗੰਗਾ ਜੀ ਨੂੰ ਪ੍ਰਿਥੀ ਚੰਦ ਦੇ ਘਰੋਂ ਮਾਤਾ ਕਰਮੋ ਨੇ ਬਹੁਤ ਹੀ ਤਾਹਨੇ ਮਾਰੇ ਕਿਉਂਕਿ ਉਸ ਉਪਰ ਮਾਤਾ ਗੰਗਾ ਜੀ ਦੇ ਕੇਸੀ ਇਸ਼ਨਾਨ ਕਰਨ ਉਪਰੰਤ ਕੁਝ ਛਿਟਾਂ ਪਾਣੀ ਦੀਆਂ ਪੈ ਗਈਆਂ ਸਨ। ਉਸਨੇ ਕਿਹਾ ਕਿ ਤੇਰੇ ਤਾਂ ਸੰਤਾਨ ਹੁੰਦੀ ਨਹੀਂ ਤੇ ਮੇਰਾ ਘਰ ਵੀ ਉਜਾੜਨਾ ਚਾਹੁੰਦੀ ਹੈਂ? ਪ੍ਰਿਥੀ ਚੰਦ ਨੇ ਵੀ ਆਪਣੀ ਪਤਨੀ ਨੂੰ ਸਮਝਾਇਆ, ਕਿਹਾ ਕਿ "ਮਾਲ ਹੈ ਅਸਾਡਾ ਅਸਾਂ ਹੈ ਲੈਣਾ, ਨਾ ਇਨ੍ਹਾਂ ਦੇ ਪੁੱਤ, ਨਾ ਧੀ, ਨਾ ਸਾਕ, ਨਾ ਸੈਣਾਂ।" ਮਾਤਾ ਜੀ ਨੇ ਸਾਰੀ ਵਾਰਤਾ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਦੱਸੀ ਅਤੇ ਪੁੱਤਰ ਜਾਚਨਾ ਕੀਤੀ। ਆਪ ਜੀ ਨੇ ਆਪਣੇ ਪੂਰਨ ਬ੍ਰਹਮਗਿਆਨੀ ਗੁਰਮੁਖ ਅਭੇਦ ਅਵਸਥਾ ਦੇ ਬਾਬਾ ਬੁੱਢਾ ਜੀ ਵਲ ਸੰਕੇਤ ਕਰਦਿਆਂ ਫੁਰਮਾਨ ਕੀਤਾ ਕਿ ਅਸੀਂ ਤਾਂ ਸੁਖਮਨੀ ਸਾਹਿਬ ਵਿਚ ਪ੍ਰਗਟ ਕਰਕੇ ਅੰਕਿਤ ਕੀਤਾ ਹੈ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***
***ਅੰਗ - 266***

ਸੋ ਤੁਸੀਂ ਗੁਰਸਿੱਖਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੋ। ਉਨ੍ਹਾਂ ਦੇ ਬਚਨ ਹੋ ਗਏ ਤਾਂ ਆਪ ਜੀ ਨੂੰ ਪੁੱਤਰ ਦੀ ਦਾਤ ਜ਼ਰੂਰ ਮਿਲ ਜਾਵੇਗੀ। ਮਾਤਾ ਜੀ ਪੂਰੀ ਸ਼ਰਧਾ ਨਾਲ ਪੈਦਲ ਚਲ ਕੇ ਸਿਰ ਉਪਰ ਪ੍ਰਸ਼ਾਦਾ ਚੁੱਕ ਕੇ ਬਾਬਾ ਜੀ ਪਾਸ ਪਹੁੰਚ ਕੇ ਪ੍ਰਸ਼ਾਦਾ ਛਕਾਇਆ। ਬਾਬਾ ਜੀ ਪ੍ਰਸੰਨ ਹੋ ਗਏ, ਬਚਨ ਕੀਤਾ ਕਿ-

***ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ,***
***ਜਾਕੋ ਬਲ ਗੁਨ ਕਿਨਹੂੰ ਨ ਸੋਧਾ।***

ਬਾਬਾ ਜੀ ਨੇ ਕਿਹਾ ਕਿ ਜਿਵੇਂ ਮੈਂ ਗੰਢਾ ਭੰਨਿਆ ਹੈ, ਸਾਹਿਬਜ਼ਾਦਾ ਇਸ ਤਰ੍ਹਾਂ ਮੁਗਲਾਂ ਦੇ ਸੀਸ ਭੰਨੇਗਾ। ਪੀਰੀ ਮੀਰੀ ਦੋਨੋਂ ਧਾਰਨ ਕਰੇਗਾ। ਅਣਗਿਣਤ ਸ਼ਤਰੂਆਂ ਨੂੰ ਜੁੱਧ ਦੇ ਮੈਦਾਨ ਵਿਚ ਜਿੱਤਣ ਵਾਲਾ ਹੋਵੇਗਾ। ਗੁਰੂ ਮਹਾਰਾਜ ਜੀ, ਮਾਤਾ ਗੰਗਾ ਜੀ ਤੋਂ ਬਾਬਾ ਜੀ ਵਲੋਂ ਦਿਤੇ ਸ਼ੁਭ ਉਪਦੇਸ਼ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ। ਪ੍ਰਿਥੀ ਚੰਦ ਨੇ ਜਾਦੂ ਟੂਣਿਆਂ ਰਾਹੀਂ ਬਹੁਤ ਵਾਰ ਕਰਾਏ ਪਰ ਕੋਈ ਵੀ ਸਫਲ ਨਾ ਹੋਇਆ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦਾ ਪ੍ਰਕਾਸ਼ 9 ਜੂਨ, 1595 ਨੂੰ ਵਡਾਲੀ ਵਿਖੇ ਹੋਇਆ। ਪ੍ਰਿਥੀ ਚੰਦ ਨੇ ਬਹੁਤ ਹੀ ਘਟੀਆ ਚਾਲਾਂ ਚੱਲੀਆਂ। ਇਕ ਦਾਈ ਨੂੰ ਨੌਕਰ ਰਖਵਾ

ਕੇ ਦੁੱਧ ਰਾਹੀਂ ਜ਼ਹਿਰ ਦੇਣ ਦੀ ਵਿਉਂਤ ਬਣਾਈ। ਦਾਈ ਨੇ ਆਪਣੇ ਥਣਾਂ ਨਾਲ ਜ਼ਹਿਰ ਲਾ ਕੇ ਬਾਲ ਹਰਿਗੋਬਿੰਦ ਜੀ ਨੂੰ ਦੁਧ ਪਿਲਾਉਣਾ ਚਾਹਿਆ ਪਰ ਬਾਲ ਦੇ ਰੋਣ ਦੀ ਅਵਾਜ਼ ਸੁਣ ਕੇ ਮਾਤਾ ਜੀ ਸਮੇਂ ਸਿਰ ਪਹੁੰਚ ਗਏ। ਉਹ ਜ਼ਹਿਰ ਕੜਵਾ ਸੀ, ਉਹ ਦਾਈ ਉਸੇ ਜ਼ਹਿਰ ਨਾਲ ਮਰ ਗਈ ਅਤੇ ਦੱਸ ਦਿਤਾ ਕਿ ਮੈਨੂੰ ਪ੍ਰਿਥੀ ਚੰਦ ਨੇ ਭੇਜਿਆ ਸੀ।

ਇਸੇ ਤਰ੍ਹਾਂ ਪ੍ਰਿਥੀ ਚੰਦ ਨੇ ਸਪੇਰੇ ਰਾਹੀਂ ਜ਼ਹਿਰੀਲੇ ਸੱਪਾਂ ਤੋਂ ਮਰਵਾਉਣ ਦੀ ਵਿਉਂਤ ਬਣਾਈ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਉਪਰ ਸੱਪ ਛੱਡ ਦਿਤਾ ਪਰ ਉਨ੍ਹਾਂ ਨੇ ਸੱਪ ਦੀ ਮੁੰਡੀ ਆਪਣੇ ਹੱਥ ਵਿਚ ਭੀਚ ਲਈ ਤੇ ਸੱਪ ਮਰ ਗਿਆ। ਇਸੇ ਤਰ੍ਹਾਂ ਨਾਲ ਇਕ ਬ੍ਰਾਹਮਣ ਰਾਹੀਂ ਦਹੀਂ ਵਿਚ ਜ਼ਹਿਰ ਪਾ ਕੇ ਮਰਵਾਉਣਾ ਚਾਹਿਆ। ਇਹ ਬ੍ਰਾਹਮਣ ਪੇਟ ਵਿਚ ਸੂਲ ਪੈਣ ਨਾਲ ਮਰ ਗਿਆ। ਉਹੀ ਦਹੀਂ ਜਦ ਕੁੱਤੇ ਨੂੰ ਪਾਇਆ ਤਾਂ ਕੁੱਤਾ ਵੀ ਮਰ ਗਿਆ। ਇਤਿਹਾਸਾਂ ਵਿਚ ਲਿਖਿਆ ਹੈ ਕਿ ਆਪ ਜੀ ਦੀ ਬਾਲ ਉਮਰ ਵਿਚ ਅੱਖਰੀ ਵਿਦਿਆ ਭਾਈ ਗੁਰਦਾਸ ਜੀ ਰਾਹੀਂ ਪ੍ਰਾਪਤ ਹੋਈ। ਇਸ ਤੋਂ ਬਿਨਾਂ ਜੋਤਿਸ਼, ਸ਼ਾਸ਼ਤਰ, ਖੇਤੀ ਬਾੜੀ ਤੇ ਨੀਤੀ ਵੀ ਪੜ੍ਹਾਈ, ਘੋੜ ਸਵਾਰੀ, ਨੇਜਾਬੰਦੀ, ਤੀਰ ਅੰਦਾਜ਼ੀ, ਨਿਸ਼ਾਨਾਬਾਜ਼ੀ ਤੇ ਬੰਦੂਕ ਆਦਿ ਵਰਤਣ ਦਾ ਵਲ ਵੀ ਸਿਖਾਇਆ ਗਿਆ। ਯੁੱਧ ਵਿਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਕਰਵਾਈ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਸ਼ਹਾਦਤ ਦੇਣ ਲਈ ਲਾਹੌਰ ਜਾਣ ਲੱਗੇ ਤਾਂ ਆਪ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰਗੱਦੀ ਦੀ ਰੀਤ ਪੂਰੀ ਕਰਨ ਲਈ ਆਖਿਆ ਤੇ ਬਚਨ ਕੀਤਾ ਕਿ ਸਾਡਾ ਅੰਤ ਸਮਾਂ ਨੇੜੇ ਹੈ। ਭਾਈ ਕੇਸਰ ਸਿੰਘ ਜੀ ਛਿੱਬਰ ਅਨੁਸਾਰ -

***ਹਰਿਗੋਬਿੰਦ ਦੀ ਬਾਹਿ ਪਕੜਾਈ।***
***ਭਾਈ ਗੁਰਦਾਸ ਨੂੰ ਬੈਠ ਸਮਝਾਇਆ।***
***ਸਾਡਾ ਲਗੇਗਾ ਸੀਸ***
***ਇਹ ਨਿਸਚਾ ਆਇਆ।***
***ਅਸਾਂ ਹੋਇਆ ਤੁਰਕਾਂ ਵਿਚ ਜਾਣਾ।***
***ਉਨ੍ਹਾਂ ਕਰਨੀ ਹੈ ਹੁਜਤ।***
***ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾਂ।***
***ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ।***
***ਰਜਾਇ ਖਾਵੰਦ ਦੀ ਹੈ,***
***ਇਸ ਤਰ੍ਹਾਂ ਹੋਈ।***
***ਸਾਹਿਬ ਮਥਾ ਟੇਕ ਵਿਦਿਆ ਹੋਇ ਗਏ।***
***ਦੁਸ਼ਟ-ਚੌਕੜੀ ਵਿਚ ਆਵਤ ਭਏ।***
***ਜੁਆਬ ਸੁਆਲ ਬਹੁਤ ਹੀ ਹੋਇਆ।***
***ਭਹੇ ਕੈਦ ਦੁਖ ਪਾਇਆ,***
***ਸੁਖ ਖੋਇਆ।***

***(ਬੰਸਾਵਲੀ ਨਾਮਾ)***

ਲਾਹੌਰ ਨੂੰ ਤੁਰਨ ਵੇਲੇ ਆਪ ਜੀ ਨੇ ਸਮੇਂ ਨੂੰ ਭਾਂਪਦਿਆਂ ਹੋਇਆਂ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਉਪਦੇਸ਼ ਦਿਤਾ ਕਿ ਬੇਟਾ! ਕਰੜੇ ਸਮੇਂ ਆ ਰਹੇ ਹਨ, ਬਦੀ ਦੀਆਂ ਤਾਕਤਾਂ ਮੁੱਢਲੇ ਹੱਕਾਂ ਦੀ ਜੜ੍ਹ ਵੱਢਣ ਦੇ ਆਹਰ ਵਿਚ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਦਾ ਘਰ ਸੰਸਾਰ ਨੂੰ ਸਿਖਾਉਂਦਾ ਹੈ - ਸੱਚ ਤੇ ਜਿਉਣਾ, ਸਭ ਨਾਲ ਪਿਆਰ ਦੀ ਵਰਤੋਂ ਰਖਣੀ ਅਤੇ ਆਪਣੀ ਇਨਸਾਨੀ ਅਣਖ ਅਤੇ ਅਜ਼ਾਦੀ ਦੀ ਰਖਸ਼ਾ ਕਰਨੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਅਸੀਂ ਪੂਰੇ ਅਮਨ ਅਤੇ ਸ਼ਾਂਤਮਈ ਦਾ ਜੀਵਨ ਜਿਉਂਦੇ ਰਹੇ ਹਾਂ, ਇਨਸਾਨ ਦੇ ਅੰਦਰੋਂ ਕਾਲ ਦਾ ਭੈ ਖਤਮ ਕਰਕੇ ਉਸਨੂੰ ਅਕਾਲ ਨਾਲ ਜੋੜਿਆ ਹੈ ਅਤੇ ਮੌਤ ਨੂੰ ਪਾਰ ਕੀਤਾ ਹੈ। ਗੁਰਸਿੱਖਾਂ ਦੇ ਅੰਦਰ ਜੀਵਨ ਜਾਂਚ ਪ੍ਰਗਟ ਹੋ ਗਈ ਹੈ। ਉਹ ਨਾ ਕਿਸੇ ਨੂੰ ਭੈ ਦਿੰਦੇ ਹਨ ਅਤੇ ਨਾ ਕਿਸੇ ਦਾ ਭੈ ਮੰਨਦੇ ਹਨ। ਬੇਟਾ! ਆਦਮੀ ਦੇ ਜੀਵਨ ਵਿਚ ਖੁਸ਼ੀ ਤੇ ਖੇੜਾ ਤਾਂ ਹੀ ਰਹਿ ਸਕਦਾ ਹੈ ਜੇ ਉਹ ਨਾ ਕਿਸੇ ਨੂੰ ਭੈ ਦੇਵੇ ਅਤੇ ਨਾ ਹੀ ਕਿਸੇ ਦਾ ਨਜਾਇਜ਼ ਭੈ ਮੰਨੇ। ਜੀਵਨ ਦਾ ਪ੍ਰਮ ਉਚਾ ਅਸੂਲ ਹੁੰਦਾ ਹੈ ਕਿ ਆਪ ਖੁਸ਼ੀ ਤੇ ਖੇੜਿਆਂ ਵਿਚ ਜੀਵੋ ਤੇ ਦੂਜਿਆਂ ਨੂੰ ਖੁਸ਼ੀਆਂ ਵਿਚ ਜੀਉਣ ਦਿਓ। ਰਾਜੇ ਦਾ ਧਰਮ ਪੂਰਾ ਨਿਆਂ ਕਰਕੇ ਇਨਸਾਨ ਦੇ ਮੁਢਲੇ ਹੱਕਾਂ ਦੀ ਰਾਖੀ ਕਰਨਾ ਹੈ ਪਰ ਇਹ ਮੁਗਲ ਰਾਜੇ ਇਸ ਸੁਨਹਿਰੀ ਅਸੂਲ ਨੂੰ ਭੁੱਲ ਗਏ ਹਨ ਅਤੇ ਨਿਆਂ ਨੂੰ ਛੱਡ ਕੇ ਅਨੇਕਾਂ ਕਿਸਮ ਦੇ

ਜ਼ੁਲਮ ਇਨਸਾਨ ਉਤੇ ਢਾਹੇ ਜਾ ਰਹੇ ਹਨ ਜਿਨ੍ਹਾਂ ਨੂੰ ਸਹਿਣਾ ਕਾਇਰਤਾ ਹੋਇਆ ਕਰਦੀ ਹੈ। ਅਸੀਂ ਗੁਰਸਿੱਖ ਨੂੰ ਸੁੱਚਾ ਜੀਵਨ ਜੀਉਣ ਦੀ ਸੋਝੀ ਦਿਤੀ ਹੈ। ਉਸ ਨੇ ਆਪਣੇ ਆਤਮ ਸਰੂਪ ਨੂੰ ਪਛਾਣ ਲਿਆ ਹੈ ਜੋ ਨਾ ਤਲਵਾਰ ਨਾਲ ਕੱਟਿਆ ਜਾ ਸਕਦਾ ਹੈ, ਨਾ ਪਾਣੀ ਵਿਚ ਡੁੱਬ ਸਕਦਾ ਹੈ, ਨਾ ਅੱਗ ਵਿਚ ਜਲ ਸਕਦਾ ਹੈ ਅਤੇ ਨਾ ਹੀ ਕਿਸੇ ਢੰਗ ਨਾਲ ਮਾਰਿਆ ਜਾ ਸਕਦਾ ਹੈ। ਉਹ ਸੰਸਾਰ ਵਿਚ ਕਾਨੂੰਨ ਮੁਤਾਬਿਕ ਰਹਿੰਦਿਆਂ ਦੂਸਰਿਆਂ ਨੂੰ ਸੁੱਖ ਪਹੁੰਚਾਉਣ ਦੇ ਇਛੁਕ ਹਨ। ਹੁਣ ਇਨ੍ਹਾਂ ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਹੈ। ਇਨ੍ਹਾਂ ਨੇ ਇਨਸਾਨਾਂ ਦੇ ਬੁਨਿਆਦੀ ਹੱਕਾਂ ਤੇ ਕੁਹਾੜਾ ਚਲਾ ਕੇ ਉਨ੍ਹਾਂ ਨੂੰ ਅਤਿ ਨਿਰਬਲ ਕਰ ਦਿਤਾ ਹੈ। ਇਨ੍ਹਾਂ ਬੁਨਿਆਦੀ ਅਸੂਲਾਂ ਦੀ ਰਾਖੀ ਹੁਣ ਤਕ ਪਿਆਰ, ਪ੍ਰੇਮ ਤੇ ਸ਼ੁਭ ਉਪਦੇਸ਼ ਦੇ ਕੇ ਕੀਤੀ ਜਾਂਦੀ ਰਹੀ ਹੈ ਪਰ ਹੁਣ ਦਾ ਸ਼ਾਸ਼ਕ ਅੰਨ੍ਹਾ ਬੋਲਾ ਹੋ ਗਿਆ ਹੈ, ਉਹ ਕਿਸੇ ਨਿਆਂ ਦੀ ਬਾਤ ਨੂੰ ਸੁਣਨ ਵਾਸਤੇ ਤਿਆਰ ਨਹੀਂ ਹੈ।

ਸੋ ਇਨਸਾਨ ਸਾਮ੍ਹਣੇ ਦੋ ਹੀ ਰਾਹ ਹਨ - ਇਕ ਤਾਂ ਇਹ ਹੈ ਕਿ ਭੇਡਾਂ, ਬਕਰੀਆਂ, ਵਾਂਗੂੰ ਚੁਪ ਕਰਕੇ ਆਪਣਾ ਗਲਾ ਕਟਵਾਉਣਾ; ਦੂਜਾ ਇਹ ਹੈ ਕਿ ਇਨ੍ਹਾਂ ਹਲਕੇ ਹੋਏ ਬੰਦਿਆਂ ਨੂੰ ਸੁਮੱਤ ਦੇਣ ਲਈ ਸ਼ਕਤੀ ਦੀ ਵਰਤੋਂ ਸੰਸਥਾ ਦੇ ਰੂਪ ਵਿਚ ਕੀਤੀ ਜਾਵੇ। ਅਣਖ ਵਾਲੇ ਬੰਦੇ ਉਭਾਰੇ ਜਾਣ ਅਤੇ ਇਨ੍ਹਾਂ ਦਾ ਸਮੂੰਹ ਇਨ੍ਹਾਂ ਬੇ-ਨਿਆਈਆਂ ਨੂੰ ਦੂਰ ਕਰਨ ਲਈ ਆਪਣਾ ਤਾਣ ਲਾਵੇ। ਜਿਥੇ ਹੁਣ ਤਕ ਸ਼ਾਂਤਮਈ ਅਤੇ ਪਿਆਰ ਦਾ ਉਪਦੇਸ਼ ਦਿਤਾ ਜਾ ਰਿਹਾ ਹੈ, ਉਥੇ ਹੁਣ ਇਸ ਨਾਲ ਸ਼ਕਤੀ ਦੀ ਵੀ ਲੋੜ ਪੈ ਗਈ ਹੈ। ਸੋ ਤੁਸੀਂ ਆਪ ਸਸ਼ਤਰ ਪਹਿਨਣੇ ਹਨ ਅਤੇ ਸਿੱਖਾਂ ਨੂੰ ਇਕ ਬਹਾਦਰ ਜਥੇਬੰਦੀ ਦੇ ਰੂਪ ਵਿਚ ਸਿਰਜਣਾ ਹੈ। ਉਸ ਦਾ ਧਾਰਮਿਕ ਪੱਖ ਸੰਤ ਦਾ ਹੋਵੇਗਾ ਅਤੇ ਦੁਨਿਆਵੀ ਜੀਵਨ ਇਕ ਮਹਾਨ ਯੋਧੇ ਦਾ ਹੋਣਾ ਚਾਹੀਦਾ ਹੈ। ਅੱਜ ਤੋਂ ਪਹਿਲਾਂ ਭਾਰਤ ਵਰਸ਼ ਵਿਚ ਬੇਅੰਤ ਮਹਾਨ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਸੰਨਿਆਸ ਦੀ ਪ੍ਰਾਪਤੀ ਉਪਰੰਤ ਕਰਮਯੋਗ ਨੂੰ ਆਪਣੇ ਜੀਵਨ ਵਿਚ ਢਾਲਿਆ ਹੈ। ਕ੍ਰਿਸ਼ਨ ਮਹਾਰਾਜ, ਸ੍ਰੀ ਰਾਮ ਚੰਦਰ ਜੀ ਪੂਰੀ ਤਰ੍ਹਾਂ ਨਾਲ ਨਿਰਲੇਪ ਰਹਿੰਦੇ ਹੋਏ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਲਈ ਅਤੇ ਬੁਰਿਆਈਆਂ ਦੇ ਖਾਤਮੇ ਲਈ ਦੁਸ਼ਟਾਂ, ਦੂਤਾਂ ਨੂੰ ਸ਼ਸ਼ਤਰਧਾਰੀ ਹੋ ਕੇ ਦੰਡ ਦਿੰਦੇ ਰਹੇ। ਅਸੀਂ ਲਾਹੌਰ ਜਾ ਕੇ ਆਪਣਾ ਸੀਸ ਦੇਣਾ ਹੈ ਕਿਉਂਕਿ ਅਸੀਂ ਬੇਅਸੂਲੀਆਂ ਗੱਲਾਂ ਮੰਨਣੀਆਂ ਨਹੀਂ ਜਿਸਦੇ ਫਲਸਰੂਪ ਅਸਾਨੂੰ ਆਪਣੀ ਸ਼ਹਾਦਤ ਦੇਣੀ ਪਵੇਗੀ।

ਸੋ ਇਸੇ ਤਰ੍ਹਾਂ ਹੋਇਆ ਕਿ ਗੁਰੂ ਮਹਾਰਾਜ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾ ਕੇ, ਉਬਲਦੇ ਪਾਣੀਆਂ ਵਿਚ ਉਬਾਲੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਗੱਦੀ ਤੇ ਬੈਠਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਦਸਤਾਰ ਉਪਰ ਕਲਗੀ ਲਾਈ ਗਈ ਅਤੇ ਤਖਤ ਉਤੇ ਬੈਠਣਾ ਸ਼ੁਰੂ ਕਰ ਦਿਤਾ ਗਿਆ। ਕਨਿੰਘਮ ਲਿਖਦਾ ਹੈ ਕਿ ਇਸ ਸ਼ਹਾਦਤ ਦਾ ਪ੍ਰਭਾਵ ਸਿੱਖੀ ਸੋਚ ਉਪਰ ਪਿਆ ਅਤੇ ਕੇਵਲ ਭਗਤੀ ਮਾਰਗ ਨੂੰ ਹੋਰ ਵਧਾ ਕੇ ਨਾਲ ਕੁਰਬਾਨੀ ਦਾ ਮਾਰਗ ਵੀ ਅਪਨਾਉਣਾ ਸ਼ੁਰੂ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੇ ਸਮੇਂ ਵਿਚ ਇਕ ਸੈਨਿਕ ਆਗੂ ਦੇ ਰੂਪ ਵਿਚ ਵੀ ਪ੍ਰਗਟ ਹੋ ਗਏ। ਜਿਥੇ ਆਪ ਸਮਰੱਥ ਸਤਿਗੁਰੂ ਸਨ, ਉਥੇ ਨਾਲ ਹੀ ਸੰਸਾਰ ਦੇ ਭਲੇ ਲਈ ਸ਼ਸ਼ਤਰਾਂ ਨਾਲ ਜੂਝ ਕੇ ਕੁਰਬਾਨੀ ਦੇ ਕੇ ਸਰੀਰ ਸਫਲਾ ਕਰਨ ਦੀ ਸਿਖਸ਼ਾ ਵੀ ਦਿੰਦੇ ਰਹੇ। ਸਕਾਟ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਇਨ੍ਹਾਂ ਵਾਹਿਗੁਰੂ ਦੇ ਪੁਜਾਰੀਆਂ ਨੂੰ, ਧਾਰਮਿਕ ਗ੍ਰੰਥ, ਕੇਂਦਰੀ ਧਾਰਮਿਕ ਅਸਥਾਨ, ਅਤੇ ਇਕੋ ਮਰਯਾਦਾ ਦਿਤੀ ਗਈ ਸੀ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਪਿਛੋਂ ਦੁਸ਼ਮਨ ਦਾ ਟਾਕਰਾ ਕਰਨ ਦਾ ਜਜ਼ਬਾ ਵੀ ਉਭਰ ਕੇ ਸਾਮ੍ਹਣੇ ਆਇਆ। ਸਿੱਖ ਸ਼ਸ਼ਤਰ ਰੱਖਣ ਲੱਗੇ ਅਤੇ ਬਦੀ ਦੀਆਂ ਤਾਕਤਾਂ ਦਾ ਸਾਥ ਨਾ ਦੇਣ ਦਾ ਇਰਾਦਾ ਬਣਾ ਲਿਆ। ਗੁਰੂ ਮਹਾਰਾਜ ਜੀ ਨੇ ਜਿਥੇ ਸਿੱਖਾਂ ਨੂੰ ਉਚੀਆਂ ਅਵਸਥਾਵਾਂ ਵਿਚ ਪ੍ਰਵੇਸ਼ ਕਰਾਇਆ, ਉਥੇ ਦੇਹ ਹੰਗਤਾ ਪੂਰਨ ਤੌਰ ਤੇ ਨਾਸ਼ ਕਰਕੇ ਇਸੇ ਦੇਹ ਨੂੰ ਪਰਉਪਕਾਰ ਵਿਚ ਸਫਲ ਕਰਨ ਦੀ ਸੋਝੀ

ਦਿਤੀ। ਭਾਈ ਗੁਰਦਾਸ ਜੀ ਆਪਣੀ 39ਵੀਂ ਵਾਰ ਵਿਚ ਬਦਲੀ ਹੋਈ ਹਾਲਤ ਬਾਰੇ ਫੁਰਮਾਨ ਕਰਦੇ ਹਨ–

*ਦਸਤਗੀਰ ਹੁਇ ਪੰਜ ਪੀਰ*
*ਹਰਿ ਗੁਰੁ ਹਰਿਗੋਬਿੰਦ ਅਤੋਲਾ।*
*ਦੀਨ ਦੁਨੀ ਦਾ ਪਾਤਸ਼ਾਹ*
*ਪਾਤਸ਼ਾਹਾਂ ਪਾਤਸ਼ਾਹ ਅਡੋਲਾ।*
*ਪੰਜ ਪਿਆਲੇ ਅਜਰੁ ਜਰਿ ਹੋਇ*
*ਮਸਤਾਨ ਸੁਜਾਣ ਵਿਚੋਲਾ।*
*ਤੁਰੀਆ ਚੜ੍ਹਿ ਜਿਣਿ ਪਰਮਤੱਤੁ*
*ਛਿਅ ਵਰਤਾਰੇ ਕੋਲੋ ਕੋਲਾ।*
*ਛਿਅ ਦਰਸ਼ਨ ਛਿਅ ਪੀੜ੍ਹੀਆਂ*
*ਇਕਸੁ ਦਰਸਨੁ ਅੰਦਰਿ ਗੋਲਾ।*
*ਜਤੀ ਸਤੀ ਸੰਤੋਖੀਆਂ*
*ਸਿਧ ਨਾਥ ਅਵਤਾਰ ਵਿਰੋਲਾ।*
*ਗਿਆਰਹ ਰੁਦ੍ਰ ਸਮੁੰਦ੍ਰ ਵਿਚ*
*ਮਰਿ ਜੀਵੇ ਤਿਸੁ ਰਤਨ ਅਮੋਲਾ।*
*ਬਾਰਹ ਸੋਲਾ ਮੇਲ ਕਰਿ*
*ਵੀਹ ਇਕੀਹ ਚੜ੍ਹਾਉ ਹਿੰਡੋਲਾ।*
*ਅੰਤਰਜਾਮੀ ਬਾਲਾ ਭੋਲਾ।।*

***ਭਾਈ ਗੁਰਦਾਸ ਜੀ, ਵਾਰ 39/3***

ਇਸ ਬਦਲੇ ਹੋਏ ਪ੍ਰੋਗਰਾਮ ਨੇ ਇਕ ਇਨਕਲਾਬ ਲਿਆ ਦਿਤਾ। ਅਣਖ ਨਾਲ ਜ਼ਿੰਦਗੀ ਜੀਉਣ ਦਾ ਸਾਹਸ ਹਰ ਗੁਰਸਿੱਖ ਦੇ ਅੰਦਰ ਪੈਦਾ ਕਰ ਦਿਤਾ। ਹੁਣ ਸੰਗਤਾਂ ਚੰਗੇ ਸ਼ਸ਼ਤਰ, ਸੋਹਣੇ ਘੋੜੇ, ਜੰਗੀ ਸਮਾਨ ਗੁਰੂ ਮਹਾਰਾਜ ਦੀ ਸੇਵਾ ਵਿਚ ਲਿਆਉਣ ਲੱਗੇ। ਹਰ ਰੋਜ਼, ਸਵੇਰ ਸ਼ਾਮ ਦੀਵਾਨ ਲਗਦੇ ਹਨ। ਅੰਮ੍ਰਿਤ ਵੇਲੇ ਵੀ ਦੀਵਾਨ ਵਿਚ ਰੂਹਾਨੀਅਤ ਦਾ ਪੂਰੀ ਤਰ੍ਹਾਂ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਸ਼ਾਮ ਦੇ ਦੀਵਾਨ ਵਿਚ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਗਾਈਆਂ ਦੇ ਵੱਗ, ਸ਼ੇਰਾਂ ਦੇ ਰੂਪ ਧਾਰਨ ਕਰਨ ਲੱਗੇ, ਧਰਮ ਖੇਤੀ ਦੀ ਰਾਖੀ ਲਈ ਬਾੜ ਲਗਾਈ ਜਾਣ ਲੱਗੀ। ਕਈਆਂ ਪ੍ਰੇਮੀਆਂ ਨੂੰ ਇਸ ਬਦਲੀ ਹੋਈ ਰਹੁਰੀਤ ਵਿਚ ਸ਼ੰਕਾ ਪੈਦਾ ਹੋ ਗਿਆ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ 26ਵੀਂ ਵਾਰ ਦੀ 24ਵੀਂ ਪਉੜੀ ਵਿਚ ਲਿਖਦੇ ਹਨ–

*ਧਰਮਸਾਲ ਕਰ ਬਹੀਦਾ*
*ਇੱਕਤ ਥਾਂ ਨ ਟਿਕੈ ਟਿਕਾਯਾ।*
*ਪਾਤਸ਼ਾਹ ਘਰ ਆਂਵਦੇ*
*ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਯਾ।*
*ਉੱਮਤ ਮਹਿਲ ਨ ਪਾਵਦੀ*
*ਨਠਾ ਫਿਰੈ ਨ ਡਰੈ ਡਰਾਯਾ।*
*ਮੰਜੀ ਬਹਿ ਸੰਤੋਖਦਾ*
*ਕੁੱਤੇ ਰੱਖ ਸ਼ਿਕਾਰ ਖਿਲਾਯਾ।*
*ਬਾਣੀ ਕਰ ਸੁਣ ਗਾਂਵਦਾ*
*ਕਥੈ ਨ ਸੁਣੈ ਨ ਗਾਂਵ ਸੁਣਾਯਾ।*
*ਸੇਵਕ ਪਾਸ ਨ ਰੱਖੀਅਨਿ*
*ਦੋਖੀ ਦੁਸ਼ਟ ਆਗੂ ਮੁਹਿ ਲਾਯਾ।*
*ਸੱਚ ਨ ਲੁਕੈ ਲੁਕਾਇਆ*
*ਚਰਣ ਕਵਲ ਸਿੱਖ ਭਵਰ ਲੁਭਾਯਾ।*
*ਅਜਰ ਜਰੈ ਨ ਆਪ ਜਣਾਯਾ।।*

***ਭਾਈ ਗੁਰਦਾਸ ਜੀ, ਵਾਰ – 26/24***

*ਖੇਤੀ ਵਾੜ ਸੁ ਢਿੰਗਰੀ ਕਿੱਕੁਰ*
*ਆਸ ਪਾਸ ਜਿਉਂ ਬਾਗੈ।।*
*ਸੱਪ ਲਪੇਟੇ ਚੰਨਣੈ ਬੂਹੇ*
*ਜੰਦਾ ਕੁਤਾ ਜਾਗੈ।।*
*ਕਵਲੈ ਕੰਡੇ ਜਾਣੀਅਣਿ*
*ਸਿਆਣਾ ਇਕ ਕੋਈ ਵਿਚ ਫਾਗੈ।।*
*ਜਿਉਂ ਪਾਰਸ ਵਿਚ ਪੱਥਰਾਂ*
*ਮਣਿ ਮਸਤਕਿ ਜਿਉਂ ਕਾਲੈ ਨਾਗੈ।।*
*ਰਤਨ ਸੋਹੈ ਗਲ ਪੋਤ ਵਿਚ*
*ਮੈਗਲ ਬੱਧਾ ਕੱਚੈ ਧਾਗੈ।।*
*ਭਾਵ ਭਗਤਿ ਭੁਖ ਜਾਇ*
*ਘਰ ਬਿਦਰ ਖਵਾਲੈ ਪਿੱਨੀ ਸਾਗੈ।।*
*ਚਰਣ ਕਵਲ ਗੁਰ ਸਿੱਖ*
*ਭਉਰ ਸਾਧਸੰਗਤ ਸਹਲੰਗ ਸਭਾਗੈ।।*
*ਪਿਰਮ ਪਿਆਲੈ ਦੁੱਤਰੁ ਝਾਗੈ।।*

***ਭਾਈ ਗੁਰਦਾਸ ਜੀ, ਵਾਰ – 26/25***

ਭਾਈ ਗੁਰਦਾਸ ਜੀ ਨੇ ਜਬਰ ਵਿਰੁੱਧ ਤਲਵਾਰ ਉਠਾਉਣਾ ਧਰਮ ਦਾ ਇਕ ਹਿੱਸਾ ਮੰਨਿਆ। ਆਪ ਨੇ ਪ੍ਰਮਾਣ ਦਿੰਦਿਆਂ ਹੋਇਆਂ ਲਿਖਿਆ ਕਿ ਕਰੜੀ ਚੀਜ਼ ਨੂੰ ਤੋੜਨ ਲਈ ਮਜ਼ਬੂਤ ਹੱਥਾਂ ਦੀ ਲੋੜ ਹੁੰਦੀ ਹੈ। ਖੂਹ 'ਚੋਂ ਪਾਣੀ ਕੱਢਣ ਲਈ ਡੋਲ ਨੂੰ ਰੱਸੀ ਨਾਲ ਬੰਨ੍ਹਣਾ ਪੈਂਦਾ ਹੈ, ਕਾਲੇ ਸੱਪ ਕੋਲੋਂ ਮਣੀ ਹਾਸਲ ਕਰਨ

ਲਈ ਸੱਪ ਨੂੰ ਮਾਰਨਾ ਪੈਂਦਾ ਹੈ, ਸੱਪ ਆਪਣੇ ਆਪ ਕਦੇ ਵੀ ਮਣੀ ਦੇਣ ਨੂੰ ਤਿਆਰ ਨਹੀਂ ਹੁੰਦਾ –

***ਜਿਉਂ ਕਰਿ ਖੂਹਹੁ ਨਿਕਲੈ***
***ਗਲਿ ਬੱਧੇ ਪਾਣੀ।***
***ਜਿਉਂ ਮਣਿ ਕਾਲੇ ਸੱਪ ਸਿਰਿ***
***ਹਸਿ ਦੇਇ ਨ ਜਾਣੀ।***
***ਜਾਣ ਕਥੂਰੀ ਮਿਰਗ ਤਨਿ***
***ਮਰਿ ਮੁਕੈ ਆਣੀ।***
***ਤੇਲ ਤਿਲਹੁ ਕਿਉ ਨਿਕਲੈ***
***ਵਿਣੁ ਪੀੜੈ ਘਾਣੀ।***
***ਜਿਉਂ ਮੁਹ ਭੰਨੇ ਗਰੀ ਦੇ***
***ਨਲੀਏਰੁ ਨੀਸਾਣੀ।***
***ਬੇਮੁਖ ਲੋਹਾ ਸਾਧੀਐ***
***ਵਗਦੀ ਵਾਦਾਣੀ।***

***ਭਾਈ ਗੁਰਦਾਸ ਜੀ, ਵਾਰ 34/13***

ਸੁੱਚੀ ਆਤਮ ਖੋਜ ਕਦੇ ਵੀ ਜਗਿਆਸੂ ਨੂੰ ਹੀਣਤਾ ਦੇ ਡੂੰਘੇ ਖੱਡੇ ਵਿਚ ਨਹੀਂ ਸੁਟਿਆ ਕਰਦੀ ਸਗਮਾਂ ਪ੍ਰਫੁਲਤ ਜੀਵਨ, ਸਵੈਮਾਨ ਅਤੇ ਪਰਉਪਕਾਰ ਦੇ ਉਤਸ਼ਾਹ ਵਿਚ ਆਪਣਾ ਜੀਵਨ ਲਾ ਦੇਣ ਦੀ ਅਵਸਥਾ ਪੈਦਾ ਕਰ ਦਿਆ ਕਰਦੀ ਹੈ। ਆਤਮਦਰਸ਼ੀ ਪੁਰਸ਼ ਕਾਲ ਮੰਡਲ ਨੂੰ ਪਾਰ ਕਰਕੇ ਆਪਣੀ ਸੱਚੀ ਹੋਂਦ ਨੂੰ ਪ੍ਰਾਪਤ ਕਰ ਲਿਆ ਕਰਦਾ ਹੈ ਜੋ ਨਾ ਤਲਵਾਰ ਨਾਲ ਕੱਟੀ ਜਾਂਦੀ ਹੈ, ਨਾ ਪਾਣੀ ਵਿਚ ਡੁੱਬਦੀ ਹੈ, ਨਾ ਅੱਗ ਵਿਚ ਸੜਦੀ ਹੈ ਅਤੇ ਨਾ ਹੀ ਉਸ ਦਾ ਕਦੇ ਕਾਲ ਹੁੰਦਾ ਹੈ; ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ। ਆਤਮਦਰਸ਼ੀ ਪੁਰਸ਼ ਦੀ ਦੇਹ ਹੰਗਤਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਇਆ ਕਰਦੀ ਹੈ ਪਰ ਉਹ ਇਸ ਅਮੋਲਕ ਦੇਹ, ਜੋ ਵਾਹਿਗੁਰੂ ਜੀ ਨੇ ਸਾਰੀ ਪ੍ਰਕ੍ਰਿਤੀ ਵਿਚੋਂ ਉਤਮ ਬਣਾ ਕੇ ਜੀਵ ਆਤਮਾ ਨੂੰ ਤਰੱਕੀ ਕਰਕੇ ਅਮਰ ਅਵਸਥਾ ਵਿਚ ਪੁੱਜ ਜਾਣ ਲਈ ਇਕ ਸਾਧਨ ਬਣਾ ਕੇ ਬਖਸ਼ੀ ਹੈ, ਦੀ ਸੰਭਾਲ ਕਰਨੋਂ ਆਤਮਦਰਸ਼ੀ ਪੁਰਸ਼ ਹਟਿਆ ਨਹੀਂ ਕਰਦਾ ਸਗਮਾਂ ਉਸ ਦੇ ਕਰਮ ਤੇ ਗਿਆਨ ਇੰਦਰਿਆਂ, ਮਨ, ਬੁੱਧੀ, ਚਿਤ ਦੀ ਸ਼ੁੱਧ ਵਰਤੋਂ ਕਰਕੇ ਸੰਸਾਰ ਨੂੰ ਸੁਖੀ ਕਰਨ ਲਈ ਗਿਆਨ ਦੀ ਦਾਤ ਵੰਡਿਆ ਕਰਦੇ ਹਨ ਅਤੇ ਇਸੇ ਪਵਿੱਤਰ ਸਰੀਰ ਨੂੰ ਕਿਸੇ ਦੇ ਭਲੇ ਲਈ ਲੇਖੇ ਲਾਉਣ ਵਿਚ ਉਸਨੂੰ ਕੋਈ ਵੀ ਸੰਕੋਚ ਨਹੀਂ ਹੋਇਆ ਕਰਦਾ, ਉਸ ਦੇ ਗਿਆਨ ਚਕਸ਼ੂ ਖੁਲ੍ਹ ਜਾਇਆ ਕਰਦੇ ਹਨ। ਉਹ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਤੋਂ ਭੈ ਮੰਨਦਾ ਹੈ, ਸਰਬੱਤ ਦੇ ਭਲੇ ਵਿਚ ਸਦਾ ਹੀ ਯਾਚਨਾ ਕਰਦਾ ਰਹਿੰਦਾ ਹੈ। ਸਰੀਰ ਉਸਦੇ ਪਾਸ ਪ੍ਰਭੂ ਵਲੋਂ ਬਖਸ਼ੀ ਇਕ ਦਾਤ ਹੋਇਆ ਕਰਦੀ ਹੈ ਜਿਸਨੂੰ ਉਹ ਯੋਗ ਤਰੀਕੇ ਨਾਲ ਵਰਤਦਾ ਹੋਇਆ ਸੰਸਾਰ ਵਿਚ ਵਿਚਰਦਾ ਹੈ। ਜਦੋਂ ਤਕ ਦੇਹ ਹੰਗਤਾ ਹੈ, ਉਸ ਸਮੇਂ ਤੱਕ ਅਸੀਂ ਅਗਿਆਨ ਦੇ ਹਨ੍ਹੇਰੇ ਵਿਚ ਪਏ ਹੋਏ ਆਪਣੇ ਆਪ ਨੂੰ ਹੀ ਦੇਹ ਮੰਨਦੇ ਰਹਿੰਦੇ ਹਾਂ ਅਤੇ ਇਸ ਦੇ ਸਬੰਧ ਵਿਚ ਆਈਆਂ ਹਸਤੀਆਂ ਪੁਤਰ, ਧੀਆਂ, ਕੁਟੰਬੀ ਅਤੇ ਜੜ੍ਹ ਜਾਇਦਾਦਾਂ ਨੂੰ ਅਸੀਂ ਆਪਣੀਆਂ ਮੰਨ ਕੇ ਮੋਹ ਦੇ ਮਹਾਂ ਅੰਧਕਾਰ ਵਿਚ ਫਸੇ ਹੋਏ ਅਗਿਆਨਮਈ ਕਰਮ ਕਰਦੇ ਹਾਂ ਪਰ ਜਿਸ ਨੇ ਨਾਮ ਜਪਣ ਦੀਆਂ ਮੁਸ਼ੱਕਤਾਂ ਘਾਲ ਕੇ ਮੰਜ਼ਲ-ਦਰ-ਮੰਜ਼ਲ ਚੜ੍ਹਾਈ ਕਰਦਿਆਂ ਕਾਲ ਮੰਡਲ ਨੂੰ ਪਾਰ ਕਰ ਲਿਆ, ਉਹ ਆਪਣੇ ਅਸਲੀ ਸਰੂਪ ਨੂੰ ਪਛਾਣ ਜਾਂਦਾ ਹੈ, ਫਿਰ ਇਹ ਦੇਹ ਪਾਕ ਪਵਿੱਤਰ ਹੋ ਜਾਇਆ ਕਰਦੀ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੈ ਤੂੰ ਸਦਾ ਨਾਪਾਕ॥***

***ਅੰਗ – 374***

ਬਹੁਤ ਸਾਰੇ ਸਾਧੂਆਂ ਦਾ ਵਿਚਾਰ ਹੈ ਕਿ ਜਦੋਂ ਪ੍ਰਾਪਤੀ ਹੋ ਜਾਵੇ ਫੇਰ ਇਹ ਦੇਹ ਰੱਖਣ ਦਾ ਕੋਈ ਲਾਭ ਨਹੀਂ ਹੈ, ਉਹ ਸਰੀਰ ਛੱਡ ਜਾਇਆ ਕਰਦੇ ਹਨ ਪਰ ਗੁਰਮਤਿ ਦੇ ਸਿਧਾਂਤ ਦੇ ਮੁਤਾਬਿਕ ਜਦੋਂ ਹਉਮੈ ਭਾਵ ਪੂਰੀ ਤਰ੍ਹਾਂ ਦੇ ਨਾਲ ਨਾਸ਼ ਹੋ ਗਿਆ ਅਤੇ ਅੰਤਰ ਆਤਮੇ ਨਾਮ ਦਾ ਪ੍ਰਕਾਸ਼ ਖੇੜਿਆਂ ਦੇ ਮੰਡਲ ਵਿਚ ਪ੍ਰਵੇਸ਼ ਕਰ ਗਿਆ ਤਾਂ ਇਸ ਦੁਨੀਆਂ ਤੋਂ ਪ੍ਰਭੂ ਹੁਕਮ ਦੇ ਅੰਦਰ ਪੂਰਾ-ਪੂਰਾ ਲਾਭ ਜਗਿਆਸੂ ਜਨਾਂ ਨੂੰ, ਉਠਾਉਣ ਦਾ ਅਵਸਰ ਦੇਣ ਲਈ ਇਹ ਸਰੀਰ ਇਕ ਸੁਚੱਜਾ Media (ਸਾਧਨ) ਹੋਇਆ ਕਰਦਾ ਹੈ। ਗੁਰੂ ਅਤੇ ਪ੍ਰਭੂ ਇਕ-ਮਿਕ ਹੁੰਦੇ ਹਨ। ਨਿਰਾਕਾਰ ਸਰੂਪ ਪ੍ਰਭੂ ਦਾ ਹੈ ਅਤੇ ਸਾਕਾਰ ਸਰੂਪ ਗੁਰੂ ਦਾ ਹੋਇਆ ਕਰਦਾ ਹੈ। ਗੁਰੂ ਤੇ ਪ੍ਰਭੂ ਇਕ

ਰੂਪ ਹੀ ਹੁੰਦੇ ਹਨ-

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਅੰਗ - 442***

ਗੁਰੂ ਦਾ ਹੁਕਮ ਅਤੇ ਪ੍ਰਭੂ ਦਾ ਹੁਕਮ ਇਕੋ ਹੀ ਹੋਇਆ ਕਰਦਾ ਹੈ। ਹੁਣ ਛੇਵੇਂ ਜਾਮੇ ਵਿਚ ਗੁਰੂ ਨੂੰ ਭਾਇਆ ਕਿ ਦੁਨੀਆਂ ਜ਼ਾਲਮ ਰਾਜ ਤੋਂ ਦੁਖੀ ਹੈ, ਮਨਾਂ ਦੇ ਉਪਰ ਬਹੁਤ ਵੱਡਾ ਭੈ ਛਾਇਆ ਹੋਇਆ ਹੈ, ਹੋਂਦ ਖਤਰੇ ਵਿਚ ਹੈ, ਜੀਵਨ ਅਧਿਕਾਰ ਮਿੱਟੀ ਵਿਚ ਮਿਲਾ ਦਿਤੇ ਗਏ ਹਨ; ਖੇੜੇ ਦਾ ਕੋਈ ਸਾਹ ਨਹੀਂ ਆਉਂਦਾ, ਉਸਦੀ ਥਾਂ ਡਰ, ਸਹਿਮ, ਬੇਵਿਸ਼ਵਾਸ਼ੀ, ਉਤਸ਼ਾਹਹੀਣਤਾ ਪੂਰੀ ਤਰ੍ਹਾਂ ਨਾਲ ਆਦਮੀ ਦੀ ਹੋਸ਼ ਨੂੰ ਘੇਰੀਂ ਰੱਖਦੀ ਹੈ। ਮਾਨਸ ਜਨਮ ਦੁਰਲੱਭ ਵਸਤੂ ਹੈ - ਪ੍ਰਭੂ ਪ੍ਰਾਪਤੀ ਕਰਨ ਵਾਸਤੇ। ਜੇ ਅੰਦਰ ਵਿਗਾਸ ਦੀ ਥਾਂ ਲੰਮੇ ਹੌਂਕਿਆਂ ਨੇ ਘੇਰੀ ਹੋਈ ਹੈ ਤਾਂ ਰੂਹਾਨੀ ਤਰੱਕੀ ਤੋਂ ਹੀਣਾ ਰਹਿ ਕੇ ਮਨੁੱਖ ਨੇ, ਮਾਨਸ ਜਨਮ ਦਾ ਬਹੁਤ ਚੰਗਾ ਹੱਥ ਆਇਆ ਅਵਸਰ ਗਵਾ ਲਿਆ ਹੈ। ਇਹ ਸਾਰਾ ਕੁਝ ਕਿਉਂ ਹੁੰਦਾ ਹੈ ਕਿਉਂਕਿ ਚਰਿੱਤਰਹੀਣ, ਬੇਵਿਚਾਰ, ਖੁਦਗਰਜ਼, ਦੁਸ਼ਟਤਾਈ ਨਾਲ ਪ੍ਰੀਤ ਰੱਖਣ ਵਾਲੇ ਪੁਰਸ਼ਾਂ ਦੇ ਹੱਥ ਵਿਚ ਅੰਨ੍ਹੀ ਰਾਜਸੀ ਤਾਕਤ ਆ ਗਈ ਹੈ, ਜੋ ਵਿਚਾਰ ਤੋਂ ਹੀਣੇ ਹਨ, ਜਿਨ੍ਹਾਂ ਨੂੰ ਨਿੱਜ ਜੀਵਨ ਤੋਂ ਲਾਂਭੇ ਕੋਈ ਵੀ ਹਿੱਤ ਨਹੀਂ ਹੋਇਆ ਕਰਦਾ। ਉਹ ਨਾ ਕਿਸੇ ਦੀ ਸਵੈਮਾਨਤਾ ਨੂੰ ਜਾਣਦੇ ਹਨ, ਨਾ ਕਿਸੇ ਦੀ ਬਜ਼ੁਰਗੀ ਦੀ ਕਦਰ ਕਰਦੇ ਹਨ, ਨਾ ਹੀ ਕਿਸੇ ਦੀ ਸ਼ਰਾਫਤ ਦਾ ਮੁੱਲ ਪਾਂਦੇ ਹਨ। ਇਸ ਦੀ ਥਾਂ ਉਨ੍ਹਾਂ ਦੇ ਮਨ ਵਿਚ ਹੈਂਕੜਬਾਜ਼ੀ ਦਾ ਤੇ ਨਿੱਜ ਨੂੰ ਪਾਲਣ ਦਾ ਅੰਧਕਾਰ ਪੂਰੀ ਤਰ੍ਹਾਂ ਨਾਲ ਪ੍ਰਵੇਸ਼ ਕਰ ਚੁੱਕਿਆ ਹੁੰਦਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਇਸ ਘੋਰ ਘੁੱਪ ਹਨ੍ਹੇਰੇ ਮਨਾਂ ਦਾ ਹੀ ਇਕ ਦ੍ਰਿਸ਼ ਸੀ। ਗੁਰੂ ਜਿਥੇ ਮਾਨਸਿਕ ਹਨੇਰ੍ਹੇ ਨੂੰ ਦੂਰ ਕਰਕੇ ਪ੍ਰਭੂ ਨਾਲ ਮਿਲਾਉਂਦਾ ਹੈ, ਉਥੇ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਦੁਖੀਆਂ ਦੇ ਦੁੱਖ ਨੂੰ ਦੂਰ ਕਰਦਾ ਹੈ ਕਿਉਂਕਿ ਉਹ ਪ੍ਰਭੂ ਹੀ ਤਾਂ ਹੈ ਨਾ।

ਗੁਰੂ ਛੇਵੇਂ ਪਾਤਸ਼ਾਹ ਵੇਲੇ ਅੰਧਕਾਰ ਦੀ ਹੱਦ ਆ ਚੁਕੀ ਸੀ ਅਤੇ ਦੁਸ਼ਟਤਾਈ ਹਲਕੇ ਕੁੱਤਿਆਂ ਵਾਂਗੂੰ ਬੇਵਿਚਾਰੇ ਚੱਕ ਮਾਰ ਰਹੀ ਸੀ। ਹੁਣ ਦੋ ਹੀ ਰਸਤੇ ਮਨੁੱਖ ਕੋਲ ਹਨ - ਇਕ ਤਾਂ ਇਹ ਹੈ ਕਿ ਉਹ ਨਿਰ-ਸਾਹਸ ਹੋ ਉਤਸ਼ਾਹ-ਹੀਣਤਾ ਵਿਚ ਡੁੱਬਿਆ ਹੋਇਆ, ਹਲਕੇ ਹੋਏ ਕੁੱਤਿਆਂ ਦੀ ਹਵਸ ਦਾ ਸ਼ਿਕਾਰ ਬਣ ਜਾਵੇ ਜਾਂ ਫਿਰ ਆਪਣੇ ਆਪ ਨੂੰ ਮਜ਼ਬੂਤ ਕਰਕੇ ਇਨ੍ਹਾਂ ਕੁੱਤਿਆਂ ਦਾ ਮੁਕਾਬਲਾ ਕਰੇ। ਇਸ ਤਰ੍ਹਾਂ ਨਾਲ ਮੁਗਲ ਸ਼ਾਸ਼ਕ, ਉਸ ਵੇਲੇ ਦਾ ਹਾਕਮ ਵਰਗ ਬੇਲਗਾਮਾਂ ਹੋ ਚੁੱਕਿਆ ਸੀ। ਬਿਨਾਂ ਕਿਸੇ ਕਸੂਰ ਤੋਂ ਗੁਰੂ ਪੰਜਵੇਂ ਪਾਤਸ਼ਾਹ ਜੀ ਦੀ ਮਹਾਂ ਨਿੰਦਨੀ ਸ਼ਹਾਦਤ ਦਾ ਕਾਰਨ ਬਣਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਸਮੇਂ ਨੂੰ ਪਛਾਣਦਿਆਂ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਮੂੰਹ ਨੂੰ ਸ਼ਕਤੀ ਦੇ ਪ੍ਰਯੋਗ ਵਿਚ ਪਾਇਆ ਅਤੇ ਮੁਢਲੇ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਭੇਡਾਂ, ਬਕਰੀਆਂ ਵਾਂਗੂੰ ਕੱਟ ਜਾਣ ਦੀ ਥਾਂ ਸ਼ੇਰਾਂ ਵਾਂਗੂੰ ਮੁਕਾਬਲਾ ਕਰਨ ਦੀ ਜਾਂਚ ਦੱਸੀ। ਜਦੋਂ ਸ਼ਾਸ਼ਕ ਅੰਨ੍ਹਾ ਬੋਲਾ ਹੋ ਜਾਵੇ ਤਾਂ ਜਨਤਾ ਦਾ ਪ੍ਰਮ ਪਵਿੱਤਰ ਫਰਜ਼ ਬਹਾਦਰੀ ਨਾਲ ਆਪਣੀ ਰਾਖੀ ਕਰਨਾ ਹੋਇਆ ਕਰਦਾ ਹੈ। ਅਜਿਹੀ ਹਾਲਤ ਵਿਚ ਸ਼ਸ਼ਤਰ ਚੁੱਕ ਕੇ ਆਪਣੀ ਰਾਖੀ ਕਰਨਾ ਹੀ ਧਰਮ ਦਾ ਅੰਗ ਹੋਇਆ ਕਰਦਾ ਹੈ। ਬੁਜ਼ਦਿਲੀ, ਭੈ, ਹੀਣਤਾ ਪਾਪ ਹੋਇਆ ਕਰਦੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ -

***ਚੁ ਕਾਰ ਅੱਜ ਹਮਹ ਹੀਲਤੇ***
***ਦਰ ਗੁਜ਼ਸਤ,***
***ਹਲਾਲ ਅਸਤ ਬਰਦਨ***
***ਬ ਸ਼ਮਸ਼ੇਰ ਦਸਤ॥***

***(ਜ਼ਫ਼ਰਨਾਮਾ 22 ਨੰ:)***

ਜਦੋਂ ਸਾਰੇ ਹੀਲੇ ਅਮਨ ਕਾਇਮ ਕਰਨ ਦੇ ਖਤਮ ਹੋ ਜਾਣ ਤਾਂ ਆਪਣੀ ਰਖਸ਼ਾ ਵਾਸਤੇ ਸ਼ਸ਼ਤਰ ਚੁੱਕ ਲੈਣਾ ਉਤਮ ਧਰਮ ਹੋਇਆ ਕਰਦਾ ਹੈ। ਇਹ ਇਕ ਪ੍ਰਸ਼ਨ ਹੈ ਜੋ ਬਹੁਤ ਸਾਰੇ ਰੂਹਾਨੀ ਬੰਦਿਆਂ ਦੇ ਮਨ ਵਿਚ ਆਇਆ ਕਰਦਾ ਹੈ ਕਿ

ਸਿੱਖਾਂ ਵਰਗੀ ਸਾਧੂਆਂ ਦੀ ਜਮਾਤ ਨੇ ਸ਼ਸ਼ਤਰ ਧਾਰਨ ਕਿਉਂ ਕਰ ਲਏ ਜਿਸ ਬਾਰੇ ਉਪਰ ਵਿਚਾਰ ਕੀਤੀ ਗਈ ਹੈ; ਕਦੇ ਸਮਾਂ ਆਉਣ ਤੇ ਇਸ ਪ੍ਰਸ਼ਨ ਨੂੰ ਵਿਸਥਾਰ ਪੂਰਵਕ ਵਿਚਾਰਿਆ ਜਾਵੇਗਾ।

ਗੁਰੂ ਮਹਾਰਾਜ ਜੀ ਨੇ ਇਨ੍ਹਾਂ ਬਦਲੇ ਹਾਲਾਤ ਵਿਚ ਅੰਦਰੂਨੀ ਰੂਹਾਨੀ ਚੜ੍ਹਾਈ ਦੇ ਨਾਲ ਹੀ ਸਰੀਰਕ ਬਲ ਨੂੰ ਪੂਰੀ ਤਰ੍ਹਾਂ ਕਾਇਮ ਰੱਖਣ ਅਤੇ ਸ਼ਸ਼ਤਰ ਵਿਦਿਆ ਦਾ ਪ੍ਰਯੋਗ ਕਰਨ ਦਾ ਉਤਸ਼ਾਹ ਬਖਸ਼ਿਆ। ਗੁਰੂ ਪਾਤਸ਼ਾਹ ਨਾਲ ਜਿੰਨੇ ਵੀ ਜੁੱਧ ਹੋਏ ਹਨ, ਉਨ੍ਹਾਂ ਵਿਚ ਵਿਚਾਰਨ ਵਾਲਾ ਵਿਸ਼ਾ ਇਹ ਹੈ ਕਿ ਨਾ ਤਾਂ ਕਦੇ ਗੁਰੂ ਮਹਾਰਾਜ ਜੀ ਨੇ ਕਿਸੇ ਨੂੰ ਜੁੱਧ ਲਈ ਭੜਕਾਇਆ ਅਤੇ ਨਾ ਹੀ ਧਰਤੀ ਦੇ ਇਕ ਇੰਚ ਉਪਰ ਕਬਜ਼ਾ ਕੀਤਾ ਪਰ ਜਦੋਂ-ਜਦੋਂ ਵੀ ਮਾਣ ਤੇ ਹੈਂਕੜ ਵਿਚ ਮੱਤੇ ਹੋਏ ਰਾਜਸੀ ਅਧਿਕਾਰੀ ਗੁਰੂ ਮਹਾਰਾਜ ਜੀ ਦੇ ਉਪਰ ਟਿੱਡੀ ਦਲ ਲੈ ਕੇ ਚੜ੍ਹਦੇ ਰਹੇ, ਆਪ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਫਲ ਲਾਉਣ ਲਈ ਸ਼ਸ਼ਤਰਾਂ ਨਾਲ ਹੀ ਸਵਾਗਤ ਕੀਤਾ। ਜੁੱਧ ਦੀ ਸਮਾਪਤੀ ਪਿਛੋਂ ਗੁਰੂ ਮਹਾਰਾਜ ਜਿਥੇ ਆਪਣੇ ਜ਼ਖਮੀ ਹੋਏ, ਫੱਟੜ ਹੋਏ ਗੁਰਸਿੱਖਾਂ ਦੀ ਸੰਭਾਲ ਕਰਦੇ ਸਨ, ਉਥੇ ਚੜ੍ਹ ਕੇ ਆਈਆਂ ਫੌਜਾਂ ਦੀ ਭੀ ਮਲ੍ਹਮ ਪੱਟੀ ਕਰਕੇ ਉਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਸੰਭਾਲ ਕਰਕੇ ਉਨ੍ਹਾਂ ਨੂੰ ਆਪਣੀਆਂ ਡਿਊਟੀਆਂ ਤੇ ਜਾਣ ਦੀ ਖੁਲ੍ਹ ਦੇ ਦਿਆ ਕਰਦੇ ਸਨ।

ਜਦੋਂ ਮਾਲਵੇ ਦੀ ਆਖਰੀ ਜੰਗ ਹੋਈ, ਉਸ ਵੇਲੇ ਲਲਾ ਬੇਗ ਬਹੁਤ ਵੱਡੀ ਸੈਨਾ ਨਾਲ ਚੜ੍ਹ ਕੇ ਆਇਆ ਅਤੇ ਰਾਤ ਦੇ ਹਨ੍ਹੇਰੇ ਵਿਚ ਹੀ ਬਹੁਤ ਭਿਆਨਕ ਜੰਗ ਹੋਇਆ। ਹਮਲਾਵਰ ਫੌਜ ਮਾਘ ਦੀ ਬਰਫਾਨੀ ਠੰਢ ਤੋਂ ਐਤਨੀ ਮੁਤਾਸਰ ਹੋਈ ਕਿ ਉਨ੍ਹਾਂ ਦੇ ਹਥਿਆਰ ਹੱਥਾਂ ਵਿਚੋਂ ਗਿਰਨ ਲੱਗ ਗਏ ਅਤੇ ਠੰਢ ਦੇ ਮਾਰੇ ਸਿਪਾਹੀ ਆਪ ਵੀ ਧਰਤੀ ਉਪਰ ਗਿਰ ਗਏ। ਉਸ ਵੇਲੇ ਭਾਈ ਬਿਧੀ ਚੰਦ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਹੁਣ ਆਪ ਜੰਗ ਨਾ ਰੋਕੋ ਕਿਉਂਕਿ ਹਮਲਾਵਰ ਮਾਘ ਦੀ ਠੰਢੀ ਰਾਤ ਵਿਚ ਚਲ ਰਹੀ ਠੰਡੀ ਰੀਵੀ (ਹਵਾ) ਕਰਕੇ ਲੜਨੋਂ ਬਿਲਕੁਲ ਅਸਮਰਥ ਹੋ ਚੁੱਕਿਆ ਹੈ। ਹੁਣ ਅਸਾਨੂੰ ਰੋਕੋ ਨਾ, ਤਲਵਾਰ ਦੀ ਧਾਰ ਨਾਲ ਇਨ੍ਹਾਂ ਸਾਰਿਆਂ ਨੂੰ ਬਹਿਸ਼ਤੀ (ਮਾਰ) ਕਰ ਦਿੰਦੇ ਹਾਂ। ਪਰ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰੇ ਗੁਰਸਿੱਖੋ! ਭਾਵੇਂ ਕਲਜੁਗ ਨੇ ਸਾਰੇ ਸਤਿ ਧਰਮਾਂ ਨੂੰ ਨਾਸ਼ ਕਰ ਦਿਤਾ ਹੈ ਪਰ ਅਸੀਂ ਧਰਮ ਨੂੰ ਪ੍ਰਫੁੱਲਤ ਕਰਨ ਵਾਸਤੇ ਆਏ ਹਾਂ ਅਤੇ ਅਸੀਂ ਆਪਣੇ ਗੁਰਸਿੱਖਾਂ ਤੋਂ ਵੀ ਧਰਮ ਦੇ ਸੁਨਹਿਰੀ ਅਸੂਲਾਂ ਦੀ ਪਾਲਣਾ ਕਰਾਉਣੀ ਹੈ। ਉਚਾ ਧਰਮ ਕਦੇ ਵੀ ਆਗਿਆ ਨਹੀਂ ਦਿੰਦਾ ਕਿ ਡਿਗੇ ਪਏ ਪੁਰਸ਼ ਤੇ ਅਤੇ ਹਥਿਆਰਹੀਣ ਵੈਰੀ ਉਤੇ, ਬਾਲਕ, ਬਿਰਧ, ਰੋਗੀ ਉਤੇ ਅਤੇ ਜਿਸਨੇ ਆਪਣੇ ਆਪ ਨੂੰ ਸਮਰਪਣ ਕਰਕੇ ਸ਼ਰਨਾਗਤ ਦੀ ਮੰਗ ਕੀਤੀ ਹੋਵੇ ਅਤੇ ਇਸਤਰੀ ਉਤੇ ਵਾਰ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸੱਤਾਂ ਉਤੇ ਵਾਰ ਕਰਨ ਵਾਲੇ ਦਾ ਸਤਿ, ਤੇਜ਼ ਪ੍ਰਤਾਪ ਨਸ਼ਟ ਹੋ ਜਾਂਦਾ ਹੈ ਅਤੇ ਅਜਿਹੇ ਸੂਰਮੇ ਵਿਚ ਚਰਿੱਤਰਹੀਣਤਾ ਆ ਕੇ ਸੂਰਮਗਤੀ ਨੂੰ ਦਾਗ ਲਗ ਜਾਇਆ ਕਰਦਾ ਹੈ। ਇਸ ਕਰਕੇ ਹੁਣ ਆਪਾਂ ਇਨ੍ਹਾਂ ਉਤੇ ਵਾਰ ਬਿਲਕੁਲ ਨਹੀਂ ਕਰਨਾ। ਦਿਨ ਚੜ੍ਹੇ ਧੁੱਪ ਦਾ ਨਿੱਘ ਆਉਣ ਤੇ ਇਹ ਲੜਨ ਦੇ ਕਾਬਲ ਹੋਣਗੇ, ਫੇਰ ਆਪਣਾ ਧਰਮ ਬਣਦਾ ਹੈ ਕਿ ਇਨ੍ਹਾਂ ਨਾਲ ਜੁੱਧ ਕਰੀਏ। ਇਹ ਅਸੂਲ ਭਾਰਤ ਵਿਚ ਪਹਿਲਾਂ ਤੋਂ ਹੀ ਪ੍ਰਵਾਣਤ ਰਿਹਾ ਹੈ।

ਮਹਾਂਭਾਰਤ ਦੇ ਮਹਾਨ ਜੁੱਧ ਵਿਚ ਸੂਰਮਿਆਂ ਦਾ ਨਿੱਜੀ ਵੈਰ ਨਹੀਂ ਸੀ ਪਰ ਜੁੱਧ ਵਾਸਤੇ ਹੀ ਜੁੱਧ ਕਰਦੇ ਸਨ। ਦੋ ਚਾਰ ਉਦਾਹਰਣਾਂ ਨੂੰ ਛੱਡ ਕੇ ਇਹ ਮਹਾਂਭਾਰਤ ਦਾ ਜੁੱਧ ਬਦੀ ਅਤੇ ਨੇਕੀ ਦੇ ਵਿਚਕਾਰ ਹੀ ਜੁੱਧ ਦਾ ਕਾਰਨ ਬਣਿਆ। ਅਜਿਹੇ ਅਸੂਲ ਅੱਜ ਦੀ ਦੁਨੀਆਂ ਵਿਚੋਂ ਅਲੋਪ ਹੋ ਚੁੱਕੇ ਹਨ। ਧਰਮ ਪੂਰੀ ਤਰ੍ਹਾਂ ਨਾਲ ਉਡਾਰੀ ਮਾਰ ਕੇ ਅਲੋਪ ਹੋ ਗਿਆ ਹੈ। ਹੀਰੋਸ਼ੀਮਾ ਦੇ ਬੇਕਸੂਰ ਬੰਦਿਆਂ ਉਤੇ ਇਕ ਐਟਮ ਬੰਬ ਸੁੱਟ ਕੇ ਉਨ੍ਹਾਂ ਨੂੰ ਮਾਰ ਦਿਤਾ। ਅਜੇ ਵੀ ਵਿਚਾਰਵਾਨ ਪੁਰਸ਼ ਉਸ ਕਰਮ ਨੂੰ ਕਲੰਕ ਹੀ ਜਾਣਦੇ ਹਨ।

ਗੁਰੂ ਮਹਾਰਾਜ ਧਰਮ ਨੂੰ ਉਭਾਰਨ ਲਈ ਅਤੇ ਦੁਸ਼ਟਾਂ ਦੀ ਦੁਸ਼ਟਤਾਈ ਦੂਰ ਕਰਨ ਲਈ

ਉਪਦੇਸ਼ ਦਿੰਦੇ ਰਹੇ ਹਨ ਅਤੇ ਆਪਣੇ ਗੁਰਸਿੱਖਾਂ ਨੂੰ ਸਦਾ ਹੀ ਸ਼ੁਭ ਉਪਦੇਸ਼ ਦੇ ਕੇ ਕਿਸੇ ਨਾਲ ਵੈਰ ਕਰਨ ਤੋਂ ਵਰਜਦੇ ਹੋਏ ਫੁਰਮਾਉਂਦੇ ਹਨ –

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥*
*ਅੰਗ – 259*

ਇਸ ਪ੍ਰੇਮ ਉਚੀ ਭਾਵਨਾ ਨੇ ਭਾਈ ਘਨ੍ਹਈਏ ਵਰਗੇ ਪਰਉਪਕਾਰੀਆਂ ਨੂੰ ਜੀਵਨ ਨਾਟ ਵਿਚ ਪੇਸ਼ ਕੀਤਾ ਅਤੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਮਲ੍ਹਮ ਤੇ ਪੱਟੀਆਂ ਦੀ ਬਖਸ਼ਿਸ਼ ਕਰਕੇ, ਸਰਬੱਤ ਵਿਚ ਵਾਹਿਗੁਰੂ ਦੇਖਣ ਦੀ ਯਥਾਰਤਕਤਾ ਨੂੰ ਪੱਕਿਆਂ ਕਰਦਿਆਂ ਆਪਣੀ ਮਿਹਰ ਦੀ ਬਖਸ਼ਿਸ਼ ਕਰੀ।

ਗੁਰੂ ਛੇਵੇਂ ਪਾਤਸ਼ਾਹ ਮੀਰੀ ਤੇ ਪੀਰੀ ਦੇ ਮਾਲਕ ਸਨ ਜਿਨ੍ਹਾਂ ਨੇ ਦੁਨੀਆਂ ਵਿਚ ਅਣਖ ਭਰਿਆ ਜੀਵਨ ਅਤੇ ਮਨੁਖਾਂ ਦੇ ਮੁੱਢਲੇ ਹੱਕਾਂ ਦੀ ਰਾਖੀ ਵਾਸਤੇ ਜੀਵਨ ਉਤਸ਼ਾਹ ਬਖਸ਼ਿਆ। ਸਤਿਗੁਰੂ ਪੂਰੀ ਤਰ੍ਹਾਂ ਨਾਲ ਨਿਰਵੈਰ ਸਨ ਅਤੇ ਉਨ੍ਹਾਂ ਦੀ ਕ੍ਰਿਆ ਨਿਰਾਲੀ ਸੀ। ਸਤਿਗੁਰੂ ਧਰਮ ਦੀ ਧਰਤੀ ਹੋਇਆ ਕਰਦਾ ਹੈ ਅਤੇ ਧਰਮ ਨੂੰ ਸ੍ਰਿਸ਼ਟੀ ਵਿਚ ਚਲਾਉਣ ਦਾ ਪ੍ਰਤੱਖ ਸਰੂਪ ਹੋਇਆ ਕਰਦਾ ਹੈ। ਗੁਰੂ ਸ਼ੀਸ਼ੇ ਵਰਗਾ ਹੋਇਆ ਕਰਦਾ ਹੈ। ਜਿਹੋ ਜਿਹੀ ਕੋਈ ਭਾਵਨਾ ਕਰਦਾ ਹੈ, ਉਹੋ ਜਿਹਾ ਹੀ ਫਲ ਆਪਣੇ ਕਰਮਾਂ ਰਾਹੀਂ ਪ੍ਰਾਪਤ ਕਰ ਲਿਆ ਕਰਦਾ ਹੈ –

*ਸਤਿਗੁਰੂ ਪੁਰਖੁ ਅਗੰਮੁ ਹੈ*
*ਨਿਰਵੈਰੁ ਨਿਰਾਲਾ॥*
*ਜਾਣਹੁ ਧਰਤੀ ਧਰਮ ਕੀ*
*ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ*
*ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ*
*ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ*
*ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ*
*ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

ਗੁਰੂ ਮਹਾਰਾਜ ਜੀ ਜਦੋਂ ਦਿੱਲੀ ਜਾ ਕੇ ਮਜਨੂੰ ਟਿੱਲੇ ਡੇਰਾ ਕਰਦੇ ਹਨ ਤਾਂ ਉਥੇ ਰਹਿਣ ਵਾਲਾ ਸੰਤ, ਜਿਸਦਾ ਸਰੀਰ ਤਪ ਕਰਦਿਆਂ ਸੁੱਕ ਗਿਆ ਸੀ, ਉਸਨੂੰ ਲੋਕ ਮਜਨੂੰ ਆਖਿਆ ਕਰਦੇ ਸਨ ਉਸਨੇ ਗੁਰੂ ਮਹਾਰਾਜ ਜੀ ਪਾਸ ਆ ਕੇ ਪ੍ਰਸ਼ਨ ਕੀਤਾ ਕਿ ਮਹਾਰਾਜ! ਇਹ ਸੰਸਾਰ ਸੱਚਾ ਹੈ ਜਾਂ ਝੂਠਾ ਹੈ? ਜੇਕਰ ਇਹ ਸੱਚਾ ਹੈ ਤਾਂ ਮਰ ਚੁੱਕੇ ਜੀਵ ਨਜ਼ਰ ਕਿਉਂ ਨਹੀਂ ਆਉਂਦੇ; ਜੇਕਰ ਝੂਠਾ ਹੈ ਤਾਂ ਸਭ ਕੁਝ ਪ੍ਰਤੱਖ ਕਿਉਂ ਦਿਸ ਰਿਹਾ ਹੈ। ਜੇਕਰ ਇਹ ਦੋਵੇਂ ਗੱਲਾਂ ਠੀਕ ਹਨ ਤਾਂ ਮੈਨੂੰ ਨਿਰਣਾ ਕਰਕੇ ਸਮਝਾਓ ਕਿ ਹਨ੍ਹੇਰਾ ਤੇ ਚਾਨਣਾ ਦੋਵੇਂ ਕਿਵੇਂ ਇਕੱਠੇ ਰਹਿ ਸਕਦੇ ਹਨ? ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸੰਤ ਜੀ! ਜਦੋਂ ਅਸੀਂ ਕੋਈ ਸੁਪਨਾ ਦੇਖ ਰਹੇ ਹੋਈਏ ਅਤੇ ਲੰਮੇ ਸਮੇਂ ਤਾਂਈਂ ਸੁਪਨਾ ਵੇਖੀਏ, ਉਸ ਸਮੇਂ ਉਹ ਪ੍ਰਤੱਖ ਨਜ਼ਰ ਆਉਂਦਾ ਹੈ। ਸੁਪਨੇ ਵਿਚ ਜੇ ਸਾਡੇ ਮਗਰ ਸੱਪ ਪੈ ਜਾਵੇ ਤਾਂ ਅਸੀਂ ਉਸਨੂੰ ਮਾਰ ਦਿੰਦੇ ਹਾਂ। ਜੇ ਕੋਈ ਪਿਆਰ ਕਰੇ ਤਾਂ ਉਹ ਸਾਨੂੰ ਬਹੁਤ ਪਿਆਰਾ ਲਗਦਾ ਹੈ; ਜੇ ਸੁਪਨੇ ਵਿਚ ਸ਼ਾਦੀ ਕਰਾ ਲਵੇ, ਤੇ ਪੁੱਤਰ ਹੋ ਜਾਣ, ਉਨ੍ਹਾਂ ਸਾਰਿਆਂ ਦਾ ਪੂਰੀ ਤਰ੍ਹਾਂ ਨਾਲ ਮੋਹ ਹਿਰਦੇ ਵਿਚ ਜਾਗ ਕੇ ਆਪਣਾ ਅਸਰ ਦਿਖਾਉਂਦਾ ਹੈ।

ਜਿਵੇਂ ਇਕ ਕਥਾ ਹੈ ਕਿ ਇਕ ਰਾਜਾ ਅਮਨ ਨਾਲ ਰਾਜ ਕਰ ਰਿਹਾ ਸੀ। ਉਸ ਉਪਰ ਗੁਆਂਢੀ ਰਾਜੇ ਨੇ ਆਕਰਮਣ (ਹਮਲਾ) ਕਰ ਦਿਤਾ। ਬਹੁਤ ਘੋਰ ਜੁੱਧ ਹੋਇਆ, ਲਗਾਤਾਰ ਚਾਰ ਦਿਨ, ਚਾਰ ਰਾਤਾਂ ਉਹ ਰਾਜਾ ਲੜਦਾ ਰਿਹਾ। ਅੰਤ ਉਸ ਨੇ ਹਮਲਾ ਕਰਨ ਵਾਲੇ ਰਾਜੇ ਨੂੰ ਹਰਾ ਦਿਤਾ। ਆਪਣੀ ਰਾਜਧਾਨੀ ਵਿਚ ਵਾਪਸ ਆ ਕੇ ਆਪਣੇ ਵੱਡੇ ਵਜ਼ੀਰ ਨੂੰ ਕਿਹਾ ਕਿ ਮੈਂ ਹੁਣ ਥੱਕ ਕੇ ਚੂਰ-ਚੂਰ ਹੋ ਚੁੱਕਿਆ ਹਾਂ, ਮੈਨੂੰ ਕਿਸੇ ਨੇ ਵੀ ਸੁੱਤੇ ਨੂੰ ਜਗਾਉਣਾ ਨਹੀਂ; ਜੇ ਕੋਈ ਇਸ ਹੁਕਮ ਦੀ ਅਵੱਗਿਆ ਕਰੇਗਾ ਤਾਂ ਮੈਂ ਉਸਨੂੰ ਮੌਤ ਦੰਡ ਦੇਵਾਂਗਾ। ਰਾਜਾ ਆਪਣੇ ਅੰਤਹਕਰਣ (bedroom) ਵਿਚ ਜਾ ਕੇ ਸੌਂ ਗਿਆ। ਉਸ ਦਾ ਸਹਿਜ਼ਾਦਾ ਬੁਰੀ ਤਰ੍ਹਾਂ ਨਾਲ ਜ਼ਖਮੀ ਹੋਇਆ-ਹੋਇਆ ਸੀ। ਰਾਜੇ ਦੇ ਥੋੜ੍ਹਾ ਚਿਰ ਸੌਣ ਪਿਛੋਂ ਸਹਿਜ਼ਾਦਾ ਚੜ੍ਹਾਈ ਕਰ

ਗਿਆ। ਬਾਕੀ ਅਹਿਲਕਾਰਾਂ ਨੇ ਵਜ਼ੀਰ ਨੂੰ ਕਿਹਾ ਕਿ ਮਹਾਰਾਜ ਜੀ ਨੂੰ ਦੱਸ ਦੇਵੋ ਪਰ ਉਸ ਦਾ ਡਾਹਢਾ ਕਰੜਾ ਹੁਕਮ ਹੋਣ ਕਰਕੇ ਕਿਸੇ ਦਾ ਵੀ ਹੌਂਸਲਾ ਨਾ ਪਿਆ ਕਿ ਰਾਜੇ ਨੂੰ ਜਗਾ ਦੇਵੇ। ਅਖੀਰ ਫੈਸਲਾ ਕਰਕੇ ਮਿਰਤਕ ਦੇਹ ਨੂੰ ਸੰਭਾਲ ਕੇ ਰੱਖ ਦਿਤਾ ਕਿ ਕਲ੍ਹ ਨੂੰ ਰਾਜਾ ਜਦੋਂ ਜਾਗੇਗਾ ਤਾਂ ਇਸ ਦਾ ਸੰਸਕਾਰ ਕਰ ਦੇਵਾਂਗੇ। ਰਾਜਾ ਦੂਜੇ ਦਿਨ ਵੀ ਨਾ ਜਾਗਿਆ, ਤੀਜੇ ਦਿਨ ਵੀ ਨਾ ਜਾਗਿਆ। ਚੌਥੇ ਦਿਨ ਵਜ਼ੀਰ ਨੇ ਆਪ ਜਾ ਕੇ ਰਾਜੇ ਨੂੰ ਜਗਾਇਆ, ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਕਿ ਇਹ ਮੈਨੂੰ ਮੌਤ ਦੰਡ ਦੇਵੇਗਾ। ਜਦੋਂ ਰਾਜੇ ਨੂੰ ਬਹੁਤ ਗੂੜ੍ਹੀ ਨੀਂਦ ਵਿਚੋਂ ਜਗਾਇਆ ਤਾਂ ਉਚੀ-ਉਚੀ ਹਾਕਾਂ ਮਾਰਨ ਲੱਗ ਗਿਆ ਕਿਉਂਕਿ ਇਸ ਲੰਮੇ ਸੁਪਨੇ ਵਿਚ ਉਸਦੇ ਚਾਰ ਪੁੱਤਰ ਹੋ ਚੁੱਕੇ ਸਨ ਜਿਹੜੇ ਕਾਫੀ ਵੱਡੇ-ਵੱਡੇ ਹੋ ਚੁੱਕੇ ਸਨ ਉਨ੍ਹਾਂ ਵਿਚੋਂ ਦੋ ਰਾਜੇ ਦੇ ਸਾਮ੍ਹਣੇ ਖੇਲ੍ਹ ਰਹੇ ਸਨ ਤੇ ਛੋਟੇ ਗੋਦੀ 'ਚ ਬੈਠੇ ਲਾਡ ਲਡਾਉਂਦੇ ਪਿਆਰ ਕਰ ਰਹੇ ਸਨ। ਜਾਗਣ ਉਪਰੰਤ ਉਸਨੂੰ ਕੋਈ ਨਾ ਦਿਸਿਆ ਅਤੇ ਉਨ੍ਹਾਂ ਦੇ ਪਿਆਰ ਵਿਚ ਰੋਣ ਲਗ ਗਿਆ। ਵਜ਼ੀਰ ਸਮਝ ਗਿਆ ਕਿ ਰਾਜੇ ਨੂੰ, ਅਜੇ ਤੱਕ ਸੁਪਨੇ ਦੇ ਮੰਡਲ ਨੂੰ ਛੱਡ ਕੇ ਜਾਗ੍ਰਤ ਦੇ ਮੰਡਲ ਵਿਚ ਹੋਸ਼ ਨਹੀਂ ਪਰਤੀ। ਉਸ ਵੇਲੇ ਉਸ ਨੇ ਹੱਥ ਬੰਨ੍ਹ ਕੇ ਕਿਹਾ ਕਿ ਮਹਾਰਾਜ! ਤੁਸੀਂ ਸੁੱਤੇ ਹੋਏ ਸੀ, ਅਸੀਂ ਆਪ ਜੀ ਨੂੰ ਇਸ ਵਾਸਤੇ ਜਗਾਇਆ ਹੈ ਕਿ ਆਪ ਜੀ ਦਾ ਸ਼ਹਿਜ਼ਾਦਾ (ਰਾਜ ਪੁੱਤਰ) ਪਰਲੋਕ ਗਮਨ ਕਰ ਗਿਆ ਹੈ। ਕਹਿਣ ਲੱਗਿਆ, "ਵਜ਼ੀਰ ਸਾਹਿਬ! ਤੁਸੀਂ ਬਹੁਤ ਬੁਰਾ ਕੀਤਾ। ਮੈਂ ਆਪਣੇ ਬਹੁਤ ਹੀ ਪਿਆਰੇ ਚਾਰ ਬੱਚਿਆਂ ਨਾਲ ਪਿਆਰ ਦੇ ਮਾਹੌਲ ਵਿਚ ਰੋਮ-ਰੋਮ ਤੋਂ ਰਚਿਆ ਬੈਠਾ, ਉਨ੍ਹਾਂ ਨੂੰ ਖੇਲ੍ਹਦਿਆਂ ਤੇ ਪਿਆਰ ਕਰਗਿਆਂ ਦੇਖ ਰਿਹਾ ਸੀ। ਤੁਸੀਂ ਹੁਣ ਮੇਰੇ ਇਕ ਪੁੱਤਰ ਦੀ ਗੱਲ ਕਰਦੇ ਹੋਂ, ਮੈਂ ਉਨ੍ਹਾਂ ਚਾਰ ਸ਼ਹਿਜ਼ਾਦਿਆਂ ਦੀ ਬਾਤ ਕਰ ਰਿਹਾ ਹਾਂ, ਉਨ੍ਹਾਂ ਪਦਮਨੀ ਰਾਣੀਆਂ ਦੀ ਗੱਲ ਕਰ ਰਿਹਾ ਹਾਂ ਜੋ ਅੱਧੀ ਘੜੀ ਪਹਿਲਾਂ ਮੇਰਾ ਬਹੁਤ ਪਿਆਰਾ ਪਰਿਵਾਰ ਸੀ ਅਤੇ ਮੈਂ ਸਾਰੀ ਧਰਤੀ ਦਾ ਬਾਦਸ਼ਾਹ ਸਾਂ। ਮੇਰੇ ਅਧੀਨ ਸਾਰੀ ਸ੍ਰਿਸ਼ਟੀ ਦੇ ਰਾਜੇ ਸਨ ਅਤੇ ਸਾਰੀ ਦੁਨੀਆਂ ਮੇਰੀ ਜੈ-ਜੈਕਾਰ ਕਰਦੀ ਸੀ।" ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਆਪ ਦਰੁੱਸਤ ਫੁਰਮਾ ਰਹੇ ਹੋਂ ਪਰ ਇਹ ਤਾਂ ਸੁਪਨਾ ਸੀ। ਤਾਂ ਰਾਜਾ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਇਸ ਸੰਸਾਰ ਨੂੰ ਹੁਣ ਤੁਸੀਂ ਕੀ ਸਮਝ ਰਹੇ ਹੋਂ, ਕੀ ਇਹ ਵੀ ਸੁਪਨਾ ਨਹੀਂ ਹੈ? ਉਹ ਵੀ ਸੁਪਨਾ ਸੀ ਤੇ ਇਹ ਵੀ ਸੁਪਨਾ ਹੈ। ਉਸ ਵੇਲੇ ਮੈਨੂੰ ਇਸ ਦੁਨੀਆਂ ਦਾ ਚਿਤ ਚੇਤਾ ਵੀ ਨਹੀਂ ਸੀ। ਸੁਪਨੇ ਦੀ ਦੁਨੀਆਂ ਮੈਨੂੰ ਉਸ ਸਮੇਂ ਪ੍ਰਤੱਖ ਭਾਸ ਰਹੀ ਸੀ। ਮੈਂ ਤੈਨੂੰ ਕੀ ਦੱਸਾਂ ਕਿ ਸੁਪਨ ਸੰਸਾਰ ਦਾ ਅਸਰ ਮੇਰੇ ਮਨ ਉਪਰ ਕਿੰਨਾ ਪਿਆ ਹੋਇਆ ਹੈ ਕਿ ਮੈਂ ਅਜੇ ਵੀ ਮੋਹ ਵਸ ਹੋ ਰੋ ਰਿਹਾ ਹਾਂ। ਵਜ਼ੀਰ ਸਾਹਿਬ! ਇਹ ਦੁਨੀਆਂ ਵੀ ਸੱਚੀ ਨਹੀਂ ਹੈ, ਇਹ ਵੀ ਇਕ ਲੰਮਾ ਸੁਪਨਾ ਹੈ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰ ਰਹੇ ਹਨ ਕਿ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***

***ਅੰਗ - 808***

ਅਤੇ ਸਾਨੂੰ ਖਬਰਦਾਰ ਕਰਦੇ ਹੋਏ ਫੁਰਮਾਉਂਦੇ ਹਨ ਕਿ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ***
***ਜਾਗਤ ਭਖਲਾਇਆ॥***
***ਆਰਜਾ ਗਈ ਵਿਹਾਇ***
***ਧੰਧੈ ਧਾਇਆ॥***
***ਪੂਰਨ ਭਏ ਨ ਕਾਮ***
***ਮੋਹਿਆ ਮਾਇਆ॥***
***ਕਿਆ ਵੇਚਾਰਾ ਜੰਤੁ***
***ਜਾ ਆਪਿ ਭੁਲਾਇਆ॥***

***ਅੰਗ - 707***

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਸੰਤ ਜੀ! ਵਾਹਿਗੁਰੂ ਦੀ ਮਾਇਆ ਅਨਰਬਚਨੀ ਹੈ, ਇਸ ਬਾਰੇ ਕੁਝ ਭੀ ਆਖਿਆ ਨਹੀਂ ਜਾ ਸਕਦਾ। ਇਸ ਜੀਵ ਦੀ ਸੁਰਤ ਦੀਆਂ ਚਾਰ ਅਵਸਥਾਵਾਂ ਹਨ - ਇਕ ਨੂੰ ਜਾਗ੍ਰਤ ਆਖਿਆ ਜਾਂਦਾ ਹੈ, ਜਦੋਂ ਉਹ ਇਸ ਦੁਨੀਆਂ ਵਿਚ ਜਾਗ ਕੇ ਕਰਮ ਕਰਦਾ ਹੈ, ਮਮਤਾ ਤੇ ਹੰਗਤਾ ਵਿਚ ਫਸਦਾ ਹੈ ਅਤੇ ਕਰਮਾਂ ਦਾ ਫਲ ਭੋਗਣ ਲਈ ੮੪ ਦੇ ਚੱਕਰ ਵਿਚ ਪਿਆ ਘੁਮੇਟਣੀਆਂ ਖਾਂਦਾ ਹੈ। ਦੂਸਰੀ ਅਵਸਥਾ - ਹਰ ਰੋਜ਼ ਹੀ ਇਹ ਦੇਖਦਾ ਹੈ ਜਿਸ ਨੂੰ ਸੁਪਨ ਅਵਸਥਾ ਆਖਿਆ

ਜਾਂਦਾ ਹੈ। ਇਹ ਸੁਪਨੇ ਵਿਚ ਅਨੇਕ ਕਲੋਲਾਂ ਕਰਦਾ ਹੈ ਉਸ ਵੇਲੇ ਉਹ ਪੂਰੀ ਤਰ੍ਹਾਂ ਨਾਲ ਸਤਿ ਪ੍ਰਤੀਤ ਦਿੰਦੀਆਂ ਹਨ ਪਰ ਜਾਗਣ ਉਪਰੰਤ ਉਹ ਸਭ ਕੁਝ ਸੁਪਨਾ ਬਣ ਜਾਂਦਾ ਹੈ। ਤੀਸਰੀ ਅਵਸਥਾ ਇਸਦੀ ਘੂਕ ਨੀਂਦ ਦੀ ਹੋਇਆ ਕਰਦੀ ਹੈ ਜਿਸਨੂੰ ਸਖੋਪਤ ਅਵਸਥਾ ਆਖਦੇ ਹਨ। ਉਸ ਵੇਲੇ ਉਸ ਨੀਂਦ ਨੂੰ ਵਾਚਣ ਵਾਲਾ ਆਤਮ ਤੱਤ ਹੋਇਆ ਕਰਦਾ ਹੈ ਜਿਸਦੇ ਆਸਰੇ ਇਸ ਦੀ ਸਿਮ੍ਰਿਤੀ ਵਿਚ ਉਸ ਘੂਕ ਨੀਂਦ ਦਾ ਅਨੰਦ ਹੁੰਦਾ ਹੈ ਅਤੇ ਇਹ ਆਖਦਾ ਹੈ ਕਿ ਅੱਜ ਮੈਂ ਬਹੁਤ ਹੀ ਘੂਕ ਨੀਂਦ ਵਿਚ ਸੁੱਤਾ ਹਾਂ। ਇਸ ਅਵਸਥਾ ਦਾ ਜੋ ਸਾਖਸ਼ੀ ਹੈ, ਉਹ ਇਸ ਦਾ ਆਪਣਾ ਆਪ ਹੈ ਜਿਸ ਨੂੰ ਆਤਮਾ ਆਖਦੇ ਹਨ ਜੋ ਤਿੰਨਾਂ ਗੁਣਾਂ ਤੋਂ ਅਲੇਪ ਹੈ, ਉਹ ਅਸਲੀ ਤੁਰੀਆ ਅਵਸਥਾ ਹੈ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਸੰਤ ਜੀ! ਜਿਸ ਪ੍ਰਮੇਸ਼ਰ ਦੇ ਆਸਰੇ ਇਹ ਸੰਸਾਰ ਖੜ੍ਹਾ ਹੈ, ਉਸ ਨੂੰ ਨਾਮ ਰੂਪ ਤੋਂ ਪਰ੍ਹੇ ਤਕ ਕੇ ਭਜਨ ਬੰਦਗੀ ਕਰੋ ਅਤੇ ਆਤਮ ਚਿੰਤਨ ਕਰਕੇ ਜਦੋਂ ਭਰਮ ਨਸ਼ਟ ਹੋ ਜਾਏਗਾ ਤਾਂ ਸਤਿ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਜਦੋਂ ਭਰਮ ਮਿਟ ਗਿਆ ਅਤੇ ਝੂਠੀ 'ਮੈਂ' ਗਿਆਨ ਦੇ ਪ੍ਰਕਾਸ਼ ਵਿਚ ਖਤਮ ਹੋ ਗਈ ਤਾਂ ਇਹ ਸਾਰਾ ਸੰਸਾਰ ਬ੍ਰਹਮ ਦੇ ਰੂਪ ਵਿਚ ਹੀ ਜੋ ਕਿ ਬਿਲਕੁਲ ਅਸਲੀਅਤ ਹੈ, ਦਿਸੇਗਾ। ਸੋ ਇਸ ਕਰਕੇ ਇਸ ਅਨੇਕ ਕਿਸਮ ਦੇ ਸੰਸਾਰ ਨੂੰ ਅੱਡ-ਅੱਡ ਕਰਕੇ ਨਾ ਦੇਖੋ, ਇਸ ਨੂੰ ਬ੍ਰਹਮ ਰੂਪ ਕਰਕੇ ਜਾਣੋ। ਤੁਹਾਡੀ ਵੀ ਕੋਈ ਵੱਖਰੀ ਹਸਤੀ ਨਹੀਂ ਹੈ, ਇਹ ਸਾਰਾ ਆਤਮ ਪਸਾਰਾ ਹੈ। ਗੁਰੂ ਦੀ ਕ੍ਰਿਪਾ ਨਾਲ ਅਤੇ ਆਤਮ ਚਿੰਤਨ ਦੇ ਸਾਧਨ ਨਾਲ ਜੋ ਪੰਜਾਂ ਭਰਮਾਂ ਦੀਆਂ ਵਲਗਣਾਂ ਵਿਚੋਂ ਨਿਕਲ ਗਿਆ, ਸਤਿ ਚਿਤ ਅਨੰਦ, ਤ੍ਰੈ ਗੁਣ, ਅਬਾਧ ਪ੍ਰਮੇਸ਼ਰ ਹੀ ਹੋਇਆ ਕਰਦਾ ਹੈ। ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਤਾਂ ਫੁਰਮਾਨ ਕੀਤਾ ਹੈ -

***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥***

***ਅੰਗ - 922***

ਇਹ ਸਾਰੇ ਬਚਨ ਸੁਣ ਕੇ ਸੰਤ ਮਜਨੂੰ ਦੀ ਨਿਸ਼ਾ ਹੋ ਗਈ ਅਤੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ। ਗੁਰੂ ਮਹਾਰਾਜ ਜੀ ਨੇ ਮਹਾਂਵਾਕਾਂ ਰਾਹੀਂ ਬ੍ਰਹਮਗਿਆਨ ਦੀ ਦਾਤ ਬਖਸ਼ੀ। ਇਸ ਤਰ੍ਹਾਂ ਉਸਨੇ ਆਪਣਾ ਆਪਾ ਮਿਟਾ ਕੇ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਕੀਤਾ। ਸੋ ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਅਨੇਕ ਜਗਿਆਸੂਆਂ ਨੂੰ ਭਰਮ ਦੇ ਜਵਾਰਭਾਟੇ ਵਿਚੋਂ ਕੱਢ ਕੇ, ਆਤਮ ਮੰਡਲ ਵਿਚ ਪ੍ਰਵੇਸ਼ ਕਰਾ ਕੇ, ਉਨਮਨੀ ਅਵਸਥਾ ਦਾ ਅਨੁਭਵ ਕਰਾ ਕੇ ਪ੍ਰਤੱਖ ਰੂਪ ਵਿਚ ਅਨੁਭਵ ਕਰਾ ਦਿਤਾ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ - 846***

ਗੁਰੂ ਮਹਾਰਾਜ ਜੀ ਦੇ ਜੀਵਨ ਵਿਚ ਅਨੇਕਾਂ ਹੀ ਕੌਤਕ ਹੋਏ ਜਿਨ੍ਹਾਂ ਨੂੰ ਜੇ ਅਸੀਂ ਵਿਚਾਰੀਏ ਤਾਂ ਇਕ ਵਖਰੇ ਹੀ ਤਰ੍ਹਾਂ ਦਾ ਅਨੁਭਵ ਪ੍ਰਕਾਸ਼ ਹੁੰਦਾ ਹੈ। ਆਪ ਦਾ ਕਿਸੇ ਨਾਲ ਵੀ ਵੈਰ ਨਹੀਂ ਸੀ। ਚੰਦੂ ਦਾ ਪਰਿਵਾਰ ਫੜਿਆ ਗਿਆ, ਆਪ ਜੀ ਨੇ ਇਹ ਕਹਿ ਕੇ ਛੱਡ ਦਿਤਾ ਕਿ ਇਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਚੰਦੂ ਨੇ ਜਾਂ ਜਿਸ-ਜਿਸ ਨੇ ਵੀ ਗੁਰੂ ਪਿਤਾ ਜੀ ਨੂੰ ਸ਼ਹੀਦ ਕਰਨ ਦਾ ਕਰਮ ਕੀਤਾ ਹੈ, ਉਨ੍ਹਾਂ ਦਾ ਕਰਮ ਹੀ ਉਨ੍ਹਾਂ ਨੂੰ ਫਲ ਭੁਗਤਾਵੇਗਾ। ਆਪ ਦੇ ਪ੍ਰੇਮ ਕੌਤਕਾਂ ਦੀਆਂ ਅਨੇਕਾਂ ਸਾਖੀਆਂ ਹਨ, ਆਪ ਦੇ ਜੁੱਧਾਂ ਜੰਗਾਂ ਦੇ ਅਨੇਕਾਂ ਦ੍ਰਿਸ਼ ਹਨ। ਆਪ ਜੀ ਨੂੰ ਸਭ ਹੀ ਪਿਆਰ ਕਰਦੇ ਸਨ। ਆਪ ਜੀ ਦੀ ਕਿਸੇ ਕੌਮ ਨਾਲ, ਕਿਸੇ ਵਰਗ ਨਾਲ ਕੋਈ ਭੀ ਦ੍ਵੈਸ਼ ਨਹੀਂ ਸੀ। ਕਰਤਾਰਪੁਰ ਵਿਚ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਲਈ ਆਪ ਜੀ ਨੇ ਮਸਜਿਦ ਬਣਾ ਕੇ ਦਿਤੀ। ਬਹੁਤ ਵੱਡੇ-ਵੱਡੇ ਯੋਧੇ, ਰਾਠ, ਰਾਜਪੂਤ, ਰਾਜੇ-ਰਾਣੇ ਅਤੇ ਮੁਗਲ ਹਾਕਮ ਆਪ ਜੀ ਉਪਰ ਬਹੁਤ ਯਕੀਦਤ ਰਖਦੇ ਸਨ ਅਤੇ ਅਨੇਕਾਂ ਨੇ ਆਪ ਜੀ ਤੋਂ ਆਤਮ ਮਾਰਗ ਦੀ ਸੋਝੀ ਪ੍ਰਾਪਤ ਕੀਤੀ। ਇਸਲਾਮ ਦੇ ਪ੍ਰਮੁਖ ਦਰਵੇਸ਼ਾਂ ਵਿਚੋਂ ਜਿਵੇਂ ਕਿ ਮੀਆਂਮੀਰ, ਸਿਕੰਦਰ, ਅਉਲੀਆ ਆਦਿ ਆਪ ਜੀ ਨੂੰ ਅੱਲਾਹ ਦਾ ਰੂਪ ਜਾਣਦੇ ਸਨ।

ਇਕ ਵਾਰੀ ਜਦੋਂ ਜਹਾਂਗੀਰ ਨੇ ਪੀਰ ਮੀਆਂਮੀਰ ਤੋਂ ਵਲੀ ਅੱਲਾਹ (ਸੰਤ, ਮਹਾਤਮਾ)

ਦੇ ਲੱਛਣ ਪੁੱਛੇ ਤਾਂ ਪੀਰ ਜੀ ਨੇ ਦੱਸਿਆ ਕਿ ਜੋ ਸਾਰੇ ਵਿਕਾਰਾਂ ਤੋਂ ਰਹਿਤ ਹੋਵੇ ਜਿਸ ਨੇ ਆਪਣੀ ਤ੍ਰਿਸ਼ਨਾ ਮਿਟਾ ਕੇ ਨਿਰਇੱਛਤ ਹੋ ਕੇ ਇਕ ਪ੍ਰਮਾਤਮਾ ਵਿਚ ਲਿਵ ਲਾਈ ਹੋਵੇ ਅਤੇ ਜਿਸ ਦੇ ਮਨ ਵਿਚ ਕੋਈ ਵੀ, ਕਿਸੇ ਤਰ੍ਹਾਂ ਦਾ ਫੁਰਨਾ ਨਾ ਉਠੇ, ਸਦੀਵ ਆਤਮ ਅਨੰਦ ਵਿਚ ਲੀਨ ਰਹੇ; ਉਹ ਪੂਰਨ ਬ੍ਰਹਮਗਿਆਨੀ, ਮਹਾਂਪੁਰਸ਼, ਵਲੀ ਅੱਲਾਹ, ਖੁਦਾ ਦਾ ਰੂਪ ਹੋਇਆ ਕਰਦਾ ਹੈ। ਜਦੋਂ ਜਹਾਂਗੀਰ ਨੇ ਕਿਹਾ ਕਿ ਕੀ ਕੋਈ ਅਜਿਹਾ ਵਲੀ ਅੱਲਾਹ ਅੱਜ ਵੀ ਸੰਸਾਰ ਵਿਚ ਹੈ? ਤਾਂ ਪੀਰ ਨੇ ਕਿਹਾ ਕਿ ਹਾਂ, ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੂੰ ਲਾਹੌਰ ਵਿਚ ਚੰਦੂ ਨੇ ਆਪਣੇ ਘਰ ਵਿਚ ਕੈਦ ਕਰਕੇ ਅਨੇਕਾਂ ਤਸੀਹੇ ਦਿਤੇ। ਜਦੋਂ ਮੈਂ ਉਨ੍ਹਾਂ ਬਾਰੇ ਸੁਣਿਆਂ ਤਾਂ ਮੈਂ ਦਰਸ਼ਨ ਕਰਨ ਗਿਆ, ਮੈਂ ਹੈਰਾਨ ਰਹਿ ਗਿਆ ਕਿ ਆਪ ਜੀ ਲਾਲ ਸੁਰਖ ਹੋਈ ਤੱਤੀ ਲੋਹ ਉਪਰ ਇਉਂ ਆਸਣ ਲਾਈਂ ਬੈਠੇ ਸਨ ਜਿਵੇਂ ਆਪ ਜੀ ਦੇ ਹੇਠਾਂ ਨਰਮ ਗਦੈਲਿਆਂ ਦਾ ਆਸਣ ਹੋਵੇ। ਸਰੀਰ ਸੜ ਰਿਹਾ ਸੀ ਪਰ ਚਿਹਰੇ ਤੇ ਨੂਰ ਲਿਸ਼ਕਾਰੇ ਮਾਰ ਰਿਹਾ ਸੀ। ਸੀਸ ਵਿਚ ਅੱਗ ਤੋਂ ਵੀ ਗਰਮ ਰੇਤਾ ਪਾਇਆ ਜਾ ਰਿਹਾ ਸੀ। ਉਸ ਵੇਲੇ ਵੀ ਆਪ ਪੂਰਨ ਸਤਿ ਚਿਤ ਅਨੰਦ ਅਵਸਥਾ ਦਾ ਅਨੰਦ ਮਾਣਦੇ ਹੋਏ, ਪੂਰਨ ਰੂਪ ਵਿਚ ਨਿਰਵੈਰ, ਸ਼ਾਂਤ ਚਿਤ ਸਨ।

ਜੇ ਉਨ੍ਹਾਂ ਦੇ ਮਨ ਵਿਚ ਇਕ ਵੀ ਫੁਰਨਾ ਆ ਜਾਂਦਾ ਤਾਂ ਉਨ੍ਹਾਂ ਵਿਚ ਸਾਰੀ ਦੁਨੀਆਂ ਨੂੰ ਗਰਕ ਕਰ ਦੇਣ ਦੀ ਸਮਰਥਾ ਸੀ। ਉਹ ਪੂਰਨ ਰੂਪ ਵਿਚ ਸਾਬਰ ਸਨ, ਉਹ ਸ਼ਹੀਦ ਕਰ ਦਿਤੇ ਗਏ। ਹੁਣ ਉਨ੍ਹਾਂ ਦੇ ਸਪੁੱਤਰ ਜੋ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਛੇਵੇਂ ਗੁਰੂ ਹੋ ਕੇ ਪ੍ਰਗਟੇ ਹਨ, ਉਹ ਭੀ ਅੱਲਾਹ ਦਾ ਹੀ ਰੂਪ ਹਨ। ਇਹ ਗੱਲ ਸੁਣ ਕੇ ਜਹਾਂਗੀਰ ਦੇ ਮਨ ਵਿਚ ਸ਼ੰਕਾ ਆਇਆ ਕਿ ਪੀਰ ਜੀ! ਇਸਲਾਮ ਵਿਚ ਹਿੰਦੂ ਦੀ ਮਹਿਮਾ ਕਰਨੀ ਵਰਜਿਤ ਹੈ ਅਤੇ ਦੋਸ਼ ਗਿਣਿਆਂ ਜਾਂਦਾ ਹੈ। ਤੁਸੀਂ ਐਨੀ ਮਹਿਮਾ ਕਿਉਂ ਕਰ ਰਹੇ ਹੋ? ਤਾਂ ਪੀਰ ਜੀ ਨੇ ਕਿਹਾ ਕਿ ਗੁਰੂ ਦੀ ਮਹਿਮਾ ਦਾ ਕਾਰਨ ਇਹ ਹੈ ਕਿ ਜਿਤਨੇ ਵੀ ਪੀਰ, ਫਕੀਰ, ਸੰਤ, ਮਹਾਂਪੁਰਸ਼ ਆਪਣੇ ਮਰਾਕਬੇ (ਸਮਾਧੀ) ਵਿਚੋਂ ਮੰਜ਼ਿਲ-ਦਰ-ਮੰਜ਼ਿਲ ਚੜ੍ਹਾਈ ਕਰਕੇ ਅੱਲਾਹ ਦੇ ਦਰ ਤੇ ਪੁੱਜਦੇ ਹਨ ਤਾਂ ਕੀ ਦੇਖਦੇ ਹਨ ਕਿ ਸਾਰਿਆਂ ਦੀ ਗੱਲ ਗੁਰੂ ਨਾਨਕ ਪਾਸ ਹੀ ਹੁੰਦੀ ਹੈ। ਇਹ ਫਿਨਾਹੇ ਅੱਲਾਹ ਦੇ ਨਿਰਗੁਣ ਅਵਸਥਾ ਮੰਡਲ ਵਿਚੋਂ ਗੁਰੂ ਨਾਨਕ ਨੂੰ ਨਿਕਲਦਿਆਂ ਵੇਖਦੇ ਹਨ ਅਤੇ ਉਨ੍ਹਾਂ ਦਾ ਇਹੋ ਸਰੂਪ ਨਜ਼ਰ ਆਉਂਦਾ ਹੈ ਜੋ ਗੁਰੂ ਹਰਿਗੋਬਿੰਦ ਮਹਾਰਾਜ ਜੀ ਦੇ ਰੂਪ ਵਿਚ ਤੁਸੀਂ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤਾ ਹੋਇਆ ਹੈ। ਜਹਾਂਗੀਰ! ਤੂੰ ਇਸ ਗੱਲ ਉਪਰ ਯਕੀਨ ਲਿਆ ਕਿ ਗੁਰੂ ਹਰਿਗੋਬਿੰਦ ਅੱਲਾਹ ਦਾ ਖਾਸ ਰੂਪ ਹੈ, ਓਹੀ ਸਰੂਪ ਸਭ ਨੂੰ ਮਰਾਕਬੇ ਵਿਚ ਦਿਖਾਈ ਦਿੰਦਾ ਹੈ। ਜਹਾਂਗੀਰ ਨੇ ਕਿਹਾ ਕਿ ਇਹ ਗੱਲ ਮੈਨੂੰ ਤੁਸੀਂ ਪਹਿਲਾਂ ਕਿਉਂ ਨਾ ਦੱਸੀ? ਮੈਂ ਉਨ੍ਹਾਂ ਦਾ ਸਤਿਕਾਰ ਕਰਕੇ ਬੰਦ ਖਲਾਸੀ ਕਰਕੇ ਅਸੀਸਾਂ ਲੈਂਦਾ। ਪੀਰ ਜੀ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਅੱਲਾਹ ਦੀ ਰਜ਼ਾ ਵਿਚ ਪੂਰੀ ਤਰ੍ਹਾਂ ਨਾਲ ਇਕ ਸੁਰ ਹੋਏ-ਹੋਏ ਨਹੀਂ ਚਾਹੁੰਦੇ ਸਨ ਕਿ ਕੋਈ ਇਸ ਭਾਣੇ ਦੀ ਕ੍ਰਿਆ ਵਿਚ ਦਖਲ ਦੇਵੇ। ਜਹਾਂਗੀਰ ਇਹ ਗੱਲ ਸੁਣ ਕੇ ਬਹੁਤ ਪਛਤਾਇਆ। ਇਸ ਬਚਨ ਤੋਂ ਮੁਤਾਸਰ ਹੋ ਕੇ ਉਸ ਨੇ ਗੁਰੂ ਮਹਾਰਾਜ ਜੀ ਨੂੰ ਕਿਲੇ ਵਿਚੋਂ ਇਕੱਲਿਆਂ ਹੀ ਰਿਹਾਅ ਨਹੀਂ ਕੀਤਾ ਸਗਮਾਂ ਲੰਮੇ ਸਮੇਂ ਤੋਂ ਕੈਦ ਵਿਚ, ਜੀਵਨ ਮੌਤ ਦੇ ਘੋਲ ਵਿਚ ਪਏ ਹੋਏ ੫੨ ਰਾਜੇ ਵੀ ਗੁਰੂ ਮਹਾਰਾਜ ਦੀ ਇੱਛਿਆ ਅਨੁਸਾਰ ਬੰਦ ਖਲਾਸ ਕਰਨੇ ਪਏ।

ਸੋ ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਦੀ ਮਹਿਮਾ ਬੇਅੰਤ ਹੈ। ਜੋ ਵੀ ਗੁਰੂ ਮਹਾਰਾਜ ਜੀ ਨੂੰ ਯਾਦ ਕਰਦਾ ਸੀ, ਆਪ ਉਸੇ ਸਮੇਂ ਉਥੇ ਪੁੱਜ ਕੇ ਉਸਦੀ ਭਾਵਨਾ ਪੂਰੀ ਕਰ ਦਿਆ ਕਰਦੇ ਸਨ ਜਿਵੇਂ ਕਿ ਭਾਈ ਰੂਪੇ ਤੇ ਭਾਈ ਸੰਧੂ ਦਾ ਅਤਿ ਠੰਢਾ ਜਲ ਪੀਣ ਲਈ 40 ਕੋਹ ਦਾ ਪੈਂਡਾ, ਛਿਨ ਵਿਚ ਕਰਕੇ ਉਨ੍ਹਾਂ ਪਿਆਸਿਆਂ ਨੂੰ ਬਚਾਉਣ ਲਈ ਆਪ ਵੀ ਪਾਣੀ ਪੀਤਾ ਅਤੇ ਉਨ੍ਹਾਂ ਨੂੰ ਜਲ ਪਿਲਾ ਕੇ ਅਨੇਕਾਂ ਵਰ ਦਿਤੇ।

ਮਾਈ ਭਾਗਭਰੀ ਨੂੰ ਦਰਸ਼ਨ ਦੇਣ ਲਈ ਆਪ ਕਸ਼ਮੀਰ ਵਿਚ ਪੁਜਦੇ ਹਨ ਅਤੇ ਮਾਤਾ ਦੇ ਪਰਲੋਕ ਗਮਨ ਸਮੇਂ ਆਪਣੀ ਕ੍ਰਿਪਾ ਕਰਕੇ ਉਸ ਨੂੰ ਬ੍ਰਹਮ ਵਿਚ ਲੀਨ ਕਰਾ ਦਿਤਾ।

ਸੋ ਸਾਰੇ ਨਾਮ ਰਸੀਆਂ ਨੂੰ ਬੇਨਤੀ ਹੈ ਕਿ

ਉਹ ਗੁਰੂ ਉਪਰ ਪੂਰੀ ਪ੍ਰਤੀਤ ਲਿਆਉਣ ਜੋ ਅੱਜ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪ੍ਰਗਟ ਹੋ ਕੇ ਦਰਸ਼ਨ ਦੇ ਰਹੇ ਹਨ। ਉਨ੍ਹਾਂ ਦੇ ਬਚਨ ਗੁਰਬਾਣੀ ਹੈ, ਗੁਰਬਾਣੀ ਨਾਲ ਪ੍ਰੀਤ ਕਰਨੀ ਆਵਸ਼ਕ ਹੈ ਅਤੇ ਇਸ ਬਾਣੀ ਨੂੰ ਆਪਣੇ ਜੀਵਨ ਵਿਚ ਕਮਾਉਣਾ ਹੀ ਅਸਾਡਾ ਪ੍ਰਮ ਮਨੋਰਥ ਹੈ। ਰਾਜਨੀਤੀ ਵਿਚ ਪਏ ਹੋਏ ਵੀਰ ਰਾਜਨੀਤੀ ਦੀਆਂ ਦਲਦਲਾਂ ਦੇ ਵਿਚ ਗਰਕ ਨਾ ਹੋਣ। ਉਹ ਗੁਰਬਾਣੀ ਨੂੰ ਸਰਬ ਸ੍ਰੇਸ਼ਟ ਦਰਜੇ ਉਪਰ ਰਖਦੇ ਹੋਏ, ਸਤਿ ਦਾ ਜੀਵਨ ਅਪਣਾਅ ਕੇ ਉਚੀ ਅਵਸਥਾ ਵਿਚ ਰਹਿੰਦੇ ਹੋਏ ਜਦੋਂ ਇਸ ਮੀਰੀ ਦੀ ਖੇਡ ਨੂੰ ਖੇਡਣਗੇ ਤਾਂ ਸੰਸਾਰ ਉਨ੍ਹਾਂ ਦਾ ਆਦਰ ਕਰੇਗਾ ਅਤੇ ਉਹ ਸਾਰੀ ਸ੍ਰਿਸ਼ਟੀ ਦੇ ਰਾਜੇ ਹੋਣਗੇ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥ ਅੰਗ– 707*

ਦੁਨਿਆਵੀ ਰਾਜਿਆਂ ਬਾਰੇ ਫੁਰਮਾਨ ਹੈ –

*ਏ ਭੂਪਤਿ ਸਭ ਦਿਵਸ ਚਾਰਿ ਕੇ*
*ਝੂਠੇ ਕਰਤ ਦਿਵਾਜਾ॥*
*ਅੰਗ – 856*

*ਰਾਜ ਮਿਲਖ ਸਿਕਦਾਰੀਆ*
*ਅਗਨੀ ਮਹਿ ਜਾਲੁ॥*
*ਅੰਗ – 811*

ਸੱਚਾ ਰਾਜ ਨਾਮ ਜਪਣ ਵਾਲੇ ਨੂੰ ਕੁਦਰਤ ਵਲੋਂ ਹੀ ਦਿਤਾ ਜਾਂਦਾ ਹੈ–

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*
*ਅੰਗ – 5*

*ਨਾਨਕ ਹੋਰਿ ਪਾਤਸਾਹੀਆ ਕੂੜੀਆ*
*ਨਾਮਿ ਰਤੇ ਪਾਤਿਸਾਹ॥*
*ਅੰਗ – 1413*

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥*
*ਪੰਨਾ – 1155*

ਗੁਰੂ ਮਹਾਰਾਜ ਜੀ ਨੇ ਗੁਰਸਿੱਖ ਨੂੰ ਪਹਿਲਾਂ ਗੁਰਮੁਖ ਪਦਵੀ ਬਖਸ਼ੀ ਹੈ ਜਿਸ ਦੇ ਤੁਲ ਕੋਈ ਦੁਨਿਆਵੀ ਰਾਜਾ ਨਹੀਂ ਪਹੁੰਚ ਸਕਦਾ –

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤਿ ਬਰਾਬਰਿ ਅਉਰੁ ਨ ਕੋਇ॥*
*ਅੰਗ – 858*

ਨਾਮ ਤੋਂ ਬਗੈਰ ਜੋ ਨਿਰਾ ਸਿਪਾਹੀ ਹੋ ਕੇ ਰਾਜ ਦੀ ਪ੍ਰਾਪਤੀ ਲਈ ਖਪਤ ਹੋਇਆ ਪਿਆ ਹੈ, ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਰੀਆਂ ਪ੍ਰਾਪਤੀਆਂ ਪ੍ਰਾਪਤ ਕਰਨ ਤੋਂ ਭੀ ਜੇ ਪਤ ਲੇਖੇ ਵਿਚ ਨਾ ਪਈ ਤਾਂ ਉਸ ਦੇ ਸਾਰੇ ਕੰਮ ਨਿਰਾਫਲ ਹੋਣਗੇ–

*ਲਖ ਲਸਕਰ ਲਖ ਵਾਜੇ ਨੇਜੇ*
*ਲਖ ਉਠਿ ਕਰਹਿ ਸਲਾਮੁ॥*
*ਲਖਾ ਉਪਰਿ ਫੁਰਮਾਇਸਿ ਤੇਰੀ*
*ਲਖ ਉਠਿ ਰਾਖਹਿ ਮਾਨੁ॥*
*ਜਾਂ ਪਤਿ ਲੇਖੈ ਨਾ ਪਵੈ*
*ਤਾਂ ਸਭਿ ਨਿਰਾਫਲ ਕਾਮ॥*
*ਅੰਗ – 358*

ਅਤੇ ਹੋਰ ਫੁਰਮਾਨ ਕਰਦੇ ਹਨ ਕਿ –

*ਰਾਜੇ ਓਇ ਨ ਆਖੀਅਹਿ*
*ਭਿੜਿ ਮਰਹਿ ਫਿਰਿ ਜੂਨੀ ਪਾਹਿ॥*
*ਨਾਨਕ ਵਿਣੁ ਨਾਵੈ*
*ਨਕਂੀ ਵਢਂੀ ਫਿਰਹਿ*
*ਸੋਭਾ ਮੂਲਿ ਨ ਪਾਹਿ॥ ਅੰਗ – 590*

ਸੋ ਗੁਰੂ ਮਹਾਰਾਜ ਜੀ ਨੇ ਨਿਰੀਆਂ ਰਾਜ ਪ੍ਰਾਪਤੀਆਂ ਦੀ ਕਿਤੇ ਵੀ ਗੁਰਬਾਣੀ ਵਿਚ ਪ੍ਰੋੜਤਾ ਨਹੀਂ ਕੀਤੀ ਜਿਸਦੇ ਵਿਪਰੀਤ ਜੋ ਰਾਜੇ ਹਨ ਉਨ੍ਹਾਂ ਨੂੰ ਤਾੜਨਾ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ –

*ਤਖਤਿ ਰਾਜਾ ਸੋ ਬਹੈ*
*ਜਿ ਤਖਤੈ ਲਾਇਕ ਹੋਈ॥*
*ਜਿਨੀ ਸਚੁ ਪਛਾਣਿਆ*
*ਸਚੁ ਰਾਜੇ ਸੇਈ॥*
*ਏਹਿ ਭੂਪਤਿ ਰਾਜੇ ਨ ਆਖੀਅਹਿ*
*ਦੂਜੈ ਭਾਇ ਦੁਖੁ ਹੋਈ॥*
*ਅੰਗ – 1088*

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਇਸ ਜੀਵ ਨੂੰ ਪਹਿਲਾਂ ਗੁਰਮੁਖ ਪਦਵੀ ਪ੍ਰਦਾਨ ਕੀਤੀ ਹੈ। ਜਦੋਂ ਗੁਰਮੁਖ ਅਵਸਥਾ ਪ੍ਰਾਪਤ ਕਰਕੇ ਹਉਮੈ ਦਾ ਪੂਰੀ ਤਰ੍ਹਾਂ ਅਭਾਵ ਹੋ ਜਾਵੇ, ਫੇਰ ਛੇਵੇਂ

ਪਾਤਸ਼ਾਹ ਮਹਾਰਾਜ ਜੀ ਨੇ ਪ੍ਰਵਾਨ ਹੋਈਆਂ ਰੂਹਾਂ ਦੀ, ਸੰਸਾਰ ਕਾਰਜਾਂ ਦੀ ਨਿਪੁੰਨਤਾ ਸਹਿਤ ਡਿਊਟੀ ਦੇਣ ਲਈ ਪ੍ਰੇਰਨਾ ਦਿਤੀ ਹੈ। ਸੋ ਇਕ ਬੜਾ ਭੁਲੇਖਾ ਅਸਾਡੇ ਰਾਜਨੀਤਕ ਆਗੂਆਂ ਨੇ ਪਾ ਛੱਡਿਆ ਹੈ ਕਿ ਰਾਜਸੀ ਪ੍ਰਾਪਤੀਆਂ ਹੀ ਅਸਾਡਾ ਪ੍ਰਮ ਮਨੋਰਥ ਹੈ; ਬੰਦਗੀ ਦੀ ਕੋਈ ਲੋੜ ਨਹੀਂ। ਐਸਾ ਆਦੇਸ਼ ਮੀਰੀ ਪੀਰੀ ਦੇ ਮਾਲਕ ਦੇ ਜੀਵਨ ਦੀ ਪੜਚੋਲ ਕਰਦਿਆਂ ਕਿਤੇ ਵੀ ਨਜ਼ਰੀ ਨਹੀਂ ਆਉਂਦਾ। ਗੁਰੂ ਹਮੇਸ਼ਾ ਸ਼ਬਦ ਹੋਇਆ ਕਰਦਾ ਹੈ। ਸ਼ਬਦ ਸਤਿਗੁਰੂ ਹੁੰਦਾ ਹੈ-

***ਸਤਿਗੁਰ ਬਚਨ ਬਚਨ ਹੈ ਸਤਿਗੁਰ***
***ਪਾਧਰੁ ਮੁਕਤਿ ਜਨਾਵੈਗੋ॥***

***ਅੰਗ - 1310***

ਇਸ ਕਰਕੇ ਅੱਜ ਅਸਾਨੂੰ ਲੋੜ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਰੂਪ ਵਿਚ ਪਿਆਰ ਤੇ ਸਤਿਕਾਰ ਕਰਦਿਆਂ ਬਾਣੀ ਦੇ ਚਾਨਣੇ ਵਿਚ ਆਪਣੇ ਜੀਵਨ ਤੋਰੀਏ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਖਾਲਸੇ ਬਾਰੇ ਫੁਰਮਾਨ ਕਰਦੇ ਹਨ -

***ਖ਼ਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥***

***(ਸਰਬ ਲੋਹ ਗ੍ਰੰਥ 'ਚੋਂ)***

ਅਕਾਲ ਪੁਰਖ ਦੀ ਫੌਜ ਵਿਚ ਓਹੀ ਸ਼ਾਮਿਲ ਹੋ ਸਕਦਾ ਹੈ ਜੋ ਖਾਲਸਾ ਹੈ ਜਿਸ ਦੇ ਬਾਰੇ ਸਰਬ ਲੋਹ ਗ੍ਰੰਥ ਵਿਚ ਫੁਰਮਾਨ ਹੈ ਕਿ -

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਸੋ ਆਤਮ ਰਸੀਆ ਜਦੋਂ ਸਿਆਸਤ ਦੀ ਖੇਡ ਖੇਡਦਾ ਹੈ ਤਾਂ ਉਸ ਦੀ ਦ੍ਰਿਸ਼ਟੀ ਵਿਚ ਕੋਈ ਦ੍ਵੈਤ ਨਹੀਂ ਹੋਇਆ ਕਰਦੀ। ਨਾ ਹਾਨ ਦੀ ਪ੍ਰਵਾਹ ਹੁੰਦੀ ਹੈ, ਨਾ ਲਾਭ ਦੀ ਕੋਈ ਲਾਲਸਾ ਹੁੰਦੀ ਹੈ। ਉਹ ਸੰਸਾਰ ਨੂੰ ਵਾਹਿਗੁਰੂ ਰੂਪ ਜਾਣ ਕੇ ਇਸ ਵਿਚ ਆਪ ਵੀ ਵਿਚਰਦਾ ਹੈ ਤੇ ਸੰਸਾਰ ਦਾ ਭਲਾ ਕਰਦਾ ਹੈ। ਉਸਦੀ ਸਿਆਸਤ ਨੇਕੀ, ਪਰਉਪਕਾਰ, ਆਪਾ ਵਾਰੂ ਹੋਇਆ ਕਰਦੀ ਹੈ। ਉਹ ਸਕੈਂਡਲਾਂ ਵਿਚ ਨਹੀਂ ਫਸਦਾ, ਦੇਸ਼ ਦੀ, ਸੰਸਾਰ ਦੀ ਸੇਵਾ, ਵਾਹਿਗੁਰੂ ਜੀ ਦਾ ਪ੍ਰਮ ਪਵਿਤਰ ਮੰਦਰ ਸਮਝ ਕੇ ਕਰਿਆ ਕਰਦਾ ਹੈ। ਉਸਨੂੰ ਸਭ ਆਪਣੇ ਲਗਦੇ ਹਨ ਸਾਰਿਆਂ ਨੂੰ ਉਹ ਆਪਣਾ ਲਗਦਾ ਹੈ। ਅਜਿਹੀ ਮੀਰੀ ਤੇ ਪੀਰੀ ਦਾ ਸੁਮੇਲ ਸੰਸਾਰ ਵਿਚ ਅਮਨ ਦੀ ਗਰੰਟੀ ਦਿੰਦਾ ਹੈ। ਐਟਮ ਬੰਬ ਸਟੋਰਾਂ ਵਿਚ ਪਏ ਹੀ ਪੁਰਾਣੇ ਹੋ ਜਾਂਦੇ ਹਨ। ਇਨ੍ਹਾਂ ਖਰਚਾਂ ਦੀ ਥਾਂ ਤੇ ਖ਼ੂਬਸੂਰਤ ਸੜਕਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਨਿਰਮਾਣ ਹੁੰਦਾ ਹੈ। ਗੁਰਮੁਖ ਦੇ ਰਾਜ ਵਿਚ ਹਸਪਤਾਲਾਂ ਦੀ ਉਕਾ ਹੀ ਲੋੜ ਨਹੀਂ ਰਹਿੰਦੀ ਕਿਉਂਕਿ ਚਿੰਤਾਵਾਂ ਮਿਟ ਜਾਂਦੀਆਂ ਹਨ। ਭੈ, ਵੈਰ, ਬੇਵਿਸ਼ਵਾਸ਼ੀ, ਬਦਲਾ ਲਊ ਬਿਰਤੀ, ਆਸਾ ਤੇ ਅੰਦੇਸ਼ਾ ਦੀਆਂ ਭਾਵਨਾਵਾਂ ਮਿਟ ਕੇ ਅੰਦਰ ਬਾਹਰ ਹਰ ਥਾਂ ਸੁੰਦਰਤਾਵਾਂ ਤੇ ਖੇੜਿਆਂ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। 80% ਰੋਗ ਪਰਮੇਸ਼ਰ ਨੂੰ ਭੁੱਲਣ ਕਰਕੇ, ਮਾਨਸਿਕ ਬੋਝ (strain) ਕਰਕੇ ਹੋਇਆ ਕਰਦੇ ਹਨ। ਇਹ ਰੋਗ ਨਾਮ ਦਾਰੂ ਨਾਲ ਦੂਰ ਹੋ ਜਾਂਦੇ ਹਨ। ਬਾਕੀ ਬਚਦੇ 20% ਰੋਗ ਭੀ ਨਹੀਂ ਆਇਆ ਕਰਦੇ ਕਿਉਂਕਿ ਮਨ ਪ੍ਰਭੂ ਰਸ ਵਿਚ ਲੀਨ ਰਹਿੰਦਾ ਹੈ। Resistance ਸ਼ਕਤੀ ਪੂਰੇ ਜੋਬਨ ਤੇ ਰਹਿੰਦੀ ਹੈ। ਉਦਾਸੀਆਂ, ਝੋਰੇ, ਚਿਹਰੇ ਦੇ ਖੇੜਿਆਂ ਭਰੇ ਹੁਸਨ ਦਾ ਕੋਹਝ ਨਹੀਂ ਬਣਦੇ।

ਜੀਅ ਭਰ ਕੇ ਸਿਆਸਤ ਦੀ ਖੇਡ ਖੇਡੋ ਪਰ ਦਇਆ, ਖਿਮਾਂ, ਸ਼ਾਂਤੀ, ਸੰਤੋਖ, ਸੌਚ, ਸ਼ੀਲ, ਸੰਤੋਖ, ਸੇਵਾ, ਸਰਬੱਤ ਦੇ ਭਲੇ ਦੀ ਓਟ ਲੈ ਕੇ ਖੇਡੋ। ਤੁਹਾਡੇ ਉਪਰ ਕਿਸੇ ਨੂੰ ਸ਼ੱਕ ਨਹੀਂ ਰਹੇਗਾ। ਤੁਸੀਂ ਦਿਲਾਂ ਤੇ ਰਾਜ ਕਰਨ ਵਾਲੇ ਬਣ ਜਾਵੋਗੇ। ਉਪਰਲੇ ਗੁਣਾਂ ਦੇ ਸਮੂੰਹ ਨੂੰ ਧਰਮ ਕਿਹਾ ਜਾਂਦਾ ਹੈ। ਮਜ਼ਹਬੀ ਦੀਵਾਰਾਂ ਕਾਇਮ ਨਾ ਕਰੋ, ਧਰਮੀ ਜੀਵਨ ਨੂੰ ਅਪਣਾਓ, ਫਿਰ ਮੀਰੀ ਪੀਰੀ ਦਾ ਪ੍ਰਕਾਸ਼ ਸੰਸਾਰ ਨੂੰ ਸ਼ੰਕਿਆਂ ਰਹਿਤ ਕਰ ਦੇਵੇਗਾ, ਸਾਥੀਆਂ ਨੂੰ ਸੋਝੀ ਬਖਸ਼ੇਗਾ। ਫੇਰ ਤੁਹਾਡਾ ਮੀਰੀ ਪੀਰੀ ਦੇ ਕਰਮ ਨੂੰ ਅਪਨਾਉਣਾ ਸਫਲ ਹੋਵੇਗਾ। ਨਹੀਂ ਤਾਂ ਇਕ ਪਾਖੰਡ ਹੀ ਹੈ, ਪਾਖੰਡੀ ਜੀਵਨ ਦੀ ਕਦੇ ਸਦੀਵੀ ਜਿੱਤ ਨਹੀਂ ਹੋਇਆ ਕਰਦੀ।

# ਆਪੇ ਗੁਰ ਚੇਲਾ

ਭਾਰਤ ਰਿਸ਼ੀਆਂ-ਮੁਨੀਆਂ, ਵਿਚਾਰਕਾਂ, ਕਰਮਯੋਗੀਆਂ, ਸਤਿ ਤੇ ਮਰ ਮਿਟਣ ਵਾਲੇ ਯੋਧਿਆਂ ਅਤੇ ਧਰਮ ਨੂੰ ਪੂਰੀ ਤਰ੍ਹਾਂ ਪਾਲਣ ਕਰਨ ਵਾਲੇ ਗ੍ਰਹਿਸਤੀਆਂ ਦਾ ਦੇਸ਼ ਹੈ ਜਿਸ ਦੇਸ਼ ਨੂੰ ਕਰਮ ਭੂਮੀ ਕਹਿ ਕੇ ਵਡਿਆਇਆ ਜਾਂਦਾ ਰਿਹਾ ਹੈ। ਇਸ ਵਿਚ ਸਦਾਚਾਰ ਤੇ ਅਧਿਆਤਮ ਸੂਝ ਦਾ ਸਦਾ ਹੀ ਬੋਲ-ਬਾਲਾ ਰਿਹਾ ਹੈ ਪਰ ਸਮੇਂ ਬਦਲੇ, ਇਸਦੇ ਅਮਨ-ਅਮਾਨ ਨਾਲ ਵਸਦੇ ਰਾਜਿਆਂ ਉਪਰ ਇਕ-ਇਕ ਕਰਕੇ ਅਫਗਾਨਿਸਤਾਨ, ਈਰਾਨ, ਅਰਬ ਅਤੇ ਬਗਦਾਦ ਦੇ ਸ਼ਾਹਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਪਹਿਲੇ-ਪਹਿਲੇ ਇਨ੍ਹਾਂ ਦੇ ਰਾਜਸੀ ਮਨੋਰਥ ਹੋਇਆ ਕਰਦੇ ਸਨ। ਇਕ ਰਾਜਾ ਹਾਰ ਜਾਂਦਾ ਸੀ, ਉਸ ਨਾਲ ਸਮਝੌਤੇ ਕਰਕੇ ਆਪਣੇ ਰਾਜ ਪੱਕੇ ਕਰਿਆ ਕਰਦੇ ਸਨ। ਅੱਠਵੀਂ ਸਦੀ ਤੋਂ ਭਾਰਤ ਦੇ ਅਮਨ ਨੂੰ ਡਾਵਾਂ-ਡੋਲ ਹੋਣਾ ਪਿਆ। ਹੌਲੀ-ਹੌਲੀ ਇਨ੍ਹਾਂ ਦੇਸ਼ਾਂ ਦੇ ਹਮਲਾਵਰ ਜੋ ਇਸਲਾਮ ਨਾਲ ਸਬੰਧ ਰਖਦੇ ਸਨ, ਆਪਣੀਆਂ ਵਧੀਕੀਆਂ ਨੂੰ ਨਫਰਤ ਤੋਂ ਬਚਾਉਣ ਖਾਤਰ ਮਜ਼੍ਹਬੀ ਨਾਹਰੇ ਦੇਣ ਲੱਗੇ।

ਇਸਲਾਮ ਇਕ ਅਜਿਹਾ ਧਰਮ ਹੈ ਜਿਸ ਵਿਚ ਇਨਸਾਫ, ਰਹਿਮ ਅਤੇ ਪ੍ਰਭੂ ਭਗਤੀ ਦੇ ਜਜ਼ਬੇ ਪ੍ਰਭੂ ਪਿਆਰ ਨੂੰ ਪ੍ਰਫੁੱਲਤ ਕਰਦੇ ਸਨ। ਇਹ ਧਰਮ ਅੱਲਾਹ-ਤਾਲਾ ਨੂੰ ਸਰਬ ਕਲਾ ਸਮਰੱਥ ਮੰਨਦਾ ਸੀ ਅਤੇ ਇਸ ਵਿਚ ਦੇਵਤਿਆਂ ਦੀ ਪੂਜਾ ਪ੍ਰਤਿਸ਼ਠਾ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ ਸੀ ਅਤੇ ਇਹ ਨਿਰੋਲ ਵਾਹਿਗੁਰੂ ਨੂੰ ਪਿਆਰ ਕਰਨ ਵਾਲਾ ਧਰਮ ਸੀ ਅਤੇ ਉਸਦੇ ਹੁਕਮ ਤੇ ਰਜ਼ਾ ਨੂੰ ਮੰਨਣ ਵਾਲਾ ਸੀ। ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਸਦੀਵੀ ਥਾਂ ਦੇਣ ਲਈ ਪੰਜ ਨਮਾਜ਼ਾਂ, ਪੰਜ ਵਕਤਾਂ ਵਿਚ ਪੜ੍ਹੀਆਂ ਜਾਂਦੀਆਂ ਸਨ ਅਤੇ ਸੱਚ ਦੀ ਖੋਜ ਅੰਦਰ ਘੋਰ ਤਪੱਸਿਆ ਕੀਤੀ ਜਾਂਦੀ ਸੀ। ਅੰਦਰੋਂ ਹੀ ਸੱਚ ਦੀ ਪ੍ਰਾਪਤੀ ਲਈ ਨਿਯਮਬੱਧ ਸਦਾਚਾਰਕ ਜੀਵਨ ਜੀਵਿਆ ਜਾਂਦਾ ਸੀ। ਇਨ੍ਹਾਂ ਨਾਲ, ਅਰਬ ਤੇ ਹੋਰ ਦੇਸ਼ਾਂ ਦੇ ਮੂਰਤੀਆਂ ਦੀ ਪੂਜਾ ਕਰਨ ਵਾਲੇ ਦ੍ਵੈਸ਼ ਰਖਦੇ ਸਨ। ਬਹੁਤ ਸਾਰੇ ਜੰਗ ਇਸ ਨਵੇਂ ਧਰਮ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਦੂਸਰੇ ਧਰਮ ਅਬਲੰਭੀਆਂ ਨਾਲ ਕੀਤੇ ਅਤੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕਰਕੇ ਇਨਸਾਫ ਅਤੇ ਧਰਮ ਦੇ ਰਾਜ ਚਲਾਏ। ਇਸ ਧਰਮ ਵਿਚ ਮਹਾਨ ਚਿੰਤਕ ਸੂਫੀ ਸੰਪਰਦਾਵਾਂ ਦੇ ਜਨਮ ਹੋਏ ਜਿਨ੍ਹਾਂ ਨੇ ਸੰਸਾਰ ਨੂੰ ਭਰਾਤਰੀ ਭਾਵ, ਪਿਆਰ ਅਤੇ ਪ੍ਰਭੂ ਦੀ ਸੋਝੀ ਦਿਤੀ। ਇਹ ਸੂਫੀ ਵਰਗ ਕਠਿਨ ਜ਼ੋਹਦ ਵਿਚ ਵਿਸ਼ਵਾਸ਼ ਰੱਖਦਾ ਸੀ ਅਤੇ ਪੀਰ ਪ੍ਰਸਤੀ, ਆਪਣੇ ਪੀਰ ਨੂੰ ਰੱਬ ਦਾ ਰੂਪ ਜਾਣ ਕੇ ਉਸਦੀ ਸੇਵਾ ਅਤੇ ਉਸਦੇ ਹੁਕਮ ਨੂੰ ਬਹੁਤ ਹੀ ਪਵਿੱਤਰ ਜਾਣ ਕੇ ਮੰਨਦੇ ਸਨ। ਹੌਲੀ-ਹੌਲੀ ਇਹ ਧਰਮ, ਅਗਿਆਨਤਾ ਵਿਚ ਭਰੇ ਹੋਏ ਲੋਕਾਂ ਨੂੰ ਭਾਅ ਗਿਆ ਅਤੇ ਬਹੁਤ ਸਾਰਿਆਂ ਨੇ ਇਸ ਧਰਮ ਦੇ ਚੰਗੇ ਗੁਣਾਂ ਨੂੰ ਧਾਰਨ ਕਰ ਲਿਆ। ਬਹੁਤ ਵੱਡੀਆਂ-ਵੱਡੀਆਂ ਹਕੂਮਤਾਂ ਕਾਇਮ ਕਰ ਲਈਆਂ।

ਰਾਜ ਮੱਧ ਸਦਾ ਕਿਸੇ ਨੂੰ ਇਕ ਰਸ ਨਹੀਂ ਰਹਿਣ ਦਿੰਦਾ ਅਤੇ ਇਹ ਅਭਿਮਾਨ ਉਤਮ ਤੋਂ ਉਤਮ ਧਰਮ ਦੇ ਧਾਰਨੀ ਹੁੰਦਿਆਂ ਹੋਇਆਂ ਵੀ ਆਪਣੇ ਅਧੀਨ ਕਰ ਲੈਂਦਾ ਹੈ। ਸਮੇਂ ਦੀ ਚਾਲ ਨਾਲ ਇਹ ਅਭਿਮਾਨੀ ਸ਼ਾਹਾਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਆਪਣੇ ਮਜ਼ਹਬ ਦਾ ਰੂਪ ਦੇ ਕੇ ਆਪ ਸ਼ੈਤਾਨ ਦੇ ਅਧੀਨ ਹੋ ਕੇ ਅਜਿਹੇ ਘੋਰ ਅਪਰਾਧ ਮਨੁੱਖਤਾ ਉਪਰ ਕੀਤੇ ਜਿਨ੍ਹਾਂ ਨੂੰ ਪੜ੍ਹਿਆਂ-ਵਾਚਿਆਂ ਚੰਗੇ ਤੋਂ ਚੰਗੇ ਪੁਰਸ਼ ਦਾ ਮਨ ਵੀ ਖੇਦ ਵਿਚ ਆ ਜਾਂਦਾ ਹੈ। ਰਾਜ ਮੱਧ ਵਿਚ ਡੁੱਬਿਆ ਰਾਜਾ ਪ੍ਰੀਪੂਰਨ ਸ਼ੈਤਾਨ ਦਾ ਰੂਪ ਹੁੰਦਾ ਹੈ ਅਤੇ ਅੱਲਾਹ ਦੇ ਹੁਕਮਾਂ ਨੂੰ ਮੰਨਣ ਦੀ ਥਾਂ ਉਹ ਸ਼ੈਤਾਨ ਦਾ ਹੀ ਏਜੰਟ ਹੋਇਆ ਕਰਦਾ ਹੈ। ਇਨ੍ਹਾਂ ਜ਼ਾਲਮ ਰਾਜਿਆਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਕਮਾ ਕੇ ਰੱਬ ਨੂੰ ਪ੍ਰਸੰਨ ਕਰਨ ਦਾ ਇਕ ਗੁਨਾਹ ਭਰਿਆ ਵਿਸ਼ਵਾਸ਼ ਬਣਾ ਲਿਆ ਜਿਸ ਕਰਕੇ ਇਨ੍ਹਾਂ ਨੇ ਵੈਰੀਆਂ ਨਾਲ ਅਜਿਹੇ ਪਸ਼ੂ-ਪੁਣੇ ਦੇ ਜ਼ੁਲਮ ਕੀਤੇ ਕਿ ਧਰਮਰਾਜਾ ਵੀ ਕੰਬ ਗਿਆ ਕਿ ਇਨ੍ਹਾਂ ਪੁਰਸ਼ਾਂ ਨੂੰ, ਜਿਹੜੇ ਪ੍ਰਮਾਰਥ ਦੇ ਕਾਰਨ ਮਹਾਂ ਹਤਿਆਵਾਂ ਕਰਦੇ ਹਨ,

ਕਿਹੜੇ ਨਰਕ ਵਿਚ ਸੁਟਿਆ ਜਾਵੇ।

ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦਾ ਸੰਸਾਰ ਉਤੇ ਪ੍ਰਕਾਸ਼ ਹੋਣ ਸਮੇਂ ਤਕ ਅਜਿਹਾ ਵਾਤਾਵਰਣ ਰਾਜਿਆਂ ਦੇ ਜ਼ੁਲਮਾਂ ਦਾ ਹੋ ਗਿਆ ਸੀ ਕਿ ਮਹਾਰਾਜ ਜੀ ਨੇ ਇਨ੍ਹਾਂ ਨੂੰ ਇਹ ਕਹਿ ਕੇ ਦੁਰਕਾਰਿਆ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ।।***
***ਕੂੜ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ।।***

***ਅੰਗ - 145***

ਇਨ੍ਹਾਂ ਕਸਾਈ ਰਾਜਿਆਂ ਨੇ ਧਰਮ ਦੀ ਆੜ ਲੈ ਕੇ ਜਨਤਾ ਦੇ ਉਪਰ ਅਤਿ ਦੇ ਜ਼ੁਲਮ ਕੀਤੇ। ਭਾਵੇਂ ਅਨੇਕ ਥਾਵਾਂ ਤੇ ਭਾਰਤ ਵਾਸੀਆਂ ਨੇ ਆਪਣੀ ਅਣਖ ਤੇ ਗੈਰਤ ਨੂੰ ਬਚਾਉਣ ਲਈ ਬੇਅੰਤ ਕੁਰਬਾਨੀਆਂ ਦਿਤੀਆਂ, ਮਜ਼ਬੂਤ ਰਾਜਿਆਂ ਨੇ ਰਸ-ਮਹਿ-ਜ਼ੌਹਰ ਵਿਚ ਆਪਣੀਆਂ ਪਿਆਰੀਆਂ ਪਤਨੀਆਂ, ਲੜਕੀਆਂ ਨੂੰ ਮਹਾਂ ਅਗਨ ਵਿਚ ਸੜਦੀਆਂ ਨੂੰ ਸੁਆਹ ਹੁੰਦੇ ਦੇਖਿਆ ਅਤੇ ਆਪ ਮੈਦਾਨੇ ਜੰਗ ਵਿਚ ਆਪਣੀਆਂ ਜਾਨਾਂ ਤੇ ਖੇਲ੍ਹ ਗਏ ਪਰ ਮਹਾਨ ਜ਼ੁਲਮ ਦੇ ਹੜ੍ਹ ਨੂੰ ਇਹ ਛੋਟੇ-ਛੋਟੇ ਉਦਮ ਰੋਕ ਨਾ ਸਕੇ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਭਾਰਤ ਦੇ ਅਨੇਕ ਵਿਸ਼ਵਾਸ਼ਾਂ ਨੂੰ ਇਕ ਪ੍ਰਮੇਸ਼ਰ ਭਗਤੀ ਉਤੇ ਕੇਂਦਰਿਤ ਕੀਤਾ ਅਤੇ ਸਾਰਿਆਂ ਵਿਚ ਇਕੋ ਅੱਲਾਹ ਦਾ ਨੂਰ ਦੇਖਦਿਆਂ ਹੋਇਆਂ ਇਥੇ ਦੇ ਵਾਸੀਆਂ ਵਿਚ ਪ੍ਰਸਪਰ ਪ੍ਰੇਮ ਨੂੰ ਵਧਾਉਣ ਲਈ ਆਪਣੇ ਪ੍ਰਵਚਨਾਂ ਰਾਹੀਂ ਸੇਧ ਦਿਤੀ। ਗੁਰੂ ਮਹਾਰਾਜ ਦੇ ਸਮੇਂ ਹੀ ਗੁਰੂ ਨਾਨਕ ਸਾਹਿਬ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਣਿਆਂ ਹਿਰਦਿਆਂ ਵਿਚ ਸਤਿਕਾਰ ਦਿਤਾ ਅਤੇ ਅੰਤ ਦੇ ਸਮੇਂ ਗੁਰੂ ਪਾਤਸ਼ਾਹ ਦੇ ਸਰੀਰ ਨੂੰ ਇਸਲਾਮ ਵਾਲਿਆਂ ਨੇ ਪੀਰ ਕਿਹਾ ਅਤੇ ਦੂਸਰਿਆਂ ਨੇ ਆਪਣਾ ਗੁਰੂ ਪ੍ਰਮੇਸ਼ਰ ਕਿਹਾ ਪਰ ਦੂਜੇ ਪਾਸੇ ਰਾਜਸੀ ਸ਼ਾਸ਼ਕ ਕਸਾਈ ਬੁੱਚੜਾਂ ਨੂੰ ਵੀ ਮਾਤ ਪਾ ਗਏ। ਉਨ੍ਹਾਂ ਨੇ ਅਜਿਹੇ ਘਿਨਾਉਣੇ ਜ਼ੁਲਮ ਕੀਤੇ ਜਿਨ੍ਹਾਂ ਬਾਰੇ ਲਿਖ ਕੇ ਆਪਣੇ ਹੀ ਮਨ ਵਿਚ ਬੇਚੈਨੀ ਪੈਦਾ ਕਰਨ ਦੇ ਬਰਾਬਰ ਹੈ।

ਗੁਰੂ ਪੰਜਵੇਂ ਪਾਤਸ਼ਾਹ ਤੇ ਗੁਰੂ ਨੌਂਵੇਂ ਪਾਤਸ਼ਾਹ ਨੇ ਆਪਣਾ ਪ੍ਰਮ ਪਵਿੱਤਰ ਬਲੀਦਾਨ ਦੇ ਕੇ ਇਸਲਾਮੀ ਰਾਜਿਆਂ ਦੀ ਅੰਧਮਈ ਕਠੋਰ ਆਤਮਾ ਨੂੰ ਜਗਾਉਣ ਦਾ ਉਪਰਾਲਾ ਕੀਤਾ ਪਰ ਪਾਪ ਕਰ-ਕਰ ਕੇ ਸਮੇਂ ਦੇ ਰਾਜਿਆਂ ਦਾ ਮਨ ਅਜਿਹਾ ਕਠੋਰ ਹੋ ਚੁੱਕਿਆ ਸੀ ਕਿ ਇਨ੍ਹਾਂ ਬਲੀਦਾਨਾਂ ਨੂੰ ਵੀ ਆਪਣੇ ਆਪ ਲਈ ਸਬਾਬ (ਪੁੰਨ) ਸਮਝਣ ਦੀ ਢੀਠਤਾ ਕਰ ਰਹੇ ਸਨ। ਇਸ ਤਰ੍ਹਾਂ ਆਮ ਇਨਸਾਨ ਉਪਰ ਵੀ ਬਹੁਤ ਵੱਡਾ ਅਸਰ ਹੋ ਚੁੱਕਿਆ ਸੀ। ਹਿੰਦੂਆਂ ਵਿਚ ਤਾਂ ਬੇ-ਦਿਲੀ ਇਸ ਹੱਦ ਤਕ ਪਹੁੰਚ ਚੁਕੀ ਸੀ ਕਿ ਉਨ੍ਹਾਂ ਨੇ ਸੰਤਾਪ ਨੂੰ ਆਪਣੇ ਬੁਰੇ ਕਰਮਾਂ ਦਾ ਫਲ ਮੰਨ ਕੇ ਹੀ ਭੋਗਣ ਵਿਚ ਬੇਹਤਰੀ ਸਮਝੀ। ਇਸਲਾਮ ਨਾਲ ਸਬੰਧ ਰੱਖਣ ਵਾਲੇ ਆਪਣੇ ਆਪ ਨੂੰ ਵਿਸ਼ੇਸ਼ ਸਮਝਦੇ ਸਨ ਅਤੇ ਕਦੇ ਵੀ ਉਨ੍ਹਾਂ ਨੇ ਕਿਸੇ ਗੁਰੂ ਦੇ ਖਿਲਾਫ ਆਪਣੇ ਧਰਮ ਦੇ ਰਾਜਿਆਂ ਨੂੰ ਸੁਮੱਤ ਨਹੀਂ ਸੀ ਦਿਤੀ। ਭਾਵੇਂ ਅਨੇਕਾਂ ਧਾਰਮਿਕ ਬੰਦਿਆਂ ਦੇ ਅੰਦਰ ਹਾਅ ਦਾ ਨਾਅਰਾ ਸੀ ਪਰ ਇਨ੍ਹਾਂ ਪਸ਼ੂ ਰਾਜਿਆਂ ਨੂੰ ਸਮਝਾਉਣ ਦੀ ਹਿੰਮਤ ਨਹੀਂ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਨੌਂਵੇਂ ਪਾਤਸ਼ਾਹ ਦੇ ਸਮੇਂ ਤੱਕ ਹੋਏ ਗੁਰਸਿਖਾਂ ਵਿਚ ਸਵੈਮਾਨ, ਰਵਾਦਾਰੀ, ਭਰਾਤਰੀ ਭਾਵ ਅਤੇ ***'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'*** ਦਾ ਪਵਿੱਤਰ ਉਤਮ ਖਿਆਲ ਸਰਬ ਦਾ ਭਲਾ ਕਰਨ ਵਾਲਾ ਕਰਮ ਯੋਗੀ ਬਣਾ ਰਿਹਾ ਸੀ ਅਤੇ ਘਟ-ਘਟ ਵਿਚ ਰਮੀ ਆਤਮ ਜੋਤ ਦੀ ਸਾਂਝ ਨੇ ਗੁਰਸਿੱਖ ਨੂੰ ਤਤ੍ਵ ਗਿਆਨੀ ਅਤੇ ਸਰਬ ਸਾਂਝੇ ਰੂਪ ਵਿਚ ਪ੍ਰਗਟ ਕਰ ਦਿਤਾ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨ੍ਹਾਂ ਜੰਗਲੀ ਹਾਕਮਾਂ ਨੂੰ ਸੁਮੱਤ ਦੇਣ ਲਈ ਬਹੁਤ ਹੀ ਵਿਉਂਤਬੱਧ ਸੰਘਰਸ਼ ਪ੍ਰਮਾਤਮਾ ਦੀ ਫੌਜ ਦੇ ਰੂਪ ਵਿਚ ਆਪਣੇ ਪ੍ਰਮ ਪਿਆਰੇ ਗੁਰਸਿੱਖਾਂ ਨੂੰ ਪ੍ਰਮਾਤਮਾ ਦੀ ਫੌਜ ਕਹਿ ਕੇ ਸੰਬੋਧਨ ਕੀਤਾ। ਇਸ ਮੰਤਵ ਲਈ 1699 ਈ. ਚੜ੍ਹਦੇ ਹੀ ਤਿਆਰੀਆਂ ਸ਼ੁਰੂ ਹੋ ਗਈਆਂ। ਸੰਗਤਾਂ ਹੁੰਮ-ਹੁਮਾ ਕੇ ਮਾਰਚ ਦੇ ਅੰਤ ਤਕ ਪੁੱਜ ਗਈਆਂ। ਵਿਸਾਖੀ ਤੋਂ ਇਕ ਦਿਨ ਪਹਿਲਾਂ ਤਖਤ ਸਾਹਿਬ ਦੀ ਥਾਂ ਉਤੇ ਜ਼ਰੱਈ ਕਾਬਲੀ

ਚਾਂਦਨੀ ਨੂੰ ਤਣਵਾਇਆ, ਨੇੜੇ ਇਕ ਨਵੀਨ ਤੰਬੂ ਲਵਾ ਦਿਤਾ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸਮਾਪਤ ਹੋਇਆ, ਗੁਰੂ ਮਹਾਰਾਜ ਵੀ ਤਖਤ ਤੇ ਬਿਰਾਜਮਾਨ ਸਨ। ਆਪ ਜੀ ਨੇ ਸਾਰੀ ਸੰਗਤ ਨੂੰ ਸਨਮੁਖ ਕਰਕੇ ਸਮੇਂ ਦੇ ਹਾਲਾਤ ਉਪਰ ਰੌਸ਼ਨੀ ਪਾਉਂਦਿਆਂ ਫੁਰਮਾਨ ਕੀਤਾ ਕਿ ਪਿਆਰੇ ਗੁਰਸਿੱਖੋ! ਇਹ ਮੁਗਲਾਂ ਦਾ ਜ਼ੁਲਮੀ ਰਾਜ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਹੀ ਚਲ ਰਿਹਾ ਹੈ। ਗੁਰੂ ਘਰ ਨੇ ਸਦਾ ਹੀ ਉਦਮ ਕੀਤਾ ਹੈ ਕਿ ਹਿੰਦੂ-ਮੁਸਲਮਾਨਾਂ ਵਿਚ ਭਾਈ-ਭਾਈ ਜੈਸੀ ਭਾਵਨਾ ਵਧ ਜਾਵੇ ਅਤੇ ਉਨ੍ਹਾਂ ਦਾ ਗੁਰੂ ਘਰ ਨਾਲ ਪਿਆਰ ਪੱਕਾ ਹੋ ਜਾਵੇ। ਐਸਾ ਹੀ ਗੁਰੂ ਘਰ ਨਾਲ ਸਾਰਿਆਂ ਦਾ ਪਿਆਰ ਵੰਡਿਆ ਗਿਆ। ਗੁਰੂ ਪੰਜਵੇਂ ਪਾਤਸ਼ਾਹ ਨੇ ਭਾਰਤ ਵਿਚ ਪੈਦਾ ਹੋਏ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨ ਦਿਤਾ ਪਰ ਜਨਤਾ ਦਾ ਆਪਸੀ ਪਿਆਰ ਇਨ੍ਹਾਂ ਮੁਗਲ ਰਾਜਿਆਂ ਨੂੰ ਨਹੀਂ ਭਾਇਆ। ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰਾ ਦਿਤਾ ਗਿਆ, ਗੁਰੂ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਹਜ਼ਾਰਾਂ ਦੀ ਤਦਾਦ ਵਿਚ ਮੰਦਰ ਗਿਰਵਾ ਦਿਤੇ ਗਏ, ਧਰਮ ਗ੍ਰੰਥ ਸੜਵਾ ਦਿਤੇ, ਲੱਖਾਂ ਹੀ ਭਾਰਤ ਵਿਚ ਵਸਦੇ ਹਿੰਦੂਆਂ ਨੂੰ ਜਾਂ ਤਾਂ ਸ਼ਰਾ ਮੁਹੰਮਦੀ ਵਿਚ ਲੈ ਆਂਦਾ ਜਾਂ ਫਿਰ ਕਤਲ ਕਰਾ ਦਿਤਾ ਗਿਆ। ਤੁਸੀਂ ਗੁਰਸਿੱਖੀ ਧਾਰਨ ਕੀਤੀ ਹੈ। ਮੌਤ ਦੀ ਹੱਦ ਨੂੰ ਤੁਸੀਂ ਪਾਰ ਕਰ ਗਏ ਹੋਂ ਅਤੇ ਤੁਹਾਡੇ ਲਈ ਮੌਤ ਕੋਈ ਡਰਾਵਣੀ ਚੀਜ਼ ਨਹੀਂ ਰਹੀ ਜਿਵੇਂ ਕਿ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ***
***ਪੂਰਨੁ ਪਰਮਾਨੰਦੁ॥ ਅੰਗ - 1365***

ਤੁਸੀਂ ਜਿਉਂਦੇ ਜਾਗਦੇ ਜੀਵਨ ਅਪਣਾਅ ਰਹੇ ਹੋਂ, ਮੁਰਦਿਆਨ ਤੁਹਾਡੇ ਵਿਚੋਂ ਬਾਣੀ ਤੇ ਨਾਮ ਦੀ ਕਮਾਈ ਨਾਲ ਖਤਮ ਹੋ ਚੁੱਕੀ ਹੈ। ਸੰਸਾਰ ਦੁਖੀ ਹੈ, ਇਨ੍ਹਾਂ ਦੁਖਾਂ ਨੂੰ ਦੂਰ ਕਰਨ ਲਈ ਜ਼ਰੂਰੀ ਹੈ ਕਿ ਉਚ ਕੋਟੀ ਦੇ ਮਹਾਂਪੁਰਸ਼ਾਂ ਦੀ ਬਲੀ ਦਿਤੀ ਜਾਵੇ। ਮਾਣ-ਮਰਯਾਦਾ, ਸਵੈਮਾਨ ਦਾ ਜੀਵਨ ਇਕ ਸੁਪਨਾ ਹੀ ਬਣ ਗਿਆ ਹੈ। ਆਦਮੀ ਡਰ ਵਿਚ ਜੀਵਨ ਲੰਘਾਉਣ ਦਾ ਘੋਰ ਪਾਪ ਕਰ ਰਿਹਾ ਹੈ। ਇਸ ਹਤਿਆਵਾਂ ਭਰੇ ਹੜ੍ਹ ਨੂੰ ਰੋਕਣ ਲਈ ਐਸ ਵੇਲੇ ਮੈਨੂੰ ਕੋਈ ਗੁਰਸਿੱਖ ਆਪਣਾ ਸੀਸ ਭੇਟ ਕਰੇ। ਵਾਰੀ-ਵਾਰੀ ਆਵਾਜ਼ਾਂ ਸੁਣਦਿਆਂ ਪੰਜਾਂ ਸਿੰਘਾਂ ਨੇ ਆਪਣੇ ਸੀਸ ਭੇਟ ਕੀਤੇ। ਸਾਰੇ ਦੀਵਾਨ ਵਿਚ ਭੈਅ ਦਾ ਵਾਤਾਵਰਣ ਛਾ ਗਿਆ ਕਿਉਂਕਿ ਬਹੁਤ ਸਾਰੇ ਸਿੱਖਾਂ ਨੇ ਲਹੂ ਭਰੀ ਤਲਵਾਰ ਨੂੰ ਅੱਖਾਂ ਨਾਲ ਪ੍ਰਤੱਖ ਦੇਖਿਆ ਸੀ ਅਤੇ ਸਿੰਘ ਗਿਰਦੇ ਵੇਖੇ ਸਨ ਪਰ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਦੇਖਿਆ ਕਿ ਸਿੰਘਾਂ ਨੂੰ ਇਕੋ ਜਿਹੇ ਬਸਤਰ ਪਹਿਨਾ ਕੇ ਸੰਗਤਾਂ ਨੂੰ ਦਰਸ਼ਨ ਕਰਾਏ। ਕਿਸੇ ਦੀ ਸਮਝ ਵਿਚ ਨਹੀਂ ਆਇਆ ਕਿ ਕੀ ਕੌਤਕ ਵਰਤਿਆ।

ਇਸ ਮੌਕੇ ਤੇ ਲਿਖਣ ਵਾਲਿਆਂ ਨੇ ਆਪਣੇ-ਆਪਣੇ ਅਨੁਮਾਨ ਨਾਲ ਲਿਖਣ ਦਾ ਜਤਨ ਕੀਤਾ ਹੈ। ਔਰੰਗਜ਼ੇਬ ਦੇ ਇਕ ਜਾਸੂਸ, ਜੋ ਅਰੰਗਜ਼ੇਬ ਨੇ ਖਾਸ ਹਦਾਇਤ ਦੇ ਕੇ ਭੇਜਿਆ ਸੀ ਕਿ ਮੈਨੂੰ ਸਹੀ-ਸਹੀ ਰਿਪੋਰਟ ਦੇਵੋ, ਨੇ ਅੱਖੀਂ ਦੇਖਿਆ ਹਾਲ ਲਿਖਿਆ ਹੈ ਕਿ ਗੁਰੂ ਨੇ ਤਲਵਾਰ ਨਾਲ ਬਹਾਦਰ ਸਿਖਾਂ ਦੇ ਸਿਰਾਂ ਨੂੰ ਕੱਟਿਆ, ਉਸ ਤੋਂ ਪਿਛੋਂ ਆਪਣੇ ਯੋਗ ਬਲ ਨਾਲ ਪੰਜਾਂ ਹੀ ਸਿੰਘਾਂ ਨੂੰ ਜਿਉਂਦੇ ਕਰ ਦਿਤਾ। ਮੈਨੂੰ ਇਹ ਪੂਰੀ ਤਰ੍ਹਾਂ ਨਾਲ ਪਤਾ ਨਹੀਂ ਲਗ ਸਕਿਆ ਕਿ ਉਠਣ ਵਾਲਿਆਂ ਦੇ ਧੜਾਂ ਉਪਰ ਆਪੋ-ਆਪਣੇ ਸੀਸ ਸਨ ਜਾਂ ਕਿ ਬਦਲੇ ਹੋਏ ਸਨ। ਇਸੇ ਤਰ੍ਹਾਂ ਨਾਲ ਰਾਮਗੜ੍ਹੀਆ ਇਤਿਹਾਸ, ਕਿਰਤ ਬਖਸ਼ੀ ਸਿੰਘ ਆਦਲ ਲਿਖਦਾ ਹੈ ਕਿ ਅਬੁਲ ਤੁਰਾਨੀ ਜੋ ਖੁਫੀਆ ਜਾਸੂਸ ਸੀ, ਲਿਖਦਾ ਹੈ ਕਿ ਕੱਟੇ ਹੋਏ ਧੜਾਂ ਉਪਰ ਤੇ ਸੀਸਾਂ ਉਪਰ ਛਿੱਟੇ ਮਾਰੇ ਗਏ, ਉਹ ਗੁਰੂ ਦਾ ਹੁਕਮ ਸੁਣ ਕੇ ਉਠ ਕੇ ਖੜ੍ਹੇ ਹੋ ਜਾਂਦੇ ਸਨ। ਦੂਸਰਿਆਂ ਦਾ ਖਿਆਲ ਹੈ ਕਿ ਗੁਰੂ ਮਹਾਰਾਜ ਜੀ ਨੇ ਸਚਮੁੱਚ ਸੀਸ ਨਹੀਂ ਕੱਟੇ ਸਨ ਪਰ ਉਨ੍ਹਾਂ ਦੀ ਥਾਂ ਤੇ ਬੱਕਰੇ ਮਾਰੇ ਗਏ ਸਨ। ਇਹ ਦੋਵੇਂ ਵਿਵਾਦ ਪੂਰਨ ਵਿਚਾਰਾਂ ਮੁੱਢ ਤੋਂ ਹੀ ਚਲ ਰਹੀਆਂ ਹਨ। ਹੁਣ

ਵੀ ਜਿਨ੍ਹਾਂ ਦਾ ਵਿਚਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਹੈ, ਉਹ ਸਮਝਦੇ ਹਨ ਕਿ ਗੁਰੂ ਅਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਉਨ੍ਹਾਂ ਦਾ ਵਿਸ਼ਵਾਸ਼ ਹੈ-

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਅੰਗ - 442***

ਉਹ ਗੁਰੂ ਨੂੰ ਸਰਬੱਗ ਅਤੇ ਸਮਰੱਥ ਸਮਝਦੇ ਹਨ ਅਤੇ ਏਸ ਗੱਲ ਨੂੰ ਕਿ ਗੁਰੂ ਮਹਾਰਾਜ ਨੇ ਸਿੱਖਾਂ ਦੇ ਸੀਸ ਕੱਟ ਕੇ ਮੁੜ ਜੀਉਂਦੇ ਕਰ ਦਿਤੇ, ਕੋਈ ਅਣਹੋਣੀ ਗੱਲ ਨਹੀਂ ਸਮਝਦੇ, ਸਹਿਜ ਵਿਚ ਹੀ ਲੈਂਦੇ ਹਨ ਕਿਉਂਕਿ ਸਤਿਗੁਰੂ ਸਰਬ ਕਲਾ ਸਮਰੱਥ ਹੋਇਆ ਕਰਦਾ ਹੈ। ਇਹ ਕੋਈ ਅਣਹੋਣੀ ਗੱਲ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਪ੍ਰਗਟ ਹੁੰਦਾ ਹੈ ਕਿ ਨਾਮਦੇਵ ਜੀ ਅੱਗੇ ਮਰੀ ਹੋਈ ਗਊ ਸੁੱਟ ਕੇ ਕਿਹਾ ਕਿ ਜਾਂ ਤਾਂ ਇਸ ਗਊ ਨੂੰ ਜਿਉਂਦੀ ਕਰ ਦੇਹ, ਜਾਂ ਰਾਮ ਛੱਡ ਕੇ ਅੱਲਾ-ਅੱਲਾ ਕਰ। ਨਹੀਂ ਤਾਂ ਤੈਨੂੰ ਵੀ ਇਸੇ ਥਾਂ ਮਾਰ ਦਿਤਾ ਜਾਵੇਗਾ। ਨਾਮਦੇਵ ਜੀ ਨੇ ਪ੍ਰਭੂ ਨੂੰ ਅਰਾਧਿਆ, ਪ੍ਰਭੂ ਨੇ ਗਊ ਜਿਉਂਦੀ ਕਰ ਦਿਤੀ। ਇਸੇ ਤਰ੍ਹਾਂ ਗੁਰੂ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਬਾ ਅਟੱਲ ਜੀ ਸਾਥੀਆਂ ਨਾਲ ਖੇਲ੍ਹ ਰਹੇ ਸਨ, ਦਿਨ ਛਿਪ ਗਿਆ, ਪਾਰੀ (ਪਿੱਤ) ਮੋਹਨ ਦੇ ਸਿਰ ਰਹਿ ਗਈ। ਦੂਜੇ ਦਿਨ ਮੋਹਨ ਖੇਲ੍ਹਣ ਨਾ ਆਇਆ ਤਾਂ ਬਾਬਾ ਜੀ ਨੇ ਜਾ ਕੇ ਆਵਾਜ਼ ਦਿਤੀ ਅਤੇ ਮੋਹਨ ਦੇ ਪਾਸ ਪਹੁੰਚ ਕੇ ਖੂੰਟੀ ਗਲ 'ਚ ਪਾ ਕੇ ਕਿਹਾ ਕਿ ਉਠ ਸਾਡੀ ਪਾਰੀ ਦੇਹ; ਉਹ ਜਿਉਂਦਾ ਹੋ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੂੰ ਇਹ ਕੌਤਕ ਨਾ ਭਾਇਆ ਤੇ ਬਾਬਾ ਜੀ ਨੇ ਆਪਣੀ ਮਰਜ਼ੀ ਦੇ ਅਨੁਸਾਰ 'ਗੁਰਮੁਖਿ ਆਵੈ ਜਾਇ ਨਿਸੰਗ' ਦੇ ਮਹਾਂਵਾਕ ਅਨੁਸਾਰ ਸਰੀਰ ਛੱਡ ਦਿਤਾ।

ਇਸੇ ਤਰ੍ਹਾਂ ਨਾਲ ਬਾਬਾ ਗੁਰਦਿਤਾ ਜੀ ਤੋਂ ਚੀਤੇ ਦੇ ਭੁਲੇਖੇ ਇਕ ਗਊ ਮਰ ਗਈ। ਉਨ੍ਹਾਂ ਦਾ ਬਾਣ ਉਸਦੇ ਪੇਟ ਵਿਚੋਂ ਆਰ-ਪਾਰ ਨਿਕਲ ਗਿਆ, ਆਂਦਰਾਂ ਕੱਟੀਆਂ ਗਈਆਂ ਪਰ ਉਨ੍ਹਾਂ ਨੇ ਪਹਾੜੀਆਂ ਦੇ ਰੌਲਾ ਪਾਉਣ ਉਤੇ ਸਤਿਨਾਮ-ਵਾਹਿਗੁਰੂ ਕਹਿ ਕੇ ਗਊ ਜਿਉਂਦੀ ਕਰ ਦਿਤੀ।

ਗੁਰੂ ਸਤਵੇਂ ਪਾਤਸ਼ਾਹ ਦੇ ਪਾਸ ਇਕ ਪੰਡਤ ਆਪਣੇ ਮੁਰਦੇ ਬੱਚੇ ਨੂੰ ਲਿਆ ਕੇ ਜਿੱਦ ਕਰਦਾ ਹੈ ਕਿ ਜਾਂ ਤਾਂ ਮੇਰੇ ਬੱਚੇ ਨੂੰ ਜਿਉਂਦਾ ਕਰ ਦੇਵੋ, ਨਹੀਂ ਤਾਂ ਮੈਂ ਜਿਉਂਦਾ ਚਿਖਾ ਵਿਚ ਜਲ ਜਾਵਾਂਗਾ। ਉਸ ਵੇਲੇ ਹਾਲਾਤ ਨੂੰ ਭਾਂਪਦਿਆਂ ਹੋਇਆਂ ਭਾਈ ਜੀਵਨ ਜੀ ਨੇ ਆਪਣਾ ਸਰੀਰ ਛੱਡ ਦਿਤਾ ਅਤੇ ਉਸ ਬ੍ਰਾਹਮਣ ਦੇ ਬੱਚੇ ਨੂੰ ਜੀਵਨ ਦਾਨ ਬਖਸ਼ ਦਿਤਾ। ਇਸੇ ਤਰ੍ਹਾਂ ਨਾਲ ਸਮਸ਼ਤਬਰੇਜ਼ ਦਾ ਧਾਰਮਿਕ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਨਵਾਬ ਦੇ ਮਰੇ ਹੋਏ ਬੱਚੇ ਨੂੰ ਇਹ ਕਹਿ ਕੇ 'ਓ ਲੜਕੇ, ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ' ਜਿਉਂਦਾ ਕਰ ਦਿਤਾ। ਗੁਰੂ ਨਾਨਕ ਪਾਤਸ਼ਾਹ ਦਿੱਲੀ ਜਮਨਾ ਦੇ ਕੰਢੇ ਹਾਥੀ-ਖਾਨੇ ਦੇ ਨੇੜੇ ਬਿਰਾਜਮਾਨ ਹਨ, ਅੰਮ੍ਰਿਤ ਵੇਲੇ ਇਕ ਹਾਥੀ ਮਰ ਗਿਆ। ਉਸਨੂੰ ਸੰਭਾਲਣ ਵਾਲਾ ਪਰਿਵਾਰ ਰੋਣ ਪਿੱਟਣ ਲਗਿਆ। ਉਸ ਦੀ ਆਵਾਜ਼ ਗੁਰੂ ਨਾਨਕ ਪਾਤਸ਼ਾਹ ਤਕ ਪਹੁੰਚੀ ਤਾਂ ਆਪ ਨੇ ਮਰਦਾਨਾ ਜੀ ਨੂੰ ਭੇਜ ਕੇ ਕਿਹਾ ਕਿ ਉਨ੍ਹਾਂ ਦੇ ਮਹਾਵਤ ਨੂੰ ਕਹੋ ਕਿ ਇਹ ਹਾਥੀ ਤਾਂ ਜਿਉਂਦਾ ਹੈ! ਦੇਖਿਆ ਤਾਂ ਉਹ ਮਰਿਆ ਹੋਇਆ ਹਾਥੀ ਸਚਮੁੱਚ ਜਿਉਂਦਾ ਸੀ। ਦੂਸਰੇ ਦਿਨ ਜਦੋਂ ਪਤਾ ਲਗਦਾ ਹੈ ਤਾਂ ਦਿੱਲੀ ਦਾ ਬਾਦਸ਼ਾਹ ਪਹੁੰਚ ਕੇ ਆਖਦਾ ਹੈ ਕਿ ਫਕੀਰ ਸਾਈਂ! ਤੂੰ ਮਰਿਆ ਹੋਇਆ ਹਾਥੀ ਜਿਉਂਦਾ ਕਰ ਦਿਤਾ? ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਮਾਰਨ ਜੀਵਾਲਣ ਵਾਲਾ ਤਾਂ ਖੁਦਾ ਹੈ। ਬਾਦਸ਼ਾਹ ਨੇ ਕਿਹਾ ਕਿ ਹੁਣ ਮਾਰ ਕੇ ਦਿਖਾ। ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਹਾਥੀ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ। ਐਨਾ ਸ਼ਬਦ ਸੁਣਦੇ ਹੀ ਹਾਥੀ ਦੜੰਮ ਕਰਕੇ ਗਿਰ ਗਿਆ ਅਤੇ ਆਪਣੇ ਪ੍ਰਾਣ ਛੱਡ ਗਿਆ। ਜਦੋਂ ਫੇਰ ਜਿਉਂਦਾ ਕਰਨ ਲਈ ਕਿਹਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਬਾਦਸ਼ਾਹ! ਰੱਬ ਦੀ ਮਾਰੀ ਹੋਈ ਨੂੰ ਫਕੀਰ ਚੁੱਕ ਲੈਂਦੇ ਹਨ, ਫਕੀਰ ਦੀ ਮਾਰੀ ਹੋਈ ਨੂੰ ਕੋਈ ਨਹੀਂ ਚੁੱਕ ਸਕਦਾ ਜਿਵੇਂ ਫੁਰਮਾਨ ਹੈ -

***ਮੇਰੀ ਬਾਂਧੀ ਭਗਤੁ ਛਡਾਵੈ***

***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਅੰਗ - 1252***

ਇਸੇ ਤਰ੍ਹਾਂ ਨਾਲ ਨਾਮਦੇਵ ਜੀ ਨੇ ਇਕ ਬ੍ਰਾਹਮਣ ਦੇ ਮਰੇ ਹੋਏ ਬੱਚੇ ਨੂੰ, ਜਿਸਨੂੰ ਅਰਥੀ ਤੇ ਪਾ ਕੇ ਸ਼ਮਸ਼ਾਨ ਭੂਮੀ ਵਲ ਨੂੰ ਲਈਂ ਜਾਂਦੇ ਸਨ, ਜਿਉਂਦਾ ਕਰ ਦਿਤਾ ਸੀ, ਜਿਸ ਕਰਕੇ ਬਾਦਸ਼ਾਹ ਨੇ ਗਊ ਮਾਰ ਕੇ ਉਨ੍ਹਾਂ ਨੂੰ ਜਿਉਂਦੀ ਕਰਨ ਲਈ ਕਿਹਾ ਸੀ।

ਅੱਜ ਦੀ ਦੁਨੀਆਂ ਵਿਚ ਬੰਬਈ ਦੇ ਪ੍ਰਸਿੱਧ ਜਾਦੂਗਰ ਪ੍ਰੋਫੈਸਰ ਅਹਿਮਦ ਹੁਸੈਨ ਦਾ ਇਕ ਮੁਟਿਆਰ ਨੂੰ ਹਵਾ ਵਿਚ ਲਟਕਾ ਦੇਣਾ, ਤਲਵਾਰ ਦੀ ਨੋਕ ਉਤੇ ਲਿਟਾਉਣਾ, ਗਰਦਨ ਕੱਟ ਕੇ ਜੋੜਨੀ, ਆਰੇ ਨਾਲ ਚੀਰ ਦੇਣਾ; ਇਹ ਕਰੱਤਵ ਉਸਨੇ ਰਾਸ਼ਟਰਪਤੀ ਜ਼ਾਕਿਰ ਹੁਸੈਨ ਨੂੰ ਦਿਖਾ ਕੇ ਸਰਟੀਫਿਕੇਟ ਲਿਆ ਸੀ।

ਡਾ. ਸੁਆਮੀ ਰਾਮ ਜੀ ਇਕ ਘਟਨਾ ਦਾ ਜ਼ਿਕਰ ਕਰਦੇ ਦਸਦੇ ਹਨ ਕਿ ਮੈਂ ਆਪਣੇ students (ਵਿਦਿਆਰਥੀਆਂ) ਨੂੰ ਮੌਤ ਉਪਰ ਲੈਕਚਰ ਦੇ ਰਿਹਾ ਸੀ ਤਾਂ ਇਕ ਯੋਗੀ ਕਲਾਸ ਵਿਚ ਆ ਗਿਆ। ਉਹ ਹਸਦਾ ਰਿਹਾ। ਮੈਨੂੰ ਬੜਾ ਗੁੱਸਾ ਆਇਆ। ਕਲਾਸ ਦਾ ਸਮਾਂ ਪੂਰਾ ਹੋਣ ਉਪਰੰਤ ਮੈਂ ਉਸ ਯੋਗੀ ਉਪਰ ਬਹੁਤ ਨਰਾਜ਼ ਹੋਇਆ ਅਤੇ ਕਿਹਾ, ਤੂੰ ਕਿਉਂ ਹਸਦਾ ਸੀ? ਉਸਨੇ ਉਤਰ ਦਿਤਾ ਕਿ ਤੂੰ (ਸਵਾਮੀ ਰਾਮ ਜੀ) ਇਕ ਬੱਚਾ ਹੀ ਹੈਂ, ਤੈਨੂੰ ਮੌਤ ਦੇ ਭੇਤ ਬਾਰੇ ਕੋਈ ਗਿਆਤ ਨਹੀਂ ਹੈ। ਉਸਨੇ ਮੈਨੂੰ ਕਿਹਾ ਕਿ ਕੋਈ creature ਲੈ ਕੇ ਆ। ਮੈਂ ਇਕ ਵੱਡਾ ਕੀੜਾ ਫੜ ਕੇ ਉਸ ਦੇ ਅੱਗੇ ਰੱਖ ਦਿਤਾ। ਉਸਨੇ ਚਾਕੂ ਨਾਲ ਉਸਦੇ ਦੋ ਟੁਕੜੇ ਕਰ ਦਿਤੇ ਅਤੇ ਇਕ ਦੂਜੇ ਤੋਂ ਦੂਰ ਕਰ ਦਿਤੇ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਕਟੇ ਹੋਏ ਦੋਨੋਂ ਹਿੱਸੇ ਇਕ ਦੂਜੇ ਵਲ ਵੱਧ ਰਹੇ ਹਨ। ਫਿਰ ਦੋਵੇਂ ਹੀ ਜੁੜ ਗਏ ਅਤੇ ਕੀੜਾ ਪਹਿਲਾਂ ਵਾਂਗ ਹੀ ਜਿਉਂਦਾ ਹੋ ਕੇ ਤੁਰ ਪਿਆ। ਅਜਿਹੀਆਂ ਘਟਨਾਵਾਂ ਅਧਿਆਤਮਵਾਦ ਵਿਚ ਸਹਿਜੇ ਹੀ ਇਕ ਫੁਰਨੇ ਦਾ ਖੇਲ੍ਹ ਹਨ। ਸੋ ਇਹ ਕਹਿ ਦੇਣਾ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੱਟੇ ਹੋਏ ਸੀਸ ਫੇਰ ਜੋੜ ਦਿਤੇ, ਇਹ ਕੋਈ ਬਹੁਤੀ ਵਡਿਆਈ ਵਾਲੀ ਗੱਲ ਨਹੀਂ ਜਦੋਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਅਥਾਹ ਸ਼ਕਤੀਆਂ ਦੇ ਮਾਲਕ ਸਨ। ਸ਼ਕਤੀ ਦਿਖਾਉਣੀ, ਨਾ ਦਿਖਾਉਣੀ, ਉਨ੍ਹਾਂ ਦਾ ਆਪਣਾ ਕਰਤੱਵ ਹੈ, ਅਸੀਂ ਇਸ ਵਿਚ ਕੁਝ ਵੀ ਕਹਿਣ ਤੋਂ ਅਸਮਰੱਥ ਹਾਂ। ਇਸ ਘਟਨਾ ਦਾ ਸੰਗਤਾਂ ਉਪਰ ਬਹੁਤ ਵੱਡਾ ਅਸਰ ਪਿਆ। ਜਿਨ੍ਹਾਂ ਦੇ ਮਨ ਵਿਚ ਥੋੜ੍ਹਾ ਚਿਰ ਪਹਿਲਾਂ ਇਹ ਸ਼ੰਕਾ ਸੀ ਕਿ ਗੁਰੂ ਨੂੰ ਕੀ ਹੋ ਗਿਆ, ਆਪਣੇ ਹੀ ਸਿੱਖਾਂ ਨੂੰ ਮਾਰ-ਮਾਰ ਸੁਟੀ ਜਾਂਦੇ ਹਨ; ਉਤਰ ਗਿਆ ਅਤੇ ਦੂਜੇ ਦਿਨ ਅੰਮ੍ਰਿਤ ਛਕਣ ਵਾਸਤੇ, ਜਿਸ ਵਿਚ ਪਹਿਲੀ ਵਾਰੀ ਜਾਤ-ਪਾਤ ਨੂੰ ਤੋੜਿਆ ਗਿਆ ਸੀ, ਵੀਹ ਹਜ਼ਾਰ ਸਿੰਘ ਨਿਤਰਿਆ। ਸਚਮੁੱਚ ਹੀ ਬਾਣੀ ਵਿਚ ਅਥਾਹ ਸ਼ਕਤੀ ਹੈ ਜਿਸਨੂੰ ਨਾਪਣਾ-ਤੋਲਣਾ ਮਨੁੱਖੀ ਮਨ ਦੀ ਸ਼ਕਤੀ ਤੋਂ ਉਪਰ ਹੈ। ਜਦੋਂ ਉਹ ਖੰਡੇ ਬਾਟੇ ਦੇ ਨਾਲ ਲਾ ਕੇ ਪਾਹੁਲ ਬਣਾ ਕੇ ਛਕਾਈ ਗਈ ਤਾਂ ਇਸਦਾ ਅਸਰ ਪ੍ਰਤੱਖ ਰੂਪ ਵਿਚ ਦਿਸ ਰਿਹਾ ਸੀ। ਅੰਮ੍ਰਿਤਧਾਰੀ ਸਿੰਘਾਂ ਵਿਚ ਇਕ ਅਥਾਹ ਜੋਸ਼, ਸਵੈਮਾਨ, ਕੁਰਬਾਨੀ ਦਾ ਜਜ਼ਬਾ ਸਰਬੱਤ ਦੇ ਭਲੇ ਦੀ ਲੋਚਾ ਇਉਂ ਜਾਗ ਗਈ ਜਿਵੇਂ ਕੋਈ ਬਹੁਤ ਵੇਗ ਵਾਲਾ ਚਸ਼ਮਾ ਧਰਤੀ ਵਿਚੋਂ ਬੰਜਰ ਜ਼ਮੀਨਾਂ ਦੀ ਪਿਆਸ ਬੁਝਾਉਣ ਲਈ ਫੁੱਟ ਗਿਆ ਹੋਵੇ।

ਵਿਸਾਖੀ ਦੇ ਦਿਨ ਦੀ ਬਹੁਤ ਮਹੱਤਤਾ ਹੈ। ਇਸੇ ਦਿਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧਰਤ ਲੋਕਾਈ ਨੂੰ ਸੋਧਣ ਲਈ ਚੱਲੇ, ਇਸੇ ਦਿਨ ਹੀ ਗੋਇੰਦਵਾਲ ਸਾਹਿਬ ਬਾਉਲੀ ਦਾ ਕੜ ਟੁੱਟਿਆ, ਦੁਖਭੰਜਨੀ ਬੇਰੀ ਹੇਠ ਇਸੇ ਦਿਨ ਹੀ ਰਜਨੀ ਦਾ ਪਿੰਗਲਾ ਪਤੀ ਰਾਜ਼ੀ ਹੋਇਆ, ਤੇ ਅੰਮ੍ਰਿਤਸਰ ਦਾ ਪਵਿੱਤਰ ਤੀਰਥ ਪ੍ਰਗਟ ਹੋਇਆ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ 'ਬਾਬਾ ਬਕਾਲਾ' ਆਦੇਸ਼ ਹੋਇਆ ਅਤੇ ਇਸੇ ਦਿਨ ਹੀ ਇਨਸਾਨੀਅਤ ਦੇ ਇਤਿਹਾਸ ਵਿਚ ਸੰਤ ਸਿਪਾਹੀ ਦਾ ਆਦਰਸ਼ ਖਾਲਸਾ ਰੂਪ ਵਿਚ ਪ੍ਰਗਟ ਹੋਇਆ।

ਗੁਰੂ ਮਹਾਰਾਜ ਜੀ ਨੇ ਇਸ ਖਾਲਸਾ ਸਿਧਾਂਤ ਨੂੰ ਸਪਸ਼ਟ ਕਰਦਿਆਂ ਕਿਹਾ ਕਿ-

***ਆਤਮ ਰਸ ਜਿਹ ਜਾਨਹੀ,***

***ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ।।***

***(ਸਰਬ ਲੋਹ ਗ੍ਰੰਥ 'ਚੋਂ)***

ਆਤਮਾ ਦੇ ਰਸ ਵਿਚ ਲੀਨ ਮਹਾਨ ਉਚੇ ਪੁਰਸ਼ ਨੂੰ ਖਾਲਸਾ ਸੰਗਿਆ ਪ੍ਰਦਾਨ ਕੀਤੀ ਜਿਸ ਆਦਰਸ਼ਧਾਰੀ ਨੂੰ ਗੁਰੂ ਸਾਹਿਬ ਨੇ ਆਪਣਾ ਰੂਪ ਕਥਨ ਕੀਤਾ ਤੇ ਕਿਹਾ-

***ਖ਼ਾਲਸਾ ਮੇਰੋ ਰੂਪ ਹੈ ਖ਼ਾਸ।।***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।।***

***(ਸਰਬ ਲੋਹ ਗ੍ਰੰਥ 'ਚੋਂ)***

ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਛਕਾ ਕੇ ਉਨ੍ਹਾਂ ਹੀ ਪੰਜਾਂ ਤੋਂ ਉਸੇ ਵਿਧੀ ਨਾਲ ਆਪ ਅੰਮ੍ਰਿਤ ਛਕ ਕੇ, ਆਪਣੀ ਮਹਾਨ ਬਲ ਭਰੀ ਸ਼ਕਤੀਸ਼ਾਲ ਪ੍ਰੇਮ ਪੂਜਨੀਕ ਪ੍ਰਮੇਸ਼ਰ ਰੂਪ ਹਸਤੀ ਨੂੰ ਸਦਾ-ਸਦਾ ਲਈ ਆਪਣੇ ਹੀ ਗੁਰਮੁਖ ਪਿਆਰਿਆਂ ਵਿਚ ਲੀਨ ਕਰ ਦਿਤਾ ਅਤੇ ਇਹ ਬਚਨ ਫੁਰਮਾਇਆ -

***ਪੰਥ ਖਾਲਸਾ ਖੇਤੀ ਮੇਰੀ।।***
***ਕਰਉ ਸੰਭਾਲ ਮਹਿ ਤਿਸ ਕੇਰੀ।।***

***(ਸਰਬ ਲੋਹ ਗ੍ਰੰਥ 'ਚੋਂ)***

ਗੁਰੂ ਮਹਾਰਾਜ ਜੀ ਨੇ ਮੁਰਦਿਆਂ ਦੇ ਵਿਚ, 'ਜੀਵਨ' ਦਾ injection ਲਾਇਆ ਜਿਨ੍ਹਾਂ ਨੇ ਆਪਣੇ ਫਰਜ਼ਾਂ ਦੀ ਪੂਰਤੀ ਨੂੰ ਪਹਿਚਾਣਦਿਆਂ ਹੋਇਆਂ, ਸਮੁੱਚੇ ਦੇਸ਼ ਦਾ ਇਤਿਹਾਸ ਬਦਲ ਕੇ ਰੱਖ ਦਿਤਾ। ਅੱਜ ਦੀ ਸ਼ਾਂਤੀ, ਖੁਸ਼ਹਾਲੀ ਉਨ੍ਹਾਂ ਆਦਰਸ਼ਕ ਖਾਲਸਾ ਵਿਅਕਤੀਆਂ ਦੀ ਮਹਾਨ ਦੇਣ ਹੈ ਜਿਨ੍ਹਾਂ ਦੇ ਰੋਮ-ਰੋਮ ਵਿਚ ਵਾਹਿਗੁਰੂ ਨਾਮ ਦੀਆਂ ਧੁਨੀਆਂ ਗੁੰਜਾਰ ਪਾਉਂਦੀਆਂ ਸਨ ਤੇ ਸਦਾ ਹੀ ਵਾਹਿਗੁਰੂ ਜੀ ਨਾਲ ਇਕ-ਮਿਕ ਹੋਈ ਲਿਵ ਅਵਸਥਾ ਵਿਚ ਵਿਚਰਦੇ ਸਨ। ਪੁਰਾਤਨ ਗੁਰਸਿੱਖ ਨਾਮ ਬਾਣੀ ਨਾਲ ਐਉਂ ਜੁੜੇ ਹੋਏ ਸਨ ਜਿਵੇਂ -

***ਜਿਉ ਮਛੁਲੀ ਬਿਨੁ ਪਾਣੀਐ***
***ਕਿਉ ਜੀਵਣੁ ਪਾਵੈ।।***
***ਬੂੰਦ ਵਿਹੂਣਾ ਚਾਤ੍ਰਿਕੋ***
***ਕਿਉ ਕਰਿ ਤ੍ਰਿਪਤਾਵੈ।।***
***ਨਾਦ ਕੁਰੰਕਹਿ ਬੇਧਿਆ***
***ਸਨਮੁਖ ਉਠਿ ਧਾਵੈ।।***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ।।***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ।।***

***ਅੰਗ - 708***

ਅਜ ਜਦ ਅਸੀਂ ਉਸ ਆਦਰਸ਼ ਦੀ ਗੰਭੀਰ ਪੜਚੋਲ ਕਰਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਅੱਜ ਦੇ ਸਿੱਖ ਵਿਚ ਖਾਲਸਾ ਆਦਰਸ਼ ਮੱਧਮ ਹੋ ਚੁੱਕਿਆ ਹੈ। ਗੁਰੂ ਸਾਹਿਬ ਜੀ ਨੇ ਸੰਤਾਂ ਨੂੰ ਸਿਪਾਹੀ ਬਣਾਇਆ ਸੀ ਜੋ ਸਦਾ ਹੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਨਾਲ ਜੂਝਦੇ ਰਹਿੰਦੇ ਸਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗਾਂ ਨੂੰ ਦਬਾ ਕੇ ਰਖਦੇ ਸਨ। ਹੰਸ, ਹੇਤ, ਕੋਪ, ਲੋਭ ਚਾਰੇ ਨਦੀਆਂ ਦੀਆਂ ਅੱਗਾਂ ਸ਼ਾਂਤ ਕਰਕੇ ਰਖਦੇ ਸਨ ਅਤੇ ਸਦਾ ਹੀ ਅੰਤਰੀਵੀ ਜੁੱਧ ਦੀ ਵਿਚਾਰ ਕਰਦਿਆਂ ਸਾਵਧਾਨੀ ਵਰਤਦੇ ਰਹਿੰਦੇ ਸਨ ਜਿਨ੍ਹਾਂ ਦੇ ਰੋਮ-ਰੋਮ ਵਿਚ ਨਾਮ ਦੀਆਂ ਧੁਨੀਆਂ ਗੂੰਜਦੀਆਂ ਸਨ ਜਿਹੜੇ ਆਪਣੇ ਅੰਦਰੋਂ ਹੀ ਪ੍ਰਮੇਸ਼ਰ ਦੀ ਖੋਜ ਕਰਕੇ ਪ੍ਰਭੂ ਨੂੰ ਪਾ ਲਿਆ ਕਰਦੇ ਸਨ ਅਤੇ ਘਟ-ਘਟ ਵਿਚ ਵਿਆਪਕ ਪ੍ਰਭੂ ਜੋਤ ਨੂੰ ਪਛਾਣਦਿਆਂ ਜਨ ਸੇਵਾ ਨੂੰ ਪੂਰੀ ਨਿਸ਼ਕਾਮਤਾ ਨਾਲ, ਸਮਝਦਿਆਂ, ਆਪਣਾ ਪ੍ਰਮ ਫਰਜ਼ ਨਿਭਾਇਆ ਕਰਦੇ ਸਨ; ਉਹ ਵਜੂਦ 'ਖਾਲਸਾ' ਹੋਇਆ ਕਰਦਾ ਸੀ ਅਤੇ 'ਖਾਲਸਾ' ਵਾਹਿਗੁਰੂ ਦੀ ਫੌਜ ਅਤੇ ਵਾਹਿਗੁਰੂ ਦੀ ਮੌਜ ਵਿਚ ਪ੍ਰਗਟ ਹੋਇਆ ਕਲਜੁਗ ਦੇ ਮਹਾਂ ਅੰਧਕਾਰ ਦੇ ਵਾਤਾਵਰਣ ਨਾਲ ਜੂਝਣ ਵਾਲਾ ਆਦਰਸ਼ ਸੀ।

***ਖ਼ਾਲਸਾ ਅਕਾਲ ਪੁਰਖ ਕੀ ਫੌਜ।।***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।***

***(ਸਰਬ ਲੋਹ ਗ੍ਰੰਥ 'ਚੋਂ)***

ਪਰ ਜਦੋਂ ਅਸੀਂ ਹੁਣ ਇਨ੍ਹਾਂ ਆਦਰਸ਼ਾਂ ਦੇ ਚਾਨਣੇ ਵਿਚ ਪੜਚੋਲ ਕਰਦੇ ਹਾਂ ਤਾਂ ਇਹ ਉਚ ਆਦਰਸ਼, ਸਮੇਂ ਦੇ ਕਲਜੁਗੀ ਪ੍ਰਭਾਵ ਵਿਚ ਕਾਫੀ ਹੱਦ ਤਕ ਅਲੋਪ ਹੋਏ ਪ੍ਰਤੀਤ ਦਿੰਦੇ ਹਨ ਪਰ ਫੇਰ ਵੀ ਕੁਝ ਸੰਪ੍ਰਦਾਵਾਂ, ਜੱਥੇ ਐਸੇ ਹਨ ਜਿਨ੍ਹਾਂ ਨੇ ਇਸ ਖਾਲਸਾ ਆਦਰਸ਼ ਨੂੰ ਆਪਣੇ ਸੁਆਸਾਂ ਗਿਰਾਸਾਂ ਵਿਚ ਸਮਾਇਆ ਹੋਇਆ ਹੈ। ਉਨ੍ਹਾਂ

ਦੀ ਬੋਲ-ਬਾਣੀ ਅਤੇ ਜੀਵਨ ਚਾਲ ਖਾਲਸੇ ਦੇ ਆਦਰਸ਼ ਨੂੰ ਉਜਾਗਰ ਕਰਦੀ ਹੈ ਪਰ ਇਕ ਬਹੁਤ ਵੱਡਾ ਅੰਗ ਨਾਮ ਸ਼ਕਤੀ ਤੋਂ ਟੁਟਿਆ ਹੋਇਆ ਪ੍ਰਤੀਤ ਦਿੰਦਾ ਹੈ। ਖਾਲਸੇ ਦੀ ਜਿੱਤ ਹਰ ਮੈਦਾਨ ਵਿਚ ਭਾਵੇਂ ਉਹ ਆਰਥਿਕ ਹੈ, ਰਾਜਸੀ ਹੈ, ਭਾਈਚਾਰਕ ਹੈ, ਰੂਹਾਨੀ ਹੈ, ਇਸ ਗੱਲ ਉਪਰ ਅਧਾਰਿਤ ਹੈ ਕਿ ਉਹ ਸਚਮੁਚ ਹੀ ਵਾਹਿਗੁਰੂ ਨਾਲ ਅਭੇਦ ਅਵਸਥਾ ਵਿਚ ਇਕਮਿਕ ਹੋ ਕੇ ਹੋਵੇ ਅਤੇ ਉਸਨੂੰ ਦਿਬਯ ਲੋਇਨਾਂ ਰਾਹੀਂ ਘਟ-ਘਟ ਵਿਚ ਪ੍ਰਭੂ ਦੇ ਪ੍ਰਤੱਖ ਝਲਕਾਰੇ ਮਸਤ ਕਰਦੇ ਹੋਣ। ਉਹ ਵਜੂਦ ਸਾਕਾਰ ਰੂਪ ਵਿਚ ਪ੍ਰਭੂ ਦਾ ਹੀ ਵਜੂਦ ਹੋਇਆ ਕਰਦਾ ਹੈ। ਅਜਿਹੇ ਖਾਲਸੇ ਨੂੰ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਣਾ ਪੈਂਦਾ ਕਿਉਂਕਿ ਸਰਬੱਤ ਦੇ ਭਲੇ ਦਾ ਫੈਲਿਆ ਹੋਇਆ ਓਰਾ ਹਰ ਕਿਸੇ ਨੂੰ ਆਪਣੇ ਕਲਾਵੇ ਵਿਚ ਲੈ ਕੇ ਪਿਆਰ, ਪ੍ਰੇਮ ਤੇ ਅਪਣੱਤ ਦੀਆਂ ਤਰੰਗਾਂ ਰਾਹੀਂ ਆਪਣਾ ਬਣਾ ਲੈਂਦਾ ਹੈ। ਉਸ ਵਿਚ ਸਾਰੀ ਸ੍ਰਿਸ਼ਟੀ ਦੀ ਸਾਂਝ ਪ੍ਰਤੱਖ ਰੂਪ ਵਿਚ ਨਜ਼ਰ ਆਇਆ ਕਰਦੀ ਹੈ ਅਤੇ ਉਹ ਅਕਾਲਪੁਰਖ ਵਲੋਂ ਥਾਪਿਆ ਹੋਇਆ ਸੇਵਾਦਾਰ ਹੁੰਦਾ ਹੈ। ਉਹ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਸਭਨਾਂ ਦਾ ਭਲਾ ਮਨਾਉਂਦਾ ਹੈ। ਅਸਾਨੂੰ ਬਹੁਤ ਸ਼ੀਘਰ ਆਪਣੇ ਆਪ ਦੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਚ ਆਦਰਸ਼ਾਂ ਦੇ ਮੁਤਾਬਿਕ ਆਪਣੇ ਜੀਵਨ ਪੱਥ ਅਪਣਾਅ ਰਹੇ ਹਾਂ ਜਾਂ ਕਿ ਇਸ ਮਨ ਮਤ ਦੀਆਂ ਕਾਲੀਆਂ ਲਕੀਰਾਂ ਪੈ ਕੇ ਧੁੰਧਲਾ ਹੋ ਗਿਆ ਹੈ।

ਪੰਜ ਪਿਆਰਿਆਂ ਰਾਹੀਂ ਬਾਣੀ ਦੀ ਸ਼ਕਤੀ ਦੇ ਨਾਲ ਤਿਆਰ ਕੀਤੀ ਪਾਹੁਲ, ਸ਼ਕਤੀ ਦਾ ਭੰਡਾਰ ਹੋਇਆ ਕਰਦਾ ਹੈ। ਜਿਸਨੇ ਪੰਜ ਪਿਆਰਿਆਂ ਦੀ ਪਵਿੱਤਰ ਰਸਨਾ ਤੋਂ ਗੁਰਮੰਤ੍ਰ ਦੀ ਗੁੰਜ਼ਾਰ ਸੁਣ ਕੇ ਅੰਦਰ ਵਸਾ ਲਈ, ਉਸਦੇ ਅੰਦਰੋਂ ਨਾਮ ਧੁਨ ਅਲੋਪ ਨਹੀਂ ਹੋਇਆ ਕਰਦੀ। ਗੁਰਮੰਤ੍ਰ ਦੀ ਸ਼ਕਤੀ ਉਸਦੇ ਰੋਮ-ਰੋਮ ਵਿਚ ਸਮਾ ਜਾਂਦੀ ਹੈ ਅਤੇ ਮੰਤ੍ਰ ਦੇ ਬਲ ਕਰਕੇ ਉਹ ਉਸ ਅੰਮ੍ਰਿਤ ਕੁੰਡ ਤਕ ਪਹੁੰਚ ਜਾਂਦੀ ਹੈ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ॥***
***ਅੰਗ - 644***

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - 293***

ਦੇ ਮਹਾਨ ਅਨੰਦ ਨੂੰ ਆਪਣੇ ਜੀਵਨ ਵਿਚ ਮਾਣਦਾ ਹੈ।

ਸੋ ਇਸ ਕਰਕੇ ਪਿਆਰਿਓ! ਸੋਚੋ ਕਿ ਅੱਜ ਅਸੀਂ ਘਰ ਵਿਚ ਭਰਪੂਰ ਅੰਮ੍ਰਿਤ ਤਕ ਪੁੱਜ ਸਕੇ ਹਾਂ? ਅੰਮ੍ਰਿਤ ਨੂੰ ਸੁਰ, ਨਰ, ਮੁਨ, ਜਨ ਦੇਵਤੇ ਖੋਜਦੇ ਰਹੇ ਹਨ ਅਤੇ ਜੋ ਗੁਰੂ ਦੇ ਰਾਹੀਂ ਪ੍ਰਾਪਤ ਹੋ ਕੇ ਜੀਵ ਆਤਮਾ ਨੂੰ ਵਾਹਿਗੁਰੂ ਦਾ ਰੂਪ ਬਣਾ ਦਿੰਦਾ ਹੈ; ਉਹ ਸਾਨੂੰ ਪ੍ਰਾਪਤ ਹੋ ਚੁੱਕਿਆ ਹੈ ਜਾਂ ਨਹੀਂ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ***
***ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ***
***ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ***
***ਲਹਿ ਜਾਏ ਰਾਮ॥ ਅੰਗ - 538***

ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਆ ਕੇ –

***ਵਾਹਿਗੁਰੂ ਗੁਰਮੰਤ੍ਰ ਹੈ***
***ਜਪ ਹਉਮੈ ਖੋਈ॥***

ਗੁਰਮੰਤ੍ਰ ਪ੍ਰਾਪਤ ਕਰਕੇ ਗੁਰਮੁਖ ਪਿਆਰਿਆਂ ਦੀ ਸੰਗਤ ਰਾਹੀਂ ਇਸ ਅੰਮ੍ਰਿਤ ਕੁੰਡ ਤੱਕ ਪਹੁੰਚ ਕੇ ਸਦਾ-ਸਦਾ ਲਈ ਅਮਰ ਹੋਣ ਲਈ ਖਾਲਸਾ ਪਦ ਦੀ ਪ੍ਰਾਪਤੀ ਕੀਤੀ ਜਾਵੇ –

***ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ***
***ਹਰਿ ਸਿਮਰਤ ਅਨਦ ਅਨੰਤਾ॥***
***ਅੰਗ - 496***

# ਮਹਾਤਮਾ ਬੁੱਧ ਜੀ
## (ਗੁਰਮਤਿ ਟੂਕਾਂ ਸਹਿਤ)

ਪੰਜ ਹਜ਼ਾਰ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਭਾਰਤ ਵਰਸ਼ੀਆਂ ਨੂੰ ਭਾਰਤ ਵਿਚ ਹੋਈ ਇਕ ਬਹੁਤ ਵੱਡੀ ਘਟਨਾ ਭੁੱਲਣ ਵਿਚ ਨਹੀਂ ਆਉਂਦੀ। ਇਸ ਘਟਨਾ ਵਿਚ 18 ਦਿਨਾਂ ਵਿਚ 45 ਲੱਖ ਦੇ ਕਰੀਬ ਜਵਾਨ ਬੰਦੇ ਜੁੱਧ ਵਿਚ ਮਾਰੇ ਗਏ ਸਨ। ਇੰਨੀ ਵੱਡੀ ਗਿਣਤੀ ਵਿਚ ਮਹਾਨ ਯੋਧਿਆਂ ਦਾ, ਕਰਮਯੋਗੀਆਂ ਦਾ ਅਲੋਪ ਹੋ ਜਾਣਾ ਕੋਈ ਛੋਟੀ ਜਿਹੀ ਘਟਨਾ ਨਹੀਂ ਸੀ। ਇਸ ਨੇ ਭਾਰਤ ਦੇ ਸਭਿਆਚਾਰਕ ਖੇਤਰ ਵਿਚ ਬਹੁਤ ਹੀ ਭਿਆਨਕ ਅਸਰ ਪਾਇਆ। ਕਈ ਨਾਸਤਿਕ ਮਤਿ ਚਲ ਪਏ, ਚਰਿੱਤਰ ਹੀਣਤਾ ਦਾ ਬੋਲ-ਬਾਲਾ ਵਧਣ ਲੱਗਿਆ ਅਤੇ ਭਾਰਤ ਆਪਣੇ ਨਿਸ਼ਾਨੇ ਤੋਂ ਹਿੱਲ ਕੇ ਪਤਨ ਵਲ ਨੂੰ ਵਧਦਾ ਗਿਆ। ਸਿਆਣੇ ਇਸਨੂੰ ਕਲਜੁਗ ਦਾ ਅਸਰ ਆਖਦੇ ਹਨ। ਆਮ ਜਨਤਾ ਨਿਸ਼ਾਨੇਹੀਣ ਹੋ ਗਈ ਅਤੇ ਸੱਚ ਦੀ ਪ੍ਰਾਪਤੀ ਦੀ ਥਾਂ ਤੇ ਕਰਮਕਾਂਡ ਪ੍ਰਧਾਨ ਹੋ ਗਿਆ। ਦੇਵ ਪੂਜਾ ਵਧ ਗਈ, ਵੇਦਾਂ ਦੇ ਸੁੱਚੇ ਆਦਰਸ਼ ਮੂਰਤੀ ਪੂਜਾ ਦੀ ਆਕਰਸ਼ਤਾ ਕਰਕੇ ਅਲੋਪ ਹੋਣ ਲੱਗੇ। ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਬਹੁਤ ਸਾਰੇ ਸਿਧਾਂਤ ਘੁਲ ਮਿਲ ਗਏ। ਜਨਤਾ ਨੇ ਆਪਣੇ ਕਲਿਆਣ ਲਈ ਅੱਡੋ-ਅੱਡ ਰਾਹ ਅਪਣਾਅ ਲਏ। ਪ੍ਰਭੂ ਪ੍ਰਾਪਤੀ ਦੀ ਥਾਂ ਪਦਾਰਥ ਪ੍ਰਾਪਤੀ ਨੇ ਮੱਲ ਲਈ। ਪ੍ਰਾਕ੍ਰਿਤੀ ਵਿਚ ਕਿਉਂਕਿ ਸੁਭਾਵਿਕ ਹੀ ਤਿੰਨ ਗੁਣਾਂ ਦਾ ਅਸਰ ਰਜੋ, ਤਮੋ, ਸਤੋ ਦੇ ਵੇਗਾਂ ਵਿਚ ਲਹਿਰਾਂ ਮਾਰਦਾ ਹੈ, ਉਸਨੇ ਮਨੁੱਖੀ ਮਨ ਨੂੰ ਅਸ਼ਾਂਤ ਕਰ ਦਿਤਾ। ਐਸੇ ਸਮੇਂ ਇਕ ਮਹਾਨ ਆਤਮਾ ਨਾਲ ਕੁਝ ਘਟਨਾਵਾਂ ਵਾਪਰੀਆਂ ਜਿਸ ਦੇ ਫਲਸਰੂਪ ਉਹ ਸਤਿ ਦੀ ਖੋਜ ਵਿਚ ਤਤਪਰ ਹੋ ਗਿਆ। ਕਥਾ ਇਸ ਤਰ੍ਹਾਂ ਹੈ ਕਿ -

ਹਿਮਾਲੀਆ ਦੀਆਂ ਹੇਠਲੀਆਂ ਧਾਰਾਂ ਵਿਚ ਸ਼ਾਕੀਆ ਨਾਮ ਦੀ ਇਕ ਕੌਮ ਰਹਿੰਦੀ ਸੀ ਜਿਸਦੇ ਅਸੂਲ ਬੜੇ ਸਵੱਛ ਸਨ। ਉਹ ਇਕ ਪੁਰਖੀ ਰਾਜ ਨੂੰ ਪਸੰਦ ਨਹੀਂ ਕਰਿਆ ਕਰਦੇ ਸਨ। ਸਾਰੇ ਸਿਆਣੇ ਇਕੱਠੇ ਹੋ ਕੇ ਆਪਣਾ ਰਾਜਾ ਆਪ ਚੁਣ ਲਿਆ ਕਰਦੇ ਸਨ ਅਤੇ ਸਿਆਣੇ ਪੁਰਖਾਂ ਦੀ ਚੋਣ ਕਰਕੇ ਰਾਜ ਮੰਤ੍ਰੀ ਬਣਾ ਲਿਆ ਕਰਦੇ ਸਨ। ਉਨ੍ਹਾਂ ਦੀ ਰਾਜਧਾਨੀ ਕਪਲਵਸਤੂ ਉਸ ਇਲਾਕੇ ਦਾ ਮੁਖ ਸ਼ਹਿਰ ਸੀ। ਛੇਵੀਂ ਸਦੀ ਪੂਰਵ ਈਃ ਵਿਚ ਸ਼ੁਧੋਦਨ ਨਾਮ ਦਾ ਰਾਜਾ ਰਾਜ ਕਰਦਾ ਸੀ। ਉਹ ਸ਼ਾਕੀਆ ਕੌਮ ਦਾ ਚੁਣਿਆਂ ਹੋਇਆ ਨੁਮਾਇੰਦਾ ਸੀ ਅਤੇ ਅੱਜਕੱਲ ਦੇ ਰਾਸ਼ਟਰਪਤੀ ਵਾਂਗੂੰ ਅਧਿਕਾਰ ਪ੍ਰਾਪਤ ਕਰਕੇ ਰਾਜ ਕਰਿਆ ਕਰਦਾ ਸੀ। ਉਸ ਦੇ ਕਬੀਲੇ ਦਾ ਨਾਮ ਗੋਤਮ ਸੀ। ਸ਼ਾਕੀਆ ਲੋਕਾਂ ਦੀ ਜਾਤ ਖੱਤਰੀ ਸੀ। ਇਹ ਆਪਣੀ ਸੁਤੰਤਰਤਾ ਦੀ ਰਾਖੀ ਬੜੀ ਬਹਾਦਰੀ ਦੇ ਨਾਲ ਕਰਿਆ ਕਰਦੇ ਸਨ। ਇਸ ਰਾਜੇ ਦੀ ਰਾਣੀ ਦਾ ਨਾਮ ਮਹਾਂ ਮਾਇਆ ਸੀ। ਇਨ੍ਹਾਂ ਦੇ ਘਰ ਇਕ ਮਹਾਨ ਆਤਮਾ ਦਾ ਪ੍ਰਕਾਸ਼ ਹੋਇਆ ਜਿਸ ਦਾ ਨਾਮ ਸਿੱਧਾਰਥ ਗੋਤਮ ਰੱਖਿਆ ਗਿਆ। ਉਸ ਵੇਲੇ 624 ਪੂਰਵ ਈ. ਦਾ ਸਮਾਂ ਸੀ, ਕਈ ਉਸਦੇ ਜਨਮ ਦਾ ਸਮਾਂ 566 ਪੂਰਵ ਈਃ ਨਿਰਧਾਰਿਤ ਕਰਦੇ ਹਨ। ਵਿਸਾਖ ਦੀ ਪੂਰਨਮਾਸ਼ੀ ਬੋਧੀ ਮਨਾਉਂਦੇ ਹਨ। ਵਾਹਿਗੁਰੂ ਦੀ ਰਜ਼ਾ ਇਸ ਤਰ੍ਹਾਂ ਹੋਈ ਕਿ ਇਸ ਦੀ ਮਾਤਾ ਮਹਾਂ ਮਾਇਆ ਇਸਨੂੰ ਸਿਰਫ ਸੱਤ ਦਿਨ ਦਾ ਛੱਡ ਕੇ ਪਰਲੋਕ ਸਿਧਾਰ ਗਈ। ਰਾਜੇ ਨੇ ਆਪਣੀ ਰਾਣੀ ਦੀ ਭੈਣ ਪਰਜਾਪਤੀ ਨਾਲ ਦੂਸਰੀ ਸ਼ਾਦੀ ਕਰ ਲਈ ਜਿਸ ਨੇ ਇਸ ਬਾਲਕ ਨੂੰ ਮਾਤਾ ਨਾਲੋਂ ਵੀ ਵੱਧ ਪਿਆਰ ਦੇ ਕੇ ਪਾਲਿਆ। ਸਿੱਧਾਰਥ ਦਾ ਸੁਭਾਅ ਬਚਪਨ ਤੋਂ ਹੀ ਬਹੁਤ ਕੋਮਲ ਸੀ। ਉਹ ਛੋਟੀ ਤੋਂ ਛੋਟੀ ਘਟਨਾ ਦੇ ਵਿਚ ਗਹਿਰਾ ਖੁੱਭ ਜਾਇਆ ਕਰਦਾ ਸੀ। ਇਸ ਕਰਕੇ ਇਸ ਦੀ ਪਾਲਣਾ ਲਈ ਇਕ ਖਾਸ ਮਹਲ, ਜੋ ਚਾਰੇ ਪਾਸੇ ਇਕ ਬਹੁਤ ਵੱਡੇ ਬਾਗ ਨੇ ਘੇਰਿਆ ਹੋਇਆ ਸੀ, ਵਿਚ ਕੀਤੀ। ਚੰਗੇ ਉਸਦਾਦ ਨੇਕ ਮਤਿ ਦੇਣ ਵਾਸਤੇ ਉਪਲਬਧ ਸਨ। ਬੱਚੇ ਦਾ ਸੁਭਾਅ ਕੁਦਰਤੀ ਤੌਰ ਤੇ ਰੂਹਾਨੀ ਸੀ। ਦੁਨੀਆਂਦਾਰੀ ਦੇ ਖਿਆਲਾਂ ਵਿਚ ਬਹੁਤ ਹੀ ਘੱਟ ਖਚਿਤ ਹੋਇਆ ਕਰਦਾ ਸੀ।

ਇਕ ਵਾਰੀ ਇਕ ਹੰਸ ਫੱਟੜ ਹਾਲਤ ਵਿਚ ਇਸਦੇ ਬਾਗ ਵਿਚ ਗਿਰ ਪਿਆ। ਜਦੋਂ

ਤਕ ਉਹ ਪੂਰੀ ਤਰ੍ਹਾਂ ਰਾਜ਼ੀ ਨਾ ਹੋਇਆ ਅਤੇ ਉਡਾਰੀ ਮਾਰ ਕੇ ਆਪਣੇ ਘਰ ਨੂੰ ਵਾਪਸ ਜਾਣ ਯੋਗ ਨਾ ਹੋਇਆ, ਇਹ ਉਸ ਹੰਸ ਨੂੰ ਬਹੁਤ ਹੀ ਪਿਆਰ ਕਰਦਾ ਰਹਿੰਦਾ ਸੀ। ਦਇਆ ਅਤੇ ਖਿਮਾ, ਹਮਦਰਦੀ, ਸੱਚ ਦਾ ਜੀਵਨ, ਮਿਠਾਸ ਅਤੇ ਸੰਜਮ ਦਾ ਜੀਵਨ ਇਸਨੂੰ ਧੁਰ ਦਰਗਾਹ ਤੋਂ ਹੀ ਪ੍ਰਾਪਤ ਹੋਇਆ-ਹੋਇਆ ਸੀ। ਇਹ ਜੁਆਨ ਹੋਇਆ ਤੇ ਇਸ ਦੀ ਸ਼ਾਦੀ ਯਸ਼ੋਧਰਾ ਨਾਲ ਹੋ ਗਈ। ਇਨ੍ਹਾਂ ਦੇ ਘਰ ਰਾਹੁਲ ਨਾਮ ਦਾ ਇਕ ਸੁੰਦਰ ਤੇ ਪਿਆਰਾ ਪੁੱਤਰ ਪੈਦਾ ਹੋਇਆ। ਸ਼ਹਿਜ਼ਾਦਾ ਸਿੱਧਾਰਥ ਭਾਵੇਂ ਪ੍ਰੀਵਾਰ ਵਾਲਾ ਹੋ ਗਿਆ ਸੀ, ਪੁੱਤਰ ਵੀ ਬਹੁਤ ਪਿਆਰਾ ਅਤੇ ਜੀਵਨ ਸਾਥਣ ਵੀ ਬਹੁਤ ਪਿਆਰੀ, ਪਤੀਵਰਤਾ ਭਾਵਾਂ ਵਾਲੀ, ਪਿਆਰ ਕਰਨ ਵਾਲੀ ਸੀ ਪਰ ਆਪ ਦਾ ਮਨ ਗ੍ਰਹਿਸਤੀ ਵਿਚੋਂ ਅਸੰਗਤਾ ਦੇ ਭਾਵ ਵਿਚ ਹੀ ਰਹਿੰਦਾ ਸੀ। ਸੰਸਾਰਕ ਰਸਾਂ-ਕਸਾਂ, ਭੋਗਾਂ ਅਤੇ ਹੋਰ ਮਾਇਕ ਖੁਸ਼ੀਆਂ ਉਸਦਾ ਮਨ ਮੋਹਣ ਤੋਂ ਅਲੇਪ ਰਹੀਆਂ। ਇਕ ਵਾਰੀ ਉਸਨੇ ਆਪਣੇ ਰਥਵਾਹੀ, ਜਿਸ ਦਾ ਨਾਮ ਚੰਨਾ ਸੀ, ਨੂੰ ਕਿਹਾ ਕਿ ਮੈਂ ਅੱਜ ਸ਼ਹਿਰ ਵੱਲ ਸੈਰ ਕਰਨ ਜਾਣਾ ਹੈ। ਚੰਨਾ ਸੁਣ ਕੇ ਕੁਝ ਤਰਭਕਿਆ ਕਿਉਂਕਿ ਇਸ ਭੀੜ-ਭੜੱਕੇ ਵੱਲ ਜਾਣਾ ਉਸ ਲਈ ਬਿਵਰਜਿਤ ਸੀ। ਸ਼ਹਿਜ਼ਾਦਾ ਕਿਉਂਕਿ ਜੁਆਨ ਹੋ ਚੁਕਿਆ ਸੀ, ਉਸ ਦਾ ਕਹਿਣਾ ਮੰਨ ਕੇ ਉਹ ਚੱਲ ਪਿਆ। ਰੱਥ ਵਿਚ ਬੈਠਾ ਸਿੱਧਾਰਥ ਆਲੇ-ਦੁਆਲੇ ਦੇ ਨਜ਼ਾਰੇ ਵੇਖਦਾ ਜਾ ਰਿਹਾ ਹੈ ਕਿ ਅਚਾਨਕ ਚੰਨੇ ਨੇ ਰੱਥ ਰੋਕ ਲਿਆ। ਸਿੱਧਾਰਥ ਦੇ ਪੁੱਛਣ ਤੇ ਉਸਨੇ ਦੱਸਿਆ ਕਿ ਹਜ਼ੂਰ! ਇਕ ਬਿਰਧ ਪੁਰਸ਼ ਜੋ ਆਪਣੇ ਹੀ ਭਾਰ ਨਾਲ ਕੰਬ ਰਿਹਾ ਹੈ ਅਤੇ ਬਹੁਤ ਸੰਭਲ-ਸੰਭਲ ਕੇ ਸੋਟੀ ਦੇ ਆਸਰੇ ਕਦਮ ਪੁੱਟ ਰਿਹਾ ਹੈ, ਉਹ ਵਡੇਰੀ ਉਮਰ ਦਾ ਪੁਰਸ਼ ਸੜਕ ਪਾਰ ਕਰ ਰਿਹਾ ਹੈ। ਰਾਜ ਨਿਯਮਾਂ ਅਨੁਸਾਰ ਬਾਲਕ ਅਤੇ ਬਿਰਧ ਦਾ ਹੱਕ ਸੜਕ ਪਾਰ ਕਰਨਾ ਪਹਿਲਾਂ ਬਣਦਾ ਹੈ। ਸੋ ਇਸ ਕਰਕੇ ਰੱਥ ਰੋਕ ਲਿਆ। ਸਿੱਧਾਰਥ ਨੇ ਬਿਰਧ ਨੂੰ ਅੱਛੀ ਤਰ੍ਹਾਂ ਵੇਖਿਆ। ਉਸ ਨੇ ਪੁਛਿਆ ਕਿ ਚੰਨੇ! ਇਸ ਆਦਮੀ ਦੀ ਹਾਲਤ ਇਸ ਤਰ੍ਹਾਂ ਦੀ ਕਿਉਂ ਹੋ ਗਈ? ਕੀ ਸਾਰੇ ਆਦਮੀ ਬਿਰਧ ਹੋ ਜਾਂਦੇ ਹਨ? ਉਤਰ ਵਜੋਂ ਉਸਨੇ ਕਿਹਾ ਕਿ ਹਜ਼ੂਰ! ਇਸ ਸਰੀਰ ਦੀਆਂ ਤਿੰਨ ਹਾਲਤਾਂ ਜਿਉਂਦੇ ਜੀਅ ਹੋਇਆ ਕਰਦੀਆਂ ਹਨ-

***ਬਾਲ ਜੁਆਨੀ ਅਰੁ ਬਿਰਧਿ ਫੁਨਿ***
***ਤੀਨਿ ਅਵਸਥਾ ਜਾਨਿ॥***
***ਕਹੁ ਨਾਨਕ ਹਰਿ ਭਜਨ ਬਿਨੁ***
***ਬਿਰਥਾ ਸਭ ਹੀ ਮਾਨੁ॥***

***ਅੰਗ - 1428***

ਪਹਿਲਾਂ ਇਸ ਦੀ ਬਾਲਕ ਅਵਸਥਾ ਹੋਇਆ ਕਰਦੀ ਹੈ, ਫਿਰ ਹੌਲੀ-ਹੌਲੀ ਬਾਲ ਅਵਸਥਾ ਨੂੰ ਜੁਆਨੀ ਆਪਣੇ ਵਿਚ ਸਮਾਅ ਲੈਂਦੀ ਹੈ। ਇਸ ਜੋਬਨ ਭਰੇ ਸਰੀਰ ਨੂੰ ਬੁਢੇਪਾ ਪੂਰੀ ਤਰ੍ਹਾਂ ਨਾਲ ਖਾ ਜਾਂਦਾ ਹੈ ਅਤੇ ਜੁਆਨੀ ਦਾ ਕਿਤੇ ਨਾਮ ਨਿਸ਼ਾਨ ਭੀ ਨਹੀਂ ਦਿਸਦਾ ਅਤੇ ਅੰਤ ਵਿਚ ਇਸਦੀ ਮੌਤ ਹੋ ਜਾਇਆ ਕਰਦੀ ਹੈ। ਸੰਸਾਰ ਵਿਚ ਮਨੁੱਖੀ ਤਨ ਦੀ ਪ੍ਰਾਪਤੀ ਸਤਿ ਦੇ ਗਿਆਨ ਵਾਸਤੇ ਹੋਇਆ ਕਰਦੀ ਹੈ ਜਿਸਨੂੰ ਪ੍ਰਾਪਤ ਕਰਕੇ ਸਾਰੇ ਦੁਖਾਂ ਤੋਂ ਬਰੀ ਹੋ ਜਾਇਆ ਕਰੀਦਾ ਹੈ ਪਰ ਇਹ ਜੀਵ, ਮਾਇਆ ਦੇ ਛਲਾਵਿਆਂ ਵਿਚ ਫਸਿਆ ਹੋਇਆ ਆਪਣੇ ਧੇਅ ਤੋਂ ਬੇਮੁਖ ਹੋ ਕੇ ਮਾਇਆ ਦੇ ਰਸਾਂ-ਕਸਾਂ ਦਾ ਉਲਝਾਇਆ ਦੁਖਾਂ ਦੇ ਘਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਥੇ ਵੀ ਉਸਨੂੰ ਦੁਖ ਮਿਲਦੇ ਹਨ ਅਤੇ ਅੱਗੇ ਜਾ ਕੇ ਵੀ ਦੁਖੀ ਹੁੰਦਾ ਹੈ। ਇਹ ਸੁਣ ਕੇ ਸਿੱਧਾਰਥ ਨੇ ਰਥ ਵਾਪਸ ਕਰਵਾ ਲਿਆ ਅਤੇ ਮਨ ਉਪਰ ਬਹੁਤ ਵੱਡੀ ਕਰਾਰੀ ਸੱਟ ਲੱਗੀ, ਬਹੁਤ ਦਿਨ ਸੋਚਦਾ ਰਿਹਾ। ਐਨਾ ਉਪਰਾਮ ਹੋ ਗਿਆ ਕਿ ਬੋਲਚਾਲ ਵੀ ਬੰਦ ਕਰ ਦਿਤੀ।

ਸਮਾਂ ਲੰਘਣ ਤੇ ਇਕ ਦਿਨ ਫੇਰ ਸ਼ਹਿਰ ਵਲ ਨੂੰ ਆਇਆ ਤੇ ਇਕ ਬਿਮਾਰ ਆਦਮੀ ਦੇਖ ਕੇ ਪੁੱਛਣ ਲੱਗਿਆ ਕਿ ਚੰਨੇ! ਕੀ ਸਾਰੇ ਬਿਮਾਰ ਹੋ ਸਕਦੇ ਹਨ? ਉਹ ਭੋਲਾ ਭਾਲਾ ਆਪਣੇ ਵਿਚ ਕੁਝ ਬੁੱਧੀ ਰਖਦਾ ਸੀ। ਕਹਿਣ ਲੱਗਿਆ, ਮਹਾਰਾਜ! ਜਦੋਂ ਆਦਮੀ ਸੰਜਮੀ-ਜੀਵਨ ਤਿਆਗ ਕੇ ਬਹੁਤ ਖਾਂਦਾ ਹੈ, ਬਹੁਤ ਸੌਂਦਾ ਹੈ, ਬਹੁਤਾ ਭੋਗਾਂ ਵਿਚ ਪ੍ਰਵਿਰਤ ਹੁੰਦਾ ਹੈ, ਬਹੁਤਾ ਪਦਾਰਥਾਂ ਲਈ ਸੋਚਦਾ ਹੈ ਅਤੇ ਮਨ ਦੀਆਂ ਪਰੇਸ਼ਾਨੀਆਂ ਵਧ ਜਾਂਦੀਆਂ ਹਨ, ਤ੍ਰਿਸ਼ਨਾਂ ਦੀ ਅੱਗ ਉਸਦੇ ਅੰਦਰ ਭਾਂਬੜ ਬਾਲਦੀ ਹੈ ਤਾਂ ਆਦਮੀ ਦੀ ਸੁਅਸਥ ਸ਼ਕਤੀ ਇਸਦਾ ਵਜ਼ਨ ਨਾ ਸਹਾਰਨ ਕਰਕੇ ਆਪਣਾ ਸੰਤੁਲਨ ਗਵਾ ਬੈਠਦੀ

ਹੈ ਤਾਂ ਸਿੱਟਾ ਬਿਮਾਰੀ ਵਿਚ ਨਿਕਲਿਆ ਕਰਦਾ ਹੈ। ਪਰ ਜੇ ਇਹੋ ਬੰਦਾ ਸਤਿ ਦੀ ਪ੍ਰਾਪਤੀ ਕਰਕੇ ਸਤਿ ਦੇ ਮੰਡਲ ਵਿਚ ਜੁੜਿਆ ਰਹੇ ਤਾਂ ਬਿਮਾਰ ਬਿਲਕੁਲ ਨਹੀਂ ਹੋਇਆ ਕਰਦਾ। ਸਿੱਧਾਰਥ ਨੇ ਗੱਲ ਸਮਝੀ, ਇਸਦੇ ਅੰਦਰ ਗਹਿਰੀ ਚਲੀ ਗਈ। ਵਿਚਾਰ ਵਿਚ ਵਹਿ ਗਿਆ ਅਤੇ ਵਾਪਸ ਮੁੜ ਆਇਆ।

ਇਸੇ ਤਰ੍ਹਾਂ ਇਕ ਹੋਰ ਮੌਕੇ ਉਤੇ ਇਸਨੂੰ ਮੁਰਦਾ ਵੇਖਣ ਦਾ ਅਵਸਰ ਮਿਲਿਆ ਫੇਰ ਆਪਣੇ ਰਥਵਾਹੀ ਚੰਨੇ ਨਾਲ ਗੱਲ ਕੀਤੀ ਕਿ ਚੰਨਿਆਂ! ਆਦਮੀ ਦੇ ਵਿਚ ਜੋ ਸ਼ਕਤੀ ਇਸਨੂੰ ਜੀਉਂਦਾ ਰਖਦੀ ਸੀ ਉਹ ਕਿਥੇ ਚਲੀ ਗਈ? ਕੀ ਸਭ ਨੇ ਹੀ ਮਰਨਾ ਹੁੰਦਾ ਹੈ? ਉਸਨੇ ਕਿਹਾ, ਹਜ਼ੂਰ! ਜੀਵ ਸੰਸਾਰ ਵਿਚ ਆਉਂਦਾ ਹੈ, ਇਸ ਦਾ ਮੁਖ ਪ੍ਰਯੋਜਨ ਸਤਿ ਦੀ ਪ੍ਰਾਪਤੀ ਹੁੰਦਾ ਹੈ ਪਰ ਇਹ ਪਦਾਰਥਾਂ ਅਤੇ ਮਾਇਆਵੀ ਖਿੱਚਾਂ ਕਾਰਨ ਆਪਣੇ ਲਕਸ਼ ਨੂੰ ਭੁੱਲਿਆ ਰਹਿੰਦਾ ਹੈ। ਸਰੀਰ ਨੂੰ ਗਿਣਵੇਂ ਸੁਆਸ, ਗਿਣਵੇਂ ਦਿਨ, ਮਹੀਨੇ, ਸਾਲ ਮਿਲੇ ਹੁੰਦੇ ਹਨ। ਜਦੋਂ ਉਹ ਪੂਰੇ ਹੋ ਜਾਂਦੇ ਹਨ ਤਾਂ ਕਿਸੇ ਨਾ ਕਿਸੇ ਬਹਾਨੇ ਉਸਦੀ ਮੌਤ ਹੋ ਜਾਇਆ ਕਰਦੀ ਹੈ ਅਤੇ ਹਜ਼ੂਰ! ਇਸ ਵਿਚ ਜੋ ਜੀਵ ਹੈ, ਉਹ ਆਪਣੇ ਕੀਤੇ ਹੋਏ ਮੰਦੇ ਤੇ ਚੰਗੇ ਕਰਮਾਂ ਦੀਆਂ ਗੱਠੜੀਆਂ ਬੰਨ੍ਹ ਕੇ ਲੇਖਾ ਦੇਣ ਲਈ ਦਰਗਾਹ ਦੇ ਵਿਚ ਲਿਜਾਇਆ ਜਾਂਦਾ ਹੈ ਅਤੇ ਉਥੇ ਨਿਰਣਾ ਲਿਆ ਜਾਂਦਾ ਹੈ। ਪਾਪਾਂ ਦਾ ਫਲ ਨਰਕਾਂ ਵਿਚ ਝੇਲਣਾ ਪੈਂਦਾ ਹੈ, ਨਖਿੱਧ ਜੂਨੀਆਂ ਦਾ ਸਰੀਰ ਧਾਰਨ ਕਰਨਾ ਪੈਂਦਾ ਹੈ। ਪੁੰਨਾਂ ਦੇ ਫਲ ਕਰਕੇ ਦੇਵ ਦੇਹੀ ਮਿਲ ਜਾਂਦੀ ਹੈ ਅਤੇ ਆਪਣੇ ਪੁੰਨਾਂ ਨੂੰ ਭੋਗਣ ਲਈ ਪਹਿਲਾਂ ਸਵਰਗ ਵਿਚ ਟਿਕਦਾ ਹੈ, ਫੇਰ ਕਿਸੇ ਚੰਗੇ ਘਰਾਣੇ ਵਿਚ ਤੁਹਾਡੇ ਵਾਂਗੂੰ ਜਨਮ ਲੈ ਕੇ ਬਕਾਇਆ ਕਰਮਾਂ ਦਾ ਫਲ ਭੋਗਦਾ ਹੈ। ਚੰਨੇ ਨੇ ਕਿਹਾ ਕਿ ਹਜ਼ੂਰ! ਜੇ ਕੋਈ ਮਨੁੱਖ ਇਸੇ ਜਨਮ ਵਿਚ ਸਤਿ ਦੀ ਪ੍ਰਾਪਤੀ ਕਰ ਲਵੇ ਤਾਂ ਉਹ ਪ੍ਰਮ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਅਤੇ ਫੇਰ ਉਸਨੂੰ ਮਹਾਨ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਸਰੀਰ ਛੱਡਣ ਉਪਰੰਤ ਉਹ ਬੁੱਧ ਹੋ ਜਾਂਦਾ ਹੈ ਅਤੇ ਫਿਰ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਇਸ ਤਰ੍ਹਾਂ ਉਹ ਆਪਣੇ ਸਾਰੇ ਦੁਖਾਂ ਤੋਂ ਬਰੀ ਹੋ ਕੇ ਪ੍ਰਮ ਸੁੱਖ ਦਾ ਆਨੰਦ ਮਾਣਦਾ ਹੈ, ਮੌਤ ਉਸਨੂੰ ਫਿਰ ਨਹੀਂ ਹੋਇਆ ਕਰਦੀ, ਨਾ ਹੀ ਕਰਮਾਂ ਦੇ ਬੰਨ੍ਹੇ ਹੋਏ ਜੀਵਾਂ ਵਾਂਗੂੰ ਜੰਮਣ-ਮਰਨ ਵਿਚ ਆਇਆ ਕਰਦਾ ਹੈ। ਐਸੀਆਂ ਅਨੇਕ ਗੱਲਾਂ ਸੁਣ ਕੇ ਬਹੁਤ ਉਪਰਾਮ ਹੋ ਗਿਆ। ਉਸਨੇ ਜੀਵਨ ਦੀ ਨਾਸ਼ਵਾਨਤਾ ਬਾਰੇ ਸੋਚਣਾ ਸ਼ੁਰੂ ਕਰ ਦਿਤਾ ਅਤੇ ਕਾਲ ਦੀ ਅਮਿਤ ਸ਼ਕਤੀ ਬਾਰੇ ਸੋਚਦਾ ਰਿਹਾ। ਇਹ ਰਾਜਕੁਮਾਰ ਸੰਸਾਰ ਦੇ ਦੁਖਾਂ ਬਾਰੇ ਬਹੁਤ ਗਹਿਰਾਈ ਨਾਲ ਸੋਚਦਾ ਰਿਹਾ। ਇਨ੍ਹਾਂ ਹੀ ਭਾਵਾਂ ਵਿਚ ਦਿਨ ਲੰਘ ਗਏ।

ਇਕ ਦਿਨ ਉਹ ਘੋੜੇ ਤੇ ਸਵਾਰ ਹੋ ਕੇ ਉਥੇ ਚਲਿਆ ਗਿਆ ਜਿਥੇ ਕਿਸਾਨ ਆਪਣੀਆਂ ਪੈਲੀਆਂ ਨੂੰ ਜੋਤ ਰਹੇ ਸਨ। ਉਸ ਨੇ ਤਰ੍ਹਾਂ-ਤਰ੍ਹਾਂ ਦੇ ਜੀਵ-ਜੰਤੂ ਧਰਤੀ ਵਿਚ ਕੁਰਬਲ-ਕੁਰਬਲ ਕਰਦੇ ਦੇਖੇ। ਚੰਨੇ ਦੇ ਬਚਨ ਯਾਦ ਆ ਗਏ ਕਿ ਜੇ ਮਨੁੱਖ ਮਾੜੇ ਕਰਮਾਂ ਵਿਚ ਪ੍ਰਵਿਰਤ ਹੋ ਜਾਵੇ ਅਤੇ ਸਤਿ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਜਾਵੇ ਤਾਂ ਇਨ੍ਹਾਂ ਨਖਿੱਧ ਜੂਨੀਆਂ ਦੇ ਸਰੀਰ ਧਾਰਨੇ ਪੈਂਦੇ ਹਨ। ਇਸ ਦੇ ਮਨ ਉਪਰ ਬਹੁਤ ਗਹਿਰਾ ਅਸਰ ਹੋਇਆ। ਘੋੜਾ ਬੰਨ੍ਹ ਕੇ ਇਕ ਦਰੱਖਤ ਦੀ ਛਾਂ ਵਿਚ ਬੈਠ ਗਿਆ ਅਤੇ ਇਸੇ ਖਿਆਲ ਵਿਚ ਉਸਦੇ ਸਾਰੇ ਫੁਰਨੇ ਰੁਕ ਗਏ ਅਤੇ ਸਮਾਧੀ ਲਗ ਗਈ। ਇਕ ਦਿਨ ਇਸਦਾ ਮੇਲ ਇਕ ਸਾਧੂ ਨਾਲ ਹੋਇਆ ਜਿਸ ਨੇ ਇਸਨੂੰ ਦੱਸਿਆ ਕਿ ਸਤਿ ਦੀ ਪ੍ਰਾਪਤੀ ਵਾਸਤੇ ਸਖਤ ਘਾਲ ਕਮਾਈ ਕਰਨੀ ਪੈਂਦੀ ਹੈ। ਦੁਨੀਆਂ ਦੇ ਰਸਾਂ-ਕਸਾਂ, ਪਰਿਵਾਰਾਂ ਦੇ ਪਿਆਰਾਂ ਤੋਂ ਮੂੰਹ ਮੋੜ ਕੇ ਜੀਵਨ ਵਿਚ ਲਕਸ਼ ਦੀ ਪ੍ਰਾਪਤੀ ਲਈ ਕਠਨ ਸੰਘਰਸ਼ ਕਰਨਾ ਪੈਂਦਾ ਹੈ। ਰਾਜ ਗੱਦੀਆਂ ਤੇ ਬੈਠ ਕੇ ਸਤਿ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਇਹ ਸੁਣ ਕੇ ਰਾਜ ਕੁਮਾਰ ਸਿੱਧਾਰਥ ਨੇ ਗ੍ਰਿਹਸਥ ਨੂੰ ਛੱਡਣ ਦਾ ਦ੍ਰਿੜ੍ਹ ਸੰਕਲਪ ਧਾਰਨ ਕਰ ਲਿਆ ਅਤੇ ਇਕ ਦਿਨ ਆਪਣੇ ਪਿਆਰੇ ਪੁੱਤਰ ਰਾਹੁਲ ਤੇ ਇਸਤ੍ਰੀ ਨੂੰ ਸੁਤਿਆਂ ਪਿਆਂ ਛੱਡ ਕੇ ਰਥ ਤੇ ਸਵਾਰ ਹੋ ਕੇ ਦੂਰ-ਦਰਾਜ਼ ਇਕ ਨਦੀ ਵਲ ਨਿਕਲ ਗਿਆ। ਆਪਣੇ ਰਥਵਾਨ ਨੂੰ ਆਪਣੇ ਸ਼ਾਹੀ ਗਹਿਣੇ ਦੇ ਕੇ ਆਪਣੇ ਪਿਤਾ ਵਲ ਮੋੜ ਦਿਤਾ। ਆਪਣੇ ਸ਼ਿੰਗਾਰ ਰੂਪੀ ਕੇਸ ਆਪਣੀ ਹੀ ਤਲਵਾਰ ਨਾਲ ਕੱਟ ਦਿਤੇ, ਇਸ ਲਈ ਕਿ ਮੇਰੀ ਸੁੰਦਰਤਾ ਮੇਰੇ

ਜੀਵਨ ਵਿਚ ਕੋਈ ਉਪਾਧੀ ਨਾ ਖੜ੍ਹੀ ਕਰ ਦੇਵੇ ਅਤੇ ਸਾਧੂਆਂ ਵਾਲਾ ਬਾਣਾ ਧਾਰਨ ਕਰ ਲਿਆ। ਰਾਜ ਕੁਮਾਰ ਉਸ ਵੇਲੇ ਆਪਣੀ ਉਮਰ ਦੇ ਭਰ ਜੁਆਨੀ ਵਾਲੇ 29ਵੇਂ ਵਰ੍ਹੇ ਵਿਚ ਸੀ। ਉਹ ਪਹਿਲਾਂ ਇਕ ਗੁਰੂ ਪਾਸ, ਜਿਸ ਦਾ ਨਾਮ ਅਲਾਹਰ ਕਲਾਮ ਸੀ, ਪਹੁੰਚਿਆ। ਇਸ ਮਹਾਤਮਾ ਨੇ ਇਸ ਨੂੰ ਬਿਰਤੀਆਂ ਦੇ ਵਿਰੋਧ ਲਈ ਸ਼ਿਖਸ਼ਾ ਦੇ ਕੇ ਸੁੰਨ ਅਤੇ ਮਹਾਂ ਸੁੰਨ ਵਿਚ ਪ੍ਰਵੇਸ਼ ਕਰਨ ਦੀ ਸ਼ਿਖਸ਼ਾ ਦਿਤੀ। ਸੁੰਨ ਵਿਚ ਪ੍ਰਵਿਰਤ ਹੋਣ ਲਈ ਇਕ ਕਿਸਮ ਦਾ ਧਿਆਨ ਧਾਰਨ ਦੀ ਜਾਂਚ ਦੱਸੀ। ਧਿਆਨ ਦੇ ਇਸ ਢੰਗ ਲਈ ਜਿਹੜੇ ਸਾਧਨ ਅਪਨਾਏ ਗਏ ਉਨ੍ਹਾਂ ਨੂੰ ਕ੍ਰਮਵਾਰ ਸ਼ੁੱਧਾ, ਵੀਰਯ, ਸਿਮ੍ਰਿਤੀ, ਸਮਾਧੀ ਅਤੇ ਪ੍ਰਗਿਆ ਕਹਿੰਦੇ ਹਨ। ਸਿੱਧਾਰਥ ਨੇ ਇਨ੍ਹਾਂ ਮੰਜ਼ਿਲਾਂ ਵਿਚ ਕਰੜਾ ਅਭਿਆਸ ਕਰਕੇ ਆਪਣਾ ਨਿਸ਼ਾਨਾ ਪ੍ਰਾਪਤ ਕਰ ਲਿਆ ਪਰ ਉਸਨੇ ਅਨੁਭਵ ਕੀਤਾ ਕਿ ਸੁੰਨ ਵਿਚ ਤਾਂ ਪਹੁੰਚ ਹੋ ਗਈ ਪਰ ਨਿਰਵਾਨ ਤੱਕ ਤਾਂ ਇਹ ਸਾਧਨ ਨਾ ਪਹੁੰਚੇ। ਉਹ ਇਸ ਗੁਰੂ ਪਾਸੋਂ ਵਿਦਾ ਹੋ ਕੇ ਹੋਰ ਉਚੇਰੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਮਹਾਤਮਾ ਦੀ ਖੋਜ ਵਿਚ ਲਗ ਗਿਆ। ਖੋਜਦਾ ਹੋਇਆ ਉਹ ਇਕ ਮਹਾਨ ਗੁਰੂ ਉਦ੍ਰਕ ਰਾਮ ਪੁੱਤਰ ਨੂੰ ਮਿਲਿਆ। ਇਸ ਸਾਧੂ ਨੇ ਮਨੋ ਨਾਸ਼ ਦੀ ਕ੍ਰਿਆ ਇਸਨੂੰ ਦੱਸੀ। ਸਿੱਧਾਰਥ ਨੇ ਇਸ ਵਿਚ ਨਿਪੁੰਨਤਾ ਪ੍ਰਾਪਤ ਕਰਕੇ ਸੁੰਨ ਦੀ ਅਵਸਥਾ ਪ੍ਰਾਪਤ ਕਰ ਲਈ। ਮਨ ਨੂੰ ਆਪਣੇ ਅਧੀਨ ਕਰ ਲਿਆ ਅਤੇ ਸੰਕਲਪ ਵਿਕਲਪ ਦੀ ਚਲ ਰਹੀ ਨਿਰੰਤਰ ਕ੍ਰਿਆ ਨੂੰ ਖਤਮ ਕਰਕੇ ਮਨੋਨਾਸ਼ ਦੀ ਅਵਸਥਾ ਪ੍ਰਾਪਤ ਕਰ ਲਈ। ਮਨੋਨਾਸ਼ ਹੁੰਦੇ ਹੀ ਸਾਰੀਆਂ ਵਾਸ਼ਨਾਵਾਂ ਦਾ ਖਾਤਮਾ ਹੋ ਜਾਂਦਾ ਹੈ ਪਰ ਇਸਨੇ ਛੇਤੀਂ ਹੀ ਅਨੁਭਵ ਕਰ ਲਿਆ ਕਿ ਇਹ ਕ੍ਰਿਆ ਵੀ ਮੋਕਸ਼ ਤਕ ਨਹੀਂ ਪਹੁੰਚਦੀ। ਸਿੱਧਾਰਥ ਨੇ ਉਨ੍ਹਾਂ ਸਾਧੂਆਂ ਦੇ ਪ੍ਰਚਾਰੇ ਧਰਮ ਨੂੰ ਅਪੂਰਨ ਜਾਣਿਆਂ ਕਿਉਂਕਿ ਉਸਦੇ ਖਿਆਲ ਮੁਤਾਬਿਕ ਇਨ੍ਹਾਂ ਦੋਨਾਂ ਅਧਿਆਪਕਾਂ (ਗੁਰੂਆਂ) ਨੂੰ ਪ੍ਰਮ ਸਤਿ ਦਾ ਰਾਹ ਨਹੀਂ ਸੀ ਮਿਲਿਆ ਕਿਉਂਕਿ ਇਹ ਸਾਧਨ ਵੈਰਾਗ, ਨਵਿਰਤੀ, ਸ਼ਾਂਤੀ, ਜਾਗ੍ਰਿਤੀ ਅਤੇ ਨਿਰਵਾਨ ਦਾ ਸਾਧਨ ਨਹੀਂ ਸੀ ਬਣਦਾ। ਸਿੱਧਾਰਥ ਸੁੰਨ ਤੋਂ ਅੱਗੇ ਪ੍ਰਮ ਚੇਤਨਤਾ ਨੂੰ ਅਨੁਭਵ ਕਰਨ ਲਈ ਦ੍ਰਿੜ੍ਹ ਸੀ। ਹੋਰ ਸਾਧਨ ਕਰਨ ਲਈ ਉਹ ਗਯਾ ਦੇ ਲਾਗੇ ਉਰੁਵੇਲਾ ਦੇ ਸਥਾਨ ਤੇ ਪਹੁੰਚਿਆ ਅਤੇ ਇਸ ਥਾਂ 'ਪ੍ਰਾਣਾਯਾਮ' ਦਾ ਅਭਿਆਸ ਅਤੇ ਵਰਤ ਆਦਿ ਰੱਖ ਕੇ ਘੋਰ ਤਪਸਿਆ ਸ਼ੁਰੂ ਕਰ ਦਿਤੀ। ਛੇ ਸਾਲ ਘੋਰ ਸਾਧਨ ਇਸ ਥਾਂ ਤੇ ਕਰਦਾ ਰਿਹਾ। ਫਿਰ ਵੀ ਉਸਨੇ ਇਉਂ ਅਨੁਭਵ ਕੀਤਾ ਕਿ ਉਸ ਨੂੰ ਜਿਸ ਵਸਤੂ ਦੀ ਭਾਲ ਸੀ, ਉਹ ਤਪੱਸਿਆ ਦੇ ਵਿਚੋਂ ਪ੍ਰਾਪਤ ਨਾ ਹੋ ਸਕੀ। ਉਹ ਸੁੱਕ ਕੇ ਪਿੰਜਰ ਬਣ ਗਿਆ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਨਾਲ ਨਿਢਾਲ ਕਰ ਦਿਤਾ। ਇਸ ਅੰਤਮ ਕਿਨਾਰੇ ਤੇ ਪਹੁੰਚ ਕੇ ਉਹ ਅਜੇ ਨਿਰਾਸ਼ ਹੀ ਸੀ ਕਿ ਜੇ ਇਸ ਸਰੀਰ ਦਾ ਨਾਸ਼ ਹੋ ਗਿਆ ਤਾਂ ਉਸਦੇ ਸਾਧਨ ਵੀ ਅਧੂਰੇ ਹੀ ਰਹਿ ਜਾਣਗੇ। ਅੰਤ ਉਸਨੇ ਤਪੱਸਿਆ ਦਾ ਮਾਰਗ ਛੱਡ ਦਿਤਾ। ਹੁਣ, ਉਸ ਦੀ ਇਕ ਪਵਿੱਤਰ ਦਰਖਤ ਦੇ ਥੱਲੇ ਬੈਠ ਕੇ ਬਹੁਤ ਲੰਮੀ ਤਪਸਿਆ ਕਰਨ ਦੇ ਕਾਰਨ ਬਾਬਾ ਫਰੀਦ ਜੀ ਵਾਲੀ ਹਾਲਤ ਹੋ ਗਈ ਜਿਥੇ ਆਪ ਫੁਰਮਾਨ ਕਰਦੇ ਹਨ –

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ॥***

***ਅੰਗ – 1382***

ਤਪੱਸਿਆ ਐਨੀ ਘੋਰ ਸੀ ਕਿ ਇਕ ਮੁਟਿਆਰ ਨੇ ਗਲਤੀ ਨਾਲ ਉਸਨੂੰ ਭੂਤ ਦਾ ਵਜੂਦ ਸਮਝਿਆ ਅਤੇ ਡਰ ਕੇ ਚੀਕਾਂ ਮਾਰਨ ਲਗ ਗਈ। ਉਸਦੀ ਮਾਲਕਿਨ ਨੂੰ ਜਦ ਪਤਾ ਲੱਗਿਆ ਤਾਂ ਉਹ ਸਿੱਧਾਰਥ ਲਈ ਚਾਵਲ ਅਤੇ ਦੁੱਧ ਲੈ ਕੇ ਆਈ। ਪਾਸ ਚਲ ਰਹੇ ਰਸਤੇ ਵਿਚੀਂ ਕੁਝ ਔਰਤਾਂ ਜਾ ਰਹੀਆਂ ਸਨ ਜਿਨ੍ਹਾਂ ਵਿਚੋਂ ਕੁਝ ਮੁਟਿਆਰਾਂ ਗਾਉਂਦੀਆਂ ਜਾ ਰਹੀਆਂ ਸਨ ਅਤੇ ਉਨ੍ਹਾਂ ਦੇ ਬੋਲਾਂ ਦੇ ਭਾਵ ਇਸ ਤਰ੍ਹਾਂ ਦੇ ਸਨ ਕਿ – ਸਤਾਰ ਦੀ ਤਾਰ ਐਨੀ ਨਾ ਕੱਸ ਕਿ ਤਾਰ ਟੁੱਟ ਜਾਵੇ ਤੇ ਕੋਈ ਵੀ ਰਾਗ ਕੱਢਣ ਦੇ ਸਮਰੱਥ ਨਾ ਰਹੇ, ਅਤੇ ਨਾ ਹੀ ਐਨੀ ਢਿੱਲੀ ਛੱਡ ਕਿ ਕੋਈ ਰਾਗ ਹੀ ਨਾ ਉਤਪੰਨ ਕਰ ਸਕੇ। ਜੇ ਤੈਂ ਵੈਰਾਗ ਦੀ ਮਧੁਰਤਾ ਦਾ ਰਸ ਮਾਣਨਾ ਹੈ ਤਾਂ ਇਸਨੂੰ ਸੁਰ ਕਰਕੇ ਖਿੱਚਣ ਤੇ ਢਿੱਲਾ ਕਰਨ ਦੀ ਕ੍ਰਿਆ ਤੋਂ ਮੁਕਤ ਹੋ ਜਾ, ਫੇਰ ਦੇਖੀਂ ਕਿੰਨੀ ਰਸੀਲੀ ਨਾਦ ਧੁਨ ਇਸ ਵਿਚੋਂ ਉਪਜਦੀ ਹੈ;

ਤੂੰ ਆਪ ਵੀ ਅਨੰਦ ਮਾਣ ਤੇ ਦੂਸਰਿਆਂ ਨੂੰ ਵੀ ਇਸ ਦਾ ਅਨੰਦ ਵੰਡ ਕੇ ਕ੍ਰਿਤਾਰਥ ਕਰ। ਮੁਰਦੇ-ਵਤ ਹੋਏ ਸਿੱਧਾਰਥ ਦੇ ਮਨ ਵਿਚ ਇਨ੍ਹਾਂ ਸ਼ਬਦਾਂ ਦੀ ਗਹਿਰਾਈ ਅਸਰ ਕਰ ਗਈ ਅਤੇ ਉਸਨੇ ਕਠਿਨ ਕ੍ਰਿਆ ਦਾ ਮਾਰਗ ਛੱਡ ਦਿਤਾ ਤੇ ਧਿਆਨ ਦੀ ਕ੍ਰਿਆ ਨੂੰ ਅਪਣਾਇਆ। ਉਸਨੇ ਸਹਿਜ ਦਾ ਰਸਤਾ ਅਪਣਾਇਆ ਜਿਸ ਵਿਚ ਰੰਗ ਰਲੀਆਂ ਤੇ ਕਠੋਰ ਤਪ ਦੋਹਾਂ ਤੋਂ ਹੀ ਬਚਣ ਦੀ ਕੋਸ਼ਿਸ਼ ਕੀਤੀ ਗਈ।

ਵਿਸਾਖ ਦੀ ਪੂਰਨਮਾਸ਼ੀ ਨੂੰ ਉਹ ਇਹ ਧਾਰ ਕੇ ਉਸ ਦਰਖਤ ਹੇਠ ਬੈਠ ਗਿਆ ਕਿ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਹੁਣ ਉਹ ਇਸ ਥਾਂ ਨੂੰ ਨਹੀਂ ਤਿਆਗੇਗਾ। ਉਸੇ ਰਾਤ ਉਸਨੂੰ ਕਾਮਨਾਵਾਂ ਅਤੇ ਆਤਮ ਸ਼ਕਤੀਆਂ ਦੇ ਵਿਚਕਾਰ ਸੰਘਰਸ਼ ਦਾ ਅੰਤਮ ਨਿਰਣਾ ਹੋਇਆ। ਮਨੁੱਖੀ ਕਾਮਨਾਵਾਂ 'ਮਾਰ' (ਅਗਿਆਨ), ਆਸਰੀ ਸੰਪਰਦਾਵਾਂ (ਮਨੁੱਖੀ ਕਾਮਨਾਵਾਂ) ਦੁਆਰਾ ਪ੍ਰਗਟ ਹੋਈਆਂ ਅਤੇ ਅਧਿਆਤਮਕ ਸ਼ਕਤੀਆਂ (ਬੋਧ) ਗਿਆਨ ਦੁਆਰਾ ਪ੍ਰਗਟ ਹੋਈਆਂ। ਸਿੱਧਾਰਥ ਇਕ-ਇਕ ਕਰਕੇ ਗਿਆਨ ਦੀਆਂ ਚਾਰੇ ਮੰਜ਼ਲਾਂ ਚੜ੍ਹਦਾ ਗਿਆ। ਧਿਆਨ ਦੀ ਅੰਤਮ ਮੰਜ਼ਿਲ ਸ਼ੁੱਧ ਚੇਤਨ ਦਾ ਅਨੁਭਵ ਅਤੇ ਸਹਿਜ ਦੀ ਪ੍ਰਾਪਤੀ ਦਾ ਸੂਚਕ ਹੈ। ਸੰਪੂਰਨਤਾ ਦੀ ਇਸ ਅਵਸਥਾ ਵਿਚ ਹੀ ਸਿੱਧਾਰਥ ਨੇ ਉਹ ਸਚਾਈਆਂ ਦੇਖੀਆਂ ਜਿਨ੍ਹਾਂ ਨੇ ਉਸ ਦੇ ਅੰਦਰ ਪੂਰਨ ਚੇਤਨਤਾ ਅਤੇ ਗਿਆਨ ਪੈਦਾ ਕੀਤਾ। ਉਹ ਬੁੱਧ ਬਣ ਗਿਆ ਅਤੇ ਸਭ ਚੀਜ਼ਾਂ ਦਾ ਗਿਆਨ ਉਸ ਅੰਦਰ ਆਪਣੇ ਆਪ ਹੀ ਪ੍ਰਗਟ ਹੋ ਗਿਆ।

ਬੁੱਧ ਉਸਨੂੰ ਹੀ ਆਖਦੇ ਹਨ ਜਿਸ ਨੂੰ ਸਾਰੀਆਂ ਚੀਜ਼ਾਂ ਦੇ ਅਸਲ ਸੁਭਾਅ ਦੀ ਸੋਝੀ ਹੋ ਚੁੱਕੀ ਹੋਵੇ। ਇਹ ਸੋਝੀ ਸਹਿਜ ਗਿਆਨ ਦੁਆਰਾ ਪ੍ਰਾਪਤ ਹੁੰਦੀ ਹੈ। ਅੰਤਰੀਵ ਅਨੁਭਵ ਰਾਹੀਂ ਛੇ ਸੋਝੀਆਂ ਪ੍ਰਾਪਤ ਹੁੰਦੀਆਂ ਹਨ ਜਿਸ ਨੂੰ ਅਵਿਗਾਨ ਆਖਦੇ ਹਨ।

1. ਸਿੱਧੀਆਂ - ਜਿਵੇਂ ਪਾਣੀ ਉਪਰ ਤੁਰ ਸਕਣ ਦੀ ਸਮਰਥਾ। 2. ਦੈਵੀ ਕੰਨ, 3. ਅੰਤਰਜਾਮਤਾ, 4. ਪਿਛਲੇ ਜਨਮ ਦੀ ਜਾਣਕਾਰੀ, 5. ਦਿਬਯ ਦ੍ਰਿਸ਼ਟੀ, 6. ਤ੍ਰਿਸ਼ਨਾਵਾਂ ਅਤੇ ਅਗਿਆਨ ਦਾ ਵਿਨਾਸ਼।

ਜਿਸਨੂੰ ਇਨ੍ਹਾਂ ਗੱਲਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਉਹ ਬੁੱਧ ਕਹਾਉਂਦਾ ਹੈ। ਸਾਰੀਆਂ ਇੱਛਾਵਾਂ ਦਾ ਵਿਨਾਸ਼ ਹੋ ਕੇ ਭੂਮਿਕਾ ਪ੍ਰਾਪਤ ਹੁੰਦੀ ਹੈ ਜਿਸ ਤੋਂ ਜਨਮ-ਮਰਨ ਦਾ ਛੁਟਕਾਰਾ ਹੋ ਜਾਂਦਾ ਹੈ। ਇਸ ਨੂੰ ਤਤ੍ਵ ਗਿਆਨ, ਮਨੋ ਨਾਸ਼ ਤੇ ਵਾਸ਼ਨਾ ਖ੍ਹੈਂ ਵੀ ਆਖਿਆ ਜਾਂਦਾ ਹੈ। ਅਵਿਦਿਆ ਦਾ ਪੂਰਨ ਤੌਰ ਤੇ ਨਾਸ਼ ਹੋ ਜਾਂਦਾ ਹੈ, ਪਦਾਰਥ ਅਭਾਵਨੀ ਦੀ ਬਿਰਤੀ ਆ ਜਾਂਦੀ ਹੈ ਅਤੇ ਇਕੋ ਸਤਿ ਹਰ ਥਾਂ ਤੇ ਪ੍ਰਗਟ ਦਿਸਦਾ ਹੈ। ਅਵਿਦਿਆ ਦਾ ਨਾਸ਼ ਹੋਣ, ਅਤੇ ਇਹ ਅਵਸਥਾ ਪ੍ਰਾਪਤ ਹੋਣ ਨੂੰ ਨਿਰਵਾਣ ਕਹਿੰਦੇ ਹਨ। ਇਹ ਪੁਨਰ ਜਨਮ ਤੇ ਆਵਾਗਵਣ ਤੋਂ ਮੁਕਤ ਹੋਣ ਦੀ ਅਵਸਥਾ ਹੈ। ਇਸ ਲਈ ਇਸਨੂੰ ਮੁਕਤੀ ਜਾਂ ਮੋਕਸ਼ ਵੀ ਕਹਿੰਦੇ ਹਨ। ਇਸ ਵਿਚ ਪ੍ਰਮ ਅਨੰਦ, ਸਤਿ, ਚਿੱਤ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਪ੍ਰਮ ਸ਼ਾਂਤੀ ਤੇ ਸੁਖ ਦਾ ਅਨੁਭਵ ਹੁੰਦਾ ਹੈ।

ਬੁੱਧ ਦੇ ਜੀਵਨ ਵਿਚ ਅਲੌਕਿਕ ਘਟਨਾਵਾਂ ਵਰਤੀਆਂ। ਜਦੋਂ ਇਸਨੂੰ ਸਤਿ ਦਾ ਗਿਆਨ ਹੋਇਆ ਤਾਂ ਧਰਤੀ ਨੇ ਛੇ ਝਟਕੇ ਖਾਧੇ ਅਤੇ ਫਟ ਗਈ। ਧਰਤੀ ਮਾਤਾ ਨੇ ਮਹਾਤਮਾ ਬੁੱਧ ਦੇ ਲਾਗੇ ਦੀ ਧਰਤੀ ਵਿਚ ਦਰਾੜ ਪੈਦਾ ਕਰ ਦਿਤੀ। ਐਸਾ ਲਿਖਿਆ ਹੋਇਆ ਮਿਲਦਾ ਹੈ ਕਿ ਧਰਤੀ ਮਾਤਾ ਗਹਿਣਿਆਂ ਦੇ ਨਾਲ ਸਜੀ-ਧਜੀ, ਧਰਤੀ ਤੋਂ ਅੱਧੀ ਬਾਹਰ ਨਿਕਲੀ ਅਤੇ ਮਹਾਤਮਾ ਬੁੱਧ ਨੂੰ ਪਹਿਲੀ ਪ੍ਰਣਾਮ ਉਸਨੇ ਇਹੀ ਕੀਤੀ ਅਤੇ ਸਵਾਗਤ ਕੀਤਾ। ਗਿਆਨ ਦਾ ਪ੍ਰਕਾਸ਼ ਹੋਣ ਉਪਰੰਤ ਮਹਾਤਮਾ ਬੁੱਧ ਉਸ ਦੇ ਅਨੰਦ ਵਿਚ ਐਸਾ ਲੀਨ ਹੋਇਆ ਕਿ ਪੂਰੇ ਸੱਤ ਹਫਤੇ ਸਮਾਧੀ ਸਥਿਤ ਰਿਹਾ। ਇਨ੍ਹਾਂ ਦਿਨਾਂ ਵਿਚ ਇਕ ਦਿਨ ਮੌਸਮ ਬਹੁਤ ਹੀ ਠੰਢਾ ਹੋ ਗਿਆ। ਜ਼ੋਰ ਦੀ ਮੀਂਹ ਪੈਣਾ ਸ਼ੁਰੂ ਹੋ ਗਿਆ, ਝੜੀ ਲਗ ਗਈ, ਠੰਢ ਬਹੁਤ ਵਧ ਗਈ। ਐਸਾ ਲਿਖਿਆ ਮਿਲਦਾ ਹੈ ਕਿ ਨਾਗਾਂ ਦੇ ਬਾਦਸ਼ਾਹ ਨੂੰ ਭਗਵਾਨ ਬੁੱਧ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਉਹ ਧਰਤੀ ਤੋਂ ਅੱਧਾ ਬਾਹਰ ਨਿਕਲ ਆਇਆ ਅਤੇ ਆਪਣੇ ਭਗਵਾਨ ਬੁੱਧ ਦੇ ਸਰੀਰ ਨੂੰ ਸੱਤ ਵਲ ਪਾ ਕੇ ਲਪੇਟ ਲਿਆ ਅਤੇ ਆਪਣਾ ਵੱਡਾ ਫਨ ਬੁੱਧ ਦੇ ਸਿਰ ਦੇ ਉਤੇ ਤਾਣ ਦਿਤਾ ਜਿਸ ਤਰ੍ਹਾਂ ਅਸੀਂ ਵੀ ਪੂਰੇ ਨਿਸ਼ਚੇਪੂਰਵਕ ਮੰਨਦੇ ਹਾਂ ਕਿ

ਜਦੋਂ ਗੁਰੂ ਨਾਨਕ ਪਾਤਸ਼ਾਹ ਬਿਰਾਜੇ ਹੋਏ ਸਨ ਤਾਂ ਸੂਰਜ ਦੀ ਧੁੱਪ ਤੋਂ ਬਚਾਉਣ ਲਈ ਸ਼ੇਸ਼ ਨਾਗ ਨੇ ਆ ਕੇ ਆਪਣਾ ਫਨ ਫੈਲਾਇਆ ਅਤੇ ਧੁੱਪ ਨਾ ਲਗਣ ਦਿਤੀ। ਰਾਇ ਬੁਲਾਰ ਜੋ ਤਲਵੰਡੀ ਦਾ ਮਾਲਕ ਸੀ, ਉਸਨੇ ਇਹ ਕੌਤਕ ਆਪਣੀਆਂ ਅੱਖਾਂ ਨਾਲ ਵੇਖਿਆ। ਇਸ ਤਰ੍ਹਾਂ ਨਾਲ ਬੁੱਧ ਦੇ ਦੁਆਲੇ ਨਾਗ ਨੇ ਵਲ ਪਾ ਕੇ ਉਸਦੀ ਠੰਢ ਤੋਂ ਅਤੇ ਮੀਂਹ ਤੋਂ ਰਾਖੀ ਕਰੀ। ਮੌਸਮ ਚੰਗਾ ਹੋਏ ਤੋਂ ਸਰਪ ਨੇ ਆਪਣੇ ਵਲ ਖੋਲ੍ਹ ਲਏ। ਐਸਾ ਮੰਨਿਆ ਜਾਂਦਾ ਹੈ ਕਿ ਉਸਨੇ ਮਨੁੱਖੀ ਸਰੂਪ ਧਾਰਨ ਕਰਕੇ ਬੁੱਧ ਦੇ ਚਰਨਾਂ ਉਤੇ ਪ੍ਰਣਾਮ ਕੀਤਾ ਅਤੇ ਉਸ ਪਵਿੱਤਰ ਪੁਰਸ਼ ਦੀਆਂ ਤਿੰਨ ਪ੍ਰਕਰਮਾ ਕਰਕੇ ਅਲੋਪ ਹੋ ਗਿਆ। ਗਿਆਨ ਪ੍ਰਾਪਤੀ ਤੋਂ ਪਿਛੋਂ ਦੋ ਸੌਦਾਗਰਾਂ ਨੇ ਗੰਨੇ ਦੇ ਰਸ ਤੇ ਸ਼ਹਿਦ ਨਾਲ ਤਿਆਰ ਕੀਤਾ ਮਿੱਠਾ ਭੋਜਨ ਪੇਸ਼ ਕੀਤਾ ਪਰ ਮਹਾਤਮਾ ਬੁੱਧ ਪਾਸ ਕੋਈ ਭਾਂਡਾ ਨਹੀਂ ਸੀ। ਉਸ ਵੇਲੇ ਦੇਵਤਿਆਂ ਨੇ ਸੋਨੇ ਦੇ ਪਿਆਲੇ ਪੇਸ਼ ਕੀਤੇ ਪਰ ਬੁੱਧ ਨੇ ਪ੍ਰਵਾਨ ਨਾ ਕੀਤੇ। ਉਸਨੇ ਕਿਹਾ ਕਿ ਇਹ ਸੋਨੇ ਦੇ ਪਿਆਲੇ ਭਿਖਸ਼ੂ ਵਾਸਤੇ ਠੀਕ ਨਹੀਂ। ਫੇਰ ਉਨ੍ਹਾਂ ਨੇ ਪੱਥਰ ਦੇ ਪਿਆਲੇ ਪੇਸ਼ ਕਰੇ। ਇਸ ਘਟਨਾ ਨੂੰ ਚੀਨੀ ਯਾਤਰੀ ਫਾਹੀਯਾਨ ਨੇ ਲਿਖਿਆ ਕਿ ਉਸਨੇ ਪੇਸ਼ਾਵਰ ਦੇ ਸਥਾਨ ਤੇ ਉਸ ਪਿਆਲੇ ਦੇ ਦਰਸ਼ਨ ਕਰੇ, ਜੋ ਚਾਰ ਪਿਆਲਿਆਂ ਤੋਂ ਇਕ ਬਣਾਇਆ ਸੀ, ਪਿਆਲਿਆਂ ਦੇ ਕੰਢੇ ਸੌਖੇ ਹੀ ਦੇਖੇ ਜਾ ਸਕਦੇ ਸਨ।

ਇਕ ਵਾਰੀ ਮਹਾਤਮਾ ਬੁੱਧ ਨੂੰ ਗੰਗਾ ਪਾਰ ਕਰਨੀ ਪਈ ਪਰ ਮਲਾਹ ਨੇ ਕਿਰਾਇਆ ਦੇਣ ਤੋਂ ਬਿਨਾਂ ਨਾਂਹ ਕਰ ਦਿਤੀ। ਬੁੱਧ ਨੇ ਆਪਣੀ ਯੋਗ ਸ਼ਕਤੀ ਦੀ ਵਰਤੋਂ ਕਰਕੇ ਇਕ ਲਾਂਘ ਪੁੱਟੀ, ਦਰਿਆ ਪਾਰ ਕਰ ਗਿਆ। ਕਿਸ਼ਤੀ ਵਿਚ ਬੈਠੇ ਲੋਕਾਂ ਨੇ ਇਸ ਘਟਨਾ ਦਾ ਜ਼ਿਕਰ ਮਗਧ ਦੇ ਰਾਜੇ ਬਿੰਭਸਾਰ ਪਾਸ ਕੀਤਾ। ਰਾਜੇ ਨੇ ਹੁਕਮ ਕੀਤਾ ਕਿ ਸੰਤਾਂ ਤੋਂ ਮਲਾਹਾਂ ਨੇ ਦਰਿਆ ਪਾਰ ਕਰਾਉਣ ਦਾ ਕੋਈ ਕਿਰਾਇਆ ਨਹੀਂ ਲੈਣਾ।

ਤਿੰਨ ਬ੍ਰਾਹਮਣ ਭਰਾਵਾਂ ਨੇ ਰਾਜ ਗ੍ਰਹਿ ਵਲ ਜਾਂਦਿਆਂ ਹੋਇਆਂ ਭਗਵਾਨ ਬੁੱਧ ਨੂੰ ਦੇਖਿਆ ਕਿ ਇਕ ਝੌਂਪੜੀ ਵਿਚ ਜਿਥੇ ਹਰ ਵਕਤ ਪਵਿੱਤਰ ਅਗਨੀ ਲਗਾਤਾਰ ਜਲਦੀ ਰਹਿੰਦੀ ਸੀ, ਉਥੇ ਇਕ ਅਸਰਾਲ ਰਹਿੰਦੀ ਹੈ। ਬੁੱਧ ਇਸ ਝੌਂਪੜੀ ਵਿਚ ਠਹਿਰ ਗਿਆ, ਅਸਰਾਲ ਨੇ ਨਿਕਲ ਕੇ ਉਸਨੂੰ ਬਹੁਤ ਡਰਾਉਣ ਦਾ ਜਤਨ ਕੀਤਾ। ਬੁੱਧ ਨੇ ਉਸਨੂੰ ਕਾਬੂ ਕਰਕੇ ਛੋਟੀ ਬਣਾ ਕੇ ਆਪਣੇ ਪਿਆਲੇ ਵਿਚ ਬਿਠਾ ਲਿਆ। ਇਸੇ ਤਰ੍ਹਾਂ ਨਾਲ ਮੋਹਲੇਧਾਰ ਬਾਰਿਸ਼ ਨਾਲ ਦਰਿਆ ਵਿਚ ਹੜ੍ਹ ਆ ਗਿਆ। ਜਿਥੇ ਬੁੱਧ ਠਹਿਰਿਆ ਹੋਇਆ ਸੀ, ਉਹ ਝੌਂਪੜੀ ਪਾਣੀ ਵਿਚ ਡੁੱਬ ਗਈ। ਕੈਸ਼ਪ ਕਿਸ਼ਤੀ ਲੈ ਕੇ ਬੁੱਧ ਨੂੰ ਟੋਲ੍ਹਣ ਲਈ ਦਰਿਆ ਵਿਚ ਤੁਰਿਆ। ਉਹ ਹੈਰਾਨ ਰਹਿ ਗਿਆ ਕਿ ਬੁੱਧ ਪਾਣੀ ਦੇ ਉਪਰ ਐਉਂ ਤੁਰਿਆ ਆ ਰਿਹਾ ਹੈ ਜਿਵੇਂ ਧਰਤੀ ਉਪਰ ਤੁਰੀਦਾ ਹੈ ਅਤੇ ਉਸ ਦਾ ਨਾ ਕੋਈ ਅੰਗ ਭਿੱਜਿਆ ਹੈ, ਨਾ ਕੱਪੜੇ ਭਿੱਜੇ ਹਨ। ਇਸ ਘਟਨਾ ਨੂੰ ਦੇਖ ਕੇ ਕੈਸ਼ਪ ਆਪ ਹੀ ਸ਼ਰਧਾਲੂ ਨਹੀਂ ਬਣਿਆ ਸਗਮਾਂ ਉਸਦੇ 500 ਚੇਲੇ ਵੀ ਸ਼ਰਧਾਲੂ ਬਣ ਗਏ।

ਮਹਾਤਮਾ ਬੁੱਧ 1000 ਭਿਖਸ਼ੂਆਂ ਦਾ ਜੱਥਾ ਲੈ ਕੇ ਸ਼ਹਿਰ ਵਲ ਨੂੰ ਚਲਿਆ। ਪੁਰਾਣੀਆਂ ਲਿਖਤਾਂ ਵਿਚ ਲਿਖਿਆ ਹੋਇਆ ਹੈ ਕਿ ਉਥੋਂ ਦਾ ਸਮਰਾਟ ਜਿਸ ਦਾ ਨਾਮ ਬਿੰਭਸਾਰ ਸੀ, ਉਸਨੇ ਇਸ ਬੁੱਧ ਦਾ ਸਵਾਗਤ ਹੀ ਨਹੀਂ ਕੀਤਾ ਸਗਮਾਂ ਉਸਨੇ ਬੁੱਧ ਧਰਮ ਦੇ ਅਸੂਲਾਂ ਨੂੰ ਮੰਨ ਲਿਆ ਅਤੇ ਮਹਾਤਮਾ ਬੁੱਧ ਦਾ ਸ਼ਿਸ਼ ਬਣ ਗਿਆ। ਇਨ੍ਹਾਂ ਘਟਨਾਵਾਂ ਨੂੰ ਸੁਣ ਕੇ ਕਪਲਵਸਤੂ ਦੇ ਲੋਕਾਂ ਵਿਚ, ਜਿਥੇ ਬੁੱਧ ਨੇ ਸ਼ਹਿਜ਼ਾਦੇ ਦੇ ਤੌਰ ਤੇ ਆਪਣਾ ਮੁਢਲਾ ਜੀਵਨ ਗੁਜ਼ਾਰਿਆ ਸੀ, ਦਰਸ਼ਨ ਦੀ ਜ਼ਬਰਦਸਤ ਇੱਛਾ ਪੈਦਾ ਹੋਈ। ਰਾਜਾ ਸ਼ੁਧੋਦਨ ਨੇ ਉਦਾਇਨ ਅਤੇ ਚੰਦਕ ਨੂੰ ਸੁਨੇਹਾ ਦੇ ਕੇ ਭੇਜਿਆ। ਉਹ ਮਹਾਤਮਾ ਬੁੱਧ ਦਾ ਦਰਸ਼ਨ ਕਰਦੇ ਹੀ ਬੁੱਧ ਮਤ ਧਾਰਨ ਕਰ ਗਏ। ਫਿਰ ਰਾਜੇ ਨੇ ਸੱਤ ਮੰਤਰੀ ਨੌਕਰਾਂ ਚਾਕਰਾਂ ਸਮੇਤ ਬੁੱਧ ਨੂੰ ਬੁਲਾਉਣ ਭੇਜੇ ਪਰ ਉਹ ਦਰਸ਼ਨ ਕਰਦੇ ਹੀ ਉਸਦੇ ਪਿਆਰ ਵਿਚ ਐਸੇ ਲੀਨ ਹੋਏ ਕਿ ਸਭ ਕੁਝ ਭੁੱਲ ਗਏ, ਸਿਰਫ ਇਕ ਬੰਦੇ ਨੂੰ ਯਾਦ ਰਿਹਾ। ਉਸਨੇ ਬੁੱਧ ਨੂੰ ਦੱਸਿਆ ਕਿ ਸ਼ਾਕੀਆ ਰਾਜ ਦੇ ਵਜ਼ੀਰ ਆਪ ਨੂੰ ਕਪਲਵਸਤੂ ਲਿਜਾਉਣ ਲਈ ਆਏ ਹਨ। ਬੁੱਧ ਨੂੰ ਤਰਸ ਆਇਆ ਤੇ 60 ਦਿਨਾਂ ਵਿਚ ਉਥੇ ਪਹੁੰਚਿਆ।

ਕਪਲਵਸਤੂ ਵਿਚ ਆਪ ਦਾ ਹੱਦੋਂ ਵੱਧ ਸਵਾਗਤ ਹੋਇਆ। ਕਪਲਵਸਤੂ ਵਿਚ ਪਹਿਲਾ ਬੋਧੀ ਮੱਠ ਬਣਿਆ। ਇਸੇ ਤਰ੍ਹਾਂ ਨਾਲ ਭਾਰਤ ਵਰਸ਼ ਦੇ ਵੱਡੇ-ਵੱਡੇ ਰਾਜਿਆਂ ਨੇ ਮਹਾਤਮਾ ਬੁੱਧ ਦੀਆਂ ਸ਼ਕਤੀਆਂ ਦੇਖੀਆਂ ਅਤੇ ਉਨ੍ਹਾਂ ਦਾ ਉਪਦੇਸ਼ ਸੁਣ ਕੇ ਬੁੱਧ ਬਣ ਗਏ। ਸ਼ਕਤੀਆਂ ਸਹਿਜ ਸੁਭਾਅ ਉਸ ਦੇ ਜੀਵਨ ਵਿਚ ਸਨ। ਗੌਤਮ ਬੁੱਧ ਨੇ ਵਾਰਾਨਸੀ ਵਿਚ ਸਾਰਨਾਥ ਦੇ ਸਥਾਨ ਤੇ ਆਪਣਾ ਪਹਿਲਾ ਉਪਦੇਸ਼ ਦਿਤਾ। ਪੰਜ ਬ੍ਰਾਹਮਣ ਸਾਥੀ, ਗਯਾ ਵਿਚ ਜੋ ਉਸਦੇ ਸਾਥੀ ਸਨ, ਉਸਦੇ ਪਹਿਲੇ ਚੇਲੇ ਬਣੇ। ਹੌਲੀ-ਹੌਲੀ ਬੁੱਧ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਗਈ। ਬੋਧੀ ਸੰਘ ਵਿਚ ਭਿਖਸ਼ੂ, ਭਿਖਸ਼ਣੀਆਂ, ਰਾਜੇ, ਰਾਣੀਆਂ, ਰਈਸ, ਰਾਜ ਮੰਤਰੀ, ਵਪਾਰੀ, ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਆਦਿ ਸਾਰੇ ਹੀ ਸਨ। ਮਹਾਤਮਾ ਬੁੱਧ ਨੇ ਭਾਰਤ ਵਰਸ਼ ਵਿਚ ਪੈਦਲ ਘੁੰਮ ਕੇ ਉਪਦੇਸ਼ ਦਿਤਾ ਅਤੇ ਲੱਖਾਂ ਦੀ ਤਾਦਾਦ ਵਿਚ ਉਸਦੇ ਚੇਲੇ ਬਣ ਗਏ। ਉਸਨੇ ਹਜ਼ਾਰਾਂ ਪ੍ਰਾਣੀਆਂ ਦਾ ਜੀਵਨ ਬਦਲ ਕੇ ਰੱਖ ਦਿਤਾ। ਵਿਦਵਾਨ ਪੰਡਤ ਅਤੇ ਸਾਦੇ ਕਿਸਾਨ ਉਸਦੇ ਸਾਦੇ ਉਪਦੇਸ਼ਾਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਸਨ। 45 ਸਾਲਾਂ ਤਕ brotherhood, broad mindedness, ਤਿਆਗ ਅਤੇ ਭਗਤੀ, ਅਨੰਦ ਅਤੇ ਸ਼ਾਂਤੀ, ਗਿਆਨ ਦੀ ਲੋੜ ਦਾ ਪ੍ਰਚਾਰ ਕਰਨ ਤੋਂ ਬਾਦ 80 ਸਾਲ ਦੀ ਆਯੂ ਵਿਚ ਕੁਸ਼ੀਨਾਰਾ ਦੇ ਸਥਾਨ ਤੇ ਆਪਣਾ ਸਰੀਰਕ ਚੋਲਾ ਤਿਆਗ ਕੇ ਨਿਰਵਾਣ ਪਦ ਵਿਚ ਸਥਿਤ ਹੋ ਗਿਆ।

ਆਮ ਲੋਕਾਂ ਤੋਂ ਇਲਾਵਾ ਬਹੁਤ ਸਾਰੇ ਰਾਜੇ, ਰਾਣੀਆਂ, ਮੰਤ੍ਰੀਆਂ, ਧਨਾਢਾਂ, ਵਪਾਰੀਆਂ, ਵਿਦਵਾਨ ਬ੍ਰਾਹਮਣਾਂ ਨੇ ਬੁੱਧ ਮਤ ਧਾਰਨ ਕਰ ਲਿਆ ਸੀ। ਉਨ੍ਹਾਂ ਦੇ ਸਰੀਰ ਛੱਡਣ ਪਿਛੋਂ ਮਸ਼ਹੂਰ ਚੇਲਿਆਂ ਵਿਚੋਂ ੫੦੦੦ ਵਿਅਕਤੀਆਂ ਨੇ ਉਸਦੇ ਉਪਦੇਸ਼ਾਂ ਨੂੰ ਪਰਖਿਆ ਅਤੇ ਇਹ ਵਿਖਿਆਨ ਦੋ ਸੰਹਿਤਾਵਾਂ ਬਿਨੈ ਪਿਟਕ ਅਤੇ ਸੂਤਰ ਰੂਪ ਦੇ ਪਿਟਕ ਵਿਚ ਸੰਕਲਿਤ ਕੀਤੇ ਗਏ। ਇਸ ਸਭਾ ਨੂੰ ਪਹਿਲੀ ਬੋਧੀ ਸਭਾ ਕਿਹਾ ਜਾਂਦਾ ਹੈ।

ਸਾਰਨਾਥ ਵਿਖੇ ਦਿਤੇ ਆਪਣੇ ਪਹਿਲੇ ਭਾਸ਼ਣ ਵਿਚ ਬੁੱਧ ਨੇ ਜੋ ਸਿਖਿਆ ਦਿਤੀ, ਉਸਨੂੰ ਮੱਧ ਮਾਰਗ ਕਿਹਾ ਜਾਂਦਾ ਹੈ। ਉਸਨੇ ਇਕ ਦੂਜੇ ਅਸਲੋਂ ਭਿੰਨ ਦੇ ਮਾਰਗ ਦਾ ਖੰਡਨ ਕੀਤਾ। ਇਹ ਦੋ ਧਰਮ ਸਨ -

1. ਮਾਇਆ ਭੋਗ ਜਾਂ ਵਿਸ਼ੇ ਲੰਪਟਤਾ

2. ਵਿਸ਼ੇ ਭਰਿਆ ਜਾਂ ਅਤਿ ਸੰਜਮੀ ਜੀਵਨ

ਜਿਹੜਾ ਅਨੰਦ ਤੇ ਸ਼ਕਤੀ ਦਿਖਾਉਣ ਵਾਲਾ ਸੀ। ਇਸ ਮੱਧ ਮਾਰਗ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ -

1. ਸੱਚੇ ਵਿਚਾਰ (ਸਮਿਯੱਕ ਦ੍ਰਿਸ਼ਟੀ)
2. ਸੱਚੀ ਨਿਯਤ (ਸਮਿਯੱਕ ਸੰਕਲਪ)
3. ਸੱਚਾ ਬੋਲ (ਸਮਿਯੱਕ ਵਾਕ)
4. ਸੱਚਾ ਵਿਹਾਰ (ਸਮਿਯੱਕ ਕਰਮ)
5. ਸੱਚੀ ਰੋਜ਼ੀ (ਸਮਿਯੱਕ ਅਜੀਵਿਕਾ)
6. ਸੱਚਾ ਜਤਨ (ਸਮਿਯੱਕ ਵਿਯਾਯਾਮ)
7. ਸੱਚਾ ਮਨੋਯੋਗ (ਸਮਿਯੱਕ ਸਮ੍ਰਿਤੀ)
8. ਸੱਚਾ ਧਿਆਨ (ਸਮਿਯੱਕ ਸਮਾਧੀ)

ਇਨ੍ਹਾਂ ਅੱਠਾਂ ਭਾਗਾਂ ਵਿਚ ਬੁੱਧ ਮਤ ਦੇ ਸਦਾਚਾਰਕ ਤੇ ਦਾਰਸ਼ਨਿਕ ਸਾਰੇ ਪੱਖ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਦਾ ਤਿੰਨ ਸ਼ਬਦਾਂ ਵਿਚ ਨਿਚੋੜ ਕੱਢਿਆ ਜਾ ਸਕਦਾ ਹੈ - ਸ਼ੀਲ, ਸਮਾਧੀ, ਪ੍ਰਗਿਆ। ਇਹ ਤਿੰਨੋ ਮੁਕਤੀ ਅਤੇ ਨਿਰਵਾਣ ਦਾ ਅਰਥ ਦਰਸਾਉਂਦੇ ਹਨ।

ਸਦਾਚਾਰ ਜਾਂ ਨੈਤਿਕਤਾ ਦਾ ਸਿਧਾਂਤ (ਸ਼ੀਲ) ਸਭ ਜੀਵਾਂ ਦੇ ਲਈ ਪਿਆਰ ਅਤੇ ਦਇਆ ਦੇ ਉਪਰ ਨਿਰਧਾਰਿਤ ਹੈ। ਮਹਾਤਮਾ ਬੁੱਧ ਦੀ ਦਇਆ ਦੇ ਸਬੰਧ ਵਿਚ ਇਕ ਕਥਾ ਹੈ ਕਿ ਇਕ ਵਾਰੀ ਆਪ ਜੰਗਲ ਵਿਚ ਤੁਰੇ ਜਾ ਰਹੇ ਸਨ। ਇਕ ਭੇਡਾਂ ਚਾਰਨ ਵਾਲਾ ਆਜੜੀ ਆਪਣੇ ਇੱਜੜ ਨੂੰ ਸੋਟੀਆਂ ਮਾਰ-ਮਾਰ ਕੇ, ਨਠਾ-ਨਠਾ ਕੇ ਜੰਗਲ ਤੋਂ ਬਾਹਰ ਸੂਰਜ ਛਿਪਣ ਤੋਂ ਪਹਿਲਾਂ ਕੱਢ ਰਿਹਾ ਸੀ। ਇਸ ਇੱਜੜ ਵਿਚ ਇਕ ਛੋਟਾ ਲੇਲਾ ਜਿਸ ਦੀ ਇਕ ਲੱਤ ਲੰਗੜਾ ਰਹੀ ਸੀ, ਉਸ ਉਤੇ ਬਾਰ-ਬਾਰ ਡੰਡੇ ਪੈਂਦੇ ਸਨ ਕਿਉਂਕਿ ਉਹ ਭੱਜ ਕੇ ਬਾਕੀਆਂ ਦੇ ਨਾਲ ਨਹੀਂ ਰਲ ਰਿਹਾ

ਸੀ। ਮਹਾਤਮਾ ਬੁੱਧ ਨੇ ਉਸ ਆਜੜੀ ਨੂੰ ਇਸ ਤਰ੍ਹਾਂ ਭੇਡਾਂ ਨਠਾਉਣ ਦਾ ਕਾਰਨ ਪੁਛਿਆ। ਉਸਨੇ ਕਿਹਾ ਕਿ ਸੂਰਜ ਛਿਪਣ ਵਾਲਾ ਹੈ, ਇਸ ਜੰਗਲ ਵਿਚ ਸ਼ੇਰ, ਚੀਤੇ, ਬਘਿਆੜ ਰਹਿੰਦੇ ਹਨ। ਜੇ ਮੈਨੂੰ ਜੰਗਲ ਵਿਚ ਹੀ ਹਨ੍ਹੇਰਾ ਹੋ ਗਿਆ ਤਾਂ ਮੇਰੇ ਇੱਜੜ ਵਿਚ ਕੋਈ ਭੇਡ ਨਹੀਂ ਬਚਣੀ। ਇਸ ਕਰਕੇ ਮੈਂ ਦਿਨੇ-ਦਿਨੇ ਆਪਣੇ ਬਾੜੇ ਤਾਂਈਂ ਪਹੁੰਚਣਾ ਚਾਹੁੰਦਾ ਹਾਂ ਜਿਥੇ ਮੈਂ ਰਾਤ ਭਰ ਭੇਡਾਂ ਦੇ ਦੁਆਲੇ ਅੱਗ ਜਾਲ ਕੇ ਇਨ੍ਹਾਂ ਦੀ ਰੱਖਿਆ ਕਰਦਾ ਹਾਂ। ਮਹਾਤਮਾ ਬੁੱਧ ਸਹਿਮਤ ਹੋ ਗਏ ਪਰ ਉਨ੍ਹਾਂ ਨੇ ਲੰਗੜਾ ਲੇਲਾ ਚੁੱਕ ਲਿਆ ਜੋ ਬਹੁਤ ਹੀ ਘਬਰਾਇਆ ਹੋਇਆ ਸੀ ਜਿਸਦਾ ਦਿਲ ਧਕ-ਧਕ ਵਜ ਰਿਹਾ ਸੀ, ਸਹਿਮਿਆ ਹੋਇਆ ਸੀ, ਪਰ ਜਦੋਂ ਉਸਨੂੰ ਮਹਾਤਮਾ ਬੁੱਧ ਨੇ ਆਪਣੀ ਛਾਤੀ ਨਾਲ ਲਾ ਕੇ ਘੁਟਿਆ ਅਤੇ ਉਸਦੇ ਸਿਰ ਉਪਰ ਆਪਣਾ ਪਿਆਰ ਭਰਿਆ ਹੱਥ ਫੇਰਿਆ ਤਾਂ ਉਸਦੇ ਦਿਲੋਂ ਡਰ ਲਹਿ ਗਿਆ ਅਤੇ ਉਸਨੇ ਮਹਾਤਮਾ ਬੁੱਧ ਦੇ ਦਿਲ ਵਿਚ ਵਗ ਰਹੀ ਪਿਆਰ ਦੀ ਰੌ ਨੂੰ ਅਨੁਭਵ ਕੀਤਾ। ਉਸਨੇ ਮਹਾਤਮਾ ਬੁੱਧ ਦਾ ਹੱਥ ਚੱਟਿਆ ਅਤੇ ਮੁਖੜਾ ਚੱਟਣ ਲਈ ਆਪਣਾ ਮੂੰਹ ਉਚਾ ਕੀਤਾ। ਇਸ ਤਰ੍ਹਾਂ ਪਿਆਰ ਕਰਦੇ-ਕਰਦੇ ਉਸ ਆਜੜੀ ਦਾ ਡੇਰਾ ਆ ਗਿਆ ਜਿਥੇ ਭੇਡਾਂ ਨੂੰ ਕੀਤੀ ਗਈ ਬਾੜ ਵਿਚ ਦਾਖਲ ਕਰ ਦਿਤਾ। ਮਹਾਤਮਾ ਬੁੱਧ ਨੇ ਵੀ ਉਸ ਲੇਲੇ ਨੂੰ ਰੱਖ ਦਿਤਾ ਅਤੇ ਉਸ ਆਜੜੀ ਪਾਸੋਂ ਵਿਦਾ ਹੋਏ ਪਰ ਇਹ ਵੇਖ ਕੇ ਹੈਰਾਨ ਹੋ ਗਏ ਕਿ ਉਹ ਲੇਲਾ ਮਹਾਤਮਾ ਬੁੱਧ ਦੇ ਪਿਛੇ ਮਿਣਕਦਾ ਹੋਇਆ ਦੌੜਿਆ ਆ ਰਿਹਾ ਹੈ। ਉਨ੍ਹਾਂ ਨੇ ਉਸ ਨੂੰ ਫਿਰ ਗੋਦੀ ਚੁੱਕ ਲਿਆ ਅਤੇ ਫਿਰ ਭੇਡਾਂ ਵਿਚ ਛੱਡ ਆਏ। ਉਹ ਲੇਲਾ ਫੇਰ ਦੌੜ ਕੇ ਮਗਰ ਆਇਆ। ਇਸੇ ਤਰ੍ਹਾਂ ਹੀ ਦੋ ਤਿੰਨ ਵਾਰੀ ਜਦੋਂ ਹੋਇਆ ਤਾਂ ਉਸ ਆਜੜੀ ਨੇ ਪੁਛਿਆ ਕਿ ਹੇ ਸਾਧੂ! ਤੇਰੇ ਵਿਚ ਕੀ ਜਾਦੂ ਹੈ ਜਿਸ ਨਾਲ ਤੂੰ ਮੇਰਾ ਲੇਲਾ ਮੋਹ ਲਿਆ ਹੈ। ਮੈਂ ਹੈਰਾਨ ਹਾਂ ਕਿ ਇਹ ਪਸ਼ੂ ਜੀਵ ਤੇਰੇ ਪਿਛੇ-ਪਿਛੇ ਕਿਉਂ ਬਾਰ-ਬਾਰ ਦੌੜਦਾ ਹੈ। ਉਸ ਵੇਲੇ ਮਹਾਤਮਾ ਬੁੱਧ ਨੇ ਦੱਸਿਆ ਕਿ ਮੇਰੇ ਅੰਦਰ ਸਭ ਜੀਵਾਂ ਲਈ ਪਿਆਰ ਭਰਿਆ ਦਇਆ ਦਾ ਜਜ਼ਬਾ ਹੈ ਜਿਸ ਵਿਚ ਅਤਿ ਦੀ ਖਿੱਚ ਹੁੰਦੀ ਹੈ, ਇਸ ਕਰਕੇ ਆਪਸੀ ਸਾਂਝ ਪੈਣੀ ਕੁਦਰਤੀ ਹੈ। ਕਹਿਣ ਲੱਗੇ, ਪਿਆਰਿਆ! ਜੇ ਸਾਰੇ ਇਨਸਾਨਾਂ ਵਿਚ ਦਇਆ ਤੇ ਪਿਆਰ ਦਾ ਜਜ਼ਬਾ ਆ ਜਾਵੇ ਤਾਂ ਪ੍ਰਮ ਸ਼ਾਂਤੀ ਦਾ ਅਨੰਦ ਇਸੇ ਸਰੀਰ ਵਿਚ ਅਨੁਭਵ ਕਰ ਲਿਆ ਜਾਂਦਾ ਹੈ। ਉਸ ਆਜੜੀ ਨੇ ਚਰਨ ਫੜ ਲਏ ਅਤੇ ਕਿਹਾ ਕਿ ਹੇ ਸਾਧੂ! ਤੂੰ ਮੈਨੂੰ ਆਪਣਾ ਬਣਾ ਲੈ ਅਤੇ ਇਹ ਪਿਆਰ ਦੇ ਗੁਣ ਮੇਰੇ ਅੰਦਰ ਭਰ ਦੇ ਤਾਂ ਕਿ ਮੇਰੀ ਵੀ ਸਾਂਝ ਇਨ੍ਹਾਂ ਅਬੋਲ ਪਸ਼ੂਆਂ ਨਾਲ ਪੈ ਜਾਵੇ। ਉਹ ਮਹਾਤਮਾ ਬੁੱਧ ਦਾ ਚੇਲਾ ਬਣ ਗਿਆ।

ਮਹਾਤਮਾ ਬੁੱਧ ਨੇ ਆਪਣੇ ਸਿਧਾਂਤਾਂ ਅਤੇ ਵਿਚਾਰਾਂ ਨੂੰ ਲੋਕਾਂ ਦੀ ਭਲਾਈ, ਲੋਕਾਂ ਦੀ ਖੁਸ਼ੀ ਲਈ, ਸੰਸਾਰ ਤੇ ਦਇਆ ਕਮਾਉਣ ਲਈ ਜ਼ੋਰ ਦਿਤਾ। ਅਸ਼ਟਾਂਗ ਮਾਰਗ ਦੇ ਤੀਜੇ, ਚੌਥੇ ਅਤੇ ਪੰਜਵੇਂ ਭਾਗ ਦੇ ਅਸੂਲ ਮੁਤਾਬਿਕ ਸੱਚਾ ਬੋਲ, ਸੱਚਾ ਵਿਹਾਰ, ਸੱਚੀ ਰੋਜ਼ੀ ਜੀਵਨ ਦੇ ਸਦਾਚਾਰੀ ਪੱਖ ਹਨ। ਸੱਚੇ ਬੋਲ ਦਾ ਅਰਥ - ਵੇਲੇ ਸਿਰ ਕਹੇ ਜਾਣ ਵਾਲੇ ਸੱਚੇ ਅਤੇ ਲਾਹੇਵੰਦ ਬੋਲ। ਝੂਠ ਬੋਲਣਾ, ਨਿੰਦਿਆ ਚੁਗਲੀ ਕਰਨੀ, ਕਠੋਰ ਸ਼ਬਦ ਬੋਲਣੇ, ਦੂਸਰਿਆਂ ਦਾ ਨੁਕਸਾਨ ਕਰਨਾ ਬੁਰੀਆਂ ਚੀਜ਼ਾਂ ਹਨ। ਮਹਾਤਮਾ ਬੁੱਧ ਸਖਤ ਬੋਲ, ਖੁਸ਼ਕ ਅਤੇ ਬੁਰੇ ਸ਼ਬਦਾਂ, ਵਿਹਲੀਆਂ ਮੂਰਖਾਂ ਵਾਲੀਆਂ ਗੱਪਾਂ ਤੋਂ ਵਰਜਦਾ ਸੀ। ਗੁਰੂ ਮਹਾਰਾਜ ਜੀ ਵੀ ਫਿੱਕੇ ਬੋਲਾਂ ਨੂੰ ਵਰਜਦੇ ਹਨ -

*ਨਾਨਕ ਫਿਕੈ ਬੋਲਿਐ*
*ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ*
*ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ*
*ਪਾਣਾ ਲਹੈ ਸਜਾਇ॥ ਪੰਨਾ - 473*

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥*
*ਅੰਗ - 259*

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ॥ ਅੰਗ - 755*

ਸਦਾਚਾਰ ਹਰ ਧਰਮ ਲਈ ਬਹੁਤ ਹੀ ਜ਼ਰੂਰੀ ਅੰਗ ਮੰਨਿਆਂ ਗਿਆ ਹੈ। ਸੱਚੇ ਵਿਚਾਰ ਦਾ ਮਤਲਬ ਹੈ - ਚੰਗਾ ਸਦਾਚਾਰਕ ਅਤੇ ਸਨਮਾਨਿਤ ਕੰਮ। ਇਸ ਦਾ ਮਤਲਬ ਹੈ ਕਿ ਜੀਵਾਂ ਨੂੰ ਕਸ਼ਟ ਦੇਣ ਅਤੇ ਮਾਰਨ ਤੋਂ ਗੁਰੇਜ਼ ਕਰਨਾ; ਚੋਰੀ ਤੋਂ, ਬਦਦਿਆਨਤੀ ਤੋਂ, ਅਪਵਿਤਰਤਾ ਤੋਂ ਪਰਹੇਜ਼ ਕਰਨਾ। ਸੱਚੀ ਰੋਜ਼ੀ ਦਾ ਮਤਲਬ ਹੈ ਕਿ ਹਰ ਵਕਤ ਸੱਚੇ ਢੰਗ ਨਾਲ ਅਤੇ ਦਿਆਨਤਦਾਰੀ ਨਾਲ ਕੰਮ ਕਰਨਾ ਅਤੇ ਰੋਜ਼ੀ ਕਮਾਉਣ ਲਈ ਚੋਰੀ, ਹੱਤਿਆ, ਡਾਕੇ, ਸਹੀ ਢੰਗ ਨਹੀਂ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*
*ਅੰਗ - 1245*

ਮਾੜੇ ਢੰਗਾਂ ਨਾਲ ਕਮਾਈ ਦੌਲਤ ਨੂੰ ਗੁਰੂ ਮਹਾਰਾਜ ਜੀ ਨੇ ਵੀ ਪਸੰਦ ਨਹੀਂ ਕੀਤਾ। ਆਪ ਦੇ ਫੁਰਮਾਨ ਹਨ -

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ*
*ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ*
*ਤਿਲ ਪੀੜੇ ਘਾਣੀ॥ ਅੰਗ - 315*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ*
*ਤੇਰੇ ਜੀਅ ਪਹਿ ਲੀਜੈ॥*
*ਛਿਨੁ ਛਿਨੁ*
*ਤਨੁ ਛੀਜੈ ਜਰਾ ਜਨਾਵੈ॥*
*ਤਬ ਤੇਰੀ ਓਕ*
*ਕੋਈ ਪਾਨੀਓ ਨ ਪਾਵੈ॥*
*ਅੰਗ - 656*

ਇਸ ਤਰ੍ਹਾਂ ਸਦਾਚਾਰਕ ਜੀਵਨ ਹਰ ਧਰਮ ਦਾ ਬੁਨਿਆਦੀ ਥੰਮ੍ਹ ਹੋਇਆ ਕਰਦਾ ਹੈ। ਦੌਲਤ ਬਾਰੇ ਨਸੀਹਤਨਾਮੇ ਵਿਚ ਫੁਰਮਾਨ ਹੈ -

*ਦਮੜਾ ਤਿਸਹੀ ਕਾ*
*ਜੋ ਖਰਚੇ ਔਰ ਖਾਇ॥*
*ਦੇਵੇ ਦਲਾਵੈ ਰਜਾਇ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲ ਦਾਨੀ*
*ਵਹੀ ਭਿਸਤ ਜਾਇ॥ ਨਸੀਹਤ ਨਾਮਾ*

ਅਤੇ ਮਾਇਆ ਦੀ ਅਧਿਕਤਾ ਵਾਸਤੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

*ਇਸੁ ਜਰ ਕਾਰਣਿ ਘਣੀ ਵਿਗੁਤੀ*
*ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ॥*
*ਅੰਗ - 417*

ਅਸ਼ਟਾਂਗ ਮਾਰਗ ਦੇ ਪਿਛਲੇ ਅਸੂਲ ਸੱਚਾ ਯਤਨ, ਸੱਚਾ ਮਨੋਯੋਗ, ਸੱਚਾ ਧਿਆਨ ਇਹ ਸਭ ਮਿਲ ਕੇ ਗਿਆਨ ਇੰਦਰਿਆਂ ਨੂੰ ਕਾਬੂ ਵਿਚ ਰੱਖਣ ਲਈ ਹਨ ਜਾਂ ਐਉਂ ਕਹਿ ਲਵੋ ਕਿ ਮਹਾਤਮਾ ਬੁੱਧ ਦੇ ਅਸ਼ਟਾਂਗ ਯੋਗ ਵਿਚ ਦਰਸਾਏ ਅਸੂਲ ਸਮ ਅਤੇ ਦਮ ਵਿਚ ਆ ਜਾਂਦੇ ਹਨ। ਸੱਚੇ ਮਨੋਯੋਗ ਦਾ ਅਰਥ ਹੈ - ਮਨੁੱਖੀ ਸਰੀਰ ਅਤੇ ਮਨ (ਚਿੱਤ) ਦੇ ਕਾਰਜਾਂ ਪ੍ਰਤੀ ਚੇਤਨ ਹੋਣਾ। ਮਨੋਯੋਗ ਜਾਂ ਸਮ੍ਰਿਤੀ ਹੀ ਬੁੱਧ ਧਰਮ ਦੇ ਯੋਗ ਅਤੇ ਧਿਆਨ ਦੀ ਨੀਂਹ ਹੈ। ਪ੍ਰਾਣਾਯਾਮ ਭੀ ਯੋਗ ਦੇ ਸਾਧਨਾਂ ਵਿਚੋਂ ਇਕ ਹੈ। ਸਹੀ ਵਿਚ ਧਿਆਨ ਦੀਆਂ ਚਾਰ ਕਿਸਮਾਂ ਹਨ -

ਵਾਸ਼ਨਾ ਖੈ, ਅਨੰਦ ਦਾ ਅਨੁਭਵ ਅੰਦਰ ਜਾਗਣਾ, ਸਮਾਧੀ ਦਾ ਪਹਿਲਾ ਪੜਾਅ ਹੈ। ਜਦੋਂ ਰਸ ਅੰਦਰ ਝਰਦਾ ਹੈ ਤਾਂ ਮਨ ਇਕਾਗਰ ਹੋ ਜਾਇਆ ਕਰਦਾ ਹੈ। ਸੰਪੂਰਨ ਸ਼ਾਂਤੀ ਅਤੇ ਅਨੰਦ ਤੀਜੇ ਪੜਾਅ ਦੇ ਅੰਗ ਹਨ। ਧਿਆਨ ਦੇ ਚੌਥੇ ਪੜਾਅ ਵਿਚ ਪੂਰਨ ਇਕਾਗਰਤਾ ਅਤੇ ਹਰਖ, ਸੋਗ, ਚੇਤਨਾ, ਵਿਦਮਾਨ ਹਨ, ਇਹ ਸੱਚੀ ਸਮਾਧੀ ਦਾ ਰੂਪ ਹੋਇਆ ਕਰਦਾ ਹੈ।

ਮਹਾਤਮਾ ਬੁੱਧ ਨੇ ਚਾਰ truths (ਸਚਾਈਆਂ) ਦਾ ਜ਼ਿਕਰ ਕੀਤਾ ਹੈ। ਜੋ ਕਿ ਇਸ

ਪ੍ਰਕਾਰ ਹਨ - 1. ਪ੍ਰਾਕ੍ਰਿਤੀ ਵਿਚੋਂ ਦੁੱਖ ਪੈਦਾ ਹੁੰਦਾ ਹੈ। 2. ਜੀਵਨ ਵਿਚ ਦੁੱਖ ਹਨ 3. ਦੁਖਾਂ ਦਾ ਅੰਤ ਕੀਤਾ ਜਾ ਸਕਦਾ ਹੈ। 4. ਦੁਖਾਂ ਤੋਂ ਛੁਟਕਾਰਾ ਪਾਉਣ ਦਾ ਮਾਰਗ ਵੀ ਹੈ।

ਜਨਮ-ਮਰਨ, ਮਿਲਣਾ ਵਿਛੁੜਨਾ, ਬਿਮਾਰੀ-ਮੌਤ, ਮਾਨ-ਅਪਮਾਨ, ਸੰਜੋਗ-ਵਿਜੋਗ ਅਤੇ ਤ੍ਰਿਸ਼ਨਾ ਇਹ ਦੁਖਾਂ ਦੇ ਕਾਰਨ ਹਨ। ਸਭ ਤੋਂ ਵੱਡਾ ਦੁੱਖ ਅਵਿਦਿਆ ਕਰਕੇ ਹੋਇਆ ਕਰਦਾ ਹੈ। ਬੁੱਧ ਦਾ ਮੱਤ ਹੈ ਕਿ ਜੋ ਚੀਜ਼ ਪੈਦਾ ਹੁੰਦੀ ਹੈ, ਉਸਦਾ ਅੰਤ ਵੀ ਹੋਇਆ ਕਰਦਾ ਹੈ। ਇਨ੍ਹਾਂ ਦੁਖਾਂ ਦਾ ਕਾਰਨ ਅਵਿਦਿਆ ਹੈ, ਅਵਿਦਿਆ ਦਾ ਅੰਤ ਵੀ ਗਿਆਨ ਨਾਲ ਹੋ ਜਾਇਆ ਕਰਦਾ ਹੈ। ਅਸ਼ਟਾਂਗ ਯੋਗ ਵਾਲਿਆਂ ਨੇ ਦੁਖਾਂ ਦਾ ਕਾਰਨ ਅਵਿਦਿਆ, ਅਭੀਨਿਵੇਸ਼, ਰਾਗ, ਦਵੈਸ਼ ਅਤੇ ਅਸਿਮਿਤਾ ਦੱਸਿਆ ਹੈ ਅਤੇ ਯੋਗ ਦੇ ਬਲ ਨਾਲ ਆਤਮਿਕ ਤਰੱਕੀ ਕਰਕੇ ਇਨ੍ਹਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਗੁਰੂ ਘਰ ਵਿਚ ਦੁਖਾਂ ਦਾ ਮੂਲ ਕਾਰਨ ਹਉਮੈ ਹੈ। ਦੁਖਾਂ ਤੋਂ ਛੁਟਕਾਰਾ ਪਾਉਣ ਲਈ ਹਉਮੈ ਦਾ ਵਿਰੋਧੀ ਤੱਤ ਨਾਮ ਹੈ। ਜਦੋਂ ਨਾਮ ਦੇ ਮੰਡਲ ਵਿਚ ਸੁਰਤ ਪੁਜ ਗਈ ਤਾਂ ਸਤਿ ਚਿਤ ਅਨੰਦ ਪ੍ਰਮ ਪ੍ਰੇਮ ਦੀ ਅਵਸਥਾ ਪ੍ਰਾਪਤ ਹੋ ਕੇ ਦੁਖਾਂ ਦਾ ਬਿਲਕੁਲ ਖਾਤਮਾ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਨੂੰ ਗੋਰਖਨਾਥ ਨੇ ਸਵਾਲ ਕਰਿਆ ਸੀ ਜੋ ਬੁੱਧ ਮਤ ਦੀ ਇਕ ਸ਼ਾਖਾ ਵਿਚੋਂ ਹੀ ਸਨ-

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***

***ਅੰਗ - 946***

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਸੀ ਕਿ -

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥***

***ਅੰਗ - 946***

ਵੈਸੇ ਬਾਣੀ ਵਿਚ ਦੁਖਾਂ ਦਾ ਜ਼ਿਕਰ ਵੀ ਆਉਂਦਾ ਹੈ ਕਿ -

***ਦੁਖੁ ਵੇਛੋੜਾ ਇਕੁ ਦੁਖੁ ਭੂਖ॥***
***ਇਕੁ ਦੁਖੁ ਸਕਤਵਾਰ ਜਮਦੂਤ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ॥***
***ਵੈਦ ਨ ਭੋਲੇ ਦਾਰੂ ਲਾਇ॥***

***ਅੰਗ - 1256***

ਸੋ ਮਹਾਤਮਾ ਬੁੱਧ ਵੀ ਇਕ ਤਰ੍ਹਾਂ ਨਾਲ ਸੰਸਾਰ ਨੂੰ ਦੁਖੀਆ ਹੀ ਆਖ ਰਹੇ ਹਨ। ਸੰਸਾਰਕ ਦੁਖਾਂ ਦੇ ਖਾਤਮੇ ਲਈ ਮਾਰਗ ਦਸਦੇ ਹਨ। ਗੁਰੂ ਨਾਨਕ ਪਾਤਸ਼ਾਹ ਦਾ ਵੀ ਫੁਰਮਾਨ ਹੈ -

***ਬਾਲੀ ਰੋਵੈ ਨਾਹਿ ਭਤਾਰੁ॥***
***ਨਾਨਕ ਦੁਖੀਆ ਸਭੁ ਸੰਸਾਰੁ॥***

***ਅੰਗ - 954***

ਇਸ ਦਾ ਨਾਲ ਦੀ ਨਾਲ ਇਲਾਜ ਦਸਦਿਆਂ ਫੁਰਮਾਨ ਕੀਤਾ ਹੈ -

***ਮੰਨੇ ਨਾਉ ਸੋਈ ਜਿਣਿ ਜਾਇ॥***
***ਅਉਰੀ ਕਰਮ ਨ ਲੇਖੈ ਲਾਇ॥***

***ਅੰਗ - 954***

ਸੋ ਸਾਰੇ ਦੁਖਾਂ ਦਾ ਇਲਾਜ ਗੁਰੂ ਘਰ ਵਿਚ ਪ੍ਰਭੂ ਦਾ ਨਾਮ ਦੱਸਿਆ ਹੈ। ਇਕ ਥਾਂ ਐਸਾ ਵੀ ਫੁਰਮਾਨ ਹੋਇਆ ਹੈ ਕਿ -

***ਐਸਾ ਜਗੁ ਦੇਖਿਆ ਜੂਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥***

***ਅੰਗ - 222***

ਇਹ ਆਪਣੇ ਪਾਠਕਾਂ ਦੀ ਗਿਆਤ ਲਈ, ਮਹਾਤਮਾ ਬੁੱਧ ਦੇ ਦੁਖਾਂ ਦੇ ਖਿਆਲ ਨਾਲ ਜਿਥੇ ਸੰਸਾਰ ਨੂੰ ਦੁਖਾਂ ਦਾ ਘਰ ਕਿਹਾ ਗਿਆ ਹੈ, ਉਥੇ ਗੁਰਮਤਿ ਰਾਹੀਂ ਅਸਾਨੂੰ ਦੁਖਾਂ ਦੇ ਖਾਤਮੇ ਦਾ ਇਲਾਜ ਕੇਵਲ **'ਨਾਮ'** ਦੱਸਿਆ ਹੈ।

ਮਹਾਤਮਾ ਬੁੱਧ ਦਾ ਵਿਚਾਰ ਹੈ ਕਿ ਤ੍ਰਿਸ਼ਨਾਵਾਂ ਤੇ ਇਛਾਵਾਂ ਦਾ ਅੰਤ ਕਰਕੇ ਸੱਚੇ ਗਿਆਨ ਰਾਹੀਂ ਖੁਸ਼ੀ ਪ੍ਰਾਪਤ ਕਰ ਸਕਦਾ ਹੈ, ਗਿਆਨ ਰਾਹੀਂ ਅਮਰ ਵੀ ਹੋ ਸਕਦਾ ਹੈ। ਉਸਨੇ ਇਹ ਵੀ ਫੁਰਮਾਇਆ ਕਿ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਜੋ ਨਿਰਬਾਣ ਦੁਆਰਾ ਅਨੰਤ ਖੁਸ਼ੀ ਦੀ ਤਾਂਘ ਵਿਚ ਹਨ, ਉਨ੍ਹਾਂ ਨੂੰ ਅਸ਼ਟਾਂਗ ਮਾਰਗ ਤੇ ਚਲਣਾ ਆਵਸ਼ਕ ਹੈ। ਗ੍ਰਿਹਸਤੀਆਂ ਲਈ ਪੰਚ ਸ਼ੀਲ ਦੇ ਨਿਯਮ ਦੱਸੇ ਜੋ ਇਸ ਤਰ੍ਹਾਂ ਹਨ -

1. ਪੂਰੀ ਤਰ੍ਹਾਂ ਦਇਆ ਦਾ ਜੀਵਨ ਅਪਣਾਓ ਅਤੇ ਛੋਟੇ ਤੋਂ ਛੋਟੇ ਜੀਵ ਦੀ ਹੱਤਿਆ ਨਾ ਕਰੋ।

2. ਕਿਸੇ ਤੋਂ ਜ਼ੋਰ ਨਾਲ, ਧੋਖਾ, ਕੋਈ ਬੇਈਮਾਨੀ ਕਰਕੇ ਕੁਝ ਵੀ ਨਾ ਲਵੋ। ਖੁਲ੍ਹੇ ਦਿਲ ਨਾਲ ਦਾਨ ਦੇਵੋ।

3. ਝੂਠੀ ਗਵਾਹੀ ਨਾ ਦੇਵੋ, ਕਿਸੇ ਨੂੰ ਬਦਨਾਮ ਨਾ ਕਰੋ, ਝੂਠ ਨਾ ਬੋਲੋ, ਸੱਚ ਦਾ ਜੀਵਨ ਧਾਰਨ ਕਰੋ।

4. ਨਸ਼ਿਆਂ, ਸ਼ੁਗਲਾਂ, ਐਸ਼ੋ ਇਸ਼ਰਤ ਤੋਂ ਬਚੋ। ਜਿਨ੍ਹਾਂ ਦੇ ਮਨ ਸ਼ੁਧ ਹਨ, ਉਨ੍ਹਾਂ ਨੂੰ ਕਿਸੇ ਨਸ਼ੇ, ਸੋਮ ਰਸ ਦੀ ਵੀ ਲੋੜ ਨਹੀਂ।

5. ਆਪਣੇ ਗਵਾਂਢੀ ਦੀ ਪਤਨੀ ਉਤੇ ਮੰਦੀ ਦ੍ਰਿਸ਼ਟੀ ਨਾ ਕਰੋ। ਸਰੀਰ ਨੂੰ ਵਰਜਿਤ ਪਾਪਾਂ ਤੋਂ ਬਚਾਓ।

ਧਰਮ ਗ੍ਰੰਥ ਵਿਚ ਪੰਜ ਸਦਾਚਾਰਕ ਅਸੂਲ ਇਸ ਤਰ੍ਹਾਂ ਹਨ –

1. ਜੀਵ ਨੂੰ ਕਸ਼ਟ ਨਾ ਦੇਣਾ।

2. ਆਪਣੀ ਕਿਰਤ ਉਪਰ ਭਰੋਸਾ ਰੱਖਣਾ।

3. ਵਿਭਚਾਰ ਤੋਂ ਬਚਣਾ।

4. ਝੂਠ ਨਹੀਂ ਬੋਲਣਾ।

5. ਨਸ਼ਿਆਂ ਦੀ ਵਰਤੋਂ ਨਹੀਂ ਕਰਨੀ।

ਬੁੱਧ ਜੀ ਨੇ ਹਿੰਸਾ, ਚੋਰੀ ਨਾ ਕਰਨਾ, ਕਾਮ ਵਾਸ਼ਨਾ ਤੋਂ ਬਚਣਾ, ਭਿਖਸ਼ੂ ਅਤੇ ਭਿਖਸ਼ੂਣੀਆਂ ਨੇ ਬ੍ਰਹਮਚਰੀਆ ਧਾਰਨ ਕਰਨਾ, ਝੂਠ ਨਾ ਬੋਲਣਾ, ਸ਼ਰਾਬ ਆਦਿ ਕਿਸੇ ਨਸ਼ੇ ਦੀ ਵਰਤੋਂ ਨਾ ਕਰਨੀ। ਬੁੱਧ ਮੱਤ ਦੇ ਅਨੁਆਈਆਂ ਨੂੰ ਇਨ੍ਹਾਂ ਪੰਜਾਂ ਅਸੂਲਾਂ ਦੀ ਵਰਤੋਂ ਜ਼ਰੂਰੀ ਹੈ। ਇਸ ਤੋਂ ਇਲਾਵਾ ਹੋਰ ਅਨੇਕਾਂ ਨਿਯਮ ਹਨ, ਭਿਖਸ਼ੂ ਤੇ ਭਿਖਸ਼ੂਣੀਆਂ ਤੋਂ ਬਚਨ ਲਿਆ ਜਾਂਦਾ ਹੈ ਕਿ ਮੈਂ ਗਲਤ ਸਮੇਂ ਨਹੀਂ ਖਾਵਾਂਗਾ, ਮੈਂ ਨਾਚ-ਗਾਣਾ, ਮਨੋਰੰਜਨ ਤੇ ਸੰਗੀਤ ਤੋਂ ਬਚਾਂਗਾ, ਅਰਾਮ ਦੇ ਬਿਸਤਰਿਆਂ ਤੇ ਨਹੀਂ ਸੌਂਵਾਂਗਾ, ਸੋਨੇ ਤੇ ਚਾਂਦੀ ਦੇ ਗਹਿਣੇ ਧਾਰਨ ਨਹੀਂ ਕਰਾਂਗਾ। ਇਹ ਅਸੂਲ ਭਿਖਸ਼ੂ ਅਤੇ ਭਿਖਸ਼ੂਣੀਆਂ ਤੇ ਲਾਗੂ ਹੁੰਦੇ ਹਨ। ਗ੍ਰਿਹਸਤੀ ਜੇ ਚਾਹੁਣ ਤਾਂ ਉਹ ਵੀ ਇਸ ਉਪਰ ਅਮਲ ਕਰ ਸਕਦੇ ਹਨ। ਬੁੱਧ ਮੱਤ ਚਾਰ ਸਮਾਜਿਕ ਗੁਣ – ਮੈਤਰੀ, ਕਰੁਣਾ, ਮੁਦਤਾ, ਅਪੇਕਸ਼ਾ; ਕਰਮਵਾਰ, ਮਿਤਰ ਭਾਵਨਾ, ਦਇਆ, ਹਮਦਰਦੀ ਭਰੀ ਖੁਸ਼ੀ ਅਤੇ ਨਿਰਪੱਖਤਾ ਨੂੰ ਧਾਰਨ ਕਰਨ ਲਈ ਜ਼ੋਰ ਦਿੰਦਾ ਹੈ। ਇਹ ਬੁੱਧ ਮੱਤ ਦੇ ਨੈਤਿਕ ਅਸੂਲਾਂ ਦੀ ਨੀਂਹ ਹਨ। ਮੈਤਰੀ ਭਾਵਨਾ ਦੀ ਇਸਾਈ ਮੱਤ ਦੇ ਪ੍ਰੇਮ ਨਾਲ ਤੁਲਨਾ ਕੀਤੀ ਗਈ ਹੈ। ਮੈਤਰੀ ਭਾਵਨਾ ਦਾ ਭਾਵ ਲੋੜਵੰਦਾਂ ਦੀ ਸਹਾਇਤਾ ਅਤੇ ਉਨ੍ਹਾਂ ਨੂੰ ਲਾਭ ਪਹੁੰਚਾਉਣਾ ਹੈ। ਇਹ ਮੰਦ ਭਾਵਨਾ ਤੇ ਵੈਰ ਵਿਰੋਧ ਦਾ ਅੰਤ ਕਰਦੀ ਹੈ।

ਕਰੁਣਾ – ਹੋਰਨਾਂ ਪ੍ਰਤੀ ਦਇਆ ਵਰਤਣ ਦਾ ਨਾਂ ਹੈ। ਇਹ ਦੂਜਿਆਂ ਨੂੰ ਨੁਕਸਾਨ ਪਹੁੰਚਾਣ ਦੀ ਇਛਿਆ ਦਾ ਨਾਸ਼ ਵੀ ਕਰਦੀ ਹੈ। ਕਰੁਣਾ ਨੂੰ ਹੀ ਦਇਆ ਅਤੇ ਤਰਸ ਕਹਿੰਦੇ ਹਨ।

ਗੁਰੂ ਘਰ ਵਿਚ ਤਾਂ ਇਸ ਦਇਆ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ। ਜੀਵ ਹਿੰਸਾ ਦੇ ਸਬੰਧ ਵਿਚ ਬਾਣੀ ਵਿਚ ਫੁਰਮਾਨ ਹੈ-

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥***
***ਅੰਗ – 1103***

ਦਇਆ ਨੂੰ ਧਰਮ ਦਾ ਮੂਲ ਹੀ ਆਖਿਆ ਗਿਆ ਹੈ। 'ਜਪੁਜੀ ਸਾਹਿਬ' ਵਿਚ ਧਰਮ, ਜੋ ਬਹੁਤ ਸਾਰੇ ਸਦਗੁਣਾਂ ਦਾ ਸਮੂੰਹ ਹੈ, ਉਸਦੀ ਉਤਪਤੀ ਦਇਆ ਤੋਂ ਬਿਨਾਂ ਨਹੀਂ ਹੋ ਸਕਦੀ। ਫੁਰਮਾਨ ਹੈ –

***ਧੌਲੁ ਧਰਮੁ ਦਇਆ ਕਾ ਪੂਤੁ॥***
***ਅੰਗ – 3***

***ਦਇਆ ਫਾਹੁਰੀ ਕਾਇਆ ਕਰਿ ਧੂਈ***
***ਦ੍ਰਿਸਟਿ ਕੀ ਅਗਨਿ ਜਲਾਵੈ॥***
***ਤਿਸ ਕਾ ਭਾਉ ਲਏ ਰਿਦ ਅੰਤਰਿ***
***ਚਹੁ ਜੁਗ ਤਾੜੀ ਲਾਵੈ॥***
***ਅੰਗ – 477***

***ਸਚੁ ਤਾ ਪਰੁ ਜਾਣੀਐ ਜਾ***
***ਸਿਖ ਸਚੀ ਲੇਇ॥***
***ਦਇਆ ਜਾਣੈ ਜੀਅ ਕੀ***
***ਕਿਛੁ ਪੁੰਨੁ ਦਾਨੁ ਕਰੇਇ॥***
***ਅੰਗ – 468***

**ਮੁਦਤਾ** - ਹਮਦਰਦੀ ਭਰੀ ਖੁਸ਼ੀ ਮਨੁੱਖ ਨੂੰ ਬਖਸ਼ਦੀ ਹੈ। ਨਫਰਤ ਤੇ ਈਰਖਾ ਦਾ ਵਿਨਾਸ਼ ਕਰਦੀ ਹੈ। ਮੁਦਤਾ ਵਾਲਾ ਦਿਆਲਤਾ ਪੂਰਵਕ ਦੂਜਿਆਂ ਦੀ ਉਸਤਤ ਕਰਦਾ ਹੈ; ਕਿਸੇ ਦੀ ਨਿੰਦਿਆ ਨਹੀਂ ਕਰਦਾ, ਨਾ ਹੀ ਈਰਖਾ ਕਰਦਾ ਹੈ।

**ਚੌਥੀ ਹੈ ਅਪੇਕਸ਼ਾ** - ਇਸ ਦਾ ਅਰਥ ਹੈ ਅਣਡਿਠ ਕਰ ਦੇਣਾ, ਧੀਰਜੀ ਹੋਣਾ, ਕਿਸੇ ਨਾਲ ਵੈਰ ਨਾ ਕਰਨਾ। ਜੇ ਕਿਸੇ ਕਾਰਨ ਕਿਸੇ ਨਾਲ ਵਿਰੋਧ ਹੋ ਜਾਵੇ ਤਾਂ ਉਸ ਤੋਂ ਹੌਲੀ-ਹੌਲੀ ਦੂਰ ਹਟ ਜਾਣਾ।

ਬੁੱਧ ਮਤ ਵੇਦਾਂ ਦੀ ਸਰਵਉਚਤਾ ਨੂੰ ਨਹੀਂ ਮੰਨਦਾ। ਇਹ ਗੀਤਾਂ ਤੇ ਯੱਗਾਂ ਲਈ ਕੀਤੀਆਂ ਕੁਰਬਾਨੀਆਂ ਦਾ ਖੰਡਨ ਕਰਦਾ ਹੈ। ਬੁੱਧ ਨੇ ਅਹਿੰਸਾ ਦਾ ਧਾਰਨੀ ਹੋਣ ਕਰਕੇ ਸਭ ਕਿਸਮ ਦੀਆਂ ਬਲੀਆਂ ਦਾ ਵਿਰੋਧ ਕੀਤਾ। ਬੁੱਧ ਨਾ ਤਾਂ ਜਾਤ-ਪਾਤ ਨੂੰ ਮੰਨਦਾ ਹੈ ਅਤੇ ਨਾ ਹੀ ਛੂਤ-ਛਾਤ ਵਿਚ ਵਿਸ਼ਵਾਸ਼ ਰੱਖਦਾ ਹੈ। ਔਰਤਾਂ ਬਾਰੇ ਉਸਦਾ ਖਿਆਲ ਉਸ ਸਮੇਂ ਨਾਲੋਂ ਵਿਲੱਖਣ ਸੀ। ਉਹ ਔਰਤਾਂ ਨੂੰ ਨੀਵੀਆਂ ਨਹੀਂ ਮੰਨਦਾ ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਵੀ ਫੁਰਮਾਨ ਕਰਦੇ ਹਨ -

***ਸੋ ਕਿਉ ਮੰਦਾ ਆਖੀਐ***
***ਜਿਤੁ ਜੰਮਹਿ ਰਾਜਾਨ॥*** ***ਅੰਗ - 473***

ਅਤੇ ਨਾ ਹੀ ਗੁਰਮਤਿ ਵਿਚ ਜਾਤਾਂ ਦੀ ਕੋਈ ਮਾਨਤਾ ਕੀਤੀ ਗਈ ਹੈ। ਗੁਰੂ ਨਾਨਕ ਪਾਤਸ਼ਾਹ ਨੇ ਤਾਂ ਇਥੋਂ ਤਕ ਕਿਹਾ ਹੈ -

***ਨੀਚਾ ਅੰਦਰਿ ਨੀਚ ਜਾਤਿ***
***ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ***
***ਵਡਿਆ ਸਿਉ ਕਿਆ ਰੀਸ॥***
***ਅੰਗ - 15***

ਗੁਰੂ ਘਰ ਵਿਚ ਬਹੁਤ ਖੋਲ੍ਹ ਕੇ ਫੁਰਮਾਨ ਕੀਤਾ ਗਿਆ ਹੈ ਕਿ -

***ਅਗੈ ਜਾਤਿ ਨ ਜੋਰੁ ਹੈ***
***ਅਗੈ ਜੀਉ ਨਵੇ॥***
***ਜਿਨ ਕੀ ਲੇਖੈ ਪਤਿ ਪਵੈ***
***ਚੰਗੇ ਸੇਈ ਕੇਇ॥*** ***ਅੰਗ - 469***

***ਗਰਭ ਵਾਸ ਮਹਿ ਕੁਲੁ ਨਹੀ ਜਾਤੀ॥***
***ਬ੍ਰਹਮ ਬਿੰਦੁ ਤੇ ਸਭ ਉਤਪਾਤੀ॥***
***ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥***
***ਬਾਮਨ ਕਹਿ ਕਹਿ ਜਨਮੁ ਮਤ ਖੋਏ॥***
***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥***
***ਤਉ ਆਨ ਬਾਟ***
***ਕਾਹੇ ਨਹੀ ਆਇਆ॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ॥***
***ਹਮ ਕਤ ਲੋਹੂ ਤੁਮ ਕਤ ਦੂਧ॥***
***ਅੰਗ - 324***

ਭਗਤਾਂ ਦੀ ਜਾਤ-ਪਾਤ ਪਿਆਰ ਹੈ -

***ਭਗਤਾ ਕੀ ਜਤਿ ਪਤਿ ਏਕੋ ਨਾਮੁ ਹੈ***
***ਆਪੇ ਲਏ ਸਵਾਰਿ॥***
***ਪੰਨਾ - 429***

***ਨਾਮਾ ਛੀਬਾ ਕਬੀਰੁ ਜੋੁਲਾਹਾ***
***ਪੂਰੇ ਗੁਰ ਤੇ ਗਤਿ ਪਾਈ॥***
***ਬ੍ਰਹਮ ਕੇ ਬੇਤੇ ਸਬਦੁ ਪਛਾਣਹਿ***
***ਹਉਮੈ ਜਾਤਿ ਗਵਾਈ॥***
***ਅੰਗ - 67***

ਇਸ ਤਰ੍ਹਾਂ ਮਹਾਤਮਾ ਬੁੱਧ ਵੀ ਜਾਤ-ਪਾਤ ਨਹੀਂ ਸੀ ਮੰਨਦਾ। ਬੁੱਧ ਲਈ ਮਨ ਦੀ ਸ਼ੁੱਧੀ ਤੇ ਉਚਾ ਚਰਿੱਤਰ ਵਧੇਰੇ ਮਹੱਤਵਪੂਰਨ ਹਨ। ਉਨ੍ਹਾਂ ਨੇ ਜਨਤਾ ਦੇ ਸਾਮ੍ਹਣੇ ਸਮਾਜ ਵਿਚ ਮੇਲ ਮਿਲਾਪ ਤੇ ਬਰਾਬਰੀ ਦਾ ਆਦਰਸ਼ ਰੱਖਿਆ। ਬੁੱਧ ਧਰਮ ਦਾ ਉਪਦੇਸ਼ ਸਰਬ ਸਾਂਝਾ ਹੈ, ਕੋਈ ਵੀ ਕਮਾ ਸਕਦਾ ਹੈ। ਇਹ ਕਿਸੇ ਕੌਮ ਤਾਂਈਂ ਸੀਮਤ ਨਹੀਂ। ਇਸ ਦੀਆਂ ਸਿਖਿਆਵਾਂ ਸਰਬ ਲਈ ਸਾਂਝੀਆਂ ਹਨ। ਇਨ੍ਹਾਂ ਗੁਣਾਂ ਦੇ ਕਾਰਨ ਬੁੱਧ ਧਰਮ ਨੇ ਭਾਰਤ ਵਿਚ ਜਨਮ ਲੈ ਕੇ ਸਰਬ ਵਿਆਪੀ ਅਵਸਥਾ ਪ੍ਰਾਪਤ ਕਰ ਲਈ। ਭਗਵਾਨ ਬੁੱਧ ਨੇ ਕੱਟੜਤਾ ਨੂੰ ਪਸੰਦ ਨਹੀਂ ਕੀਤਾ, ਉਸ ਦੀ ਥਾਂ ਮੱਧ ਮਾਰਗ ਗ੍ਰਹਿਣ ਕੀਤਾ। ਬੁੱਧ ਮਤ ਨੇ ਸ੍ਰਿਸ਼ਟੀ ਦੇ ਰਚਣਹਾਰੇ ਬਾਰੇ ਕੋਈ ਵਿਚਾਰ ਨਹੀਂ ਦਿਤਾ। ਉਸਦਾ ਖਿਆਲ ਹੈ ਕਿ ਨਿਰਬਾਣ ਦੀ ਪ੍ਰਾਪਤੀ ਨਾਲ ਦੁੱਖਾਂ ਦਾ ਚੱਕਰ ਮੁੱਕ ਜਾਂਦਾ ਹੈ; ਉਸਦੀ ਪਹੁੰਚ ਮੁਕਤੀ ਤੱਕ ਹੈ। ਮਨੁੱਖ ਦੇ ਰੂਪ ਵਿਚ ਉਹ ਆਦਰਸ਼ ਵਾਲੇ ਮਨੁੱਖਾਂ ਦਾ ਹਾਮੀ ਹੈ ਜਿਸ ਦੇ ਵਿਪਰੀਤ ਗੁਰੂ ਘਰ ਵਿਚ ਨਿਰਬਾਣ

ਨੂੰ ਬਹੁਤੀ ਮਹੱਤਤਾ ਨਹੀਂ ਦਿਤੀ ਗਈ। ਮੁਕਤੀ ਨੂੰ ਬਹੁਤ ਵੱਡੀ ਚੀਜ਼ ਨਹੀਂ ਗਿਣਿਆ ਗਿਆ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਸੋਇ ਮੁਕਤ ਜਿ ਮਨੁ ਜਿਣਹਿ*
*ਫਿਰਿ ਧਾਤੁ ਨ ਲਾਗੈ ਆਇ॥*
*ਦਸਵੈ ਦੁਆਰਿ ਰਹਤ ਕਰੇ*
*ਤ੍ਰਿਭਵਣ ਸੋਝੀ ਪਾਇ॥ ਅੰਗ - 490*

ਮੁਕਤ ਬਾਰੇ ਗੁਰਮਤਿ ਦਾ ਵਿਚਾਰ ਹੈ -

*ਕਰਮ ਧਰਮ ਕਰਿ ਮੁਕਤਿ ਮੰਗਾਹੀ॥*
*ਮੁਕਤਿ ਪਦਾਰਥੁ ਸਬਦਿ ਸਲਾਹੀ॥*
*ਬਿਨੁ ਗੁਰ ਸਬਦੈ ਮੁਕਤਿ ਨ ਹੋਈ*
*ਪਰਪੰਚੁ ਕਰਿ ਭਰਮਾਈ ਹੇ॥*
*ਅੰਗ - 1024*

ਗੁਰੂ ਮਹਾਰਾਜ ਜੀ ਨੇ ਜੀਵਨ ਮੁਕਤੀ ਦਾ ਵਰਣਨ ਕਰਦਿਆਂ ਫੁਰਮਾਨ ਕੀਤਾ ਹੈ ਕਿ ਮੁਕਤ ਪੁਰਸ਼ ਦੀ ਰਹਿਤ, ਦੁਅੰਧ ਤੋਂ ਰਹਿਤ ਹੋਇਆ ਕਰਦੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ।।ਅੰਗ - 275*

ਜੀਵਨ ਮੁਕਤ ਬਾਰੇ ਆਪ ਨੇ ਹੋਰ ਫੁਰਮਾਨ ਕੀਤਾ ਹੈ -

*ਜੀਵਨ ਮੁਕਤੁ ਸੋ ਆਖੀਐ*
*ਜਿਸੁ ਵਿਚਹੁ ਹਉਮੈ ਜਾਇ॥*
*ਅੰਗ - 1010*

ਗੁਰੂ ਮਹਾਰਾਜ ਜੀ ਨੇ ਮੁਕਤੀ ਤੋਂ ਉਚਾ ਸਿਧਾਂਤ ਦਿੰਦੇ ਹੋਏ ਵਾਹਿਗੁਰੂ ਜੀ ਦੇ ਦਰਸ਼ਨਾਂ ਦੀ ਲੋਚਾ ਨੂੰ ਦੱਸਿਆ ਹੈ। ਇਕ ਤਰ੍ਹਾਂ ਦੇ ਨਾਲ ਪ੍ਰੇਮ ਦੇ ਜਜ਼ਬੇ ਨੂੰ ਮੁਕਤੀ ਨਾਲੋਂ ਉਚਾ ਦੱਸਿਆ ਹੈ। ਫੁਰਮਾਨ ਹੈ -

*ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ*
*ਨਿਤਿ ਆਸਾ ਆਸ ਕਰੀਜੈ॥*
*ਹਰਿ ਦਰਸਨ ਕੇ ਜਨ*
*ਮੁਕਤਿ ਨ ਮਾਂਗਹਿ*
*ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ॥*
*ਅੰਗ - 1324*

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥*
*ਅੰਗ - 534*

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ ਹਰਿ ਦਰਸ਼ਨ ਦਾ ਪ੍ਰੀਤਮ, ਮੁਕਤ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ, ਬੈਕੁੰਠ ਦੀ ਵੀ ਕੋਈ ਆਸਾ ਨਹੀਂ ਰਖਦਾ। ਫੁਰਮਾਨ ਹੈ -

*ਕਈ ਬੈਕੁੰਠ ਨਾਹੀ ਲਵੈ ਲਾਗੇ॥*
*ਮੁਕਤਿ ਬਪੁੜੀ*
*ਭੀ ਗਿਆਨੀ ਤਿਆਗੇ॥*
*ਅੰਗ - 1078*

ਵੈਸੇ ਗੁਰਮਤਿ ਵਿਚ ਨਿਰਬਾਣ ਨੂੰ ਬਹੁਤ ਉਚੀ ਅਵਸਥਾ ਆਖਿਆ ਗਿਆ ਹੈ। ਬੁੱਧ ਧਰਮ ਆਪਣੇ ਮਾਰਗ ਤੇ ਚਲ ਕੇ ਨਿਰਬਾਣ ਪਦ ਦੀ ਪ੍ਰਾਪਤੀ ਕਰ ਲੈਂਦਾ ਸੀ। ਪਰ ਗੁਰਮਤਿ ਵਿਚ ਨਿਰਬਾਣ ਪਦ ਤੋਂ ਉਪਰ ਵਾਹਿਗੁਰੂ ਜੀ ਨੂੰ ਮਿਲ ਕੇ ਉਸ ਦਾ ਰੂਪ ਹੀ ਹੋ ਜਾਣਾ ਹੋਇਆ ਕਰਦਾ ਹੈ। ਬੁੱਧ ਧਰਮ ਵਿਚ ਜੀਵ ਪ੍ਰਕ੍ਰਿਤੀ ਤੇ ਦੁਖਾਂ ਤੋਂ ਛੁਟਕਾਰਾ ਹੋ ਕੇ ਜਨਮ ਮਰਣ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਪਰ ਗੁਰਮਤਿ ਵਿਚ ਅੰਤਿਮ ਸੱਚ ਦੀ ਪ੍ਰਾਪਤੀ -

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥*
*ਅੰਗ - 1375*

ਤੂੰ ਵਿਚ ਹੀ ਲੀਨ ਹੋ ਜਾਣਾ, ਤੂੰ ਹੀ ਬਣ ਜਾਣਾ, ਪੂਰਨ ਫਨਾਹ-ਫਿਲਾਹ ਦਾ ਦਰਜ਼ਾ ਹੋਇਆ ਕਰਦਾ ਹੈ। ਜੀਵ ਹੀ ਪ੍ਰਭੂ ਬਣ ਜਾਇਆ ਕਰਦਾ ਹੈ ਜੋ ਇਸਦਾ ਵਾਸਤਵਿਕ ਰੂਪ ਹੈ। ਆਪਣਾ ਜੀਵ ਭਾਵ ਪੂਰਨ ਰੂਪ ਵਿਚ ਤਿਆਗ ਦਿੰਦਾ ਹੈ। ਬੁੱਧ ਧਰਮ ਕਿਉਂਕਿ ਸੰਸਾਰ ਦੇ

ਰਚਣਹਾਰ ਵਿਚ ਵਿਸ਼ਵਾਸ਼ ਨਹੀਂ ਰਖਦਾ ਪਰ ਉਸ ਨੇ ਕਾਰਨ ਲੱਭ ਹੀ ਲਿਆ ਸੀ ਕਿ ਜੀਵ ਕਿਉਂ ਭਟਕਦਾ ਹੈ? ਉਸਨੂੰ ਗਿਆਤ ਹੋ ਗਿਆ ਸੀ ਕਿ ਅਵਿਦਿਆ ਕਰਕੇ ਜੀਵ ਮਾਇਆ ਦੇ ਜਾਲ ਵਿਚ ਫਸਿਆ ਕੁਰਲਾਅ ਰਿਹਾ ਹੈ। ਜੀਵ ਦੇ ਛੁਟਕਾਰੇ ਲਈ ਉਹ ਦ੍ਰਿੜ ਗਿਆਨ ਦੀ ਪ੍ਰਾਪਤੀ ਵਿਚ ਵਿਸ਼ਵਾਸ਼ ਰਖਦਾ ਸੀ। ਗੁਰੂ ਘਰ ਦਾ ਜੋ ਮੱਤ ਹੈ, ਉਹ ਹੈ ਕਿ ਹਉਮੈ ਨੇ ਵਾਹਿਗੁਰੂ ਤੱਤ ਨੂੰ ਹੀ ਹੇਠਲੀ ਸੁਰਤ, ਜਿਸ ਨੂੰ ਹਉਮੈ ਦੀ ਸੁਰਤ ਵੀ ਆਖਿਆ ਜਾਂਦਾ ਹੈ, ਵਿਚ ਭਰਮ ਪਾ ਦਿਤਾ ਕਿ ਮੈਂ ਪ੍ਰਭੂ ਤੋਂ ਵਖਰਾ ਹਾਂ ਅਤੇ ਇਸ ਲਗਾਤਾਰੀ ਅਧਿਆਸ ਨੇ ਉਸਨੂੰ ਜੰਮਣ ਮਰਣ ਦੇ ਚੱਕਰ ਵਿਚ ਪਾ ਕੇ ਅਤਿ ਦੁਖਾਂ ਦੀਆਂ ਘੁਮੇਟਣੀਆਂ ਖਲਾਈਆਂ –

***ਹਉਮੈ ਦੀਰਘ ਰੋਗੁ ਹੈ***
***ਦਾਰੂ ਭੀ ਇਸੁ ਮਾਹਿ॥***

***ਅੰਗ – 466***

ਉਹ ਦਾਰੂ ਹੈ **'ਨਾਮ'**। ਨਾਮ ਦੀ ਕਮਾਈ ਕਰਕੇ ਹਉਮੈ ਰੋਗ ਪੂਰਨ ਤੌਰ ਤੇ ਹਟ ਜਾਇਆ ਕਰਦਾ ਹੈ। ਹਉਮੈ ਭਰੀ ਸੁਰਤ, ਬ੍ਰਹਮ ਸੁਰਤ ਵਿਚ ਲੀਨ ਹੋ ਕੇ ਬ੍ਰਹਮ ਹੀ ਹੋ ਜਾਇਆ ਕਰਦੀ ਹੈ। ਬਾਕੀ ਬੁੱਧ ਧਰਮ ਅਤੇ ਗੁਰਮਤਿ ਦਾ ਪੂਰੀ ਤਰ੍ਹਾਂ ਨਾਲ ਸੁਮੇਲ ਹੈ। ਜਿਥੋਂ ਤਕ ਸਦਾਚਾਰਕ ਨਿਯਮਾਂ ਦੀ ਪਾਲਣਾ ਦਾ ਸਬੰਧ ਹੈ, ਇਹ ਦੋਨੋਂ ਹੀ ਉਚੇ ਸਦਾਚਾਰ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦੇ ਹਨ ਪਰ ਗੁਰਮਤਿ ਪ੍ਰੇਮ ਦੇ ਮਾਰਗ ਨੂੰ ਅਪਨਾਉਣ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ ਕਿਉਂਕਿ ਜੇ ਅਸਾਡੇ ਸਿਰ ਉਪਰ ਕੋਈ ਪ੍ਰਮ ਸ਼ਕਤੀਸ਼ਾਲੀ ਹਸਤੀ ਨਹੀਂ ਹੈ ਤਾਂ ਤਰਨਾ ਬਹੁਤ ਔਖਾ ਹੁੰਦਾ ਹੈ। ਪ੍ਰੇਮ ਦੀ ਡੋਰੀ ਫੜ ਕੇ ਪ੍ਰਭੂ ਪਿਆਰ ਅਸਾਨੂੰ ਉਸ ਪ੍ਰਭੂ ਮੰਡਲ ਵਿਚ ਖਿੱਚ ਲੈਂਦਾ ਹੈ ਅਤੇ ਅਸੀਂ ਸਤਿ ਚਿਤ ਅਨੰਦ ਵਿਚ ਆਪਣੇ ਆਪ ਦਾ ਭਾਵ ਗੁਆ ਕੇ ਨਦਰ ਦੇ ਕਰਿਸ਼ਮੇ ਰਾਹੀਂ ਉਸ ਪ੍ਰਭੂ ਦਾ ਰੂਪ ਹੋ ਜਾਂਦੇ ਹਾਂ। ਇਹ ਬਹੁਤ ਹੀ ਵਿਸ਼ੇਸ਼ਤਾ ਭਰਪੂਰ ਹੈ ਕਿਉਂਕਿ ਕਲਜੁਗ ਵਿਚ ਪਿਆਰ ਮਾਰਗ ਤੋਂ ਬਿਨਾਂ ਤਰਨਾ ਬਹੁਤ ਹੀ ਔਖਾ ਹੈ ਅਤੇ ਅਸਾਡਾ ਰਾਹ –

- ਵਰਤਣ ਵੈਰਾਗ
- ਮੁਖ ਭਗਤੀ
- ਨਿਹਚੇ ਗਿਆਨ

ਦਾ ਹੈ।

ਨਿਰਬਾਣ ਪਦ ਤੁਰੀਆ ਪਦ ਨੂੰ ਕਿਹਾ ਜਾਂਦਾ ਹੈ ਪਰ ਗੁਰਮਤਿ ਦੀ ਪਹੁੰਚ ਤੁਰੀਆ ਅਤੀਤ ਪਦ ਤਕ ਹੈ ਜੋ ਅੱਠਵੀਂ ਭੂਮਿਕਾ ਹੋਇਆ ਕਰਦੀ ਹੈ। ਨਿਰਬਾਣ ਬਾਰੇ ਫੁਰਮਾਨ ਹੈ ਕਿ –

***ਨਿਰਬਾਣ ਪਦੁ ਇਕ ਹਰਿ ਕੋ ਨਾਮੁ॥***

***ਅੰਗ – 1163***

ਗੁਰਮਤਿ ਵਿਚ ਸਰੀਰਕ ਕ੍ਰਿਆ ਨੂੰ ਚਲਾਉਣ ਵਾਲਾ ਪ੍ਰਭੂ ਹੁਕਮ ਹੈ, ਵਾਹਿਗੁਰੂ ਜੀ ਦੀ ਰਜ਼ਾ ਹੈ; ਇਸ ਵਿਚ ਕਰਮ ਕਰਦਾ ਨਿਹਕਰਮੀ ਹੈ ਕਿਉਂਕਿ ਹੁਕਮੀ ਕ੍ਰਿਆ ਹੈ। ਮੈਂ ਕਰਦਾ ਹਾਂ, ਮੈਂ–ਮੈਂ ਜਾਂ ਹਉਂ–ਹਉਂ ਦਾ ਭਾਵ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਜੋ ਕੁਝ ਹੋ ਰਿਹਾ ਹੈ, ਉਹ ਹੁਕਮ ਦੇ ਅਟੱਲ ਨਿਯਮਾਂ ਅਨੁਸਾਰ ਹੀ ਹੁੰਦਾ ਹੈ; ਚਾਹੇ ਮੈਦਾਨੇ ਜੰਗ ਵਿਚ ਤਲਵਾਰ ਚਲ ਰਹੀ ਹੈ, ਚਾਹੇ ਸਰੀਰ ਦੀ ਅਹੂਤੀ ਦੇ ਰਿਹਾ ਹੈ; ਸਭ ਹੁਕਮੀ ਕ੍ਰਿਆ ਹੈ। ਮੈਂ ਦਾ ਅਭਾਵ ਹੋ ਕੇ ਸਾਰੀ ਕ੍ਰਿਆ ਪ੍ਰਭੂ ਆਪ ਹੀ ਕਰ ਰਿਹਾ ਹੈ।

ਗੁਰਮਤਿ ਵਿਚ ਕਰੜੇ ਜਪਾਂ ਤਪਾਂ ਦੀ ਥਾਂ ਪ੍ਰੇਮ ਦੀ ਪ੍ਰਧਾਨਤਾ ਹੈ। ਨਾਮ ਮਾਰਗ ਹੈ ਅਤੇ ਪ੍ਰਾਪਤੀ ਹੈ – 'ਏਕੋ ਬ੍ਰਹਮੰ ਦੁਤੀਯ ਨਾਸਤਿ' –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ – 846***

# ਬਾਤ ਅਗੰਮ ਕੀ

# ਭਾਗ (6)

## ''ਦੋ ਸ਼ਬਦ'' –

ਇਸ ਤੋਂ ਪਹਿਲਾਂ, ਸੂਝਵਾਨ ਪਾਠਕਾਂ ਦੇ ਹੱਥ ਵਿਚ 'ਬਾਤ ਅਗੰਮ ਕੀ' ਦੇ ਸਿਰਲੇਖ ਹੇਠ ਛਪੀਆਂ ਪੰਜ ਪੁਸਤਕਾਂ ਪਹੁੰਚ ਚੁੱਕੀਆਂ ਹਨ। ਇਹ ਛੇਵੀਂ ਪੁਸਤਕ ਇਸੇ ਲੜੀ ਵਿਚ ਛਾਪੀ ਜਾ ਰਹੀ ਹੈ ਜਿਸ ਵਿਚ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਬਚਨ ਜੋ ਰੂਹਾਨੀ ਪੱਖ ਤੋਂ ਅਤਿ ਅਮੁੱਲ ਹਨ ਜੋ ਪੁਸਤਕਾਂ ਵਿਚ ਲਿਖੇ ਹੋਏ ਨਹੀਂ ਮਿਲਦੇ। ਮਹਾਂਪੁਰਖਾਂ ਨੇ ਗੁਰੂ ਸ਼ਬਦ ਦੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਵਿਚ ਲਗਾਤਾਰ ਘਾਲ ਕਮਾਈ ਕਰਨ ਪਿਛੋਂ ਜੋ ਅਨੁਭਵ ਪ੍ਰਾਪਤ ਕੀਤੇ, ਉਸ ਦੇ ਮੁਤਾਬਿਕ ਉਹ ਸੰਸਾਰ ਵਿਚ ਆਪਣੇ ਅਨੁਭਵ ਦੀ ਰੋਸ਼ਨੀ ਵੰਡਦੇ ਰਹੇ ਜੋ ਪੂਰਨ ਰੂਪ ਵਿਚ ਸਤਿ ਦਾ ਪ੍ਰਕਾਸ਼ ਹੋਇਆ ਕਰਦੇ ਸੀ। ਜਦੋਂ-ਜਦੋਂ ਵੀ ਆਪ ਚੰਡੀਗੜ੍ਹ ਦਰਸ਼ਨ ਦੇਣ ਲਈ ਆਏ, ਲੰਮੇ ਸਮਾਗਮਾਂ ਦਾ ਸੁਭਾਗ ਅਸਾਨੂੰ ਬਖਸ਼ਿਆ।

ਉਨ੍ਹਾਂ ਦਿਨਾਂ ਵਿਚ ਚੰਡੀਗੜ੍ਹ ਅਜੇ ਨਵਾਂ-ਨਵਾਂ ਅਬਾਦ ਹੋ ਰਿਹਾ ਸੀ। ਸਾਰੇ ਪੰਜਾਬ ਦੀ ਰਾਜਧਾਨੀ ਹੋਣ ਕਰਕੇ ਇਥੇ ਹਰ ਵਰਗ ਦੇ ਪੁਰਸ਼ ਸਨ ਅਤੇ ਸਾਧੂਆਂ ਮਹਾਂਪੁਰਸ਼ਾਂ ਦੀ ਸੰਗਤ ਕਰਨ ਵਾਲੇ ਆਨ ਸੰਪਰਦਾਵਾਂ ਦੇ ਪ੍ਰੇਮੀ ਨਿਵਾਸ ਰੱਖਿਆ ਕਰਦੇ ਸਨ। ਆਮ ਦਿਨਾਂ ਵਿਚ ਅਸੀਂ ਸੰਪਰਦਾਇਕ ਵਿਖਾਵੇ ਤੋਂ ਉਚੇ ਉੱਠ ਕੇ ਰੂਹਾਨੀ ਪ੍ਰਵਚਨ ਕਰਦੇ ਹੀ ਰਹਿੰਦੇ ਸਾਂ। ਸੈਕਟਰੀਏਟ ਵਿਚ ਸਰਵਿਸ ਕਰਨ ਵਾਲੇ ਬਹੁਤ ਹੀ ਸੂਝ ਵਾਲੇ ਪ੍ਰੇਮੀ ਹੋਇਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਇਕ ਬਹੁਤ ਵੱਡੀ ਮਹਾਰਾਜ ਜੀ ਦੀ ਕ੍ਰਿਪਾ ਸੀ ਕਿ ਸਾਰੇ ਸੈਕਟਰੀਏਟ ਵਿਚ ਇਕ ਵੀ ਬੰਦਾ ਐਸਾ ਨਹੀਂ ਸੀ ਜੋ ਆਪਣੀ ਡਿਊਟੀ ਤੋਂ ਕੁਤਾਹੀ ਕਰੇ, ਜਾਂ ਵਿੰਗੇ ਜਾਂ ਸਿ'ਧੇ ਤਰੀਕੇ ਨਾਲ ਰਿਸ਼ਵਤ ਲਵੇ। ਉਸ ਵੇਲੇ ਦੇ ਅਫਸਰ ਵੀ ਕੁਝ ਐਸੇ ਸਨ ਜੋ ਜਨਤਾ ਦਾ ਭਲਾ ਲੋਚਦੇ ਸਨ ਅਤੇ ਅੱਜਕੱਲ੍ਹ ਵਰਗਾ ਭ੍ਰਿਸ਼ਟ ਵਾਤਾਵਰਣ ਨੇੜੇ-ਤੇੜੇ ਵੀ ਨਹੀਂ ਸੀ। ਸਾਰੀਆਂ ਸੰਪਰਦਾਵਾਂ ਦੇ ਪ੍ਰੇਮੀ ਜਿਵੇਂ ਕਿ ਗੁਰਸਿੱਖੀ ਵਿਚ ਰਹਿਣ ਵਾਲੇ ਮਹਾਂਪੁਰਸ਼ਾਂ ਰਾੜੇ ਸਾਹਿਬ ਵਾਲਿਆਂ ਦੇ ਅਨੁਆਈ, ਹਰਖੋਵਾਲ ਵਾਲੇ ਮਹਾਂਪੁਰਸ਼ਾਂ ਦਾ ਸਤਿਕਾਰ ਕਰਨ ਵਾਲੇ, ਬਾਬਾ ਵਿਸਾਖਾ ਸਿੰਘ ਜੀ, ਡਾ. ਭਾਈ ਵੀਰ ਸਿੰਘ ਜੀ, ਬਾਬਾ ਨਥਲਪੁਰ ਵਾਲੇ ਅਤੇ ਹੋਰ ਅਨੇਕਾਂ ਮਹਾਤਮਾ ਦੀ ਸੰਗਤ ਕਰਨ ਵਾਲੇ ਗੁਰਸਿੱਖੀ ਮੰਡਲ ਦੇ ਜਗਿਆਸੂ, ਰਾਧਾ ਸੁਆਮੀ ਮਹਾਂਪੁਰਸ਼ਾਂ ਦੇ ਅਨੁਆਈ, ਨਾਮਧਾਰੀ ਸੰਪਰਦਾ ਦੇ ਮੰਨਣ ਵਾਲੇ, ਦੁਪਹਿਰ ਦੀ ਅੱਧੇ ਘੰਟੇ ਦੀ ਛੁਟੀ ਵਿਚ ਸੈਕਟਰੀਏਟ ਦੇ ਸਾਮ੍ਹਣੇ ਵਾਲੇ ਉਚੇ ਟਿੱਬੇ ਉਪਰ ਆ ਕੇ ਸਸ਼ੋਭਿਤ ਹੋ ਜਾਇਆ ਕਰਦੇ ਸਨ। ਦੇਖਣ ਤੋਂ ਐਓਂ ਪ੍ਰਤੀਤ ਦਿੰਦਾ ਸੀ ਕਿ ਸੈਕਟਰੀਏਟ ਦੇ ਵਿਚੋਂ ਆਤਮ ਦਰਸ਼ੀ ਜੋਗੀਆਂ ਦੀ ਕੋਈ ਜਮਾਤ ਆ ਕੇ ਬੈਠ ਗਈ ਹੈ। ਉਥੇ ਅੱਧੇ ਘੰਟੇ ਲਈ 70-75 ਪ੍ਰੇਮੀ ਗੋਲ ਚੱਕਰ ਬਣਾ ਕੇ ਬੈਠ ਜਾਇਆ ਕਰਦੇ ਸਨ ਉਥੇ ਨਾਮ, ਹੁਕਮ, ਸ਼ਬਦ, ਗੁਰੂ, ਸੇਵਾ ਵਰਗੇ ਗੂੜ੍ਹ ਵਿਸ਼ਿਆਂ ਦੇ ਉਤੇ ਲਗਾਤਾਰ ਅਖੰਡ ਵਿਚਾਰ ਹੋਇਆ ਕਰਦੀ ਸੀ ਜਿਸ ਵਿਚ ਵਕਤਾ ਹੋਣ ਦੀ ਸੇਵਾ ਇਸ ਲੇਖਕ ਦੀ ਲਾਈ ਗਈ ਸੀ। ਸਾਰੇ ਪ੍ਰੇਮੀ ਬਚਨ ਸੁਣ ਕੇ ਆਪਣੇ ਸ਼ੰਕੇ ਦਾ ਲਿਖਤ ਰੂਪ ਵਿਚ ਲਿਖਿਆ ਕਾਗਜ਼ ਵਕਤਾ ਨੂੰ ਦਿੰਦੇ ਸਨ ਅਤੇ ਦੂਸਰੇ ਦਿਨ ਉਸ ਵਿਸ਼ੇ ਉਪਰ ਵਿਚਾਰ ਕੀਤੀ ਜਾਂਦੀ ਸੀ ਪਰ ਇਹ ਧਿਆਨ ਰੱਖਿਆ ਜਾਂਦਾ ਸੀ ਕਿ ਬਚਨ ਨਿਯਮ-ਬੱਧ ਅਤੇ ਲੜੀਬੱਧ ਚਲਦੇ ਰਹਿਣ। ਇਹ ਬਚਨ ਢਾਈ ਸਾਲ ਲਗਾਤਾਰ ਉਸ ਸਮੇਂ ਤੱਕ ਚਲਦੇ ਰਹੇ, ਜਦੋਂ ਤੱਕ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਹੁਕਮ ਇਸ ਲੇਖਕ ਨੂੰ ਨਹੀਂ ਪਹੁੰਚਿਆ ਸੀ ਕਿ ਤੁਸੀਂ ਆਪਣੀ ਨੌਕਰੀ ਛੱਡ ਕੇ ਯੂ.ਪੀ ਵਿਚ ਆਪਣੇ ਫਾਰਮ ਨੂੰ ਸੰਭਾਲੋ।

ਭਾਵੇਂ ਉਸ ਸਮੇਂ ਮੇਰੀ ਸਰਵਿਸ ਸਾਢੇ ਚੌਵੀ ਸਾਲ ਦੀ ਪੈਨਸ਼ਨੇਬਲ ਹੋਣ ਵਾਲੀ ਸੀ ਪਰ ਮਹਾਂਪੁਰਸ਼ਾਂ ਦੇ ਹੁਕਮ ਨੂੰ ਕਮਾਂਦਿਆਂ ਹੋਇਆਂ ਮੈਂ ਉਸੇ ਵੇਲੇ ਛੁੱਟੀ ਲੈ ਕੇ ਆਪਣੇ ਫਾਰਮ ਨੂੰ ਅਬਾਦ ਕਰਨ ਲਈ ਚਲਿਆ ਗਿਆ ਅਤੇ ਉਸ ਥਾਂ ਵਰ੍ਹਿਆਂ ਬੱਧੀ ਨਿੱਗਰ (intensive) ਖੇਤੀ ਕਰਕੇ ਆਪਣਾ ਜੀਵਨ ਨਿਰਬਾਹ ਕਰਦਿਆਂ ਉਥੇ ਦੇ ਨਵੇਂ ਅਬਾਦਕਾਰਾਂ ਵਿਚ ਗੁਰੂ ਮਹਾਰਾਜ ਦਾ ਸੰਦੇਸ਼ ਲਗਾਤਾਰ ਸੁਣਾਉਂਦਾ ਰਿਹਾ ਅਤੇ ਉਨ੍ਹਾਂ ਲੋਕਾਂ ਨੂੰ ਸ਼ਰਾਬ, ਮਾਸ ਅਤੇ ਬੁਰੇ ਕਰਮਾਂ ਤੋਂ ਜਿਵੇਂ ਕਿ ਡੰਗਰ ਚੋਰੀ (cattle lifting) ਅਤੇ ਕਤਲ (hit man) ਵਰਗੇ ਘਿਨੌਣੇ ਕਾਰਜਾਂ ਤੋਂ ਰੋਕਣ ਲਈ ਸਾਰਾ ਤਾਣ ਲਾਉਂਦਾ ਰਿਹਾ ਜਿਸ ਦੇ ਫਲਸਰੂਪ ਅੱਜ ਯੂ.ਪੀ. ਵਿਚ ਸਿੱਖੀ, ਪੰਜਾਬ ਨਾਲੋਂ ਕਿਤੇ ਵੱਧ ਹੈ ਅਤੇ ਹੁਣ ਭੀ ਦੋ ਜਥੇ ਸਾਰੇ ਤਰਾਈ ਵਿਚ ਗੁਰਮਤਿ ਪ੍ਰਚਾਰ ਵਿਚ ਲੱਗੇ ਹੋਏ ਹਨ।

ਜਦੋਂ ਮੈਂ ਆਪਣਾ ਫਾਰਮ ਵੇਚ ਕੇ ਚੰਡੀਗੜ੍ਹ ਪਹੁੰਚਿਆਂ ਤਾਂ ਉਨ੍ਹਾਂ ਪੁਰਾਣੇ ਸਾਥੀਆਂ ਨੂੰ ਮਿਲਿਆ ਜਿਨ੍ਹਾਂ ਨਾਲ ਰਲ ਕੇ ਸਤਿਸੰਗ ਵਿਚਾਰਾਂ ਕਰਿਆ ਕਰਦੇ ਸਾਂ। ਜੋ ਬਚਨ ਸੰਤ ਮਹਾਰਾਜ ਜੀ ਨੇ ਚੰਡੀਗੜ੍ਹ ਦੇ ਦੀਵਾਨਾਂ ਸਮੇਂ ਅੰਮ੍ਰਿਤ ਵੇਲੇ ਮਿਲਣ ਵੇਲੇ ਕੁਰਸੀ ਤੇ ਬੈਠ ਕੇ ਕੀਤੇ ਸਨ ਉਹ ਮੇਰੀ ਯਾਦਦਾਸ਼ਤ ਤੋਂ ਮਿਟਦੇ ਜਾ ਰਹੇ ਸਨ, ਮੈਂ ਚਾਹੁੰਦਾ ਸੀ ਕਿ ਇਨ੍ਹਾਂ ਬਚਨਾਂ ਨੂੰ ਕਿਸੇ ਪੁਸਤਕ ਦੇ ਰੂਪ ਵਿਚ ਲਿਖ ਦੇਵਾਂ ਪਰ ਇਥੇ ਆ ਕੇ ਪ੍ਰਚਾਰ ਦਾ ਕੰਮ ਐਨਾ ਵਧ ਗਿਆ ਕਿ ਮੈਨੂੰ ਕਿਸੇ ਨਿੱਜੀ ਕੰਮ ਕਰਨ ਲਈ ਬਿਲਕੁਲ ਹੀ ਫੁਰਸਤ ਨਾ ਮਿਲ ਸਕੀ। ਅੱਜ ਤੱਕ ਤਿੰਨ ਲੱਖ 90 ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਜਾ ਚੁਕਿਆ ਹੈ। ਹੜ੍ਹ ਪੀੜਤਾਂ ਨੂੰ 70 ਲੱਖ ਦੀਆਂ ਵਸਤਾਂ ਨਕਦ ਸਹਾਇਤਾ ਦਿਤੀ ਗਈ ਅਤੇ ਸੱਤ ਵੱਡੇ ਗੁਰਮਤਿ ਰੂਹਾਨੀ ਸਮਾਗਮ ਕੀਤੇ ਜਿਨ੍ਹਾਂ ਵਿਚ 1000X250 ਫੁੱਟ ਦੇ ਵਿਸ਼ਾਲ ਪੰਡਾਲ ਵਿਚ ਰੂਹਾਨੀ ਸੰਦੇਸ਼ ਸਰਬ ਧਰਮ ਦੇ ਮਹਾਂਪੁਰਸ਼ਾਂ ਪਾਸੋਂ ਦਿਵਾਏ ਗਏ।

ਸਮਾਂ ਪਾ ਕੇ 'ਆਤਮ ਮਾਰਗ' ਮੈਗਜ਼ੀਨ ਹੋਂਦ ਵਿਚ ਆਇਆ। ਇਹ ਛੇਤੀਂ ਹੀ ਸਾਰੇ ਸੰਸਾਰ ਵਿਚ ਫੈਲ ਗਿਆ। ਇਸ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਕਿਉਂਕਿ ਇਹ ਸਾਰੇ ਧਰਮਾਂ ਨੂੰ ਗੁਰਬਾਣੀ ਰਾਹੀਂ ਮਾਰਗ ਦਰਸ਼ਨ ਕਰਨ ਦੀ ਸਮਰੱਥਾ ਰਖਦਾ ਹੈ। ਇਸ ਵਿਚ ਮਹਾਂਪੁਰਸ਼ਾਂ ਦੇ ਬਚਨ ਅੰਕਿਤ ਕੀਤੇ ਗਏ। ਵੱਖਰੇ-ਵੱਖਰੇ ਮੈਗਜ਼ੀਨ ਵਿਚ ਛਪਣ ਕਰਕੇ ਇਹ ਬਚਨ ਸੁਖਾਲੇ ਤਰੀਕੇ ਨਾਲ ਉਪਲਬਧ ਨਹੀਂ ਹੋ ਸਕਦੇ ਸਨ। ਜਗਿਆਸੂ ਪਾਠਕਾਂ ਦੀ ਰੁਚੀ ਨੂੰ ਅਨੁਭਵ ਕਰਦੇ ਹੋਏ ਇਹ ਪੁਸਤਕਾਂ ਦੇ ਰੂਪ ਵਿਚ ਬਹੁਤ ਹੀ ਘੱਟ ਮੋਖ ਤੇ ਛਪਾ ਕੇ ਜਗਿਆਸੂਆਂ ਪਾਸ ਪਹੁੰਚ ਰਹੇ ਹਨ। ਇਸ ਲੜੀ ਦੀ ਛੇਵੀਂ ਪੁਸਤਕ ਵਿਚ ਸੰਤ ਬਚਨ, ਸੂਰਬੀਰ ਬਚਨ ਕੇ ਬਲੀ, ਗੁਰਮੁਖ ਕਲਿ ਵਿਚ ਪਰਗਟੁ ਹੋਆ, ਮਨ ਮਵਾਸੀ (ਆਕੀ) ਰਾਜਾ, ਕੀਨੋ ਬਡੋ ਕਲੂ ਮਹਿ ਸਾਕਾ, ਦੀ ਭਰਪੂਰ ਵਿਆਖਿਆ ਕਰਕੇ ਪੁਸਤਕ ਰੂਪ ਵਿਚ ਰੂਪਮਾਨ ਕੀਤੇ ਗਏ ਹਨ। ਇਹ ਸਰਬ ਧਰਮ ਦੇ ਪਾਠਕਾਂ, ਵਿਚਾਰਵਾਨਾਂ, ਗੁਣੀਆਂ ਗਿਆਨੀਆਂ, ਪ੍ਰਚਾਰਕ ਵਰਗ ਲਈ ਉਨ੍ਹਾਂ ਦੇ ਕੰਮਾਂ ਵਿਚ ਬਹੁਤ ਸੇਧ ਦੇਣਗੇ ਅਤੇ ਜਗਿਆਸੂਆਂ ਲਈ 'ਆਤਮ ਮਾਰਗ' ਤੇ ਚੱਲਣ ਲਈ ਉਤਸ਼ਾਹ ਦੇਣਗੇ।

ਇਸੇ ਲੜੀ ਵਿਚ ਹੋਰ ਪੁਸਤਕਾਂ ਵੀ ਛਾਪੀਆ ਜਾ ਰਹੀਆਂ ਹਨ। ਜਿਹੜੇ ਬਚਨ 1982 ਤੋਂ ਲੈ ਕੇ 1996 ਤ'ਕ ਵ'ਖ-ਵੱਖ ਦੀਵਾਨਾਂ ਵਿਚ ਕੀਤੇ ਗਏ ਸਨ ਉਸਦੀਆਂ 2200 ਤੋਂ ਵੱਧ ਆਡੀਓ ਕੈਸਟਾਂ ਬਣ ਚੁ'ਕੀਆਂ ਹਨ ਅਤੇ 700 ਦੇ ਕਰੀਬ ਵੀਡੀਓ ਕੈਸਟਾਂ ਵਜੂਦ ਵਿਚ ਆ ਗਈਆਂ ਹਨ ਜੋ ਭਾਰਤ ਵਰਸ਼ ਤੋਂ ਇਲਾਵਾ ਸਾਰੇ ਦੇਸ਼ਾਂ ਵਿਚ ਇਸ ਵੇਲੇ ਵਿਖਾਈਆਂ ਜਾ ਰਹੀਆਂ ਹਨ। ਕੇਬਲ ਟੀ.ਵੀ. ਵਾਲਿਆਂ ਨੇ ਵੱਡੇ-ਵੱਡੇ ਸ਼ਹਿਰਾਂ ਵਿਚ 15-15 ਦਿਨਾਂ ਲਈ ਦਿਖਾਉਣ ਦਾ ਫੈਸਲਾ ਕੀਤਾ ਹੋਇਆ ਹੈ। ਉਨ੍ਹਾਂ ਨੂੰ

ਬਿਨਾਂ ਮੋਖ ਲਏ ਇਹ ਟੇਪਾਂ ਭੇਜ ਦਿਤੀਆਂ ਜਾਂਦੀਆ ਹਨ ਜਿਸ ਤੋਂ ਸਰੋਤੇ ਸੇਧ ਲੈਂਦੇ ਹੋਏ ਆਪਣੀਆਂ ਤੰਗ ਘੁਟਣੀਆਂ ਵਿਚੋਂ ਨਿਕਲ ਕੇ ਸੁਤੰਤਰ ਰੂਪ ਵਿਚ 'ਆਤਮ ਮਾਰਗ' ਦੇ ਸਿਧਾਂਤਾਂ ਨੂੰ ਗੁਰੂ ਸਿਧਾਂਤ ਦੇ ਪ੍ਰਕਾਸ਼ ਵਿਚੋਂ ਨਿਕਲੇ ਹੋਏ ਸਮਝ ਰਹੇ ਹਨ। ਇਨ੍ਹਾਂ ਬਚਨਾਂ ਉਪਰ ਨਾ ਕਿਸੇ ਭਾਰਤੀ ਸੰਪਰਦਾ ਨੂੰ ਗਿਲਾਨੀ ਹੈ, ਨਾ ਕਿਸੇ ਸੂਬੇ ਦੀ ਹੱਦਬੰਦੀ ਇਨ੍ਹਾਂ ਦੇ ਰਾਹ ਵਿਚ ਆਉਂਦੀ ਹੈ। ਗੁਰਬਾਣੀ ਸਾਰੇ ਸੰਸਾਰ ਨੂੰ ਪ੍ਰਕਾਸ਼ ਦੇਣ ਵਾਲੀ ਹੈ ਉਹ ਸਾਰੀ ਮਾਨਵਤਾ ਲਈ ਪਸ਼ੂਆਂ, ਪੰਛੀਆਂ ਲਈ ਸਾਂਝੀ ਹੈ ਜੋ ਪ੍ਰਸਪਰ ਪਿਆਰ, ਸੂਝ ਅਤੇ ਲਗਨ ਪੈਦਾ ਕਰਦੀਆਂ ਹਨ, ਉਹ ਵੀ ਲੱਖਾਂ ਦੀ ਤਦਾਦ ਵਿਚ ਸੰਸਾਰ ਵਿਚ ਦੇਖੀਆਂ ਜਾ ਰਹੀਆਂ ਹਨ।

ਗੁਜਰਾਤੀ ਵੀਰਾਂ ਨੇ ਨਿਊਜਰਸੀ ਵਿਚ ਇਕ ਵੀਡੀਓ ਫਿਲਮ ਦੇਖੀ। ਉਨ੍ਹਾਂ ਦੀ ਚਿੱਠੀ ਸ. ਮਹਿੰਦਰ ਸਿੰਘ ਗਿੱਲ, Turlock, ਕੈਲੇਫੋਰਨੀਆਂ ਵਾਲਿਆਂ ਨੂੰ ਆਈ ਕਿ ਇਨ੍ਹਾਂ ਵੀਡੀਓ ਫਿਲਮਾਂ ਵਿਚ ਜੋ ਕੀਰਤਨ ਕਰਦਾ ਹੈ ਉਸਨੂੰ ਕਹੋ ਕਿ ਉਹ ਆਪਣਾ Bio-Data ਆਪਣੀ ਭਜਨ ਮੰਡਲੀ ਸਮੇਤ ਅਸਾਨੂੰ ਭੇਜੇ। ਅਸੀਂ ਮੰਦਰ ਵਲੋਂ sponsorship ਭੇਜ ਦੇਵਾਂਗੇ। ਭਾਵੇਂ ਅਸੀਂ ਪੰਜਾਬੀ ਨਹੀਂ ਸਮਝ ਸਕਦੇ ਪਰ ਫਿਲਮਾਂ ਵਿਚ ਹਿੰਦੀ, ਇੰਗਲਿਸ਼ ਵਿਚ ਬਾਣੀ ਲਿਖੀ ਹੋਈ ਹੈ ਉਸਨੂੰ ਸਮਝਿਆ ਹੈ। ਉਹ (ਬਾਬਾ ਜੀ) ਆ ਕੇ ਦੋ ਮਹੀਨੇ ਅਸਾਡੇ ਮੰਦਰ ਵਿਚ ਕੀਰਤਨ ਕਰਨ। ਅਸੀਂ ਮੰਦਰ ਦੇ ਵੱਡੇ ਪ੍ਰਬੰਧਕ ਹਾਂ। ਇਸੇ ਤਰ੍ਹਾਂ ਨਾਲ ਹੋਰ ਧਰਮਾਂ ਦੇ ਅਨੁਆਈ ਗੁਰਬਾਣੀ ਨੂੰ ਸੁਣਨ ਤੇ ਸਮਝਣ ਦੇ ਉਤਸੁਕ ਹਨ।

ਇਨ੍ਹਾਂ ਹਾਲਾਤਾਂ ਨੂੰ ਸਾਮ੍ਹਣੇ ਰੱਖ ਕੇ ਅਸੀਂ 'ਬਾਤ ਅਗੰਮ ਕੀ' ਦੀ ਲੜੀ ਵਿਚ ਛੇਵੀਂ ਪੁਸਤਕ ਸੰਮਿਲਤ ਕਰ ਰਹੇ ਹਾਂ। ਪਾਠਕ ਜਨਾਂ ਨੂੰ ਇਨ੍ਹਾਂ ਬਚਨਾਂ ਦੀਆਂ ਡੂੰਘਾਈਆਂ ਵਿਚ ਜਾਣ ਦੀ ਪ੍ਰਾਰਥਨਾ ਕਰਦੇ ਹਾਂ ਜੋ ਪੂਰਨ ਅਨੁਭਵੀ ਮਹਾਂਪੁਰਸ਼ ਸਮੇਂ-ਸਮੇਂ ਸਿਰ ਅਸਾਡੀ ਭਲਾਈ ਲਈ ਉਚਰਦੇ ਹਨ।

ਐਸ.ਏ.ਐਸ ਨਗਰ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
30-6-1996 ਬਾਨੀ, ਮੁਖੀ ਤੇ ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸ

# ਸੰਤ ਬਚਨ

(ਭਾਗ ਪਹਿਲਾ)

1962 ਵਿਚ ਸੰਤ ਮਹਾਰਾਜ ਜੀ ਨੇ ਅਪਾਰ ਕ੍ਰਿਪਾ ਕਰਕੇ ਚੰਡੀਗੜ੍ਹ ਦੇ ਜੀਵਾਂ ਦੇ ਪੁੰਨ ਕਰਮਾਂ ਨੂੰ ਅਨੁਭਵ ਕਰਦਿਆਂ ਹੋਇਆਂ 14 ਮਈ ਤੋਂ 24 ਮਈ ਤੱਕ ਸਮਾਂ ਬਖਸ਼ ਦਿਤਾ। ਉਸ ਸਮੇਂ ਆਪ ਜੀ ਦੀ ਰਿਹਾਇਸ਼ ਦਾ ਪ੍ਰਬੰਧ 10 ਸੈਕਟਰ ਵਿਚ ਸ. ਅਜਮੇਰ ਸਿੰਘ ਜੀ (ਮਾਲ ਮੰਤਰੀ) ਦੀ ਕੋਠੀ ਵਿਚ ਕੀਤਾ ਗਿਆ। ਪਿਛਲੇ ਸਾਲ ਵੀ ਇਥੇ ਹੀ ਰਿਹਾਇਸ਼ ਕਰਾਈ ਗਈ ਸੀ। ਜੇ ਇਥੇ ਇਕ ਨਿੱਜ ਨਾਲ ਵਰਤੀ ਘਟਨਾ ਲਿਖ ਦਿਤੀ ਜਾਵੇ ਤਾਂ ਅਯੋਗ ਨਹੀਂ ਹੋਵੇਗੀ।

ਸੰਤ ਮਹਾਰਾਜ ਜੀ ਦੇ ਦੀਵਾਨਾਂ ਸਮੇਂ ਕੁੱਲ ਖਰਚ ਮੈਂ ਆਪਣੇ ਪਾਸੋਂ ਹੀ ਕਰਿਆ ਕਰਦਾ ਸਾਂ। ਇਸ ਵਾਰੀ ਮਾਇਆ ਲੈਣ ਲਈ ਆਪਣੀ ਪਤਨੀ ਬੀਬੀ ਰਣਜੀਤ ਕੌਰ ਸਮੇਤ ਆਪਣੇ ਫਾਰਮ ਫੈਜ਼ਗੰਜ (ਅਨਵਰੀਆ, ਤਹਿਸੀਲ-ਬਿਲਾਸਪੁਰ) ਜ਼ਿਲਾ ਰਾਮਪੁਰ ਯੂ.ਪੀ. ਵਿਚ ਚਲਿਆ ਗਿਆ। ਸੰਤ ਮਹਾਰਾਜ ਜੀ ਦੀ ਰਿਹਾਇਸ਼ ਦੇ ਸਾਰੇ ਪ੍ਰਬੰਧ ਇਸ ਕੋਠੀ ਵਿਚ ਕਰ ਦਿਤੇ ਗਏ ਸਨ ਅਤੇ ਬੀਬੀਆਂ ਦੀ ਡਿਊਟੀ ਲਾ ਦਿਤੀ ਗਈ ਸੀ ਕਿ ਜੇ ਅਸੀਂ ਪੰਜ-ਚਾਰ ਘੰਟੇ ਲੇਟ ਹੋ ਜਾਈਏ ਤਾਂ ਅਸਾਡੀ ਗੈਰਹਾਜ਼ਰੀ ਵਿਚ, ਪ੍ਰਬੰਧ ਵਿਚ ਕੋਈ ਢਿੱਲ ਨਾ ਆਵੇ। ਜਦੋਂ ਅਸੀਂ ਵਾਪਸ ਆ ਰਹੇ ਸਾਂ ਤਾਂ ਰਾਮਪੁਰ ਸਟੇਸ਼ਨ ਤੋਂ ਗੱਡੀ ਚਲਦੀ ਸਾਰ ਹੀ ਬੀਬੀ ਰਣਜੀਤ ਕੌਰ ਨੂੰ loose motions (ਮਰੋੜ) ਲਗ ਗਏ। ਮੁਰਾਦਾਬਾਦ ਤੋਂ ਗੱਡੀ ਅੱਗੇ ਤੁਰ ਪਈ। ਹਨੇਰ੍ਹੀ ਰਾਤ ਸੀ, ਕੋਈ ਵੀ ਦਵਾਈ ਦਾ ਬੰਦੋਬਸਤ ਗੱਡੀ ਵਿਚ ਨਹੀਂ ਸੀ ਹੋ ਰਿਹਾ। ਸਾਰੇ ਮੁਸਾਫਰਾਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਇਸ ਬੀਬੀ ਦਾ ਪਾਣੀ ਸਰੀਰ ਵਿਚੋਂ ਮੁੱਕ ਜਾਵੇਗਾ। ਨਜੀਬਾਬਾਦ ਦਾ ਸਟੇਸ਼ਨ ਆਉਣ ਵਾਲਾ ਹੈ ਤੁਸੀਂ ਇਥੇ ਹੀ ਉਤਰ ਕੇ ਸਰਕਾਰੀ ਹਸਪਤਾਲ ਵਿਚ ਇਸ ਨੂੰ ਦਾਖਲ ਕਰਾਓ ਜਾਂ ਕਿਸੇ ਪ੍ਰਾਈਵੇਟ ਡਾਕਟਰ ਦਾ ਕਲੀਨਿਕ ਜੇ ਖੁਲ੍ਹਾ ਮਿਲੇ ਤਾਂ ਉਸ ਥਾਂ ਤੋਂ ਦਵਾਈ ਛੇਤੀਂ ਤੋਂ ਛੇਤੀਂ ਲੈਣ ਦਾ ਜਤਨ ਕਰੋ। ਅਸੀਂ ਆਪਸ ਵਿਚ ਸਲਾਹ ਕਰੀ ਕਿ ਹੁਣ ਕੀ ਕੀਤਾ ਜਾਵੇ। ਅੱਜ 14 ਮਈ ਤੋਂ ਸੰਤ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਸ਼ੁਰੂ ਹੋਣੇ ਹਨ, ਅੱਧੀ ਰਾਤ ਬੀਤ ਚੁੱਕੀ ਹੈ; ਜੇ ਆਪਾਂ ਐਥੇ ਉਤਰ ਗਏ ਤਾਂ ਬਹੁਤ ਵੱਡੀ ਅਵੱਗਿਆ ਹੋਵੇਗੀ। ਬੀਬੀ ਨੇ ਕਿਹਾ ਕਿ ਜੇ ਮੇਰਾ ਸਰੀਰ ਛੁਟਣਾ ਹੀ ਹੈ ਤਾਂ ਕੋਈ ਸ਼ਕਤੀ ਰੋਕ ਨਹੀਂ ਸਕਦੀ, ਨਾ ਕਿਸੇ ਦਵਾਈ ਨੇ ਲੱਗਣਾ ਹੈ। ਆਪਾਂ ਇਸ ਤਰ੍ਹਾਂ ਕਰੀਏ, ਆਪਣਾ ਸਫਰ ਜਾਰੀ ਰੱਖੀਏ। ਜੇ ਮੈਂ ਚੜ੍ਹਾਈ ਕਰ ਗਈ ਤਾਂ ਮੇਰਾ ਸਸਕਾਰ ਜਾਂਦੇ ਹੀ ਕਰ ਦਿਓ ਪਰ ਸੰਤ ਮਹਾਰਾਜ ਜੀ ਦੀ ਸੰਭਾਲ ਵਿਚ ਕੋਈ ਫਰਕ ਨਾ ਪਵੇ।

ਉਸ ਸਮੇਂ ਹੋਰ ਕੋਈ ਚਾਰਾ ਨਹੀਂ ਸੀ, ਅਰਦਾਸ ਹੀ ਆਖਰੀ ਸਹਾਰਾ ਹੋਇਆ ਕਰਦੀ ਹੈ। ਸਮਰੱਥ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਪ੍ਰਭੂ ਦਾ ਰੂਪ ਹੋ, ਕ੍ਰਿਪਾ ਕਰੋ ਅਸੀਂ ਚੰਡੀਗੜ੍ਹ ਪਹੁੰਚ ਜਾਈਏ। ਅਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਉਸੇ ਸਮੇਂ loose motions ਬੰਦ ਹੋ ਗਏ ਅਤੇ ਘਰ ਪਹੁੰਚਦਿਆਂ ਹੀ ਫੇਰ ਸ਼ੁਰੂ ਹੋ ਗਏ। ਸਮਾਂ ਬਿਲਕੁਲ ਨਾ ਹੋਣ ਕਰਕੇ ਬੀਬੀ ਰਣਜੀਤ ਕੌਰ ਨੂੰ ਲੰਗਰ ਵਿਚ ਹੀ ਇਕ ਮੰਜਾ ਡਾਹ ਕੇ ਪਾ ਦਿਤਾ ਗਿਆ ਅਤੇ ਕਿਹਾ ਕਿ ਦੂਜੀਆਂ ਬੀਬੀਆਂ ਨੂੰ ਤੁਸੀਂ ਵਿਉਂਤ ਨਾਲ ਲੰਗਰ ਦੀ ਸੇਵਾ ਦੱਸ ਕੇ ਕਰਵਾ ਲਵੋ।

ਸੰਤ ਮਹਾਰਾਜ ਜੀ ਦੇ ਆਉਣ ਦਾ ਸਮਾਂ ਹੋ ਚੁੱਕਿਆ ਸੀ ਮੈਨੂੰ ਕੋਲੇ ਦੀ ਅੰਗੀਠੀ ਜਾਲਣ ਦਾ ਕੋਈ ਢੰਗ ਨਹੀਂ ਸੀ ਆਉਂਦਾ; ਸਹਾਰਾ ਦੇ ਕੇ ਉਸ ਨੂੰ ਉਠਾਇਆ, ਉਸਨੇ ਅੰਗੀਠੀ ਚਾਲੂ ਕਰਕੇ ਮੈਥੋਂ ਪਾਣੀ ਉਪਰ ਰਖਵਾ ਲਿਆ। ਪਾਣੀ ਰੱਖਦਿਆਂ ਹੀ ਸੰਤ ਮਹਾਰਾਜ ਜੀ ਦੀ ਕਾਰ ਆ

ਗਈ, ਹੌਰਨ ਸੁਣਿਆ, ਮੈਂ ਉਸੇ ਸਮੇਂ ਬਾਹਰ ਦੌੜ ਕੇ ਆਇਆ, ਚਰਨ ਬੰਦਨਾ ਕਰਕੇ ਮਹਾਰਾਜ ਜੀ ਨੂੰ ਉਨ੍ਹਾਂ ਦੇ ਕਮਰੇ ਵਿਚ ਲੈ ਗਿਆ। ਮਹਾਰਾਜ ਜੀ ਬਾਥਰੂਮ ਚਲੇ ਗਏ ਅਤੇ ਮੈਂ ਕਾਹਲੀ ਨਾਲ ਲੰਗਰ ਵਿਚ ਦੇਖਣ ਦਾ ਜਤਨ ਕੀਤਾ ਕਿ ਬੀਬੀ ਰਣਜੀਤ ਕੌਰ (ਪਤਨੀ) ਖੜ੍ਹੀ ਹੈ ਜਾਂ ਮੰਜੇ ਤੇ ਲੇਟ ਗਈ ਹੈ? ਉਹ ਖੜ੍ਹੀ ਸੀ, ਪਾਣੀ ਗਰਮ ਕਰ ਰਹੀ ਸੀ। ਮੈਂ ਵਾਪਸ ਮਹਾਰਾਜ ਜੀ ਕੋਲ ਆਇਆ ਤੇ ਹੈਰਾਨ ਹੋ ਗਿਆ ਕਿ ਉਨ੍ਹਾਂ ਦੀ ਉਂਗਲੀ ਉਪਰ ਕੋਈ ਚੋਟ ਲੱਗੀ, ਖ਼ੂਨ ਦੇ ਕਤਰੇ ਗਿਰ ਰਹੇ ਸਨ। ਉਸੇ ਸਮੇਂ ਮੈਂ ੧੯ ਸੈਕਟਰ ਡਾ. ਰਾਵਲ ਪਾਸ ਪਹੁੰਚਿਆ, ਉਸ ਨੇ ਆ ਕੇ ਪੱਟੀ ਕੀਤੀ ਫਿਰ ਮੈਂ ਉਸ ਨੂੰ ਛੱਡਣ ਚਲਿਆ ਗਿਆ। ਕਾਫੀ ਸਮਾਂ ਇਸ ਪਾਸੇ ਲੰਘ ਗਿਆ। ਜਦੋਂ ਮੈਂ ਵਾਪਸ ਆਇਆ ਤਾਂ ਮੈਂ ਵੇਖ ਕੇ ਹੈਰਾਨ ਹੋ ਗਿਆ ਕਿ ਬੀਬੀ ਰਣਜੀਤ ਕੌਰ ਆਟਾ ਗੁੰਨ੍ਹ ਰਹੀ ਸੀ ਤੇ ਸਬਜ਼ੀ ਛਿੱਲ ਰਹੀ ਸੀ। ਹੋਰ ਕੋਈ ਬੀਬੀ ਜਿਨ੍ਹਾਂ ਦੀਆਂ ਡਿਊਟੀਆਂ ਲਾਈਆਂ ਸਨ, ਪਹੁੰਚੀ ਹੀ ਨਹੀਂ ਸੀ।

ਸੰਤ ਮਹਾਰਾਜ ਜੀ ਦੇ ਦੀਵਾਨਾਂ ਸਮੇਂ ਅਸਾਨੂੰ ਆਰਾਮ ਕਰਨ ਵਾਸਤੇ ਸਿਰਫ ਡੇਢ ਘੰਟਾ ਮਿਲਿਆ ਕਰਦਾ ਸੀ ਪਰ ਕਦੇ ਵੀ ਥਕਾਨ ਮਹਿਸੂਸ ਨਹੀਂ ਹੋਇਆ ਕਰਦੀ ਸੀ। ਇਸ ਵਾਰੀ ਦੀਵਾਨ ਬਹੁਤ ਹੀ ਚੜ੍ਹਦੀ ਕਲਾ ਵਿਚ ਲੱਗੇ। ਹਿੰਦੂ, ਸਿੱਖ ਸਾਰੇ ਧਰਮਾਂ ਦੇ ਬੰਦੇ ਦੀਵਾਨ ਵਿਚ ਕੀਰਤਨ ਤੋਂ ਪਹਿਲਾਂ ਹੀ ਪਹੁੰਚ ਜਾਇਆ ਕਰਦੇ ਸਨ। ਦੀਵਾਨ 19 ਸੈਕਟਰ ਲਗ ਰਹੇ ਸਨ। ਕੋਈ ਥਾਂ ਖਾਲੀ ਨਹੀਂ ਸੀ, ਪਾਰਕ, ਸਕੂਲ ਦਾ ਗਰਾਊਂਡ ਸਭ ਭਰ ਜਾਂਦੇ ਸਨ ਅਤੇ ਸਾਰੇ ਬਹੁਤ ਪਿਆਰ ਨਾਲ ਕੀਰਤਨ ਸਰਵਣ ਕਰਦੇ ਸਨ। ਇਸ ਤਰ੍ਹਾਂ ੨੫ ਮਈ ਨੂੰ ਸੰਤ ਮਹਾਰਾਜ ਜੀ ਇਥੋਂ ਵਾਪਸ ਮੁੜੇ। ਅਜੇ ਉਹ ਚੰਡੀਗੜ੍ਹ ਵਿਚੋਂ ਨਿਕਲੇ ਹੀ ਹੋਣਗੇ ਕਿ ਓਹੀ ਬਿਮਾਰੀ ਮੁੜ ਕੇ ਸ਼ੁਰੂ ਹੋ ਗਈ ਅਤੇ ਕਈ ਦਿਨ ਇਲਾਜ ਕਰਾ ਕੇ ਬੀਬੀ ਰਣਜੀਤ ਕੌਰ ਦੀ ਸਿਹਤ ਠੀਕ ਹੋਈ। ਇਹ ਇਕ ਕਰਿਸ਼ਮਾ ਸੀ। ਜਦੋਂ ਸੰਤ ਮਹਾਰਾਜ ਜੀ ਨੂੰ ਸੰਗਤਾਂ ਪੁੱਛਦੀਆਂ ਸਨ ਕਿ ਮਹਾਰਾਜ ਜੀ! ਆਪ ਨੇ ਆਪਣੀ ਉਂਗਲ ਉਪਰ ਪੱਟੀ ਕਿਉਂ ਬੰਨ੍ਹੀ ਹੈ ਤਾਂ ਉਹ ਮੇਰੇ ਵਲ ਇਸ਼ਾਰਾ ਕਰ ਦਿਆ ਕਰਦੇ ਸਨ। ਕੋਈ ਸਮਝ ਨਹੀਂ ਸੀ ਸਕਦਾ ਕਿ ਮਹਾਰਾਜ ਜੀ ਦਾ ਕੀ ਭਾਵ ਹੈ। ਇਕ ਪ੍ਰੇਮੀ ਮੇਰੇ ਸਨੇਹੀ ਸ. ਕਰਤਾਰ ਸਿੰਘ ਮਾਨ ਜੋ ਪਿਛੋਂ ਜਾ ਕੇ ਪੰਜਾਬ ਸਰਕਾਰ ਵਿਚ ਸੈਕਟਰੀ ਦੀ ਸੇਵਾ ਨਿਭਾਉਂਦੇ ਰਹੇ, ਉਨ੍ਹਾਂ ਨੇ ਸੰਗਤਾਂ ਨੂੰ ਦੱਸਿਆ ਕਿ ਸੰਤ ਮਹਾਰਾਜ ਜੀ ਨੇ ਬੀਬੀ ਦੀ ਜੋ ਬਿਮਾਰੀ ਸੀ ਉਹ ਆਪਣੀ ਉਂਗਲੀ ਉਤੇ ਲੈ ਕੇ ਪੂਰੇ ਦਿਨ ਸੇਵਾ ਕਰਵਾ ਲਈ।

ਸੰਗਤਾਂ ਵਿਚ ਬਹੁਤ ਉਤਸ਼ਾਹ ਸੀ। ਹੁਣ ਕੁਰਸੀ ਅੰਮ੍ਰਿਤ ਵੇਲੇ ਲਗਦੀ। ਕਈ ਪ੍ਰੇਮੀ ਦਫਤਰਾਂ ਤੋਂ ਇਕ-ਇਕ ਘੰਟੇ ਦੀ ਛੁੱਟੀ ਲੈ ਲਿਆ ਕਰਦੇ ਸਨ ਅਤੇ ਕੁਰਸੀ ਸਮੇਂ ਸਾਰੀਆਂ ਹੀ ਸੰਪਰਦਾਵਾਂ ਦੇ ਪ੍ਰੇਮੀ ਇਕੱਠੇ ਹੋ ਕੇ ਮਹਾਂਪੁਰਸ਼ਾਂ ਨੂੰ ਬੇਨਤੀ ਕਰਦੇ, ਉਹ ਉੱਤਰ ਦੇ ਕੇ ਸਭ ਨੂੰ ਕ੍ਰਿਤਾਰਥ ਕਰਿਆ ਕਰਦੇ ਸਨ। ਸੰਗਤਾਂ ਵਿਚ ਬਹੁਤੇ ਪੰਜਾਬ ਸਿਵਲ ਸੈਕਟਰੀਏਟ ਦੇ ਹਿੰਦੂ, ਸਿੱਖ ਮੁਲਾਜ਼ਮ ਆਇਆ ਕਰਦੇ ਸਨ। ਰਾਧਾ ਸੁਆਮੀ ਵੀਰ ਇਕ ਜੱਥੇ ਦੀ ਸ਼ਕਲ ਵਿਚ ਆ ਕੇ ਬਿਰਾਜਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਸੰਪਰਦਾਇਕ ਬਖੇੜੇ ਬਹੁਤ ਘੱਟ ਸਨ, ਸੋਝੀ ਵਾਲੇ ਪ੍ਰੇਮੀ ਰੂਹਾਨੀ ਮਾਰਗ ਦੀ ਸੂਝ ਪ੍ਰਾਪਤ ਕਰਿਆ ਕਰਦੇ ਸਨ। ਇਸ ਸਮੇਂ selected ਪ੍ਰੇਮੀ ਹੀ ਪਹੁੰਚਿਆ ਕਰਦੇ ਸਨ। ਅੱਜ 15 ਮਈ ਦੀ ਸਵੇਰ ਹੈ, ਰਾਤ 14 ਮਈ ਦਾ ਦੀਵਾਨ ਲੱਗ ਚੁੱਕਿਆ ਸੀ, ਸੰਤ ਮਹਾਰਾਜ ਜੀ ਉਪਰ ਪ੍ਰਸ਼ਨ ਕੀਤਾ ਗਿਆ -

**ਪ੍ਰਸ਼ਨ** - ਮਹਾਰਾਜ ਜੀ! ਅਸੀਂ ਮਹਾਂਪੁਰਸ਼ਾਂ ਦੇ ਸਤਿਸੰਗ ਕਰਦੇ ਹਾਂ, ਬਹੁਤ ਕੁਝ ਨੋਟ ਵੀ ਕਰਦੇ ਹਾਂ, ਬਚਨ ਵੀ ਸੁਣਦੇ ਹਾਂ ਪਰ ਅਸਾਨੂੰ ਬਹੁਤ ਸਾਰੀਆਂ ਗੱਲਾਂ ਭੁੱਲ ਜਾਂਦੀਆਂ ਹਨ। ਆਪ ਕ੍ਰਿਪਾ ਕਰਕੇ ਪ੍ਰਕਾਸ਼ ਪਾਓ ਕਿ ਭਵਸਾਗਰ ਤਰਨ ਲਈ ਸਭ ਤੋਂ ਸੁਖਾਲਾ ਰਸਤਾ ਕਿਹੜਾ ਹੈ?

ਸੰਤ ਮਹਾਰਾਜ ਜੀ ਪ੍ਰਸ਼ਨ ਸੁਣ ਕੇ

ਮੁਸਕਰਾਏ ਅਤੇ ਸਾਰਿਆਂ ਵਲ ਬਹੁਤ ਹੀ ਪਿਆਰ ਦੀ ਦ੍ਰਿਸ਼ਟੀ ਨਾਲ ਦੇਖਿਆ ਅਤੇ ਆਪ ਜੀ ਨੇ ਆਪਣੇ ਮਧੁਰ ਬਚਨਾਂ ਰਾਹੀਂ ਸਾਰਿਆਂ ਨੂੰ ਸੰਬੋਧਨ ਕਰਦੇ ਹੋਏ ਫੁਰਮਾਇਆ ਕਿ ਆਪ ਜਿੰਨੇ ਪ੍ਰੇਮੀ ਬੈਠੇ ਹੋਂ, ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਤਾਂ ਅਸੀਂ ਅੱਛੀ ਤਰ੍ਹਾਂ ਪਛਾਣਦੇ ਹਾਂ ਜੋ ਪਿਛਲੇ ਸਾਲ ਵੀ ਲਗਾਤਾਰ ਇਸੇ ਸਮੇਂ ਆਇਆ ਕਰਦੇ ਸਨ, ਕੁਝ ਕੁ ਪ੍ਰੇਮੀ ਨਵੇਂ ਆਏ ਪ੍ਰਤੀਤ ਦਿੰਦੇ ਹਨ। ਅਸਾਡੇ ਭਲੀ ਪ੍ਰਕਾਰ ਗਿਆਤ ਵਿਚ ਹੈ ਕਿ ਅਸੀਂ ਇਸੇ ਪ੍ਰਸ਼ਨ ਦਾ ਉਤਰ ਬੜੇ ਵਿਸਥਾਰ ਨਾਲ ਵੱਖਰੇ-ਵੱਖਰੇ ਨੁਕਤਿਆਂ ਨੂੰ ਸਾਮ੍ਹਣੇ ਰਖਦੇ ਹੋਏ ਦਿਆ ਕਰਦੇ ਸਾਂ। ਐਨਾ ਬਚਨ ਸੁਣ ਕੇ ਇਕ ਪ੍ਰੇਮੀ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗਿਆ, "ਮਹਾਰਾਜ ਜੀ! ਅਸੀਂ ਗ੍ਰਿਹਸਤੀ ਬੰਦੇ ਹਾਂ। ਅਸਾਡੇ ਉਪਰ ਜਿਥੇ ਘਰੋਗੀ ਜ਼ਿੰਮੇਵਾਰੀਆਂ ਦਾ ਬੋਝ ਹੈ, ਉਥੇ ਸਰਕਾਰੀ ਕਾਰਜਾਂ ਨੂੰ ਨੇਪਰੇ ਚਾੜ੍ਹਨ ਦੀ ਵੀ ਇਕ ਸੋਚ ਮਨ ਵਿਚ ਬਣੀ ਰਹਿੰਦੀ ਹੈ। ਬਾਲ-ਬੱਚਿਆਂ ਦੀ ਪੜ੍ਹਾਈ ਅਤੇ ਹੋਰ ਅਨੇਕਾਂ ਹੀ problems (ਮਸਲੇ) ਅਸਾਡੇ ਮਨ ਨੂੰ ਘੇਰੀ ਰੱਖਦੇ ਹਨ ਅਤੇ ਅਸਾਡੀ ਸੋਚ ਧੁੰਧਲੀ ਪੈ ਜਾਂਦੀ ਹੈ। ਆਪ ਜੀ ਦੇ ਪਿਛਲੇ ਸਾਲ ਦੇ ਕੀਤੇ ਹੋਏ ਬਚਨ ਭਾਵੇਂ ਅਸੀਂ ਨੋਟ ਵੀ ਕਰ ਲਏ ਸਨ ਅਤੇ ਅਸੀਂ ਸਾਧਨ ਵੀ ਕਰਦੇ ਸਾਂ ਪਰ ਜਿਉਂ ਹੀ ਆਪ ਦੀਵਾਨ ਸਮਾਪਤ ਕਰਕੇ ਰਾੜਾ ਸਾਹਿਬ ਨੂੰ ਵਾਪਸ ਗਏ, ਉਸ ਸਮੇਂ ਸਾਨੂੰ ਐਉਂ ਮਹਿਸੂਸ ਹੋਇਆ ਜਿਵੇਂ ਕੋਈ ਬਹੁਤ ਸ਼ਕਤੀਸ਼ਾਲ ਪ੍ਰਵਾਹ ਅਸਾਡੇ ਵਿਚੋਂ ਨਿਕਲ ਗਿਆ ਹੁੰਦਾ ਹੈ। ਅਸੀਂ ਫਿਰ ਖੁਸ਼ਕ ਹੋ ਗਏ। ਇਸ ਜਲਦੇ-ਬਲਦੇ ਸੰਸਾਰ ਵਿਚ ਆਪ ਦੇ ਤੱਤ ਬਚਨ ਇਕ ਵੱਡੇ ਫੁਹਾਰੇ ਦਾ ਕੰਮ ਕਰਦੇ ਸਨ ਜਿਸ ਵਿਚੋਂ ਲੰਘ ਕੇ ਆਉਂਦੀ ਗਰਮ ਹਵਾ ਅਸਾਨੂੰ ਠੰਢ ਦਿੰਦੀ ਮਹਿਸੂਸ ਹੁੰਦੀ ਹੈ ਅਤੇ ਅਸੀਂ ਕਿਸੇ ਖਾਸ ਮਧੁਰ ਰਸ ਵਿਚ ਲੀਨ ਰਹਿੰਦੇ ਸਾਂ, ਅੰਦਰ ਉਤਸ਼ਾਹ ਉਠਦਾ ਸੀ ਕਿ ਅਸੀਂ ਵੱਧ ਤੋਂ ਵੱਧ ਭਜਨ ਕਰੀਏ ਪਰ ਜਿਉਂ ਹੀ ਆਪ ਇਥੋਂ ਗਏ, ਇਕ ਖੁਸ਼ਕੀ ਛਾ ਗਈ। ਇਕ ਸਾਲ ਦਾ ਸਮਾਂ ਲੰਘ ਗਿਆ। ਅਸਾਨੂੰ ਤਾਂ ਐਉਂ ਲਗਣ ਲਗ ਗਿਆ ਜਿਵੇਂ ਖੁਸ਼ਕੀ ਅਤੇ ਗਰਮੀ ਦੀ ਮਾਰੀ ਹੋਈ ਧਰਤੀ ਛੋਟੇ-ਛੋਟੇ ਟੁਕੜਿਆਂ ਵਿਚ ਫਟ ਜਾਇਆ ਕਰਦੀ ਹੈ ਅਤੇ ਉਨ੍ਹਾਂ ਵਿਚ ਪਈਆਂ ਵਿਰਲਾਂ ਦੇ ਰਾਹੀਂ ਗਰਮ ਹਵਾ ਪ੍ਰਵੇਸ਼ ਕਰਕੇ ਇਨ੍ਹਾਂ ਢੀਮਾਂ ਨੂੰ ਪੂਰੀ ਤਰ੍ਹਾਂ ਸੁਕਾ ਕੇ ਲੋਹੇ ਵਰਗੀ ਕਰ ਦਿੰਦੀ ਹੈ। ਨੰਗੇ ਪੈਰੀਂ ਕੋਈ ਇਸ ਭੂਮੀ ਦੇ ਉਪਰ ਤੁਰ ਨਹੀਂ ਸਕਦਾ ਕਿਉਂਕਿ ਛੋਟੇ-ਛੋਟੇ ਟੁਕੜੇ ਪੈਰਾਂ ਵਿਚ ਚੁਭਦੇ ਹਨ। ਐਨਾ ਕਹਿੰਦੇ-ਕਹਿੰਦੇ ਉਸ ਪ੍ਰੇਮੀ ਦੇ ਅਤੇ ਬਹੁਤ ਸਾਰੇ ਪ੍ਰੇਮੀਆਂ ਦੇ ਨੇਤਰ ਸੱਜਲ ਹੋ ਗਏ।

ਮਹਾਂਪੁਰਸ਼ਾਂ ਨੇ ਅਸਾਡੀ ਹਾਲਤ ਦੀ ਦੀਨਤਾ ਦੇਖੀ ਅਤੇ ਆਪਣੇ ਬਖਸ਼ਿੰਦ ਸੁਭਾਅ ਵਿਚ ਆ ਕੇ ਫੁਰਮਾਉਣ ਲੱਗੇ ਕਿ ਪ੍ਰੇਮੀਓਂ! ਤੁਸੀਂ ਠੀਕ ਹੀ ਗੱਲ ਕਹੀ ਹੈ ਕਿਉਂਕਿ ਬਿਨਾਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਦੇ ਮਨ ਪੂਰੀ ਤਰ੍ਹਾਂ ਨਾਲ ਖੁਸ਼ਕ ਹੋ ਜਾਇਆ ਕਰਦਾ ਹੈ ਅਤੇ ਅਨੇਕ-ਅਨੇਕ ਸੰਸਕਾਰਾਂ ਦੀ ਮੈਲ ਅੰਤਸ਼ਕਰਣ ਵਿਚ ਜਮ੍ਹਾਂ ਹੋ ਜਾਇਆ ਕਰਦੀ ਹੈ ਇਸੇ ਕਰਕੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦੇ ਕਲਿਆਣ ਵਾਸਤੇ ਹਰੀ ਦਾ ਕੀਰਤਨ ਅਤੇ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ - ਦੋ ਸਾਧਨ ਪ੍ਰਚਲਤ ਕੀਤੇ ਸਨ ਪਰ ਇਹ ਪੂਰੇ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੋਇਆ ਕਰਦੀ -

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥***

***ਅੰਗ - 642***

ਆਪ ਜੀ ਨੇ ਫੁਰਮਾਇਆ ਕਿ ਤੁਸੀਂ ਸਤਿ ਹੀ ਕਹਿ ਰਹੇ ਹੋ, ਸਤਿਸੰਗ ਤੋਂ ਬਿਨਾਂ ਇਹੋ ਹਾਲ ਹੋ ਜਾਇਆ ਕਰਦਾ ਹੈ। ਹੁਣ ਅਸੀਂ ਸੰਖੇਪ ਵਿਚ ਦੱਸਦੇ ਹਾਂ ਕਿ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਵਿਚ ਦੋ ਚੀਜ਼ਾਂ ਦਾ ਸੁਮੇਲ ਕੀਤਾ ਹੈ। ਇਕ ਅਤਿ ਸ਼ੂਖਸ਼ਮ ਹੈ ਜਿਸ ਦਾ ਅਨੁਭਵ ਅੰਤਸ਼ਕਰਣ ਦੀ ਮੈਲ ਪੂਰਨ ਤੌਰ ਤੇ ਦੂਰ ਹੋਣ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਨਹੀਂ ਹੋਇਆ ਕਰਦਾ - ਉਹ ਹੈ ਸਤਿ ਚਿੱਤ ਅਨੰਦ; ਜਿਸ ਨੂੰ ਸੱਚੀ

ਰੂਹ ਕਹਿੰਦੇ ਹਨ। ਅਸਾਡੇ ਭਾਰਤ ਵਿਚ ਰਿਸ਼ੀਆਂ-ਮੁਨੀਆਂ ਨੇ ਇਸਨੂੰ ਆਤਮਾ ਭੀ ਕਿਹਾ ਹੈ। ਆਤਮਾ ਤੇ ਪ੍ਰਮਾਤਮਾ ਕਿਸੇ ਥਾਂ ਵੀ ਦੋ ਨਹੀਂ ਹੋਇਆ ਕਰਦੇ। ਇਹ ਇਕੋ ਹੀ ਤੱਤ ਹੋਇਆ ਕਰਦਾ ਹੈ ਇਸ ਵਿਚ ਕੋਈ ਦੁਬਿਧਾ ਨਹੀਂ ਹੋਇਆ ਕਰਦੀ। ਇਹ ਸੱਚੀ ਰੂਹ ਕ੍ਰੋੜਾਂ ਬ੍ਰਹਿਮੰਡਾਂ ਦੇ ਵਿਚ ਇਕੋ ਇਕ ਹੈ ਜਿਸ ਤੋਂ ਸੰਸਾਰ ਦਾ ਪਸਾਰਾ ਹੋਇਆ ਹੈ ਅਤੇ ਹਰ ਜੜ੍ਹ ਅਤੇ ਚੇਤਨ ਵਿਚ ਇਹ ਪੂਰੀ ਤਰ੍ਹਾਂ ਨਾਲ ਬਿਰਾਜਮਾਨ ਹੈ। ਇਸ ਸਾਰੇ ਪਸਾਰੇ ਨੂੰ ਆਤਮ ਪਸਾਰਾ ਕਿਹਾ ਜਾਂਦਾ ਹੈ। ਦੂਸਰੀ ਚੀਜ਼ ਇਸ ਸ੍ਰਿਸ਼ਟੀ ਵਿਚ ਜੜ੍ਹ ਹੈ, ਪ੍ਰਾਕ੍ਰਿਤੀ ਹੈ ਜਾਂ ਕੁਦਰਤ ਕਹੋ ਜਿਸਨੂੰ ਦੇਖਿਆ ਜਾ ਸਕਦਾ ਹੈ, ਸੁਣਿਆ ਜਾ ਸਕਦਾ ਹੈ, ਸੁੰਘਿਆ ਜਾ ਸਕਦਾ ਹੈ, ਸਪਰਸ਼ ਕੀਤਾ ਜਾ ਸਕਦਾ ਹੈ, taste ਕੀਤਾ ਜਾ ਸਕਦਾ ਹੈ। ਇਸ ਪ੍ਰਮ ਅਨਾਦੀ ਰੂਹ ਦਾ ਪ੍ਰਕਾਸ਼ ਜਦੋਂ ਜੜ੍ਹ ਤੱਤਾਂ ਉਪਰ ਪਿਆ ਤਾਂ ਹੁਕਮ ਦੀ ਕ੍ਰਿਆ ਅਧੀਨ ਉਨ੍ਹਾਂ ਵਿਚ ਮਹਿਸੂਸ ਕਰਨ ਦੀ ਸ਼ਕਤੀ (awareness) ਪੈਦਾ ਹੋਈ ਜਿਸਨੂੰ ਚਿੱਤ ਆਖਿਆ ਗਿਆ। ਇਨ੍ਹਾਂ ਦੋਹਾਂ ਚੀਜ਼ਾਂ ਦੇ ਸੁਮੇਲ ਨਾਲ ਕਰਤਾ ਪੁਰਖ ਆਪਣੀ ਅਨੰਤ ਖੇਡ, ਖੇਡ ਰਿਹਾ ਹੈ ਅਤੇ ਆਪ ਹੀ ਵੇਖਣਹਾਰਾ ਹੋਇਆ ਹੋਇਆ ਹੈ। ਦੋਹੀਂ ਪਾਸੀਂ ਆਪ ਹੀ ਮਾਲਕ ਹੈ - ਇਕ ਪਾਸੇ ਪ੍ਰਤੱਖ ਪ੍ਰਤੀਤ ਦਿੰਦਾ ਹੈ ਦੂਜੇ ਪਾਸੇ ਸੂਖਮ ਤੋਂ ਸੂਖਮ ਹੋਇਆ ਹੋਇਆ ਨਿਰਲੇਪ ਤੇ ਨਿਰੰਜਨ ਹੈ।

ਸਭ ਤੋਂ ਪਹਿਲਾਂ ਇਸ ਜੀਵ ਉਪਰ ਜਿਸ ਨੂੰ ਚਿੱਤ ਆਖਿਆ ਗਿਆ ਹੈ, ਇਕ ਪੜਦਾ ਅਗਿਆਨ ਭਰੇ ਅਨੰਦ ਦਾ ਛਾ ਗਿਆ ਜਿਸਨੂੰ ਸਿਆਣੇ ਅਨੰਦਮਈ ਕੋਸ਼ ਕਹਿੰਦੇ ਹਨ। ਪ੍ਰਾਕ੍ਰਿਤੀ ਨੇ ਹੋਰ ਧੱਕਾ ਦਿਤਾ ਤਾਂ ਇਹ ਨਿਰਣੇ ਸ਼ਕਤੀ ਵਿਚ ਪਹੁੰਚ ਗਿਆ ਇਸ ਨੂੰ ਵਿਗਿਆਨਮਈ ਪੜਦੇ ਦਾ ਨਾਮ ਦਿਤਾ ਗਿਆ। ਕੁਝ ਕਰਨ ਦਾ, ਕੁਝ ਬਣਨ ਦਾ ਫੁਰਨਾ ਜਾਗਿਆ ਅਤੇ ਇਹ ਜੀਵ ਬੁੱਧੀ ਮੰਡਲ ਦੇ ਪਰਦੇ ਵਿਚ ਕੈਦ ਹੋ ਗਿਆ ਜਿਸਨੂੰ ਵਿਗਿਆਨਮਈ ਕੋਸ਼ ਆਖਿਆ ਗਿਆ। ਇਸ ਤੋਂ ਅੱਗੇ ਇਸ ਦਾ ਮਨ ਸ਼ਕਤੀ ਨਾਲ ਵਾਹ ਪਿਆ, ਹਿਲ-ਜੁਲ ਮਹਿਸੂਸ ਹੋਈ। ਮਨ ਸ਼ਕਤੀ ਨੇ ਆਪਣਾ ਕੌਤਕ ਦਿਖਾਇਆ, ਫੁਰਨੇ ਸ਼ੁਰੂ ਹੋਏ। ਇਹ ਹਾਲਤ ਮਨੋਮਈ ਕੋਸ਼ (ਪੜਦਾ) ਕਹਾਈ। ਪ੍ਰਕ੍ਰਿਤੀ ਨੇ ਧੱਕਾ ਮਾਰ ਕੇ ਇਸ ਨੂੰ ਪ੍ਰਾਣ ਐਨਰਜੀ ਵਿਚ ਪ੍ਰਵੇਸ਼ ਕਰਾ ਦਿਤਾ ਅਤੇ ਇਹ ਪ੍ਰਾਣਮਈ ਕੋਸ਼ ਵਿਚ ਜਕੜਿਆ ਗਿਆ। ਇਥੇ ਮਾਇਆ ਦੀ ਸ਼ਕਤੀ ਨੇ ਇਸ ਨੂੰ ਹੋਰ ਧੱਕਾ ਮਾਰ ਕੇ ਸਰੀਰ ਧਾਰੀ ਬਣਾ ਦਿਤਾ ਅਤੇ ਇਹ ਸਥੂਲ ਮੰਡਲ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਗਿਆ ਅਤੇ ਸਾਢੇ ਤਿੰਨ ਹੱਥ ਦੀ ਦੇਹ ਆਪਣੇ ਆਪ ਨੂੰ ਸਮਝਣ ਲੱਗ ਗਿਆ; ਦੇਹ ਅਧਿਆਸ ਪ੍ਰਪੱਕ ਹੋ ਗਿਆ। ਇਸ ਅਵਸਥਾ ਨੂੰ ਅੰਨਮਈ ਕੋਸ਼ ਦਾ ਨਾਮ ਦਿਤਾ ਗਿਆ। ਇਸ ਜੀਵ ਦੀ ਹੋਸ਼ ਨੇ ਆਪਣੇ ਆਪ ਨੂੰ ਪ੍ਰਮ ਸਤਿ ਤੋਂ ਵਿਕਲੋਤਰਾ ਤੱਕ ਕੇ ਆਪਣੇ ਅਸਿਤਤ੍ਵ ਨੂੰ ਮਹਿਸੂਸ ਕੀਤਾ। ਵਖਰਾ ਹੋ ਗਿਆ, 'ਮੈਂ' ਤੇ 'ਮੇਰੀ' ਦੀ ਭਾਵਨਾ ਇਹਦੇ ਵਿਚ ਪੂਰਨ ਰੂਪ ਵਿਚ ਉਭਰ ਆਈ ਅਤੇ ਇਹ ਪੂਰਨ ਰੂਪ ਵਿਚ ਸਮੁੱਚਤਾ ਦੇ ਨਾਲੋਂ ਟੁੱਟ ਕੇ ਵਿਕਲੋਤਰਾ ਹੋ ਗਿਆ। ਇਸ ਨੇ 'ਮੈਂ' 'ਮੇਰੀ' ਦੇ ਅਧੀਨ ਕੀਤੇ ਹੋਏ ਕਰਮਾਂ ਨੂੰ ਅਪਣਾਅ ਲਿਆ ਜਿਸ ਕਰਕੇ ਕਰਮ ਆਪਣੇ ਫਲ ਦੇਣ ਲਈ ਇਸ ਜੀਵ ਨੂੰ ਅਨੇਕਾਂ ਉਚੇ ਨੀਵੇਂ ਸਰੀਰਾਂ ਦੇ ਰੂਪ ਵਿਚ ਪ੍ਰਗਟ ਕਰਕੇ ਘੁਮੇਟਣੀਆਂ ਦੇਣ ਲੱਗੇ।

ਸੋ ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਸ੍ਰਿਸ਼ਟੀ ਵਿਚ ਇਕ ਤਾਂ ਚੇਤਨ ਤੱਤ ਹੈ ਜਿਸ ਦੇ ਤਿੰਨ ਸੁਭਾਅ ਸਤਿ ਚਿਤ ਅਨੰਦ ਵਿਚ ਵਰਤ ਰਹੇ ਹਨ। ਦੂਸਰੀ ਪ੍ਰਾਕ੍ਰਿਤੀ ਹੈ ਜਿਸ ਵਿਚ ਕਲੇਸ਼ ਹਨ, ਦੁੱਖ ਹਨ, ਹਉਂਕੇ-ਹਾਵੇ ਹਨ, ਉਹ ਇਸ ਚੇਤਨ ਨਾਲ ਜੁੜ ਕੇ ਭਰਮ ਵਸ ਦੁਖ-ਸੁਖ ਦਾ ਭਾਵ ਇਸ ਚੇਤਨ ਨਾਲ ਸਬੰਧਤ ਕਰ ਰਹੀ ਹੈ।

ਹੁਣ ਜੋ ਆਪ ਦਾ ਪ੍ਰਸ਼ਨ ਹੈ ਉਹ ਬਹੁਤ ਗਹਿਨ ਹੈ। ਉਪਰ ਕਥੇ ਹੋਏ ਹਾਲਾਤ ਦੇ ਅਧੀਨ ਇਸ ਸੰਸਾਰ ਨੂੰ ਭਵਸਾਗਰ ਆਖਿਆ ਜਾਂਦਾ ਹੈ

ਜਿਸ ਦੀਆਂ ਅਥਾਹ ਲਹਿਰਾਂ ਹਨ ਜਿਸ ਵਿਚੋਂ ਲੰਘਣਾ ਜੀਵ ਦੀ ਸਮਰਥਾ ਤੋਂ ਬਾਹਰ ਦੀ ਬਾਤ ਹੈ। ਬਾਣੀ ਅਨੁਸਾਰ –

***ਮਾਤ ਗਰਭ ਮਹਿ ਆਪਨ ਸਿਮਰਨੁ ਦੇ***
***ਤਹ ਤੁਮ ਰਾਖਨਹਾਰੇ॥***
***ਪਾਵਕ ਸਾਗਰ ਅਥਾਹ ਲਹਰਿ ਮਹਿ***
***ਤਾਰਹੁ ਤਾਰਨਹਾਰੇ॥***

***ਅੰਗ – 613***

ਸੰਸਾਰ ਵਿਚ ਦੋ ਤਰ੍ਹਾਂ ਦੀ ਖੋਜ ਹੈ – ਇਕ ਖੋਜ ਪੁਲਾੜ ਦੀ, ਪ੍ਰਾਕ੍ਰਿਤੀ ਦੀ, ਪ੍ਰਾਕ੍ਰਿਤਕ ਤੱਤਾਂ ਦੀ ਕੀਤੀ ਜਾ ਰਹੀ ਹੈ ਜਿਸ ਦੀਆਂ ਉਪਲਬਧੀਆਂ ਅਸਾਡੇ ਸਾਮ੍ਹਣੇ ਪ੍ਰਤੱਖ ਹਨ। ਐਸੇ ਹਵਾਈ ਜਹਾਜ਼ ਬਣ ਚੁੱਕੇ ਹਨ ਜੋ ਪੈਰਿਸ ਤੋਂ ਸਿਰਫ ਚਾਰ ਘੰਟੇ ਵਿਚ ਅਮਰੀਕਾ ਪਹੁੰਚ ਜਾਂਦੇ ਹਨ। ਟੈਲੀਫੂਨ ਤੇ ਅਸੀਂ ਦੂਰ ਵਸਦਿਆਂ ਨਾਲ ਗੱਲਾਂ ਕਰ ਸਕਦੇ ਹਾਂ। ਟੀ.ਵੀ. ਤੇ ਅਨੇਕ ਕਿਸਮ ਦੇ ਚਿੱਤਰ ਘਰ ਬੈਠਿਆਂ ਹੀ ਸਾਨੂੰ ਮੰਨੋਰੰਜਨ ਦੇ ਅਨੇਕ ਪ੍ਰੋਗਰਾਮਾਂ ਨਾਲ ਜੋੜੀ ਰਖਦੇ ਹਨ। ਕੰਪਿਊਟਰ ਸਾਇੰਸ ਨੇ ਇਕ ਇਨਕਲਾਬ ਲੈ ਆਂਦਾ, ਸਾਡੇ ਰਾਕਟਾਂ ਵਿਚ ਫਿੱਟ ਕੀਤੇ ਕੈਮਰੇ ਸਾਨੂੰ ਅਰਬਾਂ ਮੀਲਾਂ ਤੋਂ ਸੰਕੇਤ ਦਿੰਦੇ ਹਨ ਕਿ ਇਸ ਵਿਸ਼ਾਲ ਕੁਦਰਤ ਵਿਚ ਅਨੇਕ ਕਿਸਮ ਦੇ ਬ੍ਰਹਿਮੰਡ ਹੋਂਦ ਵਿਚ ਆਏ ਹੋਏ ਹਨ। ਅਨੇਕਾਂ ਕਿਸਮ ਦੇ ਸੂਰਜ, ਚੰਦਰਮਾਂ ਪ੍ਰਭੂ ਨੇ ਹੁਕਮ ਦੀ ਕ੍ਰਿਆ ਅਧੀਨ ਉਤਪਤ ਕੀਤੇ ਹੋਏ ਹਨ। ਸਵਾਰੀਆਂ ਲਈ ਕਾਰਾਂ ਆਦਿ ਦਾ ਪ੍ਰਬੰਧ ਪੂਰੀ ਤਰ੍ਹਾਂ ਨਾਲ ਹੋਂਦ ਵਿਚ ਆਇਆ ਹੋਇਆ ਹੈ ਪਰ ਇਕ ਗੱਲ ਤੋਂ ਹੈਰਾਨ ਹਨ ਕਿ ਐਤਨੀਆਂ ਪ੍ਰਾਪਤੀਆਂ ਹੋਣ ਦੇ ਬਾਵਜੂਦ ਮਨ ਵਿਚ ਸ਼ਾਂਤੀ ਕਿਉਂ ਨਹੀਂ ਉਤਪੰਨ ਹੁੰਦੀ? ਉਹ ਤਰਲੇ ਲੈਂਦੇ ਹਨ। ਕੋਈ ਸਾਧਨ ਹੱਥ ਨਹੀਂ ਆਉਂਦਾ, ਮਾਨਸਿਕ ਦਬਾਉ (strain) ਦੇ ਕਾਰਨ ਸਰੀਰ ਦਾ ਸੰਤੁਲਨ ਆਪਣੀ ਚਾਲ ਤੋਂ ਖੁੰਝ ਗਿਆ ਹੈ। ਜਿਉਂ-ਜਿਉਂ ਪ੍ਰਾਪਤੀਆਂ ਵਧਦੀਆਂ ਜਾਂਦੀਆਂ ਹਨ, ਤਿਉਂ-ਤਿਉਂ ਪਰੇਸ਼ਾਨੀਆਂ ਵਿਚ ਵੀ ਵਾਧਾ ਹੋ ਰਿਹਾ ਹੈ। ਜੀਵਨ ਇਕ ਬੋਝ ਬਣਿਆ ਹੋਇਆ ਹੈ, ਇਸ ਵਿਚ ਹੁਲਾਰੇ ਮਾਰਦੀਆਂ, ਝੁਣ-ਝੁਣੀਆਂ ਦਿੰਦੀਆਂ ਖੁਸ਼ੀਆਂ ਦੀ ਪੂਰੀ ਤਰ੍ਹਾਂ ਅਣਹੋਂਦ ਪ੍ਰਤੀਤ ਦੇ ਰਹੀ ਹੈ। ਆਦਮੀ ਨੇ ਬਹੁਤ ਵੱਡੀਆਂ ਖੋਜਾਂ ਕੀਤੀਆਂ ਪਰ ਮਨ ਦੀ ਸ਼ਾਂਤੀ ਕਿਸੇ ਥਾਂ ਤੋਂ ਪ੍ਰਾਪਤ ਨਾ ਹੋ ਸਕੀ। ਆਦਮੀ ਪਰੇਸ਼ਾਨ ਹੈ, frustrate (ਨਿਰਾਸ਼) ਹੋਇਆ ਹੋਇਆ ਹੈ, ਖੁਸ਼ ਜ਼ਿੰਦਗੀ ਇਕ ਸੁਪਨਾ ਬਣ ਚੁੱਕੀ ਹੈ। ਪ੍ਰਸਪਰ ਸਬੰਧ ਬੇ-ਵਿਸ਼ਵਾਸ਼ੀ ਵਿਚ ਡਾਵਾਂ-ਡੋਲ ਹੋ ਰਹੇ ਹਨ। ਮਨ ਭਟਕ ਰਿਹਾ ਹੈ। ਨਿੱਜੀ ਹਿਤ ਉਭਰ ਕੇ ਐਨੇ ਸ਼ਕਤੀਸ਼ਾਲ ਹੋ ਗਏ ਹਨ ਕਿ ਆਦਮੀ ਆਪਣੇ ਆਪ ਵਾਸਤੇ ਹੀ ਜ਼ਿੰਦਗੀ ਜਿਉਂ ਰਿਹਾ ਹੈ। ਦੁਨੀਆਂ ਨੂੰ ਖਤਮ ਕਰਨ ਲਈ ਅਨੇਕਾਂ atomic (ਪ੍ਰਮਾਣੂ) ਬੰਬ, ਹਾਈਡਰੋਜਨ ਬੰਬਾਂ, ਮਿਜ਼ਾਇਲਾਂ ਖਤਰਨਾਕ ਗੈਸਾਂ, chemicals (ਰਸਾਇਣਕ ਵਸਤੂਆਂ) ਹੋਂਦ ਵਿਚ ਆ ਚੁੱਕੀਆਂ ਹਨ। ਨੀਂਦ ਨਾਮ ਦੀ ਚੀਜ਼ ਪੂਰਨ ਰੂਪ ਵਿਚ ਉਡ ਗਈ ਹੈ ਅਤੇ compose ਦੀਆਂ ਗੋਲੀਆਂ ਖਾ ਕੇ ਘੜੀ ਦੋ ਘੜੀ ਮਿਰਗ ਸੌਣੀ ਹੀ ਪ੍ਰਾਪਤ ਕਰ ਸਕਦਾ ਹੈ। ਦਵਾਈਆਂ ਦੀ ਵਰਤੋਂ ਐਨੀ ਵਧ ਚੁੱਕੀ ਹੈ ਕਿ ਆਦਮੀ ਇਨ੍ਹਾਂ ਦੇ ਪੂਰੀ ਤਰ੍ਹਾਂ ਅਧੀਨ ਹੋ ਚੁੱਕਿਆ ਹੈ। ਜਦੋਂ ਅਸੀਂ ਆਪਣੇ ਦੂਰ ਪਿਛੋਕੜ ਨੂੰ ਦੇਖਦੇ ਹਾਂ ਤਾਂ ਅਨੁਭਵ ਕਰਦੇ ਹਾਂ ਕਿ ਅਸਾਡੇ ਬਜ਼ੁਰਗ ਥੋੜ੍ਹੇ ਕਪੜੇ ਵਿਚ ਗੁਜ਼ਾਰਾ ਕਰਦੇ ਸਨ। ਰਹਿਣ ਵਾਸਤੇ ਕੋਈ ਸੁੰਦਰ ਭਵਨ ਨਹੀਂ ਉਸਾਰਿਆ ਕਰਦੇ ਸਨ ਪਰ ਬਿਮਾਰੀ ਨਾਮ ਦੀ ਕੋਈ ਚੀਜ਼ ਉਨ੍ਹਾਂ ਦੇ ਨੇੜੇ ਨਹੀਂ ਸੀ ਆਇਆ ਕਰਦੀ; ਕਾਰਨ ਕੀ ਹੈ? ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਚਾਰਿ ਜੁਗਿ ਕਰਿ ਥਾਪਨਾ***
***ਸਤਿਜੁਗ ਤ੍ਰੇਤਾ ਦੁਆਪੁਰ ਸਾਜੇ॥***
***ਚੌਥਾ ਕਲਿਜੁਗ ਥਾਪਿਆ***
***ਚਾਰਿ ਵਰਨਿ ਚਾਰੋਂ ਕੇ ਰਾਜੇ॥***
***ਬ੍ਰਹਮਣ ਛੱਤ੍ਰੀ ਵੈਸ ਸੂਦ੍ਰ***
***ਜੁਗ ਜੁਗ ਏਕੋ ਵਰਨ ਬਿਰਾਜੇ॥***
***ਸਤਿਜੁਗ ਹੰਸੁ ਅਵਤਾਰ ਧਰ ਸੋਹੰ***
***ਬ੍ਰਹਮ ਨ ਦੂਜਾ ਪਾਜੇ॥***
***ਏਕੋ ਬ੍ਰਹਮ ਵਖਾਣੀਐ***

*ਮੋਹ ਮਾਯਾ ਤੇ ਬੇਮੁਹਤਾਜੇ॥*
*ਕਰਨਿ ਤਪਸਿਆ ਬਨ ਵਿਖੈ*
*ਵਖਤ ਗੁਜਾਰਨਿ ਪਿੰਨੀ ਸਾਗੇ॥*
*ਲਖ ਵਰ੍ਹਿਆਂ ਦੀ ਆਰਜਾ*
*ਕੋਠੇ ਕੋਟ ਨ ਮੰਦਿਰ ਸਾਜੇ॥*
*ਇਕ ਬਿਨਸੈ ਇਕ ਅਸਥਿਰ ਗਾਜੇ॥*
*ਭਾਈ ਗੁਰਦਾਸ ਜੀ, ਵਾਰ 1/5*

ਅਤੇ ਇਸੇ ਤਰ੍ਹਾਂ ਨਾਲ ਵੱਡੀ ਉਮਰ ਬਾਰੇ ਲਿਖਦੇ ਹਨ-

*ਗਹਰੀ ਕਰਿ ਕੈ ਨੀਵ ਖੁਦਾਈ*
*ਊਪਰਿ ਮੰਡਪ ਛਾਏ॥*
*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ॥*
*ਅੰਗ - 692*

ਪਰ ਉਹ ਲੋੜੀਂਦੀਆਂ ਵਸਤਾਂ ਦੀ ਅਣਹੋਂਦ ਵਿਚ ਪੂਰਨ ਤੌਰ ਤੇ ਸੁਖ ਮਹਿਸੂਸ ਕਰ ਰਹੇ ਸਨ; ਉਸਦਾ ਕੀ ਕਾਰਨ ਹੈ? ਇਹ ਗੱਲਾਂ ਵਿਚਾਰਨ ਯੋਗ ਹਨ। ਗੁਰੂ ਮਹਾਰਾਜ ਜੀ ਨੇ ਸੰਖੇਪ ਦੇ ਵਿਚ ਕਾਰਨ ਦੱਸਦਿਆਂ ਫੁਰਮਾਇਆ ਹੈ-

*ਸੁੰਦਰ ਸੇਜ ਅਨੇਕ ਸੁਖ*
*ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥*
*ਅੰਗ - 707*

ਇਕ ਥਾਂ ਗੁਰੂ ਮਹਾਰਾਜ ਜੀ ਬਹੁਤ ਵਿਸਥਾਰ ਦੇ ਨਾਲ ਫੁਰਮਾਉਂਦੇ ਹਨ ਕਿ ਮਾਇਆ ਦੀਆਂ ਬੇਅੰਤ ਕਿਸਮ ਦੀਆਂ ਪ੍ਰਾਪਤੀਆਂ, ਬਹੁਤ ਵੱਡਾ ਵਿਸ਼ਵ ਪ੍ਰਸਿੱਧ ਪੁਸਤਕਾਂ ਦਾ ਲਿਖਾਰੀ, ਅਖਬਾਰਾਂ ਵਿਚ ਲੇਖ, ਬਹੁਤ ਕਿਸਮ ਦੀਆਂ ਫਿਲਾਸਫੀਆਂ ਦਾ ਗਿਆਤਾ ਤੇ ਬਹੁਤ ਸਿਆਣਾ ਹੋ ਜਾਣਾ ਸੰਸਾਰਕ ਦ੍ਰਿਸ਼ਟੀ ਤੋਂ ਬਹੁਤ ਵੱਡੀਆਂ ਪ੍ਰਾਪਤੀਆਂ ਹਨ ਪਰ ਸ਼ਾਂਤੀ ਦੇਣ ਨੂੰ ਸਮਰੱਥ ਨਹੀਂ। ਸੰਸਾਰ ਅੱਜ ਇਲੈਕਸ਼ਨਾਂ ਲੜ ਰਿਹਾ ਹੈ, ਰਾਜਸੀ ਕੁਰਸੀਆਂ ਦੀ ਪ੍ਰਾਪਤੀ ਲਈ ਸਾਹੋ-ਸਾਹ ਹੋਇਆ ਹੋਇਆ, ਤਾਣ ਲਾਉਂਦਾ ਹੋਇਆ ਪੂਰੀ ਤਰ੍ਹਾਂ ਨਾਲ ਇਸ ਭਾਵਨਾ ਵਿਚ ਡੁੱਬਿਆ ਪਿਆ ਹੈ ਪਰ ਇਨ੍ਹਾਂ ਪ੍ਰਾਪਤੀਆਂ ਦਾ ਨਤੀਜਾ ਕੀ ਹੁੰਦਾ ਹੈ? ਡਾਕਟਰ ਹਰ ਰੋਜ਼ ਘਰ ਆ ਕੇ ਨਬਜ਼ ਦੀ ਚਾਲ ਦੇਖਦੇ ਹਨ, ਖ਼ੂਨ ਦੀ ਚਾਲ ਨਾਪਦੇ ਹਨ, ਦਿਲ ਦੀ ਧੜਕਣ ਨਾਪਦੇ ਹਨ ਅਤੇ ਦਿਮਾਗੀ ਪਰੇਸ਼ਾਨੀ ਨਾਪਦੇ ਹਨ ਜੋ ਦਵਾਈ ਦੇਣ ਦੇ ਬਾਵਜੂਦ ਵੀ ਠੀਕ ਨਹੀਂ ਹੁੰਦੀ। ਅੱਜ ਹਵਾਈ ਜਹਾਜ਼ ਸਵਾਰੀਆਂ ਲਈ ਉਨਤ ਦੇਸ਼ਾਂ ਦੇ ਬੰਦਿਆਂ ਦੇ ਦਰਵਾਜ਼ਿਆਂ ਤੇ ਖੜ੍ਹੇ ਹਨ, ਆਪਣੀਆਂ ਖੇਤੀਆਂ ਵੀ ਛੋਟੇ ਜਹਾਜ਼ਾਂ ਰਾਹੀਂ ਦੇਖਦੇ ਹਨ, ਵੱਡੇ-ਵੱਡੇ ਟਰੈਕਟਰ ਜ਼ਮੀਨਾਂ ਵਾਹ ਰਹੇ ਹਨ। ਇਹ ਪ੍ਰਾਪਤੀਆਂ ਵੀ ਅੰਦਰਲੇ ਹਉਕੇ ਦੂਰ ਕਰਨ ਨੂੰ ਸਮਰੱਥ ਨਹੀਂ ਹਨ। ਭੋਗਾਂ ਦੀ ਦੁਨੀਆਂ ਵਿਚ ਪੈ ਕੇ ਅੱਜ ਦਾ ਮਨੁੱਖ ਸੁਰ੍ਹਾ ਤੇ ਸੁੰਦਰੀ ਦੇ ਸੀਮਤ ਪਿਆਲਿਆਂ ਵਿਚ ਪੂਰੀ ਤਰ੍ਹਾਂ ਡੁੱਬ ਚੁੱਕਿਆ ਹੈ ਤੇ AIDS (ਏਡਜ਼) ਵਰਗੀਆਂ ਬਿਮਾਰੀਆਂ ਪ੍ਰਾਪਤ ਕਰਕੇ ਅੱਖਾਂ ਵਿਚੋਂ ਹੰਝੂਆਂ ਦੀ ਧਾਰ ਵਗ ਰਹੀ ਹੈ। ਭੋਗਾਂ ਦੀ ਦੁਨੀਆਂ ਨੇ ਉਸ ਦੇ ਮਨ ਵਿਚ ਸੰਤੋਖ ਨਾ ਲਿਆਂਦਾ, ਮਨ ਭਟਕ ਰਿਹਾ ਹੈ। ਅਨੇਕਾਂ ਕਿਸਮ ਦੀਆਂ ਖੇਡਾਂ ਦੇਖਣੀਆਂ, ਮਨ ਨੂੰ ਥੋੜ੍ਹੀ ਦੇਰ ਆਪਣੇ ਚੁਗਿਰਦੇ ਵਿਚੋਂ ਬ-ਸਿਮਰਤ ਕਰਾਉਂਦੀਆਂ ਹਨ ਪਰ ਇਹ ਪਰਪੰਚ ਦੀ ਲੀਲ੍ਹਾ ਮਨ ਨੂੰ ਸ਼ਾਂਤੀ ਦੇਣੋਂ ਅਸਮਰਥ ਹੈ। ਚਕਰਵਰਤੀ ਬਾਦਸ਼ਾਹ ਵੀ ਰੋਂਦਾ ਹੈ, ਗਰੀਬ ਵੀ ਰੋ ਰਿਹਾ ਹੈ। ਐਟਮ ਬੰਬਾਂ ਦੇ ਡਰ ਦੇ ਅਧੀਨ ਦੁਨੀਆਂ ਸਹਿਮੀ ਪਈ ਹੈ। ਅਨੇਕ ਕਿਸਮ ਦੀਆਂ ਭਿਆਨਕ ਮਾਰੂ ਡਕੈਤੀਆਂ, ਚੋਰੀਆਂ, ਰੇਪ (rape) , ਲੁੱਟ, ਖੋਹ, ਦਹਿਸ਼ਤਵਾਦ ਦੀਆਂ ਲਹਿਰਾਂ ਉਠ ਰਹੀਆਂ ਹਨ ਜਿਸ ਤੋਂ ਆਦਮੀ ਸਹਿਮਿਆ ਹੋਇਆ ਦਿਨ ਕੱਟੀ ਕਰ ਰਿਹਾ ਹੈ। ਕਾਰਨ ਕੀ ਹੈ? ਗੁਰੂ ਮਹਾਰਾਜ ਜੀ ਨੇ ਆਪਣੇ

ਬਚਨਾਂ ਰਾਹੀਂ ਇਸ ਅਵਸਥਾ ਨੂੰ ਵਿਸਥਾਰਪੂਰਵਕ ਪ੍ਰਗਟ ਕਰਕੇ ਮਨੁੱਖ ਨੂੰ ਸੁਖਾਲਾ ਰਸਤਾ ਦੱਸਿਆ ਹੈ -

***ਬਹੁ ਰੰਗ ਮਾਇਆ ਬਹੁ ਬਿਧਿ ਪੇਖੀ।।***
***ਕਲਮ ਕਾਗਦ ਸਿਆਨਪ ਲੇਖੀ।।***
***ਮਹਰ ਮਲੂਕ ਹੋਇ ਦੇਖਿਆ ਖਾਨ।।***
***ਤਾ ਤੇ ਨਾਹੀ ਮਨੁ ਤ੍ਰਿਪਤਾਨ।।***
***ਸੋ ਸੁਖੁ ਮੋ ਕਉ ਸੰਤ ਬਤਾਵਹੁ।।***
***ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ।।***
***ਅਸੁ ਪਵਨ ਹਸਤਿ ਅਸਵਾਰੀ।।***
***ਚੋਆ ਚੰਦਨੁ ਸੇਜ ਸੁੰਦਰਿ ਨਾਰੀ।।***
***ਨਟ ਨਾਟਿਕ ਆਖਾਰੇ ਗਾਇਆ।।***
***ਤਾ ਮਹਿ ਮਨਿ ਸੰਤੋਖੁ ਨ ਪਾਇਆ।।***
***ਤਖਤੁ ਸਭਾ ਮੰਡਨ ਦੋਲੀਚੇ।।***
***ਸਗਲ ਮੇਵੇ ਸੁੰਦਰ ਬਾਗੀਚੇ।।***
***ਆਖੇੜ ਬਿਰਤਿ ਰਾਜਨ ਕੀ ਲੀਲਾ।।***
***ਮਨੁ ਨ ਸੁਹੇਲਾ ਪਰਪੰਚੁ ਹੀਲਾ।।***
***ਕਰਿ ਕਿਰਪਾ ਸੰਤਨ ਸਚੁ ਕਹਿਆ।।***
***ਸਰਬ ਸੂਖ ਇਹੁ ਆਨੰਦੁ ਲਹਿਆ।।***
***ਸਾਧਸੰਗਿ ਹਰਿ ਕੀਰਤਨੁ ਗਾਈਐ।।***
***ਕਹੁ ਨਾਨਕ ਵਡਭਾਗੀ ਪਾਈਐ।।***
***ਜਾ ਕੈ ਹਰਿ ਧਨੁ ਸੋਈ ਸੁਹੇਲਾ।।***
***ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ।।***

***ਅੰਗ - 179***

ਇਸ ਸਾਰੀ ਅਵਸਥਾ ਦਾ ਕਾਰਨ ਇਹ ਹੈ ਕਿ ਮਨੁੱਖ ਨੇ ਭੁੱਲ ਨਾਲ ਪ੍ਰਾਕ੍ਰਿਤੀ ਵਿਚੋਂ ਸੁੱਖ ਲੱਭਣ ਦਾ ਜਤਨ ਕੀਤਾ। ਭੋਗਾਂ ਦੇ ਨਾਲ ਮਨ ਨੂੰ ਸੰਤੁਸ਼ਟ ਕਰਨਾ ਚਾਹਿਆ, ਅੱਖਾਂ ਨਾਲ ਵੇਖ ਕੇ ਅੱਖਾਂ ਨੂੰ ਰਝਾਉਣਾ ਚਾਹਿਆ, ਕੰਨਾਂ ਨਾਲ ਸੁਣ-ਸੁਣ ਕੇ ਅਨੰਦ ਦੀ ਲੋਚਾ ਕੀਤੀ। ਭੋਗਾਂ ਨੂੰ ਭੋਗ-ਭੋਗ ਕੇ ਕਿਸੇ ਅਨੰਦਮਈ ਅਵਸਥਾ ਵਿਚ ਪਹੁੰਚਣ ਦਾ ਨਿਰਾਰਥਕ ਜਤਨ ਕੀਤਾ ਪਰ ਉਸ ਦੇ ਹੱਥ ਸਿਵਾਏ ਪਰੇਸ਼ਾਨੀਆਂ ਤੇ ਹਉਕੇ ਹਾਵਿਆਂ ਤੋਂ, ਬੇ-ਵਿਸ਼ਵਾਸ਼ੀਆਂ ਤੋਂ ਕੁਛ ਵੀ ਪ੍ਰਾਪਤ ਨਾ ਹੋਇਆ ਕਿਉਂਕਿ ਪ੍ਰਾਕ੍ਰਿਤੀ ਜੜ੍ਹ ਰੂਪ ਹੈ, ਇਸ ਵਿਚ ਸੁੱਖ ਦੀ ਕੋਈ ਅੰਸ਼ ਹੀ ਨਹੀਂ ਹੈ।

ਦੂਜੇ ਪਾਸੇ ਭਾਰਤ ਦੇ ਰਿਸ਼ੀਆਂ-ਮੁਨੀਆਂ ਨੇ ਜੰਗਲਾਂ, ਗੁਫਾਵਾਂ ਦੀਆਂ ਇਕਾਂਤਾਂ ਵਿਚ ਰਹਿ ਕੇ ਲੋੜਾਂ ਨੂੰ ਅਤਿ ਸੀਮਤ ਕਰਕੇ, ਤਨ ਉਪਰ ਕੇਵਲ ਇਕ ਦੋ ਵਸਤਰ ਹੀ ਪਹਿਨ ਕੇ ਅੰਦਰਲੀ ਖੋਜ ਕੀਤੀ। ਸਨੇ-ਸਨੇ ਇਹ research (ਖੋਜ) ਵਧਦੀ ਗਈ, ਨਵੇਂ-ਨਵੇਂ ਚਿੰਤਕ ਸੰਸਾਰ ਮੰਚ ਤੇ ਆ ਕੇ ਪਿਛਲੀ ਕੀਤੀ ਹੋਈ ਖੋਜ ਦੇ ਅਧਾਰ ਤੇ ਹੋਰ ਅੱਗੇ ਵਧੇ। ਸਰੀਰ ਦੇ ਬਿਖੜੇ ਥਾਵਾਂ ਵਿਚੋਂ ਆਪਣੀ ਸੁਰਤ ਨੂੰ ਉਚਾ ਚੁੱਕਿਆ। ਸ਼ਰਧਾ, ਭਾਵਨਾ ਤੇ ਪਿਆਰ ਦੇ ਭਾਵ, ਬੈਰਾਗ ਦੇ ਭਾਵ ਅੰਦਰ ਪੈਦਾ ਕਰਕੇ ਇਕ ਸੁਥਰਾ, ਸੰਸਾਰ ਨੂੰ ਸੁੱਖ ਦਿੰਦਾ ਜੀਵਨ ਜਿਉਂਦਿਆਂ, ਆਪਣੀਆਂ ਖੋਜਾਂ ਬਾਣੀ ਰਾਹੀਂ, ਜੋ ਉਨ੍ਹਾਂ ਇਲਹਾਮ, ਅਕਾਸ਼ਬਾਣੀ, ਫਰਿਸ਼ਤਿਆਂ ਦੇ ਸਨੇਹਿਆਂ ਰਾਹੀਂ ਪ੍ਰਾਪਤ ਹੋਈਆਂ ਸਚਿਆਈਆਂ ਨੂੰ ਦੁਨੀਆਂ ਦੀ ਸ਼ਾਂਤੀ ਲਈ ਸਾਂਝਾ ਕੀਤਾ। ਇਨ੍ਹਾਂ ਖੋਜਾਂ ਨੇ ਮਹਾਂ-ਪਵਿੱਤਰ ਵੇਦਾਂ, ਸ਼ਾਸ਼ਤਰਾਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਬਾਈਬਲ, ਅੰਜੀਲ, ਜੰਬੂਰ, ਆਦਿ ਪਵਿੱਤਰ ਗ੍ਰੰਥਾਂ ਦਾ ਰੂਪ ਧਾਰਿਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਚਲ ਰਹੀ research ਵਿਚ ਬਹੁਤ ਹੀ ਵਿਆਖਿਆ ਭਰਪੂਰ ਅੰਦਰਲੀ ਖੋਜ ਹੈ।

ਇਨ੍ਹਾਂ ਖੋਜਾਂ ਨੇ ਇਕ ਮਾਰਗ ਪ੍ਰਦਰਸ਼ਨ ਕੀਤਾ ਜਿਸ ਤੇ ਚਲਦਿਆਂ ਪ੍ਰਮ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਸਾਰੀਆਂ ਪਰੇਸ਼ਾਨੀਆਂ, ਮਾਨਸਿਕ ਬਿਮਾਰੀਆਂ ਦੇ ਇਲਾਜ ਵਜੋਂ ਪ੍ਰਮੇਸ਼ਰ ਦੀ ਹੋਂਦ ਉਤੇ ਪੂਰਨ ਰੂਪ ਵਿਚ ਅਨੁਭਵ ਅਤੇ -

***ਜਿਮੀ ਜਮਾਨ ਕੇ ਬਿਖੈ ਸਮੱਸਤਿ***
***ਏਕ ਜੋਤ ਹੈ।।***
***ਨਾ ਘਾਟ ਹੈ ਨ ਬਾਢ ਹੈ,***
***ਨ ਘਾਟਿ ਬਾਢਿ ਹੋਤ ਹੈ।।***

***ਅਕਾਲ ਉਸਤਤਿ***

ਵਿਸ਼ਵਾਸ਼ ਲਿਆਉਣਾ ਅਤਿ ਜ਼ਰੂਰੀ ਹੈ। ਇਸ ਉਪਰ ਪੂਰਨ ਵਿਸ਼ਵਾਸ਼ ਲਿਆਉਂਦਿਆਂ ਆਦਮੀ ਦਾ ਸੰਪਰਕ ਉਸ ਸਰਬ ਕਲਾ ਸਮਰੱਥ ਸਤਿ ਚਿਤ ਅਨੰਦ ਦੀ ਪਰਿਪੂਰਨ ਪਿਆਰਾਂ ਭਰੀ ਹਸਤੀ

ਨਾਲ, ਉਸ ਦਾ ਬਾਰ-ਬਾਰ ਸਿਮਰਨ ਕਰਕੇ ਹੋ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਇਸ ਕਿਰਿਆ ਨੂੰ 'ਨਾਮ ਮਾਰਗ' ਦਾ ਨਾਮ ਦਿਤਾ ਹੈ। ਗੁਰੂ ਮਹਾਰਾਜ ਤੋਂ ਪਹਿਲੇ ਚਿੰਤਕਾਂ ਨੇ ਇਸ ਮਸਲੇ ਉਪਰ ਬਹੁਤ ਖੋਜ ਕੀਤੀ। ਪਾਤੰਜਲ ਰਿਸ਼ੀ ਜੀ ਨੇ, ਜਿਸ ਨੂੰ ਸ਼ੇਸ਼ ਨਾਗ ਦਾ ਅਵਤਾਰ ਆਖਿਆ ਜਾਂਦਾ ਹੈ, ਇਸ ਮਾਰਗ ਦੀ ਖੋਜ ਉਪਰ 'ਪਾਤੰਜਲ ਯੋਗ ਸ਼ਾਸ਼ਤਰ' ਲਿਖਿਆ ਜੋ ਆਦਮੀ ਦੀ ਸੁਰਤ ਨੂੰ ਪਿੰਡ ਦੇ ਮੰਡਲ ਵਿਚੋਂ ਖਿੱਚ ਕੇ ਬ੍ਰਹਿਮੰਡ ਦੇ ਮੰਡਲ ਵਿਚ ਪ੍ਰਵੇਸ਼ ਕਰਾਉਣ ਨੂੰ ਸਮਰੱਥ ਹੋਇਆ। ਪਰ ਇਸ ਵਿਚ ਅੱਜ ਦੇ ਮਨੁੱਖ ਦੀ ਮਾਨਸਿਕ ਬਿਰਤੀਆਂ ਨੂੰ ਅਨੁਭਵ ਕਰਦਿਆਂ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਕਠਿਨ ਸਾਧਨਾ ਵਿਚੋਂ ਇਸ ਜੀਵ ਨੂੰ ਭਵਜਲ ਤਰਨ ਦਾ ਇਕ ਬਹੁਤ ਹੀ ਸੁਖੈਨ ਮਾਰਗ ਦੱਸਿਆ ਜਿਸ ਵਿਚ ਤਿੰਨ ਮੁੱਖ ਕਰਮ ਹਨ- 1. ਕਰਮ, 2. ਉਪਾਸ਼ਨਾ, 3. ਗਿਆਨ। ਯਾਨਿ ਕਿ ਸ਼ੁਭ ਕਰਮ ਕਰਨੇ। ਨਾ ਹੀ ਸਰੀਰ ਨਾਲ ਕੋਈ ਬੁਰਾ ਕੰਮ ਕਰਨਾ, ਨਾ ਹੀ ਮਨ ਦੀ ਸੋਚ ਨਾਲ ਕੋਈ ਮਾੜਾ ਸੋਚਣਾ, ਨਾ ਹੀ ਸਰੀਰ ਦੀਆਂ ਇੰਦ੍ਰੀਆਂ ਰਾਹੀਂ ਕੋਈ ਗਲਤ ਕੰਮ ਕਰਨਾ। ਇਸ ਦੇ ਵਿਪਰੀਤ ਸਰਬੱਤ ਦੇ ਭਲੇ ਲਈ, ਗੁਰੂ ਸੇਵਾ, ਪ੍ਰਭੂ ਸੇਵਾ ਤਨੋ ਮਨੋ ਹੋ ਕੇ ਕਰਨੀ। ਆਪਣੀ ਸ਼ੁਭ ਕਮਾਈ ਦੇ ਵਿਚੋਂ ਯਥਾਸ਼ਕਤ ਦਾਨ ਕਰਨਾ ਅਤੇ ਸਰਬੱਤ ਦੇ ਭਲੇ ਦੀ ਲੋਚਾ ਰੱਖਣੀ ਅਤੇ ਅਨੇਕਾਂ ਹੋਰ ਸ਼ੁਭ ਕਰਮ ਕਰਨੇ, ਇਸ ਕਰਮ ਖੇਤਰ ਦੀ ਵਲਗਣ ਵਿਚ ਆ ਜਾਇਆ ਕਰਦੇ ਹਨ। ਦੂਸਰੇ ਦਰਜੇ ਉਤੇ ਭਗਤੀ ਕਰਨੀ। ਭਗਤੀ ਨੌਂ ਪ੍ਰਕਾਰ ਦੀ ਹੋਇਆ ਕਰਦੀ ਹੈ -

1. ਸਿਮਰਨ, 2. ਕੀਰਤਨ, 3. ਸਰਵਣ, 4. ਬੰਦਨ, 5. ਅਰਦਾਸ, 6. ਅਰਚਨ (ਸੇਵਾ ਭਾਵ), 7. ਦਾਸਾ ਭਾਵ, 8. ਸਖਾ ਭਾਵ, 9. ਆਤਮ ਨਿਵੇਦਨ।

**1. ਸਿਮਰਨ ਭਗਤੀ** - ਪ੍ਰੇਮ ਨਾਲ ਗੁਰਮੰਤ੍ਰ ਦੇ ਬਲ ਨਾਲ ਜਾਂ ਗੁਰਬਾਣੀ ਪੜ੍ਹਦਿਆਂ ਵਾਹਿਗੁਰੂ ਜੀ ਦੀ ਹੋਂਦ ਨੂੰ ਅੰਦਰ ਵਸਾਉਣਾ ਅਤੇ ਇਸ ਹੋਂਦ ਨੂੰ ਅਖੰਡ ਰੂਪ ਦੇ ਵਿਚ ਅੰਦਰ ਧਾਰਨ ਕਰਨਾ ਇਹ ਸਿਮਰਨ ਭਗਤੀ ਹੋਇਆ ਕਰਦੀ ਹੈ। ਇਹ ਮੰਤ੍ਰ ਦੇ ਲਗਾਤਾਰੀ ਜਪ ਕਰਨ ਤੋਂ ਸਿੱਧ ਹੁੰਦੀ ਹੈ।

**2. ਕੀਰਤਨ ਭਗਤੀ** - ਵਾਹਿਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣਦੇ ਹੋਏ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ***
***ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ***
***ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ***
***ਅਲਪ ਸੁਖੁ ਭਨੀਐ॥***

***ਅੰਗ - 677***

ਦਾ ਭਾਵ ਮਨ ਵਿਚ ਧਾਰਨ ਕਰਕੇ ਵਾਹਿਗੁਰੂ ਜੀ ਦਾ ਜਸ ਗਾਉਣਾ ਅਤੇ ਉਸ ਵਿਚ ਲੀਨ ਹੋ ਕੇ ਆਪਣੇ ਧੇਅ ਨੂੰ ਸਾਮ੍ਹਣੇ ਰੱਖ ਕੇ ਭਾਵਲੀਨ ਹੋ ਜਾਣਾ; ਕੀਰਤਨ ਭਗਤੀ ਕਹਾਇਆ ਕਰਦੀ ਹੈ।

**3. ਸਰਵਣ ਭਗਤੀ** - ਚਿੱਤ ਬਿਰਤੀਆਂ ਨੂੰ ਪੂਰੀ ਤਰ੍ਹਾਂ ਨਾਲ ਇਕਾਗਰ ਕਰਕੇ ਮਨ ਨੂੰ ਪੂਰੀ ਤਰ੍ਹਾਂ ਫੁਰਨਿਆਂ ਤੋਂ ਰੋਕ ਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦਾ ਪਾਠ ਸ੍ਰਵਣ ਕਰਨਾ, ਤੱਤ ਬੇਤੇ ਮਹਾਂਪੁਰਸ਼ਾਂ ਤੋਂ ਸਤਿ ਦੀ ਵਿਚਾਰ ਸ੍ਰਵਣ ਕਰਨਾ; ਸਰਵਣ ਭਗਤੀ ਕਹਾਇਆ ਕਰਦੀ ਹੈ।

**4. ਬੰਦਨ ਭਗਤੀ** - ਆਪਣੇ ਇਸ਼ਟ ਦੇਵ ਨੂੰ ਜਾਂ ਆਪਣੇ ਪਿਆਰੇ ਮਹਾਂਪੁਰਸ਼ਾਂ ਨੂੰ ਪੂਰਨ ਸ਼ਰਧਾ ਨਾਲ ਆਪਣਾ ਆਪਾ ਗਵਾ ਕੇ ਆਪਣੀ ਹੋਂਦ ਨੂੰ ਅਣਹੋਂਦ ਵਿਚ ਬਦਲ ਕੇ ਬੰਦਨਾ ਕਰਨੀ, ਸੀਸ ਨਿਵਾਉਣਾ; ਇਹ ਨਮਸਕਾਰ ਭਗਤੀ ਹੋਇਆ ਕਰਦੀ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਬਾਣੀ ਅੰਦਰ ਫੁਰਮਾਨ

ਕੀਤਾ ਹੈ -

***ਡੰਡਉਤਿ ਬੰਦਨ ਅਨਿਕ ਬਾਰ***
***ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ***
***ਨਾਨਕ ਦੇ ਕਰਿ ਹਥ॥ਅੰਗ - 256***

ਡੰਡਵਤ ਪੈ ਕੇ, ਅੱਠ ਅੰਗ ਸਰੀਰ ਦੇ ਧਰਤੀ ਨਾਲ ਲਗਾ ਕੇ, ਸ਼ਰਧਾ ਭਾਵਨਾ ਨਾਲ ਡੰਡਵਤ ਕਰਨ ਨੂੰ ਡੰਡਉਤ ਬੰਦਨ ਆਖਦੇ ਹਨ। ਬਹੁਤ ਸਾਰੇ ਪ੍ਰੇਮੀਆਂ ਦਾ ਇਹ ਨੇਮ ਹੋਇਆ ਕਰਦਾ ਹੈ ਕਿ ਆਪਣੇ ਇਸ਼ਟ ਦੇ, ਆਪਣੇ ਮਹਾਂਪੁਰਸ਼ਾਂ ਦੇ ਦਰਸ਼ਨ ਨੂੰ ਜਾਂਦੇ ਹੋਏ ਜਿਸ ਥਾਂ ਤੋਂ ਉਨ੍ਹਾਂ ਦੇ ਭਵਨਾਂ ਦੇ ਦਰਸ਼ਨ ਹੋ ਜਾਣ, ਉਸ ਥਾਂ ਤੋਂ ਹੀ ਡੰਡਉਤਾਂ ਕਰਨੀਆਂ ਸ਼ੁਰੂ ਕਰ ਦੇਣੀਆਂ ਤੇ ਇਸੇ ਭਾਵਨਾ ਵਿਚ ਬਾਕੀ ਰਹਿੰਦਾ ਪੈਂਡਾ ਪੂਰਾ ਕਰਨਾ ਇਹ ਬੰਦਨ ਭਗਤੀ ਦਾ ਇਕ ਅੰਗ ਹੈ।

5. **ਅਰਦਾਸ ਭਗਤੀ** - ਅਰਦਾਸ ਭਗਤੀ ਹੋਇਆ ਕਰਦੀ ਹੈ ਵਾਹਿਗੁਰੂ ਜੀ ਨੂੰ ਸਰਬ ਕਲਾ ਸਮਰੱਥ ਅਤੇ ਆਪਣਾ ਸਭ ਤੋਂ ਪਿਆਰਾ ਜਾਣਦਿਆਂ ਹੋਇਆਂ, ਆਪਣੀ ਹੋਂਦ ਨੂੰ ਅਤਿ ਛੋਟੀ ਜਾਣ ਕੇ ਅਰਦਾਸ ਕਰਨੀ; ਅਰਦਾਸ ਭਗਤੀ ਕਹਾਉਂਦੀ ਹੈ। ਇਸਲਾਮ ਵਾਲਿਆਂ ਦੀਆਂ ਨਿਮਾਜ਼ਾਂ ਅਤੇ ਇਸਾਈ ਧਰਮ ਦੀ ਗਿਰਜੇ ਵਿਚ ਜਾ ਕੇ ਸਮੂੰਹਿਕ ਅਰਦਾਸ, ਸਿੱਖ ਧਰਮ ਦੀ ਸਮੂੰਹਿਕ ਅਰਦਾਸ; ਅਰਦਾਸ ਭਗਤੀ ਕਹਾਉਂਦੀ ਹੈ। ਇਹ ਅਰਦਾਸ ਤੁਸੀਂ ਇਕੱਲਿਆਂ ਪ੍ਰਭੂ ਨੂੰ ਹਾਜ਼ਰ-ਨਾਜ਼ਰ ਜਾਣਦਿਆਂ, ਉਸ ਦੇ ਸਦਾ-ਸਦਾ ਦਇਆਲ ਰੂਪ ਨੂੰ ਅੰਦਰ ਧਾਰਦਿਆਂ ਹੋਇਆਂ ਆਪਣੀ ਅਲਪੱਗਤਾ ਤੇ ਆਪਣੀ ਦੂਰੀ ਨੂੰ ਦੂਰ ਕਰਨ ਲਈ ਵਾਹਿਗੁਰੂ ਦਰਸ਼ਨਾਂ ਦੀ ਲੋਚਾ ਰਖਦਿਆਂ ਹੋਇਆਂ ਅਰਦਾਸਾਂ ਕਰਨਾ ਇਹ ਵੀ ਇਸ ਭਗਤੀ ਦਾ ਅੰਗ ਹੈ।

6. **ਅਰਚਨ ਭਗਤੀ** - ਆਪਣੇ ਇਸ਼ਟ ਨੂੰ ਫੁੱਲ ਆਦਿ ਸੁਗੰਧੀਆਂ ਅਰਪਣ ਕਰਨੀਆਂ, ਝਾੜੂ ਦੇਣੇ, ਹੋਰ ਅਨੇਕ ਤਰ੍ਹਾਂ ਦੀਆਂ ਸਫਾਈਆਂ ਕਰਨੀਆਂ ਅਤੇ ਸੰਗਤਾਂ ਦੀ ਸੇਵਾ ਕਰਨੀ, ਗੁਰੂ ਦੀ ਸੇਵਾ ਕਰਨੀ, ਵਾਹਿਗੁਰੂ ਦੀ ਸੇਵਾ ਜਨਤਾ ਦੀ ਸੇਵਾ ਕਰਦਿਆਂ ਕਰਨੀ; ਅਰਚਣ ਭਗਤੀ ਕਹਾਉਂਦੀ ਹੈ।

7. **ਦਾਸਾ ਭਾਵ** - ਵਫਾਦਾਰ ਨੌਕਰ ਦੀ ਤਰ੍ਹਾਂ ਆਪਣਾ ਆਪਾ ਆਪਣੇ ਮਾਲਕ ਦੀ ਸੇਵਾ ਕਰਦਿਆਂ, ਉਸ ਦਾ ਹੁਕਮ ਮੰਨਦਿਆਂ ਘੋਲ ਘੁਮਾ ਦੇਣਾ ਦਾਸਾ ਭਾਵ ਕਹਾਉਂਦਾ ਹੈ। ਇਸ ਉਪਰ ਇਕ ਕਥਾ ਹੈ ਜਿਸ ਨਾਲ ਗੱਲ ਸਮਝ ਵਿਚ ਆ ਜਾਏਗੀ।

ਇਕ ਵਾਰੀ ਦੀ ਗੱਲ ਹੈ ਜਦੋਂ ਦੁਨੀਆਂ ਵਿਚ ਬੰਦਿਆਂ ਨੂੰ ਫੜ ਕੇ ਮੁੱਲ ਵੇਚ ਦਿਆ ਕਰਦੇ ਸਨ ਅਤੇ ਉਨ੍ਹਾਂ ਨੂੰ ਦਾਸ ਜਾਂ ਗੁਲਾਮ ਕਿਹਾ ਕਰਦੇ ਸਨ। ਬਹੁਤ ਬੁਰੀ ਆਦਤ ਸੀ ਪਰ ਇਹ ਸਾਰੀ ਦੁਨੀਆਂ ਵਿਚ ਪ੍ਰਚਲਿਤ ਸੀ। ਭਾਰਤ ਵਰਸ਼ ਵਿਚ ਆਕਰਮਣਕਾਰੀ ਰਾਜੇ ਹੋਇਆ ਕਰਦੇ ਸਨ। ਜੰਗ ਵਿਚੋਂ ਕੈਦੀ ਬਣਾ ਕੇ ਅਤੇ ਪਿੰਡਾਂ, ਸ਼ਹਿਰਾਂ ਵਿਚੋਂ ਮਰਦ, ਇਸਤ੍ਰੀਆਂ ਨੂੰ ਕੈਦੀ ਬਣਾ ਕੇ ਲੈ ਜਾਇਆ ਕਰਦੇ ਸਨ ਅਤੇ ਉਨ੍ਹਾਂ ਨੂੰ ਨਿਖਾਸ (ਮੰਡੀ) ਵਿਚ ਲਿਜਾ ਕੇ ਬੋਲੀ ਕਰਕੇ ਵੇਚ ਦਿਤਾ ਜਾਇਆ ਕਰਦਾ ਸੀ। ਉਨ੍ਹਾਂ ਨੂੰ ਦਾਸ ਜਾਂ ਗੁਲਾਮ (slave), ਲਾਲਾ ਗੋਲਾ ਕਿਹਾ ਜਾਂਦਾ ਸੀ। ਅਫਗਾਨਿਸਤਾਨ ਦੇ ਰਾਜੇ ਇਬਰਾਹੀਮ ਦੇ ਪਾਸ ਖਰੀਦੇ ਹੋਏ ਬੰਦਿਆਂ ਵਿਚ ਇਕ ਗੁਲਾਮ ਆਇਆ ਜਿਸਨੂੰ ਵੇਖ ਕੇ ਇਬਰਾਹੀਮ ਦੇ ਮਨ ਵਿਚ ਖਿਆਲ ਆਇਆ ਕਿ ਕਿੰਨਾ ਸੋਹਣਾ-ਸੁਨੱਖਾ ਮਨੁੱਖ ਹੈ ਪਰ ਇਹ ਗੁਲਾਮ ਬਣ ਗਿਆ ਹੈ। ਇਸ ਤੋਂ ਗੁਲਾਮਾਂ ਵਾਲਾ ਕੰਮ ਨਾ ਲਿਆ ਜਾਵੇ ਸਗਮਾਂ ਕੁਝ ਰਿਆਇਤਾਂ ਦੇ ਦਿਤੀਆਂ ਜਾਣ। ਖਾਣ-ਪੀਣ, ਸੌਣ, ਪਹਿਨਣ ਦੀ ਸਹੂਲਤ ਦਿਤੀ ਜਾਵੇ। ਇਸ ਆਸ਼ੇ ਨੂੰ ਮੁੱਖ ਰਖਦਿਆਂ ਉਸ ਨੇ ਗੁਲਾਮ ਨੂੰ ਬੁਲਾਇਆ ਤੇ ਪੁਛਿਆ ਕਿ ਐ ਗੁਲਾਮ! ਤੇਰਾ ਕੀ ਨਾਮ ਹੈ? ਤੂੰ ਕਿਹੋ ਜਿਹੇ ਕੱਪੜੇ ਪਹਿਨਣਾ ਚਾਹੁੰਦਾ ਹੈਂ, ਤੇਰੀਆਂ ਖਾਣ-ਪੀਣ ਦੀਆਂ ਕੀ ਆਦਤਾਂ ਹਨ, ਤੂੰ ਕਦੋ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈ? ਇਹ ਗੱਲ ਸੁਣ ਕੇ ਉਸਨੇ ਦੋਵੇਂ ਹੱਥ ਬੰਨ੍ਹ ਕੇ ਸੀਸ ਨਿਵਾਇਆ ਤੇ ਬੇਨਤੀ

ਕੀਤੀ ਕਿ ਹਜ਼ੂਰ! ਮੈਂ ਆਪ ਦਾ ਗੁਲਾਮ ਹਾਂ, ਗੁਲਾਮ ਦਾ ਆਪਣੇ ਸਰੀਰ ਉਪਰ ਕੋਈ ਹੱਕ ਨਹੀਂ ਰਿਹਾ ਕਰਦਾ। ਸਾਰੀ ਗੱਲ ਮਾਲਕ ਦੇ ਸੁਭਾਅ ਉਪਰ ਨਿਰਭਰ ਹੋਇਆ ਕਰਦੀ ਹੈ। ਮੇਰਾ ਨਾਮ ਕਾਹਦਾ! ਮੈਂ ਸੁਤੰਤਰ ਸੀ ਤਾਂ ਮੇਰੇ ਨਾਮ ਨਾਲ ਕਈ ਅੱਖਰ ਵਾਧੂ ਬੋਲੇ ਜਾਇਆ ਕਰਦੇ ਸਨ ਜਿਸ ਤੋਂ ਮੇਰਾ ਸਤਿਕਾਰ ਪ੍ਰਗਟ ਹੋਇਆ ਕਰਦਾ ਸੀ। ਮੇਰੀ ਪਦਵੀ ਦੇ ਮੁਤਾਬਿਕ ਮੈਨੂੰ ਮਾਣ ਦਿਤਾ ਜਾਂਦਾ ਸੀ। ਹੁਣ ਮੇਰਾ ਕਾਹਦਾ ਨਾਮ ਰਿਹਾ? ਹੁਣ ਜਿਹੜਾ ਵੀ ਨਾਮ ਆਪ ਰੱਖ ਦੇਵੋਂਗੇ, ਮੈਂ ਉਸੇ ਨਾਮ ਨਾਲ ਬੋਲ ਪਿਆ ਕਰਾਂਗਾ।

ਦੂਜੀ ਰਹੀ ਕੱਪੜੇ ਪਹਿਨਣ ਦੀ ਗੱਲ। ਜਦੋਂ ਮੈਂ ਅਜ਼ਾਦ ਸੀ ਤਾਂ ਮਨ ਭਾਉਂਦੇ ਵਸਤਰ ਪਹਿਨਿਆਂ ਕਰਦਾ ਸੀ। ਰੇਸ਼ਮੀ ਵਸਤਰ ਪਹਿਨਦਾ ਸਾਂ, ਸੁੰਦਰ ਦਸਤਾਰ ਬੰਨਦਾ ਸਾਂ। ਹੁਣ ਮੇਰਾ ਕੋਈ ਹੱਕ ਨਹੀਂ ਰਿਹਾ, ਜਿਹੋ ਜਿਹੇ ਕੱਪੜੇ ਮੇਰੇ ਪਹਿਨੇ ਹੋਏ ਅੱਛੇ ਲਗਦੇ ਹਨ ਉਹੋ ਜਿਹੇ ਦੇ ਦਿਆ ਕਰੋ, ਮੈਂ ਪਹਿਨ ਲਿਆ ਕਰਾਂਗਾ ਭਾਵੇਂ ਉਹ ਕਿਸੇ ਦਾ ਪਹਿਨਿਆਂ ਹੋਇਆ ਉਤਾਰ ਹੀ ਹੋਵੇ, ਚਾਹੇ ਪਾਟੇ ਹੋਣ, ਮੈਂ ਖੁਸ਼ੀ ਨਾਲ ਪ੍ਰਵਾਨ ਕਰ ਲਿਆ ਕਰਾਂਗਾ।

ਤੀਸਰੀ ਬਾਤ ਜੋ ਤੁਸੀਂ ਮੈਨੂੰ ਪੁਛਿਆ ਹੈ ਕਿ ਤੇਰੀ ਖਾਣ-ਪੀਣ ਦੀ ਕੀ ਆਦਤ ਹੈ। ਜਦੋਂ ਮੈਂ ਅਜ਼ਾਦ ਸਾਂ ਤਾਂ ਮਨ ਭਾਉਂਦੀ ਖੁਰਾਕ ਖਾਇਆ ਕਰਦਾ ਸੀ ਕਿ ਕਿਹੜੀ-ਕਿਹੜੀ ਚੀਜ਼ ਪਕਾਉਣੀ ਹੈ। ਹੁਣ ਮੈਨੂੰ ਤੁਸੀਂ ਜਿਹੋ ਜਿਹੇ ਪਦਾਰਥ ਖਾਣ ਨੂੰ ਦੇ ਦਿਆ ਕਰੋਂਗੇ ਭਾਵੇਂ ਉਹ ਬਾਸੀ ਹੋਣ, ਭਾਵੇਂ ਜੂਠੇ ਹੋਣ, ਭਾਵੇਂ ਸੁਆਦ ਹੋਣ, ਭਾਵੇਂ ਬੇ-ਸੁਆਦ ਹੋਣ; ਮੈਂ ਖਾਣੇ ਹੀ ਖਾਣੇ ਹਨ। ਇਸ ਵਾਸਤੇ ਮੇਰੀ ਕੋਈ ਸੁਤੰਤਰ ਇਛਿਆ ਕਰਨੀ ਮੂਰਖਤਾ ਹੈ।

ਚੌਥੀ ਗੱਲ ਜੋ ਮੇਰੇ ਜਾਗਣ ਸੌਣ ਬਾਰੇ ਤੁਸੀਂ ਪੁੱਛੀ ਹੈ, ਜਦੋਂ ਮੈਨੂੰ ਛੁੱਟੀ ਦੇ ਦਿਆ ਕਰੋਂਗੇ ਮੈਂ ਸੌਂ ਜਾਇਆ ਕਰਾਂਗਾ। ਜੇ ਅਵਾਜ਼ ਮਾਰੋਂਗੇ ਤਾਂ ਉਠ ਜਾਇਆ ਕਰਾਂਗਾ ਕਿਉਂਕਿ ਮੈਂ ਗੁਲਾਮ ਹਾਂ, ਦਾਸ ਹਾਂ। ਸੋ ਇਸ ਕਰਕੇ ਜੋ ਦਾਸਾ ਭਗਤੀ ਹੁੰਦੀ ਹੈ ਉਸ ਵਿਚ ਆਪਣੀ ਮਰਜ਼ੀ ਪੂਰੀ ਤਰ੍ਹਾਂ ਨਾਲ ਗੁਰੂ ਨੂੰ ਸਮਰਪਿਤ ਕਰਨੀ ਪੈਂਦੀ ਹੈ। ਆਪਣੀ ਕੋਈ ਇੱਛਿਆ ਬਾਕੀ ਨਹੀਂ ਰਿਹਾ ਕਰਦੀ। ਜੋ ਕੁਛ ਮਾਲਕ ਨੂੰ ਭਾਉਂਦਾ ਹੈ, ਉਹੋ ਹੀ ਖੁਸ਼ੀ ਨਾਲ ਪ੍ਰਵਾਨ ਕਰਨਾ ਪੈਂਦਾ ਹੈ। ਸੋ ਇਹ ਭਗਤੀ ਦਾਸਾ ਭਾਵ ਭਗਤੀ ਕਹਾਇਆ ਕਰਦੀ ਹੈ।

**8. ਸਖਾ ਭਾਵ** – ਜਦੋਂ ਵਾਹਿਗੁਰੂ ਨਾਲ ਬਹੁਤ ਪਿਆਰ ਹੋ ਜਾਂਦਾ ਹੈ ਤਾਂ ਉਸ ਸਮੇਂ ਸੁਰਤ ਹਰ ਵਕਤ ਆਪਣੇ ਮਾਲਕ ਵਲ ਖਿਚੀ ਰਹਿੰਦੀ ਹੈ। ਉਸ ਨਾਲ ਪਿਆਰ ਵਿਚ ਲੀਨ ਹੋਇਆਂ, ਉਸ ਨੂੰ ਆਪਣਾ ਮਿੱਤਰ ਸਮਝ ਕੇ ਮਿੱਤਰ ਧਰਮ ਨੂੰ ਪਾਲਿਆ ਜਾਂਦਾ ਹੈ ਅਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਿਹਾ ਜਾਂਦਾ ਹੈ।

ਅਰਜਨ ਦਾ ਪਿਆਰ ਕ੍ਰਿਸ਼ਨ ਮਹਾਰਾਜ ਜੀ ਨਾਲ ਮਿੱਤਰ ਭਗਤੀ ਦਾ ਸੂਚਕ ਹੈ ਜੋ ਕੁਛ ਵੀ ਮਿਤਰ ਕਰਦਾ ਹੈ ਉਸ ਉਪਰ ਕਿੰਤੂ ਨਹੀਂ ਕੀਤਾ ਜਾਇਆ ਕਰਦਾ ਕਿਉਂਕਿ ਉਸ ਨੂੰ ਆਪਣਾ ਮਿੱਤਰ ਸਮਝਿਆ ਜਾਂਦਾ ਹੈ–

***ਮੀਤੁ ਕਰੈ ਸੋਈ ਹਮ ਮਾਨਾ॥***
***ਮੀਤ ਕੇ ਕਰਤਬ ਕੁਸਲ ਸਮਾਨਾ॥***

***ਅੰਗ – 187***

ਗੁਰੂ ਦਸ਼ਮੇਸ਼ ਪਿਤਾ ਜਦੋਂ ਚਮਕੌਰ ਦਾ ਜੁੱਧ ਸਮਾਪਤ ਕਰਕੇ ਅਤਿ ਦੀ ਸਰਦੀ ਵਿਚ ਥਕੇਵੇਂ ਨਾਲ ਚੂਰ ਹੋਏ-ਹੋਏ ਮਾਛੀਵਾੜੇ ਦੇ ਜੰਗਲ ਵਿਚ, ਸਰ੍ਹਾਣੇ ਖੂਹ ਦੀ ਇਕ ਟਿੰਡ ਰੱਖ ਕੇ ਠੰਢੀ ਅਤੇ ਗਿੱਲੀ ਧਰਤੀ ਤੇ ਬਿਰਾਜਮਾਨ ਸਨ, ਸੰਸਾਰੀ ਦ੍ਰਿਸ਼ਟੀਕੋਣ ਨਾਲ ਦੇਖਿਆਂ ਇਹ ਸਮਾਂ ਬਹੁਤ ਹੀ ਭਿਆਨਕ ਸੀ ਪਰ ਉਸ ਵੇਲੇ ਦਸ਼ਮੇਸ਼ ਪਿਤਾ ਜੀ ਆਪਣੇ ਮਿੱਤਰ ਨੂੰ ਸੁਨੇਹਾ ਦਿੰਦੇ ਹੋਏ ਕੋਈ ਸ਼ਕਾਇਤ ਨਹੀਂ ਕਰਦੇ ਸਗਮਾਂ ਉਸ ਸੱਥਰ ਉਤੇ ਪਏ ਭੀ ਉਸ ਨੂੰ ਬਹੁਤ ਹੀ ਚੰਗਾ ਸਮਝਦੇ ਸਨ ਕਿਉਂਕਿ ਉਹ ਉਨ੍ਹਾਂ ਦੇ ਮਿੱਤਰ ਵਲੋਂ ਦਿਤੀ ਹੋਈ ਸਥਿਤੀ ਸੀ –

*ਮਿਤ੍ਰ ਪਿਆਰੇ ਨੂੰ*
*ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ*
*ਭੱਠ ਖੇੜਿਆਂ ਦਾ ਰਹਣਾ॥*
*ਖਿਆਲ ਪਾਤਿਸ਼ਾਹੀ ੧੦*

**9. ਆਤਮ ਨਿਵੇਦਨ** - ਇਨ੍ਹਾਂ ਸਾਰੀਆਂ ਭਗਤੀਆਂ ਨੂੰ ਪਿਆਰ ਦਾ ਫਲ ਲਗਦਾ ਹੈ, ਇਸ ਪਿਆਰ ਦੀ ਲੀਨਤਾ ਵਿਚ ਇਹ ਭਗਤੀ ਕਰਦਿਆਂ ਅੰਦਰ ਭਾਵਨਾ ਜਾਗਦੀ ਹੈ ਕਿ ਹੇ ਪ੍ਰਭੂ! ਮੈਂ ਤਾਂ ਕੁਛ ਵੀ ਨਹੀਂ ਹਾਂ ਤੇ ਮੇਰਾ ਕੁਛ ਵੀ ਨਹੀਂ ਹੈ; ਜੋ ਕੁਛ ਹੈ ਉਹ ਤੂੰ ਆਪ ਹੀ ਆਪ ਹੈਂ ਅਤੇ ਤੇਰਾ ਹੀ ਤੇਰਾ ਹੈ। ਆਪਣੀ ਹੋਂਦ ਵੀ ਵਾਹਿਗੁਰੂ ਦੇ ਚਰਨਾਂ ਵਿਚ ਭੇਂਟ ਕਰ ਦੇਣਾ ਅਤੇ ਆਪਣਾ ਆਪਾ ਭਾਵ ਗੁਆ ਕੇ ਅੰਦਰ ਬਾਹਰ ਇਕ ਵਾਹਿਗੁਰੂ ਨੂੰ ਹੀ ਤੱਕਣਾ ਆਤਮ ਨਿਵੇਦਨ ਕਹਾਇਆ ਕਰਦਾ ਹੈ। ਸੋ ਇਹ ਨੌਂ ਤਰ੍ਹਾਂ ਦੀ ਭਗਤੀ ਉਪਾਸ਼ਨਾ ਕਾਂਡ ਵਿਚ ਹੋਇਆ ਕਰਦੀ ਹੈ, ਜੋ ਮਨ ਨੂੰ ਪੂਰੀ ਤਰ੍ਹਾਂ ਨਾਲ ਵਿਖਸ਼ੇਪਤਾ ਦੂਰ ਕਰਕੇ, ਇਕਾਗਰਤਾ ਦੇ ਰਸ ਨਾਲ, ਭਰਪੂਰ ਕਰ ਦਿੰਦੀ ਹੈ। ਇਹ ਦੂਸਰਾ ਸਾਧਨ ਹੈ ਜਿਸ ਨੂੰ ਕਾਰੋਬਾਰੀ ਬੰਦੇ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦੇ, ਸਾਰੇ ਹੀ ਕਰ ਸਕਦੇ ਹਨ। ਇਹਦੇ ਵਿਚ ਕੇਵਲ ਭਾਵਨਾ ਕੰਮ ਕਰਦੀ ਹੈ। ਸੋ ਇਸ ਪਿਆਰ ਭਾਵਨਾ ਰਾਹੀਂ ਭਗਤੀ ਮੰਡਲ ਵਿਚ ਪ੍ਰਵੇਸ਼ ਕਰਕੇ ਇਸ ਦੀ ਅੰਤਮ ਸੀਮਾਂ ਤੇ ਪੁੱਜ ਕੇ ਗਿਆਨ ਦੀ ਵਾਰੀ ਆਇਆ ਕਰਦੀ ਹੈ।

ਗਿਆਨ, ਅਸਲੀਅਤ ਨੂੰ ਪਹਿਚਾਨਣਾ ਅਤੇ ਪਹਿਚਾਣ ਕੇ ਆਪਣੀ ਹੰਗਤਾ ਤੇ ਮਮਤਾ ਨੂੰ ਪੂਰੀ ਤਰ੍ਹਾਂ ਨਾਸ਼ ਕਰਕੇ, ਅੰਦਰ ਬਾਹਰ ਇਕੋ ਪਰਿਪੂਰਨ ਸ਼ਕਤੀ ਵਾਹਿਗੁਰੂ ਜੀ ਦਾ ਅਨੁਭਵ ਕਰਨਾ, ਦ੍ਵੈਤ ਵਿਚੋਂ ਨਿਕਲ ਕੇ ਪ੍ਰੇਮ ਸ਼ਾਂਤ ਅਵਸਥਾ ਵਿਚ ਲੀਨ ਰਹਿਣਾ, ਸਭ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਦੇਖਣਾ, ਮਹਿਸੂਸ ਕਰਨਾ ਗਿਆਨ ਕਹਾਇਆ ਕਰਦਾ ਹੈ। ਇਹ ਬਹੁਤ ਹੀ ਸੁਖੈਨ ਮਾਰਗ ਹੈ ਜੋ ਗੁਰੂ ਮਹਾਰਾਜ ਜੀ ਨੇ ਕਲਜੁੱਗ ਦੇ ਮਨੁੱਖਾਂ ਦੀਆਂ ਮਨੋਬਿਰਤੀਆਂ ਦੇਖਦੇ ਹੋਏ, ਇਨ੍ਹਾਂ ਦੇ ਉਧਾਰ ਲਈ ਸੁਖੈਨ ਮਾਰਗ ਪ੍ਰਚਲਤ ਕੀਤਾ ਹੈ। ਸੋ ਗੁਰੂ ਘਰ ਵਿਚ ਕਰਮ, ਉਪਾਸ਼ਨਾ, ਗਿਆਨ ਪ੍ਰਸਿੱਧ ਸਾਧਨ ਹਨ ਇਨ੍ਹਾਂ ਦੇ ਉਪਰ ਸੱਚ ਆਚਾਰ ਦਾ ਜੀਵਨ ਜੀਵਿਆ ਜਾਂਦਾ ਹੈ ਜਿਸ ਤਰ੍ਹਾਂ ਨਾਲ -

*ਸਚਹੁ ਓਰੈ ਸਭੁ ਕੋ*
*ਉਪਰਿ ਸਚੁ ਆਚਾਰੁ॥ ਅੰਗ - 62*

ਤੁਸੀਂ ਜੋ ਪ੍ਰਸ਼ਨ ਕੀਤਾ ਸੀ, ਉਹ ਬਹੁਤ ਲੰਮੀ ਵਿਚਾਰ ਦਾ ਖੇਤਰ ਹੈ। ਸੋ ਇਸ ਨੂੰ ਸਮੇਂ-ਸਮੇਂ ਸਿਰ ਵਿਚਾਰਿਆ ਜਾਏਗਾ।

ਸਮਾਂ ਹੋ ਗਿਆ, ਸੰਤ ਮਹਾਰਾਜ ਜੀ ਨੇ ਸਭ ਨੂੰ ਪ੍ਰੇਮ ਦ੍ਰਿਸ਼ਟ ਨਾਲ ਤੱਕਿਆ, ਸਾਰੀ ਸੰਗਤ ਨੇ ਸੀਸ ਨਿਵਾਇਆ। ਆਪ ਕੁਰਸੀ ਤੋਂ ਉਠ ਕੇ ਆਪਣੇ ਨਿੱਜ ਕਮਰੇ ਵਿਚ ਜਾਣ ਲੱਗੇ। ਸੰਗਤਾਂ ਨੇ ਖੜ੍ਹੋ ਕੇ ਸਤਿਕਾਰ ਕੀਤਾ ਅਤੇ ਸੀਸ ਨਿਵਾ ਕੇ ਆਪੋ ਆਪਣੇ ਕਾਰਜਾਂ ਲਈ ਚੁੱਪ ਚਪੀਤੇ ਵਿਦਾ ਹੋਏ।

# ਸੰਤ ਬਚਨ

(ਭਾਗ - ਦੂਜਾ)

ਅੱਜ 16 ਮਈ 1962 ਦਾ ਦਿਨ ਸੀ, ਕੱਲ੍ਹ 15 ਮਈ ਦੇ ਬਚਨ ਕੀਤੇ ਹੋਏ ਸੰਗਤਾਂ ਨੇ ਸੁਣੇ, ਇਕ ਦੂਜੇ ਨਾਲ ਵਿਚਾਰਾਂ ਹੋਈਆਂ। ਅੱਜ ਸੰਗਤ ਹੋਰ ਵੀ ਹੁਮ-ਹੁਮਾ ਕੇ ਆਈ ਹੋਈ ਸੀ ਅਤੇ ਪਾਰਕ ਵਿਚ ਪਹੁੰਚ ਕੇ ਇਕ ਦੂਜੇ ਨੂੰ ਫਤਹਿ ਬੁਲਾ ਕੇ ਆਰਾਮ ਨਾਲ ਬੈਠ ਜਾਂਦੇ ਸਨ। ਕੁਰਸੀ ਤੇ ਮਿਲਣ ਦਾ ਸਮਾਂ ਹੋ ਗਿਆ, ਉਸੇ ਸਮੇਂ ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਆਪਣੇ ਕਮਰੇ ਵਿਚੋਂ ਨਿਕਲ ਕੇ ਵਰਾਂਡੇ ਵਿਚੀਂ ਹੋ ਕੇ ਬਾਹਰ ਆਏ। ਸਤਿਕਾਰ ਵਜੋਂ ਸਾਰੇ ਪ੍ਰੇਮੀ ਜੋ ਪਹੁੰਚੇ ਹੋਏ ਸਨ, ਉਠ ਕੇ ਖੜ੍ਹੇ ਹੋ ਗਏ ਅਤੇ ਸਭ ਨੇ ਫਤਹਿ ਬੁਲਾਈ, ਉਪਰੰਤ ਆਪਣੇ-ਆਪਣੇ ਥਾਂ ਤੇ ਬੈਠ ਗਏ। ਸੰਤ ਮਹਾਰਾਜ ਜੀ ਵੀ ਆਪਣੀ ਕੁਰਸੀ ਉਪਰ ਸ਼ਸ਼ੋਭਿਤ ਹੋ ਗਏ। ਉਸ ਵੇਲੇ ਆਪ ਜੀ ਨੇ ਸਾਡੇ ਵਲ ਦੇਖਿਆ ਅਤੇ ਕਿਹਾ ਕਿ ਅੱਜ ਕੀ ਪ੍ਰਸ਼ਨ ਲੈ ਕੇ ਆਏ ਹੋਂ? ਤਾਂ ਦਾਸ (ਵਰਿਆਮ ਸਿੰਘ) ਨੇ ਬੇਨਤੀ ਕੀਤੀ ਕਿ ਮਹਾਰਾਜ! ਸਵਾਲ ਤਾਂ ਇਕੋ ਹੀ ਰਹਿਣਾ ਹੈ ਕਿ ਭਵਸਾਗਰ ਕਿਵੇਂ ਤਰਿਆ ਜਾਵੇ? ਕੱਲ੍ਹ ਆਪ ਜੀ ਨੇ ਭਗਤੀ ਮਾਰਗ ਤੇ ਵਿਸਥਾਰ ਪੂਰਵਕ ਪ੍ਰਕਾਸ਼ ਪਾਇਆ ਸੀ ਪਰ ਅਸਲੀ ਸਵਾਲ ਅਜੇ ਵੀ ਉਤਰ-ਯੋਗ ਹੈ, ਕ੍ਰਿਪਾ ਕਰਕੇ ਭਵਸਾਗਰ ਨੂੰ ਤਰਨ ਦਾ ਕੋਈ ਸੌਖਾ ਸਾਧਨ ਦੱਸਣ ਦੀ ਕ੍ਰਿਪਾਲਤਾ ਕਰੋ। ਉਸ ਵੇਲੇ ਸੰਤ ਮਹਾਰਾਜ ਜੀ ਨੇ ਸਾਰਿਆਂ ਵਲ ਨਜ਼ਰ ਭਰ ਕੇ ਤੱਕਿਆ। ਸਾਨੂੰ ਐਉਂ ਲੱਗਿਆ ਕਿ ਆਪ ਜੀ ਅਸਾਡੀ ਸਰੋਤਿਆਂ ਦੀ ਆਤਮਕ ਉਚਤਾ ਦਾ ਅਨੁਮਾਨ ਲਾ ਕੇ ਉਸੇ ਤਰ੍ਹਾਂ ਦੇ ਬਚਨ ਕਰਨਗੇ ਜੋ ਬਚਨ ਅਸਾਡੀ ਅਲਪ ਬੁੱਧੀ ਵਿਚ ਸਮਝਿਆ ਜਾ ਸਕੇ।

ਸੰਤ ਮਹਾਰਾਜ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁਰਮਾਉਣ ਲੱਗੇ ਕਿ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਹੀ ਖੋਲ੍ਹ ਕੇ ਦੱਸਿਆ ਹੈ -

***ਸੰਤਹੁ ਸਾਗਰੁ ਪਾਰਿ ਉਤਰੀਐ।।***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ॥ ਅੰਗ-747***

ਇਸ ਸ਼ਬਦ ਵਿਚ ਕਲਜੁਗ ਦੇ ਸਮੇਂ ਨੂੰ ਵਿਚਾਰਦਿਆਂ ਕਰਮਾਂ ਧਰਮਾਂ ਦੇ ਫਲ ਨੂੰ ਕੋਈ ਮਹੱਤਤਾ ਨਾ ਦਿੰਦਿਆਂ ਫੁਰਮਾਨ ਕੀਤਾ ਹੈ ਕਿ ਇਨ੍ਹਾਂ ਕਰਮਾਂ ਧਰਮਾਂ ਦੇ ਕਰਨਹਾਰੇ ਜਦੋਂ ਪ੍ਰਲੋਕ ਨੂੰ ਜਾਂਦੇ ਹਨ ਤਾਂ ਉਨ੍ਹਾਂ ਦਾ ਵਾਹ ਜਮ ਲੋਕਾਂ ਵਿਚ ਜਮਾਂ ਨਾਲ ਪੈਂਦਾ ਹੈ। ਉਸ ਦੇਸ਼ ਦੇ ਆਪਣੇ rules (ਕਾਨੂੰਨ) ਹਨ। ਐਸਾ ਸਿਆਣੇ ਪੁਰਸ਼ ਦੱਸਦੇ ਹਨ ਕਿ ਜਮਲੋਕ ਦਾ ਪੈਂਡਾ ਬਹੁਤ ਹੀ ਬਿਖੜਾ ਹੈ; ਕਿਤੇ ਹਨ੍ਹੇਰਾ ਘੁੱਪ ਆਉਂਦਾ ਹੈ, ਕਿਤੇ ਤਪਦੀ ਧਰਤੀ ਉਪਰ ਦੀ ਜਾਂਦਾ ਹੈ, ਕਿਤੇ ਅਤਿ ਤ੍ਰਿਖਾ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਕਿਤੇ ਤਲਵਾਰ ਵਰਗੇ ਪੱਤਿਆਂ ਦੇ ਵਿਚੋਂ ਲੰਘਣਾ ਪੈਂਦਾ ਹੈ। ਕਿਸੇ ਥਾਂ ਤੇ ਪੁਰਸ਼ਲਾਤ ਦਾ ਜ਼ਿਕਰ ਆਉਂਦਾ ਹੈ, ਕਿਤੇ ਭੁੱਖ ਪਿਆਸ ਦੀ ਬਿਹਬਲਤਾ ਨਾਲ ਜੀਵ ਦਾ ਵਾਹ ਪੈਂਦਾ ਹੈ। ਯਾਨਿ ਕਿ ਇਸ ਜਮ ਮਾਰਗ ਵਿਚ ਬਹੁਤ ਹੀ ਬਿਖਮ ਘਾਟੀਆਂ ਹਨ ਜਿਨ੍ਹਾਂ ਨੂੰ ਲੰਘਣ ਸਮੇਂ ਇਹ ਜੀਵ ਰੋਂਦਾ ਕੁਰਲਾਂਦਾ ਹੈ -

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ॥ ਅੰਗ - 520***

ਉਸ ਸਮੇਂ ਜੀਵ ਤਰਲੇ ਕਰਦਾ ਹੈ ਤਾਂ ਜਮਲੋਕ ਵਿਚ ਇਸ ਦੇ ਮ੍ਰਿਤੂ ਮੰਡਲ ਵਿਚ ਕੀਤੇ ਹੋਏ ਪੁੰਨਾਂ ਨੂੰ ਨਾਪਿਆ ਤੋਲਿਆ ਜਾਂਦਾ ਹੈ। ਜਿਸ ਬਿਖੜੀ ਹਾਲਤ ਵਿਚ ਇਹ ਜੀਵ, ਪ੍ਰਲੋਕ ਦੇ ਲੰਬੇ ਪੈਂਡੇ ਤੇ ਧਾਹਾਂ ਮਾਰਦਾ ਜਾ ਰਿਹਾ ਹੈ, ਉਥੇ ਇਸ ਦੇ ਕੀਤੇ ਹੋਏ ਕਰਮ ਦਾ ਮੁੱਲ ਪਾ ਕੇ ਉਸ ਸੰਕਟ ਨੂੰ ਦੂਰ ਕਰ ਦਿਤਾ ਜਾਂਦਾ ਹੈ ਜਦੋਂ ਉਸ ਪੁੰਨ ਦਾ ਫਲ ਮੁੱਕ ਗਿਆ, ਮੁੜ ਕੇ ਫੇਰ ਹੋਰ ਪੁੰਨ ਦਿੰਦਾ ਹੈ ਉਸੇ ਤਰ੍ਹਾਂ -

***ਜਿਹ ਮਾਰਗ ਕੇ ਗਨੇ***
***ਜਾਹਿ ਨ ਕੋਸਾ॥ ਅੰਗ - 264***

ਮੁਤਾਬਿਕ ਇਸ ਜੀਵ ਦੇ ਸਾਰੇ ਪੁੰਨ ਕਰਮ ਟੋਲ ਟੈਕਸ ਦਿੰਦਿਆਂ ਖਤਮ ਹੋ ਜਾਇਆ ਕਰਦੇ ਹਨ।

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥***
***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ॥***

***ਅੰਗ - 747***

ਇਸੇ ਤਰ੍ਹਾਂ ਨਾਲ ਕਲਜੁੱਗ ਦੇ ਅੰਦਰ ਸਾਰੇ ਤੀਰਥ ਮੰਦ ਕਰਮੀ ਜੀਵਾਂ ਦੇ ਮੰਦੇ ਕਰਮਾਂ ਦੀ ਮੈਲ ਨਾਲ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੇ ਹਨ। ਪਹਿਲਿਆਂ ਸਮਿਆਂ ਵਿਚ ਤੀਰਥਾਂ ਦੀ ਪਵਿੱਤਰਤਾ ਕਾਇਮ ਰਹਿੰਦੀ ਸੀ ਕਿਉਂਕਿ ਬੰਦਗੀ ਕਰਨ ਵਾਲੇ ਮਹਾਂਪੁਰਸ਼ ਇਨ੍ਹਾਂ ਤੀਰਥਾਂ ਦੇ ਅਭਿਮਾਨੀ ਦੇਵਤਿਆਂ ਦੀ ਬੇਨਤੀ ਮੰਨ ਕੇ ਇਨ੍ਹਾਂ ਤੀਰਥਾਂ ਵਿਚ ਇਸ਼ਨਾਨ ਕਰਨ ਚਲੇ ਜਾਇਆ ਕਰਦੇ ਸਨ। ਉਨ੍ਹਾਂ ਦੇ ਸਪਰਸ਼ ਨਾਲ ਤੀਰਥਾਂ ਦੀ ਸੂਖਸ਼ਮ ਮੈਲ ਦੂਰ ਹੋ ਜਾਇਆ ਕਰਦੀ ਸੀ। ਜਿਵੇਂ ਗੁਰੂ ਮਹਾਰਾਜ ਜੀ ਦੇ ਰੂਹਾਨੀ ਫੁਰਮਾਨ ਤੋਂ ਪ੍ਰਗਟ ਹੁੰਦਾ ਹੈ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ***
***ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ - 1263***

ਹੁਣ ਕਲਜੁੱਗ ਦੇ ਅੰਦਰ ਜੀਵਾਂ ਦੀ ਮੰਦੀ ਹਾਲਤ ਹੈ। ਤੀਰਥਾਂ ਦਾ ਨ੍ਹਾਵਣ ਹੁਣ ਜੀਵ ਦੀ ਮੈਲ ਨਹੀਂ ਲਾਹੁੰਦਾ, ਇਥੋਂ ਤਕ ਕਿ ਸਰੀਰ ਦੀ ਮੈਲ ਵੀ ਨਹੀਂ ਲਹਿੰਦੀ ਕਿਉਂਕਿ ਇਨ੍ਹਾਂ ਪਵਿੱਤਰ ਤੀਰਥਾਂ ਵਿਚ ਕੰਢੇ ਉਪਰ ਵਸਦੇ ਸ਼ਹਿਰਾਂ ਦੇ ਸੀਵਰੇਜ ਨਾਲਿਆਂ ਦਾ ਗੰਦ-ਮੰਦ ਇਸ ਪਵਿੱਤਰ ਜਲ ਵਿਚ ਰਲਾ ਦਿਤਾ ਗਿਆ ਹੈ। ਮਹਾਰਾਜ ਜੀ ਕਹਿੰਦੇ ਨੇ 68 ਤੀਰਥਾਂ ਦੀ ਗੱਲ ਤਾਂ ਛੱਡੋ, ਕਰੋੜ ਤੀਰਥ ਵੀ ਜੇ ਹੈ, ਉਹ ਸਾਰੇ ਮੈਲ ਨਾਲ ਭਰੇ ਹੋਏ ਹਨ-

***ਕੋਟਿ ਤੀਰਥ ਮਜਨ ਇਸਨਾਨਾ***
***ਇਸੁ ਕਲਿ ਮਹਿ ਮੈਲੁ ਭਰੀਜੈ॥***
***ਸਾਧਸੰਗਿ ਜੋ ਹਰਿ ਗੁਣ ਗਾਵੈ ਸੋ***
***ਨਿਰਮਲੁ ਕਰਿ ਲੀਜੈ॥***

***ਅੰਗ - 747***

ਸੋ ਇਸ ਕਰਕੇ ਇਹ ਸਾਧਨ ਵੀ ਜੀਵਾਂ ਦੇ ਪਾਪ ਕਰਮ ਤੋਂ ਪ੍ਰਭਾਵਿਤ ਹੋਇਆ ਫਲ ਦੇਣ ਤੇ ਅਸਮਰਥ ਹੋ ਗਿਆ ਹੈ।

ਪਹਿਲੇ ਸਮਿਆਂ ਵਿਚ ਵੇਦਾਂ, ਸ਼ਾਸ਼ਤਰਾਂ ਤੇ ਹੋਰ ਅਧਿਆਤਮਵਾਦ ਦੇ ਪਵਿੱਤਰ ਗ੍ਰੰਥਾਂ ਨੂੰ ਪੜ੍ਹ ਕੇ ਅੰਦਰ ਪ੍ਰੇਰਨਾ ਮਿਲਦੀ ਸੀ ਤੇ ਇਹ ਜੀਵ ਸ਼ਬਦ ਦਾ ਸਤਿਸੰਗ ਕਰਕੇ ਆਪਣੇ ਮਾਰਗ ਉਪਰ ਦ੍ਰਿੜ੍ਹਤਾ ਨਾਲ ਚੱਲਿਆ ਕਰਦਾ ਸੀ ਪਰ ਸਮਾਂ ਲੰਘਣ ਦੇ ਨਾਲ ਕਲਜੁੱਗੀ ਮੰਦ ਬੁੱਧੀ ਜੀਵਾਂ ਨੇ ਇਨ੍ਹਾਂ ਪਵਿੱਤਰ ਗ੍ਰੰਥਾਂ ਵਿਚ ਆਪਣੀ ਬੁੱਧੀ ਨੂੰ ਰਲਾ ਕੇ ਐਨਾ ਉਲਝਾਅ ਦਿਤਾ ਕਿ ਹੁਣ ਜੀਵ ਨਿਰਣਾ ਹੀ ਨਹੀਂ ਕਰ ਸਕਦਾ ਕਿ ਮੈਂ ਕੀ ਕਰਮ ਕਰਾਂ, ਕੀ ਨਾ ਕਰਾਂ। ਇਹ ਸਮੁੱਚਾ ਉਪਦੇਸ਼, ਸਮੁੱਚੀ ਮਾਨਵਤਾ ਵਾਸਤੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਅਤੇ ਨਾਮ ਵਲ ਸੰਕੇਤ ਕਰਦਿਆਂ ਫੁਰਮਾਇਆ ਕਿ ਨਾਮ ਜਪਣ ਵਾਲਾ ਇਸ ਭਵਸਾਗਰ ਨੂੰ ਸਹਿਜੇ-ਸਹਿਜੇ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੋਇਆ, ਆਪਣੇ ਧੇਅ ਵਲ ਨੂੰ ਪਹੁੰਚਣ ਦਾ ਜਤਨ ਕਰਦਾ ਹੈ। ਸੋ ਇਸ ਜੀਵ ਲਈ ਬਹੁਤ ਹੀ ਸ਼ੁੱਧ ਤੇ ਸੁਖਾਲਾ ਸਿਧਾਂਤ ਇਹੋ ਹੈ ਕਿ -

***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ॥***

***ਅੰਗ - 747***

ਇਹ ਜੋ ਭਵਸਾਗਰ ਹੈ ਇਹ ਅ-ਤਰ ਤਾਂ ਨਹੀਂ ਹੈ ਪਰ ਬਿਖੜਾ ਬਹੁਤ ਹੈ, ਸੰਸਾਰ ਨੂੰ ਇਸ ਅਥਾਹ ਲਹਿਰਾਂ ਉਠਾਉਣ ਵਾਲੇ ਸਾਗਰ ਨਾਲ ਤੁਲਨਾ ਦਿਤੀ ਹੈ। ਸਮੁੰਦਰ ਵਿਚ ਬਹੁਤ ਵੱਡੀਆਂ-ਵੱਡੀਆਂ ਲਹਿਰਾਂ ਉਠਦੀਆਂ ਹਨ, ਬਹੁਤ ਵੱਡੇ-ਵੱਡੇ ਮੱਗਰਮੱਛ, ਸ਼ਾਰਕ ਮੱਛੀਆਂ, ਵੇਲ ਮੱਛੀਆਂ ਅਤੇ ਅਨੰਤ ਤਰ੍ਹਾਂ ਦੇ ਮੱਛ-ਕੱਛ ਹੁੰਦੇ ਹਨ; ਤੰਦੂਏ ਇਸ ਵਿਚ ਰਹਿੰਦੇ ਹਨ। ਭੰਵਰ ਇਸ ਵਿਚ ਪੈਂਦੇ ਹਨ ਜਿਨ੍ਹਾਂ ਵਿਚ ਘਿਰੇ ਹੋਏ

ਵੱਡੇ ਤੋਂ ਵੱਡੇ ਜਹਾਜ਼ ਵੀ ਪਾਣੀ ਵਿਚ ਗਰਕ ਹੋ ਜਾਇਆ ਕਰਦੇ ਹਨ। ਬਹੁਤ ਬੁਰੀ ਕਿਸਮ ਦੇ ਸੱਪ ਇਸ ਵਿਚ ਪ੍ਰਵੇਸ਼ ਰੱਖਦੇ ਹਨ। ਇਨ੍ਹਾਂ ਹਾਲਾਤ ਵਿਚ ਇਸਨੂੰ ਅ-ਤਰ ਕਿਹਾ ਗਿਆ ਹੈ। ਕੋਈ ਬੰਦਾ ਵੀ ਇਸ ਅਥਾਹ ਸਾਗਰ ਨੂੰ ਤੈਰ ਕੇ ਪਾਰ ਨਹੀਂ ਕਰ ਸਕਦਾ। ਉਸਦੇ ਪਾਰ ਹੋਣ ਲਈ ਬਹੁਤ ਹੀ ਵਧੀਆ ਜਹਾਜ਼ ਦੀ ਲੋੜ ਹੈ ਜਿਸ ਨੂੰ ਚਲਾਉਣ ਵਾਲੇ ਮਲਾਹ ਪੂਰਨ ਅਨੁਭਵੀ ਹੋਣ, ਮੌਸਮ ਦੀਆਂ ਚਾਲਾਂ ਦੇ ਪੂਰੀ ਤਰ੍ਹਾਂ ਗਿਆਤਾ ਹੋਣ ਅਤੇ ਦਿਸ਼ਾ ਗਿਆਨ ਪੂਰੀ ਤਰ੍ਹਾਂ ਨਾਲ ਹੋਵੇ। ਉਹ ਵੱਡੇ ਭੰਵਰਾਂ ਵਿਚੋਂ ਜਹਾਜ਼ ਨੂੰ ਸਹੀ ਮਾਰਗ ਤੇ ਚਲਾ ਕੇ ਸਵਾਰੀਆਂ ਨੂੰ ਮੰਜ਼ਲਾਂ ਤੇ ਪਹੁੰਚਾਉਣ ਦੀ ਸਮਰੱਥਾ ਰਖਦੇ ਹੋਣ। ਜਿਸ ਤਰ੍ਹਾਂ ਦੇ ਨਾਲ ਸਮੁੰਦਰ ਵਿਚ ਜਹਾਜ਼ ਰਾਹੀਂ ਲੰਘਿਆ ਜਾ ਸਕਦਾ ਹੈ, ਇਵੇਂ ਹੀ ਇਹ ਸੰਸਾਰ ਸਾਗਰ ਨੂੰ ਪਾਰ ਕਰਨ ਲਈ ਜਹਾਜ਼ ਅਤੇ ਮਲਾਹਾਂ ਦੀ ਅਤਿ ਜ਼ਰੂਰਤ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਮਾਰਗ ਦਰਸ਼ਨ ਕਰਾਉਂਦੀ ਹੈ ਪਰ ਇਸ ਤੇ ਇਹ ਨਿਰਬਲ ਜੀਵ, ਚੱਲਣ ਦੀ ਸਮਰੱਥਾ ਨਹੀਂ ਰੱਖਦਾ। ਉਸ ਦੀ ਮਦਦ ਕਰਨ ਵਾਲੇ ਪ੍ਰਮ ਬੀਤਰਾਗ ਤੱਤ ਬੇਤੇ ਮਹਾਂਪੁਰਸ਼, ਪੰਚ ਪ੍ਰਵਾਣ, ਗੁਰਮੁਖਾਂ ਦੀ ਸੰਗਤ ਦੀ ਬਹੁਤ ਹੀ ਜ਼ਰੂਰਤ ਹੈ। ਸਤਿਸੰਗਤ ਉਸਨੂੰ ਕਿਹਾ ਜਾਂਦਾ ਹੈ ਜਿਥੇ ਕੇਵਲ ਪ੍ਰਭੂ ਦੇ ਨਾਮ ਦੀ ਮਹਿਮਾ, ਕੀਰਤਨ ਹੁੰਦਾ ਹੋਵੇ –

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥***
***ਏਕੋ ਨਾਮੁ ਹੁਕਮੁ ਹੈ***
***ਨਾਨਕ ਸਤਿਗੁਰਿ ਦੀਆ***
***ਬੁਝਾਇ ਜੀਉ॥ ਅੰਗ – 72***

ਪਰ ਇਹ ਪੂਰਨ ਭਾਗਾਂ ਤੋਂ ਬਗੈਰ ਜੀਵ ਨੂੰ ਮਿਲਿਆ ਨਹੀਂ ਕਰਦਾ। ਉਸਦੇ ਹਿਰਦੇ ਅੰਦਰ ਅਨੇਕ ਕਿਸਮ ਦੀਆਂ ਕੁ-ਤਰਕਾਂ, ਬੇਵਿਸ਼ਵਾਸ਼ੀਆਂ, ਅੰਧ ਵਿਚਾਰ ਪੈਦਾ ਹੋ ਜਾਇਆ ਕਰਦੇ ਹਨ। ਐਸੇ ਮੰਦ ਕਰਮੀ ਜੀਵ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਦੀ ਪ੍ਰਾਪਤੀ ਨਹੀਂ ਹੋ ਸਕਿਆ ਕਰਦੀ ਕਿਉਂਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਅੰਗ – 204***

ਜਾਂ

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥***
***ਅੰਗ – 95***

ਸੋ ਇਸ ਕਰਕੇ ਮਹਾਂਪੁਰਸ਼ਾਂ ਦੀ ਸੰਗਤ ਕਰਨੀ ਅਤੇ ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਬਚਨ ਪਹਿਲਾਂ ਪੂਰੀ ਸ਼ਰਧਾ ਦੇ ਨਾਲ ਸ੍ਰਵਣ ਕਰਨੇ, ਫੇਰ ਪੂਰੇ ਭਰੋਸੇ ਨਾਲ ਮੰਨਣ ਕਰਨੇ ਅਤੇ ਇਕ-ਇਕ ਬਚਨ ਨੂੰ ਪੂਰਨ ਦ੍ਰਿੜ੍ਹਤਾ ਦੇ ਨਾਲ ਕਮਾਉਣ ਦਾ ਪੁਰਸ਼ਾਰਥ ਕਰਨਾ ਅਤਿ ਜ਼ਰੂਰੀ ਹੋਇਆ ਕਰਦਾ ਹੈ।

ਸੋ ਸੰਸਾਰ ਇਕ ਸਮੁੰਦਰ ਹੈ ਜਿਸ ਦਾ ਪਾਣੀ ਦੁਖ ਤੇ ਸੁਖ ਦਾ ਬਣਿਆ ਹੋਇਆ ਹੈ। ਇਸ ਦੇ ਅੰਦਰ ਦੋ ਭਾਵ ਹਰ ਵਕਤ ਲਹਿਰਾਂ ਵਾਂਗੂੰ ਉਠਦੇ ਰਹਿੰਦੇ ਹਨ। ਇਕ ਦਾ ਨਾਮ ਆਸਾ ਹੈ, ਇਕ ਦਾ ਨਾਮ ਤ੍ਰਿਸ਼ਨਾ ਹੈ। ਆਸਾ ਤੇ ਤ੍ਰਿਸ਼ਨਾ ਦਾ ਸਬੰਧ ਬਹੁਤ ਹੀ ਨਿਕਟ ਦਾ ਹੈ। ਧਨ ਦੀ ਆਸਾ ਬਹੁਤ ਹੀ ਪ੍ਰਬਲ ਹੈ, ਇਸ ਨੂੰ ਵਾਸ਼ਨਾ ਵੀ ਕਿਹਾ ਜਾਂਦਾ ਹੈ। ਧਨ ਦੀ ਵਾਸ਼ਨਾ ਦਾ ਬੰਨ੍ਹਿਆਂ ਹੋਇਆ ਜੀਵ ਦੇਸਾਂ-ਪ੍ਰਦੇਸਾਂ ਵਿਚ ਭਟਕਦਾ ਹੈ, ਜਾਇਜ਼-ਨਜਾਇਜ਼ ਪਾਪ ਪੁੰਨ, ਛਲ, ਧੋਖੇ, ਵਿਸ਼ਵਾਸ਼ਘਾਤ ਅਤੇ ਹੋਰ ਅਨੇਕਾਂ ਕਿਸਮ ਦੇ ਕਰਮ ਕਰਨ ਤੋਂ ਸੰਕੋਚ ਨਹੀਂ ਕਰਦਾ। ਨਾ ਹੀ ਉਸ ਨੂੰ ਕਿਸੇ ਕਾਨੂੰਨ ਦਾ ਡਰ ਹੁੰਦਾ ਹੈ ਅਤੇ ਨਾ ਹੀ ਕਿਸੇ ਲੋਕਾਂ ਦੀ ਪਾਰਖੂ ਨਜ਼ਰ ਦਾ ਭੈ ਹੁੰਦਾ ਹੈ, ਉਸਨੂੰ ਧਨ ਦੀ ਪ੍ਰਾਪਤੀ ਦੀ ਲਗਨ ਹਰ ਵਕਤ ਲੱਗੀ ਰਹਿੰਦੀ ਹੈ। ਬਹੁਤ ਵੱਡੀ ਲਹਿਰ ਇਸ ਜੀਵ ਦੇ ਹਿਰਦੇ ਵਿਚ ਸਦਾ ਉਠਦੀ ਰਹਿੰਦੀ ਹੈ ਇਹ ਭਜਨ ਬੰਦਗੀ ਨਹੀਂ ਕਰਨ ਦਿੰਦੀ, ਚਿੱਤ ਨੂੰ ਇਕਾਗਰ ਨਹੀਂ ਕਰਨ ਦਿੰਦੀ। ਜਦੋਂ ਤਕ ਚਿੱਤ ਇਕਾਗਰ ਨਹੀਂ ਹੁੰਦਾ, ਇਸ ਗੁਰਬਾਣੀ ਦੇ ਸਿਧਾਂਤ ਨੂੰ ਸਮਝ ਹੀ ਨਹੀਂ ਸਕਦਾ। ਇਸੇ ਤਰ੍ਹਾਂ ਨਾਲ ਪੁੱਤਰ ਵਾਸ਼ਨਾ ਬਹੁਤ ਹੀ ਪ੍ਰਬਲ ਹੋਇਆ ਕਰਦੀ ਹੈ। ਪੁੱਤਰ ਦੀ ਪ੍ਰਾਪਤੀ ਲਈ ਧਰਮ-ਅਧਰਮ ਦੀ ਵਿਚਾਰ ਛੱਡ ਕੇ ਮੜ੍ਹੀਆਂ-

ਮਸਾਣੀਆਂ ਆਦਿ ਨੂੰ ਮੱਥੇ ਟੇਕਦਾ ਫਿਰਦਾ ਹੈ। ਇਥੋਂ ਤੱਕ ਕਿ ਦੂਸਰੇ ਦੇ ਪੁੱਤਰ ਦੀ ਬਲੀ ਦੇ ਕੇ ਆਪਣੇ ਘਰ ਨੂੰ ਆਬਾਦ ਕਰਨਾ ਲੋਚਦਾ ਹੈ। ਸੋ ਇਨ੍ਹਾਂ ਵਾਸ਼ਨਾਵਾਂ ਦੇ ਹੁੰਦਿਆਂ ਲੱਖ ਜਤਨ ਕਰਨ ਤੇ ਵੀ ਮਨ ਇਕਾਗਰ ਨਹੀਂ ਹੋਇਆ ਕਰਦਾ।

ਤੀਸਰੀ ਵਾਸ਼ਨਾ ਲੋਕ ਲਾਜ ਦੀ ਹੋਇਆ ਕਰਦੀ ਹੈ। ਹਰ ਕੰਮ ਕਰਨ ਵੇਲੇ ਸੋਚਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ ਅਤੇ ਇਹ ਕਹਿਣ ਕਿ ਇਨ੍ਹਾਂ ਵਰਗਾ ਦਾਨੀ ਤਾਂ ਹਾਤਮਤਾਈ ਵੀ ਨਹੀਂ ਹੋਇਆ, ਇਹ ਤਾਂ ਦਾਨ ਦੇ ਮਾਮਲੇ ਵਿਚ ਕਰਣ ਵਰਗਾ ਹੀ ਹੈ। ਬਹੁਤ ਵੱਡੇ-ਵੱਡੇ ਖਰਚ ਕਰਜ਼ੇ ਲੈ ਕੇ ਕਰ ਦਿੰਦਾ ਹੈ, ਉਨ੍ਹਾਂ ਕਰਜ਼ਿਆਂ ਦਾ ਨਿਪਟਾਰਾ ਕਰਨ ਲਈ ਜਾਇਦਾਦਾਂ ਵੇਚਦਾ ਹੈ, ਪ੍ਰਪੰਚ ਕਰਕੇ ਪਰ ਧਨ ਲਿਆਉਂਦਾ ਹੈ ਪਰ ਅੱਜ ਤਕ ਤਾਂ ਸੰਸਾਰ ਵਿਚ ਅਜਿਹਾ ਕੋਈ ਵਿਅਕਤੀ ਨਹੀਂ ਹੋਇਆ ਜਿਸਦੀ ਸਾਰੇ ਹੀ ਉਪਮਾ ਕਰਦੇ ਹੋਣ। ਇਸ ਦੇ ਵਿਪਰੀਤ, ਨਿੰਦਿਆ ਕਰਨ ਵਾਲੇ ਵੀ ਬਹੁਤ ਪੈਦਾ ਹੋਏ ਹੁੰਦੇ ਹਨ ਜਿਨ੍ਹਾਂ ਦੇ ਬਚਨ ਚਿਤ ਨੂੰ ਅਤਿ ਦੁਖੀ ਕਰਦੇ ਹਨ। ਅਜਿਹਾ ਚਿੱਤ ਕਦੇ ਵੀ ਇਕਾਗਰ ਨਹੀਂ ਹੋ ਸਕਿਆ ਕਰਦਾ, ਬਹੁਤ ਜਤਨ ਕਰਨ ਤੇ ਵੀ ਇਕ ਖਿਨ ਧੀਰਜ ਵਿਚ ਨਹੀਂ ਆ ਸਕਿਆ ਕਰਦਾ -

ਇਸ ਉਪਰ ਇਕ ਸਾਖੀ ਹੈ ਕਿ ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਲੰਕਾ ਵਿਚ ਜਾ ਕੇ, ਰਾਵਣ ਨੂੰ ਮਾਰ ਕੇ ਯੁੱਧ ਜਿਤ ਲੈਂਦੇ ਹਨ, ਉਸ ਵੇਲੇ ਸੀਤਾ ਜੀ ਨੂੰ ਰਾਵਣ ਦੇ ਬਾਗ ਵਿਚੋਂ ਬਹੁਤ ਹੀ ਸਤਿਕਾਰ ਸਹਿਤ ਲਿਆਉਂਦੇ ਹਨ। ਸ੍ਰੀ ਰਾਮ ਚੰਦਰ ਜੀ ਪੂਰੀ ਤਰ੍ਹਾਂ ਜਾਣਦੇ ਹਨ ਕਿ ਸੀਤਾ ਜੀ ਪ੍ਰਮ ਪਵਿੱਤਰ ਹਨ, ਇਹ ਪੂਰਨ ਤੌਰ ਤੇ ਸਤੀ ਹੈ ਤੇ ਕੋਈ ਵੀ ਔਗੁਣ, ਕੋਈ ਵੀ ਫੁਰਨਾ, ਕੋਈ ਵੀ ਵਾਸ਼ਨਾ ਇਸ ਦੇ ਮਨ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਸਤੇ ਪੈਦਾ ਹੀ ਨਹੀਂ ਹੋਈ। ਜਦੋਂ ਹਨੂਮਾਨ ਜੀ, ਸੀਤਾ ਜੀ ਨੂੰ ਤਲਾਸ਼ ਕਰਦਾ ਹੋਇਆ ਰਾਵਣ ਦੇ ਬਾਗ ਵਿਚ ਪਹੁੰਚਦਾ ਹੈ, ਉਥੇ ਸ੍ਰੀ ਰਾਮ ਚੰਦਰ ਜੀ ਦੀ ਮੁੰਦਰੀ ਦੇ ਕੇ ਖਬਰ ਸਾਰ ਲੈ ਕੇ ਵਾਪਸ ਮੁੜਦਾ ਹੈ ਤਾਂ ਸ੍ਰੀ ਰਾਮ ਚੰਦਰ ਜੀ ਪੁੱਛਦੇ ਹਨ -

"ਔਹ ਹਨੂਮਾਨ! ਕਹਿਓ ਰਘੁਬੀਰ! ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?"

"ਹੈ ਪ੍ਰਭ, ਲੰਕ ਕਲੰਕ ਬਿਨਾ ਬਸਹਿ ਤਰ ਰਾਵਣ ਬਾਗ ਕੇ ਮਾਹੀ।"

"ਜੀਵਤ ਹੈ?"

"ਕਹਿਬੇ ਹੀ ਕੋ ਨਾਥ।"

"ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।"

"ਪ੍ਰਾਨ ਬਸੈ ਪਗ ਪੰਕਜ ਮਹਿ, ਜਮ ਆਵਤ ਹੈ ਪਰ ਪਾਵਤ ਨਾਹੀ।"

ਸੋ ਐਸੇ ਪਿਆਰ ਦੇ ਹੁੰਦਿਆਂ ਵੀ ਸ੍ਰੀ ਰਾਮ ਚੰਦਰ ਜੀ ਨੇ ਜਨਤਾ ਦੇ ਸ਼ੰਕੇ ਨੂੰ ਦੂਰ ਕਰਨ ਵਾਸਤੇ ਕਿ ਸੀਤਾ ਜੀ ਰਾਵਣ ਦੇ ਬਾਗ ਵਿਚ ਨੌਂ ਮਹੀਨੇ ਰਹਿਣ ਪਿਛੋਂ ਪਤੀਵਰਤਾ ਧਰਮ ਵਿਚ ਪ੍ਰਪੱਕ ਹਨ ਜਾਂ ਨਹੀਂ, ਉਨ੍ਹਾਂ ਸਮਿਆਂ ਦੀ ਮਰਿਆਦਾ ਦੇ ਮੁਤਾਬਿਕ ਅਗਨ ਪ੍ਰੀਕਸ਼ਾ ਲਈ ਗਈ। ਸੀਤਾ ਜੀ ਭਾਂਬੜ ਬਲਦੀ ਅੱਗ ਦੇ ਵਿਚੋਂ ਐਉਂ ਪਾਰ ਹੋ ਜਾਂਦੇ ਹਨ ਜਿਵੇਂ ਕਿ ਉਹ ਅੱਗ ਹੀ ਨਾ ਹੋਵੇ। ਉਨ੍ਹਾਂ ਦੇ ਪਤੀਵਰਤਾ ਧਰਮ ਦੇ ਪ੍ਰਤਾਪ ਅੱਗੇ ਅਗਨ ਨੇ ਵੀ ਹਾਰ ਮੰਨ ਲਈ ਅਤੇ ਆਪਣਾ ਸਾੜਨ ਸੁਭਾਅ ਸ਼ਾਂਤ ਕਰ ਲਿਆ। ਆਪ ਅਯੁੱਧਿਆ ਵਾਪਸ ਆਉਂਦੇ ਹਨ, ਇਥੋਂ ਦੀ ਜਨਤਾ ਨੂੰ ਵੀ ਇਹ ਜ਼ਬਰਦਸਤ ਸ਼ੰਕਾ ਉਤਪੰਨ ਹੋ ਗਿਆ; ਉਹ ਕੋਈ ਪ੍ਰੀਕਸ਼ਾ ਨਹੀਂ ਚਾਹੁੰਦੇ ਸਨ, ਕੇਵਲ ਸੀਤਾ ਜੀ ਦਾ ਤਿਆਗ ਮੰਗਦੇ ਸਨ। ਸ੍ਰੀ ਰਾਮ ਚੰਦਰ ਜੀ ਨੇ ਮਰਿਆਦਾ ਪਰਸ਼ੋਤਮ 'ਰਾਜਾ ਰਾਮ' ਹੁੰਦਿਆਂ ਸੀਤਾ ਜੀ ਦਾ ਤਿਆਗ ਕਰ ਦਿਤਾ ਅਤੇ ਉਨ੍ਹਾਂ ਨੂੰ ਦੂਰ ਮਦੁਰ ਦੇਸ਼ (ਪੰਜਾਬ) ਵਿਚ ਮਹਾਂ ਰਿਸ਼ੀ ਬਾਲਮੀਕ ਜੀ ਦੇ ਆਸ਼ਰਮ ਵਿਚ ਛੱਡ ਆਏ। ਲੋਕ ਸੰਤੁਸ਼ਟ ਹੋ ਗਏ ਪਰ ਥੋੜ੍ਹੇ ਸਮੇਂ ਬਾਦ ਸ੍ਰੀ ਰਾਮ ਚੰਦਰ ਜੀ ਲਛਮਣ ਸਮੇਤ ਇਕ ਐਸੇ ਸਥਾਨ ਤੇ ਪਹੁੰਚੇ ਜਿਥੇ ਇਕ ਕਿਸਾਨ ਹਲ ਚਲਾ ਰਿਹਾ ਸੀ ਪਰ ਉਸ ਦੇ ਵਸਤਰ ਵੇਖ ਕੇ ਆਪ ਦੇ ਮਨ ਵਿਚ ਕਾਫੀ ਹੈਰਾਨੀ ਪੈਦਾ ਹੋ ਗਈ। ਉਸ ਕਿਸਾਨ ਨੇ ਖੂਹ ਵਿਚੋਂ ਪਾਣੀ ਕੱਢ ਕੇ ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਨੂੰ ਪਿਲਾਇਆ। ਜਦੋਂ ਸ੍ਰੀ ਰਾਮ

ਚੰਦਰ ਜੀ ਨੇ ਪੁੱਛਿਆ ਕਿ ਐ ਕਿਸਾਨ! ਦੇਖ, ਗਰਮੀ ਦਾ ਮੌਸਮ ਹੈ, ਤੂੰ ਆਪਣੇ ਸਿਰ ਉਪਰ ਤਾਰਾਂ ਦਾ ਬਣਿਆ ਟੋਪ ਕਿਉਂ ਰੱਖਿਆ ਹੋਇਆ ਹੈ, ਆਪਣੇ ਸਰੀਰ ਉਪਰ ਤਾਰਾਂ ਦੀ ਜੈਕਟ ਕਿਉਂ ਪਹਿਨੀ ਹੋਈ ਹੈ ਅਤੇ ਪੈਰਾਂ ਵਿਚ ਤੂੰ ਗੋਡਿਆਂ ਤਕ ਦੇ ਵੱਡੇ ਬੂਟ ਕਿਉਂ ਪਾਏ ਹੋਏ ਹਨ? ਇਸੇ ਤਰ੍ਹਾਂ ਨਾਲ ਬਲਦਾਂ ਦੀਆਂ ਲੱਤਾਂ ਉਪਰ ਵੀ ਚਮੜਾ ਚਾੜ੍ਹਿਆ ਹੋਇਆ ਹੈ ਅਤੇ ਇਨ੍ਹਾਂ ਦੇ ਸਰੀਰ ਉਪਰ ਤਾਰਾਂ ਦਾ ਝੁੱਲ ਪਾਇਆ ਹੋਇਆ ਹੈ; ਇਸ ਦਾ ਕੀ ਕਾਰਨ ਹੈ? ਉਸ ਨੇ ਕਿਹਾ, "ਮੇਰੇ ਅਤਿੱਥੀ ਸੱਜਣੋ! ਇਸ ਦੇਸ਼ ਵਿਚ ਇਕ ਜ਼ਹਿਰੀਲਾ ਬਿੱਛੂ ਰਹਿੰਦਾ ਹੈ, ਉਸ ਦਾ ਡੰਗ ਝੱਲਣਾ ਆਦਮੀ ਵਾਸਤੇ ਬਹੁਤ ਮੁਸ਼ਕਲ ਹੈ। ਉਸ ਦੇ ਡੰਗ ਤੋਂ ਬਚਣ ਵਾਸਤੇ ਅਸੀਂ ਇਹ ਉਪਾਅ ਕੀਤੇ ਹੋਏ ਹਨ। ਦੂਸਰਾ ਇਸ ਦੇਸ਼ ਵਿਚ ਬਹੁਤ ਹੀ ਤਿੱਖੀ ਚੁੰਝ ਵਾਲਾ ਪੰਛੀ ਰਹਿੰਦਾ ਹੈ ਜਿਸ ਦੀ ਤਲਵਾਰ ਵਰਗੀ ਚੁੰਝ ਹੈ; ਜਿਸ ਉਪਰ ਝਪਟਾ ਮਾਰੇ, ਪਸ਼ੂ ਤੇ ਮਨੁੱਖਾਂ ਦਾ ਮਾਸ ਕੱਢ ਕੇ ਲੈ ਜਾਂਦਾ ਹੈ। ਉਸ ਤੋਂ ਬਚਣ ਵਾਸਤੇ ਅਸੀਂ ਇਹ ਤਾਰਾਂ ਦੇ ਵਸਤਰ ਪਹਿਨੇ ਹੋਏ ਹਨ।" ਪਰ ਸ੍ਰੀ ਰਾਮ ਚੰਦਰ ਜੀ ਨੇ ਸਹਿਜੇ ਹੀ ਉਸ ਨੂੰ ਕਿਹਾ ਕਿ ਐ ਕਿਸਾਨ! ਦੇਖ, ਭਾਰਤ ਵਰਸ਼ ਕਿੱਡਾ ਵੱਡਾ ਦੇਸ਼ ਹੈ, ਇਸ ਦੀ ਭੂਮੀ ਬਹੁਤ ਹੀ ਉਪਜਾਊ ਹੈ, ਸਮੇਂ-ਸਮੇਂ ਸਿਰ ਮੀਂਹ ਪੈਂਦੇ ਹਨ। ਜੋ ਦਾਣਾ ਬੀਜਦੇ ਹਨ, ਉਹ ਉਨ੍ਹਾਂ ਨੂੰ ਸੈਂਕੜੇ ਗੁਣਾਂ ਕਰਕੇ ਵਾਪਸ ਮੋੜਦੀ ਹੈ। ਐਸੇ ਥਾਂ ਬੇਅੰਤ ਹਨ ਜਿਥੇ ਐਸੇ ਜਾਨਵਰ, ਸ਼ੇਰ, ਚੀਤਾ ਆਦਿ ਦਾ ਖਤਰਾ ਨਹੀਂ ਹੈ, ਨਾ ਹੀ ਹਾਥੀ ਵਿਚ ਵੜ ਕੇ ਫਸਲਾਂ ਨੂੰ ਖਰਾਬ ਕਰਦੇ ਹਨ। ਜ਼ਮੀਨ ਉਪਜਾਊ ਹੈ, ਥੋੜ੍ਹੀ ਜਿਹੀ ਬਾਰਿਸ਼ ਨਾਲ ਬੇਅੰਤ ਫਸਲ ਪੈਦਾ ਹੋ ਜਾਂਦੀ ਹੈ। ਲੋਕ ਬਹੁਤ ਪ੍ਰੇਮ ਪਿਆਰ ਨਾਲ ਵਸਦੇ ਹਨ। ਗਊਆਂ ਇਤਨਾ ਦੁੱਧ ਦਿੰਦੀਆਂ ਹਨ ਕਿ ਇਹ ਕਹਿਣਾ ਅਤਿਕਥਨੀ ਨਹੀਂ ਕਿ ਦੁੱਧ ਦੀਆਂ ਨਦੀਆਂ ਚਲਦੀਆਂ ਹਨ। ਅਸੀਂ ਤੈਨੂੰ ਸਲਾਹ ਦਿੰਦੇ ਹਾਂ ਕਿ ਤੂੰ ਇਹ ਬਿਖਮ ਥਾਂ ਛੱਡ ਕੇ, ਸੁਵਿਧਾ ਵਾਲੀ ਥਾਂ ਚੁਣ ਲੈ, ਅਸੀਂ ਤੇਰੀ ਮਦਦ ਕਰਾਂਗੇ ਤੇ ਤੇਰੇ ਹੋਰ ਸਨਬੰਧੀਆਂ ਦੀ ਵੀ ਮਦਦ ਕਰਾਂਗੇ।

ਇਹ ਬਚਨ ਸੁਣ ਕੇ ਉਹ ਕਿਸਾਨ ਕੁਝ ਕ੍ਰੋਧਿਤ ਹੋ ਗਿਆ ਅਤੇ ਕਹਿਣ ਲੱਗਿਆ ਕਿ ਹੇ ਅਤਿਥੀਓ! ਤੁਸੀਂ ਮੈਨੂੰ ਕਿੱਡੀ ਗਲਤ ਸਲਾਹ ਦਿੰਦੇ ਹੋ। ਕੀ ਤੁਸੀਂ ਨਹੀਂ ਜਾਣਦੇ ਕਿ ਕੋਈ ਵੀ ਸੂਝਵਾਨ ਬੰਦਾ ਨਾ ਹੀ ਆਪਣੀ ਮਾਤਰ ਭੂਮੀ ਦਾ ਤਿਆਗ ਕਰਦਾ ਹੈ ਅਤੇ ਨਾ ਹੀ ਆਪਣੀ ਇਸਤ੍ਰੀ ਦਾ ਤਿਆਗ ਕਰਦਾ ਹੈ। ਇਹ ਦੋਵੇਂ ਗੱਲਾਂ ਕਰਨੀਆਂ ਬਹੁਤ ਹੀ ਨਿੰਦਨੀ ਹਨ। ਸ੍ਰੀ ਰਾਮ ਚੰਦਰ ਜੀ ਨੇ ਕੀ ਵਿਚਾਰਿਆ ਕਿ ਸੀਤਾ ਜੀ ਵਰਗੀ ਦੇਵੀ ਨੂੰ ਤਿਆਗ ਕੇ ਬੇਸਹਾਰਾ ਜੰਗਲਾਂ ਵਿਚ ਛੱਡ ਆਏ। ਸਾਨੂੰ ਇਹ ਗੱਲ ਬਹੁਤ ਬੁਰੀ ਲੱਗ ਰਹੀ ਹੈ। ਦੋਵੇਂ ਭਰਾ - ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਇਕ ਦੂਜੇ ਵਲ ਦੇਖਣ ਲੱਗ ਗਏ। ਥੋੜ੍ਹੀ ਦੂਰ ਜਾ ਕੇ ਕਹਿਣ ਲੱਗੇ ਕਿ ਦੁਨੀਆਂ ਨੂੰ ਕੋਈ ਵੀ ਸੰਤੁਸ਼ਟ ਨਹੀਂ ਕਰ ਸਕਦਾ। ਇਹ ਵੱਡੇ-ਵੱਡੇ ਮਹਾਂਪੁਰਸ਼ਾਂ ਉਪਰ ਦੂਸ਼ਣ ਲਾਉਂਦੀ ਹੈ, ਉਨ੍ਹਾਂ ਉਪਰ ਔਗੁਣ ਅਰੋਪਦੀ ਹੈ, ਆਪਣੀ ਮਤਿ ਨੂੰ ਸ੍ਰੇਸ਼ਟ ਜਾਣਦੀ ਹੈ।

ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਦੇਖੋ ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਨੂੰ ਵੀ ਕੁਰਾਹੀਆ, ਭੂਤਨਾ, ਬੇਤਾਲਾ ਆਦਿ ਕਹਿੰਦੇ ਰਹੇ ਹਨ; ਦੁਨੀਆਂ ਨੂੰ ਕੋਈ ਰਾਜ਼ੀ ਨਹੀਂ ਕਰ ਸਕਿਆ ਕਰਦਾ। ਦੁਨੀਆਂ ਦਮੂਹੀ ਹੁੰਦੀ ਹੈ। ਇਸ ਵਾਸਤੇ ਲੋਕ ਵਾਸ਼ਨਾ ਦੇ ਅਸਰ ਹੇਠ ਬੇ-ਮਤਲਬੇ ਖਰਚ ਕਰਨੇ ਨਿਰਾਰਥਕ ਹੋਇਆ ਕਰਦੇ ਹਨ ਪਰ ਲੋਕ ਵਾਸ਼ਨਾ ਭੀ ਬਹੁਤ ਗਹਿਰੀ ਵਾਸ਼ਨਾ ਹੈ। ਇਸ ਦੀ ਸਿਮ੍ਰਤੀ ਬਹੁਤ ਗਹਿਰੀ ਚਲੀ ਜਾਇਆ ਕਰਦੀ ਹੈ। ਇਹ ਜੀਵ ਪ੍ਰਲੋਕ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਕਰਮ-ਧਰਮ ਕਰਦਾ ਹੈ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਉਪਰ ਹੀ ਸੰਤੁਸ਼ਟ ਰਹਿੰਦਾ ਹੈ।

ਇਕ ਵਾਰ ਸ੍ਰੀ ਰਾਮ ਚੰਦਰ ਜੀ ਦੀ ਹਜ਼ੂਰੀ ਵਿਚ ਮਹਾਂਰਿਸ਼ੀ ਵਿਸ਼ਿਸ਼ਟ ਜੀ ਆਤਮ ਕਥਾ ਕਰ ਰਹੇ ਸਨ। ਸਾਰੇ ਸਰੋਤੇ ਜਨ ਇਕ ਚਿੱਤ ਹੋ ਕੇ ਕਥਾ ਸ੍ਰਵਣ ਕਰ ਰਹੇ ਸਨ, ਸੈਂਕੜਿਆਂ ਦੀ ਗਿਣਤੀ ਹੁੰਦਿਆਂ ਹੋਇਆਂ ਵੀ ਕਿਸੇ ਦੇ ਸੁਆਸ ਦੀ ਆਵਾਜ਼ ਨਹੀਂ ਆ ਰਹੀ ਸੀ। ਅਚਾਨਕ

ਸ੍ਰੀ ਰਾਮ ਚੰਦਰ ਜੀ ਤਾਲੀ ਮਾਰ ਕੇ ਜ਼ੋਰ-ਜ਼ੋਰ ਦੀ ਹੱਸ ਪਏ। ਉਨ੍ਹਾਂ ਦੇ ਇਸ ਅਲੌਕਿਕ ਹਾਸੇ ਨੇ ਸ਼ਾਂਤ ਵਾਤਾਵਰਣ ਭੰਗ ਕਰ ਦਿਤਾ ਤੇ ਸਾਰਿਆਂ ਦੇ ਮਨ ਵਿਚ ਇਹ ਉਤਸੁਕਤਾ ਹੋਈ ਕਿ ਜਾਣਿਆਂ ਜਾਵੇ, ਸ੍ਰੀ ਰਾਮ ਚੰਦਰ ਜੀ ਐਨੇ ਜ਼ੋਰ ਨਾਲ ਕਿਉਂ ਹੱਸੇ? ਵਿਸ਼ਿਸ਼ਟ ਜੀ ਨੇ ਇਸ ਸਬੰਧ ਵਿਚ ਬੇਨਤੀ ਕਰਕੇ ਪੁੱਛ ਕੀਤੀ ਕਿ ਮਹਾਰਾਜ! ਆਪ ਦੇ ਹੱਸਣ ਦਾ ਕੀ ਕਾਰਣ ਹੈ? ਸਾਰੇ ਸਰੋਤਾ ਜਨਾਂ ਦੇ ਹਿਰਦੇ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਕਰਨ ਦੀ ਕ੍ਰਿਪਾ ਕੀਤੀ ਜਾਵੇ। ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮੈਂ ਇਸ ਕੀੜੇ ਨੂੰ ਦੇਖ ਕੇ ਹੱਸਿਆ ਹਾਂ। ਆਪ ਨੇ ਇਹ ਦ੍ਰਿਸ਼ ਮਾਇਆ ਦ੍ਰਿਸ਼ਟੀ ਦੂਰ ਕਰਕੇ ਫੁਰਮਾਇਆ ਕਿ ਦੇਖੋ! ਇਸ ਕੀੜੇ ਦੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਹਨ; ਇਹ ਕੰਧ ਉਪਰ ਚੜ੍ਹਦਾ ਹੈ, ਗਿਰ ਜਾਂਦਾ ਹੈ ਪਰ ਇਸਦੇ ਮਨ ਦੀ ਅਵਸਥਾ ਪੁਰਾਣੇ ਭੋਗਾਂ ਦੀ ਸਿਮ੍ਰਤੀ ਕਾਰਨ ਐਨੀ ਗਹਿਰੀ ਗਈ ਹੋਈ ਹੈ ਕਿ ਇਹ ਲੋਚਦਾ ਹੈ ਕਿ ਮੈਂ ਛੇਤੀਂ-ਛੇਤੀਂ ਲੱਖਾਂ ਜੂਨਾਂ ਵਿਚੋਂ ਨਿਕਲਦਾ ਹੋਇਆ ਮਨੁੱਖ ਜੂਨੀ ਵਿਚ ਪ੍ਰਵੇਸ਼ ਕਰਾਂ ਅਤੇ ਸੌ ਯੱਗ ਮਰਿਆਦਾ ਪੂਰਵਕ, ਨਿਰਵਿਘਨ ਕਰਕੇ ਸਵਰਗ ਲੋਕ ਵਿਚ ਪਹੁੰਚ ਕੇ ਇੰਦ੍ਰ ਦੀ ਪਦਵੀ ਪ੍ਰਾਪਤ ਕਰਾਂ। ਸਰੋਤਾ ਜਨੋ! ਇਸ ਜੂਨੀ ਤੋਂ ਪਹਿਲਾਂ ਇਹ 14 ਵਾਰੀ ਇੰਦ੍ਰ ਦੀ ਪਦਵੀ ਨੂੰ ਪ੍ਰਾਪਤ ਕਰ ਚੁੱਕਾ ਹੈ। ਇਸ ਮੂਰਖ ਨੂੰ ਇਹ ਪਤਾ ਨਹੀਂ ਕਿ ਮੈਂ ਬਾਰ-ਬਾਰ ਗਿਰਦਾ ਹਾਂ, 84 ਲੱਖ ਜੂਨ ਦਾ ਚੱਕਰ ਕੱਟਦਾ ਹਾਂ; ਮੈਨੂੰ ਕੋਈ ਨਿਹਚਲ ਥਾਂ ਪ੍ਰਾਪਤ ਨਹੀਂ ਹੋਇਆ। ਇਸ ਮੂਰਖ ਨੂੰ ਇਹ ਗਿਆਨ ਨਹੀਂ ਕਿ ਮੈਂ ਆਤਮ ਸ਼ਾਖਸ਼ਾਤ ਕਰਕੇ ਆਪਣੇ ਸਰੂਪ ਨੂੰ ਪਛਾਣ ਕੇ -

***ਆਤਮਾ ਪਰਾਤਮਾ ਏਕੋ ਕਰੈ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ॥***

***ਅੰਗ - 661***

ਪ੍ਰਮ ਪਦਵੀ, ਅਟੱਲ ਪਦਵੀ ਨੂੰ ਪ੍ਰਾਪਤ ਕਰਾਂ। ਇਹ ਮੂਰਖ ਜੇ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਜਾਣਦਾ ਹੁੰਦਾ ਤਾਂ ਅਜਿਹੇ ਮੰਦ ਫੁਰਨੇ ਨਾ ਕਰਦਾ। ਇਸ ਕਰਕੇ ਮੈਂ ਇਸਦੀ ਅਲਪ ਬੁੱਧੀ ਤੱਕ ਕੇ ਹੱਸਿਆਂ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਲੋਕ ਵਾਸ਼ਨਾ ਦਾ ਬੰਨ੍ਹਿਆਂ ਹੋਇਆ ਜੀਵ ਨਾਮ ਦੀ ਮਹਿਮਾ ਤੋਂ ਭੁੱਲਿਆ ਸਵਰਗਾਂ ਦੀ ਲੋਚਾ ਕਰਦਾ ਹੋਇਆ ਬਾਰ-ਬਾਰ ਜੰਮਣ ਮਰਣ ਦੇ ਚੱਕਰ ਵਿਚ ਗੇੜੇ ਕੱਟਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਪੁੰਨ ਦਾਨੁ ਜੋ ਬੀਜਦੇ***
***ਸਭ ਧਰਮ ਰਾਇ ਕੈ ਜਾਈ॥***

***ਅੰਗ - 1414***

ਇਸੇ ਤਰ੍ਹਾਂ ਦੇ ਨਾਲ ਅੰਨਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ, ਇਹ ਬਹੁਤ ਖਤਰਨਾਕ ਵਾਸ਼ਨਾ ਹੈ। ਇਹ ਸਾਧੂਆਂ ਵਾਸਤੇ ਇਕ ਮਾਰੂ ਅਸਰ ਰੱਖਦੀ ਹੈ। ਇਸ ਦੇ ਸਾਧਕ ਤਾਂਤਰਿਕ ਵਿਦਿਆ ਰਾਹੀਂ ਅਨੇਕ ਪ੍ਰਕਾਰ ਦੀਆਂ ਸ਼ਕਤੀਆਂ, ਕਾਲੀਆਂ ਸ਼ਕਤੀਆਂ, ਬੀਰ, ਭੂਤ, ਪ੍ਰੇਤ, ਪਿਸਾਚ, ਭੈਰਵੀ ਜੱਖਣੀ ਆਦਿ ਅਨੇਕ ਭਿਆਨਕ ਸ਼ਕਤੀਆਂ ਵੱਸ ਕਰਕੇ ਲੋਕਾਂ ਉਤੇ ਵਰਤ ਕੇ, ਕਿਸੇ ਨੂੰ ਬਿਮਾਰ ਕਰਦੇ ਹਨ, ਕਿਸੇ ਦੀ ਕਮਾਈ ਵਿਚ ਵਿਘਨ ਪਾਉਂਦੇ ਹਨ, ਕਿਸੇ ਦੇ ਬਾਲ-ਬੱਚਿਆਂ ਵਿਚ ਬਦ-ਅਮਨੀ ਕਰ ਦਿਤੀ। ਆਪਣੀ ਮਾਨਤਾ, ਪ੍ਰਭਤਾ ਦੇ ਭੁੱਖੇ ਹੁੰਦੇ ਹਨ। ਇਨ੍ਹਾਂ ਵਾਸ਼ਨਾਵਾਂ ਦੇ ਵਸ ਵਿਚ ਪੈ ਕੇ ਅੰਤ ਨੂੰ ਨਰਕਾਂ ਵਿਚ ਗੋਤੇ ਖਾਂਦੇ ਹਨ।

ਇਸੇ ਤਰ੍ਹਾਂ ਨਾਲ ਸ਼ਾਸ਼ਤਰ ਵਾਸ਼ਨਾ ਹੋਇਆ ਕਰਦੀ ਹੈ। ਦਿਨ ਰਾਤ ਪੜ੍ਹੀ ਜਾਣਾ, ਆਪਣੀ ਯਾਦ ਵਿਚ ਦੂਸਰਿਆਂ ਦੇ ਬਚਨਾਂ ਨੂੰ ਪਰੋਣਾ ਅਤੇ ਪੜ੍ਹੇ ਹੋਏ ਗਿਆਨ ਨੂੰ ਸੁਣਾ-ਸੁਣਾ ਕੇ ਸਰੋਤਿਆਂ ਤੋਂ ਆਪਣੀ ਪ੍ਰਸੰਸਾ ਦੀ ਆਸਾ ਰੱਖਣੀ। ਪੜ੍ਹਾਈ ਉਹ ਸਫਲ ਹੋਇਆ ਕਰਦੀ ਹੈ ਜਿਸ ਦੇ ਰਾਹੀਂ ਅਸੀਂ ਆਪਣੀ ਅੰਦਰਲੀ ਖੋਜ ਵਿਚ ਜੁਟ ਜਾਈਏ ਅਤੇ ਆਪਣੇ ਆਪ ਨੂੰ ਪਛਾਣ ਲਈਏ ਕਿ ਅਸੀਂ ਕੌਣ ਹਾਂ, ਨਹੀਂ ਤਾਂ ਹੋਰ ਪੜ੍ਹਾਈਆਂ ਅੰਨ੍ਹਿਆਂ ਦੀਆਂ ਪੜ੍ਹਾਈਆਂ ਹਨ ਜਿਨ੍ਹਾਂ ਰਾਹੀਂ ਪੰਜਾਂ ਚੋਰਾਂ, ਪੰਜਾਂ ਵਿਸ਼ਿਆਂ ਨੂੰ ਵਸ ਕਰਨ ਦੀ ਥਾਂ ਪ੍ਰਮ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦੇ। ਐਸੇ ਪੜ੍ਹੇ ਹੋਏ ਨੂੰ ਮਹਾਰਾਜ ਜੀ ਮੂਰਖ ਆਖਦੇ ਹਨ -

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥***

***ਅੰਗ -140***

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪੜ੍ਹਨਾ ਗੁਣਨਾ ਸੰਸਾਰ ਦਾ ਇਕ ਸੁਭਾਵਿਕ ਹੀ ਕਾਰਜ ਹੈ। ਬੇਸੁਰਤੀ ਵਿਚ ਪੜ੍ਹ ਕੇ, ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕਰਕੇ ਦੁਨੀਆਂ ਵਿਚ ਮਾਣ ਪਾਉਣ ਦਾ ਜਤਨ ਕਰਦਾ ਹੈ ਪਰ ਸੱਚ ਦੀ ਕਸੌਟੀ ਤੇ ਪ੍ਰਵਾਣ ਨਹੀਂ ਹੋਇਆ। ਫੁਰਮਾਨ ਹੈ -

*ਪੜਣਾ ਗੁੜਣਾ ਸੰਸਾਰ ਕੀ ਕਾਰ ਹੈ*
*ਅੰਦਰਿ ਤ੍ਰਿਸਨਾ ਵਿਕਾਰੁ॥*
*ਹਉਮੈ ਵਿਚਿ ਸਭਿ ਪੜਿ ਥਕੇ*
*ਦੂਜੈ ਭਾਇ ਖੁਆਰੁ॥*
*ਸੋ ਪੜਿਆ ਸੋ ਪੰਡਿਤੁ ਬੀਨਾ*
*ਗੁਰ ਸਬਦਿ ਕਰੇ ਵੀਚਾਰੁ॥*
*ਅੰਦਰੁ ਖੋਜੈ ਤਤੁ ਲਹੈ*
*ਪਾਏ ਮੋਖ ਦੁਆਰੁ॥ ਅੰਗ - 650*

ਜੇ ਇਹ ਪੜ੍ਹ ਕੇ ਆਦਮੀ ਦੇ ਅੰਦਰਲਾ ਭਰਮ ਨਾ ਨਾਸ਼ ਹੋਇਆ, ਨਾ ਅੰਦਰੋਂ ਕਪਟ ਦੂਰ ਹੋਇਆ, ਪੜ੍ਹਾਈ ਤੋਂ ਕੋਈ ਫਾਇਦਾ ਹਾਸਲ ਨਾ ਕਰਿਆ ਤਾਂ ਮਹਾਰਾਜ ਜੀ ਇਸ ਪੜ੍ਹਨ ਨੂੰ ਬਿਲਕੁਲ ਹੀ ਪ੍ਰਵਾਨ ਨਹੀਂ ਕਰਦੇ। ਜਿਸ ਤਰ੍ਹਾਂ ਨਾਲ ਕਿਸੇ-ਕਿਸੇ ਸੱਪ ਦੇ ਸਿਰ ਵਿਚ ਮਣੀ ਹੋਇਆ ਕਰਦੀ ਹੈ, ਉਹ ਹਨ੍ਹੇਰੀ ਰਾਤ ਵਿਚ ਮਣੀ ਦੇ ਚਾਨਣੇ ਵਿਚ ਆਏ ਹੋਏ ਕੀੜੇ ਮਕੌੜਿਆਂ ਨੂੰ ਖਾਂਦਾ ਹੈ। ਇਸੇ ਤਰ੍ਹਾਂ ਨਾਲ ਪੜ੍ਹਿਆ ਹੋਇਆ ਉਦਰ ਭਰਨ ਲਈ ਕਪਟ ਕਰਦਾ ਹੈ -

*ਪੜਿ ਪੜਿ ਪੰਡਿਤ ਮੋਨੀ ਥਕੇ*
*ਦੇਸੰਤਰ ਭਵਿ ਥਕੇ ਭੇਖਧਾਰੀ॥*
*ਦੂਜੈ ਭਾਇ ਨਾਉ ਕਦੇ ਨ ਪਾਇਨਿ*
*ਦੁਖੁ ਲਾਗਾ ਅਤਿ ਭਾਰੀ॥*
*ਮੂਰਖ ਅੰਧੇ ਤ੍ਰੈ ਗੁਣ ਸੇਵਹਿ*
*ਮਾਇਆ ਕੇ ਬਿਉਹਾਰੀ॥*
*ਅੰਦਰਿ ਕਪਟੁ ਉਦਰੁ ਭਰਣ ਕੈ*
*ਤਾਈ ਪਾਠ ਪੜਹਿ ਗਾਵਾਰੀ॥*
*ਸਤਿਗੁਰੁ ਸੇਵੇ ਸੋ ਸੁਖੁ ਪਾਏ*
*ਜਿਨ ਹਉਮੈ ਵਿਚਹੁ ਮਾਰੀ॥*
*ਨਾਨਕ ਪੜਣਾ ਗੁਨਣਾ ਇਕੁ ਨਾਉ ਹੈ*
*ਬੂਝੈ ਕੋ ਬੀਚਾਰੀ॥ ਅੰਗ- 1246*

ਸੋ ਇਸ ਤਰ੍ਹਾਂ ਨਾਲ ਇਹ ਪੜ੍ਹਨ ਦੀ ਵਾਸ਼ਨਾ ਲੋਕਾਂ ਤੋਂ ਤਾਂ ਵਾਹ-ਵਾਹ ਕਰਵਾ ਸਕਦੀ ਹੈ ਪਰ ਰੂਹਾਨੀ ਮਾਰਗ ਦੀ ਸੂਝ ਦੇਣ ਤੇ ਅਸਮਰਥ ਹੈ। ਰੂਹਾਨੀ ਮਾਰਗ ਤਾਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਇਹ ਜੀਵ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਆ ਕੇ ਸ਼ਰਧਾ ਭਾਵ ਵਿਚ ਲੀਨ ਹੋਇਆ ਹੋਇਆ ਉਨ੍ਹਾਂ ਦੇ ਬਚਨਾਂ ਨੂੰ ਕਮਾਉਂਦਾ ਹੈ।

ਇਸੇ ਤਰ੍ਹਾਂ ਨਾਲ ਹੋਰ ਅਨੇਕਾਂ ਵਾਸ਼ਨਾਵਾਂ ਹਨ ਜੋ ਜਗਿਆਸੂ ਦੇ ਮਨ ਨੂੰ ਘੇਰੀਂ ਰਖਦੀਆਂ ਹਨ। ਸਵਾਦੂ ਚੀਜ਼ਾਂ ਖਾਣ ਦੀ ਵਾਸ਼ਨਾ, ਆਦਮੀ ਬੇਅੰਤ ਕਿਸਮ ਦੇ ਮਸਾਲੇ ਪਾ-ਪਾ ਕੇ, ਕਈ ਕਿਸਮ ਦੇ ਜਾਨਵਰਾਂ ਦੇ ਮਾਸ ਖਾ ਕੇ ਆਪਣੀ ਸਵਾਦ ਵਾਸ਼ਨਾ ਪੂਰੀ ਕਰਦੇ ਹਨ।

ਜਿਸ ਤਰ੍ਹਾਂ ਨਾਲ ਇਕ ਕਹਾਣੀ ਤੁਰੀ ਆਉਂਦੀ ਹੈ ਕਿ ਇਕ ਰਾਜੇ ਨੂੰ ਮਾਸ ਖਾਣ ਦਾ ਬਹੁਤ ਹੀ ਸ਼ੌਕ ਸੀ। ਉਹ ਪਸ਼ੂ, ਪੰਛੀਆਂ ਦੇ ਖਾਸ ਹਿੱਸੇ ਕੱਟ-ਕੱਟ ਕੇ ਖਾਇਆ ਕਰਦਾ ਸੀ। ਉਸ ਦੀ ਖਾਣ ਦੀ ਵਾਸ਼ਨਾ ਇਥੋਂ ਤੱਕ ਦੱਸੀ ਕਿ ਉਹ ਬੇਅੰਤ ਪਸ਼ੂ ਅਤੇ ਪੰਛੀ ਹਰ ਰੋਜ਼ ਮਰਵਾਇਆ ਕਰਦਾ ਸੀ ਅਤੇ ਉਨ੍ਹਾਂ ਦੀਆਂ ਜੀਭਾਂ ਰਿੰਨ੍ਹ ਕੇ ਖਾਇਆ ਕਰਦਾ ਸੀ ਉਸ ਉਪਰੰਤ ਦਵਾਈਆਂ ਨਾਲ ਉਲਟੀਆਂ ਕਰਕੇ ਫੇਰ ਖਾਂਦਾ ਸੀ, ਕਈ-ਕਈ ਵਾਰੀ ਖਾਂਦਾ ਸੀ। ਇਸੇ ਤਰ੍ਹਾਂ ਨਾਲ ਬਹੁਤਿਆਂ ਮਨੁੱਖਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਖਾਣ ਦੀ ਖਿੱਚ ਪੈਦਾ ਹੋ ਜਾਂਦੀ ਹੈ। ਉਹ ਇਹ ਨਹੀਂ ਦੇਖਦੇ ਕਿ ਖਾਣ ਵਾਸਤੇ ਤਾਂ ਵਾਹਿਗੁਰੂ ਜੀ ਨੇ ਬੇਅੰਤ ਕਿਸਮ ਦੇ ਸਤੋਗੁਣੀ ਭੋਜਨ ਜੋ ਵਿਟਾਮਿਨਾਂ ਨਾਲ ਭਰਪੂਰ ਹਨ ਅਤੇ ਸਰੀਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਪੈਦਾ ਕੀਤੇ ਹਨ। ਸਤੋਗੁਣੀ ਭੋਜਨ, ਖਾਣ ਵਾਲੇ ਦੇ ਮਨ ਨੂੰ ਸ਼ਾਂਤ ਰਖਦਾ ਹੈ, ਰਕਤ ਦਾ ਦਬਾਓ ਸਹੀ ਚਲਦਾ ਹੈ। ਖਾਣ ਬਾਰੇ ਤਾਂ ਆਦੇਸ਼ ਹੈ -

*ਅਲਪ ਅਹਾਰ ਸੁਲਪ ਸੀ ਨਿਦ੍ਰਾ*
*ਦਇਆ ਖਿਮਾ ਤਨ ਪ੍ਰੀਤ॥*
*ਸ਼ਬਦ ਹਜ਼ਾਰੇ ਪਾ: ੧੦*

ਦੂਜੇ ਪਾਸੇ ਫੁਰਮਾਨ ਹੈ -

*ਪੇਟੁ ਭਰਿਓ ਪਸੂਆ ਜਿਉ ਸੋਇਓ*

*ਮਨੁਖੁ ਜਨਮੁ ਹੈ ਹਾਰਿਓ॥*

***ਅੰਗ - 1105***

ਅਤੇ ਅਧਿਕ ਸੁਆਦੂ ਖਾਣਿਆਂ ਬਾਰੇ ਫੁਰਮਾਨ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥*

***ਅੰਗ - 1256***

*ਅਧਿਕ ਸੁਆਦ ਰੋਗ ਅਧਿਕਾਈ*
*ਬਿਨੁ ਗੁਰ ਸਹਜੁ ਨ ਪਾਇਆ॥*

***ਅੰਗ - 1255***

*ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥*
*ਭੋਗਹੁ ਰੋਗ ਸ ਅੰਤਿ ਵਿਗੋਵੈ॥*

***ਅੰਗ - 1034***

ਮੈਲਾ ਅਹਾਰ ਖਾ ਕੇ ਮਨ ਮੈਲ ਨਾਲ ਭਰ ਜਾਇਆ ਕਰਦਾ ਹੈ -

*ਮਨੁ ਮੈਲਾ ਹੈ ਦੂਜੈ ਭਾਇ॥*
*ਮੈਲਾ ਚਉਕਾ ਮੈਲੈ ਥਾਇ॥*
*ਮੈਲਾ ਖਾਇ ਫਿਰਿ ਮੈਲੁ ਵਧਾਏ*
*ਮਨਮੁਖ ਮੈਲੁ ਦੁਖੁ ਪਾਵਣਿਆ॥*

***ਅੰਗ - 121***

ਸਿੱਧ ਗੋਸ਼ਟ ਵਿਚ ਗੁਰੂ ਮਹਾਰਾਜ ਜੀ ਸਿਧਾਂ ਨਾਲ ਖਾਣ ਦੇ ਵਿਸ਼ੇ ਤੇ ਆਪਣਾ ਮਤ ਦੱਸਦੇ ਹੋਏ ਫੁਰਮਾਨ ਕਰਦੇ ਹਨ -

*ਖੰਡਿਤ ਨਿਦ੍ਰਾ ਅਲਪ ਅਹਾਰੰ*
*ਨਾਨਕ ਤਤੁ ਬੀਚਾਰੋ॥* ***ਅੰਗ - 939***

ਆਸਾ ਜੀ ਦੀ ਵਾਰ ਵਿਚ ਵੀ ਫੁਰਮਾਨ ਹਨ -

*ਓਨੀ ਦੁਨੀਆ ਤੋੜੇ ਬੰਧਨਾ*
*ਅੰਨੁ ਪਾਣੀ ਥੋੜਾ ਖਾਇਆ॥*

***ਅੰਗ - 467***

ਜਦੋਂ ਗੁਰੂ ਮਹਾਰਾਜ ਜੀ ਪਹਿਲੀ ਉਦਾਸੀ ਤੋਂ ਬਾਦ ਤਲਵੰਡੀ ਰਾਏ ਬੁਲਾਰ ਜੀ ਦੇ ਨਿਮੰਤਰਣ ਤੇ ਲੰਗਰ ਛਕਣ ਲਈ ਜਾਂਦੇ ਹਨ ਤਾਂ ਉਨ੍ਹਾਂ ਨੇ ਬਹੁਤ ਕਿਸਮ ਦੇ ਖਾਣਿਆਂ ਦੇ ਨਾਉਂ ਲੈ ਕੇ ਪੁਛਿਆ ਕਿ ਹੇ ਨਾਨਕ ਜੀ! ਤੁਸੀਂ ਕੀ ਖਾਣਾ ਪਸੰਦ ਕਰਦੇ ਹੋਂ? ਤਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਇਆ ਕਿ ਖਾਣ ਪੀਣ ਦਾ ਅਸਰ ਆਦਮੀ ਦੇ ਮਨ ਉਪਰ ਸਹਿਜੇ ਹੀ ਹੋਇਆ ਕਰਦਾ ਹੈ। ਤਮੋ ਗੁਣੀ ਭੋਜਨ ਅੰਤਸ਼ਕਰਣ ਵਿਚ ਅੰਧਕਾਰ ਵਧਾਉਂਦੇ ਹਨ ਅਤੇ ਪ੍ਰੇਮ ਦੀ ਅੰਸ ਪੈਦਾ ਨਹੀਂ ਹੁੰਦੀ। ਰਜੋ ਗੁਣੀ ਖਾਣਾ ਆਦਮੀ ਦੀ ਬਿਰਤੀ ਨੂੰ ਚੰਚਲਤਾ ਪ੍ਰਦਾਨ ਕਰਦਾ ਹੈ ਅਤੇ ਭਜਨ ਕਰਨ ਵੇਲੇ ਮਨ ਟਿਕਦਾ ਨਹੀਂ। ਸਤੋ ਗੁਣੀ ਭੋਜਨ, ਉਹ ਵੀ ਜੇ ਮਰਿਆਦਾ ਅੰਦਰ ਰਹਿ ਕੇ ਛਕਿਆ ਜਾਵੇ ਤਾਂ ਆਤਮ ਮਾਰਗ ਤੇ ਚੱਲਣ ਵਾਲਿਆਂ ਦੀ ਬਹੁਤ ਸਹਾਇਤਾ ਕਰਦਾ ਹੈ, ਫੁਰਨੇ ਨਹੀਂ ਉਠਦੇ, ਮਿਹਦੇ ਨੂੰ ਸ਼ਾਂਤਵਿਕ ਭੋਜਨ ਹਜ਼ਮ ਕਰਨ ਲਈ ਬਹੁਤੀ ਖੇਚਲ ਨਹੀਂ ਕਰਨੀ ਪੈਂਦੀ। ਪਹਿਲਿਆਂ ਸਮਿਆਂ ਵਿਚ ਬੰਦਿਆਂ ਦੇ ਸਰੀਰ ਬਹੁਤ ਰਿਸ਼ਟ-ਪੁਸ਼ਟ ਹੋਇਆ ਕਰਦੇ ਸਨ, ਸੈਂਕੜੇ ਮੀਲਾਂ ਦਾ ਪੰਧ ਇਕ ਦਿਨ ਵਿਚ ਮੁਕਾ ਦਿਆ ਕਰਦੇ ਸਨ। ਸਖਤ ਤੋਂ ਸਖਤ ਕੰਮ ਕਰਕੇ ਥੱਕਿਆ ਨਹੀਂ ਕਰਦੇ ਸਨ। ਉਸ ਸਮੇਂ ਦੀ ਮਰਿਆਦਾ ਅਨੁਸਾਰ ਸੂਝਵਾਨਾਂ, ਮਹਾਂਪੁਰਸ਼ਾਂ ਨੇ ਖਾਣ ਪੀਣ ਦਾ ਵਿਧਾਨ ਬੰਨ੍ਹਿਆ ਹੋਇਆ ਸੀ। ਬ੍ਰਹਮਚਾਰੀ ਨੂੰ 32 ਗ੍ਰਾਸ ਖਾਣ ਦਾ ਹੁਕਮ ਸੀ, ਗ੍ਰਿਹਸਤੀ ਨੂੰ 24 ਗ੍ਰਾਸ, ਬਾਨ ਪ੍ਰਸਤ ਨੂੰ 16 ਗ੍ਰਾਸ ਅਤੇ ਸੰਨਿਆਸੀ ਨੂੰ 8 ਗ੍ਰਾਸ ਖਾਣ ਦਾ ਵਿਧਾਨ ਸੀ। ਉਸ ਸਮੇਂ ਦੇ ਲੋਕ ਮਰਿਆਦਾ ਪਰਸ਼ੋਤਮ ਹੋਇਆ ਕਰਦੇ ਸਨ ਪਰ ਅੱਜ ਦੇ ਲੋਕਾਂ ਦੇ ਆਚਾਰ, ਵਿਚਾਰ, ਵਿਹਾਰ ਪਤਨ ਹੋ ਚੁੱਕੇ ਹਨ, ਖਾ ਕੇ ਸਰੀਰ ਰੋਗੀ ਕਰ ਲਏ ਹਨ। ਗੁਰੂ ਮਹਾਰਾਜ ਜੀ ਨਾਮ ਵਿਹੂਣਿਆਂ ਨੂੰ, ਖਾ ਕੇ ਪੇਟ ਭਰਨ ਵਾਲੇ ਪਸ਼ੂਆਂ ਵਾਂਗੂੰ ਸੌਣ ਵਾਲਿਆਂ ਨੂੰ ਕੁਟਾਕਸ਼ ਕਰਦੇ ਹਨ।

*ਫਿਟੁ ਇਵੇਹਾ ਜੀਵਿਆ*
*ਜਿਤੁ ਖਾਇ ਵਧਾਇਆ ਪੇਟੁ॥*
*ਨਾਨਕ ਸਚੇ ਨਾਮ ਵਿਣੁ*
*ਸਭੋ ਦੁਸਮਨੁ ਹੇਤੁ॥* ***ਅੰਗ - 790***

*ਖਾਇਆ ਮੈਲੁ ਵਧਾਇਆ*
*ਪੈਧੈ ਘਰ ਕੀ ਹਾਣਿ॥*
*ਬਕਿ ਬਕਿ ਵਾਦੁ ਚਲਾਇਆ*
*ਬਿਨੁ ਨਾਵੈ ਬਿਖੁ ਜਾਣਿ॥*

***ਅੰਗ - 1331***

ਸੋ ਰਾਇ ਜੀ! ਖਾਣ ਦੀ ਮਰਿਆਦਾ ਆਦਮੀ ਦੇ ਅੰਦਰੋਂ ਹੀ ਬੰਨ੍ਹੀ ਜਾਂਦੀ ਹੈ। ਉਹ

ਖਾਣਾ, ਜੋ ਖੁਆਰੀ ਪੈਦਾ ਕਰੇ ਅਤੇ ਸਰੀਰ ਦੇ ਮੁਆਫਕ ਨਾ ਹੋਵੇ ਅਤੇ ਖਾਣ ਤੋਂ ਬਾਦ ਮਨ ਵਿਚ ਹਰੀ ਨਾਮ ਦੀ ਲਿਵ ਦੀ ਥਾਂ ਦੁਨਿਆਵੀ ਵਿਕਾਰ ਪੈਦਾ ਕਰੇ, ਉਹ ਨਹੀਂ ਖਾਣਾ ਚਾਹੀਦਾ –

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ॥***
***ਅੰਗ – 16***

ਸੋ ਇਸ ਤਰ੍ਹਾਂ ਬਹੁਤ ਸਾਰੇ ਪ੍ਰੇਮੀ ਖਾਣ ਦੀ ਵਾਸ਼ਨਾ ਨਾਲ ਆਪਣੇ ਸਰੀਰ ਦਾ ਵੀ ਨਾਸ਼ ਕਰ ਲੈਂਦੇ ਹਨ ਅਤੇ ਪ੍ਰਮੇਸ਼ਰ ਵਲੋਂ ਵੀ ਭੁੱਲੇ ਰਹਿੰਦੇ ਹਨ। ਆਲਸ ਉਨ੍ਹਾਂ ਨੂੰ ਸਦਾ ਘੇਰੀ ਰਖਦੀ ਹੈ। ਸੋ ਖਾਣ ਦੀ ਵਾਸ਼ਨਾ ਜਗਿਆਸੂ ਨੂੰ ਨਾਮ ਜਪਣ ਨਹੀਂ ਦਿਆ ਕਰਦੀ। ਜਾਨਵਰਾਂ ਦੀਆਂ ਜੀਭਾਂ ਖਾਣੀਆਂ ਕਿੰਨਾਂ ਨਿੰਦਨੀਯ ਕਰਮ ਹੈ।

ਇਸ ਤੋਂ ਅੱਗੇ ਭੋਗਾਂ ਦੀ ਵਾਸ਼ਨਾ ਆਦਮੀ ਦੇ ਮਨ ਨੂੰ ਸਦਾ ਹੀ ਘੇਰੀ ਰਖਦੀ ਹੈ, ਇਸਨੂੰ ਭੋਗ ਵਾਸ਼ਨਾ ਆਖਦੇ ਹਨ। ਸੰਜਮ ਤੋਂ ਰਹਿਤ ਭੋਗ, ਆਦਮੀ ਦੇ ਮਨ ਅੰਦਰ ਮਲੀਨਤਾ ਪੈਦਾ ਕਰਦੇ ਹਨ ਅਤੇ ਵਾਹਿਗੁਰੂ ਜੀ ਦੇ ਨਾਮ ਵਲ ਸੁਰਤ ਨੂੰ ਜਾਣ ਹੀ ਨਹੀਂ ਦਿੰਦੇ। ਭੋਗੀ ਬੰਦਿਆਂ ਦੀਆਂ ਐਸੀਆਂ ਮਿਸਾਲਾਂ ਮਿਲਦੀਆਂ ਹਨ ਕਿ ਇਕ ਰਾਜਾ ਰਾਮ ਮੋਹਨ ਜੋ ਅਲਾਉਦੀਨ ਦੇ ਸਮੇਂ ਹੋਇਆ ਹੈ, ਉਸ ਦੇ 12000 ਰਾਣੀਆਂ ਸਨ। ਜੋ ਵੀ ਸੁੰਦਰ ਲੜਕੀ ਉਸਦੇ ਰਾਜ ਵਿਚ ਹੁੰਦੀ, ਉਸਨੂੰ ਲੈ ਕੇ ਆਪਣੀ ਰਾਣੀ ਬਣਾ ਲਿਆ ਕਰਦਾ ਸੀ। ਅਲਾਉਦੀਨ ਨੇ ਇਸ ਰਾਜੇ ਨੂੰ ਹਾਰ ਦੇ ਕੇ 12000 ਪਦਮਨੀ ਰਾਣੀਆਂ ਆਪਣੇ ਫੌਜੀਆਂ, ਜਰਨੈਲਾਂ ਤੇ ਹੋਰ ਕਰਮਚਾਰੀਆਂ ਨੂੰ ਵੰਡ ਦਿਤੀਆਂ। ਇਸੇ ਤਰ੍ਹਾਂ ਨਾਲ ਇਕ ਰਾਜਾ ਨਰਕਸੁਰ ਹੋਇਆ ਸੀ ਜਿਸਦਾ ਰਾਜ ਪਹਾੜ ਵਿਚ ਸੀ। ਉਸ ਨੂੰ ਕ੍ਰਿਸ਼ਨ ਮਹਾਰਾਜ ਜੀ ਨੇ ਯੁੱਧ ਵਿਚ ਹਾਰ ਦੇ ਕੇ ਰਾਣੀਆਂ ਨੂੰ ਅਜ਼ਾਦ ਕਰ ਦਿਤਾ ਪਰ ਉਨ੍ਹਾਂ ਸਾਰੀਆਂ ਨੇ ਆਪਣਾ-ਆਪ ਭਗਵਾਨ ਦੇ ਚਰਨਾਂ ਵਿਚ ਸਮਰਪਿਤ ਕਰ ਦਿਤਾ ਅਤੇ ਦੁਆਰਕਾ ਵਿਚ ਭਜਨ ਬੰਦਗੀ ਕਰਦਿਆਂ ਆਪਣਾ ਜੀਵਨ ਬਤੀਤ ਕੀਤਾ।

ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾ ਦਿਤਾ ਕਿ ਜਿਨ੍ਹਾਂ ਬਜਰ ਕਪਾਟਾਂ ਦਾ ਬਾਣੀ ਵਿਚ ਬਾਰ-ਬਾਰ ਜ਼ਿਕਰ ਆਉਂਦਾ ਹੈ ਅਤੇ ਯੋਗ ਸ਼ਾਸ਼ਤਰਾਂ ਵਿਚ ਜ਼ਿਕਰ ਆਉਂਦਾ ਹੈ ਕਿ –

***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ॥ ਅੰਗ – 954***

ਉਹ ਪ੍ਰਭੂ ਦੇ ਦਰਵਾਜ਼ੇ ਨੂੰ ਜੜੇ ਹੋਏ, ਨਾ ਤੋੜੇ ਜਾਣ ਵਾਲੇ ਕਪਾਟ ਹਨ ਜਿਨ੍ਹਾਂ ਨੂੰ ਮਹਾਰਾਜ ਜੀ ਨੇ ਬਾਣੀ ਵਿਚ ਖੋਲ੍ਹ ਕੇ ਇਕ ਥਾਂ ਫੁਰਮਾਨ ਕੀਤਾ ਹੈ –

***ਦੂਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਅੰਗ – 877***

ਇਹ ਆਸ਼ਾਵਾਂ ਤੇ ਅੰਦੇਸ਼ੇ ਵਾਹਿਗੁਰੂ ਦੇ ਦਰ ਤੇ ਸਖਤ ਦਰਵਾਜ਼ੇ ਹਨ। ਇਸ ਵਾਸ਼ਨਾ ਬਾਰੇ ਮਹਾਰਾਜ ਜੀ ਹੋਰ ਫੁਰਮਾਉਂਦੇ ਹਨ –

***ਆਸਾ ਕਰਤਾ ਜਗੁ ਮੁਆ***
***ਆਸਾ ਮਰੈ ਨ ਜਾਇ॥***
***ਨਾਨਕ ਆਸਾ ਪੂਰੀਆ***
***ਸਚੇ ਸਿਉ ਚਿਤੁ ਲਾਇ॥***
***ਅੰਗ – 517***

ਇਸ ਆਸਾ ਤੇ ਮਨਸਾ ਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਹੈ। ਉਹ ਇਸ ਮਨਮੋਹਣੀ ਵਾਸ਼ਨਾ ਤੋਂ ਨਿਕਲ ਨਹੀਂ ਸਕਦਾ ਜਦੋਂ ਤੱਕ ਇਸਨੂੰ ਪੂਰਾ ਗੁਰੂ ਆਪਣੀ ਕ੍ਰਿਪਾ ਕਰਕੇ ਆਸਾ ਦੀਆਂ ਲਹਿਰਾਂ ਤੋਂ ਪਾਰ ਨਾ ਕਰ ਦੇਵੇ।

***ਆਦਿ ਅੰਤੇ ਮਧਿ ਆਸਾ***
***ਕੂਕਰੀ ਬਿਕਰਾਲ॥***
***ਗੁਰ ਗਿਆਨ ਕੀਰਤਨ ਗੋਬਿੰਦ***
***ਰਮਣੰ ਕਾਟੀਐ ਜਮ ਜਾਲ॥ ਅੰਗ-502***

ਸੋ ਇਸ ਤਰ੍ਹਾਂ ਆਸ਼ਾਵਾਂ ਜਦ ਤੱਕ ਰਹਿੰਦੀਆਂ ਹਨ, ਜੰਮਣ ਮਰਨ ਦਾ ਚੱਕਰ ਗਲੋਂ ਨਹੀਂ ਉਤਰਦਾ। ਅੰਤਕਾਲ ਵਿਚ ਜਿਹੋ ਜਿਹੀ ਵਾਸ਼ਨਾ ਜੀਵ ਦੇ ਮਨ ਵਿਚ ਪ੍ਰਦਾਨ ਹੁੰਦੀ ਹੈ ਉਸ ਦੇ ਮੁਤਾਬਿਕ ਉਸਨੂੰ ਜਨਮ ਲੈਣਾ ਪੈਂਦਾ ਹੈ।

ਮਹਾਤਮਾ ਤੁਲਸੀ ਦਾਸ ਜੀ ਇਕ ਵਾਰੀ ਕਿਸੇ ਪਿੰਡ ਵਿਚ ਰਾਮ ਕਥਾ ਦਾ ਬਹੁਤ ਹੀ ਪਿਆਰ ਨਾਲ ਕੀਰਤਨ ਕਰ ਰਹੇ ਸਨ। ਸਮਾਪਤੀ ਤੋਂ ਉਪਰੰਤ ਉਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਸਾਡਾ ਚੜ੍ਹਦੇ ਵਲ ਨੂੰ, ਨੇੜੇ ਨਗਰ ਵਲ ਨੂੰ ਜਾਣ ਵਾਲਾ ਰਸਤਾ ਬੰਦ ਹੋ ਚੁੱਕਿਆ ਹੈ ਕਿਉਂਕਿ ਉਥੇ ਇਕ ਬਹੁਤ ਹੀ ਵਿਕਰਾਲ ਪ੍ਰੇਤ ਰਹਿੰਦਾ ਹੈ ਜੋ ਲੰਘਣ ਵਾਲੀਆਂ ਬੀਬੀਆਂ ਦੇ ਕਪੜੇ ਫਾੜ ਦਿੰਦਾ ਹੈ। ਤੁਲਸੀ ਦਾਸ ਜੀ ਨੇ ਜਾ ਕੇ ਉਸ ਦਰਖਤ ਦੇ ਹੇਠਾਂ ਕੀਰਤਨ ਸ਼ੁਰੂ ਕੀਤਾ। ਉਨ੍ਹਾਂ ਨੇ ਸ਼ੂਖਸ਼ਮ ਦ੍ਰਿਸ਼ਟੀ ਨਾਲ ਦੇਖਿਆ ਕਿ ਇਹ ਪ੍ਰੇਤ ਤਾਂ ਮਹਾਤਮਾ ਨਿਤਾਨੰਦ ਹਨ ਜੋ ਉਨ੍ਹਾਂ ਦੇ ਸਮਕਾਲੀ ਹੀ ਸਨ ਅਤੇ ਇਨ੍ਹਾਂ ਨਾਲ ਬਹੁਤ ਪਿਆਰ ਸੀ। ਤੁਲਸੀ ਦਾਸ ਜੀ ਨੇ ਉਸ ਦੀ ਬਣਾਈ ਹੋਈ ਰਮਾਇਣ ਵਿਚੋਂ ਕੁਝ ਸਲੋਕ, ਅਸਟਪਦੇ ਤੇ ਚਉਪਦਿਆਂ ਦਾ ਕੀਰਤਨ ਕੀਤਾ ਤਾਂ ਉਹ ਪ੍ਰੇਤ ਰੂਪ ਵਿਚ ਨਿਤਾਨੰਦ ਸਾਮ੍ਹਣੇ ਆਇਆ। ਮਹਾਂਪੁਰਸ਼ਾਂ ਨੇ ਪੁਛਿਆ ਕਿ ਸੰਤ ਜੀ! ਇਹ ਗਤੀ ਤੁਹਾਨੂੰ ਕਿਉਂ ਮਿਲ ਗਈ, ਤੁਸੀਂ ਤਾਂ ਬਹੁਤ ਉਚ ਕੋਟੀ ਦੇ ਮਹਾਤਮਾ ਸੀ? ਕਹਿਣ ਲੱਗਿਆ, ''ਤੁਲਸੀ ਦਾਸ ਜੀ! ਤੁਸੀਂ ਤਾਂ ਰਮਾਇਣ ਸੰਪੂਰਨ ਕਰ ਲਈ। ਮੈਂ ਵੀ ਰਮਾਇਣ ਲਿਖ ਰਿਹਾ ਸੀ। ਲਿਖਦੇ ਸਮੇਂ ਜਦੋਂ ਮੈਂ ਰਾਜਾ ਦਸਰਥ ਦੇ ਦਰਬਾਰ ਵਿਚ ਨ੍ਰਿਤ ਕਰਨ ਵਾਲੀਆਂ ਨੂੰ ਮਨੋ-ਮਨ ਵਸਤਰ ਪਹਿਨਾ ਰਿਹਾ ਸਾਂ ਤਾਂ ਉਸ ਸਮੇਂ ਅਚਾਨਕ ਮੇਰਾ ਸਰੀਰਕ ਤੌਰ ਤੇ ਅੰਤ ਹੋ ਗਿਆ ਪਰ ਮੈਂ ਉਸ ਪ੍ਰਬਲ ਵਾਸ਼ਨਾ ਦਾ ਬੰਨ੍ਹਿਆਂ ਹੋਇਆ ਪ੍ਰੇਤ ਦੀ ਜੂਨੀ ਵਿਚ ਪੈ ਗਿਆ। ਹੁਣ ਆਪ ਕ੍ਰਿਪਾ ਕਰੋ ਅਤੇ ਮੈਨੂੰ ਇਸ ਜੂਨੀ ਵਿਚੋਂ ਛੁਡਾਵੋ।''

ਗੁਰ ਇਤਿਹਾਸ ਵਿਚ ਵੀ ਸਾਖੀਆਂ ਆਉਂਦੀਆਂ ਹਨ ਕਿ ਗੁਰੂ ਮਹਾਰਾਜ ਜੀ ਨੇ ਦੁਨੀਚੰਦ ਦੇ ਪਿਤਾ, ਬੰਦਾ ਬਹਾਦੁਰ ਦੇ ਗੁਰੂ, ਰਿੱਛ, ਕਾਂ, ਘੋਗੜ, ਕਾਣੇ ਤਿੱਤਰ ਆਦਿ ਦੀਆਂ ਸ਼ੁਭ ਗਤੀਆਂ ਕਰਕੇ ਵਾਸ਼ਨਾ ਦੇ ਚੁੰਗਲ 'ਚੋਂ ਕੱਢਿਆ। ਸੋ ਵਾਸ਼ਨਾਵਾਂ ਜਿਵੇਂ ਅਸੀਂ ਪਹਿਲਾਂ ਹੀ ਦੱਸਿਆ ਸੀ ਕਿ ਇਸ ਸੰਸਾਰ ਸਮੁੰਦਰ ਦੀਆਂ ਅਥਾਹ ਲਹਿਰਾਂ ਹਨ ਜਿਨ੍ਹਾਂ ਵਿਚੋਂ ਗੁਰੂ ਮਹਾਰਾਜ ਦੀ ਕ੍ਰਿਪਾ ਅਤੇ ਪੂਰਨ ਤੱਤ ਬੇਤੇ ਮਹਾਂਪੁਰਸ਼, ਗੁਰਮੁਖ ਦੀ ਸਹਾਇਤਾ ਤੋਂ ਬਿਨਾਂ ਪਾਰ ਨਹੀਂ ਹੋ ਸਕਿਆ ਕਰਦਾ। ਸੋ ਇਹ ਸਮੁੰਦਰ ਵਿਚ ਪਾਣੀ ਦੁਖਾਂ ਦਾ ਹੈ, ਦੁੱਖ ਪ੍ਰਮੇਸ਼ਰ ਨੂੰ ਭੁੱਲ ਕੇ ਪੈਦਾ ਹੋਇਆ ਕਰਦੇ ਹਨ -

***ਪਰਮੇਸਰ ਤੇ ਭੁਲਿਆਂ***
***ਵਿਆਪਨਿ ਸਭੇ ਰੋਗ॥ ਅੰਗ - 135***

***ਦੁਖੁ ਤਦੇ ਜਾ ਵਿਸਰਿ ਜਾਵੈ॥***
***ਭੁਖ ਵਿਆਪੈ ਬਹੁ ਬਿਧਿ ਧਾਵੈ॥***
***ਅੰਗ - 98***

ਸੰਸਾਰ ਦੁੱਖ ਵਿਚ ਹੀ ਜੰਮਦਾ ਹੈ ਤੇ ਦੁਖ ਵਿਚ ਹੀ ਮਰਦਾ ਹੈ। ਦੁੱਖ ਦੀ ਵਰਤਣ ਵਿਚ ਹੀ ਆਪਣਾ ਜੀਵਨ ਬਤੀਤ ਕਰਦਾ ਹੈ। ਦੁਖ ਹੀ ਭੁੱਲੇ ਹੋਏ ਕਰਮਾਂ ਦੇ ਬਦਲੇ ਦਰਗਾਹ ਵਿਚ ਮਿਲਦਾ ਹੈ। ਸੁੱਖ ਨਾਮ ਦੀ ਕੋਈ ਚੀਜ਼ ਸੰਸਾਰ ਵਿਚ ਬਹੁਤ ਹੀ ਸੀਮਤ ਹੈ। ਸੰਸਾਰ ਜਲ ਰਿਹਾ ਹੈ, ਦੁਖ ਵਿਚ ਰੋ ਰਿਹਾ ਹੈ ਕਿਉਂਕਿ ਉਸਨੂੰ ਪਤਾ ਨਹੀਂ ਲਗ ਰਿਹਾ ਕਿ ਦੁੱਖ ਨੂੰ ਮਾਰਨ ਵਾਲੀ ਚੀਜ਼ ਹਰੀ ਦਾ ਨਾਮ ਹੈ। ਜਿਵੇਂ ਕਿ ਫੁਰਮਾਨ ਹੈ -

***ਦੁਖ ਵਿਚਿ ਜੰਮਣੁ ਦੁਖਿ ਮਰਣੁ***
***ਦੁਖਿ ਵਰਤਣੁ ਸੰਸਾਰਿ॥***
***ਦੁਖੁ ਦੁਖੁ ਅਗੈ ਆਖੀਐ***
***ਪੜ੍ਹਿ ਪੜ੍ਹਿ ਕਰਹਿ ਪੁਕਾਰ॥***
***ਦੁਖ ਕੀਆ ਪੰਡਾ ਖੁਲੀਆ***
***ਸੁਖੁ ਨ ਨਿਕਲਿਓ ਕੋਇ॥***
***ਦੁਖ ਵਿਚਿ ਜੀਉ ਜਲਾਇਆ***
***ਦੁਖੀਆ ਚਲਿਆ ਰੋਇ॥***
***ਨਾਨਕ ਸਿਫਤੀ ਰਤਿਆ***
***ਮਨੁ ਤਨੁ ਹਰਿਆ ਹੋਇ॥***
***ਦੁਖ ਕੀਆ ਅਗੀ ਮਾਰੀਅਹਿ***
***ਭੀ ਦੁਖੁ ਦਾਰੂ ਹੋਇ॥ ਅੰਗ- 1240***

ਇਸ ਸੰਸਾਰ ਸਮੁੰਦਰ ਵਿਚ ਦੂਜੀ ਪ੍ਰਬਲ ਲਹਿਰ ਤ੍ਰਿਸ਼ਨਾ ਦੀ ਹੈ। ਤ੍ਰਿਸ਼ਨਾ ਦੇ ਵਸ ਵਿਚ ਆਇਆ ਹੋਇਆ ਜੀਵ ਬਹੁਤ ਹੀ ਦੁਖ ਪਾਉਂਦਾ ਹੈ। ਜੀਵ ਨੂੰ ਫਸਾਉਣ ਲਈ ਬਹੁਤ ਹੀ ਸ਼ਕਤੀਸ਼ਾਲੀ ਜਾਲ ਪਸਾਰਿਆ ਹੈ। ਤ੍ਰਿਸ਼ਨਾ ਦੇ ਵਸ ਵਿਚ ਆ ਕੇ ਇਹ ਜੀਵ ਰੂਪ ਪੰਛੀ ਫਸ ਗਿਆ ਅਤੇ ਕੋਈ ਤਰੀਕਾ ਛੁਟਣ ਦਾ ਇਸਨੂੰ

ਨਜ਼ਰ ਨਹੀਂ ਆ ਰਿਹਾ –

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥*

*ਅੰਗ – 50*

ਤ੍ਰਿਸ਼ਨਾ ਨੂੰ, ਜੀਵ ਨੂੰ ਲੱਗਿਆ ਹੋਇਆ ਕੋਹੜ ਦਾ ਰੋਗ ਕਿਹਾ ਜਾਂਦਾ ਹੈ ਜਿਸਦੇ ਦੁੱਖ ਵਿਚ ਫਸਿਆ ਹੋਇਆ ਜੀਵ ਇਸ ਅਗਨ ਵਿਚ ਜਲਦਾ ਰਹਿੰਦਾ ਹੈ। ਜਿਸ ਤਰ੍ਹਾਂ ਨਾਲ ਅੱਗ ਵਿਚ ਇੰਧਨ ਪਾਇਆਂ ਤੇ ਅੱਗ ਹੋਰ ਪ੍ਰਬਲ ਹੋ ਕੇ ਜਲਦੀ ਹੈ, ਇਸੇ ਤਰ੍ਹਾਂ ਨਾਲ ਤ੍ਰਿਸ਼ਨਾ ਦੀ ਅਗਨ ਵਿਚ ਪਦਾਰਥ ਪਾ ਕੇ ਅੱਗ ਬੁਝਣੀ ਨਹੀਂ ਸਗਮਾਂ ਹੋਰ ਜ਼ੋਰ ਨਾਲ ਫੈਲਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਵਡੇ ਵਡੇ ਰਾਜਨ ਅਰੁ ਭੂਮਨ*
*ਤਾ ਕੀ ਤ੍ਰਿਸਨ ਨ ਬੂਝੀ॥*
*ਲਪਟਿ ਰਹੇ ਮਾਇਆ ਰੰਗ ਮਾਤੇ*
*ਲੋਚਨ ਕਛੂ ਨ ਸੂਝੀ॥*
*ਬਿਖਿਆ ਮਹਿ*
*ਕਿਨ ਹੀ ਤ੍ਰਿਪਤਿ ਨ ਪਾਈ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ*
*ਬਿਨੁ ਹਰਿ ਕਹਾ ਅਘਾਈ॥*

*ਅੰਗ – 672*

ਮਹਾਰਾਜ ਜੀ ਹੋਰ ਫੁਰਮਾਨ ਕਰਦੇ ਹਨ –

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ॥*

*ਅੰਗ – 919*

ਝੂਠੇ ਲਾਲਚਾਂ ਦੇ ਵਿਚ ਫਸਿਆ ਹੋਇਆ ਜੀਵ ਜਗਤ ਨੂੰ ਸਤਿ ਜਾਣਦਾ ਹੈ ਅਤੇ ਸਦੀਵੀ ਸਤਿ ਨੂੰ ਅਸੱਤਿ ਜਾਣਦਾ ਹੈ। ਉਸ ਦੇ ਕਦੇ ਵੀ ਮਰਨਾ ਚਿਤ ਨਹੀਂ ਆਉਂਦਾ। ਹੋਰ-ਹੋਰ ਪ੍ਰਾਪਤੀਆਂ ਲਈ ਅੱਗੇ ਹੀ ਅੱਗੇ ਵਧਦਾ ਰਹਿੰਦਾ ਹੈ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥*

*ਅੰਗ – 213*

ਨਾ ਜੁਆਨੀ ਵਿਚ ਅਤੇ ਨਾ ਹੀ ਬਿਰਧ ਅਵਸਥਾ ਵਿਚ, ਤ੍ਰਿਸ਼ਨਾ ਦੀ ਅਗਨ ਕਦੇ ਵੀ ਨਹੀਂ ਬੁਝਦੀ। ਜਦੋਂ ਜਮਾਂ ਦੇ ਹੱਥ ਵਿਚ ਇਸ ਦੀ ਕਲਾਈ ਆ ਜਾਂਦੀ ਹੈ ਤਾਂ ਵੀ ਤ੍ਰਿਸ਼ਨਾ ਦਾ ਚਿੰਤਨ ਕਰਦਾ ਹੈ। ਵਾਹਿਗੁਰੂ ਜੀ ਨੂੰ ਕਦੇ ਭੁੱਲ ਕੇ ਵੀ ਯਾਦ ਨਹੀਂ ਕਰਦਾ।

ਇਕ ਸਾਖੀ ਹੈ – ਕਿਸੇ ਨਗਰ ਵਿਚ ਇਕ ਸੇਠ ਰਹਿੰਦਾ ਸੀ। ਉਸ ਨੇ ਸਤਿਸੰਗ ਵਿਚ ਸੁਣਿਆ ਕਿ ਅਜਾਮਲ ਨੇ ਇਕ ਵਾਰੀ ਨਰਾਇਣ ਕਹਿ ਕੇ ਉਚੀ ਪਦਵੀ ਪ੍ਰਾਪਤ ਕਰ ਲਈ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਅਜਾਮਲ ਕਉ ਅੰਤ ਕਾਲ ਮਹਿ*
*ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ॥*

*ਅੰਗ – 902*

ਉਸਨੇ ਵੀ ਇਹ ਗੱਲ ਪੱਲੇ ਬੰਨ੍ਹ ਲਈ। ਉਸਦੇ ਚਾਰ ਪੁੱਤਰ ਹੋਏ – ਵੱਡੇ ਦਾ ਨਾਮ ਰਾਮ ਚੰਦਰ ਰੱਖਿਆ, ਦੂਸਰੇ ਦਾ ਕ੍ਰਿਸ਼ਨ ਦੇਵ ਰੱਖਿਆ, ਤੀਜੇ ਦਾ ਨਾਰਾਇਣ ਰੱਖਿਆ ਅਤੇ ਚੌਥੇ ਦਾ ਗੋਬਿੰਦ ਰੱਖਿਆ। ਉਸ ਸੇਠ ਦਾ ਜਦੋਂ ਅੰਤ ਸਮਾਂ ਆਇਆ ਤਾਂ ਉਹ ਮਾਇਆ ਦੀਆਂ ਗੱਲਾਂ, ਪੈਸੇ ਟਕੇ, ਮਕਾਨਾਂ ਦੀਆਂ ਗੱਲਾਂ ਕਰੀ ਜਾਵੇ। ਸਿਆਣਿਆਂ ਨੇ ਕਈ ਵਾਰੀ ਕਿਹਾ ਸੇਠ ਜੀ! ਤੁਹਾਡਾ ਅੰਤ ਸਮਾਂ ਕੁਝ ਮਿੰਟਾਂ-ਸੰਕਿਟਾਂ ਵਿਚ ਹੀ ਆਉਣ ਵਾਲਾ ਹੈ, ਤੁਹਾਡੀ ਨਾਭੀ ਦੀ ਗੰਢ ਖੁਲ੍ਹ ਗਈ ਹੈ ਤੇ ਤੁਹਾਡੇ ਸੁਆਸ ਬੇ-ਮਰਿਆਦਾ ਆ ਰਹੇ ਹਨ, ਤੁਸੀਂ ਹੁਣ ਰਾਮ ਦਾ ਨਾਮ ਲਵੋ। ਸਿਆਣੇ ਭਾਈਚਾਰੇ ਨੇ ਉਸ ਦੇ ਪੁੱਤਰਾਂ ਨੂੰ ਪੈਂਦ ਵਲ ਖੜ੍ਹਾ ਕਰਕੇ ਪੁਛਿਆ, "ਸੇਠ ਜੀ! ਤੁਸੀਂ ਇਨ੍ਹਾਂ ਨੂੰ ਪਛਾਣਦੇ ਹੋ? ਸਾਰਾ ਭਾਈਚਾਰਾ ਪੁਛਦਾ ਹੈ, ਤੁਸੀਂ ਨਾਮ ਲੈ ਕੇ ਦੱਸੋ ਇਹ ਕੌਣ-ਕੌਣ ਹਨ?" ਸੇਠ ਨੇ ਗਹੁ ਨਾਲ ਆਪਣੇ ਚਾਰੋਂ ਬੱਚਿਆਂ ਨੂੰ ਦੇਖਿਆ ਅਤੇ ਜ਼ੋਰ ਨਾਲ ਕਿਹਾ, "ਓ ਤੁਸੀਂ! ਚਾਰੇ ਹੀ ਦੁਕਾਨ ਛੱਡ ਕੇ ਆ ਗਏ? ਦੁਕਾਨ ਤੇ ਸੌਦਾ ਕੌਣ ਵੇਚੇਗਾ?" ਐਨਾ ਕਹਿੰਦਿਆਂ ਹੀ ਉਸ ਦਾ ਅੰਤਲਾ ਪ੍ਰਾਣ ਸ਼ਾਂਤ ਹੋ ਗਿਆ। ਸੋ ਤ੍ਰਿਸ਼ਨਾ ਦੀ ਅਗਨ ਮਰਦੇ ਸਮੇਂ ਵੀ ਨਹੀਂ ਬੁਝਦੀ। ਮਹਾਰਾਜ ਜੀ ਫੁਰਮਾਨ ਕਰਦੇ

ਹਨ ਕਿ ਜਦੋਂ ਤੱਕ ਨਾਮ ਦੀ ਦਵਾਈ ਪੂਰੇ ਸਤਿਗੁਰੂ ਤੋਂ ਲੈ ਕੇ, ਪੂਰੇ ਸੰਜਮ ਨਾਲ ਨਹੀਂ ਵਰਤਦਾ, ਉਤਨੀ ਦੇਰ ਤੱਕ ਇਸ ਮਾਨਸਿਕ ਰੋਗ ਦਾ ਖਾਤਮਾ ਨਹੀਂ ਹੋਇਆ ਕਰਦਾ-

***ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ***
***ਇਸੁ ਮਹਿ ਰੋਗੁ ਵਡਾ***
***ਤ੍ਰਿਸਨਾ ਮਾਇਆ॥***
***ਅਨੇਕ ਜਤਨ ਭੇਖ ਕਰੇ ਜੋਗੀ***
***ਰੋਗੁ ਨ ਜਾਇ ਗਵਾਇਆ॥***
***ਹਰਿ ਕਾ ਨਾਮੁ ਅਉਖਧੁ ਹੈ ਜੋਗੀ***
***ਜਿਸ ਨੋ ਮੰਨਿ ਵਸਾਏ॥***
***ਗੁਰਮੁਖਿ ਹੋਵੈ ਸੋਈ ਬੂਝੈ***
***ਜੋਗ ਜੁਗਤਿ ਸੋ ਪਾਏ॥***

***ਅੰਗ - 909***

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਸਿੰਘਾਂ ਨਾਲ ਜਾਂਦੇ-ਜਾਂਦੇ ਜਦੋਂ ਖੇਤਾਂ ਵਿਚੋਂ ਲੰਘ ਰਹੇ ਸਨ ਤਾਂ ਖੱਬੇ ਪਾਸੇ ਇਕ ਤਿੱਤਰ ਜ਼ੋਰ-ਜ਼ੋਰ ਦੀ ਬੋਲ ਰਿਹਾ ਸੀ ਤਾਂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਹੋਇਆ -

***ਭੂਮੀਆ ਭੂਮਿ ਊਪਰਿ ਨਿਤ ਲੁਝੈ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥***

***ਅੰਗ - 188***

ਤਾਂ ਸਿੰਘਾਂ ਨੇ ਮਹਾਰਾਜ ਜੀ ਤੋਂ ਪੁੱਛਿਆ, "ਸੱਚੇ ਪਾਤਸ਼ਾਹ! ਆਪ ਦੇ ਅਚਾਨਕ ਇਹ ਸ਼ਬਦ ਪੜ੍ਹੇ ਜਾਣ ਦਾ ਕੀ ਕਾਰਨ ਹੈ? ਸਾਨੂੰ ਵੀ ਇਸ ਤੋਂ ਗਿਆਨ ਕਰਾਉ।" ਤਾਂ ਮਹਾਰਾਜ ਜੀ ਕਹਿਣ ਲੱਗੇ, "ਦੇਖੋ! ਤ੍ਰਿਸ਼ਨਾ ਦਾ ਫਸਿਆ ਹੋਇਆ ਜੀਵ ਕਿੰਨਾਂ ਜਕੜਿਆ ਹੋਇਆ ਹੁੰਦਾ ਹੈ ਕਿ ਇਹ ਤਿੱਤਰ ਏਸ ਥਾਂ ਦਾ ਪਹਿਲਾਂ, ਇਕ ਛੋਟਾ ਜਿਹਾ ਰਾਜਾ ਹੋਇਆ ਕਰਦਾ ਸੀ, ਇਹ ਉਸਦੀ ਨਿੱਜੀ ਜਾਇਦਾਦ ਸੀ। ਮਰਨ ਤੋਂ ਬਾਦ ਇਹ ਤਿੱਤਰ ਬਣ ਕੇ ਇਥੇ ਹੀ ਰਹਿੰਦਾ ਹੈ ਅਤੇ ਦੱਸ ਰਿਹਾ ਹੈ ਕਿ ਇਹ ਮੇਰੇ ਖੇਤ ਹਨ। ਇਹ ਤਿੱਤਰ ਖੱਬੀ ਅੱਖੋਂ ਕਾਣਾ ਹੈ, ਇਸ ਨੂੰ ਫੜ ਕੇ ਸਾਡੇ ਪਾਸ ਹਾਜ਼ਰ ਕਰੋ।" ਜਦੋਂ ਤਿੱਤਰ ਫੜ ਕੇ ਲਿਆਂਦਾ ਤਾਂ ਸਚਮੁੱਚ ਹੀ ਉਹ ਖੱਬੀ ਅੱਖ ਤੋਂ ਕਾਣਾ ਸੀ। ਸੋ ਇਸ ਤਰ੍ਹਾਂ ਦੇ ਨਾਲ ਤ੍ਰਿਸ਼ਨਾ ਦੀ ਵਾਸ਼ਨਾ ਬਹੁਤ ਹੀ ਪ੍ਰਬਲ ਹੈ, ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਜਲ ਰਿਹਾ ਹੈ -

***ਤ੍ਰਿਸਨਾ ਅਗਨਿ ਜਲੈ ਸੰਸਾਰਾ॥***
***ਲੋਭੁ ਅਭਿਮਾਨੁ ਬਹੁਤੁ ਅਹੰਕਾਰਾ॥***

***ਅੰਗ - 120***

ਸੋ ਇਹ ਤ੍ਰਿਸ਼ਨਾ ਦੀ ਵਾਸ਼ਨਾ ਸੰਸਾਰ ਨੂੰ ਘੁਮੇਟਣੀਆਂ ਖੁਆ ਰਹੀ ਹੈ। ਜਦੋਂ ਤਕ ਪੂਰਾ ਸਤਿਗੁਰੂ ਇਸ ਦੇ ਆਪੇ ਵਿਚ ਤੱਤ੍ਵ ਗਿਆਨ ਦਾ ਪ੍ਰਕਾਸ਼ ਨਹੀਂ ਬਖਸ਼ਦਾ ਅਤੇ ਆਪਣੇ ਸਰੂਪ ਨੂੰ ਯਥਾਰਥ ਵਿਚ ਸ਼ਾਖਸ਼ਾਤ ਕਰਕੇ ਨਹੀਂ ਬੁੱਝਦਾ, ਓਨੀਂ ਦੇਰ ਤੱਕ ਤ੍ਰਿਸ਼ਨਾ ਦੀ ਅਗਨ ਕਿਸੇ ਵੀ ਜਤਨ ਨਾਲ ਬੁਝਿਆ ਨਹੀਂ ਕਰਦੀ -

***ਅਗਿਆਨੁ ਤ੍ਰਿਸਨਾ***
***ਇਸੁ ਤਨਹਿ ਜਲਾਏ॥***
***ਤਿਸ ਦੀ ਬੂਝੈ ਜਿ ਗੁਰ ਸਬਦੁ***
***ਕਮਾਏ॥***
***ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ***
***ਹਉਮੈ ਮਾਰਿ ਸਮਾਇਆ॥***
***ਸਚਾ ਸਾਹਿਬੁ ਸਚੀ ਵਡਿਆਈ॥***
***ਗੁਰ ਪਰਸਾਦੀ ਵਿਰਲੈ ਪਾਈ॥***
***ਨਾਨਕੁ ਏਕ ਕਹੈ ਬੇਨੰਤੀ***
***ਨਾਮੇ ਨਾਮਿ ਸਮਾਇਆ॥***

***ਅੰਗ - 1067***

***ਗੁਰ ਪ੍ਰਸਾਦਿ ਆਪਨ ਆਪੁ ਸੁਝੈ॥***
***ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥***

***ਅੰਗ - 281***

ਇਹ ਬਚਨ ਸੰਤ ਮਹਾਰਾਜ ਜੀ ਦੇ, ਸਰੋਤਿਆਂ ਨੇ ਬਹੁਤ ਧਿਆਨ ਨਾਲ ਸਰਵਣ ਕੀਤੇ, ਇਤਨੇ ਵਿਚ ਸਮਾਂ ਹੋ ਗਿਆ। ਦੂਜੇ ਦਿਨ ਫਿਰ ਇਹ ਅਧੂਰੇ ਪ੍ਰਸ਼ਨ ਦਾ ਸਮਾਧਾਨ ਕਰਾਉਣ ਦੀ ਆਸ ਨਾਲ ਸਾਰੇ ਸਰੋਤਾ ਜਨ ਨਮਸਕਾਰ ਕਰਦੇ ਆਪਣੇ ਕਾਰਜਾਂ ਲਈ ਜਾਣ ਲੱਗੇ। ਸੰਤ ਮਹਾਰਾਜ ਇਕੱਲੇ-ਇਕੱਲੇ ਪ੍ਰੇਮੀ ਨੂੰ ਸਮਾਂ ਦੇਣ ਲਈ ਕਮਰੇ ਦੇ ਅੰਦਰ ਕੁਰਸੀ ਤੇ ਸਜ ਗਏ। ਬਾਬੂ ਰਲਾ ਸਿੰਘ ਜੀ, ਸੰਤ ਵਰਿਆਮ ਸਿੰਘ ਦੀ ਸਲਾਹ ਨਾਲ ਇਕੱਲੇ-ਇਕੱਲੇ ਨੂੰ ਸਮਾਂ ਦਿਵਾਉਣ ਲੱਗੇ।

# ਸੰਤ ਬਚਨ
## (ਭਾਗ - ਤੀਜਾ)

ਅੱਜ 17 ਮਈ 1962, ਦਿਨ ਵੀਰਵਾਰ ਸੀ। ਕੱਲ ਜੋ ਮਹਾਂਪੁਰਸ਼ਾਂ ਨੇ ਬਚਨ ਕੀਤੇ ਸਨ ਉਸ ਵਿਚ ਫੁਰਮਾਨ ਕੀਤਾ ਸੀ ਕਿ ਜਿਸ ਤਰ੍ਹਾਂ ਦੇ ਨਾਲ ਸਮੁੰਦਰ ਵਿਚ ਪਾਣੀ ਹੁੰਦਾ ਹੈ ਇਸ ਤਰ੍ਹਾਂ ਦੇ ਨਾਲ ਸੰਸਾਰ ਵਿਚ ਦੁੱਖ ਰੂਪ ਪਾਣੀ ਹੈ ਅਤੇ ਆਸਾ ਤੇ ਤ੍ਰਿਸ਼ਨਾ ਦੀਆਂ ਅਥਾਹ ਲਹਿਰਾਂ ਉਠ ਰਹੀਆਂ ਹਨ। ਸੰਤ ਮਹਾਰਾਜ ਜੀ ਨੇ ਆਸ਼ਾਵਾਂ ਬਾਰੇ ਬਹੁਤ ਹੀ ਵਿਸਥਾਰ ਨਾਲ ਬਚਨ ਕੀਤੇ ਸਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਸਾ ਤੇ ਅੰਦੇਸਾ ਨੂੰ ਬੱਜਰ ਕਪਾਟਾਂ ਦੇ ਨਾਲ ਤਸ਼ਵੀਹ (ਬਰਾਬਰੀ) ਦਿਤੀ ਹੈ। ਜਿੰਨੀ ਦੇਰ ਤੱਕ ਆਦਮੀ ਦੇ ਅੰਦਰੋਂ ਵਾਸ਼ਨਾਵਾਂ ਖਤਮ ਨਹੀਂ ਹੁੰਦੀਆਂ ਓਨਾਂ ਚਿਰ ਤੱਕ ਜੀਵ ਦਾ ਜੰਮਣਾ ਮਰਨਾ ਅਵੱਸ਼ ਹੈ। ਅੱਜ ਸਾਰਿਆਂ ਨੇ ਮਹਾਂਪੁਰਸ਼ਾਂ ਦੇ ਆਉਣ ਤੇ ਨਮਸ਼ਕਾਰ ਕੀਤੀ ਤੇ ਯਥਾ ਯੋਗ ਸਤਿਕਾਰ ਕੀਤਾ। ਮਹਾਂਪੁਰਸ਼ ਆਪਣੀ ਸੀਟ ਉਪਰ ਬੈਠ ਗਏ, ਉਸ ਪਿਛੋਂ ਸਾਰੇ ਪ੍ਰੇਮੀ ਆਪਣੇ-ਆਪਣੇ ਥਾਂ ਬਿਰਾਜ ਗਏ। ਅੱਜ ਫੇਰ ਬੇਨਤੀ ਕੀਤੀ ਕਿ ਮਹਾਰਾਜ ਜੀ, ਵਾਸ਼ਨਾਵਾਂ ਬਾਰੇ ਆਪ ਨੇ ਬਹੁਤ ਖੋਲ੍ਹ ਕੇ ਫੁਰਮਾਨ ਕੀਤਾ ਹੈ ਪਰ ਅਸੀਂ ਕਲਜੁਗੀ ਜੀਵ ਵਾਸ਼ਨਾਵਾਂ 'ਚੋਂ ਨਿਕਲ ਨਹੀਂ ਸਕਦੇ ਕਿਉਂਕਿ ਸੰਸਾਰਕ ਮਜ਼ਬੂਰੀਆਂ ਇਤਨੀਆਂ ਜ਼ਿਆਦਾ ਹਨ ਕਿ ਕਿਸੇ ਨਾ ਕਿਸੇ ਆਸਾ ਦੀ ਪ੍ਰੇਰਨਾ ਅਨੁਸਾਰ ਜੀਵਨ, ਸਮਾਂ ਲੰਘ ਰਿਹਾ ਹੈ। ਕਿਸ ਤਰ੍ਹਾਂ ਕਰੀਏ, ਕੋਈ ਅਜਿਹਾ ਸਾਧਨ ਦੱਸੋ ਜਿਸ ਕਰਕੇ ਅਸੀਂ ਵਾਸ਼ਨਾਵਾਂ ਤੇ ਕਾਬੂ ਪਾ ਲਈਏ।

ਸੰਤ ਮਹਾਰਾਜ ਜੀ ਨੇ ਸਾਰੀ ਬਾਤ ਗੰਭੀਰਤਾ ਨਾਲ ਸੁਣੀ ਅਤੇ ਕਿਹਾ ਕਿ ਤੁਹਾਡਾ ਪ੍ਰਸ਼ਨ ਬਿਲਕੁਲ ਸਤਿ ਹੈ। ਜੇ ਵਾਸ਼ਨਾਵਾਂ ਦਾ ਤਿਆਗ ਐਨਾ ਸੁਖਾਲਾ ਹੁੰਦਾ ਤਾਂ ਵੱਡੇ-ਵੱਡੇ ਸਾਧਕ ਕਿਉਂ ਵਾਸ਼ਨਾਵਾਂ ਦੇ ਅੰਦਰ, ਆਸਾ ਤੇ ਅੰਦੇਸ਼ਿਆਂ ਦੇ ਅੰਦਰ ਭਟਕਦੇ। ਦਰਅਸਲ ਇਹ ਸਰੀਰ ਹੀ ਆਸਾ ਤੇ ਮਨਸ਼ਾ ਦੀ ਹਰਕਤ ਵਿਚ ਆਇਆ ਪੁਰਜ਼ਾ ਹੈ। ਮਨ ਦੇ ਪਿਛੇ ਲੱਗ ਕੇ, ਜੋ ਵਾਸ਼ਨਾਵਾਂ ਦੇ ਅਧੀਨ ਹੋ ਕੇ ਜੀਵਨ ਬਤੀਤ ਕਰਦੇ ਹਨ ਉਹ ਜੰਮਣ ਮਰਨ ਦੇ ਚੱਕਰ ਅਤੇ ਦੁਖ ਸੁਖ ਦੀਆਂ ਥਪੇੜਾਂ ਸਹਿੰਦੇ ਹੀ ਰਹਿਣਗੇ। ਜਦੋਂ ਤੱਕ ਅਸੀਂ ਗੁਰੂ ਦੀ ਮਤ ਧਾਰਨ ਨਹੀਂ ਕਰਦੇ ਅਸੀਂ ਕਿਸੇ ਤਰ੍ਹਾਂ ਨਾਲ ਵੀ, ਕਿਸੇ ਸਹਿਸ ਸਿਆਣਪਾਂ ਨਾਲ, ਫਿਲਾਸਫੀਆਂ ਪੜ੍ਹ ਕੇ, ਮਨ ਦਾ ਜ਼ੋਰ ਲਾ-ਲਾ ਕੇ ਵਾਸ਼ਨਾਵਾਂ ਦੀਆਂ ਘੁੰਮਣ-ਘੇਰੀਆਂ ਵਿਚੋਂ ਕਿਸੇ ਤਰ੍ਹਾਂ ਵੀ ਨਿਕਲਣੋਂ ਸਮਰੱਥ ਨਹੀਂ ਹੋ ਸਕਦੇ। ਇਸੇ ਭਾਵ ਨੂੰ ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਪ੍ਰਗਟ ਕੀਤਾ ਹੈ -

***ਆਸਾ ਮਨਸਾ ਏਹੁ ਸਰੀਰੁ ਹੈ***
***ਅੰਤਰਿ ਜੋਤਿ ਜਗਾਏ॥***
***ਨਾਨਕ ਮਨਮੁਖਿ ਬੰਧੁ ਹੈ***
***ਗੁਰਮੁਖਿ ਮੁਕਤਿ ਕਰਾਏ॥***

***ਅੰਗ - 559***

ਸੋ ਆਸਾ ਦੇ ਅੰਦਰ ਹੀ ਵਾਸ਼ਨਾਵਾਂ ਦਾ ਬੰਨ੍ਹਿਆਂ ਹੋਇਆ ਇਹ ਜੀਵ ਆਪਣੇ ਨਾਲ ਪਰਾਲਬਧ ਕਰਮ ਲੈ ਕੇ ਸੰਸਾਰ ਵਿਚ ਆਉਂਦਾ ਹੈ ਅਤੇ ਸਮਰੱਥ ਤੱਤ ਬੇਤੇ ਗੁਰਮੁਖ, ਮਹਾਂਪੁਰਖ ਦੇ ਨਾ ਮਿਲਣ ਕਰਕੇ ਆਪਣਾ ਜੀਵਨ ਵਾਸ਼ਨਾਵਾਂ ਵਿਚ ਖਚਿਤ ਰੱਖ ਕੇ ਸੰਸਾਰ ਤੋਂ ਦਿਵਾਲੀਏ ਹੋ ਚੁੱਕੇ ਸ਼ਾਹੂਕਾਰ ਵਾਂਗੂੰ ਤੁਰ ਜਾਂਦਾ ਹੈ ਅਤੇ ਅੱਗੇ ਜਾ ਕੇ 'ਮੁਹੇ ਮੁਹਿ' ਚੋਟਾ ਖਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ -

***ਆਸਾ ਅੰਦਰਿ ਜੰਮਿਆ***
***ਆਸਾ ਰਸ ਕਸ ਖਾਇ॥***
***ਆਸਾ ਬੰਧਿ ਚਲਾਈਐ***
***ਮੁਹੇ ਮੁਹਿ ਚੋਟਾ ਖਾਇ॥***

***ਅੰਗ - 61***

ਇਹ ਵਾਸ਼ਨਾਵਾਂ ਮਰਿਆ ਨਹੀਂ ਕਰਦੀਆਂ। ਸੰਸਾਰ ਦੇ ਬੰਦੇ ਇਕ ਵਾਸ਼ਨਾ ਪੂਰੀ ਹੋਣ ਤੋਂ ਪਿਛੋਂ ਉਸਦੀ ਜੜ੍ਹ ਵਿਚੋਂ ਹੋਰ ਅਨੇਕਾਂ ਵਾਸ਼ਨਾਵਾਂ ਦੀਆਂ ਸ਼ਾਖਾ ਫੁੱਟ ਨਿਕਲਿਆ ਕਰਦੀਆਂ ਹਨ। ਸੰਸਾਰ ਇਨ੍ਹਾਂ ਆਸ਼ਾਵਾਂ ਦੇ ਵਿਚ ਹੀ ਜੰਮਦਾ-ਮਰਦਾ ਰਹਿੰਦਾ ਹੈ। ਤੁਸੀਂ ਪੁਛਦੇ ਹੋ ਕਿ ਇਸਦਾ ਕੋਈ ਇਲਾਜ ਦੱਸੋ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਦੇ ਨਾਮ ਵਿਚ ਐਨੀ ਸ਼ਕਤੀ ਹੈ ਕਿ ਉਹ ਪਹਿਲਾਂ ਤਾਂ

ਵਾਸ਼ਨਾਵਾਂ ਪੂਰੀਆਂ ਕਰਦਾ ਹੈ ਅਤੇ ਫੇਰ ਓਹੀ ਨਾਮ ਦਵਾਈ ਬਣ ਕੇ ਭੁੱਲੇ ਮਨ ਨੂੰ ਸੋਝੀ ਪ੍ਰਦਾਨ ਕਰਦਾ ਹੈ। ਜਦੋਂ ਉਸ ਦੇ ਚਿੱਤ ਵਿਚ ਨਾਮ ਵਸ ਜਾਵੇ ਅਤੇ ਨਾਮ ਦਾ ਰਸ ਆ ਜਾਵੇ, ਘਾਲ ਕਮਾਈ ਕਰਨ ਕਰਕੇ ਅੰਤਰੀਵੀ ਦਿਬਯ ਚਖਸ਼ੂ ਦੇ ਖੁਲ੍ਹਣ ਤੇ ਉਸ ਗਿਆਨ ਦੇ ਪ੍ਰਕਾਸ਼ ਵਿਚੋਂ ਸੰਸਾਰ ਦੀ ਅਸੱਤਤਾ ਨੂੰ ਵੇਖ ਕੇ, ਪਰਖ ਕੇ, ਆਤਮਾ ਤੇ ਅਨਾਤਮਾ ਨੂੰ ਨਿਖੇੜ ਕੇ ਸ਼ਾਖਸ਼ਾਤ ਕਰ ਲਵੇ ਤਾਂ ਵਾਸ਼ਨਾਵਾਂ ਨੂੰ ਕੋਈ ਥਾਂ ਨਹੀਂ ਰਿਹਾ ਕਰਦਾ, ਆਪਣੇ ਆਪ ਹੀ ਮਰ ਜਾਇਆ ਕਰਦੀਆਂ ਹਨ –

***ਆਸਾ ਕਰਤਾ ਜਗੁ ਮੁਆ***
***ਆਸਾ ਮਰੈ ਨ ਜਾਇ॥***
***ਨਾਨਕ ਆਸਾ ਪੂਰੀਆ***
***ਸਚੇ ਸਿਉ ਚਿਤੁ ਲਾਇ॥***

***ਅੰਗ – 517***

ਘਟ ਅੰਤਰ ਬ੍ਰਹਮ ਦੇ ਨਿਵਾਸ ਹੋਣ ਦੀ ਅਵਸਥਾ ਹੀ ਇਹੀ ਹੈ ਕਿ ਆਸਾ ਤੇ ਮਨਸ਼ਾ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਇਆ ਕਰਦੀਆਂ ਹਨ ਅਤੇ ਹੁਕਮ ਵਿਚ ਚਲਣ ਦੀ ਸੋਝੀ ਉਤਪੰਨ ਹੋ ਜਾਇਆ ਕਰਦੀ ਹੈ। ਆਪਣੀ ਅਹੰ ਬਿਰਤੀ 'ਮੈਂ' ਤੇ 'ਮੇਰੀ' ਪੂਰੀ ਤਰ੍ਹਾਂ ਨਾਲ ਪ੍ਰਮ ਆਪੇ ਵਿਚ ਲੈਅ ਹੋ ਜਾਇਆ ਕਰਦੀ ਹੈ। ਤਾਂ ਸਮਝਿਆ ਜਾਂਦਾ ਹੈ ਕਿ ਇਸ ਪੰਜ ਭੂਤਕ ਸਰੀਰ ਵਿਚ ਬ੍ਰਹਮ ਦਾ ਨਿਵਾਸ ਹੈ –

***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ॥***

***ਅੰਗ – 634***

ਇਕ ਸਾਖੀ ਇਸ ਸਬੰਧ ਵਿਚ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸੁਲਤਾਨਪੁਰ ਲੋਧੀ ਵਿਚ ਮੋਦੀ ਦਾ ਨਾਟ ਕੀਤਾ ਤਾਂ ਆਪ ਜੀ ਇਕ ਦਿਨ ਵੇਈ ਨਦੀ ਵਿਚ ਪ੍ਰਵੇਸ਼ ਕਰਕੇ ਆਪਣੇ ਪੰਜ ਭੂਤਕ ਸਰੀਰ ਦੇ ਤੱਤਾਂ ਨੂੰ ਤੱਤਾਂ ਵਿਚ ਲੀਨ ਕਰਕੇ ਸੱਚਖੰਡ ਵਿਚ ਪਹੁੰਚਦੇ ਹਨ ਅਤੇ ਨਿਰੰਕਾਰ ਜੀ ਦੇ ਸਾਹਮਣੇ ਜਾ ਕੇ 'ਸੋ ਦਰ' ਦਾ ਸ਼ਬਦ ਉਚਾਰਨ ਕਰਦੇ ਹਨ ਅਤੇ –

***ਕੋਟਿ ਕੋਟੀ ਮੇਰੀ ਆਰਜਾ***
***ਪਵਣੁ ਪੀਅਣੁ ਅਪਿਆਉ॥***
***ਚੰਦੁ ਸੂਰਜੁ ਦੁਇ ਗੁਫੈ ਨ ਦੇਖਾ***
***ਸੁਪਨੈ ਸਉਣ ਨ ਥਾਉ॥***
***ਭੀ ਤੇਰੀ ਕੀਮਤਿ ਨਾ ਪਵੈ***
***ਹਉ ਕੇਵਡੁ ਆਖਾ ਨਾਉ॥***

***ਅੰਗ – 14***

ਇਹ ਸ਼ਬਦ ਉਚਾਰਨ ਕਰਕੇ ਨਮਸ਼ਕਾਰ ਕੀਤੀ ਤਾਂ ਨਿਰੰਕਾਰ ਜੀ ਨੇ ਫੁਰਮਾਨ ਕੀਤਾ ਕਿ ਹੇ ਨਾਨਕ! ਜਿਸ ਕਾਰਜ ਲਈ ਮੈਂ ਤੁਹਾਨੂੰ ਮ੍ਰਿਤੂ ਮੰਡਲ (Earth Planet) ਵਿਚ ਆਪਣੇ ਵਿਚੋਂ ਪ੍ਰਗਟ ਕਰਕੇ ਭੇਜਿਆ ਹੈ ਉਹ ਕੰਮ ਅਜੇ ਆਪ ਨੇ ਸ਼ੁਰੂ ਨਹੀਂ ਕਰਿਆ? ਤਾਂ ਗੁਰੂ ਨਾਨਕ ਪਾਤਸ਼ਾਹ ਨੇ ਬੇਨਤੀ ਕੀਤੀ ਕਿ ਹੇ ਏਕੰਕਾਰ ਜੀ! ਆਪ ਜੀ ਦਾ ਅਟੱਲ ਨਿਯਮ ਹੈ ਕਿ ਆਤਮ ਗਿਆਨ ਦੀ ਦਾਤ ਵੰਡਣ ਲਈ ਪਹਿਲਾਂ ਗੁਰੂ ਦੀ ਲੋੜ ਹੈ। ਸੰਸਾਰ ਵਿਚ ਮੈਨੂੰ ਅਜਿਹਾ ਕੋਈ ਆਪ ਦਾ ਪਿਆਰਾ ਨਜ਼ਰ ਨਹੀਂ ਆਇਆ ਜਿਸ ਅੱਗੇ ਜਾ ਕੇ ਮੈਂ ਨਾਮ ਪ੍ਰਾਪਤੀ ਦੀ ਯਾਚਨਾ ਕਰਾਂ। ਆਪ ਕ੍ਰਿਪਾ ਕਰਕੇ ਮੈਨੂੰ ਆਪਣੇ ਸਰੂਪ ਦੀ ਸੋਝੀ ਤੇ ਉਸ ਮੰਤ੍ਰ ਦੀ ਦਾਤ ਬਖਸ਼ੋ ਜਿਸ ਦੇ ਜਪਣ ਕਰਕੇ ਕਲਜੁਗੀ ਜੀਵਾਂ ਦਾ ਉਧਾਰ ਹੋ ਜਾਵੇ। ਉਸ ਸਮੇਂ ਨਿਰੰਕਾਰ ਜੀ ਨੇ ਆਪਣਾ ਸਰੂਪ –

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ***
***ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ***
***ਗੁਰ ਪ੍ਰਸਾਦਿ॥ ਅੰਗ – 1***

ਪ੍ਰਗਟ ਕੀਤਾ ਅਤੇ ਕਿਹਾ, "ਹੇ ਨਾਨਕ! ਤੂੰ ਵੀ ਇਸ ਉਪਰ ਆਪਣੀ ਮੋਹਰ ਲਾ।" ਤਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***

***ਅੰਗ – 1***

ਦਾ ਸਲੋਕ ਉਚਾਰਨ ਕਰਕੇ ਆਪਣੇ ਨਾਮ ਦੀ ਮੋਹਰ ਲਾਈ। ਅਕਾਲ ਪੁਰਖ ਜੀ ਨੇ ਉਸ ਸਮੇਂ ਗੁਰੂ ਨਾਨਕ ਜੀ ਨੂੰ ਆਪਣੇ ਨਾਮ ਦਾ ਲਵਾ-ਲਵ ਭਰਿਆ ਹੋਇਆ ਪਿਆਲਾ ਪਿਲਾਇਆ ਅਤੇ ਗੁਰਮੰਤ੍ਰ ਦੇਣ ਲਈ ਵਾਹਿਗੁਰੂ ਮੰਤ੍ਰ ਦੀ ਦਾਤ ਬਖਸ਼ੀ। ਇਹ ਸਾਰਾ ਕੰਮ ਦੱਸਣ ਮਾਤਰ ਹੀ ਹੈ ਪਰ ਇਹ ਕਹਿਣਾ ਅਤਿ ਕਠਿਨ ਹੈ ਕਿ ਕਿਸ ਤਰ੍ਹਾਂ ਅਕਾਲ ਪੁਰਖ ਜੀ ਨੇ ਆਪਣੇ ਆਪ ਨੂੰ

ਗੁਰੂ ਰੂਪ ਵਿਚ ਅਤੇ ਪ੍ਰਮੇਸ਼ਰ ਰੂਪ ਵਿਚ ਪ੍ਰਗਟ ਕਰਕੇ ਇਕ ਰੂਪ ਹੀ ਰੱਖਿਆ। ਫੁਰਮਾਨ ਕੀਤਾ, "ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਅਤੇ ਤੂੰ ਗੁਰੂ ਪ੍ਰਮੇਸ਼ਰ। ਤੇਰੇ ਤੇ ਮੇਰੇ ਵਿਚ ਜੇ ਕੋਈ ਭੇਦ ਜਾਣੇਗਾ ਉਸਦਾ ਉਧਾਰ ਹੋਣਾ ਕਠਿਨ ਹੈ।" ਬਾਣੀ ਵਿਚ ਵੀ ਫੁਰਮਾਨ ਆਇਆ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*
*ਅੰਗ - 442*

*ਗੁਰੁ ਪਰਮੇਸਰੁ ਏਕੋ ਜਾਣੁ॥*
*ਅੰਗ - 864*

ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਮੁਖਾਰਬਿੰਦ ਤੋਂ ਐਸਾ ਇਸ ਘਟਨਾ ਦਾ ਉਲੇਖ ਕਰਦਿਆਂ ਫੁਰਮਾਨ ਕੀਤਾ ਕਿ ਉਸਦੇ ਕੀਰਤਨ ਕਰਨ ਵਾਲੇ ਢਾਡੀ ਨੂੰ ਦਰਗਾਹ ਵਿਚ ਸੱਦਿਆ ਅਤੇ ਸਿਫਤ ਸਲਾਹ ਦਾ ਕੱਪੜਾ ਬਖਸ਼ ਕੇ ਨਿਵਾਜਿਆ ਅਤੇ ਸੰਸਾਰ ਵਿਚੋਂ ਅਗਿਆਨਤਾ ਦੂਰ ਕਰਨ ਦਾ ਕਾਰਜ ਬਖਸ਼ ਕੇ ਕਾਰੇ ਲਾਇਆ -

*ਹਉ ਢਾਢੀ ਹਰਿ ਪ੍ਰਭ ਖਸਮ ਕਾ*
*ਹਰਿ ਕੈ ਦਰਿ ਆਇਆ॥*
*ਹਰਿ ਅੰਦਰਿ ਸੁਣੀ ਪੂਕਾਰ*
*ਢਾਢੀ ਮੁਖਿ ਲਾਇਆ॥*
*ਹਰਿ ਪੁਛਿਆ ਢਾਢੀ ਸਦਿ ਕੈ*
*ਕਿਤੁ ਅਰਥਿ ਤੂੰ ਆਇਆ॥*
*ਨਿਤ ਦੇਵਹੁ ਦਾਨੁ ਦਇਆਲ*
*ਪ੍ਰਭ ਹਰਿ ਨਾਮੁ ਧਿਆਇਆ॥*
*ਹਰਿ ਦਾਤੈ ਹਰਿ ਨਾਮੁ ਜਪਾਇਆ*
*ਨਾਨਕੁ ਪੈਨਾਇਆ॥ ਅੰਗ - 91*

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ*
*ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ*
*ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ*
*ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ*
*ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*
*ਸੁਧੁ ।ਅੰਗ - 150*

ਸੱਚੀ ਸਿਫਤ ਸਲਾਹ ਦਾ ਸਿਰੋਪਾਓ ਪ੍ਰਵਾਨ ਕਰਕੇ ਗੁਰੂ ਨਾਨਕ ਪਾਤਸ਼ਾਹ ਵੇਈ ਨਦੀ ਵਿਚੋਂ ਹੀ ਉਪਰ ਨੂੰ ਸ਼ਮਸ਼ਾਨ ਭੂਮੀ ਵਿਚ ਪ੍ਰਗਟ ਹੋ ਕੇ ਬਿਰਾਜਮਾਨ ਹੋ ਗਏ ਅਤੇ ਇਕੋ ਸ਼ਬਦ ਬਾਰ-ਬਾਰ ਕਹੀ ਜਾਂਦੇ ਹਨ -

*ਨਾ ਕੋ ਹਿੰਦੂ ਨਾ ਮੁਸਲਮਾਨ॥*

ਇਹ ਹਿੰਦੂਆਂ ਨੇ ਵੀ ਸੁਣਿਆ ਤੇ ਇਸਲਾਮ ਵਾਲਿਆਂ ਨੇ ਵੀ ਸੁਣਿਆ। ਇਸਲਾਮ ਵਾਲਿਆਂ ਨੇ ਇਤਰਾਜ਼ ਕੀਤਾ ਤੇ ਨਵਾਬ ਦੇ ਪਾਸ ਜਾ ਕੇ ਸ਼ਕਾਇਤ ਕੀਤੀ ਕਿ ਨਵਾਬ ਸਾਹਿਬ! ਗੁਰੂ ਨਾਨਕ ਤਿੰਨ ਦਿਨਾਂ ਪਿਛੋਂ ਨਦੀ ਵਿਚੋਂ ਬਾਹਰ ਨਿਕਲ ਕੇ ਸ਼ਮਸ਼ਾਨ ਭੂਮੀ ਵਿਚ ਬੈਠਾ ਹੈ, ਕਿਸੇ ਦਾ ਬੋਲਾਇਆ ਬੋਲਦਾ ਨਹੀਂ, ਕਿਸੇ ਦਾ ਹਿਲਾਇਆ ਹਿਲਦਾ ਨਹੀਂ, ਕਿਸੇ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ, ਜਦੋਂ ਕਿਤੇ ਬੋਲਦਾ ਹੈ ਤਾਂ ਉਸਦੇ ਮੁਖਾਰਬਿੰਦ ਤੋਂ ਇਕ ਗੱਲ ਸੁਣਾਈ ਦਿੰਦੀ ਹੈ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ'। ਮੁਲਾਂ-ਮੁਲਾਣੇ ਕਹਿਣ ਲੱਗੇ ਕਿ ਨਵਾਬ ਸਾਹਿਬ ਜੀ! ਇਹ ਜੋ ਕੁਫਰ ਦੇ ਬਚਨ ਹਨ ਇਸਲਾਮੀ ਸ਼ਰ੍ਹਾ ਦੇ ਉਲਟ ਹਨ। ਹਿੰਦੂ ਭਾਵੇਂ ਨਾ ਹੋਏ ਕਿਉਂਕਿ ਉਸ ਪਾਸ ਕੋਈ ਰਾਜਸੀ ਸਤਾ ਨਹੀਂ, ਕੋਈ ਧਾਰਮਿਕ ਸੇਧ ਨਹੀਂ, ਨਾ ਹੀ ਕੋਈ ਅੱਲਾਹ ਤਾਲਾ ਨੂੰ ਮੰਨਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੋਝੀ ਹੈ। ਉਹ ਅਲਾਹ ਨੂੰ ਮੂਰਤੀਆਂ ਦੇ ਰੂਪ ਵਿਚ ਮੱਛ-ਕੱਛ, ਸੂਰ, ਸੱਪ, ਅੱਧਾ ਸ਼ੇਰ, ਅੱਧਾ ਮਨੁੱਖ, ਨਿਰਸਿੰਘ ਕਰਕੇ ਮੰਨਦਾ ਹੈ, ਆਪੇ ਹੀ ਪੱਥਰ ਤਰਾਸ਼ ਕਰ ਲੈਂਦਾ ਹੈ ਤੇ ਆਪੇ ਹੀ ਉਸਨੂੰ ਖੁਦਾ ਮੰਨ ਲੈਂਦਾ ਹੈ; ਉਹਦੇ ਵਾਸਤੇ ਤਾਂ ਗੁਰੂ ਨਾਨਕ ਦੀ ਗੱਲ ਠੀਕ ਹੈ ਪਰ ਤੁਸੀਂ ਜਾਣਦੇ ਹੋ ਕਿ ਅਸੀਂ ਇਸਲਾਮ ਵਾਲੇ ਖੁਦਾ ਪ੍ਰਸਤ ਹਾਂ ਅਤੇ ਕਿਸੇ ਬੁੱਤ ਨੂੰ ਨਹੀਂ ਮੰਨਦੇ। ਪੰਜ ਵੇਲੇ ਪੰਜ ਨਮਾਜ਼ਾਂ ਪੜ੍ਹਦੇ ਹਾਂ, ਰੋਜ਼ੇ ਰੱਖਦੇ ਹਾਂ, ਹੋਰ ਇਸਲਾਮੀ ਸ਼ਰ੍ਹਾ ਦੇ ਨਾਲ ਆਪਣਾ ਜੀਵਨ ਬਤੀਤ ਕਰਦੇ ਹਾਂ। ਫੇਰ ਇਹ ਗੁਰੂ ਨਾਨਕ ਦਾ ਕਹਿ ਦੇਣਾ ਕਿ ਮੁਸਲਮਾਨ ਵੀ ਕੋਈ ਨਹੀਂ; ਇਹ ਗੁਰੂ ਨਾਨਕ ਜੀ ਕੁਫਰ ਬੋਲਦੇ ਹਨ, ਕੁਫਰ ਦੀ ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ, ਇਸਦਾ ਛੇਤੀਂ ਤੋਂ ਛੇਤੀਂ ਨਿਪਟਾਰਾ

ਕੀਤਾ ਜਾਵੇ। ਨਵਾਬ ਦੌਲਤ ਖਾਂ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਆਪਣੇ ਦਰਬਾਰ ਵਿਚ ਬੜੇ ਪਿਆਰ ਸਤਿਕਾਰ ਨਾਲ ਬੁਲਾਉਂਦਾ ਹੈ ਅਤੇ ਕਾਜ਼ੀ, ਮੁਲਾਂ-ਮੁਲਾਣਿਆਂ ਦੀ ਸ਼ਕਾਇਤ ਤੇ ਅਧਾਰਿਤ ਦੋਸ਼ ਅਰੋਪਣ ਕਰਦਾ ਹੈ ਤਾਂ ਉਤਰ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਨਵਾਬ ਸਾਹਿਬ ਕਿਸੇ ਧਰਮ ਦਾ ਅਨੁਆਈ, ਆਦਮੀ ਓਨਾਂ ਚਿਰ ਤੱਕ ਹੀ ਰਿਹਾ ਕਰਦਾ ਹੈ ਜਿੰਨੀ ਦੇਰ ਤੱਕ ਉਸ ਧਰਮ ਦੇ ਬਣੇ ਅਸੂਲਾਂ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੈ। ਜਦੋਂ ਉਹ ਸਤਿ ਦੇ ਦਰਸਾਏ ਮਾਰਗ ਤੋਂ ਗਿਰ ਜਾਂਦਾ ਹੈ ਤਾਂ ਗਿਰਾਵਟ ਵਿਚ ਆ ਕੇ ਉਨ੍ਹਾਂ ਸੱਚੀਆਂ ਲੀਹਾਂ ਨੂੰ ਛੱਡ ਕੇ ਕੇਵਲ ਦੰਭ ਕਰਦਾ ਹੈ। ਖੁਦਾਵੰਦ ਅਲਾਹ ਤਾਲਾ ਦੀ ਦਰਗਾਹ ਵਿਚ ਉਹ ਪ੍ਰਵਾਨ ਨਹੀਂ ਹੋਇਆ ਕਰਦਾ। ਜੇ ਨਮਾਜ਼ ਪੜ੍ਹਨੀ ਹੈ ਤਾਂ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਸੱਚੀ ਨਮਾਜ਼ ਜੋ ਅੱਲਾਹ ਦੀ ਦਰਗਾਹ ਵਿਚ ਪ੍ਰਵਾਨ ਹੁੰਦੀ ਹੈ ਉਹ ਇਸ ਤਰ੍ਹਾਂ ਹੈ –

***ਪੰਜਿ ਨਿਵਾਜਾ ਵਖਤ ਪੰਜਿ***
***ਪੰਜਾ ਪੰਜੇ ਨਾਉ॥***
***ਪਹਿਲਾ ਸਚੁ ਹਲਾਲ ਦੁਇ***
***ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ***
***ਪੰਜਵੀ ਸਿਫਤਿ ਸਨਾਇ॥***
***ਕਰਣੀ ਕਲਮਾ ਆਖਿ ਕੈ***
***ਤਾ ਮੁਸਲਮਾਣੁ ਸਦਾਇ॥***
***ਨਾਨਕ ਜੇਤੇ ਕੂੜਿਆਰ***
***ਕੂੜੈ ਕੂੜੀ ਪਾਇ॥ ਅੰਗ – 141***

ਤੁਸੀਂ ਨਮਾਜ਼ ਦੇ ਪੰਜ ਨਾਂ ਰੱਖੇ ਹਨ – ਪਹਿਲੀ ਸੁਬਹ, ਨਮਾਜ਼ੇ ਪੇਸ਼ੀਨ, ਨਮਾਜ਼ੇ ਦੀਗਰ, ਨਮਾਜ਼ੇ ਸ਼ਾਮ, ਨਮਾਜ਼ੇ ਖੁਫ਼ਤਨ। ਪਰ ਜੋ ਨਮਾਜ਼ਾਂ ਅਸੀਂ ਪੜ੍ਹਦੇ ਹਾਂ ਪਹਿਲੀ ਸੱਚ ਦੀ, ਦੂਜੀ ਹਲਾਲ ਦੀ, (ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ) ਧਰਮ ਦੀ ਕਿਰਤ; ਤੀਜੀ ਖ਼ੈਰ ਦੀ, (ਸਭ ਦਾ ਭਲਾ ਮੰਗਣ ਦੀ) ਜਿਸਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ (ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ), ਚੌਥੀ ਨੀਅਤ ਦੀ ਅਤੇ ਪੰਜਵੀ ਸਿਫਤ ਸਲਾਹ ਦੀ (ਵਡਿਆਈ ਹਰੀ ਦੀ।) ਚੰਗੀ ਕਰਨੀ ਦਾ ਅਸੀਂ ਕਲਮਾ ਪੜ੍ਹਦੇ ਹਾਂ ਜਿਸ ਤਰ੍ਹਾਂ ਤੁਸੀਂ ਆਪਣਾ ਮੂਲਮੰਤ੍ਰ ਬਿਸਮਿੱਲਾ ਤੋਂ ਸ਼ੁਰੂ ਕਰਦੇ ਹੋ ਅਸੀਂ ਆਪਣੀ ਭਜਨ ਬੰਦਗੀ ਚੰਗੀ ਕਰਨੀ ਤੋਂ ਸ਼ੁਰੂ ਕਰਦੇ ਹਾਂ। ਜੋ ਇਹ ਭਾਵਨਾ ਮਨ ਵਿਚ ਰੱਖ ਕੇ ਨਮਾਜ਼ ਨਹੀਂ ਪੜ੍ਹਦਾ ਤਾਂ ਇਹ ਕੂੜ ਹੀ, ਪਾਖੰਡ ਹੀ ਹੋਇਆ ਕਰਦਾ ਹੈ। ਮੁਸਲਮਾਨ ਕਹਾਉਣਾ ਕੋਈ ਅਸਾਨ ਬਾਤ ਨਹੀਂ ਹੈ। ਜੇ ਗੁਣ ਹੋਵਣ ਤਾਂ ਮੁਸਲਮਾਨ ਕਹਾ ਸਕਦਾ ਹੈ। ਪਹਿਲਾ ਕੰਮ ਹੈ ਕਿ ਔਲੀਆ, ਸੰਤਾਂ, ਦਰਵੇਸ਼ਾਂ ਦੇ ਬਚਨਾਂ ਨੂੰ ਮਿੱਠਾ ਕਰਕੇ ਮੰਨੇ ਅਤੇ ਆਪਣੇ ਵਿਕਾਰਾਂ ਨੂੰ ਇਉਂ ਲਾਹ ਸੁਟੇ ਜਿਵੇਂ ਲੋਹੇ ਤੋਂ ਜੰਗਾਲ ਲਾਹ ਦਿਤਾ ਜਾਂਦਾ ਹੈ। ਆਪਣੇ ਆਗੂ ਦੇ ਬਚਨਾਂ ਨੂੰ ਮੰਨ ਕੇ ਮਰਨ ਤੇ ਜੀਉਣ ਦਾ ਭਰਮ ਮਿਟਾ ਦੇਵੇ ਅਤੇ ਆਪਣੀ ਖੁਦੀ ਨੂੰ ਪੂਰੀ ਤਰ੍ਹਾਂ ਮਿਟਾ ਦੇਵੇ। ਰੱਬੀ ਰਜ਼ਾ ਵਿਚ ਚੱਲੇ, ਸਾਰੇ ਜੀਵਾਂ ਦੇ ਉਤੇ ਦਇਆ ਕਰੇ ਤਾਂ ਮੁਸਲਮਾਨ ਕਹਾਇਆ ਜਾ ਸਕਦਾ ਹੈ।

***ਮੁਸਲਮਾਣੁ ਕਹਾਵਣੁ ਮੁਸਕਲੁ***
***ਜਾ ਹੋਇ ਤਾ ਮੁਸਲਮਾਣੁ ਕਹਾਵੈ॥***
***ਅਵਲਿ ਅਉਲਿ ਦੀਨੁ ਕਰਿ ਮਿਠਾ***
***ਮਸਕਲ ਮਾਨਾ ਮਾਲੁ ਮੁਸਾਵੈ॥***
***ਹੋਇ ਮੁਸਲਿਮੁ ਦੀਨੁ ਮੁਹਾਣੈ***
***ਮਰਣ ਜੀਵਣ ਕਾ ਭਰਮੁ ਚੁਕਾਵੈ॥***
***ਰਬ ਕੀ ਰਜਾਇ ਮੰਨੇ ਸਿਰ ਉਪਰਿ***
***ਕਰਤਾ ਮੰਨੇ ਆਪੁ ਗਵਾਵੈ॥***
***ਤਉ ਨਾਨਕ ਸਰਬ ਜੀਆ ਮਿਹਰੰਮਤਿ***
***ਹੋਇ ਤ ਮੁਸਲਮਾਣੁ ਕਹਾਵੈ॥***
***ਅੰਗ – 141***

ਤੀਸਰੀ ਬਾਤ ਇਹ ਹੈ ਕਿ ਮਸਜਿਦ ਨੂੰ ਮਿਹਰ ਦੀ ਮਸੀਤ ਬਣਾਵੇ ਤੇ ਨਮਾਜ਼ ਪੜ੍ਹਨ ਵਾਲਾ ਆਸਣ ਸਿਦਕ ਦਾ ਬਣਾਵੇ। ਹੱਕ ਤੇ ਹਲਾਲ ਦੀ ਕਮਾਈ ਨੂੰ ਕੁਰਾਨ ਬਣਾਵੇ। ਲੱਜਾ ਦੀ ਸੁੰਨਤ, ਸ਼ੁਭ ਆਚਰਣ ਦਾ ਰੋਜ਼ਾ ਰੱਖ ਕੇ ਸੱਚਾ ਮੁਸਲਮਾਨ ਬਣੇ। ਸ਼ੁਭ ਕਰਨੀ ਦਾ ਕਾਹਬਾ, ਸੱਚ ਨੂੰ ਪੀਰ ਦਾ ਕਲਮਾ, ਬਖਸ਼ਿਸ਼ ਦੇ ਕੰਮਾਂ ਨੂੰ ਕਲਮਾ ਤੇ ਨਮਾਜ਼ ਬਣਾਵੇ। ਮਾਲਾ – ਜੋ ਉਸਨੂੰ ਚੰਗਾ ਲੱਗੇ ਇਹ ਮਾਲਾ ਬਣਾਵੇ; ਭਾਵ ਉਸਦੀ ਰਜ਼ਾ ਵਿਚ ਰਹੇ ਤਾਂ ਉਸਦੀ ਲਾਜ ਦਰਗਾਹ ਵਿਚ ਰਹੇਗੀ।

***ਮਿਹਰ ਮਸੀਤਿ ਸਿਦਕੁ ਮੁਸੱਲਾ***
***ਹਕੁ ਹਲਾਲੁ ਕੁਰਾਣੁ॥***
***ਸਰਮ ਸੁੰਨਤਿ ਸੀਲੁ ਰੋਜਾ***
***ਹੋਹੁ ਮੁਸਲਮਾਣੁ॥***

*ਕਰਣੀ ਕਾਬਾ ਸਚੁ ਪੀਰੁ*
*ਕਲਮਾ ਕਰਮ ਨਿਵਾਜ॥*
*ਤਸਬੀ ਸਾ ਤਿਸੁ ਭਾਵਸੀ*
*ਨਾਨਕ ਰਖੈ ਲਾਜ॥ ਅੰਗ - 141*

ਕੇਵਲ ਮੁਸਲਮਾਨ ਬਣਨ ਨਾਲ, ਇਸਲਾਮ ਦਾ ਧਰਮ ਧਾਰਨ ਕਰਨ ਨਾਲ ਦਰਗਾਹ ਵਿਚ ਛੁਟਕਾਰਾ ਨਹੀਂ ਹੋਇਆ ਕਰਦਾ। ਦੂਸਰਿਆਂ ਦੇ ਹੱਕ ਨੂੰ ਖੋਹ ਕੇ ਖਾਣਾ, ਬੇਈਮਾਨੀ ਨਾਲ ਕਮਾਏ ਹੋਏ ਧਨ ਨੂੰ ਖਾਣਾ ਤੇ ਫੇਰ ਆਸ ਰੱਖਣੀ ਕਿ ਅਸੀਂ ਬਹਿਸ਼ਤਾਂ ਵਿਚ ਜਾਵਾਂਗੇ, ਇਹ ਗੱਲ ਮੰਨਣੀ ਬਹੁਤ ਮੁਸ਼ਕਲ ਹੈ। ਹਰਾਮ ਦੇ ਮਾਲ ਵਿਚ ਆਪਣਾ ਥੋੜ੍ਹਾ ਜਿਹਾ ਮਾਲ ਪਾ ਕੇ ਉਸਨੂੰ ਹਲਾਲ ਦੀ ਕਮਾਈ ਸਮਝਣਾ ਇਹ ਕਿਥੋਂ ਤੱਕ ਠੀਕ ਹੈ। ਨਵਾਬ ਸਾਹਿਬ ਜੀ! ਸੰਸਾਰ ਕੂੜ ਵਿਚ ਉਲਝ ਗਿਆ ਹੈ ਤੇ ਕੂੜ ਦੀਆਂ ਗੱਲਾਂ ਕਰਦਾ ਹੈ। ਇਸਲਾਮ ਵੀ ਬਾਹਰਮੁਖੀ ਹੋ ਗਿਆ ਹੈ ਕੇਵਲ ਮਸਜਿਦ 'ਚ ਜਾ ਕੇ, ਰੋਜ਼ੇ ਰੱਖ ਕੇ ਸੱਚਾ ਬਣਨ ਦਾ ਜਤਨ ਕਰਦਾ ਹੈ। ਤੁਸੀਂ ਵੀ ਦੱਸੋ, ਕੁਕਰਮ ਕਰਨ ਵਾਲੇ ਨੂੰ ਜੇ ਦਰਵੇਸ਼ ਕਹੋ ਤਾਂ ....................

*ਹਕੁ ਪਰਾਇਆ ਨਾਨਕਾ*
*ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ*
*ਜਾ ਮੁਰਦਾਰੁ ਨ ਖਾਇ॥*
*ਗਲੀ ਭਿਸਤਿ ਨ ਜਾਈਐ*
*ਛੁਟੈ ਸਚੁ ਕਮਾਇ॥*
*ਮਾਰਣ ਪਾਹਿ ਹਰਾਮ ਮਹਿ*
*ਹੋਇ ਹਲਾਲੁ ਨ ਜਾਇ॥*
*ਨਾਨਕ ਗਲੀ ਕੂੜੀਈ*
*ਕੂੜੋ ਪਲੈ ਪਾਇ॥ ਅੰਗ - 141*

ਇਹ ਬਚਨ ਸੁਣ ਕੇ ਨਵਾਬ ਦੇ ਕਪਾਟ ਖੁਲ੍ਹ ਗਏ। ਉਸ ਨੇ ਜਾਣਿਆ ਕਿ ਨਾਨਕ ਸਚਮੁਚ ਹੀ ਅੱਲਾਹ ਦਾ ਰੂਪ ਹੈ, ਇਸਨੂੰ ਸੰਸਾਰ ਦੇ ਧਰਮਾਂ ਦੀ ਅਸਲੀਅਤ ਦਾ ਪੂਰੀ ਤਰ੍ਹਾਂ ਗਿਆਨ ਹੈ। ਇਹ ਗੱਲ ਭਾਂਪਦਿਆਂ ਹੋਇਆਂ ਉਸ ਨੇ ਗੁਰੂ ਨਾਨਕ ਨੂੰ ਕਿਹਾ ਕਿ ਤੁਸੀਂ ਅੱਲਾਹ ਦਾ ਰੂਪ ਹੋ, ਇਹ ਮੈਂ ਸਹੀ ਕਰ ਲਿਆ ਹੈ। ਤੁਹਾਡੇ ਵਾਸਤੇ ਮੰਦਰ ਤੇ ਮਸਜਿਦ ਦਾ ਕੋਈ ਫਰਕ ਨਹੀਂ ਹੈ, ਨਾ ਹੀ ਤੁਹਾਡੇ ਵਾਸਤੇ ਮੁਸਲਮਾਨ ਤੇ ਹਿੰਦੂ ਵਿਚ ਫਰਕ ਨਜ਼ਰ ਆਉਂਦਾ ਹੈ। ਤੁਸੀਂ ਸਾਰਿਆਂ ਨੂੰ ਇਕ ਅੱਲਾਹ ਦੀ ਜ਼ਾਤ ਵਿਚੋਂ ਪੈਦਾ ਹੋਇਆ ਸਮਝਦੇ ਹੋਂ ਜਿਵੇਂ ਕਿ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ॥*
*ਮਾਟੀ ਏਕ ਅਨੇਕ ਭਾਂਤਿ ਕਰਿ*
*ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ*
*ਨ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ*
*ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ*
*ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ*
*ਸਰਬ ਨਿਰੰਜਨੁ ਡੀਠਾ॥*
*ਅੰਗ - 1350*

ਇਹ ਬੇਨਤੀ ਕਰਕੇ ਨਵਾਬ ਨੇ ਕਿਹਾ ਕਿ ਅੱਜ ਦੀ ਨਮਾਜ਼ ਮਸਜਿਦ ਵਿਚ ਪੜ੍ਹੀ ਜਾਣੀ ਹੈ, ਅਸਾਡੇ ਕਿੰਨੇ ਚੰਗੇ ਭਾਗ ਬਣ ਜਾਣ ਜੇ ਤੁਸੀਂ ਇਕ ਵਾਰ ਮਸਜਿਦ ਵਿਚ ਜਾ ਕੇ ਸਾਡੇ ਨਾਲ ਸ਼ਮੂਲੀਅਤ (ਸ਼ਾਮਿਲ) ਕਰੋ। ਗੁਰੂ ਨਾਨਕ ਪਾਤਸ਼ਾਹ ਝੱਟ ਹੀ ਰਜ਼ਾਮੰਦ ਹੋ ਗਏ ਅਤੇ ਮਸਜਿਦ ਵਿਚ ਜਾ ਕੇ ਲਾਈਨ ਵਿਚ ਖੜ੍ਹੇ ਹੋ ਗਏ ਪਰ ਜਦੋਂ ਸਾਰੇ ਨਮਾਜ਼ ਪੜ੍ਹਨ ਲੱਗੇ ਤਾਂ ਗੁਰੂ ਨਾਨਕ ਪਾਤਸ਼ਾਹ ਇਕ ਪਾਸੇ ਹੋ ਕੇ ਬੈਠ ਗਏ। ਇਸਲਾਮ ਵਾਲਿਆਂ ਦਾ ਇਹ ਪੱਕਾ ਅਸੂਲ ਹੈ ਜਦੋਂ ਨਮਾਜ਼ ਜਾਂ ਕਲਮਾ ਪੜ੍ਹਦੇ ਹੋਣ ਜਾਂ ਇਬਾਦਤ ਵਿਚ ਹੋਣ ਤਾਂ ਉਹ ਵਿਚ-ਵਿਚਾਲੇ ਬੋਲਿਆ ਨਹੀਂ ਕਰਦੇ। ਬੋਲਣ ਨੂੰ ਉਹ ਸਮਝਦੇ ਹਨ ਕਿ ਸਾਡੀ ਨਮਾਜ਼ ਕਜ਼ਾ (ਖੰਡਤ) ਹੋ ਗਈ। ਜੋ ਗੱਲ ਕਰਨੀ ਹੁੰਦੀ ਹੈ ਨਮਾਜ਼ ਪੂਰੀ ਹੋਣ ਤੇ ਹੀ ਕਰਦੇ ਹਨ।

ਸੋ ਨਮਾਜ਼ ਪੜ੍ਹੀ ਗਈ। ਨਮਾਜ਼ੀ ਗੁਰੂ ਨਾਨਕ ਦੇ ਚੌਗਿਰਦੇ ਇਕੱਠੇ ਹੋ ਗਏ। ਉਸ ਵੇਲੇ

ਕਾਜ਼ੀ (ਮੁਖ ਜੱਜ) ਨੇ ਕਿਹਾ ਕਿ ਨਵਾਬ ਸਾਹਿਬ! ਗੁਰੂ ਨਾਨਕ ਅਸਾਡੇ ਨਾਲ ਆਪ ਜੀ ਦੇ ਕਹਿਣ ਤੇ ਨਮਾਜ਼ ਪੜ੍ਹਨ ਆਇਆ ਸੀ ਪਰ ਦੇਖੋ ਕਿਹੋ ਜਿਹੀ ਗੱਲ ਕੀਤੀ ਉਸਨੇ ਕਿ ਅਸੀਂ ਨਮਾਜ਼ ਪੜ੍ਹਨ ਲੱਗੇ, ਇਹ ਪਾਸੇ ਹੋ ਕੇ ਬੈਠ ਗਿਆ। ਇਹ ਇਸਦੀ ਤਕਸੀਰ ਹੈ। ਨਵਾਬ ਦੀ, ਕਾਜ਼ੀ ਦੀ, ਇਮਾਮ ਦੀ ਤੇ ਇਸਲਾਮ ਵਾਲਿਆਂ ਦੀ ਤੌਹੀਨ ਹੋਈ ਹੈ ਇਸ ਉਪਰ ਸ਼ਰ੍ਹਾ ਦਾ ਫਤਵਾ ਲਾਗੂ ਹੁੰਦਾ ਹੈ। ਆਪ ਨਾਨਕ ਨੂੰ ਪੁਛੋ ਕਿ ਨਮਾਜ਼ ਕਿਉਂ ਨਹੀਂ ਪੜ੍ਹੀ, ਵਾਇਦਾ ਫਰਾਮੋਸ਼ੀ ਕਿਉਂ ਕੀਤੀ? ਉਸ ਵੇਲੇ ਜਦੋਂ ਗੁਰੂ ਨਾਨਕ ਨੂੰ ਪੁਛਿਆ ਗਿਆ ਕਿ ਹੇ ਨਾਨਕ ਜੀ! ਤੁਸੀਂ ਨਮਾਜ਼ ਪੜ੍ਹਨ ਵਾਸਤੇ ਅਸਾਡੇ ਨਾਲ ਆਏ ਸੀ, ਆਪ ਨੇ ਨਮਾਜ਼ ਕਿਉਂ ਨਹੀਂ ਪੜ੍ਹੀ? ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਨਵਾਬ ਦੌਲਤ ਖਾਨ! ਮੈਂ ਤੁਹਾਡੇ ਕਹਿਣ ਤੇ ਤੁਹਾਡੇ ਨਾਲ ਨਮਾਜ਼ ਪੜ੍ਹਨ ਆਇਆ; ਮੈਂ ਪੰਜ ਵਕਤ ਨਮਾਜ਼ ਨਹੀਂ ਪੜ੍ਹਦਾ, ਮੈਂ 24 ਘੰਟੇ ਨਮਾਜ਼ ਪੜ੍ਹਦਾ ਹਾਂ ਤੇ ਸਦਾ ਹੀ ਅੱਲਾਹ ਨਾਲ ਜੁੜਿਆ ਰਹਿੰਦਾ ਹਾਂ। ਤੁਸੀਂ 24 ਘੰਟਿਆਂ ਵਿਚ ਇਕ ਅੱਧ ਘੰਟਾ ਨਮਾਜ਼ ਪੜ੍ਹਦੇ ਹੋ ਪਰ ਮੈਂ ਹੈਰਾਨ ਰਹਿ ਗਿਆ ਤੁਹਾਡੇ ਵਿਚੋਂ ਕਿਸੇ ਨੇ ਵੀ ਨਮਾਜ਼ ਨਹੀਂ ਪੜ੍ਹੀ। ਝੱਟ ਹੀ ਕਾਜ਼ੀ ਕਹਿਣ ਲੱਗਿਆ, ਜਿੰਨੇ ਸਾਰੇ ਦੀਨ-ਏ-ਇਸਲਾਮ ਵਾਲੇ ਖੜ੍ਹੇ ਨੇ ਕਿਸੇ ਨੇ ਨਮਾਜ਼ ਨਹੀਂ ਪੜ੍ਹੀ; ਗੁਰੂ ਨਾਨਕ ਦਾ ਇਹ ਕਹਿਣਾ ਕੀ ਮਾਇਨੇ ਰਖਦਾ ਹੈ? ਨਵਾਬ ਗੁਰੂ ਨਾਨਕ ਤੇ ਸ਼ਰਧਾ ਰਖਦਾ ਸੀ। ਜਦੋਂ ਗੁਰੂ ਨਾਨਕ ਮੋਦੀਖਾਨੇ ਦਾ ਕੰਮ ਕਰਦਾ ਸੀ ਤੇ ਜਦੋਂ ਮੋਦੀਖਾਨਾ ਦਿਨ ਰਾਤ ਲੁਟਾਉਣ ਤੇ ਵੀ, ਤੱਕੜੀ ਦੀ ਤੇਰਾਂ-ਤੇਰਾਂ ਦੀ ਧੁਨ ਲਾ ਕੇ ਸਭ ਸਮਾਨ, ਚੀਜ਼ਾਂ, ਰਾਸ਼ਨ ਵੰਡ ਕੇ ਫੇਰ ਵੀ ਇਸ ਦਾ ਵਾਧਾ ਨਿਕਲਦਾ ਰਿਹਾ, ਉਹ ਇਨ੍ਹਾਂ ਗੱਲਾਂ ਤੋਂ ਪ੍ਰਭਾਵਿਤ ਹੋਇਆ -ਇਆ ਸੀ। ਬੜੀ ਤਾਅਜ਼ੀਮ (ਸਤਿਕਾਰ) ਦੇ ਨਾਲ ਕਹਿਣ ਲੱਗਿਆ, "ਹੇ ਨਾਨਕ! ਮੈਂ ਤਾਂ ਨਮਾਜ਼ ਪੜ੍ਹੀ ਹੈ ਅਤੇ ਮੈਂ ਜਾਣਦਾ ਹਾਂ ਕਿ ਮੈਂ ਪੜ੍ਹੀ ਹੈ; ਤੁਹਾਡਾ ਇਹ ਫੁਰਮਾਨ ਹੈ ਕਿ ਮੈਂ ਨਹੀਂ ਪੜ੍ਹੀ; ਕੀ ਮਤਲਬ ਹੋਇਆ, ਮੈਨੂੰ ਸਮਝਾਵੋ।" ਗੁਰੂ ਮਹਾਰਾਜ ਕਹਿਣ ਲੱਗੇ ਕਿ ਨਵਾਬ ਸਾਹਿਬ! ਇਸਲਾਮ ਵਾਲੇ ਸਿਰਫ ਪੰਜ ਨਮਾਜ਼ਾਂ ਪੜ੍ਹ ਕੇ ਇਹ ਸਮਝ ਲੈਂਦੇ ਹਨ ਕਿ ਅਸਾਡਾ ਫਰਜ਼ ਪੂਰਾ ਹੋ ਗਿਆ ਅਤੇ ਫੇਰ ਅੱਲਾਹ ਤਾਲਾ ਨਾਲ ਜੁੜਨ ਦੀ ਥਾਂ ਦੁਨਿਆਵੀ ਕੰਮਾਂ ਵਿਚ ਲੱਗ ਜਾਂਦੇ ਹਨ ਜੋ ਸਾਰਾ ਸ਼ੈਤਾਨ ਦੇ ਕੰਮਾਂ ਵਿਚ ਸ਼ਾਮਿਲ ਹੈ। ਹਿੰਦ ਵਾਲੇ ਇਸਨੂੰ ਮਾਇਆ ਆਖਦੇ ਹਨ। ਪ੍ਰਮੇਸ਼ਰ ਨੂੰ ਭੁੱਲ ਕੇ ਜਿੰਨਾਂ ਵੀ ਸਮਾਂ ਲੰਘ ਜਾਂਦਾ ਹੈ ਇਹ ਸਭ ਮਾਇਆ ਹੋਇਆ ਕਰਦਾ ਹੈ। ਚਾਹੀਦਾ ਤਾਂ ਇਨ੍ਹਾਂ ਨੂੰ ਇਹ ਸੀ ਕਿ ਹਰ ਸ੍ਵਾਸ ਅੱਲਾਹ ਤਾਲਾ ਦੇ ਨਾਲ ਜੁੜੇ ਰਹਿੰਦੇ ਪਰ ਇਨ੍ਹਾਂ ਨੇ ਇਥੇ ਹੀ ਬੱਸ ਕਰ ਦਿਤੀ; ਅਸੀਂ ਦੇਖਿਆ ਕਿ ਇਹ ਤਾਂ ਸਾਰਾ ਪਾਖੰਡ ਹੋ ਰਿਹਾ ਹੈ, ਨਮਾਜ਼ ਕੋਈ ਨਹੀਂ ਪੜ੍ਹ ਰਿਹਾ। ਨਮਾਜ਼ ਹਮੇਸ਼ਾ ਚਿੱਤ ਦੀ ਇਕਾਗਰਤਾ ਨਾਲ ਹੋਇਆ ਕਰਦੀ ਹੈ। ਜਦੋਂ ਚਿੱਤ ਇਕਾਗਰ ਹੁੰਦਾ ਹੈ ਤਾਂ ਸਾਰੇ ਫੁਰਨੇ ਰੁਕ ਜਾਇਆ ਕਰਦੇ ਹਨ, ਦੁਨੀਆਂ ਭੁੱਲ ਜਾਇਆ ਕਰਦੀ ਹੈ, ਇਕੋ ਅੱਲਾਹ ਤਾਲਾ ਦਾ ਧਿਆਨ ਅੰਤਸ਼ਕਰਣ ਵਿਚ ਸਮਾਅ ਜਾਇਆ ਕਰਦਾ ਹੈ ਪਰ ਜਦੋਂ ਮੈਂ ਤੁਹਾਨੂੰ ਵੇਖਿਆ ਤਾਂ ਤੁਸੀਂ ਕਾਬਲ ਕੰਧਾਰ ਵਿਚ ਜੋ ਆਪਣੇ ਬੰਦੇ ਘੋੜੇ ਖਰੀਦਣ ਭੇਜੇ ਹਨ, ਉਨ੍ਹਾਂ ਪਾਸ ਸੁਰਤੀ ਨਾਲ ਪਹੁੰਚ ਗਏ। ਆਪ ਦੀ ਤਵੱਜੋ ਨਮਾਜ਼ ਵਲੋਂ ਟੁੱਟ ਗਈ ਤੇ ਆਪ ਘੋੜੇ ਖਰੀਦਣ ਵਿਚ ਲੱਗ ਗਏ। ਆਪਣੇ ਕਰਮਚਾਰੀਆਂ ਨੂੰ ਆਪ ਦੱਸ ਰਹੇ ਸੀ ਕਿ ਇਸ ਰੰਗ ਦੇ ਘੋੜੇ ਖਰੀਦਣੇ ਹਨ, ਆਹ ਘੋੜਾ ਮੇਰੀ ਖਾਸ ਸਵਾਰੀ ਵਾਸਤੇ ਖਰੀਦਣਾ ਹੈ, ਆਪ ਛਟੀ ਲਾ ਕੇ ਇਹ ਵੀ ਦੱਸ ਰਹੇ ਸੀ ਕਿ ਆਹ ਘੋੜੇ ਮੇਰੀ ਬੱਘੀ ਵਾਸਤੇ ਖਰੀਦਣੇ ਹਨ ਤੇ ਆਹ ਸ਼ਹਿਜ਼ਾਦਿਆਂ ਵਾਸਤੇ ਖਰੀਦਣੇ ਹਨ। ਮੈਂ ਤਾਂ ਹੈਰਾਨ ਹੋ ਗਿਆ ਕਿ ਨਵਾਬ ਸਾਹਿਬ ਤੁਸੀਂ ਤਾਂ ਕਾਬਲ ਕੰਧਾਰ ਤੋਂ ਉਸ ਸਮੇਂ ਸਰੀਰ ਵਿਚ ਦਾਖਲ ਹੋਏ ਜਦੋਂ ਸਾਰੇ ਨਮਾਜ਼ ਪੜ੍ਹ ਕੇ ਆਪਣੀਆਂ ਕਤਾਰਾਂ ਵਿਚੋਂ, ਐਧਰ ਉਧਰ ਹਿੱਲਣ ਲੱਗੇ। ਇਹ ਸੁਣਦੇ ਸਾਰ ਨਵਾਬ ਦੌਲਤ ਖਾਂ ਨੇ ਦੋ ਉਂਗਲਾਂ ਆਪਣੇ ਦੰਦਾਂ ਵਿਚ ਦੱਬ ਲਈਆਂ ਅਤੇ ਕਿਹਾ ਕਿ ਅੱਲਾਹ ਤਾਲਾ! ਇਹ ਨਾਨਕ ਤਾਂ ਆਪ ਖੁਦਾ ਦੀ ਜ਼ਾਤ ਹੈ ਜੋ ਮੇਰੇ ਅੰਦਰਲੇ ਸਰੀਰ ਨੂੰ ਨਚਦਿਆਂ-ਟਪਦਿਆਂ ਦੇਖ ਰਿਹਾ ਸੀ। ਕਹਿਣ ਲੱਗਿਆ, "ਹੇ ਨਾਨਕ! ਮੈਂ ਸਚਮੁੱਚ ਨਮਾਜ਼ ਨਹੀਂ ਪੜ੍ਹੀ।"

ਪਾਸ ਖੜ੍ਹੇ ਹੋਏ ਕਾਜ਼ੀ ਨੇ ਇਕ ਦਮ ਗੱਲ ਸੰਭਾਲੀ, ਕਾਹਲੀ ਨਾਲ ਕਿਹਾ ਕਿ ਹੇ ਨਾਨਕ! ਨਵਾਬ ਸਾਹਿਬ ਨਹੀਂ ਪੜ੍ਹ ਰਹੇ ਸਨ ਤਾਂ

ਤੂੰ ਮੇਰੇ ਨਾਲ ਹੀ ਪੜ੍ਹ ਲੈਣੀ ਸੀ? ਗੁਰੂ ਨਾਨਕ ਕਹਿਣ ਲੱਗੇ, "ਤੁਹਾਡੇ ਮਨ ਦੀ ਵਿਥਿਆ ਵੀ ਅਜੀਬ ਹੈ; ਚੰਗਾ ਹੁੰਦਾ ਜੇ ਪੜਦੇ ਦੀ ਗੱਲ ਪੜਦੇ ਵਿਚ ਹੀ ਰੱਖਦੇ ਪਰ ਜੇ ਤੁਸੀਂ ਇਹ ਗੱਲ ਛੇੜ ਹੀ ਲਈ ਹੈ ਤਾਂ ਗੁੱਸੇ ਨੂੰ ਕਾਬੂ ਵਿਚ ਰੱਖ ਕੇ ਸ਼ਹਿਨਸ਼ੀਲਤਾ ਵਿਚ ਆ ਕੇ ਸ੍ਰਵਣ ਕਰੋ। ਨਮਾਜ਼ ਦਾ ਅੱਧਾ ਕਲਮਾ ਪੜ੍ਹਨ ਤੋਂ ਬਾਦ ਤੁਹਾਡੀ ਸੁਰਤ ਆਪਣੇ ਘਰ ਵਿਚ ਸੂਈ ਹੋਈ ਘੋੜੀ ਦੀ ਵਛੇਰੀ ਵੱਲ ਚਲੀ ਗਈ ਜੋ ਐਧਰ-ਉਧਰ ਛਲਾਂਗ ਮਾਰਦੀ ਸੀ। ਤੁਹਾਡੇ ਵਿਹੜੇ ਵਿਚ ਖੂਹੀ ਲੱਗੀ ਹੋਈ ਹੈ ਜਿਸ ਦੇ ਇਰਦ ਗਿਰਦ ਕੋਈ ਉਚੀ ਮੌਣ ਨਹੀਂ ਬਣਾਈ ਹੋਈ। ਤੁਸੀਂ ਤਾਂ ਉਸ ਖੂਹੀ ਦੀ ਮੌਣ ਕੋਲ ਖੜ੍ਹੇ, ਵਛੇਰੀ ਨੂੰ ਮੋੜਦੇ ਰਹੇ। ਤੁਹਾਡਾ ਇਹ ਕਹਿਣਾ ਕਿ ਮੇਰੇ ਨਾਲ ਹੀ ਨਮਾਜ਼ ਪੜ੍ਹ ਲੈਂਦੇ, ਕਿਥੋਂ ਤੱਕ ਸਚਾਈ ਹੈ। ਅੱਲਾਹ ਤਾਲਾ ਸਭ ਦੇ ਮਨ ਦੀਆਂ ਜਾਣਦਾ ਹੈ ਕਿਉਂਕਿ ਉਹ ਹਰ ਥਾਂ ਤੇ ਮੌਜੂਦ ਹੈ। ਤੁਹਾਡਾ ਇਹ ਗੱਲ ਕਰਨਾ ਅੱਲਾਹ ਦੀ ਹੋਂਦ ਤੋਂ ਮੁਨਕਰ ਹੋਣਾ ਹੈ। ਕੀ ਤੁਹਾਨੂੰ ਅੱਲਾਹ ਤੋਂ ਡਰ ਨਾ ਲੱਗਿਆ ਕਿ ਮੈਂ ਇਕ ਵਛੇਰੀ ਮੋੜਦਾਂ ਰਿਹਾ ਹਾਂ? ਇਹ ਕਿਧਰ ਦੀ ਨਮਾਜ਼ ਹੋਈ? ਕੀ ਪੈਗੰਬਰ ਨੇ ਇਸ ਤਰ੍ਹਾਂ ਦੀ ਨਮਾਜ਼ ਦੱਸੀ ਸੀ? ਕਾਜ਼ੀ ਤੇ ਨਵਾਬ ਨਿਰੁਤਰ ਹੋ ਗਏ ਤੇ ਚਰਨ ਫੜ ਲਏ ਤਾਂ ਉਨ੍ਹਾਂ ਨੇ ਮੰਨਿਆ, ਤੇਰੀ ਗੱਲ ਠੀਕ ਹੈ ਸਭ ਪਾਖੰਡ ਦੇ ਆਸਰੇ ਜਿਉਂ ਰਹੇ ਹਨ। ਅਸੀਂ ਲੋਕ ਸਦਾ ਹੀ ਭੁੱਲੇ ਰਹੇ ਹਾਂ ਅਤੇ ਸਾਰਾ ਟਾਈਮ ਭੁੱਲ ਵਿਚ ਲੰਘ ਜਾਂਦਾ ਹੈ ਕ੍ਰਿਪਾ ਕਰਕੇ ਆਪ ਸਾਨੂੰ ਸਹੀ ਨਮਾਜ਼ ਪੜ੍ਹਨ ਦਾ ਬਲ ਦੱਸੋ ਤੇ ਇਹ ਵੀ ਦੱਸੋ ਕਿ ਅਸੀਂ ਕਿਸ ਤਰ੍ਹਾਂ ਸੱਚੇ ਨਮਾਜ਼ੀ ਬਣ ਸਕਦੇ ਹਾਂ? ਤਾਂ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ ਮਨ ਪਾਰੇ ਦੀ ਨਿਆਈਂ ਹੈ, ਇਹ ਵਾਸ਼ਨਾਵਾਂ ਦੀਆਂ ਖਿੱਚਾਂ ਦੇ ਅੰਦਰ ਇਕ ਮਿੰਟ ਵੀ ਟਿਕ ਨਹੀਂ ਰਿਹਾ। ਇਹ ਵਾਸ਼ਨਾਵਾਂ ਪ੍ਰਮੇਸ਼ਰ ਤੋਂ ਸਦਾ ਹੀ ਤੋੜ ਕੇ ਰੱਖਦੀਆਂ ਹਨ ਤੇ ਕਦੇ ਪ੍ਰਮੇਸ਼ਰ ਨਾਲ ਇਕ ਨਹੀਂ ਹੋਣ ਦਿੰਦੀਆਂ। ਇਸ ਮਨ ਨੂੰ ਕਿਸੇ ਤਰ੍ਹਾਂ ਨਾਲ ਵੀ ਕਾਬੂ ਨਹੀਂ ਕੀਤਾ ਜਾ ਸਕਦਾ। ਇਸ ਦਾ ਇਕ ਸੁਖੈਨ ਸਾਧਨ ਹੈ ਕਿ ਇਸ ਮਨ ਨੂੰ ਗੁਰੂ ਦੇ ਸ਼ਬਦ ਨਾਲ ਜੋੜ ਦਿਤਾ ਜਾਵੇ ਅਤੇ ਮਿਹਨਤ ਕਰਕੇ ਅੰਤਸ਼ਕਰਣ ਨੂੰ ਨਾਮ ਦੇ ਵੇਗ ਦੇ ਬਲ ਨਾਲ ਸ਼ੁਧ ਕਰ ਲਿਆ ਜਾਵੇ, ਇਸ ਦੇ ਅੰਦਰ ਨਾਮ ਧੁਨ ਅਤੇ ਨਾਮ ਰਸ ਪੈਦਾ ਹੋ ਜਾਵੇਗਾ ਤਾਂ ਸਾਰੀਆਂ ਵਾਸ਼ਨਾਵਾਂ (ਆਸਾ ਤੇ ਮਨਸ਼ਾ) ਨੂੰ ਇਹ ਸ਼ਬਦ ਜਲਾ ਦੇਵੇਗਾ। ਇੱਛਿਆ ਤੇ ਸੰਕਲਪ ਉਠਣੇ ਬੰਦ ਹੋ ਜਾਣਗੇ। ਇਹ ਨਾਮ ਵਾਸ਼ਨਾਵਾਂ ਨੂੰ ਜੜ੍ਹ ਤੋਂ ਪੁੱਟ ਦੇਵੇਗਾ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਆਸਾ ਮਨਸਾ ਸਬਦਿ ਜਲਾਏ॥*
*ਰਾਮ ਨਰਾਇਣੁ ਕਹੈ ਕਹਾਏ॥*
*ਗੁਰ ਤੇ ਵਾਟ ਮਹਲੁ ਘਰੁ ਪਾਏ॥*
*ਅੰਗ - 413*

*ਆਸਾ ਆਸ ਕਰੇ ਸਭੁ ਕੋਈ॥*
*ਹੁਕਮੈ ਬੂਝੈ ਨਿਰਾਸਾ ਹੋਈ॥*
*ਆਸਾ ਵਿਚਿ ਸੁਤੇ ਕਈ ਲੋਈ॥*
*ਸੋ ਜਾਗੈ ਜਾਗਾਵੈ ਸੋਈ॥*
*ਸਤਿਗੁਰਿ ਨਾਮੁ ਬੁਝਾਇਆ*
*ਵਿਣੁ ਨਾਵੈ ਭੁਖ ਨ ਜਾਈ॥*
*ਨਾਮੇ ਤ੍ਰਿਸਨਾ ਅਗਨਿ ਬੁਝੈ*
*ਨਾਮੁ ਮਿਲੈ ਤਿਸੈ ਰਜਾਈ॥*
*ਕਲਿ ਕੀਰਤਿ ਸਬਦੁ ਪਛਾਨੁ॥*
*ਏਹਾ ਭਗਤਿ ਚੂਕੈ ਅਭਿਮਾਨੁ॥*
*ਸਤਿਗੁਰੁ ਸੇਵਿਐ ਹੋਵੈ ਪਰਵਾਨੁ॥*
*ਜਿਨਿ ਆਸਾ ਕੀਤੀ ਤਿਸ ਨੋ ਜਾਨੁ॥*
*ਤਿਸੁ ਕਿਆ ਦੀਜੈ*
*ਜਿ ਸਬਦੁ ਸੁਣਾਏ॥*
*ਕਰਿ ਕਿਰਪਾ ਨਾਮੁ ਮੰਨਿ ਵਸਾਏ॥*
*ਅੰਗ - 424*

ਸੋ ਇਸ ਤਰ੍ਹਾਂ ਨਾਲ ਪੂਰੇ ਮੁਰਸ਼ਦੇ ਕਾਮਲ ਤੋਂ ਸ਼ਬਦ ਦੀ ਪ੍ਰਾਪਤੀ ਹੋਣ ਨਾਲ ਇਹ ਵਾਸ਼ਨਾਵਾਂ ਜੜ੍ਹ ਤੋਂ ਕੱਟੀਆਂ ਜਾਂਦੀਆਂ ਹਨ। ਸੋ ਇਨ੍ਹਾਂ ਦਾ ਇਲਾਜ ਵਾਹਿਗੁਰੂ ਦਾ ਨਾਮ ਹੀ ਹੈ।

ਐਨੇ ਬਚਨ ਸੁਣ ਕੇ ਸੰਗਤ ਵਿਚ ਕਈ ਸਰੀਰਾਂ ਨੇ ਉਠ ਕੇ ਬਹੁਤ ਹੀ ਧੰਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਮਹਾਰਾਜ! ਆਪ ਨੇ ਅਸਾਡੇ ਵਾਸਤੇ ਸਾਰੇ ਭੰਡਾਰੇ ਖੋਲ੍ਹ ਦਿਤੇ ਹਨ, ਹੁਣ ਅਸਾਨੂੰ ਆਪ ਦੀ ਕ੍ਰਿਪਾ ਦੀ ਲੋੜ ਹੈ। ਅਸਾਨੂੰ ਗੁਰੂ ਵਾਲੇ ਬਣਾ ਲਵੋ, ਅਸਾਨੂੰ ਸ਼ਬਦ ਦੀ ਸੋਝੀ ਦੇਵੋ ਜਿਸ ਦਾ ਜ਼ਿਕਰ ਆਪ ਨੇ ਗੁਰੂ ਦੀ ਬਾਣੀ ਰਾਹੀਂ ਸਮਝਾਇਆ ਹੈ।

# ਸੰਤ ਬਚਨ

(ਭਾਗ - ਚੌਥਾ)

ਅੱਜ 18 ਮਈ 1962 ਨੂੰ ਸੰਗਤਾਂ ਦਾ ਕਾਫੀ ਇਕੱਠ ਹੋ ਗਿਆ। ਆਪਣੇ ਨਿਯਤ ਸਮੇਂ ਤੇ ਮਹਾਂਪੁਰਸ਼ ਸੰਗਤ ਵਿਚ ਆ ਗਏ। ਉਸ ਸਮੇਂ ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਇਸ ਭਵਸਾਗਰ ਵਿਚ ਦੁਖਾਂ ਦਾ ਪਾਣੀ ਹੈ, ਆਸਾ ਅਤੇ ਤ੍ਰਿਸ਼ਨਾਂ ਦੀਆਂ ਲਹਿਰਾਂ ਉਠ ਰਹੀਆਂ ਹਨ ਜਿਨ੍ਹਾਂ ਵਿਚੋਂ ਪਾਰ ਲੰਘਣਾ ਅਤਿ ਹੀ ਮੁਸ਼ਕਲ ਹੈ। ਤ੍ਰਿਸ਼ਨਾ ਇਨਸਾਨ ਦੇ ਅੰਦਰ ਇਕ ਮਹਾਨ ਰੋਗ ਹੈ, ਮਹਾਨ ਅੰਧਕਾਰ ਹੈ ਜਿਸਦੇ ਅਧੀਨ ਹੋਇਆ ਪੁਰਸ਼ ਸੰਸਾਰ ਤੋਂ ਜਾਣਾ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ ਅਤੇ ਝੂਠੇ ਲਾਲਚਾਂ ਵਿਚ ਲਗ ਕੇ ਆਪਣਾ ਜਨਮ ਬਰਬਾਦ ਕਰ ਲੈਂਦਾ ਹੈ। ਗੁਰੂ ਮਹਾਰਾਜ ਜੀ ਇਸ ਨੂੰ ਵੱਡਾ ਰੋਗ ਆਖਦੇ ਹਨ -

***ਏਹ ਤਿਸਨਾ ਵਡਾ ਰੋਗੁ ਲਗਾ***
***ਮਰਣੁ ਮਨਹੁ ਵਿਸਾਰਿਆ॥***
***ਅੰਗ - 919***

ਇਹ ਤ੍ਰਿਸ਼ਨਾ ਦੀ ਅਗਨ ਐਨੀ ਭਿਆਨਕ ਹੈ ਜਿਸ ਵਿਚ ਇਹ ਜੀਵ ਸੜ ਬਲ ਕੇ ਸੁਆਹ ਹੋ ਜਾਂਦਾ ਹੈ। ਇਹ ਜੀਵ ਆਇਆ ਤਾਂ ਪ੍ਰਭੂ ਦੇ ਮਿਲਾਪ ਲਈ ਸੀ ਪਰ ਭੁੱਲ ਕੇ ਸੰਸਾਰ ਵਿਚ ਅਜਿਹਾ ਰਚ ਜਾਂਦਾ ਹੈ ਕਿ ਤ੍ਰਿਸ਼ਨਾ ਦੇ ਜਾਲ ਵਿਚੋਂ ਇਸ ਨੂੰ ਨਿਕਲਣਾ ਹੱਦ ਤੋਂ ਜ਼ਿਆਦਾ ਔਖਾ ਹੋ ਜਾਂਦਾ ਹੈ -

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨ ਪਾਏ ਮਾਇ॥ ਅੰਗ - 50***

ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਤਾਂ ਪ੍ਰਭੂ ਉਸ ਦੇ ਮੱਥੇ ਵਿਚ ਉਸ ਦੀ ਪਰਾਲਬਧ ਦੇ ਲੇਖ ਲਿਖ ਕੇ ਭੇਜਦਾ ਹੈ। ਪ੍ਰਭੂ ਵਿਸ਼ੰਭਰ ਹੈ, ਸਾਰੇ ਸੰਸਾਰ ਨੂੰ ਜਾਣਦਾ ਹੈ ਪਰ ਇਸ ਜੀਵ ਨੂੰ ਮੂਲੋਂ ਹੀ ਵਿਸ਼ਵਾਸ਼ ਨਹੀਂ ਆਉਂਦਾ ਅਤੇ ਤ੍ਰਿਸ਼ਨਾ ਦੇ ਜਜ਼ਬੇ ਦੇ ਅਧੀਨ ਹੋਇਆ ਹੋਇਆ ਦਿਨ ਰਾਤ ਮਾਇਕ ਪ੍ਰਾਪਤੀਆਂ ਦੀ ਚਿਤਵਨੀ ਕਰਦਾ ਰਹਿੰਦਾ ਹੈ ਅਤੇ ਇਸ ਚਿਤਵਨੀ ਵਿਚ ਹੀ ਇਸ ਦਾ ਦਿਨ ਵੀ ਤੇ ਰਾਤ ਵੀ ਚਲੀ ਜਾਂਦੀ ਹੈ। ਇਸ ਜੀਵ ਦਾ ਮਨ ਇਸ ਦੁਨੀਆਂ ਵਿਚ ਐਨਾ ਪਰਚ ਜਾਂਦਾ ਹੈ ਕਿ ਇਸ ਨੂੰ ਭੁੱਲ ਕੇ ਵੀ ਯਾਦ ਨਹੀਂ ਆਉਂਦਾ ਕਿ ਇਹ ਸੰਸਾਰ ਤਾਂ ਛੱਡ ਜਾਣਾ ਹੈ, ਕਦੇ ਵੀ ਖਿਆਲ ਨਹੀਂ ਆਉਂਦਾ ਕਿ ਇਸ ਸੰਸਾਰ ਤੋਂ ਹੋਰ ਅਵਿਅਕਤ ਸੰਸਾਰ ਬੇਅੰਤ ਹਨ ਜਿਨ੍ਹਾਂ ਵਿਚ ਇਸ ਜੀਵ ਨੇ ਆਪਣੇ ਕਰਮਾਂ ਦਾ ਫਲ ਭੋਗਣ ਲਈ ਜਾਣਾ ਹੈ। ਗਾਫਲ ਹੋ ਕੇ ਆਪਣਾ ਜਨਮ ਬਰਬਾਦ ਕਰ ਦਿੰਦਾ ਹੈ। ਤ੍ਰਿਸ਼ਨਾ ਦੇ ਮੋਹ ਦਾ ਮੋਹਿਆ ਸਾਰਾ ਦਿਨ ਉਧੇੜ ਬੁਣ ਵਿਚ ਲੰਘਾ ਦਿੰਦਾ ਹੈ ਅਤੇ ਮਾਨਸਿਕ ਉਡਾਰੀਆਂ ਮਾਰਦਾ ਰੋਂਦਾ ਤੇ ਕੁਰਲਾਂਦਾ ਹੈ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੂਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - 66***

ਇਸ ਬਾਰੇ ਇਕ ਕਥਾ ਤੁਹਾਨੂੰ ਦੱਸਦੇ ਹਾਂ ਕਿ ਇਕ ਕੋਈ ਪ੍ਰੇਮੀ ਗਰੀਬੀ ਦਾ ਮਾਰਿਆ ਹੋਇਆ ਕਿਸੇ ਸਤਿਸੰਗ ਵਿਚੋਂ ਇਹ ਸੁਣ ਕੇ ਕਿ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***
***ਅੰਗ - 266***

ਕਿਸੇ ਤੱਤ ਬੇਤੇ ਪੂਰਨ ਮਹਾਂਪੁਰਸ਼ ਦੀ ਸੰਗਤ ਵਿਚ ਪੁੱਜਿਆ ਅਤੇ ਅਨੇਕ ਪ੍ਰਕਾਰ ਦੀ ਸੇਵਾ ਕਰਨ ਲਗ ਗਿਆ। ਉਸ ਦੇ ਮਨ ਵਿਚ ਕੋਈ ਵੀ ਰੂਹਾਨੀ ਪ੍ਰਾਪਤੀ ਕਰਨ ਦਾ ਫੁਰਨਾ ਨਹੀਂ ਸੀ। ਉਸ ਦੀ ਹਰ ਵਕਤ ਦੀ ਚਿਤਵਨੀ ਸੀ ਕਿ ਕਦੋਂ ਮਹਾਂਪੁਰਸ਼ ਮੇਰੇ ਤੋਂ ਪੁੱਛਣ ਅਤੇ ਮੈਂ ਦੱਸਾਂ ਕਿ ਮੈਂ ਤਾਂ ਆਪਣੇ ਘਰ ਦੀ ਗਰੀਬੀ ਦੂਰ ਕਰਨ ਲਈ ਸੇਵਾ ਕਰ ਰਿਹਾ ਹਾਂ। ਇਕ ਦਿਨ ਮਹਾਂਪੁਰਸ਼ਾਂ ਨੇ ਸਹਿਜ ਸੁਭਾਅ ਉਸ ਦੀ ਸੇਵਾ ਦੇਖ ਕੇ ਪੁਛਿਆ ਕਿ ਪ੍ਰੇਮੀਆਂ! ਤੂੰ ਵੀ ਦੱਸ ਕਿਸ ਮਨੋਰਥ ਨੂੰ ਲੈ ਕੇ ਸੇਵਾ ਕਰ ਰਿਹਾ ਹੈਂ। ਤਾਂ ਉਸ ਨੇ ਕਿਹਾ, ਮਹਾਰਾਜ! ਘਰ ਵਿਚ ਗਰੀਬੀ ਬਹੁਤ ਹੈ, ਦੋ ਵਕਤ ਦਾ ਪ੍ਰਸ਼ਾਦਾ ਬੜੀ ਮੁਸ਼ਕਲ ਨਾਲ ਮਿਲਦਾ ਹੈ, ਮੇਰੇ ਤੇ ਕ੍ਰਿਪਾ ਹੋ ਜਾਵੇ ਤਾਂ ਮੇਰਾ ਗੁਜ਼ਾਰਾ ਵਧੀਆ ਚੱਲਣ ਲਗ ਜਾਵੇ, ਰਹਿਣ ਵਾਸਤੇ ਸੋਹਣੀ ਕੁੱਲੀ ਮਿਲ ਜਾਵੇ, ਪਹਿਨਣ ਵਾਸਤੇ ਸੋਹਣੇ ਕੱਪੜੇ ਤੇ ਪੇਟ ਦੀ ਭੁੱਖ

ਬੁਝਾਉਣ ਵਾਸਤੇ ਸੋਹਣੇ ਪਦਾਰਥ ਮਿਲ ਜਾਣ, ਦੁੱਧ ਪੀਣ ਵਾਸਤੇ ਗਊਆਂ ਮਿਲ ਜਾਣ। ਤੁਹਾਡੀ ਸੇਵਾ ਕੀਤੀ ਹੈ, ਮੈਂ ਆਪ ਦੇ ਪ੍ਰਵਚਨਾਂ ਵਿਚੋਂ ਸੁਣਿਆ ਹੈ ਕਿ ਮਹਾਂਪੁਰਸ਼ਾਂ ਦੀ ਸੇਵਾ ਕਰਕੇ ਸੰਸਾਰ ਦੇ ਅਨਮੋਲ ਪਦਾਰਥ - ਧਰਮ, ਅਰਥ, ਕਾਮ, ਮੋਖਸ਼ ਮਿਲਦੇ ਹਨ। ਮੈਂ ਤਾਂ ਕੇਵਲ ਅਰਥ (ਧਨ) ਦੀ ਮੰਗ ਕਰਦਾ ਹਾਂ। ਧਨ ਹੋ ਜਾਵੇ ਤਾਂ ਬਾਕੀ ਚੀਜ਼ਾਂ ਆਪੇ ਹੀ ਆ ਜਾਂਦੀਆਂ ਹਨ। ਮਹਾਂਪੁਰਸ਼ਾਂ ਨੇ ਸਮਝਾਇਆ ਕਿ ਪ੍ਰੇਮੀਆਂ! ਜੀਵਨ ਦਾ ਅਸਲ ਮਨੋਰਥ ਤਾਂ ਪ੍ਰਭੂ ਪ੍ਰਾਪਤੀ ਹੈ। ਧਨ ਦੀ ਪ੍ਰਾਪਤੀ ਪ੍ਰਭੂ ਤੋਂ ਬੇਮੁਖ ਕਰ ਦਿੰਦੀ ਹੈ ਅਤੇ ਸੰਸਾਰ ਤੋਂ ਜਾਣਾ ਭੁੱਲ ਜਾਇਆ ਕਰਦਾ ਹੈ। ਸੰਸਾਰ ਤੋਂ ਜਾਣਾ ਤਾਂ ਸਭ ਨੇ ਹੀ ਹੈ ਪਰ ਤ੍ਰਿਸ਼ਨਾ ਦਾ ਬੰਨ੍ਹਿਆ ਜੀਵ ਸੰਸਾਰ ਤੋਂ ਜਾਣ ਵਿਚ ਵਿਸ਼ਵਾਸ਼ ਹੀ ਨਹੀਂ ਰੱਖਦਾ। ਇਸ ਕਰਕੇ ਉਹ ਆਇਆ ਤਾਂ ਸੀ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ***
***ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - 12***

ਨਾਮ ਜਪਣ ਵਾਸਤੇ ਪਰ ਉਹ ਪੈ ਗਿਆ ਮਾਇਆ ਜੋੜਨ ਦੇ ਚੱਕਰ ਵਿਚ, ਉਸ ਨੇ ਆਪਣਾ ਕੀਮਤੀ ਜਨਮ ਹਾਰ ਦਿਤਾ। ਇਹ ਸੁਣ ਕੇ ਉਸ ਪ੍ਰੇਮੀ ਨੇ ਕਿਹਾ, ਅਸਾਨੂੰ ਗ੍ਰਹਿਸਤੀਆਂ ਨੂੰ ਤਜਰਬਾ ਹੈ ਕਿ ਪੇਟ ਤੋਂ ਭੁੱਖੇ ਰਹਿ ਕੇ ਭਜਨ ਨਹੀਂ ਹੋਇਆ ਕਰਦਾ, ਘਰ ਵਿਚ ਕਲ੍ਹਾ ਕਲੇਸ਼ ਛਿੜ ਜਾਂਦਾ ਹੈ ਅਤੇ ਹਰ ਵਕਤ ਇਹੋ ਚਿੰਤਾ ਖਾਂਦੀ ਰਹਿੰਦੀ ਹੈ, ਫੁਰਨੇ ਬਣੇ ਰਹਿੰਦੇ ਹਨ। ਆਪ ਕ੍ਰਿਪਾ ਕਰੋ, ਮੇਰੀ ਧਨ ਵਾਸ਼ਨਾ ਨੂੰ ਪੂਰੀ ਕਰ ਦੇਵੋ, ਬਾਕੀ ਤਿੰਨ ਚੀਜ਼ਾਂ ਧਰਮ, ਕਾਮ, ਮੋਖਸ਼ ਮੈਂ ਕਦੇ ਫੇਰ ਸੇਵਾ ਕਰਕੇ ਲੈ ਲਵਾਂਗਾ। ਮਹਾਤਮਾ ਨੇ ਸੋਚਿਆ, ਇਹ ਤਾਂ ਬਹੁਤ ਵੱਡਾ ਤ੍ਰਿਸ਼ਨਾਲੂ ਹੈ। ਫੇਰ ਸਮਝਾਉਣ ਦਾ ਜਤਨ ਕੀਤਾ ਕਿ ਪਿਆਰਿਆ! ਸਾਨੂੰ ਪ੍ਰਤੀਤ ਇਉਂ ਦਿੰਦਾ ਹੈ ਕਿ ਤੈਨੂੰ ਤ੍ਰਿਸ਼ਨਾ ਦਾ ਰੋਗ ਲਗ ਕੇ ਬੁੱਧੀ ਉਤੇ ਹਾਵੀ ਹੋ ਗਿਆ ਹੈ। ਤੈਨੂੰ ਇਕ ਗੱਲ ਦੱਸਦੇ ਹਾਂ ਕਿ ਇਹ ਤ੍ਰਿਸ਼ਨਾ ਇਕ ਐਸੀ ਅੱਗ ਹੈ ਜੋ ਬੁਝਿਆ ਨਹੀਂ ਕਰਦੀ। ਬੰਦਾ ਕਹਿੰਦਾ ਹੈ ਕਿ ਮੇਰੇ ਕੋਲ ਹਜ਼ਾਰਾਂ ਹੋ ਜਾਣ ਪਰ ਹਜ਼ਾਰਾਂ ਹੁੰਦੇ ਹੀ ਲੱਖਾਂ ਦੀ ਵਾਸ਼ਨਾ ਮਨ ਵਿਚ ਸਮਾਅ ਜਾਂਦੀ ਹੈ। ਲੱਖਾਂ ਹੁੰਦੇ ਹੀ ਕ੍ਰੋੜਾਂ ਤੇ ਅਰਬਾਂ ਦੀ ਵਾਸ਼ਨਾ ਮਨ ਨੂੰ ਘੇਰ ਲੈਂਦੀ ਹੈ ਅਤੇ ਇਹ ਤ੍ਰਿਸ਼ਨਾ ਦਾ ਬੰਨ੍ਹਿਆਂ ਹੋਇਆ ਪੰਛੀ ਤ੍ਰਿਸ਼ਨਾ ਦੇ ਜਾਲ ਵਿਚੋਂ ਨਿਕਲ ਨਹੀਂ ਸਕਦਾ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥***

***ਅੰਗ - 213***

ਵੱਡੇ-ਵੱਡੇ ਰਾਜ ਪ੍ਰਾਪਤ ਕਰਕੇ ਸਿਕੰਦਰ ਵਰਗਿਆਂ ਦੀ ਤ੍ਰਿਸ਼ਨਾ ਨਾ ਬੁਝੀ, ਹੋਰ-ਹੋਰ ਰਾਜ ਪ੍ਰਾਪਤ ਕਰਨ ਵਾਸਤੇ ਦੁਨੀਆਂ ਵਿਚ ਅਨੇਕ ਪ੍ਰਾਣੀਆਂ ਦਾ ਘਾਤ ਕਰ ਦਿਤਾ ਕਿਉਂਕਿ ਇਹ ਅੱਗ ਹੈ। ਅੱਗ ਵਿਚ ਜਿੰਨਾ ਬਾਲਣ ਪਾਉਂਦੇ ਜਾਈਏ, ਉਨੀਂ ਹੀ ਵਧਦੀ ਜਾਂਦੀ ਹੈ -

***ਵਡੇ ਵਡੇ ਰਾਜਨ ਅਰੁ ਭੂਮਨ***
***ਤਾ ਕੀ ਤ੍ਰਿਸਨ ਨ ਬੂਝੀ॥***
***ਲਪਟਿ ਰਹੇ ਮਾਇਆ ਰੰਗ ਮਾਤੇ***
***ਲੋਚਨ ਕਛੂ ਨ ਸੂਝੀ॥***
***ਬਿਖਿਆ ਮਹਿ ਕਿਨ ਹੀ***
***ਤ੍ਰਿਪਤਿ ਨ ਪਾਈ॥***
***ਜਿਉ ਪਾਵਕੁ ਈਧਨਿ ਨਹੀ ਧ੍ਰਾਪੈ***
***ਬਿਨੁ ਹਰਿ ਕਹਾ ਅਘਾਈ॥***

***ਅੰਗ - 672***

ਪਰ ਜਦ ਉਸ ਨੇ ਬਾਰ-ਬਾਰ ਕਿਹਾ ਤਾਂ ਮਹਾਂਪੁਰਸ਼ਾਂ ਨੇ ਉਸ ਨੂੰ ਚਾਰ ਬੱਤੀਆਂ ਦੇ ਦਿਤੀਆਂ ਅਤੇ ਨਾਲ ਹੀ ਫੁਰਮਾ ਦਿਤਾ ਕਿ ਅੱਧੀ ਰਾਤ ਦੇ ਸਮੇਂ ਇਕ ਬੱਤੀ ਜਗਾ ਕੇ ਤੂੰ ਪੂਰਬ ਦਿਸ਼ਾ ਨੂੰ ਜਾਈਂ। ਜਿਸ ਥਾਂ ਬੱਤੀ ਬੁਝ ਜਾਵੇ, ਉਹ ਥਾਂ ਪੁੱਟ ਲਈਂ ਅਤੇ ਜ਼ਮੀਨ ਪੁੱਟਣ ਤੇ ਤੈਨੂੰ ਗੁਜ਼ਾਰੇ ਜੋਗਾ ਧਨ ਮਿਲ ਜਾਵੇਗਾ। ਜੇ ਭਲਾ ਕਿਸੇ ਕਾਰਨ ਕਰਕੇ ਉਹ ਥੋੜ੍ਹਾ ਰਹਿ ਜਾਵੇ ਜਾਂ ਤੈਨੂੰ ਕੋਈ ਵੱਡੇ ਖਰਚ ਆ ਪੈਣ ਤਾਂ ਤੂੰ ਦੂਜੀ ਬੱਤੀ ਜਲਾ ਕੇ ਉਤਰ ਦਿਸ਼ਾ ਨੂੰ ਚਲਿਆ ਜਾਈਂ; ਜਿਥੇ ਜਾ ਕੇ ਬੁਝ ਜਾਵੇ, ਉਥੇ ਜਾ ਕੇ ਥਾਂ ਪੁੱਟ ਲਈਂ, ਉਥੋਂ ਤੈਨੂੰ ਗੁਜ਼ਾਰੇ ਲਈ ਹੋਰ ਧਨ ਮਿਲ ਜਾਵੇਗਾ। ਜੇ ਭਲਾ ਫੇਰ ਵੀ ਤੈਨੂੰ ਲੋੜ ਪੈ ਜਾਵੇ ਤਾਂ ਇਸੇ ਤਰ੍ਹਾਂ ਤੀਜੀ ਬੱਤੀ ਜਗਾ ਕੇ ਪੱਛਮ ਦਿਸ਼ਾ ਨੂੰ ਜਾਈਂ; ਉਥੇ ਤੇਰੀ ਭੁੱਖ ਮਿਟਾਉਣ ਲਈ ਹੋਰ ਬਹੁਤ ਧਨ ਮਿਲ ਜਾਵੇਗਾ। ਹੁਣ ਅਸੀਂ ਤੈਨੂੰ ਸਾਵਧਾਨ ਕਰਦੇ ਹਾਂ ਕਿ ਕਦੇ ਭੁੱਲ ਕੇ ਵੀ ਦੱਖਣ ਦਿਸ਼ਾ ਵਲ ਨਾ ਜਾਈਂ; ਉਹ ਦਿਸ਼ਾ ਬਹੁਤ ਕਰੂਰ ਹੈ, ਉਥੋਂ ਤੈਨੂੰ ਮਿਲਣਾ ਕੁਝ ਨਹੀਂ ਪਰ ਤੂੰ ਅਚਾਨਕ ਮੁਸੀਬਤ ਵਿਚ ਫਸ ਜਾਵੇਂਗਾ।

ਉਹ ਤ੍ਰਿਸ਼ਨਾਲੂ ਪੁਰਸ਼ ਘਰ ਵਿਚ ਆ ਗਿਆ। ਪਹਿਲੀ ਰਾਤ ਬੱਤੀ ਜਗਾ ਕੇ ਪੂਰਬ ਵਲ ਨੂੰ ਚੱਲਿਆ ਤਾਂ ਤਾਂਬੇ ਦਾ ਖਜ਼ਾਨਾ ਦੇਖਿਆ, ਮਿੱਟੀ ਪਾ ਕੇ ਢਕ ਦਿਤਾ। ਤ੍ਰਿਸ਼ਨਾ ਨਾ ਬੁਝੀ ਤਾਂ ਮਨ ਵਿਚ ਖਿਆਲ ਕੀਤਾ ਕਿ ਚਲੋ ਉਤਰ ਵਲ ਜਾ ਕੇ ਦੇਖ ਤਾਂ ਲਈਏ ਕਿ ਕੀ ਹੈ? ਜਦੋਂ ਥਾਂ ਪੁੱਟਿਆ ਤਾਂ ਉਥੇ ਚਾਂਦੀ ਦਾ ਖਜ਼ਾਨਾ, ਰੁਪਈਏ ਵਗੈਰਾ ਮਿਲ ਗਏ। ਬੜਾ ਹੈਰਾਨ ਹੋਇਆ ਕਿ ਪੂਰਬ ਵਾਲੇ ਖਜ਼ਾਨੇ ਨਾਲੋਂ ਤਾਂ ਹਜ਼ਾਰਾਂ ਗੁਣਾਂ ਵੱਡਾ ਹੈ। ਪਹਿਲਾਂ ਰੁਪਿਆਂ ਵਾਲਾ ਖਜ਼ਾਨਾ ਹੀ ਖਰਚਾਂਗੇ ਪਰ ਤ੍ਰਿਸ਼ਨਾ ਨੇ ਟਿਕਣ ਨਾ ਦਿਤਾ। ਤੀਜੀ ਰਾਤ ਪੱਛਮ ਦਿਸ਼ਾ ਨੂੰ ਚਲਿਆ ਗਿਆ ਤਾਂ ਸੋਨੇ ਦਾ ਖਜ਼ਾਨਾ ਮੋਹਰਾਂ ਦੇ ਰੂਪ ਵਿਚ ਦੇਖ ਕੇ ਹੱਦ ਤੋਂ ਜ਼ਿਆਦਾ ਪ੍ਰਸੰਨ ਹੋ ਗਿਆ ਤਾਂ ਅੰਦਾਜ਼ਾ ਲਾਇਆ ਕਿ ਦੱਖਣ ਵਿਚ ਹੀਰੇ ਜਵਾਹਰਾਤ, ਲਾਲ ਅਤਿ ਕੀਮਤੀ ਖਜ਼ਾਨਾ ਦੱਬਿਆ ਪਿਆ ਹੋਣਾ ਹੈ, ਉਹ ਤਾਂ ਮੈਂ ਜ਼ਰੂਰ ਹੀ ਦੇਖਾਂਗਾ। ਚੌਥੀ ਰਾਤ ਓਧਰ ਵੀ ਚਲਾ ਗਿਆ। ਉਥੇ ਜਾ ਕੇ ਦੇਖਿਆ, ਉਥੇ ਇਕ ਗੁਫਾ ਸੀ ਜਿਸ ਦਾ ਦਰਵਾਜ਼ਾ ਬੰਦ ਸੀ ਉਹ ਦਰਵਾਜ਼ਾ ਖੋਲ੍ਹ ਕੇ ਗੁਫਾ ਵਿਚ ਵੜ ਗਿਆ। ਦਰਵਾਜ਼ਾ ਆਪਣੇ ਆਪ ਹੀ ਬੰਦ ਹੋ ਗਿਆ। ਗੁਫਾ ਦੇ ਦੂਜੇ ਸਿਰੇ ਦਸ ਬਾਰਾਂ ਮੀਲ ਚਲ ਕੇ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਇਕ ਆਦਮੀ ਚੱਕੀ ਪੀਸ ਰਿਹਾ ਹੈ। ਉਸ ਆਦਮੀ ਨੇ ਇਸ ਨੂੰ ਕਿਹਾ ਕਿ ਜੇ ਹੀਰੇ-ਜਵਾਹਰਾਤ, ਲਾਲਾਂ ਦਾ ਖਜ਼ਾਨਾ ਦੇਖਣਾ ਹੈ ਤਾਂ ਇਸ ਚੱਕੀ ਦੇ ਮੁੱਠੇ ਨੂੰ ਹੱਥ ਪਾ ਲੈ ਤੇ ਪੀਸਣ ਲਗ ਜਾ। ਉਸ ਨੇ ਇਸ ਹੱਥੇ ਨੂੰ ਹੱਥ ਪਾਇਆ ਤਾਂ ਉਸ ਦਾ ਹੱਥ ਨਾਲ ਹੀ ਜੁੜ ਗਿਆ ਤੇ ਪਹਿਲੇ ਆਦਮੀ ਦਾ ਹੱਥ ਛੁਟ ਗਿਆ ਤਾਂ ਉਸ ਨੇ ਕਿਹਾ ਪਿਆਰਿਆ! ਹੁਣ ਚੱਕੀ ਘੁੰਮਾਈ ਜਾਹ, ਮੈਂ ਤੇਰਾ ਧੰਨਵਾਦੀ ਹਾਂ ਕਿ ਤੂੰ ਮੈਨੂੰ ਆ ਕੇ ਛੁਡਾ ਦਿਤਾ। ਉਸ ਨੇ ਕਿਹਾ ਕਿ ਮੈਨੂੰ ਇਹ ਤਾਂ ਦੱਸ ਦੇ ਕਿ ਹੀਰੇ, ਲਾਲਾਂ ਦਾ ਖਜ਼ਾਨਾ ਕਿਥੇ ਹੈ? ਉਹ ਕਹਿਣ ਲੱਗਿਆ, "ਇਹ ਤੇਰੀ ਚਿਤਵਨੀ ਵਿਚ ਹੀ ਹੈ, ਐਥੇ ਤਾਂ ਤੈਨੂੰ ਸਾਰੀ ਉਮਰ ਹੀ ਚੱਕੀ ਘੁਮਾਉਣੀ ਪਵੇਗੀ। ਤੈਥੋਂ ਵੱਧ ਕੋਈ ਤ੍ਰਿਸ਼ਨਾਲੂ ਆਏਗਾ ਤਾਂ ਤੂੰ ਜਿਸ ਤਰ੍ਹਾਂ ਮੈਂ ਤੈਨੂੰ ਕਿਹਾ ਸੀ ਉਸੇ ਤਰ੍ਹਾਂ ਗੱਲ ਕਹੀਂ ਤਾਂ ਤੂੰ ਛੁੱਟ ਜਾਵੇਂਗਾ। ਇਸ ਦ੍ਰਿਸ਼ਟਾਂਤਕ ਕਥਾ ਨਾਲ ਇਕ ਭਾਵ ਸਮਝ ਵਿਚ ਆਉਂਦਾ ਹੈ ਕਿ ਆਦਮੀ ਦੀ ਤ੍ਰਿਸ਼ਨਾ ਕ੍ਰੋੜਾਂ ਜੋੜ ਕੇ ਅਰਬਾਂ ਖਰਬਾਂ ਮੰਗਦੀ ਹੈ ਤੇ ਇਸੇ ਚੱਕਰ ਵਿਚ ਪਿਆ ਹੋਇਆ ਬੰਦਾ ਆਪਣੇ ਸਵਾਸ ਪੂਰੇ ਕਰਕੇ ਸੰਸਾਰ ਤੋਂ ਚਲਿਆ ਜਾਂਦਾ ਹੈ ਅਤੇ ਤ੍ਰਿਸ਼ਨਾ ਤੋਂ ਪੈਦਾ ਹੋਈ ਵਾਸ਼ਨਾ ਦੇ ਅਧੀਨ ਜਨਮਾਂ-ਜਨਮਾਂਤਰਾਂ ਦੇ ਵਿਚ ਘੁੰਮਦਾ ਦੁਖ ਪਾਉਂਦਾ ਹੈ ਅਤੇ ਅਨੇਕ ਕਿਸਮ ਦੀਆਂ ਜੂਨੀਆਂ ਭੋਗਦਾ ਹੈ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਸਿੰਘਾਂ ਨਾਲ ਇਕ ਖੇਤ ਵਿਚੋਂ ਲੰਘ ਰਹੇ ਸਨ ਤਾਂ ਇਕ ਤਿੱਤਰ ਬਹੁਤ ਜ਼ੋਰ ਨਾਲ ਖੱਬੇ ਪਾਸੇ ਬੋਲ ਰਿਹਾ ਸੀ। ਗੁਰੂ ਮਹਾਰਾਜ ਜੀ ਨੇ ਉਸ ਦੀ ਅਵਾਜ਼ ਸੁਣ ਕੇ ਪੜ੍ਹਨਾ ਸ਼ੁਰੂ ਕਰ ਦਿਤਾ-

***ਭੂਮੀਆ ਭੂਮਿ ਊਪਰਿ ਨਿਤ ਲੁਝੈ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥***

***ਅੰਗ - 188***

ਸਿੰਘਾਂ ਨੇ ਜਦੋਂ ਪੁਛਿਆ ਤਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਇਹ ਤਿੱਤਰ ਇਸ ਥਾਂ ਦਾ ਇਕ ਵੱਡਾ ਜ਼ਿਮੀਦਾਰ ਹੁੰਦਾ ਸੀ, ਇਹ ਲੱਖਾਂ ਵਿੱਘਿਆਂ ਦੀ ਜ਼ਮੀਨ ਇਸ ਦੀ ਮਲਕੀਅਤ ਵਿਚ ਸੀ। ਇਹ ਮਾਇਕ ਵਾਸ਼ਨਾ ਦਾ ਬੰਨ੍ਹਿਆ ਹੋਇਆ ਅੱਜ ਤਿੱਤਰ ਬਣ ਕੇ ਅਸਾਨੂੰ ਦੱਸ ਰਿਹਾ ਹੈ ਕਿ ਇਹ ਜ਼ਮੀਨ ਮੇਰੀ ਹੈ। ਜਾਓ ਏਸ ਤਿੱਤਰ ਨੂੰ ਫੜ ਕੇ ਲਿਆਓ, ਇਹ ਤਿੱਤਰ ਖੱਬੀ ਅੱਖ ਤੋਂ ਕਾਣਾ ਹੈ। ਸਿੰਘਾਂ ਨੇ ਤਿੱਤਰ ਫੜ ਲਿਆਂਦਾ ਤਾਂ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਕਿੱਡੀ ਨਖਿੱਧ ਜੂਨ ਵਿਚ ਪਿਆ ਹੋਇਆ ਹੈ ਅਤੇ ਤ੍ਰਿਸ਼ਨਾ ਨਾ ਬੁਝਣ ਕਰਕੇ ਇਸ ਦੀ ਸਿਮ੍ਰਿਤੀ ਵਿਚੋਂ ਜ਼ਮੀਨ ਦਾ ਮੋਹ ਨਹੀਂ ਨਿਕਲ ਰਿਹਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਦੇਖੋ! ਹਉਕੇ ਲੈ ਕੇ ਬੋਲਦਾ ਹੈ। ਸਿੱਖਾਂ ਨੇ ਹੁਕਮ ਮੰਨ ਕੇ ਤਿੱਤਰ ਫੜ ਲਿਆ ਤਾਂ ਉਹ ਇਕ ਅੱਖੋਂ ਕਾਣਾ ਸੀ -

***ਸ੍ਰੀ ਪ੍ਰਭ ਕਹਿਓ ਜਨਮ ਬਹੁ ਧਾਰੇ।***
***ਮਰ ਮਰ ਤਜੇ ਸਰੀਰ ਉਦਾਰੇ।***
***ਤਊ ਨ ਤਿਆਗਤ ਨਿਜ ਰਜਧਾਨੀ।***
***ਬਚਿਉ ਫਾਸ ਸਨੇਹ ਮਹਾਨੀ।***
***ਅਬ ਦਰਸ਼ਨ ਤੇ ਪਾਤਕ ਟਰੇ।***
***ਜਨਮ ਮਰਨ ਜਗ ਬੰਧਨ ਹਰੇ।***
***ਇਮ ਉਧਾਰ ਖਗ ਕੋ ਕਰ ਭਲੇ।***
***ਆਗੇ ਹਿਤ ਅਖੇਰ ਕੇ ਚਲੇ।***

***ਅੰਗ - 196***

***ਕਥਾ ਨਾਰਾਇਨ ਹਰੀ ਵਿਚੋਂ***
***(ਗੁਰ ਪ੍ਰਤਾਪ ਸੂਰਜ ਗ੍ਰੰਥ)***

ਸੋ ਇਸ ਤਰ੍ਹਾਂ ਤ੍ਰਿਸ਼ਨਾ ਦਾ ਰੋਗ ਜੀਵ

ਦਾ ਵਿਨਾਸ਼ ਕਰਦਾ ਹੈ ਅਤੇ ਉਸ ਨੂੰ ਪ੍ਰਭੂ ਪ੍ਰਾਪਤੀ ਤੋਂ ਸਦਾ ਹੀ ਬੇਮੁੱਖ ਰਖਦਾ ਹੈ। ਇਹ ਤ੍ਰਿਸ਼ਨਾ ਦੀ ਭੁੱਖ ਕਦੇ ਮਿਟਦੀ ਨਹੀਂ –

*ਕਿਆ ਗਭਰੂ ਕਿਆ ਬਿਰਧਿ ਹੈ*
*ਮਨਮੁਖ ਤ੍ਰਿਸਨਾ ਭੁਖ ਨ ਜਾਇ॥*

*ਅੰਗ – 649*

ਗੁਰੂ ਮਹਾਰਾਜ ਜੀ ਇਕ ਜੋਗੀ ਨੂੰ ਉਪਦੇਸ਼ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ*
*ਇਸੁ ਮਹਿ ਰੋਗੁ*
*ਵਡਾ ਤ੍ਰਿਸਨਾ ਮਾਇਆ॥*
*ਅਨੇਕ ਜਤਨ ਭੇਖ ਕਰੇ ਜੋਗੀ*
*ਰੋਗੁ ਨ ਜਾਇ ਗਵਾਇਆ॥*

*ਅੰਗ – 909*

ਮਹਾਰਾਜ ਜੀ ਫੁਰਮਾਉਂਦੇ ਹਨ ਕਿ ਨਾ ਤਾਂ ਇਹ ਰੋਗ ਭੇਖ ਕਰਿਆਂ ਤੋਂ ਜਾਂਦਾ ਹੈ, ਨਾ ਤੀਰਥਾਂ ਤੇ ਨਾਤ੍ਰਿਆਂ ਤੋਂ ਜਾਂਦਾ ਹੈ ਅਤੇ ਨਾ ਹੋਰ ਸਾਧਨ ਕੀਤਿਆਂ ਤੋਂ ਜਾਂਦਾ ਹੈ, ਇਸ ਦੀ ਦਵਾਈ ਤਾਂ ਕੇਵਲ ਨਾਮ ਅਉਖਧ ਦੀ ਵਰਤੋਂ ਕਰਕੇ ਹੈ। ਨਾਮ ਦਾ ਅਭਿਆਸ, ਨਾਮ ਦੀ ਪ੍ਰਾਪਤੀ, ਨਾਮ ਵਿਚ ਨਿਵਾਸ ਇਸ ਰੋਗ ਨੂੰ ਜੜ੍ਹੋਂ ਪੁੱਟ ਕੇ ਬਾਹਰ ਸੁੱਟ ਦਿੰਦਾ ਹੈ–

*ਹਰਿ ਕਾ ਨਾਮੁ ਅਉਖਧੁ ਹੈ ਜੋਗੀ*
*ਜਿਸ ਨੋ ਮੰਨਿ ਵਸਾਏ॥*
*ਗੁਰਮੁਖਿ ਹੋਵੈ ਸੋਈ ਬੂਝੈ*
*ਜੋਗ ਜੁਗਤਿ ਸੋ ਪਾਏ॥*

*ਅੰਗ – 909*

ਅਤੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਗੁਰੂ ਦੇ ਸ਼ਬਦ ਨਾਲ ਮਨ ਜੁੜ ਜਾਂਦਾ ਹੈ ਅਤੇ ਸ਼ਬਦ ਵਿਚ ਰੱਤਿਆ ਜਾਂਦਾ ਹੈ ਤਾਂ ਇਹ ਅਗਨ ਬੁਝ ਕੇ ਹਿਰਦਾ ਸੀਤਲ ਹੋ ਜਾਂਦਾ ਹੈ ਅਤੇ ਆਪਣਾ ਅਹੰਭਾਵ ਗਵਾ ਕੇ ਅੰਦਰ ਰੱਜ ਜਾਂਦਾ ਹੈ ਅਤੇ ਸ਼ਾਂਤ ਹੋ ਜਾਂਦਾ ਹੈ ਫੇਰ ਮੁੜ ਕੇ ਤ੍ਰਿਸ਼ਨਾ ਦੀ ਭੁੱਖ ਨਹੀਂ ਲਗਦੀ। ਨਾਮ ਦੇ ਵਿਚ ਲਿਵ ਲਾ ਕੇ ਇਹ ਰੋਗ ਜਾਂਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

*ਗੁਰਮੁਖਿ ਸਬਦੇ ਰਤਿਆ*
*ਸੀਤਲੁ ਹੋਏ ਆਪੁ ਗਵਾਇ॥*
*ਅੰਦਰੁ ਤ੍ਰਿਪਤਿ ਸੰਤੋਖਿਆ*
*ਫਿਰਿ ਭੁਖ ਨ ਲਗੈ ਆਇ॥*
*ਨਾਨਕ ਜਿ ਗੁਰਮੁਖਿ ਕਰਹਿ*
*ਸੋ ਪਰਵਾਣੁ ਹੈ*
*ਜੋ ਨਾਮਿ ਰਹੇ ਲਿਵ ਲਾਇ॥*

*ਅੰਗ – 650*

ਇਸ ਤਰ੍ਹਾਂ ਦੇ ਨਾਲ ਵੱਡੇ-ਵੱਡੇ ਕਾਰੂੰ ਵਰਗੇ ਬਾਦਸ਼ਾਹ ਜਿਨ੍ਹਾਂ ਨੇ ਆਪਣੀ ਪਰਜਾ ਪਾਸ ਇਕ ਵੀ ਰੁਪਈਆ ਨਹੀਂ ਛੱਡਿਆ ਸੀ ਅਤੇ 40 ਗੰਜ ਜੋੜੇ ਸਨ, ਉਨ੍ਹਾਂ ਨੂੰ ਜਦੋਂ ਗੁਰੂ ਨਾਨਕ ਪਾਤਸ਼ਾਹ ਵਰਗਾ ਗੁਰੂ ਮਿਲ ਗਿਆ ਤਾਂ ਉਨ੍ਹਾਂ ਦੀ ਤ੍ਰਿਸ਼ਨਾ ਦੀ ਭੁੱਖ ਲਹਿ ਗਈ। ਸੋ ਤੁਸੀਂ ਵੇਖ ਲਿਆ ਕਿ ਤ੍ਰਿਸ਼ਨਾ ਦਾ ਭਾਂਬੜ ਕਿੱਡੀਆਂ ਉਚੀਆਂ ਲਹਿਰਾਂ ਉਠਾਉਂਦਾ ਹੈ। ਅੱਜ ਦੀ ਦੁਨੀਆਂ ਵਿਚ, ਕੀ ਰਾਜਾ, ਕੀ ਪਰਜਾ, ਸਭ ਹੀ ਤ੍ਰਿਸ਼ਨਾ ਦੀ ਅੱਗ ਵਿਚ ਜਲ ਰਹੇ ਹਨ ਅਤੇ ਹੋਸ਼ ਗਵਾ ਕੇ ਪ੍ਰਜਾ ਦੇ ਧਨ ਨੂੰ ਲੁੱਟ ਰਹੇ ਹਨ ਅਤੇ ਵੱਡੇ-ਵੱਡੇ ਬੈਂਕਾਂ ਵਿਚ ਇਸ ਧਨ ਦੇ ਅੰਬਾਰ ਲਾ ਰਹੇ ਹਨ। ਦੇਸ਼ਾਂ, ਪ੍ਰਦੇਸ਼ਾਂ ਵਿਚ ਜਾ ਕੇ, ਕਰੰਸੀਆਂ ਬਦਲ-ਬਦਲ ਕੇ ਆਪਣੇ ਹੀ ਦੇਸ਼ ਦਾ ਧਨ ਉਥੇ ਸੁੱਟ ਰਹੇ ਹਨ; ਕੀ ਕਰਨਗੇ ? ਆਦਮੀ ਦੇ ਕੰਮ ਵਿਚ ਓਨਾਂ ਹੀ ਧਨ ਆਉਣਾ ਹੈ ਜਿੰਨਾਂ ਉਹ ਖਾ ਲਵੇ, ਵਰਤ ਲਵੇ। ਗੁਰੂ ਮਹਾਰਾਜ ਜੀ ਕਾਰੂੰ ਬਾਦਸ਼ਾਹ ਨੂੰ ਦੱਸਦੇ ਹਨ –

*ਦਮੜਾ ਤਿਸ ਹੀ ਕਾ*
*ਜੋ ਖਰਚੇ ਔਰ ਖਾਇ।*
*ਦੇਵੇ ਦਿਲਾਵੈ ਰਜਾਇ ਖੁਦਾਇ।*
*ਹੋਤਾ ਨਾ ਰਾਖੈ ਅਕੇਲਾ ਨਾ ਖਾਇ।*
*ਤਹਕੀਕ ਦਿਲ ਜਾਨੀ*
*ਵਹੀ ਭਿਸਤ ਜਾਇ। (ਨਸੀਹਤ ਨਾਮਾ)*

ਸੋ ਪਿਆਰਿਓ! ਤ੍ਰਿਸ਼ਨਾ ਦੇ ਜਜ਼ਬੇ ਦੇ ਅਧੀਨ ਸੰਸਾਰ ਤੜਫ ਰਿਹਾ ਹੈ। ਇਹ ਜਜ਼ਬਾ ਭਵਸਾਗਰ ਦੀ ਐਡੀ ਉਚੀ ਲਹਿਰ ਹੈ ਜਿਸ ਵਿਚੋਂ ਸੁਰਖਸ਼ਿਤ ਲੰਘਣਾ ਬਹੁਤ ਹੀ ਮੁਸ਼ਕਿਲ ਹੈ। ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਆ ਕੇ ਮੰਤ੍ਰ ਦੀ ਪ੍ਰਾਪਤੀ ਨਹੀਂ ਕਰਦਾ ਅਤੇ ਸੰਤਾਂ ਦੀ ਸੰਗਤ ਦੇ ਸ਼ੁਭ ਵਾਤਾਵਰਨ ਵਿਚ ਰਹਿ ਕੇ ਨਾਮ ਦੀ ਘਾਲ ਕਮਾਈ ਨਹੀਂ ਕਰਦਾ, ਉਤਨੀ ਦੇਰ ਤੱਕ ਇਸ ਦੀ ਤ੍ਰਿਸ਼ਨਾ ਦੀ ਅਗਨ ਨਹੀਂ ਬੁਝਦੀ। ਇਹ ਤ੍ਰਿਸ਼ਨਾ ਦੀ ਅਗਨ ਗੁਰੂ ਆਪ ਬੁਝਾਉਂਦਾ ਹੈ। ਸ਼ਬਦ ਦੀ ਕਮਾਈ ਨਾਲ ਤ੍ਰਿਸ਼ਨਾ ਬੁਝਦੀ ਹੈ –

*ਤ੍ਰਿਸਨਾ ਦਾਧੀ ਜਲਿ ਮੁਈ*
*ਜਲਿ ਜਲਿ ਕਰੇ ਪੁਕਾਰ॥*
*ਸਤਿਗੁਰ ਸੀਤਲ ਜੇ ਮਿਲੈ*

***ਫਿਰਿ ਜਲੈ ਨ ਦੂਜੀ ਵਾਰ॥***
***ਅੰਗ - 588***

ਅਤੇ

***ਤ੍ਰਿਸਨਾ ਬੁਝੈ ਹਰਿ ਕੈ ਨਾਮਿ॥***
***ਮਹਾ ਸੰਤੋਖੁ ਹੋਵੈ ਗੁਰ ਬਚਨੀ***
***ਪ੍ਰਭ ਸਿਉ ਲਾਗੈ ਪੂਰਨ ਧਿਆਨੁ॥***
***ਅੰਗ - 682***

ਭਵਸਾਗਰ ਦੀਆਂ ਇਨ੍ਹਾਂ ਆਸਾ ਤ੍ਰਿਸ਼ਨਾ ਦੀਆਂ ਲਹਿਰਾਂ ਤੋਂ ਪਾਰ ਹੋਣਾ ਅਤਿ ਕਠਿਨ ਹੈ - ਵੱਡੇ-ਵੱਡੇ ਜਹਾਜ਼ਾਂ ਨੂੰ ਉਲਟਾਉਣ ਵਾਲੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੱਡੇ-ਵੱਡੇ ਮਗਰਮੱਛ ਹਨ ਜਿਨ੍ਹਾਂ ਨਾਲ ਸੰਸਾਰ ਦਾ ਹਰ ਰੋਜ਼ ਵਾਹ ਪੈਂਦਾ ਹੈ। ਕਾਮ ਤੇ ਕ੍ਰੋਧ ਅਜਿਹੇ ਭਿਆਨਕ ਜਜ਼ਬੇ ਹਨ ਕਿ ਸਰੀਰ ਦੀ ਸਿਰਜਨਾ ਸ਼ਕਤੀ ਐਉਂ ਜਲਾ ਦਿੰਦੇ ਹਨ ਜਿਵੇਂ ਕੋਈ ਬਹੁਤ ਵੱਡਾ ਬੰਬ ਵੱਡੀ ਬਿਲਡਿੰਗ ਨੂੰ ਜੜ੍ਹਾਂ ਤੋਂ ਉਖੇੜ ਦੇਵੇ। ਫੁਰਮਾਨ ਹੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥***
***ਅੰਗ - 932***

ਮਹਾਰਾਜ ਜੀ ਤਾਂ ਫੁਰਮਾਉਂਦੇ ਹਨ ਕਿ ਜਿਨ੍ਹਾਂ ਦੇ ਅੰਦਰ ਕ੍ਰੋਧ ਦੀ ਅੱਗ ਬਲ ਰਹੀ ਹੋਵੇ, ਉਨ੍ਹਾਂ ਨੂੰ ਸਪਰਸ਼ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਦੇ ਅੰਦਰੋਂ ਐਸੀ ਦੂਸ਼ਿਤ ਐਨਰਜੀ ਆਪਣੇ ਚੁਗਿਰਦੇ ਨੂੰ ਘੇਰ ਰਹੀ ਹੁੰਦੀ ਹੈ ਜਿਸ ਵਿਚ ਪ੍ਰਵੇਸ਼ ਕਰਿਆਂ ਆਪਣੀ ਸੁਧ ਬੁੱਧ ਵੀ ਭੁੱਲਣ ਲੱਗ ਜਾਂਦੀ ਹੈ। ਇਸੇ ਲਈ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਓਨਾ ਪਾਸਿ ਦੁਆਸਿ ਨ ਭਿਟੀਐ***
***ਜਿਨ ਅੰਤਰਿ ਕ੍ਰੋਧੁ ਚੰਡਾਲ॥***
***ਅੰਗ - 40***

ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਹੇ ਝਗੜੇ ਦੇ ਮੂਲ ਕ੍ਰੋਧ! ਜਿਸਨੂੰ ਕਦੀ ਦਇਆ ਨਹੀਂ ਆਈ, ਦਇਆ ਨਾ ਆਉਣ ਕਰਕੇ ਉਸ ਦੇ ਹਿਰਦੇ ਵਿਚ ਕਦੇ ਵੀ ਧਰਮ ਨਿਵਾਸ ਨਹੀਂ ਰਖਦਾ ਕਿਉਂਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਧੌਲੁ ਧਰਮੁ ਦਇਆ ਕਾ ਪੂਤੁ॥***
***ਅੰਗ - 3***

ਇਸ ਨੇ ਵਿਸ਼ਈ ਜੀਵਾਂ ਨੂੰ ਵੱਸ ਕੀਤਾ ਹੈ, ਇਹ ਤੇਰੇ ਅੱਗੇ ਬਾਂਦਰ ਵਾਂਗ ਨਾਚ ਕਰਦੇ ਹਨ। ਕ੍ਰੋਧੀ ਬੰਦੇ ਨੂੰ, ਜਦੋਂ ਸੰਸਾਰ ਤੋਂ ਜਾਂਦਾ ਹੈ, ਜਮਦੂਤ ਤਾੜਨਾ ਕਰਦੇ ਹਨ। ਕ੍ਰੋਧੀ ਬੰਦੇ ਦੀ ਸੰਗਤ ਕਰਨ ਨਾਲ ਇਹ ਜੀਵ ਨੀਚ ਪਦਵੀ ਧਾਰਨ ਕਰ ਲੈਂਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ-

***ਹੇ ਕਲਿ ਮੂਲਿ ਕ੍ਰੋਧੰ***
***ਕਦੰਚ ਕਰੁਣਾ ਨ ਉਪਰਜਤੇ॥***
***ਬਿਖਯੰਤ ਜੀਵੰ ਵਸੵੰ ਕਰੋਤਿ***
***ਨਿਰਤੵੰ ਕਰੋਤਿ ਜਥਾ ਮਰਕਟਹ॥***
***ਅਨਿਕ ਸਾਸਨ ਤਾੜੰਤਿ ਜਮਦੂਤਹ***
***ਤਵ ਸੰਗੇ ਅਧਮੰ ਨਰਹ॥***
***ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ***
***ਸਰਬ ਜੀਅ ਰਖ੍ਯਾ ਕਰੋਤਿ॥***
***ਅੰਗ - 1358***

ਕ੍ਰੋਧ ਵਿਚ ਆਇਆ ਹੋਇਆ ਆਦਮੀ ਕੁਲਾਂ ਗਾਲ ਦਿੰਦਾ ਹੈ। ਝਗੜੇ ਕਰਦਾ ਹੈ, ਗੁਰੂ ਦੇ ਸ਼ਬਦ ਦਾ ਵਿਚਾਰ ਕਰਨ ਦਾ ਉਸ ਨੂੰ ਸਮਾਂ ਨਹੀਂ ਮਿਲਦਾ -

***ਝਗੜਾ ਕਰਦਿਆ ਅਨਦਿਨੁ ਗੁਦਰੈ***
***ਸਬਦਿ ਨ ਕਰਹਿ ਵੀਚਾਰੁ॥***
***ਅੰਗ - 316***

ਗੁਰੂ ਮਹਾਰਾਜ ਜੀ ਇਸ ਦਾ ਇਲਾਜ ਦੱਸਦੇ ਹੋਏ ਫੁਰਮਾਨ ਕਰਦੇ ਹਨ ਕਿ ਸੰਸਾਰ ਦੇ ਉਤੇ ਨਿਰ-ਅਭਿਮਾਨ ਰਹਿ ਕੇ ਆਪਣਾ ਸਮਾਂ ਗੁਜ਼ਾਰ ਅਤੇ ਕਿਸੇ ਨਾਲ ਰੋਸ ਨਾ ਕਰ। ਇਸ ਦੀ ਥਾਂ ਉਪਰ ਇਹ ਸਮਝ ਕਿ ਇਹ ਸਾਰਾ ਸੰਸਾਰ ਇਕੋ ਆਤਮਾ ਦਾ ਸਰਗੁਣ ਰੂਪ ਹੈ, ਇਸ ਤੋਂ ਕੋਈ ਬਾਹਰ ਨਹੀਂ ਹੈ-

***ਰੋਸੁ ਨ ਕਾਹੂ ਸੰਗ ਕਰਹੁ***
***ਆਪਨ ਆਪੁ ਬੀਚਾਰਿ॥***
***ਹੋਇ ਨਿਮਾਨਾ ਜਗਿ ਰਹਹੁ***
***ਨਾਨਕ ਨਦਰੀ ਪਾਰਿ॥ ਅੰਗ - 259***

ਜੇ ਕ੍ਰੋਧੀ ਬੰਦੇ ਨਾਲ ਕ੍ਰੋਧ ਕੀਤਾ ਜਾਵੇ ਤਾਂ ਆਪ ਵੀ ਪਤਿਤ ਹੋ ਜਾਈਦਾ ਹੈ। ਗੁਰਬਾਣੀ ਦਾ ਸਿਧਾਂਤ ਹੈ ਕਿ ਬੁਰਿਆਂ ਦਾ ਭਲਾ ਕਰੋ, ਕ੍ਰੋਧ ਨੂੰ ਮਨ ਵਿਚ ਪ੍ਰਵੇਸ਼ ਨਾ ਕਰਨ ਦੇਵੋ ਕਿਉਂਕਿ ਕ੍ਰੋਧ ਦੇਹੀ ਨੂੰ ਰੋਗ ਲਾਉਂਦਾ ਹੈ, ਨਾਮ ਸੂਝ ਅਤੇ

ਨਾਮ ਰਸ ਦੀ ਹਾਨੀ ਕਰਦਾ ਹੈ ਇਸ ਕਰਕੇ -

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ***
***ਸਭੁ ਕਿਛੁ ਪਾਇ॥***

***ਅੰਗ - 1382***

ਜਿੰਨੇ ਸੰਸਾਰ ਦੇ ਝਗੜੇ ਹਨ ਇਹ ਸਾਰੇ ਕ੍ਰੋਧ ਤੇ ਫਿੱਕੇ ਬੋਲਣ ਦਾ ਕਾਰਨ ਹਨ। ਇਸ ਕਰਕੇ ਇਸ ਕ੍ਰੋਧ ਨੂੰ ਖਤਮ ਕਰਨ ਵਾਲਾ ਵੀ ਨਾਮ ਹੀ ਹੋਇਆ ਕਰਦਾ ਹੈ। ਇਸ ਤੋਂ ਅੱਗੇ ਕਾਮ ਰੂਪੀ ਭਿਆਨਕ ਮਗਰਮੱਛ ਦੀ ਵਾਰੀ ਆਉਂਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਨਿਮਖ ਕਾਮ ਸੁਆਦ ਕਾਰਣਿ***
***ਕੋਟਿ ਦਿਨਸ ਦੁਖੁ ਪਾਵਹਿ॥***
***ਘਰੀ ਮੁਹਤ ਰੰਗ ਮਾਣਹਿ***
***ਫਿਰਿ ਬਹੁਰਿ ਬਹੁਰਿ ਪਛੁਤਾਵਹਿ॥***

***ਅੰਗ - 403***

ਕਾਮ ਇਕ ਐਸਾ ਮੱਗਰਮੱਛ ਹੈ ਜਿਸ ਨੇ ਸਾਰਿਆਂ ਦੇ ਹਿਰਦੇ ਵਿਚ ਵਸ ਕੇ ਪੁੰਨ ਕਰਮ ਖਤਮ ਕਰ ਦਿਤੇ ਹਨ। ਇਹ ਬਹੁਤ ਭਿਆਨਕ ਕਿਸਮ ਦਾ ਮੱਗਰਮੱਛ ਹੈ ਜੋ ਜੀਵ ਨੂੰ ਭਵਸਾਗਰ ਪਾਰ ਹੋਣ ਤੋਂ ਆਖਰੀ ਦਮ ਤੱਕ ਰੋਕਦਾ ਹੈ। ਇਹ ਕੋਈ ਪਤਾ ਨਹੀਂ ਕਿ ਇਸ ਵੈਰੀ ਦੇ ਛੁਪ ਕੇ ਕੀਤੇ ਹੋਏ ਵਾਰ ਵਿਚ ਕੋਈ ਬਚ ਜਾਵੇ ਜਾਂ ਨਾ।

ਇਕ ਸਾਖੀ ਆਉਂਦੀ ਹੈ - ਇਕ ਬਿਲਵਾ ਮੰਗਲ ਨਾਮ ਦਾ, ਜਿਸਨੂੰ ਸੂਰਦਾਸ ਆਖਿਆ ਜਾਂਦਾ ਹੈ, ਬਹੁਤ ਵੱਡਾ ਭਗਤ ਹੋਇਆ ਹੈ। ਉਸ ਦਾ ਮਨ ਇਕ ਵੇਸਵਾ ਨੂੰ ਵੇਖ ਕੇ ਮੋਹਿਆ ਗਿਆ। ਇਸ ਦੇ ਨਗਰ ਅਤੇ ਵੇਸਵਾ ਦੇ ਨਗਰ ਵਿਚਾਲੇ ਇਕ ਨਦੀ ਵਹਿੰਦੀ ਸੀ ਜਿਸ ਵਿਚੋਂ ਪਾਰ ਜਾਣ ਦਾ ਕੋਈ ਸਾਧਨ ਨਹੀਂ ਸੀ। ਇਸ ਬਿਲਵਾ ਮੰਗਲ ਦੀ ਬਿਰਤੀ ਵਿਚ ਕਾਮ ਵਸ ਗਿਆ। ਵੇਸਵਾ ਆਪਣੇ ਚੰਚਲ ਸੁਭਾਅ ਨਾਲ ਇਸ ਨਾਲ ਹਾਵ ਭਾਵ ਕਰਦੀ ਸੀ ਅਤੇ ਇਸਨੂੰ ਭੁਲੇਖਾ ਪਿਆ ਕਿ ਮੇਰੇ ਨਾਲ ਇਹ ਪਿਆਰ ਕਰਨ ਦੀ ਇੱਛਾ ਰਖਦੀ ਹੈ। ਇਹ ਰਾਤ ਨੂੰ ਉਠਿਆ, ਹਨ੍ਹੇਰਾ ਐਨਾ ਸੀ ਕਿ ਹੱਥ ਮਾਰਿਆਂ ਨਜ਼ਰ ਨਹੀਂ ਸੀ ਆਉਂਦਾ। ਸਾਵਣ ਦਾ ਮਹੀਨਾ ਸੀ, ਬੱਦਲਾਂ ਨੇ ਤਾਰਿਆਂ ਨੂੰ ਢੱਕਿਆ ਹੋਇਆ ਸੀ। ਬੜੀ ਮੁਸ਼ਕਲ ਦੇ ਨਾਲ ਜਦੋਂ ਕਦੇ ਬਿਜਲੀ ਦਾ ਲਿਸ਼ਕਾਰਾ ਪੈਂਦਾ ਸੀ ਤਾਂ ਇਹ ਅਨੁਮਾਨ ਲਾ ਕੇ ਅੱਗੇ ਵਧਦਾ ਸੀ। ਉਚੇ ਨੀਵੇਂ ਟੋਏ ਟਿੱਬੇ ਦੀ ਕੋਈ ਪਛਾਣ ਨਹੀਂ। ਕਈ ਵਾਰੀ ਪਾਣੀ ਵਿਚ ਗਿਰਦਾ ਸੀ, ਕਈ ਵਾਰ ਓਝੜ ਪੈਂਦਾ ਸੀ, ਡਿਗਦਾ ਢਹਿੰਦਾ ਇਹ ਛਰਾਟੇਦਾਰ ਮੀਂਹ ਪੈਂਦੇ ਵਿਚ ਨਦੀ ਕਿਨਾਰੇ ਪਹੁੰਚ ਗਿਆ। ਨਦੀ ਪਾਣੀ ਦੀ ਬਹੁਲਤਾ ਨਾਲ ਸ਼ੂਕ ਰਹੀ ਸੀ, ਫਰਾਟੇ ਮਾਰ ਰਹੀ ਸੀ। ਇਕ ਭਿਆਨਕ ਆਵਾਜ਼ ਉਸ ਵਿਚੋਂ ਨਿਕਲ ਰਹੀ ਸੀ, ਕਿਸੇ ਦਾ ਹੀਆ ਨਹੀਂ ਸੀ ਪੈਂਦਾ ਕਿ ਐਸੀ ਨਦੀ ਵਿਚੋਂ ਪਾਰ ਹੋ ਸਕੇ ਪਰ ਇਹ ਬਿਲਵਾ ਮੰਗਲ ਕਾਮ ਦਾ ਮੋਹਿਆ ਹੋਇਆ, ਭੁਲਾਇਆ ਹੋਇਆ ਜਦੋਂ ਨਦੀ ਕਿਨਾਰੇ ਪੁੱਜਦਾ ਹੈ ਤਾਂ ਇਕ ਮੁਰਦਾ ਜਿਹੜਾ ਨਦੀ ਦੇ ਬਹਾਓ ਨਾਲ ਕੰਢੇ ਉਪਰ ਆ ਲੱਗਿਆ ਸੀ, ਉਹ ਇਸ ਨੇ ਵੇਖਿਆ ਅਤੇ ਹਨ੍ਹੇਰੇ ਵਿਚ ਇਹ ਖਿਆਲ ਕੀਤਾ ਕਿ ਨਦੀ ਲੰਘਣ ਵਾਸਤੇ ਵੇਸਵਾ ਨੇ ਇਹ ਫੱਟਾ ਮੇਰੇ ਵਾਸਤੇ ਭੇਜਿਆ ਹੈ, ਉਸ ਨੂੰ ਛੇਤੀਂ ਹੇਠਾਂ ਲੈ ਕੇ ਇਹ ਤੈਰਦਾ ਹੋਇਆ ਦੂਰ ਕਿਨਾਰੇ ਤੇ ਜਾ ਲੱਗਿਆ ਜਿਥੇ ਨੇੜੇ ਹੀ ਵੇਸਵਾ ਦਾ ਘਰ ਸੀ। ਇਸ ਨੇ ਘੜੀਸ ਕੇ ਮੁਰਦਾ ਬਰੇਤੀ ਉਤੇ ਰੱਖ ਦਿਤਾ ਕਿ ਜਦੋਂ ਮੈਂ ਵਾਪਸ ਜਾਵਾਂਗਾ ਤਾਂ ਇਸ ਰਾਹੀਂ ਫੇਰ ਨਦੀ ਪਾਰ ਕਰ ਲਵਾਂਗਾ।

ਅੱਗੇ ਵੇਸਵਾ ਦੇ ਘਰ ਦਾ ਪਿਛਲਾ ਪਾਸਾ ਸੀ। ਛੋਟੀ ਕੰਧ ਨੂੰ ਟੱਪ ਕੇ ਇਸ ਨੇ ਅਨੁਮਾਨ ਲਾਇਆ ਕਿ ਵੇਸਵਾ ਕਿਸ ਕਮਰੇ ਵਿਚ ਹੋ ਸਕਦੀ ਹੈ। ਉਪਰ ਪਹਿਲੀ ਮੰਜ਼ਲ ਤੇ ਦੀਵਾ ਜਲ ਰਿਹਾ ਸੀ ਅਤੇ ਪਿਛਲੇ ਪਾਸੇ balcony ਸੀ ਜੋ ਹਰੀਆਂ ਵੇਲਾਂ ਨਾਲ ਢਕੀ ਹੋਈ ਸੀ, ਉਸ ਵਿਚ ਹੱਥ ਪਾ ਲਿਆ ਕਿ ਸ਼ਾਇਦ ਮੇਰੇ ਵਾਸਤੇ ਵੇਸਵਾ ਨੇ ਕੋਈ ਰੱਸਾ ਬੰਨ੍ਹਿਆਂ ਹੋਵੇ। ਇਸ ਦੇ ਹੱਥ ਵਿਚ ਕੁਝ ਆ ਗਿਆ ਤੇ ਉਸ ਨੂੰ ਫੜ ਕੇ ਉਪਰ ਚੜ੍ਹ ਗਿਆ, ਦਰਵਾਜ਼ਾ ਖੜਕਾਇਆ, ਵੇਸਵਾ ਨੇ ਪੁਛਿਆ, ਇਸ ਨੇ ਆਪਣਾ ਪਰੀਚਾ ਦੇ ਕੇ ਦਰਵਾਜ਼ਾ ਖੁਲ੍ਹਵਾ ਲਿਆ। ਵੇਸਵਾ ਇਸ ਨੂੰ ਦੇਖ ਕੇ ਡੌਰ ਭੌਰ ਹੋ ਗਈ ਕਿ ਇਹ ਬੰਦਾ ਜੋ ਨਦੀਓਂ ਪਾਰ ਦਾ ਵਾਸੀ ਹੈ, ਇਹ ਮੇਰੇ ਪਾਸ ਅੱਧੀ ਰਾਤ ਕਿਵੇਂ ਪਹੁੰਚ ਗਿਆ ਜਦੋਂ ਕਿ ਰਸਤੇ

ਵਿਚ ਭਿਆਨਕ ਆਵਾਜ਼ ਦਿੰਦੀ ਨਦੀ ਵਗ ਰਹੀ ਹੈ ਅਤੇ ਪਿਛੇ ਚੜ੍ਹਨ ਵਾਸਤੇ ਕੋਈ ਵੀ ਚੀਜ਼ ਨਹੀਂ ਹੈ ਤਾਂ ਇਸ ਨੇ ਪੁਛਿਆ ਕਿ ਬਿਲਵਾ ਮੰਗਲ! ਤੂੰ ਕਿਸ ਤਰ੍ਹਾਂ ਇਸ ਥਾਂ ਤੇ ਪਹੁੰਚ ਗਿਆ? ਤਾਂ ਇਸ ਨੇ ਕਿਹਾ, ਹੇ ਪ੍ਰਿਅ! ਤੂੰ ਮੇਰੇ ਵਾਸਤੇ ਨਦੀ ਦੇ ਪਾਰ ਫੱਟਾ ਰੱਖਿਆ ਹੋਇਆ ਸੀ ਅਤੇ ਪਿਛਲੀ balcony ਵਿਚ ਰੱਸਾ ਲਟਕਾਇਆ ਹੋਇਆ ਸੀ, ਉਨ੍ਹਾਂ ਸਾਧਨਾਂ ਨੂੰ ਵਰਤ ਕੇ ਮੈਂ ਤੇਰੇ ਪਾਸ ਪਹੁੰਚਿਆ ਹਾਂ। ਮੇਰੇ ਅੰਦਰ ਤੇਰਾ ਪਿਆਰ ਰੋਮ-ਰੋਮ ਵਿਚ ਸਮਾਇਆ ਪਿਆ ਹੈ, ਮੈਂ ਤੈਨੂੰ ਵੱਡੀ ਤੋਂ ਵੱਡੀ ਭੇਟਾ ਦੇਣ ਲਈ ਇਰਾਦਾ ਰਖਦਾ ਹਾਂ। ਮੈਂ ਤਨੋ ਮਨੋ ਤੇਰੇ ਉਪਰ ਵਿਕ ਚੁਕਿਆ ਹਾਂ। ਇਹ ਗੱਲ ਸੁਣ ਕੇ ਵੇਸਵਾ ਅੰਦਰੋਂ ਕੰਬ ਗਈ ਕਿ ਅਸੀਂ ਲੋਕ ਤਾਂ ਕਿਸੇ ਨੂੰ ਪਿਆਰ ਕਰਨਾ ਜਾਣਦੇ ਹੀ ਨਹੀਂ ਹਾਂ। ਅਸਾਡੇ ਅੰਦਰ ਪਿਆਰ ਹੋਇਆ ਨਹੀਂ ਕਰਦਾ। ਅਸਾਨੂੰ ਤਾਂ ਪੈਸੇ ਦੀ ਲੋੜ ਹੈ, ਪਿਆਰ ਦੀ ਲੋੜ ਨਹੀਂ। ਇਹ ਇਸ਼ਕ ਦੇ ਵਿਚ ਅੰਨ੍ਹਾ ਹੋਇਆ ਹੈ; ਨਾ ਹੀ ਮੈਂ ਫੱਟਾ ਰੱਖਿਆ, ਨਾ ਰੱਸਾ ਬੰਨ੍ਹਿਆਂ ਹੈ। ਨਿਰਣਾ ਕਰਨ ਲਈ ਉਸ ਨੇ ਲਾਈਟ ਆਪਣੇ ਹੱਥ ਵਿਚ ਲਈ, ਮਿਸਾਲ ਜਗਾਈ ਤੇ ਕਹਿਣ ਲੱਗੀ, ਪਿਛਲੀ balcony ਦਾ ਰੱਸਾ ਮੈਨੂੰ ਵਿਖਾ। ਜਦ ਉਸ ਨੇ ਇਸ਼ਾਰਾ ਕੀਤਾ ਤਾਂ ਵੇਖ ਕੇ ਹੈਰਾਨ ਹੋ ਗਈ ਕਿ ਇਹ ਤਾਂ ਜ਼ਹਿਰੀ ਨਾਗ ਨੇ ਉਪਰਲੇ ਕੰਢੇ ਨਾਲ ਵਲ੍ਹੇਟ ਪਾਇਆ ਹੋਇਆ ਹੈ। ਕਹਿਣ ਲੱਗੀ, "ਬਿਲਵਾ ਮੰਗਲ! ਦੇਖ, ਇਹ ਰੱਸਾ ਨਹੀਂ, ਇਹ ਬਹੁਤ ਵੱਡਾ ਨਾਗ ਹੈ ਜੋ ਲਟਕ ਰਿਹਾ ਹੈ। ਚਲ, ਮੈਨੂੰ ਫੱਟਾ ਵੀ ਵਿਖਾ।" ਜਦੋਂ ਨਦੀ ਕਿਨਾਰੇ ਪਹੁੰਚਦੇ ਹਨ ਤਾਂ ਕੀ ਦੇਖਦੀ ਹੈ ਇਹ ਤਾਂ ਗਲਿਆ ਸੜਿਆ ਮੁਰਦਾ ਪਿਆ ਹੈ ਜਿਸ ਨੂੰ ਇਸ ਨੇ ਕਾਮ ਵਸ ਹੋ ਕੇ ਫੱਟਾ ਸਮਝ ਲਿਆ ਸੀ। ਉਸ ਵੇਲੇ ਉਸ ਨੇ ਆਪਣੇ ਉਪਰ ਵੀ ਧਿਰਕਾਰਾਂ ਪਾਈਆਂ ਅਤੇ ਬਿਲਵਾ ਮੰਗਲ ਉਪਰ ਵੀ ਧਿਰਕਾਰ ਪਾਈ ਤੇ ਕਿਹਾ ਕਿ ਮੈਂ ਇਕ ਪੇਸ਼ਾ-ਵਰ ਔਰਤ ਹਾਂ, ਅਸਾਡਾ ਕਿਸੇ ਨਾਲ ਪਿਆਰ ਨਹੀਂ ਹੋਇਆ ਕਰਦਾ, ਅਸੀਂ ਪੈਸੇ ਪਿਛੇ ਤਨ ਵੇਚਦੀਆਂ ਹਾਂ, ਨਰਕਾਂ ਦੇ ਦਰਵਾਜ਼ਿਆਂ ਵਿਚ ਅਸੀਂ ਧਕੇਲੀਆਂ ਜਾ ਰਹੀਆਂ ਹਾਂ। ਤੇਰਾ ਤਾਂ ਉਚੇਰਾ ਮਾਨਸ ਜਨਮ ਹੈ ਤੂੰ ਮੇਰੇ ਵਰਗੀ ਭ੍ਰਿਸ਼ਟੀ ਹੋਈ ਔਰਤ ਨੂੰ ਕੀ ਕਰਨਾ ਹੈ, ਮੇਰੇ ਨਾਲ ਰਹਿ ਕੇ ਤੂੰ ਵੀ ਭ੍ਰਿਸ਼ਟਿਆ ਜਾਵੇਂਗਾ ਅਤੇ ਮਾਨਸਿਕ ਤੌਰ ਤੇ ਅਜਿਹੇ ਖੱਡੇ ਵਿਚ ਗਿਰ ਜਾਵੇਂਗਾ ਜਿਥੋਂ ਨਿਕਲਣਾ ਤੈਨੂੰ ਬਹੁਤ ਹੀ ਮੁਸ਼ਕਲ ਹੋ ਜਾਵੇਗਾ। ਪਿਆਰਿਆ! ਤੂੰ ਸੋਚ, ਇਸ ਸ੍ਰਿਸ਼ਟੀ ਨੂੰ ਸਾਜਣ ਵਾਲਾ ਪਿਤਾ ਪ੍ਰਮਾਤਮਾ ਪਿਆਰ ਦਾ ਰੂਪ ਹੈ; ਜੇ ਤੂੰ ਐਨਾ ਪਿਆਰ ਉਸ ਪ੍ਰਭੂ ਨਾਲ ਕਰਦਾ ਤਾਂ ਤੂੰ ਭਵਸਾਗਰ ਤੋਂ ਪਾਰ ਹੋ ਜਾਂਦਾ।

ਬਿਲਵਾ ਮੰਗਲ ਨੂੰ ਇਹ ਬਚਨ ਸੁਣ ਕੇ ਝਟਕਾ ਲੱਗਿਆ, ਅੱਖਾਂ ਉਤੋਂ ਕਾਮ ਦੀ ਮੈਲ ਦੂਰ ਹੋ ਗਈ ਤੇ ਹੋਸ਼ ਆ ਗਈ। ਉਸਨੇ ਵੇਸਵਾ ਦੇ ਚਰਨਾਂ ਤੇ ਮੱਥਾ ਟੇਕ ਦਿਤਾ ਕਿ ਹੇ ਦੇਵੀ! ਤੂੰ ਕਿੰਨੀ ਪਵਿੱਤਰ ਹੈਂ ਜਿਸ ਨੂੰ ਐਸੇ ਮੰਦ ਕਰਮ ਵਿਚ ਪੈ ਕੇ ਵੀ ਗਿਆਨ ਹੈ। ਤੂੰ ਕਾਮ ਤੋਂ ਮੇਰੀ ਰਾਖੀ ਕੀਤੀ ਹੈ ਅਤੇ ਮੈਨੂੰ ਪ੍ਰਮੇਸ਼ਰ ਦੇ ਪਿਆਰ ਦੀ ਸੋਝੀ ਦਿਤੀ ਹੈ, ਮੈਂ ਤੇਰਾ ਕਦੇ ਅਹਿਸਾਨ ਨਹੀਂ ਭੁੱਲਾਂਗਾ। ਬਿਲਵਾ ਮੰਗਲ ਬੈਰਾਗੀ ਹੋ ਗਿਆ ਅਤੇ ਘਰ ਛੱਡ ਕੇ ਪ੍ਰਭੂ ਭਗਤੀ ਕਰਨ ਲੱਗ ਗਿਆ ਪਰ ਇਕ ਦਿਨ ਇਸ ਕਾਮ ਵੈਰੀ ਨੇ ਫੇਰ ਭਰਵਾਂ ਹੱਲਾ ਇਸ ਉਪਰ ਕੀਤਾ। ਇਹ ਉਜਾੜ ਵਿਚੋਂ ਉਠ ਕੇ ਨਗਰ ਵਿਚ ਭਿਖਸ਼ਾ ਲੈਣ ਗਿਆ ਤਾਂ ਇਕ ਬਹੁਤ ਹੀ ਮਨਮੋਹਣੀ ਸੂਰਤ ਵਾਲੀ ਲੜਕੀ ਨੇ ਆ ਕੇ ਇਸ ਨੂੰ ਭਿਖਸ਼ਾ ਦਿਤੀ। ਜਦੋਂ ਉਹ ਚਲੀ ਗਈ, ਇਸ ਨੇ ਫੇਰ ਅਵਾਜ਼ ਦੇ ਦਿਤੀ। ਉਸ ਵੇਲੇ ਉਹ ਲੜਕੀ ਜਦੋਂ ਸਾਮ੍ਹਣੇ ਆਈ ਤਾਂ ਬਿਲਵਾ ਮੰਗਲ ਦੀਆਂ ਅੱਖਾਂ ਵਿਚ ਮਲੀਨ ਅੰਸ਼ ਦੇਖੇ। ਉਹ ਪ੍ਰਭੂ ਦੇ ਪਿਆਰ ਵਾਲੀ ਸੀ, ਉਸ ਨੇ ਕਿਹਾ, ਸਾਧੂਆ! ਤੂੰ ਘਰ ਬਾਰ ਛੱਡ ਚੁਕਿਆ ਹੋਵੇਂਗਾ, ਬਾਲ ਬੱਚੇ, ਇਸਤ੍ਰੀ ਦਾ ਤਿਆਗ ਵੀ ਕਰ ਚੁਕਿਆ ਹੋਵੇਂਗਾ ਪਰ ਮੈਂ ਹੈਰਾਨ ਹਾਂ ਤੇਰੀਆਂ ਅੱਖਾਂ ਵਿਚ ਕਿੰਨੀ ਮੈਲ ਭਰੀ ਹੋਈ ਹੈ; ਮੇਰੇ ਵਿਚ ਕੀ ਵਿਸ਼ੇਸ਼ਤਾ ਹੈ? ਜੇ ਇਸ ਦੇਹੀ ਨੂੰ ਸੰਵਾਰਿਆ ਨਾ ਜਾਵੇ ਤਾਂ ਇਹ ਨਿਰਾ ਹੀ ਦੁਰਗੰਧ ਦਾ ਥੈਲਾ ਹੈ। ਮੂੰਹ ਵਿਚੋਂ ਮੈਲ ਨਿਕਲਦੀ ਹੈ, ਅੱਖਾਂ ਵਿਚ ਗਿੱਡ ਆਉਂਦੀ ਹੈ, ਕੰਨਾਂ ਵਿਚੋਂ ਮੈਲ, ਨੱਕ ਵਿਚੋਂ ਮੈਲ, ਵਿਸ਼ਟਾ ਮਲਮੂਤਰ ਦੇ ਨਾਲ ਇਹ ਦੇਹੀ ਸਦਾ ਹੀ ਅਪਵਿੱਤਰ ਹੋਈ ਰਹਿੰਦੀ ਹੈ। ਇਹ ਹੈ ਕੀ?

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥***
***ਅੰਗ - 374***

ਇਹ ਮਲਮੂਤਰ ਤੇ ਮੈਲ ਭਰਿਆ ਥੈਲਾ ਹੈ। ਇਸ ਉਪਰ ਮੋਹਿਤ ਹੋਣ ਦਾ ਤਾਂ ਕੋਈ ਕਾਰਨ ਹੀ ਨਹੀਂ? ਤੂੰ ਸਾਧੂ ਹੈਂ, ਬੈਰਾਗੀ ਹੋ ਕੇ ਘਰੋਂ ਨਿਕਲਿਆ ਹੈਂ, ਪਿਆਰਿਆ! ਤੇਰੇ ਅੰਦਰ ਪ੍ਰਭੂ ਨੇ ਐਨੀ ਸੁੰਦਰਤਾ ਰੱਖੀ ਹੋਈ ਹੈ ਜਿਸ ਦਾ ਮੁਕਾਬਲਾ ਕੋਈ ਸੁੰਦਰਤਾ ਨਹੀਂ ਕਰ ਸਕਦੀ। ਇਨ੍ਹਾਂ ਨੈਣਾਂ ਵਿਚ ਪ੍ਰਭੂ ਦਾ ਪਿਆਰ ਵਸਾ, ਜਿਸ ਮੰਤਵ ਨੂੰ ਲੈ ਕੇ ਤੂੰ ਘਰੋਂ ਨਿਕਲਿਆ ਸੀ ਉਸ ਨੂੰ ਪ੍ਰਾਪਤ ਕਰ। ਸਾਧੂਆ! ਮੈਂ ਇਕ ਗੱਲ ਦੱਸਦੀ ਹਾਂ ਕਿ ਤੇਰੇ ਅੰਦਰ-ਬਾਹਰ ਪ੍ਰਭੂ ਵਸਦਾ ਹੈ, ਕਿਸੇ ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਜੁਗਤ ਸਿੱਖ ਲੈ ਕਿ ਉਸ ਨੂੰ ਕਿਹੜੇ ਨੈਣਾਂ ਨਾਲ ਦੇਖ ਸਕਦੇ ਹਾਂ। ਭਜਨ ਕਰਕੇ ਤੂੰ ਦਿਬਯ ਨੈਣ ਪ੍ਰਾਪਤ ਕਰ ਲੈ। ਮੇਰੇ ਹੁਸਨ ਦੀ ਭੁੱਖ ਤੈਨੂੰ ਨਰਕਾਂ ਵਿਚ ਲੈ ਜਾਵੇਗੀ। ਐਨੀ ਗੱਲ ਸੁਣਦਿਆਂ ਬਿਲਵਾ ਮੰਗਲ ਦੇ ਹੋਸ਼ ਟਿਕਾਣੇ ਹੋ ਗਏ। ਉਸ ਨੇ ਕਿਹਾ, "ਹੇ ਦੇਵੀ! ਤੂੰ ਮੈਨੂੰ ਬਹੁਤ ਗਹਿਰੀ ਨੀਂਦ ਵਿਚੋਂ ਜਗਾ ਦਿਤਾ ਹੈ, ਤੂੰ ਕ੍ਰਿਪਾ ਕਰ ਮੈਨੂੰ ਦੋ ਸਲਾਈਆਂ ਗਰਮ ਕਰਕੇ ਮੰਗਾ ਦੇ।" ਉਸ ਭੋਲੀ ਲੜਕੀ ਨੇ ਅੰਗੀਠੀ ਵਿਚ ਦੋ ਸਲਾਈਆਂ ਰੱਖ ਦਿਤੀਆਂ, ਜਦੋਂ ਪੂਰੀ ਤਰ੍ਹਾਂ ਲਾਲ ਹੋ ਗਈਆਂ ਤਾਂ ਬਿਲਵਾ ਮੰਗਲ ਨੂੰ ਫੜਾ ਦਿਤੀਆਂ। ਬਿਲਵਾ ਮੰਗਲ ਨੇ ਪ੍ਰਭੂ ਨੂੰ ਪੁਕਾਰ ਕੇ ਆਪਣੇ ਦੋਹਾਂ ਨੇਤਰਾਂ ਵਿਚ ਫੇਰ ਲਈਆਂ। ਉਸ ਤੋਂ ਪਿਛੋਂ ਉਸ ਦਾ ਨਾਮ 'ਸੂਰਦਾਸ' ਹੋ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਨਿਮਖ ਕਾਮ ਸੁਆਦ ਕਾਰਣਿ***
***ਕੋਟਿ ਦਿਨਸ ਦੁਖੁ ਪਾਵਹਿ॥***
***ਘਰੀ ਮੁਹਤ ਰੰਗ ਮਾਣਹਿ***
***ਫਿਰਿ ਬਹੁਰਿ ਬਹੁਰਿ ਪਛੁਤਾਵਹਿ॥***
***ਅੰਧੇ ਚੇਤਿ ਹਰਿ ਹਰਿ ਰਾਇਆ॥***
***ਤੇਰਾ ਸੋ ਦਿਨੁ ਨੇੜੈ ਆਇਆ॥***

***ਅੰਗ - 403***

ਅਤੇ

***ਪਾਪੀ ਹੀਐ ਮੈ ਕਾਮੁ ਬਸਾਇ॥***
***ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥***
***ਜੋਗੀ ਜੰਗਮ ਅਰੁ ਸੰਨਿਆਸ॥***
***ਸਭ ਹੀ ਪਰਿ ਡਾਰੀ ਇਹ ਫਾਸ॥***

***ਅੰਗ - 1186***

ਇਨ੍ਹਾਂ ਵੈਰੀਆਂ ਦਾ ਨਾਸ਼ ਸਾਧੂ ਦੀ ਸੰਗਤ ਕਰਦੀ ਹੈ -

***ਕਾਮ ਕ੍ਰੋਧ ਲੋਭ ਮਦ ਨਿੰਦਾ***
***ਸਾਧਸੰਗਿ ਮਿਟਿਆ ਅਭਿਮਾਨ॥***
***ਐਸੇ ਸੰਤ ਭੇਟਹਿ ਵਡਭਾਗੀ***
***ਨਾਨਕ ਤਿਨ ਕੈ ਸਦ ਕੁਰਬਾਨ॥***

***ਅੰਗ - 1151***

ਇਕ ਥਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ, ਨਰਕ ਵਿਚ ਵਾਸਾ ਦਿਵਾਉਣ ਵਾਲੇ ਹੇ ਕਾਮ! ਤੇਰੀ ਸੰਗਤ ਕਰਕੇ ਬੇਅੰਤ ਜੂਨੀਆਂ ਦੇ ਵਿਚ ਇਸ ਜੀਵ ਨੂੰ ਭਟਕਣਾ ਪੈਂਦਾ ਹੈ। ਤੂੰ ਐਸੇ ਪੁਰਸ਼ਾਂ ਦਾ, ਜਿਨ੍ਹਾਂ ਵਿਚ ਤਿੰਨਾਂ ਲੋਕਾਂ ਵਿਚ ਪਹੁੰਚਣ ਦੀ ਸ਼ਕਤੀ ਹੈ, ਤੂੰ ਉਨ੍ਹਾਂ ਦਾ ਚਿਤ ਮੋਹਿਤ ਕਰ ਲੈਂਦਾ ਹੈਂ ਅਤੇ ਉਨ੍ਹਾਂ ਦਾ ਜਪ ਤਪ ਸਾਰਾ ਹੀ ਨਾਸ਼ ਕਰ ਦਿੰਦਾ ਹੈਂ। ਥੋੜ੍ਹਾ ਸੁਖ ਦੇਣ ਵਾਲਾ, ਧਨ ਹੀਣ ਕਰਨ ਵਾਲਾ, ਤੂੰ ਬਹੁਤ ਚੰਚਲ ਹੈਂ, ਉਚੇ ਤੇ ਨੀਵਿਆਂ ਸਭ ਨੂੰ ਦੁੱਖ ਦੇਣ ਵਾਲਾ ਹੈਂ -

***ਹੇ ਕਾਮੰ ਨਰਕ ਬਿਸ੍ਰਾਮੰ***
***ਬਹੁ ਜੋਨੀ ਭ੍ਰਮਾਵਣਹ॥***
***ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ***
***ਜਪ ਤਪ ਸੀਲ ਬਿਦਾਰਣਹ॥***
***ਅਲਪ ਸੁਖ ਅਵਿਤ ਚੰਚਲ***
***ਊਚ ਨੀਚ ਸਮਾਵਣਹ॥***
***ਤਵ ਭੈ ਬਿਮੁੰਚਿਤ ਸਾਧ ਸੰਗਮ***
***ਓਟ ਨਾਨਕ ਨਾਰਾਇਣਹ॥***
***ਹੇ ਕਲਿ ਮੂਲ ਕ੍ਰੋਧੰ***
***ਕਦੰਚ ਕਰੁਣਾ ਨ ਉਪਰਜਤੇ॥***
***ਬਿਖਯੰਤ ਜੀਵੰ ਵਸ੍ਯੰ ਕਰੋਤਿ***
***ਨਿਰਤ੍ਯੰ ਕਰੋਤਿ ਜਥਾ ਮਰਕਟਹ॥***
***ਅਨਿਕ ਸਾਸਨ ਤਾੜੰਤਿ ਜਮਦੂਤਹ***
***ਤਵ ਸੰਗੇ ਅਧਮੰ ਨਰਹ॥***
***ਦੀਨ ਦੁਖ ਭੰਜਨ ਦਯਾਲ ਪ੍ਰਭੁ***
***ਨਾਨਕ ਸਰਬ ਜੀਅ ਰਖ੍ਯ੍ਯਾ ਕਰੋਤਿ॥***

***ਅੰਗ - 1358***

ਤੇਰੇ ਡਰ ਨੂੰ ਸਾਧਸੰਗ ਦੁਆਰਾ ਕੱਟੀਦਾ ਹੈ -

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ ਕਿ ਇਹ ਕਿੱਡੇ ਭਿਆਨਕ ਮਗਰਮੱਛ ਹਨ।

ਸੋ ਇਸ ਤਰ੍ਹਾਂ ਕਾਮ ਰੂਪੀ ਮਗਰਮੱਛ ਸਾਰੇ ਕਰਮਾਂ ਧਰਮਾਂ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਨੇ ਗੁਰਮਤਿ ਵਿਚ ਇਸ ਜਜ਼ਬੇ ਉਪਰ ਸੰਜਮ, ਸਹਿਜ ਨਾਲ ਕਾਬੂ ਪਾਉਣ ਦਾ ਜੋ ਸਿਧਾਂਤ ਦੱਸਿਆ ਹੈ ਉਸ ਨੂੰ ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ –

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ॥*
*ਭਾਈ ਗੁਰਦਾਸ ਜੀ, ਵਾਰ – 6/8*
*ਦੇਖ ਪਰਾਈਆਂ ਚੰਗੀਆਂ*
*ਮਾਵਾਂ ਭੈਣਾਂ ਧੀਆਂ ਜਾਣੈ॥*
*ਭਾਈ ਗੁਰਦਾਸ ਜੀ, ਵਾਰ – 29/11*

ਨਾਮ ਜਪਣ ਦੇ ਮਦਦਗਾਰ ਜਤ, ਸਤਿ, ਸੰਜਮ, ਸੱਚ ਦਾ ਕਮਾਉਣਾ ਹੋਇਆ ਕਰਦੇ ਹਨ। ਫੁਰਮਾਨ ਹੈ –

*ਤਿਸੁ ਵਿਚਿ ਗਿਆਨ ਰਤਨੁ*
*ਇਕੁ ਪਾਇਆ॥*
*ਗੁਰ ਪਰਸਾਦੀ ਮੰਨਿ ਵਸਾਇਆ॥*
*ਜਤੁ ਸਤੁ ਸੰਜਮੁ ਸਚੁ ਕਮਾਵੈ*
*ਗੁਰਿ ਪੂਰੈ ਨਾਮੁ ਧਿਆਵਣਿਆ॥*
*ਅੰਗ – 129*

ਗੁਰੂ ਦੇ ਸ਼ਬਦ ਦੀ ਘਾਲ ਕਮਾਈ, ਦ੍ਰਿਸ਼ਟੀ ਬਦਲ ਦਿੰਦੀ ਹੈ। ਮਨ ਵਿਚ ਉਚੀ ਕਿਸਮ ਦੀ ਸ਼ਾਂਤੀ ਹੋ ਜਾਇਆ ਕਰਦੀ ਹੈ ਅਤੇ ਇਕ ਮਹਾਨ ਰਸ ਵਿਚ ਅਸਾਡੀ ਸੁਰਤ ਤਾਰੀਆਂ ਲਾਉਂਦੀ ਹੈ। ਕਾਮ ਦਾ ਜਜ਼ਬਾ ਉਸ ਦੇ ਮੁਕਾਬਲੇ ਬਿਲਕੁਲ ਫਿਕਾ ਤੇ ਕੌੜਾ ਹੈ ਅਤੇ ਬਹੁਤ ਹੀ ਗਿਰਿਆ ਹੋਇਆ ਪ੍ਰਤੀਤ ਦਿੰਦਾ ਹੈ। ਇਸ ਕਰਕੇ ਨਾਮ ਦੇ ਵਿਚ ਰੱਤੇ ਹੋਏ ਪ੍ਰੇਮੀ ਇਸ ਦੁਰਗੰਧ ਭਰੇ ਜਜ਼ਬੇ ਵਲ ਅੱਖ ਚੁੱਕ ਕੇ ਨਹੀਂ ਦੇਖਦੇ, ਫੁਰਨਾ ਤੱਕ ਨਹੀਂ ਕਰਦੇ। ਵੈਸੇ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਜੋ ਪ੍ਰੇਮੀ ਕੋਹੜ ਭਰੇ ਜਜ਼ਬੇ ਵਿਚ ਫਸੇ ਹਨ ਉਨ੍ਹਾਂ ਨੂੰ ਇਥੇ ਵੀ ਅਨੇਕ ਕਿਸਮ ਦੀਆਂ ਬਿਮਾਰੀਆਂ, AIDS ਵਰਗੀਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਅਤੇ ਦਰਗਾਹ ਵਿਚ ਜਾ ਕੇ –

*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ*
*ਪਛੁਤਾਣੀ॥*
*ਅਜਰਾਈਲੁ ਫਰੇਸਤਾ*
*ਤਿਲ ਪੀੜੇ ਘਾਣੀ॥*
*ਅੰਗ – 315*

ਕ੍ਰੋਧ ਬਾਰੇ ਵੀ ਇਕ ਸਾਖੀ ਆਉਂਦੀ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਬਟਾਲੇ ਵਾਲੇ ਵਿਦਵਾਨ ਪੰਡਤ ਨਿਤਾਨੰਦ ਜੀ ਸ਼ਾਸ਼ਤਰਾਂ ਦੀ ਕਥਾ ਕਰਿਆ ਕਰਦੇ ਸਨ। ਇਕ ਵਾਰੀ ਉਹ ਗਰੜ ਪੁਰਾਣ ਦੀ ਕਥਾ ਕਰ ਰਹੇ ਸਨ। ਉਸ ਸਮੇਂ ਉਸ ਵਿਚ ਆਇਆ ਕਿ ਪਰਲੋਕ ਦੇ ਰਸਤੇ ਵਿਚ ਬਹੁਤ ਹੀ ਭਿਆਨਕ ਬਲਾਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਰਸਤਾ ਬਹੁਤ ਬਿਖੜਾ ਹੈ, ਮਹਾਂ ਅੰਧਕਾਰ ਅਤੇ ਤਪਿਆ ਹੋਇਆ ਰਸਤਾ ਹੈ ਇਥੇ ਭੁੱਖ ਤੇ ਪਿਆਸ ਲਗਦੀ ਹੈ, ਜਮਦੂਤ ਮਾਰਦੇ ਕੁੱਟਦੇ ਇਸ ਜੀਵ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਇਸ ਨੂੰ ਘੜੀਸੀਂ ਲਈ ਜਾਂਦੇ ਹਨ। 21 ਪੁਰੀਆਂ ਰਸਤੇ ਵਿਚ ਆਉਂਦੀਆਂ ਹਨ ਜਿਨ੍ਹਾਂ ਵਿਚ ਕਰਮ ਧਰਮ ਦਾ ਟੋਲ ਟੈਕਸ ਲਗਦਾ ਹੈ ਜਿਨ੍ਹਾਂ ਕਰਮਾਂ ਨੂੰ ਦੇਖ ਕੇ ਇਸ ਹਨ੍ਹੇਰੇ ਅੰਧਕਾਰ ਵਿਚ ਕੁਝ ਚਾਨਣਾ ਮਿਲ ਜਾਂਦਾ ਹੈ। ਮਹਾਨ ਤਪਸ਼ ਵਿਚ ਛਾਂ ਮਿਲ ਜਾਂਦੀ ਹੈ, ਮਹਾਂ ਤ੍ਰਿਖਾ ਵਿਚ ਕੁਝ ਜਲ ਮਿਲ ਜਾਂਦਾ ਹੈ। ਇਹ ਜੀਵ ਬਹੁਤ ਲੰਮੇ ਪੈਂਡੇ ਤੇ ਚਲਦਾ ਦੁਖੀ ਹੁੰਦਾ ਹੈ–

*ਜਿਹ ਮਾਰਗ ਕੇ ਗਨੇ*
*ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ*
*ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ*
*ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*
*ਅੰਗ – 264*

ਸਵਾ ਸਾਲ ਵਿਚ ਪਰਲੋਕ ਦਾ ਇਹ ਰਸਤਾ ਤਹਿ ਕਰਿਆ ਕਰਦਾ ਹੈ। ਸੋ ਜਦੋਂ ਭੋਗ ਪੈ ਗਿਆ ਤਾਂ ਸਰੋਤਿਆਂ ਵਿਚ ਭਾਈ ਮਈਏ, ਭਾਈ ਲਾਲ ਅਤੇ ਹੋਰ ਕੁਝ ਅਵਸਥਾ ਦੇ ਗੁਰਸਿੱਖ ਬੈਠੇ ਸਨ। ਪੰਡਤ ਜੀ ਕਥਾ ਪਿਛੋਂ ਆਪਣੀ ਪੋਥੀ ਸੰਕੋਚ ਰਹੇ ਸਨ ਤਾਂ ਇਹ ਗੁਰਸਿੱਖ ਆਪਸ ਵਿਚ ਗੱਲ ਬਾਤ ਕਰਨ ਲਗ ਗਏ ਕਿ ਵੇਖੋ, ਪ੍ਰਲੋਕ ਦਾ ਰਸਤਾ ਕਿੰਨਾ ਲੰਮਾ ਹੈ। ਭਾਈ ਮਈਏ ਨੇ ਕਿਹਾ ਕਿ ਮੈਂ ਤਾਂ ਇਸ ਰਸਤੇ ਨੂੰ ਇਕ ਪਹਿਰ ਵਿਚ ਮੁਕਾ ਸਕਦਾ ਹਾਂ, ਦੂਜੇ ਨੇ ਕਿਹਾ ਕਿ ਮੈਂ ਦੋ ਘੜੀਆਂ ਵਿਚ ਸਫਰ ਤਹਿ ਕਰ ਸਕਦਾ ਹਾਂ, ਤੀਸਰੇ ਨੇ ਕਿਹਾ ਕਿ ਮੈਂ ਸਿਰਫ ਇਕੋ ਘੜੀ ਵਿਚ ਦਰਗਾਹ ਤੱਕ ਪਹੁੰਚ ਸਕਦਾ ਹਾਂ, ਚੌਥੇ ਨੇ ਚੁਟਕੀ ਮਾਰ ਕੇ ਕਿਹਾ ਕਿ ਮੈਂ ਤਾਂ ਚੁਟਕੀ ਮਾਰਨ ਜਿੰਨੇ ਚਿਰ ਵਿਚ ਪਹੁੰਚ ਸਕਦਾ ਹਾਂ। ਪੰਡਤ ਜੀ ਨੇ ਇਹ ਸਾਰੀਆਂ ਗੱਲਾਂ ਸੁਣ ਲਈਆਂ ਤੇ ਮਨ ਵਿਚ ਕਿਹਾ ਕਿ ਮੈਂ ਤਾਂ ਸ਼ਾਸ਼ਤਰਾਂ ਵਿਚ ਦੱਸੇ ਹੋਏ ਸਿਧਾਂਤ ਦੀ ਕਥਾ ਉਨ੍ਹਾਂ ਲੋਕਾਂ ਨੂੰ ਸੁਣਾ ਰਿਹਾ ਹਾਂ ਜਿਨ੍ਹਾਂ ਦੇ ਮਨ ਵਿਚ ਇਸ ਸਾਸ਼ਤਰ ਪ੍ਰਤੀ ਸ਼ਰਧਾ ਦੀ ਹੀਣਤਾ ਹੈ। ਬਿਨਾਂ ਗਾਹਕ ਤੋਂ ਗੁਣ ਵੇਚਣ ਵਾਲੇ ਨੂੰ ਵੀ ਦੋਸ਼ ਲੱਗਿਆ ਕਰਦਾ ਹੈ। ਇਸ ਗੱਲ ਨੂੰ ਵਿਚਾਰ ਕੇ ਮਨ ਵਿਚ ਬਹੁਤ ਕ੍ਰੋਧ ਆਇਆ ਪਰ ਗੁਰਸਿੱਖਾਂ ਨੂੰ ਕੁਝ ਕਹਿ ਨਾ ਸਕਿਆ। ਪੋਥੀ ਲੈ ਕੇ ਆਪਣੇ ਡੇਰੇ ਨੂੰ ਚਲਿਆ ਗਿਆ। ਦੂਜੇ ਦਿਨ ਕਥਾ ਕਰਨ ਨਾ ਆਇਆ। ਗੁਰੂ ਮਹਾਰਾਜ ਜੀ ਨੇ ਸਿੱਖ ਭੇਜਿਆ ਤਾਂ ਵੀ ਉਹ ਕਥਾ ਕਰਨ ਨਾ ਆਇਆ ਤਾਂ ਉਸ ਸਮੇਂ ਇਕ ਚੰਡਾਲ ਜਾਤੀ ਦਾ ਸਿੱਖ ਕਹਿਣ ਲੱਗਿਆ ਕਿ ਮਹਾਰਾਜ ਜੇ ਹੁਕਮ ਹੋਵੇ ਤਾਂ ਮੈਂ ਉਸ ਨੂੰ ਲੈ ਆਵਾਂ? ਉਹ ਪੰਡਤ ਜੀ ਦੇ ਦਰਵਾਜ਼ੇ ਤੇ ਜਾ ਕੇ ਆਵਾਜ਼ ਮਾਰ ਕੇ ਕਹਿਣ ਲੱਗਿਆ ਕਿ ਪੰਡਤ ਜੀ! ਮੇਰਾ ਭਰਾ ਅੱਜ ਤੁਹਾਡੇ ਅੰਦਰ ਪ੍ਰਵੇਸ਼ ਕਰ ਗਿਆ ਹੈ। ਮੈਂ ਵੀ ਚੰਡਾਲ ਹਾਂ ਅਤੇ ਉਹ ਕ੍ਰੋਧ ਰੂਪੀ ਮੇਰਾ ਭਰਾ ਵੀ ਚੰਡਾਲ ਹੈ, ਮੈਂ ਉਸ ਨੂੰ ਬਾਂਹ ਤੋਂ ਫੜ ਕੇ ਗੁਰੂ ਦੇ ਦਰ ਤੇ ਲੈ ਕੇ ਜਾਣਾ ਹੈ। ਤੁਸੀਂ ਮੇਰੀ ਭਿੱਟ ਨਾ ਮੰਨਿਓ ਕਿਉਂਕਿ ਤੁਸੀਂ ਪਹਿਲਾਂ ਹੀ ਭਿੱਟੇ ਜਾ ਚੁੱਕੇ ਹੋ। ਉਹ ਬਾਂਹ ਫੜਨ ਲੱਗਿਆ ਤਾਂ ਪੰਡਤ ਜੀ ਆਪੇ ਹੀ ਗੁਰੂ ਮਹਾਰਾਜ ਦੇ ਦਰਬਾਰ ਪਹੁੰਚ ਗਏ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਪੰਡਤ ਜੀ! ਅੱਜ ਤੁਹਾਡੇ ਅੰਦਰ ਕ੍ਰੋਧ ਚੰਡਾਲ ਦਾ ਵਾਸਾ ਕਿਉਂ ਹੋ ਗਿਆ? ਉਸ ਨੇ ਉਤਰ ਦਿਤਾ ਕਿ ਮਹਾਰਾਜ! ਤੁਹਾਡੇ ਸਿੱਖ ਮੇਰੀ ਕਥਾ ਨੂੰ ਮਖੌਲਾਂ ਕਰਦੇ ਹਨ। ਇਹ ਕਹਿ ਕੇ ਸਾਰੀ ਗੱਲ ਦੱਸ ਦਿਤੀ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਪੰਡਤ ਜੀ! ਇਹ ਅਵਸਥਾ-ਭੇਦ ਦੀ ਗੱਲ ਹੈ। ਮੇਰੇ ਸਿੱਖ, ਗੁਰੂ ਨੂੰ ਪਿਆਰ ਕਰਦੇ ਹਨ। ਉਹ ਧਰਮਰਾਜ ਦੇ ਨਹੀਂ ਜਾਂਦੇ, ਉਨ੍ਹਾਂ ਨੂੰ ਸੱਚੀ ਦਰਗਾਹ ਵਿਚ ਵਿਮਾਨ ਆਦਿ ਭੇਜ ਕੇ ਆਦਰ ਸਤਿਕਾਰ ਨਾਲ ਬੁਲਾਇਆ ਜਾਂਦਾ ਹੈ। ਉਹ ਆਪਣੀ 'ਮੈਂ' ਤਾਂ ਬਹੁਤ ਹੀ ਸ਼ੀਘਰ ਮੁਕਾ ਲੈਂਦੇ ਹਨ। ਬ੍ਰਹਮਗਿਆਨੀ ਨਾ ਕਿਤੇ ਆਉਂਦਾ ਹੈ ਤੇ ਨਾ ਕਿਤੇ ਜਾਂਦਾ ਹੈ। ਉਸ ਅੰਦਰ ਪ੍ਰਭੂ ਜੋਤ ਪ੍ਰਗਟ ਹੋ ਚੁੱਕੀ ਹੁੰਦੀ ਹੈ ਅਤੇ ਉਸ ਦਾ 'ਮੈਂ' ਭਾਵ ਖਤਮ ਹੋ ਚੁਕਿਆ ਹੁੰਦਾ ਹੈ। ਉਹ ਬ੍ਰਹਮਲੀਨ ਹੋ ਜਾਇਆ ਕਰਦਾ ਹੈ।

ਸੋ ਇਸ ਤਰ੍ਹਾਂ ਕ੍ਰੋਧ ਸਾਰੇ ਪਾਪਾਂ ਦਾ ਮੂਲ ਹੈ। ਆਦਮੀ ਦੇ ਦਿਮਾਗ ਦੇ ਅੰਦਰ, ਜਿਵੇਂ ਬਾਹਰ ਬਾਰੂਦ ਦੇ ਬੰਬ ਫਟਦੇ ਹਨ ਇਸੇ ਤਰ੍ਹਾਂ ਕ੍ਰੋਧ ਦਾ ਬੰਬ ਫਟਦਾ ਹੈ ਅਤੇ ਬੁੱਧੀ ਭ੍ਰਿਸ਼ਟੀ ਜਾਂਦੀ ਹੈ, ਜਾਇਜ਼-ਨਜ਼ਾਇਜ਼ ਕੁਝ ਵੀ ਨਹੀਂ ਸੁਝਿਆ ਕਰਦਾ। ਸੋ ਉਹ ਅਜਿਹੀ ਬੁੱਧੀਹੀਣਤਾ ਦੀ ਅਵਸਥਾ ਵਿਚ ਕਤਲ ਕਰ ਦਿੰਦਾ ਹੈ, ਅੱਗ ਲਾ ਦਿੰਦਾ ਹੈ, ਹੋਰ ਅਨੇਕਾਂ ਉਪਦ੍ਰਵ ਖੜ੍ਹੇ ਕਰ ਦਿੰਦਾ ਹੈ। ਸੋ ਇਸ ਕਰਕੇ ਇਹ ਕਲ੍ਹਾ ਦਾ ਮੂਲ ਹੈ। ਇਸ ਵਿਚ ਕਦੇ ਵੀ ਦਇਆ ਨਹੀਂ ਉਪਜਿਆ ਕਰਦੀ। ਦਇਆ ਤੋਂ ਬਗੈਰ ਧਰਮ ਪੈਦਾ ਹੀ ਨਹੀਂ ਹੋ ਸਕਿਆ ਕਰਦਾ। ਇਸ ਕਰਕੇ ਇਹ ਭਿਆਨਕ ਮਗਰਮੱਛ ਜਗਿਆਸੂ ਨੂੰ ਭਵਜਲ ਪਾਰ ਨਹੀਂ ਹੋਣ ਦਿੰਦਾ।

ਇਨ੍ਹਾਂ ਤੋਂ ਵੀ ਭਿਆਨਕ ਮਗਰਮੱਛ ਜੋ ਇਸ ਭਵਸਾਗਰ ਵਿਚ ਮਹਾਂ ਭਿਆਨਕ ਰੂਪ ਧਾਰ ਕੇ ਵਸ ਰਿਹਾ ਹੈ - ਉਹ ਹੈ ਲੋਭ। ਇਸ ਜਜ਼ਬੇ ਨੂੰ ਗੁਰੂ ਮਹਾਰਾਜ ਹਲਕੇ ਹੋਏ ਕੁੱਤੇ ਦੀ ਤੁਲਨਾ ਦਿੰਦੇ ਹਨ। ਹਲਕਿਆ ਹੋਇਆ ਕੁੱਤਾ ਮੂੰਹ ਵਿਚੋਂ ਝੱਗ ਸੁੱਟਦਾ ਹੈ। ਉਸ ਦੀ ਪੂੰਛ ਸਿੱਧੀ ਹੋ ਜਾਇਆ ਕਰਦੀ ਹੈ, ਆਪਣੇ ਮਾਲਕ ਦੀ ਪਛਾਣ ਹਟ ਜਾਂਦੀ ਹੈ। ਜੋ ਵੀ ਉਸ ਦੇ ਸਾਮ੍ਹਣੇ ਆਉਂਦਾ ਹੈ ਉਸ ਨੂੰ ਕੱਟਦਾ ਹੈ। ਇਸੇ ਤਰ੍ਹਾਂ ਲੋਭੀ ਪੁਰਸ਼

ਦਿਨ ਰਾਤ ਪੈਸੇ ਵਾਸਤੇ ਭਟਕਦਾ ਫਿਰਦਾ ਹੈ। ਧਨ ਕਮਾਉਣ ਵਾਸਤੇ ਬਹੁਤ ਪਰਪੰਚ ਕਰਦਾ ਹੈ, ਧੋਖੇ, ਛਲ, ਕਪਟ ਦੇ ਕੇ ਪਰਾਇਆ ਧਨ ਆਪਣੇ ਕਾਬੂ ਕਰਦਾ ਹੈ। ਪ੍ਰਮੇਸ਼ਰ ਦਾ ਨਾਮ ਭੁੱਲ ਕੇ ਵੀ ਨਹੀਂ ਲੈਂਦਾ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ -

*ਲੋਭ ਲਹਰਿ ਸਭੁ ਸੁਆਨੁ ਹਲਕੁ ਹੈ*
*ਹਲਕਿਓ ਸਭਹਿ ਬਿਗਾਰੇ ॥*
*ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ*
*ਗੁਰਿ ਗਿਆਨੁ ਖੜਗੁ ਲੈ ਮਾਰੇ ॥*

***ਅੰਗ - 983***

ਇਹ ਹਲਕਿਆ ਹੋਇਆ ਕੁੱਤਾ ਜਿਸ ਨੂੰ ਕੱਟਦਾ ਹੈ ਉਸ ਨੂੰ ਹਲਕ ਹੋ ਜਾਇਆ ਕਰਦੀ ਹੈ। ਇਸੇ ਤਰ੍ਹਾਂ ਲੋਭੀ ਪੁਰਸ਼ ਦੀ ਸੰਗਤ ਜੋ ਵੀ ਕਰਦਾ ਹੈ ਉਹ ਵੀ ਹਲਕ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤੱਕ ਲੋਭੀ ਜਿਉਂਦਾ ਹੈ ਅਤੇ ਉਹ ਸੰਸਾਰ ਤੋਂ ਪਰਲੇ ਪਾਸੇ ਨਹੀਂ ਚਲਿਆ ਜਾਂਦਾ ਯਾਨਿ ਕਿ ਮਰ ਨਹੀਂ ਜਾਂਦਾ ਉਸ ਸਮੇਂ ਤੱਕ ਉਸ ਦਾ ਵਸਾਹ ਨਾ ਕਰੋ ਕਿਉਂਕਿ ਉਸ ਨੇ ਜਿਉਂਦੇ ਜੀਅ ਆਖਰੀ ਸੁਆਸ ਤੱਕ ਵੀ ਧੋਖਾ ਦੇਣਾ ਹੈ। ਅਜਿਹਾ ਧੋਖਾ ਦੇਵੇਗਾ ਕਿ ਉਸ ਦੇ ਧੋਖੇ ਦੇ ਸਾਮ੍ਹਣੇ ਕੋਈ ਜਤਨ ਵੀ ਨਹੀਂ ਹੋ ਸਕੇਗਾ। ਅਜਿਹੇ ਲੋਭੀ ਆਪਣਾ ਜੀਵਨ ਸੰਸਾਰ ਤੋਂ ਬਰਬਾਦ ਕਰਕੇ ਚਲੇ ਜਾਂਦੇ ਹਨ ਅਤੇ 84 ਲੱਖ ਜੂਨੀਆਂ ਵਿਚ ਭਟਕਦੇ ਹਨ। ਫੁਰਮਾਨ ਹੈ -

*ਲੋਭੀ ਕਾ ਵੇਸਾਹੁ ਨ ਕੀਜੈ*
*ਜੇ ਕਾ ਪਾਰਿ ਵਸਾਇ ॥*
*ਅੰਤਿ ਕਾਲਿ ਤਿਥੈ ਧੁਹੈ*
*ਜਿਥੈ ਹਥੁ ਨ ਪਾਇ ॥*
*ਮਨਮੁਖ ਸੇਤੀ ਸੰਗੁ ਕਰੇ*
*ਮੁਹਿ ਕਾਲਖ ਦਾਗੁ ਲਗਾਇ ॥*
*ਮੁਹ ਕਾਲੇ ਤਿਨ ਲੋਭੀਆਂ*
*ਜਾਸਨਿ ਜਨਮੁ ਗਵਾਇ ॥*

***ਅੰਗ - 1417***

ਇਸ ਲੋਭ ਨੇ ਵੱਡੇ-ਵੱਡੇ ਪੁਰਸ਼ਾਂ ਨੂੰ ਜਿਨ੍ਹਾਂ ਉਪਰ ਦੁਨੀਆਂ ਵਿਸ਼ਵਾਸ਼ ਕਰਦੀ ਹੈ, ਮਾਣ ਦਿੰਦੀ ਹੈ, ਵੱਡਿਆਂ ਅਹੁਦਿਆਂ ਉਪਰ ਚੁਣ ਕੇ ਭੇਜਦੀ ਹੈ, ਰਾਜਾ ਵਿਸ਼ਵਾਸ਼ ਕਰਕੇ ਵੱਡੇ ਅਹੁਦੇ ਦਿੰਦਾ ਹੈ; ਜਨਤਾ ਵਿਚ, ਜਿਨ੍ਹਾਂ ਨੂੰ ਬਹੁਤ ਵਡਿਆਈ ਦਿਤੀ ਜਾਂਦੀ ਹੈ, ਅਜਿਹੇ ਪੁਰਸ਼ਾਂ ਦੇ ਅੰਦਰ ਵੀ ਲੋਭ ਲਹਿਰ ਪੈਦਾ ਹੋ ਕੇ ਅਨੇਕਾਂ ਕਿਸਮ ਦੇ ਖੜਯੰਤਰਾਂ ਵਿਚ ਫਸਾ ਦਿੰਦਾ ਹੈ। ਜੀਵ ਇਸ ਦੇ ਕਾਬੂ ਆਏ ਹੋਏ ਡੋਲਦੇ ਹਨ। ਲੋਭੀ ਪੁਰਸ਼ ਨੂੰ ਨਾ ਮਿਤਰਾਂ ਦੀ, ਨਾ ਆਪਣੇ ਇਸ਼ਟ ਦੀ, ਨਾ ਗੁਰੂ ਦੀ, ਨਾ ਰਿਸ਼ਤੇਦਾਰਾਂ ਦੀ, ਨਾ ਹੀ ਮਾਂ ਪਿਉ ਆਦਿ ਦੀ ਲਜਿਆ ਹੁੰਦੀ ਹੈ। ਨਾ ਕਰਨ ਯੋਗ ਕੰਮਾਂ ਨੂੰ ਕਰਦਾ ਹੈ, ਨਾ ਖਾਣ ਯੋਗ ਚੀਜ਼ਾਂ ਨੂੰ ਖੁਵਾਂਦਾ ਹੈ, ਨਾ ਬਣਨ ਵਾਲੀਆਂ ਚੀਜ਼ਾਂ ਨੂੰ ਬਣਾਂਦਾ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ! ਤੂੰ ਹੀ ਕ੍ਰਿਪਾ ਕਰੇਂ ਤਾਂ ਇਸ ਭਿਆਨਕ ਲਬ ਅਤੇ ਲੋਭ ਦੇ ਜਜ਼ਬੇ ਤੋਂ ਅਸਾਨੂੰ ਬਚਾ ਲੈ; ਫੁਰਮਾਨ ਹੈ-

*ਹੇ ਲੋਭਾ ਲੰਪਟ ਸੰਗ ਸਿਰਮੋਰਹ*
*ਅਨਿਕ ਲਹਰੀ ਕਲੋਲਤੇ ॥*
*ਧਾਵੰਤ ਜੀਆ ਬਹੁ ਪ੍ਰਕਾਰੰ*
*ਅਨਿਕ ਭਾਂਤਿ ਬਹੁ ਡੋਲਤੇ ॥*
*ਨਚ ਮਿਤ੍ੰ ਨਚ ਇਸਟੰ ਨਚ ਬਾਧਵ*
*ਨਚ ਮਾਤ ਪਿਤਾ ਤਵ ਲਜਯਾ ॥*
*ਅਕਰਣੰ ਕਰੋਤਿ ਅਖਾਦ੍ਯਿ*
*ਖਾਦ੍ਯੰ ਅਸਾਜੰ ਸਾਜਿ ਸਮਜਯਾ ॥*
*ਤ੍ਰਾਹਿ ਤ੍ਰਾਹਿ ਸਰਣਿ ਸੁਆਮੀ*
*ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥*

***ਅੰਗ - 1358***

ਲੋਭੀ ਪੁਰਖ ਪਹਿਲਾਂ ਮਿੱਤਰ ਬਣ ਜਾਂਦੇ ਹਨ ਫੇਰ ਉਸ ਨਾਲ ਖਾਣ ਪੀਣ ਦੀ ਸਾਂਝ ਪਾ ਲੈਂਦੇ ਹਨ। ਆਪਣੇ ਪੱਲਿਓਂ ਹੀ ਖਰਚ ਕਰਕੇ ਉਸਨੂੰ ਰਝਾਉਂਦੇ ਹਨ। ਅੰਤ ਮੌਕਾ ਪਾ ਕੇ ਜ਼ਹਿਰ ਦੇ ਕੇ ਖਤਮ ਕਰਕੇ ਉਸ ਦਾ ਧਨ ਹਿਰ ਲੈਂਦੇ ਹਨ। ਇਥੋਂ ਤੱਕ ਵੀ ਦੇਖਿਆ ਹੈ ਕਿ ਲੋਭੀ ਪੁਰਸ਼ ਆਪਣੀ ਕਾਰਜ ਸਿੱਧੀ ਲਈ ਪੈਸੇ ਵਾਲੇ ਪੁਰਸ਼ ਨਾਲ ਰਿਸ਼ਤੇਦਾਰੀਆਂ ਕੱਢ ਲੈਂਦੇ ਹਨ ਅਤੇ ਫੇਰ ਤਰਸਯੋਗ ਹਾਲਤ ਬਣਾ ਕੇ ਉਨ੍ਹਾਂ ਤੋਂ ਧਨ ਉਧਾਰ ਲੈ ਲੈਂਦੇ ਹਨ। ਬਿਨਾਂ ਵਿਆਜ ਆਪਣਾ ਕੰਮ ਸਾਰਦੇ ਹਨ। ਜਦੋਂ ਉਹ ਪੈਸੇ ਵਾਪਸ ਮੰਗਦਾ ਹੈ ਤਾਂ ਇਹ ਰਿਣ ਹਤਿਆਰੇ ਜੋ ਬਹੁਤ ਵੱਡੇ ਮਹਾਂ ਪਾਪੀ ਨੂੰ ਆਖਿਆ ਜਾਂਦਾ ਹੈ, ਰਿਣ ਹੱਤਿਆ ਕਰ ਦਿੰਦੇ ਹਨ। ਰਿਸ਼ਤੇਦਾਰੀ ਵੀ ਤੋੜ ਲੈਂਦੇ ਹਨ ਅਤੇ ਪੈਸੇ ਵੀ ਦੱਬ ਲੈਂਦੇ ਹਨ ਅਤੇ

ਵਿਉਂਤਾਂ ਬਣਾਉਂਦੇ ਹਨ ਕਿ ਇਸ ਨੂੰ ਸੰਸਾਰ ਤੋਂ ਕਿਵੇਂ ਮੁਕਾਇਆ ਜਾਵੇ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਾਕਤ ਸੁਆਨ ਕਹੀਅਹਿ ਬਹੁ ਲੋਭੀ*
*ਬਹੁ ਦੁਰਮਤਿ ਮੈਲੁ ਭਰੀਜੈ॥*
*ਆਪਨ ਸੁਆਇ ਕਰਹਿ ਬਹੁ ਬਾਤਾ*
*ਤਿਨਾ ਕਾ ਵਿਸਾਹੁ ਕਿਆ ਕੀਜੈ॥*
*ਅੰਗ – 1326*

ਵਾਹਿਗੁਰੂ ਤਾਂ ਲੋਭੀ ਪੁਰਸ਼ਾਂ ਨੂੰ ਕਦੇ ਭੁੱਲ ਕੇ ਵੀ ਯਾਦ ਨਹੀਂ ਆਉਂਦਾ। ਉਹ ਆਪ ਵੀ ਨਾਸਤਕ, ਸ਼ਰਧਾਹੀਣ ਹੁੰਦੇ ਹਨ; ਜੋ ਉਨ੍ਹਾਂ ਦੀ ਸੰਗਤ ਕਰਦੇ ਹਨ ਉਹ ਵੀ ਸ਼ਰਧਾ ਹੀਣ ਹੋ ਜਾਇਆ ਕਰਦੇ ਹਨ –

*ਲੋਭ ਵਿਕਾਰ ਜਿਨਾ ਮਨੁ ਲਾਗਾ*
*ਹਰਿ ਵਿਸਰਿਆ ਪੁਰਖੁ ਚੰਗੇਰਾ॥*
*ਓਇ ਮਨਮੁਖ ਮੂੜ ਅਗਿਆਨੀ*
*ਕਹੀਅਹਿ ਤਿਨ ਮਸਤਕਿ*
*ਭਾਗੁ ਮੰਦੇਰਾ॥ ਅੰਗ – 711*

ਜਿਸ ਤਰ੍ਹਾਂ ਨਾਲ ਪਾਣੀ ਉਤੇ ਬੂਰ ਆ ਜਾਂਦਾ ਹੈ ਅਤੇ ਉਹ ਪਾਣੀ ਨਾ ਹੀ ਵਰਤਿਆ ਜਾਂਦਾ ਹੈ, ਨਾ ਹੀ ਪੀਤਾ ਜਾਂਦਾ ਹੈ ਇਸੇ ਤਰ੍ਹਾਂ ਨਾਲ ਜਿਨ੍ਹਾਂ ਦੇ ਅੰਦਰ ਲੋਭ ਦਾ ਵਾਸਾ ਹੋ ਗਿਆ, ਉਨ੍ਹਾਂ ਦਾ ਵੀ ਨਾਸ਼ ਹੋ ਜਾਇਆ ਕਰਦਾ ਹੈ –

*ਲਬੁ ਵਿਣਾਹੇ ਮਾਣਸਾ*
*ਜਿਉ ਪਾਣੀ ਬੂਰੁ॥*
*ਵਰ੍ਹਿਐ ਦਰਗਹ ਗੁਰੂ ਕੀ*
*ਕੁਦਰਤੀ ਨੂਰੁ ॥ ਅੰਗ – 967*

ਲੋਭੀ ਨੂੰ ਕਿਸੇ ਦਾ ਵੀ ਪਿਆਰ ਨਹੀਂ ਹੋਇਆ ਕਰਦਾ। ਉਸ ਨੂੰ ਆਪਣਾ ਹਿਤ ਪੂਰੇ ਕਰਨ ਦੀ ਹੀ ਲਾਲਸਾ ਸਦਾ ਲੱਗੀ ਰਹਿੰਦੀ ਹੈ; ਇਥੋਂ ਤੱਕ ਕਿ ਉਹ ਪ੍ਰਮੇਸ਼ਰ ਨੂੰ ਵੀ ਪਿਆਰ ਨਹੀਂ ਕਰਦਾ। ਪੂਜਾ ਪਾਠ ਵੀ ਆਪਣੇ ਲੋਭ ਦੀ ਪੂਰਤੀ ਲਈ ਕਰਦਾ ਹੈ, ਜੇ ਲੋਭੀ ਪੁਰਸ਼ ਕਿਸੇ ਨੂੰ ਵਿਖਾਵੇ ਦਾ ਪਿਆਰ ਕਰਦਾ ਵੀ ਹੈ ਤਾਂ ਉਹ ਬਹੁਤ ਚਿਰ ਨਿਭਿਆ ਨਹੀਂ ਕਰਦਾ ਕਿਉਂਕਿ ਉਸ ਨੇ ਆਪਣੇ ਸੁਭਾਅ ਦੇ ਮੁਤਾਬਿਕ ਦੂਸਰੇ ਦਾ ਸਭ ਕੁਝ ਹਿਰਨਾ ਹੀ ਹਿਰਨਾ ਹੈ –

*ਫਰੀਦਾ ਜਾ ਲਬੁ ਤਾ ਨੇਹੁ ਕਿਆ*
*ਲਬੁ ਤ ਕੂੜਾ ਨੇਹੁ॥*
*ਕਿਚਰੁ ਝਤਿ ਲਘਾਈਐ*
*ਛਪਰਿ ਤੁਟੈ ਮੇਹੁ॥ ਅੰਗ – 1378*

ਵੱਡੇ-ਵੱਡੇ ਵਿਦਵਾਨਾਂ ਦੀ ਗੱਲ ਕਰਦੇ ਹੋਏ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਲੋਭ ਦੇ ਅਸਰ ਹੇਠ ਆਏ ਹੋਏ ਕਦੇ ਵੀ ਅਦ੍ਵੈਤ ਦੀ ਬਾਤ ਨਹੀਂ ਕਰਿਆ ਕਰਦੇ। ਰਾਗ ਤੇ ਦ੍ਵੈਸ਼ ਦੇ ਵਿਚ ਫਸੇ ਹੋਏ ਝਗੜਿਆਂ ਦੀਆਂ ਹੀ ਬਾਤਾਂ ਸੁਣਾਂਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਲੋਭ ਦਾ ਵਿਕਾਰ ਇਕ ਰੋਗ ਬਣ ਕੇ ਲਗ ਗਿਆ ਹੁੰਦਾ ਹੈ। ਉਹ 84 ਲੱਖ ਜੂਨਾਂ ਦੇ ਅੰਦਰ ਭਰਮਦੇ-ਭਰਮਦੇ ਖੁਆਰ ਹੁੰਦੇ ਹਨ –

*ਪੜਿ ਪੜਿ ਪੰਡਿਤ ਜੋਤਕੀ*
*ਵਾਦ ਕਰਹਿ ਬੀਚਾਰੁ॥*
*ਮਤਿ ਬੁਧਿ ਭਵੀ ਨ ਬੁਝਈ*
*ਅੰਤਰਿ ਲੋਭ ਵਿਕਾਰੁ॥*
*ਲਖ ਚਉਰਾਸੀਹ ਭਰਮਦੇ*
*ਭ੍ਰਮਿ ਭ੍ਰਮਿ ਹੋਇ ਖੁਆਰੁ॥*
*ਅੰਗ – 27*

ਇਹ ਜਜ਼ਬਾ ਐਨਾ ਗਹਿਰਾ ਹੈ ਕਿ ਇਸ ਤੋਂ ਸਾਧੂ ਸੰਤ ਨੂੰ ਵੀ ਬਚਣਾ ਬਹੁਤ ਔਖਾ ਹੈ। ਉਹ ਵੀ ਪੈਸੇ ਇਕੱਠੇ ਕਰਨ ਵਾਸਤੇ ਲੋਭ ਦੇ ਜਜ਼ਬੇ ਵਿਚ ਫਸੇ ਹੋਏ ਹਨ। ਅਨੇਕਾਂ ਪਾਖੰਡ ਰਚ ਕੇ, ਸਿੱਧੇ ਸਾਦੇ ਜਗਿਆਸੂ ਨੂੰ ਧੋਖੇ ਦੇ ਕੇ, ਪੈਸਾ ਇਕੱਠਾ ਕਰਕੇ ਇਸ ਵਿਚ ਹੀ ਵਡਿਆਈ ਸਮਝਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਵਾਹਿਗੁਰੂ ਨੇ ਸਾਨੂੰ ਕਿੱਡੀ ਉਚੀ ਪਦਵੀ ਬਖਸ਼ੀ ਹੈ। ਅਸਾਨੂੰ ਨਿਰਲੋਭ ਰਹਿ ਕੇ ਵਾਹਿਗੁਰੂ ਦੇ ਹੁਕਮ ਵਿਚ ਕਾਰ ਕਰਦਿਆਂ ਆਪਣਾ ਅਤੇ ਸੰਸਾਰ ਦਾ ਉਧਾਰ ਕਰਨਾ ਚਾਹੀਦਾ ਹੈ। ਵਾਹਿਗੁਰੂ ਦੇ ਪਿਆਰਿਆਂ ਨੂੰ ਚਾਰ ਗੱਲਾਂ ਲਬ, ਲੋਭ, ਹੰਕਾਰ ਤੇ ਤ੍ਰਿਸ਼ਨਾ ਅਤੇ ਬਹੁਤੀਆਂ ਗੱਲਾਂ ਕਰਨਾ ਅਨੁਕੂਲ ਨਹੀਂ ਹੋਇਆ ਕਰਦਾ। ਮਹਾਰਾਜ ਜੀ ਦਾ ਫੁਰਮਾਨ ਹੈ –

*ਚਾਲਾ ਨਿਰਾਲੀ ਭਗਤਾਹ ਕੇਰੀ*
*ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ*
*ਬਹੁਤੁ ਨਾਹੀ ਬੋਲਣਾ॥*
*ਅੰਗ – 918*

ਇਕ ਕਥਾ ਆਉਂਦੀ ਹੈ ਕਿ ਕਬੀਰ

ਸਾਹਿਬ ਨੂੰ ਇਕ ਮਹਾਤਮਾ ਨੇ ਕਿਹਾ ਕਿ ਮਹਾਰਾਜ! ਇਸ ਮਾਇਆ ਨੂੰ ਸਾਕਾਰ ਰੂਪ ਵਿਚ ਪ੍ਰਗਟ ਕਰਕੇ ਕੋਈ ਕੌਤਕ ਦਿਖਾਉ। ਕਬੀਰ ਸਾਹਿਬ ਜੀ ਕਹਿਣ ਲੱਗੇ ਕਿ ਮਾਇਆ ਤਾਂ ਸਦਾ ਹੀ ਸਾਕਾਰ ਰੂਪ ਵਿਚ ਵਿਚਰ ਰਹੀ ਹੈ, ਇਸ ਦੇ ਅਨੇਕਾਂ ਕੌਤਕ ਤੁਸੀਂ ਹਰ ਰੋਜ਼ ਦੇਖ ਰਹੇ ਹੋਂ। ਇਸ ਜੰਗਲ ਵਿਚ ਜਾਓ, ਉਥੇ ਤੁਸੀਂ ਅੱਜ ਇਕ ਨਿਰਾਲਾ ਕੌਤਕ ਦੇਖੋਂਗੇ। ਸੰਤ ਜੰਗਲ ਵਿਚ ਚਲੇ ਗਏ, ਕੀ ਦੇਖਦੇ ਹਨ ਕਿ ਚਾਰ ਮਿੱਤਰ ਬਹੁਤ ਪਿਆਰ ਦੀਆਂ ਗੱਲਾਂ ਕਰਦੇ ਆ ਰਹੇ ਹਨ। ਉਨ੍ਹਾਂ ਚੌਹਾਂ ਨੇ ਹੀ ਸਾਮ੍ਹਣੇ ਇਕ ਮੋਹਰਾਂ ਦੀ ਭਰੀ ਹੋਈ ਥੈਲੀ ਵੇਖੀ ਅਤੇ ਇਕ ਦਮ ਕਹਿਣ ਲੱਗੇ ਕਿ ਇਹ ਆਪਾਂ ਚਾਰੋਂ ਵੰਡ ਲਵਾਂਗੇ, ਇਸ ਵਿਚ ਆਪਾਂ ਸੁਖਾਲੇ ਵੀ ਰਹਾਂਗੇ ਤੇ ਆਪਣੇ ਮਨ ਵਿਚ ਕੋਈ ਦ੍ਵੈਸ਼ ਵੀ ਨਹੀਂ ਜਾਗੇਗੀ। ਉਨ੍ਹਾਂ ਨੇ ਇਸ ਆਸ਼ੇ ਅਧੀਨ ਹੋ ਕੇ ਥੈਲੀ ਚੁੱਕ ਲਈ। ਜਿਸ ਥਾਂ ਮਹਾਤਮਾ ਇਸ ਕ੍ਰਿਆ ਨੂੰ ਦੇਖ ਰਹੇ ਸਨ ਉਸ ਥਾਂ ਨੇੜੇ ਹੀ ਝਾੜੀਆਂ ਦੇ ਓਹਲੇ ਆ ਕੇ ਵਿਚਾਰ ਕਰਨ ਲੱਗੇ ਕਿ ਮਾਇਆ ਤਾਂ ਆਪਣੇ ਪਾਸ ਆ ਗਈ ਹੈ ਪਰ ਪਹਿਲਾਂ ਕੰਮ ਆਪਾਂ ਇਹ ਕਰੀਏ ਕਿ ਰੋਟੀ ਦਾ ਬੰਦੋਬਸਤ ਕੀਤਾ ਜਾਵੇ। ਦੋ ਪ੍ਰੇਮੀ ਨੇੜੇ ਦੇ ਨਗਰ ਵਿਚੋਂ ਰੋਟੀ ਲੈਣ ਚਲੇ ਗਏ ਤੇ ਦੋ ਥੈਲੀ ਦੀ ਰਾਖੀ ਲਈ ਛੁਪ ਕੇ ਬੈਠੇ ਰਹੇ। ਇਤਨੇ ਨੂੰ ਚਾਰਾਂ ਦੇ ਹੀ ਮਨ ਬਦਲ ਗਏ। ਲੋਭ ਨੇ ਆ ਕੇ ਬੁੱਧੀ ਉਪਰ ਆਪਣਾ ਪ੍ਰਭਾਵ ਪਾ ਲਿਆ ਅਤੇ ਉਲਟੀਆਂ ਗੱਲਾਂ ਸੋਚਣ ਲੱਗ ਪਏ। ਜੋ ਦੋ ਪ੍ਰੇਮੀ ਪ੍ਰਸ਼ਾਦਾ ਲੈਣ ਗਏ ਸਨ ਉਨ੍ਹਾਂ ਨੇ ਆਪਸ ਵਿਚ ਸਲਾਹ ਕਰੀ ਕਿ ਆਪਾਂ ਦੋਨੋਂ ਇਹ ਥੈਲੀ ਵੰਡ ਲਈਏ। ਉਨ੍ਹਾਂ ਦੋਹਾਂ ਨੂੰ ਆਪਣੇ ਰਸਤੇ ਵਿਚੋਂ ਹਟਾਉਣ ਲਈ ਖਾਣੇ ਵਿਚ ਜ਼ਹਿਰ ਪਾ ਲਈਏ, ਉਹ ਖਾ ਕੇ ਮਰ ਜਾਣਗੇ, ਆਪਾਂ ਦੋਨੋਂ ਮੋਹਰਾਂ ਵੰਡ ਲਵਾਂਗੇ।

ਦੂਜੇ ਪਾਸੇ ਜੋ ਥੈਲੀ ਦੀ ਰਾਖੀ ਬੈਠੇ ਸਨ ਉਨ੍ਹਾਂ ਨੇ ਵੀ ਸਲਾਹ ਪਕਾ ਲਈ ਕਿ ਉਨ੍ਹਾਂ ਦੋਹਾਂ ਨੂੰ, ਜੋ ਪ੍ਰਸ਼ਾਦੇ ਲੈਣ ਗਏ ਹਨ ਜਦੋਂ ਵਾਪਸ ਆਉਣ, ਉਸੇ ਸਮੇਂ ਮਾਰ ਦੇਈਏ ਅਤੇ ਇਹ ਮਾਇਆ ਆਪਸ ਵਿਚ ਵੰਡ ਲਈਏ। ਸੋ ਇਸੇ ਤਰ੍ਹਾਂ ਹੋਇਆ। ਜਦੋਂ ਉਹ ਰੋਟੀ ਲੈ ਕੇ ਆਏ, ਆਉਂਦਿਆਂ ਨੂੰ ਹੀ ਇਨ੍ਹਾਂ ਨੇ ਮਾਰ ਕੇ ਨੇੜੇ ਨਦੀ ਵਿਚ ਘੜੀਸ ਕੇ ਸੁੱਟ ਦਿਤਾ ਤੇ ਆਪ ਜ਼ਹਿਰੀਲਾ ਖਾਣਾ ਖਾ ਕੇ ਮਰ ਗਏ।

ਮਹਾਤਮਾ ਨੇ ਕਿਹਾ ਕਿ ਵੇਖੋ, ਆਪਸ ਵਿਚ ਮਿੱਤਰ ਸਨ ਪਰ ਲੋਭ ਲਹਿਰ ਵਿਚ ਹਲਕੇ ਹੋਏ ਵਿਚਾਰ ਤੋਂ ਸੁੰਨ ਹੋ ਗਏ ਤੇ ਸਾਰੇ ਹੀ ਮਰ ਗਏ। ਲੋਭੀ ਪੁਰਸ਼ਾਂ ਦੇ ਮਨ ਵਿਚ ਵਾਹਿਗੁਰੂ ਦਾ ਕੋਈ ਪਿਆਰ ਨਹੀਂ ਹੋਇਆ ਕਰਦਾ। ਸਗਮਾਂ ਲੋਭ ਲਹਿਰ ਨਾਲ ਹਲਕ ਜਾਂਦੇ ਹਨ।

ਲੋਭ ਲਹਿਰ ਦੇ ਹਲਕਾਏ ਹੋਏ ਲੋਕ ਆਪਣੀਆਂ ਹੀ ਵਿਆਹ ਕੇ ਲਿਆਂਦੀਆਂ ਹੋਈਆਂ ਨੂੰਹਾਂ ਨੂੰ ਘੱਟ ਦਾਜ ਲਿਆਉਣ ਕਰਕੇ ਜਾਨੋਂ ਮਾਰ ਦਿੰਦੇ ਹਨ। ਪ੍ਰਵਾਹ ਨਹੀਂ ਕਰਦੇ ਕਿ ਇਸ ਦੇ ਫਲਸਰੂਪ ਸਾਨੂੰ ਜੇਲ੍ਹ ਵਿਚ ਜਾਣਾ ਪਵੇਗਾ। ਜਿੰਨੇ ਉਪਦ੍ਰਵ, ਧੋਖੇ, ਛਲ, ਕਪਟ ਹੋ ਰਹੇ ਹਨ, ਦੇਖਣ ਵਿਚ ਉਹ ਪੁਰਸ਼ ਬੜੇ ਸੁਸ਼ੀਲ ਨਜ਼ਰ ਆਉਂਦੇ ਹਨ ਪਰ ਅੰਦਰੋਂ ਵਿਚਾਰ ਰੂਪੀ ਨੇਤਰ ਬੰਦ ਹੋਣ ਕਰਕੇ ਅੰਨ੍ਹੇ ਹੋਏ ਹੋਏ ਹਨ।

ਸੋ ਇਹ ਮਗਰਮੱਛ ਵੀ ਕਿੰਨਾ ਖਤਰਨਾਕ ਹੈ। ਇਸੇ ਤਰ੍ਹਾਂ ਨਾਲ ਹੰਕਾਰ ਰੂਪੀ ਮਗਰਮੱਛ ਬਹੁਤ ਭਿਆਨਕ ਹੈ। ਆਦਮੀ ਦਾ ਹੰਕਾਰ ਉਸ ਨੂੰ ਜਨਮ ਮਰਨ ਦੇ ਬੰਧਨਾਂ ਵਿਚ ਫਸਾ ਦਿੰਦਾ ਹੈ। ਜਦੋਂ ਤੱਕ ਆਦਮੀ ਦੇ ਮਨ ਵਿਚ ਅਭਿਮਾਨ ਦੀ ਅੰਸ ਹੈ ਇਹ ਕਰਮਾਂ ਦੇ ਜਾਲ ਵਿਚ ਫਸਿਆ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ, ਇਸ ਨੂੰ ਗਿਆਨ ਹੋਣਾ ਅਣਹੋਣੀ ਬਾਤ ਹੈ। ਮਿੱਤਰਾਂ ਨੂੰ ਇਹ ਦੁਸ਼ਮਣ ਬਣਾ ਲੈਂਦਾ ਹੈ ਅਤੇ ਮਾਇਆ ਪ੍ਰਾਪਤੀ ਲਈ ਜਾਲ ਵਿਛਾ ਦਿੰਦਾ ਹੈ। ਜੰਮਣ ਮਰਨ ਦਾ ਦੁੱਖ ਇਸ ਦੇ ਗਲ ਪਿਆ ਰਹਿੰਦਾ ਹੈ। ਇਹ ਮਹਾਂ ਵਿਕਟ ਅਸਾਧ ਰੋਗ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹੇ ਜਨਮ ਮਰਣ ਮੂਲੰ*
*ਅਹੰਕਾਰੰ ਪਾਪਾਤਮਾ॥*
*ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ*
*ਅਨਿਕ ਮਾਯਾ ਬਿਸ੍ਤੀਰਨਹ॥*
*ਆਵੰਤ ਜਾਵੰਤ ਥਕੰਤ ਜੀਆ*
*ਦੁਖ ਸੁਖ ਬਹੁ ਭੋਗਣਹ॥*
*ਭ੍ਰਮ ਭਯਾਨ ਉਦਿਆਨ ਰਮਣੰ*
*ਮਹਾ ਬਿਕਟ ਅਸਾਧ ਰੋਗਣਹ॥*
*ਬੈਦ੍ਯੰ ਪਾਰਬ੍ਰਹਮ ਪਰਮੇ੍ਸਰ*

***ਆਰਾਧਿ ਨਾਨਕ ਹਰਿ ਹਰਿ ਹਰੇ॥***
***ਅੰਗ - 1358***

ਹੰਕਾਰੀ ਪੁਰਸ਼ ਦੇ ਮਨ ਵਿਚ ਨਾ ਹੀ ਗੁਰੂ ਪ੍ਰਤੀ ਸ਼ਰਧਾ ਹੁੰਦੀ ਹੈ ਅਤੇ ਨਾ ਹੀ ਪ੍ਰਮੇਸ਼ਰ ਵਿਚ ਵਿਸ਼ਵਾਸ਼ ਹੁੰਦਾ ਹੈ। ਉਸ ਦਾ ਹਿਰਦਾ ਉਚੇ ਟਿੱਬੇ ਵਰਗਾ ਹੁੰਦਾ ਹੈ, ਉਹ ਸਤਿਸੰਗ ਕਰਦਾ ਹੋਇਆ ਫੇਰ ਵੀ ਖਾਲੀ ਰਹਿੰਦਾ ਹੈ। ਉਸ ਦੇ ਤੀਰਥ, ਵਰਤ, ਦਾਨ ਕੀਤੇ ਹੋਏ ਨਿਹਫਲ ਚਲੇ ਜਾਂਦੇ ਹਨ। ਨਾ ਹੀ ਉਸ ਨੂੰ ਕਿਸੇ ਮਹਾਂਪੁਰਸ਼ ਦੀ ਸੰਗਤ ਦਾ ਲਾਭ ਹੁੰਦਾ ਹੈ, ਨਾ ਹੀ ਉਸ ਦੇ ਉਪਦੇਸ਼ਾਂ ਦਾ ਕੋਈ ਅਸਰ ਹੁੰਦਾ ਹੈ। ਇਹ ਅਭਿਮਾਨ ਦੇ ਅੰਦਰ ਡੁੱਬ ਜਾਇਆ ਕਰਦਾ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

***ਫਰੀਦਾ ਗਰਬੁ ਜਿਨਾ ਵਡਿਆਈਆ***
***ਧਨਿ ਜੋਬਨਿ ਆਗਾਹ॥***
***ਖਾਲੀ ਚਲੇ ਧਣੀ ਸਿਉ***
***ਟਿਬੇ ਜਿਉ ਮੀਹਾਹੁ॥ ਅੰਗ - 1383***

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ***
***ਤਿਹ ਜਿਉ ਕੁੰਚਰ ਇਸਨਾਨੁ॥***
***ਅੰਗ - 1428***

***ਕਬੀਰ ਬਾਂਸੁ ਬਡਾਈ ਬੂਡਿਆ***
***ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ***
***ਬਾਂਸੁ ਸੁਗੰਧੁ ਨ ਹੋਇ॥***
***ਅੰਗ - 1365***

ਕ੍ਰੋੜਾਂ ਨੇਕ ਕਰਮ ਕਰਕੇ ਜੇ ਉਸ ਜੀਵ ਦਾ ਅਭਿਮਾਨ ਨਹੀਂ ਹਟਿਆ ਤਾਂ ਮਹਾਰਾਜ ਜੀ ਦੇ ਸਿਧਾਂਤ ਮੁਤਾਬਿਕ ਕੇਵਲ ਇਕ ਥਕੇਵਾਂ ਹੀ ਹੋਇਆ ਕਰਦਾ ਹੈ। ਤਪੱਸਿਆ ਕਰਕੇ ਜੇ ਮਨ ਵਿਚ ਅਭਿਮਾਨ ਹੈ ਕਿ ਮੈਂ ਐਸੇ ਸਾਧਨ ਕਰਦਾ ਹਾਂ ਤਾਂ ਜੰਮਣ ਮਰਨਾ ਉਸਦੇ ਗਲੋਂ ਕਦੇ ਵੀ ਨਹੀਂ ਲਹਿੰਦਾ-

***ਕੋਟਿ ਕਰਮ ਕਰੈ ਹਉ ਧਾਰੇ॥***
***ਸ੍ਰਮੁ ਪਾਵੈ ਸਗਲੇ ਬਿਰਥਾਰੇ॥***
***ਅਨਿਕ ਤਪਸਿਆ ਕਰੇ ਅਹੰਕਾਰ॥***
***ਨਰਕ ਸੁਰਗ ਫਿਰਿ ਫਿਰਿ ਅਵਤਾਰ॥***
***ਅੰਗ - 278***

ਵਾਹਿਗੁਰੂ ਜੀ ਨੂੰ ਅਭਿਮਾਨ ਨਹੀਂ ਭਾਉਂਦਾ। ਅਸਾਂ ਲੋਕਾਂ ਦਾ ਸਮਾਜ ਵਿਚ ਸਤਿਕਾਰ ਪ੍ਰਭੂ ਦੀ ਕ੍ਰਿਪਾ ਕਰਕੇ ਹੈ। ਜੇ ਆਪਣੇ ਗੁਣਾਂ, ਆਪਣੇ ਬਲ, ਚਤੁਰਾਈ ਦਾ ਮਾਣ ਆ ਜਾਵੇ ਤਾਂ ਆਦਮੀ ਗਿਰ ਜਾਇਆ ਕਰਦਾ ਹੈ। ਗੁਰ ਇਤਿਹਾਸ ਅਤੇ ਰੂਹਾਨੀ ਇਤਿਹਾਸ ਵਿਚ ਕਥਾਵਾਂ ਹਨ ਕਿ ਅਹੰਕਾਰ ਨੇ ਕਿਵੇਂ ਕੁਲਾਂ ਗਾਲ ਦਿਤੀਆਂ। ਵਾਹਿਗੁਰੂ ਜੀ ਨੂੰ ਅਭਿਮਾਨ ਬਿਲਕੁਲ ਨਹੀਂ ਭਾਉਂਦਾ। ਜੋ ਵੀ ਅਭਿਮਾਨ ਕਰਦਾ ਹੈ ਉਸ ਨੂੰ ਗਿਰਨਾ ਹੀ ਪੈਂਦਾ ਹੈ -

***ਜੋ ਜੋ ਕਰਤੇ ਅਹੰਮੇਉ***
***ਝੜਿ ਧਰਤੀ ਪੜਤੇ॥ ਅੰਗ- 317***

ਸੰਸਾਰ ਦੇ ਇਤਿਹਾਸ ਵਿਚ ਬਹੁਤ ਐਸੀਆਂ ਉਦਾਹਰਣਾਂ ਹਨ ਜਿਨ੍ਹਾਂ ਤੋਂ ਪਤਾ ਲਗ ਜਾਂਦਾ ਹੈ ਕਿ ਜੋ ਆਮ ਜਨਤਾ ਕਹਿੰਦੀ ਹੈ ਕਿ 'ਹੰਕਾਰਿਆ ਸੋ ਮਾਰਿਆ' ਉਹ ਠੀਕ ਹੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੀ ਬਹੁਤ ਸਾਰੇ ਉਦਾਹਰਣ ਆਉਂਦੇ ਹਨ ਜਿਵੇਂ ਕਿ ਜਦੋਂ ਬ੍ਰਹਮਾ ਨੇ ਅਭਿਮਾਨ ਕੀਤਾ ਕਿ ਸੰਸਾਰ ਵਿਚ ਮੈਂ ਹੀ ਹਾਂ ਅਤੇ ਸਾਰਾ ਸੰਸਾਰ ਮੇਰੇ ਤੋਂ ਹੀ ਹੋਂਦ ਵਿਚ ਆਇਆ ਹੈ ਤਾਂ ਉਸ ਬਾਰੇ ਲਿਖਿਆ ਮਿਲਦਾ ਹੈ ਕਿ ਉਹ 36 ਯੁੱਗ ਇਕ ਕਮਲ ਦੇ ਫੁੱਲ ਦੀ ਨਾਲ ਵਿਚ ਘੁੰਮਦਾ ਰਿਹਾ ਅਤੇ ਉਸ ਦਾ ਅੰਤ ਨਾ ਪਾ ਸਕਿਆ। ਅਖੀਰ ਜਦੋਂ ਥੱਕ ਗਿਆ ਤਾਂ ਇਸ ਨੂੰ ਅਕਾਸ਼ ਬਾਣੀ ਹੋਈ ਕਿ ਸੰਸਾਰ ਦਾ ਰਚੈਤਾ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਹੈ। ਤਾਂ ਇਸ ਨੇ ਅਰਦਾਸ ਕੀਤੀ ਕਿ ਹੇ ਪ੍ਰਭੂ! ਮੈਨੂੰ ਇਸ ਬਿਪਤਾ ਵਿਚੋਂ ਕੱਢ। ਉਸ ਸਮੇਂ ਉਸ ਦਾ ਛੁਟਕਾਰਾ ਹੋਇਆ।

ਇਸੇ ਤਰ੍ਹਾਂ ਨਾਲ ਬਲ ਰਾਜਾ ਜੋ ਪ੍ਰਹਿਲਾਦ ਭਗਤ ਦਾ ਪੋਤਰਾ ਸੀ ਉਹ ਬਹੁਤ ਹੀ ਅਭਿਮਾਨ ਧਾਰ ਕੇ ਯੱਗ ਕਰਨ ਲੱਗ ਗਿਆ। ਉਸ ਨੂੰ ਆਪਣੀ ਪ੍ਰਭਤਾ ਦਾ ਬਹੁਤ ਅਭਿਮਾਨ ਸੀ ਇਥੋਂ ਤੱਕ ਕਿ ਆਪਣੇ ਗੁਰੂ ਦੇ ਬਚਨ ਨੂੰ ਵੀ ਨਾ ਮੰਨਿਆ। ਵਾਹਿਗੁਰੂ ਜੀ ਇਕ ਬੌਨੇ ਦਾ ਰੂਪ ਧਾਰ ਕੇ ਆ ਗਏ। ਉਸ ਰੂਪ ਵਿਚ ਆਪ ਨੇ ਵੇਦਾਂ ਦੀਆਂ ਬਹੁਤ ਹੀ ਸੁੰਦਰ ਰਿਚਾਂ ਗਾਈਆਂ ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਕਿਹਾ ਕਿ ਐ ਬਾਵਨ ਮੁਨੀ! ਮੰਗ ਜੋ ਕੁਛ ਮੰਗਦਾ ਹੈਂ ਮੈਂ ਤੈਨੂੰ ਦੇਣ ਨੂੰ ਤਿਆਰ ਹਾਂ, ਮੇਰੇ ਕੋਲ ਮਾਇਆ

ਦਾ ਘਾਟਾ ਨਹੀਂ ਹੈ। ਉਸ ਨੇ ਕਿਹਾ ਕਿ ਹੇ ਰਾਜਨ! ਮੈਂ ਕੀ ਮੰਗਣਾ ਹੈ, ਮੈਨੂੰ ਤਾਂ ਸਿਰਫ ਢਾਈ ਕਰਮਾਂ ਧਰਤੀ ਚਾਹੀਦੀ ਹੈ। ਤੇਰੇ ਦਰਵਾਜ਼ੇ ਅੱਗੇ ਬੈਠ ਕੇ ਭਜਨ ਬੰਦਗੀ ਕਰਦੇ ਰਹਾਂਗੇ। ਇਹ ਗੱਲ ਸੁਣ ਕੇ ਰਾਜਾ ਦਾਨ ਕਰਨ ਨੂੰ ਤਿਆਰ ਹੋ ਗਿਆ। ਉਸ ਦੇ ਗੁਰੂ ਸ਼ੁੱਕਰ ਨੇ ਪਹਿਚਾਣ ਲਿਆ ਕਿ ਇਹ ਕੋਈ ਛਲ ਰਚਿਆ ਜਾ ਰਿਹਾ ਹੈ ਕਿਉਂਕਿ ਇਸ ਦੇ ਮਨ ਵਿਚ ਅਭਿਮਾਨ ਹੈ – ਆਪਣੀ ਕਰਤੂਤ ਦਾ। ਜਦੋਂ ਰਾਜਾ ਬਲ ਚੂਲੀ ਛੱਡਣ ਲੱਗਿਆ ਤਾਂ ਇਸ ਨੇ ਸੂਖਸ਼ਮ ਰੂਪ ਧਾਰ ਕੇ ਗੰਗਾ ਸਾਗਰ ਦਾ ਪਾਣੀ ਗਿਰਨ ਦਾ ਰਸਤਾ ਬੰਦ ਕਰ ਦਿਤਾ। ਇਸ ਰਾਜੇ ਨੇ ਉਸ ਵਿਚ ਇਕ ਡੱਕਾ ਪਾ ਕੇ ਰੁਕਾਵਟ ਦੂਰ ਕਰਨ ਦਾ ਜਤਨ ਕੀਤਾ। ਤਾਂ ਐਸਾ ਕਹਿੰਦੇ ਹਨ ਕਿ ਉਸ ਦੀ ਅੱਖ ਵਿਚ ਲੱਗਿਆ ਅਤੇ ਸ਼ੁਕਰ ਕਾਣਾ ਹੋ ਗਿਆ। ਰਾਜਾ ਬਲ ਨੇ ਬਚਨ ਕਰ ਦਿਤਾ, ਚੂਲੀ ਛੱਡ ਦਿਤੀ ਤੇ ਬੜੇ ਅਭਿਮਾਨ ਨਾਲ ਕਿਹਾ ਕਿ ਬਾਵਨ ਰਿਸ਼ੀ ਜੀ! ਇਹ ਤੁਹਾਡੀ ਮੰਗ ਮੈਨੂੰ ਸ਼ਰਮਿੰਦਾ ਕਰਦੀ ਹੈ ਤੁਸੀਂ ਰਾਜੇ ਬਲ ਵਰਗੇ ਦਾਨੀ ਕੋਲ ਆਏ ਹੋਵੋਂ ਤੇ ਸਿਰਫ ਢਾਈ ਕਦਮਾਂ ਧਰਤੀ ਮੰਗੋਂ? ਉਹ ਕਹਿਣ ਲਗਿਆ, "ਸਾਨੂੰ ਢਾਈ ਕਦਮਾਂ ਹੀ ਬਹੁਤ ਹੈ।" ਕਹਿਣ ਲੱਗਿਆ, "ਤੁਸੀਂ ਆਪ ਮਿਣ ਲਵੋ, ਉਸ ਦਾ ਖਿਆਲ ਸੀ ਕਿ 4-5 ਫੁੱਟ ਜ਼ਮੀਨ ਮਿਣੀ ਜਾਵੇਗੀ ਪਰ ਹੈਰਾਨ ਹੋ ਗਿਆ ਕਿ ਜਦੋਂ ਪ੍ਰਭੂ ਨੇ ਆਪਣਾ ਵੈਰਾਟ ਰੂਪ ਧਾਰਨ ਕਰ ਲਿਆ ਅਤੇ ਦੋ ਕਦਮਾਂ ਵਿਚ ਸਾਰੀ ਧਰਤੀ ਮਿਣ ਲਈ ਤਾਂ ਪ੍ਰਭੂ ਨੇ ਕਿਹਾ ਕਿ ਹੁਣ ਸਾਨੂੰ ਅੱਧਾ ਕਦਮ ਹੋਰ ਚਾਹੀਦੀ ਹੈ। ਉਸ ਨੂੰ ਹੋਸ਼ ਆਈ ਕਿ ਮੈਂ ਪ੍ਰਭੂ ਦੀਆਂ ਦਾਤਾਂ ਪ੍ਰਾਪਤ ਕਰਕੇ ਕਿੰਨਾ ਅਭਿਮਾਨੀ ਹੋ ਗਿਆ ਸੀ। ਉਸ ਵੇਲੇ ਸੋਝੀ ਆਈ ਕਿ ਮੈਂ ਇਨ੍ਹਾਂ ਨੂੰ ਆਪਣਾ ਸਰੀਰ ਅਰਪਣ ਕਰ ਦੇਵਾਂ। ਪ੍ਰਭੂ ਨੇ ਸਰੀਰ ਤੇ ਚਰਨ ਰੱਖ ਕੇ ਪਾਤਾਲ ਵਿਚ ਅਟੱਲ ਰਾਜ ਬਖਸ਼ ਦਿਤਾ। ਬਾਣੀ ਵਿਚ ਆਉਂਦਾ ਹੈ –

***ਭਗਤ ਹੇਤਿ ਮਾਰਿਓ ਹਰਨਾਖਸੁ***
***ਨਰਸਿੰਘ ਰੂਪ ਹੋਇ ਦੇਹ ਧਰਿਓ॥***
***ਨਾਮਾ ਕਹੈ ਭਗਤਿ ਬਸਿ ਕੇਸਵ***
***ਅਜਹੂੰ ਬਲਿ ਕੇ ਦੁਆਰ ਖਰੋ॥***
***ਅੰਗ – 1105***

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥***
***ਬੇਦ ਕੀ ਬਿਪਤਿ ਪੜੀ ਪਛੁਤਾਨਿਆ॥***
***ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥***
***ਅੰਗ – 224***

ਬਲ ਰਾਜੇ ਬਾਰੇ ਆਪ ਉਪਰ ਕਥੀ ਘਟਨਾ ਦਾ ਹਵਾਲਾ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ –

***ਬਲਿ ਰਾਜਾ ਮਾਇਆ ਅਹੰਕਾਰੀ॥***
***ਜਗਨ ਕਰੈ ਬਹੁ ਭਾਰ ਅਫਾਰੀ॥***
***ਬਿਨੁ ਗੁਰ ਪੂਛੇ ਜਾਇ ਪਇਆਰੀ॥***
***ਅੰਗ – 224***

ਇਸੇ ਤਰ੍ਹਾਂ ਨਾਲ ਹਰਣਾਖਸ, ਰਾਵਣ, ਸਹਸਬਾਹੁ, ਮਧ ਕੀਟ, ਮਹਿਖਾਸਰ, ਜਰਾਸੰਧ, ਕਾਲਜਮੁਨ, ਰਕਤਬੀਜ, ਕਾਲਨੇਮ, ਦੁਰਜੋਧਨ ਵਰਗੇ ਅਭਿਮਾਨੀਆਂ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਅਭਿਮਾਨ ਦੇ ਵਸ ਹੋਏ ਹੋਏ ਮਾਰੇ ਗਏ ਅਤੇ ਅਨੇਕ ਦੁਖ ਪਾਏ।

***ਸੂਰੇ ਏਹਿ ਨ ਆਖੀਅਹਿ***
***ਅਹੰਕਾਰਿ ਮਰਹਿ ਦੁਖੁ ਪਾਵਹਿ॥***
***ਅੰਧੇ ਆਪੁ ਨ ਪਛਾਣਨੀ***
***ਦੂਜੈ ਪਚਿ ਜਾਵਹਿ॥***
***ਅਤਿ ਕਰੋਧ ਸਿਉ ਲੂਝਦੇ***
***ਅਗੈ ਪਿਛੈ ਦੁਖੁ ਪਾਵਹਿ॥***
***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ॥।***
***ਅਹੰਕਾਰਿ ਮੁਏ ਸੇ ਵਿਗਤੀ ਗਏ***
***ਮਰਿ ਜਨਮਹਿ ਫਿਰਿ ਆਵਹਿ॥***
***ਅੰਗ – 1089***

ਅਭਿਮਾਨ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਕਿ ਵੱਡੇ-ਵੱਡੇ ਜੋਗੀ, ਸੰਨਿਆਸੀ, ਪੰਡਤ, ਗਿਆਨੀ, ਸੂਰਮੇ, ਦਾਨੀ, ਅਭਿਮਾਨ ਦੇ ਅਸਰ ਵਿਚ ਗਿਰ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚੋਂ ਅਭਿਮਾਨ ਵਾਲੀ ਬੁੱਧ ਦਾ ਨਾਸ਼ ਹੀ ਨਹੀਂ ਹੁੰਦਾ। ਫੁਰਮਾਨ ਹੈ –

***ਹਮ ਬਡ ਕਬਿ ਕੁਲੀਨ***
***ਹਮ ਪੰਡਿਤ ਹਮ ਜੋਗੀ ਸੰਨਿਆਸੀ॥***
***ਗਿਆਨੀ ਗੁਨੀ ਸੂਰ ਹਮ ਦਾਤੇ***

***ਇਹ ਬੁਧਿ ਕਬਹਿ ਨ ਨਾਸੀ॥***
***ਅੰਗ - 974***

ਅਭਿਮਾਨ ਕਰਨ ਵਾਲਿਆਂ ਨੂੰ ਧਰਮਰਾਜ ਦੀ ਦਰਗਾਹ ਵਿਚ ਜਾ ਕੇ ਖੁਆਰੀ ਹੁੰਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਧਨਵੰਤਾ ਹੋਇ ਕਰਿ ਗਰਬਾਵੈ॥***
***ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥***
***ਬਹੁ ਲਸਕਰ ਮਾਨੁਖ***
***ਊਪਰਿ ਕਰੇ ਆਸ॥***
***ਪਲ ਭੀਤਰਿ ਤਾ ਕਾ ਹੋਇ ਬਿਨਾਸ॥***
***ਸਭ ਤੇ ਆਪ ਜਾਨੈ ਬਲਵੰਤ॥***
***ਖਿਨ ਮਹਿ ਹੋਇ ਜਾਇ ਭਸਮੰਤੁ॥***
***ਕਿਸੈ ਨ ਬਦੈ ਆਪਿ ਅਹੰਕਾਰੀ॥***
***ਧਰਮਰਾਇ ਤਿਸੁ ਕਰੇ ਖੁਆਰੀ॥***
***ਅੰਗ - 278***

ਆਪਣੇ ਗੁਣਾਂ ਦੇ ਅਭਿਮਾਨ ਵਿਚ ਬੁੱਧੀ ਐਨੀ ਦੂਸ਼ਿਤ ਹੋ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਵੱਡਾ ਮੰਨਣਾ ਸ਼ੁਰੂ ਕਰ ਦਿੰਦਾ ਹੈ। ਗਰੀਬ ਆਦਮੀ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ। ਜੇ ਉਹ ਆ ਕੇ ਸਲਾਮ, ਫਤਹਿ, ਨਮਸਕਾਰ ਆਦਿ ਸਤਿਕਾਰ ਵਜੋਂ ਬੋਲੇ ਤਾਂ ਇਹ ਸਮਝਦਾ ਹੈ ਕਿ ਇਹ ਬੰਦਾ ਮੇਰੇ ਸਾਹਮਣੇ ਕੁਝ ਵੀ ਨਹੀਂ ਹੈ ਅਤੇ ਅਭਿਮਾਨ ਵਿਚ ਮਤਿਆ ਹੋਇਆ ਸਿੱਧੇ ਮੂੰਹ ਗੱਲ ਵੀ ਨਹੀਂ ਕਰਦਾ। ਅਜਿਹੇ ਪੁਰਸ਼ ਨੂੰ ਕਦੇ ਵੀ ਗਿਆਨ ਨਹੀਂ ਹੋ ਸਕਦਾ ਅਤੇ ਉਸ ਨੂੰ ਦੋਜਕ ਵਿਚ ਜਾ ਕੇ ਸੜਨਾ ਪੈਂਦਾ ਹੈ -

***ਆਪਸ ਕਉ ਦੀਰਘੁ ਕਰਿ ਜਾਨੈ***
***ਅਉਰਨ ਕਉ ਲਗ ਮਾਤ॥***
***ਮਨਸਾ ਬਾਚਾ ਕਰਮਨਾ***
***ਮੈ ਦੇਖੇ ਦੋਜਕ ਜਾਤ॥***
***ਅੰਗ - 1105***

ਗੁਰੂ ਮਹਾਰਾਜ ਜੀ ਇਸ ਦੀਰਘ ਰੋਗ ਤੋਂ, ਜੋ ਹਉਮੈ ਦੀ ਉਪਜ ਹੈ, ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਿਆਰਿਓ! ਦਾਤਾਂ ਸਾਰੀਆਂ ਵਾਹਿਗੁਰੂ ਜੀ ਦੀਆਂ ਹੁੰਦੀਆਂ ਹਨ। ਉਹੀ ਸੁੰਦਰ ਸਰੀਰ ਦਿੰਦਾ ਹੈ, ਓਹੀ ਸਰੀਰ ਵਿਚ ਅਤਿ ਦਾ ਬਲ ਦਿੰਦਾ ਹੈ, ਉਹੀ ਵਿਦਿਆ ਦਿੰਦਾ ਹੈ, ਉਹਦੀ ਕ੍ਰਿਪਾ ਨਾਲ ਹੀ ਸੋਹਣਾ ਪਰਿਵਾਰ ਮਿਲਦਾ ਹੈ, ਓਹਦੀ ਕ੍ਰਿਪਾ ਨਾਲ ਹੀ ਸਮਾਜ ਵਿਚ ਸਾਡੀ ਵਡਿਆਈ ਹੁੰਦੀ ਹੈ। ਆਪਣੇ ਬਲ ਦਾ ਅਭਿਮਾਨ ਕਰਨਾ ਆਪਣੇ ਆਪ ਨੂੰ ਧਰਤੀ ਤੇ ਗਿਰਾਉਣ ਦਾ ਕਾਰਨ ਬਣਦਾ ਹੈ।

***ਕਮਰਿ ਕਟਾਰਾ ਬੰਕੁੜਾ***
***ਬੰਕੇ ਕਾ ਅਸਵਾਰੁ॥***
***ਗਰਬੁ ਨ ਕੀਜੈ ਨਾਨਕਾ***
***ਮਤੁ ਸਿਰਿ ਆਵੈ ਭਾਰੁ॥***
***ਅੰਗ - 956***

ਸੋ ਇਸ ਤਰ੍ਹਾਂ ਨਾਲ ਕਬੀਰ ਸਾਹਿਬ ਜੀ ਸਾਨੂੰ ਮਤ ਦਿੰਦੇ ਹੋਏ ਫੁਰਮਾਨ ਕਰਦੇ ਹਨ -

***ਕਬੀਰ ਗਰਬੁ ਨ ਕੀਜੀਐ***
***ਊਚਾ ਦੇਖਿ ਅਵਾਸੁ॥***
***ਆਜੁ ਕਾਲਿ ਭੁਇ ਲੇਟਣਾ***
***ਊਪਰ ਜਾਮੈ ਘਾਸੁ॥ ਪੰਨਾ- 1366***

***ਕਬੀਰ ਗਰਬੁ ਨ ਕੀਜੀਐ***
***ਚਾਮ ਲਪੇਟੇ ਹਾਡ॥***
***ਹੈਵਰ ਊਪਰਿ ਛਤ੍ਰ ਤਰ***
***ਤੇ ਫੁਨਿ ਧਰਨੀ ਗਾਡ॥***
***ਅੰਗ - 1366***

ਸੋ ਇਸ ਕਰਕੇ ਅਭਿਮਾਨ ਵਾਹਿਗੁਰੂ ਜੀ ਨੂੰ ਬਿਲਕੁਲ ਹੀ ਨਹੀਂ ਭਾਉਂਦਾ। ਅਭਿਮਾਨੀ ਪੁਰਸ਼ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਵਾਂਝਾ ਰਹਿੰਦਾ ਹੈ, ਅਭਿਮਾਨ ਕਰਕੇ ਉਸ ਦੇ ਅੰਦਰ ਅਨੇਕਾਂ ਰੋਗ ਉਤਪੰਨ ਹੋ ਜਾਇਆ ਕਰਦੇ ਹਨ ਕਿਉਂਕਿ ਇਸ ਦੀ ਲਿਵ ਵਾਹਿਗੁਰੂ ਜੀ ਨਾਲ ਬਿਲਕੁਲ ਹੀ ਨਹੀਂ ਲਗ ਸਕਦੀ। ਜੋ ਵਾਹਿਗੁਰੂ ਤੋਂ ਭੁੱਲਿਆ ਹੋਇਆ ਹੈ ਉਸ ਉਪਰ ਅਨੇਕਾਂ ਰੋਗ ਹੱਲਾ ਕਰਕੇ ਆ ਝਪਟਦੇ ਹਨ -

***ਪਰਮੇਸਰ ਤੇ ਭੁਲਿਆਂ***
***ਵਿਆਪਨਿ ਸਭੇ ਰੋਗ॥***
***ਵੇਮੁਖ ਹੋਏ ਰਾਮ ਤੇ***
***ਲਗਨਿ ਜਨਮ ਵਿਜੋਗ ਅੰਗ- 135***

ਇਸ ਦੇ ਨਾਲ ਹੀ ਜੀਵ ਨੂੰ ਭਵਜਲ ਸਾਗਰ ਤੋਂ ਪਾਰ ਹੋਣ ਤੋਂ ਰੁਕਾਵਟਾਂ ਪਾਉਂਦੇ ਹਨ। ਉਹ ਪੰਜ ਕਿਸਮ ਦੇ ਅਹੰਕਾਰ ਹਨ ਜਿਨ੍ਹਾਂ ਦੇ ਵਸ ਪਿਆ ਹੋਇਆ ਜੀਵ ਠੱਗਿਆ ਜਾਂਦਾ ਹੈ। ਫੁਰਮਾਨ ਹੈ -

***ਰਾਜੁ ਮਾਲੁ ਰੂਪੁ ਜਾਤਿ***
***ਜੋਬਨੁ ਪੰਜੇ ਠਗ॥***

*ਏਨੀ ਠਗੀਂ ਜਗੁ ਠਗਿਆ*
*ਕਿਨੈ ਨ ਰਖੀ ਲਜ॥ ਅੰਗ - 1288*

ਸੰਤ ਮਹਾਰਾਜ ਜੀ ਨੇ ਇਸ ਲੰਮੇ ਵਿਚਾਰ ਨੂੰ ਸੰਕੋਚਦਿਆਂ ਫੁਰਮਾਇਆ ਕਿ ਆਪ ਅਭਿਮਾਨ ਬਾਰੇ *'ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥'* ਵਾਲਾ ਸ਼ਬਦ ਵਿਚਾਰ ਕੇ ਪੜ੍ਹ ਲਓ ਜੋ ਪਾਠਕਾਂ ਦੀ ਵਿਚਾਰ ਲਈ ਨਿਮਨ ਅੰਕਿਤ ਕੀਤਾ ਜਾਂਦਾ ਹੈ -

*ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥*
*ਬੇਦ ਕੀ ਬਿਪਤਿ ਪੜੀ ਪਛੁਤਾਨਿਆ॥*
*ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥*
*ਐਸਾ ਗਰਬੁ ਬੁਰਾ ਸੰਸਾਰੈ॥*
*ਜਿਸੁ ਗੁਰੁ ਮਿਲੈ*
*ਤਿਸੁ ਗਰਬੁ ਨਿਵਾਰੈ॥*
*ਬਲਿ ਰਾਜਾ ਮਾਇਆ ਅਹੰਕਾਰੀ॥*
*ਜਗਨ ਕਰੈ ਬਹੁ ਭਾਰ ਅਫਾਰੀ॥*
*ਬਿਨੁ ਗੁਰ ਪੂਛੇ ਜਾਇ ਪਇਆਰੀ॥*
*ਹਰੀਚੰਦੁ ਦਾਨੁ ਕਰੈ ਜਸੁ ਲੇਵੈ॥*
*ਬਿਨੁ ਗੁਰ ਅੰਤੁ ਨ ਪਾਇ ਅਭੇਵੈ॥*
*ਆਪਿ ਭੁਲਾਇ ਆਪੇ ਮਤਿ ਦੇਵੈ॥*
*ਦੁਰਮਤਿ ਹਰਣਾਖਸੁ ਦੁਰਾਚਾਰੀ॥*
*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥*
*ਪ੍ਰਹਲਾਦ ਉਧਾਰੇ ਕਿਰਪਾ ਧਾਰੀ॥*
*ਭੂਲੋ ਰਾਵਣੁ ਮੁਗਧੁ ਅਚੇਤਿ॥*
*ਲੂਟੀ ਲੰਕਾ ਸੀਸ ਸਮੇਤਿ॥*
*ਗਰਬਿ ਗਇਆ*
*ਬਿਨੁ ਸਤਿਗੁਰ ਹੇਤਿ॥*
*ਸਹਸਬਾਹੁ ਮਧੁ ਕੀਟ ਮਹਿਖਾਸਾ॥*
*ਹਰਣਾਖਸੁ ਲੇ ਨਖਹੁ ਬਿਧਾਸਾ॥*
*ਦੈਤ ਸੰਘਾਰੇ*
*ਬਿਨੁ ਭਗਤਿ ਅਭਿਆਸਾ॥*
*ਜਰਾਸੰਧਿ ਕਾਲਜਮੁਨ ਸੰਘਾਰੇ॥*
*ਰਕਤਬੀਜੁ ਕਾਲੁਨੇਮੁ ਬਿਦਾਰੇ॥*
*ਦੈਤ ਸੰਘਾਰਿ ਸੰਤ ਨਿਸਤਾਰੇ॥*
*ਆਪੇ ਸਤਿਗੁਰ ਸਬਦੁ ਬੀਚਾਰੇ॥*
*ਦੂਜੈ ਭਾਇ ਦੈਤ ਸੰਘਾਰੇ॥*
*ਗੁਰਮੁਖਿ ਸਾਚਿ ਭਗਤਿ ਨਿਸਤਾਰੇ॥*
*ਬੂਡਾ ਦੁਰਜੋਧਨੁ ਪਤਿ ਖੋਈ॥*
*ਰਾਮੁ ਨ ਜਾਨਿਆ ਕਰਤਾ ਸੋਈ॥*
*ਜਨ ਕਉ ਦੂਖਿ ਪਚੈ ਦੁਖੁ ਹੋਈ॥*
*ਜਨਮੇਜੈ ਗੁਰ ਸਬਦੁ ਨ ਜਾਨਿਆ॥*
*ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥*
*ਇਕੁ ਤਿਲੁ ਭੂਲੇ*
*ਬਹੁਰਿ ਪਛੁਤਾਨਿਆ॥*
*ਕੰਸੁ ਕੇਸੁ ਚਾਂਡੂਰੁ ਨ ਕੋਈ॥*
*ਰਾਮੁ ਨ ਚੀਨਿਆ ਅਪਨੀ ਪਤਿ ਖੋਈ॥*
*ਬਿਨੁ ਜਗਦੀਸ ਨ ਰਾਖੈ ਕੋਈ॥*
*ਬਿਨੁ ਗੁਰ ਗਰਬੁ ਨ ਮੇਟਿਆ ਜਾਇ॥*
*ਗੁਰਮਤਿ ਧਰਮੁ ਧੀਰਜੁ ਹਰਿ ਨਾਇ॥*
*ਨਾਨਕ ਨਾਮੁ ਮਿਲੈ ਗੁਣ ਗਾਇ॥*
*ਅੰਗ - 224-25*

ਐਨੇ ਬਚਨ ਕਰਕੇ ਆਪ ਜੀ ਆਪਣੇ ਕਮਰੇ ਵਲ ਚਲੇ ਗਏ ਜਿਥੇ ਬਾਬੂ ਰਲਾ ਸਿੰਘ ਜੀ, ਜੋ ਉਨ੍ਹਾਂ ਦੇ ਗੜਵਾ ਬਰਦਾਰ ਸਨ, ਉਨ੍ਹਾਂ ਨੂੰ ਜਲ ਪਾਣੀ ਛਕਾਉਣ ਲਈ ਕਾਫੀ ਸਮੇਂ ਤੋਂ ਉਡੀਕਵਾਨ ਸਨ। ਅੱਜ ਮਹਾਰਾਜ ਜੀ ਦਾ ਅਸੀਂ ਵੱਧ ਸਮਾਂ ਲੈ ਲਿਆ। ਵਾਹਿਗੁਰੂ ਜੀ ਮਿਹਰ ਕਰਨ, ਉਨ੍ਹਾਂ ਦੇ ਬਚਨਾਂ ਦੇ ਪ੍ਰਕਾਸ਼ ਵਿਚੋਂ ਸਾਨੂੰ ਵੀ ਕੋਈ ਪ੍ਰਕਾਸ਼ ਦਾ ਕਿਣਕਾ ਮਿਲ ਸਕੇ। ਸਾਡੀ ਅਰਦਾਸ ਹੈ ਕਿ ਇਨ੍ਹਾਂ ਭਿਆਨਕ ਮਗਰਮੱਛ ਰੂਪੀ ਕਾਮ ਆਦਿਕਾਂ ਤੋਂ ਵਾਹਿਗੁਰੂ ਜੀ ਅਸਾਡੀ ਰਖਸ਼ਾ ਕਰਨ ਅਤੇ ਅਸਾਡਾ ਚਿੱਤ ਨਾਮ ਬਾਣੀ ਵਿਚ ਲੱਗ ਸਕੇ, ਨਹੀਂ ਤਾਂ ਪੂਰਾਂ ਦੇ ਪੂਰ ਇਨ੍ਹਾਂ ਮੱਗਰਮੱਛਾਂ ਨੇ ਖਾ ਕੇ ਨਾਸ਼ ਕਰ ਦਿਤੇ ਹਨ। ਸੰਸਾਰ ਭਵਜਲ ਵਿਚ ਦੁਖਾਂ-ਸੁਖਾਂ ਦਾ ਪਾਣੀ, ਆਸ਼ਾਵਾਂ ਤ੍ਰਿਸ਼ਨਾਂ ਦੀਆਂ ਅਥਾਹ ਲਹਿਰਾਂ ਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਭਿਆਨਕ ਮਗਰਮੱਛ ਜੀਵਾਂ ਨੂੰ ਸੰਸਾਰ ਸਾਗਰ ਵਿਚ ਗੋਤੇ ਖੁਆ ਰਹੇ ਹਨ। ਵਿਸਥਾਰ ਨਾਲ ਸੰਤ ਮਹਾਰਾਜ ਜੀ (ਰਾੜੇ ਸਾਹਿਬ ਵਾਲਿਆਂ) ਤੋਂ ਸੰਗਤ ਸਰਵਣ ਕਰ ਚੁੱਕੀ ਹੈ। ਇਸ ਤੋਂ ਅੱਗੇ ਦੀਆਂ ਰੁਕਾਵਟਾਂ ਦਾ ਵਰਣਨ ਅਗਲੇ ਅੰਕ ਵਿਚ ਦਰਜ ਕੀਤਾ ਜਾਵੇਗਾ।

# ਸੰਤ ਬਚਨ

(ਭਾਗ - ਪੰਜਵਾਂ)

ਅੱਜ 19 ਮਈ ਦਾ ਦਿਨ ਸੀ, ਸ਼ਨਿੱਚਰਵਾਰ ਹੋਣ ਕਰਕੇ ਸਾਰਿਆਂ ਮਤਾਂ ਨਾਲ ਸਬੰਧ ਰੱਖਣ ਵਾਲੇ ਜਗਿਆਸੂ ਪੁਜ ਰਹੇ ਸਨ। ਸੰਤ ਮਹਾਰਾਜ ਜੀ ਦੇ ਆਉਣ ਦਾ ਸਮਾਂ ਹੋ ਗਿਆ ਅਤੇ ਆਪ ਜੀ ਵਲੋਂ ਪਹਿਲਾਂ ਕਹੇ ਗਏ ਬਚਨ ਇਕ ਦੂਜੇ ਨਾਲ ਪ੍ਰਸ਼ਨ ਉਤਰ ਦੇ ਰੂਪ ਵਿਚ ਦੁਹਰਾਏ ਜਾ ਰਹੇ ਸਨ। ਅੱਜ ਸ਼ਨਿੱਚਰਵਾਰ ਹੋਣ ਕਰਕੇ ਸੰਗਤ ਦਾ ਇਕੱਠ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਸੀ। ਸਭਨਾਂ ਦੇ ਮਨਾਂ ਵਿਚ ਸਤਿਕਾਰ ਸੀ, ਬਿਨਾਂ ਕਿਸੇ ਰਾਗ, ਦ੍ਵੈਸ਼ ਦੇ ਸਾਰੀਆਂ ਸੰਪਰਦਾਵਾਂ ਦੇ ਜਗਿਆਸੂ ਮਹਾਂਪੁਰਸ਼ਾਂ ਦੇ ਬਚਨ ਪਿਆਰ ਨਾਲ ਸੁਣਨ ਲਈ ਤੀਬਰਤਾ ਸਹਿਤ ਉਡੀਕ ਕਰ ਰਹੇ ਸਨ। ਠੀਕ ਸਮੇਂ ਸਿਰ ਮਹਾਂਪੁਰਸ਼ਾਂ ਦੇ ਕਮਰੇ ਦਾ ਦਰਵਾਜ਼ਾ ਖੁਲ੍ਹਿਆ। ਆਪ ਵਰਾਂਡੇ ਵਿਚੀਂ ਹੁੰਦੇ ਹੋਏ ਸਾਮ੍ਹਣੇ ਪਾਰਕ ਵਿਚ ਸ਼ਸ਼ੋਭਿਤ ਜਗਿਆਸੂ ਜਨਾਂ ਦੇ ਸਮੂੰਹ ਵਿਚ ਕੁਰਸੀ ਤੇ ਬਿਰਾਜਮਾਨ ਹੋਏ। ਸਭ ਨੇ ਯਥਾਸ਼ਕਤ ਸਤਿਕਾਰ ਵਜੋਂ ਸੀਸ ਨਿਵਾਇਆ, ਅਸ਼ੀਰਵਾਦ ਪ੍ਰਾਪਤ ਕਰਕੇ ਆਪੋ ਆਪਣੀਆਂ ਥਾਵਾਂ ਤੇ ਸਜ ਗਏ। ਦਾਸ (ਵਰਿਆਮ ਸਿੰਘ) ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਕਲ੍ਹ ਆਪ ਜੀ ਨੇ ਬਹੁਤ ਹੀ ਵਿਸਥਾਰ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਆਤਮ ਮਾਰਗ ਵਿਚ ਰੁਕਾਵਟਾਂ ਪਾਉਣ ਵਾਲੇ ਮਗਰਮੱਛਾਂ ਦਾ ਜ਼ਿਕਰ ਕੀਤਾ ਸੀ। ਕ੍ਰਿਪਾ ਕਰਕੇ ਭਵਸਾਗਰ ਤਰਨ ਲਈ ਸੁਗਮ ਮਾਰਗ ਦੀ ਵਿਆਖਿਆ ਆਪ ਜੀ ਦੇ ਮੁਖਾਰਬਿੰਦ ਤੋਂ ਇਹ ਸਾਰੇ ਸਰੋਤਾ ਜਨ ਸੁਣਨ ਦੇ ਅਭਿਲਾਖੀ ਹਨ। ਸੰਤ ਮਹਾਰਾਜ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਤਾਲੀਮ ਇਸ 'ਆਤਮ ਮਾਰਗ' ਨੂੰ ਪੂਰੀ ਤਰ੍ਹਾਂ ਪ੍ਰਕਾਸ਼ਿਤ ਕਰਦੀ ਹੈ। ਅਸੀਂ ਪੂਰੀ ਤਰ੍ਹਾਂ ਖੋਜ ਨਹੀਂ ਕਰਦੇ ਅਤੇ ਭੁੱਲ ਵਿਚ ਪਏ ਆਪਣਾ ਜੀਵਨ, ਸਮਾਂ ਵਿਅਰਥ ਗੁਆ ਰਹੇ ਹਾਂ। ਅਸੀਂ ਪੰਜਾਂ ਚੋਰਾਂ ਨੂੰ ਮਗਰਮੱਛ ਦੇ ਅਲੰਕਾਰ ਨਾਲ ਤੁਲਨਾ ਕਰਕੇ ਦਰਸਾਇਆ ਸੀ ਕਿ ਇਹ ਉਨ੍ਹਾਂ ਤੋਂ ਵੀ ਖਤਰਨਾਕ ਹਨ। ਇਸ ਭਵਜਲ ਸਾਗਰ ਵਿਚ ਆਦਿ, ਬਿਆਧਿ, ਉਪਾਧ, ਮੱਲੋ-ਮੱਲੀ ਝਗੜੇ ਗਲ ਪੈ ਜਾਣੇ, ਕਦੇ ਬਿਮਾਰੀਆਂ ਆ ਜਾਣੀਆਂ, ਕਦੇ ਕੁਦਰਤ ਦਾ ਕਰੋਪ ਹੋ ਜਾਣਾ, ਹੜ੍ਹ, ਭੁਚਾਲ, ਅੱਗ ਆਦਿ ਨਾਲ ਵਾਹ ਪੈਣਾ। ਇਹ ਵੱਡੇ-ਵੱਡੇ ਤੰਦੂਏ ਹਨ ਜੋ ਆਦਮੀ ਦੀ ਬਿਰਤੀ ਨੂੰ ਸਮਾਨ ਨਹੀਂ ਰਹਿਣ ਦਿੰਦੇ ਅਤੇ ਆਤਮ ਮਾਰਗ ਤੇ ਚੱਲਣ ਨਹੀਂ ਦਿੰਦੇ, ਵਿਘਨਕਾਰੀ ਹਨ। ਇਸ ਰਸਤੇ ਵਿਚ ਪੰਜ ਭਿਅੰਕਰ ਠੱਗਾਂ ਨਾਲ ਵਾਹ ਪੈਂਦਾ ਹੈ। ਇਹ ਬਹੁਤ ਪਿਆਰੇ ਲਗਦੇ ਹਨ ਅਤੇ ਆਪਣੇ ਪੂਰੇ ਮਿੱਤਰ ਲਗਦੇ ਹਨ ਪਰ ਇਹ ਆਤਮ ਵਸਤੂ ਨੂੰ ਠੱਗ ਕੇ ਜੀਵ ਨੂੰ ਪੂਰੀ ਤਰ੍ਹਾਂ ਨਾਲ ਭੁਲਾ ਕੇ ਰਖਦੇ ਹਨ। ਇਹ ਸੂਖਸ਼ਮ ਹੰਕਾਰ ਦੇ ਪ੍ਰਤੀਕ ਹਨ। ਅਹੰਕਾਰ ਭਾਵੇਂ ਸੂਖਸ਼ਮ ਹੋਵੇ, ਭਾਵੇਂ ਸਥੂਲ ਹੋਵੇ, ਵਾਹਿਗੁਰੂ ਜੀ ਨੂੰ ਨਹੀਂ ਭਾਇਆ ਕਰਦਾ ਅਤੇ ਅਭਿਮਾਨ ਵਾਲਾ ਪੁਰਸ਼ ਕਿਸੇ ਤਰੀਕੇ ਨਾਲ ਵੀ ਪ੍ਰਭੂ ਤਕ ਪਹੁੰਚ ਨਹੀਂ ਸਕਿਆ ਕਰਦਾ। ਇਨ੍ਹਾਂ ਠੱਗਾਂ ਦੇ ਨਾਮ ਹਨ -

***ਰਾਜੁ ਮਾਲੁ ਰੂਪੁ ਜਾਤਿ***
***ਜੋਬਨੁ ਪੰਜੇ ਠਗ॥***
***ਏਨੀ ਠਗੀਂ ਜਗੁ ਠਗਿਆ***
***ਕਿਨੈ ਨ ਰਖੀ ਲਜ॥*** ***ਅੰਗ -1288***

ਰਾਜਸੀ ਸ਼ਕਤੀ ਹਾਸਲ ਕਰ ਲੈਣਾ, ਬਹੁਤ ਧਨ, ਦੌਲਤ, ਮਾਲ ਹੋ ਜਾਣਾ, ਸੁੰਦਰ ਸਰੀਰ ਦਾ ਹੋਣਾ, ਕਿਸੇ ਉਚੀ ਜਾਤ ਨਾਲ ਸਬੰਧ ਰੱਖਣਾ, ਜੋਬਨਵੰਤ ਹੋਣਾ ਇਹ ਮਦ ਹਨ ਜਿਨ੍ਹਾਂ ਵਿਚੋਂ ਨਿਕਲਣਾ ਬਹੁਤ ਮੁਸ਼ਕਲ ਹੈ। ਅਹੰਕਾਰ ਨੂੰ ਹੀ ਲੈ ਲਓ, ਬਹੁਤੀ ਪੜ੍ਹੀ ਹੋਈ ਵਿਦਿਆ ਵਾਲੇ ਨੂੰ ਵੀ ਅਭਿਮਾਨ ਹੋਇਆ ਕਰਦਾ ਹੈ ਕਿ ਮੈਂ ਬਹੁਤ ਕੁਝ ਜਾਣਦਾ ਹਾਂ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਸੋਈ ਅਜਾਣੁ ਕਹੈ ਮੈ ਜਾਨਾ***
***ਜਾਨਣਹਾਰੁ ਨ ਛਾਨਾ ਰੇ॥***
***ਅੰਗ - 382***

ਮਹਾਰਾਜ ਜੀ ਨੇ ਤਾਂ ਅਭਿਮਾਨੀ ਪੜ੍ਹਾਕੂਆਂ ਨੂੰ ਮੂਰਖ ਹੀ ਆਖਿਆ ਹੈ ਕਿਉਂਕਿ

ਉਨ੍ਹਾਂ ਦਾ ਕੰਮ ਮੱਲੋ-ਮੱਲੀ ਦੂਸਰਿਆਂ ਦੇ ਕੰਮਾਂ ਵਿਚ ਸਿੰਗ ਫਸਾਉਣਾ ਹੋਇਆ ਕਰਦਾ ਹੈ। ਇਹ ਮੂਰਖ ਹਨ ਕਿਉਂਕਿ ਵਿਦਿਆ ਤਾਂ ਪੜ੍ਹੀ ਸੀ ਅੰਦਰਲੀ ਸ਼ਾਂਤੀ ਪ੍ਰਾਪਤ ਕਰਨ ਵਾਸਤੇ, ਪਰ ਇਹ ਉਸ ਦਾ ਦਿਖਾਵਾ ਕਰਨ ਵਾਸਤੇ ਆਪਣੇ ਆਪ ਨੂੰ ਬਹੁਤ ਵੱਡੇ ਵਿਦਵਾਨ ਕਹਾਉਂਦੇ ਹਨ ਪਰ ਮਨ ਦੀ ਸ਼ਾਂਤੀ ਨੇੜੇ-ਤੇੜੇ ਵੀ ਨਹੀਂ ਹੁੰਦੀ। ਆਪਣੀਆਂ ਹੀ ਵਾਸ਼ਨਾਵਾਂ, ਮਨੌਤਾਂ ਦੇ ਵਿਚ ਕਲਪਦੇ ਰਹਿੰਦੇ ਹਨ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਪੜ੍ਹ ਲਿਖ ਕੇ ਤਾਂ ਤੈਨੂੰ ਆਤਮ ਖੋਜ ਕਰਨੀ ਚਾਹੀਦੀ ਸੀ ਅਤੇ ਇਸ ਸਰੀਰ ਵਿਚੋਂ ਹੀ ਵਾਹਿਗੁਰੂ ਜੀ ਦੇ ਦਰਸ਼ਨ ਕਰਨੇ ਚਾਹੀਦੇ ਸੀ, ਇਸ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਜਾਨਣਾ ਚਾਹੀਦਾ ਸੀ। ਪਰ ਤੇਰੀ ਪੜ੍ਹੀ ਵਿਦਿਆ ਨੇ ਤੇਰੇ ਮਨ ਨੂੰ ਅੰਧਕਾਰ ਵਿਚ ਗ੍ਰਸਿਆ ਹੋਇਆ ਹੈ। ਜੇ ਅਸੀਂ ਕਹੀਏ ਤੂੰ ਮੂਰਖ ਹੈਂ ਤਾਂ ਇਹਦੇ ਵਿਚ ਕੋਈ ਲਾਗ ਵਾਲੀ ਗੱਲ ਨਹੀਂ ਹੈ।

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥***
***ਅੰਗ - 140***

ਵਿਚਾਰ ਤੇ ਵਿਵੇਕ ਦੇ ਨੇਤਰਾਂ ਤੋਂ ਹੀਣਾ ਅਜਿਹਾ ਪੜ੍ਹਾਕੂ ਲੋਕਾਂ ਨੂੰ ਰਾਹ ਦੱਸਣ ਲਈ ਆਪਣੀ ਵਿਦਵਤਾ ਨੂੰ ਘੋਟਦਾ ਹੈ, ਕਿਤਾਬਾਂ ਲਿਖਦਾ ਹੈ ਪਰ ਮਹਾਰਾਜ ਜੀ ਕਹਿੰਦੇ ਹਨ ਕਿ-

***ਆਪਿ ਨ ਬੂਝਾ ਲੋਕ ਬੁਝਾਈ***
***ਐਸਾ ਆਗੂ ਹੋਵਾਂ॥***
***ਨਾਨਕ ਅੰਧਾ ਹੋਇ ਕੈ ਦਸੇ ਰਾਹੈ***
***ਸਭਸੁ ਮੁਹਾਏ ਸਾਥੈ॥***
***ਅਗੈ ਗਇਆ ਮੁਹੇ ਮੁਹਿ ਪਾਹਿ***
***ਸੁ ਐਸਾ ਆਗੂ ਜਾਪੈ॥***
***ਅੰਗ - 140***

ਵਿਦਿਆ ਤਾਂ ਅੰਦਰਲੇ ਤੱਤ ਨੂੰ ਪਛਾਨਣ ਵਾਸਤੇ ਹੋਇਆ ਕਰਦੀ ਹੈ। ਜਿਹੜਾ ਵਿਦਵਾਨ ਵਿਦਿਆ ਰਾਹੀਂ ਪ੍ਰਮ ਤੱਤ ਦੀ ਪ੍ਰਾਪਤੀ ਕਰ ਲੈਂਦਾ ਹੈ ਉਹ ਪੂਜਣਯੋਗ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਪਾਧਾ ਪੜਿਆ ਆਖੀਐ***
***ਬਿਦਿਆ ਬਿਚਰੈ ਸਹਜਿ ਸੁਭਾਇ॥***
***ਬਿਦਿਆ ਸੋਧੈ ਤਤੁ ਲਹੈ***
***ਰਾਮ ਨਾਮ ਲਿਵ ਲਾਇ॥***
***ਅੰਗ - 938***

ਇਸ ਦੇ ਵਿਪਰੀਤ ਮਨੁੱਖ ਵਿਦਿਆ ਵੇਚਦਾ ਹੈ, ਲੋਕਾਂ ਨੂੰ ਭੁੱਲ-ਭਲਾਈਆਂ ਵਿਚ ਪਾਉਂਦਾ ਹੈ। ਬਿਹੁ ਦਾ ਵਪਾਰ ਕਰਦਾ ਹੈ। ਛੋਟੀਆਂ-ਛੋਟੀਆਂ ਪੁਸਤਕਾਂ ਲਿਖ ਕੇ ਸੈਂਕੜੇ ਰੁਪਏ ਉਸ ਦੀ ਕੀਮਤ ਰਖਦਾ ਹੈ। ਵਿਦਿਆ ਤਾਂ ਵਾਹਿਗੁਰੂ ਜੀ ਦੀ ਦਾਤ ਹੁੰਦੀ ਹੈ, ਦੁਖੀ ਸੰਸਾਰ ਵਾਸਤੇ ਚਾਨਣ ਮੁਨਾਰਾ ਹੁੰਦੀ ਹੈ, ਇਸ ਤਰ੍ਹਾਂ ਵਿਦਿਆ ਵੇਚਣਾ ਗੁਰਮਤਿ ਵਿਚ ਪ੍ਰਵਾਨ ਨਹੀਂ ਹੈ -

***ਮਨਮੁਖੁ ਬਿਦਿਆ ਬਿਕ੍ਰਦਾ***
***ਬਿਖੁ ਖਟੇ ਬਿਖੁ ਖਾਇ॥***
***ਮੂਰਖੁ ਸਬਦੁ ਨ ਚੀਨਈ***
***ਸੂਝ ਬੂਝ ਨਹ ਕਾਇ॥ ਅੰਗ - 938***

ਸੋ ਇਸ ਤਰ੍ਹਾਂ ਨਾਲ ਵਿਦਿਆ ਦਾ ਅਭਿਮਾਨ ਅਤੇ ਹੋਰ ਚੀਜ਼ਾਂ ਦੇ ਅਭਿਮਾਨ ਵਾਹਿਗੁਰੂ ਦੇ ਰਸਤੇ ਤੇ ਮੰਜ਼ਿਲ ਦੀ ਪ੍ਰਾਪਤੀ ਤੱਕ ਨਹੀਂ ਪਹੁੰਚਾਉਂਦੇ, ਵਿਚ ਹੀ ਰਹਿ ਜਾਂਦੇ ਹਨ।

ਮਹਾਂਪੁਰਸ਼ ਪ੍ਰਚਲਤ ਸਾਖੀ ਦਸਿਆ ਕਰਦੇ ਹਨ ਕਿ ਇਕ ਅਮੀਰ ਜ਼ਿੰਮੀਦਾਰ 50-60 ਪਿੰਡਾਂ ਦਾ ਮਾਲਕ ਮਹਾਂਪੁਰਸ਼ਾਂ ਪਾਸ ਆਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਆਪ ਤਾਂ ਪ੍ਰਭੂ ਦਾ ਹੀ ਰੂਪ ਹੋਂ, ਮੈਂ ਬੜੇ ਸਾਧੂ ਸੰਤ ਵੇਖੇ ਹਨ ਮੇਰੀ ਨਿਗ੍ਹਾ ਵਿਚ ਕੋਈ ਨਹੀਂ ਚੜ੍ਹਿਆ, ਜਿਸ ਤੋਂ ਮੈਂ ਦੀਕਸ਼ਾ ਲਵਾਂ, ਮੈਂ ਆਪ ਦੀ ਸੇਵਾ ਵਿਚ ਆਇਆ ਹਾਂ, ਆਪ ਕ੍ਰਿਪਾ ਕਰਕੇ ਮੈਨੂੰ ਆਪਣਾ ਸ਼ਿਸ਼ ਬਣਾ ਲਵੋ। ਇਕ ਗੱਲ ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਇਸ ਇਲਾਕੇ ਦਾ ਮੰਨਿਆਂ ਪ੍ਰਮੰਨਿਆਂ ਚੌਧਰੀ ਅਮੀਰ ਹਾਂ। ਮੇਰਾ ਰਸੂਖ ਸਰਕਾਰੇ, ਦਰਬਾਰੇ ਅਤੇ ਆਮ ਜਨਤਾ ਵਿਚ ਬਹੁਤ ਹੈ। ਸੰਤ ਜੀ! ਜੇ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਲਿਆ ਤਾਂ ਤੁਸੀਂ ਦੇਖਿਓ ਫੇਰ ਇਥੇ ਕਿਵੇਂ ਰੌਣਕਾਂ ਹੁੰਦੀਆਂ ਹਨ। ਬੇਅੰਤ ਧਨ, ਪਦਾਰਥ ਐਥੇ ਆਉਣੇ ਸ਼ੁਰੂ ਹੋ ਜਾਣਗੇ। ਐਥੇ ਦੇਸੀ ਘਿਓ ਵਿਚ ਹੀ ਲੰਗਰ ਦੀਆਂ ਪੂਰੀਆਂ ਤਲੀਆਂ ਜਾਣਗੀਆਂ, ਸੁਕੀਆਂ

ਰੋਟੀਆਂ ਸੁਪਨਾ ਬਣ ਜਾਣਗੀਆਂ। ਕਿਉਂਕਿ ਮੈਂ ਬਹੁਤ ਰਸੂਖ ਵਾਲਾ ਬੰਦਾ ਹਾਂ ਸਭ ਲੋਕ ਏਥੇ ਹੀ ਆਇਆ ਕਰਨਗੇ। ਸੰਤ ਕਹਿਣ ਲੱਗੇ, "ਚੌਧਰੀ ਸਾਹਿਬ! ਅਸੀਂ ਤਾਂ ਸੁਖੀ ਹਾਂ, ਪਦਾਰਥਾਂ ਦੀ ਵਾਸ਼ਨਾ ਤਾਂ ਤ੍ਰਿਸ਼ਨਾਲੂ ਨੂੰ ਹੋਇਆ ਕਰਦੀ ਹੈ ਅਸੀਂ ਤਾਂ ਤ੍ਰਿਸ਼ਨਾ ਵਾਲੇ ਭੱਠ ਵਿਚ ਪਾਣੀ ਪਾ ਕੇ ਇਸ ਨੂੰ ਭਰ ਦਿਤਾ ਹੈ। ਇਥੇ ਤਾਂ ਪਰਾਲਬਧ ਜੋ ਜੀਵਾਂ ਦੀ ਹੁੰਦੀ ਹੈ ਉਹੋ ਜਿਹੇ ਪਦਾਰਥ ਆਉਂਦੇ ਹੀ ਰਹਿੰਦੇ ਹਨ। ਚੰਗਾ ਇਹ ਹੈ ਕਿ ਤੁਸੀਂ ਸੇਵਾ ਕਰੋ, ਆਪਣੇ ਘਰ ਵਿਚ ਹੀ ਰਿਹਾ ਕਰੋ।" ਕਹਿਣ ਲੱਗਿਆ, "ਸੰਤ ਜੀ! ਮੈਂ ਤਾਂ ਸੁਣਿਆ ਹੈ ਕਿ ਤੁਸੀਂ ਪੂਰੇ ਸੰਤ ਹੋਂ, ਤੁਸੀਂ ਮੈਨੂੰ ਟਾਲ ਮਟੋਲਾ ਨਾ ਕਰੋ ਅਤੇ ਆਪਣਾ ਸ਼ਿਸ਼, ਆਪਣਾ ਚੇਲਾ ਬਣਾ ਲਵੋ।" ਸੰਤਾਂ ਨੇ ਸੋਚਿਆ ਕਿ ਇਹ ਬੰਦਾ ਬਖੇੜਾ ਖੜ੍ਹਾ ਕਰੇਗਾ ਉਸ ਨੂੰ ਸਮਝਾਉਣ ਲਈ ਆਪ ਨੇ ਪਾਰਸ ਦੀ ਵੱਟੀ ਕੱਢੀ ਅਤੇ ਕਿਹਾ ਕਿ ਇਕ ਲੋਹੇ ਦਾ ਟੁਕੜਾ ਚੁਕ ਕੇ ਲਿਆਓ। ਪਾਰਸ ਉਸ ਨੂੰ ਦੇ ਕੇ ਕਿਹਾ ਕਿ ਇਸ ਦੇ ਨਾਲ ਲਾਵੋ, ਥੋੜ੍ਹਾ ਘਸਾ ਦਿਉ। ਦੇਖਦੇ-ਦੇਖਦੇ ਉਹ ਲੋਹਾ ਪੀਲਾ ਹੋ ਗਿਆ। ਬਜ਼ਾਰ ਵਿਚ ਵਿਖਾਉਣ ਭੇਜਿਆ, ਉਸ ਚੌਧਰੀ ਨੇ ਕਿਹਾ ਕਿ ਮਹਾਰਾਜ! ਇਹ ਤਾਂ ਸੋਨਾ ਬਣ ਚੁੱਕਿਆ ਹੈ। ਮਹਾਤਮਾ ਜੀ ਨੇ ਕਹਿ ਕੇ ਲੋਹੇ ਦੀ ਗਾਗਰ ਮੰਗਵਾ ਲਈ ਅਤੇ ਉਸਨੂੰ ਕਿਹਾ ਕਿ ਪਾਰਸ ਇਸ ਵਿਚ ਰੱਖ ਦੇ। ਕਦੇ ਆਪਾਂ ਨੂੰ ਲੋੜ ਪਵੇਗੀ ਤਾਂ ਇਹ ਕੱਢ ਲਵਾਂਗੇ। ਪੇਟੀ ਵਲ ਇਸ਼ਾਰਾ ਕਰ ਦਿਤਾ। ਉਸ ਪੇਟੀ ਵਿਚ ਰਖਵਾ ਕੇ, ਤਾਲਾ ਲਗਾ ਕੇ ਚਾਬੀਆਂ ਆਪਣੇ ਕੋਲ ਰੱਖ ਲਈਆਂ। ਉਹ ਚੌਧਰੀ ਸੰਗਤ ਵਿਚ ਰਲ ਕੇ ਸੇਵਾ ਕਰਦਾ ਰਿਹਾ ਤੇ ਨਾਲ ਹੀ ਗੱਲ ਕਹਿ ਦਿੰਦਾ ਸੀ ਕਿ ਦੇਖੋ! ਮੈਂ ਕਿਡਾ ਚੌਧਰੀ ਹੋ ਕੇ ਬਰਤਨ ਮਾਂਜਦਾ ਹਾਂ, ਝਾੜੂ ਦਿੰਦਾ ਹਾਂ, ਹੋਰ ਸੇਵਾ ਕਰਦਾ ਹਾਂ ਤੁਸੀਂ ਤਾਂ ਸਾਰੇ ਭੁੱਖੇ ਮਰਦੇ ਆਏ ਓਂ, ਮੈਂ ਹੀ ਸਹੀ ਹਾਂ ਜੋ ਰੱਬ ਦੇ ਦਰਸ਼ਨ ਕਰਨ ਵਾਸਤੇ ਅਮੀਰੀ ਤਿਆਗ ਕੇ ਪਾਣੀ ਢੋਂਦਾ ਹਾਂ, ਕੱਪੜੇ ਧੋਂਦਾ ਹਾਂ। ਸੋ ਸੰਤਾਂ ਦੀ ਸੰਗਤ ਕਰਦਾ ਰਿਹਾ ਅਤੇ ਉਨ੍ਹਾਂ ਦੇ ਪ੍ਰਵਚਨਾਂ ਰਾਹੀਂ ਇਸ ਨੂੰ ਪਤਾ ਲੱਗਿਆ ਕਿ ਜਦੋਂ ਗਿਆਨ ਹੋ ਜਾਵੇ ਤਾਂ ਪ੍ਰਮ ਸ਼ਾਂਤ ਦੀ ਅਵਸਥਾ ਹੋ ਜਾਇਆ ਕਰਦੀ ਹੈ।

ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਇਕ ਦਿਨ ਇਸ ਨੇ ਆਪਣੇ ਆਪ ਦੀ ਪਰਖ ਕੀਤੀ। ਕਹਿਣ ਲੱਗਿਆ ਕਿ ਮੈਂ ਜਿਹੋ ਜਿਹਾ ਆਇਆ ਸੀ ਉਹੋ ਜਿਹਾ ਹੀ ਹੁਣ ਹਾਂ ਮੈਨੂੰ ਤਾਂ ਪ੍ਰਮ ਸ਼ਾਂਤ ਦੀ ਅਵਸਥਾ ਪ੍ਰਾਪਤ ਨਹੀਂ ਹੋਈ। ਮਹਾਤਮਾ ਨੂੰ ਕਹਿਣ ਲੱਗਿਆ ਕਿ ਮੈਂ ਤੁਹਾਡੀ ਕਈ ਸਾਲ ਤੋਂ ਸੇਵਾ ਕਰਦਾ ਹਾਂ ਪਰ ਮੈਂ ਤਾਂ ਉਹੋ ਜਿਹਾ ਹੀ ਹਾਂ। ਜਿੰਨਾਂ ਕ੍ਰੋਧ ਮੈਨੂੰ ਘਰ ਵਿਚ ਆਉਂਦਾ ਸੀ ਉਨਾਂ ਹੀ ਹੁਣ ਆਉਂਦਾ ਹੈ, ਜਿੰਨੀ ਕਲਪਨਾ ਮੈਂ ਘਰ ਕਰਦਾ ਸੀ ਉਸ ਤੋਂ ਵੱਧ ਹੁਣ ਕਰਦਾ ਹਾਂ, ਜਿੰਨਾਂ ਬੁਰਾ ਮੈਂ ਘਰ ਰਹਿ ਕੇ ਕਿਸੇ ਨੂੰ ਜਾਣਦਾ ਸੀ, ਉਨਾਂ ਹੀ ਹੁਣ ਜਾਣਦਾ ਹਾਂ, ਮੇਰੇ ਵਿਚ ਤਾਂ ਕੋਈ ਫਰਕ ਨਹੀਂ ਪਿਆ। ਜੇ ਮੈਂ ਤੁਹਾਨੂੰ ਇਹ ਕਹਿ ਦਿਆਂ ਕਿ ਤੁਸੀਂ ਭੇਖੀ ਸੰਤ ਓਂ ਤੇ ਪਾਖੰਡ ਕਰਦੇ ਓਂ, ਐਵੇਂ ਲੋਕਾਂ ਨੂੰ ਧੋਖਾ ਦਿੰਦੇ ਓਂ, ਤਾਂ ਠੀਕ ਹੀ ਹੈ। ਜਦੋਂ ਮੇਰੇ ਉਪਰ ਹੀ ਅਸਰ ਨਹੀਂ ਹੋਇਆ, ਹੋਰ ਤੇ ਕੀ ਹੋਣਾ ਹੈ। ਮੈਂ ਤਾਂ ਅਵਸਥਾ ਪ੍ਰਾਪਤ ਕਰਨ ਲਈ ਸੇਵਕ ਬਣਿਆ ਸੀ। ਆਹ ਤੁਹਾਡੇ ਜਿੰਨੇ ਚੇਲੇ ਫਿਰਦੇ ਹਨ ਇਹ ਭੁੱਖ ਦੇ ਦੁੱਖੋਂ ਆਏ ਹੋਏ ਨੇ, ਇਨ੍ਹਾਂ ਨੂੰ ਰੋਟੀ ਮਿਲ ਜਾਂਦੀ ਹੈ। ਇਨ੍ਹਾਂ ਦਾ ਐਨਾ ਹੀ ਕਾਰਜ ਸੀ ਉਹ ਠੀਕ ਚਲ ਰਿਹਾ ਹੈ ਪਰ ਮੈਂ ਤਾਂ ਕੁਝ ਲੈਣ ਵਾਸਤੇ ਆਇਆ ਸੀ -

***ਸਾਧ ਕੈ ਸੰਗਿ ਨਹੀ ਕਛੁ ਘਾਲ॥***
***ਦਰਸਨੁ ਭੇਟਤ ਹੋਤ ਨਿਹਾਲ॥***

***ਅੰਗ - 272***

ਮੈਂ ਤਾਂ ਸੇਵਾ ਕਰਦਾ ਸੀ ਤਾਂ ਵੀ ਮੈਂ ਉਹੋ ਜਿਹਾ ਹੀ ਹਾਂ। ਸੰਤ ਕਹਿਣ ਲੱਗੇ ਕਿ ਪਿਆਰਿਆ! ਐਵੇਂ ਦੋਸ਼ ਨਹੀਂ ਦੇਈਦਾ। ਸਿਆਣਾ ਆਦਮੀ ਤਾਂ ਦੇਖਦਾ ਹੈ ਕਿ ਕਿਤੇ ਮੇਰੇ ਵਿਚ ਨੁਕਸ ਨਾ ਹੋਵੇ ਪਰ ਤੂੰ ਤਾਂ ਇਸ ਦੇ ਵਿਪਰੀਤ ਦੂਸਰਿਆਂ ਵਿਚ ਦੋਸ਼ ਹੀ ਦੋਸ਼ ਕੱਢਦਾ ਹੈਂ। ਜਾਹ! ਆਹ ਚਾਬੀਆਂ ਲੈ ਜਾ ਅਤੇ ਪਾਰਸ ਵਾਲੀ ਗਾਗਰ ਕੱਢ ਕੇ ਲਿਆ। ਚਾਬੀ ਲੈ ਕੇ ਪੇਟੀ ਖੋਲ੍ਹੀ। ਉਸ ਦਾ ਖਿਆਲ ਸੀ ਕਿ ਗਾਗਰ ਤਾਂ ਸੋਨੇ ਦੀ ਹੋ ਚੁੱਕੀ ਹੋਣੀ ਹੈ ਪਰ ਹੈਰਾਨ ਰਹਿ ਗਿਆ ਕਿ ਇਹ ਤਾਂ ਲੋਹਾ ਹੀ ਹੈ, ਇਹ ਨਹੀਂ

ਬਦਲੀ। ਉਥੋਂ ਹੀ ਬੋਲਣਾ ਸ਼ੁਰੂ ਕਰ ਦਿਤਾ ਕਿ ਸੰਤ ਜੀ! ਤੁਹਾਡਾ ਪਾਰਸ ਵੀ ਝੂਠਾ ਤੇ ਤੁਸੀਂ ਵੀ ਝੂਠੇ ਕਿਉਂਕਿ ਪਾਰਸ ਨੇ ਗਾਗਰ ਨੂੰ ਸੋਨਾ ਨਹੀਂ ਬਣਾਇਆ। ਇਸ ਤਰ੍ਹਾਂ ਤੁਹਾਡੀ ਸੰਗਤ ਨੇ ਮੇਰੇ ਵਿਚ ਕੋਈ ਪ੍ਰੀਵਰਤਨ ਨਹੀਂ ਲਿਆਂਦਾ। ਸੰਤ ਕਹਿਣ ਲੱਗੇ, "ਪ੍ਰੇਮੀਆਂ! ਐਵੇਂ ਨਾ ਬਾੜ ਨੂੰ ਤਲਵਾਰਾਂ ਮਾਰੀ ਜਾ। ਆ ਤੈਨੂੰ ਸਮਝਾਈਏ ਕਿ ਗਾਗਰ ਸੋਨੇ ਦੀ ਕਿਉਂ ਨਹੀਂ ਬਣੀ? ਗਾਗਰ ਲੈ ਕੇ ਹਾਜ਼ਰ ਹੋਇਆ। ਸੰਤਾਂ ਨੇ ਕਿਹਾ, ਪਾਰਸ ਧਿਆਨ ਨਾਲ ਦੇਖ। ਜਦੋਂ ਉਸ ਨੇ ਧਿਆਨ ਨਾਲ ਦੇਖਿਆ ਤਾਂ ਇਕ ਬਹੁਤ ਪਤਲਾ ਕਾਗਜ਼, ਗੰਢੇ ਦੇ ਪੱਤ ਵਰਗਾ ਉਸ ਦੇ ਦੁਆਲੇ ਚਿਪਕਿਆ ਹੋਇਆ ਸੀ। ਸੰਤ ਕਹਿਣ ਲੱਗੇ, ਹੌਲੀ-ਹੌਲੀ ਇਸ ਕਾਗਜ਼ ਨੂੰ ਪੂਰੀ ਤਰ੍ਹਾਂ ਲਾਹ ਦੇ। ਜਦੋਂ ਲਾਹ ਲਿਆ ਤਾਂ ਆਪ ਨੇ ਕਿਹਾ ਕਿ ਹੁਣ ਗਾਗਰ ਨੂੰ ਲਾ ਕੇ ਦੇਖ। ਗਾਗਰ ਇਕ ਦਮ ਸੋਨੇ ਦੀ ਬਣ ਗਈ। ਸੰਤਾਂ ਨੇ ਕਿਹਾ ਕਿ ਪ੍ਰੇਮੀਆਂ! ਪਾਰਸ ਵੀ ਅਸਲੀ ਸੀ ਤੇ ਤੇਰੇ ਸੰਤ ਵਿਚ ਵੀ ਕੋਈ ਨੁਕਸ ਨਹੀਂ, ਪਰ ਨੁਕਸ ਤੇਰੇ ਵਿਚ ਹੈ। ਜਿਸ ਤਰ੍ਹਾਂ ਪਾਰਸ ਦੇ ਉਪਰ ਪਤਲਾ ਕਾਗਜ਼ ਚਿਪਕਿਆ ਹੋਇਆ ਸੀ ਇਵੇਂ ਤੇਰੇ ਮਨ ਵਿਚ ਆਪਣੀ ਰਾਜਸੀ ਸ਼ਕਤੀ, ਮਾਲ, ਧਨ, ਰਸੂਖ ਦੇ ਅਭਿਮਾਨ ਆਦਿ ਦਾ ਪਰਦਾ ਬਿੜ੍ਹਿਆ ਹੋਇਆ ਹੈ। ਜੇ ਤੂੰ ਉਸ ਦਿਨ ਤੋਂ ਹੀ ਨਿਰਮਾਣ ਹੋ ਕੇ ਸੇਵਾ ਕਰਦਾ ਤਾਂ ਹੁਣ ਤੱਕ ਕਦੋਂ ਦਾ ਮਹਿਸੂਸ ਕਰ ਲਿਆ ਹੁੰਦਾ ਕਿ ਮੇਰੇ ਅੰਦਰ ਸ਼ਾਂਤੀ ਦੀਆਂ ਲਹਿਰਾਂ ਝੁਣ-ਝੁਣਾਂਦੀਆਂ ਹਨ ਅਤੇ ਨਾਮ ਦਾ ਰਸ ਝਿਮ-ਝਿਮਾ ਕੇ ਬਰਸ ਰਿਹਾ ਹੈ।

ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਦੇਖੋ! ਅਭਿਮਾਨ ਰੂਪੀ ਠੱਗ ਨੇ, ਕਿਸ ਤਰ੍ਹਾਂ ਜਗਿਆਸੂ ਨੂੰ ਕਾਬੂ ਕਰਿਆ ਹੋਇਆ ਹੈ। ਮਹਾਂਪੁਰਸ਼ ਇਸ ਕਰਕੇ ਸਦਾ ਇਹ ਕਹਿੰਦੇ ਹਨ ਕਿ -

***ਪਹਿਲਾ ਮਰਣੁ ਕਬੂਲਿ***
***ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ॥ ਅੰਗ-102***

'ਆਤਮ ਮਾਰਗ' ਜਿਉਂਦਿਆਂ ਦਾ ਰਾਹ ਨਹੀਂ ਹੈ। ਜਿਨ੍ਹਾਂ ਨੇ ਆਪਣੀ ਹਉਂ ਨੂੰ ਮਾਰ ਲਿਆ ਹੈ ਉਹ ਇਸ ਰਸਤੇ ਤੇ ਚਲਣ ਦੇ ਅਧਿਕਾਰੀ ਹਨ। ਇਸ ਕਰਕੇ ਇਨ੍ਹਾਂ ਪੰਜ ਛੇ ਠੱਗਾਂ ਤੋਂ ਬਚਣ ਲਈ ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹਨ ਕਿ -

***ਏਨੀ ਠਗੀਂ ਜਗੁ ਠਗਿਆ***
***ਕਿਨੈ ਨ ਰਖੀ ਲਜ॥ ਅੰਗ - 1288***

ਇਨ੍ਹਾਂ ਠੱਗਾਂ ਨੂੰ ਓਹੀ ਠਗਦੇ ਹਨ ਜਿਨ੍ਹਾਂ ਪੂਰੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਕਮਾਈ ਕੀਤੀ ਹੁੰਦੀ ਹੈ। ਜੋ ਨਿਰਮਾਣ ਹੋ ਕੇ ਗੁਰੂ ਦੀ ਸ਼ਰਨ ਵਿਚ ਆਉਂਦੇ ਹਨ ਉਹ ਇਨ੍ਹਾਂ ਠੱਗਾਂ ਤੋਂ ਬਚ ਜਾਂਦੇ ਹਨ, ਨਹੀਂ ਤਾਂ ਬਾਕੀ ਤਾਂ ਸਾਰੇ ਇਨ੍ਹਾਂ ਠੱਗਾਂ ਤੋਂ ਠੱਗੇ ਹੀ ਜਾਂਦੇ ਹਨ। ਜੇ ਇਕ-ਇਕ ਦੀ ਮਿਸਾਲ ਦੇਈਏ ਤਾਂ ਬਹੁਤ ਵਿਸਥਾਰ ਹੋ ਜਾਵੇਗਾ।

ਇਨ੍ਹਾਂ ਚੀਜ਼ਾਂ ਦਾ ਕਾਹਦਾ ਅਭਿਮਾਨ ਹੈ? ਇਹ ਛਿੰਨ ਭੰਗਰ ਹਨ। ਰਾਜਿਆਂ ਦੇ ਰਾਜ ਚਲੇ ਜਾਂਦੇ ਹਨ, ਜੋ ਮਾਲ ਹੈ ਉਹ ਨਾਲ ਨਹੀਂ ਜਾਂਦਾ ਐਵੇਂ ਹੀ ਲੋਭ ਦੇ ਅਸਰ ਹੇਠ ਆਇਆ ਢੇਰਾਂ ਦੇ ਢੇਰ ਲਾਉਂਦਾ ਜਾਂਦਾ ਹੈ।

ਕਹਿੰਦੇ ਹਨ ਮਹਿਮੂਦ ਗਜ਼ਨਵੀ ਨੇ 17 ਹਮਲੇ ਭਾਰਤ ਵਰਸ਼ ਉਤੇ ਕੀਤੇ। ਐਨੇ ਹੀਰੇ ਜਵਾਹਰਾਤ ਲੁੱਟ ਕੇ ਲੈ ਗਿਆ ਕਿ ਹਿਸਾਬ-ਕਿਤਾਬ ਤੋਂ ਬਾਹਰ ਹੀ ਸੀ। ਇਸ ਨੂੰ ਅਧਰੰਗ ਹੋ ਗਿਆ, ਆਪਣੇ ਵਜ਼ੀਰਾਂ ਨੂੰ ਹੁਕਮ ਦਿਤਾ ਕਿ ਮੈਂ ਸਾਰਾ ਮਾਲ ਦੇਖਣਾ ਚਾਹੁੰਦਾ ਹਾਂ ਜੋ ਮੈਂ ਭਾਰਤ ਵਰਸ਼ ਤੇ ਹੋਰ ਥਾਵਾਂ ਤੋਂ ਲੁੱਟਿਆ ਹੈ। ਜਿਵੇਂ ਦਾਣਿਆਂ ਦੇ ਢੇਰ ਮੰਡੀ ਵਿਚ ਲਗਦੇ ਹਨ ਇਸੇ ਤਰ੍ਹਾਂ ਹੀਰੇ ਜਵਾਹਾਰਾਤ, ਸੋਨਾ ਚਾਂਦੀ ਅਤੇ ਅਨੇਕ ਵਸਤੂਆਂ ਦੇ ਢੇਰ ਲਗ ਗਏ। ਪਹੀਆਂ ਵਾਲੀ ਕੁਰਸੀ (Wheel chair) ਤੇ ਬੈਠ ਕੇ ਦੇਖਦਾ ਜਾਂਦਾ ਹੈ ਅਤੇ ਨਾਲ ਦੀ ਨਾਲ ਅੱਖਾਂ ਵਿਚੋਂ ਹੰਝੂ ਗਿਰ ਰਹੇ ਹਨ ਕਿ ਐਨੀ ਲੁੱਟ ਮਾਰ ਕਰਕੇ, ਐਨੇ ਪਾਪ ਕਰਕੇ ਧਨ ਦੇ ਅੰਬਾਰ ਲਾਏ ਸਨ ਪਰ ਹੁਣ ਤਾਂ ਮੈਂ ਕਬਰ ਵਿਚ ਇਕੱਲਾ ਹੀ ਜਾ ਰਿਹਾ ਹਾਂ। ਉਸ ਵੇਲੇ ਕਿਹਾ ਕਿ ਜਦੋਂ ਮੇਰਾ ਜਨਾਜ਼ਾ ਜਾ ਰਿਹਾ ਹੋਵੇ ਤਾਂ ਮੇਰੇ ਹੱਥ ਪੈਰ ਨੰਗੇ

ਕਰਕੇ ਤੇ ਇਕ ਫੱਟੀ ਲਿਖ ਕੇ ਲਾ ਦੇਣਾ ਕਿ ਮਹਿਮੂਦ ਖਾਲੀ ਹੱਥ, ਨੰਗੇ ਪੈਰ ਇਸ ਸੰਸਾਰ ਵਿਚੋਂ ਜਾ ਰਿਹਾ ਹੈ ਤਾਂ ਕਿ ਇਹ ਗਲਤੀ ਕੋਈ ਹੋਰ ਨਾ ਕਰੇ। ਉਸ ਦੇ ਮਰਦੇ ਸਾਰ ਹੀ ਉਸ ਤੇ ਨਾਲ ਦੇ ਦੇਸ਼ ਦੇ ਕਿਸੇ ਰਾਜੇ ਨੇ ਹਮਲਾ ਕਰ ਦਿਤਾ ਅਤੇ ਗਜ਼ਨੀ ਨੂੰ ਜਾਲ ਕੇ ਸਾਰਾ ਧਨ ਲੁੱਟ ਕੇ ਲੈ ਗਿਆ। ਸੋ ਇਹ ਜਜ਼ਬੇ ਠੱਗ ਹੀ ਹੋਏ ਨਾ! ਜੇ ਕਿਤੇ ਐਨੀ ਲਗਨ ਨਾਲ ਭਜਨ ਕਰਦਾ ਤਾਂ ਅਜ ਲਾਹਨਤਾਂ ਤੋਂ ਬਚ ਕੇ ਸਤਿਕਾਰਿਆ ਜਾਣਾ ਸੀ।

ਇਨ੍ਹਾਂ ਤੋਂ ਇਲਾਵਾ ਸਮੁੰਦਰ ਵਿਚ ਵੱਡੀਆਂ ਸਰ੍ਹਾਲਾਂ ਦੇ ਰੂਪ ਵਿਚ ਅਵਿਦਿਆ, ਅਸਿਮਿਤਾ, ਰਾਗ, ਦ੍ਵੈਸ਼ ਅਤੇ ਅਭੀਨਿਵੇਸ਼ ਵਰਗੇ ਮਹਾਨ ਦੁੱਖ ਹਨ। ਪਿਛਲੇ ਸਾਲ ਜਦੋਂ ਅਸੀਂ ਆਏ ਸੀ ਅਸਾਡੇ ਯਾਦ ਹੈ ਕਿ ਸੰਗਤ ਦੇ ਪੁੱਛਣ ਤੇ ਅਸੀਂ ਇਨ੍ਹਾਂ ਕਲੇਸ਼ਾਂ ਦਾ ਬਹੁਤ ਵਿਸਥਾਰ ਪੂਰਵਕ ਵਰਣਨ ਕੀਤਾ ਸੀ ਅਤੇ ਇਨ੍ਹਾਂ ਦਾ ਇਲਾਜ ਵੀ ਦੱਸਿਆ ਸੀ ਕਿ–

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥***
***ਅੰਗ – 262***

ਐਨੀ ਗੱਲ ਸੁਣ ਕੇ ਸੰਗਤ ਨੇ ਕਿਹਾ ਕਿ ਮਹਾਰਾਜ ਜੀ! ਪਿਛਲੇ ਸਾਲ ਅਸੀਂ ਇਨ੍ਹਾਂ ਕਲੇਸ਼ਾਂ ਬਾਰੇ ਸੁਣਿਆ ਤਾਂ ਜ਼ਰੂਰ ਸੀ ਪਰ ਆਪ ਜਾਣਦੇ ਹੀ ਹੋ ਕਿ ਜੇ ਉਤਮ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਨਾ ਹੋਵੇ ਤਾਂ ਆਦਮੀ ਦਾ ਸੁਭਾਅ ਭੁੱਲ ਜਾਣਾ ਹੋਇਆ ਕਰਦਾ ਹੈ। ਸਾਰੇ ਇਕ ਦੂਜੇ ਦੇ ਮੂੰਹਾਂ ਵਲ ਤੱਕਣ ਲੱਗੇ ਪਰ ਕਿਸੇ ਨੂੰ ਵੀ ਯਾਦ ਨਹੀਂ ਸੀ ਕਿ ਇਹ ਪੰਜੇ ਕਲੇਸ਼ ਕੀ ਹਨ? ਸਾਰਿਆਂ ਨੇ ਬੇਨਤੀ ਕਰ ਦਿਤੀ ਕਿ ਮਹਾਰਾਜ ਕ੍ਰਿਪਾ ਕਰਕੇ ਆਪ ਸੰਖੇਪ ਵਿਚ ਅਵੱਸ਼ ਹੀ ਅਸਾਨੂੰ ਫੇਰ ਦੁਹਰਾਅ ਦੇਵੋ ਤਾਂ ਕਿ ਅਸੀਂ ਹੁਣ ਅੱਛੀ ਤਰ੍ਹਾਂ ਨਾਲ ਯਾਦ ਰਖ ਸਕੀਏ। ਸੰਤ ਮਹਾਰਾਜ ਜੀ ਨੇ ਉਸ ਵੇਲੇ ਸੰਖੇਪ ਰੂਪ ਵਿਚ ਇਨ੍ਹਾਂ ਕਲੇਸ਼ਾਂ ਬਾਰੇ ਦੱਸਣਾ ਸ਼ੁਰੂ ਕੀਤਾ।

**1. ਅਵਿਦਿਆ ਕਲੇਸ਼** – ਅਨਿਤ ਵਿਚ ਨਿਤ, ਅਪਵਿਤ੍ਰ ਵਿਚ ਪਵਿਤ੍ਰ, ਦੁਖ ਵਿਚ ਸੁਖ, ਅਤੇ ਅਨਾਤਮ ਵਿਚ ਆਤਮਾ ਦਾ ਗਿਆਨ ਅਵਿਦਿਆ ਕਿਹਾ ਜਾਂਦਾ ਹੈ। ਜਿਸਦਾ ਜੋ ਧਰਮ ਨਹੀਂ ਹੈ, ਉਸ ਵਿਚ ਓਹੋ ਧਰਮ ਮੰਨ ਲੈਣਾ ਅਵਿਦਿਆ ਹੈ। ਇਹ ਸੰਪੂਰਨ ਜਗਤ ਅਤੇ ਇਸਦੀ ਸੰਪਤੀ ਅਨਿਤ ਹੈ ਅਤੇ ਨਾਸ਼ਮਾਨ ਹੈ। ਇਸਨੂੰ ਨਾਸ਼ਮਾਨ ਨ ਸਮਝਣਾ ਅਵਿਦਿਆ ਹੈ।

ਸਰੀਰ ਕਫ, ਲਹੂ, ਮਲ ਮੂਤਰ ਅਤੇ ਅਨੇਕਾਂ ਮੈਲਾਂ ਕਰਕੇ ਅਪਵਿਤ੍ਰ ਹੈ – ਇਸਨੂੰ ਪਵਿਤ੍ਰ ਮੰਨ ਲੈਣਾ; ਅਤੇ ਅਧਰਮ, ਪਾਪ, ਹਿੰਸਾ ਦਾ ਭਰਿਆ ਹੋਇਆ ਅੰਤਸ਼ਕਰਣ ਅਪਵਿਤ੍ਰ ਹੈ – ਇਸ ਸਰੀਰ ਨੂੰ ਮੈਲੇ ਅੰਤਸ਼ਕਰਣ ਸਮੇਤ ਪਵਿਤ੍ਰ ਮੰਨਣਾ; ਸੰਸਾਰ ਦੇ ਸਾਰੇ ਵਿਸ਼ੇ ਦੁਖਾਂ ਨਾਲ ਭਰੇ ਹੋਏ ਹਨ – ਉਨ੍ਹਾਂ ਵਿਚ ਸੁਖ ਮੰਨਣਾ, ਇਸੇ ਤਰ੍ਹਾਂ ਅਨਾਤਮ ਵਿਚ ਆਤਮ ਗਿਆਨ। ਇੰਦ੍ਰੀਆਂ, ਸਰੀਰ ਅਤੇ ਮਨ, ਚਿਤ, ਬੁਧ ਆਦਿ ਜੋ ਜੜ੍ਹ ਰੂਪ ਹਨ – ਇਨ੍ਹਾਂ ਨੂੰ ਆਤਮਾ ਮੰਨਣਾ, ਇਹ ਅਵਿਦਿਆ ਹੈ।

ਤਿੰਨਾਂ ਗੁਣਾਂ ਦਾ ਕੁਦਰਤੀ ਸੁਭਾਵ ਛਿਨ-ਛਿਨ ਕਰਕੇ ਬਦਲਦੇ ਰਹਿਣਾ ਹੈ। ਮਨੁਖੀ ਚਿਤ, ਤਿੰਨ ਗੁਣਾਂ ਸਹਿਤ ਜੜ੍ਹ ਹੈ ਜਿਸ ਵਿਚ ਈਸ਼ਵਰੀ ਚਿਤ ਦਾ ਪ੍ਰਤੀਬਿੰਬ ਪੈਣ ਕਰਕੇ ਵਖਰੇ-ਪਨ ਦਾ ਅਹਿਸਾਸ ਹੋ ਰਿਹਾ ਹੈ, ਅਵਿਦਿਆ ਕਰਕੇ ਆਤਮਾ ਤੇ ਜੀਵ-ਆਤਮਾ ਭਿੰਨ-ਭਿੰਨ ਪ੍ਰਤੀਤ ਹੋ ਰਹੇ ਹਨ ਜਿਵੇਂ ਲੱਖਾਂ ਪਾਣੀ ਦੇ ਬਰਤਨਾਂ ਵਿਚ ਇਕੋ ਚੰਦਰਮਾਂ ਦਾ ਪ੍ਰਤੀਬਿੰਬ ਪੈਣ ਕਰਕੇ ਹਰ ਬਰਤਨ ਵਿਚ ਅਨੇਕਤਾ ਦਾ ਪ੍ਰਭਾਵ ਪੈ ਰਿਹਾ ਹੈ ਅਤੇ ਜੜ੍ਹ ਚਿਤ ਅਤੇ ਚੇਤਨ ਪੁਰਸ਼ ਵਿਚ, ਭੇਦ ਗਿਆਨ ਦਾ ਹੋ ਜਾਣਾ, ਅਸਿਮਿਤਾ ਕਲੇਸ਼ ਉਤਪੰਨ ਕਰਦਾ ਹੈ।

**2. ਅਸਿਮਿਤਾ ਕਲੇਸ਼** – ਪੁਰਸ਼ ਦ੍ਰਿਸ਼ਟਾ ਹੈ, ਚਿਤ ਦਿਖਾਉਣ ਵਾਲਾ ਉਸਦਾ ਇਕ ਕਰਣ ਹੈ, ਆਤਮਾ ਚੇਤਨ ਹੈ, ਚਿਤ ਜੜ੍ਹ ਹੈ। ਆਤਮਾ ਕ੍ਰਿਆ ਰਹਿਤ ਹੈ, ਚਿਤ ਕ੍ਰਿਆਸ਼ੀਲ ਹੈ ਆਤਮਾ ਕੇਵਲ ਹੈ, ਚਿਤ ਤਿੰਨਾਂ ਗੁਣਾਂ – ਰਜੋ, ਤਮੋ, ਸਤੋ ਸਹਿਤ ਹੈ। ਆਤਮਾ ਵਿਚ ਕੋਈ ਬਦਲੀ ਨਹੀਂ, ਚਿਤ ਪ੍ਰਣਾਮਸ਼ੀਲ ਹੈ – ਛਿਨ-ਛਿਨ

ਬਦਲਦਾ ਹੈ। ਆਤਮਾ ਸੁਆਮੀ ਹੈ, ਚਿਤ ਉਸਦੀ ਸੰਪਤੀ ਹੈ। ਇਸ ਤਰ੍ਹਾਂ ਆਤਮਾ ਅਤੇ ਚਿਤ ਅਤਿਅੰਤ ਭਿੰਨ ਹਨ। ਅਵਿਦਿਆ ਕਰਕੇ ਦੋਹਾਂ ਪ੍ਰਤੀਕੂਲ ਗੁਣਾਂ ਕਰਕੇ ਜੜ੍ਹ ਚਿਤ ਅਤੇ ਚੇਤਨ (ਪੁਰਸ਼) ਆਤਮਾ ਵਿਚ ਅਵਿਦਿਆ ਕਰਕੇ ਭੇਦ ਦਾ ਗਿਆਨ ਨਹੀਂ ਰਹਿੰਦਾ ਅਤੇ ਬੁਧੀ ਨੂੰ ਆਤਮਾ ਕਰਕੇ ਜਾਨਣ ਲਗ ਜਾਂਦਾ ਹੈ। ਇਹ ਪ੍ਰਸਥਿਤੀ ਪੈਦਾ ਹੋ ਜਾਣੀ ਹਿਰਦੇ ਗ੍ਰੰਥੀ (ਗੰਢ) ਕਹਾਉਂਦੀ ਹੈ। ਨਿਸ਼ਚੇ ਪੂਰਵਕ ਜੜ੍ਹ ਚਿਤ ਅਤੇ ਆਤਮਾ ਨੂੰ ਇਕੋ ਜਾਣ ਲੈਣਾ ਅਸਿਮਿਤਾ ਕਲੇਸ਼ ਕਹਾਉਂਦਾ ਹੈ। ਚਿਤ ਦੀ ਜੜ੍ਹਤਾ ਆਤਮ ਦੀ ਚੇਤਨਤਾ ਦਾ ਪਰਤੱਖ ਗਿਆਨ ਨਿਸ਼ਚੇ ਪੂਰਵਕ ਹੋ ਜਾਣ ਨਾਲ ਇਸ ਕਲੇਸ਼ ਦਾ ਨਾਸ਼ ਹੋ ਜਾਂਦਾ ਹੈ।

3. **ਰਾਗ ਕਲੇਸ਼** – ਉਪਰ ਦੱਸੇ ਅਸਿਮਤਾ ਕਲੇਸ਼ ਦੇ ਕਾਰਨ ਮਨ, ਇੰਦ੍ਰੀਆਂ ਅਤੇ ਸਰੀਰ ਵਿਚ ਆਤਮ ਭਾਵ ਪੈਦਾ ਹੋ ਕੇ, ਸੁਖ ਦੇਣ ਵਾਲੇ ਵਿਸ਼ਿਆਂ ਵਿਚ ਰਾਗ (attachment) ਪੈਦਾ ਹੋ ਜਾਣੀ 'ਰਾਗ' ਕਹਾਉਂਦਾ ਹੈ। ਇਸ ਸੁਖ ਦੇ ਪ੍ਰਾਪਤ ਕਰਨ ਦੇ ਸਾਧਨਾਂ ਨਾਲ ਜੋ ਇੱਛਾ ਰੂਪ ਤ੍ਰਿਸ਼ਨਾ ਅਤੇ ਲੋਭ ਪੈਦਾ ਹੋ ਜਾਂਦਾ ਹੈ, ਉਸਦੇ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ। ਇਸ ਮਾਨਸਿਕ ਸਥਿਤੀ ਦਾ ਨਾਮ 'ਰਾਗ' ਕਲੇਸ਼ ਹੈ।

4. **ਦ੍ਵੈਸ਼ ਕਲੇਸ਼** – ਉਪਰ ਕਥਿਆ 'ਰਾਗ' ਹੀ ਦ੍ਵੈਤ ਦਾ ਜਨਮ ਦਾਤਾ ਹੈ ਕਿਉਂਕਿ ਜਦੋਂ ਰਾਗ ਦੇ ਸੰਸਕਾਰ ਚਿਤ ਵਿਚ ਜੰਮ ਜਾਂਦੇ ਹਨ ਜਿਨ੍ਹਾਂ ਵਸਤਾਂ ਵਿਚ ਸਰੀਰ ਅਤੇ ਮਨ ਨੂੰ ਦੁਖ ਪ੍ਰਤੀਤ ਦਿੰਦਾ ਹੈ ਅਥਵਾ ਜਿਨ੍ਹਾਂ ਕਰਕੇ ਸੁਖ ਪ੍ਰਾਪਤੀ ਵਿਚ ਵਿਘਨ ਪ੍ਰਤੀਤ ਹੋ ਜਾਂਦਾ ਹੈ, ਉਨ੍ਹਾਂ ਨਾਲ ਦ੍ਵੈਸ਼ ਹੋ ਜਾਣਾ ਹੀ ਦ੍ਵੈਸ਼ ਕਲੇਸ਼ ਹੈ। ਜਿਨ੍ਹਾਂ ਵਸਤੂਆਂ, ਜਿਨ੍ਹਾਂ ਸਾਧਨਾਂ ਤੋਂ ਦੁਖ ਪ੍ਰਤੀਤ ਹੋਵੇ, ਉਸ ਤੋਂ ਘ੍ਰਿਣਾ, ਕ੍ਰੋਧ, ਈਰਖਾ, ਵੈਰ, ਉਦਾਸੀਨਤਾ ਪੈਦਾ ਹੋਵੇ ਅਤੇ ਉਸ ਤੋਂ ਜੋ ਸੰਸਕਾਰ ਪੈਦਾ ਹੋ ਜਾਣ, ਈਰਖਾ, ਨਿੰਦਾ, ਨਫਰਤ, ਦ੍ਵੈਸ਼, ਕ੍ਰੋਧ ਆਦਿ ਦੇ ਜਿਹੜੇ ਪ੍ਰਭਾਵ ਚਿਤ ਗ੍ਰਹਿਣ ਕਰੇ, ਉਸ ਨੂੰ ਦ੍ਵੈਸ਼ ਕਲੇਸ਼ ਕਹਿੰਦੇ ਹਨ। ਰਾਗ ਦ੍ਵੈਸ਼ ਦੇ ਕਾਰਨ ਚਿਤ ਨਿਸਚਲ ਨਹੀਂ ਹੁੰਦਾ ਅਤੇ ਗਿਆਨ ਦੀ ਪ੍ਰਾਪਤੀ ਵਿਚ ਪੂਰਨ ਰੂਪ ਵਿਚ ਵਿਘਨਕਾਰੀ ਰੁਕਾਵਟ ਬਣੀ ਰਹਿੰਦੀ ਹੈ –

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***
***ਜਬ ਲਗੁ ਮੋਹ ਮਗਨ ਸੰਗਿ ਮਾਇ॥***
***ਤਬ ਲਗੁ ਧਰਮ ਰਾਇ ਦੇਇ ਸਜਾਇ॥***
***ਅੰਗ – 278***

5. **ਅਭਿਨਿਵੇਸ਼ ਕਲੇਸ਼** – ਸਰੀਰ ਇੰਦ੍ਰੀਆਂ ਆਦਿ ਨੂੰ ਦੁੱਖ ਤੋਂ ਬਚਾਉਣ ਦੇ ਸੰਸਕਾਰ ਹੀ ਅਭਿਨਿਵੇਸ਼ ਕਲੇਸ਼ ਦਾ ਕਾਰਨ ਹਨ। ਮਰਣ ਦਾ ਭੈ ਵਿਦਵਾਨ ਅਤੇ ਮੂਰਖ ਦੇ ਮਨ ਵਿਚ ਸੁਭਾਵਕ ਹੀ ਪ੍ਰਤੀਤ ਹੋ ਰਿਹਾ ਹੈ। ਮਰਣ ਦਾ ਭੈ ਜਨਮਾਂ ਜਨਮਾਂਤਰਾਂ ਤੋਂ ਬਹੁਤ ਗਹਿਰੇ ਸੰਸਕਾਰ ਚਿਤ ਵਿਚ ਪੈਦਾ ਕਰ ਰਿਹਾ ਹੈ। ਇਹ ਭੈ ਦੇ ਸੰਸਕਾਰ ਚਲ ਰਹੇ ਹਨ ਅਤੇ ਹਰ ਪ੍ਰਾਣੀ ਇਹ ਚਾਹੁੰਦਾ ਹੈ ਕਿ ਮੈਂ ਸਦਾ ਹੀ ਆਪਣੀ ਸੰਪਤੀ, ਪੁਤਰ, ਪੋਤਰੇ, ਪ੍ਰਵਾਰ ਵਿਚ (ਮੋਹ ਦਾ ਬੰਨ੍ਹਿਆਂ) ਰਹਾਂ, ਕਦੇ ਮੇਰਾ ਅਭਾਵ ਨ ਹੋਵੇ, ਮੇਰਾ ਵਿਯੋਗ ਕਦੇ ਭੀ ਨਾ ਹੋਵੇ, ਮੇਰੀ ਅਮੀਰੀ, ਮੇਰੇ ਪਿਆਰੇ ਸਬੰਧੀ ਸਦਾ ਹੀ ਰਹਿਣ। ਇਹ ਲੋਚਾ ਤੇ ਭੈ (ਅੰਦੇਸ਼ਾ) ਅਭਿਨਿਵੇਸ਼ ਕਲੇਸ਼ ਕਹਾਉਂਦਾ ਹੈ।

**ਰੂਪ** – ਇਹ ਸੂਖਸ਼ਮ ਠੱਗ ਸੁਭਾਵਿਕ ਹੀ ਜੀਵ ਨੂੰ ਮੋਂਹਦੇ ਰਹਿੰਦੇ ਹਨ ਅਤੇ ਅਛੋਪਲੇ ਹੀ ਆਪਣਾ ਅਸਰ ਸਹਿਜ ਨਾਲ ਕਰੀ ਜਾਂਦੇ ਹਨ। ਰੂਪ ਦੀ ਹੀ ਇਕ ਉਦਾਹਰਣ ਲਓ – ਰੂਪਵਾਨ ਆਪਣੇ ਆਪ ਨੂੰ ਪਾਊਡਰ, ਕਰੀਮਾਂ ਤੇ ਕਿੰਨੇ ਕਿਸਮ ਦੇ ਰੰਗਾਂ ਦੀ ਵਰਤੋਂ ਕਰਕੇ ਆਪਣੇ ਅਸਲੀ ਰੂਪ ਨੂੰ ਛੁਪਾ ਕੇ, ਉਸ ਤੋਂ ਵੀ ਵਧੀਆ ਰੂਪ ਸਹਿਤ ਸੰਸਾਰ ਦੀਆਂ ਨਜ਼ਰਾਂ ਵਿਚ ਆਉਂਦਾ ਹੈ। ਇਹ ਖਾਸ ਜਜ਼ਬਾ ਐਸੇ ਜੀਵ ਦੇ ਮਨ ਨੂੰ ਪ੍ਰਦੂਸ਼ਿਤ ਕਰਦਾ ਰਹਿੰਦਾ ਹੈ। ਪ੍ਰਭੂ ਦੀ ਯਾਦ ਵਿਚ ਮਨ ਲਾਉਣ ਦੀ ਥਾਂ ਭਾਵੇਂ ਆਦਮੀ ਹੋਵੇ, ਭਾਵੇਂ ਇਸਤਰੀ ਹੋਵੇ ਅਨੇਕ ਕਿਸਮ ਦੇ ਪਾਊਡਰਾਂ, ਕਰੀਮਾਂ ਦੀ ਮਦਦ ਨਾਲ, ਆਪਣੇ ਆਪ ਨੂੰ

ਸ਼ਿੰਗਾਰਨਾ ਚਾਹੁੰਦਾ ਹੈ। ਇਸ ਦਾ ਮਾਰੂ ਨਤੀਜਾ ਪਤੰਗੇ ਦੀ ਉਦਾਹਰਣ ਤੋਂ ਮਿਲਦਾ ਹੈ। ਪਤੰਗਾ ਰੋਸ਼ਨੀ ਦੇਖਦਾ ਹੈ ਅਤੇ ਉਸ ਨਾਲ ਟਕਰਾਅ ਕੇ ਆਪਣਾ ਨਾਸ਼ ਕਰ ਲੈਂਦਾ ਹੈ। ਇਸ ਤਰ੍ਹਾਂ ਦੂਸਰਿਆਂ ਦੀ ਖਿੱਚ ਦਾ ਕਾਰਨ ਬਣਨ ਲਈ ਵੱਧ ਤੋਂ ਵੱਧ ਸ਼ਿੰਗਾਰ ਕੀਤੇ ਜਾਂਦੇ ਹਨ। ਵੇਖਣ ਵਾਲੇ ਖਿੱਚ ਖਾਂਦੇ ਹਨ ਅਤੇ ਮੋਹੇ ਜਾਂਦੇ ਹਨ। ਇਹ ਇਕ ਜਜ਼ਬਾ ਹੈ ਜੋ ਸਹਿਜੇ ਹੀ ਮਨ ਨੂੰ ਘੇਰੀਂ ਰਖਦਾ ਹੈ ਅਤੇ ਇਸ ਦਾ ਜੋ ਨਤੀਜਾ ਨਿਕਲਦਾ ਹੈ ਉਸ ਬਾਰੇ ਫੁਰਮਾਨ ਹੈ -

***ਜੋ ਜਾਨੈ ਮੈ ਜੋਬਨਵੰਤੁ॥***
***ਸੋ ਹੋਵਤ ਬਿਸਟਾ ਕਾ ਜੰਤੁ॥***

***ਅੰਗ - 278***

ਰੂਪਵੰਤ ਹੋ ਕੇ ਦੂਸਰਿਆਂ ਨੂੰ ਮੋਹ ਲੈਣਾ, ਫੇਰ ਉਸ ਦਾ ਅਭਿਮਾਨ ਕਰਨਾ ਕਿ ਮੈਂ ਬਹੁਤ ਸੋਹਣਾ ਹਾਂ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਰਿਆਂ ਦੇ ਅੰਦਰ ਪ੍ਰਭੂ ਦੀ ਜੋਤ ਹੈ, ਰੂਪ ਦਾ ਅਭਿਮਾਨ ਨਹੀਂ ਹੋਣਾ ਚਾਹੀਦਾ।

***ਰੂਪਵੰਤੁ ਹੋਇ ਨਾਹੀ ਮੋਹੈ॥***
***ਪ੍ਰਭ ਕੀ ਜੋਤਿ ਸਗਲ ਘਟ ਸੋਹੈ॥***
***ਧਨਵੰਤਾ ਹੋਇ ਕਿਆ ਕੋ ਗਰਬੈ॥***
***ਜਾ ਸਭੁ ਕਿਛੁ***
***ਤਿਸ ਕਾ ਦੀਆ ਦਰਬੈ॥***
***ਅਤਿ ਸੂਰਾ ਜੇ ਕੋਊ ਕਹਾਵੈ॥***
***ਪ੍ਰਭ ਕੀ ਕਲਾ ਬਿਨਾ ਕਹ ਧਾਵੈ॥***
***ਜੇ ਕੋ ਹੋਇ ਬਹੈ ਦਾਤਾਰੁ॥***
***ਤਿਸੁ ਦੇਨਹਾਰੁ ਜਾਨੈ ਗਾਵਾਰੁ॥***

***ਅੰਗ - 282***

ਇਹ ਜੀਵ ਪਹਿਲਾਂ ਹੀ ਹਉਂ ਰੋਗ ਦਾ ਗ੍ਰਸਿਆ ਹੋਇਆ ਹੈ ਇਸ ਰੋਗ ਦੇ ਕਾਰਨ ਇਸ ਦੇ ਕੀਤੇ ਹੋਏ ਕਰਮ ਸਹਿਜ ਸੁਭਾਅ ਹੀ ਇਹਦੇ ਨਾਲ ਜੁੜ ਜਾਂਦੇ ਹਨ ਅਤੇ ਕਰਮਾਂ ਦਾ ਫਲ ਭੋਗਣ ਲਈ ਜਨਮਾਂ-ਜਨਮਾਂਤਰਾਂ ਤਾਈਂ ਚੱਕਰ ਖਾਂਦਾ ਫਿਰਦਾ ਰਹਿੰਦਾ ਹੈ। ਸੋ ਇਹ ਠੱਗ ਵੀ ਜੀਵ ਨੂੰ ਬੁਰੀ ਤਰ੍ਹਾਂ ਭੁਲਾਉਂਦਾ ਹੈ।

ਇਕ ਕਥਾ ਹੈ ਕਿ ਬਾਬਾ ਫਰੀਦ ਜੀ ਇਕ ਵਾਰੀ ਇਕ ਬਜ਼ਾਰ ਵਿਚੀਂ ਲੰਘ ਰਹੇ ਸਨ ਤਾਂ ਇਕ ਘਰ ਵਿਚੋਂ ਬਹੁਤ ਦਰਦ ਭਰੀ ਆਵਾਜ਼ ਆਈ ਕਿ ਨਾ ਮਾਰੋ-ਨਾ ਮਾਰੋ। ਬਾਬਾ ਫਰੀਦ ਜੀ ਦਾ ਮਨ ਦ੍ਰਵ ਗਿਆ, ਦਰਵਾਜ਼ੇ ਨੂੰ ਦਸਤਕ ਦਿਤੀ, ਦਰਵਾਜ਼ਾ ਖੁਲ੍ਹਵਾਇਆ, ਕੀ ਦੇਖਦੇ ਹਨ ਕਿ ਦਰਵਾਜ਼ੇ ਨੂੰ ਖੋਲ੍ਹਣ ਵਾਲੀ ਇਕ ਬੀਬੀ ਜਿਸ ਦਾ ਕ੍ਰੋਧ ਨਾਲ ਚਿਹਰਾ ਬਹੁਤ ਭਿਆਨਕ ਨਜ਼ਰ ਆ ਰਿਹਾ ਹੈ, ਹੱਥ ਵਿਚ ਹੰਟਰ ਹੈ, ਬਹੁਤ ਰੁੱਖੀ ਤਰ੍ਹਾਂ ਬੋਲੀ ਕਿ ਦਰਵੇਸ਼ ਸਾਂਈ! ਦਸਤਕ ਕਿਉਂ ਦਿੰਦੇ ਹੋਂ, ਇਹ ਗ੍ਰਿਹਸਤੀਆਂ ਦਾ ਘਰ ਹੈ। ਘਰਾਂ ਵਿਚ ਤੁਹਾਨੂੰ ਤਾਂ ਹੀ ਆਉਣਾ ਚਾਹੀਦਾ ਹੈ ਜੇ ਤੁਹਾਨੂੰ ਕੋਈ ਸ਼ਰਧਾ, ਭਰੋਸੇ ਨਾਲ ਨਿਮੰਤਰਣ ਕਰੇ, ਐਵੇਂ ਬੇ-ਮਤਲਬੇ ਦਰਵਾਜ਼ੇ ਖੜਕਾਣੇ ਕੋਈ ਚੰਗੀ ਬਾਤ ਨਹੀਂ। ਕਹਿਣ ਲੱਗੇ, "ਬੀਬਾ! ਮੈਨੂੰ ਗਰਜ਼ ਤਾਂ ਕੋਈ ਨਹੀਂ ਪਰ ਮੈਂ ਇਸ ਘਰ ਵਿਚੋਂ ਚੀਕਾਂ ਦੀ ਅਵਾਜ਼ ਸੁਣੀ ਜੋ ਹਿਰਦੇ ਨੂੰ ਵਿੰਨ੍ਹਦੀਆਂ ਜਾਂਦੀਆਂ ਸਨ। ਹਰ ਸ੍ਰੇਸ਼ਟ ਬੰਦੇ ਦਾ ਫਰਜ਼ ਹੈ ਕਿ ਦੂਜਿਆਂ ਦਾ ਦੁਖ ਦੂਰ ਕਰਨ ਵਾਸਤੇ ਆਪਣਾ ਤਾਣ ਲਾਵੇ। ਸੋ ਮੈਂ ਇਸ ਭਾਵਨਾ ਨਾਲ ਦਰਵਾਜ਼ਾ ਖੜਕਾਇਆ ਹੈ। ਕੀ ਕਾਰਨ ਹੈ? ਜੇ ਮੈਂ ਕੁਝ ਮਦਦ ਕਰ ਸਕਦਾ ਹੋਵਾਂ ਤਾਂ ਮੈਨੂੰ ਦੱਸੋ?" ਇਹ ਘਰ ਵੇਸਵਾ ਦਾ ਘਰ ਸੀ ਅਤੇ ਨੱਚਣਾ, ਗਾਉਣਾ ਇਸ ਦਾ ਪੇਸ਼ਾ ਸੀ। ਕਹਿਣ ਲੱਗੀ, "ਬਾਬਾ! ਕੀ ਪੁਛਦਾ ਹੈਂ, ਤੂੰ ਸਾਧੂ ਹੈਂ, ਤੂੰ ਇਨ੍ਹਾਂ ਗੱਲਾਂ ਵਿਚੋਂ ਕੀ ਲੈਣਾ ਹੈ?" ਫਰੀਦ ਜੀ ਦੇ ਕਹਿਣ ਤੇ ਉਸ ਨੇ ਦੱਸਿਆ ਕਿ ਮੇਰਾ ਪੇਸ਼ਾ ਨੱਚਣਾ, ਗਾਉਣਾ ਹੈ, ਅਸੀਂ ਆਪਣਾ ਰੂਪ, ਸੁਹੱਪਣ ਭਰਿਆ ਬਣਾਉਂਦੀਆਂ ਹਾਂ ਤਾਂ ਕਿ ਦੇਖਣ ਵਾਲੇ ਨੂੰ ਖਿੱਚ ਪਵੇ। ਜਿਸਨੂੰ ਮੈਂ ਮਾਰ ਰਹੀ ਸੀ ਉਹ ਮੇਰੀ ਗੋਲੀ ਹੈ। ਉਸ ਨੂੰ ਮੈਂ ਸੁਰਮਾ ਰਗੜਨ ਵਾਸਤੇ ਕਿਹਾ ਸੀ ਪਰ ਉਸ ਨੇ ਸੁਰਮੇ ਵਿਚ ਕਣੀਆਂ ਛੱਡ ਦਿਤੀਆਂ, ਕਪੜ-ਛਾਣ ਚੰਗੀ ਤਰ੍ਹਾਂ ਨਹੀਂ ਕੀਤਾ ਤੇ ਜਦੋਂ ਮੈਂ ਸੁਰਮਚੂ ਨਾਲ ਸੁਰਮਾ ਪਾਇਆ ਅਤੇ ਧਾਰ ਬਣਾਈ ਤਾਂ ਇਕ ਕਣੀ ਮੇਰੀ ਅੱਖ ਵਿਚ ਚੁੱਭ ਗਈ, ਜਿਸ ਨੇ ਮੇਰੀ ਅੱਖ ਵਿਚੋਂ ਪਾਣੀ ਕੱਢ ਦਿਤਾ। ਉਸ ਨੇ ਸੁਰਮੇ ਦੀ ਧਾਰ ਗਿੱਲੀ

ਕਰ ਦਿਤੀ ਜੋ ਮੇਰੇ ਚਿਹਰੇ ਉਤੇ ਫੈਲ ਗਈ ਹੈ। ਤੁਸੀਂ ਬਾਬੇ ਲੋਕ ਇਹ ਗੱਲਾਂ ਨਹੀਂ ਜਾਣਦੇ, ਬਾਬਾ! ਸਾਡੀ ਦੁਨੀਆਂ ਹੋਰ ਹੈ, ਤੁਹਾਡੀ ਦੁਨੀਆਂ ਹੋਰ ਹੈ। ਤੁਹਾਨੂੰ ਇਹ ਗੱਲ ਸਮਝਣੀ ਬਹੁਤ ਔਖੀ ਹੈ। ਮੈਂ ਉਸਨੂੰ ਹੰਟਰਾਂ ਨਾਲ ਇਸ ਵਾਸਤੇ ਕੁੱਟਦੀ ਸੀ ਕਿ ਅੱਗੇ ਤੋਂ ਇਹ ਗਲਤੀ ਨਾ ਕਰੇ।

ਮਹਾਂਪੁਰਸ਼ ਦੱਸਿਆ ਕਰਦੇ ਹਨ ਕਿ ਬਹੁਤ ਸਮਾਂ ਬੀਤ ਗਿਆ ਕਿ ਇਕ ਵਾਰੀ ਬਾਬਾ ਫਰੀਦ ਜੀ ਆਪਣੇ ਮੁਰੀਦਾਂ ਦੇ ਨਾਲ ਕਿਤੋਂ ਬਾਹਰੋਂ ਆ ਰਹੇ ਸਨ ਅਤੇ ਆਪ ਕਬਰਸਤਾਨ ਵਿਚੋਂ ਲੰਘੇ ਜਾਂਦੇ ਇਕ ਖੋਪਰੀ ਦੇਖ ਕੇ ਰੁਕ ਗਏ। ਕਬਰ ਵਿਚ ਪਏ ਸਰੀਰ ਦਾ ਗਰਦਨ ਕੋਲੋਂ ਉਪਰਲਾ ਹਿੱਸਾ ਬਿਜੂਆਂ ਨੇ ਕਬਰ ਦੇ ਬਾਹਰ ਕੱਢ ਦਿਤਾ। ਕਬਰ ਦੇ ਦੁਆਲੇ ਝਾੜੀਆਂ ਉੱਗੀਆਂ ਹੋਈਆਂ ਸਨ ਉਹ ਝਾੜ ਵਿਚ ਫਸ ਕੇ ਕਾਫੀ ਉਚੀ ਹੋ ਗਈ। ਪੰਛੀਆਂ ਨੇ ਇਸਨੂੰ ਸੁਰਖਸ਼ਿਤ ਜਾਣ ਕੇ ਇਹਦੇ ਵਿਚ ਆਲ੍ਹਣਾ ਪਾ ਲਿਆ ਅਤੇ ਆਪਣੇ ਆਂਡੇ ਦੇ ਦਿਤੇ। ਜਦੋਂ ਆਂਡਿਆਂ ਵਿਚੋਂ ਬੱਚੇ ਨਿਕਲੇ ਤਾਂ ਉਹ ਬੱਚੇ ਅੱਖਾਂ ਦੇ ਸੁਰਾਖਾਂ ਵਿਚੋਂ ਚੁੰਝਾਂ ਕੱਢ ਕੇ ਬਾਹਰ ਨੂੰ ਝਾਕ ਰਹੇ ਸਨ। ਬਾਬਾ ਫਰੀਦ ਜੀ ਤ੍ਰਿਕਾਲਦਰਸ਼ੀ ਮਹਾਤਮਾ ਸਨ। ਉਹ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਦੇ ਧਾਰਨੀ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਵਿਚ ਸਤਿਕਾਰੇ ਗਏ ਹਨ। ਆਪ ਭੂਤ, ਭਵਿੱਖਤ, ਵਰਤਮਾਨ ਦੇ ਗਿਆਤਾ ਸਨ। ਉਹ ਖੋਪਰੀ ਦੇਖ ਕੇ ਆਪ ਨੇ ਇਹ ਜਾਨਿਆ ਕਿ ਇਹ ਤਾਂ ਉਸੇ ਬੀਬੀ ਦੀ ਖੋਪਰੀ ਹੈ ਜੋ ਸੁਰਮੇ ਦਾ ਮੋਟਾ ਕਣ ਅੱਖਾਂ ਵਿਚ ਪਾਉਣ ਕਰਕੇ ਆਪਣੀ ਗੋਲੀ ਨੂੰ ਹੰਟਰਾਂ ਨਾਲ ਮਾਰ ਰਹੀ ਸੀ। ਅੱਜ ਇਹ ਹਾਲ ਹੈ ਕਿ ਉਨ੍ਹਾਂ ਹੀ ਸੁੰਦਰ ਅੱਖਾਂ ਦੇ ਵਿਚੀਂ ਆਲ੍ਹਣੇ ਵਿਚੋਂ ਛੋਟੇ ਬੱਚੇ ਚੁੰਝਾਂ ਕੱਢ-ਕੱਢ ਕੇ ਝਾਕ ਰਹੇ ਹਨ।

ਬਾਬਾ ਜੀ ਇਹ ਦ੍ਰਿਸ਼ ਦੇਖ ਕੇ ਭਾਵ ਵਿਚ ਆ ਗਏ ਅਤੇ ਆਪ ਨੇ ਫੁਰਮਾਨ ਕੀਤਾ ਕਿ ਜਿਹੜੀਆਂ ਅੱਖਾਂ ਕੱਜਲ ਦੀ ਰੇਖ ਨਹੀਂ ਸੀ ਸਹਿੰਦੀਆਂ ਅੱਜ ਪੰਛੀਆਂ ਦੇ ਆਲ੍ਹਣਿਆਂ ਨੂੰ ਕਿਵੇਂ ਸਹਿ ਰਹੀਆਂ ਹਨ -

***ਫਰੀਦਾ ਜਿਨ ਲੋਇਣ ਜਗੁ ਮੋਹਿਆ***
***ਸੇ ਲੋਇਣ ਮੈ ਡਿਠੁ॥***
***ਕਜਲ ਰੇਖ ਨ ਸਹਦਿਆ***
***ਸੇ ਪੰਖੀ ਸੂਇ ਬਹਿਠੁ॥***

***ਅੰਗ - 1378***

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਛੋਟੇ-ਛੋਟੇ ਅਭਿਮਾਨਾਂ ਨੂੰ ਠੱਗਾਂ ਦਾ ਰੂਪ ਦੱਸਿਆ ਹੈ ਜੋ ਇਸ ਜੀਵ ਨੂੰ ਬਹੁਤ ਪਿਆਰ ਨਾਲ ਠੱਗ ਲੈਂਦੇ ਹਨ ਅਤੇ ਪ੍ਰਮੇਸ਼ਰ ਤੋਂ ਬੇਮੁਖ ਕਰਕੇ ਭੁਲਾ ਕੇ ਰੱਖਦੇ ਹਨ।

ਸੋ ਇਸ ਤਰ੍ਹਾਂ ਦੇ ਨਾਲ ਇਹ ਰੁਕਾਵਟਾਂ ਹਨ ਜੋ ਭਵਸਾਗਰ ਦੇ ਤਰਨ ਵਿਚ ਜ਼ਿੰਦਗੀ ਭਰ ਵਿਘਨ ਪਾਉਂਦੀਆਂ ਰਹਿੰਦੀਆਂ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਇਸ ਸਮੁੰਦਰ ਵਿਚ ਵੱਡੇ-ਵੱਡੇ ਭੰਵਰ ਪੈਂਦੇ ਹਨ।

ਜਿਨ੍ਹਾਂ ਨੇ ਸਮੁੰਦਰੀ ਜਹਾਜ਼ਾਂ ਰਾਹੀਂ ਸਫਰ ਕੀਤਾ ਹੈ ਉਨ੍ਹਾਂ ਨੂੰ ਪਤਾ ਹੈ ਕਿ ਸਮੁੰਦਰ ਵਿਚ ਕਿੰਨੀਆਂ ਭਿਆਨਕ ਰੁਕਾਵਟਾਂ ਨਾਲ ਵਾਹ ਪੈਂਦਾ ਹੈ। ਕਿਤੇ ਪਾਣੀ ਵਿਚ ਪਹਾੜ ਛੁਪੇ ਹੋਏ ਹਨ, ਜੇ ਉਨ੍ਹਾਂ ਨਾਲ ਜਹਾਜ਼ ਟੱਕਰ ਖਾ ਜਾਵੇ ਤਾਂ ਜਹਾਜ਼ ਟੁੱਟ ਜਾਂਦਾ ਹੈ। ਪਾਣੀ ਵਿਚ ਵੱਡੇ ਮਗਰਮੱਛ ਹਨ, ਜੇ ਉਹ ਜਹਾਜ਼ ਨੂੰ ਪਿੱਠ ਲਾ ਦੇਣ ਤਾਂ ਜਹਾਜ਼ ਉਲਟਾ ਦਿੰਦੇ ਹਨ। ਇਵੇਂ ਹੀ ਸਮੁੰਦਰ ਵਿਚ ਜਵਾਰਭਾਟੇ ਆਉਂਦੇ ਹਨ, ਤੁਫਾਨ ਆਉਂਦੇ ਹਨ, ਪਾਣੀ ਦੇ ਵਰੋਲੇ ਦੋ-ਦੋ ਸੌ ਫੁੱਟ ਉਚੇ ਚੜ੍ਹ ਜਾਂਦੇ ਹਨ, ਜੋ ਜਹਾਜ਼ ਦੀ ਪੇਸ਼ ਨਹੀਂ ਜਾਣ ਦਿੰਦੇ ਅਤੇ ਜਹਾਜ਼ ਦੇ ਟੁਕੜੇ-ਟੁਕੜੇ ਕਰ ਦਿੰਦੇ ਹਨ। ਹੁਣ ਕਰਿਆ ਕੀ ਜਾਵੇ? ਇਹ ਸਵਾਲ ਸਾਡੇ ਸਾਮ੍ਹਣੇ ਹੈ ਕਿ ਅਸੀਂ ਭਵਜਲ ਤਰਨਾ ਚਾਹੁੰਦੇ ਹਾਂ ਪਰ ਬਿਖੜੇ ਹਾਲਾਤ ਵਿਚ ਸਾਨੂੰ ਕੋਈ ਰਾਹ ਨਹੀਂ ਲੱਭਦਾ।

ਹੁਣ ਲੋੜ ਹੈ ਕਿ ਬਹੁਤ ਆਧੁਨਿਕ ਤਕਨੀਕ (latest technology) ਨਾਲ ਤਿਆਰ ਕੀਤਾ ਜਹਾਜ਼ ਲੈ ਕੇ ਪੂਰਨ ਅਨੁਭਵੀ ਕਪਤਾਨ ਜਿਸ ਨੂੰ ਸਮੁੰਦਰ ਦਾ ਪੂਰੀ ਤਰ੍ਹਾਂ ਗਿਆਨ ਹੋਵੇ ਤੇ

ਚੱਲਣ ਵਾਲੀ ਦਿਸ਼ਾ ਵਿਚ ਕੋਈ ਗਲਤੀ ਨਾ ਕਰਦਾ ਹੋਵੇ, ਜਿਸ ਨੂੰ ਸਮੁੰਦਰ ਵਿਚ ਚਲ ਰਹੀਆਂ ਰੌਆਂ ਅਤੇ ਹਵਾਵਾਂ ਦਾ ਪੂਰੀ ਤਰ੍ਹਾਂ ਗਿਆਨ ਹੋਵੇ। ਉਹ North Pole (ਉਤਰੀ ਧਰੁਵ) ਦੀ ਮਦਦ ਨਾਲ ਰਸਤੇ ਦੇ ਚੱਪੇ-ਚੱਪੇ ਤੋਂ ਜਾਣੂੰ ਹੋਵੇ, ਅਤੇ ਸਮੁੰਦਰ ਦੇ ਸੁਭਾਅ ਨੂੰ ਜਾਣਦਾ ਹੋਵੇ ਕਿ ਉਹ ਕਿਵੇਂ ਭਰਦਾ ਹੈ ਅਤੇ ਕਿਵੇਂ ਵਾਵਰੋਲੇ ਉਠਦੇ ਹਨ। ਉਹ ਮੁਸਾਫਰਾਂ ਨੂੰ ਸਹੀ ਸਲਾਮਤ ਕਿਨਾਰੇ ਉਤੇ ਪਹੁੰਚਾ ਦਿੰਦਾ ਹੈ।

ਇਸੇ ਤਰ੍ਹਾਂ ਨਾਲ ਬਹੁਤ ਵਧੀਆ ਜਹਾਜ਼ ਵਾਹਿਗੁਰੂ ਜੀ ਦਾ ਨਾਮ ਹੈ ਜਿਸ ਬਾਰੇ ਅਸੀਂ ਹਰ ਰੋਜ਼ ਅਰਦਾਸ ਪਿਛੋਂ ਪੜ੍ਹਦੇ ਹਾਂ -

***ਵਾਹਿਗੁਰੂ ਨਾਮ ਜਹਾਜ਼ ਹੈ***
***ਚੜ੍ਹੇ ਸੋ ਉਤਰੇ ਪਾਰ।***
***ਜੋ ਸ਼ਰਧਾ ਕਰ ਸੇਵਦੇ***
***ਗੁਰ ਪਾਰ ਉਤਾਰਨਹਾਰ।***

ਸਮਰੱਥ ਸਤਿਗੁਰੂ ਇਸ ਜਹਾਜ਼ ਦਾ ਕਪਤਾਨ ਹੈ। ਸੰਤ ਜੀਵ ਰੂਪੀ ਮੁਸਾਫਰਾਂ ਨੂੰ ਇਸ ਜਹਾਜ਼ ਪਰ ਸਵਾਰ ਕਰਾ ਕੇ ਅਸਥੂਲ ਮੰਡਲਾਂ ਤੋਂ ਉਨ੍ਹਾਂ ਦੀ ਸੁਰਤ ਉਚੀ ਚੁਕਦੇ ਹਨ ਕਿਉਂਕਿ ਉਨ੍ਹਾਂ ਦੀ ਡਿਊਟੀ ਵਾਹਿਗੁਰੂ ਜੀ ਵਲੋਂ ਇਸੇ ਕੰਮ ਨੂੰ ਕਰਨ ਵਾਸਤੇ ਲੱਗੀ ਹੋਈ ਹੈ।

***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ॥***

***ਅੰਗ - 1373***

ਸੰਤ ਜੀਵਾਂ ਨੂੰ ਪ੍ਰਾਕ੍ਰਿਤਕ ਪਿਆਰਾਂ ਅਤੇ ਉਨ੍ਹਾਂ ਦੀ ਚਮਕ-ਦਮਕ ਰੂਪੀ ਛਲ ਕਿਰਿਆ ਤੋਂ ਸ਼ਬਦ ਦੇ ਬਲ ਨਾਲ ਸੁਰਤੀ ਨੂੰ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰਨ ਦੀ ਜੁਗਤ ਦਸਦੇ ਹਨ ਅਤੇ ਨਿਰੰਕਾਰ ਦੇ ਦੇਸ਼ ਵਿਚ ਪਹੁੰਚਾ ਦਿੰਦੇ ਹਨ ਜੋ ਸਤਿ ਚਿੱਤ ਅਨੰਦ ਦਾ, ਅਤਿਅੰਤ ਹੀ ਸੁਖਾਂ ਭਰਿਆ ਸਾਗਰ ਹੈ। ਉਪਰ ਕਥੇ ਵਿਆਖਿਆ ਪੂਰਵਕ ਵਿਘਨਾਂ ਨੂੰ ਵਿਚਾਰ ਕੇ ਇਹ ਗੱਲ ਚੰਗੀ ਤਰ੍ਹਾਂ ਨਾਲ ਨਿਸ਼ਚੇ ਹੋ ਜਾਂਦੀ ਹੈ ਕਿ ਐਸੇ ਦੁਖ ਰੂਪ ਪਾਣੀ ਵਾਲੇ, ਆਸਾ ਤ੍ਰਿਸ਼ਨਾ ਦੀਆਂ ਲਹਿਰਾਂ ਵਾਲੇ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਦੇ ਵੱਡੇ-ਵੱਡੇ ਮਗਰਮੱਛਾਂ ਵਾਲੇ, ਆਧੀ, ਬਿਆਧੀ, ਉਪਾਧੀ ਰੂਪੀ ਭਿਆਨਕ ਤੰਦੂਆਂ ਵਾਲੇ; ਸ਼ਬਦ, ਸਪਰਸ਼, ਰੂਪ, ਰਸ, ਗੰਧ ਭੰਵਰਾਂ ਵਾਲੇ, ਅਵਿਦਿਆ, ਅਸਿਮਿਤਾ, ਰਾਗ, ਦ੍ਵੈਸ਼, ਅਭਿਨਿਵੇਸ਼ ਦੁਖਦਾਈ ਸੱਪਾਂ ਵਾਲੇ ਸਮੁੰਦਰ ਵਿਚੋਂ ਪਾਰ ਕਰਨ ਲਈ ਸਤਿਪੁਰਸ਼ ਦੇ ਮਿਲਾਪ ਦੀ ਬਹੁਤ ਹੀ ਅਵਸ਼ਕਤਾ ਹੈ। ਅੱਜ ਦਾ ਜਗਿਆਸੂ ਭੰਬਲ-ਭੂਸੇ ਖਾ ਰਿਹਾ ਹੈ ਅਤੇ ਉਸਨੂੰ ਕੋਈ ਰਾਹ ਨਹੀਂ ਲੱਭ ਰਿਹਾ।

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਡੇ ਇਸ਼ਟ ਹਨ, ਗੁਰੂ ਹਨ। ਆਪ ਦੇਹ ਧਾਰੀ ਨਹੀਂ ਹਨ, ਸ਼ਬਦ ਰੂਪ ਹਨ। ਸ਼ਬਦ ਰੂਪ ਗੁਰੂ ਨੂੰ ਸਮਝਣਾ ਹਰ ਬੰਦੇ ਦੇ ਵਸ ਦੀ ਗੱਲ ਨਹੀਂ ਹੈ। ਇਸ ਔਕੜ ਨੂੰ ਦੂਰ ਕਰਨ ਵਾਸਤੇ ਅਸਾਡੇ ਸ਼ਬਦ ਗੁਰੂ ਸਾਨੂੰ ਬਾਰ-ਬਾਰ ਤਾਕੀਦ ਕਰਦੇ ਹਨ ਕਿ ਤੁਸੀਂ ਕਿਸੇ ਪੂਰੇ ਸਤਿਪੁਰਸ਼ ਦੀ ਢੂੰਡ ਕਰੋ ਜੋ ਆਪ ਪ੍ਰਮੇਸ਼ਰ ਨਾਲ ਮਿਲਿਆ ਹੋਇਆ ਅਭੇਦ ਅਵਸਥਾ ਵਾਲਾ, ਫਨਾਹ-ਫਿਲਾਹ ਦੀ ਅਵਸਥਾ ਪ੍ਰਾਪਤ ਕਰਕੇ ਵਾਹਿਗੁਰੂ ਜੀ ਦੇ ਹੁਕਮ ਵਿਚ ਸਹਿਜੇ ਹੀ ਵਰਤ ਰਿਹਾ ਹੈ ਉਸ ਦੀ ਸੰਗਤ ਪ੍ਰਾਪਤ ਕਰਿਆਂ ਭਵਜਲ ਸਹਿਜੇ ਹੀ ਤਰ ਜਾਈਦਾ ਹੈ।

ਸਤਿਪੁਰਸ਼ ਦਾ ਮਿਲਾਪ ਪੂਰਨ ਭਾਗਾਂ ਤੋਂ ਬਿਨਾਂ ਨਹੀਂ ਹੋਇਆ ਕਰਦਾ ਅਤੇ ਨਾਮ ਦੀ ਦਾਤ, ਅਤਿ ਉਤਮ ਭਾਗ ਹੋਣ ਤਾਂ ਪ੍ਰਾਪਤ ਹੋਇਆ ਕਰਦੀ ਹੈ। ਇਸ ਤੋਂ ਵੀ ਅਤਿ ਉਤਮ ਭਾਗ ਹੋਣ ਤਾਂ ਜੀਵ ਸੰਸੇ ਨਵਿਰਤ ਕਰਕੇ ਨਾਮ ਦੀ ਕਮਾਈ ਦੀ ਲਗਨ ਵਿਚ ਲਗ ਕੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਮਨ ਚਿਤ ਇਕਾਗਰ ਕਰਕੇ ਲਗ ਜਾਇਆ ਕਰਦਾ ਹੈ। ਮਹਾਂਪੁਰਸ਼ਾਂ ਦੀ ਲਗਾਤਾਰ ਸੰਗਤ ਹੋਣ ਨਾਲ ਸਹਿਜੇ ਹੀ ਨਾਮ ਦੀ ਕਮਾਈ ਵਲ ਚਿੱਤ ਵਿਚ ਉਮਾਹ ਭਰਿਆ ਰਹਿੰਦਾ ਹੈ। ਮਹਾਰਾਜ ਜੀ ਨੇ ਫੁਰਮਾਇਆ ਹੈ -

***ਆਵੈ ਸਾਹਿਬੁ ਚਿਤਿ***

***ਤੇਰਿਆ ਭਗਤਾ ਡਿਠਿਆ॥***

***ਅੰਗ - 520***

ਮਹਾਂਪੁਰਸ਼ ਜੀਵ ਦੀ ਅੰਤਰੀਵ ਅਵਸਥਾ ਤੋਂ ਪੂਰੀ ਤਰ੍ਹਾਂ ਜਾਣੂੰ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੋਇਆ ਕਰਦਾ ਹੈ ਕਿ ਇਹ ਜੀਵ ਕਿੰਨੀ ਦੇਰ ਤੋਂ ਇਸ ਰੂਹਾਨੀ ਮਾਰਗ ਦੇ ਉਤੇ ਸਫਰ ਕਰ ਰਿਹਾ ਹੈ। ਇਕ ਜਨਮ ਵਿਚ ਅਸੀਂ ਵਿਧੀ ਪੂਰਵਕ ਗੁਰਮੰਤ੍ਰ ਦੀ ਦਾਤ ਪ੍ਰਾਪਤ ਕਰ ਲੈਂਦੇ ਹਾਂ, ਮਾਲਾ ਦੀ ਮਦਦ ਅਤੇ ਰਸਨਾ ਨਾਲ ਨਾਮ ਜਾਪ ਕਰਦੇ ਕੁਝ ਸਫਰ ਤਹਿ ਕਰ ਲੈਂਦੇ ਹਾਂ। ਜੀਵਨ ਦਾ ਅੰਤ ਹੋ ਜਾਂਦਾ ਹੈ, ਅਗਲਾ ਜਨਮ ਫੇਰ ਮਿਲ ਜਾਂਦਾ ਹੈ। ਬਚਪਨ ਤੋਂ ਹੀ ਅਜਿਹੇ ਜਗਿਆਸੂ ਦੇ ਮਨ ਵਿਚ ਇਕ ਖਿੱਚ ਪਈ ਰਹਿੰਦੀ ਹੈ ਕਿ ਮੈਂ ਜਿਸ ਕੰਮ ਨੂੰ ਕਰਨ ਲਈ ਸੰਸਾਰ ਵਿਚ ਆਇਆ ਹਾਂ ਉਸ ਵਿਚ ਲੱਗਾਂ। ਇਸ ਜਨਮ ਵਿਚ ਕੁਝ ਪੈਂਡਾ ਤਹਿ ਕਰਦਾ ਹੈ। ਇਨ੍ਹਾਂ ਗੱਲਾਂ ਨੂੰ ਮਹਾਂਪੁਰਸ਼ ਚੰਗੀ ਤਰ੍ਹਾਂ ਨਾਲ ਜਾਣ ਲੈਂਦੇ ਹਨ। ਜਗਿਆਸੂ ਦੀ ਮਨੋਬਿਰਤੀ, ਰੁਝੇਵੇਂ, ਆਰਥਿਕ ਹਾਲਤ, ਭਾਈਚਾਰਕ ਝਮੇਲੇ, ਰਾਜਸੀ ਵਾਤਾਵਰਨ ਆਦਿ ਅਨੇਕ ਗੱਲਾਂ ਦੇਖ ਕੇ ਜਗਿਆਸੂ ਨੂੰ ਉਹੋ ਜਿਹੀਆਂ ਹੀ ਜੁਗਤੀਆਂ ਦਸਦੇ ਹਨ ਜਿਨ੍ਹਾਂ ਦੇ ਵਰਤਣ ਨਾਲ ਉਹ ਤਰੱਕੀ ਕਰ ਸਕੇ। ਮਹਾਂਪੁਰਸ਼ ਅਸਥੂਲ ਮੰਡਲਾਂ ਤੋਂ ਬਿਰਤੀ ਨੂੰ ਉਚਾ ਉਠਾਉਂਦੇ ਹਨ। ਅੰਤਰਮੁਖ ਕਰਨ ਦੀ ਜਾਂਚ ਦਸਦੇ ਹਨ ਅਤੇ ਸਨੇ-ਸਨੇ ਅਸਥੂਲ ਮੰਡਲ 'ਚੋਂ ਚੁਕ ਕੇ ਨਿਰਾਕਾਰ ਮੰਡਲ ਵਿਚ ਪਹੁੰਚਾ ਦਿੰਦੇ ਹਨ, ਇਸ ਮੰਡਲ ਵਿਚ ਸਥਿਤੀ ਪਾਉਣੀ ਬਹੁਤ ਹੀ ਕ੍ਰਿਪਾ ਦੀ ਗੱਲ ਹੈ।

ਜ਼ਿਆਦਾਤਰ ਨਾਮ ਦੀ ਕਮਾਈ, ਭਰ ਜੋਬਨ ਵਿਚ ਹੋਇਆ ਕਰਦੀ ਹੈ। ਬਚਪਨ ਮੂੜ੍ਹ ਅਵਸਥਾ ਹੈ, ਅਨੇਕ ਕਿਸਮ ਦੇ ਸੰਸਕਾਰ ਬਚਪਨ ਵਿਚ ਵਾਪਰਦੇ ਹਨ ਜਿਨ੍ਹਾਂ ਤੋਂ ਬਚਣਾ ਇਕ ਬੱਚੇ ਲਈ ਬਹੁਤ ਮੁਸ਼ਕਲ ਹੈ। ਕੋਈ ਭਾਗਾਂ ਵਾਲਾ ਹੀ ਬੱਚਾ ਹੋਵੇ ਜਿਸ ਨੇ ਪਿਛਲੇ ਜਨਮਾਂ ਵਿਚ ਬਹੁਤ ਕਮਾਈ ਕੀਤੀ ਹੋਵੇ ਉਹ ਹੀ ਇਨ੍ਹਾਂ ਭੰਵਰਾਂ ਤੋਂ ਬਚ ਸਕਿਆ ਕਰਦਾ ਹੈ। ਪਰ ਇਸ ਦੇ ਵਿਪਰੀਤ ਜੁਆਨੀ ਵਿਚ ਜਗਿਆਸੂ ਸਾਰੇ ਵਿਸ਼ੇ ਵਿਕਾਰਾਂ ਵਲ ਪਿੱਠ ਕਰਕੇ, ਸਾਰੀਆਂ ਲੁਭਾਵੀਆਂ ਵਸਤਾਂ ਨੂੰ ਤੁਛ ਜਾਣ ਕੇ ਦ੍ਰਿੜ੍ਹ ਇਰਾਦੇ ਨਾਲ ਕਮਾਈ ਕਰਦਾ ਹੈ ਤਾਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿੰਦਾ ਹੋਇਆ ਸੂਖਮ ਮੰਡਲ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਕਰਕੇ ਜਵਾਨੀ ਦੀ ਉਮਰ ਨਾਮ ਜਪਣ ਵਾਸਤੇ ਬੇਹਤਰ ਮੰਨੀ ਗਈ ਹੈ। ਬੁਢਾਪਾ ਬਿਮਾਰੀਆਂ ਦਾ ਘਰ ਹੈ, ਸਰੀਰ ਕਮਜ਼ੋਰ ਹੋ ਜਾਂਦਾ ਹੈ, ਇਰਾਦਾ ਕਮਜ਼ੋਰ ਹੋ ਜਾਂਦਾ ਹੈ, ਮਨ ਦੀਆਂ ਮੱਤਾਂ, ਵਾਸ਼ਨਾਵਾਂ ਐਨੀਆਂ ਖਿੰਡ ਜਾਂਦੀਆਂ ਹਨ ਕਿ ਯਾਦਾਸ਼ਤ ਦੇ ਹਿੱਸੇ ਵਿਚ ਝਰੀਟਾਂ ਪੈ ਜਾਂਦੀਆਂ ਹਨ। ਜਿਸ ਤਰ੍ਹਾਂ ਖੂਹ ਵਿਚੋਂ ਡੋਲ ਕੱਢਦੇ ਸਮੇਂ ਆਹਿਸਤਾ-ਆਹਿਸਤਾ ਮੌਣ ਵਿਚ ਘਾਸੇ ਪੈ ਜਾਂਦੇ ਹਨ ਅਤੇ ਲੱਜ ਬਾਰ-ਬਾਰ ਉਨ੍ਹਾਂ ਘਾਸਿਆਂ ਵਿਚ ਗਿਰ ਪੈਂਦੀ ਹੈ ਇਸੇ ਤਰ੍ਹਾਂ ਨਾਲ ਬੁਢਾਪੇ ਵਿਚ ਐਨੇ ਸੰਸਕਾਰ ਜਮ੍ਹਾਂ ਹੋ ਜਾਂਦੇ ਹਨ ਕਿ ਵਾਹਿਗੁਰੂ ਦਾ ਨਾਮ ਲੈਣ ਵਾਸਤੇ ਸਿੱਧ ਪੱਧਰਾ ਰਾਹ ਹੀ ਨਹੀਂ ਮਿਲਦਾ।

***ਦੂਜੈ ਬਹੁਤੇ ਰਾਹ***
***ਮਨ ਕੀਆ ਮਤੀ ਖਿੰਡੀਆ॥***

***ਅੰਗ - 145***

ਇਸ ਵਾਸਤੇ ਬੁਢਾਪੇ ਵਿਚ ਅਭਿਆਸ ਕਰਨ ਵਾਲਾ ਕੋਈ ਵਿਰਲਾ ਹੀ ਹੋਇਆ ਕਰਦਾ ਹੈ ਜਿਸ ਉਤੇ ਸਮਰੱਥ ਗੁਰੂ ਦੀ ਮਿਹਰ ਭਰੀ ਨਜ਼ਰ ਸਦਾ ਰਹਿੰਦੀ ਹੋਵੇ।

ਬਾਬਾ ਫਰੀਦ ਜੀ ਨੇ ਆਪਣੇ ਸਾਰੇ ਜੀਵਨ ਦਾ ਤਜਰਬਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤਾ ਹੈ -

***ਫਰੀਦਾ ਕਾਲੀ ਜਿਨੀ ਨ ਰਾਵਿਆ***
***ਧਉਲੀ ਰਾਵੈ ਕੋਇ॥***
***ਕਰਿ ਸਾਂਈ ਸਿਉ ਪਿਰਹੜੀ***
***ਰੰਗੁ ਨਵੇਲਾ ਹੋਇ॥***

***ਅੰਗ - 1378***

ਪਰ ਸਾਹਿਬ ਜੀ ਨੇ ਇਸ ਵਿਚ ਤਰਮੀਮ ਕਰ ਦਿਤੀ ਕਿ ਜੇ ਵਾਹਿਗੁਰੂ ਜੀ ਦੀ ਦਇਆ ਹੋਵੇ ਤਾਂ ਉਮਰ ਇਸ ਮਾਰਗ ਵਿਚ ਕੋਈ ਰੁਕਾਵਟ ਨਹੀਂ ਪਾ ਸਕਦੀ -

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ***
***ਜੇ ਕੋ ਚਿਤਿ ਕਰੇ॥***
***ਆਪਣਾ ਲਾਇਆ ਪਿਰਮੁ ਨ ਲਗਈ***
***ਜੇ ਲੋਚੈ ਸਭੁ ਕੋਇ॥***

***ਅੰਗ - 1378***

ਪਰ ਇਹ ਹਾਲਤ ਬਹੁਤ ਹੀ ਵਿਰਲੇ ਪੁਰਸ਼ਾਂ ਨਾਲ ਸਬੰਧ ਰਖਦੀ ਹੈ। ਆਮ ਤੌਰ ਤੇ ਬੁਢਾਪੇ ਵਿਚ ਜਦੋਂ ਬੁੱਢਾ ਪੁਰਸ਼ ਚਾਰਪਾਈ ਤੇ ਪਿਆ ਮੌਤ ਦੇ ਮੂੰਹ ਵਿਚ ਨਿਘਾਰਿਆ ਜਾ ਰਿਹਾ ਹੁੰਦਾ ਹੈ ਉਸ ਵੇਲੇ ਵੀ ਦੁਨੀਆਂ ਦੇ ਖਿਆਲ ਉਸ ਦੇ ਹਿਰਦੇ ਵਿਚੋਂ ਨਹੀਂ ਨਿਕਲਦੇ ਕਿਉਂਕਿ ਉਨ੍ਹਾਂ ਦੇ ਲਗਾਤਾਰੀ ਅਧਿਆਸ ਕਾਰਨ ਉਹ ਅੰਦਰ ਸਮਾਅ ਗਏ ਹਨ, ਉਨ੍ਹਾਂ ਨੂੰ ਕੱਢਣਾ ਕੋਈ ਸੁਖਾਲੀ ਗੱਲ ਨਹੀਂ।

ਇਕ ਸਾਖੀ ਆਉਂਦੀ ਹੈ ਕਿ ਇਕ ਸੇਠ ਸਤਿਸੰਗ ਸੁਣ ਰਿਹਾ ਸੀ। ਉਸ ਨੇ ਸੁਣਿਆ ਕਿ ਜਦੋਂ ਅਜਾਮਲ ਨੂੰ ਜਮਦੂਤਾਂ ਨੇ ਫੜਿਆ ਤਾਂ ਉਸ ਨੇ ਡਰ ਕੇ ਆਪਣੇ ਪੁੱਤਰ ਨੂੰ ਹਾਕ ਮਾਰੀ ਜਿਸ ਦਾ ਨਾਮ ਨਾਰਾਇਣ ਸੀ ਜਿਸ ਨੂੰ ਸੁਣ ਕੇ ਇਕ ਦਮ ਦੇਵਗਣ ਆ ਗਏ ਤੇ ਜਮਦੂਤਾਂ ਨੂੰ ਮਾਰ ਕੇ ਨਠਾ ਦਿਤਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ***
***ਕਰਿ ਨਾਰਾਇਣ ਬੋਲਾਰੇ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ॥***

***ਅੰਗ - 981***

ਇਸ ਸੇਠ ਨੇ ਇਹ ਗੱਲ ਪੱਲੇ ਬੰਨ੍ਹ ਲਈ ਅਤੇ ਆਪਣੇ ਚਾਰੋਂ ਪੁਤਰਾਂ ਦਾ ਨਾਮ ਕ੍ਰਿਸ਼ਨ ਚੰਦਰ, ਰਾਮ ਚੰਦਰ, ਗੋਬਿੰਦ ਅਤੇ ਨਾਰਾਇਣ ਰੱਖ ਲਿਆ, ਇਸ ਖਿਆਲ ਨਾਲ ਕਿ ਮੈਂ ਚਾਰਾਂ ਵਿਚੋਂ ਕਿਸੇ ਨੂੰ ਅਵਾਜ਼ ਦੇ ਦੇਵਾਂ ਤਾਂ ਜਮਦੂਤ ਮੈਨੂੰ ਕੁਝ ਨਹੀਂ ਕਹਿਣਗੇ ਕਿਉਂਕਿ ਇਹ ਸਾਰੇ ਪ੍ਰਮੇਸ਼ਰ ਦੇ ਨਾਮ ਹਨ। ਇਸ ਸੇਠ ਨੂੰ ਇਹ ਨਹੀਂ ਪਤਾ ਸੀ ਕਿ ਪ੍ਰਮੇਸ਼ਰ, ਤਾਂ ਹੀ ਅਵਾਜ਼ ਸੁਣਦਾ ਹੈ ਜਿਥੇ ਉਸ ਨੂੰ ਪ੍ਰਮੇਸ਼ਰ ਜਾਣ ਕੇ ਆਵਾਜ਼ ਮਾਰੀ ਜਾਵੇ। ਪੁੱਤਰਾਂ ਨੂੰ ਆਵਾਜ਼ ਮਾਰਨ ਨਾਲ ਪ੍ਰਮੇਸ਼ਰ ਧੋਖਾ ਨਹੀਂ ਖਾਂਦਾ। ਖੈਰ! ਉਸ ਦਾ ਅੰਤ ਸਮਾਂ ਆ ਗਿਆ, ਉਹ ਜੀਵਨ ਭਰ ਦੇ ਸੰਸਕਾਰਾਂ ਅਧੀਨ ਹੋਇਆ ਕਰਜ਼ੇ ਲੈਣ ਦੇਣ ਦੀਆਂ ਗੱਲਾਂ, ਮਾਲ ਖਰੀਦਣ ਦੀਆਂ ਗੱਲਾਂ ਕਰੀ ਜਾਂਦਾ ਹੈ। ਭਾਈਚਾਰਕ ਪੰਚਾਇਤ, ਜੋ ਸਥਿਤੀ ਅਤਿ ਨਾਜ਼ੁਕ ਦੇਖ ਕੇ ਉਸ ਦੇ ਆਲੇ-ਦੁਆਲੇ ਬੈਠੀ ਸੀ, ਉਨ੍ਹਾਂ ਵਿਚੋਂ ਸਿਆਣੇ ਬੰਦਿਆਂ ਨੇ ਕਿਹਾ ਕਿ ਸੇਠ ਜੀ! ਤੁਸੀਂ ਪ੍ਰਮੇਸ਼ਰ ਦਾ ਨਾਮ ਲਵੋ ਪਰ ਉਹ ਆਪਣੇ ਹੀ ਵਹਿਣਾ ਵਿਚ ਪਿਆ ਹੋਇਆ ਨਿਕਲੇ ਹੀ ਨਾ। ਉਨ੍ਹਾਂ ਨੇ ਮੰਜੇ ਦੀ ਪੈਂਦ ਵਲ ਚਾਰੋਂ ਪੁੱਤਰਾਂ ਨੂੰ ਖੜ੍ਹਾ ਕਰ ਦਿਤਾ ਤੇ ਕਿਹਾ ਕਿ ਸੇਠ ਜੀ! ਆਪਣੇ ਪੁਤਰਾਂ ਦੇ ਨਾਮ ਤਾਂ ਲਵੋ ਕਿਉਂਕਿ ਉਹ ਸਮਾਂ ਐਸਾ ਸੀ ਕਿ ਉਸ ਦੇ ਹੱਥ ਕੂਹਣੀਆਂ ਤੱਕ ਤੇ ਪੈਰ ਗੋਡਿਆਂ ਤੱਕ ਠੰਢੇ ਹੋ ਚੁੱਕੇ ਸੀ। ਪ੍ਰਾਣ ਹੌਲੀ-ਹੌਲੀ ਸਿਮਟ ਰਹੇ ਸੀ ਅਤੇ ਸਿਆਣੇ ਬੰਦੇ ਦੇਖ ਰਹੇ ਸਨ ਕਿ ਹੁਣ ਇਸ ਦੇ ਸੁਆਸ ਗਿਣਵੇਂ ਹੀ ਬਾਕੀ ਰਹਿ ਗਏ ਹਨ। ਚਾਰੇ ਪੁੱਤਰਾਂ ਨੂੰ ਸਾਮ੍ਹਣੇ ਕਰਨ ਦਾ ਮਤਲਬ ਸੀ ਕਿ ਸ਼ਾਇਦ ਇਨ੍ਹਾਂ ਦੇ ਨਾਮ ਜੋ ਪ੍ਰਮੇਸ਼ਰ ਦੇ ਨਾਮ ਨਾਲ ਮਿਲਦੇ ਹਨ, ਇਹ ਲੈਣ ਦੇ ਨਾਲ ਇਸ ਨੂੰ ਪ੍ਰਮੇਸ਼ਰ ਯਾਦ ਆ ਜਾਵੇ ਅਤੇ ਭਵਜਲ ਤੋਂ ਪਾਰ ਹੋ ਜਾਵੇ ਪਰ ਉਸ ਦੇ ਦੁਨਿਆਵੀ ਸੰਸਕਾਰ ਐਨੇ ਪੱਕੇ ਸਨ ਕਿ ਪ੍ਰਮੇਸ਼ਰ ਦਾ ਨਾਮ ਜ਼ੁਬਾਨ ਤੇ ਲਿਆਉਂਦਾ ਹੀ ਨਹੀਂ ਸੀ। ਜਦੋਂ ਚਾਰੇ ਪੁਤਰਾਂ ਨੂੰ ਇਸ ਨੇ ਦੇਖਿਆ ਤਾਂ ਕਹਿਣ ਲੱਗਿਆ, "ਓਏ! ਤੁਸੀਂ ਸਾਰੇ ਹੀ ਦੁਕਾਨਾਂ ਬੰਦ ਕਰਕੇ ਆ ਗਏ, ਦੁਕਾਨਾਂ ਸੁੰਨੀਆਂ ਛੱਡ ਆਏ?" ਐਨਾ ਕਹਿ ਕੇ ਹਟਕੋਰਾ ਲਿਆ ਕਿ ਉਸ ਦੇ ਪ੍ਰਾਣਾਂ ਦਾ ਅੰਤ ਆ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਬੁਢਾਪੇ ਦੇ ਵਿਚ ਮਨ ਜਦੋਂ ਬੇਅੰਤ ਰਾਹਾਂ ਤੇ ਖਿੰਡਿਆ ਹੋਇਆ ਹੋਵੇ ਤਾਂ ਨਾਮ ਜਪ ਕੇ ਪ੍ਰਮ ਪਦ ਦੀ ਪ੍ਰਾਪਤੀ ਕਿਸੇ ਵਿਰਲੇ ਦੇ ਹਿੱਸੇ ਵਿਚ ਆਇਆ ਕਰਦੀ ਹੈ। ਇਸ ਵਾਸਤੇ ਹੀ ਸਾਰੇ ਬਜ਼ੁਰਗਾਂ ਨੇ ਜੁਆਨ ਉਮਰ ਨੂੰ ਮੰਜ਼ਿਲੇ-ਮਕਸੂਦ ਪਰ ਪਹੁੰਚਣ ਵਾਸਤੇ ਬਹੁਤ ਅੱਛਾ ਮੰਨਿਆ ਹੈ। ਮਹਾਂਪੁਰਸ਼ਾਂ ਦੀ ਅਖਾਉਤ ਹੈ –

***ਭਵ ਸਾਗਰ ਕੇ ਤਰਨ ਕਉ***
***ਤਰਲ ਅਵਸਥਾ ਆਹਿ।***

ਜੁਆਨ ਉਮਰ ਵਿਚ ਜਿਹੜੇ ਅਭਿਆਸੀ ਬੈਰਾਗ ਦੇ ਅਧੀਨ ਹੋ ਕੇ ਘਾਲਾਂ ਘਾਲਦੇ ਹਨ ਉਹ ਆਪਣੇ ਮਨ ਅਤੇ ਸੁਰਤ ਨੂੰ ਵਾਹਿਗੁਰੂ ਨਾਲ ਐਨਾ ਜੋੜ ਲੈਂਦੇ ਹਨ ਕਿ ਹਰ ਸਮੇਂ ਜਿਵੇਂ ਚਸ਼ਮੇ ਵਿਚੋਂ ਪਾਣੀ ਨਿਕਲਦਾ ਹੈ ਉਨ੍ਹਾਂ ਦੇ ਅੰਦਰੋਂ ਨਾਮ ਧੁਨ ਦਾ ਚਸ਼ਮਾ ਚਲਦਾ ਹੈ ਅਤੇ ਹਿਰਦੇ ਦੇ ਪਿਆਰ ਨਾਲ ਵਾਹਿਗੁਰੂ ਨੂੰ ਖਿਚਦੇ ਰਹਿੰਦੇ ਹਨ। ਮਹਾਂਪੁਰਸ਼ਾਂ ਦੀ ਸੰਗਤ ਕਰਕੇ ਸਨੇ-ਸਨੇ ਤਰੱਕੀ ਕਰਦੇ-ਕਰਦੇ ਆਪਣੀ ਸੁਰਤ ਨੂੰ ਵਾਹਿਗੁਰੂ ਵਿਚ ਜੋੜ ਲੈਂਦੇ ਹਨ। ਉਨ੍ਹਾਂ ਦੀ ਘਾਲ ਕਮਾਈ ਵੇਖ ਕੇ ਪ੍ਰਭੂ ਦੀ ਪ੍ਰਸੰਨਤਾ ਹੁੰਦੀ ਹੈ, ਗੁਰੂ ਪ੍ਰਸੰਨ ਹੁੰਦਾ ਹੈ। ਪੂਰਨ ਤੱਤ ਬੇਤੇ ਮਹਾਂਪੁਰਸ਼ ਉਨ੍ਹਾਂ ਨੂੰ ਤੱਤ ਸ਼ਬਦ ਦਾ ਗਿਆਨ ਕਰਾ ਕੇ ਬ੍ਰਹਮਗਿਆਨ ਦੀ ਪ੍ਰਾਪਤੀ ਕਰਾ ਦਿੰਦੇ ਹਨ। ਪਿਛਲੀ ਉਮਰ ਤਾਂ ਆਤਮ ਅਨੰਦ ਵਿਚ ਮਸਤ ਰਹਿ ਕੇ ਆਪਣਾ ਸਮਾਂ ਬਤੀਤ ਕਰਨ ਵਾਲੀ ਹੁੰਦੀ ਹੈ। ਸਰੀਰ ਪਰਾਲਬਧ ਵਸ ਆਪਣੇ ਆਪ ਹੀ ਚੱਲਿਆ ਕਰਦੇ ਹਨ। ਵਾਹਿਗੁਰੂ ਜੀ ਦਾ ਹੁਕਮ ਸਾਰੀ ਸ੍ਰਿਸ਼ਟੀ ਵਿਚ ਵਰਤ ਰਿਹਾ ਹੈ। ਉਸ ਹੁਕਮ ਨੂੰ ਪਛਾਣਦਿਆਂ ਪ੍ਰਭੂ ਵਿਚ ਲੀਨ ਰਹਿੰਦੇ ਹਨ। ਆਪਣਾ ਆਪਾ ਭਾਵ ਮਿਟਾ ਕੇ ਵਾਹਿਗੁਰੂ ਵਿਚ ਐਉਂ ਲੀਨ ਹੋ ਜਾਂਦੇ ਹਨ ਜਿਵੇਂ ਸਮੁੰਦਰ ਵਿਚ ਲਹਿਰ ਅਤੇ ਰੱਸੀ ਵਿਚ ਭੁਲੇਖੇ ਦੇ ਅਧਿਆਸ ਕਰਕੇ ਸਮਝਿਆ ਹੋਇਆ ਸੱਪ, ਵਾਹਿਗੁਰੂ ਦਾ ਰੂਪ ਬਣ ਜਾਂਦੇ ਹਨ। ਇਸ ਅਵਸਥਾ ਵਿਚ, ਅਨੰਦ ਦੇ ਸਮੁੰਦਰ ਵਿਚ ਮਹਾਨ ਸੁਖ, ਵਿਦੇਹ ਮੁਕਤੀ ਦਾ ਅਨੰਦ ਪ੍ਰਾਪਤ ਕਰਦੇ ਹਨ ਅਤੇ ਮੁੜ ਕੇ ਸਰੀਰ ਧਾਰਨ ਨਹੀਂ ਕਰਿਆ ਕਰਦੇ।

ਇਹ ਸੰਸਾਰ ਇਕ ਸੁਪਨਾ ਹੈ। ਜਿਸ ਤਰ੍ਹਾਂ ਸੁਪਨਾ ਲੈਣ ਵਾਲਾ ਮਨੁੱਖ ਆਪਣੀ ਚਾਰਪਾਈ ਤੇ ਆਪ ਇਕੱਲਾ ਹੀ ਸੁਪਨੇ ਵਿਚ ਅਨੇਕ ਰੂਪ ਹੋ ਕੇ ਤ੍ਰਿਕੁਟੀਆਂ ਰਾਹੀਂ ਬਹੁਤ ਕਿਸਮ ਦੀਆਂ ਲੀਲਾਵਾਂ ਕਰਦਾ, ਭੋਗਦਾ ਪ੍ਰਤੀਤ ਹੋਇਆ ਕਰਦਾ ਹੈ, ਕਰਤਾ-ਕਿਰਿਆ-ਕਰਮ, ਧਿਆਤਾ-ਧਿਆਨ-ਧੇਅ; ਗਿਆਤਾ-ਗਿਆਨ-ਗੇਅ; ਦ੍ਰਿਸ਼ਟਾ-ਦਰਸ਼ਨ-ਦ੍ਰਿਸ਼ ਇਹ ਸਾਰੀਆਂ ਤ੍ਰਿਪਟੀਆਂ ਆਪ ਹੀ ਹੋਇਆ ਕਰਦਾ ਹੈ। ਜਦੋਂ ਉਸ ਦਾ ਖਿਆਲ ਸਮਾਪਤ ਹੋ ਜਾਂਦਾ ਹੈ ਤਾਂ ਆਪਣੇ ਆਪ ਨੂੰ ਉਸ ਚਾਰਪਾਈ ਤੇ ਪਿਆ ਹੀ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਇਹ ਜੀਵ ਅੰਤਹਕਰਨ ਰੂਪੀ ਪਲੰਘ ਤੇ ਸੁਤਾ ਪਿਆ ਹੋਇਆ ਚਾਰੇ ਪਾਸੇ ਆਪਣਾ ਹੀ ਰੂਪ ਦੇਖਦਾ ਹੈ। ਪਰ ਜਦੋਂ ਇਹ ਆਪਣੇ ਖਿਆਲ ਨੂੰ ਸ਼ਾਂਤ ਕਰ ਲੈਂਦਾ ਹੈ ਤਾਂ ਸਿਵਾਏ ਆਪਣੇ ਆਪ ਦੇ ਇਸ ਸੰਸਾਰ ਵਿਚ ਕੋਈ ਵੀ ਨਜ਼ਰ ਨਹੀਂ ਆਉਂਦਾ। ਆਪਣਾ ਆਪ ਵੀ ਕਹਿਣਾ ਨਹੀਂ ਬਣਦਾ, ਕੇਵਲ ਕੇਵਲੀ ਅਦ੍ਵੈਤ, ਨਿਰਾਕਾਰ ਅਤੇ ਨਿਰਵਿਕਲਪ ਹੀ ਹੋਇਆ ਕਰਦਾ ਹੈ।

ਮਨ ਦੀ ਕਲਪਨਾ ਨੇ ਹੀ ਇਕ ਨੂੰ ਅਨੇਕ, ਨਿਰਾਕਾਰ ਨੂੰ ਸਾਕਾਰ ਅਤੇ ਅਨੰਦ ਨੂੰ ਦੁਖ ਰੂਪ ਕਰਕੇ ਦਿਖਾ ਦਿਤਾ। ਇਥੋਂ ਤਕ ਕਿ ਆਤਮ ਦੇਵ ਇਸ ਸੰਕਲਪ ਦੇ ਅਧਾਰ ਕਰਕੇ ਜੀਵ ਦੁਖਾਂ ਦਾ ਸ਼ਿਕਾਰ ਹੋ ਗਿਆ ਅਤੇ ਪਰਤੰਤਰ ਹੋ ਕੇ ਬੰਧਨਾਂ ਵਿਚ ਪੈ ਗਿਆ। ਜਿਸ ਵਕਤ ਇਸ ਦੇ ਪੂਰਬਲੇ ਕਰਮ ਜਾਗਣ ਤੇ ਪੂਰਨ ਮਹਾਂਪੁਰਸ਼ਾਂ ਦਾ ਮਿਲਾਪ ਹੋ ਜਾਵੇ ਤਾਂ ਮਹਾਂਪੁਰਸ਼ਾਂ ਦੀ ਦੱਸੀ ਹੋਈ ਜੁਗਤੀ ਦੇ ਮੁਤਾਬਿਕ ਵਿਸ਼ੇ-ਵਾਸ਼ਨਾ ਅਤੇ ਅਨੇਕਾਂ ਕਲਪਨਾਵਾਂ ਤੋਂ ਮਨ ਨੂੰ ਰੋਕ ਕੇ ਗੁਰ ਸ਼ਬਦ ਦਾ ਅਭਿਆਸ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਨਾਲ ਮਨ ਦੀ ਮੈਲ ਖਤਮ ਹੋ ਜਾਇਆ ਕਰਦੀ ਹੈ ਅਤੇ ਮਨ ਇਕਾਗਰ ਹੋਣ ਲਗ ਜਾਂਦਾ ਹੈ ਅਤੇ ਸ਼ਾਂਤੀ ਮਹਿਸੂਸ ਕਰਦਾ ਹੈ। ਜਿਉਂ-ਜਿਉਂ ਇਸ ਦੀ ਬਿਰਤੀ ਅੰਤਰਮੁਖ ਹੁੰਦੀ ਜਾਂਦੀ ਹੈ, ਧਾਰਨਾ ਧਿਆਨ ਦੀ ਪ੍ਰਪੱਕਤਾ ਕਰਕੇ ਸਮਾਧੀ ਵਿਚ ਲੀਨ ਹੋ ਜਾਇਆ ਕਰਦਾ ਹੈ ਅਤੇ ਮਹਾਂ ਸੁਖ ਪ੍ਰਾਪਤ ਕਰਦਾ ਹੈ। ਬ੍ਰਹਮਗਿਆਨ ਦੀ ਕ੍ਰਿਪਾ ਨਾਲ ਇਸ ਦਾ ਮਨ ਅ-ਮਨ ਹੋ ਜਾਂਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ ਖ੍ਹੈ ਹੋ ਜਾਂਦੀਆਂ ਹਨ। ਤੱਤ ਗਿਆਨ ਪ੍ਰਤੱਖ ਰੂਪ ਵਿਚ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਸੰਸਾਰ ਭੀ ਮਿਟ ਜਾਂਦਾ ਹੈ ਅਤੇ ਸਾਰਾ ਹੀ ਵਾਹਿਗੁਰੂ ਰੂਪ ਨਜ਼ਰੀ ਪੈਂਦਾ ਹੈ। ਨਿਰਵਿਕਲਪ ਸਮਾਧੀ ਲਗ ਜਾਂਦੀ ਹੈ। ਨਿਰੰਕਾਰ ਪੂਰੀ ਤਰ੍ਹਾਂ ਨਾਲ ਮਨ ਵਿਚ ਵਸ

ਜਾਂਦਾ ਹੈ ਅਤੇ ਇਸ ਦਾ ਅਹੰਭਾਵ ਲੀਨ ਹੋ ਕੇ ਕੋਈ ਅਸਿਤਤ੍ਵ ਨਹੀਂ ਰਿਹਾ ਕਰਦਾ ਇਹ ਪੂਰੀ ਤਰ੍ਹਾਂ ਨਾਲ ਵਾਹਿਗੁਰੂ ਵਿਚ ਲੀਨ ਹੋ ਜਾਇਆ ਕਰਦਾ ਹੈ।

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਸਿਧਾਂਤ ਤੋਂ ਉਪਰ ਹੋਰ ਕੋਈ ਵਿਚਾਰ ਨਹੀਂ –

***ਇਸ ਤੇ ਊਪਰਿ ਨਹੀ ਬੀਚਾਰੁ॥***
***ਜਾ ਕੈ ਮਨਿ ਬਸਿਆ ਨਿਰੰਕਾਰੁ॥***
***ਅੰਗ – 292***

ਬਿਰਤੀ ਬ੍ਰਹਮਾਕਾਰ, ਬ੍ਰਹਮ ਅਭਿਆਸ ਕਰਕੇ ਹੋ ਜਾਂਦੀ ਹੈ ਅਤੇ ਬਿਰਤੀ ਦਾ ਵੀ ਅਭਾਵ ਹੋ ਜਾਇਆ ਕਰਦਾ ਹੈ ਅਤੇ ਸਦਾ ਹੀ ਸਹਿਜ ਸਮਾਧ ਵਿਚ ਆਪਾ ਭਾਵ ਗੁਆ ਕੇ ਵਾਹਿਗੁਰੂ ਜੀ ਦਾ ਰੂਪ ਹੀ ਹੋਇਆ ਕਰਦਾ ਹੈ। ਜਿਵੇਂ ਉਠਦੀਆਂ ਲਹਿਰਾਂ ਪਾਣੀ ਵਿਚ ਰਲ ਕੇ ਪਾਣੀ ਹੋ ਜਾਂਦੀਆਂ ਹਨ ਇਸੇ ਤਰ੍ਹਾਂ ਨਾਲ ਇਸ ਲੰਮੇ ਅਭਿਆਸ ਕਾਰਨ ਦ੍ਵੈਤ ਦਾ ਨਾਸ਼ ਹੋ ਜਾਂਦਾ ਹੈ। ਵਾਹਿਗੁਰੂ ਹੀ ਆਦਿ ਵਿਚ ਸੀ, ਵਾਹਿਗੁਰੂ ਹੀ ਜੁਗਾਦਿ ਵਿਚ ਹੈ, ਵਾਹਿਗੁਰੂ ਹੀ ਹੁਣ ਹੈ ਅਤੇ ਵਾਹਿਗੁਰੂ ਜੀ ਹੀ ਹੋਵੇਗਾ। ਉਹ ਆਪਣੇ ਖੇਲ੍ਹ ਆਪ ਹੀ ਕਰ ਰਿਹਾ ਹੈ। ਕੇਵਲ ਵਾਹਿਗੁਰੂ ਜੀ ਦੀ ਮਾਇਆ ਸ਼ਕਤੀ ਨੇ ਉਸ ਇਕ ਏਕਤਾ ਨੂੰ ਅਨੇਕਤਾ ਵਿਚ ਵੰਡ ਦਿਤਾ ਜੋ ਅਸੱਤਿ ਹੈ, ਮਨ ਦਾ ਭਰਮ ਹੈ, ਮਾਇਆਵੀ ਛਲ ਹੈ। ਅਸੀਂ ਇਸ ਅਨੇਕਤਾ ਵਿਚੋਂ ਏਕਤਾ ਦੇਖਣੀ ਹੈ ਜਿਵੇਂ ਕਿ ਫੁਰਮਾਨ ਹੈ –

***ਆਪੇ ਪਟੀ ਕਲਮ ਆਪਿ***
***ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥***
***ਅੰਗ – 1291***

ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਬਚਨ ਕੀਤੇ – ਤੁਲਾ ਅਵਿਦਿਆ, ਲੇਸ਼ਾ ਅਵਿਦਿਆ ਬਾਰੇ ਬੜੇ ਵਿਸਥਾਰ ਨਾਲ ਸਮਝਾਇਆ, ਇਹ ਬਚਨ ਸਾਡੀ ਸਮਝ ਤੋਂ ਪਰ੍ਹੇ ਸਨ। ਹਾਜ਼ਰ ਜਗਿਆਸੂਆਂ ਨੇ ਇਤਨੇ ਮਹਾਨ ਬਚਨ ਸੁਣ ਕੇ ਸੀਸ ਨਿਵਾਇਆ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸਾਡੇ ਉਪਰ ਕ੍ਰਿਪਾ ਕਰੋ ਅਸੀਂ ਭੁੱਲੇ ਹੋਏ ਜੀਵ ਹਾਂ। ਕੱਲ੍ਹ ਨੂੰ ਆਪ ਦੇ ਦੀਵਾਨ ਦਾ ਅੰਤਮ ਦਿਨ ਹੈ ਅਤੇ ਪਤਾ ਲੱਗਿਆ ਹੈ ਕਿ ਅੰਮ੍ਰਿਤ ਵੇਲੇ ਦੀ ਕੁਰਸੀ ਕਲ੍ਹ ਨੂੰ ਨਹੀਂ ਲੱਗਣੀ, ਆਪ ਨੇ ਹੁਸ਼ਿਆਰਪੁਰ ਜ਼ਿਲੇ ਦੇ ਦੂਰ ਦੇ ਪਿੰਡ, ਕਾਠਗੜ੍ਹ ਵਿਚ ਚਰਨ ਪਾਉਣ ਜਾਣਾ ਹੈ। ਸੋ ਅਸਾਨੂੰ ਆਪ ਦੇ ਦਰਸ਼ਨ ਨਹੀਂ ਹੋ ਸਕਣੇ, ਹੁਣ ਹੀ ਅਸਾਡੇ ਉਪਰ ਮਿਹਰ ਦੀ ਨਦਰ ਕਰੋ, ਅਸੀਂ ਨਾ ਭੁੱਲੀਏ ਕਿਉਂਕਿ ਜੋੜਨ ਵਾਲੇ ਮਹਾਂਪੁਰਸ਼ ਹੀ ਹੋਇਆ ਕਰਦੇ ਹਨ, ਤੋੜਨ ਵਾਲਿਆਂ ਦੀਆਂ ਤਾਂ ਧਾੜਾਂ ਦੀਆਂ ਧਾੜਾਂ ਫਿਰਦੀਆਂ ਹਨ, ਜੋ ਜੀਵ ਨੂੰ ਭੰਬਲ ਭੂਸਿਆਂ ਵਿਚ ਪਾਈ ਰਖਦੀਆਂ ਹਨ ਅਤੇ ਅਸੀਂ ਫੇਰ ਰਾਹ ਤੋਂ ਭਟਕ ਜਾਂਦੇ ਹਾਂ, ਬੇਅੰਤ ਕਿਸਮ ਦੇ ਸ਼ੰਕੇ ਸਾਡੇ ਮਨਾਂ ਵਿਚ ਉਠ ਖੜ੍ਹਦੇ ਹਨ। ਮਹਾਰਾਜ ਜੀ ਨੇ ਸੁਣ ਕੇ ਕਿਹਾ, "ਪ੍ਰੇਮੀਓ! ਇਸ ਦਾ ਇਕੋ-ਇਕ ਇਲਾਜ ਸਤਿਸੰਗਤ ਹੋਇਆ ਕਰਦੀ ਹੈ। ਤੁਹਾਡੇ ਵਿਚੋਂ ਕਈ ਉਤਮ ਨਾਮ ਰਸੀਏ ਹਨ ਤੁਸੀਂ ਇਨ੍ਹਾਂ ਦੀ ਸੰਗਤ ਕਰਿਆ ਕਰੋ। ਤੁਹਾਡੀ ਬਿਰਤੀ ਪ੍ਰਭੂ ਦੇ ਨਾਲ ਲੱਗੀ ਰਹੇਗੀ।" ਸਮਾਂ ਹੋ ਗਿਆ, ਮਹਾਰਾਜ ਜੀ ਉਠ ਕੇ ਆਪਣੇ ਨਿੱਜ ਅਸਥਾਨ ਵਲ ਨੂੰ ਜਾਣ ਲੱਗੇ, ਸਾਰਿਆਂ ਨੇ ਸੀਸ ਨਿਵਾਇਆ ਤੇ ਧੰਨਵਾਦ ਕੀਤਾ। ਕਈ ਪ੍ਰੇਮੀਆਂ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਸੀ। ਆਉਣ ਵਾਲੇ ਵਿਛੋੜੇ ਦਾ ਦੁਖ ਉਨ੍ਹਾਂ ਦੇ ਅੰਦਰ ਉਥੱਲ-ਪੁਥੱਲ ਮਚਾ ਰਿਹਾ ਸੀ। ਸੰਤ ਮਹਾਰਾਜ ਜੀ ਨੇ ਅਸੀਸ ਦਿਤੀ ਕਿ ਵਾਹਿਗੁਰੂ ਜੀ ਆਪ ਉਪਰ ਕ੍ਰਿਪਾ ਕਰਨ ਅਤੇ ਮਹਾਂਪੁਰਸ਼ਾਂ ਦੀ ਸੰਗਤ ਬਖਸ਼ਣ ਤਾਂ ਕਿ ਤੁਸੀਂ ਇਸੇ ਜਨਮ ਵਿਚ ਜਨਮ ਦਾ ਲਾਹਾ ਖੱਟ ਸਕੋਂ।

# ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥

## ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

4 ਅਗਸਤ 1905 ਨੂੰ ਸੰਸਾਰ ਵਿਚ ਪਟਿਆਲਾ ਜ਼ਿਲੇ ਵਿਚ, ਪਿੰਡ ਆਲੋਵਾਲ, ਨੰਬਰਦਾਰ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ ਇਕ ਪ੍ਰਕਾਸ਼ਮਈ ਵਜੂਦ ਬਾਲ ਰੂਪ ਵਿਚ ਪ੍ਰਗਟ ਹੋਇਆ। ਸਮਾਂ ਲੰਘਦਾ ਗਿਆ, ਮੁੱਢਲੇ ਅੱਖਰਾਂ ਦੀ ਵਿਦਿਆ ਪਿੰਡ ਆਲੋਵਾਲ ਵਿਚ ਸੁਚੱਜੇ ਅਧਿਆਪਕਾਂ ਰਾਹੀਂ ਪ੍ਰਾਪਤ ਕੀਤੀ ਅਤੇ ਛੋਟੀ ਜਮਾਤ ਤੋਂ ਆਪ ਪਟਿਆਲਾ ਮਾਡਲ ਸਕੂਲ ਵਿਚ ਦਾਖਲ ਹੋਏ। ਉਥੇ ਆਪ ਦਾ ਟੀ. ਐਲ. ਬਿਸਵਾਨੀ ਜੋ ਸਿੰਧੀ ਮਹਾਤਮਾ ਸਨ, ਨਾਲ ਸੰਪਰਕ ਹੋਇਆ ਜਿਨ੍ਹਾਂ ਦੀ ਪ੍ਰੇਰਨਾ ਦੇ ਸਦਕੇ ਆਪ ਨੇ 'ਜਪੁਜੀ ਸਾਹਿਬ' ਦੋ ਤਿੰਨ ਦਿਨਾਂ ਵਿਚ ਹੀ ਯਾਦ ਕਰ ਲਿਆ। ਪਿਛਲੇ ਪੂਰਬਲੇ ਜਨਮਾਂ ਦੇ ਸੰਸਕਾਰ ਆਪ ਜੀ ਨੂੰ ਮਹਾਂਪੁਰਸ਼ਾਂ ਦੇ ਦਰਸ਼ਨਾਂ ਤੇ ਨੇੜਲੇ ਮਿਲਾਪ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਉਸ ਸਮੇਂ ਦੇ ਮਹਾਨ ਬੀਤ ਰਾਗ ਉਚ ਕੋਟੀ ਦੇ ਮਹਾਂਪੁਰਸ਼ਾਂ, ਮਹਾਤਮਾ ਰਾਮ ਦਾਸ ਜੀ ਅਤੇ ਹਰਨਾਮ ਦਾਸ ਜੀ ਖੇੜੇ ਪਿੰਡ ਵਾਲੇ ਅਤੇ ਤ੍ਰਿਪੜੀ ਦੇ ਬਹੁਤ ਹੀ ਸੂਖਮ ਬਿਰਤੀ ਵਾਲੇ ਸੰਤ ਸੰਤੋਖ ਦਾਸ ਜੀ ਜੋ ਬਹੁਤ ਹੀ ਸਫਾਈ ਪਸੰਦ ਸਨ, ਨਾਲ ਬਹੁਤ ਨੇੜੇ ਦਾ ਸੰਪਰਕ ਹੋਇਆ। ਬਾਬਾ ਧਿਆਨਾ ਜੀ ਪੂਰਨ ਬ੍ਰਹਮਗਿਆਨੀ ਜੋ ਉਸ ਸਮੇਂ ਸਾਰੇ ਪਟਿਆਲੇ ਸ਼ਹਿਰ ਵਿਚ ਪ੍ਰਮ ਪੂਜ ਮਹਾਂਪੁਰਸ਼ ਸਨ, ਉਨ੍ਹਾਂ ਦੀ ਕ੍ਰਿਆ ਨੂੰ ਵੀ ਆਪ ਨੇ ਬਹੁਤ ਗਹੁ ਨਾਲ ਤੱਕਿਆ। ਮੋਤੀ ਬਾਗ ਦੇ ਪਿਛਲੇ ਪਾਸੇ ਸੁਧਾਸਰ ਸਰੋਵਰ ਬਹੁਤ ਹੀ ਇਕਾਂਤ ਸਥਾਨ ਤੇ ਸਥਿਤ ਸੀ, ਉਥੇ ਪ੍ਰਮ ਸੰਤ ਸੋਹਨ ਦਾਸ ਜੀ ਰਹਿੰਦੇ ਸਨ। ਉਨ੍ਹਾਂ ਨਾਲ ਆਪ ਦਾ ਬਹੁਤ ਹੀ ਨੇੜਤਾ ਦਾ ਸੰਪਰਕ ਪੈਦਾ ਹੋ ਗਿਆ। ਇਸ ਬਾਲਕ ਨੂੰ ਸੰਸਾਰ ਨੇ ਗੁਲਾਬ ਸਿੰਘ ਕਹਿ ਕੇ ਪੁਕਾਰਿਆ ਜੋ ਗੁਲਾਬ ਦੀ ਸੁੰਦਰਤਾ, ਮਧੁਰਤਾ, ਭੋਲੇਪਨ ਅਤੇ ਸੁਗੰਧੀ ਭਰਿਆ ਵਜੂਦ ਸਚਮੁੱਚ ਗੁਲਾਬ ਦਾ ਫੁੱਲ ਹੀ ਸੀ। ਜੋ ਇਕ ਵਾਰੀ ਦੇਖ ਲੈਂਦਾ ਉਹ ਇਸ ਦੇ ਮਿਕਨਾਤੀਸੀ ਖਿੱਚ ਵਾਲੇ ਰੂਹਾਨੀ ਪ੍ਰਭਾਵ ਵਾਲੇ ਨੇਤਰਾਂ ਦੀ ਝਾਲ ਨਾ ਝੱਲ ਸਕਦਾ। ਸਿੱਧੀ ਅੱਖ ਮਿਲਣ ਨਾਲ ਅੰਦਰ vibration ਪੈਦਾ ਹੋ ਜਾਂਦੀ ਅਤੇ ਵੇਖਣ ਵਾਲੇ ਦੇ ਹਿਰਦੇ ਵਿਚ ਆਪ ਮਲਕੜੇ ਜਿਹੇ ਵਸ ਜਾਇਆ ਕਰਦੇ ਸਨ। ਇਸੇ ਕਰਕੇ ਇਹ ਸਾਰੇ ਸਾਧੂ ਆਪ ਜੀ ਨਾਲ ਬਹੁਤ ਹੀ ਅਪਣੱਤ ਭਰਿਆ ਹਿਤ ਰੱਖਿਆ ਕਰਦੇ ਸਨ ਅਤੇ ਅੰਦਰੋਂ ਦਰਸ਼ਨਾਂ ਦੀ ਲੋਚਾ ਰੱਖਿਆ ਕਰਦੇ ਸਨ। ਮਹਾਤਮਾ ਟੀ. ਐਲ. ਬਿਸਵਾਨੀ ਦੇ ਮਿਲਣ ਨਾਲ ਉਨ੍ਹਾਂ ਦੇ ਬਚਨ ਸੁਣ ਕੇ ਅੰਦਰ ਰੂਹਾਨੀ ਸੂਝ ਜਾਗ ਗਈ। ਪਿਛਲੇ ਜਨਮ ਵਿਚ ਆਪ ਜੀ ਨੇ ਆਪਣਾ ਆਪਾ ਭਾਵ ਪੂਰੀ ਤਰ੍ਹਾਂ ਨਾਲ ਸਮਰੱਥ ਜੋਤ ਵਿਚ ਲੀਨ ਕਰਕੇ ਪ੍ਰਵਾਨ ਰੂਹਾਂ ਦੀ ਪਦਵੀ ਪ੍ਰਾਪਤ ਕੀਤੀ ਅਤੇ ਸੰਸਾਰ ਦੇ ਕਲਿਆਣ ਲਈ ਪ੍ਰਭੂ ਨੇ ਆਪ ਨੂੰ ਸੰਤ ਅਵਤਾਰ ਦੇ ਰੂਪ ਵਿਚ ਚੁਣਿਆ। ਕਹਿਣ ਵਾਸਤੇ ਕਿਹਾ ਜਾਂਦਾ ਹੈ ਕਿ ਆਪ ਨੇ ਜਨਮ ਧਾਰਨ ਕੀਤਾ ਪਰ ਰੂਹਾਨੀ ਅਨੁਭਵ ਦੇ ਪ੍ਰਕਾਸ਼ ਵਿਚ ਪ੍ਰਵੇਸ਼ ਕਰਨ ਲਈ ਰੂਪ ਧਾਰੇ ਹੋਏ ਹਨ ਜਿਸ ਦੇ ਸਿੱਟੇ ਵਜੋਂ ਬਾਬਾ ਬੀਰਮਦਾਸ ਜੀ ਬਦੌਸ਼ੀ ਵਾਲੇ, ਜਿਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਹਿ ਕੇ ਮੰਨਿਆਂ ਤੇ ਪੂਜਿਆ ਜਾਂਦਾ ਸੀ, ਨੇ ਇਕ ਸਮੇਂ ਇਸ ਗੁਲਾਬ ਦੇ ਫੁੱਲ ਦੀ ਸੁਗੰਧੀ ਲੈਂਦਿਆਂ ਮਸਤਕ ਦੇ ਲੇਖ ਪੜ੍ਹ ਕੇ ਫੁਰਮਾਇਆ, "ਰਾਮ ਸਿੰਘਾ! ਸੰਤ ਤਾਂ ਲੋਕ ਅਸਾਨੂੰ ਵੀ ਕਹਿੰਦੇ ਹਨ ਪਰ ਤੇਰੇ ਘਰ ਵਿਚ ਇਹ ਕੁਲਾਂ ਦਾ ਤੇ ਸੰਸਾਰ ਦਾ ਤਾਰਕ ਬਾਲਕ ਰੂਪ ਪ੍ਰਗਟਿਆ ਹੈ। ਇਸ ਦਾ ਨਾਮ ਵੀ ਤੂੰ ਗੁਲਾਬ ਸਿੰਘ ਰੱਖਿਆ ਹੈ ਪਰ ਇਹ ਗੁਲਾਬ ਕਿਸੇ ਦਿਨ ਆਪਣੀ ਹੋਂਦ ਦਾ ਅਭਾਵ ਕਰਕੇ ਕਿਸੇ ਸ਼ੁੱਧ ਅਤਰ ਵਿਚ ਲੀਨ ਹੋ ਕੇ ਸੰਸਾਰ ਵਿਚ ਸੁਗੰਧੀ ਖਿਲਾਰੇਗਾ। ਅਨੇਕਾਂ ਰੂਹਾਂ ਜੋ ਪ੍ਰਭੂ ਦੇ ਮਿਲਾਪ ਲਈ ਤਾਂਘਦੀਆਂ ਹਨ, ਇਸ ਦੇ ਦਰਸ਼ਨਾਂ ਤੇ ਬਚਨਾਂ ਨਾਲ ਆਪਣਾ ਮਾਰਗ ਰੌਸ਼ਨਾਅ ਕੇ (ਚਮਕਾ ਕੇ) ਆਪਣੇ ਧੇਅ ਦੀ ਪ੍ਰਾਪਤੀ ਕਰਨਗੀਆਂ, ਸੇਵਾ ਕਰਨਗੀਆਂ ਇਸਦੀ। ਇਹਨੂੰ ਪੁੱਤਰ ਕਰਕੇ ਨਾ ਜਾਣੀ, ਇਹ ਤੇਰੀਆਂ ਕੁਲਾਂ ਤਾਰਨ ਲਈ, ਤੇਰੀਆਂ ਕੁਲਾਂ ਦੇ ਪੁੰਨ ਕਰਮ ਕਰਕੇ ਤੇਰੇ ਗ੍ਰਹਿ ਵਿਚ ਪ੍ਰਗਟ ਹੋਇਆ ਹੈ।

ਆਪ ਜੀ ਪੜ੍ਹਾਈ ਸਮੇਂ ਤੋਪਖਾਨੇ ਦੇ

ਨਾਮ ਰਸੀਏ ਫੌਜੀ ਸਿੰਘਾਂ ਦੇ ਨਾਲ ਪਿਆਰ ਵਸ ਹੋ ਕੇ ਲੀਨਤਾ ਵਿਚ ਬੇਸੁਧ ਹੋਏ ਆਪਣੇ ਮਨ ਦੀਆਂ ਹੂਕਾਂ, ਕੀਰਤਨੀ ਧਾਰਨਾਵਾਂ ਰਾਹੀਂ ਪ੍ਰਗਟ ਕਰਿਆ ਕਰਦੇ ਸਨ। ਸੱਤਵੀਂ ਜਮਾਤ ਵਿਚ ਆਪ ਦਾ ਪ੍ਰਭਾਵ ਉਚ ਕੋਟੀ ਦੇ ਜਗਿਆਸੂਆਂ ਵਿਚ ਪਿਆਰ ਸੁਗੰਧੀਆਂ ਦੀਆਂ ਖਿੱਚਾਂ ਪਾਉਣ ਲੱਗਿਆ। ਆਪ ਜੀ ਦੇ ਅੰਦਰ ਕੋਈ ਅਦਿੱਖ ਸ਼ਕਤੀ ਆਪ ਜੀ ਨੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਅਟੁੱਟ ਲਿਵਤਾਰ ਧੁਨ ਵਿਚ ਲੀਨ ਕਰ ਰਹੀ ਸੀ ਜਿਸਦੇ ਫਲਸਰੂਪ ਆਪ ਜੀ ਆਪਣੀ ਨਿੰਦਰਾ ਨੂੰ ਖੰਡਿਤ ਕਰਕੇ ਦੋ ਵਜੇ ਉਠ ਕੇ ਮਲਕੜੇ ਜਿਹੇ ਘਰ ਤੋਂ ਬਾਹਰ ਹੋ ਜਾਂਦੇ, ਘਰ ਦੀ ਰਾਖੀ ਵਾਲੇ ਚੌਕੀਦਾਰ ਦਰਵਾਜ਼ੇ ਬੰਦ ਕਰ ਲੈਂਦੇ। ਇਹ ਛੋਟਾ ਜਿਹਾ ਕਲਜੁੱਗ ਵਿਚ ਪ੍ਰਗਟ ਧਰੂੰ ਵਜੂਦ ਹਨ੍ਹੇਰਿਆਂ, ਸੁੰਨ-ਸਾਨਾਂ ਤੇ ਚੁੱਪ ਜੰਗਲ ਦੀ ਪ੍ਰਵਾਹ ਨਾ ਕਰਦਾ ਹੋਇਆ ਸੁਧਾਸਰ ਸਰੋਵਰ ਤੇ ਜਾ ਕੇ ਇਸ਼ਨਾਨ ਕਰਦਾ ਅਤੇ ਪੂਰਨ ਯੋਗੀਆਂ ਵਾਂਗੂੰ ਰੀੜ੍ਹ ਦੀ ਹੱਡੀ ਨੂੰ 90 ਦਰਜੇ ਤੇ ਸਿੱਧਾ ਕਰਕੇ ਪਦਮ ਆਸਣ ਬੈਠ ਕੇ ਸ਼ਬਦ ਧੁਨ ਵਿਚ ਲੀਨ ਹੋ ਜਾਂਦਾ ਅਤੇ ਪਿਛਲੇ ਜਨਮਾਂ ਵਿਚ ਪ੍ਰਾਪਤ ਹੋਏ ਰੂਹਾਨੀ ਮਾਰਗ ਦੇ ਪੈਰ ਚਿਤਰਾਂ ਉਤੇ ਚਲ ਕੇ, ਅਨਹਦ ਸ਼ਬਦ ਮੰਡਲ ਪਾਰ ਕਰਕੇ ਪ੍ਰਕਾਸ਼ ਦੀ ਦੁਨੀਆਂ ਵਿਚ ਲੀਨ ਹੋ ਜਾਂਦਾ ਅਤੇ ਪੂਰੇ ਪੰਜ ਘੰਟੇ ਉਥੇ ਬੈਠ ਕੇ ਇਕ ਅਗੰਮੀ ਤੇ ਅਕਹਿ ਰਸ ਦੇ ਫੁਹਾਰਿਆਂ ਵਿਚ ਮਖਮੂਰ ਹੋ ਜਾਂਦਾ। ਸੰਤ ਸੋਹਨ ਦਾਸ ਜੀ ਇਸ ਬਾਲ ਯੋਗੀ ਦੀ ਘਾਲ ਕਮਾਈ ਨੂੰ ਤੱਕ ਕੇ ਅੰਦਰ ਹੀ ਅੰਦਰ ਪ੍ਰਭੂ ਦਾ ਸ਼ੁਕਰ ਕਰਦੇ ਅਤੇ ਅਰਦਾਸ ਕਰਦੇ ਕਿ ਹੇ ਪ੍ਰਭੂ! ਇਸ ਬਾਲ ਯੋਗੀ ਨੂੰ ਆਪਣੇ ਨਾਲ ਜੋੜ ਕੇ ਰੱਖੀਂ ਤੇ ਤੇਰੀ ਮਾਇਆ ਦੀਆਂ ਪ੍ਰਬਲ ਥਪੇੜਾਂ ਤੋਂ ਇਹ ਬਚਿਆ ਰਹੇ।

ਸੰਤ ਮਹਾਰਾਜ ਜੀ ਇਕ ਵਾਰੀ ਮੇਰੇ ਬਹੁਤ ਜ਼ੋਰ ਦੇ ਕੇ ਪੁੱਛਣ ਤੇ ਦਸਦੇ ਸਨ ਕਿ ਅਸੀਂ ਸਤਿਸੰਗ ਵਿਚ ਸਹਿਸਾਥੀਆਂ ਤੋਂ ਸੁਣਿਆ ਸੀ ਕਿ ਜਿਸਦੀ ਤਿੰਨ ਘੰਟੇ ਅਖੰਡ ਸਮਾਧੀ ਲਗ ਜਾਵੇ, ਉਸ ਲਈ ਸੰਤ ਪਦਵੀ ਤੇ ਪੁੱਜਣਾ ਆਸਾਨ ਹੋ ਜਾਂਦਾ ਹੈ। ਅਸੀਂ ਪੂਰੇ ਪੰਜ ਘੰਟੇ ਅਫੁਰ ਅਵਸਥਾ ਵਿਚ ਬੈਠਦੇ ਸਾਂ ਅਤੇ ਅਗੰਮੀ ਸ਼ਕਤੀਆਂ ਅਸਾਨੂੰ ਇਕ ਪ੍ਰਕਾਸ਼ਮਈ ਫੁੱਲ ਉਪਰ ਬਿਠਾ ਦਿੰਦੀਆਂ। ਉਹ ਫੁੱਲ ਪਾਣੀ ਵਿਚ ਇਉਂ ਤਰਦਾ ਸੀ ਜਿਵੇਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਬ੍ਰਹਮਾ ਕਮਲ ਫੁੱਲ ਵਿਚੋਂ ਪ੍ਰਗਟ ਹੋ ਕੇ ਉਸ ਉਪਰ ਬੈਠਾ ਆਪਣੇ ਆਪ ਨੂੰ ਦੇਖਦਾ ਹੁੰਦਾ ਸੀ। ਆਪ ਨੇ ਫੁਰਮਾਇਆ ਕਿ ਇਸੇ ਸਮੇਂ ਵਿਚ ਅਸਾਨੂੰ ਗੁਰਬਾਣੀ ਦੇ ਪਾਠ ਦੀ ਲਗਨ ਲੱਗ ਗਈ ਅਤੇ ਪੰਜ ਘੰਟਿਆਂ ਵਿਚ ਅਸੀਂ ਸੁਰਤ ਦੀ ਪੂਰੀ ਤੇਜ਼ੀ ਨਾਲ 25 ਪਾਠ ਸੁਖਮਨੀ ਸਾਹਿਬ ਜੀ ਦੇ ਅਖੰਡ ਰੂਪ ਵਿਚ ਅੰਦਰੋਂ ਹੀ ਸਰਵਣ ਕਰ ਲਿਆ ਕਰਦੇ ਸਾਂ। ਸਕੂਲ ਵਿਚ ਆਪ ਦਾ ਵਜੂਦ ਆਪ ਦੇ class fellows (ਜਮਾਤੀਆਂ) ਨਾਲ ਖਿੱਚ ਦਾ ਵਿਸ਼ਾ ਸੀ। ਹਰ ਇਕ ਵਿਦਿਆਰਥੀ ਅੰਦਰੋਂ ਆਪ ਦਾ ਮਾਣ ਕਰਦਾ ਅਤੇ ਮਿੱਤਰ ਬਣਨ ਦੀ ਲੋਚਾ ਮਨ ਵਿਚ ਰਖਦਾ। ਆਪ ਸਾਰਿਆਂ ਨੂੰ ਪਿਆਰੇ ਸਨ ਅਤੇ ਪਿਆਰ ਦੀ ਖਿੱਚ ਵਿਚ ਹੀ ਜਿਉਂ ਰਹੇ ਸਨ।

1923 ਅਗਸਤ ਦੀਆਂ ਛੁਟੀਆਂ ਹੋਈਆਂ, ਆਪ ਜੀ ਦੀ ਆਤਮਕ ਪ੍ਰਾਲਬਧ ਨੇ ਉਛਾਲਾ ਮਾਰਿਆ। ਆਪ ਭਾਈ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਲੁਧਿਆਣੇ ਹੁੰਦੇ ਹੋਏ ਰੇਰੂ ਸਾਹਿਬ (ਰਾਮਪੁਰ) ਪਹੁੰਚ ਗਏ। ਸੰਤ ਅਤਰ ਸਿੰਘ ਜੀ ਪੂਰਨ ਬ੍ਰਹਮਗਿਆਨ ਅਤੇ ਸੇਵਾ ਦੇ ਵਜੂਦ ਨੇ ਪਹਿਲੀ ਨਿਗ੍ਹਾ ਵਿਚ ਹੀ ਹੀਰੇ ਦੀ ਪਹਿਚਾਣ ਕਰ ਲਈ। ਭੂਤ, ਭਵਿੱਖਤ, ਵਰਤਮਾਨ ਪੂਰਨ ਗਿਆਨ ਦੇ ਦਾਤੇ ਨੇ ਪਹਿਲੀ ਨਿਗ੍ਹਾ ਵਿਚ ਹੀ ਪਛਾਣ ਲਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਬਖਸ਼ੀ ਬ੍ਰਹਮਗਿਆਨੀ ਅਤੇ ਸ਼ਕਤੀਆਂ ਦੇ ਭੰਡਾਰ ਨੂੰ ਸੰਭਾਲਣ ਵਾਲਾ ਆਪ ਹੀ ਪਹੁੰਚ ਗਿਆ ਹੈ। ਇਹ ਦਾਤ ਗੁਰੂ ਦਸ਼ਮੇਸ਼ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਪ੍ਰਾਪਤ ਹੋਈ, ਆਪ ਜੀ ਨੇ ਬਾਬਾ ਸੋਭਾ ਸਿੰਘ ਜੀ ਨੂੰ, ਉਨ੍ਹਾਂ ਨੇ ਬਾਬਾ ਸਾਹਿਬ ਸਿੰਘ ਜੀ ਨੂੰ, ਬੇਦੀ ਕੁਲ ਦੇ ਮਹਾਂਪੁਰਸ਼ਾਂ ਨੂੰ ਦਿਤੀ ਜਿਨ੍ਹਾਂ ਨੇ ਇਹ ਅਮੁੱਲ ਦਾਤ ਬਾਬਾ ਭਾਗ ਸਿੰਘ ਜੀ ਦੇ ਹਵਾਲੇ ਕੀਤੀ ਜਿਨ੍ਹਾਂ ਤੋਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੂੰ ਪ੍ਰਾਪਤ ਹੋਈ। ਉਨ੍ਹਾਂ ਤੋਂ ਮਹਾਨ ਆਪਾ ਵਾਰੂ ਜ਼ਿੰਦਾ ਸ਼ਹੀਦ ਬਾਬਾ ਮਹਾਰਾਜ ਸਿੰਘ ਜੀ ਤੇ ਫੇਰ

ਬਾਬਾ ਰਾਮ ਸਿੰਘ ਜੀ ਵਿਰੱਕਤ ਰਾਹੀਂ ਹੁੰਦੀ ਹੋਈ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਜਿਨ੍ਹਾਂ ਤੋਂ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਜੀ ਪਾਸ ਸੁਰਖਸ਼ਿਤ ਹੋਈ। ਇਸ ਮਹਾਨ ਦਾਤ ਨੂੰ ਪ੍ਰਾਪਤ ਕਰਨ ਵਾਲੇ ਇਕ ਵਿਦਿਆਰਥੀ ਦੇ ਰੂਪ ਵਿਚ ਵਿਚਰ ਰਹੇ ਪ੍ਰਮ ਸ੍ਰੇਸ਼ਟ ਗੁਲਾਬ ਸਿੰਘ ਜੀ ਪਾਸ ਪਹੁੰਚਣ ਦਾ ਸਮਾਂ ਦ੍ਰਿਸ਼ਟੀਗੋਚਰੇ ਹੋਇਆ।

ਸੰਤ ਮਹਾਰਾਜ ਜੀ ਨੇ ਆਪ ਨੂੰ ਅੰਮ੍ਰਿਤ ਛਕਾ ਕੇ ਇਸ ਮਹਾਨ ਦਾਤ ਨੂੰ ਸੰਭਾਲਣ ਦੇ ਕਾਬਲ ਬਣਾਉਣ ਲਈ ਆਪਣੇ ਚਰਨਾਂ ਵਿਚ ਨਿਵਾਸ ਦਿਤਾ। ਪੰਜ ਪਿਆਰਿਆਂ ਰਾਹੀਂ ਵਾਹਿਗੁਰੂ ਮੰਤ੍ਰ ਦੀ ਦਾਤ ਗੁਲਾਬ ਸਿੰਘ ਜੀ ਨੂੰ ਦੇ ਕੇ ਈਸ਼ਰ ਸਿੰਘ ਬਣਾ ਦਿਤਾ। ਵਾਹਿਗੁਰੂ ਮੰਤ੍ਰ ਦੀ ਦਾਤ ਪੰਜ ਪਿਆਰਿਆਂ ਤੋਂ ਮਿਲਦੇ ਸਾਰ ਇਸ ਮੰਤ੍ਰ ਦੀ ਧੁਨ ਆਪ ਦੇ ਰੋਮ-ਰੋਮ ਵਿਚ ਸਮਾਅ ਗਈ। ਉਸ ਵੇਲੇ ਸੰਖੇਪ ਉਪਦੇਸ਼ ਸੰਤ ਮਹਾਰਾਜ ਅਤਰ ਸਿੰਘ ਜੀ ਨੇ ਆਪ ਨੂੰ ਦਿੰਦਿਆਂ ਫੁਰਮਾਇਆ ਕਿ ਵਾਹਿਗੁਰੂ ਜੀ ਦੀ ਜੋਤ ਵਿਚੋਂ ਜਾਗ੍ਰਤ ਦੀਆਂ ਅਨੇਕ-ਅਨੇਕ ਕਿਰਨਾਂ ਦੇ ਰੂਪ ਵਿਚ ਹੋਸ਼ ਨੇ ਮਾਇਆ ਨਾਲ ਸੰਪਰਕ ਪੈਦਾ ਕੀਤਾ। ਮਾਇਆ ਨਾਲ ਛੂੰਹਦਿਆਂ ਹੀ ਇਕ ਵੱਖਰੇ ਕਿਸਮ ਦਾ ਅਨੰਦ ਅਨੁਭਵ ਕੀਤਾ। ਉਸ ਅਨੰਦ ਦਾ ਪ੍ਰਭਾਵ ਲੈਂਪ ਉਪਰ ਚੜ੍ਹਾਏ ਗਲੋਬ ਵਾਂਗੂੰ ਇਸ ਪ੍ਰਮ ਅੰਸ ਉਪਰ ਪਿਆ ਅਤੇ ਇਸਨੂੰ ਅਨੰਦ ਦਾ ਸਰਕਲ ਬਣਾ ਕੇ ਘੇਰੇ ਵਿਚ ਲੈ ਲਿਆ। ਇਹ ਮਾਇਆ ਦਾ ਪਹਿਲਾ ਕਰਿਸ਼ਮਾ ਸੀ ਜਿਥੋਂ ਚੇਤਨ ਅੰਸ ਆਪਣੇ ਅਸਲੇ ਨਾਲੋਂ ਭੁੱਲ ਕੇ ਜੀਵ ਦੀ ਉਪਾਧੀ ਧਾਰ ਕੇ ਜੀਵ ਆਤਮਾ ਬਣ ਗਈ। ਇਹ ਸੁਰਤ ਹਉਮੈ ਦੇ ਘੇਰੇ ਦੀ ਪਹਿਲੀ ਵਲਗਣ ਵਿਚ ਘਿਰ ਗਈ ਅਤੇ ਆਪਣੇ ਆਪ ਨੂੰ ਸਮੁੱਚਤਾ ਨਾਲੋਂ ਵੱਖ ਵੇਖਿਆ। ਸਿਆਣਿਆਂ ਅਨੁਭਵੀਆਂ ਨੇ ਇਸ ਅਵਸਥਾ ਦਾ ਨਾਮ 'ਅਨੰਦਮਯ ਕੋਸ਼' ਰੱਖ ਦਿਤਾ। ਪ੍ਰਕ੍ਰਿਤੀ ਦਾ ਹੋਰ ਧੱਕਾ ਲੱਗਿਆ, ਇਹ ਜੀਵ ਆਤਮਾ ਇਸ ਕੋਸ਼ ਸਮੇਤ ਇਕ ਹੋਰ ਵੱਡੇ ਗਲੋਬ ਦੇ ਘੇਰੇ ਵਿਚ ਸੀਮਤ ਹੋ ਗਿਆ ਜਿਥੋਂ ਇਸ ਅਵਸਥਾ ਵਿਚ ਬੁੱਧੀ ਵਰਗੀ ਦਸ਼ਾ ਦੀ ਪ੍ਰਾਪਤੀ ਹੋਈ। ਇਹ ਬੁੱਧੀ ਦਾ ਮੰਡਲ ਕਹਾਇਆ ਅਤੇ ਆਤਮਾ ਤੋਂ ਵੱਖ ਹੋ ਕੇ ਹੋਰ ਹੇਠਾਂ ਆ ਕੇ ਆਪਣੇ ਅਸਲੇ ਨੂੰ ਪੂਰੀ ਤਰ੍ਹਾਂ ਭੁੱਲ ਕੇ ਵਿਗਿਆਨਮਯ ਕੋਸ਼ ਵਿਚ ਸੀਮਤ ਹੋ ਗਈ। ਹੁਣ ਇਹ ਜਾਗ੍ਰਤ ਅਵਿਅਕਤ ਖਿਆਲੀ ਆਕਾਰ ਹੋਰ ਹੇਠਾਂ ਧੱਕਿਆ ਗਿਆ ਜਿਥੇ ਅਨੇਕ ਤਰ੍ਹਾਂ ਦੇ ਫੁਰਨੇ ਇਸ ਦੇ ਅੰਦਰ ਲਗਾਤਾਰ ਵਿਚਰਨੇ ਸ਼ੁਰੂ ਹੋਏ। ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਸਾਂ, ਤੇ ਕੀ ਹੋ ਗਈ? ਇਸ ਅਗਿਆਨ ਦੇ ਮੰਡਲ ਵਿਚ, ਫੁਰਨਿਆਂ ਵਿਚ ਪ੍ਰਵਿਰਤ ਹੋ ਗਈ। ਬੇਅੰਤ ਫੁਰਨੇ ਕੁਝ ਬਣ ਜਾਣ ਦੇ ਉਠਣੇ ਸ਼ੁਰੂ ਹੋਏ। ਹੋਰ ਧੱਕਾ ਲੱਗਿਆ ਅਤੇ ਇਹ ਪ੍ਰਾਣ ਮੰਡਲ ਵਿਚ ਪ੍ਰਵੇਸ਼ ਕਰਕੇ ਆਪਣੇ ਅਸਲੇ ਤੋਂ ਬਹੁਤ ਦੂਰ ਪਹੁੰਚ ਗਈ। ਇਹ ਸਨ ਮਨੋਮਈ ਅਤੇ ਪ੍ਰਾਣਮਈ ਪਰਦਿਆਂ ਦੇ ਘੇਰੇ, ਜਿਨ੍ਹਾਂ ਵਿਚ ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਹਾਂ? ਪ੍ਰਕ੍ਰਿਤੀ ਨੇ ਹੋਰ ਧੱਕਾ ਮਾਰਿਆ ਇਹ ਪੰਜਾਂ ਤੱਤਾਂ ਦੇ ਅਕਾਰ ਵਿਚ ਆਪਣੇ ਆਪ ਨੂੰ ਦੇਖਣ ਲੱਗੀ ਅਤੇ ਇਹ ਅਤਿ ਸੂਖਸ਼ਮ ਜੋਤ ਆਪਣੇ ਆਪ ਨੂੰ ਸਰੀਰਧਾਰੀ ਸਮਝਣ ਲੱਗੀ ਅਤੇ ਅਗਿਆਨ ਦੇ ਘੁੱਪ ਹਨ੍ਹੇਰ ਵਿਚ ਇਹ ਜੀਵ ਜੋਤ ਫਸ ਗਈ। ਸਮੁੱਚਤਾ ਤੋਂ ਟੁੱਟ ਕੇ ਇਕ ਇਕਾਈ ਦੇ ਰੂਪ ਵਿਚ ਆਪਣੇ ਆਪ ਨੂੰ ਸਮਝ ਕੇ ਸੁਖ-ਦੁਖ ਭੋਗਦੀ ਰਹੀ, ਕਰਮਾਂ ਦੇ ਵਸ ਹੋ ਕੇ ਅਨੇਕ ਕਿਸਮ ਦੀਆਂ ਸਜਾਵਾਂ ਭੁਗਤੀਆਂ, ਸਵਰਗਾਂ ਦੇ ਵਾਸੇ ਕੀਤੇ, ਨਰਕਾਂ ਦੀਆਂ ਅਗਨੀਆਂ ਦਾ ਸੇਕ ਸਹਿ ਕੇ ਵਿਰਲਾਪ ਕਰਦੀ ਰਹੀ। ਮਹਾਂਪੁਰਸ਼ਾਂ ਨੇ ਆ ਕੇ ਆਵਾਜ਼-ਏ-ਹੱਕ ਉਚੀ ਕੀਤੀ ਅਤੇ ਇਸਨੂੰ ਕਿਹਾ ਕਿ ਤੂੰ ਇਹ ਮਿੱਟੀ ਨਹੀਂ, ਇਹ ਪ੍ਰਾਣ ਸ਼ਕਤੀ ਨਹੀਂ, ਪੰਜਾਂ ਤੱਤਾਂ ਵਿਚੋਂ ਕੋਈ ਤੱਤ ਨਹੀਂ ਅਤੇ ਨਾ ਹੀ ਫੁਰਨੇ ਕਰਨ ਵਾਲਾ ਮਨ ਹੈਂ, ਨਾ ਹੀ ਬੁੱਧੀ ਹੈਂ, ਨਾ ਹੀ ਚਿੱਤ ਹੈਂ; ਜੋ ਕੁਝ ਤੂੰ ਆਪਣੇ ਆਪ ਨੂੰ ਵਖਰੀ ਹਸਤੀ ਸਮਝ ਕੇ ਆਪਣਾ ਚੌਗਿਰਦਾ ਚਿਤਵਿਆ ਹੈ, ਇਹ ਚਿਤਵਨੀ ਕਰਨ ਵਾਲੀ ਭੀ ਤੂੰ ਨਹੀਂ। ਤੂੰ ਜੀਵ ਨਹੀਂ, ਜੋ ਤੂੰ ਇਹ ਆਪਣੇ ਆਪ ਨੂੰ ਵੱਖਰਾ ਸਮਝਦੀ ਹੈਂ, ਉਹ ਵੀ ਨਹੀਂ। ਤੂੰ ਅਖੰਡ ਸੱਤਾ ਹੈਂ, ਅਗੰਮ ਹੈਂ, ਅਗੋਚਰ ਹੈਂ, ਅਥਾਹ ਹੈਂ, ਬੇਲੋੜ ਹੈਂ, ਅਵਿਅਕਤ ਹੈਂ, ਤੇਰੀ ਹੋਂਦ ਵਖਰੀ ਨਹੀਂ; ਤੂੰ ਇਸ ਸਮੁੱਚੇ ਸਾਕਾਰ ਜਗਤ ਦਾ ਆਪਾ ਹੈਂ, ਤੂੰ ਸਭ ਕੁਝ ਹੈਂ; ਆਪਣੇ ਆਪ ਨੂੰ ਸਮਝਣ

ਦਾ ਜਤਨ ਕਰ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥***

***ਅੰਗ - 441***

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ॥***
***ਅਨਿਕ ਸਿਆਨੇ ਪਚਿ ਗਏ***
***ਨਾ ਨਿਰਵਾਰੀ ਜਾਇ॥***

***ਅੰਗ - 1375***

ਮਾਇਆ ਦੇ ਅਸਰ ਨੇ ਤੈਨੂੰ ਪੰਜ ਤੱਤ ਦਾ ਰੂਪ ਦੇ ਕੇ ਵੱਖਰਾ ਬਣਾ ਦਿਤਾ। ਤੇਰੀ ਹਾਲਤ ਇਹ ਹੋ ਗਈ ਕਿ ਤੂੰ ਆਪਣੇ ਪ੍ਰਮ ਆਪੇ ਨਾਲੋਂ ਵਿਛੜ ਕੇ ਭੱਠ ਦੀ ਸੁਆਹ ਵਰਗੀ ਹੋ ਗਈ ਹੈਂ -

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥***

***ਅੰਗ - 1375***

ਪ੍ਰਮ ਜੋਤ ਦੇ ਮਿਲਾਪ ਤੋਂ ਬਿਨਾਂ ਤੇਰੀ ਹਾਲਤ ਭੱਠ ਦੀ ਸੁਆਹ ਵਰਗੀ ਹੋਈ ਪਈ ਹੈ। ਪੂਰਨ ਮਹਾਂਪੁਰਸ਼ ਦੇ ਮਿਲਾਪ ਤੋਂ ਬਿਨਾਂ ਤੂੰ ਆਪਣੀ ਅਸਲੀ ਹੋਂਦ ਵਿਚ ਪ੍ਰਵੇਸ਼ ਨਹੀਂ ਕਰ ਸਕਦਾ।

ਸੋ ਇਸ ਤਰ੍ਹਾਂ ਮਹਾਂਪੁਰਸ਼ ਕਹਿਣ ਲੱਗੇ ਕਿ ਭਾਈ ਈਸ਼ਰ ਸਿੰਘ ਜੀ! ਤੁਸੀਂ ਆਪਣੀ ਪੂਰਬਲੀ ਕਿਰਤ ਕਮਾਈ ਦੇ ਸੰਜੋਗ ਕਾਰਨ ਅੱਜ ਉਸ ਆਤਮਕ ਮੰਡਲ ਦੀ ਸਾਕਾਰਤਾ ਦੇ ਸਰਕਲ ਵਿਚ ਪ੍ਰਵੇਸ਼ ਕਰ ਗਏ ਹੋਂ ਜਿਥੇ ਸਤਿ ਰੂਪ ਮਹਾਨ ਬਚਨਾਂ ਨੂੰ ਕਮਾ ਕੇ ਤੁਸੀਂ ਸਚਮੁੱਚ ਈਸ਼ੂਰ ਪਦਵੀ ਤੋਂ ਵੀ ਉਪਰ ਲੰਘ ਸਕਦੇ ਹੋਂ। ਤੁਹਾਨੂੰ ਅਸੀਂ ਦੱਸਦੇ ਹਾਂ ਕਿ ਵਾਹਿਗੁਰੂ ਜੀ ਨੇ ਸੰਸਾਰ ਦੇ ਜੀਵਾਂ ਦੀ ਕਲਿਆਣ ਲਈ ਮਹਾਂਪੁਰਸ਼ਾਂ ਨੂੰ ਸੋਝੀ ਦਿਤੀ ਹੈ ਜਿਨ੍ਹਾਂ ਪਾਸ ਉਸ ਸੱਚੇ ਦਰ ਦੀਆਂ ਚਾਬੀਆਂ ਸੁਰਖਸ਼ਿਤ ਹੁੰਦੀਆਂ ਹਨ। ਉਸ ਪ੍ਰਭੂ ਨੇ ਤਾਲਾ ਲਾ ਰੱਖਿਆ ਹੈ ਅਤੇ ਕਿਵਾੜ ਬਹੁਤ ਹੀ ਸਖਤ ਹਨ ਜੋ ਭੰਨੇ-ਤੋੜੇ ਨਹੀਂ ਜਾ ਸਕਦੇ, ਕੇਵਲ ਮੰਤ੍ਰ ਦੇ ਜਾਪ ਦੀ ਸ਼ਕਤੀ ਨਾਲ ਹੀ ਖੁਲ੍ਹਦੇ ਹਨ। ਇਹ ਮੰਤ੍ਰ ਓਹੀ ਹੈ ਜੋ ਤੁਹਾਨੂੰ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਦੇ ਤਾਬਿਆ ਗੁਰਮਤਿ ਮਰਿਆਦਾ ਅਨੁਸਾਰ ਅਤੇ ਆਪਣੇ ਪੂਰਵਜ ਮਹਾਂਪੁਰਸ਼ਾਂ ਦੀ ਮਰਿਆਦਾ ਦਾ ਪਾਲਣ ਕਰਦਿਆਂ ਤੁਹਾਨੂੰ ਪ੍ਰਾਪਤ ਹੋਇਆ। ਇਸ ਦਾ ਰੂਪ 'ਵਾਹਿਗੁਰੂ' ਹੈ। ਇਹ 'ਵਾਹਿਗੁਰੂ' ਮੰਤ੍ਰ ਹੈ। ਇਸ ਦੇ ਜਾਪ ਕਰਨ ਨਾਲ ਤੁਸੀਂ ਜਿਥੋਂ ਵਿਛੜ ਕੇ ਅਨੇਕ ਜੂਨਾਂ ਜਨਮਾਂ ਵਿਚੋਂ ਹੁੰਦੇ ਹੋਏ ਮਨੁੱਖ ਜਾਮੇ ਵਿਚ ਪਹੁੰਚੇ ਹੋਂ, ਉਥੋਂ ਚੁੱਕ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰਾਉਣ ਨੂੰ ਸਮਰੱਥ ਹੈ। ਇਸ ਮੰਤ੍ਰ ਨੂੰ 'ਗੁਰਮੰਤ੍ਰ' ਆਖਿਆ ਜਾਂਦਾ ਹੈ ਜਿਸਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਪਸ਼ੂਆਂ ਦੇ ਤੁਲ ਹੀ ਰਹਿੰਦਾ ਹੈ ਭਾਵੇਂ ਕਿੰਨਾਂ ਹੀ ਪੜ੍ਹਿਆ ਹੈ, ਭਾਵੇਂ ਕਿੰਨੀ ਹੀ ਉਸ ਪਾਸ ਵਿਦਿਆ ਹੋਵੇ ਪਰ ਗੁਰੂ ਦੇ ਮੰਤ੍ਰ ਤੋਂ ਬਿਨਾਂ ਜਨਮ ਧਿਰਕਾਰ ਯੋਗ ਹੀ ਹੁੰਦਾ ਹੈ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ॥***

***ਅੰਗ - 1357***

ਸੋ ਮੰਤ੍ਰ ਤਾਂ ਆਪ ਨੂੰ ਪ੍ਰਾਪਤ ਹੋ ਗਿਆ। ਇਸ ਉਪਰ ਮਨ ਨੂੰ ਕੇਂਦਰਿਤ ਕਰਕੇ ਫੁਰਨਿਆਂ ਦਾ ਤਿਆਗ ਕਰਕੇ ਜਦੋਂ ਅਸੀਂ ਜਪਦੇ ਹਾਂ ਤਾਂ ਅਸੀਂ ਖਰਬਾਂ-ਖਰਬਾਂ ਸਾਲਾਂ ਦੇ ਪਏ ਹੋਏ ਵਿਛੋੜੇ ਦੇ ਪੰਧ ਨੂੰ ਬਹੁਤ ਹੀ ਤਿੱਖੀ ਰਫਤਾਰ ਨਾਲ ਕੱਟਣ ਦੇ ਸਮਰੱਥ ਹੋ ਜਾਂਦੇ ਹਾਂ। ਮੰਤ੍ਰ ਵਿਚ ਐਨਰਜੀ ਹੋਇਆ ਕਰਦੀ ਹੈ। ਇਹ ਕੇਵਲ ਅੱਖਰ ਹੀ ਨਹੀਂ ਹੁੰਦੇ, ਇਨ੍ਹਾਂ ਅੱਖਰਾਂ ਵਿਚ ਇਕ ਲੁਕੀ ਹੋਈ ਅਦਿੱਖ ਸ਼ਕਤੀ ਹੋਇਆ ਕਰਦੀ ਹੈ ਜੋ ਜਾਪ ਕਰਨ ਨਾਲ ਪ੍ਰਗਟ ਹੋ ਜਾਇਆ ਕਰਦੀ ਹੈ। ਪਹਿਲਾਂ-ਪਹਿਲਾਂ ਜਦੋਂ ਤੱਕ ਅਸਾਡਾ ਸਬੰਧ ਅੰਨਮਈ ਕੋਸ਼ ਦੇ ਸਰਕਲ ਤੋਂ ਅਛੋਹ ਨਹੀਂ ਹੁੰਦਾ, ਉਸ ਸਮੇਂ ਤਕ ਅਸੀਂ ਰਸਨਾ ਦੇ ਨਾਲ ਚਿੱਤ ਇਕਾਗਰ ਕਰਕੇ ਇਸ ਗੁਰਮੰਤ੍ਰ ਦਾ ਜਾਪ ਕਰਦੇ ਹਾਂ। ਜਾਪ ਕਰਦਿਆਂ ਰਸਨਾ ਦੇ ਵਿਚ ਇਕ ਮਹਾਨ ਰਸ ਆਉਣਾ ਸ਼ੁਰੂ ਹੋ ਜਾਇਆ ਕਰਦਾ ਹੈ। ਇਸ ਅਲੌਕਿਕ, ਅਨੰਦਿਤ ਰਸ ਨੂੰ ਅਸੀਂ ਆਪਣੇ ਅੰਦਰ ਅਨੁਭਵ ਕਰਦੇ ਹਾਂ। ਰਸਨਾ ਇਸ ਰਸ ਨਾਲ ਭਾਰੀ ਹੋ ਜਾਂਦੀ ਹੈ, ਹੁਣ ਰਸਨਾ ਦੇ ਨਾਲ ਨਾਮ ਨਹੀਂ ਜਪਿਆ ਜਾਂਦਾ। ਇਥੇ ਆ ਕੇ ਨਾਮ ਦੀ ਦੂਜੀ ਸ਼ਕਲ ਪ੍ਰਗਟ ਹੋ ਜਾਂਦੀ ਹੈ

ਜਿਸਨੂੰ ਧੁਨ ਆਖਦੇ ਹਨ। ਇਹ ਧੁਨ ਸੰਗੀਤਕ ਹੋਇਆ ਕਰਦੀ ਹੈ। ਇਸ ਵਿਚ ਅਨਹਦ ਸ਼ਬਦਾਂ ਦੀ ਮਧੁਰਤਾ ਸਮਿਲਿਤ ਹੁੰਦੀ ਹੈ। ਇਸ ਧੁਨ ਵਿਚ ਅਸੀਂ ਧਿਆਨ ਲਾਉਂਦੇ ਹਾਂ ਤਾਂ ਇਹ ਧੁਨ ਅਸਾਨੂੰ ਪ੍ਰਾਣ ਸ਼ਕਤੀ ਦੇ ਮੰਡਲ ਵਿਚੋਂ ਪਾਰ ਕਰਨ ਦੀ ਸਮਰੱਥਾ ਰਖਦੀ ਹੈ।

***ਧੁਨ ਮਹਿ ਧਿਆਨੁ***
***ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥***

***ਅੰਗ - 879***

ਇਸ ਧੁਨ ਦੇ ਨਾਲ ਮਨ ਸਮਿਲਿਤ ਹੋ ਕੇ ਅਨੇਕ ਕਿਸਮ ਦੇ ਸੂਖਸ਼ਮ ਅਨਹਦ ਸ਼ਬਦਾਂ ਨੂੰ ਸ੍ਰਵਣ ਕਰਦਾ ਆਪਣੇ ਆਪ ਵਿਚ ਮਸਤ ਹੋ ਜਾਂਦਾ ਹੈ। ਇਹ ਮਸਤੀ ਅਸਾਨੂੰ ਪ੍ਰਾਣ ਮੰਡਲ ਵਿਚੋਂ ਚੁੱਕ ਕੇ ਮਨ ਦੇ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦੀ ਹੈ ਜਿਥੇ ਅਸਾਡਾ ਵਾਹ ਫੁਰਨਿਆਂ ਨਾਲ ਪੈਂਦਾ ਹੈ ਪਰ ਇਹ ਨਾਮ ਧੁਨ ਐਨੀ ਮਨ ਨੂੰ ਮੋਹਣ ਵਾਲੀ ਹੁੰਦੀ ਹੈ ਅਤੇ ਇਸ ਦਾ ਰਸ ਅਤਿ ਦੀ ਖੁਮਾਰੀ ਵਿਚ ਲੀਨ ਕਰਾ ਦਿੰਦਾ ਹੈ ਕਿ ਫੁਰਨਿਆਂ ਨੂੰ ਹੁਣ ਕੋਈ ਥਾਂ ਨਹੀਂ ਰਹਿੰਦਾ। ਅੰਦਰ ਪ੍ਰਕਾਸ਼ ਹੋਣ ਕਰਕੇ ਗੁਰੂ ਦੀ ਮੂਰਤ ਪ੍ਰਤੱਖ ਭਾਸਦੀ ਹੈ। ਆਪਣਾ ਵਜੂਦ, ਸਿਮ੍ਰਤੀ ਤੋਂ ਲਹਿ ਜਾਂਦਾ ਹੈ। ਜੇ ਦਿਸਦਾ ਹੈ ਤਾਂ ਕੇਵਲ ਗੁਰੂ ਸਰੂਪ। ਅਨੇਕਾਂ-ਅਨੇਕਾਂ ਜਨਮਾਂ ਦੇ ਕੀਤੇ ਹੋਏ ਪਾਪ ਕਰਮਾਂ ਨੂੰ ਇਹ ਨਾਮ ਕੱਟ ਦਿੰਦਾ ਹੈ ਅਤੇ ਸੁਰਤ ਹਲਕੀ ਹੋ ਕੇ ਹੋਰ ਉਤੇ ਉਠਦੀ ਹੈ। ਮਨ ਦੇ ਮੰਡਲ ਨੂੰ ਪਾਰ ਕਰਕੇ ਬੁੱਧੀ ਮੰਡਲ ਵਿਚ ਪ੍ਰਵੇਸ਼ ਕਰਕੇ ਪਹਿਲੀ ਵਾਰੀ ਜਾਗਦੀ ਹੈ ਅਤੇ ਆਪਣੇ ਆਪ ਨੂੰ ਜਾਨਣ ਦਾ ਜਤਨ ਕਰਦੀ ਹੈ ਕਿ ਮੈਂ ਕੌਣ ਹਾਂ, ਕਿਥੋਂ ਆਇਆ ਹਾਂ, ਕੀ ਮੇਰਾ ਕੋਈ ਮਾਲਕ ਹੈ ਜਾਂ ਆਪੇ ਹੀ ਪ੍ਰਗਟ ਹੋ ਗਿਆ ਹਾਂ? ਉਸ ਵੇਲੇ ਕੁਝ ਧੁੰਧਲਾ ਗਿਆਨ ਇਸ ਦੇ ਅੰਦਰ ਲਿਸ਼ਕਾਰੇ ਮਾਰਦਾ ਹੈ, ਠੀਕ ਇਸੇ ਤਰ੍ਹਾਂ ਜਿਵੇਂ ਬਿਜਲੀ ਦਾ ਲਿਸ਼ਕਾਰਾ ਹੁੰਦਾ ਹੈ। ਇਸ ਅਵਸਥਾ ਵਿਚ ਕੁਝ-ਕੁਝ ਸੋਝੀ ਪੈਂਦੀ ਹੈ ਕਿ ਮੈਂ ਸਰੀਰ ਨਹੀਂ, ਪ੍ਰਾਣ ਨਹੀਂ, ਮਨ ਵੀ ਨਹੀਂ, ਇਹ ਬੁੱਧੀ ਵੀ ਨਹੀਂ; ਇਹ ਬੁੱਧੀ ਤਾਂ ਮੇਰੀ ਹੈ, ਮੇਰੀ ਚੀਜ਼ ਮੈਂ ਨਹੀਂ ਹੋ ਸਕਦੀ। ਇਸ ਅਵਸਥਾ ਵਿਚ ਵਾਹਿਗੁਰੂ ਜੀ ਵਲੋਂ ਦਇਆ ਦੀ ਲਹਿਰ ਉਠਦੀ ਹੈ ਅਤੇ ਉਹ ਜੀਵ ਨੂੰ ਅਨੰਦ ਦੇ ਸਰਕਲ ਵਿਚ ਖਿੱਚ ਲੈਂਦੀ ਹੈ। ਤੱਤ ਬੇਤੇ ਮਹਾਂਪੁਰਸ਼ਾਂ ਦਾ ਮਿਲਾਪ ਸੰਜੋਗਵਸ ਹੋ ਜਾਂਦਾ ਹੈ ਅਤੇ ਉਸ ਦੇ ਅਮੋਘ ਬਾਣਾਂ ਰੂਪੀ ਬਚਨ ਇਸਦੇ ਅਗਿਆਨਮਈ ਅਨੰਦ ਕੋਸ਼ ਨੂੰ ਛੇਦ ਦਿੰਦੇ ਹਨ ਅਤੇ ਇਹ ਜੀਵ ਆਪਣੇ ਘਰ ਨੂੰ ਵਾਪਸ ਮੁੜਿਆ ਹੋਇਆ ਆਪਣਾ ਪੈਂਡਾ ਮੁਕਦਾ ਦੇਖਦਾ ਹੈ। ਅਨੰਦਮਈ ਕੋਸ਼ ਦੀ ਆਖਰੀ ਹੱਦ ਤੇ ਖੜ੍ਹਾ ਨਿਰਣਾ ਨਹੀਂ ਲੈ ਸਕਦਾ ਕਿ ਮੈਂ ਕੌਣ ਹਾਂ? ਉਸ ਸਮੇਂ ਪੂਰਨ ਬ੍ਰਹਮ ਬੇਤੇ ਮਹਾਂਪੁਰਸ਼ ਇਸ ਨੂੰ ਗਿਆਤ ਬਖਸ਼ਦੇ ਹਨ ਕਿ ਤੂੰ ਜੋਤ ਹੈਂ, ਤੂੰ ਆਤਮਾ ਹੈਂ, ਤੂੰ ਅਥਾਹ ਹੈਂ, ਤੇਰੇ ਅੰਦਰ ਪੂਰਨ ਗਿਆਨ ਹੈ, ਤੂੰ ਸਮੁੱਚਤਾ ਹੈਂ, ਤੂੰ ਇਕ ਸਮੁੱਚੀ ਇਕਾਈ ਹੈਂ, ਇਹ ਸਾਰਾ ਪਸਾਰਾ ਤੈਥੋਂ ਹੀ ਹੋਇਆ ਹੋਇਆ ਹੈ। ਤੂੰ ਆਤਮਾ ਹੈਂ, ਤੂੰ ਬ੍ਰਹਮ ਹੈਂ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ - 846***

ਤੂੰ ਨਿਰਾ ਪ੍ਰਕਾਸ਼ ਹੈਂ, ਤੇਰੇ ਵਿਚ ਅੰਧਕਾਰ ਦੀ ਕੋਈ ਅੰਸ ਨਹੀਂ ਹੈ, ਤੂੰ ਆਪਣੇ ਆਪ ਨੂੰ ਪਛਾਣ, ਤੂੰ ਪ੍ਰਮ ਆਪਾ ਹੈਂ, ਪ੍ਰਮ ਜਿੰਦ ਹੈਂ -

***ਤੂੰ ਪੇਡੁ ਸਾਖ ਤੇਰੀ ਫੂਲੀ॥***
***ਤੂੰ ਸੂਖਮੁ ਹੋਆ ਅਸਥੂਲੀ॥***
***ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ***
***ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥***

***ਅੰਗ - 102***

ਤੇਰੀ ਕਥਾ ਬਹੁਤ ਅਨੂਪ ਹੈ, ਇਹ ਆਤਮਾ ਹੀ ਪਾਰਬ੍ਰਹਮ ਦਾ ਰੂਪ ਹੈ, ਨਾ ਤੂੰ ਕਦੇ ਬੁੱਢਾ ਹੁੰਦਾ ਹੈਂ, ਨਾ ਤੂੰ ਕਦੇ ਬਾਲਕ ਹੁੰਦਾ ਹੈਂ, ਨਾ ਤੈਨੂੰ ਕਦੇ ਦੁੱਖ ਹੁੰਦਾ ਹੈ, ਨਾ ਕਦੇ ਜਮਾਂ ਦਾ ਜਾਲ ਤੈਨੂੰ ਪੈ ਸਕਦਾ ਹੈ, ਨਾ ਕਦੇ ਨਾਸ਼ ਹੁੰਦਾ ਹੈਂ, ਆਦਿ ਜੁਗਾਦਿ ਤੋਂ ਤੂੰ ਹੀ ਇਕ ਪ੍ਰਕਾਸ਼ ਹੋ ਕੇ ਸਾਰਾ ਪ੍ਰਪੰਚ ਹੈਂ; ਨਾ ਤੇਰੇ ਲਈ ਗਰਮੀ ਹੈ, ਨਾ ਸਰਦੀ ਹੈ, ਨਾ ਤੇਰੀ ਕੋਈ ਮਾਂ ਹੈ, ਨਾ ਬਾਪ ਹੈ, ਤੂੰ ਸਦਾ-ਸਦਾ ਤੋਂ ਆਪੇ ਆਪ ਹੈਂ, ਪਾਪ ਪੁੰਨ ਦਾ ਤੈਨੂੰ ਕੋਈ ਲੇਪ ਨਹੀਂ ਲਗਦਾ। ਤੈਨੂੰ ਤ੍ਰਿਗੁਣੀ ਮਾਇਆ ਭੁਲਾ ਨਹੀਂ

ਸਕਦੀ, ਤੂੰ ਸਭ ਦਾ ਮਾਲਕ ਹੈਂ –

*ਅਚਰਜ ਕਥਾ ਮਹਾ ਅਨੂਪ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ॥*
*ਸਭੁ ਕਿਛੁ ਇਸ ਕਾ*
*ਇਹੁ ਕਰਨੈ ਜੋਗੁ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ॥*
*ਇਹੁ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥*
*ਘਟ ਘਟ ਅੰਤਰਿ ਸਦ ਹੀ ਜਾਗੈ॥*
*ਅੰਗ – 868*

ਇਸ ਵਾਹਿਗੁਰੂ ਮੰਤ੍ਰ ਨੇ ਤੈਨੂੰ ਆਪਣਾ ਆਪਾ ਜਣਾ ਦੇਣਾ ਹੈ, ਤੇਰੇ ਤੇ ਪ੍ਰਮੇਸ਼ਰ ਵਿਚ ਕੋਈ ਵੀ ਭੇਦ ਨਹੀਂ ਰਹਿਣ ਦੇਣਾ –

*ਹਰਿ ਹਰਿ ਜਨ ਦੁਇ ਏਕ ਹੈ*
*ਬਿਬੁ ਬਿਚਾਰ ਕਿਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ*
*ਜਲ ਹੀ ਬਿਖੈ ਸਮਾਹਿ॥*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ*
*ਆਪਿ ਪਰਮੇਸੁਰ॥ ਅੰਗ – 273*

*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦ ਨ ਭਾਈ॥*
*ਅੰਗ – 272*

*ਸੰਤਾ ਕਉ ਮਤਿ ਕੋਈ ਨਿੰਦਹੁ*
*ਸੰਤ ਰਾਮੁ ਹੈ ਏਕੋ॥*
*ਕਹੁ ਕਬੀਰ ਮੈ ਸੋ ਗੁਰੁ ਪਾਇਆ*
*ਜਾ ਕਾ ਨਾਉ ਬਿਬੇਕੋ॥ ਅੰਗ – 793*

ਹੁਣ ਮੈਂ ਇਕ ਵਾਰੀ ਫੇਰ ਇਸ ਨਾਮ ਬਾਰੇ ਸੰਖੇਪ ਵਿਚ ਦਸਦਾ ਹਾਂ ਕਿ ਇਹ ਨਾਮ ਪਹਿਲਾਂ ਰਸਨਾ ਦੁਆਰਾ ਜਪਿਆ ਜਾਂਦਾ ਹੈ, ਫੇਰ ਸੁਆਸ ਦੇ ਅੰਦਰ ਅਤੇ ਬਾਹਰ ਜਾਣ ਦੇ ਨਾਲ, ਮਹਾਂਪੁਰਸ਼ਾਂ ਦੀ ਦੱਸੀ ਜੁਗਤੀ ਅਨੁਸਾਰ ਕੀਤਾ ਜਾਂਦਾ ਹੈ। ਰਸਨਾ ਦੁਆਰਾ ਬਗੈਰ –

*ਬਿਨੁ ਜਿਹਵਾ ਜੋ ਜਪੈ ਹਿਆਇ॥*
*ਕੋਈ ਜਾਣੈ ਕੈਸਾ ਨਾਉ॥*
*ਅੰਗ – 1256*

ਸੁਰਤੀ ਨਾਲ ਸਿਮਰਨ ਹੁੰਦਾ ਹੈ, ਤ੍ਰਿਕੁਟੀ ਤੋਂ ਉਪਰ ਜਾ ਕੇ ਨਾਮ ਧੁਨ ਆਪਣੇ ਆਪ ਹੀ ਬਹੁਤ ਮਿੱਠੇ ਵੇਗ ਨਾਲ ਚਲਦੀ ਹੈ ਅਤੇ ਮਹਾਨ ਰਸ ਵਿਚ ਲੀਨ ਰਹਿੰਦੀ ਲਿਵਤਾਰੀ ਹੋ ਜਾਂਦੀ ਹੈ, ਸਹਿਜ ਸਮਾਧ ਲਗ ਜਾਇਆ ਕਰਦੀ ਹੈ। ਜਿਵੇਂ ਚਸ਼ਮੇ ਵਿਚੋਂ ਪਾਣੀ ਨਿਕਲਦਾ ਹੈ, ਉਸ ਤਰ੍ਹਾਂ ਇਹ ਗੁਰਮੰਤ੍ਰ ਉਸ ਥਾਂ ਆਪਣੇ ਆਪ ਹੀ ਉਚਾਰਣ ਹੁੰਦਾ ਹੈ। ਸਾਰੇ ਸਰੀਰ ਦੇ ਰੋਮ-ਰੋਮ ਵਿਚ ਇਸ ਨਾਮ ਧੁਨ ਦੀ vibration (ਕੰਬਣੀ) ਮਹਾਂ ਅਨੰਦਿਤ ਪ੍ਰਤੀਤ ਦਿੰਦੀ ਹੈ। ਹੋਰ ਸੁਰਤ ਇਕਾਗਰ ਹੋਣ ਤੇ ਸਾਰੇ ਤੱਤਾਂ – ਪਉਣ, ਪਾਣੀ, ਬੈਸੰਤਰ, ਚੰਦ, ਤਾਰਿਆਂ ਵਿਚੋਂ ਇਕੋ ਸੰਗੀਤਕ ਧੁਨ ਸੁਣਾਈ ਦਿੰਦੀ ਹੈ ਜੋ ਇਸ ਵਾਹਿਗੁਰੂ ਮੰਤ੍ਰ ਦੀ ਹੈ। ਇਹ ਸਾਰੀਆਂ ਜੁਗਤੀਆਂ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਤੋਂ ਪ੍ਰਾਪਤ ਹੋਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਤੁਹਾਡਾ ਨਾਮ ਗੁਰੂ ਮਹਾਰਾਜ ਜੀ ਨੇ ਈਸ਼ਰ ਹਰੀ ਬਖਸ਼ਿਆ ਹੈ, ਤੁਸੀਂ ਇਸ ਰਸਤੇ ਤੇ ਚਲ ਕੇ ਈਸ਼ਰ ਹਰੀ ਬਣਦੇ ਹੋਏ ਵਾਹਿਗੁਰੂ ਜੀ ਦੀ ਪ੍ਰਮ ਜੋਤ ਵਿਚ ਸਮਾਅ ਕੇ ਉਸ ਦਾ ਰੂਪ ਹੀ ਬਣ ਸਕਦੇ ਹੋ।

ਸੋ ਇਹ ਸੀ ਉਸ ਗੁਲਾਬ ਦੀ ਅਵਸਥਾ ਜੋ ਅਤਰ ਵਿਚ ਘੁਲ ਕੇ ਈਸ਼ਰ ਹਰੀ ਬਣ ਰਿਹਾ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਮਾਰਗ ਤੇ ਚਲਣ ਲਈ ਪਿਆਰ ਤੇ ਬਿਰਹੋਂ ਦੀਆਂ ਤੜਫਣੀਆਂ, ਝੀਣੀ ਬਾਣਾਂ ਨਾਲ ਵਾਹ ਪੈਂਦਾ ਹੈ ਜੋ ਇਸ ਜੀਵ ਨੂੰ ਥੋੜ੍ਹੇ ਚਿਰ ਵਿਚ ਹੀ ਆਪਣੀ ਮੰਜ਼ਿਲ ਤੇ ਪਹੁੰਚਾ ਦਿੰਦੇ ਹਨ।

ਸੰਤ ਮਹਾਰਾਜ ਦੇ ਹਿਰਦੇ ਵਿਚ ਇਹ ਉਪਦੇਸ਼ ਸਚਮੁੱਚ ਹੀ ਘਾਉ ਕਰ ਗਏ ਅਤੇ ਅਜੀਬ ਹਾਲਤ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਗਈ –

*ਕਬੀਰ ਸਤਿਗੁਰ ਸੂਰਮੇ*
*ਬਾਹਿਆ ਬਾਨੁ ਜੁ ਏਕੁ॥*

*ਲਾਗਤ ਹੀ ਭੁਇ ਗਿਰਿ*
*ਪਰਿਆ ਪਰਾ ਕਰੇਜੇ ਛੇਕੁ॥*
*ਅੰਗ-1374*

ਸੋ ਪਾਰਸ ਰੂਪ ਮਹਾਂਪੁਰਸ਼ਾਂ ਨੇ ਆਪਣਾ ਹੀ ਰੂਪ ਬਣਾ ਲੈਣ ਦਾ ਸੁਗਮ ਰਸਤਾ ਦੱਸ ਦਿਤਾ। ਹੁਣ ਕੀ ਸੀ ਇਹ ਘਟਨਾ ਰੂਹਾਨੀ ਮੰਡਲ ਦੇ ਵਿਚ ਵਿਕਲੋਤਰੀ ਸੀ। ਠੀਕ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਕਬੀਰ ਸਾਹਿਬ ਦੀ ਹੋਈ-

*ਹੋਇ ਬਿਰਕਤ ਬਨਾਰਸੀ*
*ਰਹਿੰਦਾ ਰਾਮਾਨੰਦ ਗੁਸਾਈਂ।*
*ਅੰਮ੍ਰਿਤ ਵੇਲੇ ਉਠਿ ਕੈ*
*ਜਾਂਦਾ ਗੰਗਾ ਨ੍ਹਾਵਣ ਤਾਈਂ।*
*ਅੱਗੋਂ ਹੀ ਦੇ ਜਾਇ ਕੈ*
*ਲੰਮਾ ਪਿਆ ਕਬੀਰ ਤਿਥਾਈਂ।*
*ਪੈਰੀਂ ਟੁੰਬਿ ਉਠਾਲਿਆ*
*ਬੋਲਹੁ ਰਾਮ ਸਿਖ ਸਮਝਾਈ।*
*ਜਿਉਂ ਲੋਹਾ ਪਾਰਸ ਛੁਹੇ*
*ਚੰਦਨ ਵਾਸ ਨਿੰਮ ਮਹਿਕਾਈ।*
*ਪਸੂ ਪਰੇਤਹੁ ਦੇਵ ਕਰਿ*
*ਪੂਰੇ ਸਤਿਗੁਰ ਦੀ ਵਡਿਆਈ।*
*ਅਚਰਜ ਨੋਂ ਅਚਰਜ ਮਿਲੈ*
*ਵਿਸਮਾਦੈ ਵਿਸਮਾਦ ਮਿਲਾਈ।*
*ਝਰਨਾ ਝਰਦਾ ਨਿੱਝਰਹੁੰ*
*ਗੁਰਮੁਖ ਬਾਣੀ ਅਘੜ ਘੜਾਈ॥*
*ਰਾਮ ਕਬੀਰੈ ਭੇਦ ਨ ਭਾਈ॥*
*ਭਾਈ ਗੁਰਦਾਸ ਜੀ, ਵਾਰ 10/15*

ਅਖੰਡ ਜਾਪ ਸ਼ੁਰੂ ਹੋ ਗਿਆ। ਮਹਾਂਪੁਰਸ਼ (ਸੰਤ ਅਤਰ ਸਿੰਘ ਜੀ) ਕੁਝ ਸਮਾਂ ਲੰਘ ਜਾਣ ਤੇ ਸੰਸਾਰ ਤੋਂ ਪ੍ਰੇਮ ਜੋਤ ਲੀਨ ਹੋ ਗਏ। ਇਸ ਬਿਰਹਾ ਤੇ ਵਿਯੋਗ ਦੀਆਂ ਤੜਪਾਂ ਸਹਿੰਦਿਆਂ ਆਪ ਨੇ ਐਨੀ ਘੋਰ ਸਾਧਨਾ ਕੀਤੀ ਕਿ ਸਰੀਰ ਦੀ ਰਕਤ ਵੀ ਖਤਮ ਹੁੰਦੀ ਨਜ਼ਰ ਆਈ। ਆਪ ਜੀ ਨੇ ਲਗਾਤਾਰ ਨੌਂ ਸਾਲ ਆਪਣੀ ਪਿੱਠ ਨੂੰ ਨਾ ਮੰਜੇ ਨਾਲ, ਨਾ ਧਰਤੀ ਨਾਲ ਲਾਇਆ। ਇਸ ਭਾਰੀ ਤਪੱਸਿਆ ਦਾ ਫਲ ਵਾਹਿਗੁਰੂ ਮਿਲਾਪ ਵਿਚ ਪ੍ਰਗਟ ਹੋਇਆ ਜਿਵੇਂ ਕਿ -

*ਪਹਿਲਾਂ ਬਾਬੇ ਪਾਯਾ ਬਖਸ਼ ਦਰ*
*ਪਿਛੋਂ ਦੇ ਫਿਰ ਘਾਲ ਕਮਾਈ।*
*ਰੇਤ ਅੱਕ ਅਹਾਰ ਕਰ*
*ਰੋੜਾਂ ਦੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਯਾ*
*ਬਡੇ ਭਾਗ ਹਰਿ ਸਿਉ ਬਣਿ ਆਈ।*
*ਭਾਈ ਗੁਰਦਾਸ ਜੀ, ਵਾਰ 1/24*

*ਜਾਂ*
*ਏਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ॥*
*ਬਚਿਤ੍ਰ ਨਾਟਕ*

ਬਖਸ਼ਸ਼ ਦਰ ਦੀ ਪ੍ਰਾਪਤੀ ਕਰਕੇ ਫਿਰ ਆਪ ਨੇ ਸੰਸਾਰ ਵਿਚ ਸਤਿ ਦਾ ਢੰਡੋਰਾ ਦਿਤਾ। ਫਿਰ ਆਪ, 54 ਸਾਲ ਬਿਨਾਂ ਕੋਈ ਛੁੱਟੀ ਕੀਤਿਆਂ, ਬਿਨਾਂ ਕਿਸੇ ਆਲਸ ਨੂੰ ਅਪਣਾਇਆਂ, ਦੇਸ਼ਾਂ ਵਿਦੇਸ਼ਾਂ ਵਿਚ ਰੂਹਾਨੀ ਰਾਹ ਤੋਂ ਭਰਮੀਆਂ, ਟੁੱਟੀਆਂ, ਭੁੱਲ ਚੁੱਕੀਆਂ ਰੂਹਾਂ ਨੂੰ ਤਲਾਸ਼ ਕਰ-ਕਰ ਕੇ ਪ੍ਰੇਮ ਸਤਿ ਦੇ ਮਾਰਗ ਤੇ ਚਲਾਇਆ। ਆਪ ਨੂੰ ਕੀ ਕਿਹਾ ਜਾਵੇ; ਜੇ ਮਹਾਰਾਜ ਜੀ ਕਹਿੰਦੇ ਹਾਂ, ਇਹ ਵੀ ਕੋਈ ਉਪਮਾ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*
*ਅੰਗ - 5*

ਆਪ ਦੀ ਪ੍ਰੇਮ ਅਵਸਥਾ ਨੂੰ ਸਮਝਣਾ ਬਹੁਤ ਹੀ ਔਖਾ ਹੈ। ਅਸੀਂ ਤਾਂ ਐਨਾ ਹੀ ਕਹਿ ਸਕਦੇ ਹਾਂ ਜਿਵੇਂ ਕਬੀਰ ਸਾਹਿਬ ਨੇ ਫੁਰਮਾਨ ਕੀਤਾ -

*ਕਬੀਰ ਜਾ ਕਉ ਖੋਜਤੇ*
*ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ॥*
*ਅੰਗ - 1369*

ਜੇ ਅਸੀਂ ਇਹ ਕਹਿ ਦੇਈਏ ਕਿ ਆਪ ਜੀ ਦੇ ਵਜੂਦ ਵਿਚ ਵਾਹਿਗੁਰੂ ਜੀ ਆਪ ਹੀ ਕੰਮ ਕਰਦੇ ਸਨ ਤਾਂ ਇਹ ਕੋਈ ਅਤਿਕਥਨੀ ਨਹੀਂ। ਗੁਰੂ ਮਹਾਰਾਜ ਜੀ ਆਪ ਹੀ ਕਹਿੰਦੇ ਹਨ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

ਅਨੇਕਾਂ ਪ੍ਰੇਮੀ ਇਸ ਉਚ ਭਾਵਨਾ ਦੇ

ਪ੍ਰੇਰਿਤ ਕੀਤੇ ਹੋਏ ਆਪ ਨਾਲ ਜੁੜੇ ਹੋਏ ਸਨ। ਭਾਵੇਂ ਆਪ ਸਰੀਰ ਬਿਲਕੁਲ ਨਹੀਂ ਸਨ, ਅਸੀਂ ਉਸ ਅੰਦਰਲੀ ਅਵਸਥਾ ਨੂੰ ਨਾ ਸਮਝਦੇ ਹੋਏ ਸਰੀਰ ਦੀ ਲੋਚਾ ਕਰਦੇ ਸਾਂ। ਵਾਹਿਗੁਰੂ ਜੀ ਦੇ ਨਿਯਮਾਂ ਅਨੁਸਾਰ ਸਰੀਰ ਸਦੀਵ ਨਹੀਂ ਰਿਹਾ ਕਰਦਾ ਪਰ ਜੋ ਸੰਤ ਹੋਇਆ ਕਰਦਾ ਹੈ, ਉਹ ਸਰੀਰ ਦੇ ਨਾਸ਼ ਹੋਣ ਤੋਂ ਪਿਛੋਂ ਵੀ ਸਦਾ-ਸਦਾ ਜੀਵਤ ਅਵਸਥਾ ਵਿਚ ਵਿਚਰਦਾ ਹੈ ਇਹ ਅਕਾਲ ਪੁਰਖ ਦੇ ਮੰਤ੍ਰ ਦਾ ਕਰਿਸ਼ਮਾ ਹੈ ਜਿਸ ਨੂੰ ਅਸੀਂ ਅੱਖਰਾਂ ਵਿਚ ਸੀਮਤ ਨਹੀਂ ਕਰ ਸਕਦੇ ਪਰ ਅਸੀਂ ਐਸਾ ਹੀ ਕਹਾਂਗੇ -

***ਬ੍ਰਹਮ ਗਿਆਨੀ ਸਦ ਜੀਵੈ***
***ਨਹੀ ਮਰਤਾ॥*** ***ਅੰਗ - 273***

ਸੰਤ ਤੇ ਅਨੰਤ ਵਿਚ ਕੋਈ ਭੇਦ ਨਹੀਂ ਹੁੰਦਾ। ਭਾਰਤ ਵਿਚ 27 ਅਗਸਤ 1975 ਦਾ ਸੂਰਜ ਅਤਿ ਹੀ ਬ੍ਰਿਹੋਂ ਵਿਯੋਗ ਵਿਚ ਸੁੱਟ ਦੇਣ ਵਾਲਾ ਸੰਦੇਸ਼ ਲੈ ਕੇ ਚੜ੍ਹਿਆ। ਰੇਡੀਓ ਤੇ ਅਖਬਾਰਾਂ ਨੂੰ ਧਿਆਨ ਨਾਲ ਸੁਣਿਆਂ, ਪੜ੍ਹਿਆ, ਆਪ ਦੇ ਸਰੀਰ ਛੱਡ ਜਾਣ ਦੀ ਖਬਰ ਜੰਗਲ ਦੀ ਅੱਗ ਵਾਂਗੂ ਘਰ-ਘਰ ਪੁੱਜ ਗਈ। ਹੈਰਾਨ ਹੋਈ ਮਾਨਵਤਾ ਇਕ ਦੂਜੇ ਦੇ ਮੂੰਹ ਵਲ ਚੁੱਪ ਤੱਕਣੀ ਤੱਕ ਕੇ ਅਬੋਲ, ਕਿਸੇ ਅਸਹਿ ਪੀੜਾ ਨੂੰ ਸਹਿਣ ਦਾ ਜਤਨ ਕਰਦੀ ਪ੍ਰਤੀਤ ਦਿੰਦੀ ਸੀ। ਪੀੜਾ ਨੂੰ ਅੰਦਰ ਹੀ ਅੰਦਰ ਨੱਪਣ ਦਾ ਜਤਨ ਕੀਤਾ ਜਾ ਰਿਹਾ ਸੀ ਪਰ ਹੰਝੂ ਅੰਦਰਲੇ ਭੇਤਾਂ ਦੇ ਪੜਦਿਆਂ ਨੂੰ ਪਾੜ ਕੇ ਚਿਹਰਿਆਂ ਤੇ ਅਰੋਕ ਤਿਲ੍ਹਕ ਰਹੇ ਸਨ। ਬੋਲ ਕੇ ਦੱਸਿਆ ਵੀ ਨਹੀਂ ਜਾ ਰਿਹਾ ਸੀ ਕਿ ਕੀ ਹੋ ਗਿਆ। ਵੇਖਦੇ-ਵੇਖਦੇ ਹੀ ਪ੍ਰਵਾਨਿਆਂ ਦਾ ਇਕੱਠ ਰਾੜੇ ਸਾਹਿਬ ਪੁੱਜਣਾ ਸ਼ੁਰੂ ਹੋ ਗਿਆ। ਇਸ ਬਿਰਹੋਂ ਦ੍ਰਿਸ਼ ਦਾ ਦਰਦ ਨਾਪਿਆ ਤੋਲਿਆ ਨਹੀਂ ਸੀ ਜਾ ਸਕਦਾ। ਬੱਸ ਇਕ ਵਿਛੋੜੇ ਦੀ ਪੀੜਾ ਸੀ, ਹੈਰਾਨੀ ਸੀ। ਆਸ ਦੀ ਲਿਸ਼ਕਦੀ ਰੇਖਾ, ਬਿਰਹੋਂ ਦੀਆਂ ਕਾਲੀਆਂ ਘਟਾਵਾਂ ਵਿਚ ਗੁੰਮ ਹੋ ਗਈ। ਕੋਈ ਗਿਆਨ ਮਨ ਨੂੰ ਧੀਰਜ ਨਹੀਂ ਦੇ ਰਿਹਾ ਸੀ। ਅੱਜ 21 ਸਾਲ ਲੰਘ ਚੁੱਕੇ ਹਨ ਪਰ ਇਸ ਬਿਰਹੋਂ ਘਾਵ ਦੀ ਪੀੜਾ ਘੱਟ ਹੋਣ ਦੀ ਥਾਂ ਵਧਦੀ ਹੀ ਜਾਂਦੀ ਹੈ। ਕੀ ਕਦੇ ਵੀ ਮੁੜ ਕੇ ਇਸ ਮਹਾਨ ਪਵਿੱਤਰ ਵਜੂਦ ਨਾਲ ਮੇਲ ਨਹੀਂ ਹੋਣਾ? ਬੱਸ ਇਹ ਇਕ ਸਵਾਲ ਹੈ ਜੋ ਕਿਸੇ ਤਰੀਕੇ ਨਾਲ ਵੀ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਕੀ ਕਰਿਆ ਜਾਵੇ, ਹਾਲ ਇਹ ਹੈ-

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ***
***ਤਾ ਕੈ ਪਾਛੈ ਜੀਵਣਾ॥***

***ਅੰਗ - 83***

ਪਰ ਬ੍ਰਿਹੋਂ ਵਿਚ ਮਰੇ ਹੋਏ ਫੇਰ ਜਿਉਂਦੇ ਹਾਂ। ਹੁਣ ਸਰੀਰਕ ਮਿਲਾਪ ਦੀ ਆਸ ਮਧਮ ਪੈ ਚੁਕੀ ਹੈ। ਇਸ ਦੀ ਥਾਂ ਇਕ ਉਠੀ ਹੈ ਸੂਝ! ਕਿ ਉਹ ਤਾਂ ਸਰੀਰ ਦੇ ਅੰਦਰ ਇਕ-ਇਕ ਕਣ ਵਿਚ ਬਿਰਾਜ ਰਹੇ ਹਨ, ਮੇਰੀ ਮੈਂ ਮਰ ਕੇ ਤੂੰ ਵਿਚ ਬਦਲ ਰਹੀ ਹੈ, ਸਦੀਵੀ ਦਰਸ਼ਨ ਢਾਰਸ ਦੇ ਰਹੇ ਹਨ। ਹੁਣ ਲਗਦਾ ਹੈ ਕਿ ਪਿਆਰਾ ਤਾਂ ਨਿਕਟ ਖੜੋਤਾ ਪਿਆਰ ਮੁਸਕਾਨਾਂ ਦੇ ਰਿਹਾ ਹੈ ਅਤੇ ਅਵਿਛੜ ਹੈ, ਉਹ ਸਾਰੇ ਸੰਸਾਰ ਦਾ ਆਪਾ ਹੈ ਅਤੇ ਮੇਰੀ ਸੌੜੀ ਮੈਂ ਨੂੰ ਮਾਰ ਕੇ ਪ੍ਰੇਮ ਜਿੰਦ, ਪ੍ਰੇਮ ਆਪੇ ਵਿਚ ਬਦਲਣਾ (convert ਕਰਨਾ) ਚਾਹ ਰਿਹਾ ਹੈ। ਹੇ ਪ੍ਰੀਤਮ! ਕਿਤੇ ਭੀ ਰੱਖ ਪਰ ਅਨੁਭਵ ਮੰਡਲ ਵਿਚੋਂ ਅਲੋਪ ਨਾ ਹੋਈਂ। ਤੇਰੇ ਪਿਆਰ ਵਿਚ ਜਿਓਂ ਰਹੇ ਹਾਂ। ਤੂੰ ਸਾਰੇ ਵਿਆਪਕ ਹੈਂ - ਆਤਮਾ ਹੀ ਪ੍ਰਮਾਤਮਾ ਹੈ, ਪ੍ਰਮਾਤਮਾ ਆਤਮਾ ਨਾਲ ਘੁਲ ਮਿਲ ਰਿਹਾ ਹੈ, ਇਕ ਹੀ ਹੈ। ਆਦਿ ਹੋਂਦ ਹੈ, ਅਸੀਂ ਹੀ ਭੁਲੇਖੇ ਵਿਚ ਤੈਨੂੰ ਪਛਾਣ ਨਾ ਸਕੇ ਅਤੇ ਤੈਨੂੰ ਸਰੀਰਧਾਰੀ ਸਮਝ ਕੇ ਸਰੀਰ ਰੂਪ ਵਿਚ ਹੀ ਦੇਖਦੇ ਰਹੇ। ਸੂਝ ਬਖਸ਼, ਇਸ 'ਮੈਂ' ਨੂੰ 'ਤੂੰ' ਵਿਚ ਬਦਲ ਲੈ। ਮੈਂ ਨਾ ਹੋਵਾਂ, ਇਕ ਤੂੰ ਹੀ ਹੋਵੇਂ -

***ਸੰਤ ਅਨੰਤਹਿ ਅੰਤਰੁ ਨਾਹੀ॥***

***ਅੰਗ - 486***

# ਗੁਰਮੁਖਿ ਕਲਿ ਵਿਚ ਪਰਗਟ ਹੋਆ

ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਇਕ ਤਰ੍ਹਾਂ ਨਾਲ ਗਾੜ੍ਹਾ ਹਨ੍ਹੇਰਾ ਛਾਇਆ ਹੋਇਆ ਸੀ। ਜ਼ਿੰਦਗੀ ਦੇ ਸਾਰੇ ਵਰਗ ਹਨ੍ਹੇਰੇ ਦਾ ਸ਼ਿਕਾਰ ਹੋ ਚੁੱਕੇ ਸਨ। ਗੁਰੂ ਨਾਨਕ ਪਾਤਸ਼ਾਹ ਨੂੰ ਫੁਰਮਾਨ ਕਰਨਾ ਪਿਆ –

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥***
***ਅੰਗ – 145***

ਸਤਿਜੁਗ, ਤ੍ਰੇਤਾ, ਦੁਆਪਰ ਬੀਤਣ ਉਪਰੰਤ ਕਲਜੁੱਗ ਦਾ ਆਰੰਭ ਹੋਇਆ। ਉਸ ਸਮੇਂ ਕ੍ਰਿਸ਼ਨ ਮਹਾਰਾਜ ਜੀ ਨੇ ਪਾਂਡਵਾਂ ਦੇ ਪੁੱਛਣ ਤੇ ਦੱਸਿਆ ਸੀ ਕਿ ਕਲਜੁਗ ਵਿਚ ਮਨੁੱਖ ਦੇ ਖਿਆਲ ਪੂਰੀ ਤਰ੍ਹਾਂ ਨਾਲ ਪ੍ਰਭੂ ਪਿਆਰ ਤੋਂ ਖਾਲੀ ਹੋ ਜਾਣਗੇ ਅਤੇ ਵਹਿਮ ਪ੍ਰਸਤੀ ਵੱਧ ਜਾਵੇਗੀ। ਰਾਜੇ ਆਪਣਾ ਧਰਮ ਛੱਡ ਦੇਣਗੇ। ਭਾਈਚਾਰਕ ਪਿਆਰ ਖਤਮ ਹੋ ਜਾਵੇਗਾ। ਪ੍ਰਚਾਰਕ ਵਰਗ ਆਪ ਕਰੰਗ ਖਾ ਕੇ ਉਚੇ ਅਸੂਲਾਂ ਦਾ ਪ੍ਰਚਾਰ ਕਰੇਗਾ। ਲੋਕ ਵੀ ਉਨ੍ਹਾਂ ਦੀ ਰੀਸ ਕਰਕੇ ਮੰਦਾ ਚਿਤਵਣਗੇ, ਚੰਗੇ ਅਸੂਲਾਂ ਦਾ ਤਿਆਗ ਕਰ ਦੇਣਗੇ।

ਸੋ ਸਮਾਂ ਬੀਤਦਾ ਗਿਆ, ਆਦਮੀ ਦੇ ਮਨ ਵਿਚ ਪਰਿਵਰਤਨ ਆਉਣਾ ਸ਼ੁਰੂ ਹੋਇਆ। ਰਾਜੇ ਜੋ ਪ੍ਰਜਾ ਦੇ ਪਾਲਕ ਹੋਇਆ ਕਰਦੇ ਹਨ ਅਤੇ ਜਿਨ੍ਹਾਂ ਦਾ ਧਰਮ ਹੀ ਨਿਆਂ ਹੋਇਆ ਕਰਦਾ ਹੈ, ਆਪਣੇ ਇਸ ਧਰਮ ਦਾ ਤਿਆਗ ਕਰਕੇ ਕਸਾਈਆਂ ਤੇ ਬੁਚੜਾਂ ਦਾ ਅਧਰਮ ਅਪਣਾਅ ਲਿਆ। ਭਾਰਤ ਵਰਸ਼ ਦੀ ਅਜ਼ਾਦੀ ਪਤਨ ਹੋ ਗਈ ਤੇ 1200 ਈ. ਤੱਕ ਹਿੰਦੋਸਤਾਨ ਪੂਰੀ ਤਰ੍ਹਾਂ ਨਾਲ ਗੁਲਾਮੀ ਵਿਚ ਜਕੜਿਆ ਗਿਆ। ਅਲਾਉਦੀਨ ਖਿਲਜੀ ਵਰਗੇ ਰਾਜੇ ਆਏ ਜਿਨ੍ਹਾਂ ਨੇ ਦੂਸਰੇ ਧਰਮਾਂ ਦਾ ਤ੍ਰਿਸਕਾਰ ਕਰਦੇ ਹੋਏ ਆਪਣੇ ਦਰਬਾਰ ਵਿਚ ਹਿੰਦੂਆਂ ਦੀਆਂ ਖੱਲੜੀਆਂ ਉਤਾਰਨੀਆਂ ਆਰੰਭ ਕਰ ਦਿਤੀਆਂ। ਏਥੋ ਦੇ ਵਾਸੀਆਂ ਉਪਰ ਜਜ਼ੀਏ ਲੱਗ ਗਏ। ਤੈਮੂਰ ਵਰਗੇ ਬੇਰਹਿਮ ਲੁਟੇਰੇ ਆਏ। ਉਸ ਨੇ ਇਕ ਲੱਖ ਕੈਦੀ ਆਪਣੇ ਸਾਮ੍ਹਣੇ ਇਕ ਦਿਨ ਵਿਚ ਕਤਲ ਕਰਾ ਦਿਤਾ। ਸਿਕੰਦਰ ਲੋਧੀ ਵਰਗੇ ਰਾਜੇ ਜਿਸਨੇ ਆਪਣਾ ਨਾਮ ਹੀ ਬੁਤ ਸ਼ਿਕੰਨ ਰਖਾ ਲਿਆ, ਉਸ ਨੇ ਮੰਦਰ, ਦੇਹੁਰੇ ਢਾਹੁਣੇ ਆਰੰਭ ਕਰ ਦਿਤੇ। ਸੋ ਇਸ ਤਰ੍ਹਾਂ ਰਾਜੇ ਆਪਣੇ ਪਰਜਾ ਪਾਲਕ ਹੋਣ ਦਾ ਧਰਮ ਛੱਡ ਕੇ ਪੂਰੇ ਰੂਪ ਵਿਚ ਕਸਾਈ ਬਣ ਗਏ। ਸਭ ਤੋਂ ਅਸਚਰਜ ਗੱਲ ਇਹ ਹੈ ਕਿ ਐਸੇ ਕਰਮਾਂ ਨੂੰ ਮਜ਼੍ਹਬੀ ਰੰਗਤ ਦੇ ਕੇ ਪ੍ਰਮ ਪੁੰਨ (ਸਵਾਬ) ਆਖਿਆ ਜਾਣ ਲਗ ਪਿਆ। ਜੀਵਨ ਮਰਿਆਦਾ, ਜੀਵਨ ਦੇ ਉਚੇ ਅਸੂਲ, ਜਿਸ ਵਿਚ ਹਰ ਇਕ ਦੇ ਨਿੱਜੀ ਜੀਵਨ ਵਿਚ ਸਤਿ, ਸੰਤੋਖ, ਦਇਆ, ਖਿਮਾ, ਧੀਰਜ, ਸ਼ੀਲ, ਸੌਚ, ਸੇਵਾ ਭਾਵ, ਪੁੰਨ-ਦਾਨ ਅਤੇ ਪ੍ਰਸਪਰ ਪਿਆਰ ਦਾ ਜੀਵਨ ਪੂਰੀ ਤਰ੍ਹਾਂ ਨਾਲ ਅਲੋਪ ਹੋ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***.........ਧਰਮੁ ਪੰਖ ਕਰਿ ਉਡਰਿਆ॥***
***ਅੰਗ – 145***

ਗੁਰੂ ਨਾਨਕ ਪਾਤਸ਼ਾਹ ਨੇ ਇਸ ਕੂੜੇ ਜੀਵਨ ਦੀ ਮੱਸਿਆ ਵਿਚ ਸੱਚ ਦੇ ਚੰਦਰਮਾ ਦੀ ਭਾਲ ਕੀਤੀ। ਐਉਂ ਪ੍ਰਤੀਤ ਦਿਤਾ ਜਿਵੇਂ ਉਹ ਉਡਾਰੀ ਮਾਰ ਕੇ ਇਸ ਭੂ ਮੰਡਲ ਵਿਚੋਂ ਕਿਤੇ ਬਾਹਰ ਚਲਿਆ ਗਿਆ। ਹੁਣ ਹਰ ਪਾਸੇ ਅੰਧੇਰਾ ਹੀ ਅੰਧੇਰਾ ਛਾ ਗਿਆ। ਭਾਲਣ ਤੇ ਵੀ ਪ੍ਰਕਾਸ਼ ਨਜ਼ਰੀ ਨਹੀਂ ਆ ਰਿਹਾ। ਸੰਸਾਰ ਵਿਚ ਹਉਮੈ ਰੋਗ ਸਭਨਾਂ ਦੇ ਅੰਦਰ ਪਸਰ ਗਿਆ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੰਸਾਰ ਦੀ ਗਤਿ ਕਿਵੇਂ ਹੋਵੇਗੀ ? ਸੰਸਾਰੀਆਂ ਦਾ ਹਾਲ ਇਹ ਸੀ ਕਿ ਕੂੜ ਬੋਲ ਬੋਲ ਕੇ ਜ਼ਹਿਰ ਖਾ ਰਹੇ ਸਨ। ਸੰਸਾਰ ਤੋਂ

ਜਾਣਾ ਬਿਲਕੁਲ ਭੁੱਲੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਵਿਹੁ ਖਾ ਕੇ ਬੇਸੁਧ ਹੋ ਰਹੇ ਸਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਸੈਸਾਰੀ ਆਪਿ ਖੁਆਇਅਨੁ***
***ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥***
***ਚਲਣ ਸਾਰ ਨ ਜਾਣਨੀ***
***ਕਾਮੁ ਕਰੋਧੁ ਵਿਸੁ ਵਧਾਇਆ॥***

***ਅੰਗ - 145***

ਸਾਰੇ ਭਾਰਤ ਵਰਸ਼ ਵਿਚ ਪਾਪ, ਜ਼ੁਲਮ, ਐਸ਼ ਇਸ਼ਰਤ ਤੋਂ ਸਿਵਾਏ, ਨੇਕੀ ਦਾ ਨਾਮ ਨਿਸ਼ਾਨ ਹੀ ਜਾਂਦਾ ਰਿਹਾ। ਰਾਜੇ ਹਕੂਮਤ ਦੀ ਛੁਰੀ ਲਈਂ ਪਰਜਾ ਨੂੰ ਬਕਰੀਆਂ ਵਾਂਗੂੰ ਕੋਹ ਰਹੇ ਸਨ। ਜ਼ਰਵਾਣੇ ਕਸਾਈਆਂ ਦਾ ਮੂੰਹ ਗਰੀਬਾਂ ਦੇ ਖ਼ੂਨ ਨਾਲ ਬੁਰੀ ਤਰ੍ਹਾਂ ਲਿਬੜਿਆ ਹੋਇਆ ਸੀ। ਉਨ੍ਹਾਂ ਦੇ ਜੋ ਕਰਿੰਦੇ ਸਨ, ਕਰਮਚਾਰੀ ਸਨ, ਉਹ ਰਾਜੇ ਸ਼ੇਰ ਦੀਆਂ, ਨਹੁੰਦਰਾਂ ਸਨ ਜਿਹੜੀਆਂ ਪਰਜਾ ਨੂੰ ਪਾੜ-ਪਾੜ ਕੇ ਦੁਖੀ ਕਰਦੇ ਸਨ ਅਤੇ ਗਰੀਬਾਂ ਦੀ ਰੱਤ ਪੀ ਰਹੇ ਸਨ। ਪਰਜਾ ਦੀ ਅਣਖ ਬਿਲਕੁਲ ਖਤਮ ਹੋ ਚੁੱਕੀ ਸੀ।

***ਰਾਜੇ ਸੀਹ ਮੁਕਦਮ ਕੁਤੇ॥***
***ਜਾਇ ਜਗਾਇਨਿ ਬੈਠੇ ਸੁਤੇ॥***
***ਚਾਕਰ ਨਹਦਾ ਪਾਇਨਿ ਘਾਉ॥***
***ਰਤੁ ਪਿਤੁ ਕੁਤਿਹੋ ਚਟਿ ਜਾਹੁ॥***

***ਅੰਗ - 1288***

ਰਿਸ਼ਵਤ ਪੂਰੇ ਜ਼ੋਰਾਂ ਤੇ ਸੀ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ-

***ਕਲਿ ਆਈ ਕੁੱਤੇ ਮੁਹੀ***
***ਖਾਜ ਹੋਆ ਮੁਰਦਾਰ ਗੁਸਾਈ॥***
***ਰਾਜੇ ਪਾਪ ਕਮਾਂਵਦੇ ਉਲਟੀ***
***ਵਾੜ ਖੇਤ ਕਉ ਖਾਈ॥***
***ਪਰਜਾ ਅੰਧੀ ਗਿਆਨ ਬਿਨ***
***ਕੂੜ ਕੁਸੱਤ ਮੁਖਹੁ ਆਲਾਈ॥***
***ਚੇਲੇ ਸਾਜ ਵਜਾਇੰਦੇ***
***ਨੱਚਣ ਗੁਰੂ ਬਹੁਤ ਬਿਧ ਭਾਈ॥***
***ਸੇਵਕ ਬੈਠਨ ਘਰਾਂ ਵਿਚ***
***ਗੁਰ ਉਠ ਘਰੀਂ ਤਿਨਾੜੇ ਜਾਈ॥***
***ਕਾਜ਼ੀ ਹੋਏ ਰਿਸ਼ਵਤੀ***
***ਵੱਢੀ ਲੈ ਕੇ ਹੱਕ ਗਵਾਈ॥***
***ਇਸਤ੍ਰੀ ਪੁਰਖੈ ਦਾਮ ਹਿਤ***
***ਭਾਵੇਂ ਆਇ ਕਿਥਾਊਂ ਜਾਈ॥***
***ਵਰਤਿਆ ਪਾਪ ਸਭਸੁ ਜਗ ਮਾਂਹੀ॥***

***ਭਾਈ ਗੁਰਦਾਸ ਜੀ, ਵਾਰ 1/30***

ਭਾਈ ਗੁਰਦਾਸ ਜੀ ਨੇ ਬਹੁਤ ਹੀ ਵਿਸਥਾਰ ਨਾਲ ਪਰਜਾ ਦਾ, ਉਸ ਵੇਲੇ ਦੇ ਧਾਰਮਿਕ ਆਗੂਆਂ ਦਾ ਤੇ ਘਰੇਲੂ ਜੀਵਨ ਦਾ ਨਕਸ਼ਾ ਪੂਰੀ ਤਰ੍ਹਾਂ ਨਾਲ ਖਿੱਚਿਆ ਹੈ। ਸਿੱਟਾ ਇਹ ਸੀ ਕਿ ਸਾਰੇ ਸੰਸਾਰ ਵਿਚ ਪਾਪਾਂ ਦਾ ਪਸਾਰਾ ਹੋ ਗਿਆ ਅਤੇ ਇਹ ਪਸਾਰਾ ਅਮਰ ਵੇਲ ਵਾਂਗੂੰ ਦਿਨ ਰਾਤ ਵਧ ਰਿਹਾ ਸੀ। ਐਸੇ ਹਨ੍ਹੇਰੇ ਦੇ ਵਿਚ, ਜਿਸ ਵਿਚ ਸਮਾਜਿਕ ਦਸ਼ਾ, ਧਾਰਮਿਕ ਦਸ਼ਾ ਇਤਨੀ ਡਾਵਾਂਡੋਲ ਹੋ ਗਈ ਸੀ ਕਿ ਕਿਸੇ ਤਰੀਕੇ ਨਾਲ ਵੀ ਸੁਧਾਰੀ ਨਹੀਂ ਜਾ ਸਕਦੀ ਸੀ।

ਅਜਿਹੇ ਬਿਖੜੇ ਸਮੇਂ ਸੰਮਤ 1526, ਸੰਨ 1469 ਵਿਚ ਆਪ ਜੀ ਦਾ ਪ੍ਰਕਾਸ਼ ਹੋਇਆ। ਸਚਮੁੱਚ ਇਸੇ ਤਰ੍ਹਾਂ ਪ੍ਰਕਾਸ਼ ਹੋਇਆ ਜਿਸ ਤਰ੍ਹਾਂ ਅਤਿ ਅੰਧੇਰੀ ਰਾਤ ਵਿਚ ਸੂਰਜ ਦਾ ਪ੍ਰਕਾਸ਼ ਹੋ ਜਾਵੇ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ-

***ਜਿਉਂ ਕਰ ਸੂਰਜ ਨਿਕਲਿਆ***
***ਤਾਰੇ ਛਪੇ ਅੰਧੇਰ ਪਲੋਆ॥***

***ਭਾਈ ਗੁਰਦਾਸ ਜੀ, ਵਾਰ 1/27***

ਇਕ ਤਰ੍ਹਾਂ ਨਾਲ ਜੋ ਧੁੰਧ ਫੈਲੀ ਹੋਈ ਸੀ ਉਹ ਪ੍ਰਕਾਸ਼ ਹੁੰਦਿਆਂ ਹੀ ਮਿਟਣੀ ਸ਼ੁਰੂ ਹੋ ਗਈ। ਗੁਰੂ ਨਾਨਕ ਜੀ ਦੇ ਸਾਰੇ ਕੌਤਕ ਨਿਰਾਲੇ ਹਨ। ਸਰਪ ਨੇ ਛਾਇਆ ਕਰਨੀ, ਮੱਝੀਆਂ ਦਾ ਚਾਰੂ ਹੋਣਾ, ਖੇਤ ਖਾਣ ਉਪਰੰਤ ਵੀ ਫਸਲ ਖਰਾਬ ਨਾ ਹੋਣੀ, ਸੱਚਾ ਸੌਦਾ ਕਰਨ ਦੀ ਜਾਂਚ ਦੱਸਣੀ ਇਸ ਵਿਚ ਬੜਾ ਭੇਦ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਮਹਿਤਾ ਕਾਲੂ ਜੀ ਖਰਾ ਵਪਾਰ ਕਰਨ ਲਈ 20 ਰੁਪਏ ਦਿੰਦੇ ਹਨ। ਆਪ ਦੀ ਨਜ਼ਰੀਂ ਕਈ ਦਿਨਾਂ ਦੇ ਭੁੱਖੇ ਸਾਧੂ ਪੈਂਦੇ ਹਨ। ਆਪ ਜੀ ਨੇ ਨਿਜ ਦੇ ਹਿਤ ਤਿਆਗ ਕੇ ਉਨ੍ਹਾਂ ਸਾਧੂਆਂ ਦੀ ਭੁੱਖ ਨਵਿਰਤ ਕੀਤੀ ਅਤੇ ਨੰਗਿਆਂ

ਲਈ ਕਪੜਾ ਲਿਆਂਦਾ। ਇਸ ਦੇ ਫਲਸਰੂਪ ਆਪ ਜੀ ਨੂੰ ਪਿਤਾ ਜੀ ਦੇ ਅਤਿ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ। ਪਰ ਇਹ ਅਸੂਲ ਸੂਰਜ ਵਾਂਗੂੰ ਪ੍ਰਕਾਸ਼ਿਤ ਹੈ ਕਿ ਨਿੱਜ ਦੇ ਹਿਤ ਨਾਲੋਂ ਪਰਾਇਆਂ ਦਾ ਦੁੱਖ ਦੂਰ ਕਰਨਾ ਪ੍ਰਮੇਸ਼ਰ ਨੂੰ ਭਾਉਂਦਾ ਹੈ। ਜੇ ਪਿਤਾ ਪਾਧੇ ਪਾਸ ਪੜ੍ਹਨ ਲਈ ਪਾਠਸ਼ਾਲਾ ਵਿਚ ਦਾਖਲ ਕਰਾਉਂਦੇ ਹਨ ਤਾਂ ਗੁਰੂ ਨਾਨਕ ਪਾਤਸ਼ਾਹ ਨਿਰਾਰਥਕ ਪੜ੍ਹਾਈ ਦੀ ਥਾਂ ਸੱਚ ਦੀ ਪੜ੍ਹਾਈ ਪੜ੍ਹਨ ਲਈ ਬਹੁਤ ਜ਼ੋਰ ਦਿੰਦੇ ਹਨ ਕਿਉਂਕਿ ਇਹੋ ਜੀਵਨ ਮਨੋਰਥ ਹੈ। ਅੱਖਰ ਪੜ੍ਹਨ ਨਾਲ ਆਦਮੀ ਦੇ ਅੰਦਰ ਦੀਆਂ ਬੁਰਾਈਆਂ ਖਤਮ ਨਹੀਂ ਹੁੰਦੀਆਂ। ਸਗਮਾਂ ਅਕਲ ਤੇਜ਼ ਹੋਣ ਨਾਲ ਹੋਰ ਤਿੱਖੀਆਂ ਹੋ ਜਾਂਦੀਆਂ ਹਨ। ਇਹ ਪੜ੍ਹਾਈ ਨਾ ਸ਼ਾਂਤੀ ਦਿੰਦੀ ਹੈ, ਨਾ ਜੀਵਨ ਰਾਹ ਦਿਖਾਉਂਦੀ ਹੈ। ਗੁਰੂ ਮਹਾਰਾਜ ਜੀ ਨੇ ਐਸੀ ਪੜ੍ਹਾਈ ਨੂੰ ਜਿਸ ਵਿਚ ਨਿੱਜੀ ਚਰਿੱਤਰ ਦੀ ਉਚਤਾ ਪ੍ਰਾਪਤ ਨਾ ਹੋਵੇ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਨਾ ਹੋਵੇ, ਮੂਰਖਾਂ ਦੀ ਪੜ੍ਹਾਈ ਹੀ ਦੱਸਿਆ ਹੈ –

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥***

***ਅੰਗ – 140***

ਅਤੇ ਇਸ ਦੀ ਥਾਂ ਸੱਚੇ ਲੇਖੇ ਕਰਨ ਦੀ ਜਾਂਚ ਦੱਸਦਿਆਂ ਫੁਰਮਾਨ ਕੀਤਾ, ਬਾਬਾ! ਅਜਿਹੇ ਲੇਖੇ ਲਿਖਣ ਦੀ ਜਾਂਚ ਸਿੱਖ ਜਿਨ੍ਹਾਂ ਦੇ ਲਿਖਿਆਂ ਦਰਗਾਹ ਵਿਚ ਮਾਣ ਪ੍ਰਾਪਤ ਹੋਵੇ। ਉਸ ਦਾ ਤਰੀਕਾ ਦਸਦਿਆਂ ਆਪ ਨੇ ਫੁਰਮਾਨ ਕੀਤਾ ਕਿ ਹੰਗਤਾ ਤੇ ਮਮਤਾ ਦੀ ਸਿਆਹੀ ਬਣਾ, ਸਾਰ ਮਤ, ਵਿਵੇਕ ਮਤ ਦਾ ਕਾਗਜ਼ ਬਣਾ ਅਤੇ ਲਿਖ ਪ੍ਰਭੂ ਦੇ ਨਾਮ ਦੀ ਮਹਿਮਾ, ਵਾਹਿਗੁਰੂ ਜੀ ਦੀ ਬੇਅੰਤਤਾਈ (infinity), ਇਹ ਸੁਚੱਜੇ ਸਮਰੱਥ ਗੁਰੂ ਤੋਂ ਪੁੱਛ ਕੇ ਹਿਰਦੇ ਦੀ ਪੱਟੀ ਤੇ ਲਿਖ। ਇਹ ਪੜ੍ਹਾਈ ਪੜ੍ਹੀ ਹੋਈ ਜਨਮ-ਮਰਨ ਦੇ ਚੱਕਰ ਵਿਚੋਂ ਪਾਰ ਕਰ ਦੇਵੇਗੀ। ਦਰਗਾਹ ਵਿਚ ਜਾ ਕੇ ਮਾਣ ਪ੍ਰਾਪਤ ਹੋਵੇਗਾ। ਹਉਮੈ ਦੇ ਨਾਸ ਹੋਣ ਨਾਲ ਝੂਠੀ ਕੰਧ ਟੁੱਟ ਕੇ, ਪ੍ਰਭੂ ਨਾਲ ਮਿਲਾਪ ਦਾ ਅਨੰਦ ਪ੍ਰਾਪਤ ਹੋ ਕੇ ਸਾਰੇ ਦੁਖਾਂ ਤੋਂ ਬਰੀ ਹੋ ਜਾਵੇਂਗਾ। ਸੋ ਬਾਬਾ! ਇਹ ਲੇਖੇ ਲਿਖਣ ਦੀ ਜਾਂਚ ਸਿੱਖ, ਇਨ੍ਹਾਂ ਲੇਖਿਆਂ ਦੇ ਲਿਖਣ ਨਾਲ ਮਾਇਆ ਦੇ ਛੌੜ ਕੱਟੇ ਜਾਣਗੇ ਤੇ ਸਾਰੀ ਸ੍ਰਿਸ਼ਟੀ ਵਿਚ ਇਕੋ ਪ੍ਰਮੇਸ਼ਰ ਨਜ਼ਰ ਆਉਣ ਲੱਗ ਜਾਵੇਗਾ –

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ***
***ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ***
***ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ***
***ਤਿਥੈ ਹੋਇ ਸਚਾ ਨੀਸਾਣੁ॥***

***ਅੰਗ – 16***

ਜੇ ਆਪ ਜੀ ਦੇ ਸਵੱਸਥ ਦੀ ਪਰਖ ਕਰਨ ਵਾਸਤੇ ਵੈਦ ਜੀ ਆਉਂਦੇ ਹਨ ਤਾਂ ਆਪ ਜੀ ਉਸਨੂੰ ਸਮਝਾਉਂਦੇ ਹਨ ਕਿ ਵੈਦ ਜੀ! ਰੋਗਾਂ ਦੀ ਪਛਾਣ ਕਰੋ। ਸਰੀਰਕ ਰੋਗਾਂ ਨੂੰ ਤਾਂ ਤੁਸੀਂ ਜਾਣਦੇ ਹੋਂ, ਬਹੁਤ ਚੰਗੀ ਗੱਲ ਹੈ ਪਰ ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਮਾਨਸਿਕ ਰੋਗ ਅਤਿ ਭਿਆਨਕ ਹੁੰਦੇ ਹਨ। ਜਿਨ੍ਹਾਂ ਰੋਗਾਂ ਵਿਚ ਗ੍ਰਸਿਆ ਜੀਵ, ਅਰਬਾਂ ਸਾਲ ਤੋਂ ਜਨਮ ਮਰਨ ਦੇ ਚੱਕਰ ਵਿਚ ਅਤੇ ਜੂਨੀਆਂ ਵਿਚ ਪੈਣ ਦੇ ਦੁੱਖ ਪਾ ਕੇ ਅਤਿ ਦੁਖੀ ਹੋ ਰਿਹਾ ਹੈ। ਆਪ ਜੀ ਨੇ ਫੁਰਮਾਨ ਕੀਤਾ ਕਿ ਵੈਦ ਜੀ! ਇਕੋ ਵਾਹਿਗੁਰੂ ਜੀ ਆਪਣੀ ਮੌਜ ਵਿਚ ਆਪ ਹੀ ਪਸਾਰਾ ਕਰਕੇ ਅਨੇਕਾਂ ਰੂਪਾਂ ਰੰਗਾਂ, ਜਿਨਸਾਂ, ਜਾਤੀਆਂ ਵਿਚ ਦਰਸ਼ਨ ਦੇ ਰਹੇ ਹਨ। ਪਰ ਹਉਮੈ ਦੇ ਰੋਗ ਨੇ ਉਸੇ ਇਕ ਨੂੰ ਅਨੇਕਾਂ ਰੂਪਾਂ ਵਿਚ ਵੰਡ ਕੇ ਆਪ ਹੀ ਪ੍ਰਮੇਸ਼ਰ ਤੋਂ ਵਖਰਾ ਹੋਣ ਕਰਕੇ ਨਿਮਾਣਾ ਤੇ ਨਿਤਾਣਾ ਬਣਾ ਦਿਤਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਘੁਮੇਟਣੀਆਂ ਖਾ ਰਿਹਾ ਹੈ –

***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ***

***ਫਿਰਿ ਫਿਰਿ ਜੋਨੀ ਪਾਹਿ॥***

***ਅੰਗ - 466***

ਇਹ ਸਾਰਾ ਦ੍ਰਿਸ਼ ਇਕ ਹੁੰਦਾ ਹੋਇਆ ਵੀ ਅਨੇਕ ਵਿਰੋਧੀ ਕਲਪਨਾਵਾਂ, ਭਾਵਨਾਵਾਂ ਵਿਚ ਪ੍ਰਤੀਤ ਦੇ ਰਿਹਾ ਹੈ। ਜਦੋਂ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ ਤੇ ਅੰਤਸ਼ਕਰਣ ਪੂਰੀ ਤਰ੍ਹਾਂ ਸਵਸਥ ਨਹੀਂ ਹੁੰਦਾ, ਇਸ ਰੋਗ ਦੇ ਪਾਏ ਹੋਏ ਭਰਮ ਭੁਲੇਖੇ, ਇਸ ਜੀਵ ਨੂੰ ਦੁਖੀ ਕਰਦੇ ਹੀ ਰਹਿਣਗੇ। ਇਹ ਅਤਿ ਭਿਆਨਕ ਰੋਗ ਹੈ। ਇਸ ਵਿਚੋਂ ਹੀ ਪੰਜੇ ਕਲੇਸ਼ - ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ, ਦ੍ਵੈਸ਼ ਪੈਦਾ ਹੋ ਕੇ ਜੀਵਾਂ ਨੂੰ ਪੀੜਤ ਕਰ ਰਹੇ ਹਨ। ਹਉਮੈ ਰੋਗ ਵਿਚੋਂ ਨਿਕਲੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ; ਨਿੰਦਿਆ, ਚੁਗਲੀ, ਈਰਖਾ, ਵਖੀਲੀ, ਆਸਾ, ਅੰਦੇਸਾ, ਤ੍ਰਿਸ਼ਨਾ ਵਿਚ ਗ੍ਰਸਿਆ ਜੀਵ ਹਾਏ-ਹਾਏ ਕਰ ਰਿਹਾ ਹੈ।

ਸੋ ਵੈਦ ਜੀ! ਜਦੋਂ ਤੱਕ ਮਾਨਸਿਕ ਰੋਗ ਆਦਮੀ ਦੇ ਅੰਦਰ ਫੈਲੇ ਹੋਏ ਹਨ, ਉਤਨੀ ਦੇਰ ਤੱਕ ਆਦਮੀ ਨੂੰ ਖੁਸ਼ੀ ਪ੍ਰਾਪਤ ਨਹੀਂ ਹੁੰਦੀ। ਮਨ ਰੋਗੀ ਹੋ ਜਾਣ ਕਰਕੇ ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਜਦੋਂ ਵੈਦ ਜੀ ਨੇ ਪੁਛਿਆ ਕਿ ਇਨ੍ਹਾਂ ਸਾਰੇ ਰੋਗਾਂ ਦਾ ਕਾਰਨ ਕੀ ਹੈ? ਤਾਂ ਆਪ ਜੀ ਨੇ ਫੁਰਮਾਨ ਕੀਤਾ ਕਿ ਜਦੋਂ ਹਉਮੈ ਰੋਗ ਦੇ ਵਸ ਵਿਚ ਪੈ ਕੇ ਜੀਵ ਆਪਣੀ ਵਿਕਲੋਤਰੀ ਹੋਂਦ ਕਾਇਮ ਕਰਕੇ ਦੇਹ ਅਧਿਆਸ ਵਿਚ ਪੂਰੀ ਤਰ੍ਹਾਂ ਫਸ ਜਾਂਦਾ ਹੈ ਤਾਂ ਇਸ ਦੀਆਂ ਬਿਰਤੀਆਂ ਬਾਹਰਮੁਖ ਹੋ ਕੇ ਪ੍ਰਮੇਸ਼ਰ ਨੂੰ ਭੁਲਾ ਦਿੰਦੀਆਂ ਹਨ ਤਾਂ ਇਸ ਜੀਵ ਦਾ ਸਬੰਧ ਵਾਹਿਗੁਰੂ ਦੀ ਸ਼ਕਤੀ ਨਾਲੋਂ ਟੁੱਟ ਕੇ ਨਿੱਜੀ ਸ਼ਕਤੀ ਵਿਚ ਸੀਮਤ ਹੋ ਜਾਇਆ ਕਰਦਾ ਹੈ। ਉਸ ਸਮੇਂ ਇਸ ਦੇ ਅੰਦਰ ਜੋ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਦੂਰ ਭਾਵ ਉਪਜਦੇ ਹਨ ਉਹ ਇਸ ਦੇ ਸੁਖਾਂ ਦਾ ਸੋਮਾ ਸੁਕਾ ਦਿੰਦੇ ਹਨ ਅਤੇ ਫਿਰ ਦੁਖ ਰੂਪ ਕਿਰਮਾਂ ਦਾ ਵਾਧਾ ਹੋ ਜਾਇਆ ਕਰਦਾ ਹੈ। ਸੋ ਸਾਰੀ ਗੱਲ ਇਹ ਹੈ ਕਿ ਵਾਹਿਗੁਰੂ ਨਾਲੋਂ ਭੁੱਲ ਕੇ ਦੁਖ ਹੋਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਪਰਮੇਸਰ ਤੇ ਭੁਲਿਆਂ***
***ਵਿਆਪਨਿ ਸਭੇ ਰੋਗ॥***

***ਅੰਗ - 135***

ਜਦੋਂ ਵੈਦ ਜੀ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਪਾਤਸ਼ਾਹ! ਜਿਥੇ ਆਪ ਨੇ ਰੋਗ ਉਪਜਣ ਦੇ ਮੂਲ ਕਾਰਨਾਂ ਤੋਂ ਜਾਣੂੰ ਕਰਾਇਆ ਹੈ ਉਥੇ ਆਪ ਇਨ੍ਹਾਂ ਸਾਰੇ ਰੋਗਾਂ ਦਾ ਕੋਈ ਇਲਾਜ ਵੀ ਦੱਸੋ। ਆਪ ਜੀ ਨੇ ਫੁਰਮਾਨ ਕੀਤਾ ਕਿ ਹਉਮੈ ਦਾ ਰੋਗ, ਨਾਮ ਦਾਰੂ ਬਿਨਾਂ ਨਹੀਂ ਜਾਂਦਾ ਕਿਉਂਕਿ ਇਹ ਦੋਵੇਂ ਤੱਤ ਵਿਰੋਧੀ ਹਨ। ਨਾਮ ਤੱਤ ਅਤੀ ਸ਼ਕਤੀਸ਼ਾਲ ਹੈ, ਉਸ ਦੇ ਸਰੀਰ ਵਿਚ ਪ੍ਰਕਾਸ਼ਿਤ ਹੋਇਆਂ ਹਉਮੈ ਤੱਤ ਨਹੀਂ ਰਿਹਾ ਕਰਦਾ ਕਿਉਂਕਿ ਦੋਨਾਂ ਦਾ ਵਿਰੋਧ ਹੈ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥***
***ਹਉਮੈ ਵਿਚਿ ਸੇਵਾ ਨ ਹੋਵਈ***
***ਤਾ ਮਨੁ ਬਿਰਥਾ ਜਾਇ॥***

***ਅੰਗ - 560***

ਇਸੇ ਤਰ੍ਹਾਂ ਨਾਲ ਜਦੋਂ ਆਪ ਨੂੰ ਭੇਖ ਵਿਚ ਬੰਨ੍ਹਣ ਲਈ ਹਿੰਦੂ ਰੀਤੀ ਅਨੁਸਾਰ ਜਨੇਊ ਪਾਉਣ ਲੱਗੇ ਤਾਂ ਆਪ ਜੀ ਨੇ ਪੰਡਤ ਨੂੰ ਸਮਝਾਇਆ ਕਿ ਇਹ ਧਾਗਾ ਪਾਉਣ ਨਾਲ ਮੇਰੇ ਵਿਚ ਕੀ ਪਰਿਵਰਤਨ ਹੋਵੇਗਾ ਕਿਉਂਕਿ ਤੁਸੀਂ ਇਹ ਕਹਿੰਦੇ ਹੋ ਕਿ ਤੇਰਾ ਨਵਾਂ ਜਨਮ ਹੋ ਰਿਹਾ ਹੈ। ਪਾਧਾ ਜੀ! ਇਹ ਧਾਗਾ ਤਾਂ ਕੇਵਲ ਰੂੰ ਕੱਤ ਕੇ, ਸੂਤ ਬਣਾ ਕੇ ਜੋੜਿਆ ਹੋਇਆ ਹੈ। ਇਹ ਜੜ੍ਹ ਹੈ, ਕ੍ਰਿਪਾ ਕਰਕੇ ਦਸੋ ਕਿ ਇਸ ਜੜ੍ਹ ਦਾ ਚੇਤਨ ਜੀਵ ਉਪਰ ਕੀ ਅਸਰ ਪੈਂਦਾ ਹੈ? ਮੈਨੂੰ ਤਾਂ ਐਉਂ ਪ੍ਰਤੀਤ ਦਿੰਦਾ ਹੈ ਕਿ ਮੈਨੂੰ ਕਿਸੇ ਹੋਰ ਬੋਝ ਦੇ ਥੱਲੇ ਦੱਬ ਰਹੇ ਹੋ। ਪ੍ਰਭੂ ਦੀ ਪ੍ਰਾਪਤੀ ਕਦੇ ਵੀ ਭੇਖਾਂ ਨਾਲ ਨਹੀਂ ਹੋਇਆ ਕਰਦੀ, ਭੇਖ ਕੇਵਲ ਲੋਕਾਂ ਨੂੰ ਰਿਝਾਉਣ ਵਾਸਤੇ ਹੀ ਹੋਇਆ ਕਰਦੇ ਹਨ ਜਾਂ ਆਪਣੇ ਮਨ ਨੂੰ ਭਰਮ ਵਸ ਰਿਝਾਉਣ, ਭੁਲ ਭੁਲੇਖੇ ਪਾਉਣ ਲਈ ਹੀ ਹੁੰਦੇ ਹਨ।

ਪੰਡਤ ਜੀ! ਜੇ ਆਪ ਨੇ ਜਨੇਊ ਮੈਨੂੰ

ਪਹਿਨਾਉਣਾ ਹੀ ਹੈ ਤਾਂ ਉਹਦੇ ਬਾਰੇ ਤੁਹਾਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਪੰਡਤ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਜਦੋਂ ਤੱਕ ਆਦਮੀ ਸਦਗੁਣਾਂ ਨੂੰ ਹਿਰਦੇ ਵਿਚ ਨਹੀਂ ਵਸਾਉਂਦਾ ਓਨੀਂ ਦੇਰ ਤੱਕ ਜੀਵਨ ਵਿਚ ਕੋਈ ਪਰਿਵਰਤਨ ਨਹੀਂ ਆਇਆ ਕਰਦਾ ਅਤੇ ਇਸ ਦੀ ਹੋਰ ਵਿਆਖਿਆ ਕਰਦਿਆਂ ਆਪ ਨੇ ਕਿਹਾ ਕਿ ਕਪਾਹ ਦੀ ਥਾਂ ਤੇ ਦਇਆ, ਸੂਤ ਕੱਤਣ ਦੀ ਥਾਂ ਤੇ ਤ੍ਰਿਸ਼ਨਾ ਰਹਿਤ ਜੀਵਨ, ਜਤ ਦੇ ਪ੍ਰਮ ਉਚੇ ਅਸੂਲ ਦੀ ਗੰਢ ਅਤੇ ਸਤਿ ਦੇ ਜੀਵਨ ਦਾ ਵੱਟ ਦਿਤਾ ਜਾਂਦਾ ਹੈ, ਤਾਂ ਹੀ ਇਹ ਜਨੇਊ ਜੀਵ ਉਤੇ ਅਸਰ ਪਾ ਕੇ ਸਾਰੇ ਜੀਵਨ ਵਿਚ ਪਰਿਵਰਤਨ ਲਿਆਉਂਦਾ ਹੈ। ਤੁਹਾਡਾ ਪਹਿਨਾਇਆ ਹੋਇਆ ਜਨੇਊ ਟੁੱਟ ਜਾਂਦਾ ਹੈ, ਮੈਲਾ ਹੋ ਜਾਂਦਾ ਹੈ। ਜਦੋਂ ਆਦਮੀ ਦਾ ਸਰੀਰ ਸਸਕਾਰਿਆ ਜਾਂਦਾ ਹੈ ਤਾਂ ਜਲ ਜਾਂਦਾ ਹੈ। ਇਹ ਜਨੇਊ ਬੇਅਰਥ ਹੈ। ਇਸ ਦਾ ਸਰੀਰ ਨਾਲ ਤਾਂ ਸਬੰਧ ਹੋ ਸਕਦਾ ਹੈ ਪਰ ਸਰੀਰ ਵਿਚ ਵਸਣ ਵਾਲੇ ਨਾਲ ਕੋਈ ਸਬੰਧ ਨਹੀਂ ਹੁੰਦਾ। ਜੀਵ ਜਦੋਂ ਸੰਸਾਰ ਵਿਚ ਆਇਆ ਤਾਂ ਵੀ ਉਹਦੇ ਕੋਈ ਜਨੇਊ ਨਹੀਂ ਪਹਿਨਿਆਂ ਹੋਇਆ ਸੀ, ਇਥੇ ਹੀ ਪਹਿਨਾਇਆ ਗਿਆ ਅਤੇ ਜਦੋਂ ਇਥੋਂ ਜਾਵੇਗਾ ਤਾਂ ਵੀ ਉਹ ਇਥੇ ਸਰੀਰ ਦੇ ਨਾਲ ਹੀ ਸਸਕਾਰਿਆ ਜਾਵੇਗਾ। ਸੋ ਇਹ ਇਕ ਨਿਰਾਰਥਕ ਕ੍ਰਿਆ ਹੈ ਜਿਸ ਦਾ ਰੂਹਾਨੀ ਜੀਵਨ ਨਾਲ ਕੋਈ ਸਬੰਧ ਨਹੀਂ ਭਾਸਦਾ। ਸੋ ਇਸ ਕਰਕੇ ਇਹ ਤੱਗ ਪਹਿਨਣਾ ਕੋਈ ਵਿਸ਼ੇਸ਼ਤਾ ਨਹੀਂ ਰਖਦਾ। ਆਪ ਜੀ ਨੇ ਫੁਰਮਾਨ ਕੀਤਾ -

***ਦਇਆ ਕਪਾਹ ਸੰਤੋਖੁ ਸੂਤੁ***
***ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ***
***ਹਈ ਤ ਪਾਡੇ ਘਤੁ॥***
***ਨਾ ਏਹੁ ਤੁਟੈ ਨ ਮਲੁ ਲਗੈ***
***ਨਾ ਏਹੁ ਜਲੈ ਨ ਜਾਇ॥***
***ਧੰਨੁ ਸੁ ਮਾਣਸ ਨਾਨਕਾ***
***ਜੋ ਗਲਿ ਚਲੇ ਪਾਇ॥***
***ਚਉਕੜਿ ਮੁਲਿ ਅਣਾਇਆ***
***ਬਹਿ ਚਉਕੈ ਪਾਇਆ॥***
***ਸਿਖਾ ਕੰਨਿ ਚੜਾਈਆ***
***ਗੁਰੁ ਬ੍ਰਾਹਮਣੁ ਥਿਆ॥***
***ਓਹੁ ਮੁਆ ਓਹੁ ਝੜਿ ਪਇਆ***
***ਵੇਤਗਾ ਗਇਆ॥***

***ਅੰਗ - 471***

ਜੀਵਨ ਦੇ ਸਾਰੇ ਪੱਖਾਂ ਨੂੰ ਅਖਉਤੀ ਪੂਜਾ ਪਾਠਾਂ ਨੂੰ, ਗੁਰੂ ਨੇ ਸੱਚ ਦੀ ਤਰਕ ਉਪਰ ਤੋਲਿਆ। ਜੇ ਆਪ ਨਿਮਾਜ਼ੀਆਂ ਨੂੰ ਮਿਲਦੇ ਹਨ ਤਾਂ ਆਪ ਨੇ ਪ੍ਰਤੱਖ ਰੂਪ ਵਿਚ ਪੂਜਾ, ਪਾਠ, ਨਿਮਾਜ਼ ਦੀ ਨਿਰਾਰਥਕਤਾ ਨੂੰ ਪ੍ਰਗਟ ਕੀਤਾ। ਇਕ ਸਾਖੀ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਨੂੰ ਨਵਾਬ ਦੌਲਤ ਖਾਂ ਨਿਮਾਜ਼ ਪੜ੍ਹਨ ਲਈ ਮਸਜਿਦ ਵਿਚ ਲੈ ਜਾਂਦਾ ਹੈ। ਜਦੋਂ ਉਹ ਨਿਮਾਜ਼ ਪੜ੍ਹ ਚੁੱਕੇ, ਉਨ੍ਹਾਂ ਨੇ ਪ੍ਰਸ਼ਨ ਕੀਤਾ, "ਹੇ ਨਾਨਕ! ਤੁਸੀਂ ਕਿਉਂ ਨਿਮਾਜ਼ ਨਹੀਂ ਪੜ੍ਹੀ?" ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਨਵਾਬ ਸਾਹਿਬ! ਮੈਂ ਨਿਮਾਜ਼ ਕਿਸ ਨਾਲ ਪੜ੍ਹਦਾ? ਤੁਸੀਂ ਤਾਂ ਇਸ ਥਾਂ ਹੀ ਨਹੀਂ ਸੀ, ਨਿਮਾਜ਼ ਸ਼ੁਰੂ ਹੁੰਦੇ ਹੀ ਆਪ ਦੀ ਸੁਰਤ ਨੇ ਸਰੀਰ ਵਿਚੋਂ ਉਡਾਰੀ ਮਾਰੀ ਅਤੇ ਕਾਬਲ ਕੰਧਾਰ ਵਿਚ ਜਾ ਕੇ ਘੋੜਿਆਂ ਦੀ ਖਰੀਦਦਾਰੀ ਸ਼ੁਰੂ ਕਰ ਦਿਤੀ। ਸੋ ਆਪ ਪੂਰਾ ਸਮਾਂ ਗੈਰ ਹਾਜ਼ਰ ਰਹੇ। ਕਾਜ਼ੀ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਕਾਜ਼ੀ ਸਾਹਿਬ ਤੁਹਾਡਾ ਮਨ ਵੀ ਤੁਹਾਡੀ ਨਵੀਂ ਸੂਈ ਘੋੜੀ ਅਤੇ ਵਛੇਰੀ ਵਿਚ ਪਰਚਿਆ ਹੋਇਆ ਸੀ, ਤੁਸੀਂ ਵੀ ਨਿਮਾਜ਼ ਨਹੀਂ ਪੜ੍ਹੀ। ਮਹਾਰਾਜ ਜੀ ਨੇ ਉਸ ਥਾਂ ਦੱਸਿਆ ਕਿ ਚਿੱਤ ਦੀ ਇਕਾਗਰਤਾ ਤੋਂ ਬਿਨਾਂ ਕੋਈ ਪੂਜਾ ਪਾਠ ਫਲ ਨਹੀਂ ਦਿਆ ਕਰਦਾ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥***

***ਅੰਗ - 295***

ਜਦੋਂ ਨਵਾਬ ਨੇ ਬੜੀ ਅਧੀਨਤਾ ਤੇ ਸ਼ਰਧਾ ਦੇ ਨਾਲ ਬੇਨਤੀ ਕੀਤੀ ਕਿ ਮਨ ਵਸ ਕਿਵੇਂ ਆਵੇ ਤਾਂ ਆਪ ਜੀ ਨੇ ਉਸ ਦੇ ਫੈਲਾਓ ਦਾ ਕਾਰਨ ਦਸਦਿਆਂ ਫੁਰਮਾਨ ਕੀਤਾ ਕਿ ਮਨ

ਵਾਸ਼ਨਾਵਾਂ ਦੀ ਜਕੜ ਵਿਚ ਆਇਆ ਹੋਇਆ ਉਡਾਰੀਆਂ ਮਾਰ ਰਿਹਾ ਹੈ। ਇਹ ਉਡਾਰੀਆਂ ਮਾਰ ਕੇ ਦੁਖੀ ਹੀ ਹੁੰਦਾ ਰਹੇਗਾ। ਜਦੋਂ ਤੱਕ ਵਾਸ਼ਨਾਵਾਂ ਦਾ ਖਾਤਮਾ ਨਹੀਂ ਹੁੰਦਾ, ਉਸ ਸਮੇਂ ਤੱਕ ਪ੍ਰਭੂ ਦੇ ਧਿਆਨ ਵਿਚ ਮਨ ਨਹੀਂ ਜਾਇਆ ਕਰਦਾ। ਇਹ ਪੂਰੇ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਤੋਂ ਬਿਨਾਂ ਸੁਭਾਵਿਕ ਹੀ ਉਡਾਰੀਆਂ ਮਾਰਦਾ ਰਹਿੰਦਾ ਹੈ। ਫੁਰਮਾਨ ਹੈ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - 66***

ਜਦੋਂ ਪੂਰੇ ਗੁਰੂ ਦਾ ਸ਼ਬਦ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦਾ ਨਿਰੰਤਰ ਅਭਿਆਸ, ਰਸ ਅਤੇ ਪ੍ਰਕਾਸ਼ ਰੂਪ ਵਿਚ ਧੁਨ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ ਤਾਂ ਉਹ ਸ਼ਬਦ ਮਨ ਦੀਆਂ ਉਡਾਰੀਆਂ ਬੰਦ ਕਰ ਦਿੰਦਾ ਹੈ। ਫੇਰ ਜੋ ਪੂਜਾ ਪਾਠ, ਨਿਮਾਜ਼, prayer ਕੀਤੀ ਜਾਂਦੀ ਹੈ ਉਹ ਹਾਜ਼ਰੀ ਦੀ ਹੋਣ ਕਰਕੇ ਕਬੂਲ ਪੈਂਦੀ ਹੈ। ਇਸੇ ਤਰ੍ਹਾਂ ਨਾਲ ਜੋ ਨਿਸ਼ਚੇ ਗਲਤ ਰੂਪ ਵਿਚ ਸੰਸਕਾਰ ਬਣ ਕੇ ਬੰਦਿਆਂ ਨੂੰ ਫੜੀਂ ਬੈਠੇ ਸਨ ਉਨ੍ਹਾਂ ਨੂੰ ਤੋੜਨ ਲਈ ਆਪ ਥਾਂ-ਥਾਂ ਤੇ ਗਏ ਤੇ ਸੱਚ ਦਾ ਪ੍ਰਕਾਸ਼ ਕੀਤਾ। ਜਦੋਂ ਆਪ ਕਾਹਬਾ ਸ਼ਰੀਫ ਵਿਚ ਜਾਂਦੇ ਹਨ ਤਾਂ ਗਿਆਨਵਾਨ ਪੀਰਾਂ ਦਰਵੇਸ਼ਾਂ ਨੂੰ ਛੱਡ ਕੇ ਇਸਲਾਮ ਦੇ ਧਾਰਨੀਆਂ ਵਿਚ ਇਹ ਨਿਸ਼ਚਾ ਸੀ ਕਿ ਰੱਬ ਕਾਹਬਾ ਸ਼ਰੀਫ ਵਿਚ ਵਸਦਾ ਹੈ ਜਿਵੇਂ ਕਿ ਹਿੰਦੂਆਂ ਵਿਚ ਵੀ ਇਹ ਨਿਸ਼ਚਾ ਹੈ ਕਿ ਪ੍ਰਮੇਸ਼ਰ ਦੱਖਣ ਵਿਚ ਵਸਦਾ ਹੈ। ਆਪ ਜੀ ਨੇ ਇਕ ਐਸਾ ਕੌਤਕ ਵਰਤਾਇਆ ਕਿ ਜੀਵਨ ਮੁੱਲਾਂ ਨਰਾਜ਼ ਹੋ ਗਿਆ ਕਿ ਨਾਨਕ! ਤੂੰ ਖੁਦਾ ਦੇ ਘਰ ਵਲ ਪੈਰ ਕਰਕੇ ਲੰਮਾ ਪਿਆ ਹੈਂ। ਤਾਂ ਉਹ ਕ੍ਰੋਧ ਵਸ ਆ ਕੇ ਚਰਨ ਫੜ ਕੇ ਜਦੋਂ ਦੂਜੇ ਪਾਸੇ ਘੁੰਮਾਉਣ ਲੱਗਿਆ ਤਾਂ ਉਸ ਦੇ ਅੰਦਰਲੇ ਕਪਾਟ ਖੁਲ੍ਹ ਗਏ ਤਾਂ ਕੀ ਦੇਖਦਾ ਹੈ ਕਿ ਮੈਂ ਜਿਧਰ ਵੀ ਗੁਰੂ ਨਾਨਕ ਦੇ ਚਰਨ ਕਰਦਾ ਹਾਂ, ਹਰ ਪਾਸੇ ਕਾਹਬਾ ਹੀ ਦਿਖਾਈ ਦਿੰਦਾ ਹੈ। ਉਸ ਥਾਂ ਤੇ ਗੁਰੂ ਨਾਨਕ ਨਾਲ ਬਹੁਤ ਗੋਸ਼ਟੀਆਂ ਹੋਈਆਂ ਅਤੇ ਆਪ ਨੇ ਪ੍ਰਗਟ ਰੂਪ ਵਿਚ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਹੋਣ ਦਾ ਨਿਸ਼ਚਾ ਦ੍ਰਿੜ ਕਰਵਾਇਆ। ਜਦੋਂ ਆਪ ਪਰਬਤਾਂ ਵਿਚ ਯੋਗੀਆਂ ਨੂੰ ਮਿਲਦੇ ਹਨ ਤਾਂ ਉਨ੍ਹਾਂ ਵਲੋਂ ਰਿੱਧੀਆਂ-ਸਿੱਧੀਆਂ ਲਈ ਕੱਟੇ ਗਏ ਚਿਲ੍ਹੇ ਇਕ ਮਾਇਆ ਦਾ ਖੇਲ੍ਹ ਦਰਸਾਅ ਕੇ ਨਾਮ ਦੀ ਪ੍ਰਮ ਸੱਤਾ ਨਾਲ ਜੁੜਨ ਦਾ ਬਲ ਸਿਖਾਇਆ। ਗੋਰਖ ਨਾਥ ਵਲੋਂ ਗੁਰੂ ਜੀ ਨੂੰ ਪਾਣੀ ਲਿਆਉਣ ਲਈ ਤਾਲ ਤੇ ਭੇਜਿਆ ਗਿਆ ਅਤੇ ਸ਼ਕਤੀਆਂ ਨਾਲ ਉਥੇ ਹੀਰੇ ਜਵਾਹਰਾਤ ਬਣਾ ਦਿਤੇ। ਗੁਰੂ ਨਾਨਕ ਜੀ ਨੇ ਵਾਪਸ ਆ ਕੇ ਕਿਹਾ, ਉਥੇ ਪਾਣੀ ਤਾਂ ਹੈ ਨਹੀਂ। ਪਾਣੀ ਸਾਡਾ ਜੀਵਨ ਹੈ ਇਹ ਰੰਗ-ਬਰੰਗੇ ਪੱਥਰ, ਜਿਨ੍ਹਾਂ ਨੂੰ ਤੁਸੀਂ ਹੀਰੇ ਜਵਾਹਰਾਤ ਕਹਿੰਦੇ ਹੋ ਇਹ ਪਿਆਸ ਮਿਟਾਉਣ ਦੇ ਕਿਸੇ ਕੰਮ ਨਹੀਂ। ਤੁਹਾਨੂੰ ਪਾਣੀ ਦੀ ਲੋੜ ਹੈ, ਪੱਥਰ ਤੁਹਾਡੀ ਪਿਆਸ ਨਹੀਂ ਬੁਝਾਉਣਗੇ, ਚਾਹੇ ਅਰਬਾਂ-ਖਰਬਾਂ ਦੇ ਕਿਉਂ ਨਾ ਹੋਣ; ਪਾਣੀ ਪ੍ਰਭੂ ਦੀ ਅਮੁੱਲ ਦਾਤ ਹੈ। ਤਾਂ ਗੋਰਖ ਨਾਥ ਕਹਿਣ ਲੱਗਿਆ, "ਹੇ ਨਾਨਕ! ਦੇਖ ਅਸਾਡੇ ਸਾਧਨ, ਅਸਾਡੇ ਹੱਠ ਯੋਗ ਵਿਚ ਕਿੰਨੀ ਸ਼ਕਤੀ ਹੈ ਕਿ ਇਕ ਫੁਰਨਾ ਕੀਤਾ ਤੇ ਸਾਰੀ ਝੀਲ ਹੀਰੇ ਜਵਾਹਰਾਤਾਂ ਨਾਲ ਭਰ ਗਈ।" ਜਦੋਂ ਮਹਾਰਾਜ ਜੀ ਨੇ ਉਸ ਝੀਲ ਵਲ ਗੋਰਖ ਦਾ ਧਿਆਨ ਦਿਵਾਇਆ ਤਾਂ ਕੀ ਦੇਖਦਾ ਹੈ ਉਸਦੀ ਮਾਇਆ ਅਲੋਪ ਹੋ ਚੁੱਕੀ ਹੈ ਉਸ ਨੇ ਜ਼ੋਰ ਲਾਇਆ ਪਰ ਉਸ ਦੀ ਕੋਈ ਪੇਸ਼ ਨਾ ਗਈ ਅਤੇ ਹਾਰ ਗਿਆ।

***ਸਿੱਧੀਂ ਮਨੇ ਬਿਚਾਰਿਆ***
***ਕਿਵੇਂ ਦਰਸਨ ਏਹ ਲੇਵੇ ਬਾਲਾ।***
***ਐਸਾ ਜੋਗੀ ਕਲੀ ਮਹਿੰ***
***ਹਮਰਾ ਪੰਥ ਕਰੇ ਉਜਿਆਲਾ।***
***ਖੱਪਰ ਦਿਤਾ ਨਾਥ ਜੀ***
***ਪਾਣੀ ਭਰ ਲੈਵਣ ਉਠ ਚਾਲਾ।***
***ਬਾਬਾ ਆਯਾ ਪਾਣੀਐ***
***ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧ ਪੁਰਖ***
***ਕਿਹੜਾ ਝੱਲੇ ਗੁਰੂ ਦੀ ਝਾਲਾ।***

*ਫਿਰ ਆਯਾ ਗੁਰ ਨਾਥ ਜੀ*
*ਪਾਣੀ ਠਉੜ ਨਹੀ ਉਸ ਤਾਲਾ।*
*ਸ਼ਬਦ ਜਿਤੀ ਸਿਧ ਮੰਡਲੀ*
*ਕੀਤੋਸੁ ਆਪਣਾ ਪੰਥ ਨਿਰਾਲਾ।*
*ਕਲਿਜੁਗ ਨਾਨਕ ਨਾਮ ਸੁਖਾਲਾ।।*
*ਭਾਈ ਗੁਰਦਾਸ ਜੀ, ਵਾਰ - 1/31*

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਾਥ ਜੀ! ਇਹ ਰਿੱਧੀਆਂ ਸਿੱਧੀਆਂ ਇਕ ਮਾਇਕ ਖੇਲ੍ਹ ਹੈ। ਜੋ ਆਦਮੀ ਦੇ ਮਨ ਨੂੰ ਸ਼ਾਂਤੀ ਨਹੀਂ ਦਿੰਦੀਆਂ ਅਤੇ ਜੀਵ ਨੂੰ ਮੋਹ ਵਿਚ ਫਸਾਉਂਦੀਆਂ ਹਨ। ਮੋਹ, ਪ੍ਰਮ ਸ਼ਕਤੀ, ਨਾਮ ਦਾ ਵਿਰੋਧੀ ਹੈ।

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ॥*
*ਅੰਗ - 593*

ਮੋਹ ਵਿਚ ਫਸਿਆ ਹੋਇਆ ਜੀਵ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਛੁੱਟ ਸਕਦਾ। ਇਸ ਕਰਕੇ ਇਨ੍ਹਾਂ ਸ਼ਕਤੀਆਂ ਨਾਲ ਜੀਵਨ ਮਨੋਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਜੋਗ ਕਿਸ ਕੰਮ, ਜੇ ਇਸ ਨੇ ਜੀਵ ਦੀ ਜੰਮਣ ਮਰਨ ਦੀ ਭਟਕਣਾ ਨੂੰ ਹੀ ਨਾ ਮਿਟਾਇਆ? ਨਾਥ ਜੀ! ਪ੍ਰਭੂ ਦਾ ਨਾਮ ਇਕ ਐਡੀ ਵੱਡੀ ਸ਼ਕਤੀ ਹੈ ਕਿ ਜਿਸ ਦੇ ਹਿਰਦੇ ਵਿਚ ਵਸ ਜਾਂਦਾ ਹੈ ਸਾਰੀਆਂ ਸ਼ਕਤੀਆਂ ਉਸ ਦੇ ਪਿਛੇ ਲਗ ਜਾਂਦੀਆਂ ਹਨ -

*ਨਵਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*
*ਅੰਗ - 749*

ਐਸਾ ਗੁਰਬਾਣੀ ਵਿਚ ਫੁਰਮਾਨ ਹੈ ਕਿ ਜੀਵਨ ਦਾ ਅਸਲ ਮਨੋਰਥ, ਆਪਣਾ ਜੀਵਨ ਲਕਸ਼ ਪ੍ਰਭੂ ਪ੍ਰਾਪਤੀ ਹੀ ਹੈ ਜੋ ਕੇਵਲ ਨਾਮ ਨਾਲ ਹੀ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਆਪ ਜੀ ਹਰ ਥਾਂ ਦੇ ਉਤੇ ਹਰ ਵਰਗ ਵਿਚ, ਵੱਡੇ-ਵੱਡੇ ਮੱਠਾਂ ਦੇ ਮਾਲਕਾਂ, ਪੀਰਾਂ, ਫਕੀਰਾਂ, ਦਰਵੇਸ਼ਾਂ, ਜੋਗੀਆਂ, ਪੰਡਤਾਂ ਆਦਿ ਨੂੰ ਮਿਲ ਕੇ ਸਤਿ ਦਾ ਪ੍ਰਕਾਸ਼ ਕਰਦੇ ਰਹੇ ਅਤੇ ਪ੍ਰਮ ਤੱਤ ਦੀ ਪ੍ਰਾਪਤੀ ਵਾਸਤੇ ਸਭ ਤੋਂ ਪ੍ਰਮੁੱਖ ਸਾਧਨ ਆਪ ਜੀ ਨੇ ਨਾਮ ਦਾ ਪ੍ਰਗਟ ਕੀਤਾ ਅਤੇ ਬਲ ਦਿਤਾ ਕਿ ਜਦੋਂ ਤੱਕ ਸਮਰੱਥ ਗੁਰੂ ਦੀ ਪ੍ਰਾਪਤੀ ਨਾ ਹੋਵੇ ਜੋ ਆਪ ਪ੍ਰਭੂ ਨੂੰ ਮਿਲਿਆ ਹੋਵੇ ਤੇ ਦੂਸਰੇ ਨੂੰ ਇਸੇ ਸਰੀਰ ਦੇ ਅੰਦਰ ਹੀ ਪ੍ਰਭੂ ਨੂੰ ਮਿਲਾ ਸਕਣ ਦੀ ਸਮਰੱਥਾ ਰਖਦਾ ਹੋਵੇ, ਉਹ ਗੁਰੂ ਸਮਰੱਥ ਹੋਇਆ ਕਰਦਾ ਹੈ ਪਰ ਇਸ ਦੇ ਵਿਪਰੀਤ ਮਨਮੁਖ ਨੂੰ ਪ੍ਰਮ ਪ੍ਰਕਾਸ਼ ਸਰੂਪ ਗੁਰੂ ਨੂੰ ਛੱਡ ਕੇ, ਹਨ੍ਹੇਰੇ ਨਾਲ ਪਿਆਰ ਹੋਇਆ ਕਰਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਮਨਮੁਖਾਂ ਦਾ ਸੰਸਾਰ ਡੁੱਬ ਰਿਹਾ ਹੈ -

*ਨਾਨਕ ਮਨਮੁਖਿ ਅੰਧੁ ਪਿਆਰੁ॥*
*ਬਾਝੁ ਗੁਰੂ ਡੁਬਾ ਸੰਸਾਰੁ॥*
*ਅੰਗ - 138*

ਇਕ ਵੱਡਾ ਭੁਲੇਖਾ ਇਸਲਾਮ ਵਾਲਿਆਂ ਦੇ ਮਨ ਵਿਚ ਸੀ ਕਿ ਕੇਵਲ ਸੱਤ ਅਕਾਸ਼ ਅਤੇ ਸੱਤ ਪਾਤਾਲ ਹਨ। ਇਹ ਗਿਣਤੀ ਵਾਹਿਗੁਰੂ ਜੀ ਦੀ ਅਗੰਮਤਾ ਵਿਚ, ਅਲਪੱਗਤਾ ਪ੍ਰਗਟ ਕਰਦੀ ਹੈ ਕਿਉਂਕਿ ਵਾਹਿਗੁਰੂ ਜੀ ਅਨੰਤ ਹਨ ਅਤੇ ਉਨ੍ਹਾਂ ਦੀ ਸਾਰੀ ਕ੍ਰਿਆ ਅਨੰਤਤਾ ਦੀ ਹੈ ਉਨ੍ਹਾਂ ਨੂੰ ਕਿਸੇ ਥਾਂ ਵੀ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਭਰਮ ਨੂੰ ਦੂਰ ਕਰਨ ਲਈ ਗੁਰੂ ਨਾਨਕ ਪਾਤਸ਼ਾਹ ਬਗਦਾਦ ਵਿਚ ਗਏ ਤੇ ਪੀਰ ਦੇ ਪੁੱਤਰ ਨੂੰ ਨਾਲ ਲੈ ਕੇ ਦਿਖਾਇਆ ਕਿ ਲਖੂਖਾ ਪਾਤਾਲ, ਲਖੂਖਾ ਅਕਾਸ਼ ਹਨ ਜਿਨ੍ਹਾਂ ਨੂੰ ਕਿਸੇ ਗਿਣਤੀ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਘਟਨਾ ਬਾਰੇ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

*ਪੁੱਛੇ ਪੀਰ ਤਕਰਾਰ ਕਰ*
*ਏਹ ਫਕੀਰ ਵਡਾ ਆਤਾਈ।*
*ਏਥੇ ਵਿਚ ਬਗਦਾਦ ਦੇ*
*ਵੱਡੀ ਕਰਾਮਾਤ ਦਿਖਲਾਈ।*
*ਪਾਤਾਲਾਂ ਆਕਾਸ਼ ਲਖ*
*ਓੜਕ ਭਾਲੀ ਖਬਰ ਸੁਣਾਈ।*
*ਫੇਰ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾਂ ਜੋ ਤੁਹਿ ਪਾਈ।*
*ਨਾਲ ਲੀਤਾ ਬੇਟਾ ਪੀਰ ਦਾ*
*ਅੱਖੀਂ ਮੀਟ ਗਇ ਹਵਾਈ।*
*ਲੱਖ ਅਕਾਸ਼ ਪਾਤਾਲ ਲੱਖ*

*ਅੱਖ ਫਰਕ ਵਿਚ ਸਭ ਦਿਖਲਾਈ।*
*ਭਰ ਕਚਕੌਲ ਪ੍ਰਸ਼ਾਦ ਦਾ*
*ਧੁਰੋਂ ਪਤਾਲੋਂ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*
***ਭਾਈ ਗੁਰਦਾਸ ਜੀ, ਵਾਰ 1/36***

ਸੋ ਇਸ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਨਾਂ ਵਿਚ ਪਿਆ ਹੋਇਆ ਹਨ੍ਹੇਰਾ, ਵਹਿਮ, ਨਿਰਾਰਥਕ ਰਸਮਾਂ, ਕਰਮਾਂ ਧਰਮਾਂ ਨੂੰ ਰੱਦ ਕੀਤਾ ਅਤੇ ਸਹੀ ਰਾਹ ਨਾਮ ਮਾਰਗ ਦਾ ਪ੍ਰਗਟ ਕੀਤਾ। ਜਦੋਂ ਨਾਮ ਜਗਿਆਸੂਆਂ ਵਿਚ ਪ੍ਰਗਟ ਹੋ ਜਾਂਦਾ ਹੈ ਤਾਂ ਉਨ੍ਹਾਂ ਦੇ ਮਨਾਂ ਦਾ ਹਨ੍ਹੇਰਾ ਮਿਟ ਜਾਂਦਾ ਹੈ। ਉਨ੍ਹਾਂ ਵਿਚ ਆਪਾ ਵਾਰਨ ਦੀ ਜਾਂਚ ਪੈਦਾ ਹੋ ਜਾਂਦੀ ਹੈ ਅਤੇ ਜੀਵਨ ਵਿਚੋਂ ਡਰ ਦੂਰ ਹੋ ਜਾਂਦਾ ਹੈ। ਨਿਰਭੈ ਜੀਵਨ ਬਤੀਤ ਕਰਨ ਦਾ ਸੁਭਾਅ ਬਣ ਜਾਂਦਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਨੇ ਦ੍ਵੈਤ ਦਾ ਪੂਰੀ ਤਰ੍ਹਾਂ ਨਾਸ਼ ਤੇ ਅਦ੍ਵੈਤ ਦਾ ਪ੍ਰਕਾਸ਼ ਕੀਤਾ ਅਤੇ ਪ੍ਰਗਟ ਕੀਤਾ ਕਿ ਇਕੋ ਹੀ ਵਾਹਿਗੁਰੂ ਜੀ ਆਪ ਹੀ ਅਨੇਕਾਂ ਰੰਗਾਂ ਵਿਚ ਆਪਣੀ ਮੌਜ ਵਿਚ ਆ ਕੇ ਖੇਲ੍ਹਦੇ ਪ੍ਰਤੀਤ ਦਿੰਦੇ ਹਨ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ*
*ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥*
***ਅੰਗ - 463***

*ਆਪੇ ਰਸੀਆ ਆਪਿ ਰਸੁ*
*ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ*
*ਆਪੇ ਸੇਜ ਭਤਾਰੁ॥*
*ਰੰਗਿ ਰਤਾ ਮੇਰਾ ਸਾਹਿਬੁ*
*ਰਵਿ ਰਹਿਆ ਭਰਪੂਰਿ॥*
*ਆਪੇ ਮਾਛੀ ਮਛੁਲੀ*
*ਆਪੇ ਪਾਣੀ ਜਾਲੁ॥*
*ਆਪੇ ਜਾਲ ਮਣਕੜਾ*
*ਆਪੇ ਅੰਦਰਿ ਲਾਲੁ॥*
*ਆਪੇ ਬਹੁਬਿਧਿ ਰੰਗੁਲਾ*
*ਸਖੀਏ ਮੇਰਾ ਲਾਲੁ॥*
*ਨਿਤ ਰਵੈ ਸੋਹਾਗਣੀ*
*ਦੇਖੁ ਹਮਾਰਾ ਹਾਲੁ॥*
*ਪ੍ਰਣਵੈ ਨਾਨਕੁ ਬੇਨਤੀ*
*ਤੂ ਸਰਵਰੁ ਤੂ ਹੰਸੁ॥*
*ਕਉਲੁ ਤੂ ਹੈ ਕਵੀਆ ਤੂ ਹੈ*
*ਆਪੇ ਵੇਖਿ ਵਿਗਾਸੁ॥*
***ਅੰਗ - 23***

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*
***ਪੰਨਾ - 1291***

ਸੋ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਕਰਾਇਆ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
***ਅੰਗ - 846***

# ਮਨ ਮਵਾਸੀ (ਆਕੀ) ਰਾਜਾ

## ਮਨ ਜੀਤੈ ਜਗ ਜੀਤ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਮੁਤਾਬਿਕ ਮਨ ਇਸ ਸਰੀਰ ਵਿਚ ਇਕ ਬਹੁਤ ਵੱਡੀ ਸ਼ਕਤੀ ਹੈ। ਜੇਕਰ ਇਹ ਮਨ ਪੂਰੀ ਤਰ੍ਹਾਂ ਦ੍ਰਿੜ੍ਹਤਾ ਨਾਲ ਸਾਥ ਦੇਵੇ ਤਾਂ ਇਹ ਜੀਵ ਆਪਣੇ ਪ੍ਰਮ ਤੱਤ ਨੂੰ ਪਛਾਣ ਕੇ ਸਾਰੇ ਦੁਖਾਂ ਕਲੇਸ਼ਾਂ ਤੋਂ ਬਰੀ ਹੋ ਸਕਦਾ ਹੈ। ਜੇਕਰ ਇਹ ਮਨ ਸਾਥ ਨਾ ਦੇਵੇ ਤਾਂ ਕ੍ਰੋੜਾਂ ਜੁੱਗ 84 ਲੱਖ ਜੂਨੀਆਂ ਵਿਚ ਗੇੜੇ ਦਿਵਾਉਂਦਾ ਹੈ। ਮਨ ਸਾਧਣਾ ਸਭ ਤੋਂ ਜ਼ਰੂਰੀ ਹੈ –

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥***
***ਅੰਗ – 342***

ਇਹ ਮਨ ਮਾਦੀ ਸ਼ਕਤੀ ਹੈ, ਇਹ ਮਨ ਹੀ ਜਦੋਂ ਅਸੀਂ ਇਸ ਦੀ ਖੋਜ ਵਿਚ ਬਹੁਤ ਗਹਿਰੇ ਚਲੇ ਜਾਂਦੇ ਹਾਂ ਤਾਂ 'ਸਿਓ' ਚੇਤਨ ਸ਼ਕਤੀ ਹੈ। ਇਹ ਮਨ ਪੰਜਾਂ ਤੱਤਾਂ ਦਾ ਅੰਤ੍ਰੀਵੀ ਗੁਣ ਹੈ ਜਿਸ ਨੂੰ ਪੰਜ ਤੱਤ ਦਾ ਆਤਮਾ ਵੀ ਕਿਹਾ ਗਿਆ ਹੈ–

***ਇਹੁ ਮਨੁ ਪੰਚ ਤਤ ਕੋ ਜੀਉ॥***
***ਅੰਗ – 342***

ਜਦੋਂ ਅਸੀਂ ਇਸ ਮਨ ਨੂੰ ਉਚਾ ਲੈ ਜਾਂਦੇ ਹਾਂ ਫਿਰ ਇਹ ਗਿਆਨ ਪ੍ਰਾਪਤੀ ਹੋਣ ਤੇ ਨਾਮ ਵਿਚ ਸਮਾਇਆ ਰਹਿੰਦਾ ਹੈ। ਇਹ ਅਵਸਥਾ ਬ੍ਰਹਮਗਿਆਨੀ ਦੀ ਹੁੰਦੀ ਹੈ ਜੋ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸ ਸਕਦਾ ਹੈ। ਪਰ ਇਸ ਮਨ ਨੂੰ ਕਿਸੇ ਵਿਰਲੇ ਨੇ ਹੀ ਫਤਹਿ ਕੀਤਾ ਹੈ ਅਤੇ ਵਿਰਲੇ ਨੇ ਹੀ ਇਸ ਦੇ ਅਸਲੀ ਸਰੂਪ ਨੂੰ ਜਾਣਿਆ ਹੈ ਕਿਉਂਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ***
***ਗੁਰਮਤੀ ਰੰਗੁ ਮਾਣੁ॥ ਅੰਗ – 441***

ਇਹ ਮਨ ਆਪਣੀ ਪੂਰਨ ਗਹਿਰਾਈ ਵਿਚ ਚੇਤਨ ਆਤਮਾ ਹੈ, ਇਸ ਦੀ ਸ਼ਕਤੀ ਸਰੀਰ ਵਿਚ ਕੰਮ ਕਰਦੀ ਹੈ ਪਰ ਕੋਈ ਵਿਰਲਾ ਹੀ ਹੈ ਜੋ ਇਸ ਦੇ ਅਸਲੀ ਸਰੂਪ ਨੂੰ ਜਾਣਦਾ ਹੈ। ਵੱਡੇ-ਵੱਡੇ ਰਿਸ਼ੀ ਮੁਨੀ ਇਸ ਦੀ ਖੋਜ ਤਨ ਵਿਚੋਂ ਨਹੀਂ ਕਰ ਸਕੇ –

***ਸਨਕਾਦਿਕ ਨਾਰਦ ਮੁਨਿ ਸੇਖਾ॥***
***ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥***
***ਅੰਗ – 330***

ਸਨਕ, ਸਨੰਦਨ, ਸਨਾਤਨ, ਸਨਤਕੁਮਾਰ, ਨਾਰਦਮੁਨੀ ਤੇ ਸ਼ੇਸ਼ਨਾਗ ਨੇ ਭੀ ਇਸ ਤਨ ਵਿਚ ਮਨ ਦੇ ਚੇਤਨ ਸਰੂਪ ਨੂੰ ਨਹੀਂ ਪਛਾਣਿਆ। ਇਹ ਸਰੀਰ ਨੂੰ ਚਲਾਉਣ ਵਾਲਾ ਆਤਮ ਤੱਤ ਹੈ। ਉਨ੍ਹਾਂ ਨੇ ਭੀ ਅੰਦਰ ਧਿਆਨ ਨਹੀਂ ਮਾਰਿਆ ਅਤੇ ਇਸ ਮਨ (ਆਤਮਾ) ਨੂੰ ਨਹੀਂ ਵੇਖਿਆ। ਜਦੋਂ ਆਦਮੀ ਦਾ ਸਰੀਰ ਬਿਨਸ ਜਾਂਦਾ ਹੈ, ਗੁਰਬਾਣੀ ਦੇ ਅੰਦਰ ਫੁਰਮਾਨ ਹੈ ਕਿ ਇਹ ਖੋਜ ਕੇ ਦੱਸੋ ਕਿ ਜਦੋਂ ਤਨ ਛੁਟ ਜਾਂਦਾ ਹੈ ਤਾਂ ਮਨ ਕਿਥੇ ਚਲਿਆ ਜਾਂਦਾ ਹੈ –

***ਇਸ ਮਨ ਕਉ ਕੋਈ ਖੋਜਹੁ ਭਾਈ॥***
***ਤਨ ਛੂਟੇ ਮਨੁ ਕਹਾ ਸਮਾਈ॥***
***ਅੰਗ – 330***

ਇਸ ਮਨ ਦਾ ਕੋਈ ਆਕਾਰ ਨਹੀਂ ਹੈ, ਕੋਈ ਰੂਪ, ਰੰਗ, ਭੇਖ ਨਹੀਂ ਹੈ ਪਰ ਇਸਦੀ ਪਛਾਣ ਉਸ ਸਮੇਂ ਹੁੰਦੀ ਹੈ ਜਦੋਂ ਪੰਜੋਂ ਭਰਮਾਂ ਦਾ ਨਾਸ਼ ਹੋ ਜਾਵੇ। ਪ੍ਰੇਮਾ ਭਗਤੀ ਕਰਨ ਵਾਲੇ ਜੈਦੇਵ, ਨਾਮਾ, ਕਬੀਰ ਜੀ ਆਦਿ ਨੇ ਇਸ ਮਨ ਨੂੰ ਪਛਾਣ ਲਿਆ ਤੇ ਇਹ ਹੁਕਮ ਕਰਕੇ ਹੋਇਆ ਹੈ ਅਤੇ ਹੁਕਮ ਕਰਕੇ ਹੀ ਬੁੱਝਿਆ ਜਾਂਦਾ ਹੈ। ਜਿਹੜਾ ਆਦਮੀ ਇਸ ਮਨ ਦੇ ਭੇਦ ਨੂੰ ਜਾਣ ਲਵੇ ਕਿ ਇਹ ਕੀ ਹੈ? ਉਹ ਇਸ ਮਨ ਦੁਆਰਾ ਵਾਹਿਗੁਰੂ ਜੀ ਵਿਚ ਸਮਾਅ ਜਾਂਦਾ ਹੈ। ਸਾਰੇ ਸਰੀਰ ਵਿਚ ਇਸ ਜੋਤ ਸਰੂਪੀ ਮਨ ਦਾ ਨਿਵਾਸ ਹੈ, ਪ੍ਰਕਾਸ਼

ਹੈ ਅਤੇ ਇਸੇ ਪ੍ਰਕਾਸ਼ ਸਰੂਪੀ ਮਨ ਦਾ ਸਿਮਰਨ ਕਰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ***
***ਗੁਰਮਤੀ ਰੰਗੁ ਮਾਣੁ॥ ਅੰਗ - 441***

ਇਸ ਤਨ ਵਿਚ ਮਨ ਨੂੰ ਕੋਈ ਗੁਰਮੁਖ ਹੀ ਵੇਖ ਸਕਦਾ ਹੈ। ਲੋਕ ਇਤਨੇ ਮਾਇਆਧਾਰੀ ਜਾਂ ਮਾਦਾ ਪ੍ਰਸਤ ਹੋ ਗਏ ਹਨ ਕਿ ਉਨ੍ਹਾਂ ਦਾ ਸਾਰਾ ਰੁਝੇਵਾਂ ਸਰੀਰਕ ਰਸਾਂ ਵਿਚ ਹੀ ਹੈ। ਕੋਈ ਗੁਰੂ ਦੇ ਪਾਸੇ ਲੱਗਾ ਹੋਇਆ ਵਿਰਲਾ ਸੱਜਣ ਹੀ ਹੈ ਜੋ ਇਸ ਸਰੀਰਕ ਜ਼ਿੰਦਗੀ ਵਿਚ ਆਤਮਾ ਵਲ ਭੀ ਝਾਤ ਪਾਉਂਦਾ ਹੈ, ਅਤੇ ਪ੍ਰੇਮਾ ਭਗਤੀ ਕਰਕੇ ਆਪਣੀ ਹਉਮੈ ਨੂੰ ਮੁਕਾ ਦਿੰਦਾ ਹੈ। ਆਮ ਲੋਕਾਂ ਦਾ ਕੀ ਕਹਿਣਾ ਹੈ, ਵੱਡੇ-ਵੱਡੇ ਧਾਰਮਿਕ ਤਪੱਸਿਆ ਕਰਨ ਵਾਲੇ ਭੀ ਧਿਆਨ ਲਾ-ਲਾ ਕੇ ਥੱਕ ਗਏ, ਪਰ ਉਨ੍ਹਾਂ ਨੂੰ ਭੀ ਸਰੀਰ ਵਿਚ ਆਤਮਾ ਨਾ ਦਿਸ ਸਕਿਆ, ਭਾਵ ਇਹ ਕਿ ਉਨ੍ਹਾਂ ਦੀ ਨਜ਼ਰ ਭੀ ਕਿਸੇ ਨਾ ਕਿਸੇ ਸ਼ਕਲ ਵਿਚ ਸਰੀਰਕ ਰਸਾਂ ਤੇ ਰੁਝੇਵਿਆਂ ਤਕ ਹੀ ਮਹਦੂਦ ਰਹੀ, ਉਨ੍ਹਾਂ ਤੋਂ ਉਚੀ ਹੋ ਕੇ ਆਤਮਕ ਅਵਸਥਾ ਦੀ ਬਰੀਕੀ ਤੱਕ ਨਾ ਅੱਪੜ ਸਕੀ।

***ਇਸੁ ਤਨ ਮਹਿ ਮਨੁ ਕੋ***
***ਗੁਰਮੁਖਿ ਦੇਖੈ॥***
***ਭਾਇ ਭਗਤਿ ਜਾ ਹਉਮੈ ਸੋਖੈ॥***
***ਸਿਧ ਸਾਧਿਕ ਮੋਨਿਧਾਰੀ***
***ਰਹੇ ਲਿਵ ਲਾਇ***
***ਤਿਨ ਭੀ ਤਨ ਮਹਿ***
***ਮਨੁ ਨ ਦਿਖਾਵਣਿਆ॥***
***ਅੰਗ - 124***

ਇਸ ਮਨ ਵਿਚ ਹੀ ਵਾਹਿਗੁਰੂ ਜੀ ਵਸਦੇ ਹਨ -

***ਤਨ ਮਹਿ ਮਨੂਆ ਮਨ ਮਹਿ ਸਾਚਾ॥***
***ਸੋ ਸਾਚਾ ਮਿਲਿ ਸਾਚੇ ਰਾਚਾ॥***
***ਅੰਗ - 686***

ਉਹ ਮਨੁੱਖ ਸੱਚਾ ਹੈ ਜੋ ਸੱਚੇ ਹਰੀ ਨਾਲ ਮਿਲ ਕੇ ਰਚ ਗਿਆ ਹੈ (ਮਸਤ ਹੋ ਗਿਆ ਹੈ) ਅਤੇ ਉਸ ਦੇ ਸਰੀਰ ਵਿਚਲੇ ਮਨ ਵਿਚ ਸੱਚਾ ਹਰੀ ਵਸ ਗਿਆ ਹੈ। ਉਹ ਸੇਵਕ ਪ੍ਰਭੂ ਦੇ ਚਰਨੀਂ ਲਗਦਾ ਹੈ ਜਿਸ ਨੂੰ ਪੂਰਾ ਸਤਿਗੁਰੂ ਆਪ ਮਿਲੇ ਅਤੇ ਹਰੀ ਨਾਲ ਮੇਲੇ।

ਇਸੇ ਤਰ੍ਹਾਂ ਨਾਲ ਮਨ ਇਕ ਬਹੁਤ ਵੱਡੀ ਸ਼ਕਤੀ ਹੈ। ਮਨੋਵਿਗਿਆਨੀਆਂ ਨੇ ਇਸ ਮਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ, ਪਹਿਲੇ ਅਤੇ ਉਪਰਲੇ ਹਿੱਸੇ ਨੂੰ ਸੁਜਾਗ ਮਨ ਆਖਦੇ ਹਨ, ਦੂਸਰੇ ਨੂੰ ਅਰਧ ਸੁਚੇਤ ਮਨ ਕਿਹਾ ਜਾਂਦਾ ਹੈ, ਤੀਸਰੇ ਨੂੰ ਬੇਹੋਸ਼ ਮਨ ਕਿਹਾ ਜਾਂਦਾ ਹੈ ਪਰ ਰੂਹਾਨੀਅਤ ਵਿਚ ਘਾਲ ਕਮਾਈ ਰਾਹੀਂ ਪ੍ਰਾਪਤ ਹੋਇਆ ਅਨੁਭਵ ਇਸ ਦੇ ਵਿਪਰੀਤ ਹੈ ਉਹ ਉਪਰਲੇ ਮਨ ਨੂੰ ਸੁੱਤਾ ਹੋਇਆ ਮਨ ਆਖਦੇ ਹਨ। ਕਿਉਂਕਿ ਇਸ ਮਨ ਨੂੰ ਆਪਣੀ ਅਸਲੀਅਤ ਦਾ ਪਤਾ ਨਹੀਂ ਹੈ ਇਹ ਆਪਣੀ ਖੋਜ ਵਿਚ ਕਦੇ ਗਹਿਰਾ ਨਹੀਂ ਜਾਂਦਾ। ਇਹ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਵਿਚ ਗਾਫਲ ਹੋਇਆ ਸੁੱਤਾ ਪਿਆ ਸੁਪਨੇ ਵੇਖ ਰਿਹਾ ਹੈ। ਇਸ ਦਾ ਸਾਰਾ ਜੀਵਨ ਸੁੱਤੇ ਪਿਆਂ ਲੰਘ ਜਾਂਦਾ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ॥***
***ਅੰਗ - 920***

ਇਸ ਦਾ ਸਾਰਾ ਜੀਵਨ ਮਾਇਕ ਨੀਂਦ ਵਿਚ ਗੁਲਤਾਨ ਹੋ ਕੇ ਸੁਪਨੇ ਲੈਂਦਿਆਂ ਲੰਘ ਜਾਇਆ ਕਰਦਾ ਹੈ ਅਤੇ ਇਹ ਆਪਣੇ ਤੱਤ ਸਰੂਪ (ਆਤਮਾ) ਨੂੰ ਨਹੀਂ ਜਾਣ ਸਕਦਾ। ਇਸ ਨੂੰ ਜਗਾਉਣ ਲਈ ਪ੍ਰਵਾਨ ਹੋਏ ਮਹਾਂਪੁਰਸ਼, ਰਿਸ਼ੀ ਮੁਨੀ, ਪੀਰ, ਪੈਗੰਬਰ, ਅਉਲੀਏ, ਗੁਰਮੁਖ, ਸੰਤ, ਸਾਧੂ, ਚਾਰੇ ਵੇਦ, ਛੇਈ ਸਾਸ਼ਤ੍ਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਹਾਕਾਂ ਮਾਰ-ਮਾਰ ਕੇ ਜਗਾ ਰਹੇ ਹਨ ਪਰ ਇਹ ਆਪਣੀ ਗਾਫਲ ਨੀਂਦ ਵਿਚ ਰਹਿੰਦਾ ਹੈ, ਸੁਪਨਿਆਂ ਦਾ ਤਿਆਗ ਨਹੀਂ ਕਰਦਾ। ਜਿਵੇਂ ਕਿ ਫੁਰਮਾਨ ਹੈ -

***ਫਰੀਦਾ ਕੂਕੇਦਿਆ ਚਾਂਗੇਦਿਆ***

***ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ***
***ਸੇ ਕਿਤ ਫੇਰਹਿ ਚਿਤ॥***

***ਅੰਗ - 1378***

ਦੂਸਰੀ ਅਵਸਥਾ ਜਿਸ ਵਿਚ ਇਸ ਨੂੰ ਅਰਧ ਚੇਤਨ ਆਖਿਆ ਗਿਆ ਹੈ ਉਹ ਜਾਗ ਅਤੇ ਨੀਂਦ ਦੇ ਵਿਚਕਾਰਲੀ ਅਵਸਥਾ ਹੈ। ਸ਼ਬਦ ਦੇ ਬਲ ਨਾਲ ਜਦੋਂ ਇਹ ਮਨ ਅੰਦਰਲੀ ਖੋਜ ਕਰਦਾ ਹੈ ਤਾਂ ਸਮਾਧੀ ਰੂਪ ਵਿਚ ਮਸਤ ਰਹਿੰਦਾ ਹੈ। ਇਸ ਨੂੰ ਦੋਨਾਂ ਪਾਸਿਆਂ ਦੀ ਸੋਝੀ ਹੁੰਦੀ ਹੈ ਇਹ ਅਗਿਆਨਮਈ ਜਗਤ ਭੀ ਇਸ ਦੀ ਸੂਝ ਅੰਦਰ ਪੂਰੀ ਤਰ੍ਹਾਂ ਸਮਾਇਆ ਹੁੰਦਾ ਹੈ ਅਤੇ ਆਤਮਕ ਝਲਕਾਰੇ ਵੀ ਵਜਦੇ ਹਨ, ਸਤਿ ਦਾ ਪ੍ਰਕਾਸ਼ ਅੰਦਰੋਂ ਉਠਦਾ ਹੈ। ਇਹ ਦੋਹਾਂ ਦੇ ਵਿਚਾਲੇ ਯਾਨਿ ਕਿ ਮਾਇਆ ਅਤੇ ਆਤਮਾ ਦੇ ਵਿਚਕਾਰ ਅਰਧ ਜਾਗਦਾ, ਅਰਧ ਸੁੱਤਾ ਹੁੰਦਾ ਹੈ।

ਜਿਸ ਨੂੰ ਵਿਗਿਆਨੀ ਬੇਹੋਸ਼ ਮਨ ਆਖਦੇ ਹਨ ਉਹ ਪੂਰੀ ਤਰ੍ਹਾਂ ਜਾਗਣ ਵਾਲਾ ਮਨ ਹੈ ਕਿਉਂਕਿ ਉਸਦੀ ਸਮਾਈ ਆਪਣੇ ਅਸਲੀ ਆਤਮ ਸਰੂਪ ਵਿਚ ਹੋ ਕੇ ਪ੍ਰਮ ਤੱਤ (ਵਾਹਿਗੁਰੂ ਜੀ) ਵਿਚ ਲੀਨ ਹੋ ਗਈ ਹੁੰਦੀ ਹੈ ਅਤੇ ਉਹ ਪ੍ਰਮ ਚੇਤਨ ਨਾਲ ਮਿਲ ਕੇ ਉਸੇ ਦਾ ਰੂਪ ਹੋ ਗਈ ਹੁੰਦੀ ਹੈ। ਜਿਵੇਂ ਕਿ -

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ॥***
***ਨਾਨਕ ਪ੍ਰਭ ਕੈ ਸਦ ਕੁਰਬਾਨ॥***

***ਅੰਗ - 278***

ਸੋ ਇਹ ਮਨ, ਜੋ ਗੁਰਬਾਣੀ ਦੇ ਅੰਦਰ ਵਿਆਖਿਆ ਗਿਆ ਹੈ ਇਹ ਬਹੁਅਰਥੀ ਸ਼ਬਦ ਹੈ; ਕਿਤੇ ਸੰਕਲਪ ਅਤੇ ਵਿਕਲਪ ਦੇ ਸੰਗ੍ਰਹਿ ਨੂੰ ਮਨ ਨਾਲ ਸੰਬੋਧਨ ਕੀਤਾ ਹੋਇਆ ਹੈ ਜੋ ਭਜਨ ਕਰਨ ਵੇਲੇ ਉਡਾਰੀਆਂ ਮਾਰਦਾ ਹੈ ਅਤੇ ਆਪਣੇ ਆਪ ਨੂੰ ਦੁਖਾਂ ਵਿਚ ਪ੍ਰਵਿਰਤ ਕਰਾਉਂਦਾ ਹੈ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***

***ਅੰਗ - 66***

ਇਹ ਮਨ ਇਹ ਕ੍ਰਿਆ ਕਰਦਾ ਹੋਇਆ ਪੂਰੀ ਤਰ੍ਹਾਂ ਜੜ੍ਹ ਨਹੀਂ ਹੁੰਦਾ ਪਰ ਆਪਣੇ ਸਰੂਪ ਨੂੰ ਪੂਰੀ ਤਰ੍ਹਾਂ ਨਾਲ ਭੁੱਲਿਆ ਹੋਇਆ ਹੁੰਦਾ ਹੈ। ਕਈ ਥਾਈਂ ਅੰਤਸ਼ਕਰਣ ਦੀ ਸਮੁੱਚਤਾ ਨੂੰ ਵੀ ਮਨ ਦੇ ਅੱਖਰ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਸਦੇ ਅਨੇਕਾਂ ਰੂਪ ਹਨ ਇਸਨੂੰ ਵਸ ਵਿਚ ਕਰਨਾ ਬਹੁਤ ਹੀ ਕਠਿਨ ਹੁੰਦਾ ਹੈ। ਪੂਜਾ ਪਾਠ ਕਰਨ ਵਾਲੇ, ਨਾਮ ਜਪਣ ਵਾਲੇ, ਨਿਤਨੇਮ ਕਰਨ ਵਾਲੇ, ਗਾਇਤ੍ਰੀ ਦਾ ਪਾਠ ਕਰਨ ਵਾਲੇ ਅਤੇ ਨਮਾਜ਼ਾਂ ਪੜ੍ਹਨ ਵਾਲੇ ਮਤਲਬ ਕਿ ਅਨੇਕਾਂ ਜਗਿਆਸੂ ਇਸ ਮਨ ਦੇ ਹੱਥੋਂ ਬਹੁਤ ਤੰਗ ਹਨ ਕਿਉਂਕਿ ਇਹ ਪਾਰੇ ਵਰਗਾ ਹੁੰਦਾ ਹੈ ਅਤੇ ਜਿਵੇਂ ਪਾਰਾ ਉਂਗਲੀ ਹੇਠ ਨਹੀਂ ਆਉਂਦਾ ਇਹ ਇਕ ਥਾਂ ਨਹੀਂ ਟਿਕਦਾ, ਜਦੋਂ ਤੱਕ ਇਹ ਗਿਆਨ ਰੂਪੀ ਬਾਜ ਨੇ ਝਪਟਾ ਮਾਰ ਕੇ ਆਪਣੇ ਪੰਜਿਆਂ ਵਿਚ ਗ੍ਰਸਤ ਨਹੀਂ ਕਰ ਲਿਆ ਹੁੰਦਾ। ਜਿਸ ਨੇ ਮਨ ਜਿੱਤ ਲਿਆ, ਉਸ ਨੇ ਸਾਰਾ ਸੰਸਾਰ ਜਿੱਤ ਲਿਆ। ਮਨ ਵਿਚ ਅਨੇਕ ਕਿਸਮ ਦੀਆਂ ਵਾਸ਼ਨਾਵਾਂ ਦੇ ਬੀਜ ਰੂਪ ਸੰਸਕਾਰ ਚਿੰਬੜੇ ਹੋਏ ਇਸ ਨੂੰ ਟਿਕਣ ਨਹੀਂ ਦਿੰਦੇ। ਬਹੁਤ ਵੱਡੇ-ਵੱਡੇ ਸਾਧਕ ਸਿੱਧ ਇਸ ਮਨ ਦੇ ਮਾਰੇ ਮਰ ਗਏ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਡੇ ਅੰਦਰ ਪੰਜ ਮਹਾਂ ਦੂੰਦਰ ਅਤੇ ਮਹਾਂ ਭਿਆਨਕ ਸ਼ਤਰੂ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਆਪਣੀ ਸਮੂੰਹ ਆਸੁਰੀ ਸੈਨਾ ਸਮੇਤ ਇਸ ਤਰ੍ਹਾਂ ਤਾਕ ਵਿਚ ਬੈਠੇ ਰਹਿੰਦੇ ਹਨ ਜਿਵੇਂ ਫੌਜ ਦੇ ਸਿਪਾਹੀ ਦੁਸ਼ਮਣ ਉਤੇ ਨਜ਼ਰ ਰੱਖਣ ਲਈ ਮੋਰਚਿਆਂ ਵਿਚ ਸਾਵਧਾਨਤਾ ਨਾਲ ਦੂਰਬੀਨਾਂ ਫਿੱਟ ਕਰਕੇ ਛੁਪੇ ਰਹਿੰਦੇ ਹਨ ਅਤੇ ਜਦੋਂ ਦੁਸ਼ਮਣ ਨਜ਼ਰ ਆਉਂਦਾ ਹੈ ਤਾਂ ਉਹ ਪ੍ਰਾਪਤ ਸ਼ਕਤੀ ਨਾਲ ਵਾਰ ਕਰਦੇ ਹਨ। ਇਸੇ ਤਰ੍ਹਾਂ ਨਾਲ ਇਸ ਮਨ ਵਿਚ ਸ਼ਤਰੂ ਛੁਪੇ ਹੋਏ ਤਾਂਘ ਵਿਚ ਰਹਿੰਦੇ ਹਨ ਕਿ ਕਦੋਂ ਕੋਈ ਭਜਨ ਕਰਨ ਵਾਲਾ ਇਨ੍ਹਾਂ ਦੀ ਗਿਆਤ ਵਿਚ ਆਵੇ ਤਾਂ ਉਸਨੂੰ ਗਿਰਾਵਟ ਵਿਚ ਲਿਆਉਣ ਲਈ ਪੂਰਾ ਤਾਣ

ਲਾ ਦੇਵੇ-

*ਭੀਤਰਿ ਪੰਚ ਗੁਪਤ ਮਨਿ ਵਾਸੇ॥*
*ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥*
*ਮਨੁ ਮੇਰਾ ਦਇਆਲ ਸੇਤੀ*
*ਥਿਰੁ ਨ ਰਹੈ॥*
*ਲੋਭੀ ਕਪਟੀ ਪਾਪੀ ਪਾਖੰਡੀ*
*ਮਾਇਆ ਅਧਿਕ ਲਗੈ॥*
*ਅੰਗ - 359*

*ਮਨੂਆ ਦਹ ਦਿਸ ਧਾਵਦਾ*
*ਓਹੁ ਕੈਸੇ ਹਰਿ ਗੁਣ ਗਾਵੈ॥*
*ਇੰਦ੍ਰੀ ਵਿਆਪਿ ਰਹੀ ਅਧਿਕਾਈ*
*ਕਾਮੁ ਕ੍ਰੋਧੁ ਨਿਤ ਸੰਤਾਵੈ॥*
*ਅੰਗ - 565*

*ਇਹੁ ਮਨੂਆ ਅਤਿ ਸਬਲ ਹੈ*
*ਛਡੇ ਨ ਕਿਤੈ ਉਪਾਇ॥*
*ਦੂਜੈ ਭਾਇ ਦੁਖੁ ਲਾਇਦਾ*
*ਬਹੁਤੀ ਦੇਇ ਸਜਾਇ॥ ਅੰਗ - 33*

ਇਹ ਮਨ ਖਿਨ ਭਰ ਵੀ ਨਹੀਂ ਟਿਕਦਾ ਅਤੇ ਸੁਰਤ ਨੂੰ ਆਪਣੇ ਅਸਲੇ ਨਾਲ ਜੁੜਨ ਨਹੀਂ ਦਿੰਦਾ। ਜਦੋਂ ਤੱਕ ਸਮਰੱਥ ਗੁਰੂ ਨਹੀਂ ਮਿਲ ਜਾਂਦਾ ਉਤਨੀ ਦੇਰ ਤੱਕ ਇਹ ਮਨ ਖਹਿੜਾ ਨਹੀਂ ਛੱਡਦਾ ਅਤੇ ਬਾਹਰ ਹੀ ਧਾਂਵਦਾ ਰਹਿੰਦਾ ਹੈ -

*ਇਹੁ ਮਨੂਆ ਖਿਨੁ ਨ ਟਿਕੈ*
*ਬਹੁ ਰੰਗੀ*
*ਦਹ ਦਹ ਦਿਸਿ ਚਲਿ ਚਲਿ ਹਾਢੇ॥*
*ਗੁਰੁ ਪੂਰਾ ਪਾਇਆ ਵਡਭਾਗੀ*
*ਹਰਿ ਮੰਤ੍ਰੁ ਦੀਆ ਮਨੁ ਠਾਢੇ॥*
*ਅੰਗ - 171*

ਅਨੇਕ ਕਰਮ ਕਰਨ ਨਾਲ ਵੀ ਇਹ ਅਜਿੱਤ ਮਨ ਵਸ ਵਿਚ ਨਹੀਂ ਆਇਆ ਕਰਦਾ ਜਿਵੇਂ ਕਿ ਫੁਰਮਾਨ ਹੈ -

*ਮਨਮੁਖ ਮੰਨੁ ਅਜਿਤੁ ਹੈ*
*ਦੂਜੈ ਲਗੈ ਜਾਇ॥*
*ਤਿਸ ਨੋ ਸੁਖੁ ਸੁਪਨੈ ਨਹੀ*
*ਦੁਖੇ ਦੁਖਿ ਵਿਹਾਇ॥*
*ਘਰਿ ਘਰਿ ਪੜਿ ਪੜਿ ਪੰਡਿਤ ਥਕੇ*
*ਸਿਧ ਸਮਾਧਿ ਲਗਾਇ॥*
*ਇਹੁ ਮਨੁ ਵਸਿ ਨ ਆਵਈ*
*ਥਕੇ ਕਰਮ ਕਮਾਇ॥ ਅੰਗ - 644*

ਇਹ ਜੀਵ ਹਉਮੈ ਦੇ ਵਸ ਪਿਆ ਹੋਇਆ ਹੈ, ਇਹ ਮਨ ਨਾ ਹੀ ਮਾਰਿਆ ਜਾ ਸਕਦਾ ਹੈ, ਨਾ ਹੀ ਕਾਬੂ ਹੁੰਦਾ ਹੈ। ਜਦੋਂ ਪੂਰਾ ਗੁਰੂ, ਗੁਰਮੰਤ੍ਰ ਦੀ ਦਾਤ ਦੇ ਦੇਵੇ ਅਤੇ ਇਹ ਜੀਵ ਮਹਾਂਪੁਰਸ਼ਾਂ ਦੀ ਸੰਗਤ ਦੇ ਪ੍ਰਭਾਵ ਵਿਚ ਆਇਆ ਹੋਇਆ ਅੰਦਰਲੀ ਖੋਜ ਕਰੇ ਤਾਂ ਹਉਮੈ ਦੀ ਸੋਝੀ ਪੈਂਦੀ ਹੈ ਜੋ ਹੁਕਮ ਮੰਨਣ ਕਰਕੇ ਨਸ਼ਟ ਹੋ ਜਾਂਦੀ ਹੈ। ਫੇਰ ਇਹ ਮਨ ਆਪਣੇ ਅਸਲੀ ਸਰੂਪ ਨੂੰ ਪਛਾਣ ਕੇ ਟਿਕ ਜਾਂਦਾ ਹੈ ਅਤੇ ਆਪਣੇ ਘਰ ਵਾਸਾ ਕਰਕੇ ਪ੍ਰੇਮ ਅਨੰਦ ਵਿਚ ਲੀਨ ਹੋ ਜਾਂਦਾ ਹੈ।

ਸੋ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ, ਹੁਕਮ ਨੂੰ ਪਛਾਣ ਕੇ ਇਹ ਮਨ ਜਿੱਤਿਆ ਜਾਂਦਾ ਹੈ ਅਤੇ ਇਹ ਜੋ ਮਨ ਦਾ ਉਪਰਲਾ ਸਰੂਪ ਸੰਕਲਪ ਵਿਕਲਪ ਕਰਨ ਵਾਲਾ ਹੈ ਅਤੇ ਵਾਸ਼ਨਾਵਾਂ ਦਾ ਗ੍ਰਸਿਆ ਹੋਇਆ ਹੈ ਅਤੇ ਖਿਨ ਭਰ ਵੀ ਨਹੀਂ ਟਿਕਦਾ। ਇਹ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਅਤੇ ਮਨ ਦੀ ਖੋਜ ਕਰਕੇ ਜਦੋਂ ਅਸੀਂ ਇਸਦੇ ਅਸਲੀ ਸਰੂਪ ਆਤਮਾ ਨੂੰ ਪਹਿਚਾਣ ਜਾਂਦੇ ਹਾਂ ਤਾਂ ਇਹ ਇਸ ਸਰੂਪ ਵਿਚ ਮਰ ਜਾਂਦਾ ਹੈ ਅਤੇ ਆਪਣੇ ਆਪ ਨੂੰ ਇਕੋ ਅਦ੍ਵੈਤ ਆਤਮਾ ਮਹਿਸੂਸ ਕਰਦਾ ਹੈ। ਫੁਰਮਾਨ ਹੈ -

*ਮਾਰੂ ਮਾਰਣ ਜੋ ਗਏ*
*ਮਾਰਿ ਨ ਸਕਹਿ ਗਵਾਰ॥*
*ਨਾਨਕ ਜੇ ਇਹੁ ਮਾਰੀਐ*
*ਗੁਰ ਸਬਦੀ ਵੀਚਾਰਿ॥*
*ਏਹੁ ਮਨੁ ਮਾਰਿਆ ਨਾ ਮਰੈ*
*ਜੇ ਲੋਚੈ ਸਭੁ ਕੋਇ॥*
*ਨਾਨਕ ਮਨ ਹੀ ਕਉ ਮਨੁ ਮਾਰਸੀ*
*ਜੇ ਸਤਿਗੁਰੁ ਭੇਟੈ ਸੋਇ॥*
*ਅੰਗ - 1089*

ਜੋ ਇਸ ਮਨ ਨੂੰ ਕਾਬੂ ਕਰਨ ਵਾਸਤੇ ਜੰਗਲਾਂ, ਪਹਾੜਾਂ, ਬਰਫਾਨੀ ਗੁਫਾਵਾਂ, ਮਾਰੂਥਲਾਂ ਦੇ ਅੰਦਰ ਜਤਨ ਕਰਦੇ ਹਨ, ਫਾਕੇ ਕੱਟਦੇ ਹਨ, ਸਰੀਰ ਉਤੇ ਅਨੇਕਾਂ ਦੁੱਖ ਸਹਿੰਦੇ ਹਨ ਇਨ੍ਹਾਂ

ਤਰੀਕਿਆਂ ਨਾਲ ਉਹ ਇਸ ਮਨ ਨੂੰ ਵਸ ਵਿਚ ਨਹੀਂ ਕਰ ਸਕਦੇ ਅਤੇ ਨਾ ਹੀ ਇਸ ਮਨਮੁਖਤਾਈ ਦੇ ਸੁਭਾਅ ਨੂੰ ਮਾਰ ਸਕਦੇ ਹਨ ਇਹ ਕੇਵਲ ਗੁਰੂ ਦੇ ਸ਼ਬਦ ਦੀ ਵਿਚਾਰ ਨਾਲ, ਗੁਰੂ ਦੀ ਕ੍ਰਿਪਾ ਹੋਣ ਤੇ ਮਾਰਿਆ ਜਾ ਸਕਦਾ ਹੈ।

ਇਕ ਥਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਮਨ ਹੁਕਮ ਦਾ ਬੰਨ੍ਹਿਆਂ ਹੋਇਆ ਖੇਲ੍ਹਦਾ ਹੈ। ਇਕ ਖਿਨ ਦੇ ਅੰਦਰ ਦਸਾਂ ਦਿਸ਼ਾਵਾਂ ਵਿਚ ਘੁੰਮ ਆਉਂਦਾ ਹੈ। ਜਦੋਂ ਵਾਹਿਗੁਰੂ ਜੀ ਨਦਰ ਕਰ ਦੇਣ ਤਾਂ ਇਹ ਮਨ ਉਸੇ ਸਮੇਂ ਵਸ ਵਿਚ ਆ ਜਾਇਆ ਕਰਦਾ ਹੈ -

***ਇਹੁ ਮਨੁ ਖੇਲੈ ਹੁਕਮੁ ਕਾ ਬਾਧਾ***
***ਇਕ ਖਿਨ ਮਹਿ***
***ਦਹ ਦਿਸ ਫਿਰਿ ਆਵੈ।।***
***ਜਾਂ ਆਪੇ ਨਦਰਿ ਕਰੇ***
***ਹਰਿ ਪ੍ਰਭੁ ਸਾਚਾ***
***ਤਾਂ ਇਹੁ ਮਨੁ***
***ਗੁਰਮੁਖਿ ਤਤਕਾਲ ਵਸਿ ਆਵੈ॥***
***ਇਸੁ ਮਨ ਕੀ ਬਿਧਿ ਮਨ ਹੂ ਜਾਣੈ***
***ਬੂਝੈ ਸਬਦਿ ਵੀਚਾਰਿ॥***
***ਨਾਨਕ ਨਾਮੁ ਧਿਆਇ ਸਦਾ ਤੂ***
***ਭਵ ਸਾਗਰੁ ਜਿਤੁ ਪਾਵਹਿ ਪਾਰਿ॥***

***ਅੰਗ - 1260***

ਸਮਰੱਥ ਗੁਰੂ ਦੇ ਨਾਲ ਜਦੋਂ ਇਹ ਜੀਵ ਸਬੰਧ ਜੋੜਦਾ ਹੈ ਤਾਂ ਇਹ ਗੁਰੂ ਦੇ ਦੱਸੇ ਹੋਏ ਬਚਨ ਕਮਾਉਂਦਾ ਹੈ। ਪ੍ਰੇਮਾ ਭਗਤੀ ਵਧਣ ਨਾਲ ਜਦੋਂ ਇਹ ਗੁਰੂ ਦੇ ਨਾਲ ਪੂਰਨ ਪ੍ਰੇਮ ਨਾਲ ਪਿਓਂਦਿਆ ਜਾਂਦਾ ਹੈ ਤਾਂ ਇਸ ਜੀਵ ਵਿਚ ਸਮਰੱਥਾ ਹੋ ਆਉਂਦੀ ਹੈ ਕਿ ਉਹ ਆਪਣਾ ਤਨ, ਮਨ ਅਤੇ ਧਨ ਗੁਰੂ ਦੇ ਅਰਪਣ ਕਰ ਦੇਵੇ ਅਤੇ ਪੂਰਨ ਰੂਪ ਵਿਚ ਆਪਣੀ ਹੰਗਤਾ ਤੇ ਮਮਤਾ ਗੁਰੂ ਚਰਨਾਂ ਵਿਚ ਭੇਟ ਕਰ ਦੇਵੇ ਤਾਂ ਗੁਰੂ ਇਸਨੂੰ ਸਤਿ ਦਾ ਉਪਦੇਸ਼ ਦੇ ਕੇ ਇਸ ਦਾ ਆਪਾ ਭਾਵ ਖਤਮ ਕਰ ਦਿੰਦਾ ਹੈ ਅਤੇ ਇਸਨੂੰ ਦਿਬਯ ਨੇਤਰ ਬਖਸ਼ ਕੇ ਅਸਲੀਅਤ ਯਾਨਿ ਕਿ ਪ੍ਰੇਮ ਤੱਤ ਵਾਹਿਗੁਰੂ ਜੀ ਦੇ ਘਟ-ਘਟ ਵਿਚ ਦਰਸ਼ਨ ਕਰਾ ਦਿੰਦਾ ਹੈ ਅਤੇ ਪੂਰਨ ਅਦ੍ਵੈਤ ਦੀ ਪ੍ਰਾਪਤੀ ਕਰਾ ਦਿੰਦਾ ਹੈ। ਤਾਂ ਇਸ ਮਨ ਦਾ ਕਿਤੇ ਵੀ ਵਜੂਦ ਬਾਕੀ ਨਹੀਂ ਰਹਿੰਦਾ ਅਤੇ ਇਹ ਆਪਣੇ ਅਸਲੀ ਸਰੂਪ ਵਾਹਿਗੁਰੂ ਜੀ ਵਿਚ ਲੀਨ ਹੋ ਕੇ ਆਪਣਾ ਵਖਰਾਪੁਣ ਗਵਾ ਦਿੰਦਾ ਹੈ। ਇਹ ਸਾਰੀ ਕ੍ਰਿਆ ਗੁਰੂ ਦੀ ਨਦਰ ਨਾਲ ਹੋਇਆ ਕਰਦੀ ਹੈ। ਜਦੋਂ ਇਕੋ-ਇਕ ਹਰ ਥਾਂ ਦੇ ਉਤੇ ਦ੍ਰਿਸ਼ਟਮਾਨ ਹੋ ਗਿਆ ਤਾਂ ਮਨ ਆਪਣੇ ਅਸਲੇ ਵਾਹਿਗੁਰੂ ਜੀ ਵਿਚ ਸਮਾਅ ਜਾਂਦਾ ਹੈ। ਇਸ ਹਾਲਤ ਵਿਚ ਮਨ ਨਾਮ ਦੀ ਚੀਜ਼ ਕੋਈ ਵੀ ਤਨ ਵਿਚ ਨਹੀਂ ਰਿਹਾ ਕਰਦੀ, ਸਾਰੇ ਹੁਕਮ ਦੀ ਖੇਡ ਜੋ ਸਦਾ ਹੀ ਵਰਤ ਰਹੀ ਹੈ, ਉਸਨੂੰ ਪੂਰਨ ਤੌਰ ਤੇ ਅਨੁਭਵ ਕਰਕੇ ਆਪਣੀ ਹੋਂਦ ਮਿਟਾ ਦਿੰਦਾ ਹੈ।

***ਜਹ ਜਹ ਦੇਖਾ ਤਹ ਏਕੋ ਸੋਈ***
***ਇਹ ਗੁਰਮਤਿ ਬੁਧਿ ਪਾਈ॥***
***ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ***
***ਨਾਨਕ ਆਪੁ ਗਵਾਈ॥***

***ਅੰਗ - 1260***

ਦੁਨੀਆਂ ਵਿਚ ਮਨ ਨੂੰ ਜਬਰੀ (ਜ਼ੋਰ ਨਾਲ) ਵਸ ਕਰਨ ਵਾਸਤੇ ਬਹੁਤ ਵੱਡਿਆਂ-ਵੱਡਿਆਂ ਨੇ ਜਤਨ ਕੀਤੇ ਹਨ ਪਰ ਮਨ ਰਾਜਾ ਜ਼ੋਰ ਜ਼ਬਰ ਨਾਲ, ਧੱਕੇ-ਧੋੜੇ ਵਿਚ, ਸਰੀਰ ਨੂੰ ਅਨੇਕਾਂ ਕਸ਼ਟਾਂ ਵਿਚ ਪਾਉਣ ਨਾਲ, ਭੁੱਖੇ ਰਹਿਣ, ਪੁੱਠੇ ਲਟਕਣ ਅਤੇ ਹੋਰ ਅਨੇਕਾਂ ਕਿਸਮ ਦੇ ਦੁੱਖ ਸਹਿ ਕੇ, ਕਦੇ ਵੀ ਵਸ ਵਿਚ ਨਹੀਂ ਆਇਆ ਕਰਦਾ।

ਗੁਰੂ ਦਸ਼ਮੇਸ਼ ਪਿਤਾ ਜੀ ਦਸਮ ਗ੍ਰੰਥ ਵਿਚ ਇਕ ਐਸੇ ਰਾਜੇ ਦਾ ਜ਼ਿਕਰ ਕਰਦੇ ਹਨ ਜਿਸ ਨੇ ਜ਼ੋਰ ਨਾਲ ਮਨ ਨੂੰ ਵਸ ਕਰਨਾ ਚਾਹਿਆ। ਉਸ ਰਾਜੇ ਦਾ ਨਾਮ ਪਾਰਸਨਾਥ ਸੀ। ਇਹ ਰੁਦਰ ਦਾ ਅਵਤਾਰ ਸੀ। ਦੱਤ ਰਿਖੀ ਦੀ ਮੌਤ ਪਿਛੋਂ ਰੋਹ (ਬਲੋਚਸਤਾਨ) ਨਾਮੇ ਦੇਸ਼ ਵਿਚ ਪੈਦਾ ਹੋਇਆ। ਇਹ ਬਾਲਕ ਬਹੁਤ ਹੀ ਤੇਜ਼ ਪ੍ਰਤਾਪ ਵਾਲਾ ਬਾਲਕ ਸੀ, ਇਸ ਦਾ ਜਲਾਲ ਝੱਲਿਆ ਨਹੀਂ ਜਾਂਦਾ ਸੀ। ਬਾਰ੍ਹਾਂ ਸੂਰਜਾਂ ਦੇ ਜਲਾਲ ਨਾਲੋਂ ਵੀ ਵੱਧ ਇਸ ਦਾ ਜਲਾਲ ਸੀ। ਉਸ ਦੇਸ਼ ਦੇ ਰਾਜੇ ਨੂੰ ਇਸ ਬੱਚੇ ਦੀ ਖਬਰ ਹੋਈ ਅਤੇ ਜਦੋਂ ਇਸ ਨੇ ਜਵਾਨੀ ਵਿਚ ਪੈਰ ਰੱਖਿਆ ਤਾਂ ਆਪਣੇ ਦਰਬਾਰ ਵਿਚ ਬੁਲਾਇਆ। ਰਾਜਾ

ਇਸ ਦਾ ਦਰਸ਼ਨ ਕਰਦੇ ਸਾਰ ਮੋਹਿਤ ਹੋ ਗਿਆ। ਉਸ ਨੇ ਆਪਣੀ ਲੜਕੀ ਦੀ ਸ਼ਾਦੀ ਇਸ ਨਾਲ ਕਰ ਦਿਤੀ।

ਪਾਰਸਨਾਥ ਨੇ ਉਸ ਸਮੇਂ ਦੇ ਰਿਵਾਜ ਮੁਤਾਬਿਕ ਆਦਿ ਸ਼ਕਤੀ ਦੀ ਆਰਾਧਨਾ ਕੀਤੀ ਅਤੇ ਉਸਨੂੰ ਪ੍ਰਗਟ ਕਰਕੇ ਵਰ ਮੰਗੇ ਅਤੇ ਕਿਹਾ ਕਿ ਮੈਂ ਸਾਰੇ ਵੇਦ ਸਾਸ਼ਤਰ, ਜਿਤਨਾ ਵੀ ਅਧਿਆਤਮਕ ਲਿਟਰੇਚਰ ਹੈ ਉਸਦੇ ਅਰਥਾਂ, ਗੂੜ੍ਹ ਭਾਵਾਂ ਤੋਂ ਪੂਰਨ ਰੂਪ ਵਿਚ ਬਿਨਾਂ ਪੜ੍ਹੇ ਹੀ ਜਾਣੂੰ ਹੋ ਜਾਵਾਂ। ਹਰ ਕਿਸਮ ਦੇ ਅਸਤਰ ਤੇ ਸਸ਼ਤਰ ਮੈਨੂੰ ਮਿਲ ਜਾਣ ਅਤੇ ਮੈਂ ਲੋੜ ਮੁਤਾਬਿਕ ਚਲਾ ਸਕਾਂ। ਸਾਰੇ ਸੰਸਾਰ ਦੇ ਰਾਜੇ ਆਪਣੇ ਅਧੀਨ ਕਰ ਲਵਾਂ ਅਤੇ ਕੋਈ ਵੀ ਰਾਜਾ ਸਾਰੀ ਦੁਨੀਆਂ ਵਿਚ ਸੁਤੰਤਰ ਨਾ ਰਹੇ, ਸਭ ਮੇਰੇ ਅਧੀਨ ਹੋਣ। ਸੰਸਾਰ ਨੂੰ ਸਿੱਧ ਸਾਧਕਾਂ ਜੋਗੀਆਂ ਸੰਨਿਆਸੀਆਂ, ਤਪੀ ਤਪੀਸਰਾਂ, ਤੰਤਰ ਮੰਤਰਾਂ, ਅਉਖਧੀਆਂ ਵਾਲਿਆਂ ਨੂੰ ਆਪਣੀ ਮਰਜ਼ੀ ਦੇ ਮੁਤਾਬਿਕ ਤੋਰ ਸਕਾਂ। ਇਹ ਵਰ ਪ੍ਰਾਪਤ ਕਰਕੇ ਇਸਨੂੰ ਬਹੁਤ ਅਭਿਮਾਨ ਹੋ ਗਿਆ ਅਤੇ ਇਸ ਨੇ ਸਾਰੀ ਦੁਨੀਆਂ ਦੇ ਰਾਜੇ ਮਹਾਰਾਜੇ ਆਪਣੇ ਪਾਸ ਬੁਲਾਏ ਜਿਨ੍ਹਾਂ ਨੇ ਅਨੇਕ ਤਰ੍ਹਾਂ ਦੀਆਂ ਭੇਟਾਵਾਂ ਭੇਟ ਕਰਕੇ ਇਸ ਦੀ ਅਧੀਨਤਾ ਪ੍ਰਵਾਨ ਕਰ ਲਈ। ਫੇਰ ਇਸ ਨੇ ਸਾਰੇ ਜੋਗੀਆਂ, ਜਟਾਵਾਂ ਵਾਲਿਆਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਕਰਾਮਾਤਾਂ ਦਿਖਾਵੋ ਨਹੀਂ ਤਾਂ ਐਵੇਂ ਘਰ-ਘਰ ਮੰਗਦੇ ਨਾ ਫਿਰੋ, ਜਟਾਵਾਂ ਮੁੰਡ ਦਿਓ ਤੇ ਗ੍ਰਹਿਸਤ ਧਾਰਨ ਕਰ ਲਵੋ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੇ ਗੁਰੂ ਦੇ ਹੁਕਮ ਵਿਚ, ਉਸ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਾਂ ਜਿਵੇਂ ਸਾਡੇ ਬਜ਼ੁਰਗਾਂ ਨੇ ਸਾਨੂੰ ਸਿਖਿਆ ਦਿਤੀ ਹੈ ਅਸੀਂ ਉਸਦੀ ਪਾਲਣਾ ਕਰ ਰਹੇ ਹਾਂ। ਇਉਂ ਵਾਦ ਵਿਵਾਦ ਹੋ ਗਿਆ, ਇਸ ਨੇ ਉਨ੍ਹਾਂ ਸੰਨਿਆਸੀਆਂ ਉਪਰ ਆਕਰਮਣ ਕਰ ਦਿਤਾ, ਬਹੁਤ ਜੁੱਧ ਹੋਇਆ ਜਿਸ ਵਿਚ ਇਹ ਜੋਗੀ ਤੇ ਸੰਨਿਆਸੀ ਹਾਰ ਗਏ। ਜੋ ਬਚੇ, ਉਨ੍ਹਾਂ ਨੂੰ ਫੜ ਕੇ ਜਟਾਵਾਂ ਦਾ ਮੁੰਡਨ ਕਰ ਦਿਤਾ, ਸਾਰੇ ਰਾਜੇ ਉਸਨੇ ਜਿਤ ਲਏ। ਇਸ ਉਪਰੰਤ ਇਸ ਨੇ ਨ੍ਰਿਪ ਮੇਧ ਜਗ ਕਰਨ ਦਾ ਐਲਾਨ ਕਰ ਦਿਤਾ। ਪਾਰਸਨਾਥ ਦੀ ਕਥਾ ਦੇ 124ਵੇਂ ਬੰਦ ਵਿਚ ਲਿਖਿਆ ਹੈ ਕਿ -

***ਲੱਛ ਜਉ ਨ੍ਰਿਪ ਮਾਰੀਯੈ,***
***ਤਬ ਹੋਤ ਹੈ ਨ੍ਰਿਪ ਮੇਧ।***
***ਏਕ ਏਕ ਅਨੇਕ ਸੰਪਤਿ,***
***ਦੀਜੀਯੈ ਭਵਿਖੇਧ।***
***ਲੱਛ ਲੱਛ ਤੁਰੰਗ ਏਕਹਿ,***
***ਦੀਜੀਐ ਅਬਿਚਾਰ।***
***ਜੱਗ ਪੂਰਣ ਹੋਤੁ ਹੈ,***
***ਸੁਨ ਰਾਜਵਤਾਰ।***

ਇਸ ਰਾਜੇ ਨੇ ਬਲੋਚਸਤਾਨ ਵਿਚ ਸੁਲੇਮਾਨ ਪਰਬਤ ਦੀ ਘਾਟੀ ਦੁਆਲੇ ਜੋ ਦੇਸ਼ ਹੈ ਉਥੇ ਹੋਮਕੁੰਡ ਬਣਾਇਆ ਅਤੇ ਭੂਪਮੇਧ ਜਗ ਸ਼ੁਰੂ ਕਰ ਦਿਤਾ। ਇਸ ਜੱਗ ਵਿਚ ਰਾਜਿਆਂ ਦੀ ਚਰਬੀ ਦਾ ਹੋਮ ਕੀਤਾ ਜਾਂਦਾ ਹੈ। ਇਸ ਨੇ ਅਨੇਕ ਰਾਜੇ ਫੜੇ ਹੋਏ ਸਨ ਅਤੇ ਹੋਰ ਰਾਜਿਆਂ ਨੂੰ ਫੜਨ ਵਾਸਤੇ ਉਹਨਾਂ ਨੂੰ ਘੇਰ ਲਿਆ। ਜਗ ਸ਼ੁਰੂ ਕੀਤਾ, ਇਸ ਵਿਚ ਇਕ ਲੱਖ ਰਾਜਾ ਮਾਰਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਚਰਬੀ ਦਾ ਹੋਮ ਦੇ ਕੇ ਇਹ ਜੱਗ ਸੰਪੂਰਨ ਹੁੰਦਾ ਹੈ। ਇਸ ਦੇ ਵਜ਼ੀਰ ਨੇ ਸਾਰੀ ਵਿਧੀ ਜੱਗ ਦੀ ਦੱਸੀ ਅਤੇ ਕਿਹਾ ਕਿ ਇਹ ਗੱਲ ਸਾਰੇ ਰਾਜਿਆਂ ਨੂੰ ਬੁਲਾ ਕੇ ਪੁਛ ਲਵੋ। ਪੰਜ ਲੱਖ ਰਾਜਾ ਬੁਲਾਇਆ ਗਿਆ ਅਤੇ ਸਾਰੇ ਰਾਜਿਆਂ ਨੂੰ ਪੁਛਿਆ ਕਿ ਕੋਈ ਸੱਤਾਂ ਲੋਕਾਂ ਦੇ ਵਿਚ ਐਸਾ ਰਾਜਾ ਵੀ ਹੈ ਜੋ ਮੈਂ ਨਾ ਜਿੱਤਿਆ ਹੋਵੇ। ਰਾਜਿਆਂ ਨੇ ਨੀਵੀਂ ਪਾ ਲਈ ਅਤੇ ਕੋਈ ਉਤਰ ਨਾ ਦਿਤਾ। ਸਾਰੇ ਧਰਤੀ ਵਲ ਦੇਖੀ ਜਾਂਦੇ ਹਨ। ਇਕ ਰਾਜੇ ਨੇ ਬੇਨਤੀ ਕੀਤੀ ਕਿ ਸੁੰਦਰ ਨੈਣਾਂ ਵਾਲੇ ਰਾਜਿਆਂ ਦੇ ਰਾਜਾ ਪਾਰਸਨਾਥ! ਇਹ ਗੱਲ ਜੇ ਤੂੰ ਪੁਛਣੀ ਹੈ ਤਾਂ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਕ ਮੁਨੀ ਸਮੁੰਦਰ ਵਿਚ ਇਕ ਮੱਛ ਦੇ ਪੇਟ ਵਿਚ ਸਮਾਧੀ ਲਾਈ ਬੈਠਾ ਹੈ। ਉਸ ਨੇ ਉਸ ਦੀ ਉਤਪਤੀ ਦੀ ਸਾਰੀ ਕਥਾ ਦੱਸੀ। ਇਸ ਨੇ ਸਮੁੰਦਰ ਦੀ ਟੋਲ੍ਹ ਸ਼ੁਰੂ ਕਰ ਦਿਤੀ ਪਰ ਉਹ ਮੱਛ ਨਾ ਫੜਿਆ ਗਿਆ। ਤਾਂ ਸਮੁੰਦਰ ਦੇ ਦੇਵਤਾ ਵਰੁਣ ਦੇਵ ਨੇ ਦੱਸਿਆ ਕਿ ਜਿਸ ਮੱਛ ਦੀ ਤੈਨੂੰ ਤਲਾਸ਼ ਹੈ ਜਿਸ ਦੇ ਪੇਟ ਵਿਚ ਮਛੰਦਰ ਜੋਗੀ ਸਮਾਧੀ ਲਾਈ

ਬੈਠਾ ਹੈ ਉਹ ਧਰਤੀ ਦੇ ਉਤਰੀ ਧਰੁ ਵਾਲੇ ਪਾਸੇ, ਜਿਸ ਨੂੰ ਖੀਰ (ਚਿੱਟਾ) ਸਾਗਰ ਆਖਦੇ ਹਨ, ਉਸ ਥਾਂ ਉਸ ਦਾ ਨਿਵਾਸ ਹੈ –

***ਛੀਰ ਸਾਗਰ ਹੈ ਜਹਾਂ,***
***ਸੁਨ ਰਾਜ ਰਾਜ 'ਵਤਾਰ'।***
***ਮੱਛ ਉਦਰ ਮਛੰਦ੍ਰ ਜੋਗੀ,***
***ਬੈਠ ਹੈ ਬ੍ਰਤ ਧਾਰਿ।***
***ਛਾਰਿ ਜਾਰ ਨਿਕਾਰ ਤਾਕਾ;***
***ਪੂਛ ਲੇਹੁ ਬਨਾਇ।***
***ਜੋ ਕਹਾ ਸੋ ਕੀਜੀਐ ਨ੍ਰਿਪ,***
***ਇਹੀ ਸਤਿ ਉਪਾਇ। 137***

ਉਸਨੇ ਸਮੁੰਦਰ ਵਿਚ ਜਾਲ ਪਵਾਏ ਪਰ ਉਨ੍ਹਾਂ 'ਚੋਂ ਕਿਸੇ ਜਾਲ ਵਿਚ ਫਸ ਨਾ ਸਕਿਆ। ਜਾਲ ਪਾਉਣ ਵਾਲਿਆਂ ਨੇ ਦੱਸਿਆ ਕਿ ਇਕ ਨਵਾਂ ਜਾਲ, ਜਿਸ ਦਾ ਨਾਮ ਗਿਆਨ ਜਾਲ ਹੈ, ਉਸ ਤੋਂ ਬਿਨਾਂ ਇਹ ਮੱਛ ਕੱਢਿਆ ਨਹੀਂ ਜਾ ਸਕਦਾ। ਰਾਜਾ ਪਾਰਸਨਾਥ ਨੇ ਗਿਆਨ ਜਾਲ ਜਦੋਂ ਸਮੁੰਦਰ ਵਿਚ ਪਾਇਆ ਉਸ ਵੇਲੇ ਉਸ ਮੱਛ ਨੂੰ ਬਾਹਰ ਕੱਢ ਲਿਆ। ਉਸ ਮੱਛ ਨੂੰ ਦੇਖ ਕੇ ਦੋ ਘੜੀਆਂ ਵਾਸਤੇ ਸਾਰੀ ਫੌਜ ਦੇ ਜਵਾਨ ਬੇਹੋਸ਼ ਹੋ ਗਏ। ਜਦੋਂ ਹੋਸ਼ ਆਈ ਤਾਂ ਆਪਣੇ ਹਥਿਆਰ ਸੰਭਾਲ ਕੇ ਰਾਜੇ ਪਾਰਸਨਾਥ ਦੇ ਦਰ ਤੇ ਪਹੁੰਚੇ ਅਤੇ ਮੱਛ ਬਾਰੇ ਖਬਰ ਦਿਤੀ। ਜਦੋਂ ਮੱਛ ਦੇ ਪੇਟ ਨੂੰ ਚੀਰਨ ਲੱਗੇ ਤਾਂ ਉਹ ਚੀਰਿਆ ਨਾ ਜਾਵੇ। ਪਾਰਸਨਾਥ ਗਿਆਨ ਗੁਰੂ ਕੋਲ ਜਾ ਕੇ ਪੁਛਦਾ ਹੈ ਕਿ ਮੱਛ ਦਾ ਪੇਟ ਕਿਵੇਂ ਚੀਰਿਆ ਜਾ ਸਕਦਾ ਹੈ?

***ਦੋਹਰਾ***

***ਮੱਛ ਪੇਟ ਕਿਹੂੰ ਨਾ ਫੁਟੇ,***
***ਸਬ ਕਰ ਹਟੇ ਉਪਾਇ।***
***'ਗਯਾਨ ਗੁਰੂ' ਤਿਨ ਕੋ ਹੁਤੋ,***
***ਪੂਛਾ ਤਹਿੰ ਬਨਾਇ। 145***

ਜਦੋਂ ਪੂਰੀ ਵਿਧੀ ਨਾਲ ਚੀਰਿਆ ਤਾਂ ਵਿਚੋਂ ਸਮਾਧੀ ਸਥਿਤ ਮਛੰਦਰਨਾਥ ਨਿਕਲਿਆ। ਗਿਆਨ ਗੁਰੂ ਨੇ ਇਨ੍ਹਾਂ ਨੂੰ ਦੱਸਿਆ ਕਿ ਜਦੋਂ ਰਿਸ਼ੀ ਨੇ ਅੱਖ ਖੋਲ੍ਹਣੀ ਹੈ ਤਾਂ ਜੋ ਕੁਝ ਸਾਮ੍ਹਣੇ ਆਵੇਗਾ, ਭਸਮ ਕਰ ਦੇਵੇਗਾ। ਇਨ੍ਹਾਂ ਨੇ ਸੱਤਾਂ ਧਾਤਾਂ ਦੇ ਪੁਤਲੇ ਬਣਾ ਕੇ ਉਸ ਦੇ ਨੇਤਰਾਂ ਦੇ ਸਾਮ੍ਹਣੇ ਰੱਖ ਦਿਤੇ। ਜਦੋਂ ਉਸ ਰਿਖੀ ਨੇ ਨੇਤਰ ਖੋਲ੍ਹੇ ਤਾਂ ਉਹ ਪੁਤਲੇ ਜਲ ਗਏ। ਪਾਰਸਨਾਥ ਨੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਸਾਰੀ ਦੁਨੀਆਂ ਦੇ ਰਾਜੇ ਜਿੱਤ ਲਏ ਹਨ ਅਤੇ ਕੋਈ ਐਸੀ ਭੂਮੀ, ਦੇਸ਼ ਨਹੀਂ ਬਚਿਆ ਜਿਥੇ ਮੇਰੇ ਰਾਜ ਦਾ ਡੰਕਾ ਨਾ ਵੱਜਿਆ ਹੋਵੇ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਕੀ ਕੋਈ ਐਸਾ ਰਾਜਾ ਹੈ ਜਿਸ ਨੂੰ ਮੈਂ ਜਿੱਤ ਨਾ ਸਕਿਆ ਹੋਵਾਂ? ਮਛੰਦਰਨਾਥ ਨੇ ਉਤਰ ਵਿਚ ਕਿਹਾ ਕਿ ਰਾਜਨ! ਤੂੰ ਬਹੁਤ ਧੱਕਾ ਕੀਤਾ ਹੈ, ਜ਼ੁਲਮ ਕੀਤੇ ਹਨ, ਤੇਰਾ ਨਾਮ ਬਹੁਤ ਬਦਨਾਮ ਹੋ ਗਿਆ ਹੈ; ਅੱਜ ਤੱਕ ਕਿਸੇ ਦੇ ਨਾਲ ਧਰਤੀ ਨਹੀਂ ਗਈ, ਨਾ ਹੀ ਦੌਲਤ ਗਈ ਹੈ ਪਰ ਤੂੰ ਲੋਕਾਂ ਨੂੰ ਖਾਹਮਖਾਹ ਡਰਾਇਆ ਹੈ। ਕੀ ਹੋ ਗਿਆ ਜੇ ਤੂੰ ਰਾਜੇ ਜਿੱਤ ਲਏ ਹਨ ਤੇ ਤੇਰਾ ਨਾਮ ਸਭ ਥਾਂ ਚਲ ਰਿਹਾ ਹੈ ਪਰ ਤੂੰ ਮਨ ਰਾਜੇ ਨੂੰ ਨਹੀਂ ਜਿੱਤ ਸਕਿਆ। ਉਹ ਰਾਜਾ ਤੇਰੇ ਹੱਥ ਵਿਚ ਨਹੀਂ ਆਇਆ।

***ਜੋ 'ਮਨੁ' ਜੀਤਤ ਹੈ ਸਭ ਦੇਸ,***
***ਵਹੈ ਤੁਮਰੈ ਨ੍ਰਿਪ ਹਾਥਿ ਨ ਆਯੋ।***
***ਲਾਜ ਗਈ ਕਛੁ ਕਾਜ ਸਰਯੋ ਨਹੀਂ,***
***ਲੋਕ ਗਯੋ ਪਰਲੋਕ ਨ ਪਾਯੋ। 159***

ਹੇ ਪਾਰਸਨਾਥ! ਇਹ ਗੱਲ ਤੂੰ ਕਿਹੜੀ ਅਨੋਖੀ ਕੀਤੀ ਹੈ ਕਿ ਤੂੰ ਸਾਰਾ ਸੰਸਾਰ ਜਿੱਤ ਲਿਆ, ਤੇਰੀਆਂ ਇਨ੍ਹਾਂ ਜਿੱਤਾਂ ਨੇ ਤੇਰਾ ਨਾਮ ਤੇ ਰੂਪ ਡਰਾਉਣਾ ਕਰ ਦਿਤਾ ਹੈ। ਤੇਰੇ ਨਾਮ ਤੋਂ ਲੋਕ ਤ੍ਰਾਹ-ਤ੍ਰਾਹ ਕਰਦੇ ਹਨ। ਤੂੰ ਤ੍ਰਿਲੋਕੀ ਜਿੱਤਣ ਵਿਚ ਮਸਤ ਹੈਂ ਪਰ ਤੂੰ ਨਹੀਂ ਜਾਣਦਾ ਕਿ ਤੂੰ ਮਨ ਦੇ ਅਧੀਨ ਹੋਇਆ ਹੋਇਆ ਜੀਵ ਹੈਂ। ਇਸ ਨੇ ਤੇਰੀ ਸ਼ਰਮ ਹਿਆ ਗਵਾ ਕੇ ਤੈਨੂੰ ਐਸੀ ਸਥਿਤੀ ਵਿਚ ਸਿੱਟ ਦਿਤਾ ਕਿ ਲੋਕ ਤੇਰੇ ਤੋਂ ਨਫਰਤ ਕਰਦੇ ਹਨ, ਤੂੰ ਲੋਕ ਵੀ ਗਵਾ ਲਿਆ ਤੇ ਪਰਲੋਕ ਵੀ ਗਵਾ ਲਿਆ ਹੈ। ਇਹ ਦੌਲਤਾਂ ਸਭ ਇਥੇ ਹੀ ਰਹਿ ਜਾਂਦੀਆਂ ਹਨ। ਪਾਰਸਨਾਥ ਨੇ ਇਹ ਗੱਲਾਂ ਸਭ ਸੁਣੀਆਂ ਤੇ ਹੋਰ ਅਨੇਕ ਤਰ੍ਹਾਂ ਦੇ ਸਭ ਬਚਨ ਸੁਣੇ। ਕਹਿਣ ਲੱਗੇ ਮੁਨੀ ਜੀ! ਮੈਨੂੰ ਉਸ ਰਾਜੇ ਦਾ ਨਾਮ ਦੱਸੋ ਅਤੇ ਉਹ ਕਿਹੜੇ ਦੇਸ਼ ਵਿਚ ਰਹਿੰਦਾ ਹੈ, ਮੈਂ ਜਦੋਂ ਤਕ ਉਸ ਰਾਜੇ ਨੂੰ ਨਹੀਂ ਜਿੱਤ ਲੈਂਦਾ ਉਸ ਸਮੇਂ

ਤੱਕ ਮੈਂ ਆਪਣੇ ਆਪ ਨੂੰ ਰਾਜਾਨ ਰਾਜ (ਸ਼ਹਿਨਸ਼ਾਹ) ਨਹੀਂ ਕਹਾਵਾਂਗਾ। ਮਛੰਦਰਨਾਥ ਨੇ ਕਿਹਾ ਕਿ ਹੇ ਰਾਜਾ! ਉਸ ਰਾਜੇ ਨੇ ਬਲ ਵਰਗੇ ਰਾਜੇ ਨੂੰ ਜਿੱਤ ਲਿਆ, ਬ੍ਰਹਮਾ ਨੂੰ ਜਿੱਤ ਲਿਆ, ਵਿਸ਼ਨੂੰ ਨੂੰ ਜਿੱਤ ਲਿਆ, ਰਾਵਣ ਨੂੰ ਹਰਾ ਦਿਤਾ, ਸ਼ੁੰਭ, ਨਿਸ਼ੁੰਭ ਜੋ ਅਸੁਰ ਸਨ ਉਨ੍ਹਾਂ ਦਾ ਮਾਣ ਮਿੱਟੀ ਵਿਚ ਮਿਲਾ ਦਿਤਾ।

ਮਹਿਖਾਸੁਰ ਕੀਟਵ ਵੱਢ ਟੁੱਕ ਕੇ ਖਿੰਡਾ ਦਿਤੇ ਜਿਸ ਨੇ ਦੇਵ ਗੰਧਰਭ, ਮੁਨ ਜਨ ਆਦਿ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਉਸ ਨੇ ਕੌਰਵ ਤੇ ਕਰਣ ਵਰਗਿਆਂ ਨੂੰ ਜਿੱਤ ਲਿਆ। ਜਿਸ ਦੇ ਕੋਪ ਕਰਕੇ ਰਾਵਣ ਨੇ ਦਸ ਸੀਸ ਕਟਵਾਏ, ਜਿਸ ਦੇ ਕ੍ਰੋਧ ਕਰਨ ਤੇ ਦੇਵ ਦਾਨਵ ਰਣ ਵਿਚ ਲੜੇ। ਸੋ ਰਾਜਨ! ਉਸ ਰਾਜੇ ਦਾ ਨਾਮ ਰਾਜਾ ਅਬਿਬੇਕ ਹੈ। ਬਿਬੇਕ ਤੇ ਅਬਿਬੇਕ ਦੋਨੋਂ ਸਕੇ ਭਰਾ ਹਨ, ਇਕ ਮਾਤਾ ਤੇ ਪਿਤਾ ਦੀ ਔਲਾਦ ਹਨ। ਇਕੋ ਇਨ੍ਹਾਂ ਦੀ ਵੰਸ ਹੈ। ਸੋ ਇਸ ਅਬਿਬੇਕ ਨਾਮੀ ਮਨ ਰਾਜੇ ਨੇ ਸਾਰੀ ਤ੍ਰਿਲੋਕੀ ਨੂੰ ਜਿੱਤ ਲਿਆ ਹੈ ਅਤੇ ਸਭ ਨੂੰ ਘੜੀਸੀਂ ਫਿਰਦਾ ਹੈ ਉਸਨੂੰ ਕੋਈ ਕਾਬੂ ਨਹੀਂ ਕਰ ਸਕਿਆ। ਉਸ ਵੇਲੇ ਬੜੇ ਰੋਹ ਵਿਚ ਆ ਕੇ ਪਾਰਸਨਾਥ ਨੇ ਕਿਹਾ ਕਿ ਕ੍ਰਿਪਾ ਕਰਕੇ ਮੈਨੂੰ ਇਹ ਦੱਸੋ ਉਸ ਦੇ ਜਰਨੈਲਾਂ ਵਿਚ ਕਿੰਨਾ ਕੁ ਬਲ ਹੈ ਅਤੇ ਉਨ੍ਹਾਂ ਦੀਆਂ ਨਿਸ਼ਾਨੀਆਂ ਕੀ ਹਨ, ਉਨ੍ਹਾਂ ਦੇ ਘੋੜੇ ਕਿਹੋ ਜਿਹੇ ਹਨ ਅਤੇ ਝੰਡੇ ਕਿਸ ਰੰਗ ਦੇ ਹਨ। ਉਨ੍ਹਾਂ ਦੇ ਨਾਮ ਕੀ ਹਨ, ਮੈਨੂੰ ਪੂਰਾ ਵੇਰਵਾ ਦੇਵੋ। ਮੈਂ ਛੇਤੀਂ ਹੀ ਇਸ ਰਾਜੇ ਨੂੰ ਜਿੱਤ ਕੇ ਭੂਪਮੇਧ ਜੱਗ ਕਰਾਂਗਾ। ਮਛੰਦਰਨਾਥ ਨੇ ਬਹੁਤ ਵੇਰਵੇ ਸਹਿਤ ਉਨ੍ਹਾਂ ਸੂਰਮਿਆਂ ਦੇ ਨਾਮ ਅਤੇ ਹੋਰ ਵਿਸਥਾਰ ਸਹਿਤ ਦੱਸਿਆ –

**ਅਬਿਬੇਕ** – ਵੇਖ ਰਾਜਨ! ਅਬਿਬੇਕ ਦਾ ਰੰਗ ਕਾਲਾ ਹੈ। ਇਸ ਦੀ ਪੁਸ਼ਾਕ ਕਾਲੀ ਹੈ ਪਰ ਫਿਰ ਵੀ ਇਸਨੂੰ ਵੇਖਿਆਂ ਮਰਦ ਅਤੇ ਇਸਤ੍ਰੀ ਮੋਹੇ ਜਾਂਦੇ ਹਨ। ਇਸ ਦਾ ਕੋਚਵਾਨ ਕਾਲਾ, ਇਸ ਦੇ ਘੋੜੇ ਕਾਲੇ, ਇਸ ਦੇ ਗਹਿਣੇ ਕਾਲੇ, ਰੱਥ ਦਾ ਸਾਜੋ ਸਮਾਨ ਵੀ ਕਾਲਾ, ਧਨੁਖ ਕਾਲਾ ਤੇ ਝੂਲਣ ਵਾਲਾ ਝੰਡਾ ਵੀ ਕਾਲਾ ਹੀ ਹੈ। ਅਜਿਹੀ ਸੁੰਦਰਤਾ ਹੈ ਅਬਿਬੇਕ ਰਾਜੇ ਦੀ, ਜਿਸ ਨੇ ਸਾਰੇ ਸੰਸਾਰ ਨੂੰ ਜਿੱਤਿਆ ਹੈ ਅਤੇ ਆਪ ਉਹ ਅਜਿੱਤ ਹੈ।

**ਕਾਮਦੇਵ** – ਹੇ ਰਾਜਨ! ਉਸ ਦਾ ਵਜ਼ੀਰ ਕਾਮਦੇਵ ਹੈ, ਜਿਸ ਦਾ ਫੁੱਲਾਂ ਦਾ ਧਨੁਖ ਅਤੇ ਭੌਰਿਆਂ ਦਾ ਕਿਲਾ ਹੈ, ਜਿਸ ਦਾ ਮੱਛੀ ਦੇ ਨਿਸ਼ਾਨ ਵਾਲਾ ਝੰਡਾ ਹੈ। ਉਸ ਦੇ ਚਾਰ ਚੁਫੇਰੇ ਸੰਗੀਤ ਹੁੰਦਾ ਰਹਿੰਦਾ ਹੈ। ਉਸ ਦੇ ਨਾਲ ਸੁੰਦਰ ਇਸਤ੍ਰੀਆਂ ਦੀ ਸੈਨਾ ਹੁੰਦੀ ਹੈ, ਜੋ ਦੇਵਤਿਆਂ ਤੋਂ ਵੀ ਪਾਣੀ ਭਰਾਉਣ ਵਾਲੀ ਹੁੰਦੀ ਹੈ। ਜਿਸ ਦਿਨ ਇਹ ਕਾਮ ਵਜ਼ੀਰ ਗੁੱਸੇ ਵਿਚ ਆ ਕੇ ਹਮਲਾ ਕਰਦਾ ਹੈ ਉਸ ਦੇ ਸਾਮ੍ਹਣੇ ਬਿਬੇਕ ਤੋਂ ਬਿਨਾਂ ਕੋਈ ਖੰਘ ਨਹੀਂ ਸਕਦਾ।

**ਬਸੰਤ** – ਕਾਮ ਦੇ ਇਕ ਬਲਵਾਨ ਪੁੱਤਰ ਦਾ ਨਾਮ ਬਸੰਤ ਹੈ। ਇਹ ਜਦੋਂ ਆਉਂਦਾ ਹੈ ਤਾਂ ਫਲ ਫੁਲ ਜੀਵ ਜੰਤ ਅਤੇ ਧਰਤੀ ਦੇ ਕਣ-ਕਣ ਵਿਚ ਕਾਮ ਜਾਗ ਪੈਂਦਾ ਹੈ। ਇਹ ਬੜਾ ਡਾਢਾ ਹੈ, ਜਿਧਰ ਜਾਂਦਾ ਹੈ ਤਬਾਹੀ ਮਚਾਈ ਜਾਂਦਾ ਹੈ। ਇਸ ਨਾਲ ਕੇਵਲ ਬਿਬੇਕ ਹੀ ਦੋ ਹੱਥ ਕਰ ਸਕਦਾ ਹੈ।

**ਹੁਲਾਸ** – ਕਾਮਦੇਵ ਦਾ ਦੂਜਾ ਪੁੱਤਰ ਹੁਲਾਸ ਹੈ, ਇਹ ਜਦੋਂ ਆਉਂਦਾ ਹੈ ਤਾਂ ਇਸ ਦੇ ਨਾਲ ਹੀ ਕਾਲੀਆਂ ਘਟਾ ਚੜ੍ਹਦੀਆਂ ਹਨ, ਬਿਜਲੀਆਂ ਕੜਕਦੀਆਂ ਹਨ, ਡੱਡੂ ਅਤੇ ਮੋਰ ਬੋਲਦੇ ਹਨ। ਇਹ ਭਿੰਨ-ਭਿੰਨ ਅਵਾਜ਼ਾਂ ਕਾਮ ਨੂੰ ਜਗਾਉਂਦੀਆਂ ਹਨ। ਇਸ ਪ੍ਰਭਾਵਸ਼ਾਲੀ ਵਾਤਾਵਰਨ ਤੋਂ ਕੇਵਲ ਬਿਬੇਕ ਹੀ ਬਚਾ ਸਕਦਾ ਹੈ।

**ਅਨੰਦ** – ਕਾਮਦੇਵ ਦਾ ਤੀਜਾ ਪੁੱਤਰ ਅਨੰਦ ਹੈ, ਇਹ ਅਜਿੱਤ ਸੂਰਮਾ ਹੈ। ਸਾਰਿਆਂ ਨੂੰ ਪਲ ਵਿਚ ਕਾਬੂ ਕਰ ਲੈਂਦਾ ਹੈ। ਕੇਵਲ ਧੀਰਜ ਹੀ ਇਸ ਦਾ ਟਾਕਰਾ ਕਰ ਸਕਦੀ ਹੈ।

**ਭਰਮ** – ਕਾਮਦੇਵ ਦਾ ਚੌਥਾ ਪੁੱਤਰ ਹੈ। ਇਹ ਧੂੰਏ ਰੰਗਾ ਹੈ, ਇਸ ਦਾ ਰਥਵਾਹੀ, ਰਥ ਅਤੇ ਤਿੱਖੇ ਘੋੜੇ ਵੀ ਧੂੰਏ ਰੰਗੇ ਹਨ। ਇਸ ਦੇ ਨੈਣ ਵੀ ਧੂੰਏਂ ਦੇ, ਇਸ ਦਾ ਸਰੀਰ ਵੀ ਧੂੰਏਂ ਦਾ, ਅਤੇ ਇਸਦੇ ਜ਼ੇਵਰ ਭੀ ਧੂੰਏਂ ਦੇ ਹਨ। ਇਹਦਾ ਮੂੰਹ ਧੂੰਏ ਦਾ ਹੈ ਅਤੇ ਇਹ ਧੂੰਏ ਦੀਆਂ

ਕੈਆਂ ਕਰਦਾ ਹੈ। ਜਦੋਂ ਇਹ ਗੁੱਸੇ ਨਾਲ ਹਮਲਾ ਕਰਦਾ ਹੈ ਤਾਂ ਵੈਰੀ ਦੀ ਸਾਰੀ ਸੈਨਾ ਟੁੱਕੜੇ-ਟੁਕੜੇ ਹੋ ਜਾਂਦੀ ਹੈ।

**ਕਲਹਿ** - ਇਕ ਹੋਰ ਛਨਾਰ ਇਸਤ੍ਰੀ ਹੈ ਜਿਸ ਦਾ ਨਾਮ 'ਕਲਹਿ' ਹੈ। ਇਹ ਮੌਤ ਨਾਲੋਂ ਵੀ ਭਿਆਨਕ ਹੈ, ਚੌਦਾਂ ਲੋਕਾਂ ਵਿਚ ਇਸ ਦਾ ਸਿੱਕਾ ਚਲਦਾ ਹੈ। ਇਹ ਦੁਨੀਆਂ ਭਰ ਦੇ ਸਾਰੇ ਹਥਿਆਰ ਬੜੀ ਪੂਰਨਤਾ ਨਾਲ ਚਲਾ ਸਕਦੀ ਹੈ। ਵੱਡੇ-ਵੱਡੇ ਦੇਸ਼ ਤੇ ਦੇਸ਼ਾਂ ਦੇ ਰਾਜੇ ਇਸ ਦਾ ਨਾਮ ਸੁਣ ਕੇ ਕੰਬਣ ਲਗ ਪੈਂਦੇ ਹਨ।

**ਵੈਰ** - ਇਕ ਹੋਰ ਵੈਰ ਨਾਮ ਦਾ ਸੂਰਮਾ ਹੈ, ਇਹ ਅਜਿੱਤ ਹੈ ਅਤੇ ਇਸ ਨੇ ਕਦੀ ਵੀ ਕਿਸੇ ਨੂੰ ਕੰਡ ਨਹੀਂ ਵਿਖਾਈ, ਇਸ ਦੀਆਂ ਲਹੂ ਨੁਚੜਦੀਆਂ ਅੱਖਾਂ ਅਤੇ ਲਾਲ ਹੀ ਕੱਪੜੇ ਹਨ। ਸਾਰੇ ਹਥਿਆਰ ਅਤੇ ਅੰਗ ਲਹੂ ਵਰਗੇ ਲਾਲ ਹਨ। ਇਸ ਦਾ ਝੰਡਾ ਚੜ੍ਹਦੇ ਸੂਰਜ ਵਰਗਾ ਲਾਲ ਹੈ, ਇਸ ਨਾਲ ਕੇਵਲ ਸ਼ਾਂਤੀ ਸੁਭਾਵ ਦਾ ਸੂਰਮਾ ਹੀ ਦੋ ਹੱਥ ਕਰ ਸਕਦਾ ਹੈ।

**ਆਲਸ** - ਧੂੰਏ ਦਾ ਰਥ, ਧੂੰਏਂ ਦਾ ਝੰਡਾ ਅਤੇ ਧੂੰਏਂ ਦਾ ਹੀ ਰਥਵਾਹੀ ਹੈ। ਧੂੰਏਂ ਦੇ ਹੀ ਕੱਪੜੇ ਪਾਏ ਹੋਏ ਹਨ ਜਿਸ ਨਾਲ ਧੂੰਆਂ ਵੀ ਸ਼ਰਮਿੰਦਾ ਹੋ ਜਾਂਦਾ ਹੈ। ਧੂੰਏਂ ਦਾ ਧਨੁਖ ਹੈ ਅਤੇ ਧੂੰਏਂ ਦਾ ਵਿਚ ਤੀਰ ਖਿਚਿਆ ਹੋਇਆ ਹੈ। ਜਦੋਂ ਅਜਿਹੇ ਰੂਪ ਵਿਚ ਆਲਸ ਹਮਲਾ ਕਰਦਾ ਹੈ ਤਾਂ ਉਸ ਸਮੇਂ ਉਦਮ ਤੋਂ ਬਿਨਾਂ ਉਸ ਦੇ ਸਾਮ੍ਹਣੇ ਕੋਈ ਖੜ੍ਹਾ ਨਹੀਂ ਹੁੰਦਾ।

**ਮਦ** - ਹਰਾ ਝੰਡਾ, ਹਰਾ ਧਨੁਖ ਅਤੇ ਹਰੇ ਰੰਗ ਦੇ ਘੋੜੇ ਸੋਭਾ ਦੇ ਰਹੇ ਹਨ, ਉਸ ਦਾ ਰਥ ਹਵਾ ਦੀ ਚਾਲ ਨਾਲ ਚਲਦਾ ਹੈ ਜਿਸਨੂੰ ਵੇਖ ਕੇ ਵਾਵਰੋਲੇ ਵੀ ਸ਼ਰਮਿੰਦੇ ਹੋ ਜਾਂਦੇ ਹਨ। ਜਿਸ ਦਿਨ ਆਪਣਾ ਘੋੜਾ ਨਚਾ ਕੇ 'ਮਦ' ਨਾਮ ਸੂਰਮਾ ਅੱਗੇ ਵਧੇਗਾ, ਬਿਬੇਕ ਤੋਂ ਬਿਨਾਂ ਉਸਦੇ ਸਾਮ੍ਹਣੇ ਕੋਈ ਠਹਿਰ ਨਹੀਂ ਸਕੇਗਾ।

**ਕੁਵ੍ਰਿਤਿ** - ਇਕ ਹੋਰ ਹਰਾਮ ਖੋਰ (ਕੁਵ੍ਰਿਤਿ) ਉਸ ਦਾ ਜੋਧਾ ਹੈ ਉਸ ਦਾ ਕਾਲਾ ਝੰਡਾ, ਕਾਲਾ ਕੋਚਵਾਨ, ਕਾਲੇ ਕੱਪੜੇ ਤੇ ਕਾਲੇ ਘੋੜੇ ਹਨ। ਉਸ ਨੇ ਕਾਲੇ ਰੰਗ ਦੀ ਸੰਜੋਅ ਪਾਈ ਹੋਈ ਹੈ। ਉਸ ਦੀ ਕਾਲੀ ਸ਼ਕਲ ਹੈ ਅਤੇ ਕਾਲੇ ਨੈਣ ਦੁਖ ਰੂਪ ਕਰਣ ਵਾਲੇ ਹਨ। ਕਾਲੇ ਰੰਗ ਦੀਆਂ ਮਣੀਆਂ ਦੇ ਗਹਿਣੇ ਹਨ। ਇਹ ਵਿਹਲੜ ਅਤੇ ਹਰਾਮਖੋਰ ਸੂਰਮਾ ਜਦੋਂ ਲੜਨ ਲਈ ਮੈਦਾਨ ਵਿਚ ਆ ਜਾਵੇ ਤਾਂ ਧੀਰਜ ਤੋਂ ਬਿਨਾਂ ਬਾਕੀ ਦੀ ਸਾਰੀ ਸੈਨਾ ਸਿਰ ਤੇ ਪੈਰ ਰੱਖ ਕੇ ਦੌੜ ਜਾਂਦੀ ਹੈ।

**ਗੁਮਾਨ** - ਇਕ ਹੋਰ ਗੁਮਾਨ ਨਾਮ ਦਾ ਸੂਰਮਾ ਹੈ, ਇਸ ਨੇ ਚਮੜੇ ਦੀ ਸੰਜੋਅ ਪਹਿਨੀ ਹੋਈ ਹੈ ਇਸ ਦਾ ਟਾਕਰਾ ਕੇਵਲ ਸੀਲ ਨਾਮ ਦਾ ਸੈਨਿਕ ਹੀ ਕਰ ਸਕਦਾ ਹੈ।

**ਅਭਿਮਾਨ** - ਇਹ ਭਾਦਰੋਂ ਦੇ ਮਹੀਨੇ ਦੇ ਬੱਦਲ ਵਾਂਗ ਗੱਜਦਾ ਹੈ ਅਤੇ ਬਿਜਲੀ ਵਾਂਗ ਕੜਕ ਕੇ ਤਲਵਾਰ ਕੱਢਦਾ ਹੈ। ਜਦੋਂ ਅਭਿਮਾਨ ਨਾਮੇ ਸੂਰਮਾ ਅੱਗੇ ਵਧਦਾ ਹੈ ਤਾਂ ਉਸ ਦਾ ਮੁਕਾਬਲਾ ਵੀ ਸੀਲ ਹੀ ਕਰਦਾ ਹੈ।

**ਅਨਰਥ** - ਧਨੁਖ ਵਾਂਗ ਗੋਲ ਸ਼ਕਲ ਹੋ ਕੇ ਜਦੋਂ ਲੜਦਾ ਹੈ ਉਸ ਦੇ ਸਾਮ੍ਹਣੇ ਕੋਈ ਤੱਕ ਨਹੀਂ ਸਕਦਾ, ਡਰ ਕੇ ਪਹਿਲਾਂ ਹੀ ਦੌੜ ਜਾਂਦੇ ਹਨ। ਇਸ ਤਰ੍ਹਾਂ ਜਦੋਂ ਅਨਰਥ ਨਾਮੇ ਜੋਧਾ ਘੋੜਾ ਨਚਾ ਕੇ ਆਉਂਦਾ ਹੈ ਤਾਂ ਕੇਵਲ ਧੀਰਜ ਹੀ ਉਸ ਦਾ ਟਾਕਰਾ ਕਰਦਾ ਹੈ, ਪੀਲੇ ਕੱਪੜੇ ਪੀਲੀ ਪੁਸ਼ਾਕ ਅਤੇ ਪੀਲੇ ਰੱਥ ਵਾਲਾ, ਪੀਲੇ ਧਨੁੱਖ ਨੂੰ ਵੇਖ ਕੇ ਕਾਮਦੇਵ ਵੀ ਸ਼ਰਮਿੰਦਾ ਹੋ ਜਾਂਦਾ ਹੈ। ਪੀਲੇ ਤੀਰ ਲੈ ਕੇ ਉਹ ਮੈਦਾਨ ਵਿਚ ਨਿਕਲਦਾ ਹੈ, ਉਸ ਦਾ ਟਾਕਰਾ ਕੇਵਲ ਗਿਆਨ ਹੀ ਸਾਵਧਾਨ ਹੋ ਕੇ ਕਰ ਸਕਦਾ ਹੈ।

**ਨਿੰਦਿਆ** - ਕੁਚੀਲ ਕਪੜੇ ਅਤੇ ਲਿਬੜੇ ਗਹਿਣੇ ਪਾ ਕੇ ਤੇ ਸਿਰ ਉਪਰ ਗੰਦਾ ਤਾਜ ਪਾ ਕੇ ਗੰਦੇ ਰਥਵਾਹੀ ਨੂੰ ਲੈ ਕੇ ਜਦੋਂ ਨਿੰਦਿਆ ਕੁਲਹਿਣੀ ਮੈਦਾਨ ਵਿਚ ਉਤਰਦੀ ਹੈ ਤਾਂ ਕੇਵਲ ਉਸ ਨਾਲ ਧੀਰਜ ਹੀ ਟਾਕਰਾ ਕਰਦਾ ਹੈ।

**ਭੁੱਖ ਤੇ ਪਿਆਸ** - ਜਿਸ ਵਿਚ ਭੁੱਖ ਅਤੇ ਪਿਆਸ ਦਾ ਸੂਰਮਾ ਅੱਗੇ ਵਧਦਾ ਹੈ ਇਹ ਸ਼ਸ਼ਤਰਾਂ ਅਤੇ ਸ਼ਾਸਤ੍ਰਾਂ ਦੋਹਾਂ ਵਿਚ ਹੀ ਨਿਪੁੰਨ ਹੈ। ਇਸ ਦੇ ਨੈਣ ਤੇ ਕੱਪੜੇ ਲਾਲ ਹੁੰਦੇ ਹਨ।

ਇਹ ਬੜੇ ਟੇਢੇ ਵਾਕਾਂ ਵਾਲਾ ਅਤੇ ਬੜਾ ਹੀ ਅਭਿਮਾਨੀ ਹੈ। ਇਸ ਦਾ ਮੈਦਾਨ ਵਿਚ ਕੇਵਲ (ਨਿਗ੍ਰਹੁ) ਸੰਜਮ ਹੀ ਟਾਕਰਾ ਕਰ ਸਕਦਾ ਹੈ।

**ਲਾਲਚ** - ਚੰਚਲ ਅੱਖਾਂ ਅਤੇ ਚੰਚਲ ਪ੍ਰਭਾਵ ਵਾਲਾ ਲਾਲਚ ਜਦੋਂ ਅੱਗੇ ਆਉਂਦਾ ਹੈ ਤਾਂ ਦੇਵਤੇ ਵੀ ਮੋਹੇ ਜਾਂਦੇ ਹਨ। ਜਿਸ ਤਰ੍ਹਾਂ ਤੇਜ਼ ਹਵਾ ਸਾਰੇ ਬੱਦਲਾਂ ਨੂੰ ਉਡਾ ਦਿੰਦੀ ਹੈ ਇਸ ਤਰ੍ਹਾਂ ਲਾਲਚ ਸਾਰੇ ਸ਼ੁਭ ਗੁਣਾਂ ਨੂੰ ਦੂਰ ਕਰ ਦਿੰਦਾ ਹੈ।

**ਮੋਹ** - ਬਿਜਲੀ ਦੀ ਚਮਕ ਜਿੱਡਾ ਜਿਸਦਾ ਝੰਡਾ ਹੈ, ਜਿਸ ਦੀਆਂ ਬਾਹਾਂ ਬੜੀਆਂ ਮਜ਼ਬੂਤ ਤੇ ਸੁੰਦਰ ਹਨ, ਜਿਸ ਦਾ ਰਥ ਬਹੁਤ ਤੇਜ਼ ਚਲਦਾ ਹੈ, ਜਿਸਦਾ ਰੂਪ ਸੋਹਣਾ ਹੈ, ਜਿਸ ਦਾ ਬਲ ਨਹੀਂ ਮਿਣਿਆ ਜਾ ਸਕਦਾ। ਜਿਸ ਦਿਨ ਇਸ ਮੋਹ ਨਾਮੇ ਸੂਰਮੇ ਨੇ ਹਮਲਾ ਕੀਤਾ ਤਾਂ ਕੇਵਲ ਵਿਚਾਰ ਹੀ ਇਸ ਦਾ ਟਾਕਰਾ ਕਰ ਸਕੇਗੀ।

**ਕ੍ਰੋਧ** - ਇਕ ਹੋਰ ਕ੍ਰੋਧ ਨਾਮ ਦਾ ਬਲੀ ਹੈ, ਉਸ ਦਾ ਰਥ ਵੀ ਹਵਾ ਦੇ ਵਾਂਗ ਚਲਦਾ ਹੈ, ਉਸਨੂੰ ਸਾਰੇ ਸਿਆਣੇ ਜਾਣਦੇ ਹਨ। ਉਹ ਬੜਾ ਪ੍ਰਤਾਪੀ ਅਜਿੱਤ ਅਤੇ ਅਣਮਿਣਵੇਂ ਬਲ ਵਾਲਾ ਹੈ। ਉਹ ਸਾਰੀ ਫੌਜ ਦਾ ਕਿਲ੍ਹਾ ਹੈ। ਉਹ ਜਦੋਂ ਸੰਜੋਅ ਪਾ ਕੇ ਤੇ ਧਨੁਖ ਲਾ ਕੇ ਘੋੜਾ ਛੇੜ ਕੇ ਅੱਗੇ ਆਉਂਦਾ ਹੈ ਤਾਂ ਸ਼ਾਂਤੀ ਤੋਂ ਬਿਨਾਂ ਹੋਰ ਕਿਸੇ ਦੇ ਪੈਰ ਨਹੀਂ ਜੰਮਦੇ।

**ਹੰਕਾਰ** - ਸ਼ਰਾਬੀ ਹਾਥੀ ਵਾਂਗ ਮਸਤ ਜਿਸਦੇ ਹੱਥ ਵਿਚ ਭਿਆਨਕ ਤਲਵਾਰ ਫੜੀ ਹੋਈ ਹੈ। ਸਿਆਮ ਰੰਗ ਦੇ ਗਹਿਣੇ ਪਾਏ ਹੋਏ ਹਨ। ਉਨ੍ਹਾਂ ਵਿਚ ਨੀਲੀਆਂ ਮਣੀਆਂ ਜੜੀਆਂ ਹੋਈਆਂ ਹਨ। ਉਸ ਨੇ ਆਪਣੀ ਕਮਰ ਨਾਲ ਸੋਨੇ ਦੀ ਤੜਾਗੀ ਬੱਧੀ ਹੋਈ ਹੈ। ਉਹ ਵੇਖਣ ਤੇ ਅਰਾਵਤ ਹਾਥੀ ਵਾਂਗ ਪ੍ਰਤੀਤ ਹੁੰਦਾ ਹੈ। ਅਜਿਹਾ ਬਹਾਦਰ ਤੇ ਸੋਹਣਾ ਹੰਕਾਰ ਨਾਮੀ ਸੂਰਮਾ ਹੈ। ਇਸ ਨੇ ਸਾਰੇ ਜੱਗ ਦੇ ਜੀਵਾਂ ਨੂੰ ਜਿੱਤ ਲਿਆ ਹੈ ਪਰ ਆਪ ਅਜਿੱਤ ਹੈ।

**ਦ੍ਰੋਹ** - ਚਿੱਟੇ ਹਾਥੀ ਤੇ ਸਵਾਰ ਤੇ ਉਸਦੇ ਚੁਫੇਰੇ ਚਿੱਟੇ ਚੌਰ ਝੁਲਾਏ ਜਾਂਦੇ ਹਨ। ਸੋਨੇ ਦੀ ਮੇਖਲੀ ਵੇਖ ਕੇ ਸਭ ਦਾ ਮਨ ਮੋਹਿਆ ਜਾਂਦਾ ਹੈ। ਸੁੰਦਰ ਅਤੇ ਕੋਮਲ ਹੱਥਾਂ ਵਿਚ ਬਰਛੀ ਫੜੀ ਹੋਈ ਹੈ। ਉਸ ਦੀ ਚਮਕ ਦਮਕ ਵੇਖ ਕੇ ਲਿਸ਼ਕਦੀ ਬਿਜਲੀ ਭੀ ਸ਼ਰਮਿੰਦੀ ਹੋ ਜਾਂਦੀ ਹੈ। ਅਜਿਹੇ ਪ੍ਰਭਾਵ ਵਾਲਾ ਦ੍ਰੋਹ ਨਾਮੇ ਸੂਰਮਾ ਹੈ ਤੇ ਜਲਾਂ ਥਲਾਂ ਅਤੇ ਦੇਸਾਂ ਪ੍ਰਦੇਸਾਂ ਦੇ ਸਾਰੇ ਰਾਜੇ ਉਸ ਦੀ ਈਨ ਮੰਨਦੇ ਹਨ।

**ਭਰਮ** - ਜ਼ੋਰ-ਜ਼ੋਰ ਨਾਲ ਨਗਾਰਾ ਵਜਾਉਂਦਾ ਘੁੰਗਰਾਲੇ ਵਾਲਾਂ ਉਪਰ ਸੁੰਦਰ ਕਲਗੀ ਸਜਾ ਕੇ ਸ਼ੋਭਾ ਪਾਉਂਦਾ ਹੈ। ਲੱਕ ਨਾਲ ਦੋ ਕ੍ਰਿਪਾਨਾਂ ਕੱਸੀਆਂ ਹੋਈਆਂ ਤੇ ਆਪਣੇ ਘੋੜੇ ਤੇ ਭੀ ਸੰਜੋਅ ਪਾਈ ਹੋਈ ਹੈ। ਉਹ ਤੇਜਵੰਤ ਅਤੇ ਅਤੀ ਬਲਵਾਨ ਹੈ। ਉਹ ਸੁੰਦਰ ਅਤੇ ਵੱਡੀਆਂ ਬਾਹਾਂ ਵਾਲਾ ਹੈ। ਉਸ ਨੂੰ ਨਾ ਕੋਈ ਤਲਵਾਰ ਕੱਟ ਸਕਦੀ ਹੈ ਅਤੇ ਨਾ ਹੀ ਤਿੱਖਾ ਨੇਜ਼ਾ ਵਿੰਨ੍ਹ ਸਕਦਾ ਹੈ। ਅਜਿਹਾ ਭਰਮ ਨਾਮ ਦਾ ਸੂਰਮਾ ਜਿਸ ਦਿਨ ਕ੍ਰੋਧ ਵਿਚ ਆ ਗਿਆ ਉਸ ਦਿਨ ਵੀਚਾਰ ਤੋਂ ਬਿਨਾਂ ਹੋਰ ਕੋਈ ਬਚਾਅ ਨਹੀਂ ਹੋ ਸਕਦਾ।

**ਬ੍ਰਹਮ ਦੋਖ** - ਸੋਹਣੇ ਹੀਰਿਆਂ ਦੀ ਮਾਲਾ ਪ੍ਰੋਤੀ ਹੋਈ ਪੱਗ ਦੇ ਪੇਚਾਂ ਵਿਚ ਭੀ ਹੀਰੇ ਸਜਾਏ ਹੋਏ ਹਨ, ਬੜਾ ਬਲਵਾਨ ਅਕੱਟ, ਅਜਿੱਤ ਤੇ ਜੋਧਿਆਂ ਵਿਚੋਂ ਸਿਰੇ ਦਾ ਸੂਰਮਾ ਹੈ। ਕਮਰ ਨਾਲ ਕ੍ਰਿਪਾਨ ਕੱਸੀ ਹੋਈ ਹੈ। ਹੱਥਾਂ ਨਾਲ ਤੀਰਾਂ ਦੀ ਬਾਰਸ਼ ਕਰਦਾ ਹੈ। ਉਸ ਦੇ ਹਾਸੇ ਨੂੰ ਦੇਖ ਕੇ ਕੜਕਦੀ ਬਿਜਲੀ, ਲਾਜ ਦੀ ਮਾਰੀ ਪਹਾੜਾਂ ਵਿਚ ਲੁਕ ਜਾਂਦੀ ਹੈ। ਅਜਿਹਾ ਸੂਰਮਾ ਹੈ 'ਬ੍ਰਹਮ-ਦੋਖ', ਵੈਰੀ ਨੂੰ ਕੁਚਲ ਦੇਣ ਵਾਲਾ ਅਤੇ ਅਬਿਬੇਕ ਰਾਜੇ ਨੂੰ ਖੁਸ਼ ਕਰਨ ਵਾਲਾ ਹੈ।

**ਝੂਠ** - ਮੋਰ ਰੰਗਾ ਰੱਥ ਤੇ ਮੋਰ ਰੰਗੇ ਘੋੜਿਆਂ ਵਾਲਾ, ਜਿਸਨੂੰ ਵੇਖ ਕੇ ਸੂਰਮੇ ਥਰ-ਥਰ ਕੰਬਣ ਲਗ ਜਾਂਦੇ ਹਨ। ਉਹ ਅਲੌਕਿਕ ਅਤੇ ਤੇਜ ਦਾ ਪੁੰਜ ਹੈ, ਉਸ ਦੀਆਂ ਗੋਡਿਆਂ ਤੱਕ ਲੰਮੀਆਂ ਬਾਹਵਾਂ ਹਨ। ਹੇ ਰਾਜਨ! ਜਿਸ ਦਿਨ ਅਜਿਹਾ ਝੂਠ ਨਾਮ ਦਾ ਜੋਧਾ ਲੜਨ ਲਈ ਘੋੜਾ ਨਚਾਵੇਗਾ, ਸੱਚ ਤੋਂ ਬਿਨਾਂ ਉਸ ਨੂੰ ਹੋਰ ਕੋਈ ਠੱਲ੍ਹ ਨਹੀਂ ਪਾ ਸਕਦਾ।

**ਮਿਥਿਆ** - ਜਿਸ ਦਾ ਰੱਥ ਅਤੇ ਘੋੜੇ ਭੀ

ਡੱਬ ਖੜੱਬੇ ਹਨ। ਝੰਡਾ ਵੀ ਡੱਬ ਖੜੱਬਾ ਹੈ। ਉਸ ਦੇ ਕੱਪੜੇ ਵੀ ਕਾਲੇ ਤੇ ਚਿੱਟੇ ਹਨ ਜਿਨ੍ਹਾਂ ਨੂੰ ਵੇਖ ਕੇ ਸੁਰ ਨਰ ਅਤੇ ਮੁਨੀ ਸ਼ਰਮਾਅ ਜਾਂਦੇ ਹਨ। ਚਿੱਟ-ਕਬਰਾ ਰਥਵਾਹੀ ਉਸਨੇ ਚਿੱਟ-ਕਬਰੇ ਕੱਪੜੇ ਪਾਏ ਹੋਏ ਹਨ। ਸੋਨੇ ਦੀ ਜੰਜੀਰ ਨਾਲ ਕੇਸ ਸਜਾਏ ਹੋਏ ਹਨ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਰਾਜਾ ਇੰਦ੍ਰ ਹੋਵੇ। ਹੇ ਰਾਜਨ! ਅਜਿਹਾ ਬਲਵਾਨ ਅਤੇ ਸੂਰਮਾ ਮਿਥਿਆ ਨਾਮ ਦਾ ਹੈ। ਜਿਤਨੇ ਵੀ ਸਾਰੇ ਸੰਸਾਰ ਵਿਚ ਜੀਵ ਹਨ ਸਭ ਇਸਨੇ ਜਿੱਤ ਕੇ ਆਪਣੇ ਅਧੀਨ ਕੀਤੇ ਹੋਏ ਹਨ।

**ਚਿੰਤਾ** - ਉਸ ਦੇ ਸੁੰਦਰ ਨੈਣ ਵੇਖ ਕੇ ਬਸੰਤ ਰਾਜਾ ਵੀ ਨਮਸਕਾਰ ਕਰਦਾ ਹੈ। ਹੇ ਪਾਰਸਨਾਥ! ਅਜਿਹਾ ਲੰਮੀਆਂ ਬਾਹਾਂ ਵਾਲਾ ਅਤੇ ਅਤੀ ਔਖਾ ਜਿੱਤੇ ਜਾਣ ਵਾਲਾ ਚਿੰਤਾ ਨਾਮ ਦਾ ਸੂਰਮਾ ਹੈ। ਇਸ ਦਾ ਸਰੀਰ ਕਦੇ ਨਾਸ਼ ਨਹੀਂ ਹੁੰਦਾ। ਇਹ ਨਿਰਭੈ ਬਹਾਦਰ ਤੇ ਬੜਾ ਤੇਜਵਾਨ ਹੈ।

**ਦਲਿਦ੍ਰ** - ਲਾਲ ਹੀਰਿਆਂ ਦੇ ਜਿਸਨੇ ਸਿਰ ਉਪਰ ਹਾਰ ਸਜਾਏ ਹੋਏ ਹਨ ਜਿਸਦਾ ਪਹਾੜ ਜਿੱਡਾ ਹਾਥੀ ਸੋਨੇ ਦੇ ਸੰਗਲਾਂ ਨਾਲ ਬੱਧਾ ਅਤੇ ਸਜਾਇਆ ਹੋਇਆ ਹੈ। ਹੇ ਰਾਜਨ! ਇਸ ਸੂਰਮੇ ਦਾ ਨਾਮ ਦਲਿਦ੍ਰ ਹੈ। ਉਸ ਦੇ ਸਾਮ੍ਹਣੇ ਆ ਕੇ ਅੱਜ ਤੱਕ ਕੋਈ ਉਸਨੂੰ ਜਿੱਤ ਨਹੀਂ ਸਕਿਆ।

**ਸ਼ੰਕਾ** - ਜਿਸ ਨੇ ਸਿਲਮੇ ਸਿਤਾਰੇ ਨਾਲ ਕੱਢੇ ਹੋਏ ਕੱਪੜੇ ਪਾਏ ਹੋਏ ਹਨ ਅਤੇ ਬੜੀ ਹੀ ਵੱਡੇ ਸੁੰਦਰ ਘੋੜੇ ਉਪਰ ਸਵਾਰ, ਉਸਦੀ ਸੁੰਦਰਤਾ ਝੱਲੀ ਨਹੀਂ ਜਾਂਦੀ ਅਤੇ ਉਸਦਾ ਸਰੀਰ ਪਵਿੱਤਰ ਅਤੇ ਕੁਆਰਾ ਹੈ, ਉਹ ਮਹਾਂ ਸੂਰਮਾ ਹੈ ਅਤੇ ਉਸ ਦੀਆਂ ਨਾੜਾਂ ਵਿਚ ਬਹਾਦਰ ਖਤ੍ਰੀਆਂ ਦਾ ਲਹੂ ਹੈ। ਉਸਨੂੰ ਆਪਣੇ ਬਹਾਦਰ ਘਰਾਣੇ ਉਪਰ ਮਾਣ ਹੈ। ਇਹ ਵੀ ਫਿਕਰ ਹੈ ਕਿ ਮੇਰੀ ਕਿਸੇ ਕਮਜ਼ੋਰੀ ਕਰਕੇ ਸਾਰਾ ਖਾਨਦਾਨ ਨਾ ਬਰਬਾਦ ਹੋ ਜਾਵੇ। ਹੇ ਰਾਜਨ! ਇਹ ਸ਼ੰਕਾ ਨਾਮ ਦਾ ਸਭ ਤੋਂ ਵੱਡਾ ਯੋਧਾ ਹੈ।

**ਅਸੋਭ** - ਭੂਰੇ ਰੰਗ ਦੇ ਰਥ ਅੱਗੇ ਘੋੜੇ ਜੋੜੇ ਹੋਏ ਹਨ। ਕਦੇ ਨਾ ਜ਼ਖਮ ਖਾਣ ਵਾਲਾ ਅਤੇ ਕਦੇ ਨਾ ਘੋੜੇ ਤੋਂ ਡਿੱਗਣ ਵਾਲਾ ਸੂਰਮਾ ਸਵਾਰ ਹੈ। ਵੈਰੀ ਦੀ ਮੌਤ ਦਾ ਉਸ ਨੇ ਰੂਪ ਧਾਰਿਆ ਹੋਇਆ ਹੈ। ਉਸਦਾ ਸਰੀਰ ਪ੍ਰਕਾਸ਼ ਸਰੂਪ ਹੈ। ਹੇ ਰਾਜਨ! ਇਸ ਸੂਰਮੇ ਦਾ ਨਾਮ ਅਸੋਭ ਹੈ ਅਤੇ ਇਸਨੂੰ ਸਾਰੀ ਤ੍ਰਿਲੋਕੀ ਜਾਣਦੀ ਹੈ। ਹੇ ਰਾਜਨ! ਵਿਚਾਰਾ ਬਿਬੇਕ ਕੀ ਹੈ ਜੋ ਇਸਦਾ ਡਰ ਨਾ ਮੰਨੇ?

**ਅਸੰਤੁਸ਼ਟ** - ਜਿਸ ਦੇ ਰਥ ਅੱਗੇ ਕਾਲੇ ਘੋੜੇ ਸ਼ੋਭਾ ਪਾ ਰਹੇ ਹਨ ਉਹ ਬੜਾ ਬਲਵਾਨ ਅਤੇ ਅਜਿੱਤ ਸੂਰਮਾ ਹੈ। ਹੇ ਰਾਜਨ! ਉਸ ਦਾ ਨਾਮ ਅਸੰਤੁਸ਼ਟ ਹੈ। ਹੇ ਰਾਜਨ! ਤਿੰਨਾਂ ਲੋਕਾਂ ਵਿਚ ਇਸਦਾ ਸਹਿਮ ਛਾਇਆ ਹੋਇਆ ਹੈ।

**ਅਨਾਸ ਊਚ** - ਮੱਖੀ ਨਾ ਬੈਠਣ ਦੇਣ ਵਾਲੇ ਘੋੜੇ ਉਪਰ ਸਵਾਰ ਹੈ। ਸਿਰ ਉਪਰ ਅਜਿੱਤ ਅਤੇ ਅਝੁਕ ਕਲਗੀ ਸਜੀ ਹੋਈ ਹੈ। ਇਸਦੇ ਸਿਰ ਉਪਰ ਜਿਤ ਸੋਭਦੀ ਵੇਖ ਕੇ ਚੰਦ ਈਰਖਾ ਨਾਲ ਸੜਦਾ ਹੈ। ਹੇ ਰਾਜਨ! ਇਸ ਯੋਧੇ ਦਾ ਨਾਮ 'ਅਨਾਸ ਊਚ' ਹੈ। ਇਹ ਵੀ ਛਤਰਧਾਰੀ ਹੈ।

**ਹਿੰਸਾ** - ਚਿੱਟੇ ਰਥ ਅਤੇ ਚਿੱਟੇ ਘੋੜਿਆਂ ਵਾਲਾ ਤੇ ਜਿਸਦੇ ਸਿਰ ਉਪਰ ਅਜਿਤ ਹੋਣ ਦੀ ਕਲਗੀ ਸ਼ੋਭ ਰਹੀ ਹੈ। ਜੇ ਇੰਦ੍ਰ ਦੇ ਘੋੜੇ ਇਸਦੇ ਘੋੜਿਆਂ ਨੂੰ ਵੇਖ ਲੈਣ ਤਾਂ ਹੀਨ-ਭਾਵ ਅਨੁਭਵ ਕਰਕੇ ਓਹ ਵੀ ਆਪਣੀਆਂ ਨਜ਼ਰਾਂ ਨੀਵੀਆਂ ਕਰ ਲੈਣ। ਹੇ ਰਾਜਨ! ਇਸ ਹਠੀਲੇ ਤੇ ਦ੍ਰਿੜ੍ਹ ਸੂਰਮੇ ਦਾ ਨਾਮ ਹਿੰਸਾ ਹੈ। ਇਹ ਭਾਰੇ ਜੰਗਾਂ ਵਿਚ ਲੜਨ ਵਾਲਾ ਅਜਿਤ ਸੂਰਮਾ ਹੈ।

**ਕੁਮੰਤ** - ਇਹ ਮਹਾਂ ਬਲਵਾਨ ਯੋਧਾ ਸਾਰੇ ਜਲਾਂ ਥਲਾਂ ਨੂੰ ਜਿਤਣ ਵਾਲਾ ਕੁਮੰਤ ਹੈ।

**ਅਲੱਜਾ** - ਕਬੂਤਰ ਰੰਗੇ ਘੋੜੇ ਉਤੇ ਸਵਾਰ ਉਸਨੇ ਵੱਡੀ ਸੰਜੋਅ ਪਹਿਨੀ ਅਤੇ ਢਾਲ ਫੜੀ ਹੋਈ ਹੈ। ਹੇ ਰਾਜਨ! ਇਹ ਅਲੱਜਾ ਨਾਮ ਦਾ ਸੂਰਮਾ ਹੈ।

**ਚੋਰੀ** - ਫਟੇ ਅਤੇ ਗੰਦੇ ਕੱਪੜਿਆਂ ਵਾਲਾ ਇੱਕ ਦਲਿਦ੍ਰੀ ਹੈ। ਉਸ ਦੀ ਉਪੱਦ੍ਰਵੀ ਨੇ ਝੰਡਾ ਵੀ ਫਟਿਆ ਹੋਇਆ ਫੜਿਆ ਹੈ। ਇਹ ਮਹਾਨ ਤੇ ਭਿਆਨਕ ਸੂਰਮਾ ਚੋਰੀ ਹੈ। ਇਸਦਾ

ਪ੍ਰਤਾਪ ਇਤਨਾ ਬਹੁਤਾ ਹੈ ਕਿ ਉਸਨੂੰ ਵੇਖ ਕੇ ਖੁਰਕ ਖਾਧਾ ਕੁੱਤਾ ਵੀ ਸ਼ਰਮ ਮਹਿਸੂਸ ਕਰਦਾ ਹੈ।

**ਬਿਭਚਾਰ** - ਇੱਕ ਹੋਰ ਲੀਰਾਂ ਦਾ ਬੁਕ ਪਹਿਨਣ ਵਾਲਾ ਯੋਧਾ ਹੈ। ਸਿਰ ਉਪਰ ਅਧ ਸੜੀ ਤੇ ਅਧ ਝੁਲਸੀ ਪੱਗ ਬੱਧੀ ਹੋਈ ਹੈ। ਹੇ ਰਾਜਨ! ਇਹ ਮਹਾਨ ਯੋਧਾ ਮਾਰੂ ਸਾਨ੍ਹ ਉਪਰ ਸਵਾਰ ਹੈ ਅਤੇ ਇਸਦਾ ਨਾਮ ਬਿਭਚਾਰ ਹੈ। ਇਹ ਕਾਲਾ ਧੂਤ ਹੈ ਕੇਵਲ ਇਸਦਾ ਸਿਰ ਹੀ ਚਿੱਟਾ ਹੈ। ਇਸ ਦਾ ਇਕ ਰਥ ਹੈ ਪਰ ਉਸ ਅੱਗੇ ਅਨੇਕਾਂ ਖੋਤੇ ਜੋੜੇ ਹੋਏ ਹਨ। ਇਸਦਾ ਝੰਡਾ ਕਾਲਾ ਹੈ, ਇਸਦੀਆਂ ਬਾਹਾਂ ਭਿਆਨਕ ਹਨ। ਉਸਦੇ ਹੱਥ ਵਾਲਾ ਤੀਰ ਇਕ ਨਾ ਸੁਕਣ ਵਾਲਾ ਲਹੂ ਦਾ ਖੂਹ ਹੈ।

**ਅਕ੍ਰਿਤਘਣ** - ਸਵਾਮੀ ਘਾਤ ਅਤੇ ਅਕ੍ਰਿਤਘਣ ਨਾਮ ਦੇ ਦੋ ਹੋਰ ਸੂਰਮੇ ਹਨ। ਦੁਸ਼ਮਣ ਦੇ ਸੈਨਿਕਾਂ ਨੂੰ ਬਰਬਾਦ ਕਰਨ ਵਾਲਾ ਕਿਹੜਾ ਹੈ ਮਾਂ ਦਾ ਲਾਲ ਜਿਸਨੇ ਦੋ ਦੁੱਧੀਆਂ ਦਾ ਦੁੱਧ ਚੁੰਘਿਆ ਹੋਵੇ ਅਤੇ ਫੇਰ ਇਨ੍ਹਾਂ ਦਾ ਮਾਣ ਅਤੇ ਸਤਿਕਾਰ ਨਾ ਕਰੇ। ਇਹਨਾਂ ਦਾ ਪ੍ਰਤਾਪ ਵੇਖਕੇ ਸੂਰਮੇ ਉਦਾਸ ਹੋ ਕੇ ਦੌੜ ਜਾਂਦੇ ਹਨ।

**ਮਿਤ੍ਰ ਦੋਖ ਅਤੇ ਰਾਜ ਦੋਖ** - ਇਹ ਦੋਵੇਂ ਸਕੇ ਭਰਾ ਹਨ ਇਹ ਇਕੋ ਹੀ ਖਾਨਦਾਨ ਦੇ ਨੌ ਨਿਹਾਲ ਹਨ ਅਤੇ ਇਨ੍ਹਾਂ ਦੀ ਮਾਂ ਵੀ ਇਕੋ ਹੈ। ਇਹ ਪੂਰੇ ਪੂਰੇ ਖਤ੍ਰੀ ਹਨ। ਜਿਧਰ ਵੀ ਜਾਂਦੇ ਹਨ ਇਕ ਝਟਕਾ ਮਾਰ ਕੇ ਵੈਰੀ ਨੂੰ ਜਿਤ ਲੈਂਦੇ ਹਨ।

**ਈਰਖਾ ਅਤੇ ਉਚਾਟ** - ਇਹ ਹੋਰ ਦੋ ਜੰਗੀ ਸੂਰਮੇ ਹਨ, ਇਹਨਾਂ ਨੂੰ ਵੇਖਕੇ ਵੈਰੀ ਦੌੜ ਜਾਂਦੇ ਹਨ ਤੇ ਇਨ੍ਹਾਂ ਦੀ ਸੁੰਦਰਤਾ ਦੇਖ ਕੇ ਅਪੱਛਰਾਂ ਵੀ ਲੱਟੂ ਹੋ ਜਾਂਦੀਆਂ ਹਨ। ਇਨ੍ਹਾਂ ਦੇ ਸਾਹਮਣੇ ਕੋਈ ਨਹੀਂ ਠਹਿਰ ਸਕਦਾ। ਵੱਡੇ ਵੱਡੇ ਸੂਰਮੇ ਮੂੰਹ ਵਿਚ ਘਾਹ ਲੈ ਕੇ ਦੌੜ ਜਾਂਦੇ ਹਨ।

**ਘਾਤ ਅਤੇ ਵਸੀਕਰਣ** - ਦੋ ਹੋਰ ਯੋਧੇ ਹਨ, ਭਿਆਨਕ ਕਰਮਾਂ ਦਾ ਕੁਹਾੜਾ ਇਨ੍ਹਾਂ ਦੇ ਹੱਥ ਵਿਚ ਫੜਿਆ ਹੋਇਆ ਹੈ। ਜੋਰਾਵਰੀ ਅਤੇ ਵਧੀਕੀ ਇਨ੍ਹਾਂ ਦੀਆਂ ਭਿਆਨਕ ਦਾੜ੍ਹਾਂ ਹਨ।

**ਅਪਦਾ, ਝੂਠਤਾ ਅਤੇ ਬੰਸ ਕੁਮਾਰ** - ਤਿੰਨ ਹੋਰ ਯੋਧੇ ਹਨ। ਇਹ ਤਿੰਨੇ ਨੰਗ ਮੁਨੰਗੇ ਹਨ। ਕੇਵਲ ਭੋਜ ਪਤਰ ਦੇ ਕੱਪੜੇ ਪਾਏ ਹੋਏ ਹਨ। ਦੁਸ਼ਟਤਾ ਦਾ ਇਹ ਰੂਪ ਹਨ। ਦਲਿਦ੍ਰਤਾ ਦੀ ਇਹਨਾਂ ਕੋਲ ਫਾਹੀ ਹੈ।

**ਬਯੋਗ ਅਤੇ ਅਪ੍ਰਾਧ** - ਦੋ ਹੋਰ ਸੂਰਮੇ ਹਨ। ਹੇ ਰਾਜਨ! ਇਨ੍ਹਾਂ ਦੇ ਸਾਹਮਣੇ ਭਾਵੇਂ ਤੇਰੇ ਕਿਤਨੇ ਸੂਰਮੇ ਹੋਣ ਅਤੇ ਓਹਨਾਂ ਕੋਲ ਭਾਵੇਂ ਹਰ ਪ੍ਰਕਾਰ ਦੇ ਹਥਿਆਰ ਹੋਣ ਪਰ ਓਹ ਡਰਦੇ ਮਾਰੇ ਏਡੀ ਛੇਤੀਂ ਦੌੜਣਗੇ ਕਿ ਓਹਨਾਂ ਭੱਜਦਿਆਂ ਦੀ ਕੋਈ ਮਿਸਾਲ ਦੇਣੀ ਔਖੀ ਹੈ।

ਜਦੋਂ ਓਹ ਸੂਰਮੇ ਸੂਰਜ ਵਾਂਗ ਚੜ੍ਹਨਗੇ, ਸੂਰਜ ਦੀਆਂ ਕਿਰਣਾਂ ਵਾਂਗ ਰਣਤੱਤੇ ਨੂੰ ਪਾਉਣਗੇ। ਫੇਰ ਓਹਨਾਂ ਅੱਗੇ ਕਿਹੜਾ ਮਾਈ ਦਾ ਲਾਲ ਖੜ੍ਹਾ ਹੋਵੇਗਾ? ਤੇਰੇ ਸੈਨਿਕ ਅਤੇ ਸੈਨਾ ਨਾਇਕ ਓਥੇ ਹੀ ਹਥਿਆਰ ਸੁਟ ਕੇ, ਵਰਦੀਆਂ ਪਾੜਕੇ, ਸੰਜੋਆਂ ਕੱਟਕੇ ਸੁਟ ਪੌਣਗੇ ਅਤੇ ਆਪਣੇ ਘੋੜਿਆਂ ਉਪਰ ਚੜ੍ਹਕੇ ਭੱਜਣ ਦੀ ਵੀ ਸੁਧ ਬੁਧ ਨਹੀਂ ਰਹਿ ਜਾਵੇਗੀ।

ਇਸਨੇ ਅਰਜ਼ ਕੀਤੀ - ਮੇਹਰਵਾਨ ਜੀ! ਇਨ੍ਹਾਂ ਤੋਂ ਬਚਣ ਵਾਸਤੇ ਕਿਸ ਸਾਧਨ ਅਥਵਾ ਸ਼ਸਤ੍ਰ ਦੀ ਲੋੜ ਹੈ ਜਿਸ ਕਰਕੇ ਇਨ੍ਹਾਂ ਵਿਕਾਰਾਂ ਦਾ ਬੱਲ ਨਾ ਪੈ ਸਕੇ।

ਮਛੰਦਰਨਾਥ ਨੇ ਕਿਹਾ ਕਿ ਰਾਜਨ! ਇਹ ਮਨ ਰਾਜਾ ਸਭ ਤੋਂ ਅਧਿਕ ਬਲਵਾਨ ਹੈ, ਕੋਈ ਸੂਰਮਾ ਹੀ ਇਸਦਾ ਮੁਕਾਬਲਾ ਕਰ ਸਕਦਾ ਹੈ। ਇਸ ਨੇ ਜੀਵ ਆਤਮਾ ਨੂੰ ਆਪਣੇ ਕਾਬੂ ਵਿਚ ਕਰ ਰੱਖਿਆ ਹੈ ਅਤੇ ਆਪਣੀ ਮਰਜ਼ੀ ਦੇ ਅਨੁਸਾਰ ਨਚਾਉਂਦਾ ਹੈ। ਨਾ ਤਾਂ ਇਹ ਬਹੁਤਾ ਪੜ੍ਹਿਆਂ ਤੋਂ ਕਾਬੂ ਆਉਂਦਾ ਹੈ ਸਗਮਾਂ ਪੜ੍ਹਿਆਂ ਲਿਖਿਆਂ ਦੇ ਸਿਰ ਤੇ ਬਹਿ ਕੇ ਉਨ੍ਹਾਂ ਨੂੰ ਆਪਣੀ ਨੱਥ ਪਾ ਕੇ ਪੂਰੀ ਤਰ੍ਹਾਂ ਕਾਬੂ ਕਰਕੇ, ਮਹਾਂਮੂਰਖ ਦੀ ਪਦਵੀ ਦਾ ਭਾਗੀ ਬਣਾਉਂਦਾ ਹੈ। ਉਹ ਵਿਦਿਆ ਪੜ੍ਹਦੇ ਹਨ ਸੰਸਾਰਕ ਕੀਮਤਾਂ ਨਾਲ ਤੋਲਿਆਂ ਉਨ੍ਹਾਂ ਦਾ ਮੁੱਲ ਅਧਿਕ ਪੈਂਦਾ ਹੈ ਅਤੇ ਉਨ੍ਹਾਂ ਨੂੰ ਵੱਡੀਆਂ-ਵੱਡੀਆਂ ਉਪਾਧੀਆਂ

ਮਿਲਦੀਆਂ ਹਨ। ਮਨ ਹਸਦਾ ਹੈ ਕਿ ਮੇਰੇ, ਨੱਥ ਪਾ ਕੇ ਗੁਲਾਮ ਕੀਤੇ ਬੰਦੇ ਆਪ ਭੀ ਮੂਰਖ ਹਨ ਅਤੇ ਮੂਰਖ ਹੋ ਕੇ ਉਸਨੂੰ ਪੰਡਤ, ਮਹਾਨ ਵਿਦਵਾਨ, ਜਗਤ ਵਿਜੇਤਾ, ਮਹਾਂਗਿਆਨੀ, ਆਚਾਰੀਆ, ਆਲਮ, ਫਾਜ਼ਲ ਦੀਆਂ ਉਪਾਧੀਆਂ ਨਾਲ ਸ਼ਸ਼ੋਭਤ ਕਰਨ ਦਾ ਜਤਨ ਕਰਦੇ ਹਨ ਪਰ ਇਨ੍ਹਾਂ ਮੂਰਖਾਂ ਨੂੰ ਨਹੀਂ ਪਤਾ ਕਿ ਮੇਰੇ ਵਸ ਵਿਚ ਆਏ ਹੋਏ ਬੰਦੇ ਕਿੰਨੇ ਨੀਵੇਂ ਹਨ। ਉਹ ਕਾਮ ਦੇ ਜਾਲ 'ਚੋਂ ਨਹੀਂ ਛੁੱਟ ਸਕਦੇ। ਕਾਮ ਅਗਨ ਸਦਾ ਹੀ ਉਨ੍ਹਾਂ ਨੂੰ ਜਲਦਾ ਰੱਖਦੀ ਹੈ, ਲੋਭ ਲਾਟਾਂ ਉਨ੍ਹਾਂ ਨੂੰ ਜਲਾਉਂਦੀਆਂ ਹਨ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਭੁੱਜਦੇ ਹਨ ਅਤੇ ਨਹੀਂ ਜਾਣਦੇ ਕਿ ਆਚਾਰ ਅਤੇ ਅਨ-ਆਚਾਰ ਦਾ ਕੀ ਫਰਕ ਹੈ। ਮੋਹ ਦੇ ਵਸ ਪਏ ਹੋਏ ਆਪਣੇ ਪਰਿਵਾਰਾਂ ਲਈ ਐਤਨੀਆਂ ਨੰਗੀਆਂ ਬੇਇਮਾਨੀਆਂ ਕਰਦੇ ਹਨ ਅਤੇ ਐਤਨੇ ਨੀਵੇਂ ਗਿਰ ਜਾਂਦੇ ਹਨ ਕਿ ਸਦਾਚਾਰ ਤੇ ਲੱਗੇ ਕਲੰਕ ਨੂੰ ਫੁੱਲਾਂ ਦੀ ਮਾਲਾ ਹੀ ਸਮਝਦੇ ਹਨ। ਚਾਰ ਅੱਖਰ ਪੜ੍ਹ ਕੇ ਅਭਿਮਾਨ ਉਨ੍ਹਾਂ ਦੇ ਉਪਰ ਐਨਾ ਭਾਰੂ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਕਰਮ ਅਤੇ ਅਕਰਮ ਦੀ ਕੋਈ ਸੋਝੀ ਹੀ ਨਹੀਂ ਰਹਿੰਦੀ ਅਤੇ ਇਸ ਹੈਂਕੜ ਵਿਚ ਆਏ ਹੋਏ ਕਿਸੇ ਨੂੰ ਨਿਘ੍ਹਾ ਥੱਲੇ ਨਹੀਂ ਲਿਆਉਂਦੇ ਅਤੇ ਪ੍ਰਮੇਸ਼ਰ ਤੋਂ ਬੇਮੁੱਖ ਰਹਿੰਦੇ ਹਨ। ਜਦੋਂ ਕ੍ਰੋਧ ਦਾ ਜਜ਼ਬਾ ਉਨ੍ਹਾਂ ਦੇ ਅੰਦਰ ਵਿਸਫੋਟ ਕਰਦਾ ਹੈ ਤਾਂ ਉਹ ਸੂਝ-ਅਸੂਝ ਦੋਹਾਂ ਤੋਂ ਬੇਸੁਰਤ ਹੋ ਜਾਂਦੇ ਹਨ ਅਤੇ ਅਜਿਹੇ ਕੰਮ ਕਰ ਬੈਠਦੇ ਹਨ ਜਿਨ੍ਹਾਂ ਲਈ ਇਥੇ ਵੀ ਪਛਤਾਵਾ ਤੇ ਦਰਗਾਹ ਵਿਚ ਵੀ ਪਛਤਾਵਾ ਕਰਨਾ ਪੈਂਦਾ ਹੈ। ਮਹਾਂਪੁਰਸ਼ ਜਿਨ੍ਹਾਂ ਨੇ ਮਨ ਦੇ ਔਗੁਣਾਂ ਨੂੰ ਪੂਰੀ ਤਰ੍ਹਾਂ ਨਾਲ ਛਾਣ ਬੀਣ ਕੇ ਤੱਕਿਆ ਹੈ, ਉਨ੍ਹਾਂ ਦਾ ਗੁਰਬਾਣੀ ਰਾਹੀਂ ਫੁਰਮਾਨ ਹੈ -

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥***

***ਅੰਗ - 140***

ਮਨ ਦੇ ਵਸ ਵਿਚ ਪਏ ਹੋਏ ਵਿਦਵਾਨਾਂ ਨੂੰ ਗੁਰਬਾਣੀ ਰਾਹੀਂ ਗੁਰੂ ਮਹਾਰਾਜ ਜੀ ਸਮਝਾਉਂਦੇ ਹਨ ਕਿ ਪੜ੍ਹਿਆ ਉਹ ਹੈ -

***ਸੋ ਪੰਡਿਤੁ ਜੋ ਮਨੁ ਪਰਬੋਧੈ॥***
***ਰਾਮ ਨਾਮੁ ਆਤਮ ਮਹਿ ਸੋਧੈ॥***
***ਰਾਮ ਨਾਮ ਸਾਰੁ ਰਸੁ ਪੀਵੈ॥***
***ਉਸੁ ਪੰਡਿਤ ਕੈ***
***ਉਪਦੇਸਿ ਜਗੁ ਜੀਵੈ॥***
***ਹਰਿ ਕੀ ਕਥਾ ਹਿਰਦੈ ਬਸਾਵੈ॥***
***ਸੋ ਪੰਡਿਤੁ ਫਿਰਿ ਜੋਨਿ ਨ ਆਵੈ॥***
***ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥***
***ਸੂਖਮ ਮਹਿ ਜਾਨੈ ਅਸਥੂਲੁ॥***
***ਚਹੁ ਵਰਨਾ ਕਉ ਦੇ ਉਪਦੇਸੁ॥***
***ਨਾਨਕ ਉਸੁ ਪੰਡਿਤ***
***ਕਉ ਸਦਾ ਅਦੇਸੁ॥***

***ਅੰਗ - 274***

ਇਹ ਪੰਡਤ ਉਹ ਹਨ ਜਿਨ੍ਹਾਂ ਨੇ ਮਨ ਨਾਲ ਝਗੜੇ ਤੇ ਸੱਥਾਂ ਪਾ ਕੇ ਮਨ ਰਾਜੇ ਨੂੰ ਆਪਣੇ ਅਧੀਨ ਕਰ ਲਿਆ। ਉਨ੍ਹਾਂ ਦੀ ਮਹਿਮਾ ਗੁਰਬਾਣੀ ਵਿਚ ਕੀਤੀ ਗਈ ਹੈ। ਜਿਹੜੇ ਮਨ ਦੇ ਵਸ ਵਿਚ ਆਏ ਵਿਦਵਾਨ ਆਪਣੀ ਵਿਦਿਆ ਦਾ ਅਭਿਮਾਨ ਕਰਦੇ ਹਨ ਉਨ੍ਹਾਂ ਨੂੰ ਮਹਾਰਾਜ ਜੀ ਸਮਝਾਉਂਦੇ ਹਨ -

***ਮੁਖ ਤੇ ਪੜਤਾ ਟੀਕਾ ਸਹਿਤ॥***
***ਹਿਰਦੈ ਰਾਮੁ ਨਹੀ ਪੂਰਨ ਰਹਤ॥***
***ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥***
***ਅਪਨਾ ਕਹਿਆ ਆਪਿ ਨ ਕਮਾਵੈ॥***
***ਪੰਡਿਤ ਬੇਦੁ ਬੀਚਾਰਿ ਪੰਡਿਤ॥***
***ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥***

***ਅੰਗ - 887***

ਗੁਰੂ ਮਹਾਰਾਜ ਜੀ ਉਨ੍ਹਾਂ ਵਿਦਵਾਨਾਂ ਨੂੰ ਜੋ ਮਨ ਦੇ ਅਧੀਨ ਹੋ ਕੇ ਜੀਵਨ ਜਾਂਚ ਨਹੀਂ ਜਾਣਦੇ ਅਤੇ ਆਪਣੇ ਹਿਤ ਪਾਲਣ ਲਈ ਜੀਵਨ ਦੇ ਮੁਢਲੇ ਸਿਧਾਂਤਾਂ, ਜਿਸ ਵਿਚ ਆਪ ਜਿਉਂਦੇ ਰਹੋ ਅਤੇ ਦੂਸਰਿਆਂ ਨੂੰ ਜਿਉਂਦੇ ਰੱਖੋ; ਗਰੀਬਾਂ, ਨਿਮਾਣਿਆਂ, ਨਿਤਾਣਿਆਂ ਤੇ ਦਇਆ ਕਰੋ ਅਤੇ ਹਿੰਸਾ ਵਰਗੇ ਕਰੂਰ ਜਜ਼ਬੇ ਤੋਂ ਪੂਰੀ ਤਰ੍ਹਾਂ ਸੁਚੇਤ ਅਤੇ ਅਛੋਹ ਰਹੋ। ਅਜਿਹੇ ਸਿਧਾਤਾਂ ਦਾ ਤਿਆਗ ਕਰਕੇ ਕੁਮੱਤ ਵਿਚ ਪੈਂਦੇ ਹਨ ਅਤੇ ਜੀਵ ਹੱਤਿਆ ਕਰਕੇ ਆਪਣੇ ਸਵਾਦ ਲਈ ਉਸਨੂੰ ਕਰਮਾਂ ਧਰਮਾਂ ਨਾਲ ਜੋੜਦੇ ਹਨ। ਉਹ ਕੁਮੱਤ ਵਿਚ ਪਏ ਹੋਏ ਵਿਦਵਾਨ ਹਨ ਜਿਨ੍ਹਾਂ ਬਾਰੇ

ਫੁਰਮਾਨ ਹੈ -

***ਪਡੀਆ ਕਵਨ ਕੁਮਤਿ ਤੁਮ ਲਾਗੇ॥***
***ਬੂਡਹੁਗੇ ਪਰਵਾਰ***
***ਸਕਲ ਸਿਉ ਰਾਮੁ ਨ ਜਪਹੁ ਅਭਾਗੇ॥***
***ਬੇਦ ਪੁਰਾਨ ਪੜੇ ਕਾ ਕਿਆ ਗੁਨੁ***
***ਖਰ ਚੰਦਨ ਜਸ ਭਾਰਾ॥***
***ਰਾਮ ਨਾਮ ਕੀ ਗਤਿ ਨਹੀ ਜਾਨੀ***
***ਕੈਸੇ ਉਤਰਸਿ ਪਾਰਾ॥***
***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥***
***ਮਨ ਕੇ ਅੰਧੇ ਆਪਿ ਨ ਬੂਝਹੁ***
***ਕਾਹਿ ਬੁਝਾਵਹੁ ਭਾਈ॥***
***ਮਾਇਆ ਕਾਰਨ ਬਿਦਿਆ ਬੇਚਹੁ***
***ਜਨਮੁ ਅਬਿਰਥਾ ਜਾਈ॥***

***ਅੰਗ - 1103***

ਉਨ੍ਹਾਂ ਨੂੰ ਆਪਣੇ ਘਰ ਦਾ ਪਤਾ ਨਹੀਂ ਕਿ ਮੇਰਾ ਘਰ ਲੁੱਟਿਆ ਜਾ ਰਿਹਾ ਹੈ। ਇਸ ਵਿਚ ਪੰਜ ਚੋਰ ਹਰ ਵਕਤ ਲੁੱਟ ਰਹੇ ਹਨ। ਇਹ ਗਾਫਲ ਹੋ ਕੇ ਹੋਰਨਾਂ ਨੂੰ ਮਤਿ ਦਿੰਦਾ ਹੈ ਅਤੇ ਆਪ ਮਨ ਦੇ ਅਧੀਨ ਹੋਇਆ ਹੋਇਆ ਅਸ਼ਾਂਤੀ ਵਿਚ ਜੀਵਨ ਬਤੀਤ ਕਰ ਰਿਹਾ ਹੈ। ਫੁਰਮਾਨ ਹੈ -

***ਪੜਿ ਪੰਡਿਤੁ ਅਵਰਾ ਸਮਝਾਏ॥***
***ਘਰ ਜਲਤੇ ਕੀ ਖਬਰਿ ਨ ਪਾਏ॥***
***ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ***
***ਪੜਿ ਥਾਕੇ ਸਾਂਤਿ ਨ ਆਈ ਹੇ॥***

***ਅੰਗ - 1046***

ਪੜ੍ਹਿਆ ਹੋਇਆ ਓਹੀ ਹੈ ਜਿਸ ਨੇ ਮਨ ਨੂੰ ਜਿੱਤ ਲਿਆ, ਜੋ ਤਿੰਨ ਗੁਣਾਂ - ਰਜੋ ਗੁਣ, ਸਤੋ ਗੁਣ, ਤਮੋ ਗੁਣ 'ਚੋਂ ਨਿਕਲ ਕੇ ਤੁਰੀਆ ਅਵਸਥਾ, ਚੌਥੇ ਪਦ ਵਿਚ ਪਹੁੰਚ ਗਿਆ। ਅਜਿਹੇ ਪੜ੍ਹਿਆਂ ਹੋਇਆਂ ਨੂੰ ਨਮਸ਼ਕਾਰ ਹੈ ਉਨ੍ਹਾਂ ਨੇ ਮਨ ਰਾਜੇ ਨੂੰ ਆਪਣੇ ਅਧੀਨ ਕਰ ਲਿਆ।

***ਪਾਧਾ ਪੜਿਆ ਆਖੀਐ***
***ਬਿਦਿਆ ਬਿਚਰੈ ਸਹਜਿ ਸੁਭਾਇ॥***
***ਬਿਦਿਆ ਸੋਧੈ ਤਤੁ ਲਹੈ***
***ਰਾਮ ਨਾਮ ਲਿਵ ਲਾਇ॥***

***ਅੰਗ - 938***

ਮਨਮੁਖ ਜੋ ਮਨ ਦਾ ਗੁਲਾਮ ਹੈ ਤੇ ਮਨ ਦੇ ਕਹੇ ਤੇ ਚਲਦਾ ਹੈ ਉਸਦੀ ਵਿਦਿਆ ਕਿਸੇ ਕੰਮ ਦੀ ਨਹੀਂ ਹੁੰਦੀ। ਉਸਦੀ ਵਿਦਿਆ ਅੰਮ੍ਰਿਤ ਦਾ ਵਪਾਰ ਕਰਨ ਦੀ ਥਾਂ, ਜਿਸ ਅੰਮ੍ਰਿਤ ਨੂੰ ਪੀ ਕੇ ਸਦਾ ਅਮਰ ਹੋ ਜਾਈਦਾ ਹੈ, ਸਾਰੇ ਦੁਖਾਂ, ਕਲੇਸ਼ਾਂ ਤੋਂ ਬਰੀ ਹੋ ਜਾਈਦਾ ਹੈ ਜਿਸ ਦੀ ਸੋਝੀ ਆਉਣ ਨਾਲ ਸਾਰੇ ਸੰਸਾਰ ਦੇ ਦੁਖਾਂ, ਕਲੇਸ਼ਾਂ ਤੋਂ ਛੁਡਾ ਸਕਦਾ ਹੈ, ਉਸਦੀ ਥਾਂ ਜ਼ਹਿਰ ਦਾ ਵਪਾਰ ਕਰ ਲਿਆ ਅਤੇ ਜ਼ਹਿਰ ਹੀ ਖਾਂਦਾ ਹੈ ਕਿਉਂਕਿ ਉਸਨੇ ਅੰਦਰਲੇ ਸ਼ਬਦ ਨੂੰ ਨਹੀਂ ਜਾਣਿਆ। ਜੋ ਸ਼ਬਦ ਸਾਰੇ ਪ੍ਰੀਪੂਰਨ ਹੈ, ਜਿਸ ਨੂੰ ਸ਼ਬਦ ਬ੍ਰਹਮ ਆਖਦੇ ਹਨ, ਜਿਸ ਤੋਂ ਸਾਰੀ ਉਤਪਤੀ ਹੋਈ ਹੈ ਉਸਦੀ ਸੋਝੀ ਇਸਨੂੰ ਨਹੀਂ ਆਈ। ਉਸ ਤੋਂ ਅਸੰਗ ਰਹਿ ਕੇ ਜ਼ਹਿਰ ਖਾਂਦਾ ਹੈ ਅਤੇ ਜ਼ਹਿਰ ਇਕੱਠੀ ਕਰ ਰਿਹਾ ਹੈ ਅਤੇ ਮਹਾਂਮੂਰਖ ਹੈ।

***ਮਨਮੁਖੁ ਬਿਦਿਆ ਬਿਕ੍ਰਦਾ***
***ਬਿਖੁ ਖਟੇ ਬਿਖੁ ਖਾਇ॥***
***ਮੂਰਖੁ ਸਬਦੁ ਨ ਚੀਨਈ***
***ਸੂਝ ਬੂਝ ਨਹ ਕਾਇ॥ ਅੰਗ - 938***

ਪੜ੍ਹਿਆ ਓਹੀ ਹੈ ਜਿਸ ਨੇ ਮਨ ਰਾਜੇ ਨੂੰ ਆਪਣੇ ਅਧੀਨ ਕਰ ਲਿਆ ਹੈ। ਅਜਿਹਾ ਪੁਰਸ਼, ਭਾਵੇਂ ਉਹ ਵੱਡੀਆਂ ਡਿੱਗਰੀਆਂ ਨਹੀਂ ਲੈ ਸਕਿਆ, ਪੜ੍ਹਿਆਂ ਹੋਇਆਂ ਦੀ ਸ਼੍ਰੇਣੀ ਵਿਚ ਨਹੀਂ ਆ ਸਕਿਆ, ਪਰ -

***ਪਾਧਾ ਗੁਰਮੁਖਿ ਆਖੀਐ***
***ਚਾਟੜਿਆ ਮਤਿ ਦੇਇ॥***
***ਨਾਮੁ ਸਮਾਲਹੁ ਨਾਮੁ ਸੰਗਰਹੁ***
***ਲਾਹਾ ਜਗ ਮਹਿ ਲੇਇ॥***

***ਅੰਗ - 937***

***ਸੋ ਪੰਡਿਤੁ***
***ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ॥***
***ਅਨਦਿਨੁ ਏਕੋ ਨਾਮੁ ਵਖਾਣੈ॥***
***ਸਤਿਗੁਰ ਕੀ ਓਹੁ ਦੀਖਿਆ ਲੇਇ॥***
***ਸਤਿਗੁਰ ਆਗੈ ਸੀਸੁ ਧਰੇਇ॥***
***ਸਦਾ ਅਲਗੁ ਰਹੈ ਨਿਰਬਾਣੁ॥***

***ਸੋ ਪੰਡਿਤੁ ਦਰਗਹ ਪਰਵਾਣੁ॥***
***ਅੰਗ - 1261***

ਸੋ ਇਸ ਮਨ ਦਾ ਜੋ ਸੁਭਾਅ ਹੈ ਇਹ ਸਦਾ ਹੀ ਆਕੀ ਰਹਿ ਕੇ ਦੁਖਾਂ ਦਾ ਪਸਾਰਾ ਕਰ ਰਿਹਾ ਹੈ ਅਤੇ ਜੀਵ ਨੂੰ ਆਪਣੇ ਅਧੀਨ ਕਰਕੇ 84 ਲੱਖ ਜੂਨਾਂ ਲੰਘਣ ਤੋਂ ਬਾਅਦ ਮਾਨਸ ਜਨਮ ਦੀ ਮਹੱਤਤਾ ਦਾ ਕੋਈ ਗਿਆਨ ਨਹੀਂ ਹੋਣ ਦਿੰਦਾ ਅਤੇ ਵਿਸ਼ਿਆਂ ਵਿਚ ਪਾ ਕੇ ਉਸਦਾ ਜੀਵਨ ਬਰਬਾਦ ਕਰ ਦਿੰਦਾ ਹੈ। ਵੱਡੇ-ਵੱਡੇ ਸਿੱਧ, ਰਿਸ਼ੀ-ਮੁਨੀ, ਆਲਮ, ਫਾਜ਼ਲ ਇਸ ਮਨ ਨੇ ਪਿੱਠ ਭਾਰ ਸੁੱਟ ਦਿਤੇ ਕਿਉਂਕਿ ਮਨਮੁਖ ਦਾ ਜੋ ਮਨ ਹੈ ਉਹ ਨਾ ਜਿਤਿਆ ਜਾਣ ਵਾਲਾ ਹੈ -

***ਮਨਮੁਖ ਮੰਨੁ ਅਜਿਤੁ ਹੈ***
***ਦੂਜੈ ਲਗੈ ਜਾਇ॥***
***ਤਿਸ ਨੋ ਸੁਖੁ ਸੁਪਨੈ ਨਹੀ***
***ਦੁਖੇ ਦੁਖਿ ਵਿਹਾਇ॥***
***ਘਰਿ ਘਰਿ ਪੜਿ ਪੜਿ ਪੰਡਿਤ ਥਕੇ***
***ਸਿਧ ਸਮਾਧਿ ਲਗਾਇ॥***
***ਇਹੁ ਮਨੁ ਵਸਿ ਨ ਆਵਈ***
***ਥਕੇ ਕਰਮ ਕਮਾਇ॥ ਅੰਗ - 644***

ਮਨ ਦਾ ਕੋਈ ਇਤਬਾਰ ਨਹੀਂ ਕਿ ਕਿਸ ਵੇਲੇ, ਕਿਸ ਨੂੰ ਧੋਖਾ ਦੇ ਦੇਵੇ ਕਿਉਂਕਿ ਇਸਦੇ ਸੂਰਮੇ ਅਜਿੱਤ ਹਨ ਅਤੇ ਕਿਸੇ ਨੂੰ ਆਪਣੇ ਮਨ ਰਾਜੇ ਦੇ ਜਾਲ ਵਿਚੋਂ ਸਵਤੰਤਰ ਨਹੀਂ ਹੋਣ ਦਿੰਦੇ। ਕੀਤੇ ਹੋਏ ਜਪ, ਤਪ ਸਭ ਖੰਡਤ ਕਰ ਦਿੰਦੇ ਹਨ। ਆਦਮੀ ਨੂੰ ਕੋਈ ਸੋਝੀ ਹੀ ਨਹੀਂ ਰਹਿੰਦੀ ਹੈ ਕਿ ਮੈਂ ਕੀ ਕਰ ਰਿਹਾ ਹਾਂ, ਆਦਮੀ ਪਿਛੋਂ ਪਛਤਾਉਂਦਾ ਹੈ ਕਿ ਇਹ ਮੈਂ ਕੀ ਕਰ ਬੈਠਿਆ।

***ਕਵਨੁ ਕਵਨੁ ਨਹੀ ਪਤਰਿਆ***
***ਤੁਮਰੀ ਪਰਤੀਤਿ॥***
***ਮਹਾ ਮੋਹਨੀ ਮੋਹਿਆ***
***ਨਰਕ ਕੀ ਰੀਤਿ॥ ਅੰਗ - 815***

ਸੋ ਇਸ ਮਨ ਦਾ ਕੋਈ ਵਿਸ਼ਵਾਸ਼ ਨਹੀਂ।

ਇਕ ਜੋਗੀ ਮਛੰਦਰਨਾਥ ਇਸ ਮਨ ਦੇ ਕਾਬੂ ਆਇਆ। ਜਦੋਂ ਇਹ ਰਾਜਾ ਅਮਰੂ, ਲੰਕਾ ਦੇ ਰਾਜਾ ਸ਼ਿਵਨਾਭ ਜੀ ਦੇ ਪਿਤਾ ਪਾਸ ਰਿਹਾ ਕਰਦਾ ਸੀ ਤਾਂ ਰਾਜਾ ਅਮਰੂ ਚੜ੍ਹਾਈ ਕਰ ਜਾਂਦਾ ਹੈ। ਉਸਦੀਆਂ ਪਦਮਨੀ ਰਾਣੀਆਂ ਦੀਆਂ ਚੀਖਾਂ, ਪੁਕਾਰਾਂ ਸੁਣ ਕੇ ਇਸ ਜੋਗੀ ਨੇ ਆਪਣਾ ਸਰੀਰ ਇਕ ਗੁਫਾ ਵਿਚ ਰੱਖ ਦਿਤਾ ਅਤੇ ਆਪ ਰਾਜਾ ਅਮਰੂ ਦੇ ਸਰੀਰ ਵਿਚ ਯੋਗਿਕ ਕ੍ਰਿਆ ਨਾਲ ਦਾਖਲ ਹੋ ਕੇ ਬਹੁਤ ਦੇਰ ਤੱਕ ਪਦਮਨੀ ਰਾਣੀਆਂ ਭੋਗਦਾ ਰਿਹਾ। ਇਸੇ ਤਰ੍ਹਾਂ ਨਾਲ ਜੈਮਨੀ ਰਿਸ਼ੀ ਵੇਦ ਵਿਆਸ ਜੀ ਦੇ ਲੱਖ ਸਮਝਾਉਣ ਤੋਂ ਪਿਛੋਂ ਵੀ ਇਸ ਗੱਲ ਉਪਰ ਅੜਿਆ ਰਿਹਾ ਕਿ ਗਿਆਨ ਪ੍ਰਾਪਤੀ ਪਿਛੋਂ ਮਨ ਸਦਾ ਲਈ ਅਧੀਨ ਹੋ ਜਾਂਦਾ ਹੈ, ਇਸ ਨੇ ਆਪਣੇ ਸਾਸ਼ਤ੍ਰ ਵਿਚ ਇਹ ਤੁਕ ਲਿਖ ਦਿਤੀ। ਵਿਆਸ ਜੀ ਨੇ ਇਸਨੂੰ ਇਹ ਤੁਕ ਕੱਟਣ ਲਈ ਕਿਹਾ ਤੇ ਸਮਝਾਇਆ ਕਿ ਮਨ ਦਾ ਕੋਈ ਵਿਸ਼ਵਾਸ਼ ਨਹੀਂ। ਇਹ ਕਦੇ ਅਕਾਸ਼ਾਂ ਵਿਚ ਉਡਾਰੀਆਂ ਮਾਰਦਾ ਹੈ ਅਤੇ ਕਦੇ ਰਸਾਤਲ ਵਿਚ ਡੂੰਘੀਆਂ ਖੱਡਾਂ ਵਿਚ ਗਿਰ ਜਾਂਦਾ ਹੈ। ਗੁਰੂ ਦੀ ਕ੍ਰਿਪਾ ਬਿਨਾਂ ਇਹ ਮਨ ਜਿੱਤਿਆ ਨਹੀਂ ਜਾ ਸਕਦਾ। ਉਸਨੇ ਹਠ ਕੀਤਾ। ਇਸਦਾ ਮਾਣ ਤੋੜਨ ਵਾਸਤੇ ਵਿਆਸ ਜੀ ਨੇ ਯੋਗ ਮਾਇਆ ਵਰਤਾਅ ਕੇ ਇਸ ਦੇ ਮਨ ਨੂੰ ਐਨਾ ਨੀਵਾਂ ਦਿਖਾ ਦਿਤਾ ਕਿ ਉਹ ਇਕ ਔਰਤ ਦੀ ਪ੍ਰਾਪਤੀ ਵਾਸਤੇ ਛੱਤ ਪਾੜ ਕੇ ਮਘੋਰੇ ਵਿਚੀਂ ਹੇਠਾਂ ਉਸ ਪਾਸ ਪੁਜਣ ਲਈ, ਲਟਕਿਆ ਪਰ ਉਹ ਮਘੋਰਾ ਐਨਾ ਛੋਟਾ ਸੀ ਕਿ ਇਸਦੀਆਂ ਬਾਹਾਂ ਨਾ ਲੰਘ ਸਕੀਆਂ ਤੇ ਸਾਰੀ ਰਾਤ ਤੋਰੀ ਵਾਂਗੂ ਲਟਕਦਾ ਰਿਹਾ।

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
***ਚਾਰੇ ਕੁੰਡਾ ਭਾਲੇ॥***
***ਅੰਗ - 876***

ਪਾਰਸਨਾਥ ਨੇ ਮੱਛ ਵਿਚੋਂ ਨਿਕਲੇ ਜੋਗੀ ਨੂੰ ਪੁਛਿਆ ਕਿ ਕੋਈ ਤਰੀਕਾ ਹੈ ਜਿਸ ਨਾਲ ਮਨ ਵਸ ਵਿਚ ਆ ਸਕੇ? ਉਹ ਕਹਿਣ ਲੱਗੇ ਰਾਜਨ! ਤੂੰ ਬੜਾ ਸੂਰਮਾਂ ਹੈਂ, ਤੂੰ ਇਸ ਰਾਜੇ ਨਾਲ ਲੜਨ ਦਾ ਸੰਕਲਪ ਕੀਤਾ ਹੋਇਆ ਹੈ। ਤੂੰ ਜੋ ਪੁਛਿਆ ਹੈ ਕਿ ਇਸਦੇ ਨਾਲ ਲੜਨ ਵਾਲੇ ਕਿਹੜੇ ਸੂਰਮੇ ਹਨ ਉਹ ਮੈਂ ਤੈਨੂੰ ਦੱਸ ਦਿੰਦਾ ਹਾਂ। (ਇਨ੍ਹਾਂ ਸੂਰਮਿਆਂ ਦੇ ਨਾਮ ਹੀ ਇਸ ਲੇਖ ਵਿਚ ਦਰਜ ਕੀਤੇ ਜਾਣਗੇ ਪਰ ਜੇ ਇਨ੍ਹਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਜਾਵੇ ਤਾਂ ਇਹ ਲੇਖ ਲੜੀ ਇਕ ਸਾਲ ਭਰ ਮੈਗਜ਼ੀਨ ਵਿਚ ਛਾਪਣੀ ਪਵੇਗੀ, ਫੇਰ ਵੀ ਅਧੂਰਾਪਣ ਹੀ ਰਹਿ ਜਾਵੇਗਾ ਕਿਉਂਕਿ ਪੂਰੀ ਤਰ੍ਹਾਂ ਨਾਲ ਵਿਆਖਿਆ ਕਰਨੀ ਇਕ ਵੱਡੀ ਪੁਸਤਕ ਵਿਚ ਹੀ ਹੋ ਸਕਦੀ ਹੈ)। ਇਥੇ ਇਸਦੇ ਜਰਨੈਲਾਂ, ਜੋ ਗਿਣਤੀ ਵਿਚ ਬਹੁਤ ਜ਼ਿਆਦਾ ਹਨ, ਉਨ੍ਹਾਂ ਵਿਚੋਂ ਕੁਝ ਦਾ ਨਾਮ ਮੈਂ ਤੈਨੂੰ ਦਸਦਾ ਹਾਂ ਉਹ ਧਿਆਨ ਦੇ ਕੇ

ਸੁਣ -

1. ਧੀਰਜ 2. ਵਿਗਿਆਨ 3. ਇਸ਼ਨਾਨ 4. ਨਿਵ੍ਰਿਤ (ਮਾਇਆ ਦੇ ਪਸਾਰੇ) 5. ਭਾਵਨਾ 6. ਸੁਧੀਰ 7. ਜੋਗ 8. ਬਿਦਿਆ 9. ਲਾਜ 10. ਸੰਜੋਗ 11. ਸੁਕ੍ਰਿਤ 12. ਅਮੋਹ 13. ਅਲੋਭ (ਸੰਤੋਖ) 14. ਅਕਾਮ (ਵਿਸ਼ੇ ਵਾਸ਼ਨਾ ਰਹਿਤ) 15. ਅਕ੍ਰੋਧ 16. ਸਲੇਜ਼ (ਲਾਜਵੰਤ) 17. ਨਿਮਰਤਾ 18. ਪ੍ਰੇਮਾ ਭਗਤੀ 19. ਪ੍ਰੇਮ 20. ਸੰਜੋਗ 21. ਸਾਂਤਿ 22. ਪਾਠ 23. ਅਠਾਟ 24. ਸੁਕਰਮ 25. ਸ਼ੁਭ ਸਿਖਿਆ 26. ਸੁਜਾਗ 27. ਪ੍ਰਬੋਧ 28. ਦਾਨ 29. ਨੇਮ 30. ਸਤ (ਇਸਤ੍ਰੀ ਦਾ ਪਤੀ ਬ੍ਰਤ ਧਰਮ) 31. ਸੰਤੋਖ 32. ਤਪ 33. ਜਾਪ 34. ਨੇਮ 35. ਯਮ 36. ਸੰਜਮ 37. ਧੀਰ 38. ਪ੍ਰਾਣਾਯਾਮ 39. ਧਿਆਨ 40. ਧਰਮ 41. ਸ਼ੁਭਾਚਾਰ 42. ਸਬਲ 43. ਬਿਕ੍ਰਮ (ਪੌਰਖ ਸ਼ਕਤੀ) 44. ਬੁੱਧ 45. ਅਨਰਕਤਤਾ (ਲੋਭ ਲਾਲਚ ਤੋਂ ਪਾਕ) 46. ਸਮਾਧਿ 47. ਉਦਮ 48. ਉਪਕਾਰ 49. ਸੁਬਿਚਾਰ 50. ਸੰਜੋਗ 51. ਹੋਮ 52. ਪੂਜਾ 53. ਅਨਰਕਤਾ (ਮਹੱਬਤ) 54. ਬੇਰਕਤਤਾ (ਪ੍ਰੀਤ ਹੀਣਤਾ) 55. ਸਤਿਸੰਗ 56. ਨੇਹੁ (ਪਿਆਰ) 56. ਪ੍ਰੀਤ 57. ਹਰਿ ਭਗਤ 58. ਦੱਤ (ਦਿਤਾ ਹੋਇਆ ਦਾਨ) 59. ਮਤ (ਅਕਲ ਬੂਝ) 60. ਪ੍ਰਬੋਧ (ਉਪਦੇਸ) 61. ਕ੍ਰੋਧ 62. ਪਵਿਤ੍ਰਤਾ

ਬਿਬੇਕ ਅਤੇ ਅਬਿਬੇਕ ਦੀਆਂ ਸੈਨਾਵਾਂ ਦਾ ਜੁੱਧ ਆਦਿ ਕਾਲ ਤੋਂ ਹੋ ਰਿਹਾ ਹੈ ਕਿਤੇ ਬਹੁਤ ਹੀ ਸੰਘਰਸ਼ ਦੇ ਨਾਲ ਬਿਬੇਕ ਜਿੱਤ ਕੇ ਮਨ ਉਤੇ ਪੂਰੀ ਤਰ੍ਹਾਂ ਨਾਲ ਫਤਹਿ ਪਾ ਲੈਂਦਾ ਹੈ। ਇਸ ਜੁੱਧ ਵਿਚ ਜੀਵ ਦੀ ਕੋਈ ਪੇਸ਼ ਨਹੀਂ ਚਲਦੀ। ਇਸਨੂੰ ਗੁਰੂ ਦੀ ਪੂਰੀ-ਪੂਰੀ ਮਦਦ ਦੀ ਲੋੜ ਹੈ ਜਿਵੇਂ ਕਿ ਫੁਰਮਾਨ ਹੈ -

***ਫਾਹੇ ਕਾਟੇ ਮਿਟੇ ਗਵਨ***
***ਫਤਿਹ ਭਈ ਮਨਿ ਜੀਤ॥***
***ਨਾਨਕ ਗੁਰ ਤੇ ਥਿਤ ਪਾਈ***
***ਫਿਰਨ ਮਿਟੇ ਨਿਤ ਨੀਤ॥***

***ਅੰਗ - 258***

ਕਿਉਂਕਿ ਸਮਰੱਥ ਗੁਰੂ ਤੋਂ ਬਗੈਰ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਆਪਣੇ ਸਰੂਪ ਦਾ ਪੂਰਨ ਰੂਪ ਵਿਚ ਸ਼ਾਖਸ਼ਾਤਕਾਰ ਨਹੀਂ ਹੁੰਦਾ। ਇਸ ਦਾ ਜੀਵ ਭਾਵ ਮਿਟਿਆ ਨਹੀਂ ਕਰਦਾ। ਜਦੋਂ ਜਗਿਆਸੂ ਨੇ ਆਪਣਾ ਤਨ, ਮਨ ਅਤੇ ਧਨ ਗੁਰੂ ਦੇ ਅਰਪਣ ਕਰ ਦਿਤਾ ਅਤੇ ਆਪਣੀ ਹੰਗਤਾ ਮਮਤਾ ਚਰਨਾਂ ਵਿਚ ਭੇਂਟ ਕਰ ਦਿਤੀ ਤਾਂ ਮਨ, ਗੁਰੂ ਨੇ ਉਲਟਾ ਕਰਕੇ ਸਾਥੀ ਬਣਾ ਦਿਤਾ ਫਿਰ ਇਹ ਮਨ ਆਪਣੇ ਅਸਲੀ ਸਰੂਪ ਵਿਚ ਆਪਣੀ ਹੋਂਦ ਨੂੰ ਪਛਾਣ ਕੇ ਪ੍ਰਮ ਉਤਮ ਆਤਮ ਸਰੂਪ ਬਣ ਜਾਇਆ ਕਰਦਾ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਗੁਰਮੁਖ ਪੰਥ ਗਹੇ,***
***ਜਮਪੁਰ ਪੰਥ ਮੇਟੇ,***
***ਗੁਰੁ ਸਿਖ ਸੰਗ,***
***ਪੰਜ ਦੂਤ ਸੰਗ ਤਿਆਗੇ ਹੈਂ॥***
***ਚਰਨ ਸਰਨ ਗੁਰੁ,***
***ਕਰਮ ਭਰਮ ਖੋਇ,***
***ਦਰਸ ਅਕਾਲ,***
***ਕਾਲ ਕੰਟਕ ਭੈ ਭਾਗੇ ਹੈਂ॥***
***ਗੁਰੁ ਉਪਦੇਸ ਵੇਸ,***
***ਬੱਜਰ ਕਪਾਟ ਖੁਲੇ,***
***ਸਬਦ ਸੁਰਤਿ,***
***ਮੂਰਛਤ ਮਨ ਜਾਗੇ ਹੈਂ॥***
***ਕਿੰਚਿਤ ਕਟਾਛਯ***
***ਕ੍ਰਿਪਾ, ਸਰਬ ਨਿਧਾਨ ਪਾਏ,***
***ਜੀਵਨ ਮੁਕਤਿ***
***ਗੁਰੁ ਗਯਾਨ ਲਿਵਲਾਗੇ ਹੈਂ॥***

***ਕਬਿੱਤ ਭਾਈ ਗੁਰਦਾਸ ਜੀ***

ਗੁਰਬਾਣੀ ਵਿਚ ਅਬਿਬੇਕ ਰੂਪੀ ਮਨ ਨੂੰ ਜਿੱਤਣ ਲਈ ਖੋਲ੍ਹ ਕੇ ਦੱਸਿਆ ਗਿਆ ਹੈ। ਇਕ ਪੁੱਛ ਹੋਈ -

***ਕਿਉ ਲੀਜੈ ਗਢੁ ਬੰਕਾ ਭਾਈ॥***
***ਦੋਵਰ ਕੋਟ ਅਰੁ ਤੇਵਰ ਖਾਈ॥***
***ਪਾਂਚ ਪਚੀਸ ਮੋਹ ਮਦ ਮਤਸਰ***
***ਆਡੀ ਪਰਬਲ ਮਾਇਆ॥***
***ਜਨ ਗਰੀਬ ਕੋ ਜੋਰੁ ਨ ਪਹੁਚੈ***
***ਕਹਾ ਕਰਉ ਰਘੁਰਾਇਆ॥***

***ਅੰਗ - 1161***

ਸਵਾਲ ਹੋਇਆ ਕਿ ਹੇ ਗੁਰਦੇਵ! ਮੈਂ ਇਕ ਗੱਲ ਪੁਛਦਾ ਹਾਂ ਕਿ ਸਰੀਰ ਰੂਪੀ ਬੰਕਾ ਗੜ੍ਹ ਜਿਸਦੇ ਤਿੰਨ ਰੂਪ ਹਨ - ਸਥੂਲ ਸਰੀਰ, ਸੂਖਸ਼ਮ ਸਰੀਰ ਅਤੇ ਅਗਿਆਨਮਈ ਕਾਰਨ ਸਰੀਰ। ਇਹ ਕਿਵੇਂ ਜਿੱਤਿਆ ਜਾਵੇ? ਜਿਸ ਅਗਿਆਨ ਰੂਪੀ ਕਿਲੇ ਦੇ ਦੁਆਲੇ ਸੰਸੇ ਅਤੇ ਵਿਪਰਜੇ ਰੂਪੀ ਦੂਹਰਾ ਕੋਟ ਹੈ ਅਤੇ ਰਜੋ, ਤਮੋ, ਸਤੋ ਇਹ ਤਿੰਨਾਂ ਗੁਣਾਂ ਦੀ ਬਹੁਤ ਗਹਿਰੀ ਤੇਹਰੀ ਖਾਈ ਹੈ। ਜਾਂ ਇਉਂ ਕਹੋ ਕਿ ਜਿਸ ਦੇ ਦੇਹ ਅਧਿਆਸ ਰੂਪੀ ਕਿਲੇ ਦੇ ਦੁਆਲੇ ਰਾਗ ਦ੍ਵੈਸ਼ ਰੂਪੀ ਦੂਹਰਾ ਕੋਟ ਅਤੇ 'ਸੁਤ ਵਿਤ ਲੋਕ ਈਖਨਾ ਤੀਨੀ' ਇਹ ਤੇਹਰੀ ਖਾਈ ਹੈ ਜੋ ਪੰਜਾਂ ਤੱਤਾਂ ਅਤੇ 25 ਪ੍ਰਕ੍ਰਿਤੀਆਂ ਦਾ ਬਣਿਆ ਹੋਇਆ ਹੈ। ਇਹ ਸਰੀਰ ਵਿਚ ਜੋ ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਅਬਿਬੇਕ ਦੀਆਂ ਫੌਜਾਂ ਹਨ ਜਿਨ੍ਹਾਂ ਨੂੰ ਆਸੁਰੀ ਸੰਪਦਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ ਇਹ ਸੂਰਮੇ ਅਤੇ ਇਨ੍ਹਾਂ ਦੀ ਰਾਖੀ ਕਰਨ ਵਾਲੀ ਮਾਇਆ ਨੂੰ ਕਿਵੇਂ ਜਿੱਤਿਆ ਜਾ ਸਕਦਾ ਹੈ। ਕਿਉਂਕਿ ਸਾਰੇ ਸੂਰਮੇ ਜ਼ਮੀਨ ਪੁੱਟ ਕੇ ਮੋਰਚੇ ਸੰਭਾਲੀਂ ਬੈਠੇ ਹਨ। ਉਨ੍ਹਾਂ ਉਤੇ ਗਰੀਬ ਜੀਵ ਦਾ ਕਿਸੇ ਤਰ੍ਹਾਂ ਵੀ ਜ਼ੋਰ ਨਹੀਂ ਚਲਦਾ। ਹੇ ਗੁਰਦੇਵ! ਕੀ ਕੀਤਾ ਜਾਵੇ? 25 ਪ੍ਰਕ੍ਰਿਤੀਆਂ ਦਾ ਵਿਸਥਾਰ ਬਹੁਤ ਲੰਮਾ ਹੈ ਪਰ ਸੰਖੇਪ ਰੂਪ ਵਿਚ ਨਿਮਨ ਅੰਕਿਤ ਕੀਤਾ ਜਾਂਦਾ ਹੈ -

ਕਾਮਨਾ ਰੂਪੀ ਸੂਰਮਾ ਆਪਣੇ ਸਾਥੀਆਂ, ਜਿਸਦੇ ਸਖਤ ਦਰਵਾਜ਼ੇ ਹਨ- ਦੁਖ ਸੁਖ ਜੋ ਇਸ ਦੀ ਰਾਖੀ ਕਰਦੇ ਹਨ, ਇਹ ਜੀਵ ਨੂੰ ਲੰਘਣ ਨਹੀਂ ਦਿੰਦੇ। ਪਾਪ ਅਤੇ ਪੁੰਨ ਦਾ ਦਰਵਾਜ਼ਾ ਹੈ। ਇਸ ਅਸਥੂਲ ਦੇਹ ਰੂਪੀ ਕਿਲੇ ਵਿਚ ਮਨ ਵੱਡਾ ਆਕੀ ਰਾਜਾ ਹੈ ਜਿਸ ਦਾ ਪ੍ਰਧਾਨ ਸੂਰਮਾ ਕ੍ਰੋਧ ਬਹੁਤ ਡੰਡ ਅਤੇ ਰੌਲਾ ਪਾਉਣ ਵਾਲਾ ਹੈ। ਇਹ ਉਸ ਮਨ ਰੂਪੀ ਰਾਜੇ ਦਾ ਮਹਾਂ ਪ੍ਰਧਾਨ ਸਰੀਰ ਰੂਪੀ ਵਜ਼ੀਰ ਹੈ। ਇਹ ਰਾਜਾ ਆਪਣੇ ਭਲੇ ਅਤੇ ਬੁਰੇ ਨੂੰ ਭੁੱਲ ਕੇ ਆਪਣੀ ਅਗਿਆਤ ਬੁੱਧੀ ਵਿਚ ਫਸਿਆ ਹੋਇਆ, ਆਪਣੇ ਆਪ ਨੂੰ ਬਾਲਕ ਹੀ ਸਮਝਦਾ ਹੈ ਅਤੇ ਕੋਈ ਜ਼ਿੰਮੇਵਾਰੀ ਦਾ ਸ੍ਰੇਸ਼ਟ ਕੰਮ ਕਰਨ ਲਈ ਤਿਆਰ ਨਹੀਂ ਹੈ ਅਤੇ ਇਹ ਸ੍ਰੇਸ਼ਟ ਸਾਥੀਆਂ ਨੂੰ ਛੱਡ ਕੇ ਜਿਨ੍ਹਾਂ ਦੀ ਮਦਦ ਦੇ ਨਾਲ ਇਸਨੇ ਆਸੁਰੀ ਸੰਪਰਦਾ ਦੇ ਪੰਜਿਆਂ ਵਿਚੋਂ ਛੁੱਟ ਕੇ ਆਪਣੇ ਸਵੈ ਸਰੂਪ ਦਾ ਅਨੰਦ ਮਾਨਣਾ ਸੀ, ਦੁਸਟਾਂ ਨਾਲ ਪਿਆਰ ਕਰ ਰਿਹਾ ਹੈ ਅਤੇ ਕਿਸੇ ਵੇਦ ਸਾਸ਼ਤਰ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ।

***ਰਾਜਾ ਬਾਲਕੁ ਨਗਰੀ ਕਾਚੀ***
***ਦੁਸਟਾ ਨਾਲਿ ਪਿਆਰੋ॥***
***ਅੰਗ - 1171***

***ਗੁਰ ਬਿਨੁ ਕਿਨਿ ਸਮਝਾਈਐ***
***ਮਨੁ ਰਾਜਾ ਸੁਲਤਾਨੁ॥ ਅੰਗ - 61***

ਮਨ ਰੂਪੀ ਰਾਜੇ ਨੇ ਵਿਸ਼ੇ ਸਵਾਦਾਂ ਰੂਪੀ ਸੰਜੋਅ ਪਹਿਨੀ ਹੋਈ ਹੈ, ਹੰਗਤਾ ਤੇ ਮਮਤਾ ਦਾ ਸਿਰ ਉਪਰ ਟੋਪ ਰੱਖਿਆ ਹੋਇਆ ਹੈ। ਕਬੁੱਧੀ ਦੀ ਕਮਾਣ ਚੜ੍ਹਾਈ ਹੋਈ ਹੈ। ਬਿਬੇਕ ਬੁੱਧੀ ਰਾਜੇ ਦੇ ਸ਼ਸ਼ਤਰਾਂ ਤੋਂ ਬਚਾਓ ਵਾਸਤੇ ਰਿਦੈ ਰੂਪੀ ਭੱਥੇ ਵਿਚ ਤ੍ਰਿਸ਼ਨਾ ਰੂਪੀ ਬਾਣ ਭਰੇ ਹੋਏ ਹਨ। ਇਨ੍ਹਾਂ ਕਾਰਨਾਂ ਕਰਕੇ ਇਹ ਅਗਿਆਨ ਰੂਪੀ ਕਿਲਾ ਜਿੱਤਣਾ ਬਹੁਤ ਮੁਸ਼ਕਲ ਹੈ। ਸਮਰੱਥ ਗੁਰੂ ਨੇ ਪ੍ਰਸੰਨ ਹੋ ਕੇ ਉਸਨੂੰ ਜਿੱਤਣ ਦਾ ਭੇਤ ਦੇ ਦਿਤਾ ਅਤੇ ਕਿਹਾ ਕਿ ਬਿਬੇਕ ਦੀਆਂ ਫੌਜਾਂ ਵਿਚੋਂ ਸ੍ਰੇਸ਼ਟ ਬੁੱਧੀ ਰੂਪੀ ਤੋਪ ਵਿਚ ਪ੍ਰੇਮ ਦਾ ਪਲੀਤਾ ਅਤੇ ਸ੍ਰੇਸ਼ਟ ਗਿਆਨ ਦੀ ਮੁਤਾਬੀ ਕਰਕੇ ਬ੍ਰਹਮਗਿਆਨ ਦਾ ਗੋਲਾ ਚਲਾਇਆ ਜਾਂਦਾ ਹੈ ਅਤੇ ਸਹਿਜੇ ਹੀ ਬ੍ਰਹਮਗਿਆਨ ਰੂਪੀ ਅਗਨ ਭਲੀ ਪ੍ਰਕਾਰ ਜਲਾਈ ਜਾਂਦੀ ਹੈ ਤਾਂ ਬਹੁਤਾ ਲੜਨ ਦੀ ਲੋੜ ਨਹੀਂ। ਗੁਰੂ ਦੀ ਕ੍ਰਿਪਾ ਨਾਲ ਉਸਦੇ ਦਿਤੇ ਹੋਏ ਉਪਦੇਸ਼ ਮੁਤਾਬਿਕ ਜੋ ਉਸਨੇ ਪ੍ਰੇਮ ਪ੍ਰਸੰਨ ਹੋ ਕੇ ਦਿਤਾ ਜਿਸ ਰਾਹੀਂ ਜੀਵ ਤੇ ਬ੍ਰਹਮ ਦਾ ਭੇਦ ਖਤਮ ਕਰ ਦਿਤਾ ਤਾਂ ਇਕੋ ਹੀ ਚੋਟ ਨਾਲ ਅਗਿਆਨ ਦਾ ਕਿਲਾ ਫਤਹਿ ਹੋ ਗਿਆ। ਬਿਬੇਕ ਦੀਆਂ ਫੌਜਾਂ ਵਿਚੋਂ ਜਿਸਨੂੰ ਦੈਵੀ ਸੰਪਦਾ ਫੌਜ ਆਖਦੇ ਹਨ, ਵੱਡੇ ਸੂਰਮੇ ਸਤਿ, ਸੰਤੋਖ, ਧਰਮ, ਧੀਰਜ ਅਤੇ ਵਸਤੂ ਵੀਚਾਰ ਇਨ੍ਹਾਂ ਸੂਰਮਿਆਂ ਨੂੰ ਨਾਲ ਲੈ ਕੇ ਕਾਮ, ਕ੍ਰੋਧ ਵਰਗੇ ਅਜਿੱਤ ਸੂਰਮਿਆਂ ਨੂੰ ਵੰਗਾਰ ਕੇ ਜਦੋਂ ਲੜਨ ਲੱਗਾ ਤਾਂ ਵਸਤੂ ਵਿਚਾਰ ਨੇ ਕਾਮ ਨੂੰ ਜਿੱਤ

ਲਿਆ। ਖਿਮਾ ਨੇ ਕ੍ਰੋਧ ਨੂੰ ਜਿੱਤਿਆ। ਸੰਤੋਖ ਨੇ ਲੋਭ ਨੂੰ ਜਿਤਿਆ। ਬਿਬੇਕ ਨੇ ਮੋਹ ਨੂੰ ਮਾਰਿਆ। ਨਿਮਰਤਾ ਨੇ ਹੰਕਾਰ ਨੂੰ ਜਿੱਤਿਆ। ਸਮਤਾ ਨੇ ਈਰਖਾ ਨੂੰ ਜਿਤਿਆ ਅਤੇ ਦੋ ਪਾਪ ਪੁੰਨ ਰੂਪ ਜੋ ਦਰਵਾਜ਼ੇ ਹਨ ਉਨ੍ਹਾਂ ਨੂੰ ਤੋੜ ਦਿਤਾ ਅਰਥਾਤ ਪ੍ਰਾਲਬਧ ਕਰਮ ਭੋਗਣ ਕਰਕੇ ਖ੍ਹੈ ਹੋ ਗਏ ਅਤੇ ਕਿਰਿਆਮਾਨ ਕਰਮਾਂ ਦੀ ਹੰਗਤਾ ਨਾ ਰਹੀ। ਸੰਚਿਤ ਕਰਮਾਂ ਦਾ ਭੰਡਾਰਾ ਬ੍ਰਹਮਗਿਆਨ ਨੇ ਨਸ਼ਟ ਕਰ ਦਿਤਾ। ਸਾਧਸੰਗਤ ਤੇ ਗੁਰੂ ਦੀ ਕ੍ਰਿਪਾ ਦੀ ਸਹਾਇਤਾ ਨਾਲ ਮਨ ਰਾਜੇ ਨੂੰ ਪਕੜ ਲਿਆ ਗਿਆ। ਸਤਿਸੰਗਤ ਦੀ ਭੀੜ ਵਿਚੋਂ ਭਗਵੰਤ ਦੇ ਸਿਮਰਨ ਦੀ ਸ਼ਕਤੀ ਪ੍ਰਾਪਤ ਹੋਣ ਕਰਕੇ ਭੈਦਾਇਕ ਕਾਲ ਦੀ ਹੰਗਤਾ ਰੂਪੀ ਫਾਹੀ ਕੱਟ ਦਿਤੀ। ਇਸੇ ਤਰ੍ਹਾਂ ਨਾਲ ਇਹ ਜੀਵ ਨੇ ਗਿਆਨ ਰੂਪੀ ਕਿਲੇ ਤੇ ਚੜ੍ਹ ਕੇ ਮਨ ਮਵਾਸੀ ਰਾਜੇ ਨੂੰ ਪਕੜ ਲਿਆ ਅਤੇ ਅਬਿਨਾਸੀ ਰਾਜ ਪ੍ਰਾਪਤ ਕਰ ਲਿਆ –

***ਕਿਉ ਲੀਜੈ ਗਢੁ ਬੰਕਾ ਭਾਈ॥***
***ਦੋਵਰ ਕੋਟ ਅਰੁ ਤੇਵਰ ਖਾਈ॥***
***ਪਾਂਚ ਪਚੀਸ ਮੋਹ ਮਦ ਮਤਸਰ***
***ਆਡੀ ਪਰਬਲ ਮਾਇਆ॥***
***ਜਨ ਗਰੀਬ ਕੋ ਜੋਰੁ ਨ ਪਹੁਚੈ***
***ਕਹਾ ਕਰਉ ਰਘੁਰਾਇਆ॥***
***ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ***
***ਪਾਪੁ ਪੁੰਨੁ ਦਰਵਾਜਾ॥***
***ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ***
***ਤਹ ਮਨੁ ਮਾਵਾਸੀ ਰਾਜਾ॥***
***ਸ੍ਵਾਦ ਸਨਾਹ ਟੋਪੁ ਮਮਤਾ ਕੋ***
***ਕੁਬੁਧਿ ਕਮਾਨ ਚਢਾਈ॥***
***ਤਿਸਨਾ ਤੀਰ ਰਹੇ ਘਟ ਭੀਤਰਿ***
***ਇਉ ਗਢੁ ਲੀਓ ਨ ਜਾਈ॥***
***ਪ੍ਰੇਮ ਪਲੀਤਾ ਸੁਰਤਿ ਹਵਾਈ***
***ਗੋਲਾ ਗਿਆਨੁ ਚਲਾਇਆ॥***
***ਬ੍ਰਹਮ ਅਗਨਿ ਸਹਜੇ ਪਰਜਾਲੀ***
***ਏਕਹਿ ਚੋਟ ਸਿਝਾਇਆ॥***
***ਸਤੁ ਸੰਤੋਖੁ ਲੈ ਲਰਨੇ ਲਾਗਾ***
***ਤੋਰੇ ਦੁਇ ਦਰਵਾਜਾ॥***
***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ***
***ਪਕਰਿਓ ਗਢ ਕੋ ਰਾਜਾ॥***
***ਭਗਵਤ ਭੀਰਿ ਸਕਤਿ ਸਿਮਰਨ ਕੀ***
***ਕਟੀ ਕਾਲ ਭੈ ਫਾਸੀ॥***
***ਦਾਸੁ ਕਮੀਰੁ ਚੜਿਓ ਗੜ੍ਹ ਊਪਰਿ***
***ਰਾਜੁ ਲੀਓ ਅਬਿਨਾਸੀ॥***

***ਅੰਗ – 1161***

ਜਦੋਂ ਰਾਜਾ ਪਾਰਸਨਾਥ ਨੇ ਇਹ ਸਾਰਾ ਹਾਲ ਮਛੰਦਰਨਾਥ ਜੀ ਤੋਂ ਸ੍ਰਵਣ ਕਰ ਲਿਆ ਤਾਂ ਉਸਨੂੰ ਪਤਾ ਲੱਗਿਆ ਕਿ ਮੇਰੀਆਂ ਫੌਜਾਂ ਦਾ ਮਨ ਉਤੇ ਕਿੰਚਤ ਮਾਤਰ ਵੀ ਅਸਰ ਨਹੀਂ ਪੈ ਸਕਦਾ ਕਿਉਂਕਿ ਇਹ ਸਾਰੀਆਂ ਫੌਜਾਂ ਮੇਰੇ ਸਮੇਤ ਪਹਿਲਾਂ ਹੀ ਮਨ ਰਾਜੇ ਨੇ ਨੱਕ ਵਿਚ ਨੱਥ ਪਾ ਕੇ ਪੂਰੀ ਤਰ੍ਹਾਂ ਨਾਲ ਕਾਬੂ ਕੀਤੀਆਂ ਹੋਈਆਂ ਹਨ। ਜੋ ਸੂਰਮੇ ਬਿਬੇਕ ਰਾਜੇ ਦੇ ਦੱਸੇ ਹਨ ਜਿਨ੍ਹਾਂ ਦਾ ਜੁੱਧ ਕ੍ਰੋੜਾਂ ਸਾਲਾਂ ਤੋਂ ਚਲ ਰਿਹਾ ਹੈ, ਇਨ੍ਹਾਂ ਵਿਚੋਂ ਮੇਰੇ ਪਾਸ ਤਾਂ ਇਕ ਵੀ ਨਹੀਂ ਹੈ। ਇਸ ਕਰਕੇ ਮੈਂ ਇਸ ਰਾਜੇ ਨੂੰ ਨਹੀਂ ਜਿੱਤ ਸਕਦਾ ਅਤੇ ਮੇਰਾ ਸੰਸਾਰ ਉਤੇ ਰਹਿਣਾ ਧਿਰਕਾਰ ਹੈ ਤਾਂ ਉਸਨੇ ਚੰਗੀ ਤਰ੍ਹਾਂ ਸਮਝ ਲਿਆ ਕਿ ਜਿਸ ਨੇ ਮਨ ਜਿਤ ਲਿਆ, ਉਸਨੇ ਸਾਰੇ ਸੰਸਾਰ ਨੂੰ ਜਿੱਤ ਲਿਆ, ਓਹੀ ਸੰਸਾਰ ਦਾ ਚਕਰਵਰਤੀ ਬਾਦਸ਼ਾਹ ਕਹਾਉਣ ਦੇ ਲਾਇਕ ਹੈ। ਉਸਨੇ ਚਿਖਾ ਬਣਾਈ ਅਤੇ ਬ੍ਰਹਮ ਅਗਨ ਪ੍ਰਜਵਲਤ ਕਰਕੇ ਆਪਣਾ ਸਸਕਾਰ ਕਰ ਲਿਆ ਜਿਸਦਾ ਵਰਣਨ 'ਦਸਮ ਗ੍ਰੰਥ' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ –

***ਜੋ ਇਨ ਜੀਤਿ ਸਕੌਂ ਨਹਿ ਭਾਈ।***
***ਤਉ ਮੈ ਜੋਰ ਚਿਤਾਹਿ[7] ਜਰਾਈ।***
***ਮੈ ਇਨ ਕਹਿ ਮੁਨਿ[8] ਜੀਤਿ ਨ***
***ਸਾਕਾ।***
***ਅਬ ਮੁਰ[9] ਬਲ ਪੌਰਖ[10] ਸਬ ਥਾਕਾ।***
***349***

***ਐਸ ਭਾਂਤਿ ਮਨ ਬੀਚ ਬਿਚਾਰਾ।***
***ਪ੍ਰਗਟ ਸਭਾ ਸਬ ਸੁਨਤ ਉਚਾਰਾ।***
***"ਮੈ ਬਡ ਭੂਪ ਬਡੋ ਬਰਿਆਰੂ[11]।***
***ਮੈ ਜੀਤਯੋ ਇਹ ਸਭ ਸੰਸਾਰੂ॥ 350***
***ਜਿਨਿ ਮੋਕੋ ਇਹ ਬਾਤ ਬਤਾਈ।***

ਤਿਨਿ ਮੁਹਿ ਜਾਨੁ ਠਗਉਰੀ[12] ਲਾਈ।
ਏ ਦ੍ਵੈ ਬੀਰ ਬਡੇ ਬਰਿਆਰਾ[11]।
ਇਨ ਜੀਤੇ ਜੀਤੋ ਸੰਸਾਰਾ।
351

ਅਬ ਮੋ ਤੇ[13] ਏ ਈ ਜਿਨਿ ਜਾਈ।
ਕਹਿ ਮੁਨਿ[8] ਮੋਹਿ ਕਥਾ ਸਮਝਾਈ।
ਅਬ ਮੈ ਦੇਖਿ[14] ਬਨਾਵੌਂ ਚਿਖਾ[15]।
ਪੈਠੌਂ[16] ਬੀਚ ਅਗਨਿ ਕੀ ਸਿਖਾ[17]।
352

ਚਿਖਾ ਬਨਾਇ ਸਨਾਨਹਿੰ[18] ਕਰਾ।
ਸਭ ਤਨਿ ਬਸਤ੍ਰ ਤਿਲੋਨਾ[19] ਧਰਾ।
ਬਹੁ ਬਿਧਿ ਲੋਗ ਹਟਕਿ[20] ਕਰਿ ਰਹਾ।
ਚਟਪਟ ਕਰਿ ਚਰਨਨ[21] ਭੀ ਗਹਾ।
353

ਹੀਰ ਚੀਰ[22] ਦੈ ਬਿਧਵਤ[23] ਦਾਨਾ।
ਮੱਧਿ ਕਟਾਸ[24] ਕਰਾ ਅਸਥਾਨਾ[25]।
ਭਾਂਤਿ ਅਨਕ ਤਨ[26] ਜ੍ਵਾਲ[27] ਜਰਾਈ।
ਜਰਤ ਨ ਭਈ ਜ੍ਵਾਲ[27] ਸੀਅਰਾਈ[28]।
354

## ਤੋਮਰ ਛੰਦ

ਕਰਿ ਕੋਪ ਪਾਰਸ ਰਾਇ।
ਕਰਿ[29] ਆਪਿ ਅਗਨਿ ਜਰਾਇ।
ਸੋ ਭਈ ਸੀਤਲ[30] ਜ੍ਵਾਲ[27]।
ਅਤਿ ਕਾਲ ਰੂਪ ਕਰਾਲ।
355

ਤਤ ਜੋਗ[31] ਅਗਨਿ ਨਿਕਾਰਿ।
ਅਤਿ ਜ੍ਵਲਤ [32] ਰੂਪ ਅਪਾਰਿ।
ਤਬ ਕੀਅਸ [33] ਆਪਨ ਦਾਹ [34]।
ਪੁਰਿ[35] ਲਖਤ[36] ਸਾਹਨ ਸਾਹਿ[37]। 356
ਤਬ ਜਰੀ ਅਗਨਿ ਬਿਸੇਖ।
ਤ੍ਰਿਣ[38] ਕਾਸਟ[39] ਘਿਰਤ ਅਸੇਖ।
ਤਬ ਜਰਯੋ ਤਾਮਹਿ ਰਾਇ [40]।
ਭਏ ਭਸਮ ਅਦਭੁਤ-ਕਾਇ [41]। 357
ਕਈ ਦਯੋਸ ਬਰਖ ਪ੍ਰਮਾਨ।
ਸਲ[42] ਜਰਾ ਜੋਰ ਮਹਾਨ।
ਭਈ ਭੂਤ ਭਸਮੀ ਦੇਹ।
ਧਨ ਧਾਮ[43] ਛਾਡਯੋ ਨੇਹ[44]। 358
ਇਤਿ ਸ੍ਰੀ ਬਿਚਿੱਤ੍ਰਨਾਟਕ ਗ੍ਰੰਥੇ,
ਉਪ ਅਵਤਾਰ ਰੁੱਦ੍ਰ ਦੂਜਾ
ਪਾਰਸਨਾਥ ਸਮਾਪਤਮਸਤੁ ਸੁਭਮਸਤੁ।
ਅਫਜ਼ੂੰ ਰੁਦ੍ਰਾਵਕਾ। 359
ਅਫਜ਼ੂੰ ਕਾ ਅਫਜ਼ੂੰ। 7087

7. ਚਿਤਾ, ਚਿਖਾ ਨੂੰ ਜਲਾ ਕੇ 8. ਹੇ ਮੁਨੀ ਚਰਪਟ ਨਾਥ ਜੀ 9. ਮੇਰਾ 10. ਮਰਦਊ, ਮਰਦਾਨਗੀ (349) 11. ਵਰਿਆਮ, ਬਹਾਦੁਰ (350) 12. ਠਗਮੂਰੀ, ਮੱਤ ਮਾਰ ਦੇਣ ਵਾਲੀ ਬੂਟੀ, ਭਾਵ ਛਲਾਵਾ (351) 13. ਮੈਥੋਂ (ਇਹੋ ਹੀ ਜਿੱਤ ਜਾਣਗੇ) 14. (ਤੁਹਾਡੇ) ਦੇਖਦਿਆਂ ਹੀ। 15. ਚਿਤਾ, ਮੁਰਦਾ ਸਾੜਨ ਲਈ ਲੱਕੜਾਂ ਆਦਿ ਬਾਲਣ ਦਾ ਢੇਰ। 16. ਵਿਚ ਵੜ ਜਾਵਾਂਗਾ 17. ਅਗਨੀ ਦੀ ਲਾਟ, ਲੰਬ (352) 18. ਇਸ਼ਨਾਨ ਕੀਤਾ 19. ਤਿਲਾਂ ਦੇ ਤੇਲ ਵਿਚ ਤਰ ਕੀਤੇ ਹੋਏ। 20. ਵਰਜ ਰਹੇ, ਮਨ੍ਹਾ ਕਰ ਰਹੇ। 21. ਪੈਰ ਵੀ ਫੜੇ, ਤਰਲਾ ਕੀਤਾ (353) 22. ਹੀਰੇ ਤੇ ਕਪੜੇ 23. ਮ੍ਰਿਯਾਦਾ ਅਨੁਸਾਰ, ਰੀਤਿ ਮੁਤਾਬਿਕ 24. ਪੰਜਾਬ ਦੇ ਜੇਹਲਮ ਜਿਲੇ ਵਿਚ, ਹਿੰਦੂਆਂ ਦਾ ਪੁਰਾਣਾ ਤੀਰਥ, ਜੋ ਸ਼ਿਵ ਜੀ ਦੀ ਇਕ ਅੱਖ ਮੰਨਿਆ ਜਾਂਦਾ ਹੈ। 25. ਟਿਕਾਣਾ, ਮੁਕਾਮ (ਬਣਾ ਲਿਆ) 26. (ਅਨੇਕ ਤਰੀਕਿਆਂ) ਨਾਲ 27. ਅਗਿ ਜਲਾਈ, ਲਾਂਬੂ ਲਾਇਆ 28. ਠੰਢੀ ਹੋ ਗਈ (354) 29. (ਅਪਣੇ) ਹੱਥੀਂ 30. ਠੰਡੀ ਹੋ ਗਈ (355) 31. ਜੋਗ ਸਾਧਨਾ ਕਰਕੇ, ਅੱਗ ਪੈਦਾ ਕਰਨ ਦੀ ਸ਼ਕਤੀ ਨਾਲ।

## ਪੰਜ ਤੱਤ ਅਤੇ ਪੰਝੀ ਪ੍ਰਕਿਰਤੀਆਂ ਦਾ ਨਿਰਣਾ

| ਪੰਜ ਤੱਤ | | ਆਪੋ ਆਪਣਾ ਮੁਖ ਭਾਗ | ਹੋਰਨਾਂ ਤੱਤਾਂ ਦੇ ਭਾਗ = ਹਿਸੇ | | | |
|---|---|---|---|---|---|---|
| ੧. | ਅਕਾਸ | ਮੁਖ ਭਾਗ | ਵਾਯੂ ਕਾ ਭਾਗ | ਅਗਨੀ ਕਾ ਭਾਗ | ਜਲ ਕਾ ਭਾਗ | ਪ੍ਰਿਥਵੀ ਕਾ ਭਾਗ |
| | | ਸ਼ੋਕ | ਕਾਮ | ਕ੍ਰੋਧ | ਮੋਹ | ਭੈ |
| ੨. | ਵਾਯੂ | ਮੁਖ ਭਾਗ | ਅਕਾਸ਼ਕਾ ਭਾਗ | ਅਗਨੀ ਕਾ ਭਾਗ | ਜਲ ਕਾ ਭਾਗ | ਪ੍ਰਿਥਵੀ ਕਾ ਭਾਗ |
| | | ਧਾਵਨਾ | ਪਸਾਰਨ | ਬਲਨ | ਚਲਣਾ | ਸੰਕੋਚਣਾ |
| ੩. | ਅਗਨੀ | ਮੁਖ ਭਾਗ | ਅਕਾਸ਼ਕਾ ਭਾਗ | ਵਾਯੂ ਕਾ ਭਾਗ | ਜਲ ਕਾ ਭਾਗ | ਪ੍ਰਿਥਵੀ ਕਾ ਭਾਗ |
| | | ਛੁਧਾ=ਭੁੱਖ | ਨਿੰਦ੍ਰਾ | ਤ੍ਰਿਖਾ | ਕ੍ਰਾਂਤੀ | ਆਲਸ |
| ੪. | ਜਲ | ਮੁਖ ਭਾਗ | ਅਕਾਸ਼ਕਾ ਭਾਗ | ਵਾਯੂ ਕਾ ਭਾਗ | ਅਗਨੀ ਕਾ ਭਾਗ | ਪ੍ਰਿਥਵੀ ਕਾ ਭਾਗ |
| | | ਸ਼ੁਕ੍ਰ-ਬੀਰਜ | ਲਾਰ ਲਾਲਾ | ਸਵੇਤ ਪਸੀਨਾ | ਮੂਤਰ | ਲਹੂ |
| ੫. | ਪ੍ਰਿਥਵੀ | ਮੁਖ ਭਾਗ | ਅਕਾਸ਼ਕਾ ਭਾਗ | ਵਾਯੂ ਕਾ ਭਾਗ | ਅਗਨੀ ਕਾ ਭਾਗ | ਜਲ ਕਾ ਭਾਗ |
| | | ਅਸਤੀ ਹੱਡੀਆਂ | ਰੋਮ | ਤੁਚਾ | ਨਾੜੀ | ਮਾਸ |

# ਕੀਨੋ ਬਡੋ ਕਲੂ ਮਹਿ ਸਾਕਾ

ਗੁਰੂ ਤੇਗ ਬਹਾਦਰ ਜੀ ਦਾ ਸਮਾਂ ਰਾਜਸੀ ਤੌਰ ਤੇ ਅਤਿ ਘਿਨੌਣਾ ਅਤੇ ਜ਼ੁਲਮ ਦਾ ਭਰਿਆ ਹੋਇਆ ਸੀ। ਔਰੰਗਜ਼ੇਬ ਰਾਜ ਕਰਦਾ ਸੀ ਜਿਸਨੂੰ ਰਾਜ ਆਪਣੇ ਭਰਾਵਾਂ ਦੀਆਂ ਲਾਸ਼ਾਂ ਤੇ ਚੱਲ ਕੇ ਪ੍ਰਾਪਤ ਹੋਇਆ ਸੀ। ਇਸ ਮਰਿਆਦਾ ਤੋਂ ਹੀਣੇ ਬੰਦੇ ਨੇ ਆਪਣੇ ਪਿਤਾ ਨੂੰ ਕੈਦ ਕਰਕੇ ਐਨਾ ਤਰਸਾਇਆ ਕਿ ਇਕ ਵਾਰੀ ਉਸਨੇ ਔਰੰਗਜ਼ੇਬ ਨੂੰ ਲਿਖਿਆ ਕਿ ਗਰਮੀ ਬਹੁਤ ਪੈ ਰਹੀ ਹੈ, ਜੋ ਪਾਣੀ ਤੂੰ ਮੈਨੂੰ ਪੀਣ ਲਈ ਦਿੰਦਾ ਹੈਂ ਉਹ ਮੇਰੀ ਪਿਆਸ ਬੁਝਾਉਣ ਨੂੰ ਪੂਰੀ ਤਰ੍ਹਾਂ ਨਾਲ ਸਮਰੱਥ ਨਹੀਂ ਹੈ, ਮੈਨੂੰ ਹੋਰ ਪਾਣੀ ਵਧਾ ਦੇ, ਤਾਂ ਕਿ ਮੈਂ ਇਸ ਗਰਮੀ ਦੀ ਰੁੱਤੇ ਪਾਣੀ ਪੀ ਕੇ ਆਪਣੀ ਪਿਆਸ ਬੁਝਾ ਲਿਆ ਕਰਾਂ। ਔਰੰਗਜ਼ੇਬ ਉਤਰ ਵਿਚ ਲਿਖਦਾ ਹੈ ਕਿ ਅੱਬਾ ਜਾਨ! ਮੈਂ ਤੇਰੀ ਚਿੱਠੀ ਦੇਖੀ ਤਾਂ ਮੈਂ ਮਹਿਸੂਸ ਕੀਤਾ ਕਿ ਤੂੰ ਸਿਆਹੀ ਦੀ ਦਵਾਤ (inkpot) ਵਿਚ ਜ਼ਿਆਦਾ ਪਾਣੀ ਪਾਇਆ ਹੋਇਆ ਹੈ ਜਿਸ ਦੇ ਫਲਸਰੂਪ ਕੱਚੀ ਸਿਆਹੀ ਹੋਣ ਕਰਕੇ ਅੱਖਰ ਫੈਲੇ ਹੋਏ ਸਨ। ਮੈਨੂੰ ਲਗਦਾ ਹੈ ਕਿ ਤੇਰੇ ਕੋਲ ਐਨਾ ਫਾਲਤੂ ਪਾਣੀ ਹੈ ਕਿ ਤੂੰ ਬੇਧਿਆਨੇ ਹੀ ਸਿਆਹੀ ਦੀ ਦਵਾਤ ਵਿਚ ਪਾ ਕੇ ਫਾਲਤੂ ਗਵਾਉਂਦਾ ਹੈਂ।

ਇਕ ਵਾਰੀ ਸ਼ਾਹਜਹਾਨ ਨੇ ਇਹ ਗੱਲ ਆਪਣੇ ਪੁੱਤਰ ਨੂੰ ਲਿਖੀ ਕਿ ਮੇਰੇ ਪਾਸ ਸ਼ਾਹੀ ਖਾਨਦਾਨ ਦੇ ਬੱਚੇ ਭੇਜ ਦਿਆ ਕਰੋ, ਮੈਂ ਉਨ੍ਹਾਂ ਨੂੰ ਕੁਰਾਨ ਸ਼ਰੀਫ ਪੜ੍ਹਾਉਣਾ ਚਾਹੁੰਦਾ ਹਾਂ ਤਾਂ ਇਸ ਦਾ ਉਤਰ ਉਸ ਨੇ ਦਿਤਾ ਕਿ ਅੱਬਾ ਜਾਨ! ਤੇਰੀ ਬਾਦਸ਼ਾਹੀ ਕਰਨ ਦੀ ਖੁਹਾਇਸ਼ ਅਜੇ ਤੱਕ ਨਹੀਂ ਮਿਟੀ, ਤੂੰ ਸ਼ਾਹੀ ਖਾਨਦਾਨ ਦੇ ਬੱਚਿਆਂ ਉਤੇ ਹਕੂਮਤ ਕਰਨ ਲਈ ਕੁਰਾਨ ਸ਼ਰੀਫ ਦਾ ਬਹਾਨਾ ਲਾਉਂਦਾ ਹੈਂ। ਇਨ੍ਹਾਂ ਗੱਲਾਂ ਤੋਂ ਪਤਾ ਲਗ ਜਾਂਦਾ ਹੈ ਕਿ ਔਰੰਗਜ਼ੇਬ ਕਿਸ ਅਕਲ ਦਾ ਮਾਲਕ ਸੀ। ਉਸ ਨੇ ਆਪਣੇ ਕੀਤੇ ਹੋਏ ਪਾਪਾਂ ਨੂੰ ਛੁਪਾਉਣ ਵਾਸਤੇ ਧਰਮ ਦੀ ਓਟ ਲਈ ਪਰ ਸੁਲਝੇ ਹੋਏ ਰੂਹਾਨੀ ਸੂਝ ਵਾਲੇ ਆਲਮਾਂ ਨੇ ਉਸ ਦੇ ਨਕਲੀ ਰੂਪ ਤੋਂ ਧੋਖਾ ਨਾ ਖਾਧਾ। ਉਸਨੇ ਤਖਤ ਤੇ ਬੈਠ ਕੇ ਕਾਹਬਾ ਸ਼ਰੀਫ ਦੇ ਵੱਡੇ ਇਮਾਮ ਵਲ ਕੁਝ ਤੋਹਫੇ ਭੇਜੇ ਪਰ ਉਸਨੇ ਔਰੰਗਜ਼ੇਬ ਦੇ ਕੀਤੇ ਹੋਏ ਪਾਪਾਂ ਨੂੰ ਵਿਚਾਰਦਿਆਂ ਇਹ ਤੋਹਫੇ ਪ੍ਰਵਾਨ ਨਾ ਕੀਤੇ। ਸਰਮੱਦ ਵਰਗੇ ਉਚ ਕੋਟੀ ਦੇ ਬ੍ਰਹਮਗਿਆਨੀ ਮਹਾਤਮਾ ਨੂੰ ਕਤਲ ਕਰ ਦਿਤਾ ਅਤੇ ਅਘੋਰਨਾਥ ਵਰਗੇ ਸਾਧੂਆਂ ਨੂੰ ਮਰਵਾ ਦਿਤਾ। ਅਕਬਰ ਵੇਲੇ ਦੇ ਕਾਨੂੰਨਾਂ ਵਿਚ ਬਦਲੀ ਕਰ ਦਿਤੀ। ਹਿੰਦੂਆਂ ਵਾਸਤੇ ਬਹੁਤ ਹੀ ਘਟੀਆ ਕਿਸਮ ਦੇ ਕਾਨੂੰਨ ਬਣਾ ਦਿਤੇ ਜਿਨ੍ਹਾਂ ਅਨੁਸਾਰ ਨਾ ਹੀ ਉਹ ਕੋਈ ਨਵਾਂ ਮੰਦਰ ਬਣਾ ਸਕਦੇ ਸਨ ਅਤੇ ਨਾ ਹੀ ਜਨਤਾ ਵਿਚ ਆਪਣੀ ਭਗਤੀ ਦਾ ਉਪਦੇਸ਼ ਕਰ ਸਕਦੇ ਸਨ। ਹੁਕਮ ਦੇ ਦਿਤਾ ਕਿ ਮੰਦਰ ਗਿਰਾ ਦਿਤੇ ਜਾਣ, ਉਨ੍ਹਾਂ ਵਿਚੋਂ ਦੇਵਤਿਆਂ ਦੇ ਬੁੱਤ ਕੱਢ ਕੇ ਬਹੁਤ ਗੰਦੀਆਂ ਥਾਵਾਂ ਉਪਰ ਲਾ ਦਿਤੇ ਜਾਣ। ਇਸੇ ਤਰ੍ਹਾਂ ਨਾਲ ਹਿੰਦੂ ਵਰਗ ਦਾ ਮਨ ਪੂਰੀ ਤਰ੍ਹਾਂ ਨਾਲ ਝੰਜੋੜਿਆ ਗਿਆ ਅਤੇ ਤਿਲਕ ਤੇ ਜੰਞੂ ਮਹਾਨ ਖਤਰੇ ਵਿਚ ਪੈ ਗਿਆ। ਹਿੰਦੂਆਂ ਉਪਰ ਜੇਜ਼ੀਆ ਲਾ ਦਿਤਾ ਗਿਆ ਉਨ੍ਹਾਂ ਦੇ ਮੇਲਿਆਂ ਉਪਰ ਟੈਕਸ ਲਾ ਦਿਤੇ। ਉਨ੍ਹਾਂ ਦੇ ਖਾਣ ਲਈ ਅਨਾਜਾਂ ਉਪਰ ਪਾਬੰਧੀਆਂ ਲਾ ਦਿਤੀਆਂ, ਉਨ੍ਹਾਂ ਦੀ ਪੁਸ਼ਾਕ ਤੇ ਬੰਧਸ਼ ਲਾ ਦਿਤੀ। ਇਥੋਂ ਤਕ ਕਿ ਉਨ੍ਹਾਂ ਦੇ ਕਰਮ ਕਾਂਡਾਂ ਵਿਚ ਪੂਰੀ ਤਰ੍ਹਾਂ ਨਾਲ ਦਖਲ ਅੰਦਾਜ਼ੀ ਕਰਕੇ ਉਨ੍ਹਾਂ ਨੂੰ ਸਤਾਇਆ ਗਿਆ। ਉਸ ਸਮੇਂ ਵਿਚ ਭਾਰਤ ਵਾਸੀਆਂ ਦੀ ਨਿਜੀ ਸੁਤੰਤਰਤਾ ਉਪਰ ਭਾਰੀ ਚੋਟ ਲੱਗੀ। ਹੁਕਮ ਦੇ ਦਿਤਾ ਗਿਆ ਕਿ ਭਾਰਤ ਵਿਚ ਇਸਲਾਮੀ ਸਟੇਟ ਬਣਾਈ ਜਾਵੇ। ਕਾਫਰਾਂ ਨੂੰ ਇਸ ਵਿਚ ਰਹਿਣ ਦਾ ਕੋਈ ਹੱਕ ਨਹੀਂ ਹੈ। ਇਤਿਹਾਸਾਂ ਵਿਚ ਬਹੁਤ ਹੀ ਘਿਨੌਣੇ ਜ਼ੁਲਮਾਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੂੰ ਵਰਣਨ ਕਰਨਾ 'ਆਤਮ ਮਾਰਗ' ਵਿਚ ਸੋਭਾ ਨਹੀਂ ਦਿੰਦਾ।

ਅੱਜਕੱਲ ਜਿਸਨੂੰ human rights ਆਖਿਆ ਜਾਂਦਾ ਹੈ ਉਹ ਪੂਰੀ ਤਰ੍ਹਾਂ ਨਾਲ ਕੁਚਲ ਦਿਤੇ ਗਏ। ਉਸ ਸਮੇਂ ਜ਼ਬਰੀ ਤਬਲੀਗ (ਧਰਮ ਬਦਲੀ) ਦਾ ਪੂਰੀ ਤਰ੍ਹਾਂ ਜ਼ੋਰ ਚਲ ਰਿਹਾ ਸੀ।

ਆਨਮਤਾਂ ਵਾਲੇ ਤ੍ਰਾਹ-ਤ੍ਰਾਹ ਕਰ ਰਹੇ ਸਨ ਪਰ ਕੋਈ ਦੇਵੀ ਦੇਵਤਾ ਪ੍ਰਹਿਲਾਦ ਦੀ ਰਖਸ਼ਾ ਕਰਨ ਵਾਂਗ ਬਹੁੜ ਨਹੀਂ ਰਿਹਾ ਸੀ। ਉਨ੍ਹਾਂ ਦੇ ਮੰਨਣ ਵਾਲੇ ਬੇ-ਦਿਲ ਹੋ ਗਏ ਸਨ ਕਿ ਦੇਵਤੇ ਡਰ ਕੇ ਭੱਜ ਗਏ ਲਗਦੇ ਹਨ। ਸੋ ਅਜਿਹੇ ਵਾਤਵਰਣ ਵਿਚ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੌਵੇਂ ਪਾਤਸ਼ਾਹ ਦੇ ਰੂਪ ਵਿਚ ਗੁਰੂ ਨਾਨਕ ਗੱਦੀ ਉਪਰ ਸਸ਼ੋਭਤ ਹੋਏ। ਆਪ ਦਾ ਸੁਭਾਅ ਬਚਪਨ ਤੋਂ ਹੀ ਬਹੁਤ ਦਰਦ ਵੰਡਾਉਣ ਵਾਲਾ ਸੀ।

ਇਕ ਸਾਖੀ ਅਨੁਸਾਰ ਮਾਤਾ ਜੀ ਨੇ ਆਪ ਨੂੰ ਬਹੁਤ ਸੋਹਣੇ-ਸੋਹਣੇ ਵਸਤਰ ਤੇ ਗਹਿਣੇ ਪੁਆਏ। ਆਪ ਬਾਹਰ ਆਏ ਤੇ ਇਕ ਗਰੀਬ ਬ੍ਰਾਹਮਣ ਦੇ ਮੰਗਣ ਤੇ ਸਾਰੇ ਕੱਪੜੇ ਤੇ ਗਹਿਣੇ ਉਸਨੂੰ ਦੇ ਦਿਤੇ। ਇਕ ਵਾਰੀ ਆਪ ਘੋੜੇ ਤੇ ਸਵਾਰ ਹੋ ਕੇ ਸੋਹਣੇ ਵਸਤਰ, ਸ਼ਸਤਰ ਤੇ ਭੂਖਣ ਪਹਿਨ ਕੇ ਜਦੋਂ ਬਾਹਰ ਆਏ ਤਾਂ ਇਕ ਡੂਮ ਨੇ ਸਰਬੰਸ ਦਾਨ ਦੀ ਮੰਗ ਕੀਤੀ। ਆਪ ਘੋੜੇ ਤੇ ਵਸਤਰਾਂ ਸਮੇਤ ਉਸਨੂੰ ਸਭ ਕੁਝ ਦੇ ਕੇ ਵਾਪਸ ਆ ਗਏ। ਆਪ ਜੀ ਨੇ ਬਾਬਾ ਬਕਾਲੇ ਰਹਿ ਕੇ ਬਹੁਤ ਹੀ ਭਾਰੀ ਤਪਸਿਆ ਕੀਤੀ। ਐਥੋਂ ਤੱਕ ਵੀ ਲਿਖਿਆ ਹੈ ਕਿ ਆਪ 44 ਸਾਲ ਦੀ ਉਮਰ ਤੱਕ ਵਿਆਹ ਹੋਣ ਦੇ ਬਾਵਜੂਦ ਵੀ ਬ੍ਰਹਮਚਾਰੀ ਰਹੇ। ਆਪ ਨੇ ਦੇਹ ਅਧਿਆਸ ਪੂਰੀ ਤਰ੍ਹਾਂ ਨਾਲ ਤਿਆਗ ਦਿਤਾ ਸੀ। ਆਪ ਭਜਨ ਬੰਦਗੀ ਕਰਨ ਲਈ ਪੰਜ-ਪੰਜ ਦਿਨ ਧਾਨਾਂ ਦੀ ਪਰਾਲੀ ਵਿਚ ਬੈਠੇ ਰਹਿੰਦੇ ਅਤੇ ਬਹੁਤ ਵਾਰੀ ਕਮਾਦ ਦੀ ਪੱਤੀ ਵਿਚ ਸਮਾਧੀ ਸਥਿਤ ਹੋ ਕੇ ਬੈਠ ਜਾਂਦੇ। ਸੇਵਕ ਸਿੱਖ ਭਾਲਦੇ ਫਿਰਦੇ, ਆਪ ਸਦਾ ਹੀ ਪ੍ਰਭੂ ਦੇ ਪਿਆਰ ਵਿਚ ਲੀਨ ਰਹਿੰਦੇ, ਖੁਰਾਕ ਵੀ ਬਹੁਤ ਘੱਟ ਛਕਦੇ। ਕਈ-ਕਈ ਵਾਰੀ ਪੰਜ-ਪੰਜ ਦਿਨ ਕੁਝ ਵੀ ਅੰਗੀਕਾਰ ਨਾ ਕਰਦੇ। ਦੁਖ-ਭੁੱਖ ਤੇ ਆਪ ਨੇ ਪੂਰੀ ਤਰ੍ਹਾਂ ਫਤਹਿ ਪਾ ਲਈ ਸੀ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ॥***

***ਅੰਗ - 1414***

ਆਪ ਪੂਰੀ ਤਰ੍ਹਾਂ ਨਾਲ ਨਿਰਇੱਛਤ ਸਨ। ਗੁਰੂ ਅਠਵੇਂ ਪਾਤਸ਼ਾਹ ਮਹਾਰਾਜ ਜੀ ਜਦੋਂ ਦਿੱਲੀ ਅੰਦਰ ਜੋਤੀ ਜੋਤ ਸਮਾਏ ਤਾਂ ਗੁਰਸਿੱਖਾਂ ਦੇ ਪੁੱਛਣ ਤੇ ਆਪ ਨੇ ਪੰਜ ਪੈਸੇ ਤੇ ਨਾਰੀਅਲ ਪੰਜਾਬ ਵਲ ਮੂੰਹ ਕਰਕੇ ਘੁੰਮਾਏ ਅਤੇ ਗੁਰੂ ਜੋਤ ਬਾਬਾ ਬਕਾਲੇ ਕਹਿ ਕੇ ਸੰਕੇਤ ਦੇ ਦਿਤਾ। ਜਦੋਂ ਇਸ ਗੱਲ ਦਾ ਪਾਖੰਡੀਆਂ ਨੂੰ ਪਤਾ ਲੱਗਿਆ ਤਾਂ ਅਨੇਕਾਂ ਹੀ ਸੋਢੀ ਅਤੇ ਬੇਦੀ ਜਿਨ੍ਹਾਂ ਦੀ ਕੋਈ ਨਾ ਕੋਈ ਰਿਸ਼ਤੇਦਾਰੀ ਗੁਰੂ ਘਰ ਨਾਲ ਰਲਦੀ ਸੀ, ਬਾਬੇ ਬਕਾਲੇ ਆ ਕੇ ਉਨ੍ਹਾਂ ਨੇ ਗੱਦੀਆਂ ਲਾ ਲਈਆਂ ਅਤੇ ਆਪਣੇ ਆਪ ਨੂੰ ਗੁਰੂ ਪ੍ਰਸਿੱਧ ਕਰਨ ਲਈ commission (ਕਮਿਸ਼ਨ) ਦੇ ਕੇ Agent (ਮਸੰਦ) ਰੱਖ ਲਏ। ਕਈਆਂ ਨੇ ਤਾਂ ਅੱਧੇ ਤੋਂ ਵੀ ਜ਼ਿਆਦਾ ਭੇਟਾ ਦਾ ਹਿੱਸਾ ਮਸੰਦਾਂ ਨੂੰ ਦੇ ਦਿਤਾ ਕਿਉਂਕਿ ਬਾਕੀ ਬਚਦਾ ਅੱਧਾ ਵੀ ਬਹੁਤ ਹੋਣਾ ਸੀ। ਇਸ ਤਰ੍ਹਾਂ ਨਾਲ ਗੁਰਸਿੱਖ ਮੰਡਲ ਵਿਚ ਅੰਧਕਾਰ ਦਾ ਸਮਾਂ ਆ ਗਿਆ। ਜਗਿਆਸੂਆਂ, ਗੁਰੂ ਪ੍ਰੇਮੀਆਂ ਨੂੰ ਕੋਈ ਪਤਾ ਨਾ ਲੱਗੇ ਕਿ ਇਨ੍ਹਾਂ 22 ਮੰਜੀਆਂ ਵਿਚੋਂ ਅਸਲ ਗੁਰੂ ਕਿਹੜਾ ਹੈ? ਧੀਰਮਲ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਉਸਦੀ ਓਟ ਲੈ ਕੇ ਐਲਾਨ ਕਰ ਦਿਤਾ ਕਿ ਗੁਰਗੱਦੀ ਦਾ ਅਸਲੀ ਮਾਲਕ ਮੈਂ ਹੀ ਹਾਂ। ਉਸ ਵੇਲੇ ਗੁਰਸਿੱਖ ਬਿਰਹੁ ਦੀ ਅਵਸਥਾ ਵਿਚ ਪਏ ਹੋਏ ਅਰਦਾਸਾਂ ਕਰ ਰਹੇ ਸਨ ਕਿ ਹੇ ਗੁਰੂ ਨਾਨਕ! ਇਹ ਗੱਦੀ ਅਲੋਪ ਕਿਵੇਂ ਹੋ ਗਈ? ਇਨ੍ਹਾਂ ਸਾਰੇ ਪਾਖੰਡੀ ਗੁਰੂਆਂ ਵਿਚੋਂ ਇਕ ਵੀ ਨਹੀਂ ਜਿਹੜਾ ਗੁਰੂ ਦੇ ਲੱਛਣਾਂ ਉਪਰ ਪੂਰਾ ਉਤਰਦਾ ਹੋਵੇ। ਜਿਵੇਂ ਕਿ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ***

*ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥*

***ਅੰਗ - 1291***

ਅਜਿਹਾ ਕੋਈ ਵੀ ਨਜ਼ਰ ਨਹੀਂ ਆਉਂਦਾ। ਕਦੇ ਭਾਈ ਗੁਰਦਾਸ ਜੀ ਦੀ ਵਾਰ ਦਾ ਆਸਰਾ ਲੈ ਕੇ ਪਰਖਦੇ ਹਨ-

*ਸਤਿਗੁਰ ਪੁਰਖੁ ਅਗੰਮੁ ਹੈ*
*ਨਿਰਵੈਰੁ ਨਿਰਾਲਾ ॥*
*ਜਾਣਹੁ ਧਰਤੀ ਧਰਮ ਕੀ*
*ਸੱਚੀ ਧਰਮਸਾਲਾ ॥*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ ॥*
*ਜਿਉਂ ਕਰ ਨਿਰਮਲ ਆਰਸੀ*
*ਜਗ ਵੇਖਣਿ ਵਾਲਾ ॥*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ ॥*
*ਸੇਵਕ ਦਰਗਹ ਸੁਰਖਰੂ*
*ਵੇਮੁਖੁ ਮੁਹ ਕਾਲਾ ॥*

***ਭਾਈ ਗੁਰਦਾਸ ਜੀ, ਵਾਰ 34/1***

ਇਹ ਸਭ ਜਿੰਨੇ ਵੀ ਗੱਦੀਆਂ ਲਾਈਂ ਬੈਠੇ ਸਨ ਇਨ੍ਹਾਂ ਕੋਲ ਜਾ ਕੇ ਕੋਈ ਸ਼ਾਂਤੀ ਨਹੀਂ ਆਉਂਦੀ। ਅਨੰਦ ਤੇ ਖੇੜਾ ਤਾਂ ਦੂਰ ਰਿਹਾ, ਇਨ੍ਹਾਂ ਨਾਲ ਕੋਈ ਅਪਣੱਤ ਵੀ ਨਹੀਂ ਪੈ ਰਹੀ -

*ਜਿਸੁ ਮਿਲਿਐ ਮਨਿ ਹੋਇ ਅਨੰਦੁ*
*ਸੋ ਸਤਿਗੁਰੁ ਕਹੀਐ ॥*
*ਮਨ ਕੀ ਦੁਬਿਧਾ ਬਿਨਸਿ ਜਾਇ*
*ਹਰਿ ਪਰਮ ਪਦੁ ਲਹੀਐ ॥*

***ਅੰਗ - 168***

ਇਹ ਸਾਰੀਆਂ ਅਰਦਾਸਾਂ ਗੁਰੂ ਤੇਗ ਬਹਾਦਰ ਜੀ ਮਹਾਰਾਜ ਪਾਸ ਪਹੁੰਚ ਰਹੀਆਂ ਸਨ ਪਰ ਆਪ ਇਨ੍ਹਾਂ ਪਾਖੰਡੀਆਂ ਵਿਚ ਪ੍ਰਗਟ ਹੋ ਕੇ ਕਿਸੇ ਵਾਦ-ਵਿਵਾਦ ਵਿਚ ਪੈਣਾ ਬਿਲਕੁਲ ਪਸੰਦ ਨਹੀਂ ਕਰਦੇ ਸਨ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਇਕ ਅਜੀਬ ਕੌਤਕ ਕਰਕੇ ਸੰਗਤਾਂ ਨੂੰ ਰਾਹ ਦਿਖਾਇਆ ਕਿ ਅਸਲੀ ਗੁਰੂ ਕੌਣ ਹੈ।

ਇਕ ਅਮੀਰ ਸੌਦਾਗਰ ਜੋ ਗੁਜਰਾਤ ਦੇ ਰਹਿਣ ਵਾਲਾ ਸੀ, ਉਹ ਜ਼ਿਲਾ ਜੇਹਲਮ (ਗੁਜਰਾਤ) ਟਾਂਡੇ ਪਿੰਡ ਦਾ ਵਣਜਾਰਾ ਸੀ। ਉਹ ਆਪਣਾ ਵਪਾਰ ਕਰਨ ਵਾਸਤੇ ਸਮੁੰਦਰ ਰਾਹੀਂ ਜਹਾਜ਼ ਲੈ ਕੇ ਮਾਲ ਵੇਚਣ ਜਾਇਆ ਕਰਦਾ ਸੀ ਅਤੇ ਗੁਰੂ ਉਤੇ ਬਹੁਤ ਭਰੋਸਾ ਰਖਦਾ ਸੀ। ਇਸ ਵਾਰੀ ਜਦੋਂ ਜਹਾਜ਼ ਭਰ ਕੇ ਗਿਆ, ਉਸਨੇ ਮਸਕ ਮੰਡੀ ਜਾਣਾ ਸੀ ਪਰ ਹਵਾ ਦਾ ਵੇਗ ਉਲਟਾ ਚੱਲਣ ਨਾਲ ਉਸ ਦਾ ਮਾਲ ਦਾ ਭਰਿਆ ਜਹਾਜ਼ ਬਰੇਤੀ ਉਤੇ ਚੜ੍ਹ ਗਿਆ। ਲੱਖ ਜਤਨ ਕਰਨ ਉਤੇ ਵੀ ਉਹ ਜਹਾਜ਼ ਸਮੁੰਦਰ ਵਿਚ ਨਾ ਗਿਆ। ਉਸਨੇ ਪੀਰਾਂ, ਫਕੀਰਾਂ ਦੀ ਮਨੌਤ ਮੰਨਣੀ ਸ਼ੁਰੂ ਕਰ ਦਿਤੀ। ਉਸਨੇ ਖਵਾਜਾ ਖਿਜਰ, ਵਰੁਣ ਦੇਵਤਾ ਅਤੇ ਸਮੁੰਦਰ ਦੇਵਤਾ ਅੱਗੇ ਬੇਨਤੀਆਂ ਕੀਤੀਆਂ ਪਰ ਕੁਝ ਵੀ ਨਾ ਬਣ ਸਕਿਆ। ਉਸਦੀ ਪਤਨੀ ਗੁਰੂ ਘਰ ਦੀ ਅਨਿੰਨ ਸ਼ਿਸ਼ ਸੀ। ਉਸਨੇ ਆਪਣੇ ਪਤੀ ਨੂੰ ਕਿਹਾ ਕਿ ਤੁਸੀਂ ਗੁਰੂ ਦੀ ਮੰਨਤ ਮੰਨੋ। ਇਹ ਸੁਣ ਕੇ ਉਸਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਹੇ ਪਾਤਸ਼ਾਹ! ਮੇਰਾ ਜਹਾਜ਼ ਬੰਨੇ ਲਾਓ। ਇਸਦੇ ਮੁਨਾਫੇ ਵਿਚੋਂ ਚੌਥਾ ਹਿੱਸਾ ਮੈਂ ਆਪ ਦੀ ਗੱਦੀ ਉਤੇ ਬਿਰਾਜੇ ਹੋਏ ਸਮਰੱਥ ਗੁਰੂ ਦੇ ਚਰਨਾਂ ਵਿਚ ਭੇਟ ਕਰਾਂਗਾ। ਐਨੇ ਜ਼ੋਰ ਦੀ ਹਨ੍ਹੇਰੀ ਆਈ ਕਿ ਸਮੁੰਦਰ ਵਿਚ ਵਾ-ਵਰੋਲਾ ਬਣ ਕੇ ਪਾਣੀ ਉਛਲਿਆ ਅਤੇ ਉਸਦੇ ਜਹਾਜ਼ ਨੂੰ ਸਹਿਜੇ ਹੀ ਚੁੱਕ ਕੇ ਡੂੰਘੇ ਪਾਣੀ ਵਿਚ ਧਕੇਲ ਦਿਤਾ। ਇਹ ਪ੍ਰਤੱਖ ਦੇਖ ਮੱਖਣਸ਼ਾਹ ਨੇ ਲੱਖ ਵਾਰੀ ਸ਼ੁਕਰ ਕੀਤਾ ਅਤੇ ਗੁਰੂ-ਗੁਰੂ ਕਰਕੇ ਆਪਣਾ ਮਾਲ ਲਿਜਾ ਕੇ ਮੰਡੀ ਵਿਚ ਵੇਚਦਾ ਰਿਹਾ। 2000 ਮੋਹਰ ਸਾਰੇ ਖਰਚੇ ਕੱਢ ਕੇ ਮੁਨਾਫਾ ਹੋਇਆ ਜਿਸ ਵਿਚੋਂ 500 ਮੋਹਰ ਗੁਰੂ ਅਰਪਣ ਕਰਨੀ ਸੀ। ਉਹ ਵਿਹਲਾ ਹੋ ਕੇ ਆਪਣੇ ਚਾਰ-ਪੰਜ ਸੌ ਸਾਥੀਆਂ ਸਮੇਤ, ਜੋ ਉਸਦੀ ਨੌਕਰੀ ਕਰਦੇ ਸਨ, ਗੁਰੂ ਦੀ ਭਾਲ ਵਿਚ ਤੁਰਿਆ। ਉਸਨੂੰ ਪਤਾ ਲੱਗਿਆ ਕਿ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਤਾਂ ਜੋਤੀ ਜੋਤ ਸਮਾ ਗਏ ਹਨ ਤੇ ਉਨ੍ਹਾਂ ਦੀ ਥਾਂ ਉਤੇ ਅਜੇ ਤੱਕ ਨਵੇਂ ਗੁਰੂ ਪ੍ਰਗਟ ਹੋ ਕੇ ਗੱਦੀ ਤੇ ਨਹੀਂ ਬੈਠੇ, ਉਂਝ 22 ਗੁਰੂ ਬਾਬੇ ਬਕਾਲੇ ਵਿਚ ਗੱਦੀਆਂ ਲਾਈ ਬੈਠੇ ਹਨ। ਮੱਖਣਸ਼ਾਹ ਦੇ ਅੰਦਰਲੇ ਨੇ ਸ਼ਾਹਦੀ ਦਿਤੀ ਕਿ ਸਮਰੱਥ ਗੁਰੂ ਇਨ੍ਹਾਂ ਵਿਚੋਂ

ਨਹੀਂ ਹੋ ਸਕਦਾ। ਚਲੋ ਪਰਖ ਕੇ ਦੇਖ ਲੈਂਦੇ ਹਾਂ। ਜਿਸ ਗੁਰੂ ਨੇ ਮੇਰਾ ਜਹਾਜ਼ ਕੱਢਿਆ ਹੈ ਉਸਨੂੰ ਤਾਂ ਪੂਰੀ ਤਰ੍ਹਾਂ ਪਤਾ ਹੀ ਹੈ। ਉਸਨੇ ਜੇ ਮੇਰੇ ਤੋਂ ਹੁਕਮ ਦੇ ਕੇ ਮੇਰੀ ਸੁਖਣਾਂ ਦੀ ਰਕਮ ਲੈ ਲਈ ਤਾਂ ਮੇਰਾ ਮਨ ਪਤੀਜੇਗਾ।

ਬਹੁਤ ਵੱਡਾ ਅਮੀਰ ਬਾਬੇ ਬਕਾਲੇ ਆਇਆ ਸੁਣ ਕੇ ਨਕਲੀ ਗੁਰੂਆਂ ਦੇ ਏਜੰਟ ਉਸਨੂੰ ਵਾਰੀ-ਵਾਰੀ ਮਿਲ ਕੇ ਆਪਣੇ ਵਲ ਖਿੱਚਣ ਲੱਗੇ। ਮੱਖਣਸ਼ਾਹ ਨੇ ਕਿਹਾ ਕਿ ਮੈਂ ਕੱਲ ਨੂੰ ਆ ਕੇ ਨਮਸ਼ਕਾਰਾਂ ਕਰਾਂਗਾ। ਉਸਨੇ ਹਰ ਗੁਰੂ ਨੂੰ ਦੋ-ਦੋ ਮੋਹਰਾਂ ਭੇਟ ਕੀਤੀਆਂ। ਸਭ ਤੋਂ ਵੱਧ ਪਾਖੰਡ ਦਾ ਰਾਜ ਧੀਰਮਲ ਨੇ ਪਸਾਰਿਆ ਹੋਇਆ ਸੀ। ਉਸਦੇ ਮਸੰਦ ਬਹੁਤ ਚਤੁਰ ਸਨ, ਉਨ੍ਹਾਂ ਨੇ ਮੱਖਣਸ਼ਾਹ ਦਾ ਮਨ ਜਿੱਤਣ ਲਈ ਬਹੁਤ ਝੂਠੀਆਂ ਕਹਾਣੀਆਂ ਬਣਾ ਕੇ ਦੱਸੀਆਂ ਪਰ ਉਸ ਨੇ ਧੀਰਮਲ ਨੂੰ ਦੋ ਹੀ ਮੋਹਰਾਂ ਆ ਕੇ ਭੇਟਾ ਕੀਤੀਆਂ। ਧੀਰਮਲ ਨੇ ਬੜੇ ਕੀਮਤੀ ਸਿਰੋਪੇ ਇਸ ਕਰਕੇ ਦਿਤੇ ਕਿ ਇਹ ਅਮੀਰ ਬੰਦਾ ਹੈ ਇਸਨੂੰ ਆਪਣੇ ਨਾਲ ਰੱਖਣਾ ਹੈ। ਕਿਉਂਕਿ ਜਿਥੇ ਝੂਠ ਹੁੰਦਾ ਹੈ ਉਥੇ ਨੀਵੀਂ ਕਿਸਮ ਦੇ ਹੱਥਕੰਡੇ ਵਰਤੇ ਜਾਂਦੇ ਹਨ। ਜਦੋਂ ਉਹ ਸਭ ਨੂੰ ਮਿਲ ਚੁਕਿਆ ਤਾਂ ਉਸਨੇ ਇਕੱਠੀ ਹੋਈ ਭੀੜ ਵਿਚੋਂ ਪੁਛਿਆ ਕਿ ਇਥੇ ਗੁਰੂ ਅੰਸ ਵਿਚੋਂ ਕੋਈ ਹੋਰ ਵੀ ਰਹਿੰਦਾ ਹੈ? ਤਾਂ ਇਕ ਨੇ ਗੁਰੂ ਤੇਗ ਬਹਾਦਰ ਜੀ ਮਹਾਰਾਜ ਬਾਰੇ ਦੱਸਿਆ ਕਿ ਉਹ ਮਸਤ ਰਹਿਣ ਵਾਲੇ ਵਿਅਕਤੀ ਹਨ ਉਨ੍ਹਾਂ ਨੂੰ ਆਏ ਗਏ ਦੀ ਕੋਈ ਪ੍ਰਵਾਹ ਨਹੀਂ ਅਤੇ ਉਹ ਨਾ ਹੀ ਆਪਣੇ ਆਪ ਨੂੰ ਗੁਰੂ ਪ੍ਰਸਿੱਧ ਕਰਦੇ ਹਨ, ਉਹ ਕੱਚੇ ਕੋਠੇ ਵਿਚ ਰਹਿੰਦੇ ਹਨ; ਹੋਰ ਤਾਂ ਇਥੇ ਉਨ੍ਹਾਂ ਬਿਨਾਂ ਕੋਈ ਨਹੀਂ। ਇਹ ਵੀ ਦੱਸਿਆ ਕਿ ਉਹ ਬਹੁਤ ਘੱਟ ਮਿਲਦੇ ਹਨ।

ਮੱਖਣਸ਼ਾਹ ਪੂਰੀ ਸ਼ਰਧਾ ਵਿਚ ਆ ਕੇ ਗੁਰੂ ਮਹਾਰਾਜ ਜੀ ਪਾਸ ਤੰਗ ਭੋਰੇ ਵਿਚ ਵੜਿਆ ਅਤੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਦੋ ਮੋਹਰਾਂ ਰੱਖੀਆਂ ਤਾਂ ਆਪ ਨੇ ਕਿਹਾ, "ਮੱਖਣਸ਼ਾਹ! ਅਸਾਨੂੰ ਮੋਹਰਾਂ ਦੀ ਕੋਈ ਭੁੱਖ ਨਹੀਂ ਹੈ ਪਰ ਪਿਆਰਿਆ! ਉਸ ਵੇਲੇ ਤੂੰ ਮੁਨਾਫੇ ਦਾ ਚੌਥਾ ਹਿੱਸਾ ਗੁਰਗੱਦੀ ਦੀ ਭੇਟ ਕਰਨ ਵਾਸਤੇ ਸੁੱਖਿਆ ਸੀ ਜੋ 500 ਮੋਹਰਾਂ ਬਣਦੀਆਂ ਹਨ।" ਐਨੀਂ ਗੱਲ ਸੁਣਨ ਦੀ ਦੇਰ ਸੀ, ਮੱਖਣਸ਼ਾਹ ਦੇ ਰੋਮ-ਰੋਮ ਵਿਚ ਝਰਨਾਹਟ ਛਿੜ ਗਈ, ਨੇਤਰ ਪਾਣੀ ਨਾਲ ਭਰ ਗਏ ਤੇ ਜਲ ਬਹਿ ਤੁਰਿਆ। ਬੇਨਤੀ ਕੀਤੀ ਕਿ ਮਹਾਰਾਜ! ਆਪ ਛੁਪੇ ਕਿਉਂ ਹੋ? ਸੰਗਤਾਂ ਉਪਰ ਤਰਸ ਕਰੋ, ਦੇਖੋ ਕਿਵੇਂ ਪਾਖੰਡੀ ਗੁਰੂ ਸੰਗਤਾਂ ਨੂੰ ਲੁੱਟ ਰਹੇ ਹਨ। ਸੰਗਤਾਂ ਇਨ੍ਹਾਂ ਚਲਾਕ ਮਸੰਦਾਂ ਦੇ ਜਾਲ ਵਿਚ ਫਸ ਰਹੀਆਂ ਹਨ। ਪਾਤਸ਼ਾਹ! ਮੈਂ ਰੌਲਾ ਪਾਉਣਾ ਹੈ, ਡੌਂਡੀ ਪਿਟਣੀ ਹੈ ਕਿ ਗੁਰੂ ਲੱਭ ਗਿਆ। ਗੁਰੂ ਜੀ ਨੇ ਫੁਰਮਾਨ ਕੀਤਾ ਕਿ ਮੱਖਣਸ਼ਾਹ ਜੋ ਸਾਨੂੰ ਪ੍ਰਗਟ ਕਰੇਗਾ ਉਸਦਾ ਕਾਲਾ ਮੂੰਹ ਕਰਕੇ, ਖੋਤੇ ਤੇ ਬਿਠਾ ਕੇ ਸਾਰੇ ਸ਼ਹਿਰ ਵਿਚ ਘੁਮਾਇਆ ਜਾਵੇਗਾ। ਮੱਖਣਸ਼ਾਹ ਆਪਣੇ ਡੇਰੇ ਗਿਆ, ਕਾਲਾ ਮੂੰਹ ਕੀਤਾ, ਖੋਤਾ ਲੈ ਆਇਆ, ਗੁਰੂ ਮਹਾਰਾਜ ਜੀ ਦੇ ਸਾਮ੍ਹਣੇ ਨਮਸ਼ਕਾਰ ਕਰਕੇ ਕੋਠੇ ਉਤੇ ਚੜ੍ਹ ਗਿਆ ਅਤੇ ਪੂਰੇ ਜ਼ੋਰ ਨਾਲ ਆਵਾਜ਼ਾਂ ਦਿਤੀਆਂ - 'ਗੁਰੂ ਲਾਧੋ ਰੇ-ਗੁਰੂ ਲਾਧੋ ਰੇ।' ਇਸ ਤਰ੍ਹਾਂ ਗੁਰੂ ਮਹਾਰਾਜ ਜੀ ਪ੍ਰਗਟ ਹੋਏ, ਸੰਗਤਾਂ ਉਮੰਡ ਕੇ ਆ ਗਈਆਂ ਅਤੇ ਦਸਵੰਧ ਦੀ ਮਾਇਆ ਅਤੇ ਪਦਾਰਥਾਂ ਦੇ ਢੇਰ ਲਾ ਦਿਤੇ। ਨਕਲੀ ਗੁਰੂਆਂ ਨੇ ਆਪਣੇ ਬਿਸਤਰੇ ਵਲ੍ਹੇਟ ਕੇ ਚੱਲਣ ਦੀ ਤਿਆਰੀ ਕੀਤੀ ਪਰ ਸ਼ੀਂਹੇ ਮਸੰਦ ਨੇ ਧੀਰਮਲ ਨੂੰ ਕਿਹਾ ਕਿ ਗੁਰੂ ਕੋਲ ਕਿਹੜੀ ਤਾਕਤ ਹੈ; ਜੋ ਕੁਝ ਚੜ੍ਹਿਆ ਹੈ ਉਹ ਮੈਂ ਹੁਣੇ ਲੁਟ ਲਿਆਉਂਦਾ ਹਾਂ। 50 ਬੰਦੇ ਲੈ ਕੇ ਉਸਨੇ ਗੁਰੂ ਘਰ ਤੇ ਹਮਲਾ ਕਰ ਦਿਤਾ, ਸਭ ਪਦਾਰਥ ਲੁੱਟ ਕੇ ਲੈ ਗਏ। ਉਸ ਨੇ ਇਕ ਕੋਹਝਾ ਕੰਮ ਇਹ ਵੀ ਕੀਤਾ ਕਿ ਗੁਰੂ ਮਹਾਰਾਜ ਜੀ ਉਪਰ ਗੋਲੀ ਦਾ ਵਾਰ ਕੀਤਾ, ਜੋ ਉਨ੍ਹਾਂ ਦੇ ਮੱਥੇ ਨੂੰ ਛੂੰਹਦੀ ਹੋਈ ਕੰਧ ਵਿਚ ਜਾ ਲੱਗੀ। ਆਪ ਉਸੇ ਤਰ੍ਹਾਂ ਅਡੋਲ ਰਹੇ; ਇਥੋਂ ਤੱਕ ਕਿ ਗੋਲੀ ਮਾਰਨ ਵਾਲੇ ਨੂੰ ਵੀ ਅਸੀਸ ਹੀ ਦਿਤੀ ਕਿ ਪਿਆਰਿਆ! ਤੇਰਾ ਵੀ ਭਲਾ ਹੋਵੇ। ਮੱਖਣਸ਼ਾਹ ਨੂੰ ਪਤਾ ਲੱਗਣ ਤੇ ਉਸਨੇ ਸਭ ਕੁਝ ਵਾਪਸ ਲੈ ਆਂਦਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਲੈ ਆਇਆ ਤੇ ਥੋੜ੍ਹੇ ਦਿਨਾਂ ਬਾਦ ਗੁਰੂ ਮਹਾਰਾਜ ਜੀ ਨੂੰ ਕੀਰਤਪੁਰ ਤੋਂ ਗੁਰੂ

ਹਰਿਕ੍ਰਿਸ਼ਨ ਜੀ ਦੀ ਮਾਤਾ ਦਾ ਸੁਨੇਹਾ ਆ ਗਿਆ ਤੇ ਆਪ ਸਭ ਕੁਝ ਛੱਡ ਛਡਾ ਕੇ ਉਥੇ ਜਾਣ ਲਈ ਤਿਆਰ ਹੋ ਗਏ। ਜਦੋਂ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇਖੀ ਤਾਂ ਵਾਪਸ ਕਰਨ ਲਈ ਕਿਹਾ ਪਰ ਕੋਈ ਗੁਰਸਿੱਖ ਧੀਰਮਲ ਦੇ ਮੱਥੇ ਲੱਗਣ ਲਈ ਤਿਆਰ ਨਾ ਹੋਇਆ। ਗੁਰੂ ਮਹਾਰਾਜ ਨੇ ਬੀੜ ਬਿਆਸਾ ਜੀ ਦੀ ਭੇਟ ਕਰ ਦਿਤੀ ਅਤੇ ਸੁਨੇਹਾ ਭੇਜ ਦਿਤਾ ਕਿ ਧੀਰਮਲ ਆ ਕੇ ਲੈ ਜਾਵੇ। ਧੀਰਮਲ ਨੇ ਆ ਕੇ ਬੀੜ ਕੱਢ ਲਈ ਜਿਸਦੇ ਕੇਵਲ ਹਾਸ਼ੀਏ ਨੂੰ ਹੀ ਸਲ੍ਹਾਬਾ ਆਇਆ ਸੀ। ਸੋ ਇਸ ਤਰ੍ਹਾਂ ਆਪ ਨੇ ਗੁਰਿਆਈ ਸੰਭਾਲ ਕੇ ਅਨੰਦਪੁਰ ਸਾਹਿਬ ਮਾਖੋਵਾਲ ਦੀ ਜ਼ਮੀਨ ਖਰੀਦ ਕੇ, ਜਿਸਨੂੰ ਅਨੰਦਪੁਰ ਸਾਹਿਬ ਕਿਹਾ ਜਾਂਦਾ ਹੈ, ਨਗਰ ਵਸਾਇਆ। ਜਦੋਂ ਗੁਰਸਿੱਖਾਂ ਨੇ ਮਹਾਰਾਜ ਜੀ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਗੁਰੂਆਂ ਦੇ ਪਾਸ ਰਹਿਣੀ ਚਾਹੀਦੀ ਹੈ, ਸੰਗਤਾਂ ਉਸਦੀ ਭੇਟਾ ਕਰਦੀਆਂ ਹਨ। ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰੂ ਨਾਨਕ ਦੇ ਧਰਮ ਵਿਚ ਪੂਜਾ ਦਾ ਧਾਨ ਖਾਣ ਦੀ ਸਖਤ ਮਨਾਹੀ ਕੀਤੀ ਹੋਈ ਹੈ। ਭਾਈ ਗੁਰਦਾਸ ਜੀ ਨੇ ਪੂਜਾ ਦੇ ਧਾਨ ਨੂੰ ਜ਼ਹਿਰ ਦੇ ਬਰਾਬਰ ਦੱਸਿਆ ਹੈ। ਪੂਜਾ ਦਾ ਧਾਨ ਖਾਣ ਵਾਲੇ ਦਾ ਸਰੀਰ ਰੋਗੀ ਹੋ ਜਾਂਦਾ ਹੈ, ਮੱਤ ਮਾਰੀ ਜਾਂਦੀ ਹੈ, ਵਾਹਿਗੁਰੂ ਨਾਲੋਂ ਲਿਵ ਟੁੱਟ ਜਾਂਦੀ ਹੈ। ਇਸ ਕਰਕੇ ਜੋ ਪੈਸਾ ਧਰਮਸਾਲਾ, ਮੰਦਰ, ਪੋਥੀਆਂ, ਦੇਵੀ ਦੇਵਤਾ ਦੇ ਅੱਗੇ ਚੜ੍ਹਿਆ ਹੋਇਆ ਹੁੰਦਾ ਹੈ ਉਹ ਪੂਜਾ ਦਾ ਧਾਨ ਹੋਇਆ ਕਰਦਾ ਹੈ। ਜੋ ਮਾਇਆ ਸਹਿਜੇ ਹੀ ਆਪਣੇ ਸਾਮ੍ਹਣੇ ਆਵੇ ਉਸਨੂੰ ਛਕਣ ਛਕਾਉਣ ਵਿਚ ਕੋਈ ਹਰਜ਼ ਨਹੀਂ ਕਿਉਂਕਿ ਉਹ ਮਾਇਆ ਮਹਾਂਪੁਰਸ਼ਾਂ ਨੂੰ ਸੁਤੇ ਸਿੱਧ ਹੀ ਆਉਂਦੀ ਹੈ। ਇਸ ਮਾਇਆ ਵਿਚੋਂ ਵੀ ਸਾਰੀ ਆਪਣੇ ਪਾਸ ਨਾ ਰੱਖੇ; ਉਸਨੂੰ ਪ੍ਰਚਾਰ ਹਿਤ ਲਗਾਵੇ, ਜਾਂ ਖੂਹ, ਸਰੋਵਰ, ਬਾਉਲੀ ਬਣਵਾਵੇ ਅਤੇ ਲੰਗਰ ਚਲਾਵੇ। ਸੰਗਤਾਂ ਦੀ ਰਿਹਾਇਸ਼ ਵਾਸਤੇ ਮਕਾਨ ਬਣਾਵੇ, ਤਾਂ ਇਹ ਸਫਲ ਹੋਇਆ ਕਰਦੀ ਹੈ।

*ਕੂਪ ਲਗਾਵਹੁ, ਸਦਨ ਬਨਾਵਹੁ।*
*ਖਰਚਹੁ ਪੁਰ ਕੇ ਹੇਤ ਬਸਾਵਹੁ।*

ਆਪ ਸੰਗਤਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਉਪਦੇਸ਼ ਦਿੰਦੇ ਸਨ। ਆਪ ਦੀ ਸਾਰੀ ਬਾਣੀ ਬੈਰਾਗਮਈ ਅਤੇ ਆਤਮ ਮਾਰਗ ਦੀ ਸੇਧ ਦੇਣ ਵਾਲੀ ਹੈ।

ਇਕ ਸਿੱਖ ਨੇ ਪੁਛਿਆ, "ਮਹਾਰਾਜ! ਸਾਰੇ ਪਦਾਰਥਾਂ ਦੇ ਹੁੰਦਿਆਂ-ਸੁ-ਹੁੰਦਿਆਂ ਬਾਲ ਬੱਚੇ, ਮਹਿਲ ਮਾੜੀਆਂ, ਪੈਸਾ-ਟਕਾ ਹੋਣ ਪਿਛੋਂ ਵੀ ਮਨ ਅਸ਼ਾਂਤ ਕਿਉਂ ਰਹਿੰਦਾ ਹੈ, ਚਿੰਤਾ ਖਹਿੜਾ ਕਿਉਂ ਨਹੀਂ ਛੱਡਦੀ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਸ ਅਸ਼ਾਂਤੀ ਦਾ ਕਾਰਨ ਤ੍ਰਿਸ਼ਨਾ ਹੈ। ਇਹ ਤ੍ਰਿਸ਼ਨਾ ਸੰਤੋਖ ਤੋਂ ਬਗੈਰ ਨਹੀਂ ਹਟਿਆ ਕਰਦੀ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥*
***ਅੰਗ** - 213*

*ਬਿਨਾ ਸੰਤੋਖ ਨਹੀ ਕੋਊ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥*
***ਅੰਗ** - 279*

ਜਦੋਂ ਆਪਣੀ ਪਰਾਲਬਧ ਅਨੁਸਾਰ ਪ੍ਰਾਪਤੀਆਂ ਕਰਕੇ ਸੰਤੋਖ ਧਾਰਨ ਕਰਦਾ ਹੈ ਉਸ ਵੇਲੇ ਇਹਦੇ ਮਨ ਵਿਚ ਸ਼ਾਂਤੀ ਆ ਜਾਇਆ ਕਰਦੀ ਹੈ।

ਇਕ ਸਿੱਖ ਨੇ ਪੁਛਿਆ ਕਿ ਮਹਾਰਾਜ! ਗੁਰਮੁਖ ਕੀ ਹੁੰਦਾ ਹੈ? ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਮੁਖ ਦੀ, ਬਾਣੀ ਅੰਦਰ ਬਹੁਤ ਹੀ ਵਿਆਖਿਆ ਹੋਈ ਹੋਈ ਹੈ। ਗੁਰਮੁਖ ਵਾਹਿਗੁਰੂ ਜੀ ਨੂੰ ਘਟ-ਘਟ ਵਿਚ ਵਿਆਪਕ ਜਾਣਦੇ ਹਨ ਅਤੇ ਉਸਦੇ ਭਾਣੇ ਨੂੰ ਮੰਨਦੇ ਹਨ -

*ਗੁਰਮੁਖਿ ਅੰਤਰਿ ਸਾਂਤਿ ਹੈ*
*ਮਨਿ ਤਨਿ ਨਾਮਿ ਸਮਾਇ॥*
*ਨਾਮੋ ਚਿਤਵੈ ਨਾਮੁ ਪੜੈ*
*ਨਾਮਿ ਰਹੈ ਲਿਵ ਲਾਇ॥*
*ਨਾਮੁ ਪਦਾਰਥੁ ਪਾਇਆ*

*ਚਿੰਤਾ ਗਈ ਬਿਲਾਇ॥*
*ਸਤਿਗੁਰਿ ਮਿਲਿਐ ਨਾਮੁ ਉਪਜੈ*
*ਤਿਸਨਾ ਭੁਖ ਸਭ ਜਾਇ॥*

**ਅੰਗ** *- 653*

*ਹਸਤੀ ਸਿਰਿ ਜਿਉ ਅੰਕਸੁ ਹੈ*
*ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ*
*ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ*
*ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ*
*ਜਾ ਆਪੇ ਨਦਰਿ ਕਰੇਇ॥*

**ਅੰਗ** *- 648*

ਜੋ ਹੁਕਮ ਦੇ ਵਿਚ ਚਲਦਾ ਹੈ ਗੁਰੂ ਦੇ ਭਾਣੇ ਨੂੰ ਖਿੜੇ ਮੱਥੇ ਮੰਨਦਾ ਹੈ ਜਿਵੇਂ ਕਿ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਭਾਈ ਭਿਖਾਰੀ ਦਾ ਜ਼ਿਕਰ ਆਉਂਦਾ ਹੈ, ਉਹ ਦੁਖ ਤੇ ਸੁੱਖ ਵਿਚ ਇਕ ਰਸ ਰਹਿੰਦਾ ਹੈ। ਉਹ ਹੁਕਮ ਨੂੰ ਮੰਨਦਾ ਹੈ। ਉਹ ਹੁਕਮ ਨੂੰ ਮੰਨਣ ਵਾਲਾ ਗੁਰਮੁਖ ਹੋਇਆ ਕਰਦਾ ਹੈ।

*ਗੁਰਮੁਖਿ ਹੋਇ ਸੁ ਹੁਕਮੁ ਪਛਾਣੈ*
*ਮਾਨੈ ਹੁਕਮੁ ਸਮਾਇਦਾ॥*

**ਅੰਗ** *- 1036*

ਗੁਰਮੁਖ ਅੰਦਰੋਂ ਬਾਹਰੋਂ ਦੇਹ ਹੰਗਤਾ ਤੇ ਦੇਹ ਮਮਤਾ ਦਾ ਤਿਆਗ ਕਰਕੇ ਹਰ ਸਮੇਂ ਗੁਰੂ ਵਿਚ ਸਮਾਇਆ ਰਹਿੰਦਾ ਹੈ -

*ਗੁਰਮੁਖਿ ਵਿਚਹੁ ਆਪੁ ਗਵਾਇ॥*
*ਹਰਿ ਰੰਗਿ ਰਾਤੇ ਮੋਹੁ ਚੁਕਾਇ॥*

**ਅੰਗ** *- 362*

ਗੁਰਮੁਖ ਗ੍ਰਹਿਸਤ ਵਿਚ ਰਹਿੰਦਾ ਹੋਇਆ ਤਿਆਗੀ ਹੋਇਆ ਕਰਦਾ ਹੈ ਅਤੇ ਸਹਿਜ ਵਿਚ ਰਹਿੰਦਾ ਦੁਖ ਤੇ ਸੁਖ ਨੂੰ ਇਕ ਸਮਾਨ ਜਾਣਦਾ ਹੈ ਅਤੇ ਉਸਦੀ ਸੂਝ ਹਰ ਥਾਂ ਉਤੇ ਵਾਹਿਗੁਰੂ ਜੀ ਵਰਤ ਰਿਹਾ ਹੁੰਦਾ ਹੈ। ਉਸਨੂੰ ਹਰ ਸਮੇਂ ਘਟ-ਘਟ ਵਿਚ ਪ੍ਰਮੇਸ਼ਰ ਦੇ ਦੀਦਾਰੇ ਹੁੰਦੇ ਰਹਿੰਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਗੁਰਮੁਖਿ ਭਏ ਨਿਰਾਸ*
*ਪਰਮ ਸੁਖੁ ਪਾਇਆ॥*
*ਵਿਚੇ ਗਿਰਹ ਉਦਾਸ*
*ਅਲਿਪਤ ਲਿਵ ਲਾਇਆ॥*

**ਅੰਗ** *- 1249*

*ਗੁਰਮੁਖਿ ਬੁਢੇ ਕਦੇ ਨਾਹੀ*
*ਜਿਨਾ ਅੰਤਰਿ ਸੁਰਤਿ ਗਿਆਨੁ॥*
*ਸਦਾ ਸਦਾ ਹਰਿ ਗੁਣ ਰਵਹਿ*
*ਅੰਤਰਿ ਸਹਜ ਧਿਆਨੁ॥*
*ਓਇ ਸਦਾ ਅਨੰਦਿ ਬਿਬੇਕ ਰਹਹਿ*
*ਦੁਖਿ ਸੁਖਿ ਏਕ ਸਮਾਨਿ॥*
*ਤਿਨਾ ਨਦਰੀ ਇਕੋ ਆਇਆ*
*ਸਭੁ ਆਤਮ ਰਾਮੁ ਪਛਾਨੁ॥*

**ਅੰਗ** *- 1418*

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਗੁਰਮੁਖ ਦਾ ਮਨ ਅਤੇ ਇੰਦ੍ਰੇ ਉਸਦੇ ਕਾਬੂ ਵਿਚ ਹੁੰਦੇ ਹਨ। ਉਹ ਦੁਨੀਆਂ ਦੇ ਰੰਗ ਤਮਾਸ਼ੇ ਦੇਖ ਕੇ ਵਾਹਿਗੁਰੂ ਜੀ ਦੀ ਲੀਲ੍ਹਾ ਹੀ ਜਾਣਦੇ ਹਨ। ਉਹ ਵਾਹਿਗੁਰੂ ਜੀ ਦੇ ਪਿਆਰ ਵਿਚ ਸਦਾ ਹੀ ਜੁੜੇ ਰਹਿੰਦੇ ਹਨ। ਸੋ ਐਸੇ ਪੁਰਸ਼ ਨੂੰ ਗੁਰਮੁਖ ਆਖਿਆ ਜਾਂਦਾ ਹੈ।

ਇਕ ਵਾਰੀ ਇਕ ਸਿੱਖ ਨੇ ਪ੍ਰਸ਼ਨ ਕੀਤਾ ਕਿ ਸੱਚੇ ਪਾਤਸ਼ਾਹ! ਜੀਵਨ ਮੁਕਤ ਕੌਣ ਹੁੰਦਾ ਹੈ? ਮਹਾਰਾਜ ਜੀ ਨੇ ਫੁਰਮਾਨ ਕੀਤਾ ਤੇ ਕਿਹਾ ਕਿ ਜੀਵਨ ਮੁਕਤ ਪੁਰਸ਼ ਸਦਾ ਹੀ ਪ੍ਰਭੂ ਦੀ ਆਗਿਆ ਵਿਚ ਰਹਿੰਦਾ ਹੈ। ਪ੍ਰਭੂ ਦੀ ਆਗਿਆ ਪੂਰੇ ਪਿਆਰ ਨਾਲ ਮੰਨਦਾ ਹੈ। ਉਸ ਵਿਚੋਂ ਹਉਂ ਦਾ ਪੂਰੀ ਤਰ੍ਹਾਂ ਨਾਸ਼ ਹੋ ਚੁਕਿਆ ਹੁੰਦਾ ਹੈ। ਉਸਨੂੰ ਸਵਰਨ ਅਤੇ ਮਿੱਟੀ ਇਕੋ ਜਿਹੀਆਂ ਹੀ ਲਗਦੀਆਂ ਹਨ। ਅੰਮ੍ਰਿਤ ਤੇ ਬਿਖ ਵੀ ਬ੍ਰਹਮ ਰੂਪ ਹੀ ਦਿਸਦੀਆਂ ਹਨ। ਖੁਸ਼ੀ ਤੇ ਗਮੀ ਵਿਚ ਉਹ ਇਕ ਰਸ ਰਹਿੰਦਾ ਹੈ। ਉਸ ਦੇ ਮਨ ਵਿਚ ਕਦੇ ਵੀ ਵਿਜੋਗ ਨਹੀਂ ਆਉਂਦਾ, ਖੇੜੇ ਵਿਚ ਰਹਿੰਦਾ ਹੈ। ਮਾਨ ਤੇ ਅਪਮਾਨ ਨੂੰ ਇਕੋ ਜਿਹਾ ਹੀ ਜਾਣਦਾ ਹੈ, ਗਰੀਬ ਤੇ ਰਾਜੇ ਵਿਚ ਕੋਈ ਵਿਸ਼ੇਸ਼ਤਾ ਨਹੀਂ ਦਿੰਦਾ। ਜਿਸ ਪੁਰਖ ਦਾ ਜੀਵਨ ਇਸ ਤਰ੍ਹਾਂ ਦਾ ਹੋਇਆ ਕਰਦਾ ਹੈ ਉਹ ਜੀਵਨ ਮੁਕਤ ਕਹਾਉਂਦਾ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ॥ ਅੰਗ - 275*

ਸੋ ਇਸ ਤਰ੍ਹਾਂ ਦੇ ਉਪਦੇਸ਼ ਦਿੰਦੇ ਹੋਏ ਗੁਰੂ ਮਹਾਰਾਜ ਜੀ ਸਾਰੇ ਭਾਰਤ ਵਰਸ਼ ਵਿਚ ਬੇਅੰਤ ਗੁਰਸਿੱਖਾਂ ਦੀਆਂ ਭਾਵਨਾਵਾਂ ਪੂਰੀਆਂ ਕਰਨ ਲਈ ਇਕ ਲੰਮੇ ਦੌਰੇ ਤੇ ਚੱਲੇ। ਕਿਸੇ ਗੁਰਸਿੱਖ ਦਾ ਇਹ ਪ੍ਰਣ ਸੀ ਕਿ ਮੈਂ ਜੋ ਖ਼ੂਬਸੂਰਤ ਪਲੰਘ ਬਣਾਇਆ ਹੈ, ਜਦੋਂ ਤੱਕ ਗੁਰੂ ਮਹਾਰਾਜ ਜੀ ਇਸ ਉਪਰ ਨਹੀਂ ਬੈਠਦੇ ਉਦੋਂ ਤੱਕ ਮੈਂ ਮੰਜੇ ਉਪਰ ਨਹੀਂ ਪੈਣਾ। ਕਈਆਂ ਨੇ ਬਹੁਤ ਸਾਰੇ ਮਕਾਨ ਬਣਾਏ ਸਨ ਕਿ ਜਦੋਂ ਤੱਕ ਗੁਰੂ ਮਹਾਰਾਜ ਜੀ ਚਰਨ ਨਹੀਂ ਪਾਉਂਦੇ ਅਸੀਂ ਘਰ ਵਿਚ ਦਾਖਲ ਨਹੀਂ ਹੋਣਾ। ਕਿਸੇ ਨੇ ਬਹੁਤ ਕੀਮਤੀ ਪੁਸ਼ਾਕਾਂ ਗੁਰੂ ਮਹਾਰਾਜ ਜੀ ਵਾਸਤੇ ਬਣਾਈਆਂ ਸਨ। ਕਿਸੇ ਨੇ ਘੋੜਾ ਪਾਲ ਰੱਖਿਆ ਸੀ, ਕਿਸੇ ਨੇ ਪਾਲਕੀ ਬਣਾ ਰੱਖੀ ਸੀ ਉਹ ਬਾਰ-ਬਾਰ ਅਰਦਾਸਾਂ ਕਰਦੇ ਸਨ ਕਿ ਜਿਵੇਂ ਅਮਰੀਕ ਰਾਜੇ ਦੀ ਸਹਾਇਤਾ ਕੀਤੀ, ਦਰੋਪਤੀ ਦੀ ਲਾਜ ਰੱਖੀ, ਬਿਦਰ ਦਾ ਸਾਗ ਖਾਧਾ, ਧੰਨੇ ਦੇ ਵੱਗ ਚਾਰੇ, ਕਰਮੋ ਬਾਈ ਦੀ ਖਿੱਚੜੀ ਖਾਧੀ, ਉਥੇ ਤੁਸੀਂ ਪ੍ਰਤੱਖ ਹੋ ਕੇ ਦਰਸ਼ਨ ਦਿਤੇ; ਹੇ ਗੁਰੂ ਮਹਾਰਾਜ! ਆਪ ਸਮਰੱਥ ਹੋ, ਤੁਸੀਂ ਸਾਡੀਆਂ ਭਾਵਨਾਵਾਂ ਪੂਰੀਆਂ ਕਰੋ, ਅਸੀਂ ਆਪ ਦੇ ਸਿੱਖ ਹਾਂ, ਸਾਨੂੰ ਵੀ ਦਰਸ਼ਨ ਬਖਸ਼ੋ, ਅਸੀਂ ਵੀ ਸੇਵਾ ਕਰ ਸਕੀਏ। ਅਜਿਹੀਆਂ ਭਾਵਨਾਵਾਂ ਪੂਰੀਆਂ ਕਰਨ ਵਾਸਤੇ ਗੁਰੂ ਮਹਾਰਾਜ ਜੀ ਅਨੰਦਪੁਰ ਸਾਹਿਬ ਤੋਂ ਚੱਲ ਕੇ, ਘਨੌਲੀ ਤੋਂ ਹੁੰਦੇ ਹੋਏ ਅਨੰਦਪੁਰ, ਕਨੌੜ, ਦਾਦੂ ਮਾਰੇ, ਉਗਾਣਾ, ਨੌ ਲੱਖਾਂ, ਹੁੰਦੇ ਹੋਏ, ਨਵਾਬ ਸੈਫਖਾਨ ਕੋਲ ਬਹਾਦਰਗੜ੍ਹ ਪਹੁੰਚੇ। ਇਹ ਸ਼ਾਹਜਹਾਨ ਦਾ ਸਾਢੂ ਸੀ, ਕਸ਼ਮੀਰ ਦਾ ਗਵਰਨਰ ਰਹਿ ਚੁੱਕਾ ਸੀ। ਗੁਰੂ ਮਹਾਰਾਜ ਜੀ ਨੇ ਉਸ ਦੇ ਬਾਗ ਵਿਚ ਡੇਰਾ ਕੀਤਾ। ਉਸ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਸੈਫਖਾਨ ਨੇ ਆਪਣੇ ਮਹਿਲਾਂ ਵਿਚ ਚਰਨ ਪਵਾਏ। ਮਹਾਰਾਜ ਜੀ ਨੇ ਕਿਹਾ ਕਿ ਸੈਫਖਾਨ! ਤੂੰ ਘਰ ਕਿਲੇ ਵਰਗਾ ਬਣਾਇਆ ਹੈ। ਸੈਫਖਾਨ ਨੇ ਕਿਹਾ ਕਿ ਮਹਾਰਾਜ! ਇਥੇ ਇਕ ਭੇਡ ਨੇ ਲੇਲਾ ਦਿਤਾ ਸੀ, ਦੋ ਬਘਿਆੜ ਉਸਨੂੰ ਚੁੱਕਣ ਆ ਗਏ ਪਰ ਭੇਡ ਨੇ ਮਾਰ ਨਾ ਖਾਧੀ। ਦੋਹਾਂ ਬਘਿਆੜਾਂ ਨੂੰ ਵਾਪਸ ਜਾਣਾ ਪਿਆ। ਇਸ ਥਾਂ ਨੂੰ ਮੈਂ ਅਜਿੱਤ ਜਾਣ ਕੇ ਕਿਲੇ ਵਰਗਾ ਘਰ ਬਣਾਇਆ ਹੈ।

ਅਨੇਕ ਪਿੰਡਾਂ 'ਚੋਂ ਹੁੰਦੇ ਹੋਏ, ਆਪ ਥਾਂ-ਥਾਂ ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਏ ਗੰਢੂ ਪਿੰਡ ਭਾਈ ਮੂਰੂ ਦੇ ਘਰ ਉਤਰੇ। ਉਸ ਨੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਜੰਗਾਂ ਵਿਚ ਬਹਾਦਰੀ ਦਿਖਾਈ ਸੀ ਤੇ ਮੰਗ ਕੀਤੀ ਸੀ ਕਿ ਜਦੋਂ ਮੇਰਾ ਅੰਤ ਸਮਾਂ ਆਵੇ ਤਾਂ ਮੈਨੂੰ ਆਪ ਦੇ ਦਰਸ਼ਨ ਹੋਣ ਤਾਂ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਸੀ ਕਿ ਅਸੀਂ ਨੌਂਵੇਂ ਜਾਮੇ ਵਿਚ ਤੇਰੀ ਇੱਛਾ ਪੂਰੀ ਕਰਾਂਗੇ। ਸੋ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਦਿਆਂ ਹੋਇਆਂ ਚਰਨਾਂ ਤੇ ਸੀਸ ਰੱਖ ਕੇ ਚਲਾਣਾ ਕਰ ਗਿਆ। ਇਸ ਤਰ੍ਹਾਂ ਦੇ ਕੌਤਕ ਕਰਦੇ ਹੋਏ ਆਪ ਪਟਨੇ ਸਾਹਿਬ ਪਹੁੰਚਦੇ ਹਨ ਜਿਸ ਥਾਂ ਤੇ ਗੁਰੂ ਦਸ਼ਮੇਸ਼ ਪਿਤਾ ਜੀ ਦਾ ਪ੍ਰਕਾਸ਼ ਹੋਇਆ। ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਨੂੰ ਅਸਾਮ ਜਿੱਤਣ ਵਾਸਤੇ ਫੌਜ ਦੇ ਕੇ ਭੇਜ ਦਿਤਾ। ਅਸਾਮ ਵਿਚ ਜਾਦੂ ਬਹੁਤ ਜ਼ੋਰਾਂ ਤੇ ਹੁੰਦਾ ਸੀ ਅਤੇ ਪਹਿਲਾਂ ਜੋ ਜਰਨੈਲ ਆਏ ਉਹ ਮਾਰੇ ਜਾ ਚੁੱਕੇ ਸਨ ਜਾਂ ਉਹ ਹਾਰ ਮੰਨ ਕੇ ਵਾਪਸ ਆ ਗਏ ਸਨ। ਇਸ ਰਾਜੇ ਨੂੰ ਗੁਰੂ ਪਾਤਸ਼ਾਹ ਦਾ ਪਤਾ ਲੱਗਿਆ ਕਿ ਬੰਗਾਲ ਢਾਕੇ ਵਿਚ ਆਏ ਹੋਏ ਹਨ। ਰਾਜਾ ਰਾਮ ਸਿੰਘ ਗੁਰੂ ਮਹਾਰਾਜ ਦੀ ਚਰਨ ਸ਼ਰਨ ਪੁਜਿਆ। ਉਸਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਔਰੰਗਜ਼ੇਬ ਨੇ ਮੈਨੂੰ ਆਸਾਮ ਫਤਹਿ ਕਰਨ ਵਾਸਤੇ ਭੇਜਿਆ ਹੈ। ਇਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਿਆ। ਮੀਰ ਜੁਮਲਾ ਅਹੋਮੀਆ ਨਾਲ ਲੜਦੇ-ਲੜਦੇ ਮਾਰਿਆ ਗਿਆ

ਸੀ। ਹੁਣ ਇਧਰ ਨੂੰ ਕੋਈ ਮੂੰਹ ਨਹੀਂ ਕਰਦਾ ਕਿਉਂਕਿ ਬੜਾ ਭਿਆਨਕ ਜਾਦੂ ਇਹ ਲੋਕ ਦਿਖਾਉਂਦੇ ਹਨ। ਇਥੇ ਦੇ ਜਾਦੂ ਦੀਆਂ ਬਹੁਤ ਹੀ ਕਹਾਣੀਆਂ ਹਨ। ਗੁਰੂ ਮਹਾਰਾਜ ਨੇ ਨੂਰਸ਼ਾਹ ਜਾਦੂਗਰਨੀ ਨੂੰ ਜਾਦੂ ਤੋਂ ਹਟਾ ਕੇ ਗੁਰਮਤਿ ਜੀਵਨ ਦੀ ਬਖਸ਼ਿਸ਼ ਕੀਤੀ ਸੀ। ਗੁਰੂ ਮਹਾਰਾਜ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ, ਆਪ ਅਸਾਮ ਵਿਚ ਉਸਦੇ ਨਾਲ ਚਲੇ ਗਏ। ਅਸਾਮ ਵਾਲਿਆਂ ਨੇ ਬਹੁਤ ਜਾਦੂ ਕੀਤੇ ਪਰ ਕੋਈ ਵੀ ਨਾ ਚਲ ਸਕਿਆ। ਗੁਰੂ ਮਹਾਰਾਜ ਨੇ ਉਥੇ ਦੇ ਰਾਜਿਆਂ ਦੀ ਸੁਲਾਹ ਕਰਾ ਦਿਤੀ। ਅਸਾਮ ਵਿਚ ਗੁਰੂ ਮਹਾਰਾਜ ਜੀ ਨੇ ਨਾਮ ਦੀ ਮਹਿਮਾ ਦੱਸ ਕੇ ਕਿਹਾ –

***ਸਾਈ ਨਾਮੁ ਅਮੋਲੁ***
***ਕੀਮ ਨ ਕੋਈ ਜਾਣਦੋ॥ ਅੰਗ - 81***

ਨਾਮ ਨਾਲ ਜੋੜਿਆ ਅਤੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅਜਿਹਾ ਕਾਰਜ ਕਰਕੇ ਗੁਰੂ ਮਹਾਰਾਜ ਜੀ ਵਾਪਸ ਅਨੰਦਪੁਰ ਸਾਹਿਬ ਆ ਗਏ। ਆਪ ਨੂੰ ਕਾਫੀ ਸਮਾਂ ਪੂਰਬ ਦੇ ਦੌਰੇ ਵਿਚ ਲਗ ਗਿਆ ਸੀ। ਇਧਰ ਪੰਜਾਬ ਵਿਚ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਬਹੁਤ ਭਿਆਨਕ ਕਿਸਮ ਦਾ ਚੱਕਰ ਚਲ ਰਿਹਾ ਸੀ। ਭਾਰਤ ਦੀ ਜਨਤਾ ਤ੍ਰਾਹ-ਤ੍ਰਾਹ ਕਰ ਰਹੀ ਸੀ ਪਰ ਕੋਈ ਦੇਵੀ ਦੇਵਤਾ ਉਨ੍ਹਾਂ ਦਾ ਦੁਖ ਦੂਰ ਕਰਨ ਨੂੰ ਪ੍ਰਗਟ ਨਾ ਹੋਇਆ। ਕਸ਼ਮੀਰ ਵਿਚ ਬਹੁਤ ਸਖਤੀ ਤੇ ਤਸੀਹੇ ਦੇ ਕੇ ਧਰਮ ਬਦਲਾਇਆ ਜਾ ਰਿਹਾ ਸੀ। ਉਨ੍ਹਾਂ ਨੇ ਅਮਰਨਾਥ ਦੀ ਗੁਫਾ ਵਿਚ ਜਾ ਕੇ, ਅੰਨ ਪਾਣੀ ਛੱਡ ਕੇ, ਮਰਨ ਵਰਤ ਰੱਖ ਕੇ ਅਰਦਾਸਾਂ ਕੀਤੀਆਂ ਕਿ ਹੇ ਪ੍ਰਭੂ! ਤੁਸੀਂ ਅਸਾਡੀ ਰਖਸ਼ਾ ਕਰੋ। ਐਸ ਵੇਲੇ ਕਿਸ ਦੇ ਦਰ ਤੇ ਜਾਈਏ ਜੋ ਸਾਡੀ ਬਾਂਹ ਫੜੇ?

ਜਦੋਂ ਬਹੁਤ ਦਿਨ ਅਰਦਾਸਾਂ ਕਰਦਿਆਂ ਨੂੰ ਹੋ ਗਏ ਤਾਂ ਇਤਿਹਾਸ ਵਿਚ ਲਿਖਿਆ ਹੈ ਕਿ ਇਕ ਬਹੁਤ ਜਟਾ-ਜੂਟ ਸਾਧੂ ਉਥੇ ਪ੍ਰਗਟ ਹੋਇਆ ਤਾਂ ਉਸਨੇ ਕਿਹਾ ਕਿ ਹੇ ਬ੍ਰਾਹਮਣੋਂ! ਅੱਜ ਕਲਜੁਗ ਵਿਚ ਕੋਈ ਦੇਵ ਐਸਾ ਨਹੀਂ ਜੋ ਇਸ ਜ਼ੁਲਮ ਨੂੰ ਖਤਮ ਕਰਨ ਲਈ ਤੁਹਾਡੀ ਸਹਾਇਤਾ ਕਰੇ। ਤੁਹਾਡੀ ਸਹਾਇਤਾ ਕੇਵਲ ਗੁਰੂ ਨਾਨਕ ਪਾਤਸ਼ਾਹ ਦੀ ਗੁਰਗੱਦੀ ਤੇ ਬੈਠੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਕਰਨ ਦੀ ਸਮਰੱਥਾ ਰਖਦੇ ਹਨ। ਉਨ੍ਹਾਂ ਨੂੰ ਢਾਰਸ ਮਿਲੀ ਉਨ੍ਹਾਂ ਨੇ ਸਮਝਿਆ ਕਿ ਸ਼ਿਵ ਜੀ ਮਹਾਰਾਜ ਜੀ ਨੇ ਪ੍ਰਗਟ ਹੋ ਕੇ ਹੀ ਸਾਨੂੰ ਹੁਕਮ ਦਿਤਾ ਹੈ। ਐਸਾ ਵੀ ਲਿਖਦੇ ਹਨ ਕਿ ਪੰਡਤਾਂ ਦੇ ਮੁਖੀ ਪੰਡਤ ਕ੍ਰਿਪਾ ਰਾਮ ਜੀ ਨੂੰ ਸ਼ਿਵ ਜੀ ਮਹਾਰਾਜ ਜੀ ਦੇ ਦਰਸ਼ਨ ਹੋਏ, ਉਸਨੂੰ ਸ਼ਿਵ ਜੀ ਮਹਾਰਾਜ ਨੇ ਕਿਹਾ ਕਿ ਹੁਣ ਗੁਰੂ ਤੇਗ ਬਹਾਦਰ ਜੀ ਤੋਂ ਬਿਨਾਂ ਹਿੰਦੂ ਧਰਮ ਦਾ ਬੇੜਾ ਬੰਨੇ ਲਾਉਣ ਵਾਲਾ ਤੇ ਤੁਹਾਡੀ ਬਾਂਹ ਫੜਨ ਵਾਲਾ ਹੋਰ ਕੋਈ ਨਹੀਂ ਹੈ। ਉਸ ਵੇਲੇ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਬਹੁਤ ਵੱਡਾ ਇਕੱਠ ਬੁਲਾਇਆ ਗਿਆ। ਉਸ ਵਿਚ ਉਸਨੇ ਵੱਡਾ 500 ਪ੍ਰਾਣੀਆਂ ਦਾ deputation (ਵਫਦ) ਲੈ ਕੇ ਅਨੰਦਪੁਰ ਸਾਹਿਬ ਗੁਰੂ ਮਹਾਰਾਜ ਦੀ ਚਰਨ ਸ਼ਰਨ ਪੁੱਜਣ ਦਾ ਫੈਸਲਾ ਕੀਤਾ। ਪੰਡਤ ਕ੍ਰਿਪਾ ਰਾਮ ਜੋ ਮਟਨ (ਕਸ਼ਮੀਰ) ਨਿਵਾਸੀ ਸਨ, ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਵਿਦਿਆ ਵੀ ਦਿੰਦੇ ਰਹੇ ਸਨ। ਪੰਡਤ ਕ੍ਰਿਪਾ ਰਾਮ ਉਸੇ ਬ੍ਰਹਮ ਦਾਸ ਦਾ ਪੜਪੋਤਾ ਸੀ ਜਿਸਨੂੰ ਗੁਰੂ ਨਾਨਕ ਸਾਹਿਬ ਜੀ ਨੇ ਬ੍ਰਹਮਦ੍ਰਿਸ਼ਟੀ ਬਖਸ਼ੀ ਸੀ। ਇਹੀ ਕ੍ਰਿਪਾ ਰਾਮ ਅੰਮ੍ਰਿਤ ਛਕ ਕੇ ਸਿੰਘ ਬਣਿਆ ਅਤੇ ਚਮਕੌਰ ਦੀ ਜੰਗ ਵਿਚ ਦਸੰਬਰ 1704 ਨੂੰ ਜੂਝਦੇ ਹੋਏ ਸ਼ਹੀਦ ਹੋਇਆ। ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਕ੍ਰਿਪਾ ਰਾਮ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਤਾਕਤ ਦੇ ਨਸ਼ੇ ਵਿਚ ਤੁਰਕ, ਹਿੰਦੂ ਧਰਮ ਦੇ ਬ੍ਰਿਖ ਨੂੰ ਜੜ੍ਹੋਂ ਉਖੇੜਨਾ ਚਾਹੁੰਦੇ ਹਨ। ਆਪ ਜੀ ਜਿਹੇ ਸ਼ੇਰ ਦੇ ਹੁੰਦਿਆਂ ਸਾਨੂੰ ਯਕੀਨ ਹੈ ਕਿ ਉਹ ਮੂੰਹ ਦੀ ਖਾਣਗੇ ਤੇ ਹੱਥ ਜੋੜ ਕੇ ਇਹ ਵੀ ਕਿਹਾ ਕਿ ਜਦੋਂ ਧਰਮ ਦੀ ਹਾਨੀ ਹੋਣ ਲਗਦੀ ਹੈ ਤਾਂ ਗੀਤਾ ਜੀ ਵਿਚ ਲਿਖੇ ਅਨੁਸਾਰ ਧਰਮ ਦੀ ਰਖਸ਼ਾ ਕਰਨ ਵਾਸਤੇ ਮਹਾਂਪੁਰਸ਼ ਪ੍ਰਗਟ ਹੁੰਦੇ ਹਨ।

***ਗਜ ਸਮ ਤੁਰਕ ਤੇਜ ਚਵੱਗਤਾ।***
***ਹਿੰਦੂ ਧਰਮ ਤੁਰਕੋ ਪਿਖਿਮਤਾ।***
***ਤੌਰਤਿ ਮੂਲ ਉਖਾਰਯੋ ਜੋਵਭਿ।***

*ਬਲੀ ਕੇਹਰੀ ਤੁਮਰੇ ਹੋਵਤਿ।*
*ਜਗ ਤੇ ਬਿਨਸਨ ਲਗਹਿ ਧਰਮ ਜਬ।*
*ਪ੍ਰਭ ਅਵਿਤਾਰ ਸੁਧਾਰਿ ਤੁਰਤੁ ਤਬ।*
*(ਸੂਰਜ ਪ੍ਰਕਾਸ਼)*

*ਤੁਮ ਪਰਉਪਕਾਰੀ, ਰੂਪ ਮੁਰਾਰੀ,*
*ਸ਼ਕਤੀ ਭਾਰੀ ਯਤੈਵਰੈਂ।*
*ਹਿਤ ਧਰਮ ਧੁਰਾਵਨ, ਤੁਮਾਰਾ ਆਵਨ, ਹੈਯੋ*
*ਪਾਵਨ ਧਰਾਪਰੈ।*
*ਇਤਿਯਾਦਕ ਬਾਨੀ, ਹਿੰਦੂਨਿ ਭਾਨੀ,*
*ਦੀਨ ਕਿਤਾਨੀ, ਹੋਇਜਬੈ।*
*ਗੁਰੂ ਤੇਗ ਬਹਾਦਰ ਹਿੰਦੂਨਿ ਚਾਦਰ, ਰੱਖਕ*
*ਸਾਦਰ, ਸੁਨਯੋਸਬੈ।*

ਤੁਸੀਂ ਪ੍ਰਭੂ ਦੇ ਅਵਤਾਰ ਹੋ, ਸਾਡੀ ਬਾਂਹ ਫੜੋ। ਸਾਡੇ ਬੇੜੇ ਨੂੰ ਮਲਾਹ ਬਣ ਕੇ ਪਾਰ ਕਰਾਓ, ਇਸ ਵੇਲੇ ਹਿੰਦੂ ਨੂੰ ਇਕੋ ਆਸਰਾ ਹੈ –

*ਏਕ ਆਸਰਾ ਆਪ ਗੁਸਾਈਂ।*
*ਗਹਹੁ ਬਾਹੁ ਡੂਬਤਿ ਸਭਿ ਜਾਈਂ।*
*ਨਿਜ ਕਰੁਨਾ ਤਰਨੀ ਬਰ ਧਰੋ।*
*ਕਰਨ ਧਾਰਿ ਬਨਿ ਪਾਰਹਿ ਕਰੋ।*
...............................
*ਰਾਖਹੁ ਅਬ ਹਿੰਦੁਨ ਕੀ ਟੇਕ।*
*ਨਾਹਿਤ ਜਗ ਮਹਿ ਰਹੇ ਨ ਏਕ।*

ਉਨ੍ਹਾਂ ਦੀਆਂ ਬੇਨਤੀਆਂ ਸੁਣ ਕੇ ਗੁਰੂ ਮਹਾਰਾਜ ਜੀ ਨੇ ਜੰਝੂ ਤੇ ਤਿਲਕ ਦੀ ਰੱਖਿਆ ਕਰਨ ਦਾ ਬੀੜਾ ਉਠਾ ਲਿਆ ਕਿਉਂਕਿ ਉਹ ਬਾਰ-ਬਾਰ ਬੇਨਤੀਆਂ ਕਰ ਰਹੇ ਸਨ –

*ਦੁਖੀਏ ਬਿਪ੍ਰ ਜੁ ਚਲਕੇ,*
*ਆਏ ਪੁਰੀ ਅਨੰਦ।*
*ਬਾਂਹਿ ਅਸਾਡੀ ਪਕਰੀਏ,*
*ਗੁਰੂ ਹਰਗੋਬਿੰਦ ਕੇ ਚੰਦ॥*

ਉਸਨੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਕਲਜੁੱਗ ਦੇ ਅਵਤਾਰ ਕ੍ਰਿਸ਼ਨ ਮਹਾਰਾਜ ਜੀ ਹੋ-

*ਹਾਥ ਜੋਰ ਕਹਿਯੋ ਕਿਰਪਾ ਰਾਮ।*
*ਦਤ ਬ੍ਰਹਮਣ ਮਟਨ ਗ੍ਰਾਮ।*
*ਹਮਰੋ ਬਲ ਅਬ ਰਹਯੋ ਨ ਕਾਈ।*
*ਹੇ ਗੁਰ ਤੇਗ ਬਹਾਦਰ ਰਾਈ।*
*ਗਜ ਕੇ ਬੰਧਨ ਕਾਟਨ ਹਾਰੇ।*
*ਤੁਮ ਗੁਰ ਨਾਨਕ ਹੈ ਅਵਤਾਰੇ।*
*ਜਿਮ ਦਰੋਪਤੀ ਰਾਖੀ ਲਾਜ।*
*ਦਿਯੋ ਸਵਾਰ ਸੁਦਾਮੈ ਕਾਜ।*
*ਫਿਰਤ ਫਿਰਤ ਪ੍ਰਭ ਆਏ ਥਾਰੈ।*
*ਥਾਕ ਪਰੈ ਹਉਂ ਤਉ ਦਰਬਾਰੈ।*
*ਸੇਵਾ ਹਰੀ ਇਸ ਅਰਜ਼ ਗੁਜ਼ਾਰੀ।*
*ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ।*

ਇਹ ਸਾਰੀਆਂ ਬੇਨਤੀਆਂ ਸੁਣ ਕੇ ਗੁਰੂ ਮਹਾਰਾਜ ਜੀ ਬਹੁਤ ਗੰਭੀਰ ਹੋ ਕੇ ਕਿਸੇ ਗਹਿਰੀ ਵਿਚਾਰ ਵਿਚ ਸਨ ਕਿ ਇਤਨੇ ਨੂੰ ਗੁਰੂ ਦਸ਼ਮੇਸ਼ ਪਿਤਾ ਬਾਹਰ ਸਾਥੀਆਂ ਨਾਲ ਖੇਲ੍ਹਣ ਗਏ ਹੋਏ ਪਹੁੰਚ ਗਏ। ਗੁਰੂ ਦਸ਼ਮੇਸ਼ ਜੀ ਬਾਲ ਰੂਪ ਵਿਚ ਸਨ। ਇਸ ਤਰ੍ਹਾਂ ਦਾ ਮਾਹੌਲ ਦੇਖ ਕੇ, ਪੁਛਣ ਲੱਗੇ ਕਿ ਕੀ ਕਾਰਨ ਹੈ? ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਅੱਜ ਹਿੰਦੂ ਧਰਮ ਦਾ ਤਿਲਕ ਤੇ ਜੰਝੂ ਐਨਾ ਖਤਰੇ ਵਿਚ ਪੈ ਗਿਆ ਹੈ ਕਿ ਜੇ ਇਨ੍ਹਾਂ ਦੀ ਮਦਦ ਨਾ ਕੀਤੀ ਗਈ ਤਾਂ ਇਹ ਸਦਾ ਵਾਸਤੇ ਭਾਰਤ ਵਿਚੋਂ ਮਿਟ ਜਾਣਗੇ। ਜਦੋਂ ਪੁਛਿਆ ਕਿ ਪਿਤਾ ਜੀ ਤੁਸੀਂ ਕੀ ਸੋਚਿਆ ਹੈ ਤਾਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਪੁੱਤਰ! ਪੂਰਨ ਮਹਾਂਪੁਰਸ਼ ਦੇ ਸੀਸ ਦਿਤੇ ਬਿਨਾਂ ਇਨ੍ਹਾਂ ਦਾ ਛੁਟਕਾਰਾ ਨਹੀਂ ਹੋਣਾ। ਉਸ ਵੇਲੇ ਆਪ ਨੇ ਸਹਿਜ ਸੁਭਾਅ ਕਿਹਾ ਕਿ ਪਿਤਾ ਜੀ! ਤੁਹਾਡੇ ਤੋਂ ਵੱਡਾ ਤਾਂ ਕੋਈ ਹੋਰ ਮਹਾਂਪੁਰਸ਼ ਨਹੀਂ ਹੈ। ਤੁਸੀਂ ਇਹ ਸੀਸ ਦੇ ਕੇ ਇਨ੍ਹਾਂ ਦੀ ਰਖਸ਼ਾ ਕਰੋ। ਉਸ ਵੇਲੇ ਆਪ ਨੇ ਪੰਡਤਾਂ ਨੂੰ ਕਿਹਾ ਕਿ ਤੁਸੀਂ ਅਰਜ਼ਦਾਸਤ ਵਿਚ ਲਿਖੋ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਹਨ। ਅਸੀਂ ਸਾਰਾ ਭਾਰਤ ਵਰਸ਼ ਉਨ੍ਹਾਂ ਦੇ ਹੁਕਮ ਵਿਚ ਹਾਂ। ਜੇ ਤੁਸੀਂ ਉਨ੍ਹਾਂ ਨੂੰ ਦੀਨੇ ਇਸਲਾਮ ਵਿਚ ਲੈ ਆਓ ਤਾਂ ਅਸੀਂ ਸਹਿਜੇ ਹੀ ਸਾਰੇ ਭਾਰਤ ਵਰਸ਼ ਦੇ ਹਿੰਦੂ, ਇਸਲਾਮ ਮਤ ਵਿਚ ਆ ਜਾਵਾਂਗੇ। ਇਹ ਚਿੱਠੀ ਜਦੋਂ ਔਰੰਗਜ਼ੇਬ ਦੇ ਪਾਸ ਪਹੁੰਚੀ, ਉਸਨੇ ਪੜ੍ਹੀ, ਗੁਰੂ ਮਹਾਰਾਜ ਜੀ ਨੂੰ ਦਿੱਲੀ ਬੁਲਾਇਆ ਗਿਆ। ਪਹਿਲਾਂ ਬਹੁਤ ਲੰਮੀਆਂ ਚੌੜੀਆਂ ਵਿਚਾਰਾਂ ਹੋਈਆਂ। ਉਸ ਤੋਂ

ਪਿਛੋਂ ਸਖਤੀ ਨਾਲ ਮਨਾਉਣ ਦਾ ਜਤਨ ਕੀਤਾ, ਦਹਿਸ਼ਤ ਫੈਲਾਉਣ ਵਾਸਤੇ ਉਨ੍ਹਾਂ ਨੇ ਪਹਿਲੇ ਦਿਨ ਮਤੀਦਾਸ ਜੀ ਨੂੰ ਫੱਟਿਆਂ ਵਿਚ ਬੰਨ੍ਹ ਕੇ ਆਰੇ ਨਾਲ ਚੀਰ ਦਿਤਾ। ਐਸਾ ਲਿਖਿਆ ਹੈ ਕਿ ਜਦੋਂ ਆਪ ਦੇ ਸੀਸ ਉਪਰ ਆਰਾ ਚਲ ਰਿਹਾ ਸੀ ਤਾਂ ਆਪ ਨੇ ਪਹਿਲਾ ਬਚਨ ਕਿਹਾ ਕਿ ਆਰਾ ਪਿਆਰਾ ਲਗਤ ਹੈ। ਜਦੋਂ ਤਨ ਦੇ ਦੋ ਟੁੱਕੜੇ ਹੋ ਕੇ ਧਰਤੀ ਤੇ ਗਿਰ ਗਏ ਤਾਂ ਇਕ ਅਵਾਜ਼ ਆ ਰਹੀ ਹੈ ਤੇ ਦੋਹਾਂ ਹਿੱਸਿਆਂ ਵਿਚੋਂ 'ਜਪੁਜੀ ਸਾਹਿਬ' ਪੜ੍ਹਿਆ ਜਾ ਰਿਹਾ ਹੈ –

***ਅਰਧੋ ਅਰਧ ਚਿਰਾਇ ਸੁ ਡਾਰਾ।***
***ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ।***
***ਦੋਨਹੁ ਤਨ ਤੇ ਜਪੁਜੀ ਪਢੈ।***
***ਹੇਰਤ ਸਭ ਕੇ ਅਚਰਜ ਬਢੈ॥***

***ਸੂਰਜ ਪ੍ਰਕਾਸ਼***

ਦੂਸਰੇ ਦਿਨ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਗੁਰਸਿੱਖ ਨੇ ਨਾ ਹੀ ਕਸੀਸ ਵੱਟੀ, ਨਾ ਹੀ ਹਾਏ ਕਹੀ, ਸਗਮਾਂ ਪਾਠ ਕਰਦਿਆਂ ਹੋਇਆਂ ਸ਼ਹੀਦੀ ਪਾ ਗਿਆ। ਤੀਸਰਾ ਸਿੱਖ ਭਾਈ ਸਤੀ ਦਾਸ ਜੋ ਸਾਖੀਆਂ ਲਿਖਿਆ ਕਰਦਾ ਸੀ, ਬਾਣੀ ਬਹੁਤ ਲਿਖਦਾ ਸੀ, ਉਸਨੂੰ ਰੂੰ ਵਿਚ ਵਲ੍ਹੇਟ ਕੇ ਅੱਗ ਲਾ ਕੇ ਸ਼ਹੀਦ ਕਰ ਦਿਤਾ ਗਿਆ। ਉਸ ਤੋਂ ਪਿਛੋਂ ਗੁਰੂ ਮਹਾਰਾਜ ਜੀ ਨੂੰ ਚਾਂਦਨੀ ਚੌਂਕ ਲਿਆ ਕੇ ਤਿੰਨ ਗੱਲਾਂ ਕਹੀਆਂ ਗਈਆਂ –

***ਤੀਨ ਬਾਤ ਨਿਰਨੈ ਕਰ ਲੀਜੈ।***
***ਲਖਹੁ ਭਲੀ ਸੋ ਧਾਰਨਿ ਕੀਜੈ।***
***ਸਰ੍ਹਾ ਚਲਹੁ ਕਲਮੇ ਕਹੁ ਪਢਿ ਮੁਖ।***
***ਦੇਹ ਸਾਹੁ ਭੋਗਹੁ ਸਭਿ ਬਿਧਿ ਸੁਖ।***
***ਜੇ ਹਠ ਕਰਹੁ ਨ ਮਾਨਹੁ ਏਹੋ।***
***ਕਰਾਮਾਤ ਕਾਮਲ ਹੁਇ ਦੇਹੋ।***
***ਜਿਮ ਹਜ਼ਰਤ ਤੁਮ ਤੇ ਕਰਵਾਵੈਂ।***
***ਤਿਮ ਕਰਿ ਦੇਹੁੰ ਦੇਖਿ ਹਰਖਾਵੈ।***
***ਰਾਮ ਰਾਇ ਜਿਮ ਤੁਮਰੋ ਪੋਤਾ।***
***ਸਦਾ ਸਾਹੁ ਅਨੁਸਾਰੀ ਹੋਤਾ।***
***ਜਏ ਇਹ ਦੋਨਹੁੰ ਨਾਹਿਨ ਮਾਨਹੁ।***
***ਆਪਨੇ ਪਾਨ ਪ੍ਰਾਨ ਕਹੁ ਹਾਨਹੁ।***
***ਤ੍ਰਿਤੀਏ ਪ੍ਰਾਨ ਹਾਨ ਕੀ ਬਾਤ।***
***ਸੋ ਹਮ ਸਹੈਂ ਆਪਨੇ ਗਾਤ।***

ਗੁਰੂ ਮਹਾਰਾਜ ਜੀ ਨੇ ਪ੍ਰਾਣ ਹਾਨ ਦੀ ਬਾਤ ਕਹੀ। ਆਪ ਜੀ ਨੂੰ ਪਿੰਜਰੇ ਵਿਚੋਂ ਕੱਢਿਆ ਗਿਆ। ਆਪ ਜੀ ਨੇ ਖੂਹ ਤੋਂ ਇਸ਼ਨਾਨ ਕੀਤਾ, ਜਪੁਜੀ ਸਾਹਿਬ ਦਾ ਪਾਠ ਕੀਤਾ, ਹਜ਼ਾਰਾਂ ਦੀ ਤਦਾਦ ਵਿਚ ਦਿੱਲੀ ਵਾਲੇ ਇੱਕਠੇ ਸਨ। ਕਾਜ਼ੀ ਨੇ ਫਤਵਾ ਸੁਣਾ ਦਿਤਾ, ਜਲਾਦ ਜਲਾਲੁਦੀਨ ਨੇ ਤਿੱਖੀ ਤਲਵਾਰ ਖਿੱਚੀ, ਤਲਵਾਰ ਚਲਾਈ, ਆਪ ਜੀ ਨੂੰ ਸ਼ਹੀਦ ਕਰ ਦਿਤਾ ਗਿਆ। ਉਸ ਵੇਲੇ ਪ੍ਰਕ੍ਰਿਤੀ ਨੂੰ ਐਸਾ ਝਟਕਾ ਲੱਗਿਆ ਕਿ ਦਿਨ ਵਿਚ ਹੀ ਕਾਲੀ ਬੋਲੀ ਹਨ੍ਹੇਰੀ ਚੱਲੀ, ਗਰਦ ਗਵਾਰ ਉਠਿਆ, ਤੁਫਾਨ ਆਇਆ, ਧਰਤੀ ਵਿਚ ਗੜਗੜਾਹਟ ਦੀ ਆਵਾਜ਼ ਹੋਈ। ਸਭ ਪਾਸੇ ਹਾਹਾਕਾਰ ਮਚ ਗਈ। ਐਸੀ ਹਨ੍ਹੇਰੀ ਉਠੀ ਕਿ ਦਿਨ ਵਿਚ ਪੂਰਨ ਹਨ੍ਹੇਰੀ ਰਾਤ ਛਾ ਗਈ। ਉਸ ਵੇਲੇ ਭਾਈ ਜੈਤੇ ਨੇ ਸੀਸ ਚੁੱਕ ਲਿਆ ਅਤੇ ਪਿਛੇ ਭਾਈ ਨਿਗਾਹੀਏ, ਭਾਈ ਲੱਖੀ ਸ਼ਾਹ ਨੇ ਇਸੇ ਗਰਦ ਗਵਾਰ ਵਿਚ ਗੁਰੂ ਮਹਾਰਾਜ ਦਾ ਧੜ ਆਪਣੇ ਘਰ ਲਿਜਾ ਕੇ ਸਸਕਾਰ ਕਰ ਦਿਤਾ। ਇਹ ਸ਼ਹੀਦੀ ਅਜਿਹੀ ਹੋਈ ਕਿ ਆਪਣੇ ਧਰਮ ਵਾਸਤੇ ਤਾਂ ਸੀਸ ਦਿਤਾ ਜਾ ਸਕਦਾ ਹੈ; ਗੁਰੂ ਨਾਨਕ ਦੇ ਉਪਦੇਸ਼ ਦੇ ਮੁਤਾਬਿਕ ਗੁਰਸਿੱਖਾਂ ਵਿਚ ਜਨੇਊ ਨਹੀਂ ਪਹਿਨਿਆਂ ਜਾਂਦਾ, ਨਾ ਹੀ ਤਿਲਕ ਲਾਇਆ ਜਾਂਦਾ ਹੈ ਪਰ ਇਹ ਵੀ ਵੱਡਾ ਭਾਰਾ ਗੁਣ ਹੈ ਕਿ ਦੂਸਰੇ ਦਾ ਦੁਖ ਮਿਟਾਉਣ ਲਈ ਆਪਣਾ ਆਪਾ ਕੁਰਬਾਨ ਕਰ ਦਿਤਾ ਜਾਂਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਬਚਿਤ੍ਰ ਨਾਟਕ ਵਿਚ ਫੁਰਮਾਨ ਕੀਤਾ ਹੈ –

***ਠੀਕਰਿ ਫੋਰਿ ਦਿਲੀਸ ਸਿਰਿ,***
***ਪ੍ਰਭ ਪੁਰ ਕੀਆ ਪਯਾਨ।***
***ਤੇਗ ਬਹਾਦਰ ਸੀ ਕ੍ਰਿਆ,***
***ਕਰੀ ਨ ਕਿਨਹੂੰ ਆਨ।***
***ਤੇਗ ਬਹਾਦਰ ਕੇ ਚਲਤ,***
***ਭਯੋ ਜਗਤ ਕੋ ਸੋਕ।***
***ਹੈ ਹੈ ਹੈ ਸਭ ਜਗ ਭਯੋ,***

*ਜੈ ਜੈ ਜੈ ਸੁਰ ਲੋਕ।*

***ਬਚਿਤ੍ਰ ਨਾਟਕ***

ਗੁਰੂ ਤੇਗ ਬਹਾਦਰ ਜੀ ਨੇ ਸਾਨੂੰ ਜੋ ਸਿਧਾਂਤ ਦਿਤਾ ਹੈ –

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥*

***ਅੰਗ – 1427***

ਨਾ ਹੀ ਕਿਸੇ ਨੂੰ ਡਰ ਦੇਣਾ ਹੈ, ਨਾ ਹੀ ਕਿਸੇ ਦਾ ਡਰ ਮੰਨਣਾ ਹੈ। ਸਰੀਰ ਦੇ ਨਾਸ਼ ਹੋਣ ਨਾਲ ਆਤਮਾ ਦਾ ਨਾਸ਼ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਾਧੋ ਇਹੁ ਤਨੁ ਮਿਥਿਆ ਜਾਨਉ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ*
*ਸਾਚੋ ਤਾਹਿ ਪਛਾਨੋ॥*

***ਅੰਗ – 1186***

ਉਹ ਆਤਮਾ ਨੂੰ ਅਮਰ ਜਾਣ ਕੇ ਅਤੇ ਆਤਮ ਸਰੂਪ ਗੁਰਸਿੱਖਾਂ ਵਿਚ ਦ੍ਰਿੜ੍ਹ ਕਰਾ ਕੇ ਦੇਹ ਅਧਿਆਸ ਤੋਂ ਕੱਢਦੇ ਹਨ। ਆਤਮਾ ਨਾ ਕੱਟੀ ਜਾ ਸਕਦੀ ਹੈ, ਨਾ ਜਾਲੀ ਜਾ ਸਕਦੀ ਹੈ, ਨਾ ਮਾਰੀ ਜਾ ਸਕਦੀ ਹੈ, ਨਾ ਸੁਕਦੀ ਹੈ; ਆਤਮ ਜੀਵਨ ਸਦਾ ਦਾ ਜੀਵਨ ਹੈ। ਉਹ ਆਤਮ ਦਰਸ਼ੀ ਪੁਰਸ਼ ਦੀਆਂ ਨਿਸ਼ਾਨੀਆਂ ਦੱਸਦੇ ਫੁਰਮਾਨ ਕਰਦੇ ਹਨ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ*
*ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ।।*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ।।*

***ਅੰਗ – 633***

ਆਪ ਨੇ ਗੁਰਸਿੱਖਾਂ ਨੂੰ ਮਤ ਦਿਤੀ ਕਿ ਸੰਸਾਰ ਤੋਂ ਜਾਣਾ ਇਕ ਅਟੱਲ ਸਚਾਈ ਹੈ। ਸਰੀਰ ਨੂੰ ਕਿਸੇ ਲੇਖੇ ਵਿਚ ਲਾਉਣਾ ਪ੍ਰਮ ਪੁਰਸ਼ਾਰਥ ਹੈ। ਆਪਣੇ ਲਈ ਸਾਰਾ ਸੰਸਾਰ ਜਿਉਂਦਾ ਹੈ ਪਰ ਪੂਰਨ ਉਹ ਹੈ ਜੋ ਦੂਸਰਿਆਂ ਨੂੰ ਸੁਖ ਦੇਣ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਵੇ। ਇਸ ਸਿਧਾਂਤ ਨੂੰ ਗੁਰਸਿਖਾਂ ਨੇ ਪੂਰੀ ਤਰ੍ਹਾਂ ਨਾਲ ਨਿਭਾਇਆ। ਗੁਰੂ ਦਸ਼ਮੇਸ਼ ਪਿਤਾ ਦੇ ਜੁਧਾਂ ਵਿਚ ਅੱਗੇ ਵਧ-ਵਧ ਸ਼ਹੀਦੀਆਂ ਦਿਤੀਆਂ। ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਪਿਛੋਂ ਇਕ ਮਹਾਨ ਸਲਤਨਤ ਨਾਲ ਮੱਥਾ ਲਾ ਕੇ ਬੁਰਿਆਈ ਦਾ ਖਾਤਮਾ ਕੀਤਾ ਅਤੇ ਸੰਸਾਰ ਨੂੰ ਵਿਖਾ ਦਿਤਾ ਕਿ ਸਤਿ ਦਾ ਜੀਵਨ ਜਿਉਂਦਿਆਂ, ਸਤਿ ਪ੍ਰਾਪਤੀ ਲਈ ਕਿਸ ਤਰ੍ਹਾਂ ਬਲੀਦਾਨ ਦਿਤੇ ਜਾਂਦੇ ਹਨ। ਚਰਖੜੀਆਂ ਤੇ ਚੜ੍ਹਨਾ, ਰੰਬੀਆਂ ਨਾਲ ਖੋਪਰੀਆਂ ਲੁਹਾਉਣੀਆਂ, ਜਿਉਂਦੇ ਅੱਗ ਵਿਚ ਜਲਾ ਦੇਣਾ, ਛੋਟੇ ਬੱਚਿਆਂ ਦੇ ਟੋਟੇ ਕਰਾ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਗਏ, ਪਰ ਆਪਣੇ ਧਰਮ ਵਿਚ ਪੂਰੀ ਤਰ੍ਹਾਂ ਨਾਲ ਦ੍ਰਿੜ੍ਹ ਰਹਿ ਕੇ ਕਿਸੇ ਕਿਸਮ ਦੀ ਕਾਂਪ ਨਾ ਖਾਧੀ। ਇਹ ਸਾਰੀ ਪ੍ਰੇਰਨਾ ਇਸ ਸਾਕੇ ਵਿਚੋਂ ਮਿਲਦੀ ਹੈ ਜਿਸਨੂੰ 'ਕੀਨੋ ਬਡੋ ਕਲੂ ਮਹਿ ਸਾਕਾ' ਕਿਹਾ ਜਾਂਦਾ ਹੈ। ਇਸ ਸਾਕੇ ਨੇ ਭਾਰਤ ਵਰਸ਼ ਦੀ ਨੁਹਾਰ ਬਦਲ ਦਿਤੀ, ਜ਼ੁਲਮ ਦਾ ਰਾਜ ਖੇਰੂੰ-ਖੇਰੂੰ ਕਰ ਦਿਤਾ। ਅੱਜ ਜੋ ਭਾਰਤ ਵਰਸ਼ ਅਜ਼ਾਦੀ ਮਾਣਦਾ ਹੈ ਉਹ ਉਨ੍ਹਾਂ ਬਹਾਦਰ ਸੂਰਮਿਆਂ ਦੇ ਸਿਰਾਂ ਦੇ ਸਦਕੇ ਮਾਣ ਰਿਹਾ ਹੈ। ਉਹ ਸਾਰੇ ਗੁਰਮੁਖ ਪਿਆਰੇ ਇਸ ਅਜ਼ਾਦੀ ਮਹਿਲ ਲਈ ਪੱਕੀ ਬੁਨਿਆਦ ਬਣ ਕੇ ਇਸ ਅਜ਼ਾਦੀ ਮੰਡਲ ਨੂੰ ਆਪਣੀਆਂ ਦਿਤੀਆਂ ਸ਼ਹੀਦੀਆਂ ਦੇ ਬਲ ਉਪਰ ਕਾਇਮ ਰਖ ਰਹੇ ਹਨ। ਅਫਸੋਸ ਹੈ ਕਿ ਮਹੱਲ ਨੂੰ ਤਾਂ ਦੇਖਿਆ ਜਾਂਦਾ ਹੈ ਪਰ ਜਿਸ ਬੁਨਿਆਦ ਉਪਰ ਉਹ ਖੜ੍ਹਾ ਹੈ ਉਸ ਵਲ ਕੋਈ ਗੰਭੀਰ ਦ੍ਰਿਸ਼ਟੀ ਨਹੀਂ ਕਰਦਾ।

# ਗੋਬਰਧਨ ਪ੍ਰਬਤ ਤੂੰ ਇਕੱਲੇ ਨੇ ਹੀ ਚੁਕਿਆ

ਭਗਵਾਨ ਸ੍ਰੀ ਕ੍ਰਿਸ਼ਨ, ਇੰਦਰ ਦਾ ਹੰਕਾਰ ਤੋੜਨਾ ਚਾਹੁੰਦੇ ਸਨ। ਬ੍ਰਿਜਵਾਸੀ ਸਾਲ ਬਾਦ ਇਕ ਵਾਰ ਇੰਦ੍ਰ ਦੀ ਪੂਜਾ ਕਰਦੇ ਸਨ ਤਾਂ ਕਿ ਵਰਖਾ ਹੋਵੇ ਤੇ ਘਾਸ, ਖੇਤੀ ਹੋਵੇ, ਗਊਆਂ ਚਰਣ, ਦੁੱਧ ਵਧੇ, ਖੁਸ਼ਹਾਲੀ ਹੋਵੇ। ਭਗਵਾਨ ਨੇ ਬ੍ਰਿਜਵਾਸੀਆਂ ਨੂੰ ਕਿਹਾ, ਤੁਹਾਨੂੰ ਘਾਸ ਪੱਠਾ ਤੇ ਫਲ ਗੋਬਰਧਨ ਪ੍ਰਬਤ ਦਿੰਦਾ ਹੈ, ਨਾ ਕਿ ਇੰਦ੍ਰ –

*ਜਿਸ ਦਾ ਦਿਤਾ ਖਾਵਣਾ*
*ਤਿਸੁ ਕਹੀਐ ਸਾਬਾਸਿ॥ ਪੰਨਾ – 475*

ਤੁਸੀਂ ਗੋਬਰਧਨ ਦਾ ਧੰਨਵਾਦ ਕਰੋ, ਉਸ ਦੀ ਪੂਜਾ ਕਰੋ।

ਬ੍ਰਿਜਵਾਸੀ ਨੇ 'ਸਤਿ ਬਚਨ' ਮੰਨਿਆ ਤੇ ਪ੍ਰਬਤ ਪੂਜਨ ਕੀਤਾ। ਇੰਦਰ ਕ੍ਰੋਪਤਾ ਵਿਚ ਆ ਗਿਆ ਤੇ ਮੇਘ ਮਾਲਾ ਨੂੰ ਹੁਕਮ ਦਿਤਾ ਕਿ ਗੋਕੁਲ ਨੂੰ ਹੜ੍ਹਾ ਦਿਓ। ਮੂਸਲਾਧਾਰ ਵਰਖਾ ਪੈਣ ਲੱਗੀ। ਪਾਣੀ ਗਲੀਆਂ ਭਰ ਕੇ ਘਰਾਂ ਵਿਚ ਵੜਨ ਲੱਗਾ, ਘਰ ਢਹਿਣ ਦਾ ਖਤਰਾ ਹੋ ਗਿਆ। ਬ੍ਰਿਜਵਾਸੀ ਪੁਕਾਰ ਉਠੇ – ਭਗਵਾਨ ਰਕਸ਼ਾ ਕਰੋ, ਤੇਰੇ ਆਖੇ ਲੱਗ ਕੇ ਇੰਦਰ ਨਰਾਜ਼ ਕਰ ਲਿਆ ਹੈ। ਚਲੋ ਗੋਬਰਧਨ ਨੂੰ ਅਰਦਾਸ ਕਰੀਏ, ਉਹ ਤੁਹਾਡੀ ਰੱਛਾ ਕਰਨਗੇ। ਭਗਵਾਨ ਨੇ ਗੋਬਰਧਨ ਦੀ ਪ੍ਰਾਰਥਨਾ ਕੀਤੀ ਤੇ ਆਪਣੇ ਸੱਜੇ ਹੱਥ ਦੀ ਛੋਟੀ (ਚੀਚੀ) ਉਂਗਲੀ ਤੇ ਛਤਰੀ ਦੀ ਤਰ੍ਹਾਂ ਪ੍ਰਬਤ ਨੂੰ ਚੁੱਕ ਲਿਆ। ਇੰਦਰ ਸੱਤ ਦਿਨ ਮੇਘ ਬਰਸਾਂਦਾ ਰਿਹਾ, ਜਲ ਹੀ ਜਲ ਹੋ ਗਿਆ ਪ੍ਰੰਤੂ ਗੋਕੁਲ ਤੇ ਬ੍ਰਿਜਵਾਸੀ ਬਿਲਕੁਲ ਸੁਰਖਸ਼ਿਤ ਰਹੇ। ਜਦੋਂ ਭਗਵਾਨ ਪ੍ਰਬਤ ਚੁਕੀਂ ਖੜ੍ਹੇ ਸਨ ਤਾਂ ਬ੍ਰਿਜਵਾਸੀਆਂ ਨੂੰ ਕਹਿਣ ਲੱਗੇ, "ਤੁਸੀਂ ਵੀ ਮੇਰੀ ਸਹਾਇਤਾ ਕਰੋ, ਮੈਂ ਇਕੱਲਾ ਥੱਕ ਗਿਆ ਹਾਂ।" ਤਾਂ ਬ੍ਰਿਜਵਾਸੀਆਂ ਨੇ ਵੀ ਪ੍ਰਬਤ ਦੇ ਹੇਠਾਂ ਸੋਟੀਆਂ ਲਾ ਲਈਆਂ ਤੇ ਸਹਾਰਾ ਦੇ ਕੇ ਖੜ੍ਹੇ ਹੋ ਗਏ। ਪ੍ਰਬਤ ਤਾਂ ਇਕੱਲੇ ਭਗਵਾਨ ਹੀ ਚੁੱਕੀ ਖੜ੍ਹੇ ਸਨ, ਮੱਦਦ ਸਾਰਾ ਗੋਕੁਲ ਕਰਦਾ ਜਾਪਦਾ ਸੀ। ਪਤਾ ਨਹੀਂ ਕਿਸੇ ਦੀ ਸੋਟੀ ਸਹਾਰਾ ਦਿੰਦੀ ਸੀ ਕਿ ਨਹੀਂ। ਭਗਵਾਨ ਨੂੰ ਸਹਾਰੇ ਦੀ ਲੋੜ ਵੀ ਸੀ ਕਿ ਨਹੀਂ।

ਰਾਜਾ (ਮੋਹ) ਅਵਿਵੇਕ (ਅਗਿਆਨ) ਵਿਵੇਕ ਦੇ ਪਾਂਧੀ ਸਾਧਕ ਜਗਿਆਸੂਆਂ ਤੇ ਨਰਾਜ਼ ਹੋ ਕੇ ਈਰਖਾ, ਨਿੰਦਾ, ਦ੍ਵੈਤ, ਸੰਪ੍ਰਦਾਈ ਮਤ ਭੇਦ, ਅਵਿਦਿਆ ਦੀ ਮੇਘ ਵਰਖਾ ਕਰਕੇ ਹੜ੍ਹਾਉਣ ਲੱਗਾ। ਕ੍ਰਿਸ਼ਨ ਰੂਪੀ ਬਾਬਾ ਵਰਿਆਮ ਸਿੰਘ ਜੀ ਨੇ ਗੁਰਬਾਣੀ ਸਿਧਾਂਤਕ, ਗੋਬਰਧਨ ਦੀ ਪੂਜਾ ਕਰਵਾਈ। ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਰੂਪ 'ਆਤਮ ਮਾਰਗ' ਦਾ ਵਿਸ਼ਾਲ ਪ੍ਰਬਤ ਆਪਣੀ ਅਨੁਭਵੀ ਬੁੱਧੀ ਰੂਪੀ ਉਂਗਲੀ ਤੇ ਧਾਰਨ ਕਰਕੇ ਸਾਧਕ ਜਗਿਆਸੂਆਂ ਦੀ ਇੰਦਰ ਰੂਪੀ ਰਾਜਾ ਅਵਿਵੇਕ ਤੋਂ ਰੱਛਿਆ ਕੀਤੀ। ਇਨ੍ਹਾਂ ਦਾ ਅਮਿਤ ਬਲ ਵੇਖ ਕੇ ਦੰਗ ਰਹਿ ਜਾਈਦਾ ਹੈ। ਖੋਜ ਸ਼ਬਦ ਭੰਡਾਰ, ਮਹਾਨ ਜਾਣਕਾਰੀ, ਵਿਦਿਆ ਦਾ ਅਧਿਐਨ, ਅਨੁਭਵ ਪ੍ਰਕਾਸ਼, ਮਹਾਂਪੁਰਖਾਂ ਦੀ ਸੰਗਤ ਦਵਾਰਾ ਅਲੌਕਿਕ ਅਨੁਭਵੀ ਗਿਆਨ, ਅਦ੍ਵੈਤ ਅਤੇ ਪ੍ਰੇਮ ਭਰਪੂਰ ਹਿਰਦਾ, ਸਰਬ ਮੈਤਰੀ, ਬੇਦ ਸ਼ਾਸ਼ਤਰ, ਬੁੱਧ, ਈਸਾ, ਮੁਹੰਮਦ, ਪੁਰਾਣ, ਕੁਰਾਨ, ਸੰਤ ਮੱਤ ਦੇ ਗ੍ਰੰਥਾਂ ਦਾ ਸੰਪੂਰਣ ਗਿਆਨ, ਸ਼ੁਧ ਲੇਖਣੀ, ਨਿਰਵੈਰ ਲੇਖਣੀ, ਸ਼ੁਧ ਉਚਾਰਣ, ਪੱਖਪਾਤ ਸੰਪ੍ਰਦਾਈ ਰੰਗ ਰਹਿਤ, ਨਿਰੋਲ ਆਤਮ ਮਾਰਗ ਗੁਰਬਾਣੀ ਦੇ ਸ਼ਰਧਾਲੂ, ਗੁਰਮਤਿ ਦੇ ਸਹੀ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕਰਨ ਵਾਲੇ ਯੋਧੇ ਵਰਿਆਮ ਹਨ। ਇਹ ਅਤਿ ਕਥਨੀ ਨਹੀਂ ਹੈ –

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਪੰਨਾ – 894*

ਅੱਖੀਂ ਡਿੱਠਾ ਲਿਖ ਰਿਹਾ ਹਾਂ। ਅਨੇਕ ਰੁਝੇਵੇਂ, ਕੀਰਤਨ ਸਮਾਗਮਾਂ ਦੇ ਬਾਵਜੂਦ 80% ਲੇਖ ਲਿਖਣੇ, ਹੋਰ ਲੇਖਾਂ ਦੀ ਸੋਧ, ਪ੍ਰਮਾਣਾਂ ਦੇ ਅੰਕ ਸਫਿਆਂ ਦਾ ਚੇਤਾ, ਸਾਰਾ ਗੋਬਰਧਨ ਪ੍ਰਬਤ ਇਨ੍ਹਾਂ ਨੇ ਚੁੱਕਿਆ ਹੈ। ਫੇਰ ਵੀ ਅਨੁਭਵੀ ਤੇ ਵਿਦਵਾਨ ਲੇਖਕਾਂ ਦਾ ਮਾਣ ਕਰਦੇ ਹਨ।

ਸਾਡੀਆਂ ਸੋਟੀਆਂ ਦਾ ਸਹਾਰਾ ਪ੍ਰਵਾਨ ਕੀਤਾ ਹੈ।

ਵੇਦ ਭਾਰਤੀ ਜੀ, ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਬਚਨ, ਪਾਰਸ ਭਾਗ ਦੇ ਬਚਨ, ਹੋਰ ਬੇਅੰਤ ਮਹਾਂਪੁਰਖਾਂ, ਗੁਰਮੁਖਾਂ, ਸਾਧੂਆਂ ਦੇ ਲੇਖਾਂ ਦੀਆਂ ਸੋਟੀਆਂ ਤਾਂ ਸਹਾਰਾ ਲਾਉਂਦੀਆਂ ਹੋਣਗੀਆਂ, ਲੇਕਿਨ ਮੇਰੀ ਸੋਟੀ ਤਾਂ ਬਾਬਾ ਜੀ ਨੇ ਵਿਅਰਥ ਹੀ ਲੁਆਈ ਹੋਈ ਹੈ, ਮੇਰੀ ਤਾਂ ਕੇਵਲ ਹਾਜ਼ਰੀ ਹੈ।

ਕਰਤਾ ਹਰਤਾ ਤਾਂ ਕੇਵਲ ਕ੍ਰਿਸ਼ਨ ਹੈ।

ਕ੍ਰਿਸ਼ਨ ਦਾ ਹੁਕਮ ਸਿਰ ਮੱਥੇ।

## ਸੰਤ ਕਲਿਆਣ ਦਾਸ ਜੀ ਵਲੋਂ ਸ਼ਰਧਾ ਦੇ ਫੁੱਲ

ਅਰਸ਼ੋਂ ਭੇਜਿਆ ਆਪ ਗੁਰੂ ਨੇ, ਇਕ ਸੁਘੜ ਸਿਆਣਾ ਮਾਲੀ।
ਪੁਸ਼ਪ ਵਾਟਿਕਾ ਰਚੀ ਓਸਨੇ, ਬੜੀ ਘਾਲਣਾ ਘਾਲੀ।
'ਆਤਮ ਮਾਰਗ' ਦੀ ਫੁਲਵਾੜੀ, ਵਿਵਿਧ ਸੁਗੰਧ ਬਖੇਰੇ,
ਦਾਸ ਕਲਿਆਣ ਸਾਰਾ ਜੱਗ ਮਹਿਕਾਇਆ, ਕੋ ਰਿਹਾ ਨਾ ਕੋਨਾ ਖਾਲੀ।
ਦੂਰ ਦੂਰ ਤੋਂ ਜੰਗਲਾਂ ਵਿਚੋਂ, ਉਡ-ਉਡ ਭੌਰੇ ਆਵਣ,
ਸੁੰਘਣ ਫੁੱਲ ਮਸਤ ਹੋ ਜਾਂਦੇ, ਗੂੰਜ ਗੂੰਜ ਗੁਣ ਗਾਵਣ।
ਰੀਸੋ ਰੀਸੀ ਉਹ ਵੀ ਆਵਣ, ਨਿੰਦਕ ਤਰਕੂ ਵਿਸ਼ਟਾ ਭੂੰਡ,
ਦਾਸ ਕਲਿਆਣ ਸੁਗੰਧ ਨਾ ਭਾਵੇ ਕੀਕੂ ਕੀਮਤ ਪਾਵਣ।
ਹਰ ਇਕ ਫੁੱਲ ਸੀ ਵੱਖਰਾ-ਵੱਖਰਾ, ਵੱਖਰੀ-ਵੱਖਰੀ ਕਿਆਰੀ,
ਆਪਣੀ ਆਪਣੀ ਰੁੱਤੀਂ ਖਿੜਦੇ, ਗੰਧ ਵੀ ਨਿਆਰੀ ਨਿਆਰੀ।
ਰੰਗ ਰੂਪ ਆਕਾਰ ਵੀ ਵੱਖਰੇ, ਰਾਤ ਰਾਣੀ ਦਿਨ ਰਾਜਾ,
ਦਾਸ ਕਲਿਆਣ ਗੁਲਦਸਤਾ ਕੀਤਾ, ਸੁਘੜ ਮਾਲੀ ਨੇ ਭਾਰੀ।
ਵਰਿਆਮ ਸਿੰਘ ਜੀ ਗੁਲਸ਼ਨ ਸੋਹਣਾ, 'ਆਤਮ ਮਾਰਗ' ਲਾਇਆ।
ਸੰਤ, ਮੁਨੀ, ਸਿੱਖ, ਗਿਆਨੀ ਵਕਤੇ ਦਾ, ਅਨੁਭਵ ਖੋਜ ਲਖਾਇਆ।
ਬੜੇ-ਬੜੇ ਵਿਦਵਾਨ ਸਕਾਲਰ, ਪੁਸ਼ਪ ਦੇਣ ਖੁਸ਼ਬੋਈ।
ਦਾਸ ਕਲਿਆਣ ਸਭ ਕੱਠੇ ਕਰਕੇ, ਗੁਲਦਸਤਾ ਏਕ ਬਣਾਇਆ।

## ਕਬਿੱਤ

### ਆਤਮ ਮਾਰਗ ਮੈਗਜ਼ੀਨ

Attractive ਹੈ title, ਚਿਕਣੇ glaze paper,
Photo ਸੰਤ ਮੁਨੀਯੋਂ ਕੀ, ਰੰਗੋਂ ਸੇ ਰਪਾਈ ਕੀਨ।
ਬਾਣੀ ਕੇ ਪਰਮਾਣ page, ਕੰਨੇ ਲਗਾਂ ਮਾਤਰਾਂ ਜੋ,
ਸੋਧ ਸ਼ੁਧ ਅਖਰੋਂ ਸੇ, ਸੁੰਦਰ ਛਪਾਈ ਕੀਨ।
ਦੇਖ ਕੇ ਪਰੂਫ ਖ਼ੂਬ, matter ਕਉ ਸੋਧ ਕੀਨੋ,
Board ਅਤੇ ਬਾਬਾ ਜੀ ਨੇ, ਮਿਹਨਤ ਖਪਾਈ ਕੀਨ।
ਕਲਿਆਣ world ਵਿਚ, ਲਾਸਾਨੀ ਹੈ magazine,
ਏਕਤਾ ਕਾ highway, ਦ੍ਵੈਤ ਕੀ ਠਪਾਈ ਕੀਨ।

# ਬਾਤ ਅਗੰਮ ਕੀ
# ਭਾਗ (7)

# ਦੋ ਸ਼ਬਦ

ਅਸਾਨੂੰ ਬਹੁਤ ਪ੍ਰਸੰਨਤਾ ਹੁੰਦੀ ਹੈ ਕਿ ਅਦਾਰਾ 'ਆਤਮ ਮਾਰਗ' ਵਲੋਂ 'ਬਾਤ ਅਗੰਮ ਕੀ' ਦਾ ਸੱਤਵਾਂ ਭਾਗ ਆਪ ਜੀ ਦੇ ਹੱਥਾਂ ਵਿਚ ਪਹੁੰਚ ਰਿਹਾ ਹੈ। ਭਾਈ ਗੁਰਦਾਸ ਜੀ ਨੇ ਸਤਿਗੁਰੂ ਬਾਰੇ ਲਿਖਦਿਆਂ ਅੰਕਤ ਕੀਤਾ ਹੈ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ॥*
*ਜਿਉਂ ਕਰ ਨਿਰਮਲ ਆਰਸੀ ਜਗ ਵੇਖਣਿ ਵਾਲਾ॥*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥* *ਭਾਈ ਗੁਰਦਾਸ ਜੀ*

ਸੋ ਇਸ ਅਗੰਮ ਪੁਰਖ ਦੀ ਜੋ ਵੀ ਥੋੜ੍ਹੀ ਬਹੁਤ ਗੱਲ ਪ੍ਰਗਟ ਹੁੰਦੀ ਹੈ, ਉਸਨੂੰ ਅਗੰਮ ਦੀ ਬਾਤ ਹੀ ਆਖਿਆ ਜਾਂਦਾ ਹੈ। ਇਸ ਵਿਚ ਛੇ ਵਿਸ਼ੇ ਵੱਖੋ-ਵੱਖਰੇ ਭਾਵਾਂ ਵਾਲੇ ਰੱਖੇ ਹਨ। ਗੁਰੂ ਨਾਨਕ ਪਾਤਸ਼ਾਹ ਦੇ ਜੋ ਅਧਿਆਤਮਕ ਬਚਨ ਪਾਂਧੇ ਨਾਲ, ਸਿ'ਧਾਂ ਨਾਲ ਹੋਏ, ਉਹ ਗੁਰਮਤਿ ਸਿਧਾਂਤ ਦੇ ਮੁਤਾਬਿਕ ਇਸ ਵਿਚ ਅੰਕਿਤ ਕੀਤੇ ਗਏ ਹਨ। ਗੁਰੂ ਦਸ਼ਮੇਸ਼ ਪਿਤਾ ਬਾਰੇ ਵਿਸਾਖੀ ਦਾ ਲੇਖ, ਜਿਸਦਾ ਨਾਮ 'ਪੂਰੀ ਹੋਈ ਕਰਾਮਾਤ' ਹੈ, ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ ਜੋ ਗੁਰੂ ਮਹਾਰਾਜ ਜੀ ਨੇ ਬਚਿਤ੍ਰ ਨਾਟਕ ਵਿਚ -

*ਅਬ ਮੈ ਅਪਨੀ ਕਥਾ ਬਖਾਨੋ॥*
*ਤਪ ਸਾਧਤ ਜਿਹ ਬਿਧਿ ਮੁਹਿ ਆਨੋ॥* *ਬਚਿਤ੍ਰ ਨਾਟਕ*

ਲਿਖਿਆ ਹੈ ਕਿ -

*ਜੇ ਕੋਈ ਹੋਤ ਭਯੋ ਜਗਿ ਸਿਆਨਾ॥*
*ਤਿਨ ਤਿਨ ਅਪਨੋ ਪੰਥ ਚਲਾਨਾ॥* ਬਚਿਤ੍ਰ ਨਾਟਕ

*ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ॥ ਤਿਨ ਤਿਨਿ ਅਪਨਾ ਰਾਹੁ ਚਲਾਯੋ॥*
*ਪਰਮੇਸਰ ਨ ਕਿਨਹੂੰ ਪਹਿਚਾਨਾ॥ ਮਮ ਉਚਾਰਤੇ ਭਯੋ ਦਿਵਾਨਾ॥* *ਬਚਿਤ੍ਰ ਨਾਟਕ*

ਜਿੰਨੇ ਵੀ ਤਾਰਕ ਸੰਸਾਰ ਦੇ ਵਿਚ ਆਏ, ਉਨ੍ਹਾਂ ਨੇ ਵਾਹਿਗੁਰੁ ਦੀ ਪੂਜਾ, ਭਗਤੀ ਨੂੰ ਅਣਗੌਲਿਆਂ ਕਰਦੇ ਹੋਏ ਆਪਣੀਆਂ ਰੀਤਾਂ ਰਸਮਾਂ ਦਾ ਰਾਹ ਪ੍ਰਚਲਤ ਕਰ ਦਿਤਾ, ਆਪਣੀ ਹੀ ਮਰਿਆਦਾ ਚਲਾ ਦਿਤੀ ਗਈ, ਆਪ ਲਿਖਦੇ ਹਨ -

*ਤਬ ਹਰਿ ਬਹੁਰ ਦੱਤ ਉਪਜਾਇਓ॥ ਤਿਨ ਭੀ ਆਪਨਾ ਪੰਥੁ ਚਲਾਇਓ॥*
*ਕਰ ਮੋ ਨਖ ਸਿਰ ਜਟਾ ਸਵਾਰੀ॥ ਪ੍ਰਭ ਕੀ ਕ੍ਰਿਆ ਕਛੁ ਨ ਬਿਚਾਰੀ॥* *ਬਚਿਤ੍ਰ ਨਾਟਕ*

ਇਸ ਤਰ੍ਹਾਂ ਗੋਰਖ ਬਾਰੇ ਫੁਰਮਾਨ ਕਰਦੇ ਹਨ ਉਸ ਨੇ ਵੱਡੇ-ਵੱਡੇ ਰਾਜਿਆਂ ਤੋਂ ਤਖਤ ਛੁਡਾ ਕੇ ਆਪਣੇ ਪਿਛੇ ਲਾ ਲਿਆ ਅਤੇ ਉਨ੍ਹਾਂ ਦੇ ਕੰਨ ਪਾੜ ਕੇ ਮੁੰਦਰਾਂ ਪਾ ਦਿਤੀਆਂ। ਰਾਮਾਨੰਦ ਨੇ ਵੀ ਕਾਠ ਦੀ ਕੰਠੀ ਗਲ ਵਿਚ ਪਾ ਦਿਤੀ ਅਤੇ ਪ੍ਰਭੂ ਦੀ ਕ੍ਰਿਆ ਨਾ ਵੀਚਾਰੀ। ਇਸ ਤਰ੍ਹਾਂ ਸੁੰਨਤ ਵਗੈਰਾ ਦਾ ਜ਼ਿਕਰ ਆਪ ਨੇ ਕੀਤਾ ਕਿ ਕਰਮਕਾਂਡ ਵਿਚ ਜਗਿਆਸੂ ਫਸ ਗਏ, ਸਤਿਨਾਮ ਅੰਦਰ ਦ੍ਰਿੜ੍ਹ ਨਾ ਹੋਇਆ। ਪਾਰਬ੍ਰਹਮ ਪ੍ਰਮੇਸ਼ਰ ਦੀ ਪਹਿਚਾਣ ਨਾ ਹੋਈ। ਮੈਨੂੰ ਸੰਸਾਰ ਤੇ ਭੇਜ ਕੇ ਅਕਾਲ ਪੁਰਖ ਨੇ ਹੁਕਮ ਦਿਤਾ ਕਿ ਤੁਸੀਂ ਧਰਮ ਦਾ ਮਾਰਗ ਪ੍ਰਚਲਤ ਕਰੋ ਜਿਸ ਵਿਚ ਦਿਖਾਵੇ ਦੀ ਕੋਈ ਵੀ ਚੀਜ਼ ਨਾ ਹੋਵੇ। ਕਿਸੇ ਮਰਦ, ਇਸਤ੍ਰੀ ਦੇ ਅੰਗ ਭੰਗ ਨਹੀਂ ਕਰਨੇ, ਪਰਮ ਪੁਰਖ ਦਾ ਸਹੀ ਰਸਤਾ ਦੱਸਣਾ। ਗੁਰੂ ਮਹਾਰਾਜ ਜੀ ਬਚਿਤ੍ਰ ਨਾਟਕ ਵਿਚ ਫੁਰਮਾਨ ਕਰਦੇ ਹਨ ਕਿ ਮੈਂ ਕਿਸੇ ਭੇਖ ਤੇ ਭਿੱਜਣ ਵਾਲਾ ਨਹੀਂ, ਨਾ ਹੀ ਮੈਂ ਪੱਥਰ

ਪੂਜਾ ਕਰਾਉਣ ਆਇਆ ਹਾਂ, ਮੈਂ ਤਾਂ ਪ੍ਰਮੇਸ਼ਰ ਦੇ ਨਾਮ ਦੇ ਗੁਣ ਗਾਉਣੇ ਹਨ। ਇਸ ਨਾਮ ਦੇ ਸਦਕੇ ਪਰਮ ਪੁਰਖ ਦਾ ਗਿਆਨ ਕਰਾਉਣਾ ਹੈ। ਜਟਾਵਾਂ ਮੈਂ ਆਪਣੇ ਸੀਸ ਤੇ ਧਾਰਨ ਨਹੀਂ ਕਰਨੀਆਂ, ਨਾ ਹੀ ਮੁੰਦਰਾਂ ਪਾਉਣੀਆ ਹਨ, ਕੇਵਲ ਨਾਮ ਦਾ ਮਾਰਗ ਦ੍ਰਿੜ੍ਹ ਕਰਾਉਣਾ ਹੈ –

*ਜਟਾ ਨ ਸੀਸ ਧਾਰਿ ਹੌਂ॥ ਨ ਮੁੰਦ੍ਰਕਾ ਸੁਧਾਰਿਹੌ॥*
*ਨ ਕਾਨ ਕਾਹੂ ਕੀ ਧਰੋ॥ ਕਹਿਯੋ ਪ੍ਰਭੂ ਸੋ ਮੈ ਕਰੋ॥* **ਬਚਿਤ੍ਰ ਨਾਟਕ**

ਜਦੋਂ ਅਜਿਹੇ ਬਚਨ ਕੋਈ ਤਰਕ ਵਾਲਾ ਪੜ੍ਹਦਾ ਹੈ ਤਾਂ ਕੁਦਰਤੀ ਉਸ ਦੇ ਮਨ ਵਿਚ ਤਰਕ ਆ ਜਾਂਦੀ ਹੈ ਕਿ ਗੁਰੂ ਮਹਾਰਾਜ ਜੀ ਪਿਛਲੇ ਹੋ ਚੁ'ਕੇ ਮਹਾਂਪੁਰਸ਼ਾਂ ਉਪਰ ਤਾਂ ਕਿੰਤੂ ਕਰਦੇ ਹਨ ਪਰ ਆਪ ਨੇ ਖਾਲਸਾ ਪੰਥ ਦੀ ਸਿਰਜਨਾ ਕਰਨ ਵੇਲੇ ਨਵਾਂ ਪੰਥ ਚਲਾ ਦਿਤਾ। ਸਾਧਾਰਣ ਜਗਿਆਸੂ ਇਹ ਸੁਣ ਕੇ ਤਰਕ ਸਹਿਤ ਹੋ ਜਾਂਦਾ ਹੈ ਅਤੇ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਜਾਂਦਾ ਹੈ ਅਤੇ ਕੋਈ ਉਤਰ ਨਹੀਂ ਅਹੁੜਦਾ।

'ਪੂਰੀ ਹੋਈ ਕਰਾਮਾਤ' ਲੇਖ ਵਿਚ ਇਸ ਸ਼ੰਕੇ ਨੂੰ ਦੂਰ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਗੁਰੂ ਮਹਾਰਾਜ ਜੀ ਨੇ ਕੋਈ ਵੀ ਨਵੀਂ ਰੂਪ ਰੇਖਾ ਇਨਸਾਨ ਨੂੰ ਨਹੀਂ ਦਿਤੀ। ਉਨ੍ਹਾਂ ਨੇ ਤਾਂ ਇਨਸਾਨ ਨੂੰ ਇਨਸਾਨੀਅਤ ਵਿਚ ਪੂਰਨ ਕੀਤਾ ਹੈ ਅਤੇ ਮੁਕੰਮਲ ਇਨਸਾਨ ਬਣਾ ਕੇ ਖਾਲਸਾ ਪਦਵੀ ਬਖਸ਼ੀ ਹੈ। ਭਾਰਤ ਵਿਚ ਜਾਤ ਵੰਡ ਹੋਣ ਤੋਂ ਪਹਿਲਾਂ ਵੱਖਰੇ-ਵੱਖਰੇ ਵਰਗ ਨਹੀਂ ਸਨ, ਇਨਸਾਨਾਂ ਵਿਚੋਂ ਹੀ ਵਿਦਵਾਨ ਹੋ ਕੇ ਕੋਈ ਵੱਖਰੀ ਉਪਾਧੀ ਧਾਰਨ ਨਹੀਂ ਕਰਿਆ ਕਰਦੇ ਸਨ ਅਤੇ ਨਾ ਹੀ ਸ਼ਸਤਰਧਾਰੀ ਹੋ ਕੇ ਵੱਖਰੀ ਰੂਪ ਰੇਖਾ ਬਣਾਈ ਅਤੇ ਨਾ ਹੀ ਕਿਰਤ ਵਿਚ ਹੀਣਤਾ ਪੈਦਾ ਹੁੰਦੀ ਸੀ, ਨਾ ਹੀ ਸ਼ੂਦਰ ਨੂੰ ਨੀਵਾਂ ਵਰਗ ਗਿਣਿਆ ਜਾਂਦਾ ਹੈ। ਇਹ ਤਾਂ ਮਹਾਂਰਿਸ਼ੀ ਮਨੂੰ ਨੇ ਆਦਮੀਆ ਵਿਚ ਵਿਸ਼ੇਸ਼ਗਤਾ ਲਿਆਉਣ ਲਈ ਕਿੱਤਾ ਵੰਡ ਕਰਕੇ ਵੱਖਰੇ-ਵੱਖਰੇ ਕੰਮਾਂ ਦੇ ਮੁਤਾਬਿਕ ਵਰਗ ਬਣਾਏ ਸਨ, ਪਰ ਸਮਾਂ ਲੰਘਣ ਦੇ ਨਾਲ ਮਨੁੱਖ ਇਨ੍ਹਾਂ ਚਾਰ ਵਰਗਾਂ ਵਿਚ ਪੱਕੀ ਤਰ੍ਹਾਂ ਬੰਨ੍ਹੇ ਗਏ। ਬ੍ਰਾਹਮਣ ਭਾਵੇਂ ਮੂੜ੍ਹ ਵੀ ਹੋਵੇ, ਬ੍ਰਾਹਮਣ ਹੀ ਰਹਿੰਦਾ ਸੀ। ਬੁਜ਼ਦਿਲ ਬੰਦਾ ਖਤਰੀ ਸਮਾਜ ਵਿਚ ਪੈਦਾ ਹੋ ਕੇ ਖਤਰੀ ਹੀ ਰਹਿੰਦਾ ਸੀ, ਨਿਖੱਟੂ ਵੈਸ ਸਮਾਜ ਵਿਚ ਪੈਦਾ ਹੋ ਕੇ ਵੈਸ਼ ਹੀ ਰਹਿੰਦਾ ਸੀ ਅਤੇ ਸ਼ੂਦਰ ਭਾਵੇਂ ਭਜਨ ਬੰਦਗੀ ਕਰਨ ਵਾਲਾ ਹੁੰਦਾ, ਉਸ ਨੂੰ ਛੂਤ ਅਤੇ ਅਛੂਤ ਵਰਗਾਂ ਵਿਚ ਵੰਡ ਕੇ ਰੱਖਿਆ ਜਾਂਦਾ ਸੀ। ਇਹ ਬੜੀ ਭਾਰੀ ਕਮਜ਼ੋਰੀ ਸੀ ਜਿਸ ਨੇ ਮਨੁਖਤਾ ਦਾ ਸਤਿਆਨਾਸ ਕਰ ਦਿਤਾ। ਕਿਰਤ ਅਤੇ ਸੇਵਾ ਨੂੰ ਨੀਵਾਂ ਗਿਣਿਆ ਜਾਣ ਲੱਗਿਆ। ਬੰਦੇ ਦੀ ਰਹਿਣੀ ਬਹਿਣੀ ਦੇ ਮੁਤਾਬਿਕ ਬ੍ਰਾਹਮਣ ਨੂੰ ਉਚਾ ਦਰਜਾ ਮਿਲਿਆ। ਖਤਰੀ ਦੂਜੇ ਨੰਬਰ ਤੇ ਆਇਆ। ਉਸ ਨੂੰ ਬ੍ਰਾਹਮਣ ਦੀ ਇਜ਼ਤ ਕਰਨੀ ਪੈਂਦੀ ਸੀ ਭਾਵੇਂ ਬ੍ਰਾਹਮਣ ਮੂੜ੍ਹ ਹੀ ਕਿਉਂ ਨਾ ਹੋਵੇ। ਵੈਸ ਮਿਹਨਤ ਕਰਕੇ ਧਨ ਕਮਾਉਂਦਾ ਸੀ ਪਰ ਸਮਾਜ ਵਿਚ ਤੀਜੇ ਨੰਬਰ ਉਪਰ ਹੀ ਗਿਣਿਆ ਜਾਂਦਾ ਸੀ। ਸ਼ੂਦਰ ਭਾਵੇਂ ਕਿੰਨਾ ਹੀ ਲਾਇਕ ਕਿਉਂ ਨਾ ਹੋਵੇ, ਕਿੰਨਾ ਹੀ ਰਿਸ਼ਟ-ਪੁਸ਼ਟ ਕਿਉਂ ਨਾ ਹੋਵੇ ਉਸਨੂੰ ਹੀਣ ਹੀ ਸਮਝਿਆ ਜਾਂਦਾ ਸੀ।

ਇਕ ਵਰਗ ਹੋਰ ਸੀ ਜਿਸ ਨਾਲ ਘੋਰ ਬੇਇਨਸਾਫੀ ਕੀਤੀ ਜਾਂਦੀ ਸੀ। ਉਸ ਦੇ ਹੱਥ ਲਗਦਿਆਂ ਖਾਣ ਪੀਣ ਦੀਆਂ ਵਸਤਾਂ ਭਿੱਟੀਆਂ ਜਾਂਦੀਆਂ ਸਨ। ਇਥੋਂ ਤੀਕਰ ਵਹਿਮ ਪ੍ਰਸਤੀ ਸੀ ਕਿ ਉਸ ਦਾ ਪੈਰ ਲਗ ਕੇ ਧਰਤੀ ਭੀ ਭਿੱਟ ਹੋ ਜਾਂਦੀ ਸੀ, ਅਪਵਿੱਤਰ ਹੋ ਜਾਂਦੀ ਸੀ। ਉਸਨੂੰ ਅਛੂਤ ਕਿਹਾ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਦਸਿਆ ਕਿ ਇਕੋ ਵਾਹਿਗੁਰੂ ਜੀ ਦੀ ਜੋਤ ਸਭ ਦੇ ਅੰਦਰ ਕੰਮ ਕਰਦੀ ਹੈ। ਸਭ ਨੂੰ ਅਧਿਕਾਰ ਹੈ ਕਿ ਉਹ ਤਰੱਕੀ ਕਰ ਸਕੇ, ਪ੍ਰਭੂ ਨੂੰ ਪ੍ਰਾਪਤ ਹੋ ਸਕੇ। ਉਨ੍ਹਾਂ ਨੇ ਸਾਰੇ Barriers (ਬੰਧਨ) ਤੋੜ ਕੇ ਕਿਹਾ ਕਿ ਨਾਨਕ ਸਭ ਤੋਂ ਨੀਚ ਗਿਣੇ ਜਾਣ ਵਾਲੇ ਬੰਦਿਆਂ ਵਿਚ ਵਿਚਰਦਾ ਹੈ। ਅਖੌਤੀ, ਹੰਕਾਰੀ, ਅਭਿਮਾਨੀ, ਵੱਡਿਆਂ ਤੋਂ ਕੋਹਾਂ ਦੂਰ ਹੈ। ਆਪ ਜੀ ਨੇ ਫੁਰਮਾਇਆ ਹੈ –

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* **ਅੰਗ – ੧੫**

ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਸ ਅਤਿ ਨਿੰਦਨੀ ਕਮਜ਼ੋਰੀ ਨੂੰ ਮਨੁੱਖਤਾ ਵਿਚ ਤੱਕਿਆ। ਖਾਸ ਕਰਕੇ ਇਹ ਹਿੰਦੂ ਸਮਾਜ ਵਿਚ ਰੋਮ-ਰੋਮ ਵਿਚ ਰਚੀ ਧਾਰਮਿਕ ਨਿਸ਼ਚਿਆਂ ਵਿਚ ਪਲਮ ਚੁੱਕੀ ਸੀ। ਇਹ ਸਮਾਜ ਨੂੰ ਲ'ਗਿਆ ਕੈਂਸਰ ਸੀ। ਆਪ ਨੇ ਟੁਕੜੇ-ਟੁਕੜੇ ਹੋਏ ਮਨੁੱਖ ਵਰਗ ਨੂੰ ਸਾਰੇ ਵਰਣ ਤੋੜ ਕੇ ਇਕ ਖਾਲਸ ਇਨਸਾਨ ਬਣਾ ਕੇ ਖਾਲਸਾ ਪਦਵੀ ਨਾਲ ਸੰਬੋਧਨ ਕਰਦਿਆਂ ਮਾਨਤਾ ਦਿਤੀ। ਖਾਲਸਾ, ਵਿਦਵਾਨ ਹੁੰਦਾ ਹੋਇਆ ਵਿਦਵਾਨ ਪੰਡਿਤ ਭੀ ਹੈ। ਸ਼ਸ਼ਤਰਧਾਰੀ ਹੁੰਦਿਆਂ ਹੋਇਆ, ਪੂਰਨ ਰੂਪ ਵਿਚ ਦੇਸ਼ ਦੀ ਰਾਖੀ ਕਰਨ ਵਾਲਾ ਕਸ਼ਤਰੀ ਭੀ ਹੈ। ਕਿਰਤ ਕਰਦਾ ਹੋਇਆ ਵੈਸ਼ ਵੀ ਹੈ। ਸੇਵਾ ਕਰਦਾ ਹੋਇਆ ਸ਼ੂਦਰ ਵੀ ਹੈ। ਨਾਮ ਜਪਦਾ ਹੋਇਆ ਮਹਾਂਰਿਸ਼ੀ ਹੈ। ਪ੍ਰਭੂ ਨਾਲ ਜੁੜ ਕੇ ਆਤਮ ਰਸ ਨੂੰ ਮਾਨਣ ਵਾਲਾ ਗੁਰੂ ਅਤੇ ਪ੍ਰਭੂ ਵੀ ਹੈ। ਗੁਰੂ ਮਹਾਰਾਜ ਜੀ ਨੇ ਕੋਈ ਵਖਰੀ ਚੀਜ਼ ਨਹੀਂ ਕੀਤੀ, ਇਹ ਤਾਂ ਗਿਰੀ ਹੋਈ ਇਨਸਾਨੀਅਤ ਨੂੰ ਜੋੜ ਕੇ, ਉਠਾ ਕੇ ਸੁਰਜੀਤ ਕਰਕੇ, ਖਾਲਸ ਬਣਾ ਕੇ ਖਾਲਸਾ ਬਣਾਇਆ ਅਤੇ ਉਚੀ ਪਦਵੀ ਦਿੰਦਿਆਂ ਹੋਇਆ ਫੁਰਮਾਇਆ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*** ***ਸਰਬ ਲੋਹ ਗ੍ਰੰਥ***

ਗੁਰੂ ਨਾਨਕ ਪਾਤਸ਼ਾਹ ਜੀ ਨੇ ਅਸਲੀ ਪੜ੍ਹਾਈ ਪੜ੍ਹਨ ਦੀ ਜਾਂਚ ਦੱਸੀ ਅਤੇ ਜੀਵ ਨੂੰ ਪਹਿਨਾਉਣ ਵਾਲੇ ਜਨੇਊ ਦੀ ਸੋਝੀ ਬਖਸ਼ੀ ਅਤੇ ਗੋਰਖਨਾਥ ਜੀ ਨੂੰ ਨਾਨਕ ਨਾਮ ਸੁਖਾਲੇ ਦੀ ਸੋਝੀ ਦਿਤੀ।

ਇਸੇ ਤਰ੍ਹਾਂ ਨਾਲ 'ਬਾਂਧੇ ਭਗਤ ਨ ਛੁਟੈ ਮੋਹਿ' ਵਿਚ ਆਪ ਨੇ ਆਪਣੇ ਪਿਆਰੇ ਨੂੰ ਪੂਰਨ ਮਾਨਤਾ ਦਿੰਦਿਆਂ ਫੁਰਮਾਇਆ ਕਿ ਭਗਤ ਪ੍ਰਭੂ ਦੇ ਬੰਨ੍ਹਿਆਂ ਨੂੰ ਛੁਡਾ ਸਕਦਾ ਹੈ, ਪਰ ਭਗਤੀ ਵਾਲੇ ਪਿਆਰੇ ਸਿੱਖ ਦੇ ਬੰਨ੍ਹੇ ਨੂੰ ਗੁਰੂ ਨਹੀਂ ਛੁਡਾਉਂਦਾ। ***'ਖਾਸਗਾਂ ਦਰ ਪਾਇ ਗੁਰੂ ਗੋਬਿੰਦ ਸਿੰਘ'*** ਵਿਚ ਗੁਰੂ ਮਹਾਰਾਜ ਜੀ ਨੇ ਪੀਰ ਬੁੱਧੂਸ਼ਾਹ ਨੂੰ ਉਪਦੇਸ਼ ਦਿੰਦਿਆਂ ਸਤਿ ਦੇ ਪ੍ਰਮ ਪ੍ਰਕਾਸ਼ ਵਿਚ ਅਭੇਦ ਕਰਾਇਆ।

ਨਾਮ ਕਮਾਈ ਕਰਕੇ ਬ੍ਰਹਮ ਗਿਆਨ ਦੀ ਅਵਸਥਾ ਵਿਚ ਪੁਜੇ ਹੋਏ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਮਹਾਰਾਜ ਅਤੇ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੀਆਂ ਜੀਵਨੀਆਂ ਦੇ ਗੁੱਝੇ ਭੇਤ ਇਸ ਪੁਸਤਕ ਵਿਚ ਪ੍ਰਗਟ ਹਨ। ਇਸ ਪੁਸਤਕ ਨੂੰ ਪੜ੍ਹ ਕੇ ਸਾਧਾਰਣ ਜਗਿਆਸੂ ਉਚੇ ਸਿਧਾਂਤਾਂ ਨੂੰ ਭਲੀ ਭਾਂਤ ਸਮਝ ਸਕਦਾ ਹੈ। ਅਸਾਨੂੰ ਪ੍ਰਸੰਨਤਾ ਹੁੰਦੀ ਹੈ ਕਿ ਇਹ ਪੁਸਤਕਾਂ 'ਬਾਤ ਅਗੰਮ ਕੀ' ਨੇ ਸੱਤਵਾਂ ਸਰੂਪ ਧਾਰਨ ਕਰ ਲਿਆ ਹੈ ਜੋ ਅਨੇਕਾਂ ਜਗਿਆਸੂਆਂ ਨੂੰ ਸੇਧ ਦੇਵੇਗਾ ਅਤੇ ਹਉਮੈ ਦੇ ਹਨ੍ਹੇਰੇ ਵਿਚੋਂ ਕੱਢ ਕੇ ਪ੍ਰਮ ਜੋਤੀ ਦਾ ਪ੍ਰਕਾਸ਼ ਮਨ ਵਿਚ ਕਰਾਵੇਗਾ।

ਐਸ.ਏ.ਐਸ ਨਗਰ **ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
7-6-1997 ਬਾਨੀ, ਮੁਖੀ ਤੇ ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਸਰਵੋਤਮ ਸਤਿਗੁਰ ਨਾਨਕ

ਕੋਈ ਸਮਾਂ ਸੀ ਜਦੋਂ ਮਨੁਖਤਾ ਵਿਚ ਸੱਚ ਪ੍ਰਧਾਨ ਸੀ, ਸੱਚ ਨੂੰ ਪੂਰੀ ਤਰ੍ਹਾਂ ਜਾਣਿਆ ਜਾਂਦਾ ਸੀ, ਉਸ ਵੇਲੇ ਦੇ ਬੰਦੇ ਜਾਣਦੇ ਸਨ ਕਿ ਤ੍ਰਿਗੁਣੀ ਮਾਇਆ ਦੇ ਓਹਲੇ ਵਾਹਿਗੁਰੂ ਜੀ ਆਪ ਹੀ ਪਰੀਪੂਰਨ ਹੋ ਕੇ ਸਾਰੀ ਖੇਲ੍ਹ ਕਰ ਰਹੇ ਹਨ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਝੂਠ, ਨਿੰਦਿਆ, ਅਤਿਆਚਾਰ, ਵੈਰ, ਵਿਰੋਧ, ਈਰਖਾ, ਉਸ ਸਮੇਂ ਅਜੇ ਜਨਮੀਆਂ ਨਹੀਂ ਸਨ। ਇਸ ਕੋਹੜੇ ਕੋਹੜ ਤੋਂ ਮਨੁੱਖ ਬਰੀ ਸੀ, ਇਸ ਸਮੇਂ ਨੂੰ 'ਸਤਿਜੁਗ' ਆਖਿਆ ਗਿਆ ਹੈ ਜਿਸ ਵਿਚ ਅਨੁਮਾਨ ਕੀਤਾ ਜਾਂਦਾ ਹੈ ਕਿ ਮਨੁੱਖ ਦੀ ਉਮਰ ਬਹੁਤ ਲੰਮੀ ਸੀ। ਉਹ ਸਦਾ ਹੀ ਆਪਣੇ ਪ੍ਰਭੂ ਨਾਲ ਜੁੜਿਆ ਰਹਿੰਦਾ ਸੀ ਅਤੇ ਉਸ ਨੂੰ ਪ੍ਰਮ ਹੰਸ ਆਖਿਆ ਜਾਂਦਾ ਸੀ। ਜਿਵੇਂ ਹੰਸ ਦੇ ਅੱਗੇ ਦੁੱਧ ਪੀਣ ਲਈ ਰੱਖਿਆ ਜਾਵੇ ਤਾਂ ਉਹ ਚੁੰਝ ਮਾਰ ਕੇ ਪਿਛੇ ਹਟ ਕੇ ਖੜ੍ਹਾ ਹੋ ਜਾਂਦਾ ਹੈ ਅਤੇ ਇੰਤਜ਼ਾਰ ਕਰਦਾ ਹੈ ਕਿ ਕਦੋਂ ਇਹ ਦੁੱਧ ਫਟੇ ਅਤੇ ਪਾਣੀ ਅੱਡ ਹੋ ਜਾਵੇ ਅਤੇ ਅਸਲੀ ਦੁੱਧ ਦਾ ਤੱਤ ਫੁਟੀਆਂ ਦੇ ਰੂਪ ਵਿਚ ਵਖਰਾ ਨਿਕਲ ਆਵੇ। ਤਾਂ ਉਹ ਪਾਣੀ ਨੂੰ ਛੱਡ ਦਿੰਦਾ ਹੈ ਤੇ ਦੁਧ ਜੋ ਫੁਟੀਆਂ ਦੇ ਰੂਪ ਵਿਚ ਹੈ, ਉਸ ਨੂੰ ਪੀ ਜਾਂਦਾ ਹੈ। ਇਸੇ ਪ੍ਰਤੀਕ ਨੂੰ ਸਾਮ੍ਹਣੇ ਰੱਖ ਕੇ ਉਨ੍ਹਾਂ ਪੁਰਸ਼ਾਂ ਨੂੰ ਕੇਵਲ ਹੰਸ ਹੀ ਨਹੀਂ ਕਿਹਾ ਜਾਂਦਾ, ਪਰਮ ਹੰਸ ਦੀ ਵਡਿਆਈ ਦਿਤੀ ਜਾਂਦੀ ਹੈ ਜੋ ਇਸ ਸੰਸਾਰ ਵਿਚ ਮਾਇਆ ਨਾਲ ਰਲੇ ਸਤਿ ਦੀ ਪਹਿਚਾਣ ਕਰਕੇ, ਸਤਿ ਵਿਚ ਆਪਣਾ ਮਨ ਰਖਦੇ ਹਨ ਅਤੇ ਪ੍ਰਭੂ ਨੂੰ ਘਟ-ਘਟ ਵਿਚ ਵਿਆਪਕ ਦੇਖਦੇ ਹਨ। ਮਾਇਆ ਦੇ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਆਪਣੀ ਬਿਰਤੀ ਨੂੰ ਉਸੇ ਤਰ੍ਹਾਂ ਨਿਆਰੀ ਰਖਦੇ ਹਨ ਜਿਵੇਂ ਹੰਸ ਪਾਣੀ ਨੂੰ ਅੱਡ ਕਰ ਦਿੰਦਾ ਹੈ। ਇਵੇਂ ਹੀ ਉਸ ਸਮੇਂ ਦੇ ਪੁਰਸ਼ ਆਤਮ ਗਿਆਨ ਵਿਚ ਨਿਪੁੰਨ ਹੁੰਦੇ ਹੋਏ ਮਾਇਆ ਦੇ ਨਾਲ ਰਲੇ ਸੰਸਾਰ ਵਿਚੋਂ ਤ੍ਰਿਗੁਣੀ ਮਾਇਆ ਨੂੰ ਵਖਰੀ ਕਰਕੇ ਸਤਿ ਸਰੂਪ ਦੀ ਪਛਾਣ ਵਿਚ ਰਹਿੰਦੇ ਸਨ। ਇਸ ਸਮੇਂ ਨੂੰ ਸਤਿ ਦਾ ਸਮਾਂ ਕਿਹਾ ਜਾਂਦਾ ਹੈ, ਜਿਸ ਵਿਚ ਸੱਚ ਹੀ ਵਰਤਦਾ ਸੀ। ਇਹ ਸਮਾਂ ਸਿਆਣਿਆਂ ਨੇ 17 ਲੱਖ, 28 ਹਜ਼ਾਰ ਸਾਲ ਦਾ ਨਿਰਧਾਰਿਤ ਕੀਤਾ ਹੈ ਅਤੇ ਇਸ ਦਾ ਨਾਮ ਸਤਿਜੁਗ ਕਿਹਾ ਗਿਆ ਹੈ।

ਸਮੇਂ ਦੀ ਚਾਲ ਨਾਲ ਅਬਾਦੀ ਵਧੀ, ਰਿਜ਼ਕ ਦੀ ਖੋਜ ਵਿਚ ਇਹ ਜਥੇ ਬਣਾ ਕੇ ਸੰਸਾਰ ਵਿਚ ਇਧਰ ਉਧਰ ਫੈਲਣ ਲੱਗੇ। ਉਸ ਵੇਲੇ ਆਪਣੀ ਪਛਾਣ ਇਨ੍ਹਾਂ ਵਿਚ ਪੈਦਾ ਹੋਈ ਅਤੇ ਆਪਣੀ ਹੋਂਦ ਨੂੰ ਸਤਿ ਜਾਣ ਕੇ ਉਸ ਵਿਚ ਪ੍ਰਵਿਰਤ ਹੋ ਗਏ। ਪ੍ਰਮੇਸ਼ਰ ਨੂੰ ਆਪਣੇ ਆਪ ਤੋਂ ਅੱਡ ਜਾਣਿਆ ਗਿਆ ਪਰ ਕਰਮ ਧਰਮ ਵਿਚ ਪੂਰੀ ਤਰ੍ਹਾਂ ਨਾਲ ਤਤਪਰ ਰਹੇ। ਪਹਿਲੇ ਜੁਗ ਨਾਲੋਂ ਇਹ ਫਰਕ ਹੋਇਆ ਕਿ ਉਨ੍ਹਾਂ ਵਿਚ ਆਪਣੀ ਹੋਂਦ ਨੂੰ ਪ੍ਰਭੂ ਤੋਂ ਵਖਰਾ ਨਹੀਂ ਜਾਣਿਆ ਗਿਆ ਸੀ ਉਹ ਹਰ ਪਾਸੇ ਪ੍ਰਭੂ ਹੀ ਦੇਖਦੇ ਸਨ ਅਤੇ ਆਪਣੇ ਆਪ ਨੂੰ ਵੀ ਉਸ ਦਾ ਹਿੱਸਾ ਹੀ ਜਾਣਦੇ ਸਨ। ਇਸ ਸਮੇਂ ਵਿਚ ਪ੍ਰਭੂ ਨੂੰ ਵਖਰਾ ਕਰਕੇ ਜਾਣਿਆ ਗਿਆ ਪਰ ਪ੍ਰਭੂ ਦੀ ਯਾਦ ਸਦਾ ਹਿਰਦੇ ਵਿਚ ਵਸਦੀ ਰਹੀ। ਇਸ ਤਰ੍ਹਾਂ ਨਾਲ ਮਾਨਵਤਾ ਆਪਣੇ ਅਸਲ ਟਿਕਾਣੇ ਤੋਂ ਹੇਠਾਂ ਉਤਰ ਆਈ। ਇਸ ਜੁੱਗ ਦਾ ਨਾਮ ਤ੍ਰੇਤਾ ਜਾਣਿਆ ਗਿਆ। ਇਸ ਦੇ ਨਾਲ ਹੀ ਦੁਆਪਰ ਯੁੱਗ ਵਿਚ ਮਨੁੱਖਤਾ ਹੋਰ ਹੇਠਾਂ ਉਤਰਨੀ ਸ਼ੁਰੂ ਹੋਈ। ਦੁਆਪਰ ਯੁੱਗ ਵਿਚ ਮਨੁੱਖ ਦੇ ਮਨ ਵਿਚ ਪ੍ਰਕਾਸ਼ ਮੱਧਮ ਪੈਣ ਲੱਗਿਆ ਅਤੇ ਹਨ੍ਹੇਰਾ ਵਧਣ ਲੱਗਿਆ ਜਿਸ ਨੇ ਮਹਾਂਭਾਰਤ ਵਰਗੇ ਮਹਾਨ ਯੁੱਧ ਨੂੰ ਜਨਮ ਦਿਤਾ। ਇਹ ਦੋਹਾਂ ਯੁੱਗਾਂ ਦਾ ਸਮਾਂ ਕਰਮ ਅਨੁਸਾਰ 12 ਲੱਖ 96 ਹਜ਼ਾਰ ਸਾਲ ਅਤੇ 8 ਲੱਖ 64 ਹਜ਼ਾਰ ਸਾਲ ਗਿਣਿਆ ਜਾਂਦਾ ਹੈ।

ਇਸ ਸਮੇਂ ਪਿਛੋਂ ਅੱਜ ਤੋਂ ਤਕਰੀਬਨ 5100 ਸਾਲ ਪਹਿਲਾਂ ਜਦੋਂ ਮਹਾਂਭਾਰਤ ਦਾ ਮਹਾਨ ਯੁੱਧ ਹੋਇਆ, ਮਨੁੱਖ ਇਕ ਦਮ ਹੇਠਾਂ ਵਲ ਨੂੰ ਸਰਕਿਆ, ਇਸ ਵਿਚ ਨਾਸਤਕ ਭਾਵ ਜਾਗਣੇ ਸ਼ੁਰੂ ਹੋਏ। ਜਿਵੇਂ ਕਿ ਫੁਰਮਾਨ ਹੈ -

***ਕਲਿ ਮਹਿ ਪ੍ਰੇਤ***
***ਜਿਨੀ ਰਾਮੁ ਨ ਪਛਾਤਾ***

***ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪੁਰਿ ਤ੍ਰੇਤੈ ਮਾਣਸ ਵਰਤਹਿ***
***ਵਿਰਲੈ ਹਉਮੈ ਮਾਰੀ॥***

***ਅੰਗ - 1131***

ਪਹਿਲੇ ਸਮਿਆਂ ਦੇ ਮਨੁੱਖ ਨੂੰ ਪਤਾ ਸੀ ਕਿ ਸਮਾਂ ਲੰਘਣ ਨਾਲ ਆਦਮੀ ਦੀ ਮਨੋਬਿਰਤੀ ਸਤਿ ਚਿਤ ਅਨੰਦ ਪਰੀਪੂਰਨ ਪਿਆਰ ਭਰੀ, ਸਰਬ ਕਲਾ ਸਮਰੱਥ ਹਸਤੀ ਜਿਸ ਨੂੰ ਰਾਮ, ਅੱਲ੍ਹਾ, ਓਅੰਕਾਰ, ੧ਓਂ, ਵਾਹਿਗੁਰੂ ਜੀ ਕਿਹਾ ਜਾਂਦਾ ਹੈ, ਤੋਂ ਦੂਰ ਹੁੰਦੀ ਜਾਵੇਗੀ ਅਤੇ ਆਦਮੀ ਕਰਮ ਧਰਮ ਛੱਡ ਦੇਵੇਗਾ। ਜ਼ੋਰ-ਜ਼ੁਲਮ, ਝੂਠ ਵਧ ਜਾਵੇਗਾ, ਨਾਸਤਕਤਾ ਪ੍ਰਧਾਨ ਹੋ ਜਾਵੇਗੀ। ਆਦਮੀ ਦੇ ਜੀਵਨ ਵਿਚ ਆਡੰਬਰ ਵਧ ਜਾਵੇਗਾ ਅਤੇ ਤ੍ਰਿਸ਼ਨਾ ਦੀ ਅੱਗ ਭੜਕ ਕੇ ਵੈਰ ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਲੋਭ, ਧ੍ਰੋਹ ਆਦਿ ਦੀ ਅਸ਼ਾਂਤੀ ਫੈਲ ਜਾਵੇਗੀ ਅਤੇ ਮਨੁੱਖ ਮਨੁੱਖਤਾ ਤੋਂ ਗਿਰ ਕੇ ਭੂਤਾਂ-ਪ੍ਰੇਤਾਂ ਦੀ ਪਦਵੀ ਦਾ ਧਾਰਨੀ ਹੋ ਜਾਵੇਗਾ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਕਲੀ ਅੰਦਰਿ ਨਾਨਕਾ***
***ਜਿੰਨਾਂ ਦਾ ਅਉਤਾਰੁ॥***
***ਪੁਤੁ ਜਿਨੂਰਾ ਧੀਅ ਜਿੰਨੂਰੀ***
***ਜੋਰੂ ਜਿੰਨਾ ਦਾ ਸਿਕਦਾਰੁ॥***

***ਅੰਗ - 556***

ਇਸ ਜੁਗ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਧ ਜਾਵੇਗਾ, ਉਹਨਾਂ ਵਿਚ ਮਨ ਗਰਕ ਹੋ ਜਾਵੇਗਾ। ਪੈਸਾ (**money**) ਆਦਮੀ ਦੇ ਮਨ ਨੂੰ ਪੂਰੀ ਤਰ੍ਹਾਂ ਨਾਲ ਕਾਬੂ ਕਰ ਲਵੇਗਾ। ਕ੍ਰੋਧ ਵਧ ਜਾਵੇਗਾ ਅਤੇ ਪਰਿਵਾਰਕ ਮੋਹ ਵਿਚ ਆਦਮੀ ਐਨਾ ਗੁਲਤਾਨ ਹੋ ਜਾਵੇਗਾ ਕਿ ਜਾਇਜ਼ ਨਜ਼ਾਇਜ਼ ਤਰੀਕਿਆਂ ਨਾਲ ਧਨ ਜੋੜ ਕੇ ਆਪਣਾ ਕੁਟੰਬ ਹੀ ਪਾਲੇਗਾ। ਲਬ ਦੇ ਵਿਚ ਅਤੇ ਕੂੜ ਦੇ ਵਿਚ ਬਦਮਸਤ ਹੋ ਕੇ ਖੁਆਰ ਹੋਵੇਗਾ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ -

***ਕਲਿ ਕਲਵਾਲੀ ਕਾਮੁ ਮਦੁ***
***ਮਨੂਆ ਪੀਵਣਹਾਰੁ॥***
***ਕ੍ਰੋਧ ਕਟੋਰੀ ਮੋਹਿ ਭਰੀ***
***ਪੀਲਾਵਾ ਅਹੰਕਾਰੁ॥***
***ਮਜਲਸ ਕੂੜੇ ਲਬ ਕੀ***
***ਪੀ ਪੀ ਹੋਇ ਖੁਆਰੁ॥ ਅੰਗ - 553***

ਦੁਆਪਰ ਯੁੱਗ ਦੇ ਅੰਤ ਵਿਚ ਅਭਿਮਾਨ ਐਨਾ ਵਧ ਗਿਆ ਸੀ ਕਿ ਜਦੋਂ ਦੁਰਯੋਧਨ ਦਾ ਜ਼ਿਕਰ ਆਉਂਦਾ ਹੈ ਤਾਂ ਨਾਲ ਹੀ ਉਸ ਨੂੰ ਅਭਿਮਾਨੀ ਆਖਿਆ ਜਾਂਦਾ ਹੈ, ਤਿੰਨ ਪੈਰ ਧਰਮ ਦੇ ਕਲਜੁੱਗ ਵਿਚ ਪਹੁੰਚਦਿਆਂ ਟੁੱਟ ਚੁਕੇ ਸਨ ਤੇ ਇਕ ਪੈਰ ਦੇ ਸਹਾਰੇ ਧਰਮ ਖੜ੍ਹਾ ਸੀ। ਗੁਰੂ ਮਹਾਰਾਜ ਜੀ ਦੇ ਸਮੇਂ ਤਕ ਇਹ ਧਰਮ ਅਲੋਪ ਹੋ ਗਿਆ ਸੀ। ਇਸ ਦੇ ਬਾਰੇ ਹੋਰ ਖੋਲ੍ਹ ਕੇ ਜ਼ਿਕਰ ਕੀਤਾ ਗਿਆ ਹੈ ਕਿ ਧਰਮੀ ਬੰਦੇ ਆਡੰਬਰ ਕਰ ਰਹੇ ਸਨ, ਪਾਖੰਡ ਰਚ ਰਹੇ ਸਨ ਅਤੇ ਕੇਵਲ ਦਿਖਾਵੇ ਦੇ ਕਰਮ ਧਰਮ ਕਰਕੇ ਆਪਣੀ ਕਲਿਆਣ ਦੀ ਆਸ ਰਖਦੇ ਸਨ, ਨਾ ਹੀ ਗ੍ਰਿਹਸਤੀ ਵਿਚ ਸੁੱਚ ਰਹੀ ਸੀ, ਨਾ ਜੋਗੀ ਜੰਗਮਾਂ ਵਿਚ ਪ੍ਰਭੂ ਪਿਆਰ ਰਿਹਾ ਸੀ, ਨਾ ਹੀ ਮੱਠ ਧਾਰੀ ਸਾਧੂਆਂ ਦੇ ਅੰਦਰ ਪ੍ਰਭੂ ਦੀ ਪਛਾਣ ਰਹੀ ਸੀ। ਜੋਗ ਦੀ ਜੁਗਤ ਭੁੱਲ ਚੁਕੀ ਸੀ, ਸੁਆਹ ਮਲਣਾ ਹੀ ਜੋਗ ਅਖਵਾਉਣ ਲੱਗਿਆ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਸਤੀ ਪਾਪੁ ਕਰਿ ਸਤੁ ਕਮਾਹਿ॥***
***ਗੁਰ ਦੀਖਿਆ ਘਰਿ ਦੇਵਣ ਜਾਹਿ॥***
***ਇਸਤਰੀ ਪੁਰਖੈ ਖਟਿਐ ਭਾਉ॥***
***ਭਾਵੈ ਆਵਉ ਭਾਵੈ ਜਾਉ॥***
***ਸਾਸਤੁ ਬੇਦੁ ਨ ਮਾਨੈ ਕੋਇ॥***
***ਆਪੋ ਆਪੈ ਪੂਜਾ ਹੋਇ॥***
***ਕਾਜੀ ਹੋਇ ਕੈ ਬਹੈ ਨਿਆਇ॥***
***ਫੇਰੇ ਤਸਬੀ ਕਰੇ ਖੁਦਾਇ॥***
***ਵਢੀ ਲੈ ਕੇ ਹਕੁ ਗਵਾਏ॥***
***ਜੇ ਕੋ ਪੁਛੈ ਤਾ ਪੜਿ ਸੁਣਾਏ॥***
***ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥***
***ਲੋਕ ਮੁਹਾਵਹਿ ਚਾੜੀ ਖਾਹਿ॥***
***ਚਉਕਾ ਦੇ ਕੈ ਸੁਚਾ ਹੋਇ॥***
***ਐਸਾ ਹਿੰਦੂ ਵੇਖਹੁ ਕੋਇ॥***
***ਜੋਗੀ ਗਿਰਹੀ ਜਟਾ ਬਿਭੂਤ॥***
***ਆਗੈ ਪਾਛੈ ਰੋਵਹਿ ਪੂਤ॥***

***ਜੋਗੁ ਨ ਪਾਇਆ ਜੁਗਤਿ ਗਵਾਈ॥***
***ਕਿਤੁ ਕਾਰਣਿ ਸਿਰਿ ਛਾਈ ਪਾਈ॥***
***ਨਾਨਕ ਕਲਿ ਕਾ ਏਹੁ ਪਰਵਾਣੁ॥***
***ਆਪੇ ਆਖਣੁ ਆਪੇ ਜਾਣੁ॥***

***ਅੰਗ - 951***

ਇਸ ਕਲਜੁੱਗ ਨੂੰ ਕੁੱਤੇ ਮੁਹੀ ਆਖਿਆ ਗਿਆ। ਜਿਵੇਂ ਕੁੱਤਾ ਭੱਖ ਅਭੱਖ ਦੀ ਪਛਾਣ ਨਹੀਂ ਜਾਣਦਾ ਅਤੇ ਮੁਰਦਾਰ ਨੂੰ ਬੜਾ ਖੁਸ਼ ਹੋ ਕੇ ਖਾਂਦਾ ਹੈ ਇਵੇਂ ਜਿਵੇਂ ਦੂਸਰੇ ਦੇ ਮਾਲ ਤੇ ਆਪਣਾ ਹਕ ਜਮਾਉਣਾ ਅਤੇ ਦੂਸਰੇ ਦੇ ਹੱਕ ਖੋਹ ਕੇ ਖਾਣਾ; ਇਸ ਤਰ੍ਹਾਂ ਧਰਮ ਦੀ ਵਿਚਾਰ ਖਤਮ ਹੋ ਗਈ ਸੀ। ਝੂਠ ਬੋਲ-ਬੋਲ ਕੇ ਝੂਠੀਆਂ ਕਹਾਣੀਆਂ ਬਣਾ-ਬਣਾ ਕੇ ਪ੍ਰਚਾਰਕ ਵਰਗ ਕੁੱਤਿਆਂ ਵਾਂਗੂੰ ਭੌਂਕਣ ਲਗਿਆ, ਜਿਉਂਦਿਆਂ ਦੀ ਪਤ ਲਹਿ ਰਹੀ ਸੀ। ਨਾਮ ਤੋਂ ਬਿਲਕੁਲ ਟੁੱਟ ਚੁੱਕੇ ਸਨ, ਚਰਿਤਰਹੀਣਤਾ ਬਹੁਤ ਹਦ ਤਕ ਵਧ ਗਈ ਸੀ, ਜਿਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਕਲਿ ਹੋਈ ਕੁਤੇ ਮੁਹੀ***
***ਖਾਜੁ ਹੋਆ ਮੁਰਦਾਰੁ॥***
***ਕੂੜੁ ਬੋਲਿ ਬੋਲਿ ਭਉਕਣਾ***
***ਚੂਕਾ ਧਰਮੁ ਬੀਚਾਰੁ॥***
***ਜਿਨ ਜੀਵੰਦਿਆ ਪਤਿ ਨਹੀ***
***ਮੁਇਆ ਮੰਦੀ ਸੋਇ॥***
***ਲਿਖਿਆ ਹੋਵੈ ਨਾਨਕਾ***
***ਕਰਤਾ ਕਰੇ ਸੁ ਹੋਇ॥***

***ਅੰਗ - 1242***

ਗੁਰੂ ਮਹਾਰਾਜ ਜੀ ਹੈਰਾਨ ਹੋ ਕੇ ਦੁਨੀਆਂ ਦੇ ਰੰਗ ਢੰਗ ਦੇਖ ਕੇ, ਸੁਸਾਇਟੀ ਦਾ ਹਾਲ ਪਰਖ ਕੇ ਫੁਰਮਾਨ ਕਰਦੇ ਹਨ ਕਿ ਕਲਜੁਗੀ ਬੰਦਿਆਂ ਦੀ ਸਾਰੀ ਸੋਚ ਆਪਣੇ ਅਸਲੇ ਤੋਂ ਟੁੱਟ ਕੇ ਉਲਟੀ ਹੋ ਗਈ, ਪਾਣੀ ਨੂੰ ਰਿੜਕ ਕੇ ਮੱਖਣ ਕੱਢਣਾ ਚਾਹੁੰਦੇ ਹਨ। ਭਜਨ ਕਰਨ ਵਾਲੇ ਦੀ ਨਿੰਦਿਆ ਕਰਦੇ ਹਨ, ਪਰਾਈ ਚੀਜ਼ ਨੂੰ ਆਪਣਾ ਆਖਦੇ ਹਨ ਜੋ ਨਾਮ ਵਿਚ ਜਿਉਂਦੇ ਹਨ ਜਿਨ੍ਹਾਂ ਨੇ ਆਪਣੀ ਹਉਮੈ ਨੂੰ ਪੂਰਨ ਰੂਪ ਵਿਚ ਖਤਮ ਕਰ ਲਿਆ ਹੈ ਉਨ੍ਹਾਂ ਉਚ ਭਾਵਾਂ ਵਿਚ ਜਿਊਣ ਵਾਲਿਆਂ ਨੂੰ ਮੁਰਦੇ ਆਖਦੇ ਹਨ ਅਤੇ ਨਾਮ ਤੋਂ ਭੁੱਲੇ ਤ੍ਰਿਸ਼ਨਾਂ ਦੇ ਜਲਾਏ ਹੋਏ, ਵੈਰ ਵਿਰੋਧ ਵਿਚ ਪਿਆ ਹੋਇਆਂ ਨੂੰ ਜਿਉਂਦੇ ਆਖਦੇ ਹਨ। ਸੋ ਜੀਵਨ ਦੀ ਸੋਝੀ ਜਾਂਦੀ ਰਹੀ। ਜਿਸ ਨੇ ਤਿੰਨਾਂ ਗੁਣਾਂ ਦੀ ਨੀਂਦ ਲਾਹ ਦਿਤੀ ਅਤੇ ਉਹ ਆਪਣੇ ਸਰੂਪ ਵਿਚ ਜਾਗ ਪਿਆ ਉਸ ਨੂੰ ਸੁੱਤਾ ਆਖਦੇ ਹਨ, ਜਿਸ ਨੂੰ ਮਾਇਆ ਦੀ ਗਾੜ੍ਹੀ ਨੀਂਦ ਚੜ੍ਹੀ ਹੋਈ ਹੈ ਉਸ ਨੂੰ ਜਾਗਦਾ ਆਖਦੇ ਹਨ। ਜਿਸ ਦੀ ਵਿਚਾਰ ਦੇ ਨੇਤਰ ਪੂਰਨ ਰੂਪ ਵਿਚ ਅੰਨ੍ਹੇ ਹੋ ਗਏ ਉਸ ਨੂੰ ਸੁਜਾਖਾ ਅਤੇ ਪਾਰਖੂ ਆਖਦੇ ਹਨ। ਖਰ੍ਹੇ ਪੁਰਸ਼ ਨੂੰ ਖੋਟਾ ਆਖਦੇ ਹਨ ਖਰ੍ਹਿਆਂ ਦੀ ਸਾਰ ਪੂਰੀ ਤਰ੍ਹਾਂ ਭੁੱਲ ਚੁਕੀ ਹੈ। ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਖੋਟੇ ਕਉ ਖਰਾ ਕਹੈ***
***ਖਰੇ ਸਾਰ ਨ ਜਾਣੈ॥***
***ਅੰਧੇ ਕਾ ਨਾਉ ਪਾਰਖੂ***
***ਕਲੀ ਕਾਲ ਵਿਡਾਣੈ॥***
***ਸੂਤੇ ਕਉ ਜਾਗਤੁ ਕਹੈ***
***ਜਾਗਤ ਕਉ ਸੂਤਾ॥***
***ਜੀਵਤ ਕਉ ਮੂਆ ਕਹੈ***
***ਮੂਏ ਨਹੀ ਰੋਤਾ॥***
***ਆਵਤ ਕਉ ਜਾਤਾ ਕਹੈ***
***ਜਾਤੇ ਕਉ ਆਇਆ॥***
***ਪਰ ਕੀ ਕਉ ਅਪੁਨੀ ਕਹੈ***
***ਅਪੁਨੋ ਨਹੀ ਭਾਇਆ॥***
***ਮੀਠੇ ਕਉ ਕਉੜਾ ਕਹੈ***
***ਕੜੂਏ ਕਉ ਮੀਠਾ॥***
***ਰਾਤੇ ਕੀ ਨਿੰਦਾ ਕਰਹਿ***
***ਐਸਾ ਕਲਿ ਮਹਿ ਡੀਠਾ॥***
***ਚੇਰੀ ਕੀ ਸੇਵਾ ਕਰਹਿ***
***ਠਾਕੁਰੁ ਨਹੀ ਦੀਸੈ॥ ਅੰਗ - 229***

ਪਹਿਲਿਆਂ ਜੁਗਾਂ ਵਿਚ ਤੀਰਥ ਅਸਥਾਨਾਂ ਤੇ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਤਿਸੰਗ ਹੋਇਆ ਕਰਦੇ ਸਨ ਪਰ ਹੁਣ ਅਜਿਹੇ ਲੋਕ ਤੀਰਥਾਂ ਦੇ ਮਾਲਕ ਬਣ ਬੈਠੇ, ਜਿਨ੍ਹਾਂ ਨੇ ਵਿਭਚਾਰ ਨੂੰ ਹੀ ਪ੍ਰਧਾਨ ਬਣਾ ਲਿਆ। ਲੋਕਾਂ ਨੂੰ ਛਲ ਫਰੇਬ ਕਰਕੇ ਠੱਗ ਲੈਣਾ ਹੀ ਧਰਮ ਬਣ ਗਿਆ ਹੈ। ਜਦੋਂ ਸਮਾਧੀ ਲਾਉਂਦੇ ਹਨ ਤਾਂ ਦਿਖਾਵੇ ਵਾਸਤੇ ਨੱਕ ਤੇ ਦੋ ਉਂਗਲਾਂ ਰੱਖ ਕੇ ਸਾਹ ਬੰਦ ਕਰਦੇ ਹਨ,

ਅਤੇ ਦੋ ਉਂਗਲਾਂ ਅੱਖਾਂ ਤੇ ਰੱਖ ਕੇ ਦਬਾਅ ਪਾਉਂਦੇ ਹਨ ਅਤੇ ਹੋਰ ਅਨੇਕ ਸਰੀਰ ਦੇ ਹਾਵ ਭਾਵ ਕਰਕੇ ਸੰਸਾਰ ਨੂੰ ਠੱਗਣ ਵਿਚ ਲੱਗੇ ਹੋਏ ਹਨ, ਬ੍ਰਾਹਮਣਾਂ ਖਤਰੀਆਂ ਨੇ ਆਪਣਾ ਧਰਮ ਛੱਡ ਦਿਤਾ। ਖਤਰੀ ਕਰਮਾਂ ਦਾ ਸੂਰ ਹੋਇਆ ਕਰਦਾ ਸੀ ਪਰ ਇਸ ਨੇ ਵਿਦੇਸ਼ੀਆਂ ਨਾਲ ਸਮਝੌਤਾ ਕਰ ਲਿਆ ਤੇ ਆਪਣੀ ਦੇਵ ਬੋਲੀ ਨੂੰ ਛੱਡ ਕੇ ਮਲੇਛ ਭਾਖਿਆ ਬੋਲਣੀ ਸ਼ੁਰੂ ਕਰ ਦਿਤੀ। ਆਪਣੇ-ਆਪਣੇ ਕਰਮਾਂ-ਧਰਮਾਂ ਨੂੰ ਛੱਡ ਕੇ ਮਿਲ-ਗੋਭਾ ਬਣ ਗਿਆ। ਪ੍ਰਭੂ ਦੇ ਨਾਮ ਨੇ ਸੰਸਾਰ ਨੂੰ ਤਾਰਨਾ ਸੀ, ਉਸ ਨੂੰ ਜੀਵਨ ਵਿਚੋਂ ਖਤਮ ਹੀ ਕਰ ਦਿਤਾ। ਨਾਮ ਜਪਣ ਦੀ ਥਾਂ ਚਾਰੇ ਪਾਸੇ ਅਡੰਬਰ ਹੀ ਆਡੰਬਰ ਫੈਲ ਗਿਆ। ਕਰਮਕਾਂਡ ਵਿਚ ਸੰਸਾਰ ਬੁਰੀ ਤਰ੍ਹਾਂ ਫਸ ਗਿਆ। ਨਮਾਜ਼ ਪੜ੍ਹਨ ਵਾਲਿਆਂ ਨੂੰ ਨਮਾਜ਼ ਪੜ੍ਹਨ ਦਾ ਪਤਾ ਹੀ ਨਾ ਰਿਹਾ ਕਿ ਚਿਤ ਦੀ ਇਕਾਗਰਤਾ ਕੀ ਹੁੰਦੀ ਹੈ। ਰੋਜ਼ੇ ਰੱਖਣ ਵਾਲੇ ਨੂੰ ਭੁੱਲ ਗਿਆ ਕਿ ਜੀਵਨ ਵਿਚ ਉਚੇ ਗੁਣਾਂ ਦੀ ਲੋੜ ਹੈ। ਇਵੇਂ ਜਿਵੇਂ ਹਿੰਦੂ ਵਰਗ ਵਿਚ ਗੀਤਾਂ ਰਸਮਾਂ, ਆਡੰਬਰਾਂ ਦਾ ਪਸਾਰਾ ਫੈਲ ਗਿਆ ਅਤੇ ਪੂਰੀ ਤਰ੍ਹਾਂ ਨਾਲ ਅੰਧਕਾਰ ਛਾ ਗਿਆ।

*ਕਾਲੁ ਨਾਹੀ ਜੋਗੁ ਨਾਹੀ*
*ਨਾਹੀ ਸਤ ਕਾ ਢਬੁ॥*
*ਥਾਨਸਟ ਜਗ ਭਰਿਸਟ ਹੋਏ*
*ਡੂਬਤਾ ਇਵ ਜਗੁ॥*
*ਕਲ ਮਹਿ ਰਾਮ ਨਾਮੁ ਸਾਰੁ॥*
*ਅਖੀ ਤ ਮੀਟਹਿ ਨਾਕ ਪਕੜਹਿ*
*ਠਗਣ ਕਉ ਸੰਸਾਰੁ॥*
*ਆਂਟ ਸੇਤੀ ਨਾਕੁ ਪਕੜਹਿ*
*ਸੂਝਤੇ ਤਿਨਿ ਲੋਅ॥*
*ਮਗਰ ਪਾਛੈ ਕਛੁ ਨ ਸੂਝੈ*
*ਏਹੁ ਪਦਮੁ ਅਲੋਅ॥*
*ਖਤ੍ਰੀਆ ਤ ਧਰਮੁ ਛੋਡਿਆ*
*ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ*
*ਧਰਮ ਕੀ ਗਤਿ ਰਹੀ॥*
*ਅਸਟ ਸਾਜ ਸਾਜਿ ਪੁਰਾਣ ਸੋਧਹਿ*
*ਕਰਹਿ ਬੇਦ ਅਭਿਆਸੁ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ*
*ਕਹੈ ਨਾਨਕੁ ਦਾਸੁ॥ ਅੰਗ - 662*

ਭਾਈ ਗੁਰਦਾਸ ਜੀ ਨੇ ਅਜਿਹੀ ਅਵਸਥਾ ਨੂੰ ਦੇਖਦਿਆਂ ਆਪਣੀ ਰਚਨਾ ਵਿਚ ਲਿਖਿਆ ਹੈ -

*ਕਲਿ ਆਈ ਕੁੱਤੇ ਮੁਹੀ*
*ਖਾਜ ਹੋਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਂਵਦੇ*
*ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨ*
*ਕੂੜ ਕੁਸੱਤ ਮੁਖਹੁ ਆਲਾਈ।*
*ਚੇਲੇ ਸਾਜ ਵਜਾਇੰਦੇ ਨੱਚਣ*
*ਗੁਰੂ ਬਹੁਤ ਬਿਧ ਭਾਈ।*
*ਸੇਵਕ ਬੈਠਨ ਘਰਾਂ ਵਿਚ*
*ਗੁਰ ਉਠ ਘਰੀਂ ਤਿਨਾੜੇ ਜਾਈ।*
*ਕਾਜ਼ੀ ਹੋਏ ਰਿਸ਼ਵਤੀ*
*ਵੱਢੀ ਲੈ ਕੇ ਹੱਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੇਂ ਆਇ ਕਿਥਾਊਂ ਜਾਈ।*
*ਵਰਤਿਆ ਪਾਪ ਸਭਸੁ ਜਗ ਮਾਂਹੀ॥*

*ਭਾਈ ਗੁਰਦਾਸ ਜੀ, ਵਾਰ 1/ 30*

ਆਪ ਦੇ ਫੁਰਮਾਨ ਅਨੁਸਾਰ ਹੱਕ ਨਾ ਹੱਕ, ਦੀ ਵਿਚਾਰ ਜਾਂਦੀ ਰਹੀ। ਰਾਜੇ ਜ਼ਾਲਮ ਸਨ, ਪਰਜਾ ਵਿਚ ਅਗਿਆਨ ਸੀ ਅਤੇ ਝੂਠ ਪ੍ਰਧਾਨ ਹੋ ਗਿਆ। ਧਰਮ ਦੇ ਉਪਦੇਸ਼ਕ ਰਾਸ ਮੰਡਲਾਂ ਤੇ ਲੀਲ੍ਹਾ ਕਰਕੇ ਰੂਹਾਨੀ ਵਿਦਿਆ ਦੇਣ ਦੀ ਥਾਂ ਲੋਕਾਂ ਨੂੰ ਉਲਝਾ ਰਹੇ ਸਨ। ਗੁਰੂ ਅਤੇ ਚੇਲੇ ਦਾ ਤੁਅਲਕ ਉਲਟਾ ਹੋ ਗਿਆ, ਗੁਰੂ ਭਾਲਦਾ ਫਿਰਦਾ ਹੈ ਕਿ ਕੋਈ ਚੇਲਾ ਲੱਭੇ। ਅਮੀਰ ਬੰਦਿਆਂ ਦੇ ਘਰ ਬਾਰ-ਬਾਰ ਗੇੜੇ ਮਾਰ ਕੇ, ਉਨ੍ਹਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਆਨੇ ਬਹਾਨੇ ਉਨ੍ਹਾਂ ਦੀ ਕਮਾਈ ਲੁੱਟਣ ਦਾ ਜਤਨ ਕਰਦੇ ਹਨ। ਇਸਤਰੀ ਪੁਰਖ ਦਾ ਜੋ ਪਵਿੱਤਰ ਪਿਆਰ ਸੀ ਉਹ ਪੂਰੀ ਤਰ੍ਹਾਂ ਨਾਲ ਨਸ਼ਟ ਹੋ ਗਿਆ, ਪੈਸਾ ਪ੍ਰਧਾਨ ਰਹਿ ਗਿਆ, ਪਤੀਵਰਤਾ ਧਰਮ, ਸਤਿ ਵਤ ਧਰਮ ਦੋਵੇਂ ਉਡ ਗਏ। ਮੁਕਦੀ ਗੱਲ ਕਿ ਪਾਪ ਹੀ ਪਾਪ ਪਸਰ ਗਿਆ।

ਰੱਬ ਦੀ ਹੋਂਦ ਤੋਂ ਮੁਨਕਰ ਹੋਣ ਦੇ ਖਿਆਲਾਂ ਨੇ ਚਾਰਵਾਕੀਆ ਵਰਗੇ ਕਈ ਮਤਾਂ ਨੂੰ ਜਨਮ ਦਿਤਾ। ਚਾਰਵਾਕ, ਅਘੋਰ ਪੰਥੀ, ਵਾਮ ਮਾਰਗ ਵਰਗੇ ਹੋਰ ਤਾਂਤਰਕ ਮਤ ਹੋਂਦ ਵਿਚ ਆਏ। ਇਨ੍ਹਾਂ ਨੇ ਪ੍ਰਮੇਸ਼ਰ ਦੀ ਹੋਂਦ ਨੂੰ ਮੰਨਣਾ ਛੱਡ ਦਿਤਾ ਅਤੇ ਮਨੁੱਖਤਾ ਨੂੰ ਭੋਗਾਂ ਵਿਚ ਪ੍ਰਵਿਰਤ ਕਰਨ ਲਈ ਉਲਟਾ ਗਿਆਨ ਦੇਣਾ ਸ਼ੁਰੂ ਕਰ ਦਿਤਾ। ਸੋ ਇਸ ਯੁੱਗ ਵਿਚ ਛੇ ਸਾਸ਼ਤਰਾਂ ਦੀ ਉਤਪਤੀ ਹੋਈ ਜਿਸ ਅਨੁਸਾਰ ਪ੍ਰਕ੍ਰਿਤੀ ਅਤੇ ਅੰਦਰੂਨੀ ਖੋਜ ਲਈ ਛੇ ਸਾਸ਼ਤਰ ਵਜੂਦ ਵਿਚ ਆਏ। ਹੁਣ ਐਸਾ ਯੁੱਗ ਆ ਚੁਕਿਆ ਸੀ ਕਿ ਗਿਆਨ ਅਗਿਆਨ ਤੋਂ ਲੋਕ ਅਣਜਾਣ ਹੋ ਗਏ। ਜੋ ਕੁਝ ਜੀਅ ਵਿਚ ਆਇਆ ਉਹ ਧਾਰਮਿਕ ਆਚਾਰੀਆ ਨੇ ਕਰਨਾ ਸ਼ੁਰੂ ਕਰ ਦਿਤਾ। ਮਨਮਤਿ ਦਾ ਹਨ੍ਹੇਰਾ ਫੈਲ ਗਿਆ, ਕੋਈ ਜੜ੍ਹ ਸਿਲਾ ਨੂੰ ਪੂਜਣ ਲੱਗ ਗਿਆ, ਕੋਈ ਕਬਰਾਂ ਵਿਚ ਦਬੇ ਹੋਏ ਮੁਰਦਿਆਂ ਦੀਆਂ ਰੂਹਾਂ ਨੂੰ ਪੂਜਣ ਲੱਗਿਆ, ਮੰਤਰ, ਤਵੀਤ, ਪ੍ਰਚਲਤ ਹੋ ਕੇ ਪਾਖੰਡ ਦਾ ਜ਼ੋਰ ਵਧ ਗਿਆ। ਆਪੋ ਧਾਪੀ ਹੋ ਕੇ ਅੱਡੋ-ਅੱਡ ਧਰਮ ਪ੍ਰਚਲਤ ਹੋ ਗਏ, ਸੱਚ ਅਲੋਪ ਹੋ ਗਿਆ, ਕੋਈ ਚੰਦਰਮਾ ਦੀ ਪੂਜਾ ਕਰਦਾ ਹੈ, ਕੋਈ ਸੂਰਜ ਦੀ ਪੂਜਾ ਕਰਦਾ ਹੈ, ਕੋਈ ਧਰਤੀ ਤੇ ਆਕਾਸ਼ ਦੇ ਦੇਵਤਿਆਂ ਨੂੰ ਮੰਨਣ ਵਿਚ ਲੱਗਿਆ ਹੋਇਆ ਹੈ। ਕੋਈ ਪੌਣ ਪਾਣੀ ਅੱਗ ਨੂੰ ਪੂਜਣ ਲੱਗਿਆ, ਕਿਸੇ ਨੇ ਧਰਮਰਾਜ ਦੀ ਪੂਜਾ ਹੀ ਕਰਨੀ ਸ਼ੁਰੂ ਕਰ ਦਿਤੀ। ਇਸ ਤਰ੍ਹਾਂ ਜਗਤ ਵਿਚ ਭਾਰੀ ਗੁਲਾਮੀ ਫੈਲ ਗਈ। ਮਨੁੱਖ ਵੰਡਿਆ ਗਿਆ, ਚਾਰ ਵਰਣ - ਖਤ੍ਰੀ, ਬ੍ਰਾਹਮਣ, ਵੈਸ਼, ਸ਼ੂਦਰ ਅਤੇ ਚਾਰ ਆਸ਼ਰਮ - ਬ੍ਰਹਮਚਾਰੀ, ਗ੍ਰਿਹਸਥੀ, ਬਾਨਪ੍ਰਸਤੀ ਤੇ ਸੰਨਿਆਸੀ ਉਤਪੰਨ ਹੋ ਗਏ। ਸੰਨਿਆਸੀਆਂ ਵਿਚ ਬਹੁਤ ਵਿਵਾਦ ਛਿੜ ਗਿਆ। ਇਨ੍ਹਾਂ ਵਿਚ ਗਿਰੀ, ਪੁਰੀ, ਭਾਰਤੀ, ਸੁਰਸਤੀ, ਦੰਡੀ, ਆਰਣਯ, ਆਨਮਤ ਵੱਖੋ ਵੱਖਰੇ ਪ੍ਰਚਾਰ ਕਰਨ ਲੱਗੇ। ਜੋਗੀਆਂ ਵਿਚ 12 ਪੰਥ ਪ੍ਰਚਲਿਤ ਹੋ ਗਏ। ਜੰਗਮ, ਸਰੇਵੜੇ, ਦਿਗੰਬਰਾਂ ਨੇ ਆਪਸ ਵਿਚ ਵਾਦ ਰਚਾ ਦਿਤਾ। ਬ੍ਰਾਹਮਣਾਂ ਨੇ ਵੈਦਕ ਧਰਮ ਨੂੰ ਵੱਖੋ-ਵਖਰੇ ਰੂਪਾਂ ਵਿਚ ਪੇਸ਼ ਕੀਤਾ, ਛੇ ਸਾਸ਼ਤਰਾਂ ਦਾ ਆਪਸ ਵਿਚ ਵਿਵਾਦ ਛਿੜ ਗਿਆ, ਬੇਅੰਤ ਕਿਸਮ ਦੇ ਪਾਖੰਡ ਧਰਮ ਵਿਚ ਰਲਾ ਦਿਤੇ। ਤਵੀਤ, ਧਾਗੇ, ਕਰਾਮਾਤਾਂ ਦੀ ਕਾਲਖ ਨਾਲ ਲਿਬੜ ਗਿਆ, ਇਕ ਰੂਪ ਨੂੰ ਭੁੱਲ ਗਿਆ ਅਤੇ ਬਹੁਤ ਰੂਪ ਬਣਾ ਕੇ ਭਲੇ ਬੁਰੇ ਰੂਪ ਦਸੇ। ਰਾਸਾਂ ਪਾਉਣ ਲੱਗੇ। ਕਲਜੁੱਗ ਵਿਚ ਭਰਮਾਂ ਵਿਚ ਭੁੱਲ ਗਏ। ਜਿਵੇਂ ਕਿ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਦਸਿਆ ਹੈ -

***ਚਾਰ ਵਰਨ ਚਾਰ ਮਜ਼ਹਬਾ***
***ਜਗ ਵਿਚ ਹਿੰਦੂ ਮੁਸਲਮਾਣੇ।***
***ਖੁਦੀ ਬਖੀਲ ਤਕੱਬਰੀ***
***ਖਿਚੋਤਾਣ ਕਰੇਨਿ ਧਿਙਾਣੇ।***
***ਗੰਗ ਬਨਾਰਸ ਹਿੰਦੂਆਂ***
***ਮੱਕਾ ਕਾਬਾ ਮੁਸਲਮਾਣੇ।***
***ਸੁੰਨਤ ਮੁਸਲਮਾਨ ਦੀ***
***ਤਿਲਕ ਜੰਞੂ ਹਿੰਦੂ ਲੋਭਾਣੇ।***
***ਰਾਮ ਰਹੀਮ ਕਹਾਇੰਦੇ***
***ਇਕ ਨਾਮ ਦੁਇ ਰਾਹ ਭੁਲਾਣੇ।***
***ਬੇਦ ਕਤੇਬ ਭੁਲਾਇ ਕੈ***
***ਮੋਹੇ ਲਾਲਚ ਦੁਨੀ ਸ਼ੈਤਾਣੇ।***
***ਸੱਚ ਕਿਨਾਰੇ ਰਹਿ ਗਇਆ***
***ਖਹਿ ਮਰਦੇ ਬਾਹਮਣ ਮਉਲਾਣੇ।***
***ਸਿਰੋਂ ਨ ਮਿਟੈ ਆਵਣ ਜਾਣੇ।***

***ਭਾਈ ਗੁਰਦਾਸ ਜੀ, ਵਾਰ 1/21***

ਇਸਲਾਮ ਹੋਂਦ ਵਿਚ ਆਇਆ, ਉਸ ਨੇ ਸੱਚ ਦਾ ਸੰਦੇਸ਼ਾ ਦਿਤਾ। ਉਸ ਦੇ ਚਾਰ ਯਾਰ (ਖਲੀਫੇ) - ਅਬੂਬਕਰ ਸਦੀਕ, ਉਮਰ ਫਾਰੂਕ, ਉਸਮਾਨ ਗਗੀ, ਹਜ਼ਰਤ ਅਲੀ ਹੋਏ। ਇਨ੍ਹਾਂ ਨੇ ਪਵਿੱਤਰ ਕੁਰਾਨ ਸ਼ਰੀਫ ਦੇ ਵੱਖਰੇ-ਵੱਖਰੇ ਅਰਥ ਕਰਕੇ ਇਸਲਾਮ ਨੂੰ 72 ਫਿਰਕਿਆਂ ਵਿਚ ਵੰਡ ਦਿਤਾ, ਵੈਰ ਵਿਰੋਧ ਵਧਾ ਦਿਤਾ। ਭਉ ਭਗਤੀ ਦੀ ਥਾਂ ਕੇਵਲ ਰਸਮ ਦੀ ਭਗਤੀ ਰਹਿ ਗਈ। ਨਮਾਜ਼ ਨੂੰ ਇਕ ਰਸਮੀ ਕਰਮ ਬਣਾ ਲਿਆ ਉਸ ਦੀ ਅਸਲੀਅਤ ਵਲ ਧਿਆਨ ਨਾ ਦਿਤਾ। ਇਸਲਾਮ ਤੋਂ ਬਿਨਾਂ ਦੂਜਿਆਂ ਨੂੰ ਕਾਫਰ, ਬੇਈਮਾਨ ਦੇ ਵੈਰ ਭਾਵ ਦੇ ਭੇਦ ਕਰਕੇ ਨਫਰਤ ਕੀਤੀ ਜਾਣ ਲੱਗੀ। ਰਾਜ ਹਾਸਲ ਕਰਨ ਲਈ

ਬੇਅੰਤ ਜੰਗ ਕੀਤੇ ਗਏ, ਲੁਟੇਰਿਆਂ ਨੇ ਦੇਸ਼ਾਂ ਤੇ ਹੱਲੇ ਕਰਕੇ ਉਨ੍ਹਾਂ ਨੂੰ ਲੁੱਟ ਕੇ ਆਪਣੇ ਮੰਦ ਕਰਮਾਂ ਨੂੰ ਛੁਪਾਉਣ ਲਈ ਧਰਮ ਦੀ ਪਰਿਭਾਸ਼ਾ ਦਿਤੀ। ਵਾਹਿਗੁਰੂ ਜੀ ਦੇ ਪਿਆਰ ਨੂੰ ਛੱਡ ਕੇ ਧਰਮ ਦੇ ਨਾਮ ਤੇ ਕਤਲ, ਮਾਰ ਕੁੱਟ, ਖੋਹ-ਖਿੰਝ ਦੇ ਨਿੰਦਨੀ ਕਰਮ ਨੂੰ ਧਰਮ ਨਾਲ ਜੋੜ ਕੇ ਪੁੰਨ ਦਾ ਨਾਮ ਦਿਤਾ ਗਿਆ। ਇਕ ਰਾਮ ਕਹਿ ਕੇ ਵਾਹਿਗੁਰੂ ਨੂੰ ਮੰਨਦੇ ਸਨ, ਇਕ ਰਹੀਮ ਕਹਿ ਕੇ ਉਸ ਨੂੰ ਪਿਆਰ ਕਰਦੇ ਸਨ, ਇਕ ਸਤਿ ਗ੍ਰੰਥ ਵੇਦ ਨੂੰ ਪੂਜਦੇ ਸਨ, ਦੂਸਰੇ ਕੁਰਾਨ ਸ਼ਰੀਫ ਨੂੰ ਪੂਜਦੇ ਸਨ। ਪਰ ਦੋਨੋਂ ਫਿਰਕਿਆਂ ਨੇ ਉਨ੍ਹਾਂ ਦੇ ਧਰਮ ਗ੍ਰੰਥਾਂ ਦੇ ਦੱਸੇ ਤੱਤ ਗਿਆਨ ਨੂੰ ਭੁਲਾ ਕੇ ਸ਼ੈਤਾਨ ਦਾ ਰਾਹ ਅਪਣਾਅ ਲਿਆ। ਮਨੁੱਖ ਭੁੱਲ ਗਿਆ ਕਿ ਹਰ ਘਟ ਵਿਚ ਵਾਹਿਗੁਰੂ ਹੈ, ਇਕੋ ਆਤਮਾ ਹੈ। ਇਸ ਸੱਚ ਨੂੰ ਭੁੱਲ ਕੇ ਆਪਸ ਵਿਚ ਖਹਿ-ਖਹਿ ਕੇ ਮਰਨ ਲੱਗੇ। ਪਰਮ ਜੋਤ ਵਾਹਿਗੁਰੂ ਨੂੰ ਪੱਥਰਾਂ ਦੇ ਰੂਪ ਵਿਚ ਮੰਨਣਾ ਸ਼ੁਰੂ ਕੀਤਾ। ਮੜ੍ਹੀਆਂ, ਮਸਾਣੀਆਂ ਅਤੇ ਮੁਰਦਿਆਂ ਨੂੰ ਸਿਜਦੇ ਕਰਨੇ ਸ਼ੁਰੂ ਕੀਤੇ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰੇਮਾ ਭਗਤੀ ਦਾ ਕਾਲ ਪੈ ਗਿਆ -

*ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥*
*ਨਾਰਦਿ ਕਹਿਆ ਸਿ ਪੂਜ ਕਰਾਂਹੀ॥*
*ਅੰਧੇ ਗੁੰਗੇ ਅੰਧ ਅੰਧਾਰੁ॥*
*ਪਾਥਰੁ ਲੇ ਪੂਜਹਿ ਮੁਗਧ ਗਵਾਰ॥*
*ਓਹਿ ਜਾ ਆਪਿ ਡੁਬੇ*
*ਤੁਮ ਕਹਾ ਤਰਣਹਾਰੁ॥ ਅੰਗ - 556*

*ਨਾ ਕਾਸੀ ਮਤਿ ਊਪਜੈ*
*ਨਾ ਕਾਸੀ ਮਤਿ ਜਾਇ॥*
*ਸਤਿਗੁਰ ਮਿਲਿਐ ਮਤਿ ਊਪਜੈ*
*ਤਾ ਇਹ ਸੋਝੀ ਪਾਇ॥*
*ਹਰਿ ਕਥਾ ਤੂੰ ਸੁਣਿ ਰੇ*
*ਮਨ ਸਬਦੁ ਮੰਨਿ ਵਸਾਇ॥*
*ਇਹ ਮਤਿ ਤੇਰੀ ਥਿਰੁ ਰਹੈ*
*ਤਾਂ ਭਰਮੁ ਵਿਚਹੁ ਜਾਇ॥*
*ਅੰਗ - 491*

ਐਸੀ ਹਾਲਤ ਨੂੰ ਘੋਰ ਅੰਧਕਾਰ ਦਾ ਸਮਾਂ ਆਖਿਆ ਜਾਂਦਾ ਹੈ, ਇਸ ਨੂੰ ਭਾਈ ਗੁਰਦਾਸ ਜੀ ਨੇ ਇਸ ਤੋਂ ਵੀ ਅੱਗੇ ਧੁੰਦ ਨਾਲ ਬਰਾਬਰੀ ਦਿਤੀ ਹੈ। ਹਨ੍ਹੇਰਾ ਤਾਂ ਪ੍ਰਕਾਸ਼ ਹੋਣ ਨਾਲ ਦੂਰ ਹੋ ਜਾਂਦਾ ਹੈ ਪਰ ਧੁੰਦ ਸੂਰਜ ਦੇ ਪ੍ਰਕਾਸ਼ ਨੂੰ ਵੀ ਕੁਝ ਨਹੀਂ ਜਾਣਦੀ, ਹਨ੍ਹੇਰਾ ਪਾਈ ਰਖਦੀ ਹੈ। ਸਭਨਾਂ ਦੇ ਮਨਾਂ ਵਿਚ ਧੁੰਦ ਵਰਤ ਗਈ। ਲੋਕ ਭੇਖਾਂ ਵਿਚ ਭੁੱਲ ਗਏ, ਨਿਰਾ ਭੇਖ ਧਾਰ ਕੇ ਇਹ ਸਮਝਣ ਲੱਗੇ ਕਿ ਅਸਾਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਮੁਕਤੀ ਹੋ ਜਾਵੇਗੀ। ਇਸ ਤੋਂ ਵੱਧ ਅਗਿਆਨ ਕੀ ਹੋ ਸਕਦਾ ਸੀ? ਹਉਮੈ ਦਾ ਪੂਰੀ ਤਰ੍ਹਾਂ ਨਾਲ ਪਸਾਰਾ ਹੋ ਗਿਆ, ਚੇਲੇ ਵੀ ਹਉਮੈ ਵਿਚ ਡੁੱਬ ਗਏ ਅਤੇ ਗੁਰੂ ਵੀ ਹਉਮੈ ਦੇ ਅਥਾਹ ਸਾਗਰ ਵਿਚ ਡੁੱਬ ਗਏ। ਗੁਰਮੁਖ ਦੀ ਅਣਹੋਂਦ ਹੋ ਗਈ। ਐਸੇ ਸਮੇਂ ਅਤੇ ਹਾਲਾਤ ਬਾਰੇ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਦਸਦੇ ਫੁਰਮਾਨ ਕਰਦੇ ਹਨ -

*ਜਤੀ ਸਤੀ ਚਿਰਜੀਵਣੇ*
*ਸਾਧਿਕ ਸਿੱਧ ਨਾਥ ਗੁਰ ਚੇਲੇ।*
*ਦੇਵੀ ਦੇਵ ਰਿਖੀਸ਼ਰਾਂ*
*ਭੈਰੋਂ ਖੇਤ੍ਰਪਾਲ ਬਹੁਤ ਮੇਲੇ।*
*ਗਣ ਗੰਧਰਬ ਅਪੱਛਰਾਂ*
*ਕਿੰਨਰ ਜੱਛ ਚਲਿਤ ਬਹੁ ਖੇਲੇ।*
*ਰਾਖਸ ਦਾਨੋਂ ਦੈਂਤ ਲਖਿ*
*ਅੰਦਰ ਦੂਜਾ ਭਾਉ ਦੁਹੇਲੇ।*
*ਹਉਮੈਂ ਅੰਦਰ ਸਭ ਕੋ*
*ਡੁਬੇ ਗੁਰੂ ਸਣੇ ਬਹੁ ਚੇਲੇ।*
*ਗੁਰਮੁਖ ਕੋਇ ਨ ਦਿਸਈ*
*ਢੂੰਢੇ ਤੀਰਥ ਜਾਤ੍ਰੀ ਮੇਲੇ।*
*ਢੂੰਢੇ ਹਿੰਦੂ ਤੁਰਕ ਸਭ*
*ਪੀਰ ਪੈਕੰਬਰ ਕਉਮਿ ਕਤੇਲੇ।*
*ਅੰਧੀ ਅੰਧੇ ਖੂਹੇ ਠੇਲੇ॥*
*ਭਾਈ ਗੁਰਦਾਸ ਜੀ, ਵਾਰ 1/ 26*

ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*

*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*
***ਅੰਗ - 145***

ਬਹੁਤ ਵਿਸਥਾਰ ਨਾਲ ਗੁਰਬਾਣੀ ਵਿਚ ਉਸ ਸਮੇਂ ਦੇ ਹਾਲਾਤ ਲਿਖੇ ਹੋਏ ਹਨ, ਸੱਚ ਦਾ ਕਾਲ ਪੈ ਚੁਕਿਆ ਸੀ ਅਤੇ ਕੂੜ ਦਾ ਪੂਰੀ ਤਰ੍ਹਾਂ ਪਸਾਰਾ ਸੀ। ਸਾਰੀ ਸਮਾਜ ਹੀ ਦੂਸ਼ਿਤ ਹੋ ਚੁੱਕੀ ਸੀ। ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਾਨਕ ਦੁਨੀਆ ਕੈਸੀ ਹੋਈ॥*
*ਸਾਲਕੁ ਮਿਤੁ ਨ ਰਹਿਓ ਕੋਈ॥*
*ਭਾਈ ਬੰਧੀ ਹੇਤੁ ਚੁਕਾਇਆ॥*
*ਦੁਨੀਆ ਕਾਰਣਿ ਦੀਨੁ ਗਵਾਇਆ॥*
***ਅੰਗ - 1410***

ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਅੰਧਕਾਰਮਈ ਸਮੇਂ ਵਿਚ ਸੰਸਾਰ ਨੂੰ ਦਸਿਆ ਕਿ ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਹੀ ਪਸਾਰਾ ਕੀਤਾ ਹੈ, ਆਪ ਹੀ ਨਿਰੰਕਾਰ ਤੇ ਏਕੰਕਾਰ ਰੂਪ ਵਿਚ ਸਰਗੁਣ ਹੋਂਦ ਧਾਰਨ ਕਰੀ, ਆਪ ਨੇ ਹੀ ਓਅੰਕਾਰ ਧੁਨ ਤੋਂ ਸ੍ਰਿਸ਼ਟੀ ਉਤਪਤ ਕੀਤੀ, ਆਪ ਹੀ ਨਾਮ ਸ਼ਕਤੀ ਪੈਦਾ ਕੀਤੀ, ਜਿਸ ਨੂੰ ਸ਼ਬਦ ਬ੍ਰਹਮ ਵੀ ਆਖਿਆ ਜਾਂਦਾ ਹੈ. ਭਾਈ ਗੁਰਦਾਸ ਜੀ ਅਨੁਸਾਰ -

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸ਼ਬਦ ਧੁਨ*
*ਓਅੰਕਾਰ ਅਕਾਰ ਬਨਾਯਾ।*
***ਭਾਈ ਗੁਰਦਾਸ ਜੀ, ਵਾਰ 26/2***

ਅਤੇ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*
***ਅੰਗ - 463***

ਆਪ ਜੀ ਨੇ ਵਾਹਿਗੁਰੂ ਜੀ ਦਾ ਸਰੂਪ ਦਸਦਿਆਂ ਫੁਰਮਾਨ ਕੀਤਾ ਕਿ ਉਹ ਏਕੰਕਾਰ ਹੈ, ਸ਼ਬਦ ਉਸ ਤੋਂ ਵਖਰਾ ਨਹੀਂ ਹੈ, ਉਸ ਨੇ ਸ਼ਬਦ ਤੋਂ ਜਿਸ ਨੂੰ ਓਅੰਕਾਰ ਕਿਹਾ ਗਿਆ ਸ੍ਰਿਸ਼ਟੀ ਉਤਪਤ ਕੀਤੀ, ਸ਼ਬਦ ਬ੍ਰਹਮ ਏਕੰਕਾਰ ਆਪ ਹੀ ਹੈ ਅਤੇ ਉਹ ਹੋਂਦ ਹੈ, ਜਿਸ ਨੂੰ ਸਤਿ ਆਖਿਆ ਗਿਆ। ਸ੍ਰਿਸ਼ਟੀ ਪੈਦਾ ਕਰਨ ਵਾਲੀ ਸ਼ਕਤੀ ਉਸਦਾ ਆਪਣਾ ਹੀ ਰੂਪ ਹੈ, ਉਹ ਨਿਰੰਕਾਰੀ ਸ਼ਬਦ ਹੈ ਜਿਸ ਨੂੰ 'ਨਾਮ' ਆਖਿਆ ਗਿਆ ਅਤੇ ਇਸ ਵਾਸਤੇ ਉਹ ਕਰਤਾ ਹੈ। ਕੋਈ ਥਾਂ ਐਸਾ ਨਹੀਂ ਜਿਥੇ ਉਸ ਦੀ ਹੋਂਦ ਨਾ ਹੋਵੇ। ਉਹ ਪੂਰੀ ਤਰ੍ਹਾਂ ਨਾਲ ਕਣ-ਕਣ ਵਿਚ, ਘਟ-ਘਟ ਵਿਚ, ਪਉਣ, ਪਾਣੀ, ਅਗਨੀ, ਜੰਗਲਾਂ, ਧਰਤੀ, ਅਕਾਸ਼ ਵਿਚ ਹੋਂਦ ਵਿਚ ਹੈ। ਸਾਰੀ ਸ੍ਰਿਸ਼ਟੀ ਦੀ ਖੇਲ੍ਹ ਉਸ ਦੇ ਹੱਥ ਵਿਚ ਹੀ ਹੈ। ਉਹ ਹਰ ਘਟ ਵਿਚ ਅਤੇ ਹਰ ਥਾਂ ਵਿਆਪਕ ਹੋਣ ਕਰਕੇ ਪੁਰਖ ਹੈ, ਭੈ ਅਤੇ ਵੈਰ ਇਹ ਦੋਵੇਂ ਭਾਵ ਉਸ ਵਿਚ ਨਹੀਂ ਹਨ। ਉਹ ਸਦਾ ਸਤਿ ਹਸਤੀ ਹੈ ਜਿਸ ਨੂੰ ਅਕਾਲ ਮੂਰਤ ਆਖਿਆ ਗਿਆ। ਉਹ ਆਪ ਹੀ ਗਿਆਨ ਸਰੂਪ ਹੈ, ਸਭ ਕੁਝ ਜਾਣਦਾ ਹੈ, ਜੂਨਾਂ ਤੋਂ ਰਹਿਤ ਹੈ, ਉਹ ਕਦੇ ਵੀ ਨਾ ਜੰਮਦਾ ਹੈ, ਨਾ ਮਰਦਾ ਹੈ ਇਕ ਰਸ ਪਰੀਪੂਰਨ ਹੈ। ਸਮਾਂ ਉਸ ਨੂੰ ਮਿਟਾ ਨਹੀਂ ਸਕਦਾ। ਇਸ ਕਰਕੇ 'ਅਕਾਲ ਮੂਰਤਿ ਅਜੂਨੀ ਸੈਭੰ' ਉਸ ਦਾ ਆਪਣਾ ਰੂਪ ਹੈ। ਉਸ ਦਾ ਗਿਆਨ ਸਮਰੱਥ ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦਾ। ਇਹ ਸੂਝ ਜਿਸ ਦੇ ਅੰਦਰ ਪੂਰੀ ਤਰ੍ਹਾਂ ਪ੍ਰਗਟ ਹੋ ਜਾਵੇ ਅਤੇ ਕਦੇ ਭੁੱਲ ਕੇ ਉਸ ਦੇ ਅੰਦਰ ਭਰਮ ਪ੍ਰਗਟ ਨਾ ਹੋਵੇ ਕੇਵਲ ਇਕੋ ਹੀ ਇਕ ਨਿਸ਼ਚੇ ਵਿਚ ਸਮਾਅ ਜਾਵੇ ਇਕੋ ਹੀ ਦਿਖੇ, ਇਕ ਹੀ ਸੁਣੇ, ਇਕੋ ਹੀ ਗੁਪਤ ਪ੍ਰਗਟ ਵਰਤਦਾ ਅਨੁਭਵ ਹੋਵੇ ਅਤੇ ਆਪਣਾ ਆਪਾ ਪੂਰੀ ਤਰ੍ਹਾਂ ਪਰਮ ਆਪੇ ਵਿਚ ਲੀਨ ਹੋ ਕੇ ਨਿਜਤਾ ਦਾ ਭੁਲੇਖਾ ਦੂਰ ਹੋ ਜਾਵੇ, ਇਸ ਅਵਸਥਾ ਨੂੰ ਗੁਰੂ ਮਹਾਰਾਜ ਜੀ ਨੇ ਨਾਮ ਨਿਵਾਸ ਦਸਿਆ ਅਤੇ ਇਸ ਅਨੁਭਵ ਨੂੰ ਨਾਮ ਆਖਿਆ ਗਿਆ ਜਿਥੋਂ ਤਕ ਪਹੁੰਚਣ ਲਈ ਗੁਰੂ ਦੇ ਮੰਤਰ ਦਾ ਅਭਿਆਸ, ਗੁਰੂ ਦੇ ਸ਼ਬਦ ਦੀ ਵਿਚਾਰ, ਗੁਰੂ ਕੋਲ ਆਪਣਾ ਆਪਾ ਪੂਰਨ ਰੂਪ

ਵਿਚ ਸਮਰਪਤ ਕਰਕੇ ਗੁਰੂ ਹੁਕਮ ਵਿਚ ਚਲਣਾ ਇਹ 'ਨਾਮ ਮਾਰਗ' ਜਾਂ 'ਆਤਮ ਮਾਰਗ' ਗੁਰੂ ਨਾਨਕ ਜੀ ਨੇ ਸੰਸਾਰ ਵਿਚ ਪ੍ਰਕਾਸ਼ਤ ਕੀਤਾ ਅਤੇ ਨਾਲ ਹੀ ਇਹ ਬਚਨ ਕਹੇ ਕਿ-

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥***
***ਅੰਗ - 1185***

ਅਤੇ ਨਾਮ ਨੂੰ ਹੀ ਪ੍ਰਮੁੱਖ ਸਾਧਨ ਬਣਾ ਦਿਤਾ। ਨਾਮ ਮਾਰਗ ਤੇ ਚੱਲਣ ਲਈ ਪੂਰੇ ਸਦਗੁਣਾਂ ਦਾ ਧਾਰਨੀ ਹੋਣਾ ਲਾਜ਼ਮੀ ਬਣਾਇਆ। ਉਹ ਸੱਚ ਸਦੀਵੀ ਸੱਚ ਹੈ, ਉਹ ਆਦਿ ਤੋਂ ਪਹਿਲਾਂ ਹੈ ਜਿਥੇ ਜਾ ਕੇ ਅਸਾਡਾ ਮਨ, ਅਸਾਡਾ ਅਨੁਮਾਨ ਰੁਕ ਜਾਵੇ ਜਿਸ ਨੂੰ ਅਸੀਂ ਆਦਿ ਸਮਝ ਬੈਠੀਏ ਉਸ ਸਮੇਂ ਵੀ ਉਹ ਆਪ ਹੀ ਸੀ, ਜਦੋਂ ਦੇਸ਼ ਕਾਲ ਵਸਤੂ ਦਾ ਪ੍ਰਕਾਸ਼ ਹੋਇਆ ਉਸ ਵੇਲੇ ਵੀ ਉਹ ਆਪ ਹੀ ਸੀ, ਹੁਣ ਵੀ ਉਹ ਆਪ ਹੀ ਹੈ। ਜਦੋਂ ਸੰਸਾਰ ਵਿਚ ਕੁਝ ਵੀ ਨਹੀਂ ਹੋਵੇਗਾ ਫੇਰ ਵੀ ਉਹ ਆਪ ਹੀ ਹੋਵੇਗਾ। ਉਸ ਵਿਚ ਨਾ ਮਾਇਆ ਹੈ, ਨਾ ਕੋਈ ਛਾਇਆ ਹੈ। ਨਾ ਪ੍ਰਕ੍ਰਿਤੀ ਹੈ, ਨਾ ਹਉਮੈ ਹੈ, ਨਾ ਦੁਖ ਹੈ, ਇਹ ਸਭ ਕੁਝ ਉਸ ਨੇ ਆਪ ਹੀ ਰਚੇ ਹਨ ਉਹ ਸਦੀਵੀ ਸਤਿ ਹੈ। ਹਉਮੈ, ਅਗਿਆਨ ਕੋਈ ਵਸਤੂ ਨਹੀਂ ਕੇਵਲ ਭਰਮ ਹੈ। ਪ੍ਰਕ੍ਰਿਤੀ ਮਾਇਆ ਦੇ ਤਿੰਨ ਗੁਣਾਂ ਦਾ ਅਸੰਤੁਲਨ, ਜੋਤ ਦੀ ਕਿਰਨ ਨੂੰ ਆਪਣੇ ਓਹਲੇ ਵਿਚ ਸਮੇਟ ਲੈਂਦੀ ਹੈ ਅਤੇ ਉਹ ਜੋਤ ਜੀਵ ਆਤਮਾ ਹੁੰਦੀ ਹੋਈ ਭੀ ਆਪਣੇ ਆਪ ਨੂੰ ਦੇਹ ਹੀ ਮੰਨਦੀ ਹੈ। ਦੇਹ ਦੇ ਸਾਰੇ ਧਰਮ ਕਰਮ ਆਪਣੇ ਉਪਰ ਥਾਪਦੀ ਹੈ। ਇਹ ਸਾਰੀ ਕ੍ਰਿਆ ਹੁਕਮ ਵਿਚ ਹੋ ਰਹੀ ਹੈ। ਇਸ ਸੱਚ ਦੇ ਸੂਰਜ ਦਾ ਪ੍ਰਕਾਸ਼ ਹਨ੍ਹੇਰੀਆਂ ਨੁਕਰਾਂ ਵਿਚ ਪਹੁੰਚਾਉਣ ਲਈ ਆਪ ਜੀ ਨੇ ਸਾਰੀ ਸ੍ਰਿਸ਼ਟੀ ਦਾ ਭ੍ਰਮਣ ਕੀਤਾ।

ਬਚਪਨ ਤੋਂ ਹੀ ਆਪ ਦੇ ਕੌਤਕ ਨਿਆਰੇ ਰੂਪ ਵਿਚ ਸਨ। ਜੇ ਪਾਧਾ, ਨਾਨਕ ਜੀ ਨੂੰ ਪੜ੍ਹਾਉਣ ਲਈ ਪਹਿਲੇ ਦਿਨ 'ਓਅੰ ਨਮਹ ਸਿਧੰ' ਲਿਖਦਾ ਹੈ ਤਾਂ ਬਾਲਕ ਰੂਪ ਨਾਨਕ ਜੀ ਪੁਛਦੇ ਹਨ ਕਿ ਪਾਧਾ ਜੀ! ਕੀ ਤੁਸੀਂ ਓਅੰਕਾਰ ਨੂੰ ਜਾਣਦੇ ਹੋ? ਕੀ ਉਹ ਤੁਹਾਡੀ ਯਾਦ ਵਿਚ ਸਦਾ ਸਮਾਇਆ ਰਹਿੰਦਾ ਹੈ? ਕੀ ਆਪ ਨੂੰ ਉਸ ਦੀ ਹੋਂਦ ਉਪਰ ਵਿਸ਼ਵਾਸ਼ ਹੈ? ਉਸ ਨੂੰ ਕੀਤੀ ਹੋਈ ਨਮਸ਼ਕਾਰ ਤਾਂ ਹੀ ਪ੍ਰਵਾਨ ਹੋਵੇਗੀ ਜੇ ਤੁਸੀਂ ਉਸ ਦੀ ਸਤਤਾ ਨੂੰ ਹਿਰਦੇ ਵਿਚ ਵਸਾਇਆ ਹੋਵੇ, ਨਹੀਂ ਤਾਂ ਇਹ ਇਕ ਫੋਕਟ ਕਰਮ ਹੈ, ਰੀਤ ਹੈ। ਓਅੰਕਾਰ ਰੀਤਾਂ ਵਿਚ ਨਹੀਂ ਆਇਆ ਕਰਦਾ। ਓਅੰਕਾਰ ਸ੍ਰਿਸ਼ਟੀ ਵਿਚ ਪ੍ਰਤੱਖ ਹੈ ਜਿਵੇਂ ਧਰਤੀ ਉਪਰ ਸੂਰਜ ਦਿਨ ਵਿਚ ਪ੍ਰਤੱਖ ਰੂਪ ਵਿਚ ਦਿਸਦਾ ਹੈ।

ਪਾਧੇ ਨੇ ਪਹਿਲੀ ਵਾਰੀ ਇਹ ਬਚਨ ਸੁਣੇ ਸਨ, ਉਹ ਹੈਰਾਨ ਹੋ ਗਿਆ। ਉਸ ਨੇ ਸੋਚਿਆ ਮਨਾਂ! ਤੂੰ ਤਾਂ ਹਨ੍ਹੇਰੇ ਵਿਚ ਹੀ ਹੈਂ। ਇਹ ਮੇਰੇ ਸਾਮ੍ਹਣੇ ਬਾਲਕ ਨਹੀਂ ਨਿਰਾ ਪ੍ਰਕਾਸ਼ ਦਾ ਰੂਪ ਬੈਠਾ ਹੈ। ਚਰਨੀਂ ਢਹਿ ਪਿਆ, ਬੇਨਤੀ ਕੀਤੀ ਹੇ ਸੱਚ ਨੂੰ ਪਛਾਨਣ ਵਾਲੇ ਬਾਲਕ ਰੂਪ ਵਿਚ ਦਿਸਦੇ ਪ੍ਰਭੂ! ਮੈਨੂੰ ਉਸ ਸੱਚ ਦੀ ਪਹਿਚਾਣ ਕਰਾ? ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਪਾਧਾ ਜੀ! ਉਸ ਸੱਚ ਦੀ ਪਛਾਣ ਵਿਚ ਜੋ ਦੀਵਾਰ ਬਣੀ ਹੋਈ ਹੈ ਉਹ ਤੁਹਾਡਾ ਆਪਣੇ ਆਪ ਨੂੰ ਉਸ ਪਰਮ ਜੋਤ ਵਿਚੋਂ ਵੱਖਰੇ ਜਾਨਣਾ ਹੀ ਹੈ ਇਸ ਨੂੰ ਅਸੀਂ ਹਉਮੈ ਆਖਦੇ ਹਾਂ। ਇਸ ਤੋਂ ਪੰਜ ਭਿਆਨਕ ਸੰਗਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਰੂਪ ਵਿਚ ਅਤੇ 'ਮੈਂ' ਅਤੇ 'ਮੇਰੀ' ਦੇ ਰੂਪ ਵਿਚ ਪ੍ਰਗਟ ਹੋ ਕੇ ਜੀਵ ਨੂੰ ਬੰਨ੍ਹ ਲੈਂਦੇ ਹਨ। ਉਸ ਦੇ ਚਾਰੇ ਪਾਸੇ ਹਨ੍ਹੇਰਾ ਛਾ ਜਾਂਦਾ ਹੈ। ਇਹ ਹਉਮੈ ਦੀ ਕੰਧ ਉਸ ਨੂੰ ਆਪਣੀ ਵਲਗਣ ਵਿਚ ਲੈ ਲੈਂਦੀ ਹੈ ਅਤੇ ਉਹ ਵਾਹਿਗੁਰੂ ਜੀ ਤੋਂ ਪੂਰੀ ਤਰ੍ਹਾਂ ਵੱਖਰਾ ਹੋ ਜਾਂਦਾ ਹੈ। ਜੇ ਉਸ ਸੱਚ ਤਕ ਪਹੁੰਚਣਾ ਹੈ ਤਾਂ ਹੰਗਤਾ, ਮਮਤਾ ਅਤੇ ਇਸ ਤੋਂ ਪੈਦਾ ਹੋਏ ਸਾਰੇ ਭਾਵਾਂ ਨੂੰ ਗਿਆਨ ਦੇ ਦੀਵੇ ਉਤੇ ਜਾਲ ਕੇ ਸੁਆਹ ਬਣਾ ਲੈ ਜਿਸ ਤੋਂ ਸਿਆਹੀ ਬਣ ਜਾਵੇਗੀ ਅਤੇ ਲਿਖਣ ਲਈ ਸਤਿ ਅਤੇ ਅਸਤਿ ਦੀ ਵਿਚਾਰ ਜਿਸ ਨੂੰ ਅਸੀਂ ਵਿਵੇਕ ਆਖਦੇ ਹਾਂ ਜਾਂ ਸਾਰ ਮਤ ਕਹਿੰਦੇ ਹਾਂ, ਉਸ ਦਾ ਕਾਗਜ਼ ਬਣਾ ਲੈ। ਪਿਆਰ ਦੀ ਕਲਮ ਹੱਥ ਵਿਚ ਲੈ ਕੇ, ਇਕ ਚਿਤ ਦੀ ਇਕਾਗਰਤਾ ਨੂੰ ਲਿਖਾਰੀ

ਬਣਾ। ਜੋ ਕੁਝ ਲਿਖਣਾ ਹੈ, ਉਹ ਗੁਰੂ ਤੋਂ ਪੁਛ। ਸਮਰੱਥ ਗੁਰੂ ਤੈਨੂੰ ਦਸੇਗਾ ਕਿ ਤੂੰ ਪ੍ਰਭੂ ਦਾ ਨਾਮ ਲਿਖ।

ਪਾਧਾ ਜੀ! ਇਹ ਕਿਸੇ ਫੱਟੀ ਜਾਂ ਕਾਗਜ਼ ਤੇ ਨਹੀਂ ਲਿਖਿਆ ਜਾਣਾ, ਇਹ ਧੁਰ ਹਿਰਦੇ ਵਿਚ ਉਕਰਿਆ ਜਾਵੇਗਾ ਅਤੇ ਮਤ ਵਿਚ ਸਮਾਅ ਜਾਵੇਗਾ। ਪ੍ਰਭੂ ਦੀ ਪਰੀਪੂਰਨਤਾ ਜਿਸ ਨੂੰ ਅਸੀਂ ਨਾਮ ਆਖਦੇ ਹਾਂ, ਜਿਸ ਦੀ ਸੂਝ ਗੁਰੂ ਦੇ ਮੰਤਰ ਤੋਂ ਸ਼ੁਰੂ ਹੁੰਦੀ ਹੈ, ਉਸ ਨੂੰ ਰਸਨਾ ਨਾਲ ਜਪ ਕੇ ਹਿਰਦੇ ਵਿਚ ਧਾਰਨ ਕਰਕੇ ਮਿਹਨਤ ਕਰਨੀ ਪਵੇਗੀ। ਜਨਮਾਂ-ਜਨਮਾਂਤਰਾਂ ਦੇ ਕੀਤੇ ਕਰਮਾਂ ਦੀ ਮੈਲ ਨੂੰ ਉਹ ਧੋ ਦੇਵੇਗਾ, ਅੰਦਰ ਲਿਸ਼ਕਾਰਾਂ ਮਾਰੇਗਾ ਅਤੇ ਪਵਿੱਤਰ ਹੋ ਜਾਵੇਗਾ। ਫੇਰ ਤੂੰ ਉਸ ਸ਼ਕਤੀ ਦੀ ਸਿਫਤ ਸਲਾਹ ਲਿਖ ਜਿਸ ਦਾ ਕਿਤੇ ਆਦਿ ਅੰਤ ਨਹੀਂ, ਜਿਸ ਦੀਆਂ ਹਰ ਥਾਂ ਉਪਰ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਕੀਤੀਆਂ ਹੋਈਆਂ ਹਨ। ਅਸਾਡੇ ਜੀਉਣ ਲਈ ਹਵਾ ਹੈ, ਪੀਣ ਲਈ ਪਾਣੀ ਹੈ, ਸਰੀਰ ਦੀ ਪਾਲਣਾ ਲਈ ਅਨੇਕ ਕਿਸਮ ਦੇ ਭੋਜਨ ਹਨ, ਹੋਰ ਅਨੇਕ ਪ੍ਰਕਾਰ ਦੀਆਂ ਸਹੂਲਤਾਂ ਦਿਤੀਆਂ ਹੋਈਆਂ ਹਨ। ਉਹ ਬੇਅੰਤ ਹੈ, (infinity) ਕਿਤੇ ਵੀ ਉਸ ਦੀ ਆਖਰੀ ਹੱਦ ਨਹੀਂ। ਇਸ ਗੱਲ ਨੂੰ ਹਿਰਦੇ ਵਿਚ ਵਸਾ ਲਵੋ ਕਿ ਉਸ ਦਾ ਕਿਤੇ ਅੰਤ ਪਾਰਾਵਾਰ ਨਹੀਂ ਹੈ, ਉਹ ਪਿਆਰ ਕਰਦਾ ਹੈ ਸਭ ਦਾ ਆਪਣਾ ਆਪ ਹੈ, ਸਭ ਨੂੰ ਸੁੱਖ ਦਿੰਦਾ ਹੈ ਪਰ ਇਹ ਜੀਵ ਭੁੱਲ ਕੇ ਆਪਣੇ ਆਪ ਨੂੰ ਉਸ ਤੋਂ ਵੱਖਰਾ ਜਾਣ ਕੇ ਆਪਣੀ ਹੀ ਦੁਨੀਆਂ ਰਚਦਾ ਹੈ ਅਤੇ ਆਪਣੇ ਕਰਮਾਂ ਕਰਕੇ ਸੁਖ ਦੁਖ ਅਨੁਭਵ ਕਰਦਾ ਹੈ।

ਉਸ ਪੰਡਤ ਦੇ, ਗੁਰੂ ਚਰਨਾਂ ਦੀ ਛੋਹ ਨਾਲ ਕਪਾਟ ਖੁਲ੍ਹ ਗਏ। ਗੁਰੂ ਮਹਾਰਾਜ ਜੀ ਨੇ ਦਸਿਆ ਕਿ ਪਾਧਾ ਜੀ! ਜਦੋਂ ਤੁਸੀਂ ਇਹ ਲੇਖੇ ਪੱਤੇ ਲਿਖਣ ਲੱਗੋਂ, ਇਹ ਦਰਗਾਹ ਵਿਚ ਤੁਹਾਡੀ ਸਹਾਇਤਾ ਕਰਨਗੇ। ਇਹ ਸੱਚੀ ਪੜ੍ਹਾਈ ਹੈ। ਇਸ ਸੱਚੀ ਪੜ੍ਹਾਈ ਨੂੰ ਪੜ੍ਹ ਕੇ ਪ੍ਰਭੂ ਦੇ ਦਰਬਾਰ ਵਿਚ ਸਤਿਕਾਰੇ ਜਾਵੋਂਗੇ ਅਤੇ ਮੱਥਿਆਂ ਤੇ ਟਿੱਕੇ ਲਗਣਗੇ। ਮਹਿਮਾ ਹੋਵੇਗੀ, ਜੈ-ਜੈਕਾਰ ਹੋਵੇਗੀ। ਇਸ ਦੇ ਵਿਪਰੀਤ ਵੱਡੇ-ਵੱਡੇ ਦੁਨੀਆਂ ਦੇ ਰਾਜੇ, ਨਵਾਬ, ਸੁਲਤਾਨ, ਦੁਨੀਆਂ ਦੇ ਰਸਾਂ ਨੂੰ ਭੋਗ ਕੇ ਖੇਹ ਵਿਚ ਰਲ ਜਾਣਗੇ। ਉਨ੍ਹਾਂ ਦਾ ਜੀਵ ਆਤਮਾ ਕੀਤੇ ਹੋਏ ਮਾਇਕ ਕਰਮਾਂ ਕਰਕੇ ਨਰਕਾਂ ਵਿਚ ਦੁਖ ਭੋਗੇਗਾ। ਅਨੇਕ ਜੂਨੀਆਂ ਵਿਚ ਘੁੰਮਦਾ ਫਿਰੇਗਾ ਜਿਸ ਤਰ੍ਹਾਂ ਕਿ ਫੁਰਮਾਨ ਹੈ-

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ***
***ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ***
***ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ***
***ਤਿਥੈ ਹੋਇ ਸਚਾ ਨੀਸਾਣੁ॥***
***ਜਿਥੈ ਮਿਲਹਿ ਵਡਿਆਈਆ***
***ਸਦ ਖੁਸੀਆ ਸਦ ਚਾਉ॥***
***ਤਿਨ ਮੁਖਿ ਟਿਕੇ ਨਿਕਲਹਿ***
***ਜਿਨ ਮਨਿ ਸਚਾ ਨਾਉ॥***
***ਕਰਮਿ ਮਿਲੈ ਤਾ ਪਾਈਐ***
***ਨਾਹੀ ਗਲੀ ਵਾਉ ਦੁਆਉ॥***
***ਇਕਿ ਆਵਹਿ ਇਕਿ ਜਾਹਿ ਉਠਿ***
***ਰਖੀਅਹਿ ਨਾਵ ਸਲਾਰ॥***
***ਇਕਿ ਉਪਾਏ ਮੰਗਤੇ***
***ਇਕਨਾ ਵਡੇ ਦਰਵਾਰ॥***
***ਅਗੈ ਗਇਆ ਜਾਣੀਐ***
***ਵਿਣੁ ਨਾਵੈ ਵੇਕਾਰ॥***
***ਭੈ ਤੇਰੈ ਡਰੁ ਅਗਲਾ***
***ਖਪਿ ਖਪਿ ਛਿਜੈ ਦੇਹ॥***
***ਨਾਵ ਜਿਨਾ ਸੁਲਤਾਨ ਖਾਨ***
***ਹੋਦੇ ਡਿਠੇ ਖੇਹ॥***
***ਨਾਨਕ ਉਠੀ ਚਲਿਆ***
***ਸਭਿ ਕੂੜੇ ਤੁਟੇ ਨੇਹ॥***

***ਅੰਗ - 16***

ਹਰਦਾਸ ਵੈਦ ਨਾਨਕ ਜੀ ਨੂੰ ਸਵਸਥ ਦੇਖਣ ਲਈ ਨਬਜ਼ ਫੜਦਾ ਹੈ ਤਾਂ ਆਪ ਫੁਰਮਾਨ ਕਰਦੇ ਹਨ ਕਿ ਵੈਦ ਜੀ! ਕੀ ਤੁਸੀਂ ਆਪ ਸਵਸਥ ਹੋਂ? ਮੇਰੀ ਨਬਜ਼ ਕਿਉਂ ਦੇਖ ਰਹੇ ਹੋਂ? ਉਸ ਨੇ ਕਿਹਾ, "ਨਾਨਕ ਜੀ! ਸਰੀਰ ਪੰਜਾਂ ਤੱਤਾਂ ਦਾ ਬਨਿਆ ਹੋਇਆ ਹੈ, ਇਹ ਖਾਸ ਨਿਯਮਾਂ

ਅਨੁਸਾਰ ਚਲਦਾ ਹੈ। ਇਸ ਵਿਚ ਤਿੰਨ ਤੱਤ - ਪਿਤ, ਵਾਇ, ਕਫ ਦੀ ਜੇ ਸਮਾਨਤਾ ਰਹੇ ਤਾਂ ਸਰੀਰ ਸਵਸਥ ਰਹਿੰਦਾ ਹੈ, ਆਦਮੀ ਵਿਚ ਚੁਸਤੀ ਰਹਿੰਦੀ ਹੈ, ਦਿਮਾਗ ਖਿੜਿਆ ਰਹਿੰਦਾ ਹੈ, ਉਦਾਸੀ ਨੇੜੇ ਨਹੀਂ ਆਉਂਦੀ ਪੂਰਾ ਬਲ ਇਸ ਵਿਚ ਇਸ ਨੂੰ ਉਤਸ਼ਾਹ ਬਖਸ਼ਦਾ ਹੈ। ਜਦੋਂ ਇਨ੍ਹਾਂ ਵਿਚ ਕੋਈ ਵਿਗਾੜ ਪੈ ਜਾਵੇ, ਇਹ ਤੱਤ ਆਪਣੀ ਅਸਲੀ ਮਿਕਦਾਰ ਤੋਂ ਘਟ ਵਧ ਹੋ ਜਾਣ ਤਾਂ ਸਰੀਰ ਦੀ ਸਵਸਥਤਾ ਵਿਚ ਵਿਗਾੜ ਹੋ ਜਾਂਦਾ ਹੈ। ਇਸ ਵਿਗੜੀ ਹਾਲਤ ਨੂੰ ਠੀਕ ਰੱਖਣ ਲਈ ਦਵਾਈ ਦਿੰਦੇ ਹਾਂ, ਇਹ ਔਸ਼ਧੀਆਂ ਰੋਗ ਨੂੰ ਦੂਰ ਕਰਕੇ ਤਿੰਨਾਂ ਤੱਤਾਂ ਨੂੰ ਠੀਕ ਕਰ ਦਿੰਦੀਆਂ ਹਨ। ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਆਪ ਲੰਮੇ ਸਮੇਂ ਤੋਂ ਕਿਸੇ ਗਹਿਰੀ ਸੋਚ ਵਿਚ ਹੋਣ ਕਰਕੇ ਕਿਸੇ ਨਾਲ ਬੋਲਦੇ ਨਹੀਂ ਹੋ। ਗੁਰੂ ਮਹਾਰਾਜ ਨੇ ਕਿਹਾ ਕਿ ਵੈਦ ਜੀ! ਤੁਸੀਂ ਮੇਰੀ ਬਾਂਹ ਛੱਡ ਦੇਵੋ -

***ਵੈਦੁ ਬੁਲਾਇਆ ਵੈਦਗੀ***
***ਪਕੜਿ ਢੰਢੋਲੇ ਬਾਂਹ॥***
***ਭੋਲਾ ਵੈਦੁ ਨ ਜਾਣਈ***
***ਕਰਕ ਕਲੇਜੇ ਮਾਹਿ॥***
***ਵੈਦਾ ਵੈਦੁ ਸੁਵੈਦੁ ਤੂ***
***ਪਹਿਲਾਂ ਰੋਗੁ ਪਛਾਣੁ॥***
***ਐਸਾ ਦਾਰੂ ਲੋੜਿ ਲਹੁ***
***ਜਿਤੁ ਵੰਞੈ ਰੋਗਾ ਘਾਣਿ॥***
***ਜਿਤੁ ਦਾਰੂ ਰੋਗ ਉਠਿਅਹਿ***
***ਤਨਿ ਸੁਖੁ ਵਸੈ ਆਇ॥***
***ਰੋਗੁ ਗਵਾਇਹਿ ਆਪਣਾ***
***ਤ ਨਾਨਕ ਵੈਦੁ ਸਦਾਇ॥***

***ਅੰਗ - 1279***

ਤੇ ਮੈਨੂੰ ਦਸੋ ਕਿ ਤੁਸੀਂ ਕਿੰਨੀਆਂ ਬਿਮਾਰੀਆਂ ਦਾ ਇਲਾਜ ਜਾਣਦੇ ਹੋ? ਤਾਂ ਵੈਦ ਜੀ ਨੇ ਕਿਹਾ ਕਿ ਜਿੰਨੇ ਵੈਦਕ ਗ੍ਰੰਥ ਹਨ, ਮੈਂ ਵਾਚੇ ਹੋਏ ਹਨ। ਵੱਡੀਆਂ 99 ਬਿਮਾਰੀਆਂ ਹਨ ਅਤੇ ਉਨ੍ਹਾਂ ਤੋਂ ਨਿਕਲੀਆਂ ਹਜ਼ਾਰਾਂ ਹੀ ਬਿਮਾਰੀਆਂ ਹਨ। ਉਨ੍ਹਾਂ ਸਾਰੀਆਂ ਦਾ ਇਲਾਜ ਮੈਨੂੰ ਆਉਂਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਨ੍ਹਾਂ ਰੋਗਾਂ ਵਿਚੋਂ ਮੈਨੂੰ ਕੋਈ ਰੋਗ ਨਹੀਂ ਹੈ। ਮੇਰੇ ਅੰਦਰ ਤਾਂ ਪ੍ਰਭੂ ਦੇ ਪ੍ਰੇਮ ਦੀ ਕਸਕ ਹੈ। ਜਿਸ ਨਾਲ ਜੇ ਮੈਂ ਜੁੜਿਆ ਰਹਾਂ ਤਾਂ ਜਿਉਂਦਾ ਹਾਂ, ਜੇ ਮੈਂ ਇਕ ਛਿਨ ਵਾਸਤੇ ਵੀ ਉਸ ਤੋਂ ਵਿਛੜ ਜਾਵਾਂ ਤਾਂ ਮੈਂ ਆਪਣੇ ਜੀਵਨ ਤੋਂ ਗਿਰ ਕੇ ਮਾਇਆਵੀ ਜੀਵਨ ਵਿਚ ਆ ਜਾਂਦਾ ਹਾਂ। ਵੈਦ ਹੈਰਾਨ ਹੋ ਗਿਆ ਕਿ ਕੀ ਕੋਈ ਐਸਾ ਜੀਵਨ ਵੀ ਹੈ ਜੋ ਇਸ ਪੰਜ ਭੂਤਕ ਚੋਲੇ ਵਿਚ ਸ੍ਵਾਸ ਚਲਦੇ ਰਹਿਣ ਕਰਕੇ ਹੁੰਦਾ ਹੈ, ਉਸ ਵੇਲੇ ਗੁਰੂ ਨਾਨਕ ਜੀ ਦਸਦੇ ਹਨ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥***

***ਅੰਗ - 142***

ਨਾਲ ਹੀ ਆਪ ਨੇ ਕਿਹਾ ਕਿ ਵੈਦ ਜੀ! ਬਿਮਾਰੀ ਪਹਿਲਾਂ ਮਨ ਤੋਂ ਸ਼ੁਰੂ ਹੁੰਦੀ ਹੈ, ਮਨ ਨੂੰ ਚਲਾਉਣ ਵਾਲਾ ਆਦਮੀ ਨਹੀਂ ਸੁਰਤ ਹੈ। ਇਸ ਸੁਰਤ ਦਾ ਸਬੰਧ (connection) ਜੇ ਵਾਹਿਗੁਰੂ ਜੀ ਨਾਲ ਜੁੜਿਆ ਰਹੇ ਤਾਂ ਵਾਹਿਗੁਰੂ ਜੀ ਸਤਿ ਚਿਤ ਅਨੰਦ ਹੋਣ ਕਰਕੇ ਉਸ ਵਿਚ ਆਪਣੇ ਇਸ ਪਿਆਰ ਭਰੇ ਸਰੂਪ ਦੀਆਂ ਤਰੰਗਾਂ ਭੇਜਦੇ ਰਹਿੰਦੇ ਹਨ ਜਿਸ ਕਰਕੇ ਆਦਮੀ ਨੂੰ ਕੋਈ ਵੀ ਰੋਗ ਨਹੀਂ ਲਗਦਾ। ਉਸ ਦੀ ਪਰੀਪੂਰਨਤਾ ਤੇ ਸਦੀਵੀ ਵਿਸ਼ਵਾਸ਼ ਨੂੰ ਅਤੇ ਉਸ ਦੀ ਸਦੀਵੀ ਹੋਂਦ ਨੂੰ ਅਨੁਭਵ ਕਰਦੇ ਰਹਿਣ ਨੂੰ ਅਸੀਂ 'ਨਾਮ' ਆਖਦੇ ਹਾਂ। ਨਾਮ ਸਾਰੀਆਂ ਬਿਮਾਰੀਆਂ ਦਾ ਇਕੋ ਇਕ ਇਲਾਜ ਹੈ ਅਤੇ ਨਾਮ ਤੋਂ ਭੁੱਲ ਕੇ ਇਸ ਸਰੀਰ ਦੀ ਸਵਸਥਤਾ ਗਿਰ ਜਾਂਦੀ ਹੈ ਅਤੇ ਰੋਗਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ। ਇਸ ਆਦਮੀ ਦੇ ਵਜੂਦ ਨੂੰ ਸਭ ਤੋਂ ਭਿਆਨਕ ਰੋਗ ਆਪਣੀ ਵੱਖਰੀ ਹਸਤੀ ਨੂੰ ਮਹਿਸੂਸ ਕਰਨਾ ਜਿਸ ਨੂੰ ਅਸੀਂ 'ਹਉਮੈ' ਆਖਦੇ ਹਾਂ, ਲੱਗਿਆ ਹੋਇਆ ਹੈ। ਜਿਸ ਕਰਕੇ ਇਹ ਅਨੰਤ ਕਾਲ ਤੋਂ ਕਰਮਾਂ ਵਿਚ ਕਾਬੂ ਹੋਇਆ-ਹੋਇਆ ਉਨ੍ਹਾਂ ਨੂੰ ਭੋਗਣ ਲਈ ਜੰਮਦਾ ਤੇ ਮਰਦਾ ਰਹਿੰਦਾ ਹੈ। ਇਹ ਕਿੰਨਾ ਭਿਆਨਕ ਰੋਗ ਹੈ ਜਿਸ ਨੇ ਇਸ ਜੀਵ ਨੂੰ ਭੁਲਾ ਕੇ ਪੰਜ ਭੂਤਕ ਸਰੀਰ ਮਹਿਸੂਸ ਕਰਾ ਦਿਤਾ। ਹੁਣ ਇਹ ਪੱਕੀ ਤਰ੍ਹਾਂ ਸਮਝਦਾ ਹੈ ਕਿ ਮੈਂ ਸਰੀਰ ਹਾਂ। ਇਸ

ਨੂੰ ਭੁੱਲ ਗਿਆ ਹੈ ਕਿ ਮੈਂ ਪ੍ਰਭੂ ਦੀ ਜੋਤ ਹਾਂ, ਮੈਂ ਆਤਮਾ ਹਾਂ, ਉਸ ਪਦ ਤੋਂ ਗਿਰ ਕੇ ਇਹ ਜੀਵ ਬਣ ਗਿਆ, ਹਉਮੈ ਨੇ ਇਸ ਨੂੰ ਹੋਰ ਹੇਠਾਂ ਸੁਟਿਆ ਅਤੇ ਇਹ ਸਰੀਰ ਸਮਝਣ ਲੱਗ ਗਿਆ। ਕਿੱਡਾ ਵੱਡਾ ਰੋਗ ਹੈ। ਪਾਗਲ ਪੁਰਸ਼ ਵੀ ਜਾਣਦਾ ਹੈ ਕਿ ਮੇਰਾ ਕੋਈ ਵਜੂਦ ਹੈ ਭਾਵੇਂ ਉਸ ਦੇ ਦਿਮਾਗ ਦਾ ਸੰਤੁਲਨ ਵਿਗੜਿਆ ਹੋਇਆ ਹੈ। ਪਰ ਇਹ ਤਾਂ ਮਹਾਂ-ਮਹਾਂ ਬਉਰਾ ਹੈ ਜਿਸ ਨੂੰ ਇਹ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ, ਇਹ ਹਉਮੈ ਦਾ ਰੋਗ ਕਿੰਨਾ ਦੁਖਦਾਈ ਹੈ ਕਿ ਜੀਵ ਇਕ ਸਰੀਰ ਛੱਡਦਾ ਹੈ, ਦੂਸਰਾ ਧਾਰਦਾ ਹੈ। ਭੁੱਲ ਵਿਚ ਪਿਆ ਹੋਇਆ ਦੁਖਾਂ ਦੀ ਡੂੰਘੀ ਖਾਈ ਵਿਚ ਗਿਰਿਆ ਹੋਇਆ ਹਾਏ-ਹਾਏ ਕਰਦਾ ਹੈ ਜਿਸ ਨੂੰ ਅਸੀਂ ਸੰਖੇਪ ਵਿਚ ਕਹਿੰਦੇ ਹਾਂ

***ਪ੍ਰਮੇਸਰ ਤੇ ਭੁਲਿਆਂ***
***ਵਿਆਪਨਿ ਸਭੇ ਰੋਗ॥ ਅੰਗ - 135***

ਵੈਦ ਨੂੰ ਸੁਮੱਤ ਦਿਤੀ ਕਿ ਵੈਦ ਜੀ! ਨਿੰਦਿਆ ਕਰਨੀ, ਚੁਗਲੀ ਕਰਨੀ, ਈਰਖਾ ਕਰਨੀ, ਵੈਰ ਕਰਨਾ, ਵਿਰੋਧ ਕਰਨਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਜਜ਼ਬਿਆਂ ਵਿਚ ਡੁੱਬੇ ਰਹਿਣਾ, ਮਾਇਆ ਵਿਚੋਂ ਸੁਖ ਭਾਲਣ ਦਾ ਭੁਲੇਖਾ ਖਾਣਾ, 'ਮੈਂ' ਅਤੇ 'ਮੇਰੀ' ਦੇ ਚੱਕਰ ਵਿਚ ਕੈਦ ਹੋ ਕੇ ਜੰਮਦੇ ਮਰਦੇ ਰਹਿਣਾ, ਕਿੰਨੇ ਭਿਆਨਕ ਰੋਗ ਹਨ। ਵੈਦ ਜੀ! ਇਨ੍ਹਾਂ ਸਾਰਿਆਂ ਦਾ ਇਕੋ ਇਕ ਇਲਾਜ ਪ੍ਰਭੂ ਦੀ ਸਤਿ ਹੋਂਦ ਨੂੰ ਜੋ ਘਟ-ਘਟ ਵਿਚ ਪਰੀਪੂਰਨ ਹੈ ਅਤੇ ਹਰ ਥਾਂ ਜੰਗਲਾਂ, ਬੀਆਬਾਨਾਂ, ਅਕਾਸ਼ਾਂ, ਸਮੁੰਦਰਾਂ, ਖੰਡਾਂ-ਬ੍ਰਹਿਮੰਡਾਂ ਵਿਚ ਜਿਥੇ ਤਕ ਵੀ ਤੁਸੀਂ ਸੋਚ ਸਕਦੇ ਹੋ, ਪੂਰੇ ਜਲਾਲ ਨਾਲ ਸਤਿ ਸਰੂਪ ਵਿਚ ਸਥਿਤ ਹੈ। ਉਸ ਦੀ ਯਾਦ ਹੀ ਜਿਸ ਨੂੰ ਅਸੀਂ ਨਾਮ ਕਹਿੰਦੇ ਹਾਂ ਸਾਰੇ ਰੋਗਾਂ ਦਾ ਇਲਾਜ ਹੈ।

ਜਦੋਂ ਆਪ ਜੀ ਦੇ ਕੁਲਾ ਰੀਤ ਦੇ ਅਨੁਸਾਰ ਹਰਦਿਆਲ ਪਰੋਹਤ ਜੰਞੂ ਪਾਉਣ ਲੱਗਿਆ ਤਾਂ ਆਪ ਨੇ ਫੁਰਮਾਇਆ ਕਿ ਹੇ ਪਰੋਹਤ! ਇਹ ਜੰਞੂ ਤੂੰ ਸਰੀਰ ਨੂੰ ਪਾ ਰਿਹਾ ਹੈਂ, ਤੈਨੂੰ ਪਤਾ ਹੈ ਕਿ ਇਹ ਸਰੀਰ ਤਾਂ ਸਦਾ ਰਿਹਾ ਨਹੀਂ ਕਰਦਾ? ਇਹ ਤਾਂ ਆਪਣੇ ਸਮੇਂ ਅਨੁਸਾਰ ਨਾਸ਼ ਹੋ ਜਾਂਦਾ ਹੈ ਅਤੇ ਆਪਣੀ ਰੀਤ ਅਨੁਸਾਰ ਇਸਦਾ ਸੰਸਕਾਰ ਕਰ ਦਿੰਦੇ ਹਨ। ਇਸ ਵਿਚੋਂ ਜੋ ਜੀਵ ਆਤਮਾ ਹੈ ਉਹ ਆਪਣੇ ਕੀਤੇ ਹੋਏ ਕਰਮਾਂ ਦੀ ਭਾਰੀ ਗੱਠੜੀ ਸਿਰ ਤੇ ਚੁਕ ਕੇ ਲੇਖੇ ਦੇਣ ਵਾਸਤੇ ਚਲਾ ਜਾਂਦਾ ਹੈ। ਕੀ ਤੁਹਾਡਾ ਪਹਿਨਾਇਆ ਹੋਇਆ ਜੰਞੂ ਮੇਰੇ ਨਾਲ ਜਾਵੇਗਾ, ਜਾਂ ਮੈਂ ਉਸ ਸਮੇਂ ਜੰਞੂ ਤੋਂ ਬਗੈਰ ਹੀ ਜਾ ਰਿਹਾ ਹੋਵਾਂਗਾ?

ਐਸਾ ਅਸਚਰਜ ਪ੍ਰਸ਼ਨ ਸੁਣ ਕੇ ਪਰੋਹਤ ਜੀ ਸੋਚਾਂ ਵਿਚ ਪੈ ਗਏ। ਸਾਰਾ ਭਾਈਚਾਰਾ ਜੋ ਉਚੇ-ਉਚੇ ਜੈਕਾਰੇ ਬੁਲਾਉਣ ਨੂੰ ਤਿਆਰ ਬੈਠਾ ਸੀ, ਹੈਰਾਨ ਹੋ ਗਿਆ ਕਿ ਅੱਜ ਤਕ ਇਹ ਗੱਲ ਕਿਸੇ ਨੇ ਸੋਚੀ ਹੀ ਨਹੀਂ। ਇਸ ਬਾਲਕ ਰੂਪ ਨਾਨਕ ਨੇ ਗੱਲ ਤਾਂ ਸਤਿ ਹੀ ਕਹੀ ਹੈ। ਅਜੇ ਸਾਰੇ ਸੋਚ ਹੀ ਰਹੇ ਸਨ ਤਾਂ ਪ੍ਰੋਹਤ ਨੇ ਕਿਹਾ ਕਿ ਹੇ ਪ੍ਰਭੂ! ਮੈਨੂੰ ਐਸੇ ਜਨੇਊ ਦਾ ਨਹੀਂ ਪਤਾ ਜਿਹੜਾ ਜੀਵ ਦੇ ਦਰਗਾਹ ਵਿਚ ਵੀ ਨਾਲ ਜਾਂਦਾ ਹੈ। ਅਸੀਂ ਤਾਂ ਇਹਨੂੰ ਇਕ ਨਿਸ਼ਾਨ ਸਮਝ ਕੇ ਗਲ ਵਿਚ ਪਾ ਲੈਂਦੇ ਹਾਂ। ਅਸਾਡਾ ਨਿਸ਼ਚਾ ਹੈ ਕਿ ਤੁਹਾਡਾ ਜਨਮ ਵਟ ਗਿਆ ਹੈ ਪਹਿਲਾਂ ਜਨਮ ਖਤਮ ਹੋ ਗਿਆ ਅਤੇ ਦੂਜਾ ਸ਼ੁਰੂ ਹੋ ਗਿਆ। ਹੁਣ ਤੁਸੀਂ ਆਪਣੇ ਵਰਣ ਵਿਚ ਕੁਲ ਵਿਚ ਨਿਗੁਰੇ ਨਹੀਂ ਰਹੋਗੇ ਅਤੇ ਤੁਹਾਨੂੰ ਮਾਣ ਪ੍ਰਾਪਤ ਹੋਵੇਗਾ। ਅਸੀਂ ਨਹੀਂ ਜਾਣਦੇ ਕਿ ਇਹ ਜਨੇਊ ਨਾਲ ਨਿਭਦਾ ਹੈ ਜਾਂ ਨਹੀਂ, ਅਸੀਂ ਚੱਲੀ ਹੋਈ ਰੀਤ ਦੇ ਮੁਤਾਬਿਕ ਜਨੇਊ ਬਣਾ ਕੇ ਪਹਿਨਾਅ ਦਿੰਦੇ ਹਾਂ। ਜੇ ਤੁਸੀਂ ਐਸੇ ਜਨੇਊ ਬਾਰੇ ਜਾਣਦੇ ਹੋ ਜੋ ਜੀਵ ਦੇ ਨਾਲ ਨਿਭਦਾ ਹੋਵੇ, ਜੋ ਜੀਵ ਦੀ ਕਲਿਆਣ ਕਰਦਾ ਹੋਵੇ ਤਾਂ ਸਾਨੂੰ ਦੱਸੋ,ਅਸੀਂ ਸੁਣ ਕੇ ਬਹੁਤ ਪ੍ਰਸੰਨ ਹੋਵਾਂਗੇ।

ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸਾਰੇ ਜੀਵ ਪ੍ਰਮੇਸ਼ਰ ਦੇ ਬਣਾਏ ਹੋਏ ਹਨ ਆਦਮੀ ਵਿਚ ਪ੍ਰਮੇਸ਼ਰ ਨੇ ਬਹੁਤ ਬਲ ਦਿਤਾ ਹੈ ਕਿ ਵਲ ਛਲ ਕਰਕੇ ਹਾਥੀਆਂ ਨੂੰ ਕਾਬੂ ਕਰ ਲੈਂਦਾ ਹੈ। ਸ਼ੇਰਾਂ ਨਾਲ ਲੜਦਾ ਹੈ, ਗਰੀਬ ਪਸ਼ੂ - ਬਕਰੇ, ਕੁੱਕੜ ਆਦਿ ਦੀਆਂ ਗਰਦਾਨਾਂ ਮਰੋੜ ਕੇ ਆਪਣੇ ਸੁਆਦ ਲਈ ਖਾ ਜਾਂਦਾ ਹੈ, ਇਹ ਕੁ-ਦਇਆ ਹੁੰਦੀ ਹੈ, ਹਿੰਸਾ ਹੁੰਦੀ ਹੈ, ਹਿੰਸਕ ਬੰਦਾ ਆਪਣੇ ਕੀਤੇ ਹੋਏ ਕਰਮਾਂ ਨੂੰ ਭੋਗਣ ਲਈ ਦਰਗਾਹ

ਵਿਚ ਜਾ ਕੇ ਲੇਖੇ ਦਿੰਦਾ ਹੈ। ਕਬੀਰ ਸਾਹਿਬ ਜੀ ਨੇ ਫੁਰਮਾਇਆ ਹੈ -

***ਕਬੀਰ ਖੂਬੁ ਖਾਨਾ ਖੀਚਰੀ***
***ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ***
***ਗਲਾ ਕਟਾਵੈ ਕਉਨੁ॥***

***ਅੰਗ - 1374***

ਬਾਣੀ ਵਿਚ ਵੀ ਐਸਾ ਆਉਂਦਾ ਹੈ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ॥***

***ਅੰਗ - 136***

ਸੋ ਪਰੋਹਤ ਜੀ! ਸਰਬ ਜੀਆਂ ਤੇ ਦਇਆ ਕਰਨੀ ਪ੍ਰਮੇਸ਼ਰ ਨੂੰ ਭਾਉਂਦੀ ਹੈ। ਮਹਾਂਪੁਰਸ਼ ਆਦਿ ਤੋਂ ਹੀ ਦਇਆ ਦੇ ਜਜ਼ਬੇ ਵਿਚ ਨੇਕ ਕਰਮ ਕਰਦੇ ਆਏ ਹਨ। ਸੋ ਦਇਆ ਦੀ ਕਪਾਹ ਤੁਸੀਂ ਪੈਦਾ ਕਰੋ, ਯਥਾ ਲਾਭ ਸੰਤੁਸ਼ਟ ਰਹਿਣਾ, ਸੰਤੋਖ ਧਾਰਨ ਕਰਨਾ ਹੈ, ਇਸ ਦਾ ਸੂਤ ਵਟੋ ਸਾਰੀਆਂ ਇੰਦ੍ਰੀਆਂ ਨੂੰ ਜਿੱਤਣ ਵਾਲਾ ਜਿਤਿੰਦ੍ਰ ਬਣੋ, ਸਤਿ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਕੇ ਗਿਆਨ ਦੀ ਕ੍ਰਿਆ ਨਾਲ ਵਟ ਦੇਵੋ। ਮਹਾਂਪੁਰਸ਼ ਲਿਖਦੇ ਹਨ ਕਿ ਸ਼ੁਧ ਹਿਰਦਾ - ਭੂਮੀ, ਸ਼ਰਧਾ ਦਾ - ਬੀਜ, ਪ੍ਰੇਮ - ਬੀਜ ਤੋਂ ਫੁਟਿਆ ਹੋਇਆ ਅੰਕੁਰ ਹੈ। ਕਰੁਣਾ, ਮੁਦਤਾ, ਮੈਤਰੀ ਅਤੇ ਅਪੇਖਿਆ ਆਦਿ ਗੁਣ ਟਾਹਣੀਆਂ ਹਨ। ਸਤਿ, ਸੰਤੋਖ ਗੁਣ ਰੂਪੀ ਪੱਤੇ ਹਨ, ਇਸ ਨੂੰ ਫੁਲ ਧਰਮ ਦਾ ਲਗਦਾ ਹੈ। ਧਰਮ ਰਾਹੀਂ ਸਮਰੱਥ ਗੁਰੂ ਦੀ ਪ੍ਰਾਪਤੀ ਦੇ ਇਸ ਕਪਾਹ ਨੂੰ ਟਿੰਡੇ ਲਗਦੇ ਹਨ। ਗੁਰੂ ਨੇ ਦਇਆ ਕਰਨੀ, ਇਹ ਟਿੰਡਿਆਂ ਵਿਚੋਂ ਕਪਾਹ ਚੁਗਣਾ ਹੈ। ਅਸ਼ਰਧਾ ਦਾ ਤਿਆਗ ਕਰਨਾ, ਇਹ ਵੜੇਵਿਆਂ ਦਾ ਤਿਆਗ ਹੈ। ਬੈਰਾਗ ਦੇ ਵੇਲਣੇ ਵਿਚ ਵੇਲ ਕੇ ਵਿਚਾਰ ਰੂਪੀ ਰੂਈਂ ਨੂੰ ਗ੍ਰਹਿਣ ਕਰੇ ਅਤੇ ਸੰਤੋਖ ਰੂਪ ਸੂਤ ਬਣਾਵੇ। ਹੇ ਪਰੋਹਤ ਜੀ! ਐਸਾ ਜਨੇਊ ਜੋ ਹੈ ਇਹ ਅਸਲੀ ਜਨੇਊ ਕਹਾਉਂਦਾ ਹੈ, ਇਹ ਗਿਆਨ ਰੂਪੀ ਜਨੇਊ ਜੀਅ ਨਾਲ ਨਿਭਦਾ ਹੈ। ਇਹ ਨਾ ਕਦੇ ਟੁੱਟਦਾ ਹੈ, ਨਾ ਇਸ ਨੂੰ ਪਾਪਾਂ ਦੀ ਮੈਲ ਲਗਦੀ ਹੈ। ਨਾ ਵਿਸ਼ਿਆਂ ਦੀ ਅਗਨ ਇਸ ਨੂੰ ਜਲਾ ਸਕਦੀ ਹੈ ਅਤੇ ਨਾ ਹੀ ਜੀਅ ਨਾਲੋਂ ਇਸ ਨੂੰ ਕੋਈ ਅੱਡ ਕਰ ਸਕਦਾ ਹੈ। ਰਾਗ, ਦ੍ਵੈਸ਼ ਦੀ ਇਸ ਨੂੰ ਮੈਲ ਨਹੀਂ ਲਗਦੀ। ਇਹ ਨਾ ਗਵਾਚਦਾ ਹੈ। ਜਿਨ੍ਹਾਂ ਪੁਰਸ਼ਾਂ ਨੇ ਇਹ ਜਨੇਊ ਪਹਿਨਿਆ ਹੋਇਆ ਹੈ ਉਹ ਧੰਨਤਾ ਦੇ ਯੋਗ ਹਨ, ਉਹ ਪ੍ਰਲੋਕ ਵਿਚ ਜਾ ਕੇ ਮਾਣ ਪਾਉਂਦੇ ਹਨ। ਤੁਹਾਡਾ ਜਨੇਊ ਕਿਸੇ ਕੰਮ ਦਾ ਨਹੀਂ, ਧਾਗਾ ਮੁੱਲ ਲਿਆ ਕੇ ਚਉਕੇ ਵਿਚ ਬਹਿ ਕੇ ਵੱਟ ਦੇ ਕੇ ਜਜਮਾਨ ਦੇ ਗਲ ਵਿਚ ਪਾ ਦਿਤਾ ਜਾਂਦਾ ਹੈ। ਐਸਾ ਕੱਚਾ ਜਨੇਊ ਪਾ ਕੇ ਮਲ-ਮੂਤਰ ਤਿਆਗ ਸਮੇਂ ਇਸ ਨੂੰ ਕੰਨ ਤੇ ਟੰਗ ਲੈਂਦੇ ਹਨ। ਜਦੋਂ ਅਉਧ ਪੂਰੀ ਹੋਣ ਤੇ ਜਜਮਾਨ ਮ੍ਰਿਤੂ ਹੋ ਗਿਆ, ਸਰੀਰ ਨਾਲੋਂ ਪ੍ਰਾਣਾਂ ਦਾ ਵਿਜੋਗ ਹੋ ਜਾਂਦਾ ਹੈ ਤਾਂ ਇਹ ਜਨੇਊ ਇਥੇ ਹੀ ਪਿਆ ਰਹਿ ਜਾਂਦਾ ਹੈ। ਦਰਗਾਹ ਵਿਚ ਜਾਣ ਲਈ ਕੋਈ ਵੀ ਕਕਾਰ ਰੂਪ ਨਿਸ਼ਾਨੀ ਨਾਲ ਨਹੀਂ ਜਾਂਦੀ। ਇਹ ਜਨੇਊ ਰਹਿਤ ਹੋ ਕੇ ਜਾਂਦਾ ਹੈ।

ਪਰੋਹਤ ਜੀ! ਜਨੇਊ ਪਾ ਕੇ ਜੀਵ ਨੇ ਚੋਰੀਆਂ ਛੱਡਣੀਆਂ ਸਨ, ਇਸ ਨੇ ਪੁੰਨ ਕਰਨੇ ਸਨ ਪਰ ਲੱਖਾਂ ਚੋਰੀਆਂ ਕਰਦਾ ਹੈ, ਯਾਰੀਆਂ ਲਾਉਂਦਾ ਹੈ, ਝੂਠੀਆਂ ਗਵਾਹੀਆਂ ਦਿੰਦਾ ਹੈ, ਲੋਕਾਂ ਨੂੰ ਝੂਠ ਬੋਲ-ਬੋਲ ਕੇ ਧੋਖੇ ਦਿੰਦਾ ਹੈ ਅਤੇ ਦੂਜਿਆਂ ਨੂੰ ਫਿੱਕਾ ਬੋਲ ਕੇ ਗਾਲ੍ਹਾਂ ਕੱਢਦਾ ਹੈ, ਲੱਖਾਂ ਠੱਗੀਆਂ ਰਾਤ ਦਿਨ ਜੀਅ ਦੇ ਨਾਲ ਲੁਕ ਕੇ ਕਰਦਾ ਹੈ, ਬੇਇਮਾਨੀਆਂ ਕਰਦਾ ਹੈ, ਕਪਾਹ ਨੂੰ ਕੱਤ ਕੇ ਧਾਗਾ ਬਣਾਇਆ ਜਾਂਦਾ ਹੈ, ਉਸ ਧਾਗੇ ਨੂੰ ਫੇਰ ਬ੍ਰਾਹਮਣ ਵਟਦਾ ਹੈ, ਵੱਟੀ ਕਪਾਹ ਨੂੰ ਜਨੇਊ ਕਹਿੰਦਾ ਹੈ। ਉਸ ਨੂੰ ਬ੍ਰਾਹਮਣ ਜਜਮਾਨ ਦੇ ਘਰ ਆ ਕੇ ਗਲ ਵਿਚ ਪਾ ਆਉਂਦਾ ਹੈ। ਜਿਹੜੇ ਇਸ ਰੀਤ ਨੂੰ ਦੇਖਣ ਵਾਸਤੇ ਭਾਈਚਾਰੇ ਦੇ ਰੂਪ ਵਿਚ ਇਕੱਠੇ ਹੁੰਦੇ ਹਨ ਉਹ ਸਾਰੀ ਮਰਿਆਦਾ ਤੇ ਦਇਆ ਨੂੰ ਛੱਡ ਕੇ ਬਕਰੇ ਵੱਢ-ਵੱਢ ਕੇ ਖਾਂਦੇ ਹਨ, ਸ਼ਰਾਬਾਂ ਪੀਂਦੇ ਹਨ ਇਨ੍ਹਾਂ ਮੂਰਖਾਂ ਨੂੰ ਪਤਾ ਨਹੀਂ ਕਿ ਜਿਹੋ ਜਿਹਾ ਅਸੀਂ ਬੀਜਾਂਗੇ ਉਹੋ ਜਿਹਾ ਹੀ ਵਢਣਾ ਪਵੇਗਾ। ਕਿਸੇ ਦਾ ਸਿਰ ਕਟਾਂਗੇ ਤਾਂ ਸਾਨੂੰ ਆਪਣਾ ਸਿਰ ਕਟਾਉਣਾ ਪਵੇਗਾ। ਜੇ ਭੋਰਾ ਕੁ ਰੱਤ ਕਪੜੇ ਨੂੰ ਲਗ ਜਾਵੇ ਤਾਂ ਅਸੀਂ ਧੋਂਦੇ ਫਿਰਦੇ ਹਾਂ ਪਰ ਜਿਹੜੇ ਆਦਮੀ ਇਸ ਰੱਤ ਦੇ ਲਿਬੜੇ ਮਾਸ ਨੂੰ ਖਾਂਦੇ ਹਨ ਉਨ੍ਹਾਂ ਦਾ ਭਜਨ ਬੰਦਗੀ

ਵਿਚ ਕਿਵੇਂ ਚਿਤ ਲਗ ਸਕਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜੇ ਰਤੁ ਲਗੈ ਕਪੜੈ***
***ਜਾਮਾ ਹੋਇ ਪਲੀਤੁ॥***
***ਜੋ ਰਤੁ ਪੀਵਹਿ ਮਾਣਸਾ***
***ਤਿਨ ਕਿਉ ਨਿਰਮਲੁ ਚੀਤੁ॥***

***ਅੰਗ - 140***

***ਕਬੀਰ ਜੀਅ ਜੁ ਮਾਰਹਿ ਜੋਰੁ ਕਰਿ***
***ਕਹਤੇ ਹਹਿ ਜੁ ਹਲਾਲੁ॥***
***ਦਫਤਰੁ ਦਈ ਜਬ ਕਾਢਿ ਹੈ***
***ਹੋਇਗਾ ਕਉਨੁ ਹਵਾਲੁ॥***

***ਅੰਗ - 1375***

ਕਬੀਰ ਜੀ ਦਾ ਫੁਰਮਾਨ ਹੈ -

***ਕਬੀਰ ਜੋਰੁ ਕੀਆ ਸੋ ਜੁਲਮੁ ਹੈ***
***ਲੇਇ ਜਬਾਬੁ ਖੁਦਾਇ॥***
***ਦਫਤਰਿ ਲੇਖਾ ਨੀਕਸੈ***
***ਮਾਰ ਮੁਹੈ ਮੁਹਿ ਖਾਇ॥***

***ਅੰਗ - 1375***

***ਕਬੀਰ ਜੋਰੀ ਕੀਏ ਜੁਲਮੁ ਹੈ***
***ਕਹਤਾ ਨਾਉ ਹਲਾਲੁ॥***
***ਦਫਤਰਿ ਲੇਖਾ ਮਾਂਗੀਐ***
***ਤਬ ਹੋਇਗੋ ਕਉਨੁ ਹਵਾਲੁ॥***

***ਅੰਗ - 1374***

ਗਲ ਵੱਢ-ਵੱਢ ਕੇ ਮਾਸ ਦੀ ਰੋਟੀ ਖਾਣ ਵਾਲੇ ਇਸ ਤਰ੍ਹਾਂ ਨਾਲ ਆਪਣਾ ਗਲਾ ਕਟਾਉਣਗੇ। ਫੇਰ ਇਹ ਧਾਗਾ ਪੁਰਾਣਾ ਹੋ ਜਾਂਦਾ ਹੈ, ਇਸ ਨੂੰ ਸੁੱਟ ਦੇਈਦਾ ਹੈ। ਜੇ ਇਸ ਜਨੇਊ ਵਿਚ ਸੱਚ ਹੋਵੇ ਤਾਂ ਇਹ ਜਨੇਊ ਨਹੀਂ ਟੁਟਿਆ ਕਰਦਾ। ਪਰੋਹਤ ਜੀ! ਦੇਖੋ, ਦਰਗਾਹ ਵਿਚ ਨਾਮ ਤੋਂ ਬਗੈਰ ਪਤ ਲਹਿ ਜਾਂਦੀ ਹੈ ਅਤੇ ਜੀਵ ਨੂੰ ਬਹੁਤ ਬੇਇਜ਼ਤੀ ਸਹਿਣੀ ਪੈਂਦੀ ਹੈ। ਜੇ ਬ੍ਰਹਮਗਿਆਨ ਰੂਪੀ ਜਨੇਊ, ਸਤਿਸੰਗ ਰੂਪੀ ਦਰਗਾਹ ਵਿਚ ਪਾਇਆ ਤਾਂ ਇਹ ਪਵਿੱਤਰ ਜਨੇਊ ਕਦੇ ਨਹੀਂ ਟੁਟਦਾ। ਜਤੀ ਹੋਏ ਬਿਨਾਂ ਪਹਿਰਿਆ ਜਨੇਊ ਕਿਸੇ ਕੰਮ ਨਹੀਂ। ਇੰਦ੍ਰਿਆਂ ਨੂੰ ਵਿਸ਼ਿਆਂ ਵਲੋਂ ਰੋਕਣਾ ਚਾਹੀਦਾ ਹੈ -

***ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ***
***ਜਤ ਵਿਣੁ ਕਾਹੇ ਜਨੇਊ॥***
***ਨਾਵਹੁ ਧੋਵਹੁ ਤਿਲਕੁ ਚੜਾਵਹੁ***
***ਸੁਚ ਵਿਣੁ ਸੋਚ ਨ ਹੋਈ॥***

***ਅੰਗ - 903***

ਕਪਾਹ ਦਾ ਜਨੇਊ ਪਹਿਨ ਕੇ ਦਰਗਾਹ ਵਿਚ ਮਾਣ ਪ੍ਰਾਪਤ ਨਹੀਂ ਹੁੰਦਾ। ਫੇਰ ਦੇਖੋ ਜਦੋਂ ਸਰੀਰ ਨੂੰ ਜਨੇਊ ਪਹਿਨਾਂਦੇ ਹੋ, ਇਸ ਵਿਚ ਕਿਸੇ ਇੰਦ੍ਰੇ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣ ਦੀ ਸ਼ਕਤੀ ਨਹੀਂ ਹੈ, ਨਾ ਹੀ ਇਹ ਮਨ ਨੂੰ ਕਾਮ ਦ੍ਰਿਸ਼ਟੀ ਤੋਂ ਰੋਕ ਸਕਦਾ ਹੈ, ਭੈੜੇ ਰਸਤੇ ਤੇ ਚਲਦੇ ਨੂੰ ਇਸ ਵਿਚ ਰੋਕਣ ਦੀ ਸਮਰਥਾ ਨਹੀਂ ਹੈ। ਨਿੰਦਿਆ, ਚੁਗਲੀ ਕਰਦਾ ਹੈ, ਜਿਹਭਾ ਨੂੰ ਇਸ ਜਨੇਊ ਦਾ ਕੋਈ ਅਸਰ ਨਹੀਂ ਹੁੰਦਾ। ਹੇ ਪਰੋਹਤ ਜੀ! ਸਾਰਾ ਸੰਸਾਰ ਵੇ-ਤੱਗਾ ਫਿਰਦਾ ਹੈ ਅਤੇ ਦੂਜਿਆਂ ਦੇ ਧਾਗੇ ਵਟ-ਵਟ ਕੇ ਜਨੇਊ ਪਾਉਂਦਾ ਹੈ। ਫੇਰ ਤੁਸੀਂ ਬ੍ਰਾਹਮਣਾਂ ਦਾ ਹਾਲ ਦੇਖੋ, ਜਜਮਾਨ ਦੀ ਧੀ ਆਪਣੀ ਹੀ ਧੀ ਹੁੰਦੀ ਹੈ -

***ਸਸੈ ਸੰਜਮੁ ਗਇਓ ਮੂੜੇ***
***ਏਕੁ ਦਾਨੁ ਤੁਧੁ ਕੁਥਾਇ ਲਇਆ॥***
***ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ***
***ਏਤੁ ਧਾਨਿ ਖਾਧੈ***
***ਤੇਰਾ ਜਨਮੁ ਗਇਆ॥***

***ਅੰਗ - 435***

ਇਹ ਪੈਸੇ ਲੈ ਕੇ ਵਿਆਹ ਕਰਦਾ ਹੈ। (ਅੱਜਕਲ੍ਹ ਅਸਾਡੀ ਸੰਪਰਦਾ ਵਿਚ ਵੀ ਅਨੰਦ ਕਾਰਜ ਕਰਾਉਣ ਵੇਲੇ ਪੈਸੇ ਲੈਂਦੇ ਹਨ।) ਪਤਰੀਆਂ ਕੱਢ ਕੇ ਦੂਜਿਆਂ ਨੂੰ ਰਾਹ ਦਿਖਾਉਂਦਾ ਹੈ। ਰਾਹੂ ਕੇਤੂ ਰਾਹ ਦਿਖਾਉਂਦਾ ਹੈ ਪਰ ਆਪਣੇ ਮਨ ਵਿਚ ਪੂਰਨ ਰੂਪ ਵਿਚ ਅੰਧਘੋਰ ਹੈ। ਲੋਕ ਉਸ ਨੂੰ ਸਿਆਣਾ ਕਹਿੰਦੇ ਹਨ, ਦੇਖੋ ਕਿੰਨੀ ਅਸਚਰਜ ਦੀ ਗੱਲ ਹੈ। ਉਹ ਪੂਰੀ ਤਰ੍ਹਾਂ ਨਾਲ ਪ੍ਰਭੂ ਦੇ ਰਸਤੇ ਤੋਂ ਭੁੱਲਿਆ ਹੋਇਆ ਹੈ। ਉਸ ਵੇਲੇ ਪਰੋਹਤ ਜੀ ਨੇ ਚਰਨਾਂ ਉਪਰ ਢਹਿ ਕੇ ਬੇਨਤੀ ਕੀਤੀ ਕਿ ਹੇ ਨਾਨਕ ਜੀ! ਮੈਨੂੰ ਸੱਚ ਦਾ ਜਨੇਊ ਪਾਉਣ ਦੀ ਜੁਗਤ ਦਸੋ। ਗੁਰੂ ਮਹਾਰਾਜ ਜੀ ਨੇ ਉਸ ਨੂੰ ਸਤਿ ਦੀ ਸੋਝੀ ਦਿਤੀ ਅਤੇ ਉਸ ਨੂੰ ਦੱਸਿਆ ਕਿ ਸੱਚ ਦਾ ਜਨੇਊ ਜੀਵ ਆਤਮਾ ਨੂੰ ਪਹਿਨਾਇਆ ਜਾਂਦਾ ਹੈ ਜਿਸ ਵਿਚ ਧਰਮ ਦੇ ਸਾਰੇ ਗੁਣ ਹੁੰਦੇ ਹਨ, ਧਾਰਨ ਕਰਕੇ

ਆਪਣਾ ਜੀਵਨ ਸਫਲਾ ਕੀਤਾ ਜਾਂਦਾ ਹੈ। ਫੁਰਮਾਨ ਹੈ -

***ਦਇਆ ਕਪਾਹ ਸੰਤੋਖੁ ਸੂਤੁ***
***ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ***
***ਹਈ ਤ ਪਾਡੇ ਘਤੁ॥***
***ਨਾ ਏਹੁ ਤੁਟੈ ਨ ਮਲੁ ਲਗੈ***
***ਨਾ ਏਹੁ ਜਲੈ ਨ ਜਾਇ॥***
***ਧੰਨੁ ਸੁ ਮਾਣਸ ਨਾਨਕਾ***
***ਜੋ ਗਲਿ ਚਲੇ ਪਾਇ॥***

***ਅੰਗ - 471***

ਐਸੇ ਉਪਦੇਸ਼ ਗੁਰੂ ਮਹਾਰਾਜ ਜੀ ਸਹਿਜ ਸੁਭਾਅ ਹੀ ਦੇ ਦਿਆ ਕਰਦੇ ਸਨ। ਗੁਰੂ ਮਹਾਰਾਜ ਜੀ ਨੇ ਇਹ ਸਾਰਾ ਉਪਦੇਸ਼ ਆਸਾ ਜੀ ਦੀ ਵਾਰ ਵਿਚ ਅੰਕਿਤ ਕੀਤਾ ਹੈ। ਗੁਰੂ ਮਹਾਰਾਜ ਜੀ ਆਸਾ ਜੀ ਦੀ ਵਾਰ ਵਿਚ ਇਨ੍ਹਾਂ ਪਾਖੰਡਾਂ ਨੂੰ ਥੋਥੇ ਦਸਿਆ ਹੈ। ਆਪ ਨੇ ਫੁਰਮਾਨ ਕੀਤਾ ਹੈ ਕਿ ਸੱਚ ਦਾ ਕਾਲ ਪਿਆ ਹੋਇਆ ਹੈ ਕਲਜੁੱਗ ਦਾ ਪ੍ਰਭਾਵ ਮਨਾਂ ਵਿਚ ਹਨ੍ਹੇਰਾ ਪਾ ਰਿਹਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਹਨ੍ਹੇਰੇ ਵਿਚ ਵੱਡੇ-ਵੱਡੇ ਸਾਧੂਆਂ ਦੇ ਮੱਠ, ਤਕੀਏ, ਪੀਰਾਂ ਦੇ ਰਹਿਣ ਦੇ ਅਸਥਾਨ ਜਿਥੇ-ਜਿਥੇ ਵੀ ਉਸ ਸਮੇਂ ਦੇ ਅਖੌਤੀ ਸਾਧੂ ਰਹਿੰਦੇ ਸਨ, ਪੀਰ ਰਹਿੰਦੇ ਸਨ ਉਨ੍ਹਾਂ ਸਾਰਿਆਂ ਥਾਵਾਂ ਤੇ ਪੁੱਜ ਕੇ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੇ ਮਨਾਂ ਵਿਚੋਂ ਹਨ੍ਹੇਰਾ ਦੂਰ ਕੀਤਾ। ਪੀਰ ਕਰਨੀਆਂ ਕਮਾਈਆਂ ਵਾਲੇ ਸਨ ਪਰ ਉਲਟੇ ਚੱਕਰ ਵਿਚ ਪੈ ਕੇ ਰਿੱਧੀਆਂ-ਸਿੱਧੀਆਂ, ਜੰਤ੍ਰਾਂ-ਮੰਤ੍ਰਾਂ ਦੇ ਨਾਲ ਆਪਣਾ ਰੋਹਬ ਕਾਇਮ ਕਰਦੇ ਸਨ।

ਜਿਵੇਂ ਕਿ ਵਲੀ ਕੰਧਾਰੀ ਨੂੰ ਗੁਰੂ ਮਹਾਰਾਜ ਜੀ ਨੇ ਸਮਝਾਇਆ ਕਿ ਨਾਮ ਤੋਂ ਬਗੈਰ ਸ਼ਾਂਤੀ ਨਹੀਂ ਆਉਂਦੀ। ਆਦਮੀ ਵਿਚ ਕਿੰਨਾ ਕ੍ਰੋਧ ਆਉਂਦਾ ਹੈ। ਕੀ ਹੋਇਆ ਜੇ ਭਾਈ ਮਰਦਾਨਾ ਜੀ ਨੇ ਤੁਹਾਡੇ ਤੋਂ ਪਾਣੀ ਦਾ ਘੁੱਟ ਮੰਗ ਲਿਆ? ਤੁਹਾਡੇ ਅੰਦਰ ਐਨਾ ਕ੍ਰੋਧ ਦਾ ਅੰਬਾਰ ਉਠਿਆ ਕਿ ਤੁਹਾਨੂੰ ਸਤਿ ਅਸਤਿ ਦੀ ਸੋਝੀ ਹੀ ਨਾ ਰਹੀ। ਤੁਸੀਂ ਅਲਾਹ ਦੇ ਰੂਪ ਨਹੀਂ ਪਛਾਣਿਆ ਕਿ ਉਹ ਅੱਲਾਹ ਰੂਪ ਸਾਰੇ ਪਰੀਪੂਰਨ ਹੈ, ਹਰ ਘਟ ਵਿਚ ਦੇਖਦਾ ਹੈ। ਇਹ ਸਾਰੇ ਜੀਵ ਉਸ ਦੇ ਹੀ ਹਨ। ਇਕ ਹਿੰਦੂ ਲਈ ਆਪ ਦੇ ਮਨ ਵਿਚ ਐਨਾ ਕ੍ਰੋਧ ਉਠਿਆ ਕਿ ਆਪ ਨੇ ਆਪਣੀਆਂ ਪ੍ਰਾਪਤ ਕੀਤੀਆਂ ਸ਼ਕਤੀਆਂ ਦੇ ਪੂਰੇ ਅਭਿਮਾਨ ਵਿਚ ਆ ਕੇ ਮੇਰੇ ਉਪਰ ਪੱਥਰ ਰੇੜ੍ਹਿਆ। ਮੈਂ ਤਾਂ ਤੁਹਾਡਾ ਕੁਝ ਵੀ ਨਹੀਂ ਸੀ ਵਗਾੜਿਆ। ਇਹ ਤਾਂ ਸਾਰਾ ਖੇਲ੍ਹ ਉਸ ਪ੍ਰਭੂ ਦਾ ਸੀ। ਅੱਲਾਹ ਤਾਲ੍ਹਾ ਨੇ ਤੁਹਾਡਾ ਨਿੱਕਾ ਜਿਹਾ ਤਲਾਬ ਖਾਲੀ ਕਰ ਦਿਤਾ ਅਤੇ ਹੇਠਾਂ ਐਨਾ ਪਾਣੀ ਵਹਿ ਤੁਰਿਆ ਕਿ ਇਸ ਨੇ ਸਦੀਆਂ ਤਕ ਖਤਮ ਨਹੀਂ ਹੋਣਾ। ਅੱਲਾਹ ਦੀ ਖੇਲ੍ਹ ਦੇਖੋ ਅੱਲਾਹ ਦਾ ਇਕ ਬੰਦਾ ਪਾਣੀ ਮੰਗਦਾ ਸੀ ਤੇ ਉਸ ਨੇ ਇਹ ਨਿਰਮਲ ਜਲ ਹਜ਼ਾਰਾਂ ਪ੍ਰਾਣੀਆਂ ਦੀ ਪਿਆਸ ਬੁਝਾਉਣ ਲਈ ਵਗਾ ਦਿਤਾ। ਤੁਸੀਂ ਮੇਰੇ ਉਪਰ ਪੱਥਰ ਰੋੜ੍ਹਨਾ ਚਾਹਿਆ ਪਰ ਉਸ ਪੱਥਰ ਨੂੰ ਅੱਧਵਾਟੇ ਹੀ ਉਸ ਅੱਲਾਹ ਨੇ ਰੋਕ ਲਿਆ। ਤੁਸੀਂ ਜੋਹਦ ਕੀਤੇ ਹਨ, ਬੜੇ ਕਸ਼ਟ ਉਠਾ ਕੇ ਸ਼ਕਤੀਆਂ ਪ੍ਰਾਪਤ ਕੀਤੀਆਂ ਹਨ। ਤੁਹਾਡਾ ਪੀਰ ਅਣਜਾਣ ਸੀ, ਪੂਰਨ ਨਹੀਂ ਸੀ ਜਿਸ ਨੇ ਤੁਹਾਨੂੰ ਸੋਝੀ ਨਹੀਂ ਦਿਤੀ ਕਿ ਦਿਸਦਾ ਸੰਸਾਰ ਸਾਰਾ ਹੀ ਅੱਲਾਹ ਦਾ ਰੂਪ ਹੈ। ਦੇਖੋ ਮਹਾਂਪੁਰਸ਼ਾਂ ਦਾ ਫੁਰਮਾਨ ਹੈ -

***ਅਵਲਿ ਅਲਹ ਨੂਰੁ ਉਪਾਇਆ***
***ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ***
***ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ॥***
***ਮਾਟੀ ਏਕ ਅਨੇਕ ਭਾਂਤਿ ਕਰਿ***
***ਸਾਜੀ ਸਾਜਨਹਾਰੈ॥***
***ਨਾ ਕਛੁ ਪੋਚ ਮਾਟੀ ਕੇ ਭਾਂਡੇ***
***ਨਾ ਕਛੁ ਪੋਚ ਕੁੰਭਾਰੈ॥***
***ਸਭ ਮਹਿ ਸਚਾ ਏਕੋ ਸੋਈ***
***ਤਿਸ ਕਾ ਕੀਆ ਸਭੁ ਕਿਛੁ ਹੋਈ॥***
***ਹੁਕਮੁ ਪਛਾਨੈ ਸੁ ਏਕੋ ਜਾਨੈ***
***ਬੰਦਾ ਕਹੀਐ ਸੋਈ॥***

***ਅਲਹੁ ਅਲਖੁ ਨ ਜਾਈ ਲਖਿਆ***
***ਗੁਰਿ ਗੁੜੁ ਦੀਨਾ ਮੀਠਾ॥***
***ਕਹਿ ਕਬੀਰ ਮੇਰੀ ਸੰਕਾ ਨਾਸੀ***
***ਸਰਬ ਨਿਰੰਜਨੁ ਡੀਠਾ॥***

***ਅੰਗ - 1349***

ਇਸੇ ਤਰ੍ਹਾਂ ਨਾਲ ਆਪ ਨੇ ਬਗਦਾਦ ਦੇ ਪੀਰ ਨੂੰ ਸੁਮੱਤ ਦਿਤੀ, ਪੀਰ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸੰਗਸਾਰ ਕਰਕੇ ਮਾਰਨ ਲਈ ਸਾਰੇ ਸ਼ਹਿਰ ਨੂੰ ਹੁਕਮ ਦਿਤਾ। ਸਾਰਾ ਸ਼ਹਿਰ ਹੱਥਾਂ ਵਿਚ ਪੱਥਰ ਲੈ ਕੇ ਗੁਰੂ ਨਾਨਕ ਜੀ ਨੂੰ ਪੱਥਰਾਂ ਥੱਲੇ ਦਬਾਅ ਕੇ ਮਾਰਨ ਲਈ ਵਾਹੋ-ਦਾਹੀ ਨੱਠਿਆ ਆਉਂਦਾ ਹੈ। ਜੋਸ਼ ਨਾਲ ਸਾਰੇ ਪਾਗਲ ਹੋਏ ਹੋਏ ਹਨ। ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ ਕਿ ਅੱਲਾਹ ਸਭ ਘਟਾਂ ਵਿਚ ਵਸਦਾ ਹੈ। ਉਹ ਸਾਰੇ ਜੜ੍ਹ ਹੋ ਗਏ, ਬਾਹਾਂ ਚੁਕੀਆਂ ਹੀ ਰਹਿ ਗਈਆਂ, ਬਿਟਰ-ਬਿਟਰ ਦੇਖ ਰਹੇ ਹਨ। ਪੀਰ ਨੇ ਆਪਣੀਆਂ ਸ਼ਕਤੀਆਂ ਰਾਹੀਂ ਸਾਰਾ ਜ਼ੋਰ ਲਾਇਆ, ਅਖੀਰ ਮੰਨ ਗਿਆ ਕਿ ਇਹ ਕੋਈ ਪ੍ਰਵਾਨ ਮਹਾਂਪੁਰਸ਼ ਹਨ।

ਬਗਦਾਦ ਅੰਦਰ ਹਦ ਤੋਂ ਜ਼ਿਆਦਾ ਕਟੜਪੁਣਾ ਸੀ। ਇਸਲਾਮ ਦੀ ਸਭ ਤੋਂ ਉਚੀ ਸੀਟ ਹੁੰਦੀ ਸੀ। ਇਸਲਾਮ ਨੂੰ ਨਾ ਮੰਨਣ ਵਾਲਿਆਂ ਨੂੰ ਕਾਫਰ ਕਹਿੰਦੇ ਸਨ, ਬਾਕੀ ਸੰਸਾਰ ਨੂੰ ਅੱਲਾਹ ਦੇ ਬੰਦੇ ਨਹੀਂ ਸੀ ਜਾਣਦੇ। ਇਥੋਂ ਹੀ ਘਿਨੌਣੀ ਅਵਾਜ਼ ਉਠਦੀ ਸੀ ਕਿ ਜੋ ਇਸਲਾਮ ਤੇ ਅਕੀਦਾ ਨਹੀਂ ਲਿਆਉਂਦੇ ਉਹ ਕਾਫਰ ਹਨ, ਉਹ ਮਾਰ ਦੇਣ ਦੇ ਕਾਬਲ ਹਨ। ਉਨ੍ਹਾਂ ਨੂੰ ਮਾਰਿਆਂ ਸਵਾਬ (ਪੁੰਨ) ਲਗਦਾ ਹੈ। ਇਹ ਇਸਲਾਮ ਦੀ ਵੱਡੀ ਥਾਂ ਹੋਣ ਕਰਕੇ ਇਥੇ ਫਤਵੇ ਹਾਸਲ ਹੋਇਆ ਕਰਦੇ ਸਨ। ਇਸਲਾਮ ਦੀ ਵਿਦਿਆ ਦਾ ਇਹ ਕੇਂਦਰ ਸੀ ਪਰ ਇਸ ਵਿਦਿਆ ਨੇ ਦ੍ਵੈਤ ਦਾ ਨਾਸ਼ ਨਹੀਂ ਸੀ ਕੀਤਾ। ਇਹ ਪਾਸੜ ਸੀ, ਕਾਫਰਾਂ ਨੂੰ ਸੰਸਾਰ ਤੇ ਰਹਿਣ ਦਾ ਕੋਈ ਹੱਕ ਨਹੀਂ, ਇਹ ਇਨ੍ਹਾਂ ਦਾ ਯਕੀਨ ਸੀ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਪੀਰ ਜਦੋਂ ਆਇਆ ਤਾਂ ਆਪ ਨੇ ਸਾਰਿਆਂ ਦੀ ਜੜ੍ਹਤਾ ਦੂਰ ਕੀਤੀ। ਪਵਿੱਤਰ ਦੀਦਾਰ ਕਰਕੇ ਪੱਥਰ ਹੱਥਾਂ ਵਿਚੋਂ ਛੁਟ ਗਏ। ਘੇਰਾ ਘੱਤ ਕੇ ਗੁਰੂ ਨਾਨਕ ਦੇ ਦੁਆਲੇ ਬੈਠ ਗਏ। ਗੁਰੂ ਨਾਨਕ ਪਾਤਸ਼ਾਹ ਜੀ ਨੇ ਕਿਹਾ ਕਿ ਪੀਰ ਜੀ! ਦੇਖੋ, ਤੁਸੀਂ ਇਸਲਾਮ ਦੇ ਬਹੁਤ ਵੱਡੇ ਅਸਥਾਨ ਤੇ ਨਿਵਾਸ ਰਖਦੇ ਹੋ ਪਰ ਅੱਲਾਹ ਦੀ ਕੁਦਰਤ ਵਿਚ ਲੱਖਾਂ ਹੀ ਅਕਾਸ਼ ਅਤੇ ਲੱਖਾਂ ਹੀ ਪਾਤਾਲ ਹੋਂਦ ਵਿਚ ਆਏ ਹੋਏ ਹਨ। ਇਸ ਗੱਲ ਨੂੰ ਤੁਸੀਂ ਸਹਿਣ ਨਾ ਕਰ ਸਕੇ ਜਿਸ ਦਾ ਇਹ ਮਤਲਬ ਹੈ ਕਿ ਤੁਹਾਨੂੰ ਅੱਲਾਹ ਤਾਲ੍ਹਾ ਦੀ ਬੇਅੰਤਤਾਈ ਉਪਰ ਕੋਈ ਯਕੀਨ ਨਹੀਂ, ਉਹ ਆਪ ਬੇਅੰਤ ਹੈ, ਉਸ ਦੀ ਕੁਦਰਤ ਬੇਅੰਤ ਹੈ, ਸੰਸਾਰ ਵਿਚ ਕੋਈ ਐਸਾ ਨਹੀਂ ਹੈ ਜਿਸ ਨੇ ਉਸ ਦੀ ਕੁਦਰਤ ਦਾ ਅੰਤ ਪਾਇਆ ਹੋਵੇ। ਸੱਤ ਅਕਾਸ਼, ਪਾਤਾਲ ਮੰਨ ਲੈਣਾ ਅੱਲਾਹ ਦੀ ਤੌਹੀਨ ਹੈ ਜਿਵੇਂ ਕਿਸੇ ਸਮੁੱਚੀ ਦੁਨੀਆਂ ਦੇ ਬਾਦਸ਼ਾਹ ਨੂੰ ਭਿਖਾਰੀ ਮੰਨ ਲਿਆ ਜਾਵੇ, ਤੁਹਾਡੀ ਤਾਂ ਇਹ ਗੱਲ ਹੋਈ। ਨਾ ਹੀ ਤੁਸੀਂ ਉਸ ਸਰੋਦ ਨੂੰ ਸੁਣ ਸਕੇ ਜੋ ਰੂਹ ਨੂੰ ਅੱਲਾਹ ਦੇ ਨਾਲ ਮਿਲਾਉਂਦਾ ਹੈ ਅਤੇ ਤੁਸੀਂ ਐਨੇ ਤੁੱਸ ਵਿਚ ਆਏ ਕਿ ਤੁਹਾਨੂੰ ਸਭ ਕੁਝ ਭੁੱਲ ਗਿਆ। ਐਉਂ ਲਗਦਾ ਹੈ ਕਿ ਤੁਹਾਡੇ ਮੁਰਸ਼ਦ ਨੇ ਤੁਹਾਨੂੰ ਗਿਆਨ ਹੀ ਨਹੀਂ ਦਿਤਾ ਕਿ ਅੱਲਾਹ ਦਾ ਨੂਰ ਹਰ ਥਾਂ ਪੂਰੀ ਤਰ੍ਹਾਂ ਨਾਲ ਵਿਆਪਕ ਹੈ। ਤੁਸੀਂ ਮਾਰਗ ਤੋਂ ਭੁੱਲ ਗਏ। ਜਦੋਂ ਪੀਰ ਨੇ ਪੁਛਿਆ ਕਿ ਅਸਾਨੂੰ ਯਕੀਨ ਕਿਵੇਂ ਆਵੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਪੀਰ ਦੇ ਬੇਟੇ ਨੂੰ ਨਾਲ ਲੈ ਕੇ ਲੱਖਾਂ ਪਾਤਾਲ, ਲੱਖਾਂ ਅਕਾਸ਼, ਇਕ ਪਲਕ ਵਿਚ ਦਿਖਾ ਦਿਤੇ ਅਤੇ ਪ੍ਰਗਟ ਕਰ ਦਿਤਾ ਕਿ ਅੱਲਾਹ ਤਾਲ੍ਹਾ ਪਾਰਾਵਾਰ ਤੋਂ ਰਹਿਤ ਹੈ। ਉਸ ਦਾ ਕੋਈ ਵੀ ਅੰਤ ਨਹੀਂ ਪਾ ਸਕਿਆ, ਉਸ ਨੂੰ ਅੰਤ ਵਿਚ ਲਿਆ ਕੇ ਕੁਝ ਲਿਖਣਾ, ਕੁਝ ਸੋਚਣਾ ਆਪਣੇ ਅਗਿਆਨ ਦਾ ਸੂਚਕ ਹੈ। ਭਾਈ ਗੁਰਦਾਸ ਜੀ ਨੇ ਬਗਦਾਦ ਦਾ ਹਾਲ ਦਸਦਿਆਂ, 35ਵੀਂ ਅਤੇ 36ਵੀਂ ਪਉੜੀ ਵਿਚ ਦਸਿਆ ਹੈ-

***ਬਾਬਾ ਗਿਆ ਬਗਦਾਦ ਨੂੰ***
***ਬਾਹਰ ਜਾਇ ਕੀਆ ਅਸਥਾਨਾ।***
***ਇਕ ਬਾਬਾ ਅਕਾਲ ਰੂਪ***
***ਦੂਜਾ ਰਬਾਬੀ ਮਰਦਾਨਾ।***
***ਦਿੱਤੀ ਬਾਂਗ ਨਿਮਾਜ਼ ਕਰ***
***ਸੁੰਨ ਸਮਾਨ ਹੋਆ ਜਾਹਾਨਾ।***
***ਸੁੰਨ ਮੁੰਨ ਨਗਰੀ ਭਈ***

*ਦੇਖ ਪੀਰ ਭਇਆ ਹੈਰਾਨਾ।*
*ਵੇਖੈ ਧਿਆਨ ਲਗਾਇ ਕਰ*
*ਇਕ ਫਕੀਰ ਵਡਾ ਮਸਤਾਨਾ।*
*ਪੁਛਿਆ ਫਿਰਕੇ ਦਸਤਗੀਰ*
*ਕੌਣ ਫਕੀਰ ਕਿਸ ਕਾ ਘਰਿਹਾਨਾ।*
*ਨਾਨਕ ਕਲ ਵਿਚ ਆਇਆ*
*ਰੱਬ ਫਕੀਰ ਇੱਕ ਪਹਿਚਾਨਾ।*
*ਧਰਤ ਅਕਾਸ ਚਹੂੰ ਦਿਸ ਜਾਨਾ॥*
*ਭਾਈ ਗੁਰਦਾਸ ਜੀ, ਵਾਰ 1/35*
*ਪੁੱਛੇ ਪੀਰ ਤਕਰਾਰ ਕਰ*
*ਏਹ ਫਕੀਰ ਵਡਾ ਆਤਾਈ।*
*ਏਥੇ ਵਿਚ ਬਗਦਾਦ ਦੇ*
*ਵੱਡੀ ਕਰਾਮਾਤ ਦਿਖਲਾਈ।*
*ਪਾਤਾਲਾਂ ਆਕਾਸ਼ ਲਖ*
*ਓੜਕ ਭਾਲੀ ਖਬਰ ਸੁਣਾਈ।*
*ਫੇਰ ਦੁਰ੍ਰਾਇਣ ਦਸਤਗੀਰ*
*ਅਸੀ ਭਿ ਵੇਖਾਂ ਜੋ ਤੁਹਿ ਪਾਈ।*
*ਨਾਲ ਲੀਤਾ ਬੇਟਾ ਪੀਰ ਦਾ*
*ਅੱਖੀ ਮੀਟ ਗਇ ਹਵਾਈ।*
*ਲੱਖ ਅਕਾਸ਼ ਪਾਤਾਲ ਲੱਖ*
*ਅੱਖ ਫਰਕ ਵਿਚ ਸਭ ਦਿਖਲਾਈ।*
*ਭਰ ਕਚਕੌਲ ਪ੍ਰਸ਼ਾਦ ਦਾ*
*ਧੁਰੋਂ ਪਤਾਲੋਂ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*
*ਭਾਈ ਗੁਰਦਾਸ ਜੀ, ਵਾਰ 1/36*

ਉਸ ਵੇਲੇ ਭਾਰਤ ਵਰਸ਼ ਵਿਚ ਨਾਥਾਂ-ਸਿਧਾਂ ਦੀ ਧਾਕ ਪਈ ਹੋਈ ਸੀ, ਲੋਕਾਂ ਨੂੰ ਕੋਈ ਗਿਆਨ ਦੀ ਗੱਲ ਨਹੀਂ ਸੀ ਦਸਿਆ ਕਰਦਾ। ਤਪ ਕਰ-ਕਰ ਕੇ ਸਾਧਨ ਕਰ-ਕਰ ਕੇ ਰਿੱਧੀਆਂ ਸਿਧੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ। ਹਵਾ ਵਿਚ ਉਡਣਾ, ਆਪਣਾ ਰੂਪ ਬਦਲ ਕੇ ਕਦੇ ਸ਼ੇਰ ਬਣ ਜਾਣਾ, ਕਿਤੇ ਸੱਪ ਬਣ ਜਾਣਾ, ਕਿਤੇ ਪੰਛੀ ਬਣ ਜਾਣਾ ਇਹ ਮਾਇਕ ਖੇਲ੍ਹਾਂ ਵਿਚ ਉਹ ਪੂਰੀ ਤਰ੍ਹਾਂ ਪ੍ਰਵਿਰਤ ਸਨ। ਪਰਜਾ ਅਗਿਆਨ ਦੇ ਹਨ੍ਹੇਰੇ ਵਿਚ ਆਪਣਾ ਸਭ ਕੁਝ ਗੁਆ ਬੈਠੀ ਸੀ। ਕਰਾਮਾਤੀ ਸਾਧੂਆਂ ਨੂੰ ਸਭ ਕੁਝ ਮੰਨੀ ਬੈਠੇ ਸਨ। ਉਨ੍ਹਾਂ ਨੂੰ ਆਪਣੇ ਸੇਵਕਾਂ ਦੀ ਕਲਿਆਣ ਦਾ ਕੋਈ ਫਿਕਰ ਨਹੀਂ ਸੀ। ਉਹ ਨਾਟਕ ਚੇਟਕ ਕਰਕੇ ਉਨ੍ਹਾਂ ਨੂੰ ਪਰਚਾਈ ਰਖਦੇ ਸਨ ਪਰ ਜਦੋਂ ਪੱਛਮ ਵਲੋਂ ਆਕਰਮਣਕਾਰੀ ਭਾਰਤ ਵਿਚ ਆਏ ਤਾਂ ਉਹ ਭਾਰਤ ਵਰਸ਼ ਨੂੰ ਛੱਡ ਕੇ ਪਹਾੜਾਂ ਦੀਆਂ ਬਰਫਾਨੀ ਕੰਦਰਾਵਾਂ ਵਿਚ ਛੁਪ ਗਏ, ਉਨ੍ਹਾਂ ਦੇ ਸਥਾਨਾਂ ਉਪਰ ਚੇਲੇ ਰਹਿ ਗਏ ਜਿਨ੍ਹਾਂ ਦਾ ਕੰਮ ਸਰੀਰ ਉਪਰ ਸੁਆਹ ਮਲ ਲੈਣੀ, ਪੇਟ ਦੇ ਦੁਆਲੇ ਕਾਲੀਆਂ ਰੱਸੀਆਂ ਬੰਨ੍ਹ ਲੈਣੀਆਂ, ਜੰਗਮਾਂ ਨੇ ਸਿਰ ਉਪਰ ਟੱਲੀਆਂ ਬੰਨ੍ਹ ਲੈਣੀਆਂ ਅਤੇ ਚਿਮਟੇ ਹੱਥਾਂ ਵਿਚ ਲੈ ਕੇ ਅਲਖ ਨਿਰੰਜਨ ਦੀਆਂ ਹਾਕਾਂ ਮਾਰ-ਮਾਰ ਕੇ ਪਿੰਡਾਂ ਵਿਚ ਘੁੰਮ-ਘੁੰਮ ਕੇ ਗ੍ਰਿਹਸਥੀਆਂ ਦੇ ਘਰਾਂ 'ਚੋਂ ਮੰਗ ਕੇ ਝੋਲੀਆਂ ਭਰਵਾ ਲੈਣੀਆਂ। ਆਪਣੇ ਸਿੱਧ ਆਸਣਾਂ ਤੇ ਆ ਕੇ ਨਸ਼ਿਆਂ ਵਿਚ ਮਤਵਾਲੇ ਹੋ ਜਾਣਾ। ਸ਼ਰਾਬ ਪੀਣੀ, ਸੁਲਫਾ ਪੀਣਾ ਅਤੇ ਹੋਰ ਅਨੇਕ ਕਿਸਮ ਦੀ drug (ਨਸ਼ੇ) ਖਾਣੀ, ਸ਼ਰਾਬ ਦੀ ਮਸਤੀ ਵਿਚ ਅੱਖਾਂ ਮੀਟ ਕੇ ਲੋਕਾਂ ਨੂੰ ਧੋਖਾ ਦੇਣਾ ਕਿ ਉਨ੍ਹਾਂ ਦੀ ਸਮਾਧੀ ਲੱਗੀ ਹੋਈ ਹੈ। ਇਥੋਂ ਤਕ ਹਾਲਤ ਗਿਰ ਗਈ ਕਿ ਕੁਆਰੀਆਂ ਲੜਕੀਆਂ ਪਾਸ ਰਖਣੀਆਂ ਅਤੇ ਇਹ ਕਹਿਣਾ ਕਿ ਇਨ੍ਹਾਂ ਕੁਆਰੀਆਂ ਲੜਕੀਆਂ ਦੇ ਭੋਗਣ ਨਾਲ ਸਾਨੂੰ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਤੋਂ ਹੀ ਵਾਮ ਮਾਰਗ ਵਰਗੇ ਨਿੰਦਨੀ ਤਾਂਤਰਕ ਮਤ ਚੱਲੇ। ਗੁਰੂ ਮਹਾਰਾਜ ਜੀ ਨੇ ਉਨ੍ਹਾਂ ਪਹਾੜੀਆਂ ਦੀਆਂ ਕਠਨ ਚੜ੍ਹਾਈਆਂ ਚੜ੍ਹ ਕੇ ਉਨ੍ਹਾਂ ਗੁਫਾਵਾਂ ਤਕ ਪਹੁੰਚ ਕੀਤੀ ਜਿਥੇ ਕਿਸੇ ਆਦਮੀ ਦਾ ਪਹੁੰਚਣਾ ਬਹੁਤ ਮੁਸ਼ਕਲ ਸੀ। ਠੰਢ ਐਨੀ ਸੀ ਕਿ ਠੰਢ ਵਿਚ ਸੁੱਕ ਕੇ ਆਦਮੀ ਮਰ ਜਾਂਦਾ ਸੀ। ਖਾਣ ਪੀਣ ਲਈ ਕੁਝ ਵੀ ਰਸਤੇ ਵਿਚ ਨਹੀਂ ਸੀ ਮਿਲਦਾ। ਇਹ ਸਿੱਧ ਆਮ ਤੌਰ ਤੇ ਪੰਛੀਆਂ ਵਾਂਗਣ ਉਡ ਕੇ ਇਨ੍ਹਾਂ ਉਚੀਆਂ ਗੁਫਾਵਾਂ ਵਿਚ ਨਿਵਾਸ ਰੱਖਿਆ ਕਰਦੇ ਸਨ। ਮੈਦਾਨੀ ਇਲਾਕਿਆਂ ਵਿਚ ਇਹ ਬਹੁਤ ਸਾਲਾਂ ਤੋਂ ਆਏ ਹੀ ਨਹੀਂ ਸੀ।

ਗੁਰੂ ਨਾਨਕ ਪਾਤਸ਼ਾਹ ਜਦੋਂ ਉਥੇ ਪਹੁੰਚਦੇ ਹਨ ਤਾਂ ਉਨ੍ਹਾਂ ਨੇ ਬਹੁਤ ਕਿਸਮ ਦੇ ਸਵਾਲ ਇਨ੍ਹਾਂ ਉਪਰ ਕੀਤੇ ਕਿ ਪ੍ਰਾਣ ਕਿੰਨੇ ਹਨ, ਮੂੰਹ ਦਾ ਵਾਕ ਕਿੰਨੀ ਉਂਗਲ ਦਾ ਹੈ। ਇਹ ਸਾਰੇ ਪ੍ਰਸ਼ਨ ਨਿਰਾਰਥਕ ਜਿਹੇ ਸਨ। ਜਿਸ ਤੋਂ ਉਨ੍ਹਾਂ

ਦੀ ਮਨੋਵਿਰਤੀ ਦਾ ਗਿਆਨ ਹੁੰਦਾ ਹੈ ਕਿ ਉਨ੍ਹਾਂ ਨੂੰ ਸਤਿ ਦੀ ਸੋਝੀ ਨਹੀਂ ਸੀ ਹੋ ਸਕੀ। ਅਭਿਮਾਨ ਉਨ੍ਹਾਂ ਦੇ ਰੋਮ-ਰੋਮ ਵਿਚ ਭਰਿਆ ਪਿਆ ਸੀ। ਉਨ੍ਹਾਂ ਵਿਚ ਕੁਝ ਸਿੱਧ, ਭੰਗਰਨਾਥ, ਭਰਥਰੀ, ਗੋਪੀਚੰਦ ਉਨ੍ਹਾਂ ਵਿਚੋਂ ਸੁਧਰੇ ਹੋਏ ਸਿੱਧ ਸਨ ਅਤੇ ਪ੍ਰਾਪਤੀ ਦੇ ਨੇੜੇ ਸਨ। ਜਿਨ੍ਹਾਂ ਨੂੰ ਰਸਤਾ ਦੱਸਣ ਲਈ ਗੁਰੂ ਨਾਨਕ ਪਾਤਸ਼ਾਹ ਉਨ੍ਹਾਂ ਪਾਸ ਪਹੁੰਚੇ। ਦੂਜਿਆਂ ਨੇ ਤਾਂ ਕਰਾਮਾਤਾਂ ਨਾਲ ਗੁਰੂ ਨਾਨਕ ਪਾਤਸ਼ਾਹ ਨੂੰ ਡਰਾਉਣ ਦਾ ਜਤਨ ਕੀਤਾ। ਜਿਸ ਸਿਲਾ ਉਪਰ ਆਪ ਬੈਠੇ ਸਨ ਉਹ ਸਿੱਧਾਂ ਨੇ ਉਡਾਉਣੀ ਚਾਹੀ ਪਰ ਗੁਰੂ ਨਾਨਕ ਪਾਤਸ਼ਾਹ ਤੇ ਉਨ੍ਹਾਂ ਦੀਆਂ ਕਰਾਮਾਤਾਂ ਦਾ ਕੋਈ ਅਸਰ ਨਹੀਂ ਹੋਇਆ। ਤਾਂ ਉਨ੍ਹਾਂ ਸਿੱਧਾਂ ਦੇ ਮਨ ਵਿਚ ਆਇਆ ਕਿ ਇਹ ਵਲੀ ਪੁਰਸ਼ ਹੈ ਇਸ ਉਪਰ ਅਸਾਡਾ ਜ਼ੋਰ ਨਹੀਂ ਚਲਣਾ। ਪਰ ਜਦੋਂ ਆਪਣੇ ਤੇ ਗੁਰੂ ਮਹਾਰਾਜ ਦੀ ਉਮਰ ਦਾ ਅਨੁਮਾਨ ਲਾਉਂਦੇ ਹਨ ਤਾਂ ਹੈਰਾਨ ਹੁੰਦੇ ਹਨ ਕਿ ਇਨ੍ਹਾਂ ਨੇ ਕਿਹੜੇ ਸਮੇਂ ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਉਲੀ, ਕਪਾਲਭਾਤੀ ਅਤੇ ਪ੍ਰਾਣਾਯਾਮ ਵਰਗੇ ਸਾਧਨ ਕਰ ਲਏ। ਕਿਵੇਂ ਇਨ੍ਹਾਂ ਨੇ ਭੁਜੰਗਾ ਨਾੜੀ ਰੀੜ ਦੀ ਹੱਡੀ ਦੇ ਆਖਰੀ ਸਿਰੇ ਤੋਂ ਦੂਰ ਕਰਕੇ ਕੁੰਡਲਨੀ ਜਾਗ੍ਰਤ ਕਰ ਲਈ। ਇਨ੍ਹਾਂ ਨੇ ਕਿਹੜੇ ਸਮੇਂ ਮੂਲਾਧਾਰ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁਧ ਚੱਕਰ ਅਤੇ ਆਗਿਆ ਚੱਕਰ ਭੇਦ ਕੇ ਤ੍ਰਿਕੁਟੀ ਵਿਚੀਂ ਲੰਘ ਕੇ ਸਹੰਸਰਾਰ ਦਲ ਕਮਲ ਵਿਚੋਂ ਲੰਘ ਕੇ ਦਸਮ ਦੁਆਰ ਵਿਚ ਵਾਸਾ ਕੀਤਾ। ਉਹ ਇਹ ਦੇਖ ਕੇ ਵੀ ਹੈਰਾਨ ਸਨ ਕਿ ਇਨ੍ਹਾਂ ਨੇ ਜੋਗ ਦੀਆਂ ਮੁਦਰਾ - ਖੇਚਰੀ, ਭੁਚਰੀ, ਚਰਚਰੀ, ਉਨਮਨੀ ਕਿਵੇਂ ਸਿੱਧ ਕਰ ਲਈਆਂ। ਇਨ੍ਹਾਂ ਉਚੇ ਪਹਾੜ ਉਪਰ ਮਨੁੱਖ ਦੀ ਪਹੁੰਚ ਨਹੀਂ ਕਿ ਤਿਲਕਣੀਆਂ ਬਰਫਾਂ ਉਪਰੋਂ ਹੋ ਕੇ ਉਹ ਇਥੇ ਆ ਜਾਵੇ। ਸ਼ੱਕ ਸੀ ਕਿ ਖੇਚਰੀ ਮੁਦਰਾ ਨਾਲ ਅਸਮਾਨ ਵਿਚ ਉਡ ਕੇ ਪਹੁੰਚੇ ਹੋਣੇ। ਉਸ ਵੇਲੇ ਉਨ੍ਹਾਂ ਨੇ ਪ੍ਰਸ਼ਨ ਕੀਤਾ ਕਿ ਹੇ ਬਾਲਕ, (ਬਾਲਕ ਉਨ੍ਹਾਂ ਨੇ ਇਸ ਕਰਕੇ ਕਿਹਾ ਕਿਉਂਕਿ ਉਨ੍ਹਾਂ ਦੀਆਂ ਉਮਰਾਂ ਸੈਂਕੜੇ ਸਾਲਾਂ ਸਨ, ਯੋਗ ਦੇ ਬਲ ਨਾਲ ਉਮਰਾਂ ਵਧਾਈਆਂ ਹੋਈਆਂ ਸਨ) ਤੈਨੂੰ ਕਿਹੜੀ ਸ਼ਕਤੀ ਇਥੇ ਲੈ ਕੇ ਆਈ ਹੈ? ਤੂੰ ਕਿਹੜੇ ਵੇਲੇ ਯੋਗ ਦੀਆਂ ਸਾਰੀਆਂ ਸ਼ਕਤੀਆਂ ਸਾਧੀਆਂ? ਤੈਨੂੰ ਪ੍ਰਾਪਤੀ ਕਿਥੋਂ ਹੋਈ ਕਿਉਂਕਿ ਸਾਰੇ ਸਿੱਧ ਦੇਖ ਚੁੱਕੇ ਸਨ ਕਿ ਅਸਾਡੇ ਸਾਰਿਆਂ ਵਿਚੋਂ ਜ਼ਿਆਦਾ ਸ਼ਕਤੀਆਂ ਇਨ੍ਹਾਂ ਵਿਚ ਹਨ। ਅਸੀਂ ਤਾਂ ਇਸ ਸੂਰਜ ਦੇ ਸਾਮ੍ਹਣੇ ਟਟਿਆਣੇ (ਜੁਗਨੂੰ) ਹੀ ਹਾਂ। ਸਿੱਧਾਂ ਨੇ ਆਪਣੀਆਂ ਸ਼ਕਤੀਆਂ ਦਿਖਾਉਂਦਿਆਂ ਆਪਣੀਆਂ ਬੈਰਾਗਣਾਂ, ਆਪਣੇ ਆਸਣ, ਆਪਣੀਆਂ ਹੋਰ ਚੀਜ਼ਾਂ ਅਕਾਸ਼ ਵਿਚ ਉਡਾ ਦਿਤੀਆਂ। ਗੁਰੂ ਮਹਾਰਾਜ ਜੀ ਬਹੁਤ ਮੁਸਕਰਾਏ ਅਤੇ ਉਨ੍ਹਾਂ ਦੀਆਂ ਬੱਚਿਆਂ ਵਾਲੀਆਂ ਖੇਲ੍ਹਾਂ ਦੇਖ ਕੇ ਆਪ ਅਸਚਰਜ ਹੋਏ ਕਿ ਇਨ੍ਹਾਂ ਮਦਾਰੀਆਂ ਤੋਂ ਸੰਸਾਰ ਦਾ ਭਲਾ ਕਿਵੇਂ ਹੋ ਸਕਦਾ ਸੀ? ਆਪ ਨੇ ਆਪਣੀ ਖੜ੍ਹਾਂਵ ਨੂੰ ਹੁਕਮ ਦਿਤਾ, ਉਸ ਨੇ ਜਾ ਕੇ ਸਾਰੀਆਂ ਚੀਜ਼ਾਂ ਹੇਠਾਂ ਸੁੱਟ ਦਿਤੀਆਂ। ਉਸ ਵੇਲੇ ਉਨ੍ਹਾਂ ਨੇ ਪੁਛਿਆ ਕਿ ਹੇ ਬਾਲਕ! ਤੇਰਾ ਨਾਮ ਕੀ ਹੈ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸਿਧੋ! ਤੁਸੀਂ ਤਾਂ ਅਭਿਮਾਨ ਦੇ ਭਰੇ ਹੋਏ ਹੋਂ ਅਤੇ ਮੈਨੂੰ ਐਉਂ ਲਗਦਾ ਹੈ ਕਿ ਤੁਹਾਡੇ ਅੰਦਰ ਕੋਈ ਪ੍ਰਕਾਸ਼ ਨਹੀਂ, ਕੇਵਲ ਮਾਨਸਿਕ ਕ੍ਰਿਆਵਾਂ ਕਰਕੇ ਤੁਸੀਂ ਮਾਨਸਿਕ ਸ਼ਕਤੀਆਂ ਪ੍ਰਾਪਤ ਕਰ ਲਈਆਂ ਹਨ, ਇਨ੍ਹਾਂ ਨਾਲ ਤੁਸੀਂ ਪਰਮ ਪਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਪਦ ਦੀ ਪ੍ਰਾਪਤੀ ਤਾਂ ਨਿਮਰਤਾ ਵਿਚ ਰਹਿ ਕੇ ਹੋ ਸਕਦੀ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਬਾਬੇ ਡਿੱਠੀ ਪ੍ਰਿਥਵੀ***
***ਨਵੈ ਖੰਡ ਜਿਥੈ ਤਕ ਆਹੀ।***
***ਫਿਰ ਜਾ ਚੜ੍ਹੇ ਸੁਮੇਰ ਪਰ***
***ਸਿੱਧ ਮੰਡਲੀ ਦ੍ਰਿਸ਼ਟੀ ਆਈ।***
***ਚੌਰਾਸੀਹ ਸਿਧ ਗੋਰਖਾਦਿ***
***ਮਨ ਅੰਦਰ ਗਿਣਤੀ ਵਰਤਾਈ।***
***ਸਿੱਧ ਪੁੱਛਣ ਸੁਣ ਬਾਲਿਆ***
***ਕੌਣ ਸ਼ਕਤਿ ਤੁਹਿ ਏਥੇ ਲਿਆਈ।***
***ਹਉਂ ਜਪਿਆ ਪਰਮੇਸ਼ਰੋ***
***ਭਾਉ ਭਗਤਿ ਸੰਗਿ ਤਾੜੀ ਲਾਈ।***
***ਆਖਣ ਸਿੱਧ ਸੁਣ ਬਾਲਿਆ***
***ਆਪਣਾ ਨਾਉ ਤੁਮ ਦੇਹੁ ਬਤਾਈ।***
***ਬਾਬਾ ਆਖੇ ਨਾਥ ਜੀ***
***ਨਾਨਕ ਨਾਮ ਜਪੇ ਗਤਿ ਪਾਈ।***

***ਨੀਚ ਕਹਾਇ ਊਚ ਘਰ ਆਈ॥***
***ਭਾਈ ਗੁਰਦਾਸ ਜੀ, ਵਾਰ 1/28***

ਜਦੋਂ ਗੁਰੂ ਨਾਨਕ ਪਾਤਸ਼ਾਹ ਦਾ ਨਾਮ ਸੁਣਿਆ ਤਾਂ ਸਮਝ ਗਏ ਕਿ ਪ੍ਰਭੂ ਆਪ ਹੀ ਰੂਪਧਾਰੀ ਹੋ ਕੇ ਨਾਨਕ ਨਾਮ ਰਖਾ ਕੇ ਸੰਸਾਰ ਦੇ ਉਧਾਰ ਲਈ ਪ੍ਰਗਟ ਹੋਇਆ ਹੈ। ਸੰਸਾਰ ਨੂੰ ਤਾਰਨ ਵਾਸਤੇ ਹੀ ਇਨ੍ਹਾਂ ਦਾ ਅਵਤਾਰ ਹੋਇਆ ਹੈ। ਇਹ ਸਭ ਕੁਝ ਦੇਖ ਕੇ ਆਪਣੀ ਢੀਠਤਾਈ ਉਪਰ ਅਫਸੋਸ ਕੀਤਾ ਕਿ ਅਸੀਂ ਇਨ੍ਹਾਂ ਦਾ ਬਹੁਤ ਨਿਰਾਦਰ ਕੀਤਾ ਹੈ। ਉਸ ਵੇਲੇ ਕੰਮ ਦੀ ਗੱਲ ਕਰਕੇ ਪੁਛਿਆ ਕਿ ਹੇ ਨਾਨਕ! ਭਾਰਤ ਵਿਚ ਕੀ ਵਰਤਾਰਾ ਚਲ ਰਿਹਾ ਹੈ? ਤਾਂ ਮਹਾਰਾਜ ਜੀ ਨੇ ਕਿਹਾ ਕਿ ਸਿਧੋ! ਤੁਸੀਂ ਸਾਰੀ ਨੇਕੀ ਜਨਤਾ ਵਿਚੋਂ ਖਿੱਚ ਕੇ ਇਨ੍ਹਾਂ ਪਹਾੜਾਂ ਵਿਚ ਛੁਪ ਕੇ ਬੈਠ ਗਏ ਹੋਂ ਪਿਛੇ ਬੁਰਿਆਈ ਹੀ ਬੁਰਿਆਈ ਰਹਿ ਗਈ ਹੈ। ਤੁਸੀਂ ਸਿੱਧ ਲੋਕ ਸੀ ਤੁਹਾਨੂੰ ਭਉ ਭਗਤ ਦੇ ਨਾਲ ਪ੍ਰਭੂ ਦੀ ਪ੍ਰਾਪਤੀ ਕਰਕੇ, ਸੰਸਾਰ ਦੇ ਉਧਾਰ ਲਈ ਸੰਸਾਰ ਮੰਚ ਵਿਚ ਆਪਣੀ ਕ੍ਰਿਆ ਕਰਨੀ ਚਾਹੀਦੀ ਸੀ। ਉਨ੍ਹਾਂ ਅਗਿਆਨੀਆਂ ਦੇ ਅਗਿਆਨ ਦਾ ਨਾਸ਼ ਕਰਕੇ ਗਿਆਨ ਬਖਸ਼ਣਾ ਸੀ। ਹੁਣ ਮੇਰੇ ਤੋਂ ਕੀ ਪੁਛਦੇ ਹੋਂ? ਕੂੜ ਦੀ ਮੱਸਿਆ ਸਾਰੇ ਸੰਸਾਰ ਵਿਚ ਫੈਲ ਗਈ ਹੈ। ਧਰਮ ਦਾ ਚੰਦਰਮਾ ਕਿਤੇ ਨਜ਼ਰ ਨਹੀਂ ਆ ਰਿਹਾ। ਮੈਂ ਸਾਰੇ ਮੱਠਾਂ, ਪੀਰਾਂ ਦੇ ਤਕੀਆਂ, ਧਰਮ ਅਸਥਾਨਾਂ, ਤੀਰਥਾਂ ਉਪਰ ਫਿਰ ਕੇ ਦੇਖਿਆ ਹੈ ਕਿ ਪੂਰੀ ਤਰ੍ਹਾਂ ਨਾਲ ਸੰਸਾਰ ਦੇ ਅਚਾਰੀਆਂ ਦੇ ਮਨਾਂ ਵਿਚ ਅੰਧੇਰਾ ਹੀ ਅੰਧੇਰਾ ਫੈਲਿਆ ਹੋਇਆ ਹੈ। ਹਉਂ ਬ੍ਰਹਮ ਅਸਮੀ ਕਹਿ ਕੇ ਸੰਤੁਸ਼ਟ ਹਨ। ਇਹ ਕਹਿ-ਕਹਿ ਕੇ ਕਿ ਮੈਂ ਆਤਮਾ ਹਾਂ, ਮੈਂ ਆਤਮਾ ਹਾਂ, ਸੋਚਦੇ ਹਨ ਕਿ ਮੈਨੂੰ ਪ੍ਰਭੂ ਦਾ ਗਿਆਨ ਹੋ ਜਾਵੇਗਾ ਪਰ ਉਨ੍ਹਾਂ ਦੀ ਕਰਨੀ ਤੋਂ ਪ੍ਰਗਟ ਹੁੰਦਾ ਹੈ ਕਿ ਪੰਜਾਂ ਤੱਤਾਂ ਦੀ ਦੇਹ ਹੰਗਤਾ ਨੂੰ ਛੱਡ ਨਹੀਂ ਸਕੇ। ਕੇਵਲ ਮੌਖਿਕ ਤੌਰ ਤੇ ਬ੍ਰਹਮ ਬਣ ਕੇ ਆਪਣੀ ਤਸੱਲੀ ਚਾਹੁੰਦੇ ਹਨ। ਤੁਹਾਡੇ ਜੋ ਬਾਲਕੇ ਪਿਛੇ ਛੱਡੇ ਹੋਏ ਹਨ ਉਹ ਅਗਿਆਨੀ ਹੋ ਗਏ ਹਨ ਅਤੇ ਸੁਆਹ ਮਲਣਾ ਹੀ ਉਨ੍ਹਾਂ ਨੇ ਆਪਣਾ ਕਰਮ ਸਮਝ ਲਿਆ ਹੈ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

***ਫਿਰ ਪੁੱਛਣ ਸਿੱਧ ਨਾਨਕਾ***
***ਮਾਤ ਲੋਕ ਵਿਚ ਕਿਆ ਵਰਤਾਰਾ।***
***ਸਭ ਸਿੱਧੀ ਇਹ ਬੁਝਿਆ***
***ਕਲਿ ਤਾਰਣ ਨਾਨਕ ਅਵਤਾਰਾ।***
***ਬਾਬੇ ਕਹਿਆ ਨਾਥ ਜੀ***
***ਸੱਚ ਚੰਦ੍ਰਮਾਂ ਕੂੜ ਅੰਧਾਰਾ।***
***ਕੂੜ ਅਮਾਵਸ ਵਰਤਿਆ***
***ਹਉਂ ਭਾਲਣ ਚੜ੍ਹਿਆ ਸੰਸਾਰਾ।***
***ਪਾਪ ਗਿਰਾਸੀ ਪ੍ਰਿਥਮੀ***
***ਧੌਲ ਖੜਾ ਧਰ ਹੇਠ ਪੁਕਾਰਾ।***
***ਸਿੱਧ ਛਪ ਬੈਠੇ ਪਰਬਤੀਂ***
***ਕੌਣ ਜਗਤ ਕਉ ਪਾਰ ਉਤਾਰਾ।***
***ਜੋਗੀ ਗਿਆਨ ਵਿਹੂਣਿਆਂ***
***ਨਿਸਦਿਨ ਅੰਗ ਲਗਾਇਨ ਛਾਰਾ।***
***ਬਾਝ ਗੁਰੂ ਡੁੱਬਾ ਜੱਗ ਸਾਰਾ॥***
***ਭਾਈ ਗੁਰਦਾਸ ਜੀ, ਵਾਰ 1/29***

ਗੋਰਖ ਦੇ ਮਨ ਵਿਚ ਆਇਆ ਕਿ ਜੇ ਇਹ ਨਾਨਕ ਅਸਾਡੇ ਮਤ ਵਿਚ ਆ ਜਾਵੇ ਅਤੇ ਮੈਨੂੰ ਗੁਰੂ ਧਾਰਨ ਕਰ ਲਵੇ ਤਾਂ ਜੋਗ ਮਤ ਜਿਸਦਾ ਪ੍ਰਤਾਪ ਜਗਤ ਵਿਚ ਮੱਧਮ ਪੈ ਰਿਹਾ ਹੈ ਉਹ ਮੁੜ ਕੇ ਆਪਣੀਆਂ ਸਿਖਰਾਂ ਛੋਹ ਲਵੇਗਾ। ਕਿਉਂਕਿ ਐਸਾ ਮਹਾਨ ਅਨੁਭਵੀ ਸਾਡੇ ਵਿਚੋਂ ਕੋਈ ਨਹੀਂ ਹੈ। ਉਸ ਵੇਲੇ ਉਸ ਨੇ ਸੋਚਿਆ ਕਿ ਜੇ ਮੈਂ ਇਨ੍ਹਾਂ ਨੂੰ ਆਪਣੀ ਸ਼ਕਤੀ ਦਿਖਾਵਾਂ ਤਾਂ ਇਹ ਜ਼ਰੂਰ ਕਾਇਲ ਹੋ ਜਾਵੇਗਾ ਅਤੇ ਮੈਨੂੰ ਗੁਰੂ ਧਾਰਨ ਕਰ ਲਵੇਗਾ। ਉਸ ਵੇਲੇ ਉਸ ਨੇ ਕਿਹਾ ਕਿ ਨਾਨਕ! ਇਹ ਸਿੱਧ ਸਭ ਬਿਰਧ ਹਨ ਤੁਸੀਂ ਮੇਰੀ ਚਿੱਪੀ ਲੈ ਜਾਵੋ, ਓਹ ਦੇਖੋ! ਸਾਮ੍ਹਣੇ ਮਾਨ ਸਰੋਵਰ ਝੀਲ ਹੈ, ਉਸ ਵਿਚ ਕਿੰਨਾ ਨਿਰਮਲ ਜਲ ਹੈ, ਇਹ ਜਲ ਤੁਸੀਂ ਉਥੋਂ ਜਾ ਕੇ ਲੈ ਆਵੋ। ਗੁਰੂ ਮਹਾਰਾਜ ਜੀ ਜਦੋਂ ਝੀਲ ਦੇ ਕੰਢੇ ਆਉਂਦੇ ਹਨ ਤਾਂ ਦੇਖਦੇ ਹਨ ਕਿ ਗੋਰਖ ਨੇ ਪਾਣੀ ਦੀ ਥਾਂ ਹੀਰੇ ਲਾਲ ਜਵਾਹਰਾਤ ਭਰ ਦਿਤੇ ਹਨ ਅਤੇ ਉਸ ਦਾ ਛਲ ਜਾਣ ਕੇ ਵਾਪਸ ਮੁੜ ਕੇ ਚਿੱਪੀ ਰਖਦਿਆਂ ਆਪ ਨੇ ਕਿਹਾ ਕਿ ਨਾਥ ਜੀ! ਉਥੇ ਪਾਣੀ ਤਾਂ ਹੈ ਹੀ ਨਹੀਂ। ਕਹਿਣ ਲੱਗੇ, "ਉਥੇ ਤਾਂ ਉਹ ਚੀਜ਼ਾਂ ਹਨ ਜੋ ਕਿਸੇ ਕੰਮ ਨਹੀਂ ਆਉਂਦੀਆਂ। ਇਕ ਪਾਸੇ ਪਿਆਸੇ ਬੰਦੇ ਨੂੰ

ਪਾਣੀ ਦੇ ਇਕ ਗਿਲਾਸ ਦੀ ਲੋੜ ਹੈ ਅਤੇ ਉਸ ਦਾ ਦਮ ਨਿਕਲ ਰਿਹਾ ਹੈ, ਜੇ ਉਸ ਨੂੰ ਕਈ ਮਣ ਹੀਰੇ ਜਵਾਹਰਾਤ ਮਾਰੂਥਲ ਵਿਚ ਲੱਭ ਜਾਣ ਤਾਂ ਉਹ ਕਿਸੇ ਕੰਮ ਨਹੀਂ ਆਉਂਦੇ ਕਿਉਂਕਿ ਇਨ੍ਹਾਂ ਨੇ ਉਸ ਦੀ ਜਾਨ ਨੂੰ ਨਹੀਂ ਬਚਾਉਣਾ। ਜਾਨ ਬਚਾਉਣ ਲਈ ਪਾਣੀ ਦੀ ਲੋੜ ਹੈ, ਜੋ ਅਮੁੱਲ ਹੈ। ਉਸ ਵੇਲੇ ਗੋਰਖਨਾਥ ਨੇ ਕਿਹਾ, "ਦੇਖ ਨਾਨਕ! ਮੈਂ ਇਕ ਫੁਰਨਾ ਕੀਤਾ ਸੀ ਅਤੇ ਸਾਰੀ ਝੀਲ ਜੋ ਬਹੁਤ ਮੀਲਾਂ ਤਕ ਫੈਲੀ ਹੋਈ ਹੈ, ਸਾਰੀ ਹੀਰੇ ਜਵਾਹਰਾਤਾਂ ਨਾਲ ਭਰ ਦਿਤੀ, ਮੈਂ ਤੁਹਾਨੂੰ ਯੋਗ ਦੀ ਕੇਵਲ ਇਕੋ ਸ਼ਕਤੀ ਦਿਖਾਈ ਹੈ। ਤੁਸੀਂ ਸਾਡਾ ਮਤ ਧਾਰਨ ਕਰੋ, ਤੁਹਾਨੂੰ ਇਹ ਸ਼ਕਤੀਆਂ ਪ੍ਰਾਪਤ ਹੋ ਜਾਣਗੀਆਂ। ਤੁਸੀਂ ਸਾਰੇ ਸਿੱਧਾਂ ਦੇ ਪੀਰ ਬਣ ਜਾਵੋਂਗੇ, ਸਾਰਾ ਸੰਸਾਰ ਤੁਹਾਡਾ ਮਾਣ ਕਰੇਗਾ। ਵੱਡੇ-ਵੱਡੇ ਜਰਨੈਲ ਤੁਹਾਡੇ ਤੋਂ ਭੈ ਭੀਤ ਹੋ ਕੇ ਤੁਹਾਡੇ ਚਰਨਾਂ ਵਲ ਨੂੰ ਦੌੜਨਗੇ। ਕਿਸੇ ਦੀ ਮਜ਼ਾਲ ਨਹੀਂ ਕਿ ਤੁਹਾਡੇ ਸਾਮ੍ਹਣੇ ਖੜ੍ਹਾ ਰਹਿ ਸਕੇ। ਤੁਸੀਂ ਯੋਗ ਮਤ ਧਾਰਨ ਕਰੋ ਅਤੇ ਅਨੰਦ ਮਾਣੋ। ਉਸ ਵੇਲੇ ਗੁਰੂ ਨਾਨਕ ਜੀ ਨੇ ਫੁਰਮਾਇਆ ਕਿ ਗੋਰਖਨਾਥ! ਇਸ ਤ੍ਰਿਗੁਣੀ ਮਾਇਆ ਦੇ ਪਿਛੇ ਸਤਿ ਦੀ ਜੋਤ ਪੂਰੀ ਤਰ੍ਹਾਂ ਨਾਲ ਪ੍ਰਕਾਸ਼ਤ ਹੈ। ਜਿਸ ਨੂੰ ਆਦਮੀ ਦੇ ਅੰਦਰ ਪਾਏ ਗਏ ਹਉਮੈ ਤੱਤ ਨੇ ਪੂਰੀ ਤਰ੍ਹਾਂ ਭੁਲਾ ਛੱਡਿਆ ਹੈ। ਹਉਮੈ ਦਾ ਬੰਨ੍ਹਿਆ ਹੋਇਆ ਜੀਵ ਅਗਿਆਨ ਵਸ ਹੋਇਆ ਹੋਇਆ ਕਰਮ ਕਰਕੇ ਉਨ੍ਹਾਂ ਦੇ ਫਲ ਭੋਗਣ ਲਈ ਜੰਮਦਾ ਮਰਦਾ ਹੈ। 84 ਲੱਖ ਜੂਨਾਂ ਵਿਚ ਘੁੰਮਦਾ ਫਿਰਦਾ ਹੈ। ਤੁਹਾਡੀਆਂ ਪ੍ਰਾਪਤ ਕੀਤੀਆਂ ਕਰਾਮਾਤਾਂ, ਰਿੱਧੀਆਂ ਸਿੱਧੀਆਂ ਸ਼ਕਤੀਆਂ ਕੇਵਲ ਮਾਇਆ ਦਾ ਇਕ ਚਮਤਕਾਰਾ ਹਨ। ਇਹ ਆਤਮ ਮਾਰਗ ਤੇ ਚੱਲਣ ਵਿਚ ਸਹਾਈ ਨਹੀਂ ਹੋ ਸਕਦੀਆਂ। ਹਉਮੈ ਨੇ ਭੁਲੇਖਾ ਪਾ ਛੱਡਿਆ ਹੈ, ਅਸਲੀ ਚੀਜ਼ ਨੂੰ ਨਕਲੀ ਵਿਖਾ ਦਿਤਾ ਹੈ। ਤੁਸੀਂ ਸਿਆਣੇ ਹੋਂ, ਜਾਣਦੇ ਹੀ ਹੋਂ ਕਿ ਹਨ੍ਹੇਰੇ ਵਿਚ ਰੱਸੀ ਪਈ ਹੋਵੇ ਤਾਂ ਭਰਮ ਵਸ ਹੋ ਕੇ ਸੱਪ ਦਾ ਅਧਿਆਸ ਕੁਦਰਤੀ ਹੋ ਜਾਂਦਾ ਹੈ। ਜਿਸ ਨਾਲ ਆਦਮੀ ਨੂੰ ਭੈ ਉਪਜਦਾ ਹੈ ਪਰ ਭੈ ਦਾ ਮਾਰਿਆ ਹੋਇਆ, ਮਹਾਨ ਦੁਖੀ ਹੋ ਜਾਂਦਾ ਹੈ, ਪਰੇਸ਼ਾਨ ਹੋਇਆ ਰਾਤ ਲੰਘਾਉਂਦਾ ਹੈ। ਜਦੋਂ ਸਵੇਰ ਹੋਈ ਤਾਂ ਪਤਾ ਲੱਗਿਆ ਕਿ ਮੈਂ ਤਾਂ ਐਵੇਂ ਡਰਦਾ ਰਿਹਾ, ਇਹ ਤਾਂ ਕੇਵਲ ਰੱਸੀ ਹੀ ਸੀ। ਇਸ ਤਰ੍ਹਾਂ ਦੇ ਭੁਲੇਖੇ ਆਦਮੀ ਖਾਂਦਾ ਹੈ। ਤੱਤ ਵਸਤੂ ਦੀ ਪ੍ਰਾਪਤੀ ਨਾ ਹੋਣ ਕਰਕੇ ਤੁਹਾਡੇ ਵਾਂਗੂੰ ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ 84 ਦੇ ਗੇੜੇ ਖਾਂਦਾ ਹੈ। ਨਾਥ ਜੀ! ਪ੍ਰਭੂ ਪ੍ਰਾਪਤੀ ਇਸ ਜੀਵ ਦਾ ਪਰਮ ਮਨੋਰਥ ਹੈ ਸ਼ਕਤੀਆਂ ਅਤੇ ਇਹ ਨਾਟਕ ਚੇਟਕ ਕਰਨੇ ਇਸ ਨੂੰ ਭੁਲਾ ਕੇ ਰਖਦੇ ਹਨ। ਇਸ ਮਾਇਆ ਦਾ ਸੁਭਾਅ ਹੀ ਹੈ ਕਿ ਇਹ ਪ੍ਰਭੂ ਨੂੰ ਭੁਲਾਉਂਦੀ ਹੈ -

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ॥***

***ਅੰਗ - 857***

ਅਸਲੀ ਗੱਲ ਤਾਂ ਇਹ ਸੀ ਕਿ ਬੁਝਣਾ ਸੀ ਕਿ ਅਸਲ ਵਸਤੂ ਕੀ ਹੈ? ਜਦੋਂ ਤੁਸੀਂ ਆਪਣੀ ਹਸਤੀ ਨੂੰ ਪ੍ਰਭੂ ਨਾਲੋਂ ਵੱਖਰਾ ਸਮਝ ਕੇ ਦੇਹ ਅਧਿਆਸ ਵਿਚ ਚਲੇ ਗਏ ਜਾਂ ਆਪਣੇ ਆਪ ਨੂੰ ਜੀਵ ਸਮਝ ਲਿਆ ਤਾਂ ਹਉਮੈ ਦੇ ਹਨ੍ਹੇਰੇ ਨੇ ਸਦਾ ਨਾਲ ਰਹਿੰਦੇ ਪ੍ਰਭੂ ਨੂੰ ਭੁਲਾ ਦਿਤਾ।

***ਹਉਮੈ ਕਰੀ ਤਾ ਤੂ ਨਾਹੀ***
***ਤੂ ਹੋਵਹਿ ਹਉ ਨਾਹਿ॥***
***ਬੂਝਹੁ ਗਿਆਨੀ ਬੂਝਣਾ***
***ਏਹ ਅਕਥ ਕਥਾ ਮਨ ਮਾਹਿ॥***

***ਅੰਗ - 1092***

ਹਉਮੈ ਦੇ ਅਧੀਨ ਕ੍ਰੋੜਾਂ ਸਾਧਨਾਵਾਂ ਕਰ ਲਈਆਂ ਜਾਣ ਤਾਂ ਵੀ ਉਹ ਜੀਵ ਅੰਦਰ ਪ੍ਰਕਾਸ਼ ਪੈਦਾ ਨਹੀਂ ਕਰ ਸਕਦੀਆਂ। ਇਹ ਅਗਿਆਨ ਦਾ ਹਨ੍ਹੇਰਾ ਕ੍ਰੋੜਾਂ ਚੰਦਰਮਾ, ਲੱਖਾਂ ਸੂਰਜਾਂ ਦੇ ਚੜ੍ਹਨ ਨਾਲ ਦੂਰ ਨਹੀਂ ਹੁੰਦਾ। ਇਹ ਸ਼ਕਤੀਆਂ ਪ੍ਰਾਪਤ ਕਰਨ ਨਾਲ ਹੋਰ ਗਾੜ੍ਹਾ ਹੋ ਜਾਂਦਾ ਹੈ। ਕੇਵਲ ਸਮਰੱਥ ਗੁਰੂ ਹੀ ਇਸ ਹਨ੍ਹੇਰੇ ਨੂੰ ਦੂਰ ਕਰਨ ਦੇ ਕਾਬਲ ਹੈ। ਤੁਹਾਡਾ ਜੋ ਮਾਰਗ ਹੈ ਇਹ ਮਾਇਆਵੀ ਮਾਰਗ ਹੈ, ਆਤਮ ਮਾਰਗ ਨਹੀਂ ਹੈ। ਨਾਥ ਜੀ! ਕਲਜੁੱਗ ਦਾ ਸਮਾਂ ਚਲ ਰਿਹਾ ਹੈ, ਤੁਹਾਡੇ ਬਿਖੜੇ ਸਾਧਨ ਅੱਜ ਦਾ ਮਨੁੱਖ ਨਹੀਂ ਕਰ ਸਕਦਾ ਕਿਉਂਕਿ ਉਸ ਦੇ ਸਰੀਰ ਵਿਚ ਸ਼ਕਤੀ

ਨਹੀਂ ਹੈ। ਪ੍ਰਾਣਾਯਾਮ ਦੀ ਝਾਲ ਉਹ ਝੱਲ ਨਹੀਂ ਸਕਦਾ। ਨੇਤੀ, ਧੋਤੀ ਦੇ ਸਾਧਨ ਕਰਨ ਲਈ ਉਸ ਨੂੰ ਅਜਿਹੇ ਥਾਵਾਂ ਦੀ ਲੋੜ ਹੈ ਜਿਥੇ ਕਿਸੇ ਦੀ ਪਹੁੰਚ ਨਾ ਹੋਵੇ। ਐਡੇ ਕਠਨ ਸਾਧਨ ਕਰਨ ਨਾਲ ਕੀ ਮਿਲਿਆ? ਸ਼ਕਤੀਆਂ ਹੀ ਪ੍ਰਾਪਤ ਹੋਈਆਂ ਨਾ, ਰਿਧੀਆਂ ਸਿੱਧੀਆਂ ਦੇ ਝਮੇਲੇ ਵਿਚ ਹੀ ਘਿਰਿਆ ਨਾ, ਸਤਿ ਅਵਸਥਾ ਤਾਂ ਉਸ ਨੂੰ ਪ੍ਰਾਪਤ ਹੋਈ ਨਾ? ਅਗਿਆਨ ਦੇ ਛੌੜ ਵੀ ਕੱਟ ਹੋਏ ਨਾ? ਮਾਇਆ ਮਹਾਨ ਜ਼ਹਿਰੀਲਾ ਭੁਅੰਗਮ ਹੈ, ਜਿਸ ਦੀ ਵਿਖ ਦੇ ਨਾਲ ਸਾਰਾ ਸੰਸਾਰ ਮੂਰਛਤ ਹੋਇਆ ਪਿਆ ਹੈ। ਕਹਿੰਦੇ ਹਨ ਕਿ ਸ੍ਰੀ ਰਾਮ ਚੰਦਰ ਜੀ ਦੀਆਂ ਫੌਜਾਂ ਜਦੋਂ ਮੂਰਛਤ ਹੋਈਆਂ ਤਾਂ ਲਵ ਅਤੇ ਕੁਸ਼ ਨੇ ਅੰਮ੍ਰਿਤ ਉਨ੍ਹਾਂ ਉਪਰ ਛਿੜਕਿਆ ਅਤੇ ਉਹ ਸੁਰਜੀਤ ਹੋ ਗਏ। ਇਹ ਇਕ ਪ੍ਰਤੀਕ ਹੈ ਜਿਸ ਅੰਮ੍ਰਿਤ ਨੂੰ ਦੇਵਤੇ, ਮੁਨੀ, ਸਿੱਧ, ਸਾਧ, ਤਰਸ ਰਹੇ ਹਨ, ਉਹ ਸਮਰੱਥ ਗੁਰੂ ਤੋਂ ਬਿਨਾਂ ਇਸ ਦੇਹੀ ਵਿਚ ਪ੍ਰਗਟ ਨਹੀਂ ਹੁੰਦਾ। ਤੁਸੀਂ ਉਸ ਨੂੰ ਅੰਮ੍ਰਿਤ ਆਖਦੇ ਹੋਂ, ਜੋ ਤੁਹਾਡੇ ਸਾਧਨਾਂ ਨਾਲ ਹਿਰਦੇ ਕਮਲ ਵਿਚ ਗਿਰਦਾ ਹੈ। ਉਹ ਇਕ ਸਰੀਰਕ ਕ੍ਰਿਆ ਹੈ ਅੰਮ੍ਰਿਤ ਨਹੀਂ ਹੈ। ਅੰਮ੍ਰਿਤ ਪ੍ਰਭੂ ਦਾ 'ਨਾਮ' ਹੈ। ਇਸ ਸਰੀਰ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਇਸ ਨਾਮ ਨੂੰ ਪੂਰੇ ਸਤਿਗੁਰੂ ਤੋਂ ਬਿਨਾਂ ਕੋਈ ਪ੍ਰਾਪਤ ਨਹੀਂ ਕਰ ਸਕਦਾ। ਇਹ ਨਾਮ ਆਤਮਾ ਹੈ, ਇਹ ਹਉਮੈ ਦੀ ਵਿਖ ਨੂੰ, ਮਾਇਆ ਦੀ ਜ਼ਹਿਰ ਨੂੰ ਪੂਰੀ ਤਰ੍ਹਾਂ ਲਾਹ ਦਿੰਦਾ ਹੈ। ਇਸ ਜੀਵ ਨੂੰ ਪ੍ਰਕਾਸ਼ ਕਰਾ ਕੇ ਉਸ ਦਾ ਅਸਲੀ ਆਤਮ ਸਰੂਪ ਦ੍ਰਿੜ ਕਰਾ ਦਿੰਦਾ ਹੈ। ਜਿਸ ਤੋਂ ਉਹ ਜੀਵ ਆਵਸਥਾ ਤੋਂ ਉਡਾਰੀ ਮਾਰ ਕੇ ਪ੍ਰਭੂ ਅਵਸਥਾ ਵਿਚ ਲੀਨ ਹੋ ਜਾਂਦਾ ਹੈ ਅਤੇ ਅਭੇਦ ਅਵਸਥਾ ਵਿਚ ਜੀਵਨ ਮੁਕਤ ਹੋ ਕੇ ਆਪਣਾ ਸਮਾਂ ਗੁਜ਼ਾਰਦਾ ਹੈ। ਸੋ ਨਾਥ ਜੀ! ਕਲਜੁੱਗ ਵਿਚ ਨਾਮ ਹੀ ਸਾਰ ਸਾਧਨ ਹੈ, ਪੂਰੇ ਸਤਿਗੁਰੂ ਬਗੈਰ ਸੰਸਾਰ ਡੁੱਬ ਰਿਹਾ ਹੈ। 84 ਜੂਨਾਂ ਵਿਚ ਗੋਤੇ ਖਾਂਦਾ ਰਹਿੰਦਾ ਹੈ। ਸਤਿਗੁਰੂ ਨਾਮ ਦਾ ਦਾਤਾ ਹੁੰਦਾ ਹੈ, ਨਾਮ ਦਾ ਭੰਡਾਰਾ ਉਸ ਪਾਸ ਹੈ। ਆਪਣੇ ਸਰੂਪ ਦਾ ਗਿਆਨ ਹੀ ਨਹੀਂ ਕਰਾਉਂਦਾ, ਆਪਣੇ ਸਰੂਪ ਵਿਚ ਨਿਵਾਸ ਬਖਸ਼ ਦਿੰਦਾ ਹੈ। ਇਸ ਤਰ੍ਹਾਂ ਦੇ ਅਨੇਕਾਂ ਬਚਨ ਇਨ੍ਹਾਂ ਸਿੱਧਾਂ ਨੇ ਸੁਣੇ। ਆਪਣੀਆਂ ਸ਼ਕਤੀਆਂ ਵਿਖਾਉਣ ਕਰਕੇ ਪਹਿਲਾਂ ਸ਼ਰਮਿੰਦੇ ਹੋ ਚੁਕੇ ਸਨ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਨੂੰ ਤੁਛ ਵਸਤੂਆਂ ਆਖਿਆ। ਇਨ੍ਹਾਂ ਨੂੰ ਮੰਨਣਾ ਪਿਆ ਕਿ ਕਲਜੁਗ ਦੀ ਸਾਧਨਾ ਜੋ ਬਹੁਤ ਹੀ ਸੁਖੈਨ ਹੈ ਜਿਸ ਨੂੰ 'ਕਲਜੁਗ ਨਾਨਕ ਨਾਮ ਸੁਖਾਲਾ' ਭਾਈ ਗੁਰਦਾਸ ਜੀ ਨੇ ਕਿਹਾ ਹੈ ਉਹ ਸਾਰੇ ਸੰਸਾਰ ਨੂੰ ਤਾਰਨ ਲਈ ਸੌਖਾ ਸਾਧਨ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਘਰ-ਬਾਰ ਛੱਡਣ ਦੀ ਲੋੜ ਨਹੀਂ। ਹਸੰਦਿਆਂ, ਖੇਲੰਦਿਆ, ਪੈਨੰਦਿਆਂ ਖਾਵੰਦਿਆ, ਜੀਵ ਆਪਣੇ ਜੀਵਨ ਮਨੋਰਥ ਨੂੰ ਹਾਸਲ ਕਰ ਸਕਦਾ ਹੈ। ਜਿਵੇਂ ਕਿ -

***ਨਾਨਕ ਸੁਤਿਗੁਰਿ ਭੇਟਿਐ***
***ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ***
***ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਅੰਗ - 522***

ਨਾਥ ਜੀ! ਉਹ ਸਮੇਂ ਲੰਘ ਗਏ ਜਦੋਂ ਲੋਕ ਕਰਾਮਾਤਾਂ ਦੇਖ ਕੇ ਪਰਚਦੇ ਸਨ। ਅਜ ਸੰਸਾਰ ਦੁਖੀ ਹੈ, ਇਸ ਦੁਖ ਦਾ ਇਲਾਜ ਕੇਵਲ ਨਾਮ ਹੈ। ਨਾਮ ਹਉਮੈ ਦਾ ਨਾਸ਼ ਕਰਦਾ ਹੈ, ਇਸ ਵਿਚ ਆਪਣੇ ਸਰੂਪ ਦਾ ਗਿਆਨ ਕਰਾ ਕੇ ਪ੍ਰਭੂ ਵਿਚ ਨਿਵਾਸ ਕਰਾਉਣ ਦੀ ਸਮਰਥਾ ਹੈ। ਲੋੜ ਹੈ ਤਾਂ ਕੇਵਲ ਪੂਰੇ ਗੁਰੂ ਦੀ - ਉਸ ਦੇ ਬਚਨ ਕਮਾਉਣ ਦੀ, ਦ੍ਰਿੜ੍ਹਤਾ ਨਾਲ ਨਾਮ ਜਪਣ ਦੀ, ਨੇਕ ਕਿਰਤ ਕਰਨ ਦੀ, ਨੇਕੀ ਦਾ ਜੀਵਨ ਗੁਜ਼ਾਰਨ ਦੀ, ਸਰਬੱਤ ਦੇ ਭਲੇ ਲਈ ਲੋਚਾ ਰੱਖਣ ਦੀ। ਇਹ ਤੁਹਾਡਾ ਸਾਧਨ ਇਕ ਕੂੜ ਦਾ ਪਸਾਰਾ ਹਨ। ਆਦਮੀ ਨੂੰ ਬੜਾ ਭਾਰੀ ਭੁਲੇਖਾ ਹੈ ਇਨ੍ਹਾਂ ਵਿਚ ਪੈ ਕੇ ਉਹ ਭੁੱਲਦਾ ਹੈ। ਜਿਹੜੀ ਤੁਸੀਂ ਰਿੱਧੀਆਂ-ਸਿੱਧੀਆਂ ਦੀ ਗੱਲ ਕਰਦੇ ਹੋਂ, ਕੁੰਡਲਨੀ ਨੂੰ ਜਾਗ੍ਰਤ ਕਰਨਾ ਦਸਦੇ ਹੋਂ ਇਹ ਸਾਰੇ ਨਾਮ ਦੇ ਅਧੀਨ ਹਨ। ਹਾਥੀ ਦੀ ਪੈੜ ਦੀ ਤਰ੍ਹਾਂ ਨਾਮ ਹੈ ਜਿਸ ਵਿਚ ਸਾਰੇ ਪਸ਼ੂਆਂ ਦੀਆਂ ਪੈੜਾਂ ਸਮਾਅ ਜਾਂਦੀਆਂ ਹਨ। ਤੁਸੀਂ ਨੇਕ ਰਾਜਿਆਂ ਨੂੰ ਤਖਤਾਂ ਤੋਂ ਲਾਹ ਕੇ ਸੁੰਨ-ਸਾਨ ਗੁਫਾਵਾਂ ਵਿਚ ਕੈਦ ਕਰ ਲਿਆ, ਤੁਸੀਂ ਦੱਸੋ! ਕਿ ਹੁਣ ਕੌਣ ਹੈ ਜਿਹੜਾ ਭੁੱਲੜ ਜਨਤਾ ਨੂੰ ਉਪਦੇਸ਼ ਦੇਵੇ, ਜਰਵਾਣਿਆਂ ਨੇ ਭਾਰਤ ਨੂੰ ਲੁੱਟ ਲਿਆ, ਇਸਤ੍ਰੀਆਂ ਦੀ

ਬੇਪਤੀ ਕਰ ਦਿਤੀ, ਧਰਮ ਅਸਥਾਨ ਢਾਹ ਦਿਤੇ, ਜ਼ਬਰੀ ਜ਼ੁਲਮ ਕਰਕੇ ਆਪਣੇ ਮਜ਼੍ਹਬ ਵਿਚ ਲਿਆ ਰਹੇ ਹਨ। ਤੁਸੀਂ ਸਾਹਸਹੀਣ ਹੋਏ ਹੋਏ ਇਨ੍ਹਾਂ ਗੁਫਾਵਾਂ ਵਿਚ ਬੈਠੇ ਹੋਏ ਹੋਂ। ਜਦੋਂ ਮੈਂ ਤੁਹਾਡੇ ਵਲ ਆ ਰਿਹਾ ਸੀ ਤਾਂ ਤੁਸੀਂ ਐਨੀਆਂ ਦਿਕਤਾਂ ਇਸ ਕਰਕੇ ਖੜ੍ਹੀਆਂ ਕਰ ਦਿਤੀਆਂ ਕਿ ਸਾਡੇ ਤਕ ਕੋਈ ਪਹੁੰਚ ਨਾ ਸਕੇ। ਕੋਈ ਆਕਰਮਣਕਾਰੀ, ਕੋਈ ਸ਼ਕਤੀਸ਼ਾਲ ਪੀਰ ਇਸ ਥਾਂ ਨਾ ਆ ਸਕੇ। ਇਹ ਜੀਵਨ ਦੀ ਸਤਤਾ ਨਹੀਂ ਹੈ। ਜੀਵਨ ਇਕ ਸਾਗਰ ਹੈ ਜੋ ਸੰਸਾਰ ਦੇ ਮੰਚ ਤੇ ਰਹਿ ਕੇ ਤਰਨਾ ਪੈਂਦਾ ਹੈ। ਸੱਚ ਦੀ ਪ੍ਰਾਪਤੀ ਕਰਨੀ ਬਹੁਤ ਉਚੀ ਪਦਵੀ ਹੈ ਪਰ ਇਸ ਤੋਂ ਉਪਰ ਸੱਚ ਦੇ ਜੀਵਨ ਨੂੰ ਛਲਾਂ, ਕਪਟਾਂ, ਧੋਖਿਆਂ, ਭ੍ਰਿਸ਼ਟਾਚਾਰਾਂ ਤੋਂ ਰਹਿਤ ਭਰੀ ਦੁਨੀਆਂ ਵਿਚ ਗੁਜ਼ਾਰਨਾ ਸਰਵੋਤਮ ਕਿਰਿਆ ਹੈ। ਜਿਵੇਂ ਕਿ -

***ਸਚਹੁ ਓਰੈ ਸਭੁ ਕੋ***
***ਉਪਰਿ ਸਚੁ ਆਚਾਰੁ ॥***

***ਅੰਗ - 62***

ਅੱਜ ਦੇ ਸਾਧੂ ਸੰਸਾਰ ਨੂੰ ਮਿਥਿਆ ਜਾਣ ਕੇ ਛੱਡ ਦਿੰਦੇ ਹਨ ਅਤੇ ਇਸ ਧੁਨ ਵਿਚ ਰਹਿੰਦੇ ਹਨ ਕਿ ਮੈਂ ਰੱਬ ਨੂੰ ਮਿਲਾਂ ਅਤੇ ਇਹ ਸੋਚ ਗੁਰਮਤਿ ਤੋਂ ਕੋਹਾਂ ਦੂਰ ਹੈ। ਗੁਰੂ ਮਹਾਰਾਜ ਜੀ ਨੇ ਕਰਮ ਯੋਗ ਨੂੰ ਸਭ ਤੋਂ ਉਤਮ ਦੱਸਿਆ ਹੈ ਜਿਸ ਦਾ ਸੰਕੇਤ ਬਾਣੀ ਵਿਚ ਮਿਲਦਾ ਹੈ -

***ਸਰਬ ਧਰਮ ਮਹਿ ਸ੍ਰੇਸਟ ਧਰਮੁ ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥***

***ਅੰਗ - 266***

ਭਾਈ ਗੁਰਦਾਸ ਜੀ ਨੇ ਸਿੱਧਾਂ ਨਾਲ ਹੋਈ ਵਾਰਤਾ ਆਪਣੀ ਪਹਿਲੀ ਵਾਰ ਦੀ 31ਵੀਂ ਪਉੜੀ ਵਿਚ ਦੱਸੀ ਹੈ-

***ਸਿੱਧੀਂ ਮਨੇ ਬਿਚਾਰਿਆ***
***ਕਿਵੇਂ ਦਰਸਨ ਏਹ ਲੇਵੇ ਬਾਲਾ।***
***ਐਸਾ ਜੋਗੀ ਕਲੀ ਮਹਿੰ***
***ਹਮਰਾ ਪੰਥ ਕਰੇ ਉਜਿਆਲਾ।***
***ਖੱਪਰ ਦਿਤਾ ਨਾਥ ਜੀ***
***ਪਾਣੀ ਭਰ ਲੈਵਣ ਉਠ ਚਾਲਾ।***
***ਬਾਬਾ ਆਯਾ ਪਾਣੀਐ***
***ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧ ਪੁਰਖ***
***ਕਿਹੜਾ ਝੱਲੇ ਗੁਰੂ ਦੀ ਝਾਲਾ।***
***ਫਿਰ ਆਯਾ ਗੁਰ ਨਾਥ ਜੀ***
***ਪਾਣੀ ਠਉੜ ਨਹੀ ਉਸ ਤਾਲਾ।***
***ਸ਼ਬਦ ਜਿਤੀ ਸਿਧ ਮੰਡਲੀ***
***ਕੀਤੋਸੁ ਆਪਣਾ ਪੰਥ ਨਿਰਾਲਾ।***
***ਕਲਿਜੁਗ ਨਾਨਕ ਨਾਮ ਸੁਖਾਲਾ।***

***ਭਾਈ ਗੁਰਦਾਸ ਜੀ, ਵਾਰ 1/ 31***

ਗੁਰੂ ਨਾਨਕ ਪਾਤਸ਼ਾਹ ਦੀ ਦਾ ਸਿਧਾਂਤ ਸੰਸਾਰ ਦੀਆਂ ਜ਼ਿੰਮੇਵਾਰੀਆਂ ਤੋਂ ਨੱਠ ਜਾਣਾ ਨਹੀਂ ਹੈ, ਉਨ੍ਹਾਂ ਦੇ ਸਿਧਾਂਤ ਵਿਚ ਊਚ-ਨੀਚ ਦੇ ਵਿਤਕਰੇ ਦੀ ਕੋਈ ਥਾਂ ਨਹੀਂ ਹੈ ਕਿਉਂਕਿ ਪ੍ਰਭੂ ਦੀ ਜੋਤ ਹੀ ਸਾਰੇ ਪਸਰੀ ਹੋਈ ਹੈ। ਸਭੇ ਸਾਂਝੀਵਾਲ ਸਦਾਉਂਦੇ ਹਨ। ਕੋਈ ਵੀ ਇਸ ਸਾਂਝੀਵਾਲਤਾ ਤੋਂ ਬਾਹਰ ਨਹੀਂ ਹੈ। ਜਿਵੇਂ ਕਿ ਫੁਰਮਾਨ ਹੈ -

***ਸਭੇ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥***

***ਅੰਗ - 97***

ਗੁਰੂ ਮਹਾਰਾਜ ਦੀ ਦੇ ਸਿਧਾਂਤ ਦੇ ਮੁਤਾਬਿਕ ਇਸ ਸੰਸਾਰ ਵਿਚ ਕੋਈ ਵੀ ਦੁਸ਼ਮਣ ਨਹੀਂ ਹੈ, ਕਿਸੇ ਨਾਲ ਵੀ ਵੈਰ ਨਹੀਂ ਕੀਤਾ ਜਾ ਸਕਦਾ। ਜੋ ਬੁਰਾ ਕਰਦੇ ਹਨ ਉਨ੍ਹਾਂ ਨਾਲ ਵੀ ਭਲਿਆਈ ਕਰਨ ਦੀ ਜੁਗਤ ਗੁਰਮਤਿ ਵਿਚ ਦਰਸਾਈ ਗਈ ਹੈ।

ਜੇ ਭਾਈ ਘਨਈਆ ਜੀ ਰਣਤੱਤੇ ਵਿਚ ਆਕਰਮਣਕਾਰੀਆਂ ਨੂੰ ਪਾਣੀ ਪਿਲਾ ਰਹੇ ਸਨ ਤਾਂ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਨੂੰ ਪੱਟੀਆਂ ਅਤੇ ਮਲ੍ਹਮ ਵੀ ਬਖਸ਼ਿਸ਼ ਕਰਕੇ ਫੁਰਮਾਇਆ ਕਿ ਭਾਈ ਘਨਈਆ! ਅੱਗੇ ਤੂੰ ਕੇਵਲ ਮੈਨੂੰ ਪਾਣੀ ਪਿਲਾਉਂਦਾ ਸੀ ਪਰ ਹੁਣ ਮੇਰੇ ਜ਼ਖਮ ਦੇਖ ਕੇ ਮਲ੍ਹਮ ਵੀ ਲਾ ਦੇਵੀਂ ਅਤੇ ਪੱਟੀ ਵੀ ਬੰਨ੍ਹ ਦੇਵੀਂ। ਕਿੱਡਾ ਉਚਾ ਆਦਰਸ਼ ਹੈ। ਆਕਰਮਣਕਾਰੀ ਪੂਰੇ ਬਲ ਨਾਲ ਸਰਵਨਾਸ਼ ਕਰਨ ਲਈ ਆਉਂਦਾ ਹੈ ਪਰ ਦੂਜੇ ਪਾਸੇ ਉਸ ਦੀ ਭੁੱਲ ਨੂੰ ਕਢਣ ਦਾ ਜਤਨ ਕੀਤਾ ਹੈ। ਇਹ ਉਚਾ ਆਦਰਸ਼ ਹੈ ਜਿਸ ਦੀ ਬੁਨਿਆਦ ਗੁਰੂ ਨਾਨਕ ਪਾਤਸ਼ਾਹ ਨੇ ਰੱਖੀ

ਅਤੇ ਜਿਸ ਨੂੰ ਫਲ ਦਸਵੇਂ ਜਾਮੇ ਵਿਚ ਲੱਗਿਆ ਅਤੇ ਉਹ ਨਿਮਾਣਾ-ਨਿਤਾਣਾ ਮਨੁੱਖ ਜਿਸ ਨੂੰ ਸ਼ੂਦਰ-ਸ਼ੂਦਰ ਕਹਿ ਕੇ ਮੰਦਰਾਂ ਵਿਚੋਂ ਧੱਕੇ ਮਾਰੇ ਜਾਂਦੇ ਸਨ, ਜਿਸ ਨੂੰ ਰਸਤੇ ਵਿਚ ਚੱਲਣ ਦਾ ਹੁਕਮ ਨਹੀਂ ਸੀ, ਜਿਸ ਨੂੰ ਹੁਕਮ ਸੀ ਕਿ ਉਹ ਆਪਣੀਆਂ ਪੈਰਾਂ ਨੂੰ ਮੇਟਣ ਲਈ ਆਪਣੇ ਪਿਛੇ ਝਾਫੇ ਬੰਨ੍ਹ ਕੇ ਰੱਖਣ।

ਧੰਨ ਸੀ ਗੁਰੂ ਨਾਨਕ ਜਿਨ੍ਹਾਂ ਨੇ ਮਨੁੱਖਤਾ ਨੂੰ ਗਲ ਨਾਲ ਲਾਇਆ ਅਤੇ ਦਸਵੇਂ ਜਾਮੇ ਵਿਚ ਕਿੱਡੀ ਵੱਡੀ ਪਦਵੀ ਤੇ ਪਹੁੰਚਾ ਦਿਤਾ ਜਿਸ ਨੂੰ ਖਾਲਸਾ ਆਖਿਆ ਹੈ। ਜਿਸ ਨੂੰ ਐਡੀ ਪਦਵੀ ਤੇ ਪਹੁੰਚਦਾ ਦਿਤਾ ਕਿ –

***ਆਤਮ ਰਸ ਜਿਹ ਜਾਨਹੀ***
***ਸੋ ਹੈ ਖਾਲਸ ਦੇਵ।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ***
***ਰੰਚਕ ਨਾਹਨ ਭੇਵ।***

***ਸਰਬ ਲੋਹ ਗ੍ਰੰਥ 'ਚੋਂ***

ਗੁਰੂ ਨਾਨਕ ਪਾਤਸ਼ਾਹ ਨੇ ਫੋਕੀ ਪੂਜਾ ਪਾਠ, ਗੈਰ ਹਾਜ਼ਰੀ ਤੇ ਨਿਤਨੇਮ, ਪਾਠਾਂ ਦੀਆਂ ਲੜੀਆਂ ਨੂੰ ਪ੍ਰਵਾਨਗੀ ਨਹੀਂ ਦਿਤੀ। ਬਾਣੀ ਵਿਚ ਫੁਰਮਾਨ ਹੈ –

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥***

***ਅੰਗ – 295***

ਗੁਰੂ ਨਾਨਕ ਪਾਤਸ਼ਾਹ ਵੇਈ ਨਦੀ 'ਚੋਂ ਟੁੱਭੀ ਲਾਉਣ ਉਪਰੰਤ ਕਾਜੀਆਂ ਅਤੇ ਨਵਾਬ ਦੌਲਤ ਖਾਨ ਨਾਲ ਮਸਜਿਦ ਵਿਚ ਨਮਾਜ਼ ਪੜ੍ਹਨ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਸੱਚ ਦੀ ਨਮਾਜ਼ ਪੜ੍ਹਨ ਦੀ ਜੁਗਤ ਦੱਸੀ। ਨਵਾਬ ਨੂੰ ਕਿਹਾ ਕਿ ਤੇਰਾ ਮਨ ਘੋੜੇ ਖਰੀਦਦਾ ਰਿਹਾ ਹੈ ਅਤੇ ਕਾਜ਼ੀ ਨੂੰ ਕਿਹਾ ਕਿ ਤੇਰਾ ਮਨ, ਘਰ ਵਿਚ ਸੂਈ ਨਵੀਂ ਵਛੇਰੀ ਨੂੰ ਖੂਹ ਵਿਚ ਗਿਰਨ ਤੋਂ ਬਚਾਉਂਦਾ ਰਿਹਾ ਹੈ। ਇਹ ਅੱਲਾਹ ਦੀ ਘੋਰ ਬੇਅਦਬੀ ਹੈ, ਐਸੀਆਂ ਨਮਾਜ਼ਾਂ ਕਬੂਲ ਨਹੀਂ ਪੈਂਦੀਆਂ। ਅਸਾਡੇ ਲਈ ਵੀ ਇਹ ਮਿਸਾਲ ਹੈ ਕਿ ਗੈਰਹਾਜ਼ਰੀ ਦੇ ਭਜਨ ਪਾਠ ਦਰਗਾਹ ਵਿਚ ਕਬੂਲ ਨਹੀਂ ਪੈਂਦੇ। ਭੇਖਾਂ ਦੇ ਬਲ ਨਾਲ ਲੋਕਾਂ ਨੂੰ ਵਸ ਕਰਨਾ ਅੰਤ ਸਮੇਂ ਬਹੁਤ ਦੁਖਾਂ ਦਾ ਸਾਮ੍ਹਣਾ ਕਰਾਉਂਦਾ ਹੈ ਜਿਵੇਂ ਕਿ –

***ਭੇਖ ਦਿਖਾਇਓ ਜਗਤ ਕੋ***
***ਲੋਗਨ ਕਉ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ***
***ਬਾਸ ਨਰਕ ਮਹਿ ਲੀਨ।***

ਇਸ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਨੇ ਮੁਦਤਾਂ ਤੋਂ ਪਈ ਹੋਈ ਧੁੰਦ ਨੂੰ ਦੂਰ ਕਰਕੇ ਪ੍ਰੇਤ ਹੋਏ-ਹੋਏ ਮਨੁੱਖ ਨੂੰ ਪਰਮ ਹੰਸ ਦੀ ਪਦਵੀ ਦੁਆ ਦਿਤੀ। ਹੋਰ ਉਚਾ ਚੁਕਿਆ ਅਤੇ ਉਸ ਨੂੰ ਆਪਣੇ ਸਰੂਪ ਦਾ ਗਿਆਨ ਕਰਾ ਦਿਤਾ। ਪ੍ਰਤੱਖ ਰੂਪ ਵਿਚ ਉਸ ਨੇ ਅਨੁਭਵ ਕਰਿਆ ਕਿ ਇਥੇ ਤਾਂ ਤੂੰ ਹੀ-ਤੂੰ ਹੀ-ਤੂੰ ਹੀ-ਤੂੰ ਹੀ ਹੈਂ, ਮੈਂ ਨਹੀਂ ਹਾਂ। ਆਪ ਨੇ ਇਹ ਨਹੀਂ ਕਿਹਾ ਕਿ ਮੈਂ ਹੀ ਬ੍ਰਹਮ ਹਾਂ, ਆਪ ਨੇ ਫੁਰਮਾਇਆ ਕਿ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਹੀ ਕੁਝ ਨਹੀਂ। ਆਪ ਹੀ ਅਨੇਕ ਰੰਗਾਂ ਵਿਚ ਖੇਲ੍ਹਦਾ ਹੈ ਉਸਦਾ ਕਰਾਰਾ ਹੁਕਮ ਚਲ ਰਿਹਾ ਹੈ। ਸਾਰੇ ਸਰੀਰ ਉਸ ਦੇ ਹੁਕਮ ਵਿਚ ਕ੍ਰਿਆ ਕਰ ਰਹੇ ਹਨ। ਆਪ ਨੇ ਪ੍ਰਸਪਰ ਪਿਆਰ, ਨਰੋਏ ਭਾਈਚਾਰੇ, ਹਲੀਮੀ, ਬੇਗਮਪੁਰੇ ਦੇ ਨਿਵਾਸੀ ਹੋਣ ਤੇ ਬਲ ਦਿਤਾ। ਇਸ ਸੰਸਾਰ ਦੀ ਧੁੰਦ ਨੂੰ ਕੱਟ ਕੇ ਪ੍ਰਕਾਸ਼ ਦੀਆਂ ਜ਼ੋਰਦਾਰ ਲਹਿਰਾਂ ਫੈਲਾ ਦਿਤੀਆਂ ਅਤੇ ਸਿਧਾਂਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਰੂਪਮਾਨ ਕਰਕੇ ਸਦਾ-ਸਦਾ ਲਈ ਗੁਰੂ ਦੇ ਸ਼ਬਦ ਨੂੰ ਗੁਰੂ ਬਣਾ ਦਿਤਾ। ਉਸ ਸ਼ਬਦ ਦੀ ਸਾਧਨਾ ਕਰਨ ਨਾਲ, ਨੇਕ ਜੀਵਨ ਜੀਉਣ ਨਾਲ, ਸਰਬੱਤ ਦੇ ਭਲੇ ਦੀ ਲੋਚਾ ਲਈ ਆਪਣਾ ਜੀਵਨ ਨਿਛਾਵਰ ਕਰਨ ਨਾਲ, ਉਸ ਸ਼ਬਦ ਨਾਲ ਜੋੜ ਦਿਤਾ ਜੋ ਸ੍ਰਿਸ਼ਟੀ ਦੇ ਆਦਿ ਵਿਚ ਹੈ, ਜੋ ਬ੍ਰਹਮ ਹੈ, ਓਅੰਕਾਰ ਹੈ, ਏਕੰਕਾਰ ਹੈ। ਇਸੇ ਕਰਕੇ ਉਚ ਸਿਧਾਂਤਾਂ ਨੂੰ ਪਰਖਦਿਆਂ ਸਤਿ ਦੇ ਪ੍ਰਕਾਸ਼ ਵਿਚ ਪ੍ਰਵਾਨ ਹੋਇਆ ਹੈ –

***ਗਿਆਨੁ ਧਿਆਨੁ ਕਿਛੁ ਕਰਮੁ***
***ਨ ਜਾਣਾ ਸਾਰ ਨ ਜਾਣਾ ਤੇਰੀ॥***
***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ॥***

***ਅੰਗ – 750***

# ਬਾਂਧੈ ਭਗਤੁ ਨ ਛੂਟੈ ਮੋਹਿ

## (ਕਲਗੀਧਰ ਪਾਤਸ਼ਾਹ ਜੀ)

ਗੁਰੂ ਦਸਮੇਸ਼ ਪਿਤਾ ਜੀ ਦੇ ਸੰਸਾਰ ਵਿਚ ਆਉਣ ਦੇ ਸਮੇਂ ਭਾਰਤ ਵਰਸ਼ ਇਸਲਾਮੀ ਰਾਜ ਦੇ ਅਧੀਨ ਸੀ, ਔਰੰਗਜ਼ੇਬ ਦਾ ਕਰੂਰਤਾ ਭਰਿਆ ਰਾਜ ਸੀ। ਬਹੁਤ ਹੀ ਸਖਤੀ ਨਾਲ ਦਮਨ ਨੀਤੀ ਚਲ ਰਹੀ ਸੀ। ਅਜ਼ਾਦੀ ਨਾਲ ਜਿਉਂਣ ਦਾ ਹੱਕ ਖੋਹਿਆ ਜਾ ਚੁਕਿਆ ਸੀ। ਰਸਮਾਂ-ਰਿਵਾਜਾਂ, ਪੂਜਾ ਆਦਿ ਉਪਰ ਘਿਨੌਣੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਆਦਮੀ ਦਾ ਰਿਸ਼ਤਾ ਵਾਹਿਗੁਰੂ ਜੀ ਨਾਲ ਪੂਰਨ ਤੌਰ ਤੇ ਸੁਤੰਤਰ ਹੋਇਆ ਕਰਦਾ ਹੈ ਅਤੇ ਆਪਣੀਆਂ ਭਾਵਨਾਵਾਂ, ਨਿਸ਼ਚਿਆਂ ਦੇ ਮੁਤਾਬਿਕ ਆਦਮੀ ਅੰਦਰੋਂ ਕੋਸ਼ਿਸ਼ ਕਰਦਾ ਹੈ ਕਿ ਮੈਂ ਆਪਣੇ ਪ੍ਰਭੂ ਨੂੰ ਰਿਝਾਵਾਂ, ਉਹ ਮੇਰੇ ਉਪਰ ਪ੍ਰਸੰਨ ਹੋਵੇ। ਉਸ ਵੇਲੇ ਭਾਰਤ ਵਰਸ਼ ਵਿਚੋਂ ਦੋ ਹੀ ਵਰਗ ਗਿਣੇ ਜਾਂਦੇ ਸਨ - ਇਕ ਹਿੰਦੂ, ਦੂਜੇ ਇਸਲਾਮ। ਭਾਰਤ ਵਰਸ਼ ਵਿਚ ਪ੍ਰਾਚੀਨ ਆਰੀਅਨ ਸਭਿਅਤਾ ਦਾ ਬੋਲਬਾਲਾ ਸੀ। ਵੇਦ ਸ਼ਾਸਤਰ ਗੀਤਾ ਆਦਿ ਦੀ ਫਿਲਾਸਫੀ ਨੂੰ ਵਿਚਾਰਿਆ ਜਾਂਦਾ ਸੀ ਅਤੇ ਇਨ੍ਹਾਂ ਮਹਾਂਪੁਰਖਾਂ ਦੇ ਬਚਨਾਂ ਦੀ ਸੇਧ ਵਿਚ ਆਪਣੇ ਜੀਵਨ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾਉਣ ਦਾ ਜਤਨ ਕੀਤਾ ਜਾਂਦਾ ਸੀ। ਕਿਤੇ ਪ੍ਰਿਤਮਾ ਬਣਾ ਕੇ ਵਾਹਿਗੁਰੂ ਜੀ ਦੀਆਂ ਅਵਤਾਰ ਸ਼ਕਤੀਆਂ ਦੀ ਪੂਜਾ ਹੁੰਦੀ ਸੀ, ਕਿਤੇ ਆਦਿ ਸ਼ਕਤੀਆਂ ਦੀਆਂ ਪ੍ਰਿਤਮਾ ਬਣਾ ਕੇ ਪ੍ਰਤੀਕ ਦੇ ਤੌਰ ਤੇ ਉਨ੍ਹਾਂ ਤੋਂ ਸ਼ਕਤੀਆਂ ਪ੍ਰਾਪਤ ਕੀਤੀਆਂ ਜਾਇਆ ਕਰਦੀਆਂ ਸਨ। ਭਾਵੇਂ ਸਮੇਂ ਦੇ ਫੇਰ ਨਾਲ ਬਹੁਤ ਹੀ ਅੰਧਕਾਰਮਈ ਕਰਮਕਾਂਡ ਪ੍ਰਚਲਤ ਹੋ ਗਏ ਸਨ ਅਤੇ ਇਕ ਅਕਾਲਪੁਰਖ ਦੀ ਪੂਜਾ ਨੂੰ ਭੁਲਾਇਆ ਜਾ ਰਿਹਾ ਸੀ। ਵਾਹਿਗੁਰੂ ਜੀ ਦੇ ਪਿਆਰ ਦੀ ਥਾਂ ਸਮੇਂ-ਸਮੇਂ ਸਿਰ ਆਏ ਅਵਤਾਰਾਂ ਨੇ ਲੈ ਲਈ ਸੀ। ਸਾਧਕਾਂ ਦਾ ਬ੍ਰਹਮਦ੍ਰਿਸ਼ਟੀ ਤੋਂ ਪਤਨ ਹੋ ਕੇ ਮਾਇਆ ਦੇ ਅੰਧਕਾਰ ਵਿਚ ਪ੍ਰਵੇਸ਼ ਹੋ ਚੁਕਿਆ ਸੀ। ਕਰਤੇ ਦੀ ਥਾਂ ਤੇ ਕ੍ਰਿਤਮ ਪੂਜਿਆ ਜਾਣ ਲੱਗ ਗਿਆ ਸੀ, ਨਿਸ਼ਚੇ ਵੰਡੇ ਗਏ ਸਨ। ਆਤਮ ਸਤਾ ਤੱਕ ਜੀਵ ਦੀ ਪਹੁੰਚ ਅਧੂਰੀ ਹੋ ਗਈ ਸੀ। ਇਕ ਤਰ੍ਹਾਂ ਦੇ ਨਾਲ ਮਹਾਨ ਅੰਧਕਾਰ ਛਾਇਆ ਹੋਇਆ ਸੀ। ਜਗਿਆਸੂ ਬੇਵਸ ਸੀ, ਉਸਨੂੰ ਕੋਈ ਆਸਰਾ ਨਹੀਂ ਸੀ ਮਿਲ ਰਿਹਾ। ਰਾਜਸੀ ਕਰੜੀਆਂ ਬੰਧਸ਼ਾਂ ਦੇ ਕਾਰਨ ਜੀਵ ਦੇ ਨਿਜੀ ਪ੍ਰਭੂ ਸਬੰਧਾਂ ਵਿਚ ਰੋਕ ਪੈ ਚੁਕੀ ਸੀ। ਹਿੰਦੂ ਸਮਾਜ, ਜ਼ਬਰੀ ਮਜ਼ਹਬ ਤਬਦੀਲੀ (ਤਬਲੀਗ) ਦਾ ਪੂਰੀ ਤਰ੍ਹਾਂ ਸ਼ਿਕਾਰ ਹੋਇਆ ਹੋਇਆ ਅਤਿ ਹੀ ਪੀੜਿਤ ਸੀ।

ਦੂਜੇ ਪਾਸੇ ਉਸ ਵੇਲੇ ਦਾ ਸ਼ਾਸ਼ਕ ਵਰਗ ਸੱਚਮੁਚ ਹੀ ਬੁੱਚੜ ਦਾ ਰੂਪ ਧਾਰਨ ਕਰ ਚੁਕਿਆ ਸੀ, ਪਰਜਾ ਨੂੰ ਕੋਹ੍-ਕੋਹ੍ ਕੇ, ਉਸ ਦਾ ਖੂਨ ਨਿਚੋੜ ਕੇ ਰੱਤ ਪੀਣਾ ਹੋ ਚੁਕਿਆ ਸੀ। ਭਾਰਤ ਵਾਸੀਆਂ ਦੇ ਮਹਾਨ ਮੰਦਰ ਗਿਰਾਏ ਜਾ ਰਹੇ ਸਨ ਉਨ੍ਹਾਂ ਦੀ ਪੁਕਾਰ ਕੋਈ ਸੁਣਨ ਵਾਲਾ ਨਹੀਂ ਸੀ। ਉਹ ਬਾਰ-ਬਾਰ ਪੁਕਾਰ ਕਰਦੇ ਸਨ ਕਿ ਹੇ ਪ੍ਰਭੂ! ਤੂੰ ਦਰੋਪਤੀ ਦੀ ਸਭਾ ਵਿਚ ਲਾਜ ਰੱਖੀ, ਅੱਜ ਲੱਖਾਂ ਦਰੋਪਤੀਆਂ ਦੀ ਪਤਿ ਲਾਹੀ ਜਾ ਰਹੀ ਹੈ, ਤੂੰ ਕਿਉਂ ਨਹੀਂ ਬਹੁੜਦਾ? ਹੇ ਪ੍ਰਭੂ! ਤੂੰ ਤਾਂ ਇਕ ਹਾਥੀ ਦੀ ਰਖਸ਼ਾ ਕਰਨ ਵਾਸਤੇ ਤੰਦੂਏ ਦੇ ਤੰਦ ਕੱਟ ਕੇ ਉਸਨੂੰ ਬਚਾਅ ਲਿਆ ਸੀ, ਅੱਜ ਸਾਨੂੰ ਇਨਸਾਨਾਂ ਨੂੰ ਉਸ ਤੋਂ ਕਿਤੇ ਵੱਧ ਤੰਦੂਆਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਤੂੰ ਨਾਮਦੇਵ ਦਾ ਦੁੱਧ ਪੀਣ ਵਾਸਤੇ ਪ੍ਰਿਤਮਾ ਵਿਚੋਂ ਪ੍ਰਗਟ ਹੋ ਗਿਆ ਸੀ ਅਤੇ ਧੰਨੇ ਦਾ ਪ੍ਰਸ਼ਾਦਾ ਛਕਣ ਲਈ ਪੰਡਤ ਵਲੋਂ ਦਿਤੇ ਇਕ ਅਨਘੜ੍ਹ ਪੱਥਰ ਵਿਚੋਂ ਪ੍ਰਗਟ ਹੋ ਗਿਆ ਸੀ। ਅੱਜ ਕੀ ਹੋ ਗਿਆ ਕਿ ਅਸਾਨੂੰ ਸਾਡੀਆਂ ਪ੍ਰਾਰਥਨਾਵਾਂ ਦਾ ਕੋਈ ਉਤਰ ਨਹੀਂ ਮਿਲ ਰਿਹਾ। ਇਹ ਸ਼ਾਸ਼ਕ ਜ਼ਾਲਮ ਵਰਗ ਪੂਰੇ ਅਨਿਆਂ ਤੇ ਤੁਲਿਆ ਹੋਇਆ ਧਰਮ ਦੇ ਪੜਦੇ ਓਹਲੇ ਅਤਿ ਘਿਨੌਣੇ ਪਾਪ ਕਰ ਰਿਹਾ ਹੈ। ਕੀ ਇਨ੍ਹਾਂ ਨੂੰ ਤੂੰ ਰੋਕ ਨਹੀਂ ਸਕਦਾ? ਇਹ ਅਰਦਾਸਾਂ, ਇਹ ਲੇਲ੍ਹੜੀਆਂ ਭਾਰਤ ਵਾਸੀਆਂ ਦੇ ਹਿਰਦੇ ਵਿਚੋਂ ਨਿਕਲ ਰਹੀਆਂ ਸਨ। ਇਸਨੂੰ ਰੋਕ ਪਾਉਣ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਪਵਿੱਤਰ ਬਲੀਦਾਨ ਦੇ ਕੇ ਧਰਤੀ

ਤੇ ਆਪਣਾ ਪਵਿਤ੍ਰ ਖ਼ੂਨ ਡੋਲ੍ਹਿਆ। ਭਾਈ ਮਤੀ ਦਾਸ ਜੀ ਦਾ ਸਰੀਰ ਆਰੇ ਨਾਲ ਦੋ ਫਾੜ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਆਲੂਆਂ ਵਾਂਗ ਉਬਾਲ ਦਿਤਾ ਗਿਆ। ਭਾਈ ਸਤੀਦਾਸ ਜੀ ਨੂੰ ਰੂੰ ਵਿਚ ਵਲ੍ਹੇਟ ਕੇ ਅੱਗ ਲਾ ਦਿਤੀ ਗਈ। ਇਸ ਪਵਿੱਤਰ ਬਲੀਦਾਨ ਨੇ ਭਾਰਤ ਵਾਸੀਆਂ ਨੂੰ ਝੰਜੋੜ ਕੇ ਰੱਖ ਦਿਤਾ। ਜਾਗੀਆਂ ਹੋਈਆਂ ਰੂਹਾਂ "ਕੁਝ ਕਰੋ ਜਾਂ ਮਰੋ" ਦੇ ਸਿਧਾਂਤ ਨੂੰ ਅਪਣਾਉਣ ਲਈ ਗੁਰੂ ਦਸਮੇਸ਼ ਪਿਤਾ ਦੀ ਅਗਵਾਈ ਨੂੰ ਲੋਚ ਰਹੀਆਂ ਸਨ। ਗੁਰੂ ਮਹਾਰਾਜ ਜੀ ਬਾਣੀ ਦੇ ਅੰਦਰ ਜ਼ਿਕਰ ਕਰਦੇ ਫੁਰਮਾਉਂਦੇ ਹਨ –

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥***
***ਅੰਗ – 145***

ਭਾਈ ਗੁਰਦਾਸ ਜੀ ਨੇ ਵੀ ਇਸ ਸਮੇਂ ਨੂੰ ਭਾਂਪਦਿਆਂ ਹੋਇਆਂ ਆਪਣੀਆਂ ਵਾਰਾਂ ਵਿਚ ਲਿਖਿਆ ਹੈ –

***ਕਲਿ ਆਈ ਕੁੱਤੇ ਮੁਹੀ***
***ਖਾਜ ਹੋਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਂਵਦੇ***
***ਉਲਟੀ ਵਾੜ ਖੇਤ ਕਉ ਖਾਈ।***
***ਪਰਜਾ ਅੰਧੀ ਗਿਆਨ ਬਿਨ***
***ਕੂੜ ਕੁਸੱਤ ਮੁਖਹੁ ਆਲਾਈ।***
***ਚੇਲੇ ਸਾਜ ਵਜਾਇੰਦੇ***
***ਨੱਚਣ ਗੁਰੂ ਬਹੁਤ ਬਿਧ ਭਾਈ।***
***ਸੇਵਕ ਬੈਠਨ ਘਰਾਂ ਵਿਚ***
***ਗੁਰ ਉੱਠ ਘਰੀਂ ਤਿਨਾੜੇ ਜਾਈ।***
***ਕਾਜ਼ੀ ਹੋਏ ਰਿਸ਼ਵਤੀ***
***ਵੱਢੀ ਲੈ ਕੇ ਹੱਕ ਗਵਾਈ।***
***ਇਸਤ੍ਰੀ ਪੁਰਖੈ ਦਾਮ ਹਿਤ***
***ਭਾਵੇਂ ਆਇ ਕਿਥਾਊਂ ਜਾਈ।***
***ਵਰਤਿਆ ਪਾਪ ਸਭਸੁ ਜਗ ਮਾਂਹੀ॥***

***ਭਾਈ ਗੁਰਦਾਸ ਜੀ, ਵਾਰ – 1/30***

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਗੁਰੂ ਪਿਆਰੇ ਸਿੱਖਾਂ ਵਿਚ ਇਕ ਨਵਾਂ ਜੋਸ਼ ਅਤੇ ਉਭਾਰ ਆਇਆ, ਜਾਗੀਆਂ ਹੋਈਆਂ ਰੂਹਾਂ ਜਿਨ੍ਹਾਂ ਨੇ ਮੌਤ ਦੀ ਖਾਈ ਪਾਰ ਕਰਕੇ ਉਰਾਰ ਅਤੇ ਪਾਰ ਦਾ ਅਨੁਭਵ ਪ੍ਰਾਪਤ ਕੀਤਾ ਹੋਇਆ ਸੀ ਉਹ ਕਹਿੰਦੇ ਸਨ ਕਿ –

***ਕਬੀਰ ਮੁਹਿ ਮਰਨੇ ਕਾ ਚਾਉ ਹੈ***
***ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨ ਹੈ***
***ਪਰਾ ਹਮਾਰੈ ਬਾਰ॥ ਅੰਗ – 1367***

ਉਨ੍ਹਾਂ ਦੇ ਜੀਵਨ ਵਿਚ ਭੈ ਦੇਣਾ ਅਤੇ ਭੈ ਮੰਨਣਾ ਦੋਵੇਂ ਹੀ ਗਿਰਾਵਟ ਦੀਆਂ ਨਿਸ਼ਾਨੀਆਂ ਪ੍ਰਤੀਤ ਦਿੰਦੀਆਂ ਸਨ। ਉਹ ਨਾ ਕਿਸੇ ਨੂੰ ਭੈ ਦਿੰਦੇ ਸਨ ਤੇ ਨਾ ਕਿਸੇ ਤੋਂ ਭੈ ਖਾਂਦੇ ਸਨ। ਜਦੋਂ ਗੁਰੂ ਦਸਮੇਸ਼ ਪਿਤਾ ਜੀ ਗੁਰਗੱਦੀ ਤੇ ਬੈਠੇ ਉਸ ਵੇਲੇ ਬਹੁਤ ਭਾਰੀ ਗਿਣਤੀ ਵਿਚ ਇਕੱਠ ਹੋ ਜਾਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਅਸਰ ਹਕੂਮਤ ਦੀ ਸੋਚ ਤੋਂ ਬਿਲਕੁਲ ਹੀ ਪ੍ਰਤੀਕੂਲ ਸੀ। ਉਨ੍ਹਾਂ ਦੇ ਅੰਦਰੋਂ ਡਰ ਬਿਲਕੁਲ ਨਿਕਲ ਚੁਕਿਆ ਸੀ। ਨਿਰਭਉ ਨੂੰ ਸਿਮਰ ਕੇ ਨਿਰਭੈ ਅਵਸਥਾ ਵਿਚ ਪ੍ਰਵੇਸ਼ ਕਰਕੇ ਆਖ ਰਹੇ ਸਨ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ***
***ਪੂਰਨੁ ਪਰਮਾਨੰਦੁ॥ ਅੰਗ – 1365***

ਇਹ ਗੁਰਸਿੱਖਾਂ ਦਾ ਜੋਸ਼ ਅਤੇ ਉਭਾਰ ਮਾਰੂ ਨਹੀਂ ਸੀ ਸਗਮਾਂ ਚੜ੍ਹਦੀ ਕਲਾ ਦਾ ਪ੍ਰਤੀਕ ਸੀ ਜਿਨ੍ਹਾਂ ਦਾ ਨਿਸ਼ਚਾ ਸੀ ਕਿ ਆਪ ਸੁਤੰਤਰਤਾ ਦੇ ਨਾਲ ਜੀਵੋ ਅਤੇ ਦੂਸਰਿਆਂ ਨੂੰ ਜਿਉਂਣ ਦਾ ਮੌਕਾ ਦੇਵੋ। ਆਪਣੇ ਅਸੂਲਾਂ ਨੂੰ ਜ਼ੋਰ-ਜਬਰ ਤੋਂ ਡਰ ਕੇ ਤਿਆਗਣ ਨਾਲੋਂ ਆਪਣੇ ਜੀਵਨ ਦਾ ਬਲੀਦਾਨ ਦੇਣਾ ਬਹੁਤ ਹੀ ਲਾਭਦਾਇਕ ਹੈ। ਗੁਰਸਿੱਖ ਇਸ ਹਾਲ ਵਿਚੋਂ ਲੰਘ ਰਹੇ ਸਨ ਪਰ ਕਈ ਮਸੰਦ, ਪੂਜਾ ਦਾ ਧਾਨ ਖਾ ਕੇ, ਸ਼ਰਧਾਹੀਨ

ਹੋ ਚੁੱਕੇ ਸਨ ਪਰ ਇਹ ਨਹੀਂ ਜਾਣਦੇ ਸਨ ਕਿ ਦਸਵੇਂ ਗੁਰੂ ਵੀ, ਗੁਰੂ ਨਾਨਕ ਦੇਵ ਹੀ ਹਨ। ਉਸ ਵੇਲੇ ਇਨ੍ਹਾਂ ਸ਼ਰਧਾਹੀਣਾਂ ਦੇ ਨਿਸ਼ਚਿਆਂ ਵਿਚੋਂ ਬੇਪ੍ਰਤੀਤੀ ਨੂੰ ਕੱਢਣ ਲਈ ਕਈ ਕੌਤਕ ਹੁੰਦੇ ਰਹਿੰਦੇ ਸਨ ਜਿਵੇਂ ਕਿ ਭਾਈ ਦੁਲੱਚਾ ਮਸੰਦ ਬਹੁਤ ਵੱਡੇ ਕੱਦ ਵਾਲਾ ਅਤੇ ਵੱਡੀ ਪਗੜੀ ਵਾਲਾ, ਜੋ ਆਪਣੇ ਆਪ ਨੂੰ ਮੁਖੀਆਂ ਦੀ ਪਹਿਲੀ ਕਤਾਰ ਵਿਚ ਸਮਝਦਾ ਸੀ, ਨੂੰ ਸੁਮੱਤ ਦਿਤੀ। ਉਹ ਆਪਣੀਆਂ ਸੰਗਤਾਂ ਦਾ ਦਸਵੰਧ ਲੈ ਕੇ ਗੁਰੂ ਕੇ ਖਜ਼ਾਨੇ ਵਿਚ ਦਾਖਲ ਕਰਾਇਆ ਕਰਦਾ ਸੀ ਅਤੇ ਵਿਚੋਂ ਚੰਗੀਆਂ ਭੇਟਾਵਾਂ ਆਪ ਰੱਖ ਲਿਆ ਕਰਦਾ ਸੀ। ਉਸ ਦਾ ਨਿਸ਼ਚਾ ਬਹੁਤ ਹੱਦ ਤੱਕ ਗਿਰ ਚੁਕਿਆ ਸੀ। ਉਹ ਖੁਲ੍ਹੇ ਆਮ ਗੁਰਸਿੱਖਾਂ ਨੂੰ ਕਹਿ ਦਿੰਦਾ ਸੀ ਕਿ ਜੇ ਗੁਰੂ ਤੇਗ ਬਹਾਦਰ ਜੀ ਵਿਚ ਸ਼ਕਤੀ ਹੁੰਦੀ ਤਾਂ ਉਹ ਕਾਤਲਾਂ ਨੂੰ ਸ਼ਕਤੀਹੀਣ ਕਰ ਦਿੰਦੇ ਜਿਵੇਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਗਦਾਦ ਵਿਚ ਪੱਥਰ ਮਾਰਨ ਆਇਆਂ ਦੇ ਹੱਥ ਉਥੇ ਹੀ ਰੋਕ ਦਿਤੇ ਅਤੇ ਸਭਨਾਂ ਨੂੰ ਜੜ੍ਹ ਬਣਾ ਦਿਤਾ ਅਤੇ ਕਈ ਵਾਰੀ ਇਹ ਵੀ ਕਹਿ ਦਿੰਦਾ ਸੀ ਕਿ ਅਸੀਂ ਤਾਂ ਜਿਸਨੂੰ ਵੀ ਗੱਦੀ ਤੇ ਬਿਠਾ ਦੇਈਏ ਉਹੋ ਗੁਰੂ ਬਣ ਜਾਂਦਾ ਹੈ। ਗੁਰੂ ਦਸਮੇਸ਼ ਪਿਤਾ ਉਪਰ ਉਸਦੀ ਸ਼ਰਧਾ ਨਹੀਂ ਸੀ। ਉਸ ਨੇ ਭਾਈ ਰੂਪਾ ਜੀ ਵਲੋਂ ਭੇਜੀਆਂ ਹੋਈਆਂ ਭੇਟਾਵਾਂ ਚੋਰੀ ਕਰਕੇ ਬਾਕੀ ਦੀਆਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਟਾ ਕਰ ਦਿਤੀਆਂ ਅਤੇ ਇਨ੍ਹਾਂ ਭੇਟਾਵਾਂ ਵਿਚੋਂ 58 ਵਧੀਆ ਮੋਤੀ ਤੇ 26 ਮੋਹਰਾਂ ਘਰ ਹੀ ਰੱਖ ਆਇਆ ਸੀ, ਕੜਿਆਂ ਦੀ ਜੋੜੀ ਤੇ ਕੁਝ ਮੋਹਰਾਂ ਜੋ ਆਪਣੀ ਪਗੜੀ ਵਿਚ ਛੁਪਾ ਲਈਆਂ ਅਤੇ ਆਪਣੀ ਚਲਾਕੀ ਨੂੰ ਅੰਦਰ ਰਖਦਾ ਹੋਇਆ ਉਤੋਂ ਭੋਲਾ ਬਣ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰ ਰਿਹਾ ਸੀ। ਮਹਾਰਾਜ ਜੀ ਨੇ ਉਸ ਦੇ ਇਸ ਕਪਟ ਨੂੰ ਦੇਖ ਕੇ ਫੁਰਮਾਨ ਕੀਤਾ, "ਦੁਲੱਚਿਆ! ਮੇਰੇ ਵਾਸਤੇ ਵੀ ਕੁਝ ਲਿਆਇਆ ਹੈਂ?" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਅਸੀਂ ਤਾਂ ਬਿਨਾਂ ਦਮਾਂ ਤੋਂ ਤੁਹਾਡੇ ਚਾਕਰ ਹਾਂ ਜੋ ਸੰਗਤਾਂ ਸਾਨੂੰ ਦਿੰਦੀਆਂ ਹਨ ਉਹ ਤੁਹਾਡੀ ਭੇਟਾ ਵਿਚ ਲਿਆ ਰਖਦੇ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਤੂੰ ਚੰਗੀ ਤਰ੍ਹਾਂ ਯਾਦ ਕਰ ਲੈ, ਕਿਸੇ ਦੀ ਭੇਟਾ ਲਾਲਚ ਵਸ ਆ ਕੇ ਤੂੰ ਆਪਣੇ ਪਾਸ ਤਾਂ ਨਹੀਂ ਰੱਖੀ ਹੋਈ? ਇਹ ਬਚਨ ਸੁਣ ਕੇ ਅੰਦਰੋਂ ਕੁਝ ਕੰਬਿਆ ਅਤੇ ਥੋੜ੍ਹੀ ਦੇਰ ਲਈ ਸੋਚਿਆ ਕਿ ਇਹ ਗੁਰੂ ਕਿਤੇ ਸ਼ਕਤੀ ਵਾਲਾ ਨਾ ਹੋਵੇ ਅਤੇ ਫੇਰ ਬੇਪ੍ਰਤੀਤੀ ਨੇ ਇਸ ਦੇ ਮਨ ਨੂੰ ਕਾਬੂ ਕਰ ਲਿਆ। ਕਹਿਣ ਲੱਗਿਆ, "ਗੁਰੂ ਜੀ! ਤੁਸੀਂ ਬਾਲਕ ਹੋਂ, ਅਸੀਂ ਬਹੁਤ ਹੰਢੇ ਹੋਏ ਪਹਿਲੇ ਗੁਰੂਆਂ ਦੇ ਨਾਲ ਤੋਂ ਚਲੇ ਆ ਰਹੇ ਹਾਂ, ਗੁਰੂ ਘਰ ਦੇ ਸੇਵਕ ਹਾਂ। ਅਸੀਂ ਦਿਨ ਰਾਤ ਸੰਗਤਾਂ ਵਿਚ ਤੁਹਾਡੇ ਗੁਣ ਗਾ-ਗਾ ਕੇ ਸੁਣਾਉਂਦੇ ਹਾਂ ਤਾਂ ਕਿਤੇ ਉਨ੍ਹਾਂ ਨੂੰ ਨਿਸ਼ਚਾ ਆਉਂਦਾ ਹੈ। ਗੁਰੂ ਜੀ ਤੁਸੀਂ ਅਜੇ ਬਾਲਕ ਬੁੱਧੀ ਵਿਚ ਹੋ, ਤੁਹਾਨੂੰ ਇਸ ਗੱਲ ਦਾ ਖਿਆਲ ਕਰ ਲੈਣਾ ਚਾਹੀਦਾ ਹੈ ਕਿ ਮੇਰੇ ਵਰਗੇ ਅਨਿੰਨ ਸੇਵਕ ਉਪਰ ਸ਼ੱਕ ਨਹੀਂ ਕਰਨਾ ਚਾਹੀਦਾ।" ਇਹ ਅੱਖਰ ਉਸ ਨੇ ਐਨੇ ਜ਼ੋਰ ਨਾਲ ਬੋਲੇ ਕਿ ਸਾਰੀ ਸੰਗਤ ਨੇ ਸੁਣ ਲਏ। ਗੁਰੂ ਮਹਾਰਾਜ ਜੀ ਮੁਸਕਰਾਏ ਅਤੇ ਕਿਹਾ ਕਿ ਦੁਲੱਚਿਆ! ਗੁਰੂ ਹਮੇਸ਼ਾ ਸਿੱਖ ਦੇ ਪੜਦੇ ਢੱਕਦਾ ਆਇਆ ਹੈ, ਉਸਦੀਆਂ ਕਮਜ਼ੋਰੀਆਂ ਨੂੰ ਉਦੋਂ ਤੱਕ ਛੁਪਾ ਕੇ ਰਖਦਾ ਹੈ ਜਦੋਂ ਤੱਕ ਕਿ ਅਵੱਸ਼ਕ ਨਾ ਹੋ ਜਾਵੇ ਕਿ ਇਸ ਸਿੱਖ ਦਾ ਭਲਾ ਇਸਦੀਆਂ ਕਮਜ਼ੋਰੀਆਂ ਪ੍ਰਗਟ ਕਰਨ ਵਿਚ ਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਛਟੀ ਦੇ ਨਾਲ ਉਸ ਦੀ ਭਾਰੀ ਪੱਗ ਸਿਰ ਤੋਂ ਗਿਰਾ ਦਿਤੀ, ਉਸ ਪੱਗ ਦੇ ਪੇਚ ਖੁਲ੍ਹ ਗਏ ਅਤੇ ਉਨ੍ਹਾਂ ਵਿਚੋਂ ਜੜਾਊ ਕੰਗਣ ਅਤੇ ਕੁਝ ਮੋਹਰਾਂ ਛਣ-ਛਣ ਕਰਕੇ ਧਰਤੀ ਤੇ ਗਿਰ ਪਈਆਂ। ਸਾਰੀ ਸੰਗਤ ਹੈਰਾਨ ਹੋ ਗਈ ਅਤੇ ਆਪ ਦੀ ਆਤਮਕ ਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਨਿਸ਼ਚੇ ਦੇ ਘਰ ਵਿਚ ਆ ਗਈ। ਦੁਲੱਚੇ ਮਸੰਦ ਨੇ ਰੋ-ਰੋ ਕੇ ਹੰਝੂਆਂ ਦੇ ਰਾਹੀਂ ਆਪਣੇ ਅੰਤਸ਼ਕਰਣ ਦੀ ਮੈਲ ਧੋਤੀ ਅਤੇ ਗੁਰੂ ਮਹਾਰਾਜ ਜੀ ਤੋਂ ਭੁੱਲ ਬਖਸ਼ਾਉਣ ਲਈ ਤਰਲੇ ਲੈਂਦਾ ਰਿਹਾ। ਭਾਈ ਗੁਰਦਿਤਾ ਜੀ ਦੇ ਛੋਟੇ ਭਰਾ ਭਾਈ ਹਰਦਿੱਤਾ ਜੀ, ਜੋ ਬਾਬੇ ਬੁੱਢੇ ਕੀ ਅੰਸ ਵਿਚੋਂ ਹਨ, ਨੇ ਬੇਨਤੀ ਕਰਕੇ ਬਖਸ਼ਾ ਦਿਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਸਿੱਖੋ! ਸਿੱਖੀ ਵਿਚ ਕਈ ਭੇਦ ਹਨ। ਇਕ

ਭੇਖ ਦੇ ਸਿੱਖ ਹਨ, ਇਕ ਦੇਖਾ-ਦੇਖੀ ਦੇ ਸਿੱਖ ਹਨ, ਇਕ ਹਿਰਸ ਦੇ ਸਿੱਖ ਹਨ, ਇਕ ਗੁਰਾਂ ਨੂੰ ਪਿਆਰ ਕਰਨ ਵਾਲੇ ਤੇ ਉਨ੍ਹਾਂ ਦੇ ਬਚਨਾਂ ਤੋਂ ਘੋਲ ਘੁਮਾਉਣ ਵਾਲੇ ਸਿਦਕੀ ਸਿੱਖ ਹਨ। ਇਕ ਉਹ ਸਿੱਖ ਹਨ ਜਿਨ੍ਹਾਂ ਦੇ ਮਨ ਵਿਚ ਗੁਰੂ ਤੇ ਪ੍ਰਮੇਸ਼ਰ ਲਈ ਕੋਈ ਫਰਕ ਨਹੀਂ ਹੁੰਦਾ ਅਤੇ ਗੁਰੂ ਨੂੰ ਪ੍ਰਮੇਸ਼ਰ ਦਾ ਸਰਗੁਣ ਸਰੂਪ ਜਾਣ ਕੇ ਪੂਜਦੇ ਹਨ ਜਿਵੇਂ ਕਿ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਅੰਗ - 442***

ਅਜਿਹੀਆਂ ਅਨੇਕਾਂ ਘਟਨਾਵਾਂ ਹੋਈਆਂ ਜਿਨ੍ਹਾਂ ਤੋਂ ਗੁਰਸਿੱਖਾਂ ਦਾ ਡੋਲਦਾ ਨਿਸ਼ਚਾ ਦਿਨੋ-ਦਿਨ ਗੁਰੂ ਮਹਾਰਾਜ ਦੀ ਕਿਸ਼ੋਰ ਅਵਸਥਾ ਦੇ ਸਮੇਂ ਤੋਂ ਹੀ ਦ੍ਰਿੜ੍ਹ ਹੁੰਦਾ ਚਲਿਆ ਗਿਆ ਕਿਉਂਕਿ ਗੁਰੂ ਅਤੇ ਸਿੱਖ ਦਾ ਨਿਸ਼ਚਾ ਪ੍ਰਤੀਤ ਉਪਰ ਨਿਰਭਰ ਹੈ-

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***

***ਅੰਗ - 283***

ਇਕ ਵਾਰੀ ਗੁਰੂ ਅੰਗਦ ਪਾਤਸ਼ਾਹ ਜੀ ਨੇ ਭਾਈ ਬਾਲਾ ਜੀ ਨੂੰ ਪੁਛਿਆ ਕਿ ਭਾਈ ਬਾਲਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਿਥੇ ਤੱਕ ਵੀ ਸ੍ਰਿਸ਼ਟੀ ਹੈ ਉਸ ਵਿਚ ਵਿਚਰਦਿਆਂ ਉਨ੍ਹਾਂ ਦੇ ਅਨੇਕਾਂ ਕੌਤਕ ਦੇਖੇ, ਕਿਤੇ ਕੌੜਾ ਰੀਠਾ ਮਿਠਾ ਹੁੰਦਾ ਵੇਖਿਆ, ਕਿਤੇ ਵਲੀ ਕੰਧਾਰੀ ਵਲੋਂ ਸੁੱਟੇ ਪੱਥਰ ਨੂੰ ਮੋਮ ਵਰਗਾ ਤੇ ਰੂੰ ਵਰਗਾ ਹਲਕਾ ਹੋਇਆ ਤੱਕਿਆ, ਕਿਤੇ ਕੌਡੇ ਰਾਕਸ਼ ਵਰਗਿਆਂ ਨੂੰ ਦੇਵਤਾ ਬਣਦਾ ਤੱਕਿਆ, ਕਿਤੇ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਹੁੰਦਾ ਵੇਖਿਆ ਅਤੇ ਅਨੇਕਾਂ ਗੋਸ਼ਟਾਂ ਪੁਜੇ ਹੋਏ ਪੀਰਾਂ, ਫਕੀਰਾਂ ਨਾਲ ਹੁੰਦੀਆਂ ਸੁਣੀਆਂ; ਤੁਸੀਂ ਇਹ ਤਾਂ ਦੱਸੋ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਤੁਸੀਂ ਕੀ ਸਮਝਦੇ ਰਹੇ ਹੋ? ਭਾਈ ਬਾਲਾ ਜੀ ਨੇ ਦੋਨੋਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਬੇਨਤੀ ਕੀਤੀ, "ਪਾਤਸ਼ਾਹ! ਉਹ ਤਾਂ ਪੂਰਨ ਸੰਤ ਸਨ।" ਮਹਾਰਾਜ ਜੀ ਨੇ ਕਿਹਾ ਕਿ ਭਾਈ ਤੂੰ ਸੰਤ ਹੋਇਆ। ਜਿਹੋ ਜਿਹਾ ਕੋਈ ਗੁਰੂ ਉਪਰ ਨਿਸ਼ਚਾ ਕਰਦਾ ਹੈ ਉਹੋ ਜਿਹਾ ਹੀ ਹੋ ਜਾਂਦਾ ਹੈ ਕਿਉਂਕਿ ਗੁਰੂ ਸਮਰੱਥ ਤੇ ਸਰਬੱਗ ਹੁੰਦਾ ਹੈ। ਬਾਬਾ ਬੁੱਢਾ ਜੀ ਵਲ ਨਿਗ੍ਹਾ ਕਰਕੇ ਦੇਖਿਆ ਤੇ ਆਪ ਨੇ ਕਿਹਾ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਬਹੁਤ ਸਮਾਂ ਨੇੜੇ ਰਹਿ ਕੇ, ਮੇਰੇ ਆਉਣ ਤੋਂ ਵੀ ਬਹੁਤ ਪਹਿਲਾਂ ਤੋਂ ਤੁਸੀਂ ਪਾਤਸ਼ਾਹ ਜੀ ਦੇ ਪਿਆਰ ਦਾ ਅਨੰਦ ਮਾਣਦੇ ਰਹੇ ਹੋਂ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਬਾਬਾ ਜੀ ਨੇ ਫੁਰਮਾਇਆ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਮਹਾਰਾਜ ਜੀ ਨੇ ਕਿਹਾ ਕਿ ਭਾਈ! ਤੂੰ ਬ੍ਰਹਮਗਿਆਨੀ ਹੋਇਆ। ਹੋਰ ਗੁਰਸਿੱਖਾਂ ਨੂੰ ਵੀ ਪੁਛਿਆ, ਅਨੇਕ ਕਿਸਮ ਦੇ ਉਤਰ ਮਿਲੇ। ਅੰਤ ਵਿਚ ਸਾਰਿਆਂ ਨੇ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਆਪ ਕੁਝ ਮਿੰਟਾਂ ਲਈ ਖਾਮੋਸ਼ ਹੋ ਗਏ, ਨੈਣ ਬੰਦ ਕਰ ਲਏ, ਚਿਹਰੇ ਦੀ ਰੰਗਤ ਬਦਲ ਗਈ, ਸੁਆਸ ਬਹੁਤ ਧੀਮਾ ਹੋ ਗਿਆ, ਜਦੋਂ ਆਪ ਜੀ ਨੇ ਨੇਤਰ ਖੋਲ੍ਹੇ, ਨੇਤਰਾਂ ਵਿਚੋਂ ਦੋ ਹੰਝੂ ਤਿਲ੍ਹਕ ਕੇ ਨੂਰਾਨੀ ਦਾਹੜੇ ਵਲ ਨੂੰ ਆ ਰਹੇ ਸਨ। ਆਪ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰੂ ਨਾਨਕ ਪਾਤਸ਼ਾਹ ਜੀ ਤਾਂ ਆਪ ਹੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਸਨ। ਉਨ੍ਹਾਂ ਵਿਚ ਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਸੀ। ਅਸੀਂ ਤਾਂ ਉਨ੍ਹਾਂ ਨੂੰ ਮਾਲਕ-ਏ-ਕੁੱਲ ਕਰਕੇ ਜਾਤਾ। ਉਹ ਸਾਰੀ ਸ੍ਰਿਸ਼ਟੀ ਦੇ ਕਰਤਾ ਧਰਤਾ ਸਨ।

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ॥***

***ਅੰਗ - 1395***

ਐਡੇ ਉਚੇ ਨਿਸ਼ਚੇ ਦੀ ਗੱਲ ਸੁਣ ਕੇ ਸਾਰੀ ਸੰਗਤ ਦੇ ਸੀਸ ਪਿਆਰ ਨਾਲ ਝੁਕ ਗਏ। ਉਸ ਸਮੇਂ ਮਹਾਰਾਜ ਜੀ ਨੇ ਫੁਰਮਾਇਆ ਕਿ ਪਿਆਰਿਓ! ਆਪਣੀਆਂ ਭਾਵਨਾਵਾਂ ਦੇ ਮੁਤਾਬਿਕ ਗੁਰੂ ਉਪਰ ਨਿਸ਼ਚਿਆਂ ਨੂੰ ਚਾਰ ਅਵਸਥਾਵਾਂ ਵਿਚ ਵੰਡਿਆ ਜਾ ਸਕਦਾ ਹੈ।

1. ਮੇਰਾ ਗੁਰੂ ਪੂਰਨ ਸੰਤ ਹੈ।

2. ਮੇਰਾ ਗੁਰੂ ਸਾਰਿਆਂ ਸੰਤਾਂ ਤੋਂ ਸ੍ਰੇਸ਼ਟ ਅਤੇ ਸਭ ਤੋਂ ਵੱਡਾ ਸੰਤ ਹੈ।

3. ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੀ ਹੈ। ਉਸ ਵਿਚ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ। ਅਜਿਹੇ ਨਿਸ਼ਚੇ ਵਾਲੇ ਗੁਰੂ ਨੂੰ ਪ੍ਰਮੇਸ਼ਰ ਕਰਕੇ ਮੰਨਦੇ ਹਨ।

4. ਮੇਰਾ ਗੁਰੂ ਤਾਂ ਸਾਖਸ਼ਾਤ ਪਾਰਬ੍ਰਹਮ ਸੰਸਾਰ ਦੇ ਜੀਵਾਂ ਦੀ ਕਲਿਆਣ ਕਰਨ ਵਾਸਤੇ ਸਰੀਰਧਾਰੀ ਹੋਇਆ ਹੈ, ਇਹ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ। ਇਹ ਸਾਰਾ ਸ੍ਰਿਸ਼ਟੀ ਦਾ ਖੇਲ੍ਹ ਇਸਦੇ ਹੁਕਮ ਵਿਚ ਹੀ ਹੋ ਰਿਹਾ ਹੈ। ਇਹ ਸੁਣ ਕੇ ਸਾਰਿਆਂ ਨੇ ਗੁਰੂ ਮਹਾਰਾਜ ਨੂੰ ਸੀਸ ਨਿਵਾਇਆ ਤੇ ਕਿਹਾ, ਸੱਚੇ ਪਾਤਸ਼ਾਹ! ਆਪ ਦਾ ਐਡਾ ਨਿਸ਼ਚਾ ਹੀ ਹੈ ਕਿ ਅਸੀਂ ਸਾਰੇ ਆਪ ਤੋਂ ਪਹਿਲਾਂ ਗੁਰੂ ਚਰਨਾਂ ਵਿਚ ਆਏ ਹੋਏ ਸਾਂ ਪਰ ਆਪ ਦੇ ਅਤਿ ਉਚੇ ਨਿਸ਼ਚੇ ਨੇ ਆਪ ਨੂੰ ਪਾਰਬ੍ਰਹਮ ਪ੍ਰਮੇਸ਼ਰ ਬਣਾ ਦਿਤਾ ਹੈ।

ਸੋ ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਸਬੰਧ ਪੂਰਨ ਸ਼ਰਧਾ ਕਰਕੇ ਹੀ ਹੁੰਦਾ ਹੈ। ਸਿੱਖਾਂ ਦੇ ਡੋਲਦੇ ਨਿਸ਼ਚਿਆਂ ਨੂੰ ਮੁੜ ਕੇ ਸਥਿਰ ਕਰਨ ਵਾਸਤੇ ਗੁਰੂ ਅਗੰਮ ਦੀ ਕ੍ਰਿਆ ਕਰਕੇ ਨਿਸ਼ਚੇ ਬੰਨ੍ਹਵਾ ਦਿੰਦੇ ਹਨ।

ਇਕ ਵਾਰੀ ਦੀ ਗੱਲ ਹੈ ਕਿ ਗੁਰੂ ਦਸ਼ਮੇਸ਼ ਪਿਤਾ ਗੱਦੀ ਤੇ ਸ਼ਸ਼ੋਭਤ ਹੋ ਕੇ ਸੰਗਤਾਂ ਨੂੰ ਆਪਣੇ ਅਤਿ ਸੁੰਦਰ ਦਰਸ਼ਨ ਦੇ ਰਹੇ ਸਨ। ਆਪ ਦੇ ਖਿੱਚਾਂ ਭਰੇ ਨੈਣਾਂ ਦੀ ਮਸਤੀ ਨੂੰ ਕੋਈ ਤੱਕ ਨਹੀਂ ਸੀ ਸਕਦਾ। ਜਿਨ੍ਹਾਂ ਨੇ ਇਕ ਵਾਰੀ ਤੱਕ ਲਿਆ ਉਹਦੇ ਅੰਦਰ ਇਹ ਸਰੂਪ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਉਹ ਬਿਨਾਂ ਤਪ ਸਾਧਣ ਦੇ ਹੀ ਧਿਆਨ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਜਿਵੇਂ ਚਕੋਰ ਇਕ ਟੱਕ ਲਾ ਕੇ ਚੰਦਰਮਾ ਨੂੰ ਦੇਖਦਾ ਹੈ ਤੇ ਚੱਕਵੀ ਸੂਰਜ ਵੱਲ ਵੇਖਦੀ ਹੈ ਇਵੇਂ ਗੁਰਸਿੱਖ ਇਕ ਟੱਕ ਗੁਰੂ ਪਿਆਰ, ਗੁਰੂ ਦੇ ਦੀਦਾਰੇ ਆਪਣੇ ਹਿਰਦੇ ਵਿਚ ਵਸਾ ਰਹੇ ਸਨ। ਉਸ ਸਮੇਂ ਇਕ ਕਲੰਦਰ ਰਿੱਛ ਲੈ ਕੇ ਤਮਾਸ਼ਾ ਦਿਖਾਉਣ ਦਾ ਫੁਰਨਾ ਕਰਕੇ ਗੁਰੂ ਮਹਾਰਾਜ ਦੇ ਦਰਬਾਰ ਦੇ ਨੇੜੇ ਆ ਕੇ ਖੜ੍ਹਾ ਹੋ ਗਿਆ। ਉਸ ਕਲੰਦਰ ਨੇ ਬੇਨਤੀ ਕੀਤੀ ਕਿ ਮਹਾਰਾਜ! ਜੇ ਹੁਕਮ ਹੋਵੇ ਤਾਂ ਮੈਂ ਇਸ ਰਿੱਛ ਦੇ ਕੌਤਕ ਵਿਖਾਵਾਂ। ਭਾਵੇਂ ਗੁਰਮਤਿ ਵਿਚ ਕੌਤਕ, ਕੋਡ-ਤਮਾਸਿਆਂ ਨੂੰ ਨਰਕ ਬਰਾਬਰ ਦਸਿਆ ਹੋਇਆ ਹੈ –

***ਕਉਤਕ ਕੋਡ ਤਮਾਸਿਆ***
***ਚਿਤਿ ਨ ਆਵਸੁ ਨਾਉ ॥***
***ਨਾਨਕ ਕੋੜੀ ਨਰਕ ਬਰਾਬਰੇ***
***ਉਜੜੁ ਸੋਈ ਥਾਉ ॥ ਅੰਗ – 707***

ਇਹ ਕਿਉਂ ਲਿਖਿਆ ਹੈ ਇਸ ਉਪਰ ਵਿਚਾਰ ਕਰਨ ਦੀ ਲੋੜ ਹੈ। ਸਾਰਾ ਸੰਸਾਰ ਤਮਾਸ਼ੇ ਦੇਖਦਾ ਹੈ, ਟੀ.ਵੀ ਤੇ ਨਾਟਕ ਦੇਖਦਾ ਹੈ, ਤਕਦਾ-ਤਕਦਾ ਐਨਾ ਮਸਤ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਮਨੋਕਲਪਤ ਘਟਨਾਵਾਂ ਮੂਰਤੀਮਾਨ ਹੋ ਜਾਂਦੀਆਂ ਹਨ ਅਤੇ ਅਧੂਰੀ ਸਿਖਿਆ ਦੁਖ ਦਾ ਕਾਰਨ ਬਣਦੀ ਸੁਖ ਖੋਹ ਲੈਂਦੀ ਹੈ। ਇਹ ਕਿਉਂ ਹੈ? ਗੁਰਸਿੱਖਾਂ ਦੇ ਅੰਦਰ ਨਾਮ ਜਪਣ ਦੇ ਬਲ ਨਾਲ ਕੁੰਡਲਨੀ ਸਿਰਝ ਜਾਇਆ ਕਰਦੀ ਹੈ ਅਤੇ ਇਕ ਅਤਿ ਮਿੱਠੀ ਜੋਤ ਸਦਾ ਹੀ ਜਗਦੀ ਰਹਿੰਦੀ ਹੈ ਜਿਵੇਂ ਬਿਨਾਂ ਤੇਲ ਬੱਤੀ ਦੇ ਕੋਈ ਦੀਵਾ ਜਲਦਾ ਹੋਵੇ, ਉਸਦੀ ਠੰਢੀ ਰੌਸ਼ਨੀ ਅੰਗ-ਅੰਗ ਵਿਚ ਖੇੜਾ ਪੈਦਾ ਕਰਦੀ ਹੈ ਅਤੇ ਹਿਰਦੇ ਕਮਲ ਰੂਪੀ ਫੁੱਲ ਨੂੰ ਸਿੱਧਾ ਕਰ ਦਿੰਦੀ ਹੈ ਜਿਸ ਵਿਚ ਹਰ ਸਮੇਂ ਅੰਮ੍ਰਿਤ ਝਰਦਾ ਰਹਿੰਦਾ ਹੈ ਜੋ ਦੁਖਾਂ ਚਿੰਤਾਵਾਂ, ਢਹਿੰਦੀਆਂ ਕਲਾਂ ਅਤੇ ਸਰੀਰਕ ਦੁੱਖਾਂ ਰੋਗਾਂ ਨੂੰ ਨੇੜੇ ਨਹੀਂ ਆਉਣ ਦਿੰਦੀ ਅਤੇ ਇਕ ਵਿਗਾਸ (ਖੇੜੇ) ਦਾ ਮੰਡਲ ਬਣਿਆ ਰਹਿੰਦਾ ਹੈ ਜਿਵੇਂ ਕਿ –

***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥***
***ਅੰਗ – 3***

ਜਿਹੜਾ ਵੀ ਕੋਈ ਦ੍ਰਿਸ਼, ਕੋਈ ਲੈਕਚਰ, ਕੋਈ ਕਥਾ ਇਸ ਦੇ ਅੰਦਰ ਲਟ-ਲਟ ਬਲਦੀ ਜੋਤ ਨੂੰ ਮੱਧਮ ਕਰਦੀ ਹੈ, ਉਹ ਉਸਦਾ ਪਤਨ ਦਾ ਕਾਰਨ ਹੋਇਆ ਕਰਦਾ ਹੈ ਅਤੇ ਸੁਰਤੀ ਮਹਾਨ ਰਸਾਂ ਵਿਚੋਂ ਤਿਲ੍ਹਕਦੀ-ਤਿਲ੍ਹਕਦੀ ਕੁ-ਰਸਾਂ ਵਿਚ ਚਲੀ

ਜਾਇਆ ਕਰਦੀ ਹੈ। ਇਹ ਕੁ-ਰਸ ਆਤਮ ਜੋਤ ਦੁਆਲੇ ਵਲਗਣਾਂ ਖੜ੍ਹੀਆਂ ਕਰਦੇ ਹਨ ਅਤੇ ਮਹਾਨ ਖੇੜਿਆਂ ਵਿਚੋਂ ਸੁਰਤ ਨੂੰ ਨਿਖੇੜ ਕੇ ਦੁਖਾਂ ਦੇ ਵਿਚ ਪ੍ਰਵੇਸ਼ ਕਰਾ ਦਿਆ ਕਰਦੇ ਹਨ। ਇਸ ਕਰਕੇ ਮਹਾਂਪੁਰਸ਼, ਗੁਰਸਿੱਖ, ਸਾਧਕ ਜਗਿਆਸੂ ਇਸ ਲਟ-ਲਟ ਬਲਦੀ ਜੋਤ ਅਤੇ ਮਹਾਨ ਮਿੱਠੀ ਸ਼ਬਦ ਧੁਨ ਤੋਂ ਕਿਸੇ ਕੀਮਤ ਵਿਚ ਵੀ ਦੂਰ ਨਹੀਂ ਜਾਇਆ ਕਰਦਾ। ਇਸ ਕਰਕੇ ਇਨ੍ਹਾਂ ਕੌਤਕ, ਤਮਾਸ਼ਿਆਂ ਨੂੰ ਨਰਕ ਦੀ ਬਰਾਬਰੀ ਦਿਤੀ ਗਈ ਹੈ।

ਕਬੀਰ ਸਾਹਿਬ ਜੀ ਇਕ ਵਾਰੀ ਕਾਸ਼ੀ ਵਿਚ ਲੱਗਿਆ ਮੇਲਾ ਦੇਖਣ ਚਲੇ ਗਏ। ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਬਹੁਤ ਸਾਰੇ ਸ਼ਰਧਾਲੂਆਂ ਨੇ ਪੁਛਿਆ ਕਿ ਮੇਲੇ ਵਿਚ ਕੀ ਦੇਖਿਆ ਸੀ। ਤਾਂ ਆਪ ਨੇ ਫੁਰਮਾਇਆ ਕਿ ਮੈਂ ਤਾਂ ਮੇਲੇ ਵਿਚ ਕੁਝ ਵੀ ਨਹੀਂ ਦੇਖਿਆ, ਇਕ ਉਜਾੜ ਵਿਚ ਘੁੰਮ ਕੇ ਆਇਆ ਹਾਂ, ਉਜਾੜਾਂ ਵਿਚ ਕੰਡੇਦਾਰ ਝਾੜੀਆਂ ਤੇ ਉਗੜੀ-ਦੁਗੜੀ ਧਰਤੀ ਹੋਇਆ ਕਰਦੀ ਹੈ, ਜਿਸਨੂੰ ਤੁਸੀਂ ਮੇਲਾ ਆਖਦੇ ਹੋ। ਇਸ ਵਿਚ ਵੀ ਅਨੇਕਾਂ ਪ੍ਰੇਮੀਆਂ ਵਿਚੋਂ ਈਰਖਾ ਦੀਆਂ ਲਾਟਾਂ, ਤ੍ਰਿਸ਼ਨਾ ਦੇ ਭਾਂਬੜ ਅਤੇ ਕੁਕਰਮਾਂ ਦੀਆਂ ਸੋਚਾਂ ਰੂਪੀ ਮੈਲੇ-ਕੁਚੈਲੇ ਖਿਆਲ ਨਿਕਲਦੇ ਰਹਿੰਦੇ ਹਨ। ਇਸ ਲਈ ਮੈਂ ਤਾਂ ਇਕ ਅਜਿਹਾ ਉਜਾੜ ਦੇਖ ਕੇ ਆਇਆ ਹਾਂ ਜਿਥੇ ਕੁ-ਰਸ ਹੀ ਕੁ-ਰਸ ਹਨ। ਜਦੋਂ ਪੁਛਿਆ ਗਿਆ ਕਿ ਫੇਰ ਆਪ ਜਾਣਦੇ ਹੋਏ ਵੀ ਕਿਉਂ ਮੇਲੇ ਵਿਚ ਗਏ? ਤਾਂ ਆਪ ਜੀ ਨੇ ਕਿਹਾ ਕਿ ਮੈਂ ਤਾਂ ਇਸ ਆਸ਼ੇ ਨੂੰ ਮੁਖ ਰੱਖ ਕੇ ਗਿਆ ਸੀ ਕਿ ਕੋਈ ਰੱਬ ਦਾ ਪਿਆਰਾ ਮਿਲ ਜਾਵੇਗਾ, ਉਸ ਦੇ ਦਰਸ਼ਨ ਹੋਣ ਨਾਲ ਮੈਂ ਵੀ ਬਖਸ਼ਿਆ ਜਾਵਾਂਗਾ ਅਤੇ ਆਪ ਜੀ ਨੇ ਫੁਰਮਾਨ ਕੀਤਾ -

***ਕਬੀਰ ਜਹ ਜਹ ਹਉ ਫਿਰਿਓ***
***ਕਉਤਕ ਠਾਓ ਠਾਇ॥***
***ਇਕ ਰਾਮ ਸਨੇਹੀ ਬਾਹਰਾ***
***ਊਜਰੁ ਮੇਰੈ ਭਾਂਇ॥ ਅੰਗ - 1365***

ਸੋ ਇਸ ਤਰ੍ਹਾਂ ਭਾਵੇਂ ਗੁਰੂ ਹਾਜ਼ਰੀ ਵਿਚ ਰਿੱਛ ਦਾ ਤਮਾਸ਼ਾ ਬਿਰਤੀਆਂ ਨੂੰ ਉਖੇੜਨ ਵਾਲਾ ਹੀ ਸਾਬਤ ਹੁੰਦਾ ਹੈ ਪਰ ਗੁਰੂ ਮਹਾਰਾਜ ਜੀ ਦੇ ਦਿਬ ਨੈਣਾਂ ਨੇ ਰਿੱਛ ਦੇ ਅੰਦਰ ਫਸੀ ਇਕ ਸਿੱਖ ਰੂਹ ਨੂੰ ਤੱਕਿਆ ਜੋ ਕਿਸੇ ਗੁਰਸਿੱਖ ਦੇ ਸਰਾਪ ਦੇ ਕਾਰਨ ਰਿੱਛ ਜੂਨੀ ਵਿਚ ਦੁਖ ਪਾ ਰਹੀ ਸੀ। ਕਲੰਦਰ ਨੂੰ ਹੁਕਮ ਹੋ ਗਿਆ ਕਿ ਤਮਾਸ਼ਾ ਵਿਖਾ। ਉਸ ਕਲੰਦਰ ਨੇ ਚਮੜੇ ਦੇ ਕਪੜੇ ਪਹਿਨੇ ਹੋਏ ਸਨ, ਰਿੱਛ ਦੇ ਮੂੰਹ ਉਪਰ ਕੱਸ ਕੇ ਮੂਹਰੀ ਪਾਈ ਹੋਈ ਸੀ। ਤਮਾਸ਼ਾ ਸ਼ੁਰੂ ਹੋ ਗਿਆ, ਕਦੇ ਕਲੰਦਰ ਘੋਲ ਵਿਚ ਹੇਠਾਂ ਗਿਰ ਜਾਂਦਾ ਹੈ, ਅਤੇ ਕਦੇ ਰਿੱਛ ਕਲੰਦਰ ਦੇ ਹੇਠਾਂ ਆ ਜਾਂਦਾ ਸੀ। ਰਿੱਛ ਬਹੁਤ ਤਕੜਾ ਸੀ, ਕਲੰਦਰ ਵੀ ਬਹੁਤ ਹੁਸ਼ਿਆਰ ਸੀ। ਸੰਗਤਾਂ ਖਿੜ-ਖਿੜਾ ਕੇ ਹੱਸ ਰਹੀਆਂ ਸਨ। ਗੁਰੂ ਮਹਾਰਾਜ ਜੀ ਦਾ ਚੌਰ ਬਰਦਾਰ ਭਾਈ ਕੀਰਤੀਆ ਵੀ ਇਸ ਹਾਸੇ ਵਿਚ ਸੰਮਿਲਤ ਹੋ ਕੇ ਸਭ ਨਾਲੋਂ ਵੱਧ ਉਚੀ-ਉਚੀ ਹੱਸ ਰਿਹਾ ਸੀ। ਗੁਰੂ ਮਹਾਰਾਜ ਜੀ ਅਜੇ ਕਿਸ਼ੋਰ ਅਵਸਥਾ ਵਿਚ ਹੀ ਸਨ ਜੋ 10 ਤੋਂ 15 ਸਾਲ ਤੱਕ ਦੀ ਹੋਇਆ ਕਰਦੀ ਹੈ। ਉਹ ਭਾਈ ਕੀਰਤੀਏ ਵਲ ਨੂੰ ਪਿਛੇ ਮੁੜ ਕੇ ਕਹਿਣ ਲੱਗੇ, "ਕੀਰਤੀਆ! ਤੂੰ ਨਾ ਹੱਸ, ਸੰਗਤ ਨੂੰ ਹੱਸ ਲੈਣ ਦੇ।" ਕਈਆਂ ਦੇ ਮਨਾਂ ਵਿਚ ਸੰਸਾ ਪੈਦਾ ਹੋ ਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਦੇ ਕੌਤਕ ਦੇਖ ਕੇ ਗੁਰਸਿੱਖ ਇਸ ਪਰਿਵਰਤਨ ਨੂੰ ਸਹਿਨ ਨਹੀਂ ਕਰ ਸਕੇ ਸਨ ਅਤੇ ਪਹਿਲਵਾਨਾਂ ਦੇ ਘੋਲ, ਸ਼ੇਰਾਂ ਦੇ ਸ਼ਿਕਾਰ, ਬਾਜਾਂ ਦਾ ਰੱਖਣਾ ਪਸੰਦ ਨਾ ਕਰਕੇ adjust ਨਹੀਂ ਹੋ ਸਕੇ ਸਨ। ਇਵੇਂ ਹੀ ਕੁਝ ਸਮੇਂ ਲਈ ਮਸੰਦਾਂ ਦੇ ਮਨ ਵਿਚ ਅਜਿਹੀਆਂ ਹੀ ਗੱਲਾਂ ਪੈਦਾ ਹੋਈਆਂ ਜੋ ਸ਼ੰਕਿਆਂ ਵਿਚ ਗ੍ਰਸਤ ਕਰ ਰਹੀਆਂ ਸਨ ਕਿਉਂਕਿ ਪੂਜਾ ਦੇ ਧਾਨ ਵਿਚ ਇਕ ਜ਼ਬਰਦਸਤ ਨੁਕਸ ਹੈ ਕਿ ਜੋ ਇਸਨੂੰ ਖਾਂਦਾ ਹੈ ਉਹਦੇ ਨਾਲ ਤਿੰਨ ਗੱਲਾਂ ਵਾਪਰ ਜਾਂਦੀਆਂ ਹਨ -

***ਧਰਮਸਾਲਾ ਦੀਆਂ ਰੋਟੀਆਂ***
***ਤਿੰਨ ਕੰਮ ਕਰੇਨ,***
***ਮਤ ਮਾਰਨ, ਹੱਡ ਗਾਲਣ,***
***ਭਜਨ ਕਰਨ ਨ ਦੇਣ।***

ਪਰ ਫੇਰ ਵੀ ਭਾਈ ਕੀਰਤੀਏ ਨਾਲ ਹੋਈ ਗੱਲਬਾਤ ਧਿਆਨ ਨਾਲ ਸੁਣ ਰਹੇ ਸਨ ਅਤੇ ਸਮਝਦੇ ਸਨ ਕਿ ਗੁਰੂ ਜੀ ਨਿਰਾ ਤਮਾਸ਼ਾ ਹੀ ਨਹੀਂ ਦਿਖਾ ਰਹੇ, ਜ਼ਰੂਰ ਇਹਦੇ ਵਿਚ ਕੋਈ

ਸਿਖਿਆ ਅਸਾਡੇ ਲਈ ਦੇਣਗੇ। ਜਦੋਂ ਭਾਈ ਕੀਰਤੀਏ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਮਹਾਰਾਜ! ਸਾਰੀ ਸੰਗਤ ਹੱਸ ਰਹੀ ਹੈ ਤੇ ਮੈਂ ਕਿਉਂ ਨਾ ਹੱਸਾਂ? ਗੁਰੂ ਮਹਾਰਾਜ ਜੀ ਨੇ ਸਹਿਜ ਨਾਲ ਹੀ ਕਿਹਾ ਕਿ ਕੀਰਤੀਆ! ਇਹ ਤੇਰਾ ਪਿਤਾ ਸੋਭਾ ਰਾਮ (ਗੁਰਦਾਸ) ਹੈ। ਉਸਨੂੰ ਇਹ ਗੱਲ ਗੁਰੂ ਮਹਾਰਾਜ ਦੀ ਬਿਲਕੁਲ ਨਾ ਭਾਈ। ਉਸਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਪਿਤਾ ਗੁਰੂ ਸੱਤਵੇਂ, ਅੱਠਵੇਂ, ਨੌਂਵੇਂ ਪਾਤਸ਼ਾਹ ਦੀ ਸੇਵਾ ਵਿਚ ਚੌਰ ਬਰਦਾਰ ਹੋ ਕੇ ਸੇਵਾ ਕਰਦਾ ਰਿਹਾ ਸੀ, ਉਹ ਹਮੇਸ਼ਾ ਗੁਰੂ ਅੱਗੇ ਸੰਗਤਾਂ ਵਿਚ ਅਰਦਾਸ ਕਰਿਆ ਕਰਦਾ ਸੀ ਅਤੇ ਪ੍ਰਸ਼ਾਦ ਵੰਡਿਆ ਕਰਦਾ ਸੀ। ਮੇਰੇ ਯਾਦ ਹੈ ਕਿ ਉਹ ਘਰ ਦਾ ਕੋਈ ਕੰਮ ਨਹੀਂ ਸੀ ਕਰਦਾ, ਸਦਾ ਹੀ ਗੁਰੂ ਸੇਵਾ ਵਿਚ ਤਤਪਰ ਰਹਿੰਦਾ ਸੀ। ਐਨੀ ਸੇਵਾ ਕਰਨ ਦੇ ਬਾਵਜੂਦ ਭੀ ਉਸਦੀ ਸੇਵਾ ਥਾਂ ਨਾ ਪਈ ਅਤੇ ਉਸਨੂੰ ਇਸ ਤਮੋਗੁਣ ਜੂਨੀ ਵਿਚ ਪ੍ਰਵੇਸ਼ ਕਰਕੇ ਰਿੱਛ ਦੀ ਜੂਨੀ ਭੋਗਣੀ ਪਈ। ਜੇ ਤੁਹਾਡੀਆਂ ਸੇਵਾਵਾਂ ਕਰਨ ਦਾ ਇਹੋ ਫਲ ਹੈ ਤਾਂ ਮੈਂ ਤਾਂ ਬਾਂਦਰ ਜ਼ਰੂਰ ਬਣਾਂਗਾ। ਮੇਰਾ ਪਿਤਾ ਰਿੱਛ ਬਣਿਆਂ, ਮੈਂ ਬਾਂਦਰ ਬਣ ਜਾਵਾਂਗਾ। ਇਹ ਗੱਲ ਸਾਰੇ ਸਰੋਤਿਆਂ ਦਾ ਧਿਆਨ ਕੇਂਦਰਤ ਕਰਕੇ, ਗੁਰੂ ਮਹਾਰਾਜ ਦੇ ਬਚਨਾਂ ਵਲ ਆ ਗਈ। ਆਪ ਨੇ ਸਹਿਜੇ ਹੀ ਫੁਰਮਾਨ ਕੀਤਾ ਕਿ ਭਾਈ ਕੀਰਤੀਆ! ਸੇਵਾ, ਜੇ ਵਿਧੀ ਪੂਰਬਕ ਕੀਤੀ ਜਾਵੇ ਤਾਂ ਥਾਂ ਪਿਆ ਕਰਦੀ ਹੈ –

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ॥***

***ਅੰਗ – 314***

ਆਪਣੇ ਤਨ ਮਨ ਨੂੰ ਗੁਰੂ ਅੱਗੇ ਭੇਟ ਕਰਕੇ, ਸੇਵਾ ਕਰਨੀ ਸਫਲ ਹੋਇਆ ਕਰਦੀ ਹੈ ਜਿਵੇਂ ਕਿ –

***ਹਸਤੀ ਸਿਰਿ ਜਿਉ ਅੰਕਸੁ ਹੈ***
***ਅਹਰਣਿ ਜਿਉ ਸਿਰੁ ਦੇਇ॥***
***ਮਨੁ ਤਨੁ ਆਗੈ ਰਾਖਿ ਕੈ***
***ਊਭੀ ਸੇਵ ਕਰੇਇ॥***
***ਇਉ ਗੁਰਮੁਖਿ ਆਪੁ ਨਿਵਾਰੀਐ***
***ਸਭੁ ਰਾਜੁ ਸ੍ਰਿਸਟਿ ਕਾ ਲੇਇ॥***
***ਨਾਨਕ ਗੁਰਮੁਖਿ ਬੁਝੀਐ***
***ਜਾ ਆਪੇ ਨਦਰਿ ਕਰੇਇ॥***

***ਅੰਗ – 648***

ਜੇ ਇਸ ਦੇ ਵਿਪਰੀਤ ਹਉਮੈ ਵਿਚ ਸੇਵਾ ਕੀਤੀ ਜਾਵੇ ਕਿ ਮੈਂ ਸੇਵਾ ਕਰਦਾ ਹਾਂ, ਮੇਰੇ ਬਿਨਾਂ ਇਹ ਸੇਵਾ ਕੋਈ ਨਹੀਂ ਕਰ ਸਕਦਾ ਤਾਂ ਉਹ ਸੇਵਾ ਸੁਖ ਤੇ ਸ਼ਾਂਤੀ ਨਹੀਂ ਦਿਆ ਕਰਦੀ, ਉਸਦੀ ਥਾਂ ਤੇ ਆਦਮੀ ਦੇ ਮਨ ਵਿਚ ਤਮੋ ਗੁਣ ਪੈਦਾ ਹੋ ਜਾਂਦਾ ਹੈ। (ਬਹੁਤ ਸਾਰੇ ਪ੍ਰੇਮੀ ਬਹੁਤ ਮਿਹਨਤ ਕਰਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਂਦੇ ਹਨ ਅਤੇ ਬਹੁਤ ਪ੍ਰਸੰਸਾ ਪ੍ਰਾਪਤ ਕਰਦੇ ਹਨ ਪਰ ਜਦੋਂ ਗੁਰਦੁਆਰੇ ਦੀ ਸੰਭਾਲ ਲਈ ਬਣੀ ਹੋਈ ਕਮੇਟੀ ਦੀ ਚੋਣ ਹੁੰਦੀ ਹੈ, ਜੇ ਉਹ ਇਸ ਵਿਚ ਨਾ ਆ ਸਕਣ ਤੇ ਹੋਰ ਹੀ ਪ੍ਰੇਮੀ ਪ੍ਰਧਾਨ ਸਕੱਤਰ ਬਣ ਜਾਣ ਤਾਂ ਉਨ੍ਹਾਂ ਦੇ ਮਨ ਉਤੇ ਐਸੀ ਸੱਟ ਲਗਦੀ ਹੈ ਕਿ ਅਸੀਂ ਤਾਂ ਘਰ ਦੇ ਕੰਮ ਛੱਡ-ਛੱਡ ਕੇ ਸੇਵਾ ਕਰਦੇ ਰਹੇ ਹਾਂ ਤੇ ਉਹ ਦੁਖੀ ਹੋ ਜਾਂਦੇ ਹਨ। ਇਥੋਂ ਤੱਕ ਵੀ ਦੇਖਿਆ ਗਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਜਾਣਾ ਹੀ ਛੱਡ ਦਿੰਦੇ ਹਨ।) ਅਜਿਹੀ ਸੇਵਾ ਨੂੰ ਹਉਮੈ ਵਿਚ ਕੀਤੀ ਹੋਈ ਸੇਵਾ ਕਿਹਾ ਜਾਂਦਾ ਹੈ ਜਿਸ ਬਾਰੇ ਹੁਕਮ ਹੈ –

***ਵਿਚਿ ਹਉਮੈ ਸੇਵਾ ਥਾਇ ਨ ਪਾਏ॥***
***ਜਨਮਿ ਮਰੈ ਫਿਰਿ ਆਵੈ ਜਾਏ॥***
***ਸੋ ਤਪੁ ਪੂਰਾ ਸਾਈ ਸੇਵਾ***
***ਜੋ ਹਰਿ ਮੇਰੇ ਮਨਿ ਭਾਣੀ ਹੇ॥***

***ਅੰਗ – 1070***

ਸੇਵਾ ਉਸੇ ਦੀ ਥਾਂ ਪੈਂਦੀ ਹੈ ਜੋ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਉਸਦੀ ਸੇਵਾ ਕਰਨ ਨਾਲ ਅੰਦਰਲਾ ਹਨ੍ਹੇਰਾ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਦਰ ਜੋਤਿ ਜਗ ਜਾਂਦੀ ਹੈ, ਅਨਹਦ ਸ਼ਬਦ ਦੀ ਧੁਨ ਵਿਚ ਮਸਤ ਹੋਇਆ ਸਦਾ ਹੀ ਖਿੜਿਆ ਰਹਿੰਦਾ ਹੈ ਅਤੇ ਅੰਤ ਅਜਿਹੇ ਗੁਰਸਿੱਖ ਨੂੰ ਗੁਰੂ ਉਪਦੇਸ਼ ਦੇ ਕੇ ਪਾਰਬ੍ਰਹਮ ਨਾਲ ਅਭੇਦ ਕਰਾ ਦਿੰਦਾ ਹੈ –

***ਸੇਵਾ ਕਰਤ ਹੋਇ ਨਿਹਕਾਮੀ॥***

***ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਅੰਗ - 287***

ਉਸ ਵੇਲੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਕਿ ਸਾਧਸੰਗਤ ਜੀ! ਇਸ ਦਾ ਪਿਤਾ ਸੇਵਾ ਕਰਦਾ ਸੀ। ਉਸ ਵਿਚ ਦੋਸ਼ ਸੀ, ਉਹ ਸੇਵਾ ਦੇ ਵਿਚ ਐਨਾ ਅਭਿਮਾਨੀ ਹੋ ਗਿਆ ਸੀ ਕਿ ਉਸਦੇ ਅੰਦਰੋਂ ਨਿੰਮਰਤਾ ਖਤਮ ਹੋ ਗਈ ਲਗਦੀ ਸੀ। ਉਹ ਗੁਰਬਾਣੀ ਦੇ ਆਦੇਸ਼ ਦੇ ਵਿਪਰੀਤ ਮੁਖ ਤੋਂ ਫਿੱਕੀਆਂ ਗੱਲਾਂ ਕਹਿੰਦਾ ਸੀ।

ਇਕ ਵਾਰੀ ਅਜਿਹਾ ਹੋਇਆ ਕਿ ਇਕ ਗੁਰਸਿੱਖ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਕੇ ਲੰਗਰ ਲਈ ਦਾਣੇ, ਮਿੱਠਾ ਅਤੇ ਹੋਰ ਵਸਤੂਆਂ ਲੈ ਕੇ ਆ ਰਿਹਾ ਸੀ। ਜਦੋਂ ਉਹ ਗੁਰੂ ਦਰਬਾਰ ਅੱਗਿਓਂ ਲੰਘਣ ਲੱਗਿਆ ਤਾਂ ਗੱਡਾ ਖੜ੍ਹਾ ਕਰਕੇ ਕਾਹਲੀ ਨਾਲ ਅੰਦਰ ਆਇਆ ਕਿ ਮੈਂ ਗੁਰੂ ਮਹਾਰਾਜ ਜੀ ਦਾ ਸੀਤ ਪ੍ਰਸ਼ਾਦ ਲੈ ਲਵਾਂ। ਇਹ ਭਾਈ ਸੋਭਾ ਰਾਮ ਪ੍ਰਸ਼ਾਦ ਵੰਡ ਰਿਹਾ ਸੀ, ਇਸ ਕਿਰਤੀ ਸਿੰਘ ਦਾ ਨਾਮ ਭਾਈ ਧੰਨਾ ਸੀ ਜੋ ਧਿਆਨ ਸਿੱਧ ਹੋ ਚੁਕਿਆ ਸੀ ਤੇ ਹਰ ਵਕਤ ਅੰਦਰ ਬਾਹਰ ਗੁਰੂ ਦੇ ਦਰਸ਼ਨਾਂ ਵਿਚ ਲਿਵਲੀਨ ਰਿਹਾ ਕਰਦਾ ਸੀ। ਕਰਨੀ ਕਮਾਈ ਵਾਲਾ ਗੁਰਸਿੱਖ ਘਾਲ ਕਮਾਈ ਕਰਕੇ ਅਭੇਦਤਾ ਦੀ ਅਵਸਥਾ ਵਿਚ ਗੁਰੂ ਕ੍ਰਿਪਾ ਨਾਲ ਪੁਜਿਆ ਹੋਇਆ ਸੀ ਅਤੇ ਉਸਦੀ ਰਸਨਾ ਦੇ ਉਪਰ ਸਦਾ ਹੀ ਗੁਰੂ ਵਸਦਾ ਸੀ -

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥***
***ਅੰਗ - 263***

ਉਸ ਨੇ ਆ ਕੇ ਬੇਨਤੀ ਕੀਤੀ ਕਿ ਗੁਰਮੁਖ ਪਿਆਰਿਓ! ਮੇਰੇ ਬੈਲ ਗੱਡਾ ਲੈ ਕੇ ਤੁਰ ਰਹੇ ਹਨ, ਰੁਕੇ ਨਹੀਂ; ਕਿਤੇ ਅਜਿਹਾ ਨਾ ਹੋਵੇ ਕਿ ਮੇਰਾ ਗੱਡਾ ਖੱਡੇ ਵਿਚ ਗਿਰ ਕੇ ਪਾਸ ਮਾਰ ਜਾਵੇ। ਮੈਨੂੰ ਮਾਫ ਕਰਨਾ, ਮੈਂ ਪ੍ਰਸ਼ਾਦ ਦੀ ਮੰਗ ਇਸ ਕਰਕੇ ਛੇਤੀਂ ਕਰ ਰਿਹਾ ਹਾਂ। ਉਸ ਗੁਰਸਿੱਖ ਦਾ ਦਾਹੜਾ ਤੇ ਸਾਰੇ ਵਸਤਰ ਧੂੜ ਨਾਲ ਐਨੇ ਲੱਥ-ਪੱਥ ਹੋ ਚੁੱਕੇ ਸਨ ਕਿ ਪਹਿਚਾਣਿਆ ਵੀ ਨਹੀਂ ਜਾਂਦਾ ਸੀ। ਭਾਈ ਸੋਭਾ ਰਾਮ ਉਸਦੀ ਬੇਨਤੀ ਸੁਣ ਕੇ ਕੁਝ ਖਿਝ ਗਿਆ, ਉਹ ਉਸ ਥਾਂ ਨੂੰ ਛੱਡ ਕੇ ਦੂਜੇ ਪਾਸੇ ਪ੍ਰਸ਼ਾਦ ਵੰਡਣ ਲੱਗ ਗਿਆ। ਇਹ ਵੀ ਉਠ ਕੇ ਦੂਜੇ ਪਾਸੇ ਚਲਾ ਗਿਆ ਤੇ ਪਹਿਲਾਂ ਵਾਲੀ ਬੇਨਤੀ ਫੇਰ ਕਰਨ ਲੱਗਿਆ ਤਾਂ ਸੋਭਾ ਰਾਮ ਨੇ ਅਭਿਮਾਨ ਵਿਚ ਆਏ ਹੋਏ ਨੇ ਬਹੁਤ ਹੀ ਨਿਰਾਦਰ ਭਰੇ ਬਚਨ ਬੋਲੇ ਤੇ ਕਿਹਾ, "ਓ ਰਿੱਛਾ! ਓ ਰਿੱਛਾ! ਕਿਉਂ ਛਲਾਂਗਾਂ ਮਾਰਦਾ ਹੈਂ? ਧੂਸ ਜਿਹੇ ਨੂੰ ਇਹ ਵੀ ਨਹੀਂ ਪਤਾ ਕਿ ਪ੍ਰਸ਼ਾਦ ਬੈਠ ਕੇ ਲਈਦਾ ਹੈ।" ਭਾਈ ਧੰਨੇ ਨੇ ਉਸ ਵੱਲ ਵੇਖਿਆ ਤੇ ਬੇਨਤੀ ਕੀਤੀ ਕਿ ਗੁਰੂ ਦਾ ਹੁਕਮ ਹੈ -

***ਨਾਨਕ ਫਿਕਾ ਬੋਲੀਐ***
***ਤਨੁ ਮਨੁ ਫਿਕਾ ਹੋਇ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ***
***ਸੋਇ॥***
***ਫਿਕਾ ਦਰਗਹ ਸਟੀਐ***
***ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ***
***ਪਾਣਾ ਲਹੈ ਸਜਾਇ॥ ਅੰਗ - 473***

ਅਤੇ ਬਾਣੀ ਵਿਚ ਇਹ ਵੀ ਫੁਰਮਾਇਆ ਹੈ ਕਿ -

***ਇਕੁ ਫਿਕਾ ਨ ਗਾਲਾਇ***
***ਸਭਨਾ ਮੈ ਸਚਾ ਧਣੀ॥***
***ਹਿਆਉ ਨ ਕੈਹੀ ਠਾਹਿ***
***ਮਾਣਕ ਸਭ ਅਮੋਲਵੇ॥***
***ਅੰਗ - 1384***

ਗੁਰੂ ਦੇ ਹਰ ਵਕਤ ਸਨਮੁਖ ਰਹਿ ਕੇ ਤੇਰੀ ਰਸਨਾ ਵਿਚ ਮਿਠਾਸ ਕਿਉਂ ਨਹੀਂ ਆਈ? ਮੈਨੂੰ ਤੇਰੇ ਨਿਰਾਦਰੀ ਭਰੇ ਵਾਕਾਂ ਨਾਲ ਕੋਈ ਖੇਦ ਨਹੀਂ ਹੋਇਆ **ਪਰ ਪਿਆਰਿਆ! ਤੂੰ ਰਿੱਛ ਜ਼ਰੂਰ ਬਣੇਂਗਾ।** ਗੁਰਮੁਖ ਦਾ ਅਮੋਘ ਬਾਣ ਚਲ ਗਿਆ। ਸੋਭਾ ਰਾਮ ਦੇ ਹਿਰਦੇ ਵਿਚ ਕੁਝ ਧੁਕ-ਧੁਕੀ ਲੱਗਣ ਲਗ ਗਈ ਕਿ ਅਜਿਹੇ ਭੋਲੇ-ਭਾਲੇ ਗੁਰਸਿੱਖਾਂ ਦੇ ਬਚਨ ਕਦੇ ਵੀ ਨਿਹਫਲ ਨਹੀਂ ਹੁੰਦੇ। ਕਿਤੇ ਐਸਾ ਨਾ ਹੋਵੇ ਕਿ ਮੈਂ ਸਚਮੁਚ ਰਿੱਛ ਹੀ ਨਾ ਬਣ ਜਾਵਾਂ। ਬਾਰ-ਬਾਰ ਉਸਦੇ ਕੰਨਾਂ ਵਿਚ ਗੁਰਸਿੱਖ ਦੇ ਬਚਨ ਗੂੰਜ ਰਹੇ ਸਨ ਕਿ ਤੂੰ ਰਿੱਛ ਜ਼ਰੂਰ ਬਣੇਂਗਾ। ਸੇਵਾ ਤੋਂ ਵਿਹਲੇ ਹੋ ਕੇ ਸਮਾਂ ਪਾ ਕੇ ਗੁਰੂ ਤੇਗ ਬਹਾਦਰ ਜੀ ਦੇ ਹਜ਼ੂਰ ਬੇਨਤੀ ਕੀਤੀ ਕਿ ਮਹਾਰਾਜ! ਮੈਥੋਂ ਅੱਜ ਇਕ ਭੁੱਲ ਹੋ

ਗਈ ਹੈ, ਮੈਂ ਇਕ ਗੁਰਸਿੱਖ ਨੂੰ ਪ੍ਰਸ਼ਾਦ ਵੰਡਦਿਆਂ ਕੁਝ ਫਿੱਕੇ ਬੋਲ ਬੋਲੇ ਅਤੇ ਕਿਹਾ ਕਿ ਰਿੱਛਾ! ਕਿਉਂ ਛਲਾਂਗਾਂ ਮਾਰਦਾ ਹੈਂ। ਸੱਚੇ ਪਾਤਸ਼ਾਹ! ਉਸਨੇ ਧਰਤੀ ਤੇ ਡਿੱਗਿਆ ਇਕ ਪ੍ਰਸ਼ਾਦ ਦਾ ਕਿਣਕਾ ਮੂੰਹ ਵਿਚ ਪਾ ਲਿਆ ਤੇ ਬਚਨ ਕਰ ਦਿਤਾ ਕਿ ਗੁਰੂ ਪਿਆਰਿਆ! ਤੂੰ ਰਿੱਛ ਦੀ ਜੂਨੀ ਵਿਚ ਜ਼ਰੂਰ ਪਵੇਂਗਾ। ਜਦੋਂ ਮੈਂ ਉਸ ਦੇ ਬਾਰੇ ਪਤਾ ਕੀਤਾ ਤਾਂ ਸੰਗਤ ਵਿਚੋਂ ਮੈਨੂੰ ਦੱਸਿਆ ਕਿ ਉਹ ਤਾਂ ਭਾਈ ਧੰਨਾ ਸੀ ਜੋ ਹਰ ਸਮੇਂ ਗੁਰੂ ਧਿਆਨ ਵਿਚ ਲੀਨ ਰਹਿੰਦਾ ਹੈ ਤੇ ਸਿੱਧ ਪੁਰਸ਼ ਹੈ। ਉਸ ਦੇ ਸਾਹਮਣਿਓਂ ਕਦੇ ਵੀ ਗੁਰੂ ਦਾ ਸਰੂਪ ਓਹਲੇ ਨਹੀਂ ਹੁੰਦਾ। ਜਦੋਂ ਗੁਰੂ ਮਹਾਰਾਜ ਜੀ ਨੇ ਬਚਨ ਸੁਣਿਆ, ਅੰਤਰ ਧਿਆਨ ਹੋ ਕੇ ਵੇਖਿਆ ਤਾਂ ਫੁਰਮਾਇਆ ਕਿ ਭਾਈ ਸੋਭਾ ਰਾਮ ਕੁਝ ਸਮਾਂ ਤੈਨੂੰ ਰਿੱਛ ਦੀ ਜੋਨੀ ਜ਼ਰੂਰ ਹੀ ਭੋਗਣੀ ਪਵੇਗੀ। ਸੋਭਾ ਰਾਮ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਉਹ ਇਕ ਸਿੱਖ ਹੈ, ਤੁਸੀਂ ਸਰਬ ਕਲਾ ਸਮਰੱਥ ਸਤਿਗੁਰੂ ਹੋਂ, ਤੁਸੀਂ ਉਸ ਦੇ ਬਚਨ ਨੂੰ ਬਦਲਣ ਲਈ ਪੂਰੀ ਤਰ੍ਹਾਂ ਸਮਰੱਥ ਹੋ, ਆਪ ਉਸ ਦਾ ਬਚਨ ਬਦਲ ਦੇਵੋ। ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਗੁਰਸਿੱਖਾ! ਇਹ ਆਦਿ ਜੁਗਾਦਿ ਤੋਂ ਰੀਤ ਚਲੀ ਆ ਰਹੀ ਹੈ ਕਿ ਪ੍ਰਮੇਸ਼ਰ ਆਪਣੇ ਪਿਆਰਿਆਂ ਦਾ ਕੀਤਾ ਹੋਇਆ ਹਰ ਹਾਲਤ ਵਿਚ ਮੰਨਦਾ ਹੈ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ॥***
***ਮੇਰੇ ਰਾਮ ਹਰਿ ਸੰਤਾ***
***ਜੇਵਡੁ ਨ ਕੋਈ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ॥***

***ਅੰਗ – 748***

ਗੁਰੂ ਪਿਆਰੇ ਜੋ ਸਦਾ ਹੀ ਗੁਰੂ ਵਿਚ ਲੀਨ ਰਹਿੰਦੇ ਹਨ ਗੁਰੂ ਉਨ੍ਹਾਂ ਦੀ ਰਸਨਾ ਤੇ ਵਸਦਾ ਹੈ। ਗੁਰਸਿੱਖਾਂ ਨੂੰ ਤਾਂ ਇਹ ਅਧਿਕਾਰ ਹੈ ਕਿ ਗੁਰੂ ਮਾਰਿਆਂ ਨੂੰ ਉਹ ਬਖਸ਼ਾ ਲੈਂਦੇ ਹਨ। ਜਿਵੇਂ ਭਾਈ ਲੱਧਾ ਪਰਉਪਕਾਰੀ ਜੀ ਨੇ ਸੱਤਾ ਬਲਵੰਡਾ ਨੂੰ ਗੁਰੂ ਪੰਜਵੇਂ ਪਾਤਸ਼ਾਹ ਜੀ ਤੋਂ ਬਖਸ਼ਵਾਇਆ ਪਰ ਗੁਰੂ, ਸਿੱਖ ਦੇ ਮਾਰੇ ਹੋਏ ਨੂੰ ਨਹੀਂ ਬਖਸ਼ਿਆ ਕਰਦਾ। ਸਿੱਖ ਦੇ ਬਚਨ ਨੂੰ ਕਦੇ ਵੀ ਨਿਹਫਲ ਨਹੀਂ ਕਰਦਾ।

ਤੂੰ ਸੁਣਿਆ ਹੀ ਹੈ, ਗੁਰੂ ਪੰਜਵੇਂ ਮਹਾਰਾਜ ਦਾ ਲਾਹੌਰ ਤੋਂ ਇਕ ਸਿੱਖ ਬੁੱਧੂ ਬੇਨਤੀ ਕਰਦਾ ਹੈ ਕਿ ਮਹਾਰਾਜ! ਮੇਰਾ ਕਾਰੋਬਾਰ ਕੁਝ ਮੰਦਾ ਹੈ, ਮੇਰੀ ਮੰਦੀ ਪਰਾਲਬਧ ਨੂੰ ਦੂਰ ਕਰੋ। ਮੈਂ ਇੱਟਾਂ ਪਕਾਉਣ ਦਾ ਕੰਮ ਕਰਦਾ ਹਾਂ, ਸਦਾ ਹੀ ਦਸਵੰਧ ਗੁਰੂ ਨਮਿਤ ਕੱਢਦਾ ਹਾਂ। ਫੇਰ ਵੀ ਮੇਰਾ ਕੰਮ ਬਹੁਤ ਹੀ ਮੰਦਾ ਰਹਿੰਦਾ ਹੈ, ਮੇਰੀ ਮੰਦ ਪਰਾਲਬਧ ਨੂੰ ਬਦਲ ਕੇ ਤੀਬਰ ਤਮ ਤਰ ਪਰਾਲਬਧ ਵਿਚ ਬਦਲ ਦੇਵੋ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਆ! ਸੁਖਮਨੀ ਸਾਹਿਬ ਦੇ ਅੰਦਰ ਤੂੰ ਪੜ੍ਹਿਆ ਹੀ ਹੈ ਕਿ –

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***
***ਜੇ ਕੋ ਆਪੁਨਾ ਦੂਖੁ ਮਿਟਾਵੈ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ॥***
***ਜੇ ਕੋ ਅਪੁਨੀ ਸੋਭਾ ਲੋਰੈ॥***
***ਸਾਧਸੰਗਿ ਇਹ ਹਉਮੈ ਛੋਰੈ॥***
***ਜੇ ਕੋ ਜਨਮ ਮਰਣ ਤੇ ਡਰੈ॥***
***ਸਾਧ ਜਨਾ ਕੀ ਸਰਨੀ ਪਰੈ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥***
***ਨਾਨਕ ਤਾ ਕੈ ਬਲਿ ਬਲਿ ਜਾਸਾ॥***

***ਅੰਗ – 266***

ਤੂੰ ਇਸ ਤਰ੍ਹਾਂ ਕਰ, ਗੁਰਸਿਖਾਂ ਨੂੰ ਆਪਣੇ ਘਰ ਬੁਲਾ, ਪ੍ਰਸ਼ਾਦਾ ਛਕਾ, ਫੇਰ ਅਰਦਾਸ ਕਰਾ, ਤੇਰਾ ਕਾਰੋਬਾਰ ਚਲ ਜਾਵੇਗਾ। ਉਸਨੇ ਗੁਰੂ ਮਹਾਰਾਜ ਦੇ ਆਦੇਸ਼ ਦੇ ਮੁਤਾਬਿਕ ਗੁਰੂ ਸੰਗਤਾਂ ਨੂੰ ਲੰਗਰ ਛਕਣ ਵਾਸਤੇ ਬੁਲਾਇਆ। ਜਦੋਂ ਸਾਰੇ ਗੁਰਸਿੱਖ ਆ ਗਏ ਤਾਂ ਉਸ ਨੇ ਵਿਹੜੇ ਦਾ ਦਰਵਾਜ਼ਾ ਬੰਦ ਕਰ ਦਿਤਾ। ਸੰਗਤ ਪ੍ਰਸ਼ਾਦਾ ਛਕਣ ਲੱਗੀ ਤਾਂ ਥੋੜ੍ਹਾ ਸਮਾਂ ਹੋਣ ਪਿਛੋਂ ਇਕ ਅਭੇਦ ਅਵਸਥਾ ਦਾ ਗੁਰਸਿੱਖ ਭਾਈ ਲੱਖੂ ਦਰਵਾਜ਼ੇ ਤੇ ਆ ਗਿਆ ਤੇ ਉਸ ਨੇ ਆਵਾਜ਼ ਦੇ ਕੇ ਕਿਹਾ ਕਿ ਭਾਈ ਬੁੱਧੂ! ਦਰਵਾਜ਼ਾ ਖੋਲ੍ਹੋ, ਮੈਨੂੰ ਅੱਜ ਬਹੁਤ ਭੁੱਖ ਲੱਗੀ ਹੋਈ ਹੈ। ਭਾਈ ਬੁੱਧੂ ਜੀ ਇਸ ਦਾ ਬੇ-ਵਕਤ ਆਉਣ ਤੋਂ ਕੁਝ ਖਿਝ ਗਏ। ਨਾ ਹੀ

ਉਨ੍ਹਾਂ ਨੇ ਦਰਵਾਜ਼ਾ ਖੋਲ੍ਹਿਆ ਤੇ ਨਾ ਹੀ ਉਨ੍ਹਾਂ ਦੀ ਭੁੱਖ ਦੀ ਤ੍ਰਿਪਤੀ ਕੀਤੀ। ਭਾਈ ਲੱਖੂ ਜੀ ਨੂੰ ਕੋਰਾ ਜਵਾਬ ਦੇ ਦਿਤਾ ਕਿ ਹੁਣ ਪ੍ਰਸ਼ਾਦਾ ਵਰਤ ਚੁਕਿਆ ਹੈ। ਦੂਜੇ ਪਾਸੇ ਸੰਗਤ ਨੇ ਪ੍ਰਸ਼ਾਦ ਛਕ ਕੇ, ਚੂਲਾ ਪੜ੍ਹ ਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਤੁਸੀਂ ਸੰਗਤ ਵਿਚ ਆਪ ਵਸਦੇ ਹੋਂ, ਸੰਗਤ ਅਰਦਾਸ ਕਰਦੀ ਹੈ ਕਿ ਬੁੱਧੂ ਦੇ ਆਵੇ ਪੱਕ ਜਾਣ। ਜਦੋਂ ਇਹ ਗੱਲ ਭਾਈ ਲੱਖੂ ਨੇ ਵੀ ਸੁਣੀ ਤਾਂ ਉਸਨੇ ਕਿਹਾ, “ਕੱਚੇ ਰਹਿਣਗੇ – ਕੱਚੇ ਰਹਿਣਗੇ – ਕੱਚੇ ਰਹਿਣਗੇ। ਬੁੱਧੂ ਦੇ ਆਵੇ ਕੱਚੇ ਰਹਿਣਗੇ।” ਜਦੋਂ ਭਾਈ ਬੁੱਧੂ ਨੇ ਆਪਣੀਆਂ ਇੱਟਾਂ ਦਾ ਆਵਾ ਪੱਕਣ ਤੇ ਵੇਖਿਆ ਤਾਂ ਹੈਰਾਨ ਰਹਿ ਗਿਆ ਕਿ ਸਭ ਕੁਝ ਪੂਰੀ ਵਿਧੀ ਦੇ ਨਾਲ ਹੋਣ ਦੇ ਬਾਵਜੂਦ ਇੱਟਾਂ ਪਿੱਲੀਆਂ ਨਿਕਲੀਆਂ। ਤਾਂ ਗੁਰੂ ਚਰਨਾਂ ਵਿਚ ਆ ਗਿਆ ਤੇ ਦੱਸਿਆ ਕਿ ਮਹਾਰਾਜ! ਸੰਗਤ ਨੇ ਅਰਦਾਸ ਵੀ ਕੀਤੀ ਹੈ ਕਿ ਆਵਾ ਪੱਕ ਜਾਵੇ, ਪੂਰੀ ਵਿਧੀ ਨਾਲ ਪ੍ਰਸ਼ਾਦਾ ਛਕਾ ਕੇ ਸਭਨਾਂ ਦਾ ਯਥਾਯੋਗ ਸਤਿਕਾਰ ਕੀਤਾ ਸੀ, ਵਸਤਰ ਭੇਟ ਕੀਤੇ ਸਨ। ਸੱਚੇ ਪਾਤਸ਼ਾਹ ਮੈਨੂੰ ਸਮਝ ਨਹੀਂ ਆ ਰਿਹਾ, ਆਪ ਦੇ ਬਚਨ ਹੋਣ ਦੇ ਬਾਵਜੂਦ ਵੀ ਆਵਾ ਕੱਚਾ ਨਿਕਲਿਆ। ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਭਾਈ ਗੁਰਸਿਖਾ! ਤੇਰੇ ਤੋਂ ਕੋਈ ਬਹੁਤ ਵੱਡੀ ਭੁੱਲ ਹੋਈ ਹੈ। ਤੂੰ ਕਿਸੇ ਗੁਰਸਿੱਖ ਨੂੰ ਭੁੱਖਾ ਰੱਖਿਆ ਹੈ, ਉਹ ਤੇਰੀ ਸੇਵਾ ਵਿਚ ਵਿਘਨ ਪੈ ਗਿਆ। ਉਸ ਵੇਲੇ ਉਸ ਦੇ ਯਾਦ ਆ ਗਿਆ ਤੇ ਕਹਿਣ ਲੱਗਿਆ, “ਸੱਚੇ ਪਾਤਸ਼ਾਹ! ਇਕ ਲਟਬਉਰਾ ਜਿਹਾ ਸਿੱਖ ਜੋ ਪਹਿਲਾਂ ਡਾਕੇ ਮਾਰਿਆ ਕਰਦਾ ਸੀ, ਹੁਣ ਐਵੇਂ ਮਸਤਾਨੀ ਹਾਲਤ ਵਿਚ ਫਿਰਦਾ ਰਹਿੰਦਾ ਹੈ, ਉਸ ਸਮੇਂ ਜਦੋਂ ਅਰਦਾਸ ਹੋ ਰਹੀ ਸੀ ਤਾਂ ਸੰਗਤ ਨੇ ਕਿਹਾ ਕਿ ਆਵਾ ਪੱਕਾ ਨਿਕਲੇ ਪਰ ਉਸਨੇ ਤਿੰਨ ਵਾਰੀ ਕਿਹਾ, “ਕੱਚਾ ਨਿਕਲੇਗਾ-ਕੱਚਾ ਨਿਕਲੇਗਾ-ਕੱਚਾ ਨਿਕਲੇਗਾ।” ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਸਿੱਖਾ! ਉਹ ਗੁਰਸਿੱਖ ਅਭੇਦ ਅਵਸਥਾ ਦਾ ਹੈ, ਉਹ ਸਦਾ ਹੀ ਸਾਡੇ ਸਰੂਪ ਵਿਚ ਲੀਨ ਰਹਿੰਦਾ ਹੈ। ਗੁਰੂ ਅਜਿਹੇ ਸਿੱਖਾਂ ਦੀ ਰਸਨਾ ਤੇ ਵਾਸਾ ਕਰਦਾ ਹੈ, ਉਸਦੇ ਬਚਨ ਮੇਰੇ ਹੀ ਬਚਨ ਸਨ। ਮੈਂ ਕਿਸੇ ਹਾਲਤ ਵਿਚ ਵੀ ਆਪਣੇ ਗੁਰਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਗੁਰਬਾਣੀ ਵਿਚ ਫੁਰਮਾਨ ਹੈ –

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੇ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਅੰਗ – 1253***

ਅਭੇਦ ਅਵਸਥਾ ਦੇ ਗੁਰਸਿੱਖ ਮੇਰਾ ਜੀਵਨ ਹਨ ਅਤੇ ਮੇਰਾ ਹੀ ਰੂਪ ਹੋਇਆ ਕਰਦੇ ਹਨ, ਗੁਰੂ ਉਸਦਾ ਬਚਨ ਤਾਂ ਨਿਹਫਲ ਨਹੀਂ ਕਰ ਸਕਦਾ ਪਰ ਤੈਨੂੰ ਘਾਟਾ ਨਹੀਂ ਰਹਿਣਾ, ਤੇਰੀਆਂ ਪਿੱਲੀਆਂ ਇੱਟਾਂ ਪੱਕੀਆਂ ਤੋਂ ਵੀ ਮਹਿੰਗੀਆਂ ਵਿਕਣਗੀਆਂ। ਕਹਿਣ ਲੱਗੇ, “ਦੇਖ, ਦਰਬਾਸ਼ਾ ਰਿਸ਼ੀ ਨੇ ਬਚਨ ਕਰ ਦਿਤਾ ਸੀ, ਜਦੋਂ ਬੱਚਿਆਂ ਨੇ ਕਪਟ ਕਰਕੇ ਇਕ ਲੜਕੇ ਦੇ ਪੇਟ ਤੇ ਬਾਟੀ ਮੂਧੀ ਮਾਰ ਕੇ, ਬੰਨ੍ਹ ਕੇ, ਇਸਤ੍ਰੀਆਂ ਵਾਲੇ ਕੱਪੜੇ ਪੁਆ ਕੇ ਪੁਛਿਆ ਸੀ ਕਿ ਇਸਦੇ ਕੀ ਔਲਾਦ ਹੋਵੇਗੀ? ਤਾਂ ਰਿਸ਼ੀ ਨੇ ਬਚਨ ਕਰ ਦਿਤਾ ਕਿ ਇਹਦੇ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਇਸ ਸਰਾਪ ਨੂੰ ਬਖਸ਼ਾਉਣ ਲਈ ਬੱਚਿਆਂ ਨੇ ਬਹੁਤ ਬੇਨਤੀਆਂ ਕ੍ਰਿਸ਼ਨ ਮਹਾਰਾਜ ਜੀ ਨੂੰ ਕੀਤੀਆਂ ਤਾਂ ਉਨ੍ਹਾਂ ਨੇ ਕਿਹਾ ਕਿ ਰੱਬ ਆਪਣੇ ਭਗਤਾਂ ਦਾ ਕੀਤਾ ਹੋਇਆ ਨਹੀਂ ਬਦਲ ਸਕਦਾ।

ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਸੋਭਾ ਰਾਮ ਨੂੰ ਕਹਿ ਰਹੇ ਹਨ ਕਿ ਗੁਰਸਿਖਾ! ਤੂੰ ਹਉਮੈ ਵਿਚ ਆ ਕੇ ਸੇਵਾ ਕਰਦਾ ਹੈਂ ਅਤੇ ਗੁਰਬਾਣੀ ਦੇ ਉਲਟ ਤੇਰੀ ਰਸਨਾ ਫਿਕਾ ਬੋਲਦੀ ਹੈ। ਨਿਰਾਦਰ ਭਰੇ ਵਾਕ ਤੂੰ ਅਭੇਦ ਅਵਸਥਾ ਦੇ ਗੁਰਸਿੱਖ ਨੂੰ ਕਹੇ ਹਨ, ਹੁਣ ਤੈਨੂੰ ਰਿੱਛ ਤਾਂ ਜ਼ਰੂਰ ਬਣਨਾ ਪਵੇਗਾ। ਜਦੋਂ ਉਸਨੇ ਬਾਰ-ਬਾਰ ਬੇਨਤੀਆਂ ਕੀਤੀਆਂ ਤਾਂ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਅਸੀਂ ਦਸਵੇਂ ਜਾਮੇ ਵਿਚ ਤੈਨੂੰ ਮੁਕਤ ਕਰ ਦੇਵਾਂਗੇ।

ਇਹ ਬਚਨ ਕਰਕੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਲੰਦਰ ਤੋਂ ਰਿੱਛ ਮੁੱਲ ਮੰਗਿਆ। ਪੈਸੇ ਦੇ ਕੇ ਰਿੱਛ ਲੈ ਲਿਆ, ਹੁਕਮ ਹੋਇਆ ਕਿ ਦੇਗ ਬਣਾ ਕੇ ਲਿਆਵੋ, ਅਰਦਾਸ ਕਰੋ, ਪ੍ਰਸ਼ਾਦ ਵੰਡੋ।

ਗੁਰੂ ਮਾਹਾਰਾਜ ਨੇ ਆਪਣੇ ਦਸਤੇ ਮੁਬਾਰਕ ਉਤੇ ਪ੍ਰਸ਼ਾਦ ਲਿਆ ਅਤੇ ਇਕ ਕਿਣਕਾ ਮੁਖ ਵਿਚ ਪਾ ਕੇ ਬਾਕੀ ਦਾ ਉਸ ਰਿੱਛ ਨੂੰ ਪਾ ਦਿਤਾ। ਸ਼ੀਤ ਪ੍ਰਸ਼ਾਦ ਛਕਦੇ ਸਾਰ ਰਿੱਛ ਧੜੰਮ ਕਰਕੇ ਗਿਰ ਗਿਆ ਅਤੇ ਭਾਈ ਸੋਭਾ ਰਾਮ ਦੀ ਰੂਹ ਗੁਰੂ ਮਹਾਰਾਜ ਜੀ ਨੇ ਪ੍ਰਤੱਖ ਕਰਕੇ ਸਾਰੇ ਗੁਰਸਿੱਖਾਂ ਨੂੰ ਵਿਖਾ ਦਿਤੀ। ਉਸ ਨੇ ਵੀ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਪ੍ਰਲੋਕ ਨੂੰ ਚਲਿਆ ਗਿਆ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰਬਾਣੀ ਵਿਚ ਜੋ ਆਦੇਸ਼ ਆਇਆ ਹੈ –

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ***
***ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਅੰਗ – 1253***

ਗੁਰੂ ਆਪਣੇ ਪਿਆਰਿਆਂ ਗੁਰਸਿੱਖਾਂ ਦੀ ਕੀਤੀ ਹੋਈ ਕਦੇ ਮੋੜਿਆ ਨਹੀਂ ਕਰਦਾ।

ਇਸੇ ਤਰ੍ਹਾਂ ਨਾਲ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਇਕ ਬਹੁਤ ਹੀ ਸੁਲਝਿਆ ਹੋਇਆ ਜੋੜਾ ਜਿਨ੍ਹਾਂ ਦਾ ਨਾਮ ਭਾਈ ਸੋਹਣਾ ਅਤੇ ਬੀਬੀ ਮੋਹਣਾ ਸੀ, ਉਹ ਰਾਏਪੁਰ ਰਾਣੀ ਦੇ ਰਹਿਣ ਵਾਲੇ ਸਨ। ਇਕ ਬੈਰਾਗੀ ਸੰਤ ਨੇ ਉਨ੍ਹਾਂ ਨੂੰ ਪ੍ਰਿਤਮਾ ਦੀ ਪੂਜਾ ਕਰਨ ਲਾ ਦਿਤਾ। ਉਹ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਪੂਜਾ ਕਰਿਆ ਕਰਦੇ ਸਨ। ਪਹਿਲਾਂ ਜਾ ਕੇ ਖੂਹ ਵਿਚੋਂ ਸੁੱਚਾ ਜਲ ਲਿਆਉਣਾ, ਠਾਕਰਾਂ ਨੂੰ ਭੋਗ ਲਵਾਉਣਾ, ਇਸ਼ਨਾਨ ਕਰਾਉਣਾ, ਫੇਰ ਪੂਜਾ ਕਰਨੀ, ਸ੍ਰਦ ਦੇ ਨਾਲ ਭਜਨ ਗਾਉਣੇ ਅਤੇ ਨ੍ਰਿਤਕਾਰੀ ਵੀ ਕਰਨੀ, ਜਿਸ ਦਾ ਕੁਝ ਰਸ ਉਨ੍ਹਾਂ ਨੂੰ ਮਹਿਸੂਸ ਹੋਇਆ ਕਰਦਾ ਸੀ।

ਇਕ ਵਾਰੀ ਉਹ ਜਲ ਲੈ ਕੇ ਆ ਰਹੇ ਸਨ ਤਾਂ ਇਕ ਸਿੱਖ ਮਹਾਤਮਾ ਜੋ ਨੇੜੇ ਦੇ ਜੰਗਲਾਂ ਵਿਚ ਰਿਹਾ ਕਰਦਾ ਸੀ, ਉਸ ਨੇ ਬਚਾਓ-ਬਚਾਓ-ਬਚਾਓ ਦੀ ਅਵਾਜ਼ ਸੁਣੀ, ਦੌੜ ਕੇ ਗਿਆ, ਤਾਂ ਕੀ ਦੇਖਦਾ ਹੈ ਕਿ ਦੋ ਬੀਬੀਆਂ, ਦੋ ਮਰਦ ਅਤੇ ਕੁਝ ਬੱਚੇ ਡਾਕੂਆਂ ਨੇ ਘੇਰੇ ਹੋਏ ਸਨ। ਇਸ ਇਕੱਲੇ ਨੇ ਉਨ੍ਹਾਂ ਨੂੰ ਬਚਾਉਣ ਵਾਸਤੇ ਡਾਕੂਆਂ ਦਾ ਮੁਕਾਬਲਾ ਕੀਤਾ। ਡਾਕੂ ਦੌੜ ਗਏ ਪਰ ਇਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਪਾਣੀ ਦੀ ਤਲਾਸ਼ ਵਿਚ ਰਾਏਪੁਰ ਰਾਣੀ ਵਲ ਆਇਆ, ਇਹ ਸੋਹਣਾ ਤੇ ਮੋਹਣਾ ਗਾਗਰ ਵਿਚ ਜਲ ਲਈਂ ਜਾ ਰਹੇ ਸਨ। ਉਸ ਨੇ ਕਿਹਾ, "ਮੈਨੂੰ ਦੋ ਘੁੱਟ ਪਾਣੀ ਛੇਤੀਂ ਪਿਲਾ ਦੇਵੋ, ਮੇਰਾ ਖੂਨ ਨਿਕਲ ਰਿਹਾ ਹੈ। ਇਸਨੂੰ ਛੇਤੀਂ ਬੰਦ ਕਰਨ ਦਾ ਜਤਨ ਕਰੋ, ਕਿਸੇ ਵੈਦ ਨੂੰ ਮਿਲਾ ਦੇਵੋ।" ਪਰ ਇਹ ਆਪਣੀ ਪੂਜਾ ਦੀ ਸੁੱਚਮ ਵਿਚ ਐਨੇ ਮਸਤ ਸਨ ਕਿ ਦੋ ਘੁੱਟ ਪਾਣੀ ਵੀ ਨਾ ਪਿਲਾਇਆ ਅਤੇ ਕਿਹਾ ਕਿ ਅਸੀਂ ਠਾਕਰਾਂ ਵਾਸਤੇ ਪਾਣੀ ਲੈ ਕੇ ਜਾ ਰਹੇ ਹਾਂ। ਉਸ ਗੁਰਮੁਖ ਦੇ ਮੁਖ 'ਚੋਂ ਬਚਨ ਨਿਕਲੇ ਨਾਲੇ ਠਾਕਰਾਂ ਨੂੰ ਪਿਆਰ ਵੀ ਕਰਨਾ ਪਰ ਉਸਦੇ ਬੰਦਿਆਂ ਨੂੰ ਦੋ ਘੁੱਟ ਪਾਣੀ ਵੀ ਨਾ ਪਿਲਾਉਣਾ; ਠਾਕਰ ਨੇ ਦਰਸ਼ਨ ਬਿਲਕੁਲ ਨਹੀਂ ਦੇਣੇ। ਇਹ ਬੇਪਰਵਾਹ ਹੋਏ ਚਲੇ ਗਏ, ਨਾ ਹੀ ਕੋਈ ਵੈਦ ਲਿਆਂਦਾ, ਨਾ ਹੀ ਪਾਣੀ ਲਿਆ ਕੇ ਉਸ ਦੇ ਮੂੰਹ ਵਿਚ ਦੋ ਘੁੱਟ ਪਾਏ। ਇਹ ਗੁਰਸਿੱਖ ਮਹਾਤਮਾ ਪਾਣੀ ਤੋਂ ਪਿਆਸਾ ਹੀ ਇਸ ਸੰਸਾਰ ਤੋਂ ਗੁਰੂ ਲੋਕ ਨੂੰ ਚਲਿਆ ਗਿਆ। ਜਦੋਂ ਉਹ ਵਾਪਸ ਆਏ, ਤਾਂ ਬਹੁਤ ਸਾਰੇ ਪ੍ਰੇਮੀ ਉਸ ਦੇ ਦੁਆਲੇ ਖੜ੍ਹੇ ਸਨ ਅਤੇ ਕਹਿ ਰਹੇ ਸਨ ਕਿ ਇਸ ਮਹਾਨ ਸੂਰਮੇ ਮਹਾਤਮਾ ਨੇ ਜੋ ਅਨੰਦਪੁਰ ਵਾਲੇ ਗੁਰੂਆਂ ਦਾ ਅਨਿੰਨ ਸਿੱਖ ਹੈ, ਨੇ ਆਪਣੀ ਜਾਨ ਹੂਲ ਕੇ ਜੰਗਲ ਵਿਚ ਡਾਕੂਆਂ ਨਾਲ ਘਿਰੀਆਂ ਬੀਬੀਆਂ, ਬੱਚਿਆਂ ਦੀ ਰਾਖੀ ਕੀਤੀ। ਦਰਦ ਵਾਲਿਆਂ ਦੇ ਅੱਖਾਂ ਵਿਚੋਂ ਹੰਝੂ ਗਿਰ ਰਹੇ ਸਨ ਕਿ ਐਨੇ ਬਹਾਦਰ ਨੂੰ ਦੋ ਘੁੱਟ ਪਾਣੀ ਨਾ ਪਿਲਾ ਸਕੇ। ਇਹ ਗੁਰੂ ਕਾ ਪਿਆਰਾ ਸਪੂਤ ਜੂਝ ਗਿਆ ਅਤੇ ਤੜਫ-ਤੜਫ ਕੇ ਪਾਣੀ ਤੋਂ ਤਿਹਾਇਆ ਹੀ ਸਰੀਰ ਛੱਡ ਗਿਆ। ਐਨੇ ਵਿਚ ਇਹੋ ਬਚਾਇਆ ਹੋਇਆ ਜਥਾ ਵੀ ਪਹੁੰਚ ਗਿਆ। ਇਸ ਦ੍ਰਿਸ਼ ਨੂੰ ਦੇਖ ਕੇ ਸਭ ਦੇ ਅੱਖਾਂ ਵਿਚੋਂ ਹੰਝੂ ਗਿਰ ਰਹੇ ਸਨ। ਸੋਹਣਾ ਤੇ ਮੋਹਣਾ ਨੇ ਵੀ ਇਹ ਦ੍ਰਿਸ਼ ਦੇਖਿਆ ਤੇ ਆਪਣੀ ਭੁੱਲ ਦਾ ਪਛਤਾਵਾ ਕਰ ਰਹੇ ਸਨ ਤੇ ਸੋਚ ਰਹੇ ਸਨ ਕਿ ਇਹਦਾ ਜੋ ਬਚਨ ਹੈ ਕਿ 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ' ਇਹ ਤਾਂ ਸਾਡੇ ਕੰਨਾਂ ਵਿਚ ਬਾਰ-ਬਾਰ ਗੂੰਜ ਰਿਹਾ ਹੈ। ਪੂਜਾ ਕੀਤੀ, ਰਸ ਨਹੀਂ ਆਇਆ,

ਅੱਜ ਚਿੱਤ ਢਹਿੰਦੀ ਕਲਾ ਵਿਚ ਆ ਗਿਆ ਅਤੇ ਪਛਤਾਵਾ ਅੰਦਰ ਘਰ ਕਰ ਗਿਆ ਕਿ ਹੁਣ ਕੀ ਬਣੇਗਾ ? ਇਸ ਗੱਲ ਨੂੰ ਬਾਰ-ਬਾਰ ਸੋਚ ਰਹੇ ਹਨ। ਸਮਾਂ ਲੰਘਦਾ ਗਿਆ, ਪੂਜਾ ਪਾਠ ਵਿਚ ਰਸ ਮਾਰਿਆ ਗਿਆ। ਜੇ ਅਵਾਜ਼ ਆਉਂਦੀ ਹੈ ਤਾਂ ਇਕੋ ਆਉਂਦੀ ਹੈ ਕਿ 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ।'

ਗੁਰੂ ਦਸ਼ਮੇਸ਼ ਪਿਤਾ ਜੀ ਨੇ ਪਾਉਂਟੇ ਦਾ ਯੁੱਧ ਜਿੱਤਣ ਉਪਰੰਤ ਅਨੰਦਪੁਰ ਸਾਹਿਬ ਵਾਪਸ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ। ਉਹ ਰਾਏਪੁਰ ਰਾਣੀ ਆ ਕੇ ਰਾਣੀ ਦੇ ਕਿਲ੍ਹੇ ਵਿਚ ਦੋ ਦਿਨ ਠਹਿਰੇ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨਾਂ ਨੂੰ ਆਈਆਂ ਅਤੇ ਮਨ ਇੱਛਤ ਮੁਰਾਦਾਂ ਪ੍ਰਾਪਤ ਕੀਤੀਆਂ। ਸੋਹਣਾ ਤੇ ਮੋਹਣਾ ਦੇ ਮਨ ਵਿਚ ਵੀ ਆਈ ਕਿ ਅਸੀਂ ਵੀ ਦਰਸ਼ਨ ਕਰੀਏ ਤੇ ਉਸ ਸਮਰੱਥ ਗੁਰੂ ਤੋਂ ਭੁੱਲ ਬਖਸ਼ਾਈਏ ਜਿਸਦੇ ਸਿੱਖ ਨੂੰ ਅਸੀਂ ਦੋ ਘੁੱਟ ਪਾਣੀ ਨਾ ਪਿਲਾਇਆ ਅਤੇ ਉਹ ਪਾਣੀ ਤੋਂ ਤਿਹਾਇਆ ਚੜ੍ਹਾਈ ਕਰ ਗਿਆ। ਦੋ ਦਿਨਾਂ ਵਿਚ ਪੰਜ ਚਾਰ ਵਾਰੀ ਦਰਸ਼ਨ ਕਰਨ ਆਏ ਪਰ ਹਰ ਵਾਰੀ ਪਹਿਰੇਦਾਰਾਂ ਨੇ ਉਨ੍ਹਾਂ ਨੂੰ ਰੋਕ ਦਿਤਾ ਕਿ ਤੁਹਾਨੂੰ ਦਰਸ਼ਨ ਕਰਨ ਦੀ ਆਗਿਆ ਨਹੀਂ ਮਿਲੀ। ਜਦੋਂ ਗੁਰੂ ਮਹਾਰਾਜ ਜੀ ਰਾਏਪੁਰ ਤੋਂ ਚੱਲ ਕੇ ਅਨੰਦਪੁਰ ਸਾਹਿਬ ਨੂੰ ਵਿਦਾ ਹੋਏ ਤਾਂ ਇਹ ਦੂਰ ਸੜਕ ਦੇ ਕੰਢੇ ਤੇ ਖੜ੍ਹੇ ਹੋ ਗਏ ਕਿ ਅਸੀਂ ਗੁਰੂ ਮਹਾਰਾਜ ਜੀ ਦੇ ਘੋੜੇ ਅੱਗੇ ਖੜ੍ਹੇ ਹੋ ਕੇ ਆਪਣੀ ਭੁੱਲ ਬਖਸ਼ਾਵਾਂਗੇ। ਪਰ ਸਤਿਗੁਰੂ ਅੰਤਰਜਾਮੀ ਫਸਲਾਂ ਵਿਚੋਂ ਹੋ ਕੇ ਦੂਰ ਜਾ ਕੇ ਵਹੀਰ ਨੂੰ ਮਿਲੇ। ਹੁਣ ਉਨ੍ਹਾਂ ਨੇ ਪੱਕੀ ਤਰ੍ਹਾਂ ਸਮਝ ਲਿਆ ਕਿ ਜਿਉਂਦਾ ਠਾਕੁਰ ਇਹੀ ਹੈ। ਬਹੁਤ ਵਿਚਾਰਿਆ। ਅਖੀਰ ਫੈਸਲਾ ਕੀਤਾ ਕਿ ਆਪਣੀ ਸਾਰੀ ਜਾਇਦਾਦ ਵੇਚ ਕੇ ਲੋੜਵੰਦਾਂ ਵਿਚ ਵੰਡ ਦੇਈਏ। ਇਸੇ ਤਰ੍ਹਾਂ ਉਨ੍ਹਾਂ ਨੇ ਸਾਰੀ ਜਾਇਦਾਦ ਨੇਕ ਕੰਮਾਂ ਉਤੇ ਲਾ ਦਿਤੀ। ਆਪ ਸਿਰ ਪੈਰ ਦੇ ਕੱਪੜੇ ਲੈ ਕੇ ਅਨੰਦਪੁਰ ਸਾਹਿਬ ਨੂੰ ਚਲ ਪਏ ਅਤੇ ਜਾ ਕੇ ਭਾਈ ਕੇਸਰਾ ਸਿੰਘ ਜੀ ਨੂੰ ਜੋ ਗੁਰੂ ਕੇ ਬਾਗ ਦੇ ਮੁਖ ਮਾਲੀ ਸਨ, ਨੂੰ ਮਿਲ ਕੇ ਕਿਹਾ ਕਿ ਸਾਨੂੰ ਕੁ-ਰੁੱਤੇ ਫੁੱਲ ਤਿਆਰ ਕਰਨ ਦੀ ਪੂਰੀ ਜਾਂਚ ਹੈ। ਅਸਾਨੂੰ ਆਪਣੇ ਬਾਗ ਵਿਚ ਕਾਮਿਆਂ ਦੀ ਨੌਕਰੀ ਦੇ ਦੇਵੋ। ਅਸੀਂ ਨਿਸ਼ਕਾਮ ਸੇਵਾ ਕਰਾਂਗੇ। ਭਾਈ ਕੇਸਰਾ ਸਿੰਘ ਜੀ ਨੇ ਥੋੜ੍ਹੇ ਦਿਨ ਕੰਮ ਦੇਖ ਕੇ ਉਨ੍ਹਾਂ ਨੂੰ ਬਾਗ ਵਿਚ ਥਾਂ ਦੇ ਦਿਤੀ। ਬਾਗ ਦੇ ਕੋਨੇ ਵਿਚ ਦੂਰ ਇਕ ਕੱਚਾ ਕੋਠਾ ਉਨ੍ਹਾਂ ਨੂੰ ਦੇ ਕੇ ਕਿਹਾ ਕਿ ਆਪ ਇਥੇ ਆਪਣੀ ਰਿਹਾਇਸ਼ ਕਰੋ। ਥੋੜ੍ਹੇ ਦਿਨਾਂ ਵਿਚ ਹੀ ਉਨ੍ਹਾਂ ਨੇ ਆਪਣੇ ਹੁਨਰ ਨਾਲ ਬਾਗ ਨੂੰ ਇਕ ਨਵੀਂ ਨੁਹਾਰ ਦੇ ਦਿਤੀ। ਗੁਰੂ ਕਲਗੀਧਰ ਪਾਤਸ਼ਾਹ ਬਾਗ ਵਿਚ ਆ ਕੇ ਭਾਈ ਕੇਸਰਾ ਸਿੰਘ ਜੀ ਨੂੰ ਕਹਿਣ ਲੱਗੇ ਕਿ ਬਾਗ ਬਹੁਤ ਸੋਹਣਾ ਸਜ ਰਿਹਾ ਹੈ। ਇਹ ਤਾਂ ਹੁਣ ਇੰਦ੍ਰ ਦੇ ਨੰਦਨ ਬਾਗ ਵਰਗਾ ਹੀ ਹੋ ਰਿਹਾ ਹੈ। ਤੁਸੀਂ ਬਹੁਤ ਮਿਹਨਤ ਕਰ ਰਹੇ ਹੋਂ। ਭਾਈ ਕੇਸਰਾ ਸਿੰਘ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ! ਇਹ ਮਿਹਨਤ ਮੇਰੀ ਕੀਤੀ ਹੋਈ ਨਹੀਂ ਹੈ। ਰਾਏਪੁਰ ਰਾਣੀ ਤੋਂ ਸੋਹਣਾ ਮੋਹਣਾ ਨਾਮ ਦਾ ਜੋੜਾ ਬਾਗ ਵਿਚ ਰਹਿ ਕੇ ਸੇਵਾ ਕਰ ਰਿਹਾ ਹੈ। ਦਿਨ ਰਾਤ ਸੇਵਾ ਵਿਚ ਜੁਟੇ ਰਹਿੰਦੇ ਹਨ। ਮੇਰੀ ਆਗਿਆ ਵਿਚ ਹਰ ਸਮੇਂ ਚਲਦੇ ਹਨ। ਹਰ ਵਕਤ ਆਪ ਦਾ ਧਿਆਨ ਹਿਰਦੇ ਵਿਚ ਧਾਰੀ ਰਖਦੇ ਹਨ ਭਾਵੇਂ ਕਿ ਉਨ੍ਹਾਂ ਨੂੰ ਆਪ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਅਜੇ ਤੀਕਰ ਨਹੀਂ ਮਿਲ ਸਕਿਆ। ਅਜਿਹੇ ਬ੍ਰਿਹੋਂ ਵਿਚ ਆ ਕੇ ਆਪਣੀ ਸਰੋਦ ਵਜਾ ਕੇ ਬੀਬੀ ਤੇ ਆਪ ਕੀਰਤਨ ਕਰਦੇ ਹਨ, ਦਰੱਖਤ, ਹਵਾ, ਵਾਤਾਵਰਣ ਬ੍ਰਿਹੋਂ ਵਿਚ ਲੀਨ ਹੋ ਜਾਂਦਾ ਹੈ। ਹੰਝੂਆਂ ਦੀ ਧਾਰ ਸਰੋਤਿਆਂ ਦੇ ਨੈਣਾਂ ਵਿਚ ਬਹਿ ਤੁਰਦੀ ਹੈ ਸਮਾਂ ਲੰਘਣ ਦਾ ਕੁਝ ਭੀ ਪਤਾ ਨਹੀਂ ਲਗਦਾ। ਕੀਰਤਨ ਪਿਛੋਂ ਪਾਤਸ਼ਾਹ! ਹਲਕਾ-ਫੁਲਕਾ ਸਰੀਰ ਸ੍ਰੋਤਿਆਂ ਦਾ ਹੋ ਜਾਂਦਾ ਹੈ।

ਪਾਤਸ਼ਾਹ! ਉਹ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਦੇ ਸਗਵਾਂ ਟੋਕਰੀਆਂ, ਪਟਾਰੀਆਂ, ਬੋਈਏ ਬਣਾ ਕੇ, ਵੇਚ ਕੇ, ਰਾਸ਼ਨ ਖਰੀਦ ਕੇ ਪ੍ਰਸ਼ਾਦਾ ਛਕਦੇ ਹਨ। ਜੇ ਕਾਰਨ ਪੁਛੋ ਤਾਂ ਕਹਿੰਦੇ ਹਨ ਭਾਈ ਸਾਹਿਬ ਜੀ ਪਹਿਲਾ ਔਗੁਣ ਹੀ ਬਹੁਤ ਵੱਡਾ ਹੈ, ਜਿਸਦਾ ਪ੍ਰਾਸ਼ਚਿਤ ਹੋਣਾ ਮੁਸ਼ਕਲ ਹੈ। ਸ਼ਾਇਦ ਮਾਲਕ ਕਦੇ ਤਰੁੱਠ ਪਵੇ ਅਤੇ ਦਰਸ਼ਨ ਦੇ ਦੇਵੇ। ਪਾਤਸ਼ਾਹ! ਇਸ ਦੰਪਤੀ

ਨੂੰ ਵੇਖ ਕੇ ਨਿਰਮਲ ਪ੍ਰਭਾਵ ਮਨ ਤੇ ਪੈਂਦਾ ਹੈ। ਮੈਨੂੰ ਤਾਂ ਇਹ ਪੂਰੇ ਰਸੀਏ ਲਗਦੇ ਹਨ। ਮੈਂ ਹਾਲੇ ਤਕ ਇਨ੍ਹਾਂ ਦਾ ਪਿਛੋਕੜ ਤਾਂ ਨਹੀਂ ਪੁਛਿਆ, ਮੈਨੂੰ ਤਾਂ ਸਿਰਫ ਐਨਾ ਹੀ ਪਤਾ ਹੈ ਕਿ ਇਹ ਰਾਏਪੁਰ ਰਾਣੀ ਦੇ ਨਿਵਾਸੀ ਹਨ। ਇਨ੍ਹਾਂ ਦਾ ਚਰਿੱਤਰ, ਰਹਿਣ ਸਹਿਣ, ਲਗਨ ਬਹੁਤ ਹੀ ਸੁਲਝਿਆ ਹੋਇਆ ਹੈ ਅਤੇ ਨਿਰਮਲ ਹੈ। ਦੇਖਣ ਤੋਂ ਐਂ ਪ੍ਰਤੀਤ ਦਿੰਦਾ ਹੈ ਕਿ ਇਹ ਕਿਸੇ ਅਮੀਰ ਘਰ ਦੇ ਰੁਕਨ ਹਨ, ਇਨ੍ਹਾਂ ਦੀ ਚਾਲੀ ਨਿਰਮਲ ਹੈ, ਰਹਿਣਾ ਸਹਿਣਾ ਬਹੁਤ ਸਵੱਛ ਅਤੇ ਸੂਖਸ਼ਮ ਹੈ। ਖਾਣਾ ਪੀਣਾ ਬਹੁਤ ਹੀ ਸੋਹਝ ਨਾਲ ਹੈ। ਸੱਚੇ ਪਾਤਸ਼ਾਹ! ਜਦੋਂ ਬਚਨ ਕਰਦੇ ਹਨ ਤਾਂ ਐਉਂ ਲਗਦੇ ਹਨ ਜਿਵੇਂ ਇਹ ਮੁਦਤਾਂ ਤੋਂ ਆਪ ਜੀ ਦੇ ਹੀ ਪ੍ਰੇਮੀ ਰਹੇ ਹੋਣ। ਪਰ ਇਨ੍ਹਾਂ ਦੀ ਗਰੀਬੀ ਵਲ ਦੇਖ ਕੇ ਵੀ ਬੜੀ ਹੈਰਾਨੀ ਆਉਂਦੀ ਹੈ ਅਤੇ ਮੈਨੂੰ ਐਉਂ ਲਗਦਾ ਹੈ ਕਿ ਬਹੁਤ ਗਹਿਰੀ ਸੱਟ ਖਾ ਕੇ, ਇਹ ਵਿਯੋਗੀ ਹੋ ਕੇ ਆਪਣੇ ਮਾਲਕ ਦੀ ਤਲਾਸ਼ ਵਿਚ ਘਰੋਂ ਨਿਕਲੇ ਹਨ। ਸਚਮੁੱਚ ਹੀ ਮਨ ਦੇ ਅਤਿ ਗਰੀਬ ਹਨ। ਕੋਈ ਗਹਿਰੀ ਬਿਰਹੋਂ ਚੋਟ ਹੈ, ਜੋ ਹਰ ਵਕਤ ਇਨ੍ਹਾਂ ਦੇ ਨੇਤਰਾਂ ਨੂੰ ਸੁਜੱਲ ਰਖਦੀ ਹੈ ਅਤੇ ਮੈਂ ਬਹੁਤ ਵਾਰੀ ਦੋਹਾਂ ਦੇ ਅੰਦਰੋਂ ਬਹੁਤ ਹੀ ਲੰਮੇ ਹਉਕੇ ਨਿਕਲਦੇ ਵੀ ਸੁਣਦਾ ਹਾਂ। ਪਾਤਸ਼ਾਹ! ਦਰਸ਼ਨ ਤਾਂ ਮੈਂ ਹੋਰ ਪ੍ਰੇਮੀਆਂ ਦੇ ਵੀ ਕਰਦਾ ਹਾਂ ਪਰ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਉਹ ਕਿਹੜੇ ਅਣੀਆਲੇ ਤੀਰ ਹਨ ਜੋ ਇਨ੍ਹਾਂ ਦੇ ਹਿਰਦਿਆਂ ਨੂੰ ਵਿੰਨ੍ਹ ਗਏ ਅਤੇ ਇਨ੍ਹਾਂ ਦੀ ਪੀੜਾ, ਅੰਦਰ ਹੀ ਨੱਪੀ ਹੋਈ, ਕਿਸੇ ਦੁਰੇਡੀ ਆਸ ਦੀ ਝਲਕ ਵਿਚ ਕਿਸੇ ਸੁਭਾਗੇ ਸਮੇਂ ਦੀ ਉਡੀਕ ਕਰ ਰਹੀ ਹੈ। ਪਾਤਸ਼ਾਹ! ਕਈ ਵਾਰੀ ਮੈਂ ਜਦੋਂ ਇਸ ਕੋਨੇ ਵਿਚ ਆਉਂਦਾ ਹਾਂ ਅਤੇ ਕਾਫੀ ਰਾਤ ਲੰਘ ਚੁਕੀ ਹੁੰਦੀ ਹੈ ਤਾਂ ਇਕੋ-ਇਕ ਚੀਜ਼ ਇਨ੍ਹਾਂ ਨੇ ਰੱਖੀ ਹੋਈ ਸਰੋਦ ਤੇ ਜਦੋਂ ਉਂਗਲੀਆਂ ਫਿਰਦੀਆਂ ਹਨ ਤਾਂ ਐਉਂ ਪ੍ਰਤੀਤ ਹੁੰਦਾ ਹੈ ਕਿ ਇੰਦ੍ਰ ਦੇ ਸਵਰਗ ਵਿਚੋਂ ਕੋਈ ਗੰਧਰਭ ਜੋੜਾ ਗੁਰੂ ਨਾਨਕ ਦੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਰਸਾਂ ਦੀ ਫੁਹਾਰ ਵੰਡਣ ਲਈ, ਸੇਵਾਦਾਰਾਂ ਦਾ ਭੇਸ ਧਾਰ ਕੇ ਇਸ ਆਪ ਜੀ ਦੇ ਪਵਿੱਤਰ ਬਾਗ ਵਿਚ ਪ੍ਰਵੇਸ਼ ਕਰ ਗਿਆ ਹੈ। ਇਨ੍ਹਾਂ ਦਾ ਸਹੀ ਅੰਮ੍ਰਿਤ ਵੇਲੇ ਨੂੰ ਸੰਭਾਲਣਾ, ਇਸ਼ਨਾਨ ਕਰਨਾ, ਫਿਰ ਪੂਰਨ ਯੋਗੀਆਂ ਵਾਂਗੂੰ ਚੌਂਕੜਾ ਮਾਰ ਕੇ ਘੰਟਿਆਂ ਬੱਧੀ ਬੈਠੇ ਰਹਿਣਾ ਮਨ ਚਕ੍ਰਿਤ ਕਰ ਦਿੰਦਾ ਹੈ ਕਿਉਂਕਿ ਅਜੇ ਤੱਕ ਆਪ ਜੀ ਦੇ ਪਵਿੱਤਰ ਦਰਸ਼ਨ ਨਹੀਂ ਕੀਤੇ ਅਤੇ ਗੁਰਮੰਤ੍ਰ ਦੀ ਦਾਤ ਵੀ ਪ੍ਰਾਪਤ ਨਹੀਂ ਕੀਤੀ, ਫਿਰ ਇਹ ਕਿਸ ਮੰਤ੍ਰ ਦਾ ਜਾਪ ਕਰਦੇ ਹੋਏ? ਇਕ ਦਿਨ ਮੈਂ ਇਹ ਪੁਛਣ ਦੀ ਖੁਲ੍ਹ ਲਈ ਕਿ ਭਾਈ ਸੋਹਣਾ! ਤੁਸੀਂ ਕਿਸ ਮੰਤ੍ਰ ਦਾ ਜਾਪ ਕਰਦੇ ਹੋਂ? ਕਿਉਂਕਿ ਅਜੇ ਤੱਕ ਗੁਰੂ ਦਸ਼ਮੇਸ਼ ਪਿਤਾ ਜੀ ਦੀ ਚਰਨ ਛੋਹ ਦਾ ਸਮਾਂ ਮਿਲਿਆ ਤੁਹਾਨੂੰ ਪ੍ਰਤੀਤ ਨਹੀਂ ਦਿੰਦਾ, ਉਹ ਕਿਹੜੀ ਖਿੱਚ ਹੈ, ਉਹ ਕਿਹੜਾ ਧਿਆਨ ਹੈ ਜਿਸ ਵਿਚ ਤੁਸੀਂ ਲਿਵਤਾਰ ਹੋ ਕੇ ਚੌਗਿਰਦਾ ਭੁੱਲ ਜਾਂਦੇ ਹੋ ਅਤੇ ਤੁਹਾਡੇ ਚਿਹਰਿਆਂ ਤੋਂ ਕੋਈ ਅਜੀਬ ਕਿਸਮ ਦੀ ਰੋਸ਼ਨੀ ਦੀ ਆਭਾ ਦੇ ਭੁਲੇਖੇ ਪੈਂਦੇ ਹਨ। ਪਾਤਸ਼ਾਹ! ਇਸ ਪ੍ਰਸ਼ਨ ਦਾ ਉਤਰ ਦੇਣ ਦੀ ਥਾਂ ਮੈਂ ਕੀ ਦੇਖਿਆ, ਦੋਹਾਂ ਦੇ ਨੇਤਰ ਛਮਾ-ਛਮ ਬਹਿ ਤੁਰੇ ਅਤੇ ਬੈਰਾਗ ਐਨਾ ਪ੍ਰਬਲ ਹੋ ਗਿਆ ਕਿ ਸਚਮੁੱਚ ਸਰੀਰ ਦਾ ਰੋਮ-ਰੋਮ ਉਸ ਵਿਚ ਗ੍ਰਸਤ ਹੋ ਗਿਆ। ਦੋਹਾਂ ਦੇ ਸਰੀਰ ਕੰਬ ਰਹੇ ਸਨ ਪਰ ਕੋਈ ਸ਼ਬਦ ਇਨ੍ਹਾਂ ਦਾ ਸਾਥ ਨਹੀਂ ਦੇ ਰਿਹਾ ਸੀ। ਉਚੇ ਹਉਂਕੇ ਆ ਕੇ ਕਈ ਵਾਰੀ ਹੂਕ ਨਿਕਲ ਜਾਂਦੀ ਸੀ। ਦੋਨੋਂ ਹੀ ਬੈਰਾਗ ਵਿਚ ਰੋਂਦੇ ਰਹੇ। ਮੈਂ ਸੋਚਿਆ ਕਿ ਪਤਾ ਨਹੀਂ ਇਨ੍ਹਾਂ ਦੇ ਅੰਦਰ ਕਿੰਨੀ ਮਾਨਸਕ ਪੀੜਾ ਮੇਰੀ ਇਸ ਪੁੱਛ ਨੇ ਪੈਦਾ ਕਰ ਦਿਤੀ। ਕਾਫੀ ਸਮੇਂ ਤੋਂ ਬਾਦ ਇਨ੍ਹਾਂ ਨੇ ਕਿਹਾ, ਪਿਆਰਿਆ! ਚਕੋਰ ਸਦਾ ਚੰਦਰਮਾ ਦੀ ਉਡੀਕ ਵਿਚ ਲੱਗਿਆ ਰਹਿੰਦਾ ਹੈ ਉਸਨੂੰ ਇਸ ਉਡੀਕ ਦਾ ਫਲ ਚੰਦਰਮਾ ਦੇ ਦਰਸ਼ਨ ਹੋ ਜਾਂਦੇ ਹਨ ਪਰ ਅਸਾਡਾ ਚੰਦਰਮਾ ਪਾਸ ਹੁੰਦਾ ਹੋਇਆ ਭੀ ਅਲੋਪ ਹੋਇਆ ਹੋਇਆ ਹੈ। ਬੱਸ ਐਨਾ ਹੀ ਕਹਿ ਸਕਦੇ ਹਾਂ ਕਿ ਅਸਾਡੇ ਤੋਂ ਵੱਧ ਸੰਸਾਰ ਵਿਚ ਸ਼ਾਇਦ ਹੀ ਕੋਈ ਗੁਨਹਗਾਰ ਹੋਵੇ ਜਿਸਨੂੰ ਬਖਸ਼ਿਆ ਜਾਣਾ ਬਹੁਤ ਹੀ ਮੁਸ਼ਕਲ ਹੈ। ਪਾਤਸ਼ਾਹ! ਇਹ ਬਾਗ ਵਿਚ ਕੰਮ ਕਰਦੇ ਹਨ ਤਾਂ ਮੈਂ ਕਈ ਵਾਰੀ ਦੇਖਿਆ ਹੈ ਕਿ ਆਪ ਦੇ ਸਿੰਘ ਦੁਆਰ ਵੱਲ ਟਿਕ-ਟਿਕੀ ਲਾ ਕੇ ਦੇਖਦੇ

ਰਹਿੰਦੇ ਹਨ। ਪਤਾ ਨਹੀਂ ਕਿਸ ਗੁਆਚੀ ਹੋਈ ਵਸਤੂ ਨੂੰ ਇਨ੍ਹਾਂ ਦੇ ਨੈਣ ਲੱਭ ਰਹੇ ਹੁੰਦੇ ਹਨ। ਅਜਿਹਾ ਬਿਰਹੁ ਕੁਠਾ ਜੋੜਾ ਦੇਖ ਕੇ ਮੇਰੇ ਮਨ ਵਿਚ ਅਨੇਕ ਕਿਸਮ ਦੇ ਭਾਵ ਪੈਦਾ ਹੋ ਜਾਂਦੇ ਹਨ ਅਤੇ ਮੈਨੂੰ ਇਨ੍ਹਾਂ ਦੀ ਬਿਰਹੁ ਪੀੜਾ ਦਾ ਕੋਈ ਅਰਥ ਨਹੀਂ ਸੁੱਝ ਰਿਹਾ ਹੁੰਦਾ। ਪਰ ਜਦੋਂ ਮਿਹਨਤ ਕਰਦੇ ਹਨ, ਨਵੇਂ ਤੋਂ ਨਵੇਂ ਫੁਲਾਂ ਦੀਆਂ ਕਿਆਰੀਆਂ ਤਿਆਰ ਕਰਦੇ ਹਨ, ਨਾ ਦਿਨ ਦੇਖਦੇ ਹਨ, ਨਾ ਰਾਤ ਦੇਖਦੇ ਹਨ ਇਕ-ਇਕ ਫੁਲਾਂ ਦੇ ਬੂਟੇ ਨੂੰ ਇਉਂ ਪਾਲਦੇ ਹਨ ਜਿਵੇਂ ਕਿਸੇ ਨੂੰ ਘੋਰ ਤਪ ਕਰਨ ਉਪਰੰਤ ਪੁੱਤਰ ਦੀ ਪ੍ਰਾਪਤੀ ਹੋਈ ਹੋਵੇ ਅਤੇ ਉਹ ਪੁੱਤਰ ਦੀਆਂ ਲੋੜਾਂ, ਪੁੱਤਰ ਦੀ ਪਾਲਨਾ ਵਿਚ ਖਚਿਤ ਹੋ ਜਾਂਦਾ ਹੋਵੇ। ਆਪ ਸਰਬ ਸਮਰੱਥ ਸਤਿਗੁਰੂ ਹੋਂ, ਘਟ-ਘਟ ਕੇ ਅੰਤਰ ਦੀ ਜਾਨਣ ਵਾਲੇ ਹੋਂ। ਇਕ ਗੱਲ ਮੈਂ ਇਨ੍ਹਾਂ ਦੇ ਮੁਖ ਤੋਂ ਤਾਂ ਧੁਰ ਹਿਰਦੇ ਤੋਂ, ਛਮਾ-ਛਮ ਨੇਤਰਾਂ ਸਹਿਤ ਕਹਿੰਦੇ ਸੁਣੀ ਹੈ ਕਿ ਮਾਲਕ! 'ਦਰਸ਼ਨ ਨਹੀਂ ਜੇ ਦੇਣ ਲੱਗਾ' ਵਿਚੋਂ 'ਨਹੀਂ' ਅੱਖਰ ਕੱਟ ਦੇਵੋ, ਅਸਾਡੀ ਭੁੱਲ ਨਾ ਵਿਚਾਰੋ। ਐਨੇ ਗੰਭੀਰ ਹਨ ਕਿ ਮੈਂ ਉਨ੍ਹਾਂ ਦੀ ਗੰਭੀਰਤਾ ਦਾ ਕੋਈ ਥਾਹ ਨਹੀਂ ਪਾ ਸਕਿਆ। ਪਤਾ ਨਹੀਂ ਲਗਦਾ ਕਿ ਇਹ ਦੰਪਤੀ ਆਦਰਸ਼ਕ ਜੋੜਾ ਅਰਸ਼ੀ ਹੈ ਜਾਂ ਫਰਸ਼ੀ। ਇਸਨੂੰ ਤਾਂ ਆਪ ਹੀ ਭਲੀ ਭਾਂਤ ਜਾਣਦੇ ਹੋਂ ਅਸੀਂ ਤਾਂ ਅਲਪੱਗ ਜੀਵ ਹਾਂ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਸਾਰੀ ਵਾਰਤਾ ਬਹੁਤ ਹੀ ਧਿਆਨ ਨਾਲ ਸੁਣੀ। ਕੇਸਰਾ ਸਿੰਘ ਦੇਖਦਾ ਹੈ ਕਿ ਪਾਤਸ਼ਾਹ ਜੀ ਦੇ ਨੇਤਰਾਂ ਵਿਚ ਦੋ ਪ੍ਰੀਤ ਹੰਝੂ ਨੇਤਰਾਂ ਤੋਂ ਹੇਠਾਂ ਨੂੰ ਤਿਲ੍ਹਕ ਰਹੇ ਹਨ ਅਤੇ ਫੁਰਮਾਨ ਕੀਤਾ ਕਿ ਕੇਸਰਾ ਸਿੰਘ! ਇਨ੍ਹਾਂ ਦੇ ਬੈਰਾਗ ਦੀ ਖਿੱਚ ਮੇਰੇ ਅੰਦਰ ਵੀ ਪੈਂਦੀ ਹੈ ਪਰ ਇਨ੍ਹਾਂ ਤੋਂ ਐਸੀ ਭੁੱਲ ਹੋ ਗਈ ਜਿਸ ਤੋਂ ਮੇਰੇ ਇਕ ਪ੍ਰਮ ਪਿਆਰੇ ਅਭੇਦ ਅਵਸਥਾ ਦੇ ਗੁਰਸਿੱਖ ਨੂੰ ਖੇਦ ਪਹੁੰਚਿਆ ਅਤੇ ਉਸ ਦੇ ਬਚਨ ਦਾ ਬੱਧਾ ਹੋਇਆ ਮੈਂ ਭੀ ਮਜ਼ਬੂਰ ਹਾਂ। ਤੁਸੀਂ ਇਨ੍ਹਾਂ ਨੂੰ ਆਖ ਦੇਵੋ ਕਿ ਗੁਰੂ ਕੀਆਂ ਖੁਸ਼ੀਆਂ ਹਨ, ਤੁਸੀਂ ਜੀਅ ਭਰ ਕੇ ਸੇਵਾ ਕਰ ਸਕਦੇ ਹੋਂ, ਪਰ ਪਿਆਰਿਓ! ਗੁਰੂ ਦਾ ਇਹ ਹੁਕਮ ਹੈ ਕਿ ਨਾ ਦਰਸ਼ਨ ਦੇਣਾ ਹੈ, ਨਾ ਇਨ੍ਹਾਂ ਨੇ ਅਸਾਡੇ ਮੱਥੇ ਲੱਗਣਾ ਹੈ। ਹਾਂ, ਇਨ੍ਹਾਂ ਦੀ ਰੂਹਾਨੀ ਸੰਭਾਲ ਲਈ ਮੈਂ (ਮਾਤਾ) ਜੀਤੋ ਜੀ ਨੂੰ ਇਨ੍ਹਾਂ ਪਾਸ ਆਉਣ ਦੀ ਇਜਾਜ਼ਤ ਦੇ ਦੇਵਾਂਗਾ।

ਇਸ ਤਰ੍ਹਾਂ ਸਮਾਂ ਬੀਤਦਾ ਗਿਆ, ਸੋਹਣਾ ਤੇ ਮੋਹਣਾ ਨੇ ਮਿਹਨਤ ਕਰਕੇ ਫੁਲਾਂ ਨੂੰ ਝੱਖੜਾਂ, ਕੱਕਰਾਂ ਤੋਂ ਬਚਾਅ-ਬਚਾਅ ਕੇ ਕੁ-ਰੁਤੇ ਫੁੱਲ ਪੈਦਾ ਕਰਨ ਕੀ ਕਮਾਲ ਹੀ ਕਰ ਦਿਤੀ। ਇਕ-ਇਕ ਫੁਲਾਂ ਦੇ ਬੂਟੇ ਉਪਰ ਪਰਾਲੀ ਦੀ ਛਾਂ ਅਤੇ ਸੂਖਸ਼ਮ ਫੁੱਲਾਂ ਉਪਰ ਕਾਨ੍ਹਿਆਂ ਦਾ ਛੱਪਰ ਬੰਨ੍ਹ ਕੇ, ਇਰਦ-ਗਿਰਦ ਸੀਸ਼ੇ ਲਾ ਕੇ ਉਨ੍ਹਾਂ ਨੂੰ ਕੋਰਿਆਂ, ਠੰਢੀਆਂ ਹਵਾਵਾਂ ਤੋਂ ਪੂਰੀ ਤਰ੍ਹਾਂ ਨਾਲ ਬਚਾਉਂਦੇ ਰਹਿੰਦੇ ਸਨ। ਸਾਰੀ ਰਾਤ ਅਤਿ ਦੀ ਸਰਦੀ ਵਿਚ ਜਾਗ ਕੇ, ਹਵਾ ਦਾ ਰੁੱਖ ਦੇਖ ਕੇ, ਹਵਾ ਨੂੰ ਨਿੱਘੀ ਕਰਨ ਲਈ ਲੱਕੜੀਆਂ ਦਾ ਧੂਆਂ ਥਾਂ-ਥਾਂ ਤੇ ਲਾ ਕੇ ਅੱਗ ਜਲਦੀ ਰੱਖਦੇ ਸਨ। ਜਦੋਂ ਸੂਰਜ ਨਿੱਘ ਦੇਣ ਲਗ ਜਾਵੇ ਤਾਂ ਇਕੱਲੇ-ਇਕੱਲੇ ਬੂਟਿਆਂ ਦੇ ਗਮਲੇ ਚੁੱਕ ਕੇ ਉਸ ਧੁੱਪ ਵਿਚ ਲਿਆ-ਲਿਆ ਰੱਖਣੇ ਅਤੇ ਸ਼ਾਮ ਦੀ ਠੰਢ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੁਰਖਸ਼ਿਤ ਥਾਵਾਂ ਤੇ ਟਿਕਾ ਦੇਣੇ। 'ਸੋਦਰ' ਦਾ ਸਮਾਂ ਹੋਣ ਤੇ ਬਹੁਤ ਹੀ ਬੈਰਾਗਮਈ ਅਵਸਥਾ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਨਾ ਅਤੇ ਫੇਰ ਨਿੱਕੇ ਜਿਹੇ ਕੱਚੇ ਕੋਠੇ ਵਿਚ ਸਾਗ ਵਗੈਰਾ ਧਰ ਕੇ, ਮੱਕੀ ਦੇ ਪ੍ਰਸ਼ਾਦੇ ਬਣਾਉਣੇ ਅਤੇ ਆਪਣੀ ਕੀਤੀ ਹੋਈ ਮਿਹਨਤ ਦੀ ਬੱਚਤ ਦੀ ਕਮਾਈ ਵਿਚੋਂ ਗੁਰੂ ਦਰਬਾਰ ਵਿਚ ਕੇਸਰਾ ਸਿੰਘ ਦੇ ਹੱਥੀਂ ਮਾਇਆ ਭੇਜਦੇ ਰਹਿਣਾ ਅਤੇ ਬਚਦੀ ਮਾਇਆ ਦਾ ਘੀ ਆਦਿ ਰਾਸ਼ਨ ਲੈ ਆਉਣਾ। ਇਹ ਇਨ੍ਹਾਂ ਦੀ ਨਿਤ ਦੀ ਕ੍ਰਿਆ ਸੀ। ਜਦੋਂ ਕੱਪੜੇ ਮਸਤਾਨੇ ਹੋ ਜਾਣੇ, ਸੂਈ ਨਾਲ ਸਿਉਂ-ਸਿਉਂ ਕੇ ਪਾਉਣੇ। ਜਦੋਂ ਫੇਰ ਪਾਟ ਜਾਣੇ ਤਾਂ ਬਹੁਤ ਹੀ ਸਸਤਾ ਕੱਪੜਾ ਲਿਆ ਕੇ, ਪਹਿਨਣ ਵਾਲਾ ਲਿਵਾਸ ਹੱਥੀਂ ਸਿਉਂ ਕੇ ਬਣਾਉਣਾ ਪਰ ਕਮਾਲ ਇਹ ਸੀ ਕਿ ਦੋਹਾਂ ਦੇ ਐਨਾ ਫਬਦਾ ਸੀ, ਉਸ ਸਸਤੇ ਕੱਪੜੇ ਵਿਚੋਂ ਭੀ ਨੂਰ ਝੜ-ਝੜ ਪੈਣਾ। ਦੇਖਣ ਵਾਲਿਆਂ ਦਾ ਦਿਲ ਖਿਚਿਆ ਜਾਣਾ।

ਭਾਈ ਕੇਸਰਾ ਸਿੰਘ ਜੀ ਨੇ ਗੁਰੂ

ਮਹਾਰਾਜ ਜੀ ਨਾਲ ਹੋਏ ਬਚਨ ਉਨ੍ਹਾਂ ਦੋਹਾਂ ਪ੍ਰੇਮੀਆਂ ਨੂੰ ਬਿਠਾ ਕੇ ਸੁਣਾ ਦਿਤੇ ਕਿ ਪਿਆਰਿਓ! ਪਾਤਸ਼ਾਹ ਜੀ ਦਾ ਹੁਕਮ ਹੈ ਕਿ ਨਾ ਅਸਾਡੇ ਦੀਦਾਰ ਕਰਨੇ ਹਨ ਤੇ ਨਾ ਆਪਣੇ ਦੀਦਾਰੇ ਦੇਣੇ ਹਨ। ਕਦੇ ਉਹ ਬਾਗ ਵਿਚ ਪਵਿੱਤਰ ਚਰਨ ਪਾਉਣ ਆਉਣ ਤਾਂ ਤੁਸੀਂ ਅਜਿਹੀ ਗੁੱਠ ਵਿਚ ਪਹੁੰਚ ਜਾਣਾ ਹੈ ਜਿਥੋਂ ਨਾ ਤੁਹਾਡੇ ਉਨ੍ਹਾਂ ਨੂੰ ਦਰਸ਼ਨ ਹੋਣ ਤੇ ਨਾ ਤੁਸੀਂ ਉਨ੍ਹਾਂ ਦੇ ਦਰਸ਼ਨ ਕਰ ਸਕੋਂ। ਬਹੁਤ ਹੀ ਕਰੜਾ ਹੁਕਮ ਸੀ ਜੋ ਭਾਈ ਕੇਸਰਾ ਸਿੰਘ ਜੀ ਨੇ ਸੁਣਾ ਦਿਤਾ ਤੇ ਨਾਲ ਇਹ ਭੀ ਕਿਹਾ ਕਿ ਇਸ ਹੁਕਮ ਨੂੰ ਸਿਰ ਮੱਥੇ ਰੱਖਦੇ ਹੋਏ ਤੁਹਾਨੂੰ ਸੇਵਾ ਤੋਂ ਕੋਈ ਰੋਕ ਨਹੀਂ ਹੈ, ਸੇਵਾ ਤੁਸੀਂ ਕਰ ਸਕਦੇ ਹੋਂ। ਜੇ ਇਹ ਹੁਕਮ ਤੁਹਾਨੂੰ ਭਾਉਂਦਾ ਹੋਵੇ ਤਾਂ ਤੁਸੀਂ ਨਿਸ਼ੰਗ ਗੁਰੂ ਕੇ ਬਾਗ ਦੀ ਸੇਵਾ ਕਰੋ, ਜੇ ਪਿਆਰਿਓ ਨਾ ਭਾਉਂਦਾ ਹੋਵੇ ਤਾਂ ਖੁਸ਼ੀਆਂ ਹੀ ਖੁਸ਼ੀਆਂ ਹਨ, ਤੁਸੀਂ ਕਿਸੇ ਮੌਕੇ ਵੀ ਹੋਰ ਥਾਂ ਜਾ ਸਕਦੇ ਹੋਂ। ਇਸ ਹੁਕਮ ਦੇ ਸਾਮ੍ਹਣੇ ਕਿਸੇ ਜੱਜ ਵਲੋਂ ਸਖਤ ਤੋਂ ਸਖਤ ਦਿਤਾ ਹੋਇਆ ਹੁਕਮ ਜੋ ਬੇਚੈਨੀ, ਘਬਰਾਹਟ ਪੈਦਾ ਕਰ ਸਕਦਾ ਹੈ, ਉਸ ਦੇ ਮੁਕਾਬਲੇ ਗੁਰੂ ਦੇ ਕੀਤੇ ਹੋਏ ਫੁਰਮਾਨ ਦੀ ਪੀੜਾ, ਅਸਹਿ ਤੇ ਬੇਅੰਤ ਹੈ। ਇਹ ਸੁਣਦੇ ਸਾਰ ਦੋਹਾਂ ਦੇ ਨੇਤਰਾਂ ਵਿਚ ਹੰਝੂਆਂ ਦੀ ਝੜੀ ਲੱਗ ਗਈ ਪਰ ਨਾਲ ਦੀ ਨਾਲ ਧਰਤੀ ਉਪਰ ਮੱਥੇ ਟੇਕ ਰਹੇ ਹਨ। ਜਦੋਂ ਬੋਲਣ ਦੀ ਸਮਰੱਥਾ ਹੋ ਆਈ ਤਾਂ ਕਹਿਣ ਲੱਗੇ, "ਭਾਈ ਕੇਸਰਾ ਸਿੰਘ ਜੀ! ਤੁਹਾਡਾ ਅਹਿਸਾਨ ਕਦੇ ਵੀ ਅਸੀਂ ਨਹੀਂ ਭੁਲਾਂਗੇ, ਅਸੀਂ ਆਪਣੇ ਗੁਰੂ ਦੇ ਹੁਕਮ ਵਿਚ ਹੀ ਜੀਵਾਂਗੇ ਅਤੇ ਗੁਰੂ ਦੇ ਹੁਕਮ ਵਿਚ ਹੀ ਆਪਣਾ ਅੰਤ ਦੇਖਣਾ ਚਾਹੁੰਦੇ ਹਾਂ। ਗੁਰੂ ਦਾ ਹੁਕਮ ਅਤਿ ਪਿਆਰਾ ਹੈ। ਇਹ ਗੱਲ ਸਾਨੂੰ ਬਹੁਤ ਢਾਰਸ ਦੇ ਰਹੀ ਹੈ ਕਿ ਗੁਰੂ ਮਹਾਰਾਜ ਜੀ ਨੂੰ ਅਸਾਡੀ ਹੋਂਦ ਤਾਂ ਮਹਿਸੂਸ ਹੋ ਰਹੀ ਹੈ। ਜਿਵੇਂ ਤੁਸੀਂ ਹੁਕਮ ਦਿਤਾ ਹੈ ਅਸੀਂ ਉਸ ਨੂੰ ਸਿਰ ਮੱਥੇ ਤੇ ਮੰਨ ਕੇ ਪੂਰਾ ਕਰਨ ਦਾ ਪੂਰਾ ਜਤਨ ਕਰਦੇ ਰਹਾਂਗੇ। ਪਰ ਅਸਾਥੋਂ ਸੇਵਾ ਨਾ ਖੋਹਣੀ; ਅਸਾਡੇ ਲਈ ਐਨਾ ਹੀ ਬਹੁਤ ਹੈ। ਇਸ ਸੇਵਾ ਤੋਂ ਬਿਨਾਂ ਅਸੀਂ ਸੈਕਿੰਡ ਵੀ ਜਿਉਂਦੇ ਨਹੀਂ ਰਹਿਣਾ। ਸਚਮੁੱਚ ਅਸਾਡੀ ਉਹ ਹਾਲਤ ਹੋ ਜਾਵੇਗੀ ਜੋ ਮੱਛੀ ਦੀ ਪਾਣੀ ਤੋਂ ਵਿਛੜ ਕੇ ਹੋਇਆ ਕਰਦੀ ਹੈ।" ਕੇਸਰਾ ਸਿੰਘ ਨੇ ਹੋਰ ਖੁਲ੍ਹ ਲੈ ਕੇ ਭੇਤ ਦੀ ਗੱਲ ਦੱਸੀ ਕਿ ਜਦੋਂ ਪਿਆਰਿਓ! ਤੁਹਾਡੇ ਬਾਰੇ ਕਲਗੀਧਰ ਪਾਤਸ਼ਾਹ ਨੂੰ ਦੱਸ ਰਿਹਾ ਸਾਂ ਤਾਂ ਉਨ੍ਹਾਂ ਨੇ ਵੀ ਤੁਹਾਡੇ ਪਿਆਰ ਦੀ ਖਿੱਚ ਨੂੰ ਮਹਿਸੂਸ ਕੀਤਾ ਜਿਵੇਂ ਸੁਣਦੇ-ਸੁਣਦੇ ਕਿਤੇ ਗਹਿਰੇ ਲੰਘ ਚੁੱਕੇ ਦ੍ਰਿਸ਼ ਨੂੰ ਦੇਖ ਰਹੇ ਹੋਣ। ਐਉਂ ਲਗਦਾ ਸੀ ਕਿ ਕੋਈ ਬਹੁਤ ਵੱਡੀ ਮਜ਼ਬੂਰੀ ਹੈ ਜੋ ਤੁਹਾਡੇ ਅਤੇ ਉਨ੍ਹਾਂ ਦੇ ਪਿਆਰ ਵਿਚ ਕੰਧ ਹੋ ਕੇ ਖੜ੍ਹੀ ਹੈ, ਉਨ੍ਹਾਂ ਦੇ ਨੇਤਰ ਸੁਜੱਲ ਹੋ ਗਏ ਸਨ ਤੇ ਇਹ ਹੁਕਮ ਕਿਸੇ ਕਾਰਨ ਕਰਕੇ ਆਪ ਜੀ ਲਈ ਦਿਤਾ ਹੈ। ਪਰ ਨਾਲ ਇਹ ਫੁਰਮਾਨ ਕਰ ਦਿਤਾ ਹੈ ਕਿ ਮਾਤਾ ਜੀਤੋ ਜੀ ਤੁਹਾਡੇ ਪਾਸ ਕਦੇ ਕਦਾਈਂ ਆ ਜਾਇਆ ਕਰਨਗੇ ਅਤੇ ਤੁਹਾਡੀ ਰੂਹਾਨੀ ਤਰੱਕੀ ਉਨ੍ਹਾਂ ਦੇ ਦਰਸ਼ਨ ਕਰਕੇ, ਉਨ੍ਹਾਂ ਦੀ ਸੰਗਤ ਕਰਕੇ ਉਚਾਈਆਂ ਉਪਰ ਲਹਿਲਹਾਉਂਦੀ ਰਹੇਗੀ। ਪਿਆਰਿਓ! ਮੈਨੂੰ ਤਾਂ ਐਉਂ ਲਗਦਾ ਹੈ ਕਿ ਇਹ ਪਹੁ ਫੁਟਾਲਾ ਤੁਹਾਡੇ ਉਤੇ ਪ੍ਰਗਟ ਹੋ ਰਿਹਾ ਹੈ। ਕੋਈ ਸਮਾਂ ਆਵੇਗਾ ਜਦੋਂ ਸੂਰਜ ਭਗਵਾਨ ਦੇ ਵੀ ਦਰਸ਼ਨ ਆਪ ਨੂੰ ਹੋ ਜਾਣਗੇ। ਤੁਹਾਡੀਆਂ ਤੁਸੀਂ ਜਾਣੋਂ, ਨਾ ਹੀ ਤੁਸੀਂ ਕੋਈ ਸਪਸ਼ਟ ਗੱਲ ਕਰਦੇ ਹੋਂ, ਨਾ ਹੀ ਮੇਰੇ ਮਾਲਕ ਨੇ ਕੋਈ ਸਪਸ਼ਟ ਗੱਲ ਦੱਸੀ ਹੈ, ਕੋਈ ਵਿਘਨ ਤੁਹਾਡੀ ਪ੍ਰੀਤ ਦੇ ਵਿਚਾਲੇ ਖੜ੍ਹੋਤਾ ਹੈ ਜੋ ਤੁਹਾਨੂੰ ਪ੍ਰੀਤ ਮਿਲਣੀ ਤੋਂ ਵਾਂਝੇ ਰੱਖ ਰਿਹਾ ਹੈ।

ਸਮੇਂ ਲੰਘਦੇ ਗਏ, ਮਾਤਾ ਜੀ ਪਿਆਰ ਦੀਆਂ ਖਿੱਚਾਂ ਖਾਂਦੇ ਹੋਏ, ਇਸ ਸੁਭਾਗ ਜੋੜੇ ਪਾਸ ਸ਼ਾਮਾਂ ਪਈਆਂ ਤੇ ਆ ਜਾਂਦੇ, ਬੈਠ ਕੇ ਬਹੁਤ ਹੀ ਪਿਆਰ ਨਾਲ 'ਸੋ ਦਰ' ਦੀ ਚੌਂਕੀ ਸੁਣਦੇ। ਉਸ ਉਪਰੰਤ ਰੋਮ-ਰੋਮ ਤੋਂ ਬਿਰਹੋਂ ਭਿਜਿਆ ਸ਼ਬਦ ਨਾਦ ਸੁਣਦੇ। ਜਦੋਂ ਸਰੋਦ ਵਜਦੀ ਤਾਂ ਉਸ ਵੇਲੇ ਐਉਂ ਮਹਿਸੂਸ ਹੁੰਦਾ ਹੈ ਕਿ ਗੁਰੂ ਕੇ ਬਾਗ ਨਾਲ ਲਗਦੀ ਨਦੀ ਦਾ ਪਾਣੀ ਪ੍ਰਵਾਹ ਨਾਲੋਂ ਵਿਛੜ-ਵਿਛੜ ਕੇ ਇਸ ਗੁਰ ਸ਼ਬਦ ਨਾਦ ਨੂੰ ਸੁਣਨ ਲਈ ਠਹਿਰਨ ਲਗ ਜਾਂਦਾ। ਪੰਛੀ ਆਪਣੇ ਆਲ੍ਹਣਿਆਂ ਵਿਚ ਬੈਠੇ

ਮਸਤ ਹੋ ਜਾਂਦੇ, ਦਰਖਤ, ਬੂਟੇ, ਸਾਰੀ ਫੁਲਵਾੜੀ ਕਿਸੇ ਅਕਹਿ ਮਸਤੀ ਵਿਚ ਲੀਨ ਹੋ ਜਾਂਦੀ; ਸਮਾਂ ਕਿੰਨਾ ਕੁ ਲੰਘ ਜਾਂਦਾ ਕੋਈ ਪਤਾ ਨਹੀਂ। ਕੱਚੇ ਕੋਠੇ ਤੋਂ ਬਾਹਰ ਚਾੜ੍ਹੀ ਹੋਈ ਦਾਲ ਭਾਜੀ ਉਬਲ-ਉਬਲ ਕੇ ਅੱਗ ਬੁਝਾ ਦਿੰਦੀ ਪਰ ਗੁਰ ਸ਼ਬਦ ਦੀ ਲੀਨਤਾ ਜੋਗੀਆਂ ਦੀਆਂ ਲਾਉਣ ਵਾਲੀਆਂ ਸਮਾਧੀਆਂ, ਸਾ-ਵਿਕਲਪ ਤੇ ਨਿਰਵਿਕਲਪ ਦੀਆਂ ਹੱਦਾਂ ਲੰਘ ਕੇ ਅਗੰਮ ਤੇ ਅਗੋਚਰ ਮੰਡਲ ਵਿਚ ਪਹੁੰਚਾ ਦਿੰਦੀ ਜਿਸ ਦਾ ਨਾ ਸਮਾਂ ਹੁੰਦਾ ਹੈ, ਨਾ ਹੀ ਕੋਈ ਜੁਦਾਇਗੀ ਹੁੰਦੀ ਹੈ; ਆਪਣਾ ਆਪਾ ਵੀ ਨਹੀਂ ਹੁੰਦਾ। ਜੇ ਹੁੰਦੀ ਹੈ ਤਾਂ ਇਕ ਐਸੀ ਅਵਸਥਾ, ਜਿਥੇ ਆਪੇ ਆਪ ਦਾ ਹੀ ਪਸਾਰਾ ਹੁੰਦਾ ਹੈ। ਇਸ ਪ੍ਰੇਮ ਆਪੇ ਵਿਚ ਸੁਰਤਾਂ ਲੀਨ ਹੋ ਕੇ ਆਪਣੀ ਹੋਂਦ ਪੂਰੀ ਤਰ੍ਹਾਂ ਨਾਲ ਗੁਆ ਬੈਠਦੀਆਂ ਹਨ। ਮਾਤਾ ਜੀ ਤਾਂ ਪ੍ਰੇਮ ਯੋਗੀ ਸਨ ਹੀ, ਪਰ ਸ਼ਬਦ ਦੀ ਉਡਾਰੀ ਸੁਰਤ ਨੂੰ ਮਾਇਕ ਮੰਡਲਾਂ ਵਿਚੋਂ ਖਿੱਚ ਕੇ ਅਗੰਮ ਅਗੋਚਰ ਦੇ ਮਹਾਨ ਅਨੰਦਦਾਇਕ ਪ੍ਰੇਮ ਚੇਤਨ, ਪ੍ਰੇਮ ਰਸ ਵਿਚ ਲੀਨ ਕਰਾ ਦਿੰਦੀ। ਇਸ ਅਵਸਥਾ ਨੂੰ ਕੀ ਕਿਹਾ ਜਾਵੇ? ਕਿਸੇ ਵੇਦ ਕਤੇਬ ਵਿਚੋਂ, ਕਿਸੇ ਕੁਰਾਨ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਵਿਚੋਂ ਇਸ ਅਵਸਥਾ ਨੂੰ ਦੱਸਣ ਵਾਲੇ ਸ਼ਬਦ ਨਹੀਂ ਮਿਲ ਸਕਦੇ। ਜੇ ਸਮਝ ਸਕਦੇ ਹਾਂ ਤਾਂ ਅਸੀਂ ਵੀ ਨਿਰਸ਼ਬਦ ਹੋ ਕੇ ਨਿਰਮਲ ਤੇ ਸੂਖਸ਼ਮ ਅਨੁਭਵ ਰੂਪੀ ਗਰੁੜ ਦੀ ਉਡਾਰੀ ਲਾ ਸਕਦੇ ਹਾਂ ਪਰ ਅਬੋਲ ਹੀ ਰਹਾਂਗੇ ਕਿਉਂਕਿ ਸ਼ਬਦ ਮਾਇਕ ਮੰਡਲ ਵਿਚ ਉਪਜਦੇ ਹਨ, ਮਾਇਕ ਮੰਡਲ ਦੀਆਂ ਸੂਹਾਂ ਦਿੰਦੇ ਹਨ ਪਰ ਅਸ਼ਬਦ ਮੰਡਲ ਵਿਚ ਜਿਥੇ ਕੋਈ ਦੂਜਾ ਰਹਿੰਦਾ ਹੀ ਨਹੀਂ, ਉਸ ਬਾਰੇ ਕਿਹਾ ਜਾਵੇ, ਤਾਂ ਕੀ ਕਿਹਾ ਜਾਵੇ। ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰਕੇ ਅਸਾਨੂੰ ਕੀਰਤਨ ਦੀ ਉਡਾਰੀ ਬਖਸ਼ੀ। ਸੋ ਮਾਤਾ ਜੀ ਬਹੁਤ ਹੀ ਪਿਆਰ ਸਹਿਤ ਇਸ ਜੋੜੇ ਨੂੰ ਅਤਿ ਉਚੀਆਂ ਉਡਾਰੀਆਂ ਵਿਚ ਪ੍ਰਵੇਸ਼ ਕਰਾ ਦਿੰਦੇ। ਕਈ ਵਾਰੀ ਸਮਾਂ ਕਾਫੀ ਹੋ ਜਾਂਦਾ ਤਾਂ ਦੂਰ ਖੜ੍ਹੇ ਅੰਗ-ਰਖਸ਼ਕ ਭੀ ਕੁਝ ਹੈਰਾਨ ਹੋ ਜਾਂਦੇ ਪਰ ਮਾਤਾ ਜੀ ਇਸ ਮਹਾਨ ਅਨਹਤ ਸੁੰਨ ਵਿਚੋਂ ਸਰੀਰ ਵਿਚ ਪ੍ਰਵੇਸ਼ ਕਰਕੇ ਮਹਾਨ ਰਸ ਮਾਣਦੇ ਹੋਏ ਮਹਿਲਾਂ ਨੂੰ ਜਾਂਦੇ। ਗੁਰੂ ਦਸ਼ਮੇਸ਼ ਪਿਤਾ ਜੀ ਦੀ ਪੂਰਨ ਆਗਿਆ ਸੀ ਇਸ ਵਾਸਤੇ ਕਿਸੇ ਸ਼ੰਕੇ-ਸੰਸੇ ਦੀ ਗੁੰਜਾਇਸ਼ ਹੀ ਨਹੀਂ ਸੀ। ਸੋਹਣਾ ਤੇ ਮੋਹਣਾ ਜੀ ਨੇ ਹਰ ਸਵੇਰ ਖੁਸ਼ਬੂਦਾਰ ਫੁਲਾਂ ਦਾ ਸਿਹਰਾ ਤਿਆਰ ਕਰਨਾ, ਤੇ ਰੰਗਾਂ ਨੂੰ ਅਜਿਹੇ ਢੰਗ ਨਾਲ ਸਿਹਰੇ ਵਿਚ ਗੁੰਦਣਾ ਕਿ ਦੇਖਣ ਵਾਲੇ ਦੀ ਨਿਗ੍ਹਾ ਟਿਕੀ ਦੀ ਟਿਕੀ ਹੀ ਰਹਿੰਦੀ ਸੀ। ਇਹ ਸੁਹੱਪਣ ਤੇ ਸੋਹਝ ਨੂੰ ਦੇਖ ਕੇ ਆਪਣੇ ਆਪ ਹੀ ਅਬੋਲ ਅਨੁਭਵ ਨੂੰ ਮਹਿਸੂਸ ਕੀਤਾ ਜਾਂਦਾ ਸੀ। ਮਾਤਾ ਜੀ ਨੇ ਇਹ ਸਿਹਰਾ ਦਸ਼ਮੇਸ਼ ਪਿਤਾ ਜੀ ਪਾਸ ਪਿਟਾਰੀ ਵਿਚ ਪਾ ਕੇ ਭੇਟਾ ਕਰਨਾ, ਸੁਗੰਧੀ ਫੈਲ ਜਾਣੀ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਗਲੇ ਵਿਚ ਪਹਿਰਾਅ ਦੇਣਾ। ਇਹ ਕੋਈ ਐਸੇ ਨਜ਼ਾਰੇ ਸਨ ਜੋ ਲੱਖ ਤਰਲਾ ਕਰਨ ਤੇ ਵੀ ਆਦਮੀ ਨੂੰ ਅਨੁਭਵ ਨਹੀਂ ਹੋ ਸਕਦੇ। ਇਸ ਤਰ੍ਹਾਂ ਸਮੇਂ ਬੀਤ ਗਏ ਮਾਤਾ ਜੀ ਦੀ ਸੰਗਤ ਕਰਕੇ ਜੀਵਤ ਭਾਵ ਤੋਂ ਉਰਾਰ ਪਾਰ ਜਾਣ ਦੀ ਸੱਤਿਆ ਆ ਗਈ। ਇਧਰ ਵੀ ਪ੍ਰਤੱਖ ਗੁਰੂ ਰੂਪ ਹੈ ਅਤੇ ਪਾਰ ਭੀ ਗੁਰੂ ਸਰੂਪ ਪ੍ਰਤੱਖ ਦ੍ਰਿਸ਼ਟੀ ਆਉਂਣਾ; ਇਹ ਮਾਤਾ ਜੀ ਦੀ ਅਤਿ ਦੀ ਬਖਸ਼ਿਸ਼ ਸੀ ਜੋ ਇਸ ਸੁਭਾਗ ਜੋੜੇ ਨੂੰ ਪ੍ਰਾਪਤ ਹੋਈ।

ਅੱਜ ਇਸ ਸੁਤੇ ਚਲੀ ਆ ਰਹੀ ਲਿਵ ਮੰਡਲ ਵਿਚ ਇਕ ਜ਼ੋਰਦਾਰ ਝਟਕਾ ਲੱਗਿਆ ਅਤੇ ਇਕ ਰੋਡੇ ਜਲਾਲੀ ਨਾਮ ਦੇ ਫਕੀਰ ਨੇ ਮੋਹਣਾ ਜੀ ਤੋਂ ਫੁਲਾਂ ਦੀ ਮੰਗ ਕੀਤੀ ਤੇ ਨਾਲ ਕਿਹਾ ਕਿ ਜੇ ਫਕੀਰ ਨੂੰ ਫੁੱਲ ਨਾ ਦਿਤੇ ਤਾਂ ਫਕੀਰ ਸਰਾਪ ਦੇ ਦੇਵੇਗਾ। ਇਹ ਸੁਣਦੇ ਸਾਰ ਮੋਹਣਾ ਜੀ ਦੀਆਂ ਡਾਡਾਂ ਨਿਕਲ ਗਈਆਂ, ਅਰਦਾਸ ਵਿਚ ਚਲੀ ਗਈ ਤੇ ਬੇਨਤੀ ਕਰੀ, "ਹੇ ਗੁਰੂ ਕਲਗੀਧਰ ਪਾਤਸ਼ਾਹ! ਅੱਗੇ ਤੇਰੇ ਇਕ ਪਿਆਰੇ ਨੂੰ ਅਸੀਂ ਦੋ ਘੁੱਟ ਪਾਣੀ ਨਾ ਪਿਲਾ ਸਕੇ ਤਾਂ ਉਸ ਦਾ ਬਚਨ ਹੋਇਆ ਕਿ 'ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ।' ਅੱਜ ਤੱਕ ਅਸੀਂ ਉਸ ਦੇ ਇਸ ਸੰਤਾਪ ਵਿਚੋਂ ਨਹੀਂ ਨਿਕਲ ਸਕੇ। ਹੁਣ ਇਹ ਫਕੀਰ ਸਾਈਂ ਸਰਾਪ ਦੇਣ ਦੀ ਗੱਲ ਕਹਿ ਰਿਹਾ ਹੈ। ਕਿਤੇ ਅਸਾਨੂੰ ਜਨਮਾਂ ਜਨਮਾਂਤਰਾਂ ਵਿਛੋੜੇ ਦਾ ਸੱਲ੍ਹ ਨਾ ਝੱਲਣਾ ਪਵੇ। ਜੇ ਫੁੱਲ

ਦਿੰਦੇ ਹਾਂ ਤਾਂ ਮਾਤਾ ਜੀ ਦਾ ਪਿਆਰ ਵਲੂੰਧਰਿਆ ਜਾਂਦਾ ਹੈ। ਜੇ ਪਾਤਸ਼ਾਹ! ਨਹੀਂ ਦਿੰਦੇ ਤਾਂ ਇਸ ਫਕੀਰ ਦੇ ਸਰਾਪ ਦਾ ਡਰ ਲਗਦਾ ਹੈ।" ਦਸ਼ਮੇਸ਼ ਪਿਤਾ ਦੇ ਚਰਨਾਂ ਵਿਚ ਅਰਦਾਸ ਪੁੱਜੀ ਤੇ ਅੰਤਰ ਆਤਮੇ ਆਵਾਜ਼ ਆਈ ਕਿ ਬੇਟੀ! ਤੂੰ ਕਹਿ ਦੇ, ਇਹ ਬਾਗ ਮੇਰਾ ਨਹੀਂ ਹੈ, ਗੁਰੂ ਦਾ ਹੈ। ਗੁਰੂ ਦੀ ਚੀਜ਼ ਗੁਰੂ ਤੋਂ ਹੀ ਮਿਲ ਸਕਦੀ ਹੈ। ਅਨੁਭਵ ਦੀ ਇਸ ਆਵਾਜ਼ ਨੇ ਉਸਨੂੰ ਜਿਉਂਦਿਆਂ ਕਰ ਦਿਤਾ, ਉਸ ਨੇ ਦੋਏ ਹੱਥ ਬੰਨ੍ਹੇ ਤੇ ਫਕੀਰ ਸਾਂਈ ਦੇ ਚਰਨੀਂ ਹੱਥ ਲਾ ਕੇ ਕਿਹਾ, "ਫਕੀਰ ਸਾਂਈ! ਇਥੇ ਮੇਰਾ ਤਾਂ ਕੁਝ ਵੀ ਨਹੀਂ ਹੈ, ਨਾ ਮੇਰੇ ਪਤੀ ਦਾ ਕੁਝ ਹੈ ਜੋ ਅਸੀਂ ਤੈਨੂੰ ਦੇ ਦੇਈਏ। ਅਸਾਡੇ ਕੋਲ ਦੋ ਸਰੀਰ ਹਨ ਇਹ ਵੀ ਗੁਰੂ ਚਰਨਾਂ ਤੇ ਨਿਛਾਵਰ ਕਰ ਚੁੱਕੇ ਹਾਂ। ਮੰਗ, ਉਸ ਮਾਲਕ ਤੋਂ, ਜੋ ਇਸ ਦਾ ਮਾਲਕ ਹੈ। ਫਕੀਰ ਬੁਰੀਆਂ ਗੱਲਾਂ ਕਹਿੰਦਾ ਹੋਇਆ ਚਲਿਆ ਗਿਆ। ਸੋਹਣਾ ਜੀ ਅਵੇਰ ਹੋਈ ਕਿਸੇ ਕੰਮ ਤੋਂ ਭੇਜੇ ਹੋਏ ਵਾਪਸ ਆਏ। ਉਸ ਵੇਲੇ ਰੋ-ਰੋ ਕੇ ਮੋਹਣਾ ਜੀ ਨੇ ਸਾਰੀ ਗੱਲ ਦੱਸੀ ਕਿ ਉਹ ਫਕੀਰ ਐਸੀ ਬਾਤ ਕਹਿੰਦਾ ਗਿਆ ਹੈ, ਜੋ ਮੇਰੇ ਲਈ ਸੁਣਨੀ ਕਠਿਨ ਸੀ। ਪਤੀ ਦੇਵ ਜੀ, ਅਸੀਂ ਤਾਂ ਪਹਿਲਾਂ ਹੀ ਅਤਿ ਸੰਤਾਪੇ ਹੋਏ, ਬਿਰਹੁ ਦਾ ਘਾਉ ਖਾ ਕੇ ਪੀੜਤ ਹੋ ਰਹੇ ਹਾਂ, ਹੁਣ ਕੀ ਬਣੇਗਾ? ਜੋ ਕੁਛ ਮੈਂ ਕਿਹਾ, ਉਹ ਮੇਰੇ ਤੋਂ ਗੁਰੂ ਮਹਾਰਾਜ ਜੀ ਨੇ ਅੰਦਰ ਸੱਤਾ ਦੇ ਕੇ ਕਹਾਇਆ। ਇਹ ਬਚਨ ਸੁਣ ਕੇ ਸੋਹਣਾ ਜੀ ਵੀ ਗੰਭੀਰ ਚੁੱਪ ਵਿਚ ਆ ਗਏ। ਅੱਜ ਭਜਨ ਵਿਚ ਜੀਅ ਨਹੀਂ ਲਗਦਾ, ਵੱਡੀ ਰਾਤ ਚੁੱਪ ਵਿਚ ਬੈਠੇ ਰਹੇ। ਇਸ ਤਰ੍ਹਾਂ ਲੱਗਿਆ ਜਿਵੇਂ ਉਨ੍ਹਾਂ ਦਾ ਕੋਈ ਸਭ ਕੁਝ ਲੁੱਟ ਕੇ ਲੈ ਗਿਆ ਹੁੰਦਾ ਹੈ।

ਦੂਜੇ ਪਾਸੇ ਅੱਜ ਮਾਤਾ ਜੀ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ! ਇਸ ਬਿਰਹੁ ਕੁੱਠੀ ਜੋੜੀ ਉਪਰ ਬਹੁਤ ਸਖਤ ਪਾਬੰਦੀ ਲੱਗੀ ਹੋਈ ਹੈ। ਜਦੋਂ ਉਨ੍ਹਾਂ ਦੇ ਮੁਖ ਤੋਂ ਕੀਰਤਨ ਸੁਣੀਦਾ ਹੈ ਤਾਂ ਐਉਂ ਲਗਦਾ ਹੈ ਕਿ ਬੈਰਾਗ ਰੂਪਮਾਨ ਹੋ ਕੇ ਸਾਰੇ ਵਾਤਾਵਰਨ ਵਿਚ ਵਰਖਾ ਕਰ ਰਿਹਾ ਹੈ। ਪਰ ਇਹ ਬੈਰਾਗ ਨਿਰਾਸ਼ਾਵਾਦੀ ਨਹੀਂ ਪ੍ਰਤੀਤ ਦਿੰਦਾ, ਆਸ਼ਾਵਾਦੀ ਅਤੇ ਚੜ੍ਹਦੀ ਕਲਾ ਦੀ ਝਲਕ ਪੈਂਦੀ ਹੈ ਅਤੇ ਆਸ ਦੀ ਛੋਹ ਬਹੁਤ ਪੀਡੀ ਮਹਿਸੂਸ ਹੁੰਦੀ ਹੈ। ਪਾਤਸ਼ਾਹ ਜੀ! ਆਪ ਦੇ ਦਰਸ਼ਨ ਇਸ ਜੋੜੇ ਨੂੰ ਕਦੋਂ ਹੋਣਗੇ, ਕੀ ਜਨਮਾਂ-ਜਨਮਾਂਤਰਾਂ ਤੱਕ ਇਸੇ ਆਸ ਵਿਚ ਜਨਮ ਲੈਣੇ ਪੈਣਗੇ ਜਾਂ ਇਸੇ ਜਨਮ ਵਿਚ ਦਰਸ਼ਨ ਹੋ ਸਕਣਗੇ? ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਗੰਭੀਰ ਹੋ ਕੇ ਕਿਹਾ ਕਿ ਗੁਰੂ ਪੱਥਰ ਨਹੀਂ ਹੋਇਆ ਕਰਦਾ, ਜੋ ਬਿਰਹੁ ਦੀ ਪੀੜ ਉਨ੍ਹਾਂ ਦੇ ਹਿਰਦੇ ਵਿਚ ਉਠ ਰਹੀ ਹੈ ਉਹ ਮੇਰੇ ਅੰਦਰ ਅਤਿ ਦੀ ਖਿੱਚ ਪਾ ਰਹੀ ਹੈ ਪਰ ਤੈਨੂੰ ਮੈਂ ਭੇਤ ਦੀ ਗੱਲ ਦਸਦਾ ਹਾਂ ਕਿ ਮੇਰੇ ਅਤਿ ਪਿਆਰੇ ਗੁਰਸਿੱਖ ਨੇ ਮੇਰੇ ਸਭ ਦੀ ਭਲਾਈ ਦੇ ਹੁਕਮਾਂ ਨੂੰ ਮੰਨਦੇ ਹੋਏ ਪਾਉਂਟੇ ਸਾਹਿਬ ਵਲ ਨੂੰ ਆ ਰਹੇ ਬੀਬੀਆਂ, ਬੱਚਿਆਂ ਤੇ ਮਰਦਾਂ ਨੂੰ ਡਾਕੂਆਂ ਤੋਂ ਬਚਾਉਣ ਲਈ ਆਪਣਾ ਬਲੀਦਾਨ ਦੇ ਦਿਤਾ। ਉਹ ਪਾਣੀ ਦੇ ਲਈ ਰਾਏਪੁਰ ਰਾਣੀ ਵੱਲ ਦੌੜਿਆ। ਇਹ ਠਾਕੁਰ ਦੀ ਪੂਜਾ ਲਈ ਸਵੱਛ ਜਲ ਲੈ ਕੇ ਜਾ ਰਹੇ ਸਨ। ਉਸ ਨੇ ਇਨ੍ਹਾਂ ਤੋਂ ਦੋ ਘੁੱਟ ਪਾਣੀ ਮੰਗਿਆ ਤੇ ਕਿਹਾ ਕਿ ਮੇਰਾ ਖ਼ੂਨ ਵਹਿ ਰਿਹਾ ਹੈ। ਪਰ ਇਨ੍ਹਾਂ ਨੇ ਪੂਜਾ ਵਿਚ ਭੰਗਣਾ ਪੈਣ ਦੇ ਡਰ ਤੋਂ ਪਾਣੀ ਨੂੰ ਸੁੱਚਾ ਰੱਖਣ ਲਈ, ਜਿਉਂਦੇ ਠਾਕੁਰ ਦੀ ਪਛਾਣ ਨਾ ਹੋਣ ਕਰਕੇ ਉਸ ਗੁਰਸਿੱਖ ਨੂੰ ਪਾਣੀ ਨਾ ਪਿਲਾਇਆ ਤੇ ਉਸ ਦੇ ਮੁਖ ਵਿਚੋਂ ਇਹ ਵਾਕ ਨਿਕਲ ਗਏ ਕਿ ਜਿਸ ਠਾਕੁਰ ਨੂੰ ਤੁਸੀਂ ਪੂਜਦੇ ਹੋਂ ਉਹ ਮੁਰਦਾ ਨਹੀਂ, ਜਿਉਂਦਾ ਹੈ, ਪਛਾਣੋ। ਨਾਲੇ ਠਾਕੁਰ ਨੂੰ ਪਿਆਰ ਕਰਨਾ, ਨਾਲੇ ਉਸ ਦੇ ਜਿਉਂਦੇ ਬੰਦੇ ਨੂੰ ਦੋ ਘੁੱਟ ਪਾਣੀ ਨਾ ਪਿਲਾ ਕੇ ਪੱਥਰ ਦੀ ਮੂਰਤੀ ਉਤੇ ਪਾਣੀ ਡੋਲ੍ਹਣਾ ਫੱਬਦਾ ਨਹੀਂ ਹੈ। ਇਸ ਤਰ੍ਹਾਂ ਤਿੰਨ ਵਾਰੀ ਉਸ ਦੇ ਮੁਖ ਵਿਚੋਂ ਨਿਕਲਿਆ-'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ', 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ', 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ'। ਦੋ ਅੱਖਰ ਮੈਨੂੰ ਬੰਨ੍ਹ ਰਹੇ ਹਨ ਇਸ ਛੋਟੇ ਜਿਹੇ ਵਾਕ ਵਿਚੋਂ ਨਿਕਲੇ ਹੋਏ - 'ਨਹੀਂ ਜੇ'। ਮੈਂ ਆਪਣੇ ਗੁਰਸਿੱਖ ਦਾ ਬਚਨ ਨਹੀਂ ਬਦਲ ਸਕਦਾ, ਗੁਰੂ ਦੇ ਮਾਰੇ ਨੂੰ ਪਿਆਰੇ ਬਚਾਅ ਲੈਂਦੇ ਹਨ ਪਰ

ਪਿਆਰਿਆਂ ਦੇ ਮਾਰੇ ਨੂੰ ਮੈਂ ਬਖਸ਼ ਨਹੀਂ ਸਕਦਾ; ਇਹ ਰੀਤ ਆਦਿ ਜੁਗਾਦਿ ਤੋਂ ਚਲੀ ਆ ਰਹੀ ਹੈ –

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਅੰਗ – 1252*

ਪਹਿਲੇ ਹੋ ਚੁੱਕੇ ਗੁਰੂਆਂ ਨੇ ਇਸ ਅਕਾਲ ਮੰਡਲ ਤੋਂ ਆਈ ਹੋਈ ਬਾਣੀ ਦੇ ਸਿਧਾਂਤ ਨੂੰ ਕਾਇਮ ਰੱਖਿਆ। ਭਾਈ ਬੁੱਧੂ ਦਾ ਆਵਾ ਤਾਂ ਕੱਚਾ ਰਿਹਾ ਪਰ ਗੁਰੂ ਦੀ ਬਖਸ਼ਿਸ਼ ਨਾਲ ਪੱਕਿਆਂ ਤੋਂ ਵੀ ਮਹਿੰਗੇ ਭਾਅ ਇੱਟਾਂ ਵਿਕ ਗਈਆਂ। ਦੁਆਪਰ ਵਿਚ ਕ੍ਰਿਸ਼ਨ ਜੀ ਨੇ ਆਪਣੀ ਕੁਲ ਦਾ ਨਾਸ਼ ਤਾਂ ਕਰਾ ਲਿਆ ਪਰ ਦਰਵਾਸ਼ਾ ਰਿਸ਼ੀ ਦਾ ਬਚਨ ਨਾ ਬਦਲਿਆ। ਸੋ ਇਹ ਇਕ ਦੀਵਾਰ ਹੈ ਜੋ ਮੇਰੇ ਅਤੇ ਉਨ੍ਹਾਂ ਦੇ ਵਿਚਾਲੇ ਖੜ੍ਹੀ ਹੈ। ਮਾਤਾ ਜੀ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਕੋਈ ਐਸੀ ਹਾਲਤ ਵੀ ਹੈ ਜਿਥੇ ਉਨ੍ਹਾਂ ਨੂੰ ਦਰਸ਼ਨ ਹੋਣ ਦੀ ਕੋਈ ਸੰਭਾਵਨਾ ਪੈਦਾ ਹੋ ਸਕੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜਦੋਂ ਉਹ ਗੁਰੂ ਪਿਆਰ ਵਿਚ ਆਪਣੇ ਆਪੇ ਦੀ ਵਲਗਣ ਵਿਚੋਂ ਨਿਕਲ ਕੇ ਪ੍ਰੇਮ ਆਪੇ ਵਿਚ ਉਰਾਰ ਪਾਰ ਹੋਣ ਦੀ ਹਾਲਤ ਪੈਦਾ ਕਰ ਲੈਣਗੇ, ਜਾਂ ਹਾਲਤ ਪੈਦਾ ਹੋ ਜਾਵੇਗੀ, ਉਸ ਵੇਲੇ ਇਹ ਦੋ ਅੱਖਰ 'ਨਹੀਂ ਜੇ' ਮਿਟ ਜਾਣਗੇ ਅਤੇ ਠਾਕੁਰ ਦਰਸ਼ਨ ਦੇਵੇਗਾ। ਮਾਤਾ ਜੀ ਨੂੰ ਬਹੁਤ ਖੁਸ਼ੀ ਹੋਈ ਕਿ ਆਸ ਦੀ ਡੋਰ ਤਾਂ ਕਾਇਮ ਹੈ, ਜ਼ਰੂਰ ਦਰਸ਼ਨ ਹੋ ਜਾਣਗੇ।

ਅੱਜ ਰਾਤ ਜਦੋਂ ਸੋਹਣਾ ਤੇ ਮੋਹਣਾ ਫਕੀਰ ਦੇ ਬਚਨਾਂ ਨੂੰ ਸੋਚਦੇ ਹੋਏ ਨੀਂਦ ਵਿਚ ਟਿਕ ਗਏ ਤਾਂ ਉਸ ਰੋਡਾ ਜਲਾਲੀ ਨੇ ਰਾਤ ਨੂੰ ਆ ਕੇ ਸਾਰੇ ਫੁਲਾਂ ਦੇ ਬੂਟੇ ਬਲੂੰਦਰ ਦਿਤੇ ਅਤੇ ਫੁੱਲ ਤੋੜ ਕੇ ਪਟਾਰੀ ਵਿਚ ਪਾ ਕੇ ਲੈ ਗਿਆ ਅਤੇ ਜਾ ਕੇ ਗੁਰੂ ਮਹਾਰਾਜ ਜੀ ਦੀ ਭੇਟਾ ਕਰ ਦਿਤੇ। ਏਧਰ ਜਦੋਂ ਅੰਮ੍ਰਿਤ ਵੇਲੇ ਦਿਨ ਚੜ੍ਹਿਆ ਅਤੇ ਪੈ ਰਹੀ ਗਾੜ੍ਹੀ ਧੁੰਦ ਵਿਚੋਂ ਪ੍ਰਕਾਸ਼ ਦੀ ਕਿਰਨ ਪੈਦਾ ਹੋਈ ਤਾਂ ਕੀ ਦੇਖਦੇ ਹਨ ਕਿ ਫੁਲਾਂ ਦੇ ਬੂਟੇ ਬਲੂੰਦਰੇ ਪਏ ਹਨ, ਸੀਸ਼ੇ ਟੁੱਟੇ ਪਏ ਹਨ, ਨਿੱਕੀਆਂ ਛਪਰੀਆਂ ਧਰਤੀ ਤੇ ਡਿੱਗੀਆਂ ਪਈਆਂ ਹਨ ਅਤੇ ਇਕ ਵੀ ਫੁੱਲ ਜੋ ਬਹੁਤ ਹੀ ਮਿਹਨਤਾਂ ਦੇ ਨਾਲ ਮੌਸਮ ਤੋਂ ਬਚਾਅ-ਬਚਾਅ ਕੇ ਪੈਦਾ ਕੀਤੇ ਹੋਏ ਸਨ, ਨਜ਼ਰ ਨਹੀਂ ਆ ਰਿਹਾ। ਗਰਮੀਆਂ ਵਿਚ ਫੁੱਲ ਦੇਣ ਵਾਲਾ ਮੋਤੀਆ ਤਰੁੰਡਿਆ-ਮਰੁੰਡਿਆ ਪਿਆ ਸੀ। ਟਾਹਣੀਆਂ ਟੁੱਟ ਕੇ ਧਰਤੀ ਤੇ ਪਈਆਂ ਸਨ। ਖੱਟੇ ਗੈਂਦੇ ਦੀਆਂ ਟਾਹਣੀਆਂ ਪਾਟ ਕੇ ਧਰਤੀ ਤੇ ਡਿੱਗੀਆਂ ਪਈਆਂ ਸਨ। ਫੁੱਲਾਂ ਦੀ ਕਿਆਰੀ ਉਜਾੜ ਬਣ ਗਈ। ਦੋਹਾਂ ਨੇ ਇਕ ਦੂਜੇ ਵਲ ਦੇਖਿਆ। ਸੋਹਣਾ ਨੇ ਆਪਣੇ ਪਤੀ ਦੇਵ ਨੂੰ ਕਿਹਾ ਕਿ ਅੱਜ ਮਾਤਾ ਜੀ ਨੂੰ ਕੀ ਮੂੰਹ ਦਿਖਾਵਾਂਗੇ, ਹੁਣ ਅਸਾਡੇ ਜੀਉਣ ਦਾ ਕੋਈ ਧਰਮ ਨਹੀਂ ਹੈ। ਇਹ ਭਾਵ ਆਉਂਦਿਆਂ ਹੀ ਦੋਨੋਂ ਅੱਡ-ਅੱਡ ਕਿਆਰੀਆਂ ਵਿਚ ਗਿਰ ਗਏ। ਅਤਿ ਦੀ ਠੰਢ ਪੈ ਰਹੀ ਹੈ। ਕੱਪੜੇ ਵੀ ਮੋਟੇ ਨਹੀਂ ਪਾਏ ਸਨ ਅਤਿ ਠੰਢੀ ਰਿਵੀ ਚਲ ਰਹੀ ਹੈ। ਵੇਖਦੇ-ਵੇਖਦੇ ਐਉਂ ਪ੍ਰਤੀਤ ਹੋਇਆ ਕਿ ਇਨ੍ਹਾਂ ਦੋਹਾਂ ਦੀਆਂ ਰੂਹਾਂ ਉਡਾਰੀਆਂ ਮਾਰ ਕੇ ਕਿਸੇ ਅਗੰਮ ਦੇਸ਼ ਵਿਚ ਪ੍ਰਵੇਸ਼ ਕਰ ਗਈਆਂ ਤੇ ਦੋ ਦੇਹ ਰੂਪ ਮੜੋਲੀਆਂ, ਪਾਣੀ ਦਿਤੀਆਂ ਕਿਆਰੀਆਂ ਵਿਚ ਗਿਰੀਆਂ ਪਈਆਂ ਹਨ।

ਗੁਰਸਿੱਖਾਂ ਦੀਆਂ ਰੂਹਾਂ, ਗੁਰੂ ਦਸ਼ਮੇਸ਼ ਪਿਤਾ ਜੀ ਦੇ ਦਰਸ਼ਨ ਦੀਆਂ ਸਿੱਕਾਂ ਹਿਰਦੇ ਵਿਚ ਲੈ ਕੇ ਇੰਤਜ਼ਾਰ ਵਿਚ ਹਨ ਕਿ ਅਜੇ ਵੀ ਠਾਕੁਰ ਦੇ ਦਰਸ਼ਨ ਹੋ ਜਾਣ ਤਾਂ ਅਸੀਂ ਇਸ ਮੰਡਲ ਵਿਚੋਂ ਕਿਸੇ ਅਗੰਮ ਮੰਡਲ ਵਿਚ ਉਡਾਰੀ ਮਾਰੀਏ।

ਗੁਰੂ ਦਸ਼ਮੇਸ਼ ਪਿਤਾ ਨੇ ਰੋਡਾ ਜਲਾਲੀ ਵਲੋਂ ਫੁਲਾਂ ਦੀ ਭੇਟਾ ਵੇਖ ਕੇ ਕਿਹਾ ਕਿ ਪਲਾਲੀਆ! ਤੂੰ ਜਲਾਲੀ ਨਹੀਂ, ਤੂੰ ਪਾਖੰਡੀ ਹੈਂ, ਚੋਰ ਹੈਂ, ਇਹ ਫੁੱਲ ਨਹੀਂ, ਇਹ ਮੇਰੇ ਅਤਿ ਪਿਆਰਿਆਂ ਦੇ ਦੋ ਤੜਫਦੇ ਦਿਲ ਲੈ ਕੇ ਮੇਰੀ ਭੇਟਾ ਕਰ ਰਿਹਾ ਹੈਂ। ਐਨਾ ਕਹਿੰਦੇ ਹੀ ਕਾਹਲੀ ਨਾਲ ਆਪਣੇ ਤਖਤ ਤੋਂ ਉਠੇ ਅਤੇ ਗੁਰੂ ਕੇ ਬਾਗ ਵਲ ਨੂੰ ਆ ਰਹੇ ਹਨ। ਓਧਰੋਂ ਮਾਤਾ ਜੀ, ਜੋ ਪੂਰਨ ਅੰਤਰਜਾਮੀ, ਜੋ ਸਦਾ ਦਿਬ ਮੰਡਲਾਂ

ਵਿਚ ਪ੍ਰਵੇਸ਼ ਰੱਖਦੇ ਸਨ ਉਹ ਵੀ ਕਾਹਲੀ ਨਾਲ ਕਿਸੇ ਅਗੰਮੀ ਖਿੱਚ ਦੇ ਬੰਨ੍ਹੇ ਹੋਏ ਬਾਗ ਦੀ ਉਸ ਨੁਕਰ ਵਲ ਨੂੰ ਜਾ ਰਹੇ ਹਨ ਜਿਥੇ ਦੋ ਸਰੀਰ ਅੱਜ ਮਿਰਤਕ ਬਣੇ ਠੰਢੇ ਥਾਂ ਗਿਰੇ ਪਏ ਹਨ। ਉਸੇ ਸਮੇਂ ਗੁਰੂ ਦਸ਼ਮੇਸ਼ ਪਿਤਾ ਉਸੇ ਥਾਂ ਪੁਜ ਜਾਂਦੇ ਹਨ। ਐਉਂ ਪ੍ਰਤੀਤ ਦੇ ਰਿਹਾ ਸੀ ਕਿ ਜਿਵੇਂ ਅਕਾਸ਼ਾਂ ਤੋਂ ਉਤਰੀਆਂ ਦੋ ਨਦੀਆਂ ਦਾ ਇਸ ਥਾਂ ਸੰਗਮ ਹੋ ਰਿਹਾ ਹੋਵੇ। ਗੁਰੂ ਦਸ਼ਮੇਸ਼ ਪਿਤਾ ਜੀ ਠੰਢੀ ਥਾਂ ਦੀ ਪ੍ਰਵਾਹ ਨਾ ਕਰਦੇ ਹੋਏ ਉਸ ਗਿੱਲੀ ਕਿਆਰੀ ਵਿਚ ਹੀ ਬੈਠ ਗਏ ਅਤੇ ਆਪਣੇ ਦੋਹਾਂ ਲਾਡਲਿਆਂ ਦਾ ਸੀਸ ਆਪਣੀ ਗੋਦ ਵਿਚ ਲੈ ਲਿਆ ਅਤੇ ਬਹੁਤ ਹੀ ਸਨੇਹ ਨਾਲ ਸੀਸ ਉਤੇ ਹੱਥ ਫੇਰ ਰਹੇ ਹਨ ਤੇ ਕਹਿ ਰਹੇ ਹਨ ਕਿ ਮੇਰੇ ਬੇਟਿਓ! ਮੈਂ ਆ ਗਿਆ, ਔਹ ਦੇਖੋ ਉਸ ਗੁਰਸਿੱਖ ਦੀ ਮੁਕਤ ਆਤਮਾ, ਗੁਰੂ ਦੇਸ਼ ਵਿਚੋਂ ਆ ਕੇ ਕਹਿ ਰਹੀ ਹੈ ਕਿ ਪਾਤਸ਼ਾਹ! ਮੇਰੇ ਵਾਕ ਵਿਚੋਂ 'ਨਹੀਂ ਜੇ' ਅੱਖਰ ਕੱਟ ਦੇਵੋ ਅਤੇ ਇਹ ਰੱਖ ਲਵੋ ਕਿ 'ਠਾਕੁਰ ਦਰਸ਼ਨ ਦੇਣ ਲੱਗਾ ਹੈ'। ਬਾਰ-ਬਾਰ ਉਸ ਦੇ ਹਿਰਦੇ ਵਿਚੋਂ ਆਵਾਜ਼ ਆ ਰਹੀ ਹੈ ਸੁਣੋ, ਤੁਸੀਂ ਹੋਸ਼ ਵਿਚ ਆਵੋ। ਅਜੇ ਤੁਹਾਡੇ ਜਾਣ ਦਾ ਸਮਾਂ ਨਹੀਂ ਆਇਆ, ਗੁਰਮੁਖ ਰੂਹ ਨੇ ਤੁਹਾਨੂੰ ਬਖਸ਼ ਦਿਤਾ ਤੇ ਹੁਣ ਸੁਣੋ! 'ਠਾਕੁਰ ਦਰਸ਼ਨ ਦੇਣ ਲੱਗਾ ਹੈ।' ਆਤਮਕ ਸੱਤਾ ਨਾਲ ਦੋਹਾਂ ਦੇ ਸਰੀਰਾਂ ਵਿਚ ਨਿੱਘ ਲਿਆਂਦਾ ਅਤੇ ਵਿਛੁੜ ਚੁੱਕੀਆਂ ਜੀਵ ਆਤਮਾਵਾਂ ਨੂੰ ਸਰੀਰਾਂ ਵਿਚ ਪ੍ਰਵੇਸ਼ ਕਰਾ ਦਿਤਾ। ਹੌਲੀ-ਹੌਲੀ ਸੁਰਤ ਆਈ, ਅੱਖਾਂ ਉਤੇ ਯਕੀਨ ਨਹੀਂ ਆ ਰਿਹਾ ਕਿ ਅਸਾਡੇ ਸੀਸ ਅਤਿ ਪਿਆਰੇ ਠਾਕੁਰ ਜੀ ਦੀ ਗੋਦ ਵਿਚ ਹਨ। ਜਦੋਂ ਹੋਸ਼ ਆਈ ਤਾਂ ਦੋਵੇਂ ਦਰਸ਼ਨ ਦੀ ਝਾਲ ਨਾ ਝੱਲ ਸਕੇ, ਇਕ ਝਰਨਾਹਟ ਰੋਮ-ਰੋਮ ਵਿਚ ਨਿਕਲ ਗਈ, ਦੋਵੇਂ ਅਸ਼ਬਦ ਹੋ ਗਏ, ਕੋਈ ਅੱਖਰ ਨਹੀਂ ਔੜ ਰਹੇ। ਸੁਰਤ ਕਿਸੇ ਮਹਾਨ ਅਨੁਭਵ ਦੇ ਪ੍ਰਕਾਸ਼ ਵਿਚ ਗੁਆਚ ਰਹੀ ਹੈ। ਕਾਫੀ ਸਮੇਂ ਤੋਂ ਬਾਦ ਫੇਰ ਨੇਤਰ ਖੁਲ੍ਹੇ। ਕੀ ਦੇਖ ਰਹੇ ਹਨ ਕਿ ਸਾਰੇ ਬ੍ਰਹਿਮੰਡ ਵਿਚ, ਪੱਤੇ-ਪੱਤੇ ਵਿਚ, ਅਕਾਸ਼ ਵਿਚ, ਜਿਥੇ ਵੀ ਦ੍ਰਿਸ਼ਟੀ ਜਾ ਰਹੀ ਹੈ ਇਕੋ ਠਾਕੁਰ ਦਾ ਪ੍ਰਕਾਸ਼ ਅਤੇ ਉਹ ਸਰੂਪ ਨਜ਼ਰ ਆ ਰਿਹਾ ਹੈ ਜਿਸ ਦੀ ਗੋਦ ਵਿਚ ਦੋਵੇਂ ਅਜੇ ਤੱਕ ਲੇਟੇ ਹੋਏ ਹਨ। ਮਾਤਾ ਜੀ ਬਾਤਸਲ ਪਿਆਰ ਦੇ ਨਾਲ ਦੋਹਾਂ ਦੇ ਸਰੀਰਾਂ ਨੂੰ ਛੋਹ ਕੇ ਬੈਠੇ ਹਨ ਅਤੇ ਪਿਆਰ ਨਾਲ ਕਹਿ ਰਹੇ ਹਨ, ਬੇਟਿਓ! ਉਠੋ, ਕਰੋ ਦਰਸ਼ਨ ਜਿਉਂਦੇ ਠਾਕੁਰ ਦੇ, ਜੋ ਦੋਹੀਂ ਜਹਾਨੀਂ ਪਰੀਪੂਰਨ ਹੈ। ਸੁਰਤ ਆਉਂਦੇ ਸਾਰ ਦੋਨੋਂ ਉਠ ਬੈਠੇ ਤਾਂ ਚਰਨਾਂ ਤੇ ਨਮਸ਼ਕਾਰ ਕਰਕੇ ਕਿਹਾ ਪਾਤਸ਼ਾਹ! ਅਸੀਂ ਕਿੱਡੇ ਨਿਕਾਰੇ ਤੇ ਨਿਕੰਮੇ ਹਾਂ ਕਿ ਪਾਤਸ਼ਾਹ ਘਰ ਆਵੇ ਤੇ ਉਸਦੇ ਬੈਠਣ ਲਈ ਕੋਈ ਕੱਪੜਾ ਵੀ ਨਾ ਵਿਛਾ ਸਕੇ। ਗੁਰੂ ਮਹਾਰਾਜ ਜੀ ਦੋਹਾਂ ਨੂੰ ਲੈ ਕੇ ਅੰਦਰ ਕੱਚੇ ਕੋਠੇ ਵਿਚ ਚਲੇ ਗਏ ਤੇ ਸਫ ਉਤੇ ਭੁੰਜੇ ਹੀ ਬੈਠ ਗਏ। ਕਿਹੋ ਜਿਹਾ ਨਜ਼ਾਰਾ ਸੀ ਜਿਸ ਦੇ ਬਾਰੇ ਅੱਖਰਾਂ ਨੂੰ ਦੱਸਣ ਵਿਚ ਬਹੁਤ ਹੀ ਕਠਿਨਾਈ ਹੋ ਰਹੀ ਹੈ ਕਿਉਂਕਿ ਅੱਖਰਾਂ ਦੀ ਪਹੁੰਚ ਉਸ ਥਾਂ ਨਹੀਂ ਜਿਥੇ ਇਹ ਮਿਲਣੀਆਂ ਅਵਸਥਾਵਾਂ ਵਰਤਿਆ ਕਰਦੀਆਂ ਹਨ। ਭਾਈ ਕੇਸਰਾ ਸਿੰਘ ਜੀ ਸਭ ਤੋਂ ਅੱਗੇ ਦਰਵਾਜ਼ੇ ਵਿਚ ਖੜ੍ਹੇ ਹਨ ਉਨ੍ਹਾਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਲੱਗੀ ਹੋਈ ਹੈ। ਉਨ੍ਹਾਂ ਦੇ ਰੋਮ-ਰੋਮ ਵਿਚੋਂ ਆਵਾਜ਼ ਆ ਰਹੀ ਹੈ ਕਿ ਠਾਕੁਰ ਜੀ ਨੇ ਸਾਰੇ ਔਗੁਣਾਂ ਨੂੰ ਮਾਫ ਕਰਕੇ ਭੁੱਲਾਂ ਨੂੰ ਸੋਧ ਕੇ ਦਰਸ਼ਨ ਦੇ ਦਿਤੇ ਹਨ। ਜੋ ਗੁਰਸਿੱਖ ਦੂਰ ਖੜ੍ਹੇ ਹਨ ਉਨ੍ਹਾਂ ਉਪਰ ਵੀ ਕੋਈ ਅਕਹਿ ਰਸ ਤਾਰੀ ਹੋ ਰਿਹਾ ਹੈ ਅਤੇ ਕਿਸੇ ਡੂੰਘੇ ਅਨੁਭਵ ਰਾਹੀਂ ਉਹ ਸਮਾਧੀ ਦਾ ਅਨੁਭਵ ਕਰ ਰਹੇ ਹਨ। ਇਹ ਹੈ 'ਬਾਂਧੈ ਭਗਤੁ ਨ ਛੂਟੈ ਮੋਹਿ' ਦਾ ਇਕ ਦ੍ਰਿਸ਼ ਜੋ ਅਸੀਂ ਕਲਗੀਧਰ ਪਾਤਸ਼ਾਹ ਦੇ ਜੀਵਨ ਵਿਚੋਂ ਝਲਕਾਰੇ ਮਾਰਦਾ ਅਨੁਭਵ ਕਰ ਰਹੇ ਹਾਂ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਅਤਿ ਪਿਆਰ ਨਾਲ ਕਿਹਾ ਕਿ ਤੁਹਾਡੀ ਘਾਲ ਪੂਰੀ ਹੋ ਚੁਕੀ ਹੈ ਅਸਾਡੇ ਨਾਲ ਚੱਲੋ, ਸੰਗਤਾਂ ਵਿਚ ਰਹੋ। ਉਸ ਵੇਲੇ ਆਪ ਜੀ ਨੇ ਆਪਣੇ ਦਸਤੇ ਮੁਬਾਰਕ ਨਾਲ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਨਾਮ ਦਾ ਰੂਪ ਹੀ ਬਣਾ ਦਿਤੇ। ਭਾਈ ਸੋਹਣਾ ਜੀ ਸੋਹਣ ਸਿੰਘ ਬਣ ਗਿਆ ਅਤੇ ਬੀਬੀ ਮੋਹਨਾ, ਮੋਹਨ ਕੌਰ ਦੇ ਰੂਪ ਵਿਚ ਖਾਲਸੇ ਵਿਚ ਸੰਮਿਲਤ ਹੋ ਗਏ। ਭਾਈ ਸੋਹਨ ਸਿੰਘ ਬਹੁਤ ਉਚ ਦਰਜੇ

ਦੀ ਕਵਿਤਾ ਲਿਖਣ ਕਰਕੇ 52 ਕਵੀਆਂ ਵਿਚ ਗਿਣਿਆ ਜਾਣ ਲੱਗਾ ਅਤੇ ਬੀਬੀ ਮੋਹਨ ਕੌਰ ਆਪਣੀ ਰਾਗ ਵਿਦਿਆ ਦੇ ਹੁਨਰ ਨਾਲ ਮੁਤਲਾਸ਼ੀਆਂ ਨੂੰ ਰਾਗ ਸਿਖਾਉਣ ਲੱਗੀ। ਐਉਂ ਨਵਾਂ ਜੀਵਨ ਪ੍ਰਾਪਤ ਹੋ ਗਿਆ, ਗੁਰੂ ਚਰਨਾਂ ਵਿਚ ਰਹਿ ਕੇ ਇਨ੍ਹਾਂ ਨੇ ਜੀਵਨ ਸਫਲਾ ਕੀਤਾ।

ਪਾਠਕ ਜਨੋਂ! ਤੁਸੀਂ ਗੁਰੂ ਦਸ਼ਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋਂ, ਅਨੁਭਵ ਕਰੋ ਉਨ੍ਹਾਂ ਦੇ ਪਿਆਰ ਨੂੰ। ਉਨ੍ਹਾਂ ਨੇ ਆਪਣਾ ਸਾਰਾ ਕੁਝ ਪੁਸ਼ਤ-ਦਰ-ਪੁਸ਼ਤ ਅਸਾਡੇ ਲਈ ਕੁਰਬਾਨ ਕਰਕੇ ਕੋਈ ਚੀਜ਼ ਵੀ ਆਪਣੇ ਪਾਸ ਨਾ ਰੱਖੀ। ਅਸੀਂ ਅੱਜ ਉਨ੍ਹਾਂ ਨੂੰ ਭੁੱਲ ਰਹੇ ਹਾਂ। ਉਨ੍ਹਾਂ ਦੀ ਯਾਦ ਜਿਓਮੈਟਰੀ ਦੀਆਂ ਰੇਖਾਵਾਂ ਦੇ ਮੁਤਾਬਿਕ ਚਿਤਰ ਰਹੇ ਹਾਂ ਜਿਨ੍ਹਾਂ ਵਿਚ ਨਾ ਕੋਈ ਰਸ ਹੈ, ਨਾ ਰੰਗ ਹੈ, ਨਾ ਖਿੱਚ ਹੈ; ਜੇ ਹੈ ਤਾਂ ਅਸਾਡੀ ਅਧੂਰੀ ਵਿਦਵਤਾ ਜੋ ਕਿਸੇ ਨੂੰ ਵੀ ਰਸ ਦੇ ਘਰ ਵਿਚ ਨਹੀਂ ਲਿਆ ਸਕਦੀ। ਛੱਡੋ ਇਹ ਝੂਠਾ ਗੁਮਾਨ; ਪਿਆਰ ਵਿਚ ਲੀਨ ਹੋ ਜਾਵੋ। ਗੁਰੂ ਮਹਾਰਾਜ ਸਭ ਨੂੰ ਦੇਖ ਰਹੇ ਹਨ। ਸਾਨੂੰ ਖਾਲਸੇ ਦੀ ਪਦਵੀ ਦੇ ਕੇ ਗਏ ਹਨ ਉਸ ਪਦਵੀ ਨੂੰ ਸਮਝੋ, ਕੀ ਸੀ?

***ਆਤਮ ਰਸ ਜਿਹ ਜਾਨਹੀ***
***ਸੋ ਹੈ ਖਾਲਸ ਦੇਵ।***
***ਪ੍ਰਭ ਮਹਿ ਮੋਹਿ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ।***

***(ਸਰਬ ਲੋਹ ਗ੍ਰੰਥ ਵਿਚੋਂ)***

ਅਸੀਂ ਅੱਜ ਆਪਣੇ ਨਾਵਾਂ ਨਾਲ ਖਾਲਸਾ ਲਿਖਦੇ ਹਾਂ। ਹੰਗਤਾ ਤੇ ਮਮਤਾ ਦੀਆਂ ਅੰਧਕਾਰੀ ਵਲਗਣਾਂ ਵਿਚ ਬਿੜ੍ਹੇ ਹੋਏ ਹਾਂ। ਕੀ ਇਸ ਤਰ੍ਹਾਂ ਅਸੀਂ ਆਪਣੇ ਨਾਮ ਨਾਲ ਖਾਲਸਾ ਲਿਖ ਕੇ ਖਾਲਸਾ ਪਦਵੀ ਪ੍ਰਾਪਤ ਕਰ ਲਵਾਂਗੇ? ਬਿਲਕੁਲ ਨਹੀਂ। ਖਾਲਸਾ ਇਕ ਆਦਰਸ਼ ਹੈ, ਸਭ ਕੁਝ ਦੂਸਰੇ ਦੀ ਭਲਾਈ ਵਾਸਤੇ ਕੁਰਬਾਨ ਕਰ ਦੇਣਾ, ਭੁੱਲੜ ਜੀਵਾਂ ਨੂੰ ਰਾਹ ਦਿਖਾਉਣ ਵਾਸਤੇ ਆਪਣੀ ਆਤਮਕ ਸੱਤਾ ਵੰਡ ਦੇਣੀ, ਜਿਸ ਦੀ ਮਹਾਨਤਾ ਗੁਰਬਾਣੀ ਵਿਚ ਪ੍ਰਗਟ ਹੈ -

***ਜਨੁ ਨਾਨਕੁ ਧੂੜਿ ਮੰਗੈ***
***ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

***ਅੰਗ - 306***

ਉਸ ਮਹਾਨ ਗੁਰੂ ਦੇ ਅਨੁਆਈਆਂ ਦੇ ਹਿਰਦਿਆਂ ਵਿਚ ਅੰਧਕਾਰ ਦੀ ਕਾਲੀ ਬੋਲੀ ਰਾਤ ਛਾਈ ਹੋਈ ਹੈ। ਅਰਦਾਸ ਕਰੋ, ਹੇ ਪਿਤਾ! ਅਸੀਂ ਤੇਰੇ ਆਦਰਸ਼ ਨੂੰ ਭੁੱਲ ਗਏ ਹਾਂ, ਤੇਰੇ ਪਿਆਰ ਦੀ ਥਾਂ ਅਸੀਂ ਮਾਇਆ ਨੂੰ, ਪਦਵੀਆਂ ਨੂੰ, ਵਡਿਆਈਆਂ ਨੂੰ ਪਿਆਰ ਕਰ ਰਹੇ ਹਾਂ ਅਤੇ ਗੁਰਬਾਣੀ ਦੇ ਪਿਆਰ ਤੋਂ ਵਾਂਝੇ ਰਹਿ ਕੇ ਵੀ 'ਪੰਜ ਪਿਆਰਿਆਂ ਦੀ ਪਦਵੀ' ਅਪਣਾਅ ਕੇ ਅਸੀਂ ਪਾਖੰਡਮਈ ਜੀਵਨ ਗੁਜ਼ਾਰ ਰਹੇ ਹਾਂ। ਅਸਾਨੂੰ ਮਾਇਆ ਦੇ ਪਿਆਰੇ ਤਾਂ ਕਿਹਾ ਜਾ ਸਕਦਾ ਹੈ ਪਰ ਅਸੀਂ ਗੁਰੂ ਦੇ ਪਿਆਰੇ ਨਹੀਂ ਹਾਂ ਕਿਉਂਕਿ ਅਸੀਂ ਆਪਣਾ ਤਨ ਮਨ ਧਨ ਆਪਣੇ ਪਾਸ ਹੀ ਰੱਖਿਆ ਹੋਇਆ ਹੈ। ਕਹਿਣ ਮਾਤਰ ਅਸੀਂ ਕਹਿੰਦੇ ਹਾਂ ਕਿ ਮੇਰਾ ਸਭ ਕੁਝ ਗੁਰੂ ਦਾ ਹੈ ਪਰ ਅਸੀਂ 'ਮੈਂ' ਤੇ 'ਮੇਰੀ' ਕਦੀ ਤਿਆਗ ਨਹੀਂ ਸਕਦੇ। ਹੇ ਸਤਿਗੁਰੂ ਜੀ ਕ੍ਰਿਪਾ ਕਰੋ, ਅਸਾਡੇ ਔਗੁਣਾਂ ਵਲ ਨਾ ਤੱਕੋ। ਸੋਝੀ ਬਖਸ਼ੋ, ਮਿਲਾਓ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਨੂੰ ਤੇਰੇ ਪਿਆਰ ਵਿਚ ਅਖੰਡ ਜਾਗ ਪ੍ਰਾਪਤ ਹੋਈ ਹੋਈ ਹੈ, ਜੋ ਤਿੰਨਾਂ ਗੁਣਾਂ ਤੋਂ ਉਪਰ ਆਤਮ ਰਸ ਵਿਚ ਭਰਪੂਰ ਹਨ। ਇਹੋ ਅਰਦਾਸ ਹੈ ਪਾਤਸ਼ਾਹ! ਤੇਰੇ ਚਰਨਾਂ ਵਿਚ ਅਸੀਂ ਬਖਸ਼ੇ ਜਾਣ ਦੇ ਕਾਬਲ ਤਾਂ ਨਹੀਂ ਪਰ ਤੇਰਾ ਜੋ ਸੁਭਾਅ ਹੈ ਉਸ ਦੇ ਮੁਤਾਬਿਕ ਅੱਜ ਅਸਾਨੂੰ ਬਖਸ਼ ਦੇ -

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥***

***ਅੰਗ - 275***

# ਵਿਸਾਖੀ
## ਪੂਰੀ ਹੋਈ ਕਰਾਮਾਤਿ
## ਆਪਿ ਸਿਰਜਣਹਾਰੈ ਧਾਰਿਆ।।

ਦੂਰ ਪੂਰਬ ਸਮੇਂ ਵਿਚ ਤਕਰੀਬਨ ਪੰਜ ਹਜ਼ਾਰ ਸਾਲ ਪਹਿਲਾਂ ਭਾਰਤ ਦੀ ਸ਼ਾਨ ਉਪਰ ਅੱਜ ਵੀ ਭਾਰਤੀਆਂ ਨੂੰ ਬਹੁਤ ਮਾਣ ਹੈ। ਉਹ ਸਮਾਂ ਕ੍ਰਿਸ਼ਨ ਮਹਾਰਾਜ ਜੀ ਦਾ ਸਮਾਂ ਸੀ। ਉਸ ਸਮੇਂ ਭਾਰਤ ਵਿਚ ਬਹੁਤ ਵੱਡੇ ਯੋਧਾ ਰਾਜੇ ਮਹਾਰਾਜੇ ਰਾਜ ਕਰਦੇ ਸਨ ਜਿਨ੍ਹਾਂ ਦੇ ਵਿਚ ਦੁਰਯੋਧਨ, ਜ਼ਰਾਸਿੰਧ, ਸ਼ੁਸ਼ਪਾਲ ਆਦਿ ਰਾਜਿਆਂ ਦਾ ਖਾਸ ਜ਼ਿਕਰ ਆਉਂਦਾ ਹੈ। ਉਸ ਸਮੇਂ ਇਨ੍ਹਾਂ ਰਾਜਿਆਂ ਵਿਚ ਕਾਫੀ ਕਮਜ਼ੋਰੀਆਂ ਆ ਚੁਕੀਆਂ ਸਨ। ਇਹ ਆਪੋ ਆਪਣੇ ਰਾਜਾਂ ਵਿਚ ਸੁਤੰਤਰ ਰਾਜੇ ਸਨ। ਹਸਤਨਾਪੁਰ ਦੇ ਰਾਜ ਉਪਰ ਉਸ ਸਮੇਂ ਧ੍ਰਿਤਰਾਸ਼ਟਰ ਦੁਰਯੋਧਨ ਦਾ ਪਿਤਾ ਪਾਂਡਵਾਂ ਦਾ ਹੱਕ ਖੋਹ ਕੇ ਰਾਜ ਕਰ ਰਿਹਾ ਸੀ ਪਰ ਪਾਂਡਵਾਂ ਨੇ ਆਪਣਾ ਹੱਕ ਲੈਣ ਲਈ ਅਤੇ ਪਾਪ ਦੇ ਮੰਡਲ ਨੂੰ ਖਤਮ ਕਰਨ ਲਈ ਇਕ ਮਹਾਨ ਯੁੱਧ ਜਿਸਨੂੰ ਮਹਾਂਭਾਰਤ ਕਹਿ ਕੇ ਅੱਜ ਵੀ ਜਾਣਿਆ ਜਾਂਦਾ ਹੈ, ਲੜਨਾ ਪਿਆ। ਇਸ ਵਿਚ ਤਕਰੀਬਨ ਭਾਰਤ ਦੇ ਸਾਰੇ ਰਾਜੇ ਸ਼ਾਮਲ ਹੋਏ, ਯੁੱਧ ਵਿਚ ਉਸ ਸਮੇਂ ਦੇ ਵਿਚ ਪ੍ਰਾਪਤ ਸਸ਼ਤਰ ਅਤੇ ਅਸ਼ਤਰ ਵਰਤੇ ਗਏ। ਇਸ ਮਹਾਂ ਭਿਆਨਕ ਯੁੱਧ ਦਾ ਇਥੋਂ ਤਕ ਅਸਰ ਪਿਆ ਕਿ ਯੁੱਧ ਵਿਚ ਸ਼ਾਮਲ ਹੋਏ 45 ਲੱਖ ਯੋਧਿਆਂ ਵਿਚੋਂ ਜਿਨ੍ਹਾਂ ਨੂੰ 18 ਖੂਹਣੀਆਂ ਦੀ ਗਿਣਤੀ ਵੀ ਦਿਤੀ ਜਾਂਦੀ ਹੈ, ਕੇਵਲ ਦਸ ਬੰਦੇ ਹੀ ਬਚੇ। ਦੁਰਯੋਧਨ ਸਮੇਤ ਉਸ ਦੇ ਸਾਰੇ ਭਰਾ, ਸਾਰੇ ਸਾਥੀ ਯੁੱਧ ਵਿਚ ਮਾਰੇ ਗਏ, ਪਾਂਡਵਾਂ ਵਲੋਂ ਵੀ ਸਿਰਫ ਪੰਜੇ ਪਾਂਡਵ ਅਤੇ ਕ੍ਰਿਸ਼ਨ ਮਹਾਰਾਜ ਜੀ ਯੁੱਧ ਦੇ ਮਹਾਂ ਕੋਪ ਤੋਂ ਬਚੇ। ਭਾਰਤ ਨੂੰ ਉਸ ਸਮੇਂ ਇਕ ਐਡਾ ਵੱਡਾ ਧੱਕਾ ਲੱਗਿਆ ਕਿ ਆਰੀਆਂ ਦੀ ਮਾਨ ਮਰਯਾਦਾ, ਸਭਿਆਚਾਰ, ਰਾਜਸੀ ਸ਼ਕਤੀ ਖੀਣ ਹੋ ਗਈ ਅਤੇ ਵਰਣ ਸ਼ੰਕਰ ਔਲਾਦ ਪੈਦਾ ਹੋ ਕੇ ਦੇਸ਼ ਦੀ ਅਬਾਦੀ ਨਵੇਂ ਸਿਰਿਓਂ ਪੁੰਗਰਨੀ ਸ਼ੁਰੂ ਹੋਈ। ਧਾਰਮਿਕ ਰਹੁਰੀਤਾਂ, ਵਿਸ਼ਵਾਸ਼ ਕਮਜ਼ੋਰ ਪੈ ਗਏ, ਇਥੋਂ ਤਕ ਪਤਨ ਹੋਇਆ ਕਿ ਬ੍ਰਾਹਮਣ ਵੀ ਕੇਸਾਂ ਦਾ ਮੁੰਡਨ ਕਰਨ ਲੱਗੇ। ਉਸ ਸਮੇਂ ਦੇ ਰਿਵਾਜ ਅਨੁਸਾਰ ਜੇ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦੇਣੀ ਪੈਂਦੀ ਸੀ ਤਾਂ ਬ੍ਰਹਮ ਹੱਤਿਆ ਦੇ ਡਰ ਤੋਂ ਕੇਵਲ ਉਸ ਦੇ ਕੇਸ ਹੀ ਕੱਟੇ ਜਾਇਆ ਕਰਦੇ ਸਨ। ਖਤਰੀ ਰਾਜੇ ਕੇਸਾਂ ਦੀ ਸੰਭਾਲ ਪੂਰੀ ਤਰ੍ਹਾਂ ਕਰਿਆ ਕਰਦੇ ਸਨ ਅਤੇ ਲੰਬੇ ਕੇਸਾਂ ਉਪਰ ਸੋਨੇ ਦਾ ਤਾਜ ਰਖਦੇ ਸਨ ਪਰ ਕੇਸ ਖੁਲ੍ਹੇ ਹੋਇਆ ਕਰਦੇ ਸਨ। ਰਿਸ਼ੀਆਂ-ਮੁਨੀਆਂ ਦੇ ਸਿਰ ਤੇ ਕੇਸ ਅਤੇ ਦਾੜ੍ਹਾ ਪੂਰਨ ਰੂਪ ਵਿਚ ਸੁਰਖਸ਼ਿਤ ਹੋਇਆ ਕਰਦਾ ਸੀ ਪਰ ਆਮ ਤੌਰ ਉਪਰ ਕੇਸ ਨੰਗੇ ਹੀ ਰੱਖਿਆ ਕਰਦੇ ਸਨ। ਸਮੇਂ ਦੇ ਫੇਰ ਨਾਲ ਰਿਸ਼ੀਆਂ ਮੁਨੀਆਂ ਦੇ ਜਟਾਵਾਂ ਦੇ ਰੂਪ ਵਿਚ ਕੇਸ ਦਿਸਣ ਲੱਗੇ।

ਇਸ ਪਤਨ ਦੇ ਸਮੇਂ ਤੋਂ ਦੁਆਪਰ ਜੁਗ ਖਤਮ ਹੋ ਗਿਆ ਅਤੇ ਕਲਜੁਗ ਦਾ ਆਰੰਭ ਹੋਇਆ। ਜਨਤਾ ਦੀ ਸੋਚ ਸ਼ਕਤੀ ਵਿਚ ਕਮਜ਼ੋਰੀ ਆਉਂਦੀ ਗਈ ਅਤੇ ਬੁੱਤਾਂ ਦੇ ਰੂਪ ਵਿਚ ਅਨੇਕ ਅਵਿਅਕਤ ਹਸਤੀਆਂ ਦੀ ਪੂਜਾ ਸ਼ੁਰੂ ਹੋਈ ਜਿਨ੍ਹਾਂ ਨੂੰ ਦੇਵੀ ਦੇਵਤੇ ਆਖਿਆ ਗਿਆ। ਵਾਹਿਗੁਰੂ ਜੀ ਨੂੰ ਦੁਨੀਆਂ ਤੋਂ ਅਲੱਗ-ਥਲੱਗ ਕਰਕੇ ਅਕਰਤਾ ਰੂਪ ਵਿਚ ਮੰਨਿਆ ਜਾਣ ਲੱਗਿਆ ਉਸ ਦੀ ਥਾਂ ਤੇ ਤਿੰਨ ਦੇਵ, ਜਿਨ੍ਹਾਂ ਨੂੰ ਜਪੁਜੀ ਸਾਹਿਬ ਵਿਚ 'ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣੁ' ਵਾਲਾ ਆਖਿਆ ਗਿਆ, ਦੀ ਮਾਨਤਾ ਸ਼ੁਰੂ ਹੋਈ ਜੋ ਇਨਸਾਨਾਂ ਦੇ ਨਾਲ ਨੇੜੇ ਹੋ ਕੇ ਮਦਦ ਵੀ ਕਰਦੇ ਸਨ, ਜ਼ਾਲਮਾਂ ਦਾ ਨਾਸ਼ ਵੀ ਕਰਦੇ ਸਨ ਅਤੇ ਆਪਣੇ ਭਗਤਾਂ ਉਪਰ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਧਰਮ, ਅਰਥ, ਕਾਮਨਾ ਬਖਸ਼ਦੇ ਸਨ ਪਰ 'ਮੁਕਤੀ' ਇਨ੍ਹਾਂ ਤੋਂ ਨਹੀਂ ਹੁੰਦੀ ਸੀ। ਮੁਕਤੀ ਪ੍ਰਾਪਤੀ ਨੂੰ ਇਨਸਾਨ ਨੇ ਆਪਣੇ ਕਰਮਾਂ ਦੇ ਅਧੀਨ ਰੱਖਿਆ। ਵਾਹਿਗੁਰੂ ਜੀ ਨੂੰ ਸੰਸਾਰ ਦੇ ਝਮੇਲਿਆਂ ਤੋਂ ਅਲੱਗ-ਥਲੱਗ ਵਿਖਾਇਆ ਗਿਆ ਅਤੇ ਉਸ ਦੇ ਮਿਲਾਪ ਦੀ

ਕੋਈ ਤਾਂਘ ਮਨੁੱਖ ਦੇ ਮਨ ਵਿਚ ਨਹੀਂ ਉਪਜਦੀ ਸੀ। ਉਸ ਦੀ ਸੁਪਰ ਐਨਰਜੀ ਕੇਵਲ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਰਜੋ, ਤਮੋ, ਸਤੋ ਨੂੰ ਸ਼ਕਤੀ ਦੇ ਕੇ ਸੰਸਾਰ ਦੀ ਖੇਲ੍ਹ ਕਰਦੀ ਸੀ। ਵਾਹਿਗੁਰੂ ਜੀ ਅਗੰਮ ਸੀ, ਅਥਾਹ ਸੀ, ਅਛੋਹ ਸੀ ਅਤੇ ਮਨੁੱਖ ਤੋਂ ਬਹੁਤ ਦੂਰ ਸੀ ਜਿਸ ਨੂੰ ਮਨੁੱਖ ਦੇ ਝਮੇਲਿਆਂ ਨਾਲ ਕੋਈ ਵਾਸਤਾ ਨਹੀਂ ਸੀ ਇਹ ਸਾਰੇ ਕੰਮ ਦੇਵ ਸ਼ਕਤੀਆਂ ਨਾਲ ਸਬੰਧਿਤ ਸਨ। ਇਨਸਾਨ ਦੀਆਂ ਜਿਉਂ-ਜਿਉਂ ਲੋੜਾਂ ਵਧਦੀਆਂ ਗਈਆਂ ਤਿਉਂ-ਤਿਉਂ ਉਨ੍ਹਾਂ ਦੇ ਮੁੱਖ ਦੇਵ ਵੀ ਵਧ ਗਏ ਜਿਵੇਂ ਕਿ ਪਾਣੀਆਂ ਦਾ ਮਾਲਕ ਵਰੁਣ ਦੇਵਤਾ ਸੀ, ਅਨੇਕ ਕਿਸਮ ਦੀਆਂ ਹਵਾਵਾਂ ਦਾ ਮਾਲਕ ਪਵਣ ਦੇਵਤਾ ਸੀ, ਅਨੇਕ ਕਿਸਮ ਦੀ ਮਾਇਆ ਦਾ ਦੇਵਤਾ ਕੁਬੇਰ ਸੀ। ਇਨ੍ਹਾਂ ਦਾ ਰਾਜਾ ਇੰਦਰ ਦੇਵਤਾ ਸੀ ਇਸ ਤਰ੍ਹਾਂ ਬਹੁ ਦੇਵ ਪੂਜਾ ਸ਼ੁਰੂ ਹੋ ਗਈ। ਇਕ ਅਕਾਲ ਪੁਰਖ ਨਾਲ ਸਬੰਧ ਪਤਲੇ ਪੈਂਦੇ ਗਏ, ਬਹੁਤ ਕਿਸਮ ਦੇ ਕਰਮਾਂ ਕਾਂਡਾਂ ਨੇ ਜਨਮ ਲਿਆ। ਮਨੁੱਖ ਨੂੰ ਪ੍ਰਭੂ ਨਾਲੋਂ ਤੋੜ ਕੇ ਗੁਪਤ ਸ਼ਕਤੀਆਂ, ਇਥੋਂ ਤਕ ਕਿ ਭੂਤਾਂ ਪ੍ਰੇਤਾਂ ਦੇ, ਚੁੰਗਲ ਵਿਚ ਫਸਾ ਦਿਤਾ। ਜਿਉਂ-ਜਿਉਂ ਸਮਾਂ ਗੁਜ਼ਰਦਾ ਗਿਆ, ਭਾਰਤ ਵਰਸ਼ ਵਿਚ ਬਾਮ ਮਾਰਗ ਅਤੇ ਚਾਰਵਾਕ ਵਰਗੇ ਨਾਸਤਕ ਧਰਮਾਂ ਨੇ ਜਨਮ ਲਿਆ ਜਿਨ੍ਹਾਂ ਦਾ ਪ੍ਰਧਾਨ ਵਿਸ਼ਾ ਨਸ਼ੇ ਖਾਣੇ, ਮਾਸ ਮੱਛੀ ਦਾ ਸੇਵਨ ਕਰਨਾ ਅਤੇ ਮੈਥੁਨ (ਇਸਤ੍ਰੀ ਪੁਰਸ਼ ਦਾ ਭੋਗ) ਆਦਿ ਕੁਕਰਮ ਹੀ ਧਰਮ ਦਾ ਰੂਪ ਧਾਰਨ ਕਰ ਗਏ। ਵਾਹਿਗੁਰੂ ਜੀ ਦੇ ਮੁਕਾਬਲੇ ਵਿਚ ਪ੍ਰਕ੍ਰਿਤੀ ਦੇ ਅਨਾਦੀ ਹੋਣ ਦਾ ਵਿਸ਼ਵਾਸ਼ ਪੱਕੀ ਤਰ੍ਹਾਂ ਨਾਲ ਪੱਕ ਗਿਆ। ਇਸ ਸੰਸਾਰ ਵਿਚ ਦੋ ਅਨਾਦੀ ਸ਼ਕਤੀਆਂ ਚੇਤਨ ਅਤੇ ਪ੍ਰਕ੍ਰਿਤੀ ਇਕੋ ਜਿਹੀਆਂ ਹੀ ਸਮਝੀਆਂ ਜਾਣ ਲੱਗੀਆਂ। ਪ੍ਰਕ੍ਰਿਤੀ ਦੇ ਪਸਾਰੇ ਨੇ ਮਾਇਆ ਦਾ ਰੂਪ ਧਾਰਨ ਕਰਿਆ ਅਤੇ ਸੰਸਾਰ ਨੂੰ ਪੂਰੀ ਤਰ੍ਹਾਂ ਮੋਹ ਲਿਆ। ਚੇਤਨ ਪੁਰਖ ਦੀ ਯਾਦ ਬਸਿਮ੍ਰਤ ਹੋ ਗਈ। ਚੇਤਨ ਨੂੰ ਕੇਵਲ ਇਕ ਸਤਾ ਮਾਤਰ ਸ਼ਕਤੀ ਮੰਨਿਆ ਜਾਣ ਲੱਗਿਆ ਜਿਸ ਤੋਂ ਪ੍ਰਭਾਵਿਤ ਹੋ ਕੇ ਪ੍ਰਕ੍ਰਿਤੀ ਹੀ ਅਨੇਕਾਂ ਰੂਪਾਂ, ਰੰਗਾਂ ਵਿਚ, ਮਨੁੱਖੀ ਮਨ ਵਿਚ ਪਸਰ ਗਈ। ਚੇਤਨ ਤਤੂ ਵਿਚ ਤਿੰਨ ਗੁਣ ਮਿਥੇ ਗਏ ਜਿਸ ਨੂੰ ਸਤਿ ਚਿਤ ਅਤੇ ਅਨੰਦ ਆਖਿਆ ਗਿਆ। ਇਹ ਤਿੰਨ ਗੁਣ ਹੀ ਚੇਤਨ ਵਿਚ ਆਪਣੇ ਨਿਜੀ ਹਨ ਇਸ ਦੇ ਵਿਪਰੀਤ ਪ੍ਰਕ੍ਰਿਤੀ ਵਿਚ ਸਤੋ, ਰਜੋ, ਤਮੋ ਤਿੰਨ ਗੁਣ ਹਨ। ਚੇਤਨ ਦੀ ਸਤਾ ਨੇ ਪ੍ਰਕ੍ਰਿਤੀ ਵਿਚ ਹਰਕਤ ਪੈਦਾ ਕਰ ਦਿਤੀ ਜਿਵੇਂ ਚਮਕ ਪੱਥਰ ਲੋਹੇ ਦੇ ਕਣਾਂ ਵਿਚ ਹਿਲਜੁਲ ਪੈਦਾ ਕਰ ਦਿੰਦਾ ਹੈ। ਇਸੇ ਜਗਤ ਪਸਾਰੇ ਵਿਚ ਬ੍ਰਹਮਾਂ, ਵਿਸ਼ਨੂੰ, ਮਹੇਸ਼ ਦਾ ਸਬੰਧ ਜੀਵਾਂ ਨਾਲ ਵਧੇਰੇ ਰਿਹਾ ਉਨ੍ਹਾਂ ਤੋਂ ਹੀ ਆਪਣੀਆਂ ਕਾਮਨਾਵਾਂ ਪੂਰੀਆਂ ਕਰਾਉਣ ਦੀ ਆਸ ਸਦਾ ਹੀ ਮਨੁੱਖ ਨੂੰ ਲੱਗੀ ਰਹੀ। ਵਾਹਿਗੁਰੂ ਦੇ ਮਿਲਾਪ ਦੀ ਥਾਂ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਤੋਂ ਛੁਟਕਾਰਾ ਪਾ ਕੇ ਨਿਰਬਾਣ ਅਵਸਥਾ ਨੂੰ ਹੀ ਸਭ ਤੋਂ ਉਚੀ ਅਵਸਥਾ ਮੰਨਿਆ ਜਾਣ ਲੱਗਿਆ। ਇਹ ਵਿਸ਼ਵਾਸ਼ ਆਮ ਮਨੁੱਖ ਦੇ ਹਿਤ ਵਿਚ ਨਹੀਂ ਸਨ ਕਿਉਂਕਿ ਆਮ ਮਨੁੱਖ ਨੂੰ ਲੋੜ ਸੀ ਉਸ ਪ੍ਰਭੂ ਦੀ ਜੋ ਉਸ ਦੇ ਹਮੇਸ਼ਾ ਨਾਲ ਰਹਿੰਦਾ ਹੋਵੇ, ਉਸ ਦੇ ਅੰਦਰ ਬਾਹਰ ਹਰ ਥਾਂ ਪਰੀਪੂਰਨ ਹੋਵੇ, ਉਹ ਆਪਣੇ ਜੀਵਾਂ ਦੇ ਦੁਖਾਂ-ਸੁਖਾਂ ਨੂੰ ਪੂਰੀ ਤਰ੍ਹਾਂ ਨਾਲ ਜਾਣਦਾ ਹੋਵੇ ਅਤੇ ਉਸ ਦੀ ਮਦਦ ਲਈ ਕੀਤੀ ਪੁਕਾਰ ਵਿਚ ਉਹ ਆਪ ਆ ਕੇ ਸਹਾਇਤਾ ਕਰੇ। ਯਾਨਿ ਕਿ ਉਹ ਸ਼ਕਤੀ ਸਤਿ ਚਿਤ ਅਨੰਦ ਤਾਂ ਹੈਗੀ ਹੀ ਪਰ ਪਿਆਰ ਕਰਨ ਵਾਲੀ ਵੀ ਹੋਵੇ ਅਤੇ ਹਿਰਦੇ ਵਿਚ ਸਾਂਝ ਪੈਦਾ ਕਰਕੇ ਦੁਖਾਂ ਤੇ ਸੁਖਾਂ ਦੀ ਜਾਣੂੰ ਵੀ ਹੋਵੇ। ਭਗਤੀ ਲਹਿਰ ਤੋਂ ਪਹਿਲਾਂ ਚਾਰ ਹਜ਼ਾਰ ਸਾਲ ਦਾ ਸਮਾਂ ਇਨ੍ਹਾਂ ਕਮਜ਼ੋਰ ਵਿਸ਼ਵਾਸ਼ਾਂ ਵਿਚ ਲੰਘਿਆ।

ਉਸੇ ਸਮੇਂ ਵਿਚ ਮਹਾਤਮਾ ਬੁੱਧ ਜੀ ਨੇ ਅਤੇ ਜੈਨ ਮਤ ਦੇ ਬਾਨੀ ਮਹਾਂਵੀਰ ਜੀ ਨੇ ਆਪਣੀ ਕਠਨ ਤਪਸਿਆਵਾਂ ਕਰਕੇ ਮਾਇਆ ਦੇ ਮੰਡਲ ਵਿਚੋਂ ਆਪਣੇ ਆਪ ਨੂੰ ਪਾਰ ਕੀਤਾ, ਕਿਸੇ ਨਿਰਬਾਣ ਅਵਸਥਾ ਵਿਚ ਟਿਕਾਣਾ ਜਾ ਕੀਤਾ। ਪਰ ਭਗਤੀ ਲਹਿਰ ਦੇ ਨਿਸ਼ਚਿਆਂ ਅਨੁਸਾਰ ਵਾਹਿਗੁਰੂ ਜੀ ਪਿਆਰ ਕਰਦੇ ਹਨ, ਪਾਲਦੇ ਹਨ, ਦੁਖਾਂ ਨੂੰ ਦੂਰ ਕਰਦੇ ਹਨ ਅਤੇ ਪ੍ਰੇਮ ਨਾਲ ਬੰਨ੍ਹੇ ਜਾਂਦੇ ਹਨ ਅਤੇ ਆਪਣੇ ਭਗਤ ਨੂੰ ਆਪਣਾ ਹੀ ਰੂਪ ਬਣਾ ਲੈਂਦੇ ਹਨ। ਇਹ ਸੁੰਨ ਸਾਨ ਅਵਸਥਾ

ਨਹੀਂ ਸੀ ਇਹ ਜਿਉਂਦੀ ਜਾਗਦੀ ਪਿਆਰਾਂ ਵਿਚ ਗੜੂੰਦ ਕਰਦੀ ਪ੍ਰਭੂ ਦੇ ਪਿਆਰ ਨੂੰ ਮਾਣਨ ਵਾਲੀ ਮੁਕਤ ਅਵਸਥਾ ਸੀ। ਇਸ ਭਗਤੀ ਲਹਿਰ ਵਿਚ ਹੀ ਗਿਆਨ ਦਾ ਪ੍ਰਕਾਸ਼ ਵਧਿਆ ਅਤੇ ਇਹ ਜੀਵ, ਭਗਤੀ ਦੀ ਪਉੜੀ ਰਾਹੀਂ ਅਨੰਤ, ਅਨਾਦ, ਅਨਾਹਤ ਵਿਚ ਇਕ ਰੂਪ ਹੋ ਕੇ ਪ੍ਰਮੇਸ਼ਰ ਹੀ ਬਣ ਗਿਆ। ਨਾਸਤਕ ਮਤਾਂ ਨੇ ਭਾਰਤ ਦੇ ਸਾਸ਼ਕਾਂ ਅਤੇ ਜਨਤਾ ਉਤੇ ਬਹੁਤ ਅਸਰ ਪਾਇਆ। ਭਾਵੇਂ ਇਸ ਲੰਮੇ ਸਮੇਂ ਵਿਚ ਉਚ ਚਰਿਤ੍ਰਾਂ ਵਾਲੇ ਰਾਜੇ ਵੀ ਹੋਏ ਜਿਨ੍ਹਾਂ ਨੇ ਇਨਸਾਫ ਕੀਤਾ ਅਤੇ ਉਨ੍ਹਾਂ ਦੀਆਂ ਕਥਾਵਾਂ ਅੱਜ ਵੀ ਸਾਨੂੰ ਪ੍ਰੇਰਨਾ ਦਿੰਦੀਆਂ ਹਨ।

ਇਸਲਾਮ ਨੇ ਇਕ ਪ੍ਰਮੇਸ਼ਰ ਉਤੇ ਵਿਸ਼ਵਾਸ਼ ਰਖਦਿਆਂ ਅਰਬ ਦੇਸ਼ ਤੋਂ ਉਠ ਕੇ ਸਾਰੀ ਦੁਨੀਆਂ ਉਪਰ ਪ੍ਰਭਾਵ ਪਾਉਣਾ ਸ਼ੁਰੂ ਕੀਤਾ। ਉਹ ਧਰਮ, ਭਰਾਤਰੀ ਭਾਵ, ਪ੍ਰਸਪਰ ਰਵਾਦਾਰੀ, ਸੇਵਾ ਭਾਵ ਪਿਆਰ ਭਰਪੂਰ ਅਤੇ ਇਕ ਪ੍ਰਭੂ ਨੂੰ ਪਿਆਰ ਕਰਨ ਵਾਲਾ ਸੀ ਜਿਸ ਦੇ ਸਿੱਧੇ-ਸਿੱਧੇ ਉਪਦੇਸ਼ਾਂ ਨੇ ਕੱਟੜ ਪ੍ਰਸਤਾਂ ਦੇ ਪਾਏ ਹੋਏ ਜੰਜਾਲਾਂ ਨੂੰ ਤੋੜ ਕੇ ਇਕ ਪਿਆਰ ਦਾ ਰਾਹ ਦਰਸਾਇਆ, ਉਸ ਵਿਚ ਜਨਤਾ ਨੂੰ ਖਿੱਚ ਲਿਆ। ਭਾਵੇਂ ਪਿਛੋਂ ਆਏ ਇਸਲਾਮੀ ਰਾਜੇ ਬਹੁਤ ਹੀ ਖੂਨ ਖੁਆਰ ਅਤੇ ਜ਼ਾਲਮ ਸਨ ਅਤੇ ਬੇਦਰਦੀ ਦੇ ਭਾਵ ਵਿਚ ਲੀਨ ਹੋਏ ਆਪਣੇ ਕੀਤੇ ਗਏ ਅਤਿਆਚਾਰਾਂ ਨੂੰ ਭੀ ਪੁੰਨ ਹੀ ਮੰਨਦੇ ਸਨ ਉਹ ਇਸਲਾਮ ਦੇ ਉਚੇ ਅਸੂਲਾਂ ਤੋਂ ਥਿੜਕੇ ਹੋਏ ਸਨ ਪਰ ਮਜ਼ਹਬ ਦਾ ਬੁਰਕਾ ਪਹਿਨ ਕੇ ਧਰਮੀ ਬਣਨਾ ਚਾਹੁੰਦੇ ਸਨ।

ਭਾਰਤ ਵਿਚ ਵਰਣਨ ਯੋਗ ਇਸਲਾਮ ਦਾ ਰਾਜਸੀ ਕਾਲ ਕਈ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। 1000 ਤੋਂ 1526 ਈ. ਤਕ ਪੰਜਾਬ ਦੀ ਹਾਲਾਤ ਤੁਫਾਨਾਂ ਦੀ ਮਾਰ ਹੇਠ ਆਏ ਉਸ ਮਕਾਨ ਵਾਂਗੂੰ ਸੀ ਜਿਸ ਦੇ ਬੂਹੇ ਅੱਧ ਖੁਲ੍ਹੇ ਰਹਿਣ ਕਰਕੇ ਇਹ ਝੱਖੜ ਮਕਾਨ ਦੇ ਅੰਦਰ ਦਾਖਲ ਹੋ ਗਏ ਹੋਣ ਅਤੇ ਸਾਰੇ ਮਕਾਨ ਵਿਚ ਚੀਜ਼ਾਂ ਦੀ ਹਫੜਾ-ਦਫੜੀ ਮਚਾ ਕੇ ਬੇ-ਵਿਉਂਤੀ ਕਰਕੇ ਖਿੰਡਾ ਦਿਤੀਆਂ ਹੋਣ। ਤੁਫਾਨ ਨਾਲ ਮਕਾਨ ਦੀਆਂ ਕੰਧਾਂ ਗਿਰ ਗਈਆਂ ਅਤੇ ਉਜੜੇ ਥੇਹ ਵਾਂਗੂੰ ਪ੍ਰਤੀਤ ਦੇਣ ਲੱਗੀਆਂ। ਝੱਖੜਾਂ ਦਾ ਇਹ ਸਿਲਸਿਲਾ ਇਸਲਾਮੀ ਹਮਲਿਆਂ ਦੇ ਨਾਲ ਸ਼ੁਰੂ ਹੋ ਗਿਆ। ਇਸ ਦੇ ਮੋਢੀ ਅਫਗਾਨਿਸਤਾਨ ਰਾਜਸੀ ਖਾਨਦਾਨ ਨਾਲ ਸਬੰਧ ਰੱਖਣ ਵਾਲੇ ਅਲਪਤਗੀਨ ਅਤੇ ਸਬੁਕਤਦੀਨ ਸਨ ਉਨ੍ਹਾਂ ਨੇ ਭਾਰਤੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨਾ ਸ਼ੁਰੂ ਕਰ ਦਿਤਾ। ਮਹਿਮੂਦ ਨੇ ਆਪਣੇ ਰਾਜ ਕਾਲ 999-1030 ਈ. ਵਿਚ ਭਾਰਤ ਤੇ 17 ਹਮਲੇ ਕੀਤੇ ਜਿਨ੍ਹਾਂ ਦੀ ਬਹੁਤੀ ਮਾਰ ਕਾਨੌਜ, ਕਾਲੰਜਰ ਜਾਂ ਰੰਥਮਬੋਰ ਉਤੇ ਪਈ। ਮਹਿਮੂਦ ਦਾ ਇਕ ਹਮਲਾ ਗੁਜਰਾਤ ਵਿਚ ਮਸ਼ਹੂਰ ਮੰਦਰ ਸੋਮਨਾਥ ਉਪਰ ਹੋਇਆ। ਹਿੰਦੂ ਰਾਜਿਆਂ ਦੀ ਰਾਜਧਾਨੀ ਪਹਿਲਾਂ ਕਾਬਲ ਸੀ ਉਥੋਂ ਹਟ ਕੇ ਉਦਭੰਡ ਵਿਚ ਕਾਇਮ ਹੋਈ ਇਥੋਂ ਵੀ ਤੁਰਕਾਂ ਨੇ ਇਨ੍ਹਾਂ ਨੂੰ ਨੰਦਨਾਂ ਵਿਚ ਧਕੇਲ ਦਿਤਾ। ਅਖੀਰ ਸਰਹੰਦ ਨੂੰ ਆਪਣੀ ਰਾਜਧਾਨੀ ਬਣਾ ਕੇ ਰਾਜ ਕਰਨ ਲੱਗੇ। ਹਿੰਦ ਦੇ ਰਾਜੇ ਕਦੇ ਇਕੱਠੇ ਹੋ ਕੇ ਜੁੱਧ ਨਹੀਂ ਕਰਦੇ ਸਨ ਇਸ ਕਰਕੇ ਇਕੱਲੇ-ਇਕੱਲੇ ਮਾਰ ਖਾਂਦੇ ਹੀ ਰਹਿੰਦੇ ਸੀ। ਗਜ਼ਨਵੀਆਂ ਦੀ ਤਾਕਤ ਘਟਣ ਨਾਲ ਗੌਰੀ ਤੁਰਕਾਂ ਨੇ ਥਾਂ ਮੱਲ ਲਈ ਉਨ੍ਹਾਂ ਨੇ ਲੁੱਟ ਕੇ ਵਾਪਸ ਜਾਣ ਦੀ ਥਾਂ ਭਾਰਤ ਵਿਚ ਪੈਰ ਜਮਾ ਲਏ। ਸਹਾਬ-ਉਦ-ਦੀਨ ਨੇ ਭਾਰਤ ਵਿਚ ਤੁਰਕੀ ਰਾਜ ਕਾਇਮ ਕਰ ਲਿਆ। ਇਸੇ ਸਮੇਂ ਵਿਚ ਚੰਗੇਜ਼ ਖਾਨ ਵਰਗੇ ਮੱਧ ਏਸ਼ੀਆ ਵਿਚੋਂ ਉਠੇ। ਸਮੁੰਦਰ ਦੀਆਂ ਕਾਗਾਂ ਵਾਂਗ ਮੱਲਾਂ ਮਾਰਦੇ ਫੈਲ ਗਏ। ਰੂਸ, ਇਰਾਨ, ਅਫਗਾਨਿਸਤਾਨ ਸਭਨਾਂ ਦੇਸਾਂ ਦੀ ਤਾਕਤ ਤੀਲ੍ਹਿਆਂ ਵਾਂਗ ਇਨ੍ਹਾਂ ਦੀ ਤਾਕਤ ਦੇ ਅੱਗੇ ਉਡ ਗਈ। ਚੰਗੇਜ਼ ਖਾਨ ਜਲਾਲ-ਉਦ-ਦੀਨ ਦਾ ਪਿਛਾ ਕਰਦਾ ਅਟਕ ਦਰਿਆ ਤਕ ਪਹੁੰਚ ਗਿਆ। ਇਨ੍ਹਾਂ ਨੇ ਭਾਰਤ ਦੀ ਅਮੀਰੀ ਨੂੰ ਤੱਕ ਕੇ 300 ਸਾਲ ਤਕ ਭਾਰਤ ਵਿਚ ਉਜਾੜਾਂ ਤੇ ਬਰਬਾਦੀ ਦਾ ਮਹੌਲ ਕਾਇਮ ਰੱਖਿਆ। ਇਸ ਸਮੇਂ ਵਿਚ ਅਮੀਰ ਤੈਮੂਰ ਤੇ ਬਾਬਰ ਦੀਆਂ ਮੁਹਿੰਮਾਂ ਮਹੱਤਤਾ ਰਖਦੀਆਂ ਹਨ। ਤੈਮੂਰ ਨੇ ਭਾਰਤ ਵਿਚ ਅਜਿਹਾ ਜਬਰ ਕੀਤਾ ਕਿ ਸੁਣ ਕੇ ਲੂ ਕੰਡੇ ਖੜ੍ਹੇ ਹੁੰਦੇ ਹਨ। ਇਸ ਰਾਜਸੀ ਉਥੱਲ-ਪੁਥੱਲ ਵਿਚ ਪੰਜਾਬ ਨੂੰ ਬਹੁਤ ਵੱਡਾ ਸੰਤਾਪ ਝਲਣਾ ਪਿਆ। ਦਿੱਲੀ ਦੇ

ਬਾਦਸ਼ਾਹ ਨੇ ਕਾਬਲ ਵਲੋਂ ਆਉਣ ਵਾਲੇ ਹਮਲਾਵਰਾਂ ਦਾ ਮੁਕਾਬਲਾ ਕਰਨ ਵਾਸਤੇ ਪੰਜਾਬ ਨੂੰ ਇਕ ਸੈਨਿਕ ਛਾਉਣੀ ਵਿਚ ਬਦਲ ਦਿਤਾ। ਇਨ੍ਹਾਂ ਫੌਜੀਆਂ ਨੇ ਪੰਜਾਬ ਦੀ ਆਰਥਿਕ ਹਾਲਤ ਉਤੇ ਬਹੁਤ ਸੱਟ ਮਾਰੀ। ਉਸ ਸਮੇਂ ਦਾ ਪੰਜਾਬ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਸੁਲਤਾਨਾਂ ਦਾ ਆਪਣਾ ਰਾਜ ਸੀ ਮੁਲਤਾਨ, ਦੀਪਾਲਪੁਰ, ਲਾਹੌਰ, ਜਲੰਧਰ, ਸਰਹੰਦ ਤੇ ਸਮਾਣਾ ਆਦਿ ਦੇ ਵੱਖਰੇ-ਵੱਖਰੇ ਸੁਤੰਤਰ ਹਾਕਮ ਹੋਇਆ ਕਰਦੇ ਸਨ। ਇਸ ਰਾਜਸੀ ਸਮੇਂ ਵਿਚ ਹਿੰਦੂਆਂ ਦੀ ਹਾਲਤ ਬਹੁਤ ਹੀ ਪਤਲੀ ਹੋ ਗਈ। ਸਾਰੇ ਵੱਡੇ ਅਹੁਦਿਆਂ ਉਪਰ ਹਮਲਾਵਰ ਫੌਜਾਂ ਦੇ ਨੁਮਾਇੰਦੇ ਹੀ ਨਿਯੁਕਤ ਹੋਇਆ ਕਰਦੇ ਸਨ। ਪੰਜਾਬ ਵਿਚ ਜਿਨ੍ਹਾਂ ਹਿੰਦੂਆਂ ਨੇ ਇਸਲਾਮ ਧਾਰਨ ਕੀਤਾ ਸੀ ਉਨ੍ਹਾਂ ਨੂੰ ਵੀ ਵੱਡਿਆਂ ਅਹੁਦਿਆਂ ਤੋਂ ਵੰਚਿਤ ਰੱਖਿਆ ਜਾਂਦਾ ਸੀ ਪਰ ਫਿਰ ਵੀ ਹਿੰਦੂਆਂ ਨਾਲੋਂ ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਪ੍ਰਾਪਤ ਹੁੰਦੀਆਂ ਸਨ। ਹਿੰਦੂਆਂ ਨੂੰ ਕਾਫਰ ਅਤੇ ਬੁਤ ਪ੍ਰਸਤ ਆਖਿਆ ਜਾਂਦਾ ਸੀ ਇਨ੍ਹਾਂ ਨਾਲ ਸ਼ਾਸ਼ਕਾਂ ਨੂੰ ਹਮਦਰਦੀ ਨਹੀਂ ਸੀ ਇਨ੍ਹਾਂ ਨੂੰ ਦੂਜੇ ਦਰਜੇ ਦੇ ਅਧਿਕਾਰ ਪ੍ਰਾਪਤ ਸਨ। ਮੁਗਲਾਂ ਦੇ ਵੇਲੇ ਹਿੰਦੂਆਂ ਦੀ ਲਿਆਕਤ ਨੂੰ ਜਾਣਦਿਆਂ ਉਨ੍ਹਾਂ ਨੂੰ ਰਾਜ ਪ੍ਰਬੰਧ ਵਿਚ, ਵਣਜ ਵਪਾਰ, ਖੇਤੀ ਬਾੜੀ ਆਦਿਕ ਮਹਿਕਮਿਆਂ ਵਿਚ ਕੁਝ ਵਿਸ਼ੇਸ਼ ਹੱਕ ਪ੍ਰਾਪਤ ਸਨ। ਇਸ ਸਮੇਂ ਵਿਚ ਹਿੰਦੂ ਰਾਜੇ ਬਿਲਕੁਲ ਮਿੱਟੀ ਦੇ ਬੁੱਤ ਤਾਂ ਨਹੀਂ ਸਨ ਪਰ ਆਪਣੀਆਂ ਸੀਮਤ ਆਰਥਿਕ ਹਾਲਤਾਂ ਦੇ ਅਧੀਨ ਬਹੁਤ ਵੱਡੀ ਫੌਜ ਨਹੀਂ ਰਖ ਸਕਦੇ ਸਨ। ਰਾਜਾ ਜੈ ਪਾਲ ਨੇ ਮਹਿਮੂਦ ਸਬੁਕਤਗੀਨ ਤੋਂ ਵੀ ਹਾਰ ਖਾ ਕੇ ਹਾਰ ਨਹੀਂ ਮੰਨੀ ਸੀ ਉਸ ਦੇ ਉਤਰਾ ਅਧਿਕਾਰੀ ਰਾਜਾ ਅਨੰਦਪਾਲ ਨੇ ਮਹਿਮੂਦ ਦੇ ਵਿਰੁਧ ਰਾਜਪੂਤਾਂ ਦਾ ਇਕ ਸੰਘ ਕਾਇਮ ਕਰ ਲਿਆ ਪਰ ਕੋਈ ਬਹੁਤੀ ਸਫਲਤਾ ਨਾ ਹੋਈ। ਉਸ ਦੇ ਪੁੱਤਰ ਤ੍ਰਿਲੋਚਨ ਪਾਲ ਨੇ ਸਰਹੰਦ ਨੂੰ ਰਾਜਧਾਨੀ ਬਣਾਇਆ। ਉਸ ਸਮੇਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਹਿੰਦੂਆਂ ਵਿਚ ਕੋਈ ਜਾਨ ਹੀ ਨਾ ਰਹੀ ਹੋਵੇ। ਭਾਵੇਂ ਪੰਜਾਬ ਦੇ ਪਹਾੜਾਂ ਵਿਚ ਪਹਾੜੀ ਰਾਜਪੂਤ ਰਾਜੇ ਰਾਜ ਕਰਦੇ ਸਨ ਪਰ ਉਹ ਕਦੇ ਵੀ ਇਸਲਾਮੀ ਰਾਜਿਆਂ ਨਾਲ ਡਟ ਕੇ ਨਹੀਂ ਲੜੇ ਸਨ। 1521 ਵਿਚ ਬਾਬਰ ਨੇ ਪੰਜਾਬ ਉਤੇ ਹਮਲਾ ਕੀਤਾ ਅਤੇ ਸੈਦਪੁਰ (ਏਮਨਾਬਾਦ) ਨੂੰ ਬਿਲਕੁਲ ਤਬਾਹ ਕਰ ਦਿਤਾ। ਗੁਰੂ ਨਾਨਕ ਪਾਤਸ਼ਾਹ ਉਥੇ ਮੌਜੂਦ ਸਨ ਉਨ੍ਹਾਂ ਨੇ ਇਸ ਤਬਾਹੀ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਹਾਲਤ ਨੂੰ ਤਕਦਿਆਂ ਫੁਰਮਾਨ ਕੀਤਾ -

*ਖੁਰਾਸਾਨ ਖਸਮਾਨਾ ਕੀਆ*
*ਹਿੰਦੁਸਤਾਨੁ ਡਰਾਇਆ ॥*
*ਆਪੈ ਦੋਸੁ ਨ ਦੇਈ ਕਰਤਾ*
*ਜਮੁ ਕਰਿ ਮੁਗਲੁ ਚੜਾਇਆ ॥*
*ਏਤੀ ਮਾਰ ਪਈ ਕਰਲਾਣੇ*
*ਤੈਂ ਕੀ ਦਰਦੁ ਨ ਆਇਆ ॥*
*ਕਰਤਾ ਤੂੰ ਸਭਨਾ ਕਾ ਸੋਈ ॥*
*ਜੇ ਸਕਤਾ ਸਕਤੇ ਕਉ ਮਾਰੇ*
*ਤਾ ਮਨਿ ਰੋਸੁ ਨ ਹੋਈ ॥*
*ਸਕਤਾ ਸੀਹੁ ਮਾਰੇ ਪੈ ਵਗੈ*
*ਖਸਮੈ ਸਾ ਪੁਰਸਾਈ ॥*
*ਰਤਨ ਵਿਗਾੜਿ ਵਿਗੋਏ*
*ਕੁਤੀ ਮੁਇਆ ਸਾਰ ਨ ਕਾਈ ॥*
*ਆਪੇ ਜੋੜਿ ਵਿਛੋੜੇ ਆਪੇ*
*ਵੇਖੁ ਤੇਰੀ ਵਡਿਆਈ ॥*
*ਜੇ ਕੋ ਨਾਉ ਧਰਾਏ ਵਡਾ*
*ਸਾਦ ਕਰੇ ਮਨਿ ਭਾਣੇ ॥*
*ਖਸਮੈ ਨਦਰੀ ਕੀੜਾ ਆਵੈ*
*ਜੇਤੇ ਚੁਗੈ ਦਾਣੇ ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ*
*ਨਾਨਕ ਨਾਮੁ ਵਖਾਣੇ ॥*

*ਅੰਗ - 360*

ਇਥੇ ਗੁਰੂ ਮਹਾਰਾਜ ਜੀ ਨੇ ਬਾਬਰ ਦੀਆਂ ਫੌਜਾਂ ਨੂੰ ਸ਼ੇਰ ਦੀ ਤੁਲਨਾ ਦਿਤੀ ਅਤੇ ਪੰਜਾਬ ਵਾਸੀਆਂ ਨੂੰ ਗਾਂਈਆਂ ਦੇ ਵਗ ਨਾਲ ਤੁਲਨਾ ਦਿਤੀ। ਮਾਨਸਕ ਗਿਰਾਵਟ ਦੀ ਹਾਲਤ ਦਸਦਿਆਂ ਹੋਇਆਂ ਫੁਰਮਾਨ ਕੀਤਾ -

*ਸਰਮ ਧਰਮ ਕਾ ਡੇਰਾ ਦੂਰਿ ॥*
*ਨਾਨਕ ਕੂੜੁ ਰਹਿਆ ਭਰਪੂਰਿ ॥*
*ਮਥੈ ਟਿਕਾ ਤੇੜਿ ਧੋਤੀ ਕਖਾਈ ॥*

*ਹਥਿ ਛੁਰੀ ਜਗਤ ਕਾਸਾਈ॥*
*ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥*
*ਮਲੇਛ ਧਾਨੁ ਲੇ ਪੂਜਹਿ ਪੁਰਾਣੁ॥*
*ਅਭਾਖਿਆ ਕਾ ਕੁਠਾ ਬਕਰਾ ਖਾਣਾ॥*
*ਚਉਕੇ ਉਪਰਿ ਕਿਸੈ ਨ ਜਾਣਾ॥*
*ਅੰਗ - 472*

ਭਾਰਤ ਦੇ ਹਿੰਦੂ, ਸ੍ਵੈਮਾਨ ਅਤੇ ਅਣਖ ਵਰਗਾ ਅਨਮੁੱਲਾ ਗੁਣ ਆਪਣੇ ਵਿਚੋਂ ਗੁਆ ਕੇ ਢਹਿੰਦੀਆਂ ਕਲਾਂ ਵਿਚ ਸਹਿਕ ਰਹੇ ਸਨ। ਇਤਿਹਾਸਕਾਰਾਂ ਦਾ ਮਤ ਹੈ ਕਿ ਇਹ ਪਤਨ ਅਚਾਨਕ ਸ਼ੁਰੂ ਨਹੀਂ ਹੋਇਆ ਸੀ। ਇਹ ਸਾਰੀ ਗਿਰਾਵਟ ਵਿਦੇਸ਼ੀਆਂ ਦੇ ਸਿਰ ਤੇ ਨਹੀਂ ਮੜ੍ਹੀ ਜਾ ਸਕਦੀ ਸੀ ਇਸ ਦਾ ਸਬੰਧ ਮਹਾਰਾਜਾ ਹਰਸ਼ ਵਰਧਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਜਾਤ ਪਾਤ ਦੇ ਬੰਧਨਾਂ ਵਿਚ ਕੱਟੜਤਾ, ਪ੍ਰਸਪਰ ਮੇਲ ਜੋਲ ਦੀ ਅਣਹੋਂਦ ਤੇ ਅੰਧ ਵਿਸ਼ਵਾਸ਼ ਦਾ ਪਸਾਰਾ, ਕਰਮ-ਕਾਂਡਾਂ ਦਾ ਕਰੜਾ ਜਾਲ ਜੋ ਪ੍ਰੋਹਤ ਸ਼੍ਰੇਣੀ ਨੇ ਪਸਾਰਿਆ ਸੀ, ਉਸ ਨਾਲ ਭਾਰਤ ਦੀ ਵਸੋਂ ਬਿਲਕੁਲ ਨਿਮਾਣੀ ਨਿਤਾਣੀ ਹੋ ਚੁੱਕੀ ਸੀ। ਰਹਿੰਦੀ ਕਸਰ ਇਸਲਾਮੀ ਰਾਜਿਆਂ ਨੇ ਪੂਰੀ ਕਰ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਇਹ ਹਾਲਤ ਸੀ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*
*ਅੰਗ - 145*

ਹਮਲਾਵਰਾਂ ਦੇ ਟੋਲਿਆਂ ਨੇ ਗੈਰ ਮੁਸਲਮਾਨ ਵਸੋਂ ਦੇ ਨਸ਼ਟ ਭ੍ਰਸ਼ਟ ਕਰਨ ਦੇ ਕਈ ਹੋਰ ਕਾਰਨ ਵੀ ਸਨ। ਪਹਿਲਾ- ਜਜ਼ੀਏ ਵਗੈਰਾ ਦਾ ਟੈਕਸ ਕੇਵਲ ਹਿੰਦੂਆਂ ਤੇ ਲਗਦਾ ਸੀ। ਫੌਜੀ ਛਾਉਣੀਆਂ ਪੰਜਾਬ ਦੇ ਪਿੰਡ-ਪਿੰਡ ਨੂੰ ਘੇਰੀਂ ਬੈਠੀਆਂ ਸਨ ਅਤੇ ਉਨ੍ਹਾਂ ਦੀ ਸੁਤੰਤਰਤਾ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ ਸੀ। ਲੁੱਟ ਕਸੁੱਟ ਦੀ ਕੋਈ ਫਰਿਆਦ ਸੁਣੀ ਨਹੀਂ ਜਾਂਦੀ ਸੀ। ਉਸ ਸਮੇਂ ਆਮ ਜਨਤਾ ਇਸਲਾਮ ਕਬੂਲਣ ਵਿਚ ਹੀ ਆਪਣਾ ਭਲਾ ਸਮਝਦੀ ਸੀ। ਹਿੰਦੂਆਂ ਉਤੇ ਜਜ਼ੀਆ ਇਸ ਕਰਕੇ ਲਗਾਇਆ ਜਾਂਦਾ ਸੀ ਕਿ ਹਿੰਦੂ ਜਨਤਾ ਆਪਣੀ ਰਾਖੀ ਉਪਰ ਆਏ ਖਰਚ ਪੂਰੇ ਕਰੇ। ਇਨ੍ਹਾਂ ਹਾਲਾਤਾਂ ਵਿਚ ਧਰਮ ਪਰਿਵਰਤਨ ਬਹੁਤ ਵੱਡੀ ਸੰਖਿਆ ਵਿਚ ਸ਼ੁਰੂ ਹੋ ਗਿਆ। ਹਿੰਦੂਆਂ ਨੂੰ ਕੋਈ ਵੀ ਉਚ ਪਦਵੀ ਪ੍ਰਾਪਤ ਨਹੀਂ ਹੋਇਆ ਕਰਦੀ ਸੀ। ਇਥੇ ਦੀ ਗੈਰ ਮੁਸਲਮ ਜਨਤਾ ਨੂੰ ਬਹੁਤ ਹੀ ਘਟੀਆ ਗਿਣਿਆ ਜਾਂਦਾ ਸੀ। ਪੱਛਮੀ ਪੰਜਾਬ ਦੇ ਲਗਭੱਗ ਸਾਰੇ ਰਾਜਪੂਤਾਂ ਨੇ ਹਿੰਦੂ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲਿਆ ਸੀ। ਇਸ ਜਨਤਾ ਦੇ ਚਰਿੱਤਰ ਵਿਚੋਂ ਅਣਖ, ਸ੍ਵੈਮਾਨ, ਸ੍ਵੈ ਵਿਸ਼ਵਾਸ਼ ਵਰਗੇ ਗੁਣ ਬਿਲਕੁਲ ਅਲੋਪ ਹੋ ਚੁੱਕੇ ਸਨ। ਵੱਡੇ-ਵੱਡੇ ਹਿੰਦੂ ਕਬੀਲੇ ਜਿਵੇਂ ਕਿ ਸਿਆਲ, ਸਰਹੰਗ ਵਾਲੀਏ, ਬਾਹਲੀਏ, ਬਕਨ, ਹਕਨ, ਖੋਖਰ, ਢੂਢੀ, ਟਿਵਾਏ, ਖਰਲ ਤੇ ਮਰਲ, ਭੱਟੀ ਆਦਿ ਸਮੂਹਿਕ ਤੌਰ ਤੇ ਇਸਲਾਮ ਧਾਰਨ ਕਰ ਚੁੱਕੇ ਸਨ।

ਅਲਾਉਦੀਨ ਵਰਗੇ ਸੁਲਤਾਨ ਨੇ ਹਿੰਦੂਆਂ ਦੇ ਮੰਦਰ ਢਾਹ ਦਿਤੇ ਅਤੇ ਬੁੱਤ ਤੋੜ ਦਿਤੇ। ਬੁੱਤਾਂ ਨੂੰ ਤੋਲ ਲਈ ਵੱਟੇ ਬਣਾ ਕੇ ਹਟਵਾਣੀਆਂ ਦੀਆਂ ਤਕੜੀਆਂ ਵਿਚ ਜਿਨਸਾਂ ਤੋਲਣ ਲਈ ਦਿਤੇ ਜਾਂਦੇ ਸਨ। ਹਿੰਦੂਆਂ ਨੂੰ ਚੰਗੇ ਕਪੜੇ ਪਹਿਨਣ ਤੇ ਚੰਗੀਆਂ ਸਵਾਰੀਆਂ ਉਤੇ ਚੜ੍ਹਣ ਦੀ ਪਾਬੰਦੀ ਲੱਗ ਚੁੱਕੀ ਸੀ, ਤੀਰਥ ਯਾਤਰਾ ਲਈ ਵੱਖਰੇ ਟੈਕਸ ਵਸੂਲ ਕੀਤੇ ਜਾਂਦੇ ਸਨ। ਉਸ ਵੇਲੇ ਦੇ ਅਧਿਆਤਮਕ ਆਗੂ ਸਿੱਧਾਂ, ਜੋਗੀਆਂ ਦੇ ਰੂਪ ਵਿਚ ਘਰ ਛੱਡ ਕੇ ਪਹਾੜਾਂ ਦੀਆਂ ਟੀਸੀਆਂ ਵਿਚ ਜਾਂ ਮੰਦਰਾਂ ਵਿਚ ਡੇਰੇ ਲਾਉਂਦੇ ਸਨ ਜਾਂ ਸਾਧੂਆਂ ਦੇ ਟੋਲੇ ਬਣਾ-ਬਣਾ ਕੇ ਧੂਣੀਆਂ ਰਮਾਉਂਦੇ ਫਿਰਦੇ ਸਨ। ਇਹ ਜੁੰਡਲੀ ਕੋਈ ਕੰਮ ਨਹੀਂ ਕਰਦੀ ਸੀ ਸਗਮਾਂ ਜਨਤਾ ਉਤੇ ਬਹੁਤ ਭਾਰੀ ਬੋਝ ਬਣੀ ਹੋਈ ਸੀ। ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਦੀ ਰਹੁਰੀਤ ਉਪਰ ਕਿੰਤੂ ਕਰਦਿਆਂ ਫੁਰਮਾਨ ਕੀਤਾ-

*ਜੋਗੁ ਨ ਖਿੰਥਾ ਜੋਗੁ ਨ ਡੰਡੈ*
*ਜੋਗੁ ਨ ਭਸਮ ਚੜਾਈਐ॥*

*ਜੋਗੁ ਨ ਮੁੰਦੀ ਮੂੰਡਿ ਮੁਡਾਇਐ*
*ਜੋਗੁ ਨ ਸਿੰਙੀ ਵਾਈਐ॥*
*ਅੰਜਨ ਮਾਹਿ ਨਿਰੰਜਨਿ*
*ਰਹੀਐ ਜੋਗ ਜੁਗਤਿ ਇਵ ਪਾਈਐ॥*
*ਅੰਗ - 730*

ਇਹੋ ਜਿਹੀ ਅਧੋਗਤੀ ਵਿਚ, ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ-ਅਛੂਤ ਦੇ ਬਹੁਤ ਹੀ ਵਖੇਵੇਂ ਪਏ ਹੋਏ ਸਨ। ਲੋਕ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਹਿਣ ਦੀ ਥਾਂ ਜੋਗੀਆਂ ਦੇ ਕੋਲ ਜਾਂਦੇ, ਜਾਦੂ ਟੂਣਿਆਂ ਵਾਲਿਆਂ ਕੋਲ ਜਾ ਕੇ ਉਨ੍ਹਾਂ ਤੋਂ ਸ਼ਗਨ-ਅਪਸ਼ਗਨ ਪੁਛਦੇ ਅਤੇ ਟੂਣੇ-ਟਾਮਣ ਕਰਕੇ ਸੁਖ ਦੀ ਆਸ ਰਖਦੇ ਸਨ। ਇਉਂ ਪ੍ਰਤੀਤ ਦਿੰਦਾ ਸੀ ਜਿਵੇਂ ਹਿੰਦੂ ਸਮਾਜ ਦੇ ਵਿਸ਼ਾਲ ਸਰੀਰ ਵਿਚ ਬੇਅੰਤ ਬਿਮਾਰੀਆਂ ਪੈਦਾ ਹੋ ਗਈਆਂ ਹੋਣ ਅਤੇ ਇਸ ਸਰੀਰ ਦਾ ਲਹੂ ਰੁਕ-ਰੁਕ ਕੇ ਚਲ ਰਿਹਾ ਸੀ। ਇਕ ਤਰ੍ਹਾਂ ਨਾਲ ਇਹ ਸਮਾਜ ਜ਼ਮੀਨ ਉਤੇ ਲੰਮਾ ਹੀ ਪੈ ਗਿਆ ਸੀ ਕੋਈ ਸੰਘਰਸ਼ ਇਨ੍ਹਾਂ ਦੇ ਮਨ ਵਿਚ ਨਹੀਂ ਉਪਜਦਾ ਸੀ। ਸ੍ਵੈਮਾਨ ਪੂਰੀ ਤਰ੍ਹਾਂ ਨਾਲ ਖਤਮ ਹੋ ਚੁਕਿਆ ਸੀ। ਇਨ੍ਹਾਂ ਦੀ ਸਹਾਇਤਾ ਕਰਨ ਵਾਲਾ ਈਸ਼ਵਰ ਦੇਵੀ ਦੇਵਤਿਆਂ ਦੇ ਰੂਪ ਵਿਚ ਵੰਡਿਆ ਜਾ ਚੁਕਿਆ ਸੀ। ਇਨ੍ਹਾਂ ਨੇ ਉਨ੍ਹਾਂ ਦੇ ਬੁੱਤ ਬਣਾ ਕੇ ਉਸ ਤੋਂ ਹੀ ਆਪਣੀ ਕਲਿਆਣ ਦੀ ਮੰਗ ਕੀਤੀ। ਅਗਿਆਨ ਦਾ ਹਨ੍ਹੇਰਾ ਛਾ ਚੁਕਿਆ ਸੀ। ਇਸ ਦੇ ਮੁਕਾਬਲੇ ਤੇ ਇਸਲਾਮ ਕੇਵਲ ਇਕੋ ਇਕ ਪ੍ਰਮੇਸ਼ਰ ਨੂੰ ਮੰਨਦਾ ਸੀ ਉਹ ਦ੍ਰਿੜ੍ਹ ਵਿਸ਼ਵਾਸ਼ੀ ਸੀ। ਹਜ਼ਰਤ ਮੁਹੰਮਦ ਜੀ ਨੂੰ ਉਹ ਕੇਵਲ ਅੱਲਾਹ ਦਾ ਰਸੂਲ ਤੇ ਪੈਗੰਬਰ (ਪੈਗਾਮ ਦੇਣ ਵਾਲਾ) ਮੰਨਿਆ ਕਰਦੇ ਸਨ। ਉਨ੍ਹਾਂ ਦੇ ਧਾਰਮਿਕ ਨਿਸ਼ਚੇ ਮਜ਼ਬੂਤ ਪਾਏਦਾਨ ਸਨ। ਇਧਰ ਹਿੰਦੂਆਂ ਦੇ ਨਿਸ਼ਚੇ ਡਾਵਾਂਡੋਲ ਅਤੇ ਤਾਕਤ ਤੋਂ ਹੀਣੇ ਸਨ। ਇਸ ਸਮੇਂ ਵਿਚ ਇਸਲਾਮ ਦੇ ਨਿਸ਼ਚੇ ਅੱਲਾਹ ਨਾਲ ਪੂਰੀ ਤਰ੍ਹਾਂ ਜੁੜੇ ਹੋਣ ਕਰਕੇ ਸੂਫੀ ਮਤ ਵਿਚ ਅਨੇਕਾਂ ਹੀ ਪੀਰ ਸੰਸਾਰ ਮੰਚ ਉਪਰ ਪ੍ਰਗਟ ਹੋਏ ਜਿਨ੍ਹਾਂ ਦੀਆਂ ਕਥਾਵਾਂ ਅੱਜ ਵੀ ਸੁਭਾਵਿਕ ਹੀ ਖਿੱਚਾਂ ਪਾਉਂਦੀਆਂ ਹਨ। ਸ਼ੇਖ ਫਰੀਦ ਵਰਗੇ ਸੂਫੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਮਿਲ ਕੇ ਸਤਿਗੁਰੂ ਦੀ ਪਦਵੀ ਪ੍ਰਾਪਤ ਹੋ ਜਾਣੀ ਉਸ ਦਾ ਅੱਲਾਹ ਉਪਰ ਵਿਸ਼ਵਾਸ਼ ਸੀ। ਇਨ੍ਹਾਂ ਪੀਰਾਂ ਨੇ ਆਪਣੇ ਉਪਦੇਸ਼ਾਂ ਨਾਲ ਬਹੁਤ ਸਾਰੇ ਹਿੰਦੂਆਂ ਨੂੰ ਇਸਲਾਮ ਵਿਚ ਦਾਖਲ ਕੀਤਾ। ਇਤਿਹਾਸਕਾਰਾਂ ਨੇ ਹਿੰਦੂ ਸਮਾਜ ਦਾ ਨਕਸ਼ਾ ਖਿਚਦਿਆਂ ਅੰਕਿਤ ਕੀਤਾ ਕਿ ਹਿੰਦੂ ਸਮਾਜ ਪੂਰੀ ਤਰ੍ਹਾਂ ਨਾਲ ਢਹਿੰਦੀਆਂ ਕਲਾਂ ਵਿਚ ਗਰਕ ਹੋ ਚੁਕਿਆ ਸੀ ਅਤੇ ਨਾਲ ਇਹ ਵੀ ਦਸਿਆ ਕਿ ਇਹ ਪਤਨ ਮਹਾਰਾਜਾ ਹਰਸ਼ ਵਰਧਨ ਦੇ ਉਸ ਸਮੇਂ ਤੋਂ ਸ਼ੁਰੂ ਹੋਇਆ ਜਦੋਂ ਬ੍ਰਾਹਮਣਾਂ ਦੀ ਅਗਵਾਈ, ਕਰਮਕਾਂਡ ਛੂਤ ਛਾਤ ਦਾ ਪੂਰੀ ਤਰ੍ਹਾਂ ਬੋਲ ਬਾਲਾ ਹੋਇਆ ਸੀ। ਹਿੰਦੂ ਬ੍ਰਾਹਮਣ ਵਿਦਵਾਨਾਂ ਨੇ ਕਰਮਕਾਂਡਾਂ ਉਤੇ ਪੂਰਾ ਬਲ ਦਿਤਾ ਜਿਸਦੇ ਸਿੱਟੇ ਵਜੋਂ ਦੱਖਣ ਪ੍ਰਦੇਸ਼, ਪੂਰਬੀ ਭਾਰਤ ਅਤੇ ਸਮੁੱਚੇ ਦੇਸ਼ ਦੀ ਜਨਤਾ ਦੀ ਸ਼ਕਤੀ ਮਾਇਕ ਅਤੇ ਦਿਮਾਗੀ ਨਿਰਾਰਥਕ ਰਿਵਾਜਾਂ, ਵਹਿਮ ਪ੍ਰਸਤੀ ਤੇ ਖਰਚ ਹੋਣੀ ਸ਼ੁਰੂ ਹੋਈ। ਕਰਮ ਕਾਂਡ ਪ੍ਰਚਲਤ ਕਰਨ ਵਾਲੇ ਲੋਕਾਂ ਦਾ ਇਸ ਵਿਚ ਆਪਣਾ ਹਿਤ ਸੀ ਯਾਨਿ ਕਿ ਬ੍ਰਾਹਮਣ ਵਰਗ ਆਪਣੀ ਸਦਾ ਦੀ ਸਰਦਾਰੀ ਕਾਇਮ ਰਖਣੀ ਚਾਹੁੰਦਾ ਸੀ। ਅਜਿਹੇ ਸਮੇਂ ਸੁਭਾਵਿਕ ਹੀ ਲੋਕਾਂ ਵਿਚ ਸੋਚ ਸ਼ਕਤੀ ਮੱਧਮ ਪੈ ਗਈ, ਸਾਹਸਹੀਣੀ ਹੋ ਕੇ ਇਨ੍ਹਾਂ ਨੂੰ ਜੰਗਾਲ ਲਗਣਾ ਸ਼ੁਰੂ ਹੋ ਗਿਆ। ਚਿੰਤਨ ਸ਼ਕਤੀ ਵਿਚ ਰਹਿੰਦੀ ਖੂੰਹਦੀ ਕਸਰ ਸਮਾਜ ਦੇ ਕਰੜੇ ਨਿਯਮਾਂ ਨੇ ਪੂਰੀ ਕਰ ਦਿਤੀ ਅਤੇ ਇਥੋਂ ਤਕ ਕਿ ਖਾਣ-ਪੀਣ, ਪਹਿਨਣ, ਫਸਲਾਂ ਬੀਜਣ, ਫਸਲਾਂ ਕੱਟਣ, ਵਿਆਹ ਸ਼ਾਦੀਆਂ ਦੀਆਂ, ਥਿਤਾਂ, ਵਾਰਾਂ ਪੁਛਣ ਅਤੇ ਕੰਮ ਜੋਤਸ਼ੀਆਂ ਤੋਂ ਪੁੱਛ ਕੇ ਕਰਨ ਨੇ ਪੂਰੀ ਕਰ ਦਿਤੀ। ਉਚੀਆਂ-ਨੀਚੀਆਂ ਜਾਤਾਂ ਦੇ ਵਿਚ ਪੂਰੀ ਤਰ੍ਹਾਂ ਨਾਲ ਵਿਤਕਰਾ ਪੈ ਗਿਆ। ਦੇਸ਼ ਦੀ ਪ੍ਰਗਤੀ, ਦੇਸ਼ ਰੱਖਿਆ ਦੀ ਭਾਵਨਾ ਪੂਰੀ ਤਰ੍ਹਾਂ ਖਤਮ ਹੋ ਗਈ। ਵਿਆਹ ਕਰਨ ਲਈ ਜ਼ਰੂਰੀ ਜਾਣਿਆ ਗਿਆ ਕਿ ਵਿਆਹ ਬਿਲਕੁਲ ਓਪਰੇ ਪਰਿਵਾਰ ਵਿਚ ਕੀਤਾ ਜਾਵੇ ਕਿਉਂਕਿ ਸਾਕ ਸਬੰਧ ਵਿਚ ਵਿਆਹ ਕਰਨ ਨਾਲੋਂ ਓਪਰੇ ਵਿਆਹ ਵਿਚ ਜ਼ਿਆਦਾ ਮਹੱਤਤਾ ਗਿਣੀ ਗਈ। ਪੁਰਸ਼ ਨੂੰ ਇਕ ਇਸਤ੍ਰੀ ਤੋਂ ਵੱਧ ਇਸਤ੍ਰੀਆਂ

ਰੱਖਣ ਦੀ ਖੁਲ੍ਹ ਸੀ। ਆਮ ਹਾਲਤਾਂ ਵਿਚ ਕਈ-ਕਈ ਇਸਤ੍ਰੀਆਂ ਨਾਲ ਵਿਆਹ ਕਰਾ ਸਕਦਾ ਸੀ ਪਰ ਇਸਤ੍ਰੀ ਉਪਰ ਪੂਰੀ ਤਰ੍ਹਾਂ ਪਾਬੰਦੀ ਸੀ ਕਿ ਉਹ ਆਪਣੇ ਪਤੀ ਤੋਂ ਬਿਨ੍ਹਾਂ ਕਿਸੇ ਹੋਰ ਪੁਰਸ਼ ਦੀ ਪ੍ਰਸੰਸਾ ਵੀ ਨਹੀਂ ਕਰ ਸਕਦੀ। ਸਤੀ ਦਾ ਆਮ ਰਿਵਾਜ ਸੀ। ਜਦੋਂ ਪਤੀ ਮਰ ਜਾਂਦਾ ਸੀ ਤਾਂ ਇਸਤ੍ਰੀ ਨੂੰ ਸਤੀ ਹੋਣਾ ਪੈਂਦਾ ਸੀ। ਵਿਧਵਾ ਦੀ ਹਾਲਤ ਬਹੁਤ ਹੀ ਮੰਦੀ ਹੋਇਆ ਕਰਦੀ ਸੀ। ਉਹ ਸਾਰੀ ਜ਼ਿੰਦਗੀ ਦੁਖਾਂ ਵਿਚ ਪਈ ਹੋਈ ਲੰਘਾਉਂਦੀ ਸੀ। ਇਬਨ ਬਤੂਤਾ ਉਸ ਸਮੇਂ ਦੀ ਘਟਨਾ ਦਾ ਜ਼ਿਕਰ ਕਰਦੇ ਲਿਖਦਾ ਹੈ ਕਿ ਮੈਂ ਇਕ ਸਤੀ ਦੇਖੀ, ਤਿੰਨ ਦਿਨ ਉਸਦੀ ਖਾਤਰ ਹੋਈ। ਬੇਅੰਤ ਇਸਤ੍ਰੀਆਂ ਉਸ ਨੂੰ ਦੇਖਣ ਆਉਂਦੀਆਂ ਫਿਰ ਸਤੀ ਹੋਣ ਵਾਲੀ ਨੂੰ ਸਜਾ ਕੇ, ਸੁਗੰਧੀਆਂ ਲਗਾ ਕੇ, ਢੋਲ ਵਜਾਉਂਦਿਆਂ, ਚਿਖਾ ਵਲ ਲਿਜਾਂਦੇ ਅਤੇ ਅਗਿਆਨੀ ਲੋਕ ਉਸ ਨੂੰ ਸੁਨੇਹਾ ਦਿੰਦੇ ਕਿ ਤੂੰ ਦਰਗਾਹ ਵਿਚ ਜਾ ਕੇ ਮੇਰੇ ਮਾਤਾ, ਪਿਤਾ, ਭਰਾਤਾ, ਸਾਥੀਆਂ ਨੂੰ ਨਮਸਕਾਰ ਕਰੀਂ ਤੇ ਸੁਨੇਹਾ ਦੇਈਂ। ਉਹ ਕਹਿਣ ਲੱਗੀ, "ਹਾਂ, ਮੈਂ ਦੇ ਦੇਵਾਂਗੀ।" ਕਹਿਣ ਲੱਗਿਆ ਕਿ ਇਹ ਕਾਫਰਾਂ ਦਾ ਵਿਸ਼ਵਾਸ਼ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਇਸ ਜਲੂਸ ਦੇ ਨਾਲ-ਨਾਲ ਗਿਆ ਜਦੋਂ ਮੈਂ ਚਬੂਤਰਿਆਂ ਕੋਲ ਆਇਆ ਤਾਂ ਤਿੰਨ ਇਸਤ੍ਰੀਆਂ ਘੋੜਿਆਂ ਤੋਂ ਉਤਰ ਕੇ ਇਕ ਪਾਣੀ ਦੇ ਕੁੰਡ ਵਿਚ ਕੁੱਦ ਗਈਆਂ ਤੇ ਉਨ੍ਹਾਂ ਨੇ ਆਪਣੇ ਕੱਪੜੇ ਤੇ ਗਹਿਣੇ ਉਤਾਰ ਕੇ ਦਾਨ ਵਿਚ ਦੇ ਦਿਤੇ ਫਿਰ ਹਰ ਇਕ ਨੇ ਇਕ ਮੋਟਾ ਅਣਸੀਤਾ ਕੱਪੜਾ ਆਪਣੇ ਲੱਕ ਦੁਆਲੇ ਲਪੇਟ ਲਿਆ। ਇੰਨੇ ਨੂੰ ਕੁੰਡ ਕੋਲ ਇਕ ਟੋਏ ਵਿਚ ਅੱਗ ਬਾਲੀ ਗਈ ਅਤੇ ਉਸ ਨੂੰ ਪ੍ਰਜ੍ਵਲਤ ਕਰਨ ਲਈ ਤਿਲਾਂ ਦਾ ਤੇਲ ਪਾਇਆ ਗਿਆ। 15 ਬੰਦੇ ਲੱਕੜਾਂ ਲਈਂ ਖੜ੍ਹੇ ਸਨ ਅਤੇ ਦਸ ਹੋਰ ਲੰਮੇ-ਲੰਮੇ ਬਾਂਸ ਲਈਂ ਖੜ੍ਹੇ ਸਨ ਉਨ੍ਹਾਂ ਇਸਤਰੀਆਂ ਨੇ ਅੱਗ ਨੂੰ ਨਮਸਕਾਰ ਕੀਤੀ। ਉਸ ਵੇਲੇ ਜ਼ੋਰ-ਜ਼ੋਰ ਦੀ ਆਵਾਜ਼ ਵਾਲੇ ਵਾਜੇ, ਢੋਲ ਵਜਾਏ ਗਏ ਅਤੇ ਬਲਦੀ ਅੱਗ ਵਿਚ ਉਨ੍ਹਾਂ ਨੇ ਛਾਲ ਮਾਰ ਦਿਤੀ ਅਤੇ ਉਸੇ ਸਮੇਂ ਲੱਕੜੀਆਂ ਦਾ ਭਾਰ ਉਨ੍ਹਾਂ ਉਪਰ ਸੁੱਟ ਦਿਤਾ ਗਿਆ ਤਾਂ ਦੂਜੇ ਪੁਰਸ਼ਾਂ ਨੇ ਉਨ੍ਹਾਂ ਨੂੰ ਬਾਂਸਾਂ ਨਾਲ ਦਬਾ ਦਿਤਾ ਤਾਂ ਕਿ ਉਹ ਹਿਲ ਨਾ ਸਕਣ। ਇਹ ਦ੍ਰਿਸ਼ ਦੇਖ ਕੇ ਮੈਂ ਘੋੜੇ ਉਤੋਂ ਡਿੱਗ ਪੈਣਾ ਸੀ ਜੇ ਮੇਰੇ ਸਾਥੀ ਮੇਰੇ ਉਤੇ ਪਾਣੀ ਨਾ ਛਿੜਕਦੇ ਜਿਸ ਨਾਲ ਮੇਰੀ ਹੋਸ਼ ਟਿਕਾਣੇ ਆਈ। ਇਸਤ੍ਰੀਆਂ ਦਾ ਇਸ ਤਰ੍ਹਾਂ ਅੱਗ ਵਿਚ ਜਲਣਾ ਉਨ੍ਹਾਂ ਦੇ ਤਪ ਦਾ ਕਾਰਨ ਬਣਦਾ ਸੀ ਅਤੇ ਪਤੀਵਰਤਾ ਧਰਮ ਦੀ ਸ਼ਲਾਘਾ ਕੀਤੀ ਜਾਂਦੀ ਸੀ।

ਇਸੇ ਤਰ੍ਹਾਂ ਜੌਹਰ ਦੀ ਰਸਮ ਸੀ ਜਿਸ ਵਿਚ ਬਹੁਤ ਵੱਡੀ ਅਗਨੀ ਪ੍ਰਜ੍ਵਲਤ ਕਰਕੇ ਇਸਤ੍ਰੀਆਂ ਛਾਲ ਮਾਰ ਕੇ ਮਰ ਜਾਇਆ ਕਰਦੀਆਂ ਸਨ। ਛੋਟੀ ਉਮਰ ਵਿਚ ਇਥੇ ਵਿਆਹ ਕਰ ਦਿਤਾ ਜਾਂਦਾ ਸੀ। ਮੰਦਰਾਂ ਵਿਚ ਬੇਅੰਤ ਧਨ ਚੜ੍ਹਾਇਆ ਜਾਂਦਾ ਸੀ। ਮਹਿਮੂਦ ਵਗੈਰਾ ਨੇ ਆਪਣੀਆਂ ਲੁੱਟਾਂ ਦੀਆਂ ਕੀਮਤਾਂ ਦਸਦੇ ਹੋਏ ਇਕ ਥਾਂ ਦੱਸਿਆ ਹੈ ਕਿ ਮੈਂ ਇਕ ਮੰਦਰ ਵਿਚੋਂ 70 ਹਜ਼ਾਰ ਮਣ ਸੋਨਾ ਚਾਂਦੀ ਲੁੱਟਿਆ। ਇਸ ਤਰ੍ਹਾਂ ਦੀ ਹਾਲਤ ਭਾਰਤ ਵਿਚ ਪਸਰ ਰਹੀ ਸੀ ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ ਸੰਸਾਰ ਵਿਚ ਲੰਮੀਆਂ ਉਦਾਸੀਆਂ ਰਾਹੀਂ ਕੁਲ ਦੁਨੀਆਂ ਦਾ ਸਫਰ ਕੀਤਾ ਅਤੇ ਆਪਣੇ ਅਦ੍ਵੈਤ ਸਿਧਾਂਤ ਜਿਸ ਵਿਚ ਸਭ ਅੱਲਾਹ ਦਾ ਰੂਪ ਹੀ ਹੋਇਆ ਕਰਦੇ ਹਨ ਅਤੇ ਵਾਹਿਗੁਰੂ ਹੀ ਆਪਣੇ ਆਪ ਅਨੇਕ ਰੂਪਾਂ ਰੰਗਾਂ ਵਿਚ ਹੋ ਕੇ ਖੇਲ੍ਹਦਾ ਹੈ, ਦਾ ਉਪਦੇਸ਼ ਸੰਸਾਰ ਵਿਚ ਬੜੇ-ਬੜੇ ਮੱਠਾਂ, ਮੁਕਾਮਾਂ, ਤਕੀਆਂ, ਮਸਜਿਦਾਂ, ਮੰਦਰਾਂ ਆਦਿ ਵਿਚ ਫਿਰ ਕੇ ਦਿਤਾ। ਉਸ ਸਮੇਂ ਦੇ ਹਾਲਾਤ ਬਹੁਤ ਹੀ ਘਿਣਾਵਣੇ ਸਨ ਜਿਸ ਦਾ ਜ਼ਿਕਰ ਕਰਨਾ ਬਹੁਤ ਹੀ ਔਖਾ ਹੈ। ਲਾਲਾ ਦੌਲਤ ਰਾਏ ਜੀ ਦੀ ਲੇਖਨੀ ਅਨੁਸਾਰ ਹਜ਼ਾਰਾਂ ਹੀ ਇਸਤ੍ਰੀ ਪੁਰਸ਼ ਚੜ੍ਹਦੇ ਸੂਰਜ ਮਾਰੇ ਜਾਂਦੇ। ਲਹੂ ਦੀਆਂ ਨਦੀਆਂ ਵਗਾਈਆਂ ਜਾਂਦੀਆਂ ਬੇਅੰਤ ਪੁਰਸ਼ ਦਾਸ-ਦਾਸੀਆਂ ਬਣਾਏ ਜਾਂਦੇ ਸਨ। ਉਨ੍ਹਾਂ ਦੇ ਘਰ ਖੋਹ ਲਏ ਜਾਂਦੇ ਸਨ। ਇਥੋਂ ਤਕ ਭੈੜਾ ਸਮਾਂ ਆ ਗਿਆ ਕਿ ਉਨ੍ਹਾਂ ਨੂੰ ਆਪਣੀ ਸੁੰਦਰ ਧੀ, ਪੁਤਰ ਵੀ ਹਾਕਮਾਂ ਨੂੰ ਭੇਟ ਕਰਨੀ ਪੈਂਦੀ ਸੀ। ਹਿੰਦੂਆਂ ਨੂੰ ਘੋੜੇ ਉਪਰ

ਚੜ੍ਹਨਾ ਮਨ੍ਹਾ ਸੀ। ਉਹ ਚਿੱਟੀ ਪਗੜੀ ਨਹੀਂ ਬੰਨ੍ਹ ਸਕਦੇ ਸੀ ਲਾਲ ਪਗੜੀ ਹੀ ਬੰਨ੍ਹਣੀ ਪੈਂਦੀ ਸੀ। ਜੇ ਹਿੰਦੂਆਂ ਦਾ ਬਾਗ, ਘਰ, ਸਾਮਾਨ ਮਨ ਭਾਉਂਦਾ ਦੇਖਦੇ ਤਾਂ ਖੋਹ ਲਿਆ ਜਾਂਦਾ ਸੀ। ਸੁੰਦਰ ਬਹੂ ਬੇਟੀਆਂ ਨੂੰ ਖੋਹ ਕੇ ਵਿਆਹ ਕਰ ਲਿਆ ਜਾਂਦਾ, ਹਿੰਦੂ ਸਮਾਜ ਦੀ ਕੋਈ ਚੰਗੀ ਪੁਸਤਕ ਦੇਖਦੇ ਤਾਂ ਸੜਵਾ ਦਿਤੀ ਜਾਂਦੀ ਸੀ। ਮੰਦਰ ਤੇ ਸ਼ਿਵਾਲੇ ਮਸਜਿਦਾਂ ਦੇ ਰੂਪ ਵਿਚ ਬਦਲ ਰਹੇ ਸਨ। ਹਿੰਦੂਆਂ ਨੂੰ ਮੌਤ ਦੰਡ ਆਮ ਦਿਤੇ ਜਾਂਦੇ ਅਤੇ ਕਿਹਾ ਜਾਂਦਾ ਕਿ ਜਾਂ ਇਸਲਾਮ ਧਾਰਨ ਕਰੋ ਜਾਂ ਮੌਤ ਦਾ ਦੰਡ ਸਹੋ। ਜੇਕਰ ਹਿੰਦੂਆਂ ਵਿਚ ਕੋਈ ਚੰਗਾ ਹਕੀਮ ਹੁੰਦਾ ਤਾਂ ਉਸਨੂੰ ਇਸਲਾਮ ਵਿਚ ਦਾਖਲ ਕੀਤਾ ਜਾਂਦਾ। ਇਕ ਬ੍ਰਾਹਮਣ ਬੜਾ ਵਿਦਵਾਨ ਸੀ ਤੇ ਸ਼ਤਰੰਜ ਦਾ ਮਾਹਰ ਸੀ। ਨਵਾਬ ਸ਼ਤਰੰਜ ਵਿਚ ਹਾਰ ਗਿਆ ਉਸੇ ਵੇਲੇ ਹੁਕਮ ਹੋ ਗਿਆ ਕਿ ਇਸ ਬ੍ਰਾਹਮਣ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਹਿੰਦੂਆਂ ਤੇ ਮੁਸਲਮਾਨਾਂ ਦੇ ਪਹਿਲਵਾਨਾਂ ਵਿਚੋਂ ਜੇ ਹਿੰਦੂ ਜਿਤ ਜਾਂਦਾ ਤਾਂ ਵੀ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਂਦਾ ਸੀ। ਹਿੰਦੂਆਂ ਉਪਰ ਜਜ਼ੀਆ ਆਮ ਲੱਗਿਆ ਕਰਦਾ ਸੀ।

***('ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ' ਪੰਨਾ 31)***

ਅਜਿਹੀ ਹਾਲਤ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸਤਿ ਦਾ ਪ੍ਰਕਾਸ਼ ਸੰਸਾਰ ਵਿਚ ਕਰਕੇ ਹਨ੍ਹੇਰਾ ਦੂਰ ਕੀਤਾ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਅਨੇਕਾਂ ਕਸ਼ਟ ਆਪਣੇ ਸਰੀਰ ਉਪਰ ਸਹਿ ਕੇ ਸਿਰਮੌਰ ਸ਼ਹੀਦੀ ਦੇ ਕੇ ਜ਼ੁਲਮ ਅੱਗੇ ਅਝੱਕ ਰਹਿਣ ਦਾ ਉਤਸ਼ਾਹ ਪ੍ਰਗਟਾਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਨਵੀ ਸੁਤੰਤਰਤਾ ਅਤੇ ਤਿਲਕ ਜੰਞੂ ਦੀ ਰਾਖੀ ਵਾਸਤੇ ਆਪਣਾ ਬਲਿਦਾਨ ਦਿੱਲੀ ਵਿਚ ਦਿਤਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੱਤ ਅੱਠ ਸੌ ਸਾਲ ਤੋਂ ਨਿਘਰਦੀ ਹਾਲਤ ਨੂੰ ਦੇਖ ਕੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਅਤੇ ਮਨੁੱਖਾਂ ਵਿਚ ਪਏ ਹੋਏ ਅਨੇਕ ਔਗੁਣਾਂ ਨੂੰ ਦੂਰ ਕਰਨ ਲਈ ਅਨੇਕਾਂ ਜਤਨ ਕੀਤੇ। ਕਈ ਜੁੱਧ ਅਨੁਆਈ ਰਾਜਿਆਂ ਦੇ ਨਾਲ ਲੜਨੇ ਪਏ ਪਰ ਸਦਾ ਹੀ ਸਤਿ ਦੀ ਜਿੱਤ ਹੋਈ ਅਤੇ ਉਨ੍ਹਾਂ ਦੀ ਹਾਰ ਹੁੰਦੀ ਰਹੀ। ਇਸ ਸਮੇਂ ਲੋੜ ਸੀ ਇਕ ਅਜਿਹਾ ਸੰਗਠਨ ਸਦੀਵੀ ਰਹਿਣ ਵਾਲਾ ਕਾਇਮ ਕੀਤਾ ਜਾਵੇ ਜਿਸ ਵਿਚ ਸੰਤਾਂ ਦੇ ਪੂਰੇ ਗੁਣ ਹੋਣ, ਜਿਸ ਦੀ ਦ੍ਰਿਸ਼ਟੀ ਵਿਚ, ਸਾਰੇ ਪਸਾਰੇ ਵਿਚ ਇਕੋ ਵਾਹਿਗੁਰੂ ਦੀ ਜੋਤ ਪਸਰੀ ਹੋਈ ਦ੍ਰਿਸ਼ਟਮਾਨ ਹੋਵੇ ਅਤੇ ਉਹ ਸਾਰੇ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਦੀ ਲੋਚਾ ਰਖਦਾ ਹੋਵੇ ਅਤੇ ਉਸ ਦਾ ਨਿਸ਼ਚਾ ਹੋਵੇ-

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ***
***ਬ੍ਰਹਮ ਗਿਆਨੀ ਹੋਇ॥***

***ਅੰਗ - 272***

ਆਤਮ ਰਸ ਦਾ ਪੂਰੀ ਤਰ੍ਹਾਂ ਨਾਲ ਜਾਣੂੰ ਹੋਵੇ ਅਤੇ ਜਾਗ੍ਰਤ ਜੋਤ ਦਾ ਪੁਜਾਰੀ ਹੋ ਕੇ ਸਾਰੇ ਕਰਮਾਂ ਕਾਂਡਾਂ, ਵਹਿਮਾਂ, ਤੀਰਥਾਂ, ਬਰਤਾਂ, ਮੜ੍ਹੀਆਂ, ਮਸਾਣੀਆਂ ਦੇ ਅਸਰਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਵੇ ਅਤੇ ਸਾਰੇ ਵਿਸ਼ਵ ਵਿਚ ਇਕੋ ਪਸਰੀ ਹੋਈ ਜੋਤ ਦਾ ਪੁਜਾਰੀ ਹੋਵੇ ਜਿਵੇਂ ਕਿ -

***ਜਿਮੀ ਜਮਾਨ ਕੇ ਬਿਖੈ ਸਮਸਤ***
***ਏਕ ਜੋਤ ਹੈ।***
***ਨਾ ਘਾਟ ਹੈ ਨਾ ਬਾਢ ਹੈ***
***ਨਾ ਬਾਢ ਘਾਟ ਹੋਤ ਹੈ।***

***ਅਕਾਲ ਉਸਤਤਿ***

ਸੰਸਾਰ ਵਿਚ ਇਕ ਅਜਿਹਾ ਆਦਰਸ਼ ਲਿਆਂਦਾ ਜਾਵੇ ਜੋ ਹਰ ਪ੍ਰਾਣੀ ਵਿਚ ਰੂਪਮਾਨ ਹੋ ਕੇ ਇਸ ਸੰਸਾਰ ਵਿਚ ਸੁੱਖ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਰਹੇ ਅਤੇ ਜੀਵਨ ਵਿਚ ਦਇਆ, ਖਿਮਾ, ਧੀਰਜ, ਅਹਿੰਸਾ, ਸੰਤੋਖ, ਸੌਚ, ਸ਼ੀਲ, ਸੇਵਾ, ਦਾਨ ਅਤੇ ਮਿੱਠ ਬੋਲਾ ਦੂਰਦਰਸ਼ੀ ਅਤੇ ਸਰਬ ਸਾਂਝ ਰੱਖਣ ਵਾਲਾ, ਅਨਿਆਂ ਨੂੰ ਦੂਰ ਕਰਾਉਣ ਦੀ ਸਮਰੱਥਾ ਵਾਲਾ, ਵੰਡ ਕੇ ਖਾਣ ਵਾਲਾ, ਧਰਮ ਦੀ ਕਮਾਈ ਕਰਨ ਵਾਲਾ ਅਤੇ ਸਦਾ ਹੀ ਪ੍ਰਮੇਸ਼ਰ ਦੀ ਯਾਦ ਵਿਚ ਪਰੋਤਾ ਸੰਸਾਰ ਵਿਚ ਵਿਚਰਨ ਵਾਲਾ ਹੋਵੇ ਜਿਸ ਦੀ ਵਰਤੋਂ ਸੰਸਾਰ ਵਿਚ ਬੈਰਾਗ ਵਾਲੀ ਹੋਵੇ ਅਤੇ ਮੁਖ ਕਰਮ

ਪ੍ਰਭੂ ਦੀ ਪਿਆਰ ਭਰੀ ਭਗਤੀ ਵਾਲਾ ਹੋਵੇ ਅਤੇ ਨਿਸ਼ਚਾ ਪੂਰਨ ਗਿਆਨ ਵਾਲਾ ਹੋਵੇ ਅਤੇ ਅਜਿਹਾ ਆਦਰਸ਼ ਨਾ ਕਿਸੇ ਨੂੰ ਦੁਖ ਦੇਵੇ ਅਤੇ ਨਾ ਹੀ ਕਿਸੇ ਨੂੰ ਦੁਖ ਦੇਣ ਦੇਵੇ, ਭੈ ਤੋਂ ਪੂਰੀ ਤਰ੍ਹਾਂ ਰਹਿਤ ਹੋਵੇ, ਆਪਣੇ ਸ਼ੁਭ ਕਰਤਵ ਦੀ ਪਾਲਣਾ ਕਰਦਿਆਂ ਹੋਇਆਂ ਨਾ ਹੀ ਕਿਸੇ ਤੋਂ ਡਰਦਾ ਹੋਵੇ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੋਵੇ, ਜਿਸ ਦੇ ਨੇਤਰਾਂ ਵਿਚ ਅਗਿਆਨ ਦੇ ਹਨ੍ਹੇਰੇ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਕਰਕੇ ਵੇਖਣ ਵਾਲਾ ਹੋਵੇ, ਸਰੀਰਕ ਤੰਦਰੁਸਤੀ ਵਿਚ ਪੂਰਨ ਹੋਵੇ, ਉਦਾਸ ਹੋ ਕੇ ਦੁਨੀਆਂ ਨੂੰ ਪਿੱਠ ਦੇਣ ਵਾਲਾ ਨਾ ਹੋਵੇ, ਦੁਖਾਂ-ਸੁਖਾਂ ਨੂੰ ਪ੍ਰਭੂ ਦਾ ਭਾਣਾ ਮੰਨ ਕੇ ਪ੍ਰਸੰਨਤਾ ਸਹਿਤ ਸਹਿਨ ਵਾਲਾ ਹੋਵੇ, ਜਨਤਾ ਦੇ ਦੁਖ ਦੂਰ ਕਰਨ ਲਈ ਸਦਾ ਹੀ ਤਤਪਰ ਹੋਵੇ, ਸਮਾਜ ਦੀਆਂ ਬੁਰਿਆਈਆਂ ਨੂੰ ਦੂਰ ਕਰਨ ਲਈ ਸਦਾ ਹੀ ਯਤਨਸ਼ੀਲ ਹੋਵੇ, ਸਾਰੇ ਸੰਸਾਰ ਦੇ ਧਾਰਮਿਕ ਨਿਸ਼ਚਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ, ਅਜਿਹਾ ਖਾਲਸਾ ਪੁਰਸ਼ ਸੰਸਾਰ ਵਿਚ ਪ੍ਰਗਟ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ। ਇਸ ਆਸ਼ੇ ਨੂੰ ਮੁੱਖ ਰੱਖ ਕੇ 1699 ਦੀ ਵਿਸਾਖੀ ਵਾਲਾ ਦਿਨ ਚੁਣਿਆ ਗਿਆ। ਇਹ ਵਿਸਾਖੀ ਦਾ ਦਿਨ ਸਿੱਖ ਇਤਿਹਾਸ ਵਿਚ ਬੜੀ ਮਹੱਤਤਾ ਰਖਦਾ ਹੈ। ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਉਧਾਰ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਪਹਿਲੀ ਵਿਸਾਖੀ ਨੂੰ ਹੀ ਗੋਇੰਦਵਾਲ ਸਾਹਿਬ ਬਉਲੀ ਦਾ ਕੜ ਟੁੱਟਿਆ ਸੀ ਅਤੇ ਜਲ ਬਉਲੀ ਵਿਚ ਭਰਿਆ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੋਤੀ ਜੋਤ ਸਮਾਏ ਸਨ, ਵਿਸਾਖੀ ਵਾਲੇ ਦਿਨ ਨੂੰ ਹੀ ਗੁਰੂ ਦਸ਼ਮੇਸ਼ ਪਿਤਾ ਨੇ ਸੁਪਰ ਮਨੁੱਖ (ਖਾਲਸਾ) ਦੀ ਹੋਂਦ ਕਾਇਮ ਕਰਨ ਲਈ ਚੁਣਿਆ। ਉਸ ਦਿਨ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਜੀ ਨੇ ਲਿਸ਼ਕਾਰੇ ਮਾਰਦੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਉਚੀ ਅਵਾਜ਼ ਵਿਚ ਫੁਰਮਾਨ ਕੀਤਾ ਕਿ 'ਭਾਰਤ ਦੀ ਅਜ਼ਾਦੀ ਦੇ ਯੱਗ ਵਿਚ ਬਲੀ ਦੇਣ ਲਈ ਮੈਨੂੰ ਆਪਣੇ ਮਹਾਨ ਪਿਆਰੇ ਸਿੱਖ ਦੇ ਸੀਸ ਦੀ ਲੋੜ ਹੈ। ਉਹ ਮੇਰੇ ਪਾਸ ਆਵੇ ਅਤੇ ਆਪਣਾ ਸੀਸ ਅਰਪਣ ਕਰੇ। ਭਾਈ ਦਇਆ ਰਾਮ ਜੀ ਲਹੌਰ ਵਾਸੀ ਜੋ ਸਦਾ ਹੀ ਗੁਰੂ ਦਸ਼ਮੇਸ਼ ਜੀ ਦੇ ਪ੍ਰੇਮ ਵਿਚ ਲੀਨ ਰਹਿੰਦੇ ਸਨ, ਆਪਣਾ ਸੀਸ ਅਰਪਣ ਲਈ ਗੁਰੂ ਮਹਾਰਾਜ ਦੀ ਦੇ ਚਰਨਾਂ ਵਿਚ ਹਾਜ਼ਰ ਹੋਏ। ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਵਿਚ ਤਾਂ ਕੁਝ ਵੀ ਨਹੀਂ, ਇਹ ਮੇਰਾ ਸਰੀਰ, ਮੇਰਾ ਮਨ, ਮੇਰੀ ਬੁੱਧੀ, ਮੇਰੀ ਹੰਗਤਾ ਕੇਵਲ ਕਹਿਣ ਮਾਤਰ ਹੀ ਹਨ ਪਰ ਇਹ ਸਾਰੀਆਂ ਤੇਰੇ ਚਰਨਾਂ ਵਿਚ ਪਹਿਲਾਂ ਤੋਂ ਹੀ ਭੇਟ ਕਰਕੇ ਮੈਂ ਆਪਣੀ ਹੋਂਦ ਤੁਹਾਡੀ ਹੋਂਦ ਵਿਚ ਰਲਾਈ ਹੋਈ ਹੈ। ਸੋ ਇਹ ਆਪ ਆਪਣੀ ਅਮਾਨਤ ਸਮਝ ਕੇ ਜਿਵੇਂ ਆਪ ਦਾ ਭਾਣਾ ਹੈ ਵਰਤੋਂ ਕਰੋ।

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ***
***ਕਿਆ ਲਾਗੈ ਮੇਰਾ॥ ਅੰਗ- 1375***

ਗੁਰੂ ਮਹਾਰਾਜ ਜੀ ਨੇ ਉਸਦੀ ਬਾਂਹ ਫੜੀ ਅਤੇ ਸੀਸ ਤਨ ਤੋਂ ਜੁਦਾ ਕਰ ਦਿਤਾ। ਇਕ ਸੀਸ ਦੀ ਹੋਰ ਮੰਗ ਕੀਤੀ ਗਈ ਫੇਰ ਕੜਕਵੀਂ ਆਵਾਜ਼ ਵਿਚ ਫੁਰਮਾਨ ਕੀਤਾ ਕਿ ਇਕ ਹੋਰ ਸੀਸ ਦੀ ਸਾਨੂੰ ਲੋੜ ਹੈ। ਭਾਈ ਧਰਮ ਚੰਦ ਦਿੱਲੀ ਦਾ ਵਾਸੀ, ਆ ਹਾਜ਼ਰ ਹੋਇਆ ਅਤੇ ਫੁਰਮਾਨ ਕੀਤਾ ਸਾਹਿਬ ਜੀ!

***ਕਬੀਰ ਮੁਹਿ ਮਰਨੈ ਕਾ ਚਾਉ ਹੈ***
***ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ***
***ਪਰਾ ਹਮਾਰੈ ਬਾਰ॥ ਪੰਨਾ - 1367***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥***
***ਅੰਗ - 827***

ਤੁਸੀਂ ਆਪਣੀ ਅਮਾਨਤ ਅੰਗੀਕਾਰ ਕਰੋ। ਤੀਜੀ ਮੰਗ ਉਪਰ ਹਿੰਮਤ ਚੰਦ, ਚੌਥੀ ਮੰਗ ਤੇ ਮੋਹਕਮ ਚੰਦ, ਪੰਜਵੀਂ ਤੇ ਸਾਹਿਬ ਚੰਦ ਹਾਜ਼ਰ ਹੋਏ। ਪੰਜ ਸੀਸ ਪ੍ਰਵਾਨ ਕਰਨ ਮਗਰੋਂ ਆਪ ਨੇ ਛੇਵੇਂ ਦੀ ਮੰਗ ਨਹੀਂ ਕੀਤੀ। ਆਪ ਬਹੁਤ ਹੀ ਪ੍ਰਸੰਨ ਹੋਏ ਅਤੇ ਆਪ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਗੁਰੂ

ਨਾਨਕ ਪਾਤਸ਼ਾਹ ਸਮੇਂ ਸਿੱਖੀ ਦੇ ਇਮਤਿਹਾਨ ਵਿਚੋਂ ਕੇਵਲ ਭਾਈ ਲਹਿਣਾ ਪ੍ਰਵਾਨ ਹੋ ਕੇ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ, ਇਸ ਸਮੇਂ ਮਹਾਨ ਭਿਆਨਕ ਕਸਵੱਟੀ ਵਿਚ ਪੰਜ ਪਿਆਰੇ ਸਿੱਖ ਪ੍ਰਵਾਨ ਹੋਏ। ਇਸ ਘਟਨਾ ਬਾਰੇ ਇਤਿਹਾਸਾਂ ਵਿਚ ਵੱਖਰੇ-ਵੱਖਰੇ ਮਤ ਹਨ। ਅਸੀਂ ਜਿਸ ਮਤ ਨਾਲ ਸਹਿਮਤੀ ਰਖਦੇ ਹਾਂ ਉਹ ਇਹ ਹੈ ਕਿ ਗੁਰੂ ਮਹਾਰਾਜ ਜੀ ਨੇ ਪਰਤੱਖ ਰੂਪ ਵਿਚ ਸੀਸ ਉਤਾਰ ਕੇ ਫਿਰ ਪੰਜਾਂ ਨੂੰ ਜਿਉਂਦੇ ਕਰ ਦਿਤਾ। ਗੁਰੂ ਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸਿੱਖ ਇਤਿਹਾਸ ਵਿਚ ਬੇਅੰਤ ਐਸੀਆਂ ਘਟਨਾਵਾਂ ਹਨ ਜਿਥੇ ਮੁਰਦੇ ਜਿਉਂਦੇ ਕੀਤੇ ਗਏ ਜਿਵੇਂ ਕਿ ਬਾਬਾ ਅਟੱਲ ਜੀ, ਬਾਬਾ ਗੁਰਦਿਤਾ ਜੀ, ਭਾਈ ਜੀਵਨ ਜੀ ਆਦਿ ਅਨੇਕਾਂ ਨੇ ਮਰੇ ਹੋਏ ਨੂੰ ਜਿਉਂਦਾ ਕੀਤਾ। ਪਿਛਲੇ ਸਾਲ ਅਪ੍ਰੈਲ 1996 ਦੇ ਵਿਸਾਖੀ ਅੰਕ ਵਿਚ ਬਹੁਤ ਹੀ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ, ਜਗਿਆਸੂ ਜਨ ਉਹ ਮੈਗਜ਼ੀਨ ਲੈ ਕੇ ਪੜ੍ਹ ਸਕਦੇ ਹਨ ਅਤੇ ਆਪਣਾ ਸ਼ੰਕਾ ਦੂਰ ਕਰ ਸਕਦੇ ਹਨ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਗੁਰਸਿੱਖਾਂ ਦੇ ਸੀਸ ਆਪਣੇ ਦਸਤੇ ਮੁਬਾਰਕ ਨਾਲ ਧੜਾਂ ਨਾਲ ਜੋੜੇ ਅਤੇ ਉਹ ਸਿੱਖ ਆਦੇਸ਼ ਸੁਣਦੇ ਹੀ ਉਠ ਕੇ ਖੜ੍ਹੇ ਹੋ ਗਏ ਅਤੇ ਗੁਰੂ ਚਰਨਾਂ ਤੇ ਨਮਸ਼ਕਾਰਾਂ ਕੀਤੀਆਂ। ਗੁਰੂ ਮਹਾਰਾਜ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਆਪਣੇ ਹਸਤ ਕਮਲਾਂ ਰਾਹੀਂ ਆਪ ਛਕਾਇਆ, ਮੂਲਮੰਤ੍ਰ ਤੇ ਗੁਰਮੰਤ੍ਰ ਦੀ ਦਾਤ ਬਖਸ਼ੀ, ਦਸਮ ਦੁਆਰ ਤੀਕਰ ਸ਼ਬਦ ਸੁਰਤ ਮਾਰਗ ਰਾਹੀਂ ਪੁਜਣ ਦੇ ਅੰਦਰਲੇ ਸਾਰੇ ਭੇਤ, ਬ੍ਰਹਮਗਿਆਨ ਦੇ ਭੰਡਾਰੇ ਬਖਸ਼ ਕੇ ਮਨੁੱਖ ਤੋਂ ਪ੍ਰਭੂ ਹੀ ਬਣਾ ਦਿਤੇ ਜਿਵੇਂ ਕਿ ਫੁਰਮਾਨ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ***
***ਆਪਿ ਪਰਮੇਸੁਰ॥ਅੰਗ - 273***

***ਹਰਿ ਹਰਿਜਨ ਦੁਈ ਏਕ ਹੈ,***
***ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ,***
***ਜਲ ਹੀ ਬਿਖੈ ਸਮਾਹਿ॥***

***ਬਚਿਤ੍ਰ ਨਾਟਕ***

***ਸੰਤ ਅਨੰਤਹਿ ਅੰਤਰੁ ਨਾਹੀ॥***
***ਅੰਗ - 486***

ਸੋ ਗੁਰੂ ਮਹਾਰਾਜ ਜੀ ਨੇ ਭਾਈ ਦਇਆ ਚੰਦ ਲਾਹੌਰ ਦੇ ਖਤ੍ਰੀ ਨੂੰ ਭਾਈ ਦਇਆ ਸਿੰਘ ਬਣਾਇਆ ਅਤੇ ਧਰਮ ਚੰਦ, ਦਿੱਲੀ ਜੋ ਜਾਤ ਦੇ ਜੱਟ ਸਨ, ਨੂੰ ਭਾਈ ਧਰਮ ਸਿੰਘ ਬਣਾਇਆ; ਹਿੰਮਤ ਚੰਦ, ਜਗਨਨਾਥ ਪੁਰੀ ਜੋ ਇਕ ਹਜ਼ਾਰ ਮੀਲ ਉੜੀਸਾ ਤੋਂ ਚੱਲ ਕੇ ਆਏ ਸਨ ਨੂੰ ਭਾਈ ਹਿੰਮਤ ਸਿੰਘ ਜੀ; ਭਾਈ ਮੋਹਕਮ ਚੰਦ ਗੁਜਰਾਤ ਕਾਠੀਆਵਾੜ ਜੋ 1100 ਮੀਲ ਤੋਂ ਚਲ ਕੇ ਆਏ ਸਨ ਨੂੰ ਭਾਈ ਮੋਹਕਮ ਸਿੰਘ ਜੀ ਅਤੇ ਸਾਹਿਬ ਚੰਦ ਮੈਸੂਰ ਜੋ 1000 ਮੀਲ ਦਾ ਪੈਂਡਾ ਕੱਟ ਕੇ ਆਏ ਸਨ, ਨੂੰ ਭਾਈ ਸਾਹਿਬ ਸਿੰਘ ਬਣਾ ਦਿਤਾ ਅਤੇ ਆਪਣੇ ਵਿਚ ਅਭੇਦ ਕਰਕੇ ਫੁਰਮਾਨ ਕੀਤਾ ਕਿ ਮੇਰੇ ਖਾਲਸੇ ਨੂੰ ਮੇਰਾ ਹੀ ਰੂਪ ਜਾਣਨਾ, ਇਹ ਪੰਜੇ ਮੇਰਾ ਹੀ ਰੂਪ ਹਨ ਅਤੇ ਫੁਰਮਾਨ ਕੀਤਾ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

***ਸਰਬ ਲੋਹ ਗ੍ਰੰਥ***

ਉਸ ਤੋਂ ਪਿਛੋਂ ਆਪ ਜੀ ਨੇ ਅੰਮ੍ਰਿਤ ਦੀ ਦਾਤ ਮੰਗੀ ਅਤੇ ਆਪ ਗੋਬਿੰਦ ਰਾਏ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ। ਇਸ ਭੇਤ ਨੂੰ ਗੁਰੂ ਮਹਾਰਾਜ ਜੀ ਆਪ ਹੀ ਜਾਣਦੇ ਹਨ ਕਿ ਉਨ੍ਹਾਂ ਨੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪ ਅੰਮ੍ਰਿਤ ਕਿਉਂ ਛਕਿਆ। ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਕਹਿ ਸਕਦੇ। ਆਪ ਸਮਰੱਥ ਸਨ ਅਤੇ ਇਸ ਬਚਿਤ੍ਰ ਨਾਟਕ ਦੇ ਨਾਟ ਦੇ ਆਪ ਹੀ ਪਾਤਰ ਸਨ। ਉਸ ਸਮੇਂ ਦੇ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਐਉਂ ਲਿਖਿਆ-

***ਹਰਿ ਸਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ***
***ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ***
***ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡਧਾਰ***
***ਹੁਇ ਜਨਮ ਸੁਹੇਲਾ।***

*ਗੁਰ ਸੰਗਤਿ ਕੀਨੀ ਖਾਲਸਾ*
*ਮਨਮੁਖੀ ਦੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ*
*ਗੁਰ ਚੇਲਾ।*

*ਭਾਈ ਗੁਰਦਾਸ ਜੀ, ਵਾਰ 41/1*

ਉਸ ਤੋਂ ਬਾਦ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਤੁਸੀਂ ਅੱਜ ਤੋਂ ਖਾਲਸਾ ਰੂਪ ਹੋ ਕੇ ਮੇਰੇ ਰੂਪ ਵਿਚ ਅਭੇਦ ਹੋ ਗਏ ਹੋ, ਮੈਂ ਤੁਹਾਡੇ ਵਿਚ ਹਾਂ ਅਤੇ ਤੁਸੀਂ ਮੇਰੇ ਵਿਚ ਹੋਂ। ਉਸ ਵੇਲੇ ਬਾਣੀ ਪੜ੍ਹਨ, ਰਹਿਤ-ਬਹਿਤ ਦੀ ਸਿਖਿਆ ਦੇ ਕੇ-

*ਰਹਿਤ ਪਿਆਰੀ ਮੁਝ ਕਉ,*
*ਸਿਖ ਪਿਆਰਾ ਨਾਹਿ।*

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਅਤੇ ਫੇਰ ਕਿਹਾ

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸ ਕਾ ਚੇਰਾ।*
*ਰਹਿਤ ਬਿਨਾਂ ਨਹਿ ਸਿਖ ਕਹਾਵੈ।*
*ਰਹਿਤ ਬਿਨਾਂ ਦਰ ਚੋਟਾਂ ਖਾਵੈ।*
*ਰਹਿਤ ਬਿਨ ਸੁਖ ਕਬਹੁੰ ਨ ਲਹੇ।*
*ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।*

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ*

ਮੈਂ ਖਾਲਸਾ ਆਦਰਸ਼ ਨੂੰ ਸੰਸਾਰ ਵਿਚ ਪ੍ਰਵਿਰਤ ਕਰਨ ਵਾਸਤੇ ਹੀ ਆਪਣੀ ਮਹਾਨ ਸੁਖ ਭਰੀ ਲੀਨਤਾ ਦੀ ਅਵਸਥਾ ਵਿਚੋਂ ਦੇਹਧਾਰੀ ਹੋ ਕੇ ਸੰਸਾਰ ਵਿਚ ਵਿਚਰਨ ਆਇਆ ਸਾਂ। ਅਜ ਇਸ ਆਦਰਸ਼ ਨੂੰ ਸਾਰੇ ਸੰਸਾਰ ਦੇ ਸੁਖਾਂ ਲਈ ਅਤੇ ਪੂਰਨ ਗਿਆਨ ਦੀ ਦਾਤ ਵੰਡਣ ਲਈ ਤੁਹਾਨੂੰ ਮੈਂ ਆਪਣਾ ਰੂਪ ਬਣਾਇਆ ਹੈ। ਤੁਸੀਂ ਪੂਰਨ ਸਤਿਗੁਰੂ ਦਾ ਕੰਮ, ਨਾਮ ਦੀ ਅਤੇ ਗਿਆਨ ਦੀ ਦਾਤ ਦੇਣ ਦੀ ਸਮਰੱਥਾ ਰਖਦੇ ਹੋਂ ਅਤੇ ਫੁਰਮਾਨ ਕੀਤਾ-

*ਖ਼ਾਲਸਾ ਮੇਰੋ ਸ੍ਵਜਨ ਪ੍ਵਾਰਾ॥*
*ਖ਼ਾਲਸਾ ਮੇਰੋ ਕਰਤ ਉਧਾਰਾ॥*
*ਖ਼ਾਲਸਾ ਮੇਰੋ ਪਿੰਡ ਪਰਾਨ॥*
*ਖ਼ਾਲਸਾ ਮੇਰੀ ਜਾਨ ਕੀ ਜਾਨ॥*
*ਮਾਨ ਮਹਤ ਮੇਰੀ ਖ਼ਾਲਸਾ ਸਹੀ॥*
*ਖ਼ਾਲਸਾ ਮੇਰੋ ਸ੍ਵਾਰਥ ਸਹੀ॥*
*ਖ਼ਾਲਸਾ ਮੇਰੋ ਕਰੇ ਨਿਰਬਾਹ॥*
*ਖ਼ਾਲਸਾ ਮੇਰੋ ਦੇਹ ਅਰ ਸਾਹ॥*
*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥*
*ਖ਼ਾਲਸਾ ਮੇਰੋ ਬੁਧ ਅਰ ਗਿਆਨ॥*
*ਖ਼ਾਲਸੇ ਕਾ ਹੋ ਧਰੋ ਧਿਆਨ॥*
*ਉਪਮਾ ਖ਼ਾਲਸੇ ਜਾਤ ਨ ਕਹੀ॥*
*ਜਿਹਵਾ ਏਕ ਪਾਰ ਨਹਿ ਲਹੀ॥*
*ਸੇਸ ਰਸਨ ਸਾਰਦ ਸੀ ਬੁੱਧ॥*
*ਤਦਪ ਨ ਉਪਮਾ ਬਰਨਤ ਸੁਧ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*
*ਸਰਬ ਲੋਹ ਗ੍ਰੰਥ*

ਉਸ ਵੇਲੇ ਆਪ ਨੇ ਫੁਰਮਾਨ ਕੀਤਾ ਕਿ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਉਣਾ-

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਇਸ ਤਰ੍ਹਾਂ ਆਪ ਨੇ ਇਕ ਨਵਾਂ ਆਦਰਸ਼ ਸੰਸਾਰ ਨੂੰ ਸਦਾ ਸੁੱਖ ਦੇਣ ਲਈ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ ਜੋ ਭਰਮ ਤੇ ਭੇਖ ਤੋਂ ਨਿਆਰਾ ਹੈ ਜਿਸ ਦਾ ਜੀਵਨ ਸੰਸਾਰ ਤੋਂ ਨਿਰਲੇਪ ਤੇ ਨਿਆਰਾ ਹੋਣ ਕਰਕੇ ਗੁਰੂ ਮਹਾਰਾਜ ਨੇ ਆਪਣਾ ਪੂਰਨ ਰੂਪ ਅਤੇ ਪੂਰਨ ਰੂਹਾਨੀ ਸੱਤ੍ਹਾ ਇਸ ਵਿਚ ਭਰੀ ਹੈ ਅਤੇ ਫੁਰਮਾਨ ਕੀਤਾ ਹੈ ਕਿ ਜਦੋਂ ਤਕ ਖਾਲਸਾ ਇਸ ਆਦਰਸ਼ ਤੇ ਕਾਇਮ ਰਹੇਗਾ ਉਸ ਸਮੇਂ ਤਕ ਮੈਂ ਇਸ ਨੂੰ ਆਪਣਾ ਪੂਰਨ ਤੇਜ਼ ਪ੍ਰਦਾਨ ਕਰਦਾ ਰਹਾਂਗਾ। ਜਦੋਂ ਇਹ ਭਰਮਾਂ ਭੇਖਾਂ ਵਿਚ ਪੈ ਜਾਵੇਗਾ ਅਤੇ ਭਰਮ ਭੇਖ ਤੋਂ ਨਿਆਰਾਪਣ ਛੱਡ ਦੇਵੇਗਾ, ਮੁੜ ਕਰਮ ਕਾਂਡ ਵਿਚ ਪ੍ਰਵਿਰਤ ਹੋ ਕੇ ਵੱਡੇ-ਛੋਟੇ ਦੀ ਦ੍ਰਿਸ਼ਟੀ ਧਾਰਨ ਕਰ ਲਵੇਗਾ, ਜਾਤ ਪਾਤ ਦੇ ਬੰਧਨਾਂ ਵਿਚ ਫਸ ਜਾਵੇਗਾ ਅਤੇ ਆਪਣੇ ਆਦਰਸ਼ ਤੋਂ

ਹੀਣਾ ਹੋ ਕੇ ਆਪਣੇ ਹਿਤਾਂ ਲਈ ਇਸ ਮਹਾਨ ਆਦਰਸ਼ ਦਾ ਤਿਆਗ ਕਰ ਦੇਵੇਗਾ ਤਾਂ ਉਸ ਸਮੇਂ ਮੈਂ ਇਸ ਦਾ ਤੇਜ ਖੋਹ ਲਵਾਂਗਾ -

***ਖ਼ਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥***
***ਜਬ ਲਗ ਖ਼ਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***

***ਸਰਬ ਲੋਹ ਗ੍ਰੰਥ***

ਉਸ ਵੇਲੇ ਸੰਗਤ ਨੂੰ ਸੰਬੋਧਨ ਕਰਦਿਆਂ ਆਪ ਨੇ ਕਿਹਾ ਕਿ ਗੁਰੂ ਖਾਲਸਾ ਜੀ! ਖਾਲਸਾ ਦੀ ਪਦਵੀ ਮਹਾਨ ਹੈ ਕਿਉਂਕਿ ਇਹ ਆਪਣੀ ਪੂਰਨ ਰੂਪ ਵਿਚ ਹੰਗਤਾ ਛੱਡ ਕੇ ਗੁਰੂ ਵਿਚ ਲੀਨ ਹੋਇਆ ਹੈ। ਆਤਮ ਰਸੀਆ ਹੋ ਕੇ ਸੰਸਾਰ ਵਿਚ ਵਿਚਰੇਗਾ ਇਸ ਦੀ ਪਦਵੀ ਵਾਹਿਗੁਰੂ ਅਤੇ ਗੁਰੂ ਦੀ ਪਦਵੀ ਦੇ ਬਰਾਬਰ ਹੋਵੇਗੀ।

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ***

ਇਸ ਵਿਸਾਖੀ ਦੇ ਦਿਨ ਖਾਲਸਾ (Super man) ਦੀ ਸਿਰਜਨਾ ਨਾਲ ਭਾਰਤ ਦਾ ਅੰਧਕਾਰਮਈ ਇਤਿਹਾਸ ਬਦਲ ਗਿਆ। ਅੱਜ ਹਜ਼ਾਰਾਂ ਸਾਲ ਲੰਘਣ ਤੋਂ ਪਿਛੋਂ ਇਕ ਪੂਰਨ ਮਨੁੱਖ ਸੰਸਾਰ ਦੇ ਰੰਗ ਮੰਚ ਵਿਚ ਪ੍ਰਗਟ ਹੋਇਆ ਜਿਸਨੂੰ ਖਾਲਸਾ ਕਹਿ ਕੇ ਸਤਿਕਾਰਿਆ ਗਿਆ। ਅੱਜ ਇਕ ਪੂਰਨ ਮਨੁੱਖ ਦੀ ਸਿਰਜਨਾ ਕੀਤੀ ਗਈ। ਖਾਲਸਾ ਪ੍ਰਗਟ ਹੋਣ ਤੋਂ ਪਹਿਲਾਂ ਇਕ ਮਨੁੱਖ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਉਹ ਪੂਰਨ ਮਨੁੱਖ ਨਹੀਂ ਕਹਾ ਸਕਦਾ ਸੀ ਕਿਉਂਕਿ ਉਪਦੇਸ਼ ਦੇਣ ਦਾ ਕੰਮ ਬ੍ਰਾਹਮਣ ਵਰਗ ਪਾਸ ਸੀ। ਬ੍ਰਾਹਮਣ ਦਾ ਕੰਮ ਦਾਨ ਦੇਣਾ, ਦਾਨ ਲੈਣਾ, ਜਗ ਕਰਨਾ, ਜਗ ਕਰਾਉਣਾ, ਅਧਿਆਤਮਕ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ; ਇਹ ਛੇ ਕਰਮ ਹੋਇਆ ਕਰਦੇ ਹਨ। ਖਤਰੀ ਦਾ ਕੰਮ ਸਰੀਰ ਨੂੰ ਨਰੋਆ ਰੱਖਣਾ, ਤਪ ਦੇ ਬਲ ਕਰਕੇ ਅਸਤਰ ਪ੍ਰਾਪਤ ਕਰਨੇ ਜਿਹੜੇ ਕਿ ਬਹੁਤ ਸ਼ਕਤੀਸ਼ਾਲ ਹੋਇਆ ਕਰਦੇ ਹਨ ਜਿਵੇਂ ਕਿ ਬਜਰ ਅਸਤਰ, ਇੰਦਰ ਅਸਤਰ, ਬ੍ਰਹਮ ਅਸਤਰ, ਅਗਨ ਅਸਤਰ, ਵਰੁਣ ਅਸਤਰ ਅਤੇ ਇਸ ਤਰ੍ਹਾਂ ਦੇ ਅਨੇਕ ਅਸਤਰ ਮੰਤ੍ਰ ਬਲ ਨਾਲ ਪ੍ਰਾਪਤ ਕੀਤੇ ਜਾਇਆ ਕਰਦੇ ਸਨ। ਇਨ੍ਹਾਂ ਅਸਤਰਾਂ ਦੀ ਅਲੌਕਿਕ ਸ਼ਕਤੀ ਹੋਇਆ ਕਰਦੀ ਸੀ। ਅੱਜਕਲ੍ਹ ਦੇ ਐਟਮ ਬੰਬਾਂ ਵਾਂਗੂੰ ਇਸ ਇਕੋ ਦਾ ਅਸਰ ਦਸ-ਦਸ ਹਜ਼ਾਰ ਬੰਦੇ ਨੂੰ ਧਰਤੀ ਤੇ ਸੁਲਾ ਦਿਆ ਕਰਦਾ ਸੀ ਇਕੋ ਅਸਤਰ ਹਜ਼ਾਰਾਂ ਬਾਣਾਂ ਵਿਚ ਚਲ ਕੇ ਹਜ਼ਾਰਾਂ ਹੀ ਬੰਦਿਆਂ ਦੇ ਲੱਗਿਆ ਕਰਦਾ ਸੀ। ਇਹ ਭਾਰਤ ਦੀ ਪ੍ਰਾਚੀਨ ਵਿਦਿਆ ਸੀ ਜੋ ਹੌਲੀ-ਹੌਲੀ ਅਲੋਪ ਹੋ ਗਈ ਅਤੇ ਇਨ੍ਹਾਂ ਅਸਤਰਾਂ ਦੀ ਥਾਂ ਅੱਜਕਲ੍ਹ ਦੀ ਸਾਇੰਸ ਨੇ ਲੈ ਕੇ ਬੇਅੰਤ ਸ਼ਕਤੀਸ਼ਾਲ ਗੋਲੇ-ਗੋਲੀਆਂ, ਬੰਬ, ਐਟਮ ਬੰਬ ਮੈਦਾਨੇ ਜੰਗ ਨੂੰ ਭੈ ਭੀਤ ਕਰਨ ਵਾਸਤੇ ਹੋਂਦ ਵਿਚ ਲਿਆਂਦੇ। ਖਤਰੀ ਜ਼ਮੀਨ ਦਾ ਮਾਲਕ ਹੋਇਆ ਕਰਦਾ ਸੀ ਅਤੇ ਹੇਠਲੇ ਵਰਗ ਉਸਦੀ ਜ਼ਮੀਨ ਵਿਚੋਂ ਅੰਨ ਪ੍ਰਾਪਤ ਕਰਕੇ ਉਸਨੂੰ ਕਿਸੇ ਖਾਸ ਅਨੁਪਾਤ ਮੁਤਾਬਿਕ ਦਿਆ ਕਰਦੇ ਸਨ। ਖਤਰੀ ਦਾ ਧਰਮ ਦੇਸ਼ ਅਤੇ ਆਪਣੇ ਰਾਜ ਦੀ ਰਾਖੀ ਕਰਦਿਆਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਣ ਵਿਚ ਪਵਿੱਤਰ ਸਮਝਿਆ ਜਾਇਆ ਕਰਦਾ ਸੀ। ਉਸਨੂੰ ਜੰਗ ਵਿਚ ਸ਼ਹੀਦ ਹੋਣ ਕਾਰਨ ਉਚੇ ਸਵਰਗਾਂ ਦੀ ਪ੍ਰਾਪਤੀ ਹੋਣੀ ਮੰਨੀ ਜਾਇਆ ਕਰਦੀ ਸੀ। ਇਸੇ ਤਰ੍ਹਾਂ ਵੈਸ਼ ਵਰਣ ਮਿਹਨਤ ਕਰਨ ਵਾਲਿਆਂ ਦਾ ਹੋਇਆ ਕਰਦਾ ਸੀ ਜੋ ਪਸ਼ੂ ਪਾਲਦੇ ਸਨ, ਵਪਾਰ ਕਰਦੇ ਸਨ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਆਪਣਾ ਪੈਦਾ ਕੀਤਾ ਹੋਇਆ ਮਾਲ ਵੇਚਿਆ ਕਰਦੇ ਸਨ ਅਤੇ ਧਨ ਕਮਾ ਕੇ ਟੈਕਸ ਦੇ ਰੂਪ ਵਿਚ ਰਾਜੇ ਦਾ ਕੋਸ਼ ਭਰਿਆ ਕਰਦੇ ਸਨ ਅਤੇ ਖਤ੍ਰੀ ਨੂੰ ਖੇਤੀਬਾੜੀ ਰਾਹੀਂ ਅਨਾਜ ਪੈਦਾ ਕਰਨ ਦਾ ਨੀਯਤ ਹਿੱਸਾ ਦਿਤਾ ਜਾਂਦਾ ਸੀ ਅਤੇ ਬ੍ਰਾਹਮਣ ਨੂੰ ਪਵਿੱਤਰ ਸਮਝ ਕੇ ਦਾਨ ਦਿਤਾ ਜਾਇਆ ਕਰਦਾ ਸੀ, ਜਿਸ ਨਾਲ ਬ੍ਰਾਹਮਣ ਵਰਗ ਨੂੰ ਕੋਈ ਕੰਮ ਕਰਨ ਦੀ ਲੋੜ ਨਹੀਂ ਸੀ ਕੇਵਲ ਪੜ੍ਹਨਾ, ਪੜ੍ਹਾਉਣਾ ਤੇ ਸਮਾਜ ਦੇ ਭਲੇ ਲਈ ਸਾਹਿਤ ਪੈਦਾ ਕਰਨਾ ਹੋਇਆ ਕਰਦਾ ਸੀ। ਪਰ ਹੌਲੀ-ਹੌਲੀ ਬ੍ਰਾਹਮਣ ਨੇ ਕਰਮਕਾਂਡ ਦਾ ਪਸਾਰਾ ਕਰਕੇ ਸਮਾਜ ਨੂੰ ਆਪਣੇ ਨਿਯਮਾਂ ਦੀ ਪਕੜ ਵਿਚ ਜਕੜ ਲਿਆ ਅਤੇ ਬਾਕੀ ਵਰਗਾਂ ਨੂੰ ਸਾਹਸਹੀਣ ਕਰ ਦਿਤਾ। ਇਹ ਵਰਗ ਹਰ ਨਵੀਂ ਸੋਧ ਬ੍ਰਾਹਮਣ

ਵਰਗ ਤੋਂ ਲਿਆ ਕਰਦੇ ਸਨ, ਇਥੋਂ ਤਕ ਕਿ ਖੇਤੀ ਬੀਜਣ ਲਈ, ਵਪਾਰ ਸ਼ੁਰੂ ਕਰਨ ਲਈ, ਮਕਾਨ ਉਸਾਰੀ ਲਈ, ਸਫਰ ਤੇ ਜਾਣ ਲਈ, ਵਿਆਹ ਸ਼ਾਦੀਆਂ ਦੇ ਦਿਨ ਮੁਕੱਰਰ ਕਰਨ ਲਈ, ਵਿਆਹ ਦੇ ਸਬੰਧ ਪਤੀ ਪਤਨੀ ਵਿਚ ਜੋੜਨ ਲਈ, ਨਵੇਂ ਵਸਤਰ ਖਰੀਦਣ ਲਈ, ਪਸ਼ੂ ਖਰੀਦਣ ਲਈ, ਬੱਚੇ ਨੂੰ ਪੜ੍ਹਨ ਪਾਉਣ ਲਈ, ਜ਼ਿੰਦਗੀ ਦੇ ਹਰ ਨਵੇਂ ਕੰਮ ਕਰਨ ਤੋਂ ਪਹਿਲਾਂ ਸਾਰੀ ਅਗਵਾਈ ਬ੍ਰਾਹਮਣ ਵਰਗ ਤੋਂ ਲਈ ਜਾਂਦੀ ਸੀ ਅਤੇ ਉਹ ਸ਼ਗਨ-ਅਪਸ਼ਗਨ, ਥਿਤ, ਵਾਰ, ਮਹੀਨੇ, ਰੁਤਾਂ ਗ੍ਰਹਿਆਂ ਦੀਆਂ ਚਾਲਾਂ ਦੇਖ ਕੇ ਸੋਧ ਦਿਆ ਕਰਦਾ ਸੀ। ਇਥੋਂ ਤਕ ਕਿ ਆਦਮੀ ਦੇ ਸ੍ਵਾਸ ਨੂੰ ਵੀ ਵਾਚਿਆ ਜਾਇਆ ਕਰਦਾ ਸੀ ਕਿ ਕੰਮ ਕਰਨ ਤੋਂ ਪਹਿਲਾਂ ਕਿਸ ਨਾਸਕਾ ਰਾਹੀਂ ਸ੍ਵਾਸ ਆ ਰਿਹਾ ਹੈ।

ਸ਼ੂਦਰ ਵਰਗ ਦਾ ਕੰਮ ਇਨ੍ਹਾਂ ਤਿੰਨਾਂ ਵਰਗਾਂ ਦੇ ਕੰਮਾਂ ਨੂੰ ਕੰਮੀ ਬਣ ਕੇ ਕੀਤਾ ਜਾਇਆ ਕਰਦਾ ਸੀ ਇਹ ਆਪਣੇ ਮਾਲਕਾਂ ਦੇ ਤਰਸ ਉਪਰ ਹੋਇਆ ਕਰਦੇ ਸਨ। ਇਨ੍ਹਾਂ ਦਾ ਕੰਮ ਕੇਵਲ ਸੇਵਾ ਕਰਨਾ ਹੀ ਹੋਇਆ ਕਰਦਾ ਸੀ ਜਿਸ ਦੇ ਬਦਲੇ ਇਨ੍ਹਾਂ ਨੂੰ ਫਸਲਾਂ ਦੀ ਆਮਦਨ ਆਦਿ ਨੂੰ ਮੁੱਖ ਰੱਖ ਕੇ ਕੁਝ ਹਿੱਸੇ ਦੇ ਦਿਤੇ ਜਾਇਆ ਕਰਦੇ ਸਨ। ਆਦਮੀ ਨੂੰ ਇਥੋਂ ਤਕ ਵੰਡਿਆ ਗਿਆ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਇਕ ਤਾਂ ਉਹ ਸਨ ਜਿਨ੍ਹਾਂ ਨੂੰ ਛੂਹਿਆ ਜਾ ਸਕਦਾ ਸੀ ਜਿਨ੍ਹਾਂ ਨੂੰ ਛੂਹਣ ਤੋਂ ਭਿੱਟ ਨਹੀਂ ਲੱਗਿਆ ਕਰਦੀ ਸੀ। ਇਕ ਉਹ ਸਨ ਜਿਨ੍ਹਾਂ ਦੇ ਨਾਲ ਲੱਗਣ ਤੇ ਭਿੱਟ ਲਗ ਜਾਂਦੀ ਸੀ। ਸਵੇਰੇ-ਸਵੇਰੇ ਕੰਮ ਕਰਨ ਤੋਂ ਪਹਿਲਾਂ ਜੇ ਇਨ੍ਹਾਂ ਵਿਚੋਂ ਕੋਈ ਮੱਥੇ ਲਗ ਜਾਂਦਾ ਸੀ ਤਾਂ ਬੜੀ ਵਿਚਾਰ ਕੀਤੀ ਜਾਇਆ ਕਰਦੀ ਸੀ। ਇਨ੍ਹਾਂ ਨੂੰ ਭਜਨ ਬੰਦਗੀ, ਪੂਜਾ, ਪਾਠ, ਮੰਦਰ, ਮੱਠ ਜਾਣ ਤੇ ਪਾਬੰਦੀ ਲੱਗੀ ਹੋਈ ਸੀ। ਜੇ ਕਿਤੇ ਭੁਲ-ਭੁਲੇਖੇ ਕਿਸੇ ਸ਼ੂਦਰ ਤੋਂ ਓਅੰਕਾਰ ਸ਼ਬਦ ਉਚਾਰਨ ਹੋ ਗਿਆ ਤਾਂ ਉਸ ਦੀ ਜ਼ੁਬਾਨ ਕੱਟ ਦਿਤੀ ਜਾਂਦੀ ਸੀ ਜੇ ਇਨ੍ਹਾਂ ਵਿਚੋਂ ਕੋਈ ਬ੍ਰਹਮਗਿਆਨ ਦੀ ਗੱਲ ਕਰਦਾ ਸੀ ਤਾਂ ਰਾਜਾ ਖੁਦ ਮਾਰਦਾ ਸੀ ਜਿਵੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਤੋਂ ਸੰਬਕ ਰਿਸ਼ੀ ਨੂੰ ਬ੍ਰਾਹਮਣਾਂ ਨੇ ਮਰਵਾਇਆ ਸੀ। ਸ੍ਰੀ ਰਾਮ ਚੰਦਰ ਜੀ ਨੇ ਰਾਜ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੁੰਬਕ ਰਿਸ਼ੀ ਦਾ ਆਪਣੇ ਹੱਥ ਨਾਲ ਬੱਧ ਕੀਤਾ। ਇਹ ਅਛੂਤ ਵਰਗ ਦਾ ਮਨੁੱਖ ਬਹੁਤ ਹੀ ਤ੍ਰਿਸਕਾਰਿਆ ਹੋਇਆ ਸਮਾਜ ਦਾ ਮੈਲਾ ਅੰਗ ਗਿਣਿਆ ਜਾਂਦਾ ਸੀ। ਇਹ ਅੰਗ ਅਨਪੜ੍ਹ ਰੱਖਿਆ ਜਾਂਦਾ ਸੀ, ਕੋਈ ਸਕੂਲ ਵਿਦਿਆਲਾ, ਕੋਈ ਕਿਰਤ ਦਾ ਸਕੂਲ ਇਨ੍ਹਾਂ ਨੂੰ ਦਾਖਲਾ ਨਹੀਂ ਸੀ ਦਿੰਦਾ। ਇਹ ਨਿਸ਼ਚਾ ਦਿਤਾ ਗਿਆ ਕਿ ਇਹ ਸ਼ੂਦਰ ਪ੍ਰਮੇਸ਼ਰ ਦੇ ਦਰ ਤੋਂ ਨਾ ਪ੍ਰਵਾਣ ਹੋਈਆਂ ਰੂਹਾਂ ਦੇ ਜਨਮ ਕਰਕੇ ਹੈ ਇਨ੍ਹਾਂ ਦੇ ਸੰਤਾਪ, ਇਨ੍ਹਾਂ ਦੀਆਂ ਤੰਗੀਆਂ, ਇਨ੍ਹਾਂ ਦੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦੀ ਸਜ਼ਾ ਵਜੋਂ ਹਨ। ਦੁਆਪਰ ਦੇ ਅੰਤ ਵਿਚ ਬਾਲਮੀਕ (ਚੰਡਾਲ) ਨੇ ਭਜਨ ਕਰਕੇ ਉਹ ਪਦਵੀ ਹਾਸਲ ਕਰ ਲਈ ਜੋ ਸਰਬ ਸ੍ਰੇਸ਼ਟ ਸੀ। ਇਹ ਮਹਾਨ ਰਿਸ਼ੀ ਹੋਏ ਹਨ। ਕ੍ਰਿਸ਼ਨ ਮਹਾਰਾਜ ਜੀ ਨੇ ਪਾਂਡਵਾਂ ਦੇ ਯੱਗ ਸਮੇਂ ਇਨ੍ਹਾਂ ਨੂੰ ਪ੍ਰਗਟ ਕੀਤਾ ਅਤੇ ਆਪਣੇ ਹੱਥਾਂ ਨਾਲ ਇਸ ਰਿਸ਼ੀ ਦੇ ਚਰਨ ਧੋਤੇ ਅਤੇ ਜੂਠੀਆਂ ਪੱਤਲਾਂ ਚੁਕੀਆਂ। ਇਨ੍ਹਾਂ ਦੇ ਪਾਡਵਾਂ ਦੇ ਯੱਗ ਵਿਚ ਸ਼ਾਮਲ ਹੋਣ ਕਰਕੇ ਘੰਟਾ ਜ਼ੋਰ ਨਾਲ ਵਜਦਾ ਰਿਹਾ ਅਤੇ ਯੱਗ ਸੰਪੂਰਨ ਹੋਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਾਤ ਪਾਤ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਬ੍ਰਾਹਮਣ ਨੂੰ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ ਸ੍ਰੇਸ਼ਟ ਬ੍ਰਾਹਮਣ ਆਖਿਆ ਗਿਆ। ਜੋ ਪ੍ਰਮੇਸ਼ਰ ਦੀ ਅੰਦਰ ਪਛਾਣ ਕਰਦਾ ਹੈ ਉਸ ਪੰਡਤ ਦੇ ਉਪਦੇਸ਼ ਨੂੰ ਪ੍ਰਵਾਣ ਕੀਤਾ ਗਿਆ। ਖਤਰੀ ਨੂੰ ਕਰਮਾਂ ਦਾ ਸੂਰਮਾ ਕਰਕੇ ਥਾਪਿਆ ਗਿਆ। ਗੁਰੂ ਨਾਨਕ ਸਾਹਿਬ ਕਥਿਤ ਨੀਚ ਜਾਤਾਂ ਨੂੰ ਮਾਣ ਦਿੰਦੇ ਹੋਏ ਫੁਰਮਾਨ ਕਰਦੇ ਹਨ -

***ਨੀਚਾ ਅੰਦਰਿ ਨੀਚ ਜਾਤਿ***
***ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ***
***ਵਡਿਆ ਸਿਉ ਕਿਆ ਰੀਸ॥***

***ਅੰਗ - 15***

ਗ੍ਰਹਿਸਤੀ ਨੂੰ ਵਡਿਆਇਆ ਗਿਆ, ਕਿਰਤ ਨੂੰ ਮਹਾਂ ਪਵਿੱਤਰ ਆਖਿਆ ਗਿਆ -

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***

***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥***
***ਅੰਗ - 952***

ਜਾਤਾਂ ਪਾਤਾਂ ਦਾ ਭਰਮ ਪੂਰੀ ਤਰ੍ਹਾਂ ਨਾਲ ਇਨਸਾਨ ਦੇ ਹਿਰਦੇ ਵਿਚੋਂ ਕੱਢ ਦਿਤਾ ਗਿਆ ਇਥੋਂ ਤਕ ਗੁਰਸਿੱਖੀ ਨੇ ਇਨਕਲਾਬੀ ਕਦਮ ਪੁਟਿਆ ਕਿ ਸਾਰੇ ਇਨਸਾਨਾਂ ਨੂੰ ਬਿਨਾਂ ਵਿਤਕਰਾ, ਜਾਤ ਪਾਤ, ਧਰਮ, ਮਜ਼ਹਬ, ਊਚ-ਨੀਚ, ਅਮੀਰ-ਗਰੀਬ ਦੇ ਇਕ ਪੰਗਤ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਪਵਿਤਰਤਾ ਦਾ ਸੂਚਕ ਮੰਨਿਆ ਗਿਆ। ਅਕਬਰ ਵਰਗੇ ਮਹਾਨ ਸਮਰਾਟ ਅਤੇ ਹੋਰ ਅਮੀਰ ਵਰਗ ਦੇ ਬੰਦੇ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕ ਕੇ ਗੁਰੂ ਦੇ ਦਰਸ਼ਨ ਕਰਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਕਰਮਾਂ ਧਰਮਾਂ ਦਾ ਬੋਝ ਜੋਤਸ਼ਾਂ, ਗ੍ਰਹਿਾਂ ਦੀਆਂ ਪਕੜਾਂ ਬਿਲਕੁਲ ਦੂਰ ਕਰਕੇ ਫੁਰਮਾਨ ਕੀਤਾ -

***ਮਾਹ ਦਿਵਸ ਮੂਰਤਿ ਭਲੇ***
***ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ***
***ਕਿਰਪਾ ਕਰਹੁ ਹਰੇ॥ ਅੰਗ - 136***

ਦਾ ਪ੍ਰਕਾਸ਼ ਕੀਤਾ ਅਤੇ ਮਾਹ, ਰੁੱਤਾਂ, ਮਹੂਰਤਾਂ ਦਾ ਬੋਝ ਦੂਰ ਕਰਦਿਆਂ ਫੁਰਮਾਨ ਕੀਤਾ -

***ਮਾਹਾ ਰੁਤੀ ਸਭ***
***ਤੂੰ ਘੜੀ ਮੂਰਤ ਵੀਚਾਰਾ॥***
***ਤੂੰ ਗਣਤੈ ਕਿਨੈ ਨ ਪਾਇਓ***
***ਸਚੇ ਅਲਖ ਅਪਾਰਾ॥***
***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ।।***
***ਨਾਉ ਪੜੀਐ ਨਾਉ ਬੁਝੀਐ***
***ਗੁਰਮਤੀ ਵੀਚਾਰਾ।।***
***ਅੰਗ - 140***

ਅਤੇ ਇਨ੍ਹਾਂ ਦੀ ਪਵਿੱਤਰਤਾ ਵਾਸਤੇ ਫੁਰਮਾਨ ਕੀਤਾ -

***ਨਾਨਕ ਸੋਈ ਦਿਨਸੁ ਸੁਹਾਵੜਾ***
***ਜਿਤੁ ਪ੍ਰਭੁ ਆਵੈ ਚਿਤਿ॥***
***ਜਿਤੁ ਦਿਨਿ ਵਿਸਰੈ ਪਾਰਬ੍ਰਹਮੁ***
***ਫਿਟੁ ਭਲੇਰੀ ਰੁਤਿ॥ ਅੰਗ - 318***

ਗੁਰੂ ਦਸ਼ਮੇਸ਼ ਪਿਤਾ ਜੀ ਨੇ ਮਨੁੱਖ ਦੀ ਮਨੁੱਖਤਾ ਨੂੰ ਪੂਰਨ ਰੂਪ ਵਿਚ ਸੁਤੰਤਰ ਕੀਤਾ ਅਤੇ ਇਕੋ ਮਨੁੱਖ ਨੂੰ ਖਾਲਸਾ ਬਣਾ ਕੇ ਉਸ ਵਿਚ ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼ ਅਤੇ ਰਿਸ਼ੀ ਮੁਨੀਆਂ ਦੇ ਆਦਰਸ਼ ਨੂੰ ਫਲੀਭੂਤ ਕੀਤਾ। ਗੁਰਸਿੱਖ ਬ੍ਰਾਹਮਣ ਦੇ ਰੂਪ ਵਿਚ ਹੁੰਦਾ ਹੋਇਆ, ਗੁਰਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਗੁਰਬਾਣੀ ਪੜ੍ਹਾਉਂਦਾ ਹੈ, ਲੰਗਰ ਚਲਾਉਂਦਾ ਹੈ। ਸਤਿ ਸਮਾਗਮ ਰਚ ਕੇ ਸਭ ਤੋਂ ਉਚਾ ਸ਼ਬਦ ਦਾ ਲੰਗਰ ਚਲਾਉਂਦਾ ਹੈ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਗੁਰੂ ਦੇ ਨਮਿਤ ਦਸਵੰਧ ਦਿੰਦਾ ਹੈ ਅਤੇ ਇਸ ਦਸਵੰਧ ਨੂੰ ਪ੍ਰਾਪਤ ਕਰਕੇ ਜਨਤਾ ਦੇ ਸੁਖ ਲਈ ਧਰਮ ਮੰਦਰ, ਹਸਪਤਾਲ, ਸਕੂਲ, ਕਾਲਜ, ਧਰਮਸਾਲਾ, ਸੜਕਾਂ, ਪੁਲ ਆਦਿ ਅਨੇਕਾਂ ਕਾਰਜ ਕਰਦਾ ਹੈ। ਜਦੋਂ ਇਨਸਾਨਾਂ ਉਪਰ ਕੋਈ ਸੰਤਾਪ ਗਿਰਦਾ ਹੈ ਤਾਂ ਇਹ ਉਸੇ ਦਾਨ ਦੇ ਸਰਮਾਏ ਵਿਚੋਂ ਉਨ੍ਹਾਂ ਦੀ ਇਕ ਦਮ ਮਦਦ ਕਰਦਾ ਹੈ।

ਖਤਰੀ ਦੇ ਰੂਪ ਵਿਚ ਗਰੀਬ ਮਾਰ ਕਦੇ ਨਹੀਂ ਹੋਣ ਦਿੰਦਾ। ਰਾਜੇ ਤੋਂ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ ਕਰਦਾ ਹੈ, ਦੁਸ਼ਮਣ ਨੂੰ ਆਪਣੇ ਦੇਸ਼ ਵਲ ਕੈਰੀ ਅੱਖ ਕਰਕੇ ਦੇਖਣ ਨਹੀਂ ਦਿੰਦਾ ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਹੱਸ-ਹੱਸ ਕੇ ਆਪਣੀ ਜਾਨ ਗੁਰੂ ਪਿਆਰ ਵਿਚ ਵਾਰ ਦਿੰਦਾ ਹੈ। ਦੇਸ਼ ਦੀ ਰਾਖੀ ਦਾ ਜ਼ਬਰਦਸਤ ਪਹਿਰੇਦਾਰ ਹੈ, ਗਰੀਬ ਤੇ ਮਜਬੂਰ ਦਾ ਮਦਦਗਾਰ ਹੈ। ਅਨਾਥਾਂ, ਨਿਥਾਵਿਆਂ, ਨਿਮਾਣਿਆਂ, ਨ-ਘਰਿਆਂ, ਬੇਰੁਜ਼ਗਾਰਾਂ ਲਈ ਦਰਦਾਂ ਭਰਿਆ ਮਿਤਰ ਹੈ। ਇਸਤ੍ਰੀ ਰੱਖਿਆ ਲਈ ਅਤੇ ਗਰੀਬ ਦੀ ਮਦਦ ਲਈ ਆਪਣੀ ਜਾਨ ਵਾਰਨਾ ਗੁਰੂ ਦੀ ਰਜ਼ਾ ਸਮਝਦਾ ਹੈ ਅਤੇ ਸ਼ਸ਼ਤਰ ਪਹਿਨਣ ਨੂੰ ਧਰਮ ਦਾ ਅੰਗ ਸਮਝ ਕੇ ਆਪਣੇ ਅੰਗ ਸੰਗ ਰਖਦਾ ਹੈ।

ਵੈਸ਼ ਦੇ ਰੂਪ ਵਿਚ ਹੁੰਦਾ ਹੋਇਆ ਇਹ ਵਣਜ, ਵਪਾਰ, ਨੌਕਰੀ ਚਾਕਰੀ ਲਈ ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ ਉਥੇ ਗੁਰਮਤਿ ਦਾ ਪ੍ਰਗਟਾਵਾ ਕਰਕੇ ਜਿਥੇ ਧਨ ਕਮਾਉਂਦਾ ਹੈ ਉਥੇ ਪ੍ਰਚਾਰਕ ਦਾ ਰੂਪ ਧਾਰ ਕੇ ਉਥੋਂ ਦੇ ਲੋਕਾਂ ਨੂੰ ਗੁਰਮਤਿ ਸਿਧਾਤਾਂ ਦਾ ਜਾਣੂੰ ਬਣਾਉਂਦਾ ਹੈ ਅਤੇ ਭਰਮਾਂ ਭੇਖਾਂ ਦਾ ਨਾਸ਼ ਕੀਤੇ ਜਾਣ ਦਾ ਉਪਦੇਸ਼ ਦਿੰਦਾ ਹੈ। ਖੇਤੀ ਬਾੜੀ ਕਰਦਾ, ਇੰਡਸਟਰੀਆਂ ਚਲਾਉਂਦਾ, ਵਣਜ ਵਪਾਰ ਚਲਾਉਂਦਾ ਹੈ,

ਡਾਕਟਰ, ਸਾਇੰਸਦਾਨ, ਜੱਜ, ਵਜ਼ੀਰ ਆਦਿ ਦੀਆਂ ਪਦਵੀਆਂ ਪ੍ਰਾਪਤ ਕਰਕੇ ਸਮਾਜ ਦੀ ਸੇਵਾ ਕਰਦਾ ਹੈ।

ਸ਼ੂਦਰ ਦੇ ਰੂਪ ਵਿਚ ਸੇਵਾ ਕਰਨ ਨੂੰ ਇਹ ਸਭ ਤੋਂ ਪਵਿੱਤਰ ਕਰਮ ਜਾਣਦਾ ਹੈ ਅਤੇ ਇਸ ਦਾ ਪ੍ਰਪੱਕ ਨਿਸ਼ਚਾ ਹੈ ਕਿ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥***
***ਅੰਗ - 26***

ਅਤੇ

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਅੰਗ - 286***

ਦੇ ਆਦਰਸ਼ ਨੂੰ ਅਪਣਾਅ ਕੇ ਸੇਵਾ ਦੀ ਮਹਾਨ ਕਿਰਤ ਨੂੰ ਬ੍ਰਾਹਮਣ ਦੇ ਵੇਦ ਪਾਠਾਂ ਤੋਂ ਵੀ ਉਚਾ ਬਣਾ ਦਿੰਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਦੇ ਜੁੱਸੇ ਵਿਚ ਇਹ ਚਾਰੇ ਵਰਣ ਜਜ਼ਬ ਕਰ ਦਿਤੇ ਅਤੇ ਇਨ੍ਹਾਂ ਤੋਂ ਉਚਾ ਖਾਲਸੇ ਨੂੰ ਮਹਾਨ ਕਰਮਯੋਗੀ ਬਣਾ ਕੇ ਰਿਸ਼ੀਆਂ-ਮੁਨੀਆਂ, ਪੀਰਾਂ, ਫਕੀਰਾਂ ਤੋਂ ਕਿਤੇ ਉਚਾ ਬਣਾ ਦਿਤਾ ਹੈ। ਇਹ ਗ੍ਰਹਿਸਤੀ ਹੁੰਦਾ ਹੋਇਆ ਪੂਰਨ ਬ੍ਰਹਮਗਿਆਨੀ ਵੀ ਹੈ, ਪੂਰਨ ਯੋਗੀ ਵੀ ਹੈ, ਮਹਾਂ ਰਿਸ਼ੀ ਵੀ ਹੈ, ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਹੈ। ਸੰਸਾਰ ਦੇ ਘਟ-ਘਟ ਵਿਚ ਵਿਆਪਕ ਵਾਹਿਗੁਰੂ ਨੂੰ ਪ੍ਰਤੱਖ ਅਨੁਭਵ ਕਰਦਾ ਹੈ। ਸੋ ਗੁਰੂ ਮਹਾਰਾਜ ਜੀ ਨੇ ਇਕੋ ਬੰਦੇ ਵਿਚ ਇਹ ਪੰਜੇ ਵਰਣਾਂ ਦੇ ਗੁਣ ਦਾਖਲ ਕਰ ਦਿਤੇ ਅਤੇ ਇਸ ਨੂੰ ਗੁਰੂ ਦੀ ਪਦਵੀ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਕਿ -

***ਖ਼ਾਲਸਾ ਮੇਰੋ ਧਰਮ ਅਰ ਕਰਮ॥***
***ਖ਼ਾਲਸਾ ਮੇਰੋ ਭੇਦ ਨਿਜ ਮਰਮ॥***
***ਖ਼ਾਲਸਾ ਮੇਰੋ ਸਤਿਗੁਰ ਪੂਰਾ॥***
***ਖ਼ਾਲਸਾ ਮੇਰੋ ਸੱਜਨ ਸੂਰਾ॥***
***ਸਰਬ ਲੋਹ ਗ੍ਰੰਥ***

ਇਸ ਖਾਲਸਾ ਦੀ ਪਦਵੀ ਵਾਹਿਗੁਰੂ, ਗੁਰੂ ਦੇ ਬਰਾਬਰ ਕਰ ਦਿਤੀ ਯਾਨਿ ਇਸ ਨੂੰ ਅਕਾਲ ਪੁਰਖ ਵਿਚ ਅਭੇਦ ਕਰ ਦਿਤਾ। ਸੋ ਇਸ ਤਰ੍ਹਾਂ ਨਾਲ ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਸੰਸਾਰ ਵਿਚ ਪ੍ਰਗਟ ਕੀਤਾ। ਇਕ ਮਨੁੱਖ ਨੂੰ ਪੂਰਨ ਮਨੁੱਖ ਬਣਾ ਕੇ ਸੰਸਾਰ ਵਿਚ ਪੇਸ਼ ਕਰਨਾ ਇਕ ਬਹੁਤ ਵੱਡੀ ਕਰਾਮਾਤ ਸੀ। ਛੋਟੀਆਂ-ਛੋਟੀਆਂ ਕਰਾਮਾਤਾਂ - ਹਵਾ ਵਿਚ ਉਡ ਜਾਣਾ, ਪਾਣੀ ਵਿਚ ਡੁਬ ਕੇ ਜਿਉਂਦੇ ਰਹਿਣਾ, ਸਿੱਧਾਂ ਵਾਂਗੂੰ ਪਾਣੀ ਦਾ ਤਾਲ ਹੀਰੇ ਜਵਾਹਰਾਤ ਨਾਲ ਭਰ ਦੇਣਾ, ਧਰਤੀ ਦੇ ਕਣਾਂ ਨੂੰ ਸੋਨਾ ਬਣਾ ਦੇਣਾ, ਆਮ ਪੱਥਰਾਂ ਨੂੰ ਪਾਰਸ ਬਣਾ ਦੇਣਾ, ਸ਼ੇਰਾਂ ਦੀ ਸਵਾਰੀ ਕਰ ਲੈਣਾ, ਹੱਥ ਵਿਚ ਨਾਗਾਂ ਦੇ ਹੰਟਰ ਰੱਖ ਲੈਣੇ, ਬਹੁਤ ਵੱਡਾ, ਉਚਾ ਲੰਮਾ ਸਰੀਰ ਬਣਾ ਲੈਣਾ ਅਤੇ ਛੋਟੇ ਤੋਂ ਛੋਟਾ ਆਪਣਾ ਵਜੂਦ ਬਣਾ ਲੈਣਾ ਆਦਿ ਅਨੇਕਾਂ ਕਰਾਮਾਤਾਂ ਸੰਸਾਰ ਵਿਚ ਤਪੋ ਬਲ ਨਾਲ ਅਤੇ ਯੋਗ ਸਾਧਨਾਂ ਨਾਲ ਵਿਕਲੋਤਰਾ ਮਨੁੱਖ ਪ੍ਰਾਪਤ ਕਰ ਲੈਂਦਾ ਸੀ ਪਰ ਸਭ ਤੋਂ ਵੱਡੀ ਕਰਾਮਾਤ ਆਮ ਆਦਮੀਆਂ ਦੇ ਮਨ ਵਿਚ ਨਾਮ ਦਾ ਵਾਸਾ ਕਰਾ ਦੇਣਾ ਅਤੇ ਉਸ ਨਾਮ ਦੇ ਬਲਬੋਤੇ ਸਾਹਸਹੀਣ ਮਨੁੱਖ ਨੂੰ ਇੰਨਾਂ ਉਚਾ ਲੈ ਜਾਣਾ ਕਿ ਉਸਨੂੰ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਵਿਚ ਲੀਨ ਹੋ ਕੇ ਪੂਰਨ ਰੂਪ ਵਿਚ ਪ੍ਰਭੂ ਹੀ ਬਣਾ ਦੇਣਾ ਇਕ ਬਹੁਤ ਹੀ ਵੱਡੀ ਕਰਾਮਾਤ ਸੀ। ਜੋ ਅੱਜ ਤਕ ਭਾਰਤ ਵਰਗੇ ਬੇਅੰਤ ਜ਼ੁਲਮਾਂ ਦੇ ਹੇਠ ਲਤਾੜੇ ਹੋਏ ਨਿਮਾਣੇ ਤੇ ਨਿਤਾਣੇ ਬੰਦੇ ਨੂੰ ਇਕ ਪੂਰਨ ਮਨੁੱਖ ਦੇ ਰੂਪ ਵਿਚ ਪ੍ਰਗਟ ਕਰ ਦੇਣਾ, ਜੋ ਅਧਿਆਤਮਕ ਕਰਮਾਂ ਨੂੰ ਕਰਨ ਲਈ ਬ੍ਰਾਹਮਣ ਹੈ, ਸ਼ਸ਼ਤਰਾਂ ਦਾ ਪ੍ਰਯੋਗ ਕਰਨ ਲਈ ਖਤਰੀ ਹੈ, ਨਵੇਂ ਤੋਂ ਨਵਾਂ ਪ੍ਰਯੋਗ ਅਤੇ ਨਵੇਂ ਤੋਂ ਨਵਾਂ ਤਜਰਬਾ ਕਰਕੇ ਸਾਇੰਸਦਾਨ, ਡਾਕਟਰ, ਪ੍ਰੋਫੈਸਰ, ਜਰਨੈਲ ਅਤੇ ਚੰਗੇ ਤੋਂ ਚੰਗਾ ਸ਼ਾਸ਼ਕ ਹੋ ਕੇ, ਨੇਕ ਕਿਰਤ ਕਰਕੇ ਵੈਸ਼ ਦੇ ਕਰਮ ਕਰਨ ਵਾਲਾ ਭੀ ਹੋਣਾ, ਵੱਡੀ ਤੋਂ ਵੱਡੀ ਪਦਵੀ, ਰੁਤਬੇ ਪ੍ਰਾਪਤ ਕਰਕੇ ਭੀ ਪੂਰਨ ਗਿਆਨਵਾਨ ਸਾਧੂ, ਸੰਤ ਦਾ 'ਦਰਜਾ' ਹਾਸਲ ਕਰਕੇ ਛੋਟੀ ਤੋਂ ਛੋਟੀ ਸੇਵਾ ਕਰਨ ਲਈ ਤਤਪਰ ਰਹਿਣਾ ਜਿਵੇਂ ਕਿ ਜੋੜੇ ਝਾੜਨੇ, ਪੱਖੇ ਝੱਲਣੇ, ਜਲ ਪਿਲਾਉਣਾ, ਦਰੀਆਂ ਵਿਛਾਉਣੀਆਂ, ਹਸਪਤਾਲਾਂ ਵਿਚ ਅਣਜਾਣ ਬੰਦਿਆਂ ਦੀ ਸੇਵਾ ਕਰਨਾ, ਲੰਗਰ ਪਕਾਉਣੇ, ਲੰਗਰ ਛਕਾਉਣੇ, ਜੂਠੇ ਬਰਤਨ ਮਾਂਜਣੇ ਆਦਿ ਇਹ ਸਭ ਸੇਵਾਵਾਂ ਕਰਦਾ ਹੋਇਆ ਗੁਰਸਿੱਖ

ਜੋਗੀ ਦਾ ਆਤਮ ਰਸ ਵਿਚ ਲੀਨ ਹੋ ਕੇ ਪੂਰਨ ਖਾਲਸਾ ਹੁੰਦੇ ਹੋਇਆਂ ਐਡੀ ਉਚੀ ਪਦਵੀ ਪ੍ਰਾਪਤ ਕਰ ਲੈਣਾ ਕਿ ਉਹ ਖੁਦ ਹੀ ਪ੍ਰਭੂ ਦੇ ਰੂਪ ਵਿਚ ਦ੍ਰਿਸ਼ਟੀ ਆਉਣ ਲਗਦਾ ਹੈ ਕਿ -

***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ***

ਸਤਿਗੁਰੂ ਦੀ ਪਦਵੀ ਪ੍ਰਾਪਤ ਕਰਦਾ ਹੋਇਆ ਇਕੋ ਮਨੁੱਖ ਖਾਲਸਾ ਦੇ ਰੂਪ ਵਿਚ ਅਨੇਕਾਂ ਕਿਰਿਆਵਾਂ ਦਾ ਧਾਰਨੀ ਹੁੰਦਾ ਹੋਇਆ ਸੰਸਾਰ ਵਿਚ ਖਾਲਸਾ ਪਦ ਦਾ ਮਾਲਕ ਹੋ ਕੇ ਵਿਚਰਨਾ, ਇਹ ਇਕ ਬਹੁਤ ਵੱਡੀ ਕਰਾਮਾਤ ਸੀ ਜੋ ਸੰਸਾਰ ਦੀ ਰਚਨਾ ਤੋਂ ਲੈ ਕੇ ਖਾਲਸਾ ਆਦਰਸ਼ ਦੇ ਪ੍ਰਗਟ ਹੋਣ ਤਕ ਕਿਸੇ ਤੋਂ ਵੀ ਨਹੀਂ ਹੋ ਸਕੀ ਸੀ। ਇਹ ਮਹਾਨ ਕਰਾਮਾਤ ਗੁਰੂ ਦਸ਼ਮੇਸ਼ ਪਿਤਾ ਜੀ ਨੇ ਮੁਰਦਿਆਂ ਨੂੰ ਜੀਵਨ ਦਾਨ ਦੇ ਕੇ ਸੰਸਾਰ ਵਿਚ ਪ੍ਰਗਟ ਕਰ ਦਿਤੀ। ਕਰਾਮਾਤ ਇਥੋਂ ਤਕ ਪੂਰੀ ਹੋਈ ਕਿ 84 ਲੱਖ ਜੂਨਾਂ ਵਿਚ ਗੇੜੇ ਖਾਣ ਵਾਲਾ ਕੀਟ, ਪਤੰਗ, ਕੁਰੰਗ, ਗਜ, ਮੀਨ, ਮੱਛੀਆਂ, ਪੰਛੀ, ਦਰਖਤ ਬਣਨ ਵਾਲੇ ਜੀਵ ਆਤਮਾ ਨੂੰ ਪ੍ਰਭੂ ਰੂਪ ਬਣਾ ਦੇਣਾ ਇਕ ਹੈਰਾਨ ਕਰਨ ਵਾਲੀ ਕਰਾਮਾਤ ਹੈ ਜੋ ਕੇਵਲ ਅਕਾਲ ਪੁਰਖ ਦੇ ਪੁਤਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਹੀ ਪੂਰੀ ਹੋ ਸਕੀ। ਇਸ ਖਾਲਸਾ ਪਦਵੀ ਤੇ ਪਹੁੰਚੇ ਹੋਇਆਂ ਨੂੰ ਸ੍ਰੀ ਅਸਕੇਤ ਦੀ ਗੋਦ ਵਿਚ ਨਿਵਾਸ ਦਿਵਾ ਦੇਣਾ, ਸਰਬ ਲੋਹ ਦੀ ਕ੍ਰਿਪਾ ਦਾ ਪਾਤਰ ਬਣਾ ਦੇਣਾ ਦਸ਼ਮੇਸ਼ ਪਿਤਾ ਤੋਂ ਹੀ ਹੋ ਸਕਿਆ ਸੀ। ਵਿਸਾਖੀ ਦਾ ਦਿਨ ਸੰਸਾਰ ਵਿਚ ਇਕ ਮਹਾਨ ਘਟਨਾ ਦਾ ਦਿਨ ਹੈ। ਅਜੇ ਤੀਕਰ ਸੰਸਾਰ ਨੂੰ ਇਹ ਸਮਝ ਹੀ ਨਹੀਂ ਆ ਸਕਿਆ ਕਿ ਖਾਲਸਾ ਆਦਰਸ਼ ਕੀ ਹੈ? ਇਸਦੀ ਵਡੱਤਣ ਕਿੰਨੀ ਉਚੀ ਹੈ? ਇਹ ਸੰਸਾਰ ਦਾ ਪੂਰਨ ਮਨੁੱਖ ਕਿਵੇਂ ਵਰਤਦਾ ਹੈ ਕਿਵੇਂ ਸੰਸਾਰ ਨੂੰ ਤਕਦਾ ਹੈ ਤੇ ਵੈਰ, ਕੀਨੇ, ਸਾੜਿਆਂ ਤੋਂ ਬਿਲਕੁਲ ਪਾਕ ਹੈ ਇਸ ਦੇ ਲਈ ਸਾਰਾ ਸੰਸਾਰ ਆਪਣਾ ਹੀ ਅੰਗ ਹੈ। ਪ੍ਰਤੱਖ ਰੂਪ ਵਿਚ ਜਦੋਂ ਭਾਈ ਘਨ੍ਹਈਆ ਬਗੈਰ ਵਿਤਕਰੇ ਤੋਂ ਜੰਗ ਵਿਚ ਪਾਣੀ ਪਿਲਾਂਦਾ ਹੈ ਤਾਂ ਉਸ ਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸੀ ਸਕਿਆ ਪਰ ਜਿਨ੍ਹਾਂ ਦੇ ਅੰਦਰ ਪਾਣੀ ਦਾ ਘੁੱਟ ਉਸ ਦੇ ਹੱਥ ਨਾਲ ਛੋਹ ਕੇ ਚਲਿਆ ਜਾਂਦਾ ਸੀ ਉਹ ਅੰਦਰਲਾ ਹਨ੍ਹੇਰਾ ਗਵਾ ਕੇ ਨੇਤਰ ਪ੍ਰਕਾਸ਼ ਕਰਕੇ ਸਭਨਾਂ ਘਟਾਂ ਵਿਚ ਇਕ ਵਾਹਿਗੁਰੂ ਹੀ ਵੇਖਦਾ ਸੀ। ਜਦੋਂ ਗੁਰੂ ਦਸ਼ਮੇਸ਼ ਪਿਤਾ ਨੇ ਪੁਛਿਆ ਕਿ ਤੂੰ ਪਾਣੀ ਕਿਸਨੂੰ ਪਿਲਾਉਂਦਾ ਹੈਂ? ਤਾਂ ਉਸ ਦਾ ਉਤਰ ਸੀ ਕਿ ਸਾਹਿਬ ਜੀ! ਮੈਨੂੰ ਤੁਰਕ-ਅਤੁਰਕ ਹਿੰਦੂ-ਅਹਿੰਦੂ, ਆਪਣਾ-ਬੇਗਾਨਾ, ਵੈਰੀ-ਮਿਤਰ, ਮਾੜਾ ਤੇ ਚੰਗਾ, ਜ਼ਾਲਮ ਤੇ ਮਜ਼ਲੂਮ ਕੋਈ ਵੀ ਨਜ਼ਰ ਨਹੀਂ ਆ ਰਿਹਾ। ਜੇ ਨਜ਼ਰ ਆਉਂਦਾ ਹੈ ਤਾਂ ਕੇਵਲ ਇਕ ਤੇਰਾ ਹੀ ਰੂਪ ਘਟ-ਘਟ ਵਿਚ ਵਿਆਪਕ ਦਿਸਦਾ ਹੈ। ਗੁਰੂ ਮਹਾਰਾਜ ਜੀ ਉਸ ਪੂਰਨ ਮਨੁੱਖ ਤੇ ਪ੍ਰਸੰਨ ਹੋ ਕੇ ਮਲ੍ਹਮ ਦੀਆਂ ਡੱਬੀਆਂ ਅਤੇ ਪੱਟੀਆਂ ਬਖਸ਼ ਕੇ ਆਖਦੇ ਹਨ ਕਿ ਭਾਈ ਘਨਈਆ! ਤੂੰ ਖਾਲਸਾ ਪਦ ਪ੍ਰਾਪਤ ਕਰ ਲਿਆ ਹੈ। ਅੱਗੇ ਤੋਂ ਲੋੜ ਪੈਣ ਤੇ ਤੂੰ ਮੇਰੇ ਮਲ੍ਹਮ ਭੀ ਲਗਾਈਂ ਤੇ ਪਾਣੀ ਪਿਲਾ ਕੇ ਪੱਟੀਆਂ ਭੀ ਬੰਨ੍ਹੀ, ਇਹੋ ਮਹਾਨ ਉਚਾ ਆਦਰਸ਼ ਮੈਂ ਸੰਸਾਰ ਵਿਚ ਪ੍ਰਗਟ ਕਰਨ ਲਈ ਬ੍ਰਹਮਲੀਨ ਸਮਾਧੀ ਨੂੰ ਛੱਡ ਕੇ ਸਰੀਰਧਾਰੀ ਹੋਇਆ ਹਾਂ। ਕੁਬੁਧੀ ਦੂਰ ਕਰਕੇ ਸ-ਬੁਧਿ ਦਾ ਪ੍ਰਕਾਸ਼ ਕਰਨਾ ਮੇਰਾ ਕਰਤੱਵ ਹੈ। ਸਰਬੱਤ ਦਾ ਭਲਾ ਮੰਗਣ ਲਈ ਅਰਦਾਸ ਕਰਨਾ, ਇਸ ਖਾਲਸਾ ਲਈ ਜ਼ਰੂਰੀ ਲੋਚ ਹੈ। ਜਿਸ ਦਾ ਨਾਮ 'ਖਾਲਸਾ' ਹੈ। ਮੈਂ ਖਾਲਸਾ ਭੇਖ ਕੋਈ ਨਹੀਂ ਬਣਾਇਆ ਮੈਂ ਤਾਂ ਇਕ ਅਸਲੀ ਮਨੁੱਖ ਨੂੰ ਉਸ ਦਾ ਅਸਲੀ ਰੂਪ ਦਿਖਾ ਕੇ ਉਸ ਨੂੰ ਸਾਰੇ ਬੰਧਨਾਂ ਤੋਂ ਸੁਤੰਤਰ ਕਰਕੇ ਵਾਹਿਗੁਰੂ ਦਾ ਰੂਪ ਹੀ ਬਣਾਇਆ ਹੈ ਅਤੇ ਨਾਮ ਜਪਣ ਦੇ ਸ੍ਰੇਸ਼ਟ ਕਰਮ ਦਾ ਧਾਰਨੀ ਬਣਾਇਆ ਹੈ।

ਸੋ ਪਿਆਰੇ ਪਾਠਕੋ! ਵਿਚਾਰੋ ਉਸ ਮਹਾਨ ਉਚੇ ਆਦਰਸ਼ ਨੂੰ, ਉਸ ਗੁਰੂ ਦਸ਼ਮੇਸ਼ ਪਿਤਾ ਜੀ ਦੀ ਪੂਰੀ ਕਰਾਮਾਤ ਨੂੰ ਜੋ ਜੁਗਾਂ-ਜੁਗਾਂਤਰਾਂ ਤਕ ਆਪਣੇ ਬਲ ਨਾਲ ਸੰਸਾਰ ਵਿਚ ਚਲਦੀ ਰਹਿਣੀ ਹੈ ਅਤੇ ਖਾਲਸੇ ਦਾ ਆਦਰਸ਼ ਦਿਨੋ ਦਿਨ ਐਸਾ ਸੁਥਰਾ ਤੇ ਪ੍ਰਕਾਸ਼ਮਈ ਹੋ ਕੇ ਸੰਸਾਰ ਵਿਚ ਪ੍ਰਗਟੇਗਾ ਕਿ ਸਾਰਾ ਸੰਸਾਰ ਖਾਲਸਾ ਆਦਰਸ਼ ਨੂੰ ਪ੍ਰਗਟ ਕਰਨ ਲਈ ਤਰਸੇਗਾ, ਲੋਚੇਗਾ ਕਿਉਂਕਿ ਇਹ ਆਦਰਸ਼ ਇਸ ਸੁਪਨਮਈ ਸੰਸਾਰ ਵਿਚ

ਪੂਰਨ ਹੈ, ਖਾਲਸਾ ਪੂਰਨ ਗਿਆਨਵਾਨ ਹੈ, ਇਸ ਨੇ ਮਾਇਆ ਨੂੰ ਪੂਰਨ ਰੂਪ ਵਿਚ ਜਿੱਤ ਲਿਆ ਹੈ, ਅਵਿਦਿਆ ਦੇ ਹਨ੍ਹੇਰੇ ਨੂੰ ਖੰਡ-ਖੰਡ ਕਰਕੇ ਪ੍ਰਕਾਸ਼ ਹੀ ਪ੍ਰਕਾਸ਼ ਸੰਸਾਰ ਵਿਚ ਵਰਤਾਅ ਦਿਤਾ ਹੈ।

ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਅੱਗੇ ਹੀ ਅੱਗੇ ਵਧਦਾ ਗਿਆ। ਜੇ ਅਸੀਂ ਏਸ ਆਦਰਸ਼ ਨੂੰ ਚੇਤਨਾ ਸਹਿਤ ਸੰਸਾਰ ਦੇ ਮੰਚ ਵਿਚ ਪੇਸ਼ ਕਰੀਏ ਤਾਂ ਹੋ ਨਹੀਂ ਸਕਦਾ ਕਿ ਸੰਸਾਰ ਇਸ ਨੂੰ ਨਾ ਅਪਣਾਵੇ ਅਤੇ ਖਾਲਸਾ ਆਦਰਸ਼ ਨੂੰ ਪ੍ਰਵਾਨ ਨਾ ਕਰੇ। ਸਾਡੇ ਪ੍ਰਚਾਰਕ ਕੁਝ ਐਸੀ ਸਥਿਤੀ ਵਿਚ ਫਸੇ ਹੋਏ ਹਨ ਜਿਨ੍ਹਾਂ ਉਤੇ ਟੀਕਾ ਟਿੱਪਣੀ ਕਰਨੀ ਮੈਂ ਯੋਗ ਨਹੀਂ ਸਮਝਦਾ। ਗੁਰੂ ਮਹਾਰਾਜ ਸੁਮੱਤ ਦੇਣ, ਅਸਾਡਾ ਧਾਰਮਿਕ ਵਰਗ ਆਪਣੇ ਫਰਜ਼ ਦੀ ਪਹਿਚਾਣ ਕਰੇ ਅਤੇ ਇਸ ਮਹਾਨ ਉਚਤਾ ਵਿਚ ਲੀਨ ਹੋ ਕੇ ਖਾਲਸਾ ਪਦ ਦਾ ਆਨੰਦ ਮਾਣੇ ਅਤੇ ਫੇਰ ਇਸ ਨੂੰ ਸੰਸਾਰ ਦੇ ਮੰਚ ਉਤੇ ਪੇਸ਼ ਕਰਕੇ ਸਾਰੇ ਵਿਸ਼ਵ ਵਿਚ ਖਾਲਸਾ ਆਦਰਸ਼ ਪ੍ਰਚਲਤ ਕਰੇ ਜੋ ਸਾਰੇ ਸੁਖਾਂ ਦੇ ਦੇਣਹਾਰਾ ਹੈ, ਨਉਨਿਧੀਆਂ ਅਠਾਰਾਂ ਸਿੱਧੀਆਂ ਇਸ ਦੇ ਚਰਨਾਂ ਦੀ ਧੂੜ ਲੋਚਦੀਆਂ ਹਨ ਦੇਵਤੇ ਵੀ ਇਸ ਦੀ ਧੂੜੀ ਮੰਗਦੇ ਹਨ ਤੇ ਉਹ ਸੰਸਾਰ ਵਿਚ ਇਸ ਦੀ ਖੋਜ ਕਰ ਰਹੇ ਹਨ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ***
***ਆਪਿ ਪਰਮੇਸੁਰ॥ ਅੰਗ- 273***

ਪਿਆਰਿਓ! ਇਸ ਆਦਰਸ਼ ਨੂੰ ਸਮਝੋ, ਇਸ ਨੂੰ ਰਹੁਰੀਤਾਂ ਵਿਚ ਜਕੜਨ ਦੀ ਕੋਸ਼ਿਸ਼ ਨਾ ਕਰੋ, ਇਹ (Universal) ਵਿਸ਼ਵ ਜੀਵਨ ਦਾ ਪ੍ਰਤੀਕ ਹੈ, ਇਸ ਨੂੰ ਸਾਰੇ Universe (ਵਿਸ਼ਵ) ਸਾਰੇ ਦੇਸ਼ਾਂ, ਸਾਰੀਆਂ ਬੋਲੀਆਂ ਵਿਚ ਪ੍ਰਗਟ ਕਰੋ। ਆਪੇ ਖਾਲਸਾ ਬਣ ਕੇ ਕੁਝ ਨਹੀਂ ਸੰਵਰਦਾ। ਚਰਿਤ੍ਰਹੀਣ ਪ੍ਰਾਣੀ ਦਾ ਆਪਣੇ ਨਾਮ ਨਾਲ ਲਾਇਆ 'ਖਾਲਸਾ' ਅੱਖਰ ਇਸ ਮਹਾਨ ਆਦਰਸ਼ ਨੂੰ ਦੂਸ਼ਿਤ ਕਰਦਾ ਹੈ। ਸੋ ਇਨ੍ਹਾਂ ਕਮਜ਼ੋਰੀਆਂ ਤੋਂ ਬਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰਸ਼ ਨੂੰ ਵਿਸ਼ਵ ਵਿਚ ਫੈਲਾਓ ਇਹੋ ਬੇਨਤੀ ਕਰਦਾ ਮੈਂ ਸਮਾਪਤ ਕਰਦਾ ਹਾਂ।

ਆਪ ਜੀ ਦੀ ਗਿਆਤ ਲਈ ਸੰਤ ਇੰਦਰ ਸਿੰਘ ਜੀ ਚਕਰਵਰਤੀ ਦੀ ਰਚੀ 'ਖਾਲਸੇ ਦੀ ਵਾਰ' ਅਸੀਂ ਇਸ ਪੁਸਤਕ ਵਿਚ ਛਾਪ ਕੇ ਚਕਰਵਰਤੀ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ -

## ਖਾਲਸੇ ਦੀ ਵਾਰ

*ਪੁਰੀ ਅਨੰਦ ਵਿਚ ਦਸਮ ਗੁਰੂ*
*ਧਰ ਤੇਜ ਕਰਾਰਾ।*
*ਤਖ਼ਤ ਰਚਾਇਆ ਸੱਚ ਦਾ*
*ਵਣਜ ਪਸਾਰਾ।*
*ਔਰੰਗਜ਼ੇਬ ਦੇ ਦਿਲ ਵਿਚ*
*ਡਰ ਵਧਿਆ ਭਾਰਾ।*
*ਉਸ ਭੇਜਿਆ ਇਕ ਰੀਪੋਰਟ ਲੈਣ*
*ਆਪਣਾ ਹਲਕਾਰਾ।*
*ਜਿਸ ਆਪਣੀ ਅੱਖੀਂ ਵੇਖਿਆ*
*ਇਹ ਖਾਸ ਨਜ਼ਾਰਾ।*
*ਲਿਖ ਭੇਜੀ ਉਸ ਰੀਪੋਰਟ ਸੀ*
*ਸੱਚ ਜਿਵੇਂ ਨਿਹਾਰਾ।*
*ਮੈਂ ਵੇਖਿਆ ਗੁਰੂ ਗੋਬਿੰਦ ਦਾ*
*ਅਦਭੁਤ ਕਾਰਾ।*
*ਇਸ ਵਿਸਾਖੀ ਦੇ ਪੁਰਬ ਤੇ*
*ਸਭ ਪੰਥ ਹਕਾਰਾ।*
*ਤੰਬੂ ਲਾਇਆ ਕੇਸ ਗੜ੍ਹ*
*ਸਾਜਿਆ ਦਰਬਾਰਾ।*
*ਭਰਿਆ ਖ਼ੂਬ ਦੀਵਾਨ ਜਦ*
*ਕੱਠ ਹੋਇਆ ਸਾਰਾ।*
*ਹੱਥ ਵਿਚ ਪਕੜੀ ਤੇਗ਼ ਸੀ*
*ਦਸਵੇਂ ਅਵਤਾਰਾ।*
*ਉਹ ਬਿਜਲੀ ਵਾਂਗੂੰ ਚਮਕਦੀ*
*ਮਾਰੇ ਲਿਸ਼ਕਾਰਾ।*
*ਉਸ ਉਚੀ ਥਾਂਉ ਖੱਲੋ ਕੇ*
*ਮਾਰਿਆ ਭਬਕਾਰਾ।*
*ਮੈਂ ਤਿਲਕ ਭਗੌਤੀ ਲਾਉਣਾ*
*ਜਿਉਂ ਫੁਲ ਅਨਾਰਾ।*
*ਹੈ ਕੋਈ ਐਸਾ ਸੂਰਮਾ*
*ਜਿਸ ਮਰਣ ਪਿਆਰਾ।*
*ਮੈਂ ਸੀਸ ਉੜਾਵਾਂ*
*ਉਸ ਦਾ ਬੱਸ ਇਕੋ ਵਾਰਾ।*
*ਉਹ ਆਵੇ ਮੇਰੇ ਸਾਹਮਣੇ*
*ਸਿਰ ਦੇਵਣ ਹਾਰਾ।*

ਪਹਿਲੇ ਲਵੇ ਵੀਚਾਰ
ਇਹ ਕੰਮ ਮੁਸ਼ਕਲ ਭਾਰਾ।
ਉਠ ਨੱਠੇ ਪਿਛੋਂ ਫੇਰ ਨਾ ਤਕ
ਮੌਤ ਕਿਨਾਰਾ।
ਮੈਂ ਚੱਖਾਵਾਂ ਮੌਤ ਦਾ ਉਸ ਨੂੰ
ਵਰਤਾਰਾ।
ਵਰਤੀ ਚੁੱਪ ਦਰਬਾਰ ਵਿਚ,
ਰਹੇ ਸੁਣ ਕੇ ਨਾਰਾ।
ਤਦ ਉਠ ਖਲੋਤਾ ਦਿਆ ਰਾਮ
ਜਿਸ ਸਿਰੜ ਸਹਾਰਾ।
ਮੇਰੇ ਧੰਨ ਭਾਗ ਗੁਰੂਦੇਵ ਜੀ!
ਜੇ ਕੰਮ ਤੁਮਾਰਾ।
ਮੇਰਾ ਸਿਰ ਲਿਆਂ, ਸਿਰ ਜਾਏ ਜੇ
ਸਦਕੇ ਬਲਿਹਾਰਾ।
ਫੜ ਸਰੇ-ਮੈਦਾਨ ਹੀ, ਉਸ ਦਾ
ਸਿਰ ਕੱਪ ਉਤਾਰਾ।
ਵੱਗ ਤੁਰਿਆ ਤਦ ਧਰਤ ਤੇ
ਰੱਤ ਦਾ ਪਰਨਾਰਾ।
ਜਦ ਫੇਰ ਗੁਰੂ ਨੇ ਆਖਿਆ
ਉਹ ਵਾਕ ਦੁਬਾਰਾ।
ਕਈ ਕਮੀਨੇ ਕਾਇਰ ਨੱਸ ਗਏ,
ਕੋਈ ਵੇਖ ਨਾ ਚਾਰਾ।
ਤਦ ਦੂਜਾ ਵੀ ਇਕ ਉਠਿਆ ਜੋ,
'ਧਰਮੀ' ਭਾਰਾ।
ਮੈਨੂੰ ਨਾਲ ਰਲਾ ਲੌ ਦਿਆ ਦੇ
ਸਾਥ ਜੋ ਹਮਾਰਾ।
ਤਿਵੇਂ ਉਸ ਨੂੰ ਵੀ ਫੜ ਲਿਆ
ਛੱਡ ਕੇ ਜੈਕਾਰਾ।
ਵਰਤਾਇਆ ਉਸ ਨਾਲ ਵੀ ਗੁਰੂ
ਉਹੀ ਕਾਰਾ।
ਤੀਜੀ ਵਾਰੀ ਗੁਰੂ ਜੀ
ਜਦ ਬੋਲ ਸੀ ਮਾਰਾ।
ਹਿੰਮਤ ਨਾਂ ਦਾ ਉਠਿਆ
ਇਕ ਹੋਰ ਦੁਲਾਰਾ।
ਉਸ ਮਹੁਕਮ ਨਾਲ ਰਲਾ ਲਿਆ
ਜੋ ਚੌਥਾ ਪਿਆਰਾ।
ਪੰਜਵੇਂ 'ਸਾਹਿਬ' ਆਣ ਕੇ
ਸਭ ਕੰਮ ਸਵਾਰਾ।

ਇਵੇਂ ਪੰਜ ਨਿਤਾਰੇ ਸੂਰਮੇ
ਆਪੋ ਆਪਣੀ ਵਾਰਾ।
ਉਹ ਦਿਤੇ ਸਨ ਝਟਕਾਏ ਸਭ,
ਵੱਡ ਕੀਤਾ ਕਾਰਾ।
ਰੱਖ ਦਿਤੇ ਸਿਰ ਧੜਾਂ ਤੇ
ਅੰਮ੍ਰਿਤ ਛੜਕਾਰਾ।
ਉਹ ਹੋ ਗਏ ਪਹਿਲਾਂ ਵਾਂਗ ਹੀ
ਜਪਦੇ ਕਰਤਾਰਾ।
ਗੁਰੂ ਵੱਢ ਕੇ ਜੋੜੇ ਫੇਰ ਸਿਰ,
ਕਰ ਮਹੁਜਜ਼ਾ ਭਾਰਾ।
ਇਹ ਧੜ ਉਹ ਹੀ, ਸਿਰ ਉਹ ਹੀ,
ਨਹੀਂ ਕੀਆ ਨਿਤਾਰਾ।
ਜਿਸ ਧੜ ਤੇ ਜਿਹੜਾ ਰਖਿਆ,
ਜੜਿਆ ਬਿਨਾ ਬਾਰਾ।
ਲਾਉਂਦਾ ਪੇਵੰਦ ਜਿਉਂ ਬਾਗਬਾਨ,
ਹੋਰ ਸ਼ਾਖ ਹੋਰ ਡਾਰਾ।
ਇਵੇਂ ਸਾਂਝੀ ਧੜਕਣ ਪੰਥ ਦੀ
ਕਰ ਇਕੋ ਵਾਰਾ।
ਗੁਰ ਮਾਰੀ ਭਬਕ ਦੀਵਾਨ ਵਿਚ
ਜੋ ਸੁਣੀ ਹਜ਼ਾਰਾ।
ਉਸ ਮੁਗਲ ਰਾਜ ਦੂਰ ਕਰਨ ਦਾ
ਕੀਤਾ ਇਕਰਾਰਾ।
ਉਸ ਦੇਸ ਆਜ਼ਾਦੀ ਵਾਸਤੇ
ਇਹ ਕੀਆ ਪਸਾਰਾ।
ਸੁਣ ਡਰ ਡਰ ਉਠਣ ਪਹਾੜੀਏ
ਰਣਜੀਤ ਨਗਾਰਾ।
ਕੋਈ ਲਾ ਲੌ ਜੇ ਕਰ ਲਗਦਾ ਹੈ,
ਆਪਣਾ ਚਾਰਾ।
ਉਸ ਵਸ ਕੀਤਾ ਹੈ ਸ਼ਿਕਸਤ ਨੂੰ
ਕਰ ਜਾਪ ਉਚਾਰਾ।
ਉਸ ਪੰਥ ਰਚਾਇਆ ਖ਼ਾਲਸ
ਵੱਡ ਜੋਧ ਉਪਾਰਾ।
ਉਸ ਪਾਹੁਲ ਪਲਾਈ ਖੰਡੇ ਧਾਰ,
ਕਰ ਜਨਮ ਸੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ,
ਆਪੇ ਗੁਰ ਚੇਲਾ।
ਵਾਹੁ ਵਾਹੁ ਗੋਬਿੰਦ ਸਿੰਘ.............।

# ਖ਼ਾਸਗਾਂ ਦਰ ਪਾਇ ਗੁਰੂ ਗੋਬਿੰਦ ਸਿੰਘ

(ਮਹਾਂਪੁਰਖ ਗੁਰੂ ਜੀ ਦੇ ਚਰਨਾਂ ਤੇ ਢਠਦੇ ਹਨ)

ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਸੰਸਾਰ ਵਿਚ ਵਾਹਿਗੁਰੂ ਜੀ ਦਾ ਸਰੂਪ ਮੂਲਮੰਤ੍ਰ ਦੇ ਰੂਪ ਵਿਚ ਪ੍ਰਗਟ ਕੀਤਾ, ਜਿਸ ਅਨੁਸਾਰ ਆਪ ਜੀ ਨੇ ਦਸਿਆ ਕਿ 'ਏਕੰਕਾਰ' ਤੋਂ ਸਬਦ ਧੁਨ ਹੋਈ ਜਿਸ ਨੂੰ ਓਅੰਕਾਰ ਆਖਿਆ ਗਿਆ, ਉਸ ਦਿਬ
ਸ਼ਬਦ ਧੁਨ ਤੋਂ ਸਾਰੇ ਖੰਡਾਂ ਬ੍ਰਹਿਮੰਡਾਂ, ਜੀਵ ਜੰਤੂਆਂ, ਜੜ੍ਹ ਪਦਾਰਥਾਂ ਦੀ ਰਚਨਾ ਹੋਈ। ਉਹ ਪ੍ਰਭੂ ਨਿਰੰਕਾਰ ਤੋਂ ਆਪਣੇ ਆਪ ਹੀ ਆਪਣੀ ਸਵੈ ਮੌਜ ਵਿਚ ਏਕੰਕਾਰ ਦੇ ਸਰੂਪ ਵਿਚ ਪ੍ਰਗਟ ਹੋਇਆ, ਸ਼ਬਦ ਧੁਨ ਵੀ ਉਸ ਦਾ ਹੀ ਰੂਪ ਸੀ ਜਿਸ ਨੂੰ ਓਅੰਕਾਰ ਆਖਿਆ ਗਿਆ, ਏਕੰਕਾਰ ਓਅੰਕਾਰ ਨੂੰ ਸਤਿ ਆਖਿਆ ਅਤੇ ਓਅੰਕਾਰ energy ਹੀ ਨਾਮ ਸਤਾ ਹੈ ਜਿਸ ਨੇ ਸਾਰੇ ਦ੍ਰਿਸ਼ਮਾਨ ਨੂੰ ਆਪਣੀ ਅਪਾਰ ਸ਼ਕਤੀ ਰਾਹੀਂ ਧਾਰਨ ਕੀਤਾ ਹੋਇਆ ਹੈ ਅਤੇ ਹੁਕਮੀ ਦੇ ਅਟੱਲ ਹੁਕਮ ਰਾਹੀਂ ਸੰਸਾਰਕ ਕ੍ਰਿਆ ਹੋ ਰਹੀ ਹੈ। ਓਅੰਕਾਰ ਤੋਂ ਜੋ ਸ੍ਰਿਸ਼ਟੀ ਦੀ ਰਚਨਾ ਹੋਈ ਉਸ ਰਚਨਾ ਦੇ ਕਰਣਹਾਰ, ਏਕੰਕਾਰ ਜੀ ਆਪ ਹੀ ਸਨ। ਰਚਨਾ ਭਾਵੇਂ ਵੇਖਣ ਨੂੰ ਉਨ੍ਹਾਂ ਤੋਂ ਸਾਕਾਰ ਰੂਪ ਵਿਚ ਨਜ਼ਰੀ ਪੈਂਦੀ ਹੈ, ਪਰ ਉਹ ਕਣ-ਕਣ ਦੇ ਵਿਚ ਘਟ-ਘਟ ਦੇ ਵਿਚ ਆਪ ਹੀ ਵਿਆਪਕ ਹੈ ਜਿਸ ਨੂੰ ਪੁਰਖ ਆਖਿਆ ਜਾਂਦਾ ਹੈ, ਰਚਨਾ ਦੇ ਵਿਚ ਜੜ੍ਹ ਅਤੇ ਚੇਤਨ ਜੀਵ ਚਾਰੇ ਖਾਣੀਆਂ ਵਿਚ ਰਚੇ ਗਏ, ਇਨ੍ਹਾਂ ਵਿਚ ਵੀ ਉਹ ਆਪ ਹੀ ਹੈ। ਸਿਆਣੇ, ਵਿਚਾਰਵਾਨ ਇਸ ਨੂੰ ਹੋਰ ਸਮਝਾਉਣ ਵਾਸਤੇ ਦਸਦੇ ਹਨ ਕਿ ਵਾਹਿਗੁਰੂ ਜੀ ਆਪਣੇ ਆਪ ਤੋਂ ਹੀ ਆਪਣੀ ਸਵੈ ਮੌਜ ਵਿਚ ਏਕੰਕਾਰ ਦੇ ਸਰੂਪ ਵਿਚ ਪ੍ਰਗਟ ਹੋਇਆ, ਸ਼ਬਦ ਧੁਨ ਵੀ ਉਸ ਦਾ ਰੂਪ ਸੀ ਜਿਸ ਨੂੰ ਓਅੰਕਾਰ ਆਖਿਆ ਗਿਆ, ਓਅੰਕਾਰ ਤੋਂ ਜੋ ਸ੍ਰਿਸ਼ਟੀ ਰਚਨਾ ਹੋਈ ਉਸ ਰਚਨਾ ਦੇ ਕਰਣਹਾਰ, ਏਕੰਕਾਰ ਜੀ ਆਪ ਹੀ ਸਨ। ਰਚਨਾ ਭਾਵੇਂ ਵੇਖਣ ਨੂੰ ਉਨ੍ਹਾਂ ਤੋਂ ਸਾਕਾਰ ਰੂਪ ਵਿਚ ਨਜ਼ਰੀਂ ਪੈਂਦੀ ਹੈ ਪਰ ਉਹ ਕਣ-ਕਣ ਦੇ ਵਿਚ, ਘਟ-ਘਟ ਦੇ ਵਿਚ ਆਪ ਹੀ ਵਿਆਪਕ ਹੈ ਜਿਸ ਨੂੰ ਪੁਰਖ ਆਖਿਆ ਜਾਂਦਾ ਹੈ, ਰਚਨਾ ਦੇ ਵਿਚ ਜੜ੍ਹ ਅਤੇ ਚੇਤਨ ਜੀਵ ਰਚੇ ਗਏ, ਇਨ੍ਹਾਂ ਵਿਚ ਵੀ ਉਹ ਆਪ ਹੀ ਹੈ। ਸਿਆਣੇ, ਵਿਚਾਰਵਾਨ ਇਸ ਨੂੰ ਹੋਰ ਸਮਝਾਉਣ ਵਾਸਤੇ ਦਸਦੇ ਹਨ ਕਿ ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਹੀ ਆਪਣੇ ਆਪ ਨੂੰ ਆਪੇ ਹੀ ਸਾਜਿਆ ਤੇ ਨਾਮ ਸ਼ਕਤੀ ਦੀ ਸਾਜਣਾ ਕੀਤੀ, ਕੁਦਰਤ (ਮਾਇਆ) ਦੀ ਸਾਜਣਾ ਕੀਤੀ-

***ਆਪੀਨੈ ਆਪੁ ਸਾਜਿਓ***
***ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ***
***ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ***
***ਦੇ ਲੈਸਹਿ ਜਿੰਦੁ ਕਵਾਉ॥***
***ਕਰਿ ਆਸਣੁ ਡਿਠੋ ਚਾਉ॥***

***ਅੰਗ - 463***

ਮਾਇਆ ਅਤੇ ਸ਼ਬਦ ਤੋਂ ਜਗਤ ਦੀ ਉਤਪਤੀ ਹੋਈ ਕਿਉਂਕਿ ਆਪ ਉਹ ਅਸੰਗ ਹੈ, ਆਪਣੀ ਰਚਨਾ ਨੂੰ ਆਪ ਦੇਖਣ ਵਾਲਾ ਹੈ। ਰਚਨਾ ਦਾ ਵਿਸਥਾਰ ਕਰਦਿਆਂ ਅਨੇਕਾਂ ਸਿਆਣਿਆਂ ਨੇ ਆਪਣੀ-ਆਪਣੀ ਬੁੱਧੀ ਅਨੁਸਾਰ ਵਿਚਾਰਾਂ ਕੀਤੀਆਂ ਹਨ ਪਰ ਗੁਰਮਤਿ ਅਨੁਸਾਰ ਕਰਤਾ ਵਾਹਿਗੁਰੂ ਹੀ ਹੈ ਅਤੇ ਆਪ ਹੀ ਅਨੇਕਾਂ ਰੂਪ ਧਾਰ ਕੇ ਆਪਣੀ ਮਹਿਮਾ ਵਿਚ ਸਥਿਤ ਹੈ, ਕਰਤਾ ਹੁੰਦਾ ਹੋਇਆ ਉਹ ਵੱਖ ਨਹੀਂ ਹੈ, ਸਭ ਵਿਚ ਸਮਾਇਆ ਹੋਇਆ ਹੈ, ਦ੍ਰਿਸ਼ਟਮਾਨ ਜੜ੍ਹ ਤੱਤਾਂ ਦੀ ਉਪਜਨਾ ਪ੍ਰਮਾਣੂਆਂ ਤੋਂ ਹੋਈ ਹੈ, ਪ੍ਰਮਾਣੂ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ, ਬਿਜਲਈ ਸ਼ਕਤੀਆਂ ਦੇ ਕਾਰਨ ਹੋਂਦ ਵਿਚ ਆਏ ਹਨ ਅਤੇ ਇਹ ਬਿਜਲਈ ਸ਼ਕਤੀਆਂ ਐਨਰਜੀ ਵਿਚੋਂ ਉਤਪਤ ਹੋਈਆਂ ਹਨ, ਐਨਰਜੀ ਇਕ bigbang (ਧਮਾਕੇ) ਦੇ ਕਾਰਨ ਵਜੂਦ ਵਿਚ ਆਈ, ਜਿਸ ਨੂੰ ਪ੍ਰਕ੍ਰਿਤਕ ਸ਼ਬਦ ਆਖਿਆ ਜਾਂਦਾ

ਹੈ। ਇਸ ਪ੍ਰਾਕ੍ਰਿਤਕ ਸ਼ਬਦ ਦੇ ਪਿਛੋਕੜ ਵਿਚ ਦਿਬਜ ਸ਼ਬਦ ਦੀ ਨਾਮ ਸ਼ਕਤੀ ਹੈ ਓਅੰਕਾਰ ਸ਼ਕਤੀ ਹੈ, ਓਅੰਕਾਰ ਸ਼ਬਦ ਏਕੰਕਾਰ ਜੀ ਵਿਚ ਸਮਾਇਆ ਹੋਇਆ ਸੀ ਇਹ ਏਕੰਕਾਰ ਜੀ ਦਾ ਹੀ ਸਾਕਾਰ ਰੂਪ ਹੈ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਘਟ-ਘਟ ਵਿਚ, ਕਣ-ਕਣ ਵਿਚ ਵਿਆਪਕ ਹੁੰਦੇ ਹੋਏ ਦ੍ਰਿਸ਼ਟਮਾਨ ਵਿਚ ਰੂਪਮਾਨ ਹੋ ਕੇ ਆਪੇ ਆਪ ਹੀ ਹਨ, ਇਸ ਅਨੁਭਵ ਨੂੰ ਇਸ ਤੋਂ ਵੱਖ ਕਹਿਣਾ ਬਹੁਤ ਹੀ ਮੁਸ਼ਕਲ ਹੈ। ਵਾਹਿਗੁਰੂ ਜੀ ਪੁਰਖ ਹਨ, ਹਰ ਘਟ ਵਿਚ ਸਮਾਏ ਹੋਏ, ਕਣ-ਕਣ ਵਿਚ ਸਮਾਏ ਹੋਏ ਪ੍ਰਮਾਣੂਆਂ ਦੇ ਇਕ-ਇਕ ਕਣ ਵਿਚ ਪੂਰੀ ਤਰ੍ਹਾਂ ਸਮਾਏ ਹੋਏ, ਬਿਜਲਈ ਸ਼ਕਤੀਆਂ ਵਿਚ ਪੂਰੀ ਤਰ੍ਹਾਂ ਸਮਾਏ ਹੋਏ ਅਤੇ ਐਨਰਜੀ ਵਿਚ ਸਮਾਏ ਹੋਏ bigbang ਨੂੰ ਵੀ ਸ਼ਕਤੀ ਦੇਣ ਵਾਲੇ ਆਪ ਸ਼ਬਦ ਰੂਪ ਹੋ ਕੇ ਦ੍ਰਿਸ਼ਟਮਾਨ ਹੋ ਰਹੇ ਹਨ। ਉਨ੍ਹਾਂ ਦੀ ਇਸ ਖੇਡ ਨੂੰ ਪੁਰਖ ਆਖਿਆ ਜਾਂਦਾ ਹੈ। ਸੋ ਪਤਾ ਲਗ ਗਿਆ ਕਿ ਕਰਤਾ ਵੀ ਆਪ ਹਨ ਤੇ ਕਰਤਾ ਹੁੰਦੇ ਹੋਏ ਆਪਣੀ ਕਿਰਤ ਵਿਚ ਵੀ ਆਪ ਹੀ ਰੂਪਮਾਨ ਹਨ ਪ੍ਰਕ੍ਰਿਤੀ ਨੂੰ ਕੋਈ ਹਸਤੀ ਨਹੀਂ ਮੰਨਿਆ ਜਾਂਦਾ। ਜੜ੍ਹ ਤਤੂ ਦੀ ਕੋਈ ਹੋਂਦ ਨਹੀਂ ਹੈ, ਇਹ ਏਕੰਕਾਰ ਹਸਤੀ ਆਪੇ ਆਪ ਹੋਣ ਕਰਕੇ ਨਿਰਭਉ ਹੈ, ਇਹ ਭੀ ਸ਼ਬਦ ਦਾ ਹੀ ਰੂਪ ਹੈ, ਨਿਰਵੈਰ ਹੈ, ਕਾਲ ਦੀ ਉਤਪਤੀ ਆਪਣੇ ਆਪ ਤੋਂ ਹੀ ਹੋਣ ਕਰਕੇ ਆਪ ਅਕਾਲ ਦੀ ਮੂਰਤ ਹਨ, ਕਦੇ ਵੀ ਨਾ ਨਾਸ਼ ਹੋਣ ਵਾਲੀ ਹੋਂਦ ਹਨ, ਕਿਸੇ ਤਰ੍ਹਾਂ ਨਾਲ ਵੀ ਆਪ ਕਿਸੇ ਜੂਨੀ ਵਿਚ ਨਹੀਂ ਆਉਂਦੇ, ਇਹ ਆਪ ਦੀ ਰਚਨਾ ਇਕ ਮਾਇਕ ਖੇਡ ਹੈ, ਪਰ ਆਪ ਪੂਰਨ ਰੂਪ ਵਿਚ ਸੈਭੰ ਗਿਆਨ ਦਾ ਸਰੂਪ ਹਨ ਅਤੇ ਆਪ ਨੇ ਇਹ ਮਰਿਆਦਾ ਸਥਾਪਿਤ ਕਰ ਦਿਤੀ ਕਿ ਆਪ ਦੇ ਹੀ ਆਪਣੇ ਵਜੂਦ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਪ੍ਰਕ੍ਰਿਤੀ ਵਿਚ, ਸੰਸਾਰ ਵਿਚ, ਖੰਡਾਂ ਬ੍ਰਹਿਮੰਡਾਂ ਵਿਚ ਦਿਸਦੇ ਜੀਵਾਂ ਨੂੰ ਆਪਣੇ ਅਸਲੇ ਦੀ ਪ੍ਰਾਪਤੀ ਅਤੇ ਸੋਝੀ ਨਹੀਂ ਹੋ ਸਕਦੀ, ਜਾਂ ਇਉਂ ਕਹੋ ਕਿ ਏਕੰਕਾਰ ਜੀ ਦਾ ਗਿਆਨ, ਗੁਰੂ ਤੋਂ ਬਗੈਰ ਨਹੀਂ ਹੁੰਦਾ, ਗੁਰਬਾਣੀ ਵਿਚ ਗੁਰੂ ਬਾਰੇ ਫੁਰਮਾਨ ਆਉਂਦਾ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਅੰਗ - 442***

ਗੁਰੂ ਵਿਅਕਤੀ ਜੋ ਏਕੰਕਾਰ ਦਾ ਹੀ ਗਿਆਨ ਸਰੂਪ ਹੈ, ਇਸ ਸਾਰੀ ਰਚਨਾ ਵਿਚ ਹੁਕਮ ਵਿਚ ਰਚੇ ਗਏ ਜੀਵਾਂ ਨੂੰ ਉਨ੍ਹਾਂ ਦੇ ਮੂਲ ਰੂਪ ਨੂੰ ਪ੍ਰਕਾਸ਼ ਕਰਨ ਦੀ ਸਮਰਥਾ ਰਖਦਾ ਹੈ।

ਇਸ ਤੋਂ ਅੱਗੇ ਗੁਰਮਤਿ ਦਾ ਸਿਧਾਂਤ ਦਿੰਦਿਆਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿਚ ਪ੍ਰਕਾਸ਼ਿਤ ਕੀਤਾ ਹੈ ਕਿ ਇਸ ਸੰਸਾਰ ਵਿਚ ਪਰਮ ਚੇਤਨ ਤੱਤ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ। ਕਾਲ ਤੇ ਸਮਾਂ ਵੀ ਉਸ ਦਾ ਹੀ ਰੂਪ ਹੈ, ਪਕ੍ਰਿਤੀ ਵੀ ਉਸ ਦਾ ਹੀ ਰੂਪ ਹੈ, ਜੀਵ ਵੀ ਉਸ ਦਾ ਹੀ ਰੂਪ ਹੈ, ਪਰ ਇਹ ਹੋਂਦਾਂ ਭਰਮ ਕਰਕੇ ਹਨ ਜੋ ਮਿਥਿਆ ਹਨ। ਉਹ ਆਦਿ ਵਿਚ ਆਪ ਹੀ ਸੀ, ਆਦਿ ਇਸ ਲਈ ਕਿਹਾ ਜਾਂਦਾ ਹੈ ਕਿ ਸਮਾਂ ਸ਼ੁਰੂ ਹੋਣ ਤੋਂ ਪਹਿਲਾਂ ਆਪ ਹੀ ਸੀ। ਜਦੋਂ ਕਾਲ, ਦੇਸ਼ ਹੋਂਦ ਵਿਚ ਆਇਆ ਤਾਂ ਵੀ ਉਹ ਆਪ ਹੀ ਸੀ। ਹੁਣ ਵੀ ਉਹ ਆਪ ਹੀ ਹੈ ਅਤੇ ਜਦੋਂ ਕੁਝ ਵੀ ਨਹੀਂ ਹੋਵੇਗਾ ਫੇਰ ਵੀ ਉਹ ਆਪ ਹੀ ਹੋਵੇਗਾ। ਵਾਹਿਗੁਰੂ ਜੀ ਦੀ ਅਵਸਥਾ ਕਿਸੇ ਸਮੇਂ ਵੀ ਨਹੀਂ ਬਦਲਦੀ, ਉਹ ਆਪਣੀ ਮੌਜ ਵਿਚ ਆਪ ਹੀ ਖੇਲ੍ਹ ਕਰ ਰਿਹਾ ਹੈ।

ਜੀਵ ਦੀ ਹੋਂਦ ਅਜ਼ਲੀ ਹੁਕਮ ਵਿਚ ਹੋਂਦ ਵਿਚ ਆਈ ਹੈ। ਸਾਰੇ ਆਕਾਰ ਉਸੇ ਹੁਕਮ ਵਿਚ ਸਾਕਾਰ ਹੋਏ ਹਨ, ਚੰਗਿਆਈਆਂ ਵਡਿਆਈਆਂ, ਉਤਮਤਾ-ਨੀਚਤਾ ਉਸੇ ਹੁਕਮ ਦੀ ਇਕ ਕ੍ਰਿਆ ਹੈ, ਜੋ ਹਰ ਜੜ੍ਹ ਚੇਤਨ ਜੀਵ ਵਿਚ ਹਰ ਸਮੇਂ ਪ੍ਰਗਟ ਹੈ। ਇਸ ਹੁਕਮ ਦੇ ਅਧੀਨ ਹੀ ਸਾਰੇ ਸੰਸਾਰ ਦੀ ਕ੍ਰਿਆ ਹੋ ਰਹੀ ਹੈ। ਜਦੋਂ ਅਸੀਂ ਇਸ ਜੀਵ ਦੀ ਹੋਂਦ ਬਾਰੇ ਅਤੇ ਸੰਸਾਰ ਦੀ ਹੋਂਦ ਬਾਰੇ, ਭਰਮ ਵਿਚ ਪੈ ਜਾਂਦੇ ਹਾਂ ਤਾਂ ਅਸਾਨੂੰ ਇਹ ਜੀਵ ਅਤੇ ਇਹ ਦ੍ਰਿਸ਼ਟਮਾਨ ਪ੍ਰਭੂ ਤੋਂ ਅੱਡ ਲਗਣ ਲਗ ਜਾਂਦਾ ਹੈ। ਅਸਾਡੀ ਭਾਵਨਾ ਵਿਚ ਤਿੰਨ

ਉਤਪਤੀਆਂ ਸਾਮ੍ਹਣੇ ਆਉਂਦੀਆਂ ਹਨ, ਇਕ ਨੂੰ ਪ੍ਰਭੂ ਆਖਣ ਲਗ ਜਾਂਦੇ ਹਾਂ, ਦੂਸਰੇ ਨੂੰ ਜੀਵ ਆਖਣ ਲਗ ਜਾਂਦੇ ਹਾਂ, ਤੀਸਰੇ ਨੂੰ ਸੰਸਾਰ ਆਖਿਆ ਜਾਂਦਾ ਹੈ। ਇਹੋ ਇਕੋ ਇਕ ਮਸਲਾ ਹੈ ਜਿਸ ਦੀ ਸਤਤਾ ਬਾਰੇ ਜਾਨਣਾ ਆਤਮ ਮਾਰਗ ਦਾ ਅੰਤਮ ਧੇਅ ਹੈ। ਇਥੇ ਮੈਂ ਬੇਨਤੀ ਕਰਦਾ ਹਾਂ ਕਿ ਜਾਨਣ ਅਤੇ ਬੁਝਣ ਵਿਚ ਫਰਕ ਹੈ। ਜਾਨਣਾ ਬੁੱਧੀ ਮੰਡਲ ਦਾ ਕੰਮ ਹੈ, ਬੁਝਣਾ ਅਨੁਭਵ ਦਾ ਪ੍ਰਕਾਸ਼ ਹੈ, ਆਤਮ ਮੰਡਲ ਦੀ ਕ੍ਰਿਆ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦਾ, ਜਦੋਂ ਸਿੱਧਾਂ ਨਾਲ ਮੇਲ ਹੋਇਆ, ਸਿਧਾਂ ਨੇ ਪੁਛਿਆ ਕਿ ਹੇ ਨਾਨਕ! ਇਹ ਜੋ ਸਿਧਾਂਤ ਆਪ ਸੰਸਾਰ ਵਿਚ ਪ੍ਰਗਟ ਕਰ ਰਹੇ ਹੋ, ਇਸ ਨੂੰ ਮੰਨਣ ਵਿਚ ਅਸਾਨੂੰ ਬੜਾ ਸੰਕੋਚ ਹੈ। ਕਿਉਂਕਿ ਪ੍ਰਭੂ ਵਿਚ ਜੋ ਮੁਖ ਗੁਣ ਅਸਾਡੀ ਗਿਆਤ ਵਿਚ ਹਨ ਅਤੇ ਸਾਸ਼ਤਰਾਂ ਨੇ ਮੰਨੇ ਹਨ ਉਹ ਉਸਦਾ ਸਤਿ ਸਰੂਪ ਹੈ, ਪ੍ਰਮ ਚੇਤਨਾ ਹੈ ਅਤੇ ਪ੍ਰਮ ਅਨੰਦ ਹੈ ਜਿਸ ਨੂੰ ਸਤਿ, ਚਿਤ, ਅਨੰਦ ਵੀ ਆਖਦੇ ਹਨ। ਸਤਿ, ਚਿਤ, ਅਨੰਦ ਵਿਚ ਨਾ ਪਰੇਸ਼ਾਨੀਆਂ ਹਨ, ਨਾ ਵਿਛੋੜੇ ਦਾ ਦੁੱਖ ਹੈ, ਨਾ ਕੋਈ ਘਾਟਾ ਹੈ, ਨਾ ਕੋਈ ਵਾਧਾ ਹੈ, ਨਾ ਕੋਈ ਆਪਣਾ ਹੈ, ਨਾ ਕੋਈ ਬੇਗਾਨਾ ਹੈ ਅਤੇ ਨਾ ਹੀ ਬੀਮਾਰੀਆਂ ਹਨ। ਨੇਕੀ ਹੀ ਨੇਕੀ ਹੈ। ਦੁਖ ਦਾ ਨਾਮ ਨਿਸ਼ਾਨ ਭੀ ਨਹੀਂ ਹੈ, ਸਦਾ ਸੁੱਖ ਹੀ ਸੁਖ ਹੈ, ਇਸਦੇ ਵਿਪਰੀਤ ਪ੍ਰਕ੍ਰਿਤੀ ਦੁਖਾਂ ਦਾ ਘਰ ਹੈ, ਜਿਸ ਕਰਕੇ ਜੀਵ ਦੁਖ ਸੁਖ ਮੰਨ ਕੇ ਦੁਖੀ ਸੁਖੀ ਹੋ ਰਿਹਾ ਹੈ। ਇਹ ਤਿੰਨ ਚੀਜ਼ਾਂ ਆਦਿ ਤੋਂ ਹਨ, ਅਮਰ ਹਨ। ਨਾ ਹੀ ਜੀਵ ਮਰਦਾ ਹੈ, ਪ੍ਰਕ੍ਰਿਤੀ ਦਾ ਰੂਪ ਤਾਂ ਬਦਲਦਾ ਹੈ ਪਰ ਉਹ ਕਦੇ ਵੀ ਘਟ ਵਧ ਨਹੀਂ ਹੁੰਦਾ। ਸੰਸਾਰ ਦੁਖਾਂ ਦਾ ਘਰ ਹੈ ਇਸ ਵਿਚ ਪ੍ਰਭੂ ਵਿਚ ਜੋ ਗੁਣ ਦਰਸਾਏ ਗਏ ਹਨ, ਉਹ ਸੰਸਾਰ ਵਿਚ ਨਹੀਂ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸੰਸਾਰ ਹੋਰ ਚੀਜ਼ ਹੈ ਅਤੇ ਪ੍ਰਮਾਤਮਾ ਹੋਰ ਚੀਜ਼ ਹੈ। ਜੀਵ ਉਪਰ ਪ੍ਰਕ੍ਰਿਤੀ ਦਾ ਪ੍ਰਭਾਵ ਹੋਣ ਕਰਕੇ ਜੋ ਦੁਖਾਂ ਦਾ ਮੂਲ ਹੈ, ਦੁਖਾਂ ਦਾ ਪ੍ਰਭਾਵ ਪੈਂਦਾ ਹੈ ਅਤੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਅਸੀਂ ਆਪ ਵਲੋਂ ਦੱਸੇ ਸਿਧਾਂਤ ਦਾ ਨਿਰਣਾ ਚਾਹੁੰਦੇ ਹਾਂ।

ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਹੇ ਸਿਧੋ! ਜਿਸ ਉਚਾਈ ਤਕ ਤੁਸੀਂ ਸੋਚਦੇ ਹੋ ਉਹ ਇਸੇ ਤਰ੍ਹਾਂ ਨਾਲ ਹੈ ਕਿਉਂਕਿ ਇਕ ਤਾਂ ਤੁਸੀਂ ਤਿੰਨ ਉਪਰ ਵਿਸ਼ਵਾਸ਼ ਰਖਦੇ ਹੋਂ ਜੋ ਸਿਧਾਂਤ ਅਸੀਂ ਪ੍ਰਗਟ ਕਰ ਰਹੇ ਹਾਂ, ਉਹ ਪ੍ਰਮ ਸਤਿ ਹੈ, ਪ੍ਰਭੂ ਤੋਂ ਕੁਦਰਤ ਹੋਂਦ ਵਿਚ ਆਈ ਅਤੇ ਪ੍ਰਭੂ ਦੇ ਹੁਕਮ ਨਾਲ ਜੀਵ ਹੋਂਦ ਵਿਚ ਆਇਆ, ਪ੍ਰਕ੍ਰਿਤੀ ਤਾਂ ਜੜ੍ਹ ਸੀ। ਉਸ ਨੂੰ ਕਿਸੇ ਅਨੁਭਵ ਦੀ ਲੋੜ ਨਹੀਂ ਕਿਉਂਕਿ ਉਸ ਦੀ ਜੜ੍ਹਤਾ ਤਾਂ ਹੀ ਜੜ੍ਹ ਰੂਪ ਹੈ ਜੇ ਉਹ ਜੜ੍ਹਤਾ ਵਿਚ ਰਹੇ ਪਰ ਜੀਵ ਪ੍ਰਭੂ ਦੀ ਅੰਸ, ਚੇਤਨ ਹੋਂਦ ਹੈ। ਇਹ ਜੀਵ ਪ੍ਰਭੂ ਦੇ ਪ੍ਰਕਾਸ਼ ਤੋਂ ਦੂਰ ਹੋ ਕੇ ਆਪਣੀ ਝੂਠੀ ਹੋਂਦ ਕਾਇਮ ਕਰ ਲੈਂਦਾ ਹੈ। ਦਰਅਸਲ ਇਹ ਜੀਵ ਸਤਿ ਨਹੀਂ ਹੈ, ਇਹ ਪਰਛਾਵਾਂ ਹੈ, ਇਕ ਭੁਲੇਖਾ ਹੈ ਜਿਵੇਂ ਹਨ੍ਹੇਰੇ ਵਿਚ ਪਈ ਰੱਸੀ ਤੋਂ ਸੱਪ ਦਾ ਭੁਲੇਖਾ ਖਾਧਾ ਜਾਂਦਾ ਹੈ, ਸਤਿ ਇਹ ਹੈ ਕਿ ਤਿੰਨ ਕਾਲ ਰੱਸੀ ਵਿਚ ਸੱਪ ਹੋਇਆ ਹੀ ਨਹੀਂ, ਨਾ ਹੋਇਆ ਕਰਦਾ ਹੈ। ਇਸੇ ਤਰ੍ਹਾਂ ਨਾਲ ਇਹ ਜੀਵ ਹਉਮੈ ਤੱਤ ਦੇ ਅਸਰ ਅਧੀਨ ਭੁਲੇਖਾ ਖਾ ਕੇ ਆਪਣੇ ਆਤਮ ਤੱਤ ਤੋਂ ਵੱਖਰਾ ਹੋ ਕੇ ਆਪਣੀ ਦੁਖ ਸੁਖ ਭਰੀ ਜ਼ਿੰਦਗੀ ਦਾ ਨਾਟ ਖੇਲ੍ਹਣ ਲਗ ਜਾਂਦਾ ਹੈ ਕਿਉਂਕਿ ਵਾਹਿਗੁਰੂ ਜੀ ਨੇ ਜਿਸ ਹਉਮੈ ਤੱਤ ਦੀ ਉਪਜਨਾ ਕੀਤੀ ਹੈ, ਉਸੇ ਤੋਂ ਮਾਇਆ ਦੀ ਉਤਪਤੀ ਹੋਈ। ਸਾਰੇ ਭਰਮ ਭੁਲੇਖੇ ਉਸ ਵਿਚੋਂ ਹੀ ਪੈਦਾ ਹੋਏ, ਉਸੇ ਹਉਮੈ ਦੇ ਅਸਰ ਨੇ ਜੀਵ ਨੂੰ ਵੱਖਰੀ ਹਸਤੀ ਕਰਕੇ ਜਣਾਇਆ। ਜੀਵ ਕਰਮ ਕਰਦਾ ਹੈ ਅਤੇ ਹੰਗਤਾ ਧਾਰਦਾ ਹੈ, ਹੰਗਤਾ ਦੇ ਨਾਲ ਮੇਰੀ ਚਿੰਬੜ ਜਾਂਦੀ ਹੈ, ਹੁਕਮ ਵਿਚ ਕਰਮਾਂ ਦਾ ਵੇਗ ਚਲਦਾ ਹੈ, ਚੰਗੇ ਕਰਮ ਸੁਖ ਦਿੰਦੇ ਹਨ, ਮੰਦੇ ਕਰਮਾਂ ਦੇ ਫਲਸਰੂਪ ਨਰਕ ਭੋਗਣੇ ਪੈਂਦੇ ਹਨ, ਦੁਖ ਪ੍ਰਾਪਤ ਹੁੰਦੇ ਹਨ। ਸੋ ਇਸ ਕਰਕੇ ਇਹ ਜੋ ਕੁਝ ਪ੍ਰਤੀਤ ਦੇ ਰਿਹਾ ਹੈ ਜਿਸ ਬਾਰੇ ਤੁਸੀਂ ਕਿਹਾ ਹੈ ਪ੍ਰਮਾਤਮਾ, ਜੀਵ ਅਤੇ ਸੰਸਾਰ ਤਿੰਨ ਵੱਖਰੀਆਂ-ਵੱਖਰੀਆਂ ਚੀਜ਼ਾਂ ਦੀ ਹੋਂਦ ਕਾਇਮ ਹੈ ਪਰ ਸਿਧੋ! ਇਹ ਬੜਾ ਭਾਰੀ ਭੁਲੇਖਾ ਪੈ ਗਿਆ ਹੈ ਜੋ ਹਉਮੈ ਤੱਤ ਵਿਚੋਂ

ਉਪਜਿਆ ਹੈ ਇਸ ਨੂੰ ਹੋਰ ਸੁਖਾਲਾ ਕਰਨ ਵਾਸਤੇ ਜੀਵ ਆਪਣੀ ਬੋਲੀ ਵਿਚ ਕਹਿ ਸਕਦਾ ਹੈ ਕਿ ਭੁਲੇਖਾ ਮਾਇਆ ਕਰਕੇ ਪਿਆ ਹੈ। ਗੁਰਬਾਣੀ ਵਿਚ ਆਉਂਦਾ ਹੈ ਕਿ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ***
***ਨਾਲੇ ਹਉਮੈ ਪਾਈ॥***
***ਜਨਮੁ ਮਰਣੁ ਉਸ ਹੀ ਕਉ ਹੈ ਰੇ***
***ਓਹਾ ਆਵੈ ਜਾਈ॥***

***ਅੰਗ - 999***

ਸੋ ਜੋ ਬਚਨ ਸਿਧਾਂ ਨੇ ਗੁਰੂ ਮਹਾਰਾਜ ਜੀ ਨਾਲ ਕੀਤੇ ਉਹ ਬਾਣੀ ਅਨੁਸਾਰ ਇਸ ਤਰ੍ਹਾਂ ਹਨ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥***

***ਅੰਗ - 946***

ਇਹ ਇਕ ਬਹੁਤ ਹੀ ਗੂਹੜ ਸਿਧਾਂਤ ਹੈ, ਜਿਸ ਦੀ ਤਹਿ ਤਕ ਪਹੁੰਚਣ ਲਈ ਅਸਾਨੂੰ ਗੁਰੂ ਰਾਹੀਂ, ਗੁਰਮੰਤ੍ਰ ਦੀ ਪ੍ਰਾਪਤੀ ਅਤੇ ਕਮਾਈ ਕਰਕੇ ਇਸ ਸਿੱਟੇ ਉਪਰ ਪਹੁੰਚਣਾ ਪੈਂਦਾ ਹੈ, ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਹੇ ਸਿਧੋ! ਇਹ ਸੂਝ ਸਾਸ਼ਤਰਾਂ ਦੇ ਵਿਚਾਰਨ ਨਾਲ ਜਾਂ ਸੁੱਚ ਸਫਾਈਆਂ ਰੱਖਣ ਨਾਲ ਜਾਂ ਲੰਮੇ ਮੋਨ ਵਰਤ ਰੱਖਣ ਨਾਲ ਜਾਂ ਮਨ ਦੀ ਭੁੱਖ ਨੂੰ ਉਤਾਰਨ ਲਈ ਭੋਗਾਂ ਦੀ ਪ੍ਰਾਪਤੀ ਨਾਲ ਪ੍ਰਾਪਤ ਨਹੀਂ ਹੁੰਦੀ ਅਤੇ ਕੋਈ ਵੀ ਸਿਆਣਪ ਅਨੁਭਵ ਵਿਚ ਇਹ ਸੋਝੀ ਪ੍ਰਕਾਸ਼ਤ ਨਹੀਂ ਕਰ ਸਕਦੀ। ਇਸ ਨੂੰ ਪ੍ਰਾਪਤ ਕਰਨ ਦਾ ਕੇਵਲ ਇਕੋ ਇਕ ਸਾਧਨ ਹੈ ਕਿ ਪ੍ਰਭੂ ਦੇ ਹੁਕਮ ਨੂੰ ਪਛਾਣਿਆ ਜਾਵੇ। ਇਹ ਅਸਾਡਾ ਪ੍ਰਮ ਸਿਧਾਂਤ ਹੈ ਜਿਸ ਤੇ ਚਲ ਕੇ ਅਸੀਂ ਜੀਵ ਰੂਪੀ ਹੋਂਦ ਤੋਂ ਆਪਣੇ ਸਤਿ ਸਰੂਪ ਨੂੰ ਪਛਾਣ ਸਕਦੇ ਹਾਂ।

ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਇਸੇ ਸਿਧਾਂਤ ਨੂੰ ਹੋਰ ਪ੍ਰਤੱਖ ਕਰਦੇ ਹੋਏ ਫੁਰਮਾਇਆ ਹੈ -

***ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ***
***ਦੇਖਿ ਦੀਪਕਿ ਪਤੰਗ ਪਚਾਇਆ॥***
***ਪੰਡਿਤ ਭੁਲਿ ਭੁਲਿ***
***ਮਾਇਆ ਵੇਖਹਿ ਦਿਖਾ***
***ਕਿਨੈ ਕਿਹੁ ਆਣਿ ਚੜਾਇਆ॥***
***ਦੂਜੈ ਭਾਇ ਪੜਹਿ ਨਿਤ***
***ਬਿਖਿਆ ਨਾਵਹੁ ਦਯਿ ਖੁਆਇਆ॥***
***ਜੋਗੀ ਜੰਗਮ ਸੰਨਿਆਸੀ ਭੁਲੇ***
***ਓਨਾ ਅਹੰਕਾਰੁ***
***ਬਹੁ ਗਰਬੁ ਵਧਾਇਆ॥***
***ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ***
***ਮਨਹਠਿ ਜਨਮੁ ਗਵਾਇਆ॥***
***ਏਤੜਿਆ ਵਿਚਹੁ ਸੋ ਜਨੁ ਸਮਧਾ***
***ਜਿਨਿ ਗੁਰਮੁਖਿ ਨਾਮੁ ਧਿਆਇਆ॥***

***ਅੰਗ - 513***

ਹਉਮੈ ਬਾਰੇ ਆਪ ਫੁਰਮਾਉਂਦੇ ਹਨ -

***ਹਉਮੈ ਮਮਤਾ ਮੋਹਣੀ***
***ਮਨਮੁਖਾ ਨੋ ਗਈ ਖਾਇ॥***
***ਜੋ ਮੋਹਿ ਦੂਜੈ ਚਿਤੁ ਲਾਇਦੇ***
***ਤਿਨਾ ਵਿਆਪਿ ਰਹੀ ਲਪਟਾਇ॥***
***ਗੁਰ ਕੈ ਸਬਦਿ ਪਰਜਾਲੀਐ***
***ਤਾ ਏਹ ਵਿਚਹੁ ਜਾਇ॥***

***ਅੰਗ - 513***

ਗੁਰੂ ਦਸ਼ਮੇਸ਼ ਪਿਤਾ ਜੀ ਦੇ ਸਮੇਂ ਇਕ ਮਹਾਨ ਤੇਜਸਵੀ ਸੂਫੀ ਪੀਰ ਹੋਏ ਹਨ ਜਿਨ੍ਹਾਂ ਦੀ ਗੱਦੀ ਪੁਸ਼ਤ-ਦਰ-ਪੁਸ਼ਤ ਚਲ ਰਹੀ ਸੀ। ਆਪ ਬਹੁਤ ਕਰਨੀ ਕਮਾਈ ਵਾਲੇ ਸਨ, ਰਿਧੀਆਂ-ਸਿੱਧੀਆਂ, ਸ਼ਕਤੀਆਂ ਆਪ ਦੀ ਆਗਿਆ ਪਾਲਣ ਕਰਦੀਆਂ ਸਨ। ਆਪ ਉਸ ਇਲਾਕੇ ਦੇ ਜਿਸ ਨੂੰ ਸਢੌਰਾ ਕਿਹਾ ਜਾਂਦਾ ਹੈ ਦੇ ਜਾਗੀਰਦਾਰ ਵੀ ਸਨ, ਸਰਕਾਰੇ ਦਰਬਾਰੇ ਆਪ ਦੀ ਕਾਫੀ ਮਾਨਤਾ ਸੀ, ਇਸਲਾਮ ਦੇ ਦਾਇਰੇ ਵਿਚ ਆਪ ਜੀ ਦੀ ਸਖਸ਼ੀਅਤ, ਉਚਾ ਮਾਣ ਰਖਦੀ ਸੀ। ਆਪ ਜੀ ਦਾ ਸੁਭਾਅ, ਮਿਲਵਰਤਣ ਵਾਲਾ ਸੀ। ਕੱਟੜਤਾ ਆਪ ਦੇ ਨੇੜੇ ਤੇੜੇ ਵੀ ਨਹੀਂ ਸੀ। ਹਿੰਦੂਆਂ ਲਈ ਆਪ ਨੇ ਵੱਖਰਾ ਲੰਗਰ ਚਲਾਇਆ ਹੋਇਆ ਸੀ ਅਤੇ ਇਸਲਾਮ ਵਾਲਿਆਂ ਵਾਸਤੇ ਉਨ੍ਹਾਂ ਨੂੰ ਮਰਿਆਦਾ ਮੁਤਾਬਿਕ ਵੱਖਰਾ ਲੰਗਰ ਸੀ, ਆਪ ਜੀ ਪਾਸ ਬਹੁਤ ਸਾਰੇ ਹਿੰਦੂ ਸਾਧੂ ਠਹਿਰਿਆ ਕਰਦੇ ਸਨ ਆਪ ਜੀ

ਉਨ੍ਹਾਂ ਤੋਂ ਵੇਦਾਂਤ, ਪਾਤੰਜਲ, ਸਾਂਖ ਆਦਿ ਸਾਸ਼ਤਰਾਂ ਅਤੇ ਉਪਨਿਸ਼ਦਾਂ ਦੀ ਕਥਾ ਬੜੇ ਪ੍ਰੇਮ ਨਾਲ ਸੁਣਿਆ ਕਰਦੇ ਸਨ। ਆਪ ਐਸੇ ਬਚਨ ਸੁਣਿਆ ਕਰਦੇ ਸਨ -

*ਘਟ ਘਟ ਪੂਰਿ ਰਹਿਆ ਪ੍ਰਭੁ ਏਕੋ*
*ਗੁਰਮੁਖਿ ਪਰਗਟੁ ਹਰਿ ਹਰਿ ਨਾਮੁ॥*
*ਅੰਗ - 1334*

*ਜਿਸ ਕੇ ਧਾਰੇ ਧਰਣਿ ਅਕਾਸੁ॥*
*ਘਟਿ ਘਟਿ ਜਿਸ ਕਾ ਹੈ ਪ੍ਰਗਾਸੁ॥*
*ਜਿਸੁ ਸਿਮਰਤ ਪਤਿਤ ਪੁਨੀਤ ਹੋਇ॥*
*ਅੰਤ ਕਾਲਿ ਫਿਰਿ ਫਿਰਿ ਨ ਰੋਇ॥*
*ਅੰਗ - 1182*

*ਮੈ ਬਹੁ ਬਿਧਿ ਪੇਖਿਓ*
*ਦੂਜਾ ਨਾਹੀ ਰੀ ਕੋਊ॥*
*ਖੰਡ ਦੀਪ ਸਭ ਭੀਤਰਿ*
*ਰਵਿਆ ਪੂਰਿ ਰਹਿਓ ਸਭ ਲੋਊ॥*
*ਅੰਗ - 535*

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ॥*
*ਸੰਤਹੁ ਘਟਿ ਘਟਿ ਰਹਿਆ ਸਮਾਹਿਓ॥*
*ਪੂਰਨ ਪੂਰਿ ਰਹਿਓ ਸਰਬ ਮਹਿ*
*ਜਲਿ ਥਲਿ ਰਮਈਆ ਆਹਿਓ॥*
*ਗੁਣ ਨਿਧਾਨ ਨਾਨਕੁ ਜਸੁ ਗਾਵੈ*
*ਸਤਿਗੁਰਿ ਭਰਮੁ ਚੁਕਾਇਓ॥*
*ਸਰਬ ਨਿਵਾਸੀ ਸਦਾ ਅਲੇਪਾ*
*ਸਭ ਮਹਿ ਰਹਿਆ ਸਮਾਇਓ॥*
*ਅੰਗ - 617*

*ਸੂਰਜ ਕਿਰਣਿ ਮਿਲੇ*
*ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ*
*ਸੰਪੂਰਨੁ ਥੀਆ ਰਾਮ॥*
*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
*ਅੰਗ - 846*

ਅਤੇ ਐਸੇ ਅਭੇਦ ਬਚਨ ਵੀ ਸੁਣਿਆ ਕਰਦੇ ਸੀ ਜਿਸ ਤਰ੍ਹਾਂ ਦੇ ਨਾਲ ਬਾਣੀ ਵਿਚ ਆਉਂਦਾ ਹੈ -

*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥*
*ਜਾ ਉਹੁ ਨਿਰਮਲੁ ਤਾਂ ਹਮ ਜਚਨਾ॥*
*ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥*
*ਅੰਗ - 391*

*ਤਤੁ ਨਿਰੰਜਨੁ ਜੋਤਿ ਸਬਾਈ*
*ਸੋਹੰ ਭੇਦੁ ਨ ਕੋਈ ਜੀਉ॥*
*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ॥*
*ਅੰਗ - 599*

ਇਹ ਪੀਰ ਜੀ ਭੇਦਵਾਦੀਆਂ ਤੋਂ ਵੀ ਬਚਨ ਸੁਣਿਆ ਕਰਦੇ ਸਨ ਤੇ ਅਭੇਦਤਾ ਦੇ ਵੀ ਬਚਨ ਸੁਣਿਆ ਕਰਦੇ ਸਨ ਅਤੇ ਬਿਰਤੀ ਵਿਚ ਦੋ ਆਤਮਾ ਦਾ ਝਲਕਾਰਾ ਦੇਖ ਕੇ ਸੰਸਾ ਖੜ੍ਹਾ ਹੋ ਗਿਆ। ਕੋਈ ਨਿਰਣਾ ਨਾ ਹੋ ਸਕਿਆ ਕਰੇ। ਜਿਸ ਤਰ੍ਹਾਂ ਦੇ ਬਚਨ ਮਹਾਂਪੁਰਸ਼ਾਂ ਦੇ ਮੁਖ ਤੋਂ ਪ੍ਰਗਟ ਹੁੰਦੇ ਹਨ ਜਿਵੇਂ ਕਿ -

*ਏਕ ਹੀ ਸਮੇਂ ਭਾਨ ਹੈ*
*ਸਾਖੀ ਔਰ ਅਭਾਸ॥*
*ਦੂਜੇ ਚੇਤਨ ਕੇ ਵਿਸ਼ੇ*
*ਸਾਖੀ ਸ੍ਵਯੰ ਪ੍ਰਕਾਸ॥*
*(ਵਿਚਾਰ ਸਾਗਰ)*

ਜਿਵੇਂ ਕਿ ਦੋ ਪੰਖੀ ਸਾਖੀ ਚੇਤਨ ਔਰ ਜੀਵ ਚੇਤਨ ਇਕ ਬੁੱਧੀ ਰੂਪ ਬਿਰਖ ਵਿਚ ਇਕੱਠੇ ਰਹਿੰਦੇ ਹਨ, ਉਨ੍ਹਾਂ ਵਿਚੋਂ ਜੀਵ ਚੇਤਨ ਰੂਪ ਪੰਖੀ ਫਲ ਨੂੰ ਖਾਂਦਾ ਹੈ, ਕਰਮ ਕਰਦਾ ਹੈ, ਕਰਮ ਦੀ ਹੰਗਤਾ ਧਾਰਨ ਕਰਦਾ ਹੈ, ਕਰਮ ਦੀ ਹੰਗਤਾ

ਕਰਕੇ ਦੁਖ ਸੁਖ ਅਨੁਭਵ ਕਰਦਾ ਹੈ ਅਤੇ ਉਡਾਰੀਆਂ ਦੂਰ ਦਰਾਜ਼ ਤਕ ਮਾਰਦਾ ਹੈ, ਕਦੇ ਟਿਕ ਕੇ ਨਹੀਂ ਬੈਠਦਾ, ਉਨ੍ਹਾਂ ਉਡਾਰੀਆਂ ਦੇ ਫਲਸਰੂਪ ਦਾਝ ਲੱਗੀ ਰਹਿੰਦੀ ਹੈ ਅਤੇ ਦੁਖਾਂ ਕਰਕੇ ਵਿਰਲਾਪ ਕਰਦਾ ਹੈ। ਗੁਰੂ ਮਹਾਰਾਜ ਜੀ ਇਸ ਜੀਵ ਰੂਪੀ ਪੰਖੀ ਬਾਰੇ ਫੁਰਮਾਨ ਕਰਦੇ ਹਨ-

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - 66***

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨ ਪਾਏ ਮਾਇ॥***
***ਅੰਗ - 50***

ਇਸ ਪ੍ਰਕਾਰ ਬੁੱਧੀ ਵਿਚ ਜੀਵ ਚੇਤਨ ਦੀ ਹੋਂਦ ਮਹਿਸੂਸ ਕਰਕੇ ਸੰਸੇ ਵਿਚ ਪਿਆ ਰਹਿੰਦਾ ਸੀ। ਸਾਖੀ ਆਤਮਾ ਨੂੰ ਕਦੇ-ਕਦੇ ਅਨੁਭਵ ਕਰਿਆ ਕਰਦਾ ਸੀ ਜੋ ਨਾ ਹੀ ਕਰਮ ਕਰਦੀ ਹੈ, ਨਾ ਹੀ ਦੁਖ ਸੁਖ ਰੂਪੀ ਫਲ ਭੋਗਦੀ ਹੈ, ਨਾ ਹੀ ਕਿਤੇ ਉਡਾਰੀਆਂ ਮਾਰਦੀ ਹੈ, ਨਾ ਕਿਤੋਂ ਆਉਂਦੀ ਹੀ ਹੈ, ਸਦਾ ਅਨੰਦ ਵਿਚ ਰਹਿੰਦੀ ਹੈ। ਜੀਵ ਚੇਤਨ ਰੂਪ ਪੰਖੀ ਨੂੰ ਉਹ ਸਦਾ ਸੱਤਾ ਦਿੰਦੀ ਹੈ ਜਿਵੇਂ ਇਕ ਫੈਕਟਰੀ ਵਿਚ ਇਕ ਵੱਡਾ ਟੁਕੜਾ ਚਮਕ ਪੱਥਰ ਦਾ ਲਟਕਾ ਦਿਤਾ ਜਾਵੇ ਤਾਂ ਜਦੋਂ ਉਹ ਹਿਲਦਾ ਹੈ ਤਾਂ ਲੋਹੇ ਦੇ ਛੋਟੇ-ਛੋਟੇ ਕਣ ਨੱਚਣ ਲਗ ਜਾਂਦੇ ਹਨ। ਇਸੇ ਤਰ੍ਹਾਂ ਨਾਲ ਸਾਖੀ ਚੇਤਨ, ਜੀਵ ਚੇਤਨ ਨੂੰ ਸਤਾ ਦਿੰਦਾ ਹੈ ਜਿਸ ਤੋਂ ਜੀਵ ਚੇਤਨ ਵਿਚ ਮੈਂ ਭਾਵ ਪੈਦਾ ਹੋ ਕੇ ਕਰਮ ਕਰਕੇ ਹੰਗਤਾ ਧਾਰਨ ਕਰਦੀ ਹੈ।

ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਇਕ ਬੁੱਧੀ ਰੂਪੀ ਤਰਵਰ ਵਿਚ ਪੁਰਖ, ਜੀਵ, ਕਰਤਾ, ਭੋਗਤਾ, ਅਵਿਦਿਆ, ਕਾਮ, ਕਰਮ ਦੇ ਪ੍ਰਭਾਵ ਤੋਂ ਮੋਹਿਤ ਹੋਇਆ ਸੋਚ ਕਰਦਾ ਹੈ ਜਦੋਂ ਉਹ ਆਪਣੇ ਅੰਦਰ ਦੀ ਖੋਜ ਕਰਦਾ ਹੋਇਆ ਸਾਵਧਾਨ ਹੋ ਕੇ ਜੀਵ ਤੋਂ ਭਿੰਨ ਸਾਖੀ ਦੇ ਸਰੂਪ ਨੂੰ ਦੇਖਦਾ ਹੈ ਤਾਂ ਆਪਣੇ ਆਪ ਨੂੰ ਅਸੰਗ ਜਾਣ ਕੇ, ਅਕਰਤਾ ਜਾਣ ਕੇ ਸ਼ੋਕ ਤੋਂ ਰਹਿਤ ਹੋ ਜਾਂਦਾ ਹੈ। ਜੀਵ ਨੂੰ ਨਹੀਂ ਪਤਾ ਲਗਦਾ ਕਿ ਇਨ੍ਹਾਂ ਦੋਹਾਂ ਚੇਤਨਾ ਵਿਚੋਂ ਮੇਰਾ ਸਰੂਪ ਕਿਹੜਾ ਹੈ ਕਿਉਂਕਿ ਜੀਵ ਚੇਤਨ ਅਤੇ ਸਾਖੀ ਚੇਤਨ ਨੂੰ ਦੇਖ ਕੇ ਸੰਦੇਹ ਪੈਦਾ ਹੋ ਜਾਂਦਾ ਹੈ ਕਿ ਮੈਂ ਦੋਹਾਂ ਵਿਚੋਂ ਕਿਹੜਾ ਹਾਂ। ਗੁਰੂ ਇਹ ਦਸ ਦਿੰਦਾ ਹੈ ਕਿ ਸਾਖੀ ਚੇਤਨ ਦੇ ਪ੍ਰਕਾਸ਼ ਤੋਂ ਪ੍ਰਭਾਵਿਤ ਹੋ ਕੇ ਜੀਵ ਚੇਤਨ, ਕਰਤਾ, ਭੋਗਤਾ ਆਪਣੇ ਆਪ ਨੂੰ ਮੰਨਦਾ ਹੈ। ਸੁਖੀ, ਦੁਖੀ ਸ਼ੋਕਵਾਨ ਹੋ ਕੇ ਲੋਕ ਪਰਲੋਕ ਵਿਚ ਗੇੜੇ ਖਾਂਦਾ ਹੈ। ਇਹ ਆਤਮਾ ਨਹੀਂ ਅਨਾਤਮਾ ਹੈ ਜਦੋਂ ਇਸ ਜੀਵ ਚੇਤਨ ਨੂੰ ਰਸਤੇ ਵਿਚੋਂ ਹਟਾ ਦਿਤਾ ਜਾਵੇ ਤਾਂ ਸਾਖੀ ਚੇਤਨ ਨੂੰ ਆਪਣਾ ਸਰੂਪ ਜਾਣ ਲੈਂਦਾ ਹੈ। ਸੋ ਸਾਖੀ ਚੇਤਨ ਜਾਂ ਕਹੋ ਆਤਮਾ ਦੇ ਉਤੇ ਇਹ ਜੀਵਆਤਮਾ ਹੀ ਪੜਦਾ ਹੈ ਜਿਹੜਾ ਸਾਖੀ ਦਾ ਦਰਸ਼ਨ ਨਹੀਂ ਕਰਨ ਦਿੰਦਾ। ਇਹ ਕੂੜ ਦਾ ਪੜਦਾ ਹੈ, ਇਹ ਪੜਦਾ ਦੂਰ ਹੋਇਆਂ ਸੱਚ ਦਾ ਜਲਾਲ ਭਰਿਆ ਦਰਸ਼ਨ ਹੁੰਦਾ ਹੈ। ਪੀਰ ਬੁੱਧੂ ਸ਼ਾਹ ਅਜਿਹੇ ਹੀ ਇਕ ਭੰਵਰ ਵਿਚ ਫਸਿਆ ਹੋਇਆ ਸੀ, ਉਹ ਭੇਦ ਅਤੇ ਅਭੇਦਤਾ ਦੇ ਬਚਨ ਸੁਣ ਕੇ ਨਿਰਣਾ ਨਹੀਂ ਲੈ ਸਕਦਾ ਕਿ ਭੇਦਤਾ ਦੇ ਬਚਨ ਸਤਿ ਹਨ ਜਾਂ ਅਦ੍ਵੈਤ ਦੇ ਬਚਨ ਸਤਿ ਹਨ। ਸ਼ਸ਼ੋਪੰਜ ਵਿਚ ਪਿਆ ਹੋਇਆ, ਬਹੁਤ ਹੀ ਪਸ਼ਚਾਤਾਪ ਕਰਦਾ ਰਹਿੰਦਾ ਸੀ। ਉਸਨੂੰ ਇਹ ਭੀ ਸਮਝ ਨਹੀਂ ਪੈਂਦਾ ਸੀ ਕਿ -

***ਨਾਨਕ ਤਰਵਰੁ ਏਕੁ ਫਲੁ***
***ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ***
***ਨਾ ਪਰ ਪੰਖੀ ਤਾਹਿ॥ ਅੰਗ - 550***

ਅੰਦਰੋਂ ਉਸ ਦੀ ਇਹ ਅਵਸਥਾ ਸੀ ਪਰ ਬਾਹਰੋਂ ਇਕ ਮੰਨਿਆ ਦੰਨਿਆ ਪੀਰ ਸੀ ਜਿਸ ਦੀ ਮਹਿਮਾ ਦੂਰ ਦਰਾਜ਼ ਸਾਰੇ ਧਰਮਾਂ ਵਿਚ ਫੈਲੀ ਹੋਈ ਸੀ, ਉਸ ਨੂੰ ਕੋਈ ਜਤਨ ਨਹੀਂ ਸੁੱਝਦਾ ਸੀ ਕਿ ਮੈਂ ਇਸ ਦਲਦਲ ਵਿਚੋਂ ਕਿਵੇਂ ਨਿਕਲਾਂ, ਸਦਾ ਹੀ ਚਿੰਤਾਤੁਰ ਰਿਹਾ ਕਰਦਾ ਸੀ। ਉਸਨੇ ਇਸ ਦ੍ਵੈਤ ਦੀ ਜਿਲ੍ਹਣ ਵਿਚੋਂ ਨਿਕਲਣ ਲਈ ਬਹੁਤ ਚਿਲ੍ਹੇ ਕੱਟੇ, ਬਹੁਤ ਤਪ ਕੀਤੇ, ਛੇ-ਛੇ

ਮਹੀਨੇ ਦੇ ਘੋਰ ਤਪਸਿਆ ਵਾਲੇ ਚਿਲੇ ਵੀ ਕੱਟੇ ਪਰ ਉਸ ਦਾ ਸੰਸਾ ਕਿਸੇ ਤਰ੍ਹਾਂ ਵੀ ਦੂਰ ਨਾ ਹੋਇਆ। ਨਮਾਜ਼ ਪੜ੍ਹਨ ਸਮੇਂ ਖੁਦਾ ਪਾਸ ਦੁਆ ਕਰਦਾ ਰਹਿੰਦਾ ਸੀ ਕਿ ਹੇ ਅਲਾਹ ਤਾਲਾਹ! ਮੈਨੂੰ ਇਸ ਜਿਲ੍ਹਣ ਵਿਚੋਂ ਕੱਢਣ ਲਈ ਕਿਸੇ ਪ੍ਰਮ ਹਸਤੀ ਦਾ ਮਿਲਾਪ ਕਰਾ ਜੋ ਮੈਨੂੰ ਖਿੱਚ ਕੇ ਕੱਢ ਕੇ ਮੈਨੂੰ ਮੇਰਾ ਅਸਲੀ ਸਰੂਪ ਦਿਖਾ ਦੇਵੇ।

ਗੁਰੂ ਦਸ਼ਮੇਸ਼ ਪਾਤਸ਼ਾਹ ਨਾਹਨ ਵਾਲੇ ਰਾਜੇ ਦੀ ਬੇਨਤੀ ਮੰਨ ਕੇ ਅਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਪਹੁੰਚ ਗਏ। ਉਥੇ ਜਾ ਕੇ ਆਪ ਨੇ ਥੋੜ੍ਹੇ ਦਿਨਾਂ ਵਿਚ ਹੀ ਰਾਮ ਰਾਏ ਜੀ ਨਾਲ ਜੋ ਬਖੇੜਾ ਵੱਧ ਰਿਹਾ ਸੀ ਉਸ ਨੂੰ ਸ਼ਾਂਤ ਕੀਤਾ ਅਤੇ ਰਾਮ ਰਾਏ ਜੀ ਦੇ ਸਾਰੇ ਭਰਮ ਭੁਲੇਖੇ ਦੂਰ ਕੀਤੇ ਅਤੇ ਰਾਮ ਰਾਏ ਜੀ ਮੰਨ ਗਏ ਕਿ ਮੈਂ ਗੁਰਗੱਦੀ ਦਾ ਮਾਲਕ ਨਹੀਂ ਹਾਂ। ਗੁਰਗੱਦੀ ਦੇ ਮਾਲਕ ਤਾਂ ਇਹ ਮਨਮੋਹਣੀ ਮੂਰਤ ਹੈ ਜਿਨ੍ਹਾਂ ਦੀ ਸਰੀਰਕ ਆਯੂ ਉਸ ਸਮੇਂ 20 ਕੁ ਸਾਲ ਦੀ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਦੇ ਸੋਝੀ ਭਰੇ ਬਚਨ ਸੁਣ ਕੇ ਉਸਨੇ ਜਮੁਨਾ ਦਰਿਆ ਦੇ ਮੱਧ ਵਿਚ ਕਿਸ਼ਤੀ ਤੇ ਸਵਾਰ ਹੋ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ ਅਤੇ ਸਾਰੇ ਵਖੇਵੇਂ ਜੜ੍ਹੋਂ ਉਖਾੜ ਦਿਤੇ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਟੀਰੀ ਗੜ੍ਹਵਾਲ ਦੇ ਰਾਜੇ ਫਤਿਹਚੰਦ ਪਾਸ, ਮਾਮਾ ਕ੍ਰਿਪਾਲ ਅਤੇ ਦੀਵਾਨ ਨੰਦ ਚੰਦ ਨੂੰ ਭੇਜ ਕੇ ਫੁਰਮਾਇਆ ਕਿ ਤੁਹਾਡਾ ਅਤੇ ਮੇਦਨੀ ਪ੍ਰਕਾਸ਼ ਦਾ ਆਪਸੀ ਵੈਰ ਭਾਰਤ ਲਈ ਬਹੁਤ ਹਾਨੀਕਾਰਕ ਹੈ। ਤੁਸੀਂ ਇਹ ਵੈਰ ਭਾਵ ਛੱਡ ਕੇ ਪਰਜਾ ਦੇ ਸੁਖ ਲਈ ਕਦਮ ਪੁੱਟੋ, ਖੇਤੀ ਲਈ ਜ਼ਮੀਨਾਂ ਸਾਫ ਕਰਵਾਓ, ਸੋਹਣੇ ਰਸਤੇ ਤੁਰਨ ਫਿਰਨ ਦੇ ਬਣਵਾਓ। ਇਕ ਦੂਜੇ ਨਾਲ ਤਿਜਾਰਤ ਕਰੋ, ਪਿਆਰ ਪ੍ਰੇਮ ਵਿਚ ਰਹੋ। ਉਸ ਨੇ ਗੁਰੂ ਮਹਾਰਾਜ ਜੀ ਦੇ ਬਚਨ ਸੁਣੇ। ਗੁਰੂ ਮਹਾਰਾਜ ਜੀ ਨੇ ਉਸ ਨੂੰ ਪਾਉਂਟਾ ਸਾਹਿਬ ਬੁਲਾਇਆ ਅਤੇ ਇਥੇ ਹੀ ਰਾਜਾ ਮੇਦਨੀ ਪ੍ਰਕਾਸ਼ ਨਾਹਨ ਪਤੀ ਨੂੰ ਸੰਦੇਸ਼ਾ ਭੇਜ ਕੇ ਬੁਲਾਇਆ। ਗੁਰੂ ਮਹਾਰਾਜ ਜੀ ਨੂੰ ਦੋਨਾਂ ਨੇ ਆਪਣਾ ਜਾਮਨ ਰੱਖ ਕੇ ਸਾਰੇ ਝਗੜੇ, ਗੁਰੂ ਮਹਾਰਾਜ ਜੀ ਦੇ ਸਨਮੁਖ ਹੀ ਸੁਲਝਾ ਲਏ। ਗੁਰੂ ਮਹਾਰਾਜ ਜੀ ਨੇ ਇਕ ਦਮ ਗਲਵਕੜੀ ਪੁਆਈ ਅਤੇ ਸਦਾ ਦਾ ਵਿਰੋਧ ਜੋ ਇਨ੍ਹਾਂ ਦੋਹਾਂ ਰਾਜਿਆਂ ਨੂੰ ਘੁਣ ਵਾਂਗੂ ਖਾ ਰਿਹਾ ਸੀ, ਦੂਰ ਕਰ ਦਿਤਾ। ਰਾਜਿਆਂ ਨੂੰ ਰਾਤ ਠਹਿਰਣ ਲਈ ਆਪ ਨੇ ਕਿਹਾ। ਅਜੇ ਆਪ ਰਾਜਿਆਂ ਸਮੇਤ ਬਿਰਾਜਮਾਨ ਹੀ ਸਨ ਕਿ ਦੂਰੋਂ ਇਕ ਪਹਾੜੀਏ ਨੇ ਵਾ-ਵੇਲਾ ਕੀਤਾ ਕਿ ਮਹਾਰਾਜ! ਐਸ ਵੇਲੇ ਤੁਸੀਂ ਸਾਡੇ ਜਾਨ ਮਾਲ ਦੇ ਮਾਲਕ ਬੈਠੇ ਹੋ। ਜੰਗਲ ਵਿਚ ਇਕ ਬਹੁਤ ਵੱਡਾ ਸ਼ੇਰ ਆਇਆ ਹੋਇਆ ਹੈ ਜਿਸਦੇ ਬਰਾਬਰ ਦਾ ਸ਼ੇਰ ਅਸੀਂ ਕੋਈ ਨਹੀਂ ਦੇਖਿਆ, ਮਹਾਰਾਜ ਜੀ! ਉਸ ਦਾ ਭੈਅ ਸਾਨੂੰ ਦਿਨ ਰਾਤ ਵੱਢ-ਵੱਢ ਖਾਂਦਾ ਹੈ। ਉਸ ਨੇ ਸਾਡੇ ਪਸ਼ੂ ਮਾਰਨੇ ਸ਼ੁਰੂ ਕਰ ਦਿਤੇ ਅਤੇ ਬੰਦੇ ਵੀ ਮਾਰ ਦਿਤੇ ਹਨ। ਕੋਈ ਸ਼ਿਕਾਰੀ ਉਸ ਦੇ ਨੇੜੇ ਨਹੀਂ ਜਾਂਦਾ ਅਤੇ ਪ੍ਰਜਾ ਦੇ ਲੋਕ ਉਸ ਤੋਂ ਬਹੁਤ ਦੁਖੀ ਹਨ। ਅਸੀਂ ਸਵੇਰੇ ਸੰਝੇ ਹੀ ਪਿੰਡਾਂ ਦੇ ਦੁਆਲੇ ਪਹਿਰੇਦਾਰ ਖੜ੍ਹੇ ਕਰਕੇ, ਅੱਗ ਬਾਲ ਕੇ ਰਾਤਾਂ ਕੱਟਦੇ ਹਾਂ ਫੇਰ ਵੀ ਉਹ ਸ਼ੇਰ ਸਾਡੇ ਪਸ਼ੂ ਚੁੱਕ ਕੇ ਲੈ ਜਾਂਦਾ ਹੈ। ਆਪ ਕ੍ਰਿਪਾ ਕਰੋ, ਅਸਾਡਾ ਉਸ ਤੋਂ ਛੁਟਕਾਰਾ ਕਰਾਓ।

ਪਹਾੜੀ ਰਾਜਿਆਂ ਨੇ ਗੁਰੂ ਮਹਾਰਾਜ ਜੀ ਵਲ ਦੇਖਿਆ ਅਤੇ ਵਿਚਾਰਿਆ ਕਿ ਹੁਣ ਸ਼ਾਮ ਕਾਲ ਦਾ ਸਮਾਂ ਹੈ, ਮੂਹਰੇ ਹਨ੍ਹੇਰਾ ਆ ਰਿਹਾ ਹੈ, ਅਜਿਹੇ ਸਮੇਂ ਜੰਗਲ ਵਿਚ ਦਾਖਲ ਹੋਣਾ ਖਤਰੇ ਤੋਂ ਖਾਲੀ ਨਹੀਂ ਹੈ। ਫੇਰ ਉਸ ਸ਼ੇਰ ਦਾ ਵੀ ਕੋਈ ਪਤਾ ਨਹੀਂ ਕਿ ਕਿਥੇ ਬੈਠਾ ਹੋਵੇ। ਇਸ ਕਰਕੇ ਸਵੇਰ ਤਕ ਇੰਤਜ਼ਾਰ ਕਰਨਾ ਚਾਹੀਦਾ ਹੈ। ਸਵੇਰੇ ਨਾਸ਼ਤਾ ਕਰਕੇ, ਹਾਜ਼ਰੀ ਛਕ ਕੇ ਪੂਰੀ ਤਰ੍ਹਾਂ ਫੌਜਾਂ ਸਮੇਤ ਜੰਗਲ ਵਿਚ ਦਾਖਲ ਹੋਵਾਂਗੇ। ਗੁਰੂ ਮਹਾਰਾਜ ਜੀ, ਇਕ ਗੱਲ ਅਸਾਡੀ ਦੇਖੀ ਹੋਈ ਹੈ ਕਿ ਉਹ ਸ਼ੇਰ ਭੱਜਿਆ ਨਹੀਂ ਫਿਰਦਾ, ਟਿਕਿਆ ਰਹਿੰਦਾ ਹੈ। ਜਦੋਂ ਸ਼ਿਕਾਰ ਉਸ ਦੇ ਹੱਥ ਨਾ ਆਵੇ, ਫੇਰ ਉਹ ਇਕ ਥਾਂ ਨਹੀਂ ਰਹਿੰਦਾ, ਕਦੇ ਨਾਹਨ ਰਾਜ ਵਿਚ ਰਹਿੰਦਾ ਹੈ, ਕਦੇ ਟੀਹਰੀ ਰਾਜ ਵਿਚ, ਉਹ ਘੁੰਮਦਾ ਹੀ ਰਹਿੰਦਾ ਹੈ। ਸ਼ਿਕਾਰੀ ਦਸਦੇ ਹਨ ਕਿ ਉਸਦੀ ਡੀਲ ਡੌਲ ਦਾ ਸ਼ੇਰ ਉਨ੍ਹਾਂ ਕਦੇ ਨਹੀਂ ਦੇਖਿਆ। ਇਸ ਕਰਕੇ ਸਾਰੇ ਭੈ ਖਾਂਦੇ ਹਨ, ਕੋਈ ਵੀ ਸਨਮੁਖ ਨਹੀਂ ਹੁੰਦਾ।

ਰਾਤ ਭਰ ਆਰਾਮ ਕੀਤਾ ਗਿਆ ਅਤੇ ਸਵੇਰ ਹੁੰਦੇ ਹੀ ਦੋਵੇਂ ਰਾਜੇ ਆਪਣੇ ਜੁਆਨ ਲੈ ਕੇ ਗੁਰੂ ਮਹਾਰਾਜ ਜੀ ਸਮੇਤ, ਜੰਗਲ ਵਲ ਨੂੰ ਚੱਲੇ। ਦੋ ਤਿੰਨ ਮੀਲ ਜਾ ਕੇ ਬਹੁਤ ਸੰਘਣਾ ਜੰਗਲ ਆ ਗਿਆ ਤਾਂ ਪਹਾੜੀਆਂ ਨੇ ਦੱਸਿਆ ਕਿ ਮਹਾਰਾਜ! ਉਹ ਸ਼ੇਰ ਇਸ ਇਲਾਕੇ ਵਿਚ ਹੀ ਰਹਿੰਦਾ ਹੈ ਅਤੇ ਆਪਣੀ ਗੱਲ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਉਨ੍ਹਾਂ ਨੇ ਉਸ ਸ਼ੇਰ ਦੀਆਂ ਤਾਜ਼ੀਆਂ ਪੈੜਾਂ ਵੀ ਵਿਖਾਈਆਂ। ਉਸ ਵੇਲੇ ਰਾਜਿਆਂ ਨੇ ਫੈਸਲਾ ਕੀਤਾ ਕਿ ਉਸ ਸ਼ੇਰ ਨੂੰ ਮਾਰਨ ਦੀ ਪੱਕੀ ਵਿਉਂਤ ਬਣਾਈਏ। ਜੇ ਇਸੇ ਤਰ੍ਹਾਂ ਚਲਦਿਆਂ ਹੋਇਆਂ ਇਹ ਸ਼ੇਰ ਆਪਣੇ ਸਮੂੰਹ ਵਿਚ ਦਾਖਲ ਹੋ ਗਿਆ ਤਾਂ ਉਸ ਨੇ ਤਾਂ ਮਰਨਾ ਹੀ ਨਹੀਂ, ਉਹ ਆਪਣੇ ਕਈ ਬੰਦੇ ਮਾਰ ਦੇਵੇਗਾ ਅਤੇ ਵਿਚੋਂ ਬਚ ਕੇ ਸਾਫ ਨਿਕਲ ਜਾਵੇਗਾ। ਉਸ ਨੂੰ ਘੇਰ ਕੇ ਗੋਲੀਆਂ ਚਲਾ ਕੇ ਮਾਰਿਆ ਜਾਵੇ ਜਾਂ ਤੀਰਾਂ ਦੀ ਬੁਛਾੜ ਇਕ ਦਮ ਉਹਦੇ ਉਤੇ ਕੀਤੀ ਜਾਵੇ। ਗੱਲਾਂ ਕਰਦੇ ਹੀ ਸਨ ਕਿ ਘੋੜੇ ਲਿੱਦ ਕਰਨ ਲਗ ਗਏ ਅਤੇ ਹਾਥੀ ਵੀ ਅੱਗੇ ਵਧਣ ਤੋਂ ਹਟ ਗਏ। ਕਈ ਹਾਥੀ ਤਾਂ ਪੈਰੋ ਪੈਰ ਪਿਛੇ ਹਟ ਰਹੇ ਸਨ ਕਿਉਂਕਿ ਉਨ੍ਹਾਂ ਦੀ ਨਿਗ੍ਹਾ ਉਸ ਭਿਆਨਕ ਸ਼ੇਰ ਉਪਰ ਪੈ ਗਈ। ਗੁਰੂ ਮਹਾਰਾਜ ਜੀ ਆਪਣੇ ਘੋੜੇ ਉਪਰ ਸਵਾਰ ਸਨ, ਆਪ ਨੇ ਕਿਹਾ ਕਿ ਘਬਰਾਓ ਨਾ, ਅਸੀਂ ਇਸ ਸ਼ੇਰ ਨੂੰ ਸਨਮੁਖ ਜਾ ਕੇ ਮਾਰਾਂਗੇ। ਸਾਰਿਆਂ ਨੇ ਗੁਰੂ ਮਹਾਰਾਜ ਜੀ ਨੂੰ ਰੋਕਿਆ ਪਰ ਗੁਰੂ ਮਹਾਰਾਜ ਜੀ ਅੱਗੇ ਵਧ ਗਏ। ਉਨ੍ਹਾਂ ਨੇ ਉਥੇ ਜੰਗਲ ਵਿਚ ਦੇਖਿਆ ਕਿ ਸ਼ੇਰ ਲੰਮਾ ਪਿਆ ਸੀ। ਗੁਰੂ ਮਹਾਰਾਜ ਜੀ ਨੇ ਦੋ ਤਿੰਨ ਅਵਾਜ਼ਾਂ ਦੇ ਕੇ ਕਿਹਾ ਕਿ ਤੂੰ ਗਿੱਦੜ ਬਣ ਕੇ ਕਿਉਂ ਪਿਆ ਹੈਂ, ਆਪਣੇ ਸ਼ੇਰ ਸੁਭਾਅ ਵਿਚ ਆ। ਅਸੀਂ ਤੇਰੇ ਨਾਲ ਜੰਗ ਕਰਨਾ ਹੈ। ਉਸ ਵੇਲੇ ਸ਼ੇਰ ਉਠਿਆ, ਪੂਰੀ ਤਰ੍ਹਾਂ ਨਾਲ ਆਪਣੇ ਸਰੀਰ ਨੂੰ ਤਾਨਿਆ, ਵੱਡੀ ਅੰਗੜਾਈ ਲਈ ਅਤੇ ਪਿਛਲੇ ਪੈਰਾਂ ਵਲ ਹਟ ਕੇ ਲੰਮੀ ਛਲਾਂਗ ਮਾਰੀ। ਗੁਰੂ ਮਹਾਰਾਜ ਜੀ ਨੇ ਪੈਂਤਰਾ ਬਦਲ ਕੇ ਉਸ ਦੇ ਦੋਨੋਂ ਪੰਜੇ ਖੱਬੇ ਹੱਥ ਦੀ ਢਾਲ ਉਪਰ ਲੈ ਲਏ। ਇਸ ਤੋਂ ਪਹਿਲਾਂ ਕਿ ਉਹ ਢਾਲ ਛੱਡ ਕੇ ਹੇਠਾਂ ਉਤਰਦਾ, ਗੁਰੂ ਮਹਾਰਾਜ ਜੀ ਨੇ ਤਿੱਖੀ ਤਲਵਾਰ ਉਸ ਦੇ ਪੇਟ ਵਿਚ ਫੇਰ ਦਿਤੀ, ਉਤੋਂ ਆਪ ਨੇ ਢਾਲ ਦਾ ਧੱਕਾ ਮਾਰਿਆ ਤਾਂ ਉਹ ਸ਼ੇਰ ਲੋਟ-ਪੋਟਣੀਆਂ ਖਾਂਦਾ ਹੋਇਆ ਦੂਰ ਗਿਰ ਗਿਆ। ਸਾਰੇ ਦਰਸ਼ਕਾਂ ਨੇ ਜੈਕਾਰੇ ਬੁਲਾਏ ਅਤੇ ਖੁਸ਼ੀਆਂ ਮਨਾਈਆਂ ਕਿ ਗੁਰੂ ਮਹਾਰਾਜ ਜੀ ਨੇ ਮਹਾਨ ਬਲੀ ਸ਼ੇਰ ਨੂੰ ਐਉਂ ਮਾਰ ਦਿਤਾ ਹੈ ਜਿਵੇਂ ਕੋਈ ਬਿੱਲਾ ਮਾਰ ਦਿਤਾ ਹੋਵੇ। ਦੇਖਦੇ-ਦੇਖਦੇ ਹੀ ਉਸ ਵਿਚੋਂ ਇਕ ਰੂਹ ਸਾਕਾਰ ਹੋ ਕੇ ਧੰਨਵਾਦ ਕਰਨ ਲੱਗੀ ਅਤੇ ਬਾਰ-ਬਾਰ ਸ਼ੁਕਰ ਕਰ ਰਹੀ ਸੀ ਕਿ ਮਹਾਰਾਜ! ਆਪ ਤੋਂ ਬਗੈਰ ਕੋਈ ਵੀ ਮੈਨੂੰ ਇਸ 84 ਲੱਖ ਜੂਨਾਂ ਦੀਆਂ ਘੁੰਮੇਟਣੀਆਂ ਚੋਂ ਕੱਢਣ ਦੀ ਸਮਰੱਥਾ ਨਹੀਂ ਸੀ ਰਖਦਾ। ਜਦੋਂ ਉਸਨੂੰ ਪੁਛਿਆ ਗਿਆ ਕਿ ਤੂੰ ਆਪਣੇ ਬਾਰੇ ਜਾਣ ਪਛਾਣ ਕਰਾ ਤਾਂ ਉਸ ਨੇ ਕਿਹਾ ਕਿ ਮਹਾਰਾਜ! ਮੈਂ ਮਹਾਂਭਾਰਤ ਦੇ ਯੁੱਧ ਵਿਚ ਜੈਦਰਥ ਕਰਕੇ ਜਾਣਿਆ ਜਾਂਦਾ ਸੀ। ਮੈਂ ਪਾਡਵਾਂ ਦੇ ਸੁੱਤੇ ਪਏ ਪੁੱਤਰਾਂ ਨੂੰ ਧੋਖੇ ਨਾਲ ਮਾਰ ਦਿਤਾ ਅਤੇ ਆਪ ਯੁੱਧ ਵਿਚੋਂ ਨੱਠ ਗਿਆ ਸੀ ਜਿਸ ਦੇ ਫਲਸਰੂਪ ਮੈਂ 5000 ਸਾਲ ਤੋਂ 84 ਲੱਖ ਜੂਨੀਆਂ ਦਾ ਚੱਕਰ ਕੱਟ ਰਿਹਾ ਹਾਂ ਅਤੇ ਹੁਣ ਸ਼ੇਰ ਬਣਿਆ ਹੋਇਆ ਆਪਣੇ ਸੁਭਾਅ ਅਨੁਸਾਰ ਡਰ, ਭੈ ਪੈਦਾ ਕਰ ਰਿਹਾ ਸਾਂ। ਰਾਜਿਆਂ ਨੇ ਅਤੇ ਉਨ੍ਹਾਂ ਦੇ ਫੌਜੀ ਜਰਨੈਲਾਂ ਨੇ ਇਹ ਕੌਤਕ ਆਪਣੀ ਅੱਖੀਂ ਵੇਖਿਆ ਅਤੇ ਗੁਰੂ ਮਹਾਰਾਜ ਜੀ ਦੀ ਹਸਤੀ ਉਪਰ ਪੂਰੀ ਤਰ੍ਹਾਂ ਸ਼ਰਧਾ ਲੈ ਆਏ ਪਰ ਆਪ ਨੇ ਸਿੱਖੀ ਧਾਰਨ ਨਾ ਕੀਤੀ। ਇਹੀ ਫਤਿਹਚੰਦ ਜਦੋਂ ਭੀਮਦੇਵ ਦਾ ਕੁੜਮ ਬਣਿਆ ਤਾਂ ਗੁਰੂ ਮਹਾਰਾਜ ਜੀ ਨਾਲ ਯੁੱਧ ਵਿਚ ਉਲਝ ਗਿਆ, ਜਿਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਕੀਤਾ ਹੈ -

***ਫਤੇ ਸਾਹ ਕੋਪਾ ਤਬਿ ਰਾਜਾ॥***
***ਲੋਹ ਪਰਾ ਹਮ ਸੋ ਬਿਨੁ ਕਾਜਾ॥***
***ਬਚਿਤ੍ਰ ਨਾਟਕ***

ਇਸੇ ਤਰ੍ਹਾਂ ਨਾਲ ਕਾਲਸੀ ਰਿਸ਼ੀ ਦਾ ਉਧਾਰ ਗੁਰੂ ਮਹਾਰਾਜ ਜੀ ਨੇ ਪਾਉਂਟੇ ਸਾਹਿਬ ਹੀ ਕੀਤਾ। ਅਨੇਕਾਂ ਸੰਗਤਾਂ ਦੇ ਵਹੀਰਾਂ ਦੇ ਵਹੀਰ ਪਾਉਂਟਾ ਸਾਹਿਬ ਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਸਢੌਰੇ ਪਾਸੋਂ ਲੰਘ ਰਹੇ

ਸਨ। ਪੀਰ ਬੁੱਧੂ ਸ਼ਾਹ ਦੇ ਮਨ ਵਿਚ ਵੀ ਆਈ ਕਿ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਸਸ਼ੋਭਤ ਹਨ ਜਿਨ੍ਹਾਂ ਨੇ ਕਾਹਬੇ ਵਿਚ ਜਾ ਕੇ ਉਥੇ ਦੇ ਮੁਖੀਆਂ ਨੂੰ ਸੁਮੱਤ ਦਿਤੀ ਅਤੇ ਬਗਦਾਦ ਦਸਤਗੀਰ ਪੀਰ ਦਾ ਭਰਮ ਦੂਰ ਕੀਤਾ ਅਤੇ ਉਸਦੇ ਬੇਟੇ ਨੂੰ ਲੱਖਾਂ ਪਾਤਾਲ, ਲੱਖਾਂ ਆਕਾਸ਼ ਦਿਖਾ ਕੇ ਅੱਲਾਹ ਤਾਲ੍ਹਾ ਜੀ ਦੀ ਬੇਅੰਤਤਾਈ ਦੇ ਕਾਇਲ ਬਣਾਇਆ। ਇਸੇ ਗੱਦੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਨੇ ਔਰੰਗਜ਼ੇਬ ਵਰਗੇ ਕੱਟੜ ਬਾਦਸ਼ਾਹ ਨੂੰ ਸਮਝਾਉਣ ਲਈ ਆਪਣੇ ਪ੍ਰਾਣਾਂ ਦਾ ਬਲੀਦਾਨ ਹਸਦੇ-ਹਸਦੇ ਦੇ ਦਿਤਾ। ਮਨ ਵਿਚ ਆਇਆ ਕਿ ਇਹ ਗੱਦੀ ਸਮਰੱਥ ਗੁਰੂਆਂ ਦੀ ਹੈ, ਕਿਉਂ ਨਾ ਮੈਂ ਇਨ੍ਹਾਂ ਦੀ ਚਰਨੀਂ ਜਾਵਾਂ ਅਤੇ ਆਪਣਾ ਸੰਸਾ ਨਵਿਰਤ ਕਰਾਂ। ਇਹ ਸ਼ਰਧਾ ਧਾਰ ਕੇ ਗੁਰੂ ਦਰਬਾਰ ਵਿਚ ਜਾਣ ਲਈ ਤਿਆਰ ਹੋਇਆ, ਆਪਣੇ ਸੈਂਕੜੇ ਮੁਰੀਦਾਂ ਨੂੰ ਸੁਨੇਹਾ ਭੇਜ ਦਿਤਾ ਕਿ ਮੇਰੇ ਨਾਲ ਪਾਉਂਟੇ ਸਾਹਿਬ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਚੱਲੋ। ਬੜਾ ਭਾਰੀ ਇਕੱਠ ਹੋ ਗਿਆ।

ਸੈਂਕੜੇ ਮੁਰੀਦ ਸਢੌਰੇ ਤੋਂ ਪਾਉਂਟੇ ਸਾਹਿਬ ਵਲ ਨੂੰ ਇਕ ਅਜੀਬ ਕਿਸਮ ਦਾ ਚਾਓ ਹਿਰਦੇ ਵਿਚ ਲੈ ਕੇ ਜਾ ਰਹੇ ਸਨ, ਪੀਰ ਬੁੱਧੂ ਸ਼ਾਹ ਦੇ ਮਨ ਵਿਚ ਸੀ ਕਿ ਅੱਜ ਮੈਂ ਉਹ ਦੌਲਤ ਪ੍ਰਾਪਤ ਕਰਨ ਵਾਸਤੇ ਜਾ ਰਿਹਾ ਹਾਂ ਜਿਸਦਾ ਦੁਨੀਆਂ ਵਿਚ ਕੋਈ ਮੁੱਲ ਹੀ ਨਹੀਂ। ਇਕ ਅਸਚਰਜ ਪ੍ਰਸ਼ਨ ਸੀ ਕਿ ਇਕ ਹੀ ਸਮੇਂ ਸਾਖੀ ਚੇਤਨ ਅਤੇ ਜੀਵ ਚੇਤਨ ਬੁੱਧੀ ਰੂਪ ਬ੍ਰਿਛ ਉਤੇ ਕਿਵੇਂ ਇਕੱਠੇ ਹੋ ਸਕਦੇ ਹਨ? ਇਨ੍ਹਾਂ ਵਿਚੋਂ ਸਤਿ ਕੀ ਹੈ? ਅਸਲੀ ਰੂਹ ਕਿਹੜੀ ਹੈ? ਖੁਦਾ ਦਾ ਮੇਲ, ਵਸਲ ਕਿਵੇਂ ਹੁੰਦਾ ਹੈ?

ਅਹੰ ਕਰਤਾ, ਅਹੰ ਭੋਗਤਾ ਜੋ ਦੁਖੀ ਸੁਖੀ ਹੋ ਰਿਹਾ ਹੈ, ਜਨਮ ਮਰਨ ਵਿਚ ਆ ਰਿਹਾ ਹੈ ਇਹ ਜੀਵ ਆਤਮਾ ਦਾ ਨਾਮ ਹੈ। ਅਹੰ ਸੰਗ ਨਿਰਵਿਕਾਰ ਸਾਖੀ ਆਤਮਾ ਦਾ ਨਾਮ ਹੈ। ਉਸ ਦੇ ਮਨ ਵਿਚ ਬਹੁਤ ਹੀ ਸੰਦੇਹ ਸੀ, ਉਸ ਨੂੰ ਪਤਾ ਨਹੀਂ ਸੀ ਲਗਦਾ ਕਿ ਅੱਲਾਹ ਦੇ ਨਾਲ ਕਿਸ ਤਰ੍ਹਾਂ ਵਸਲ ਹੁੰਦਾ ਹੈ, ਬ੍ਰਹਮ ਨਾਲ ਕਿਵੇਂ ਮੇਲ ਹੁੰਦਾ ਹੈ, ਉਸ ਦੇ ਅੰਦਰ ਬਹੁਤ ਵੱਡੀ ਲੋਚਾ ਸੀ ਕਿ ਜੇ ਕੋਈ ਮੇਰੇ ਸਾਹਿਬ ਦੀ ਗੱਲ ਮੈਨੂੰ ਸੁਣਾ ਦੇਵੇ ਤਾਂ ਮੈਂ ਉਸਨੂੰ ਆਪਣਾ ਤਨ ਵੀ ਅਰਪਣ ਕਰ ਦੇਵਾਂ।

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ***
***ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ***
***ਵਿਣੁ ਸਿਰ ਸੇਵ ਕਰੀਜੈ ॥***

***ਅੰਗ - 558***

ਅੱਲਾਹ ਪਾਸ ਦੁਆ ਕਰਦਾ ਸੀ ਕਿ ਹੇ ਅੱਲਾ ਤਾਲਾਹ! ਕੋਈ ਆਪ ਨਾਲ ਮਿਲਿਆ ਹੋਇਆ ਮੈਨੂੰ ਮਿਲਾ ਜਿਹੜਾ ਮੇਰਾ ਸੰਦੇਹ ਦੂਰ ਕਰ ਦੇਵੇ। ਇਨ੍ਹਾਂ ਖਿਆਲਾਂ ਵਿਚ ਮਸਤ ਸੀ। ਮਨ ਵਿਚ ਬੜਾ ਆਸ਼ਾਵਾਦੀ ਸੀ ਕਿ ਮੈਂ ਅੱਜ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਜੀ ਦੀ ਉਸ ਗੱਦੀ ਵਲ ਪੈਰ ਪੁਟਿਆ ਹੈ ਜਿਥੋਂ ਕੋਈ ਕਦੇ ਵੀ ਨਿਰਾਸ਼ ਨਹੀਂ ਮੁੜਿਆ। ਮਨ ਵਿਚ ਬੜਾ ਚਾਓ ਹੈ, ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਤਪਰ ਹੈ, ਮਨ ਵਿਚ ਸੋਚਦਾ ਜਾਂਦਾ ਹੈ ਕਿ ਜੇ ਮੈਨੂੰ ਤੱਤ ਦੀ ਗੱਲ ਸਮਝਾ ਦਿਤੀ ਤਾਂ ਮੈਂ ਤਨ, ਮਨ, ਧਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਭੇਟ ਕਰ ਦੇਵਾਂਗਾ ਅਤੇ ਸਦਾ ਵਾਸਤੇ ਇਨ੍ਹਾਂ ਦਾ ਹੀ ਹੋ ਜਾਵਾਂਗਾ ਪਰ ਚਲਦੇ-ਚਲਦੇ ਮਨ ਵਿਚ ਖਿਆਲ ਆਇਆ ਕਿ ਮੈਂ ਇਸਲਾਮ ਦਾ ਧਾਰਨੀ ਹਾਂ, ਇਹ ਹਿੰਦੂ ਲੋਕ ਕਾਫਰ ਹੁੰਦੇ ਹਨ। ਇਕ ਮੋਮਨ ਤੇ ਕਾਫਰ ਦਾ ਮੇਲ ਬਹੁਤ ਹੀ ਮੁਸ਼ਕਲ ਹੈ ਪਰ ਫੇਰ ਖਿਆਲ ਆਇਆ ਕਿ ਐ ਮੇਰੇ ਮਨ! ਤੂੰ ਤਾਂ ਸ਼ੈਤਾਨ ਹੈਂ, ਮੈਨੂੰ ਬੌਂਦਲਾਅ ਰਿਹਾ ਹੈਂ, ਗਲਤ ਰਸਤੇ ਪਾ ਰਿਹਾ ਹੈਂ, ਗੁਰੂਆਂ ਪੀਰਾਂ ਦੀ ਕੋਈ ਜ਼ਾਤ ਨਹੀਂ ਹੁੰਦੀ, ਉਨ੍ਹਾਂ ਦੀ ਜ਼ਾਤ ਤਾਂ ਅੱਲਾਹ ਦੀ ਜ਼ਾਤ ਹੁੰਦੀ ਹੈ ਉਹ ਸਾਕਾਰ ਰੂਪ ਵਿਚ ਅੱਲਾਹ ਦਾ ਰੂਪ ਹੀ ਹੁੰਦੇ ਹਨ। ਪਰ ਫੇਰ ਖਿਆਲ ਆਇਆ ਕਿ ਮੈਂ ਤਾਂ ਇਸ ਗੱਲ ਨੂੰ ਸਮਝਦਾ ਹਾਂ ਪਰ ਮੇਰੇ ਮੁਰੀਦ ਤਾਂ ਇਸ ਗੱਲ ਨੂੰ ਬਿਲਕੁਲ ਹੀ ਨਹੀਂ ਸਮਝ ਸਕਦੇ। ਉਨ੍ਹਾਂ ਦੇ ਮਨਾਂ ਵਿਚ ਤਾਂ ਬਹੁਤ ਗਲਤਫਹਿਮੀ ਪੈ ਜਾਵੇਗੀ ਅਤੇ ਉਨ੍ਹਾਂ ਦਾ ਦਿਲ ਟੁੱਟ ਜਾਵੇਗਾ, ਜੇ ਮੈਂ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੇ ਚਰਨਾਂ ਤੇ ਢਹਿ ਕੇ ਬੇਨਤੀ ਕੀਤੀ ਕਿ ਮੈਨੂੰ ਅੱਲਾਹ ਦਾ ਵਸਲ ਕਰਾ ਦੇਵੋ।

ਇਹ ਦੁਚੁਤੀ ਕੁਦਰਤੀ ਹੈ ਕਿਉਂਕਿ ਆਦਮੀ ਦੇ ਅੰਦਰ ਕੁਝ ਅਜਿਹੀਆਂ ਭਾਵਨਾਵਾਂ ਹਨ, ਅਜਿਹੇ ਅਧਿਆਸ ਪੱਕੇ ਹੋਏ ਹਨ ਜਿਨ੍ਹਾਂ ਨੂੰ ਟੱਪ ਜਾਣਾ, ਮੇਟ ਦੇਣਾ ਉਸ ਦੇ ਵਸ ਤੋਂ ਬਾਹਰਲੀ ਗੱਲ ਹੋਇਆ ਕਰਦੀ ਹੈ। ਜਿਵੇਂ ਕਿ ਇਕ ਹਿੰਦੂ, ਹਿੰਦੂ ਹੀ ਹੈ, ਮੁਸਲਮਾਨ ਭੀ ਮੁਸਲਮਾਨ ਹੀ ਹੈ, ਸਿੱਖ, ਸਿੱਖ ਹੀ ਹੈ ਇਹ ਕੰਧਾਂ ਅਗਿਆਨਤਾ ਕਰਕੇ ਹਨ, ਗੁਰਮਤਿ ਦਾ ਸਿਧਾਂਤ ਤਾਂ ਇਹ ਹੈ ਕਿ ਅਸੀਂ ਪੰਜਾਂ ਤੱਤਾਂ ਤੋਂ ਬਣੇ ਪੁਤਲੇ ਹਾਂ। ਪੰਜਾਂ ਤੱਤਾਂ ਦੀ ਕੋਈ ਜਾਤ ਨਹੀਂ ਹੈ, ਅਸਾਡੀ ਭੀ ਕੋਈ ਜਾਤ ਨਹੀਂ ਹੈ। ਜੇ ਦਮ ਆ ਗਿਆ ਤਾਂ ਆ-ਦਮੀ ਜੇ ਨਾ ਆਇਆ ਤਾਂ ਮੁਰਦੇ ਹਾਂ।

ਪੀਰ ਬੁੱਲੇਸ਼ਾਹ ਪਹੁੰਚੀ ਹੋਈ ਰੂਹ ਸਨ, ਆਪ ਸਯੱਦ ਹੁੰਦੇ ਹੋਏ ਅਨਾਇਤ ਸ਼ਾਹ ਦੀ ਸ਼ਰਨ ਆਏ, ਸਯੱਦ ਇਸਲਾਮ ਵਿਚ ਇਕ ਬੜੀ ਉਚੀ ਜ਼ਾਤ ਹੈ, ਜਿਸ ਤਰ੍ਹਾਂ ਹਿੰਦੂਆਂ ਵਿਚ ਬ੍ਰਾਹਮਣ ਨੂੰ ਗਿਣਿਆ ਜਾਂਦਾ ਹੈ। ਅਨਾਇਤ ਸ਼ਾਹ ਜੀ ਅਰਾਈਂ ਸਨ। ਸਯੱਦ ਹੋ ਕੇ ਉਨ੍ਹਾਂ ਨੇ ਲੋਕ ਲਾਜ, ਜਾਤ ਪਾਤ ਦੀ ਪ੍ਰਵਾਹ ਨਾ ਕਰਦੇ ਹੋਏ ਪੀਰ ਅਨਾਇਤ ਸ਼ਾਹ ਨੂੰ ਆਪਣਾ ਮੁਰਸ਼ਦ ਬਣਾਇਆ ਅਤੇ ਤਨ ਮਨ ਸਭ ਕੁਝ ਅਰਪਣ ਕਰਕੇ ਐਨੀ ਸੇਵਾ ਕੀਤੀ ਕਿ ਪੀਰ ਜੀ ਨੂੰ ਪ੍ਰਸੰਨ ਕਰ ਲਿਆ। ਉਨ੍ਹਾਂ ਨੇ ਆਪਣਾ ਪੀਤਾ ਹੋਇਆ ਪਾਣੀ ਦਾ ਜੋ ਭਾਗ ਬਚਿਆ ਸੀ ਉਹ ਆਪ ਨੇ ਬੁੱਲੇ ਸ਼ਾਹ ਨੂੰ ਪੀਣ ਲਈ ਦੇ ਦਿਤਾ। ਇਸ ਸ਼ੀਤ ਪ੍ਰਸ਼ਾਦ ਵਿਚ ਐਨੀ ਸ਼ਕਤੀ ਸੀ ਕਿ ਪੀਂਦੇ ਸਾਰ ਹੀ ਉਸ ਦੇ ਅੰਦਰ ਪ੍ਰਕਾਸ਼ ਹੋ ਗਿਆ, ਕਪਾਟ ਖੁਲ੍ਹ ਗਏ ਅਤੇ ਰਿੱਧੀ ਸਿੱਧੀ ਦਾ ਐਨਾ ਵੱਡਾ ਹੁਲਾਰਾ ਵਜਿਆ ਜੋ ਉਸ ਤੋਂ ਸਾਂਭਿਆ ਨਹੀਂ ਸੀ ਜਾਂਦਾ। ਉਸ ਨੂੰ ਜਰਨਾ ਮੁਸ਼ਕਲ ਹੋ ਗਿਆ। ਕੁਝ ਦਿਨ ਪਿਛੋਂ ਪੀਰ ਜੀ ਨੇ ਉਸ ਨੂੰ ਆਪਣੇ ਇਕ ਮਿਤ੍ਰ ਪੀਰ ਪਾਸ ਭੇਜ ਦਿਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਮਿਲ ਕੇ ਵਾਪਸ ਆਉਣਾ ਹੈ। ਪੀਰ ਬੁੱਲੇਸ਼ਾਹ ਉਸ ਪੀਰ ਕੋਲ ਗਿਆ ਪਰ ਬਹੁਤ ਇਕੱਠ ਹੋਣ ਕਰਕੇ ਕਾਫੀ ਸਮੇਂ ਬਾਦ ਪੀਰ ਮਿਲਿਆ, ਗੱਲਬਾਤ ਪਿਛੋਂ ਉਸ ਨੇ ਵਾਪਸ ਮੁੜਨਾ ਸੀ ਕਿਉਂਕਿ ਪੀਰ ਅਨਾਇਤ ਸ਼ਾਹ ਦਾ ਹੁਕਮ ਹੀ ਐਸਾ ਸੀ। ਜਦੋਂ ਵਾਪਸ ਮੁੜਿਆ ਤਾਂ ਉਥੇ ਖੇਤਾਂ ਵਿਚ ਇਕ ਸੁੰਨੀ ਕੰਧ ਖੜ੍ਹੀ ਸੀ ਜਿਸ ਤੋਂ ਛੱਤ ਢਹਿ ਕੇ ਹੇਠਾਂ ਗਿਰ ਚੁਕੀ ਸੀ। ਉਸਦੀਆਂ ਜੜ੍ਹਾਂ ਹਿੱਲ ਚੁਕੀਆਂ ਸਨ। ਪੀਰ ਬੁਲ੍ਹੇਸ਼ਾਹ ਨੇ ਕੰਧ ਉਪਰ ਸਵਾਰੀ ਕਰ ਲਈ ਅਤੇ ਕਿਹਾ ਕਿ ਹੇ ਮੇਰੀ ਘੋੜੀ! ਮੈਨੂੰ ਛੇਤੀ ਤੋਂ ਛੇਤੀ ਵਾਪਸ ਲੈ ਚਲ। ਦੂਸਰੇ ਦਿਨ ਪੀਰ ਅਨਾਇਤ ਸ਼ਾਹ ਨੇ ਪੁਛਿਆ ਕਿ ਤੂੰ ਕਿਵੇਂ ਐਨੀ ਛੇਤੀ ਮੁੜ ਆਇਆ? ਸਾਰਾ ਹਾਲ ਦਸਿਆ, ਹਾਲ ਦੱਸਣ ਉਪਰੰਤ ਉਸ ਨੇ ਦਸਿਆ ਕਿ ਮਹਾਰਾਜ! ਮੈਂ ਆਪ ਜੀ ਦੀ ਬਖਸ਼ੀ ਹੋਈ ਸ਼ਕਤੀ ਨਾਲ ਕੰਧ ਉਪਰ ਸਵਾਰ ਹੋ ਗਿਆ ਤੇ ਉਹ ਮੈਨੂੰ ਘੋੜੀ ਨਾਲੋਂ ਵੀ ਤੇਜ਼ ਇਥੇ ਲੈ ਆਈ। ਪੀਰ ਜੀ ਨੇ ਸਮਝ ਲਿਆ ਕਿ ਇਹ ਅਜੇ ਅਧਿਕਾਰੀ ਨਹੀਂ ਸੀ ਪਰ ਇਸ ਨੂੰ ਹੱਦੋਂ ਵੱਧ ਤਾਕਤ ਮਿਲ ਗਈ ਹੈ ਜਿਸ ਨੂੰ ਇਹ ਜਰ ਨਹੀਂ ਸਕਿਆ। ਉਸ ਨੇ ਸਾਰੀ ਸ਼ਕਤੀ ਖਿੱਚ ਲਈ, ਬੁੱਲ੍ਹੇਸ਼ਾਹ ਖਾਲੀ ਹੋ ਗਿਆ। ਉਸ ਪਿਛੋਂ 12 ਸਾਲ ਇਕ ਰਸ ਸੇਵਾ ਕਰਨ ਪਿਛੋਂ ਪੀਰ ਨੂੰ ਫੇਰ ਪ੍ਰਸੰਨ ਕਰ ਲਿਆ। ਉਸ ਨੇ ਕਿਹਾ ਕਿ ਹੁਣ ਤੂੰ ਕਸੂਰ ਨੂੰ ਜਾਹ ਤੇ ਉਥੇ ਹੀ ਮਜਲਸ ਲਗਾ ਕੇ ਜਗਿਆਸੂਆਂ ਨੂੰ ਸੱਚਾ ਰਾਹ ਦਿਖਾ। ਬੁਲ੍ਹੇਸ਼ਾਹ ਦੀ ਬਹੁਤ ਮਾਨਤਾ ਵਧ ਗਈ ਕਿਉਂਕਿ ਉਥੇ ਹਰ ਤਰ੍ਹਾਂ ਦੀਆਂ ਇਛਾਵਾਂ ਪੂਰਨ ਹੋਣ ਲੱਗੀਆਂ, ਉਨ੍ਹਾਂ ਦਾ ਬਚਨ ਸਤਿ ਹੋ ਰਿਹਾ ਸੀ। ਬਿਮਾਰ ਲੋਕ ਰਾਜ਼ੀ ਹੋ ਰਹੇ ਸਨ, ਭੂਤਾਂ, ਪ੍ਰੇਤਾਂ ਦੇ ਸਾਏ ਵਾਲੇ ਉਥੇ ਦੀ ਚਰਨ ਧੂੜ ਮੱਥੇ ਨਾਲ ਲਗਾ ਕੇ ਰਾਜ਼ੀ ਹੋ ਜਾਂਦੇ ਸਨ। ਬਹੁਤ ਮਾਨਤਾ ਵਧ ਗਈ।

ਪੀਰ ਅਨਾਇਤ ਸ਼ਾਹ ਨੇ ਫੇਰ ਪਰਖਣ ਲਈ ਆਪਣੇ ਵੱਡੇ ਪੁੱਤਰ ਨੂੰ ਭੇਜਿਆ ਕਿ ਜਾ ਕੇ ਪੀਰ ਬੁੱਲ੍ਹੇ ਸ਼ਾਹ ਦੀ ਖਬਰ ਲੈ ਕੇ ਆਓ। ਸਾਰੀ ਗੱਲ ਖੋਲ੍ਹ ਕੇ ਦੱਸੋ। ਪੁੱਤਰ ਨੇ ਆ ਕੇ ਦਸਿਆ ਕਿ ਹੇ ਪੀਰ ਅੱਬਾ ਜਾਨ! ਉਹ ਬਹੁਤ ਹੀ ਆਜ਼ਜ਼ੀ ਨਾਲ ਮੈਨੂੰ ਮਿਲਿਆ, ਮੇਰੀ ਬਹੁਤ ਸੇਵਾ ਕੀਤੀ ਅਤੇ ਮੈਨੂੰ ਪੂਰੇ ਸਤਿਕਾਰ ਨਾਲ ਵਿਦਾ ਕੀਤਾ। ਪੀਰ ਅਨਾਇਤ ਨੇ ਪੁਛਿਆ ਕਿ

ਐਉਂ ਦੱਸ ਕਿ ਜਦੋਂ ਤੂੰ ਵਾਪਸ ਆ ਰਿਹਾ ਸੀ ਤਾਂ ਤੈਨੂੰ ਵਿਦਾ ਕਰਨ ਵੇਲੇ ਉਹ ਆਪਣੇ ਆਸਣ ਤੋਂ ਉਠਿਆ ਸੀ ਜਾਂ ਨਹੀਂ। ਤੇਰੇ ਨਾਲ ਚੱਲ ਕੇ ਬਸਤੀ ਦੀ ਹੱਦ ਤੋਂ ਬਾਹਰ ਆਇਆ ਸੀ ਜਾਂ ਨਹੀਂ। ਉਸ ਨੇ ਕਿਹਾ ਕਿ ਅੱਬਾ ਜਾਨ! ਉਹ ਬਹੁਤ ਹੀ ਮਸਰੂਫ ਸੀ, ਰੁਝਿਆ ਹੋਇਆ ਸੀ ਬਹੁਤ ਸਾਰੇ ਮੁਰੀਦ ਉਸ ਦੇ ਦੁਆਲੇ ਬੈਠੇ ਸਨ ਤੇ ਇਕ-ਇਕ ਦਾ ਜਵਾਬ ਉਹ ਦੇਈ ਜਾ ਰਹੇ ਸਨ, ਉਨ੍ਹਾਂ ਨੇ ਮਸਨਦ (ਗੱਦੀ) ਤੇ ਬੈਠਿਆਂ ਹੀ ਮੈਨੂੰ ਅਲਵਿਦਾ ਕਹੀ ਅਤੇ ਕਿਹਾ ਕਿ ਪੀਰ ਜੀ ਨੂੰ ਮੇਰੀ ਡੰਡਉਤ ਬੰਦਨਾ ਕਰਨੀ ਅਤੇ ਕਹਿਣਾ ਕਿ ਮੇਰੇ ਉਤੇ ਨਜ਼ਰ-ਏ-ਮਿਹਰ ਰੱਖਣ। ਮੈਂ ਉਨ੍ਹਾਂ ਦਾ ਗੁਲਾਮ ਹਾਂ।

ਪੀਰ ਅਨਆਇਤ ਸ਼ਾਹ ਨੇ ਉਸੇ ਵੇਲੇ ਜਾਣ ਲਿਆ ਕਿ ਬੁਲ੍ਹਸ਼ਾਹ ਪੀਰ, ਮੁਰੀਦੀ ਦੇ ਪੁੱਠੇ ਚੱਕਰ ਵਿਚ ਫਸ ਗਿਆ ਹੈ। ਆਪਣੀ ਹੋਂਦ ਕੁਝ ਅਲਾਹਿਦਾ ਤੌਰ ਤੇ ਮਹਿਸੂਸ ਕਰ ਰਿਹਾ ਹੈ। ਉਸੇ ਵੇਲੇ ਉਨ੍ਹਾਂ ਨੇ ਉਸ ਦੀਆਂ ਸਾਰੀਆਂ ਸ਼ਕਤੀਆਂ ਖਿੱਚ ਲਈਆਂ ਅਤੇ ਬੁਲ੍ਹੇਸ਼ਾਹ ਖਾਲੀ ਹੋ ਗਿਆ। ਇਸ ਗਲਤੀ ਨੂੰ ਦੁਰਸਤ ਕਰਾਉਣ ਲਈ ਉਸ ਨੂੰ ਨਚਣਾ ਤੇ ਗਾਉਣਾ ਪਿਆ ਅਤੇ ਪੀਰ ਤੋਂ 300 ਗਜ਼ ਦੀ ਦੂਰੀ ਤੇ ਰਹਿਣਾ ਪਿਆ।

ਇਸੇ ਤਰ੍ਹਾਂ ਦੀ ਗੱਲ ਪੀਰ ਬੁੱਧੂ ਸ਼ਾਹ ਦੇ ਅੰਦਰ ਚੱਕਰ ਲਗਾ ਰਹੀ ਸੀ। ਉਹ ਇਕ ਮੰਨਿਆ ਦੰਨਿਆ ਪੀਰ ਸੀ, ਫੇਰ ਜਾਗੀਰਦਾਰ ਸੀ। ਇਸ ਤੋਂ ਇਲਾਵਾ ਲੰਗਰ ਵੀ ਚਲਾ ਰਿਹਾ ਸੀ। ਸਾਰੇ ਲੋਕਾਂ ਵਿਚ ਹਰਮਨ ਪਿਆਰੇ ਸੀ, ਫੇਰ ਉਹ ਬਜ਼ੁਰਗ ਸੀ, ਧੌਲੀ ਦਾਹੜੀ ਉਨ੍ਹਾਂ ਦੀ ਬਜ਼ੁਰਗੀ ਨੂੰ ਪਰਤੱਖ ਤੌਰ ਤੇ ਪ੍ਰਗਟ ਕਰ ਰਹੀ ਸੀ, ਪਰ ਉਨ੍ਹਾਂ ਦਾ ਮਨ ਪੀਰੀ ਮੁਰੀਦੀ ਦੇ ਚੱਕਰ ਵਿਚ ਆਇਆ ਹੋਇਆ, ਆਪਾ ਮਿਟਾਉਣ ਨੂੰ ਤਿਆਰ ਨਹੀਂ ਸੀ ਹੋ ਰਿਹਾ।

ਗੁਰੂ ਮਹਾਰਾਜ ਜੀ ਦਰਬਾਰ ਲਾਈਂ ਬੈਠੇ ਸਨ, ਇਸ ਨੇ ਦੂਰੋਂ ਦਰਸ਼ਨ ਕੀਤੇ, ਸੀਸ ਉਪਰ ਕਲਗੀ ਝਿਲਮਿਲ-ਝਿਲਮਿਲ ਕਰਕੇ ਪ੍ਰਕਾਸ਼ ਦੀਆਂ ਕਿਰਨਾਂ ਦੂਰ-ਦਰਾਜ਼ ਤਕ ਸੁੱਟ ਰਹੀ ਸੀ, ਉਸ ਨੇ ਅੱਜ ਤਕ ਨਹੀਂ ਸੀ ਤੱਕਿਆ ਕਿ ਐਨਾ ਨੂਰਾਨੀ ਚੇਹਰਾ, ਐਨਾ ਸੁੰਦਰ ਖਿਚਾਂ ਪਾਉਣ ਵਾਲਾ ਰੂਪ ਕਿ ਦੇਖਦੇ ਸਾਰ ਖਿੱਚ ਲੈਣ ਵਾਲਾ ਚਿਹਰਾ ਵੀ ਸੰਸਾਰ ਵਿਚ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦੇ ਦਰਸ਼ਨ ਕਰਦੇ ਸਾਰ ਖਿੱਚ ਖਾ ਗਿਆ ਅਤੇ ਮਨ ਵਿਚ ਆਇਆ ਕਿ ਜਦੋਂ ਤਕ ਮੈਨੂੰ ਅੱਲਾਹ ਦਾ ਦਰਸ਼ਨ ਨਾ ਕਰਾ ਦੇਣ, ਮੈਂ ਚਰਨਾਂ ਵਿਚੋਂ ਨਹੀਂ ਉਠਣਾ। ਮੈਂ ਇਨ੍ਹਾਂ ਦੇ ਚਰਨਾਂ ਵਿਚ ਲਿਟਣ ਲਗ ਜਾਣਾ ਹੈ, ਦਰਸ਼ਨ ਕਰਕੇ ਠੰਢ ਦੀ ਲਹਿਰ ਕਣ-ਕਣ ਵਿਚੋਂ ਨਿਕਲ ਰਹੀ ਸੀ ਪਰ ਪੀਰੀ ਦਾ ਸੰਸਾ ਇਸ ਦੇ ਵਿਪਰੀਤ ਖੜ੍ਹਾ ਹੋ ਕੇ ਅਸਰ ਕਰ ਰਿਹਾ ਸੀ। ਅੰਦਰ ਹੀ ਕਹਿ ਰਿਹਾ ਸੀ ਕਿ ਮੈਂ ਇਕ ਪੀਰ ਹਾਂ, ਮੇਰੇ ਨਾਲ ਸੈਂਕੜੇ ਮੁਰੀਦ ਹਨ। ਜੇ ਮੈਂ ਚਰਨਾਂ ਤੇ ਢਹਿ ਪਿਆ ਤਾਂ ਮੇਰੇ ਮੁਰੀਦਾਂ ਦੇ ਮਨ ਵਿਚ ਬਹੁਤ ਮਾੜਾ ਅਸਰ ਹੋਵੇਗਾ। ਮੇਰੇ ਮੁਰੀਦ ਮੇਰੇ ਨਾਲ ਵੀ ਤੇ ਗੁਰੂ ਸਾਹਿਬ ਨਾਲ ਵੀ ਗਿਲਾਨੀ ਕਰਨਗੇ ਅਤੇ ਮਹਿਸੂਸ ਕਰਨਗੇ ਕਿ ਮੈਂ ਮੁਸਲਮਾਨ ਹੋ ਕੇ ਹਿੰਦੂ ਦੇ ਚਰਨਾਂ ਵਿਚ ਲਿਟ ਰਿਹਾ ਹਾਂ। ਇਹ ਸ਼ੈਤਾਨੀ ਵਿਚਾਰਾਂ ਮਨ ਵਿਚ ਉਠ ਖੜ੍ਹੀਆਂ ਹੋਈਆਂ। ਸਾਰੀਆਂ ਪੁਨਰ ਵਿਚਾਰਾਂ ਨੂੰ ਢਕ ਲਿਆ ਅਤੇ ਇਕ ਸੈਕਿੰਡ ਦੇ ਅੰਦਰ ਬੇਅੰਤ ਤਸਵੀਰਾਂ ਭੂਤ ਕਾਲ ਦੀਆਂ ਲੰਘ ਗਈਆਂ ਕਿ ਮੇਰੇ ਪਾਸ ਆ ਕੇ ਤਾਂ ਮੁਰੀਦ ਕ੍ਰਿਪਾ ਦੇ ਪਾਤਰ ਹੁੰਦੇ ਹਨ। ਫਕੀਰ, ਜੋਗੀ ਨਮਸ਼ਕਾਰਾਂ ਕਰਦੇ ਹਨ ਅਤੇ ਖਿਆਲ ਕੀਤਾ ਕਿ ਮੈਨੂੰ ਪਤਾ ਹੈ ਕਿ ਇੰਦ੍ਰਿਆਂ ਨੂੰ ਸੱਤਾ ਮਨ ਦਿੰਦਾ ਹੈ। ਮਨ ਦਿਸਣ ਵਾਲੇ ਪਦਾਰਥਾਂ ਵਲ ਰੁਖ ਰਖਦਾ ਹੈ, ਇੰਦ੍ਰੇ ਮਨ ਦੀ ਸਤੱਾ ਬਿਨਾਂ ਜੜ੍ਹ ਹਨ। ਮਨ ਇਕ ਪਾਸੇ ਇੰਦ੍ਰਿਆਂ ਨਾਲ ਸਬੰਧ ਰਖਦਾ ਹੈ ਪਰ ਦੂਜੇ ਪਾਸੇ ਕੋਈ ਅਣਜਾਣੀ ਸਤਿਅ ਹੈ ਜਿਸ ਨਾਲ ਮਨ ਦਾ ਮੇਲ ਹੈ, ਉਹ ਸਤਿਆ ਜੇ ਮਨ ਹੀ ਹੈ ਤਾਂ ਫੇਰ 'ਮੇਰੀ' ਜਾਣੀ ਹੋਈ ਹੀ ਗੱਲ ਹੈ ਪਰ ਜੇ ਉਹ ਸੱਤਾ ਹੋਰ ਹੈ, ਤਾਂ ਮਨ ਅਤੇ ਉਹ ਸੱਤਾ ਆਪਸ ਵਿਚ ਅਭੇਦ ਹਨ। ਦੋਹਾਂ ਦਾ ਇਹ ਭੇਤ ਖੁਲ੍ਹਦਾ ਨਹੀਂ ਹੈ ਅਤੇ ਅਲੱਗ ਵੀ ਪ੍ਰਤੀਤ ਨਹੀਂ ਹੁੰਦਾ। ਇਹ ਗੰਢ ਖੁਲ੍ਹੇ ਬਿਨਾਂ ਸਮਾਧੀ ਨਹੀਂ ਲਗ ਸਕਦੀ। ਇਹ ਅਵਸਥਾ ਉਸ ਉਪਰ ਆਉਂਦੀ ਨਹੀਂ ਸੀ, ਆਪਣੇ ਆਪ ਤੋਂ ਕੁਛ ਹੁੰਦਾ ਨਹੀਂ

ਸੀ ਅਤੇ ਖਿਆਲ ਕਰਦਾ ਰਹਿੰਦਾ ਸੀ, ਕੋਈ ਮਿਲੇ ਚਾਹੇ ਕੋਈ ਹੋਵੇ ਜੋ ਇਸ ਭੇਤ ਨੂੰ ਹੱਲ ਕਰ ਦੇਵੇ। ਆਤਮਾ ਦੀ ਵਿਦਿਆ ਹਿੰਦੂ ਸਾਧੂਆਂ ਤੋਂ ਸੁਣਦਾ ਰਹਿੰਦਾ ਸੀ, ਆਤਮਾ ਹੀ ਦਾ ਬ੍ਰਹਮਗਿਆਨ ਬੜੀ ਚੰਗੀ ਤਰ੍ਹਾਂ ਸੁਣਿਆ ਕਰਦਾ ਸੀ ਪਰ ਪਰਤੱਖ ਰੂਪ ਵਿਚ ਇਹ ਗੰਢ ਨਹੀਂ ਸੀ ਖੁਲ੍ਹਿਆ ਕਰਦੀ। ਮਨ ਵਿਚ ਖਿਆਲ ਆ ਰਿਹਾ ਸੀ ਕਿ ਕੀ ਜਾਣੀਏ ਕਿ ਗੁਰੂ ਗੋਬਿੰਦ ਸਿੰਘ ਜੀ ਕੋਈ ਪ੍ਰਮ ਜੋਤੀ ਹੋਣ ਜੋ ਮੇਰਾ ਮਸਲਾ ਹੱਲ ਕਰ ਦੇਣ। ਜਾਂਦਿਆਂ-ਜਾਂਦਿਆਂ ਗੁਰੂ ਮਹਾਰਾਜ ਜੀ ਦੇ ਦਰਬਾਰ ਦਾ ਦ੍ਰਿਸ਼ ਸਾਮ੍ਹਣੇ ਆਇਆ। ਇਕ ਪਾਸੇ ਯੋਧੇ ਸ਼ਸ਼ਤਰਧਾਰੀ ਸ਼ਸ਼ੋਭਤ ਹਨ। ਗੁਰੂ ਮਹਾਰਾਜ ਜੀ ਸ਼ਾਹੀ ਠਾਠ ਨਾਲ ਮਸਨਦ (ਗੱਦੀ) ਤੇ ਬਿਰਾਜੇ ਹੋਏ ਸਨ, ਕੋਲ ਜਾ ਕੇ ਜਦੋਂ ਆਪਣਾ ਸੀਸ ਨਿਵਾਉਣ ਲੱਗਿਆ ਤਾਂ ਇਕ ਦਮ ਖਿਆਲ ਆਇਆ ਕਿ ਮੈਂ ਵੀ ਪੀਰ ਹਾਂ, ਝੁਕਦੇ ਝੁਕਾਉਂਦੇ ਨੇ ਆਪਣਾ ਸੀਸ ਰੋਕ ਲਿਆ ਅਤੇ ਗੁਰੂ ਮਹਾਰਾਜ ਨਾਲ ਆਪਣਾ ਹੱਥ ਮਿਲਾਇਆ। ਗੁਰੂ ਮਹਾਰਾਜ ਜੀ ਵੀ ਸਾਰੀ ਗੱਲ ਸਮਝ ਚੁੱਕੇ ਸਨ ਅਤੇ ਉਨ੍ਹਾਂ ਨੇ ਵੀ ਪੋਲਾ ਜਿਹਾ ਹੱਥ ਮਿਲਾਇਆ ਅਤੇ ਪੀਰ ਨੂੰ ਪਾਸ ਹੀ ਬਿਠਾ ਲਿਆ। ਥੋੜ੍ਹਾ ਸਸਤਾਉਣ ਤੋਂ ਬਾਦ ਗੁਰੂ ਮਹਾਰਾਜ ਜੀ ਨੇ ਪੀਰ ਨੂੰ ਇਥੇ ਆ ਕੇ ਦਰਸ਼ਨ ਦੇਣ ਦਾ ਕਾਰਨ ਪੁਛਿਆ ਤਾਂ ਬੁੱਧੂਸ਼ਾਹ ਬੋਲਿਆ, "ਪੀਰ ਜੀ, ਮੇਰੇ ਮਨ ਵਿਚ ਅੱਲਾਹ ਦੇ ਵਸਲ ਦੀ ਬਹੁਤ ਤੀਬਰ ਇੱਛਾ ਹੈ। ਕ੍ਰਿਪਾ ਕਰਕੇ ਦੱਸੋ ਕਿ ਜੀਵ ਅਤੇ ਅੱਲਾਹ ਦਾ ਵਸਲ ਕਿਵੇਂ ਹੋਵੇ?

ਗੁਰੂ ਜੀ! "ਜਿਵੇਂ ਰਾਤ ਨੂੰ ਦਿਨ ਦਾ ਵਸਲ।"

ਇਹ ਸੁਣ ਕੇ ਬੁੱਧੂ ਸ਼ਾਹ ਸੋਚੀਂ ਪੈ ਗਿਆ ਕਿ ਗੁਰੂ ਜੀ ਦਾ ਜਵਾਬ ਕਿੰਨਾ ਛੋਟਾ ਹੈ ਪਰ ਹੈ ਸੂਤਰ ਰੂਪ ਵਿਚ, ਬੁੱਧੂਸ਼ਾਹ ਸੋਚੀ ਜਾਂਦਾ ਹੈ ਕਿ ਰਾਤ ਦਾ ਤਾਂ ਕਦੇ ਵੀ ਦਿਨ ਨਾਲ ਮੇਲ ਨਹੀਂ ਹੋਇਆ, ਰਾਤ ਰਹਿੰਦੀ ਹੀ ਨਹੀਂ ਜੇ ਦਿਨ ਚੜ੍ਹ ਜਾਵੇ ਤਾਂ ਮੇਲ ਕਿਵੇਂ ਹੋਇਆ? ਇਹ ਤਾਂ ਕਦੇ ਵੀ ਮੇਲ ਨਹੀਂ ਹੋ ਸਕਦਾ ਕਿਉਂਕਿ ਰਾਤ, ਰਾਤ ਹੀ ਹੈ; ਦਿਨ, ਦਿਨ ਹੀ ਹੈ। ਦੋਨੋਂ ਕਦੇ ਵੀ ਇਕੱਠੇ ਨਹੀਂ ਹੁੰਦੇ। ਗੁਰੂ ਮਹਾਰਾਜ ਜੀ ਉਸ ਦੇ ਚਿਹਰੇ ਵਲ ਤਕ ਰਹੇ ਸਨ ਅਤੇ ਉਸ ਦੇ ਸੰਸੇ ਨੂੰ ਚੰਗੀ ਤਰ੍ਹਾਂ ਸਮਝ ਰਹੇ ਸਨ ਅਤੇ ਕਹਿਣ ਲੱਗੇ ਕਿ ਸ਼ਾਹ ਜੀ! ਬਿਲਕੁਲ ਠੀਕ ਸੋਚ ਰਹੇ ਹੋਂ।

ਸ਼ਾਹ ਜੀ ਨੇ ਕਿਹਾ, "ਕਿਵੇਂ?"

ਗੁਰੂ ਜੀ! "ਜਿਵੇਂ ਤੁਸੀਂ ਸਮਝੇ ਹੋਂ?"

ਸ਼ਾਹ ਜੀ ਦੇ ਨਾਲ ਆਪਣੇ ਮੁਰੀਦ ਸਨ ਇਸ ਲਈ ਉਨ੍ਹਾਂ ਦੇ ਸਾਮ੍ਹਣੇ ਇਹ ਵੀ ਨਹੀਂ ਸੀ ਕਹਿ ਸਕਦਾ ਕਿ ਮੈਂ ਆਪ ਦਾ ਆਸ਼ਾ ਸਮਝਿਆ ਨਹੀਂ ਹਾਂ ਪਰ ਅਖੀਰ ਕਹਿਣਾ ਪਿਆ ਕਿ ਗੁਰੂ ਜੀ! ਦਿਨ ਅਤੇ ਰਾਤ ਦਾ ਕੈਸਾ ਮੇਲ? ਜਦੋਂ ਦਿਨ ਚੜ੍ਹ ਜਾਂਦਾ ਹੈ ਤਾਂ ਰਾਤ ਖਤਮ ਹੋ ਜਾਂਦੀ ਹੈ ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਸ਼ਾਹ ਜੀ! ਇਸ ਜੀਵ ਦੇ ਅੰਦਰ ਹੰਗਤਾ ਅਤੇ ਮਮਤਾ ਦੀ ਰਾਤ ਪਈ ਹੋਈ ਹੈ। ਜਿਸ ਨੂੰ 'ਮੈਂ' ਆਖਦੇ ਹਨ, 'ਮੈਂ' ਦੇ ਹੁੰਦਿਆਂ, ਹਨ੍ਹੇਰਾ ਹੈ ਪਰ ਜਦੋਂ ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਹਨ੍ਹੇਰਾ ਦੂਰ ਹੋ ਜਾਂਦਾ ਹੈ, ਮਤਲਬ ਕਿ ਸੱਚ ਦੇ ਪ੍ਰਕਾਸ਼ਿਆਂ, ਝੂਠੀ ਮੈਂ ਮਰ ਜਾਂਦੀ ਹੈ, ਸੱਚ ਸਦਾ ਜਿਉਂਦਾ ਹੈ, ਮੈਂ ਨਹੀਂ ਰਹਿੰਦੀ। ਸਤਿ ਅਵਸਥਾ ਪ੍ਰਗਟ ਹੋ ਜਾਇਆ ਕਰਦੀ ਹੈ। ਇਹ ਗੱਲ ਪੀਰ ਬੁੱਧੂਸ਼ਾਹ ਦੀ ਸਮਝ ਵਿਚ ਨਾ ਆਈ, ਉਸ ਨੇ ਆਪਣੇ ਹਿਸਾਬ ਨਾਲ ਹੀ ਕਿਹਾ ਕਿ ਗੁਰੂ ਜੀ! ਫਿਰ ਰੂਹ ਅਤੇ ਖੁਦਾ ਦਾ ਵਸਲ ਕਿਵੇਂ ਹੋਇਆ? ਗੁਰੂ ਜੀ ਨੇ ਕਿਹਾ ਹਾਂ, ਠੀਕ ਹੈ।

ਬੁੱਧੂ ਸ਼ਾਹ ਨੇ ਕਿਹਾ, "ਹਜ਼ੂਰ! ਕੈਸੇ ਠੀਕ ਹੈ?"

"ਜੈਸੇ ਤੁਸੀਂ ਸਮਝੇ ਹੋਂ ਪੀਰ ਜੀ!

ਬੁੱਧੂਸ਼ਾਹ ਨੇ ਆਪਣੇ ਮੁਰੀਦਾਂ ਵਲ ਦੇਖਿਆ ਅਤੇ ਫੇਰ ਝਿਜਕ ਗਿਆ ਅਤੇ ਇਹ ਕਹਿਣ ਤੋਂ ਸੰਕੋਚ ਕਰਿਆ ਕਿ ਮੈਂ ਨਹੀਂ ਸਮਝਿਆ ਪਰ ਜਦੋਂ ਕੁਝ ਵੀ ਸਮਝ ਨਾ ਆਇਆ ਤਾਂ ਕਹਿਣਾ ਪਿਆ ਗੁਰੂ ਜੀ! ਅਜੇ ਤਕ ਮੈਂ ਆਪ ਦਾ ਭਾਵ ਨਹੀਂ ਸਮਝਿਆ, ਮੈਨੂੰ ਖੋਲ੍ਹ ਕੇ ਸਮਝਾਓ। ਦਿਨ ਚੜ੍ਹਨ ਤੇ ਰਾਤ ਰਹਿੰਦੀ ਹੀ ਨਹੀਂ, ਨਵਿਰਤ ਹੋ ਜਾਂਦੀ ਹੈ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਇਸੇ ਤਰ੍ਹਾਂ ਖੁਦਾ ਦੇ ਦਰਸ਼ਨ ਹੋਣ ਤੇ ਝੂਠੀ 'ਮੈਂ' ਮਰ ਜਾਇਆ ਕਰਦੀ ਹੈ। ਇਸ ਦਾ ਮਤਲਬ ਇਹ

ਹੋਇਆ ਕਿ ਜੀਵ ਭਾਵ ਜੋ ਆਦਮੀ ਨੂੰ ਪੁਨਰ-ਪੁਨਰ ਜਨਮਾਂ ਦੇ ਪ੍ਰਭਾਵ ਕਰਕੇ ਸਦਾ ਹੀ ਰੱਬ ਨਾਲੋਂ ਤੋੜ ਕੇ ਰਖਦਾ ਹੈ ਜਦੋਂ ਇਹ ਮੈਂ ਭਾਵ ਦੂਰ ਹੋ ਜਾਂਦਾ ਹੈ, ਫੇਰ ਅਗਿਆਨ ਦੀ ਰਾਤ ਨਹੀਂ ਰਹਿੰਦੀ, ਗਿਆਨ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ ਅਤੇ ਸੱਚੀ ਮੈਂ ਦੇ ਦਰਸ਼ਨ ਹੋ ਜਾਂਦੇ ਹਨ।

ਆਪਣੇ ਆਪ ਨੂੰ ਜੀਵ ਸਮਝਣਾ ਇਸ ਤਰ੍ਹਾਂ ਹੈ ਜਿਵੇਂ ਕਿਸੇ ਲਟ-ਲਟ ਕਰਦੀ ਰੋਸ਼ਨੀ ਉਪਰ ਕਾਲਾ ਪੜ੍ਹਦਾ ਪਾ ਦਿਤਾ ਜਾਵੇ ਅਤੇ ਆਉਂਦੀ ਰੋਸ਼ਨੀ ਰੋਕ ਦਿਤਾ ਜਾਵੇ। ਖੁਦਾ ਦੇ ਦਰਸ਼ਨ ਵਿਚ ਇਹ ਜੀਵ ਭਾਵ ਸਮਝਣਾ ਹੀ ਬੜੀ ਭਾਰੀ ਰੁਕਾਵਟ ਹੈ। ਬੁੱਧੂਸ਼ਾਹ ਨੇ ਇਹ ਗੱਲ ਸੁਣ ਕੇ ਫੇਰ ਸੋਚਣਾ ਸ਼ੁਰੂ ਕਰ ਦਿਤਾ ਕਿ ਜੀਵ ਭਾਵ ਕੂੜ ਹੈ ਤਾਂ ਫੇਰ ਖੁਦਾ ਦੇ ਨਾਲ ਮੇਲ ਕਿਸਦਾ ਹੋਇਆ? ਉਸ ਨੇ ਇਹੀ ਸੰਸਾ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਪੇਸ਼ ਕਰ ਦਿਤਾ ਕਿ ਮਹਾਰਾਜ! ਜੇ ਜੀਵ ਭਾਵ ਹੀ ਕੂੜ ਹੈ, ਤਾਂ ਜੀਵ ਭਾਵ ਸਤਿ ਪ੍ਰਤੀਤ ਕਿਉਂ ਦੇ ਰਿਹਾ ਹੈ, ਬਿਲਕੁਲ ਸਤਿ ਲਗ ਰਿਹਾ ਹੈ। ਫੇਰ ਮੇਲ ਕਿਸਦਾ ਕਿਸ ਨਾਲ ਹੋਵੇਗਾ।

ਗੁਰੂ ਮਹਾਰਾਜ ਜੀ ਨੇ ਕਿਹਾ ਪੀਰ ਜੀ! ਇਹੀ ਮਨ ਦਾ ਹਨ੍ਹੇਰਾ ਹੈ, ਜੋ ਸਦਾ ਰਾਤ ਪਾਈ ਰਖਦਾ ਹੈ, ਜੀਵ ਮਿਥਿਆ ਹੈ ਇਸ ਦਾ ਕੋਈ ਅਸਿਸਤਤ੍ਵ ਨਹੀਂ ਹੈ, ਸੱਚ ਦੀ ਸਤੱਾ ਪੈਣ ਦੇ ਨਾਲ ਇਹ ਜੀਵ ਭਾਵ ਪ੍ਰਤੀਤ ਦੇ ਰਿਹਾ ਹੈ। ਅਨੇਕਾਂ ਜਨਮਾਂ ਦਾ ਅਧਿਆਸ ਪੱਕ ਜਾਣ ਕਰਕੇ ਇਹ ਮੈਂ ਭਾਵ ਪ੍ਰਤੱਖ ਭਾਸਦਾ ਹੈ। ਲੱਖ ਸਮਝਾਉਣ ਉਪਰੰਤ ਵੀ ਸਤਿ ਹੀ ਪ੍ਰਤੀਤ ਦਿੰਦਾ ਹੈ। ਬ੍ਰਹਮ ਦੀ ਸਤੱਾ ਕਰਕੇ ਇਹ ਮਿਥਿਆ ਹੋਂਦ ਕਾਇਮ ਹੈ। ਦੇਖੋ ਮਟਕ ਚਾਨਣਾ ਹੋਵੇ, ਧਰਤੀ ਤੇ ਕੋਈ ਰੱਸੀ ਪਈ ਹੋਵੇ, ਪੂਰੀ ਤਰ੍ਹਾਂ ਨਿਰਣਾ ਨਾ ਹੋ ਸਕੇ, ਤਾਂ ਭਰਮ ਪੈ ਜਾਂਦਾ ਹੈ ਕਿ ਇਹ ਕੋਈ ਖਤਰਨਾਕ ਸਰਪ ਪਿਆ ਹੈ। ਰੱਸੀ ਵਿਚ ਤਿੰਨ ਕਾਲ ਕਦੇ ਵੀ ਸਰਪ ਨਹੀਂ ਹੋ ਸਕਦਾ ਪਰ ਸਰਪ ਦਾ ਅਧਿਆਸ ਹੋਣ ਕਰਕੇ, ਉਸ ਦਾ ਡਰ ਆਦਮੀ ਦੇ ਮਨ ਵਿਚ ਬੈਠਾ ਹੋਇਆ ਹੈ। ਉਸੇ ਸ਼ਕਲ ਦੀ ਕੋਈ ਹੋਰ ਚੀਜ਼ ਪਈ ਹੋਵੇ ਤਾਂ ਉਹ ਉਸਨੂੰ ਸੱਪ ਹੀ ਜਾਣਦਾ ਹੈ। ਪਰ ਜਦੋਂ ਚਾਨਣਾ ਹੁੰਦਾ ਹੈ ਉਸ ਸਮੇਂ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਪਈ ਸੀ।

ਮਨ ਵਿਚ ਸਤਿ ਦਾ ਪ੍ਰਕਾਸ਼ ਹੋਣ ਤੇ ਸਤਿ ਦਾ ਪਤਾ ਲਗ ਜਾਂਦਾ ਹੈ। ਇਸੇ ਤਰ੍ਹਾਂ ਨਾਲ ਜੀਵ ਭਾਵ ਮਿਥਿਆ ਹੈ, ਆਤਮਾ ਵਿਚ ਸਤਿ ਦਾ ਯਾਨਿ ਕਿ ਸਾਖੀ ਚੇਤਨ ਵਿਚ ਜੀਵ ਭਾਵ ਤਿੰਨ ਕਾਲ ਹੈ ਹੀ ਨਹੀਂ। ਇਸ ਕਰਕੇ ਜੀਵ ਭਾਵ ਮਿਥਿਆ ਹੈ, ਕੂੜ ਹੈ, ਸਾਖੀ ਸਤਿ ਹੈ। ਸਤਿ ਸਾਖੀ ਦਾ ਸਦਾ ਸਤਿ ਬ੍ਰਹਮ ਨਾਲ ਮੇਲ ਰਹਿੰਦਾਹੈ। ਸਾਖੀ ਚੇਤਨ ਆਤਮਾ ਦਾ ਬ੍ਰਹਮ ਨਾਲ ਕਦੇ ਵਿਛੋੜਾ ਹੀ ਨਹੀਂ ਹੁੰਦਾ। ਬੁੱਧੂਸ਼ਾਹ ਸੁਣ ਕੇ ਘਬਰਾ ਗਿਆ, ਉਸਦੀਆਂ ਸਾਰੀਆਂ ਮਨੌਤਾਂ ਢਹਿ ਢੇਰੀ ਹੁੰਦੀਆਂ ਪ੍ਰਤੀਤ ਦੇ ਰਹੀਆਂ ਸਨ। ਮੈਂ ਪੀਰ ਹਾਂ, ਵੱਡਾ ਜਾਗੀਰਦਾਰ ਹਾਂ, ਮੈਂ ਮੁਸਲਮਾਨ ਹਾਂ ਇਹ ਸਾਰੀਆਂ ਮਨੌਤਾਂ ਮਿਥਿਆ ਜੀਵ ਭਾਵ ਕਰਕੇ ਹਨ। ਬੁੱਧੂਸ਼ਾਹ ਸੰਸਿਆਂ ਵਿਚ ਘਿਰ ਗਿਆ, ਕੁਝ ਵੀ ਸਮਝ ਨਾ ਆਵੇ। ਉਸ ਵੇਲੇ ਘਬਰਾਅ ਕੇ ਕਹਿਣ ਲੱਗਿਆ ਕਿ ਗੁਰੂ ਜੀ! ਕੀ ਅਸੀਂ ਜੀਵ ਸਤਿ ਨਹੀਂ ਹਾਂ, ਕੀ ਜੀਵ ਮਿਥਿਆ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਬੁੱਧੂਸ਼ਾਹ! ਜਨਮਾਂ ਜਨਮਾਂਤਰਾਂ ਦੇ ਪੁਨਹ-ਪੁਨਹ (ਮੁੜ-ਮੁੜ ਕੇ) ਅਧਿਆਸ (ਸੋਚਾਂ ਤੇ ਮਿਥਿਆ ਮਨੌਤਾਂ) ਨਾਲ ਇਕ ਮਿਥਿਆ ਭਾਵਨਾ, ਪਰਛਾਵੇਂ ਵਾਂਗੂੰ ਹੈ, ਜੋ ਅਗਿਆਨ ਕਰਕੇ ਸਤਿ ਪ੍ਰਤੀਤ ਦਿੰਦੀ ਹੈ। ਜਿਸ ਕਰਕੇ ਇਸ ਵਿਚ 'ਮੈਂ' ਦੀ ਸੋਝੀ ਜਾਗ ਪੈਂਦੀ ਹੈ। 'ਮੈਂ' ਹੋਣ ਕਰਕੇ ਇਹ ਆਪਣੇ ਆਪ ਨੂੰ ਪ੍ਰਭੂ ਨਾਲੋਂ ਵੱਖਰਾ ਜਾਨਣ ਲਗ ਜਾਂਦੀ ਹੈ, ਇਸ ਨੂੰ ਅਸੀਂ ਹਉਮੈ ਆਖਦੇ ਹਾਂ। ਇਸ ਵਿਚ ਹੰਗਤਾ ਅਤੇ ਮਮਤਾ ਦੇ ਦੋਸ਼ ਹਨ ਜਿਸ ਕਰਕੇ ਅਣਹੋਈ ਚੀਜ਼ ਮੈਂ ਅਤੇ ਮੇਰੀ ਜਿਸ ਨੂੰ ਹੰਗਤਾ ਅਤੇ ਮਮਤਾ ਆਖਦੇ ਹਨ, ਪ੍ਰਤੱਖ ਰੂਪ ਵਿਚ ਪ੍ਰਤੀਤ ਦੇਣ ਲਗ ਜਾਂਦੀ ਹੈ। ਇਹ ਕਹਿਣ ਲਗ ਜਾਂਦੀ ਹੈ ਕਿ ਮੈਂ ਕਰਮਾਂ ਦਾ ਕਰਤਾ ਹਾਂ, "ਮੈਂ" ਹੀ ਕਰਮਾਂ ਨੂੰ ਭੋਗਦਾ ਹਾਂ, ਮੈਂ ਹੀ ਦੁਖੀ ਹਾਂ, ਮੈਂ ਹੀ ਸੁਖੀ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ, ਜਦੋਂ ਅਧਿਆਸ ਵਧ ਜਾਵੇ ਤਾਂ ਸੱਚ ਵਾਂਗੂ ਹੀ ਲਗਣ ਲਗ ਜਾਂਦਾ ਹੈ ਅਤੇ ਇਹ

ਹਉਮੈ ਦੀ ਵਲਗਣ ਵਿਚੋਂ ਉਤਪੰਨ ਹੋਈ ਹੋਸ਼ ਜਿਸਨੂੰ ਅਸੀਂ ਮੈਂ ਕਹਿੰਦੇ ਹਾਂ ਇਹ ਸਤਿ ਨੂੰ ਅਛਾਦਨ (ਢਕ) ਕਰ ਲੈਂਦੀ ਹੈ, ਸਤਿ ਉਪਰ ਪਰਦਾ ਪਾ ਲੈਂਦੀ ਹੈ। ਇਸ ਨੇ ਪੱਕੀ ਤਰ੍ਹਾਂ ਨਾਲ ਨਿਸ਼ਚੇਪੂਰਵਕ ਆਪਣੇ ਸੰਸਕਾਰਾਂ ਵਿਚ ਬਿਠਾ ਲਿਆ ਕਿ ਮੈਂ ਅਸੰਗ ਨਹੀਂ ਹਾਂ, ਨਿਰਵਿਕਾਰ ਨਹੀਂ ਹਾਂ, ਮੈਂ ਪਰੀਪੂਰਨ ਨਹੀਂ ਹਾਂ, ਮੈਂ ਆਤਮਾ ਨਹੀਂ ਹਾਂ ਇਸ ਦੇ ਵਿਪਰੀਤ ਭਰਮਾਂ ਵਿਚ ਬੰਨ੍ਹਿਆ ਹੋਇਆ ਇਹ ਮਿਥਿਆ ਭਾਵ ਹੋਰ ਹੇਠਾਂ ਤਿਲਕਦਾ ਹੈ ਅਤੇ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਬਣੀ ਹੋਈ ਮਲਮੂਤਰ ਦੂਸ਼ਿਤ ਦੇਹ ਸਮਝਣ ਲਗ ਜਾਂਦਾ ਹੈ ਅਤੇ ਦੇਹ ਦੇ ਕਰਮਾਂ ਨੂੰ ਆਪਣੇ ਕਰਮ ਜਾਣਦਾ ਹੈ। ਦੇਹ ਦੇ ਰੰਗ ਨੂੰ, ਰੂਪ ਨੂੰ, ਅਮੀਰੀ ਨੂੰ ਗਰੀਬੀ ਨੂੰ, ਦੁਖ ਨੂੰ, ਸੁਖ ਨੂੰ ਆਪਣਾ ਆਪ ਜਾਨਣ ਲਗ ਜਾਂਦਾ ਹੈ। ਸ਼ਾਹ ਜੀ! ਦੇਖੋ, ਚਾਹੀਦਾ ਤਾਂ ਇਹ ਸੀ ਕਿ ਇਹ ਕੂੜ ਦੀ ਦੀਵਾਰ ਤੋੜ ਕੇ ਸਤਿ ਨੂੰ ਸਮਝਣ ਦਾ ਜਤਨ ਕਰੇ ਪਰ ਹਉਮੈ ਦੀ ਕੰਧ ਨੇ, ਇਸ ਦੇ ਆਪਣੇ ਸਰੂਪ ਨੂੰ ਦੂਰ ਕਰ ਦਿਤਾ ਅਤੇ ਅਸਲ ਮੈਂ ਨੂੰ ਪੂਰੀ ਤਰ੍ਹਾਂ ਨਾਲ ਢਕ ਲਿਆ ਹੈ ਜਿਸ ਤਰ੍ਹਾਂ ਨਾਲ ਦਰਖਤ ਤੇ ਪਈ ਹੋਈ ਅਮਰਬੇਲ, ਦਰਖਤ ਨੂੰ ਪੂਰੀ ਤਰ੍ਹਾਂ ਢਕ ਲੈਂਦੀ ਹੈ, ਦਰਖਤ ਦੇ ਪੱਤੇ, ਫੁਲ ਫਲ ਸਭ ਇਉਂ ਪ੍ਰਤੀਤ ਦਿੰਦੇ ਹਨ ਕਿ ਅਮਰਵੇਲ ਦਾ ਹੀ ਫਲ ਹੈ ਪਰ ਇਸ ਹੀ ਤਰ੍ਹਾਂ ਕੂੜੀ ਮੈਂ ਦੀ ਵੇਲ ਬਹੁਤ ਫੈਲ ਗਈ ਹੈ ਇਸ ਦੀ ਜੜ ਨਾ ਹੁੰਦਿਆਂ ਹੋਇਆਂ ਭੀ ਫੁਲਦੀ ਫਲਦੀ ਹੈ। ਜਨਮਾਂ ਜਨਮਾਤਰਾਂ ਦੇ ਚੱਕਰ ਕੱਟ ਕੇ ਦੁਖੀ ਹੁੰਦਾ ਹੈ। ਇਸ ਕੂੜੀ ਮੈਂ ਨੇ ਆਤਮਾ ਨੂੰ ਪੂਰੀ ਤਰ੍ਹਾਂ ਅਛਾਦਨ ਕਰਕੇ ਕੂੜ ਦੀ ਪ੍ਰਵਿਰਤੀ ਫੈਲਾ ਦਿਤਾ ਹੈ। ਕੂੜ ਦੇ ਪਿਆਰ, ਕੂੜ ਦੇ ਬੰਧਨ, ਕੂੜ ਦੀਆਂ ਨੇਕੀਆਂ, ਕੂੜ ਦੀ ਮਮਤਾ, ਕੂੜ ਦੀਆਂ ਜ਼ਮੀਨਾਂ, ਜਾਇਦਾਦਾਂ, ਕੂੜ ਦੇ ਪੁਤਰ, ਧੀਆਂ, ਪਰਿਵਾਰ, ਸਬੰਧ ਐਸੇ ਫੈਲਾ ਦਿਤੇ ਹਨ ਕਿ ਸਤਿ ਨੇੜੇ ਹੁੰਦਾ ਹੋਇਆ ਵੀ ਬਹੁਤ ਦੂਰ ਪ੍ਰਤੀਤ ਦਿੰਦਾ ਹੈ, ਅਨੇਕਾਂ ਜਤਨ ਕਰਕੇ ਵੀ ਦਿਖਾਈ ਨਹੀਂ ਦਿੰਦਾ। ਇਸ ਕੂੜੇ ਅਧਿਆਸ ਨੇ ਨੇੜੇ ਹੁੰਦੇ ਪ੍ਰਮੇਸ਼ਰ ਨੂੰ ਦੂਰੀਆਂ ਤੇ ਕਰ ਦਿਤਾ ਹੈ। ਕ੍ਰਿਪਾ ਕਰਕੇ ਜੇ ਪੂਰਾ ਸਤਿਗੁਰੂ ਹਉਮੈ ਦੀ ਇਸ ਕੰਧ ਨੂੰ ਤੋੜ ਦੇਵੇ ਤਾਂ ਅੱਲਾਹ ਦਾ ਮੇਲ ਹੋ ਜਾਂਦਾ ਹੈ। ਫੁਰਮਾਨ ਹੈ –

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ***
***ਬਿਨੁ ਪੇਖੇ ਦੂਰਾਇਓ॥***
***ਭਇਓ ਕਿਰਪਾਲੁ ਸਰਬ ਕੋ ਠਾਕੁਰੁ***
***ਸਗਰੋ ਦੂਖੁ ਮਿਟਾਇਓ॥***
***ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ***
***ਤਉ ਦਇਆਰੁ ਬੀਠਲੋ ਪਾਇਓ॥***
***ਅੰਗ – 624***

ਆਪਣੀ ਹੋਂਦ ਨੂੰ ਵਖਰੇ ਤੌਰ ਤੇ, ਸਮਝਣਾ, ਹਉਮੈ ਕਹਾਉਂਦਾ ਹੈ। ਇਸ ਭਾਵਨਾ ਦੇ ਵਸ ਹੋਇਆ ਕਰਮ ਕਰਦਾ ਹੈ, ਚੰਗੇ ਮੰਦੇ ਕਰਮ ਬੰਧਨ ਬਣ ਜਾਂਦੇ ਹਨ ਜੋ ਇਸ ਨੂੰ ਅਨੇਕ ਕਿਸਮ ਦੀਆਂ ਜੂਨੀਆਂ ਵਿਚ ਘੁੰਮਾਉਂਦੇ ਰਹਿੰਦੇ ਹਨ। ਇਹ ਦੀਰਘ ਰੋਗ ਹੈ ਜਿਸ ਦੀ ਦਾਰੂ ਇਸ ਦੇ ਵਿਚ ਹੀ ਰੱਖੀ ਹੋਈ ਹੈ ਇਹ ਆਪਣੀ ਕ੍ਰਿਪਾ ਆਪਣੇ ਉਪਰ ਆਪ ਹੀ ਕਰੇ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ, ਸੰਜਮ ਦਾ ਜੀਵਨ ਧਾਰ ਕੇ ਹਉਮੈ ਦੇ ਦੁਖ ਨੂੰ ਦੂਰ ਕਰ ਸਕਦਾ ਹੈ। ਹਉਮੈ ਬਹੁਤ ਵੱਡਾ ਗੁਬਾਰ ਹੈ, ਹਉਮੈ ਹੁੰਦਿਆਂ, ਆਪਣੇ ਸਰੂਪ ਨੂੰ ਬਿਲਕੁਲ ਹੀ ਨਹੀਂ ਪਛਾਣ ਸਕਦਾ। ਨਾ ਹੀ ਹਉਮੈ ਵਿਚ ਭਗਤੀ ਸਿਰੇ ਚੜ੍ਹਦੀ ਹੈ, ਨਾ ਹਉਮੈ ਨੂੰ ਬੁਝਿਆ ਜਾ ਸਕਦਾ ਹੈ। ਹਉਮੈ ਵਿਚ ਇਹ ਜੀਵ ਬੰਨ੍ਹਿਆ ਹੋਣ ਕਰਕੇ ਸਤਿ ਇਸ ਵਿਚ ਪ੍ਰਤੱਖ ਨਹੀਂ ਹੁੰਦਾ ਅਤੇ ਨਾਮ ਮਨ ਵਿਚ ਨਹੀਂ ਵਸਦਾ। ਬ੍ਰਹਮਾ, ਵਿਸ਼ਨੂੰ, ਮਹਾਂਦੇਵ, ਰਜੋ ਗੁਣ, ਤਮੋ ਗੁਣ, ਸਤੋ ਗੁਣ ਤਿੰਨੋ ਰੋਗੀ ਹਨ। ਹਉਮੈ ਵਿਚ ਆਪਣੀ ਕਾਰ ਕਰ ਰਹੇ ਹਨ। ਇਕ ਸੇਜ ਉਪਰ ਧਨ ਤੇ ਪਿਰ ਦਾ ਵਾਸਾ ਹੈ ਪਰ ਹਉਮੈ ਦੀ ਕੰਧ ਹੋਣ ਕਰਕੇ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ।

ਬੁੱਧੂਸ਼ਾਹ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਆਪ ਦੀ ਕ੍ਰਿਪਾ ਨਾਲ ਮੈਂ ਤਾਂ ਬਹੁਤ ਛੋਟੀ ਉਮਰ ਤੋਂ ਹੀ ਅੱਲਾਹ ਦੀ ਭਗਤੀ ਕਰਦਾ ਹਾਂ। ਉਹਨੂੰ ਮਿਲਣ ਲਈ ਬੜੇ ਲੰਮੇ-ਲੰਮੇ ਚਿਲ੍ਹੇ

ਕੱਟੇ, ਭੁੱਖੇ ਪਿਆਸੇ ਰਹਿ ਕੇ ਜ਼ੋਹਦ (ਤਪ) ਕੀਤੇ, ਦਾਨ ਦਿਤੇ, ਬੇਅੰਤ ਕਿਸਮ ਦੀਆਂ ਸੇਵਾਵਾਂ ਕੀਤੀਆਂ, ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਪਬਲਿਕ ਦੇ ਆਰਾਮ ਲਈ ਸੜਕਾਂ ਬਣਾਈਆਂ, ਖੂਹ ਲਵਾਏ, ਜਨਤਾ ਦੇ ਗੁੰਝਲਦਾਰ ਜੀਵਨ ਨੂੰ ਸਹਿਲ ਬਣਾਉਣ ਲਈ ਮਕੱਤਬ (ਸਕੂਲ) ਖੋਲ੍ਹੇ, ਮਸਜਿਦਾਂ ਬਣਾਈਆਂ, ਹਿੰਦੂਆਂ ਲਈ ਮੰਦਰ ਬਣਵਾਏ, ਹਿੰਦੂਆਂ ਲਈ ਵੱਖਰਾ ਲੰਗਰ ਚਲਾਇਆ ਪਰ ਗੁਰੂ ਜੀ! ਮੈਂ ਬੜਾ ਹੈਰਾਨ ਹਾਂ ਕਿ ਇਸ ਹਉਮੈ ਦਾ ਕਿਸੇ ਤਰ੍ਹਾਂ ਅੰਤ ਨਹੀਂ ਹੋ ਰਿਹਾ।

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਸ਼ਾਹ ਜੀ! ਜਿੰਨੇ ਵੀ ਕਰਮ ਹੰਗਤਾ ਧਾਰ ਕੇ ਕੀਤੇ ਜਾਂਦੇ ਹਨ ਅਤੇ ਮਮਤਾ ਦੇ ਵਸ ਹੋ ਕੇ ਆਪਣੀ ਵਡਿਆਈ ਲਈ ਨੇਕੀਆਂ ਕੀਤੀਆਂ ਜਾਂਦੀਆਂ ਹਨ, ਇਹ ਸਾਰੀਆਂ ਕੂੜ ਦੀਆਂ ਨੇਕੀਆਂ ਹਨ, ਇਨ੍ਹਾਂ ਦੇ ਪਿਛੇ ਆਪਣਾ ਜਸ ਲੈਣ ਦੀ ਭਾਵਨਾ ਛੁਪੀ ਹੁੰਦੀ ਹੈ। ਨਾ ਬਹੁਤਾ ਪੜ੍ਹਿਆਂ ਤੇ ਹਉਮੈ ਦੀ ਮੈਲ ਜਾਂਦੀ ਹੈ, ਨਾ ਹੀ ਅਨੇਕ ਕਿਸਮ ਦੇ ਕਰਮ ਕਰਨ ਨਾਲ ਮੈਲ ਜਾਂਦੀ ਹੈ।

***ਜਗਿ ਹਉਮੈ ਮੈਲੁ ਦੁਖੁ ਪਾਇਆ***
***ਮਲੁ ਲਾਗੀ ਦੂਜੈ ਭਾਇ॥***
***ਮਲੁ ਹਉਮੈ ਧੋਤੀ ਕਿਵੈ ਨ ਉਤਰੈ***
***ਜੇ ਸਉ ਤੀਰਥ ਨਾਇ॥***
***ਬਹੁ ਬਿਧਿ ਕਰਮ ਕਮਾਵਦੇ***
***ਦੂਣੀ ਮਲੁ ਲਾਗੀ ਆਇ॥***
***ਪੜਿਐ ਮੈਲੁ ਨ ਉਤਰੈ***
***ਪੂਛਹੁ ਗਿਆਨੀਆ ਜਾਇ॥***

***ਅੰਗ - 39***

ਸ਼ਾਹ ਜੀ! ਮੈਂ-ਮੈਂ ਕਰਦਿਆਂ ਕਦੇ ਵੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ਜਦੋਂ ਇਹ ਮੈਂ ਭਾਵ ਮਿਟਦਾ ਹੈ ਤਾਂ ਹਉਮੈ ਦਾ ਖਾਤਮਾ ਹੋ ਜਾਂਦਾ ਹੈ ਅਤੇ ਆਪਣੇ ਸਰੂਪ ਦੀ ਲਖਤਾ ਹੋ ਜਾਂਦੀ ਹੈ -

***ਹਉ ਹਉ ਕਰਤ ਨਹੀ ਸਚੁ ਪਾਈਐ॥***
***ਹਉਮੈ ਜਾਇ ਪਰਮ ਪਦੁ ਪਾਈਐ॥***

***ਅੰਗ - 226***

ਜਦੋਂ ਹਉਮੈ ਦੇ ਅੰਧ ਗੁਬਾਰ ਦੇ ਅਧੀਨ ਹੁੰਦਾ ਹੈ ਤਾਂ ਅੱਲਾਹ ਦਾ ਮਿਲਾਪ ਬਹੁਤ ਦੂਰ ਦੀ ਗੱਲ ਹੁੰਦੀ ਹੈ, ਜਦੋਂ ਇਹ ਹਉਮੈ ਭਾਵ ਖਤਮ ਹੋ ਜਾਂਦਾ ਹੈ ਤਾਂ ਅਸਲੀਅਤ ਦਾ ਗਿਆਨ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ-

***ਹਉਮੈ ਕਰੀ ਤਾ ਤੂ ਨਾਹੀ***
***ਤੂ ਹੋਵਹਿ ਹਉ ਨਾਹਿ॥***
***ਬੂਝਹੁ ਗਿਆਨੀ ਬੂਝਣਾ***
***ਏਹ ਅਕਥ ਕਥਾ ਮਨ ਮਾਹਿ॥***

***ਅੰਗ - 1092***

ਇਸੇ ਕਰਕੇ ਆਖਿਆ ਜਾਂਦਾ ਹੈ ਕਿ ਹਉਮੈ ਵਾਲੀ ਸੁਰਤ ਨੂੰ ਵਿਸਾਰ ਕਿਉਂਕਿ ਜਿਸ ਚੀਜ਼ ਨੂੰ ਸੱਚ ਦਾ ਰੂਪ ਸਮਝੀ ਬੈਠਾ ਹੈ, ਉਹ ਹੈ ਹੀ ਨਹੀਂ-

***ਭੋਲਿਆ ਹਉਮੈ ਸੁਰਤਿ ਵਿਸਾਰਿ॥***
***ਹਉਮੈ ਮਾਰਿ ਬੀਚਾਰਿ ਮਨ***
***ਗੁਣ ਵਿਚਿ ਗੁਣੁ ਲੈ ਸਾਰਿ॥***

***ਅੰਗ - 1168***

ਬੁੱਧੂਸ਼ਾਹ ਇਹ ਬਚਨ ਸੁਣ ਕੇ ਪੂਰੀ ਤਰ੍ਹਾਂ ਘਬਰਾਅ ਗਿਆ, ਕਹਿਣ ਲੱਗਿਆ ਕਿ ਗੁਰੂ ਜੀ ਕੀ ਅਸੀਂ ਜੀਵ ਸਤਿ ਨਹੀਂ ਹਾਂ, ਮਿਥਿਆ ਹੀ ਹਾਂ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੀਵ ਭਾਵ ਤਾਂ ਮਿਥਿਆ ਹੈ, ਇਹ ਹੈ ਹੀ ਨਹੀਂ। ਭਰਮ ਤੇ ਪੁਨਹ-ਪੁਨਹ ਅਭਿਆਸ ਨਾਲ ਇਹ ਪੱਕਾ ਹੋ ਗਿਆ ਹੈ ਅਤੇ ਇਸ ਨੇ ਕੂੜ ਨਾਲ ਆਪਣੇ ਸਾਰੇ ਰਿਸ਼ਤੇ ਜੋੜ ਲਏ। ਉਸ ਵੇਲੇ ਬੁੱਧੂਸ਼ਾਹ ਆਪਣੇ ਚੇਲਿਆਂ ਦੀ ਹਾਜ਼ਰੀ ਤੋਂ ਬੇਪਰਵਾਹ ਹੋ ਗਿਆ, ਸੱਚ ਨੂੰ ਸਮਝਣ ਵਾਸਤੇ ਵੱਡੀ ਤੋਂ ਵੱਡੀ ਕੀਮਤ ਦੇਣ ਨੂੰ ਤਿਆਰ ਹੋ ਗਿਆ ਅਤੇ ਬਹੁਤ ਦੀਨਤਾ ਦੇ ਨਾਲ ਕਹਿਣ ਲੱਗਿਆ ਕਿ ਗੁਰੂ ਜੀ ਆਪ ਤਾਂ ਗੁਰੂ ਹੋ, ਦੱਸੋ ਇਹ ਕੂੜੀ ਹਉਮੈ ਕਿਵੇਂ ਟੁੱਟੇਗੀ। ਮਹਾਰਾਜ ਜੀ ਕਹਿਣ ਲੱਗੇ, "ਬੁੱਧੂਸ਼ਾਹ! ਸੱਚੀ ਮੈਂ ਦੇ ਦਰਸ਼ਨ ਕਰਨ ਨਾਲ ਇਹ ਕੂੜੀ ਮੈਂ ਦਾ ਨਾਮ ਨਿਸ਼ਾਨ ਹੀ ਨਹੀਂ ਰਹਿਣਾ। ਜਿਸ ਤਰ੍ਹਾਂ ਸੂਰਜ ਚੜ੍ਹਨ ਨਾਲ ਰਾਤਰੀ ਨਿਵਿਰਤ ਹੋ ਜਾਂਦੀ ਹੈ, ਰਾਤ ਨੂੰ ਖਤਮ ਹੋਣ ਲੱਗਿਆਂ ਦੇਰ ਨਹੀਂ ਲਗਦੀ। ਸੱਚੀ 'ਮੈਂ' ਦਾ ਨਾਮ ਸੁਣ ਕੇ ਬੁੱਧੂ ਸ਼ਾਹ ਫੇਰ ਘਬਰਾਅ ਗਿਆ ਅਤੇ ਬੇਨਤੀ ਕੀਤੀ ਕਿ

ਸੱਚੇ ਪਾਤਸ਼ਾਹ! ਸੱਚੀ ਮੈਂ ਦਾ ਅਨੁਭਵ ਕਿਵੇਂ ਹੋਵੇ? ਗੁਰੂ ਜੀ ਨੇ ਕਿਹਾ, "ਕੂੜੀ ਹਉਮੈ ਦੇ ਛੱਡਣ ਨਾਲ ਸੱਚੀ ਮੈਂ ਪ੍ਰਗਟ ਹੋ ਜਾਂਦੀ ਹੈ।" ਸ਼ਾਹ ਜੀ ਨੇ ਫੇਰ ਕਿਹਾ, "ਸੱਚੀ ਮੈਂ ਦਾ ਅਨੁਭਵ ਕਿਸ ਤਰ੍ਹਾਂ ਹੋਵੇ?" ਗੁਰੂ ਜੀ ਨੇ ਕਿਹਾ ਕਿ ਬੁੱਧੂਸ਼ਾਹ! ਇਹ ਤਾਂ ਗੱਲ ਬਿਲਕੁਲ ਸਿੱਧੀ ਹੈ ਜਦੋਂ ਕੂੜੀ ਮੈਂ ਨੂੰ ਛੱਡ ਦੇਵਾਂਗਾ ਤਾਂ ਸੱਚੀ ਮੈਂ ਆਪੇ ਪ੍ਰਗਟ ਹੋ ਜਾਵੇਗੀ।

ਗੁਰੂ ਜੀ! ਮੈਂ ਜਿਵੇਂ ਪਹਿਲਾਂ ਦਸਿਆ ਹੈ ਕਿ ਮੈਂ ਇਸ ਕੂੜੀ ਮੈਂ 'ਚੋਂ ਨਿਕਲਣ ਲਈ ਚਿਲ੍ਹੇ ਵੀ ਕੱਟੇ ਪਰ ਇਹ ਨਾ ਟੁੱਟੀ। ਮਹਾਰਾਜ ਜੀ ਕਹਿਣ ਲੱਗੇ, "ਇਸ ਤਰ੍ਹਾਂ ਤਾਂ ਕੂੜੀ ਮੈਂ ਹੋਰ ਵੀ ਵੱਧ ਜਾਂਦੀ ਹੈ। ਜਿਸ ਤਰ੍ਹਾਂ ਸੂਰਜ ਚੜ੍ਹਦਾ ਹੈ ਰਾਤਰੀ ਆਪਣੇ ਆਪ ਹੀ ਨਜ਼ਰ ਨਹੀਂ ਆਉਂਦੀ, ਖਤਮ ਹੋ ਜਾਂਦੀ ਹੈ, ਇਸ ਤਰ੍ਹਾਂ ਸੱਚ ਦੇ ਪ੍ਰਕਾਸ਼ ਨਾਲ ਇਹ ਕੂੜੀ ਹਉਮੈ ਕਟ ਜਾਵੇਗੀ।"

ਬੁੱਧੂਸ਼ਾਹ ਕਹਿਣ ਲੱਗਿਆ ਕਿ ਗੁਰੂ ਮਹਾਰਾਜ ਸੱਚੇ ਪਾਤਸ਼ਾਹ! ਸਤਿ ਦਾ ਚੜ੍ਹਨਾ ਆਪਣੇ ਤਾਂ ਵਸ ਵਿਚ ਨਹੀਂ ਹੈ ਨਾ। ਜੇ ਆਪਣੇ ਵਸ ਵਿਚ ਹੁੰਦਾ ਤਾਂ ਮੈਂ ਬਥੇਰੇ ਗ੍ਰੰਥ ਸੁਣੇ ਹਨ, ਬੜੇ ਸਾਧੂਆਂ ਦੇ ਬਚਨ ਸੁਣੇ ਹਨ ਪਰ ਸਤਿ ਦਾ ਸੂਰਜ ਨਾ ਚੜ੍ਹਿਆ। ਗੁਰੂ ਜੀ! ਕੋਈ ਜੁਗਤ ਦੱਸੋ?

ਮਹਾਰਾਜ ਜੀ ਨੇ ਕਿਹਾ ਕਿ ਬੁੱਧੂਸ਼ਾਹ! ਝੂਠ ਦਾ ਤਿਆਗਣਾ ਤਾਂ ਆਪਣੇ ਵਸ ਵਿਚ ਹੈ ਨਾ। ਕੂੜੀ 'ਮੈਂ' ਮਿਥਿਆ ਹੈ, ਸੱਚੀ ਮੈਂ ਸਤਿ ਹੈ; ਸੱਚੀ ਮੈਂ ਆਤਮਾ ਹੈ ਅਤੇ ਕੂੜੀ ਮੈਂ ਅਨਾਤਮਾ ਹੈ। ਇਸ ਝੂਠ ਨੂੰ ਤੂੰ ਤਨੋ ਮਨੋ ਛੱਡ ਦੇ ਇਹ ਤਾਂ ਤੇਰੇ ਵਸ ਵਿਚ ਹੀ ਹੈ ਨਾ। ਬੁੱਧੂਸ਼ਾਹ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਕੋਈ ਸੁਖਾਲਾ ਤਰੀਕਾ ਦਸੋ ਕਿਉਂਕਿ ਇਹ ਜੀਵ ਭਾਵ ਨਹੀਂ ਛੁਟਦਾ।" ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਬੁੱਧੂਸ਼ਾਹ! ਇਸ ਦਾ ਉਪਾਅ ਸਤਿਸੰਗ ਹੈ ਜਿਸ ਦੇ ਪ੍ਰਾਪਤ ਹੋਇਆਂ ਝੂਠੀ ਮੈਂ ਛੁਟ ਜਾਂਦੀ ਹੈ ਅਤੇ ਸਤਿ ਦਾ ਪ੍ਰਕਾਸ਼ ਹੋ ਜਾਂਦਾ ਹੈ।

ਬੁੱਧੂਸ਼ਾਹ ਨੇ ਐਨੇ ਬਚਨ ਸੁਣ ਕੇ ਅੱਖਾਂ ਮੀਚ ਲਈਆਂ ਅਤੇ ਗਹਿਰੀ ਸੋਚ ਵਿਚ ਲਹਿ ਗਿਆ ਅਤੇ ਸੋਚਣ ਲਗ ਗਿਆ ਕਿ ਮੈਂ ਗੁਰੂ ਜੀ ਪਾਸ ਆਇਆ ਤਾਂ ਹਾਂ, ਉਸ ਤੋਂ ਉਪਰ ਕਿਹੜਾ ਸਤਿਸੰਗ ਹੈ, ਜਿਥੇ ਮੈਂ ਜਾਵਾਂ। ਅਖੀਰ ਉਸ ਨੇ ਕਿਹਾ ਕਿ ਗੁਰੂ ਮਹਾਰਾਜ ਜੀ! ਮੈਂ ਆਪਦੇ ਸਤਿਸੰਗ ਵਿਚ ਹੀ ਤਾਂ ਆਇਆ ਹਾਂ। ਤਾਂ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਬੁੱਧੂਸ਼ਾਹ! ਆਇਆ ਤਾਂ ਜ਼ਰੂਰ ਹੈਂ ਪਰ ਇਹ ਝੂਠ ਦੀ ਸੰਜੋਅ ਪਹਿਨ ਕੇ ਆਇਆ ਹੈ ਕਿ ਗੁਰੂ ਦਾ ਇਕ ਬਚਨ ਵੀ ਹਿਰਦੇ ਵਿਚ ਘਾਵ ਨਹੀਂ ਪਾ ਸਕਦਾ, ਜਿਸ ਕਰਕੇ ਝੂਠੀ ਸੰਜੋਅ ਪਹਿਨ ਕੇ ਆਇਆ ਹੈਂ। ਯਾਨਿ ਕਿ ਮੈਂ ਪੀਰ ਹਾਂ, ਮੈਂ ਜਾਗੀਰਦਾਰ ਹਾਂ, ਮੇਰੇ ਬੇਅੰਤ ਚੇਲੇ ਹਨ, ਹਿੰਦੂ ਅੱਗੇ ਮੈਂ ਕਿਵੇਂ ਸੀਸ ਨਿਵਾਵਾਂਗਾ। ਕੋਈ ਮੈਨੂੰ ਪੁਛ ਨਾ ਲਵੇ ਕਿ ਮੈਂ ਕਿਉਂ ਸੀਸ ਨਿਵਾਇਆ। ਮੇਰੇ ਚੇਲੇ, ਮੇਰੇ ਮੁਰੀਦ ਕੀ ਕਹਿਣਗੇ। ਬੁੱਧੂਸ਼ਾਹ ਡੂੰਘੀ ਸੋਚ ਵਿਚ ਪੈ ਗਿਆ ਕਿ ਸਚਮੁਚ ਮੈਂ ਕੂੜੀ 'ਮੈਂ' ਵਿਚ ਫਸ ਗਿਆ ਹਾਂ। ਉਸ ਵੇਲੇ ਫਿਰ ਬੇਨਤੀ ਕੀਤੀ ਕਿ ਮਹਾਰਾਜ! ਕੂੜ ਦਾ ਪੜਦਾ ਕਿਵੇਂ ਟੁੱਟੇ? ਗੁਰੂ ਮਹਾਰਾਜ ਜੀ ਕਹਿਣ ਲੱਗੇ, "ਬੁੱਧੂਸ਼ਾਹ! ਹੁਕਮੀ ਦਾ ਹੁਕਮ ਪਛਾਣ, ਪ੍ਰਮੇਸ਼ਰ ਦੇ ਭਾਣੇ, ਰਜ਼ਾ ਵਿਚ ਰਾਜ਼ੀ ਰਹਿ ਜੋ ਕੁਛ ਵੀ ਹੋ ਰਿਹਾ ਹੈ, ਹੁਕਮੀ ਦੀ ਮਰਜ਼ੀ ਅਨੁਸਾਰ ਹੋ ਰਿਹਾ ਹੈ। ਇਸ ਕਰਕੇ ਬੁੱਧੂਸ਼ਾਹ!

***ਹੁਕਮੁ ਪਛਾਣਿ ਤਾ ਖਸਮੈ ਮਿਲਣਾ॥***
***ਅੰਗ - 92***

***ਹੁਕਮੈ ਬੂਝੈ ਤਤੁ ਪਛਾਣੈ॥***
***ਪੰਨਾ - 1289***

ਹੁਕਮ ਦਾ ਮਾਲਕ ਪੂਰਨ ਹੈ, ਉਸਦਾ ਲਿਖਿਆ ਹੋਇਆ ਹੁਕਮ ਵੀ ਪੂਰਨ ਹੈ। ਜੀਵ ਦੇ ਮਨ ਵਿਚ, ਬੁੱਧੀ ਵਿਚ, ਇੰਦ੍ਰਿਆਂ ਵਿਚ, ਚਿਤ ਵਿਚ, ਸੁਭਾਅ ਵਿਚ ਜਿਥੇ ਵੀ ਤੂੰ ਤੇ 'ਮੈਂ' ਦਾ ਭਾਵ ਹੈ, ਉਥੇ ਨਾਲ ਹੀ ਹੁਕਮ ਲਿਖਿਆ ਗਿਆ ਹੈ -

***ਹੁਕਮਿ ਰਜਾਈ ਚਲਣਾ***
***ਨਾਨਕ ਲਿਖਿਆ ਨਾਲਿ॥ ਅੰਗ - 1***

ਅਤੇ ਇਸ ਹੁਕਮ ਤੋਂ ਬਾਹਰ ਕੋਈ ਨਹੀਂ ਹੈ -

***ਹੁਕਮੈ ਅੰਦਰਿ ਸਭੁ ਕੋ***

*ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥*

*ਅੰਗ - 1*

ਗੁਰੂ ਮਹਾਰਾਜ ਕਹਿਣ ਲੱਗੇ, "ਬੁੱਧੂਸ਼ਾਹ! ਦੁਨੀਆਂ ਵਿਚ ਜੋ ਕੁਝ ਵੀ ਹੋ ਰਿਹਾ ਹੈ ਉਹ ਹੁਕਮੀ ਦੇ ਹੁਕਮ ਨਾਲ ਹੋ ਰਿਹਾ ਹੈ, ਜੀਵ ਦੇ ਵਿਚ ਕੋਈ ਬਲ ਨਹੀਂ ਹੈ ਕਿ ਇਹ ਕੁਝ ਕਰ ਸਕੇ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*

*ਅੰਗ - 277*

*ਆਖਣ ਜੋਰੁ ਚੁਪੈ ਨਹ ਜੋਰੁ॥*
*ਜੋਰੁ ਨ ਮੰਗਣਿ ਦੇਣਿ ਨ ਜੋਰੁ॥*
*ਜੋਰੁ ਨ ਜੀਵਣਿ ਮਰਣਿ ਨਹ ਜੋਰੁ॥*
*ਜੋਰੁ ਨ ਰਾਜਿ ਮਾਲਿ ਮਨਿ ਸੋਰੁ॥*
*ਜੋਰੁ ਨ ਸੁਰਤੀ ਗਿਆਨਿ ਵੀਚਾਰਿ॥*
*ਜੋਰੁ ਨ ਜੁਗਤੀ ਛੁਟੈ ਸੰਸਾਰੁ॥*
*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।।*
*ਨਾਨਕ ਉਤਮੁ ਨੀਚੁ ਨ ਕੋਇ॥*

*ਅੰਗ - 7*

ਜੀਵ ਵਿਚ ਤਾਂ ਬੋਲਣ ਦਾ ਵੀ ਬਲ ਨਹੀਂ ਹੈ, ਚੁੱਪ ਕਰਨ ਦਾ ਵੀ ਬਲ ਨਹੀਂ, ਜਿਸ ਤਰ੍ਹਾਂ ਪ੍ਰਮੇਸ਼ਰ ਰੱਖੇ, ਉਸੇ ਤਰ੍ਹਾਂ ਰਹਿਣਾ ਪੈਂਦਾ ਹੈ। ਦੇਖ ਬੁੱਧੂਸ਼ਾਹ! ਸੁਖਾਲਾ ਤਰੀਕਾ ਇਹ ਹੈ ਕਿ ਆਪਣੇ ਮਨ ਵਿਚ ਕੋਈ ਸੰਕਲਪ ਨਾ ਕਰੇ। ਬਿੱਲੀ ਦੇ ਬੱਚੇ ਵਤ ਜਿਵੇਂ ਬਿੱਲੀ ਆਪਣੇ ਬੱਚੇ ਨੂੰ ਚੁੱਕ ਕੇ ਇਕ ਘਰ ਤੋਂ ਦੂਜੇ ਘਰ ਲੈ ਜਾਂਦੀ ਹੈ। ਬਲੂੰਗੜੇ ਦੇ ਮਨ ਵਿਚ ਕੋਈ ਫੁਰਨਾ ਨਹੀਂ ਹੁੰਦਾ, ਬਿੱਲੀ ਦੀ ਮਰਜ਼ੀ ਹੈ ਜਿਥੇ ਰਖਣਾ ਹੋਵੇ, ਰੱਖ ਦਿੰਦੀ ਹੈ। ਇਸੇ ਤਰ੍ਹਾਂ ਜੀਵ ਵੀ ਨਿਰਸੰਕਲਪ ਹੋ ਜਾਵੇ ਜਿਉਂ-ਜਿਉਂ ਨਿਰਸੰਕਲਪ ਹੁੰਦਾ ਜਾਵੇਗਾ ਤਿਉਂ-ਤਿਉਂ ਕੂੜ ਛੁਟਦਾ ਜਾਵੇਗਾ ਅਤੇ ਸੱਚ ਅੰਦਰ ਪ੍ਰਵੇਸ਼ ਕਰਦਾ ਜਾਵੇਗਾ। ਜਦੋਂ ਹਿਰਦੇ ਵਿਚ ਸੱਚ ਦਾ ਪਿਆਰ ਜਾਗਿਆ ਅਤੇ ਸਤਿ ਨੇ ਆ ਕੇ ਨਿਵਾਸ ਕਰ ਲਿਆ ਤਾਂ ਸੱਚ ਦੀ ਪਛਾਣ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਜੋ ਅਸੀਂ ਸੱਚ ਕਹਿੰਦੇ ਹਾਂ ਇਹ ਕੇਵਲ ਸੱਚ ਬੋਲਣ ਮਾਤਰ ਨਹੀਂ। ਸਤਿ ਉਹ ਹਸਤੀ ਹੈ ਜੋ ਕੇਵਲ ਮਾਤਰ ਹੈ, ਜੋ ਇਕੋ ਇਕ ਹੋਂਦ ਹੈ, ਉਹ ਪਿਆਰ ਕਰਦੀ ਹੈ, ਪਾਲਦੀ ਹੈ, ਸੰਭਾਲਦੀ ਹੈ, ਉਸ ਦਾ ਪਿਆਰ ਜਦੋਂ ਹਿਰਦੇ ਵਿਚ ਵਸਦਾ ਹੈ ਫੇਰ ਹਉਮੈ ਦੀ ਕੂੜੀ ਮੈਲ ਲਹਿ ਜਾਂਦੀ ਹੈ ਅਤੇ ਸੱਚ ਦੇ ਪਿਆਰ ਨਾਲ ਨਿਖਾਰ ਆ ਜਾਂਦਾ ਹੈ। ਇਸ ਸੱਚ ਨੇ ਪਹਿਲਾਂ ਮਨ ਨੂੰ ਸਵੱਛ ਕਰਿਆ ਫੇਰ ਤਨ ਨੂੰ ਸਵੱਛ ਕਰ ਦਿਤਾ ਅਤੇ ਅਸੀਂ ਇਸ ਸੱਚ ਦੀ ਹੋਂਦ ਨਾਲ ਪਿਆਰ ਕਰਦੇ ਹਾਂ, ਉਸ ਦਾ ਨਾਮ ਸੁਣ ਕੇ ਅਨੰਦਿਤ ਹੋ ਜਾਂਦੇ ਹਾਂ। ਭਾਵੇਂ ਕੋਈ ਅੱਲਾਹ ਕਹੇ, ਭਾਵੇਂ ਕੋਈ ਗੋਬਿੰਦ ਕਹੇ, ਕੋਈ ਨਾਰਾਇਣ ਕਹੇ, ਪਰਮਾਤਮਾ ਕਹੇ ਉਸ ਸਮੇਂ ਜੀਵ ਮੁਕਤੀ ਦਾ ਦਰ ਪਾਉਂਦਾ ਹੈ ਪਰ ਇਹ ਸੱਚ ਤਾਂ ਹੀ ਜਾਣ ਸਕੀਦਾ ਹੈ ਜੇ ਆਪਣੇ ਜੀ ਨੂੰ ਸੱਚ ਨਾਲ ਜੋੜਨ ਦੀ ਜੁਗਤੀ ਆਉਂਦੀ ਹੋਵੇ। ਉਹ ਇਉਂ ਹੈ ਕਿ ਇਸ ਸਰੀਰ ਨੂੰ, ਭਗਤੀ ਭਾਵ ਦੇ ਕਰਮਾਂ ਨਾਲ ਤਿਆਰ ਕਰੇ ਅਤੇ ਕਰਤਾ ਪੁਰਖ ਦਾ ਨਾਮ ਇਸ ਵਿਚ ਬੀਜ ਦੇਵੇ, ਇਹ ਬੀਜ ਗੁਰੂ ਪਾਸੋਂ ਮਿਲਦਾ ਹੈ, 'ਬੀਜ' ਲੈਣ ਤੋਂ ਪਹਿਲਾਂ ਗੁਰੂ ਤੋਂ ਸਾਰੀ ਸਿਖਿਆ ਪ੍ਰਾਪਤ ਕਰੀਦੀ ਹੈ ਕਿ ਇਹ ਧਰਤੀ ਵਿਚ ਕਿਵੇਂ ਹਰਾ ਹੁੰਦਾ ਹੈ, ਜਿਵੇਂ ਭਰਪੂਰ ਫਸਲ ਲੈਣ ਲਈ ਅਸੀਂ ਧਰਤੀ ਵਿਚੋਂ ਖੁਰਪਿਆਂ ਦੀ ਮਦਦ ਨਾਲ ਜਾਂ ਸਪਰੇਅ ਕਰਕੇ ਨਦੀਨ ਖਤਮ ਕਰ ਦਿੰਦੇ ਹਾਂ ਜੋ ਫਸਲ ਨੂੰ ਮਾਰ ਰਹੇ ਸਨ, ਤਾਂ ਫਸਲ ਭਰਪੂਰ ਉਗਦੀ ਹੈ। ਗੋਡੀ ਕਰਕੇ, ਨਦੀਨ ਬਾਹਰ ਕੱਢ ਕੇ ਅਨੇਕ ਕਿਸਮ ਦੀਆਂ ਖਾਦਾਂ ਆਦਿ ਪਾਵੇਗਾ ਜਿਵੇਂ ਕਿ ਹਿੰਸਾ, ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਹੰਸ, ਹੇਤ, ਕੋਪ, ਲੋਭ ਅਤੇ ਅਨੇਕ ਕਿਸਮ ਦੇ ਅਭਿਮਾਨਾਂ ਨੂੰ ਹਿਰਦੇ ਵਿਚੋਂ ਕੱਢਣਾ, ਛਲ, ਕਪਟ, ਝੂਠ, ਕੁ-ਦਇਆ ਦੀ ਥਾਂ ਖਿਮਾ, ਦਇਆ, ਧੀਰਜ, ਸੰਤੋਖ, ਅਹਿੰਸਾ, ਅਚੋਰੀ, ਸਰਬ ਨਾਲ ਪਿਆਰ, ਸਰਬ ਦਾ ਭਲਾ ਮੰਗਣ ਦੀ ਰੁਚੀ, ਗੁਰੂ ਨਾਲ ਪਿਆਰ, ਗੁਰੂ ਦੇ ਮੰਤਰ ਨਾਲ ਪਿਆਰ, ਗੁਰੂ ਦੇ ਮੰਤਰ ਉਪਰ ਨਿਸ਼ਚਾ, ਦ੍ਰਿੜ੍ਹ ਲਗਨ, ਸੇਵਾ ਭਾਵ ਹਿਰਦੇ ਵਿਚ ਵਸੇਗਾ ਤਾਂ ਇਹ ਸੱਚ ਸਚਮੁੱਚ ਜਾਣਿਆ ਜਾਂਦਾ ਹੈ। ਜੀਵਾਂ

ਉਪਰ ਦਇਆ ਕਰਨੀ ਅਤੇ ਆਪਣੀ ਕਮਾਈ ਵਿਚੋਂ ਪੁੰਨ ਦਾਨ ਵਾਸਤੇ ਮਾਇਆ ਕੱਢਣੀ। ਸੋ ਇਸ ਤਰ੍ਹਾਂ ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ ਜਦੋਂ ਆਪਣੀ ਕੂੜੀ ਮੈਂ ਤੋਂ ਉਚਾ ਉਠ ਕੇ ਸੱਚੀ ਮੈਂ ਵਿਚ ਨਿਵਾਸ ਕਰੇਂਗਾ। ਇਹ ਸਭ ਤੀਰਥਾਂ ਤੋਂ ਵੱਡਾ ਤੀਰਥ ਹੈ। ਸਤਿਗੁਰੂ ਨੂੰ ਪੁੱਛ ਕੇ, ਇਸ ਤੀਰਥ ਉਪਰ ਟਿਕ ਜਾਵੇ ਤਾਂ ਉਹ ਪੱਕਾ ਅਭਿਆਸ ਕਰਕੇ ਅੰਤਰਮੁਖ ਕਰਕੇ ਆਤਮਾ ਨੂੰ ਸੱਚ ਰੂਪ ਵਿਚ ਪ੍ਰਾਪਤ ਕਰ ਲਵੇ। ਇਹ ਸੱਚ ਜੋ ਆਤਮਾ ਨਾਲ ਅਭੇਦ ਹੈ ਇਹ ਕੂੜ ਦੇ ਸਹੇੜੇ ਮਨ ਵਿਚ ਪਾਪਾਂ ਨੂੰ ਕੱਢ ਦਿੰਦਾ ਹੈ ਅਤੇ ਉਨ੍ਹਾਂ ਪਾਪਾਂ ਦੇ ਦੁਖਾਂ ਦਾ ਦਾਰੂ ਬਣ ਜਾਂਦਾ ਹੈ। ਇਸ ਤਰ੍ਹਾਂ ਸੱਚ ਅੰਦਰ ਪ੍ਰਵੇਸ਼ ਕਰ ਜਾਵੇਗਾ ਅਤੇ ਸੱਚੇ ਦਾ ਮੇਲ ਹੋ ਜਾਵੇਗਾ। ਜਿਵੇਂ ਕਿ ਫੁਰਮਾਨ ਹੈ –

*ਸਚੁ ਤਾ ਪਰੁ ਜਾਣੀਐ*
*ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ*
*ਤਨੁ ਕਰੇ ਹਛਾ ਧੋਇ॥*
*ਸਚੁ ਤਾ ਪਰੁ ਜਾਣੀਐ*
*ਜਾ ਸਚਿ ਧਰੇ ਪਿਆਰੁ॥*
*ਨਾਉ ਸੁਣਿ ਮਨੁ ਰਹਸੀਐ*
*ਤਾ ਪਾਏ ਮੋਖ ਦੁਆਰੁ॥*
*ਸਚੁ ਤਾ ਪਰੁ ਜਾਣੈ*
*ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧਿ ਕੈ*
*ਵਿਚਿ ਦੇਇ ਕਰਤਾ ਬੀਉ॥*
*ਸਚੁ ਤਾ ਪਰੁ ਜਾਣੀਐ*
*ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ*
*ਕਿਛੁ ਪੁੰਨੁ ਦਾਨੁ ਕਰੇਇ॥*
*ਸਚੁ ਤਾਂ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ*
*ਬਹਿ ਰਹੈ ਕਰੇ ਨਿਵਾਸੁ॥*
*ਸਚੁ ਸਭਨਾ ਹੋਇ ਦਾਰੂ*
*ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ*
*ਜਿਨ ਸਚੁ ਪਲੈ ਹੋਇ॥ਅੰਗ – 468*

ਬੁੱਧੂਸ਼ਾਹ ਨੇ ਕਿਹਾ ਕਿ ਮਹਾਰਾਜ! ਆਪ ਕੋਈ ਪੂਰਨਾ ਪਾ ਦੇਵੋ, ਮੇਰਾ ਧੁੰਧਲਾ ਹੋਇਆ ਹੋਇਆ ਹਿਰਦਾ ਸ਼ੁੱਧ ਹੋ ਕੇ ਆਪਣੇ ਸਰੂਪ ਨੂੰ ਪਹਿਚਾਣ ਜਾਵੇ ਅਤੇ ਮੈਨੂੰ ਸਭ ਗੋਬਿੰਦ ਦ੍ਰਿਸ਼ਟੀ ਆ ਜਾਵੇ। ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਉਸ ਦਾ ਹੱਥ ਫੜ ਕੇ ਘੁਟਿਆ, ਉਸ ਨੂੰ ਸੱਚ ਦੀ ਪਹਿਚਾਣ ਹੋ ਗਈ, ਹਿਰਦਾ ਸ਼ੁਧ ਹੋ ਗਿਆ –

*ਅਹੰਬੁਧਿ ਮਨ ਪੂਰਿ ਥਿਧਾਈ॥*
*ਸਾਧ ਧੂਰਿ ਕਰਿ ਸੁਧ ਮੰਜਾਈ॥*
*ਅੰਗ – 200*

ਮਮਤਾ ਨਿਕਲ ਗਈ ਅਤੇ ਪਰਪੱਕ ਹੋ ਗਿਆ ਕਿ ਮੈਂ ਦੇਹ ਨਹੀਂ ਹਾਂ, ਮੈਂ ਪ੍ਰਾਣ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈਂ ਬੁੱਧੀ ਨਹੀਂ ਹਾਂ, ਮੈਂ ਚਿੱਤ ਵੀ ਨਹੀਂ ਹਾਂ ਅਤੇ ਮੈਂ ਝੂਠੀ ਮੈਂ ਵੀ ਨਹੀਂ ਹਾਂ, ਮੈਂ ਇਨ੍ਹਾਂ ਤੋਂ ਨਿਆਰਾ ਨਿਰੋਲ ਸੱਚ ਹਾਂ, ਅੰਦਰ ਦ੍ਰਿੜ੍ਹ ਹੋ ਗਿਆ, ਹੰਗਤਾ ਤੇ ਮਮਤਾ ਦਾ ਨਾਸ਼ ਹੋ ਗਿਆ, ਰੰਗ ਵਿਚ ਰੰਗਿਆ ਗਿਆ ਜਿਵੇਂ ਕਿ –

*ਰਵਿ ਪ੍ਰਗਾਸ ਰਜਨੀ ਜਥਾ*
*ਗਤਿ ਜਾਨਤ ਸਭ ਸੰਸਾਰ॥*
*ਪਾਰਸ ਮਾਨੋ ਤਾਬੋ ਛੁਏ*
*ਕਨਕ ਹੋਤ ਨਹੀ ਬਾਰ॥*
*ਅੰਗ – 346*

ਬੁੱਧੂਸ਼ਾਹ ਦਾ ਹਿਰਦਾ ਗਦ-ਗਦ ਹੋ ਗਿਆ, ਹੁਕਮੀ ਦੀ ਦਇਆ ਹੋ ਗਈ। ਦੇਖਦਾ ਹੈ ਕਿ ਜੋ ਕੁਝ ਹੋ ਰਿਹਾ ਹੈ ਹੁਕਮ ਵਿਚ ਹੀ ਹੋ ਰਿਹਾ ਹੈ, ਹੁਕਮ ਦੀ ਪਛਾਣ ਆ ਗਈ ਅਤੇ ਹੁਕਮੀ ਨਾਲ ਇਕ ਸੁਰ ਹੋ ਗਿਆ। ਗੁਰੂ ਮਹਾਰਾਜ ਜੀ ਕਹਿਣ ਲੱਗੇ, "ਬੁੱਧੂਸ਼ਾਹ! ਇਹ ਜੋ ਮੇਰੇ ਨਾਟ ਦੇਖਦਾ ਹੈਂ ਮੇਰੇ ਨਹੀਂ ਹਨ, ਇਹ ਜੋ ਮੇਰੀ ਕਵਿਤਾ ਦੇਖ ਰਿਹਾ ਹੈਂ ਇਹ ਵੀ ਹੁਕਮ ਵਿਚ ਹੀ ਹੈ। ਜੋ ਮੀਰੀ ਪੀਰੀ ਹੈ ਸੋ ਇਹ ਵੀ ਹੁਕਮ ਵਿਚ ਹੈ, ਇਹ ਰਾਜ ਭਾਗ ਸਭ ਕੁਝ ਮੇਰਾ ਨਹੀਂ ਸਭ ਹੁਕਮ ਦੀ ਕ੍ਰਿਆ ਹੈ। ਹਥਿਆਰ ਬਣਾਉਣ ਲਈ ਕਾਰਖਾਨੇ ਲਗਣੇ, ਇਹ ਫੌਜਾਂ ਦੀਆਂ ਮਸ਼ਕਾਂ, ਜੁੱਧ, ਜੰਗ, ਜਿੱਤ-ਹਾਰ, ਹੁਕਮ ਵਿਚ ਹੋ ਰਹੇ ਹਨ। ਮੈਂ ਕੁਝ ਭੀ ਨਹੀਂ ਕਰ ਰਿਹਾ। ਹੁਕਮ ਦੀ ਕ੍ਰਿਆ ਤਕ ਰਿਹਾ ਹਾਂ। ਤੂੰ ਵੀ ਹੁਕਮ ਨੂੰ ਪਛਾਣ –

*ਬ੍ਰਹਮਾ ਬਿਸਨੁ ਰਿਖੀ ਮੁਨੀ*
*ਸੰਕਰੁ ਇੰਦੁ ਤਪੈ ਭੇਖਾਰੀ॥*
*ਮਾਨੈ ਹੁਕਮੁ ਸੋਹੈ ਦਰਿ ਸਾਚੈ*
*ਆਕੀ ਮਰਹਿ ਅਫਾਰੀ॥*
*ਜੰਗਮ ਜੋਧ ਜਤੀ ਸੰਨਿਆਸੀ*
*ਗੁਰਿ ਪੂਰੈ ਵੀਚਾਰੀ॥*
*ਬਿਨੁ ਸੇਵਾ ਫਲੁ ਕਬਹੁ ਨ ਪਾਵਸਿ*
*ਸੇਵਾ ਕਰਣੀ ਸਾਰੀ॥*

*ਅੰਗ - 992*

*ਆਖਣੁ ਵੇਖਣੁ ਬੋਲਣੁ ਚਲਣੁ*
*ਜੀਵਣੁ ਮਰਣਾ ਧਾਤੁ॥*
*ਹੁਕਮੁ ਸਾਜਿ ਹੁਕਮੈ ਵਿਚਿ ਰਖੈ*
*ਨਾਨਕ ਸਚਾ ਆਪਿ॥*

*ਅੰਗ - 145*

*ਇਕਨਾ ਵਡੀ ਆਰਜਾ*
*ਇਕਿ ਮਰਿ ਹੋਹਿ ਜਹੀਰ॥*
*ਇਕਿ ਦੇ ਖਾਹਿ ਨਿਖੁਟੈ ਨਾਹੀ*
*ਇਕਿ ਸਦਾ ਫਿਰਹਿ ਫਕੀਰ॥*
*ਹੁਕਮੀ ਸਾਜੇ ਹੁਕਮੀ ਢਾਹੇ*
*ਏਕ ਚਸੇ ਮਹਿ ਲਖ॥*
*ਸਭੁ ਕੋ ਨਥੈ ਨਥਿਆ*
*ਬਖਸੇ ਤੋੜੇ ਨਥ॥*

*ਅੰਗ - 1289*

ਬੁੱਧੂਸ਼ਾਹ ਦੇ ਅੰਦਰ ਇਕ ਪ੍ਰਕਾਸ਼ ਦਾ ਜਵਾਰਭਾਟਾ ਆਇਆ। ਮਸਤ ਹੋ ਕੇ ਨਚ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਹੱਥ ਜ਼ੋਰ ਨਾਲ ਘੁਟਿਆ। ਉਸ ਨੂੰ ਸੱਚ ਦਾ ਪ੍ਰਕਾਸ਼ ਹੋ ਗਿਆ, ਕੂੜੀ 'ਮੈਂ' ਛਿੰਨ-ਛਿੰਨ' ਹੋ ਗਈ।

ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਪਾਉਂਟੇ ਸਾਹਿਬ ਦੇ ਅੰਦਰ ਨਿਤ ਨਵੇਂ ਚੋਜ ਕਰਦੇ ਸਨ ਹੁਕਮ ਦੇ ਬੱਦਲ ਉਠੇ, ਕੁਝ ਐਸੀਆਂ ਘਟਨਾਵਾਂ ਹੋਈਆਂ ਕਿ ਫਤਹਿ ਚੰਦ ਜਿਸਦਾ ਸਮਝੌਤਾ ਗੁਰੂ ਮਹਾਰਾਜ ਜੀ ਨੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨਾਲ ਕਰਾਇਆ ਸੀ ਉਹ ਵਿਗੜ ਗਿਆ। ਭੀਮ ਸੈਨ ਅਤੇ ਹੋਰ ਰਾਜਿਆਂ ਦੇ ਕਹਿਣ ਨਾਲ, ਇਸ ਨੇ ਗੁਰੂ ਮਹਾਰਾਜ ਜੀ ਦੇ ਨਾਲ ਖਾਹਮਖਾਹ ਯੁੱਧ ਰਚਾ ਲਿਆ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਫਤੇ ਸਾਹ ਕੋਪਾ ਤਬਿ ਰਾਜਾ॥*
*ਲੋਹ ਪਰਾ ਹਮ ਸੋ ਬਿਨੁ ਕਾਜਾ॥*

*ਬਚਿਤ੍ਰ ਨਾਟਕ*

ਜਿਸ ਯੁੱਧ ਵਿਚ ਬੁੱਧੂਸ਼ਾਹ ਜੀ ਨੇ ਆਪਣੇ ਮੁਰੀਦ ਲੈ ਕੇ ਭਾਰੀ ਯੁੱਧ ਲੜਿਆ ਅਤੇ ਉਸ ਦੇ ਪਰਿਵਾਰ, ਪੁੱਤਰਾਂ, ਰਿਸ਼ਤੇਦਾਰਾਂ ਦੀਆਂ ਕੁਰਬਾਨੀਆਂ ਹੋਈਆਂ। ਗੁਰੂ ਦਸ਼ਮੇਸ਼ ਪਿਤਾ ਜੀ ਮਸਜਿਦ ਤੇ ਮੰਦਰ, ਗਾਇਤ੍ਰੀ ਅਤੇ ਨਮਾਜ਼ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦੇ ਸਨ ਆਪ ਉਨ੍ਹਾਂ ਉਚਿਆਈਆਂ ਉਤੇ ਵਸਦੇ ਸਨ ਜਿਥੇ ਸਾਡੀ ਨੀਝ ਲਾਇਆਂ ਵੀ ਨਿਗ੍ਹਾ ਨਹੀਂ ਪਹੁੰਚਦੀ। ਉਨ੍ਹਾਂ ਦੇ ਆਗਮਨ ਦਿਵਸ ਅਸੀਂ ਹਰ ਸਾਲ ਮਨਾਉਂਦੇ ਹਾਂ ਪਰ ਉਨ੍ਹਾਂ ਦੀ ਸਿਖਸ਼ਾ ਤੋਂ ਵਿਪਰੀਤ ਆਪਣੇ ਮਨ ਦੀਆਂ ਧਾਰਨਾਵਾਂ ਬਣਾ ਕੇ ਆਪਣੀ ਕੂੜੀ ਮੈਂ, ਕੂੜੀ ਸੋਝੀ, ਕੂੜੇ ਗਿਆਨ ਦੇ ਹਨ੍ਹੇਰੇ ਵਿਚ ਉਨ੍ਹਾਂ ਦੀ ਵਡੱਤਣ ਨੂੰ ਨਾਪਣ ਦਾ ਜਤਨ ਕਰਦੇ ਹਾਂ।

ਗੁਰੂ ਮਹਾਰਾਜ ਜੀ ਹੀ ਕ੍ਰਿਪਾ ਕਰਨ ਕਿ ਸਾਨੂੰ ਸੋਝੀ ਪ੍ਰਦਾਨ ਹੋਵੇ ਅਤੇ ਅਸੀਂ ਉਨ੍ਹਾਂ ਦੇ ਆਦਰਸ਼ ਆਪਣੇ ਜੀਵਨ ਵਿਚ ਅਪਣਾਈਏ ਅਤੇ

*ਕਹੂੰ ਬ੍ਰਹਮ ਬਾਦ ਕਹੂੰ*
*ਬਿਦਿਆ ਕੋ ਬਿਖਾਦ,*
*ਕਹੂੰ ਨਾਦ ਕੋ ਨਨਾਦ*
*ਕਹੂੰ ਪੂਰਨ ਭਗਤ ਹੋ॥*
*ਕਹੂੰ ਬੇਦ ਰੀਤ*
*ਕਹੂੰ ਬਿਦਿਆ ਕੀ ਪ੍ਰਤੀਤ,*
*ਕਹੂੰ ਨੀਤ ਅਉ ਅਨੀਤ*
*ਕਹੂੰ ਜ੍ਵਾਲਾ ਸੀ ਜਗਤ ਹੋ॥*
*ਪੂਰਨ ਪ੍ਰਤਾਪ ਕਹੂੰ*
*ਇਕਾਤੀ ਕੋ ਜਾਪ ਕਹੂੰ,*
*ਤਾਪ ਕੋ ਅਤਾਪ*
*ਕਹੂੰ ਜੋਗ ਤੇ ਡਿਗਤ ਹੋ॥*
*ਕਹੂੰ ਬਰ ਦੇਤ*
*ਕਹੂੰ ਛਲ ਸੇ ਛਿਨਾਇ ਲੇਤ,*
*ਸਰਬ ਕਾਲ ਸਰਬ ਠਉਰ*
*ਏਕ ਸੇ ਲਗਤ ਹੋ॥ ਅਕਾਲ ਉਸਤਤਿ*

ਦੇ ਆਦਰਸ਼ ਨੂੰ ਸਮਝ ਸਕੀਏ।

# ਸੁਗੰਧਤ ਜੀਵਨ
## (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ)

ਮਾਰਚ 1667 ਈ. ਮੁਤਾਬਿਕ 1924 ਬਿਕ੍ਰਮੀ, ਚੇਤ ਦਾ ਮਹੀਨਾ ਚੜ੍ਹਿਆ। ਬਸੰਤ ਰੁੱਤ ਵਿਚ ਚੇਤ ਦਾ ਮਹੀਨਾ ਬਹੁਤ ਹੀ ਦਿਲ ਖਿੱਚਵਾਂ ਗਿਣਿਆ ਹੈ। ਵਿਦਵਾਨ ਚੇਤ ਰੁੱਤ ਨੂੰ ਬਸੰਤ ਰੁੱਤ ਕਰਕੇ ਮੰਨਦੇ ਹਨ। ਇਸ ਰੁੱਤ ਵਿਚ ਕੱਕਰਾਂ ਦੇ ਮਾਰੇ ਹੋਏ ਰੁਖਾਂ, ਬਿਰਖਾਂ, ਬੂਟਿਆਂ ਵਿਚ ਮਧੁਰ ਰਸ ਇਨ੍ਹਾਂ ਨੂੰ ਜੀਵਨ ਦੀ ਨਵੀਂ ਨੁਹਾਰ ਬਖਸ਼ਣ ਲਈ ਬਨਸਪਤੀ ਦੇ ਰੋਮ-ਰੋਮ ਵਿਚ ਰਚ ਜਾਂਦਾ ਹੈ। ਬਨਸਪਤੀ ਮੌਲਦੀ ਹੈ, ਬ੍ਰਿਛਾਂ ਦੀਆਂ ਟਾਹਣੀਆਂ ਤੇ ਕਰੂੰਬਲਾਂ ਨਵਾਂ ਸੁਨੇਹਾ ਲੈ ਕੇ, ਨਵਾਂ ਰੂਪ ਧਾਰ ਕੇ ਦਰਸ਼ਕਾਂ ਦੇ ਮਨ ਨੂੰ ਮੋਹਦੀਆਂ ਹਨ। ਇਹ ਰੁੱਤ ਮਨੁੱਖ ਦੇ ਅੰਦਰ ਵੀ ਬਹੁਤ ਹੀ ਖਿੱਚ ਪੈਦਾ ਕਰਦੀ ਹੈ। ਇਸ ਰੁੱਤ ਨੂੰ ਪਿਆਰ ਕਰਨ ਵਾਲੀ ਰੁੱਤ ਕਹਿ ਕੇ ਵਡਿਆਇਆ ਜਾਂਦਾ ਹੈ। ਹਿਰਦੇ ਵਿਚ ਅਚਾਨਕ ਝਰਨ੍ਹਾਟਾਂ ਉਠਦੀਆਂ ਹਨ। ਜਗਿਆਸੂ ਦੇ ਅੰਦਰ ਇਕ ਨਵੀਂ ਆਸ ਭਰਦੀ ਹੈ। ਭਜਨ ਅਨੰਦ ਵਿਚ ਜਗਿਆਸੂ ਨੂੰ ਸਰਸ਼ਾਰ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਇਸ ਅਨੰਦ ਬਾਰੇ ਦਸਦਿਆਂ ਫੁਰਮਾਇਆ ਹੈ ਕਿ -

***ਚੇਤਿ ਗੋਵਿੰਦੁ ਅਰਾਧੀਐ***
***ਹੋਵੈ ਅਨੰਦੁ ਘਣਾ॥ ਅੰਗ - 133***

ਇਸੇ ਚੇਤ ਦੀ ਪੂਰਨ ਚੰਦਰਮਾ ਵਾਲੀ ਪੂਰਨਮਾਸ਼ੀ ਦੀ ਰਾਤ ਨੂੰ ਅੰਮ੍ਰਿਤ ਵੇਲੇ ਇਕ ਮਹਾਨ ਆਤਮਾ ਬਾਲਕ ਦੇ ਰੂਪ ਵਿਚ ਪਿੰਡ ਲੋਪੋਂ, (ਹੁਣ ਜ਼ਿਲਾ ਲੁਧਿਆਣਾ) ਮਾਤਾ ਮਹਿਤਾਬ ਕੌਰ ਜੀ ਦੇ ਘਰ ਪ੍ਰਗਟ ਹੋਈ। ਤੱਕਣ ਵਾਲਿਆਂ ਨੇ ਇਕ ਰੋਸ਼ਨੀ ਤੱਕੀ ਜੋ ਦੇਖਦਿਆਂ-ਦੇਖਦਿਆਂ ਹੀ ਅਲੋਪ ਹੋ ਗਈ। ਬਾਬਾ ਲਾਲ ਸਿੰਘ ਜੀ ਪੁੱਤਰ ਦੀ ਦਾਤ ਪ੍ਰਾਪਤ ਕਰਕੇ ਖੁਸ਼ੀ ਦੀਆਂ ਝਰਨ੍ਹਾਟਾਂ ਮਹਿਸੂਸ ਕਰ ਰਹੇ ਸਨ। ਪੁਤਰ ਦੇ ਦਰਸ਼ਨ ਕੀਤੇ, ਕੁਝ ਅਲੌਕਿਕ ਹੀ ਦ੍ਰਿਸ਼ਟੀ ਵਿਚ ਆਇਆ ਅਤੇ ਭਾਵ ਪੈਦਾ ਹੋਇਆ ਕਿ ਇਹ ਪੁੱਤਰ ਜ਼ਰੂਰ ਹੀ ਮਹਾਨ ਆਤਮਾ ਹੋਵੇਗਾ। ਆਪ ਜੀ ਦਾ ਨਾਮ ਅਤਰ ਸਿੰਘ ਰੱਖਿਆ ਗਿਆ ਜਿਨ੍ਹਾਂ ਨੇ ਵੱਡੇ ਹੋ ਕੇ ਅਤਰ ਦੀ ਖੁਸ਼ਬੂ ਸੰਸਾਰ ਵਿਚ ਅਜਿਹੀ ਫੈਲਾਈ ਕਿ ਅੱਜ ਤੀਕਰ ਭੀ ਵਾਤਾਵਰਣ ਸੁਗੰਧਤ ਹੈ। ਆਪ ਜੀ ਨੂੰ ਇਸ ਸੁਗੰਧੀ ਨੂੰ ਦੇਰ ਤੀਕਰ ਸੁਗੰਧਤ ਰੱਖਣ ਲਈ ਗੁਲਾਬ (ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਜਿਨ੍ਹਾਂ ਦਾ ਪਹਿਲਾ ਨਾਮ ਗੁਲਾਬ ਸਿੰਘ ਸੀ ਅਤੇ ਗੁਰੂ ਘਰ ਵਿਚ ਈਸ਼ਰ ਸਿੰਘ ਜੀ ਹੋ ਕੇ ਸ਼ਾਮਲ ਹੋਏ) ਮਿਲਿਆ ਜਿਸਨੂੰ ਕਰੜੀ ਘਾਲ ਕਮਾਈ ਕਰਾ ਕੇ ਸਚਮੁਚ ਹੀ ਈਸ਼ਰ, ਹਰੀ ਬਣਾ ਦਿਤਾ।

ਇਹ ਸਮਾਂ ਇਤਿਹਾਸ ਵਿਚ ਆਪਣੀ ਮਹੱਤਤਾ ਆਪ ਰੱਖਦਾ ਹੈ ਕਿਉਂਕਿ ਖਾਲਸੇ ਦਾ ਰਾਜ ਆਪਸੀ ਫੁੱਟ ਦੇ ਕਾਰਨ ਅਲੋਪ ਹੋ ਚੁਕਿਆ ਸੀ। ਨਵੇਂ ਆਏ ਅੰਗ੍ਰੇਜ਼ ਸਾਸ਼ਕ ਦੀ ਨੀਤੀ ਭਾਵੇਂ ਮੁਗਲਾਂ ਦੇ ਰਾਜ ਵਰਗੀ ਤਾਂ ਨਹੀਂ ਸੀ ਪਰ ਬਹੁਤ ਦੂਰ ਦੇ ਮਨ-ਚਾਹੇ ਅਸਰ ਕਰਨ ਵਾਲੀ ਸੀ। ਸਿੱਖ ਰਾਜ ਦੇ ਵੱਡੇ-ਵੱਡੇ ਜਰਨੈਲ ਸਾਹਸਹੀਣੇ ਹੋ ਚੁੱਕੇ ਸਨ। ਉਨ੍ਹਾਂ ਦੇ ਜੀਵਨ ਦਾ ਅਧਾਰ ਨਾਮ ਦੀ ਥਾਂ ਸ਼ਰਾਬ ਦਾ ਪਿਆਲਾ ਅਤੇ ਨਿਰਮਲ ਭੋਜਨ ਦੀ ਥਾਂ ਪਸ਼ੂਆਂ ਦਾ ਮਾਸ ਖਾਣਾ ਹੀ ਰਹਿ ਗਿਆ। ਸਿੱਖੀ ਨੂੰ ਸੰਭਾਲਣ ਵਾਲਾ ਉਸ ਵੇਲੇ ਇਕੋ-ਇਕ ਵਰਿਆਮ ਸੂਰਮਾ ਪੰਜਾਬ ਦੀ ਹਿੱਕ ਉਪਰ ਆਪਣਾ ਪ੍ਰੇਮ ਨਾਟ ਕਰ ਰਿਹਾ ਸੀ ਜਿਸ ਦੇ ਅੰਦਰ ਬੇਹਿਸ ਹੋਈ ਹੋਈ ਸਿੱਖੀ ਨੂੰ ਉਭਾਰਨ ਦਾ ਕਹਿਰਾਂ ਦਾ ਉਤਸ਼ਾਹ ਸੀ, ਉਹ ਸੀ ਮਹਾਨ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲੇ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰੇਮੀ, ਸਤਿਗੁਰੂ ਰੂਪ ਜਾਣ ਕੇ ਪ੍ਰੇਮ ਲੀਨ ਰਹਿੰਦੇ ਹਨ। ਉਨ੍ਹਾਂ ਨੇ ਗਿਰਦੀ ਸਿੱਖੀ ਨੂੰ ਥੰਮ੍ਹ ਲਿਆ। ਜਦੋਂ 1861 ਦੀ ਮਰਦਮਸ਼ੁਮਾਰੀ ਹੋਈ ਤਾਂ ਸਿੱਖਾਂ ਦੀ ਗਿਣਤੀ 13 ਲੱਖ ਦੇ ਏੜ ਗੇੜ ਸੀ। ਮਰਦਮਸ਼ੁਮਾਰੀ ਵਾਲੇ ਮੁਖ ਅਫਸਰ ਨੇ ਆਪਣੇ remarks ਵਿਚ ਕਿਹਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਜਦੋਂ ਸਿਖਾਂ ਦੀ ਗਿਣਤੀ 70 ਲੱਖ ਤੋਂ ਵੀ ਵੱਧ ਸੀ ਉਹ ਥੋੜ੍ਹੇ ਸਾਲਾਂ ਵਿਚ ਐਨੀ ਰਫਤਾਰ ਦੇ

ਨਾਲ ਪਤਨ ਵਲ ਆਈ ਕਿ ਇਨ੍ਹਾਂ ਦੀ ਗਿਣਤੀ 13 ਲੱਖ ਦੇ ਕਰੀਬ ਰਹਿ ਗਈ ਜਿਨ੍ਹਾਂ ਵਿਚੋਂ ਅਸਲ ਸਿੱਖ ਜੋ ਆਪਣੇ ਗੁਰੂ ਦੀ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਢਾਲਦੇ ਹਨ, ਜਿਨ੍ਹਾਂ ਨੂੰ ਗੁਰੂ ਉਪਰ ਪੂਰਾ ਭਰੋਸਾ ਹੈ ਜੋ ਅੰਮ੍ਰਿਤ ਵੇਲੇ ਜਾਗਦੇ ਹਨ, ਨਾਮ ਸਿਮਰਨ ਕਰਦੇ ਹਨ, ਕਦੇ ਝੂਠ ਨਹੀਂ ਬੋਲਦੇ, ਕਦੇ ਛਲ ਨਹੀਂ ਕਰਦੇ, ਕਦੇ ਧੋਖਾ ਨਹੀਂ ਦਿੰਦੇ, ਨਾ ਹੀ ਉਹ ਸ਼ਰਾਬ ਪੀਂਦੇ ਹਨ, ਨਾ ਹੀ ਉਹ ਪਸ਼ੂਆਂ ਨੂੰ ਵੱਢ ਕੇ ਖਾਂਦੇ ਹਨ। ਜਿਹੋ ਜਿਹੇ ਚਿੱਟੇ ਵਸਤਰ ਪਹਿਨਦੇ ਹਨ ਉਸੇ ਤਰ੍ਹਾਂ ਦਾ ਉਨ੍ਹਾਂ ਦਾ ਅੰਦਰ ਵੀ ਸਾਫ ਹੈ, ਉਹ ਅਸਲੀ ਸਿੱਖ ਹਨ ਉਨ੍ਹਾਂ ਨੂੰ ਸਾਧਾਰਣ ਲੋਕ ਕੂਕਾ ਕਹਿ ਕੇ ਪੁਕਾਰਦੇ ਹਨ ਜੋ ਨਾ ਹੀ ਅਸਾਡੀ (ਅੰਗ੍ਰੇਜ਼ ਦੀ) ਈਨ ਮੰਨਦੇ ਹਨ, ਨਾ ਹੀ ਅਸਾਡੇ ਨਾਲ ਸਮਝੌਤਾ ਕਰਦੇ ਹਨ। ਉਨ੍ਹਾਂ ਦੀ ਡਾਕ ਆਪਣੀ ਹੈ, ਆਪਣੇ ਪ੍ਰਬੰਧ ਨਾਲ ਚਿੱਠੀਆਂ ਪਹੁੰਚਾਂਦੇ ਹਨ। ਅਸਾਡੇ ਲਗਾਏ ਹੋਏ ਨਲਕਿਆਂ ਤੋਂ ਪਾਣੀ ਨਹੀਂ ਪੀਂਦੇ ਅਤੇ ਸਦਾ ਮਾਲਾ ਆਪਣੇ ਗਲ ਵਿਚ ਰਖਦੇ ਹਨ। ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਦੇ ਹੁਕਮ ਵਿਚ ਆਪਣੀ ਜਾਨ ਕੁਰਬਾਨ ਕਰਨ ਨੂੰ ਆਪਣਾ ਸਭ ਤੋਂ ਸ੍ਰੇਸ਼ਟ ਕਰਮ ਸਮਝਦੇ ਹਨ ਉਨ੍ਹਾਂ ਦੀ ਗਿਣਤੀ 4 ਲੱਖ 45 ਹਜ਼ਾਰ ਦੇ ਕਰੀਬ ਹੈ। ਸੋ ਇਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਨੂੰ ਰਸਾਤਲ ਦੀ ਰੋੜ੍ਹ ਵਿਚ ਤਿਲ੍ਹਕਦਿਆਂ ਰੋਕਣ ਲਈ ਇਕ ਸੂਰਬੀਰ ਵਰਿਆਮ ਪ੍ਰਗਟ ਹੋਇਆ ਜਿਸ ਨੇ ਨਾਮ ਦੇ ਬਲ ਨਾਲ ਅੰਗ੍ਰੇਜ਼ਾਂ ਦੀ ਈਨ ਨਹੀਂ ਮੰਨੀ ਸੀ, ਉਸ ਦੀ ਥਾਂ ਸਿੱਖਾਂ ਦੇ ਜੀਵਨ ਵਿਚ ਨਾਮ ਦੀ ਸ਼ਕਤੀ ਪ੍ਰਵੇਸ਼ ਕਰਾ ਰਹੇ ਸਨ। ਉਸ ਸਮੇਂ ਜੇ ਸਚਮੁੱਚ ਹੀ ਬਗੈਰ ਪੱਖਪਾਤ ਤੋਂ ਅਸੀਂ ਨਿਰਣਾ ਕਰਨਾ ਹੋਵੇ ਤਾਂ ਕੇਵਲ ਇਕੋ ਇਕ ਇਹੋ ਮਹਾਨ ਜਮਾਤ ਗੁਰਸਿੱਖ ਸੀ। 1872 ਵਿਚ ਇਸ ਲਹਿਰ ਨੂੰ ਕੁਚਲਣ ਵਾਸਤੇ ਅੰਗ੍ਰੇਜ਼ ਨੇ ਨਾਮਧਾਰੀਆਂ ਨੂੰ ਤੋਪਾਂ ਨਾਲ ਬਿਨਾਂ ਕੋਈ ਮੁਕੱਦਮਾ ਚਲਾਏ ਉਡਾਇਆ। ਬਾਬਾ ਜੀ ਨੂੰ ਗ੍ਰਿਫਤਾਰ ਕਰਕੇ ਵਿਦੇਸ਼ਾਂ ਵਿਚ ਲੈ ਗਏ। ਉਨ੍ਹਾਂ ਦੇ ਅਨੇਕ ਸਾਥੀਆਂ ਬਾਰੇ ਕੁਝ ਵੀ ਪਤਾ ਨਹੀਂ ਲਗਦਾ ਕਿ ਉਹ ਕਿਹੜੀਆਂ-ਕਿਹੜੀਆਂ ਜੇਲ੍ਹਾਂ ਵਿਚ ਸੰਤਾਪ ਸਹਿ ਕੇ ਇਸ ਸੰਸਾਰ ਤੋਂ ਚਲੇ ਗਏ। ਉਨ੍ਹਾਂ ਤੋਂ ਪਹਿਲਾਂ ਇਕ ਹੋਰ ਮਹਾਨ ਹਸਤੀ ਜੋ ਸਿੱਖ ਰਾਜ ਦੇ ਬਿਲਕੁਲ ਪਤਨ ਵੇਲੇ ਭਾਰਤ ਵਰਸ਼ ਵਿਚ ਰੂਪਮਾਨ ਹੋਈ - ਉਹ ਸਨ ਬਾਬਾ ਨਿਹਾਲ ਸਿੰਘ ਜੀ, ਜਿਨ੍ਹਾਂ ਦਾ ਪ੍ਰਸਿੱਧ ਨਾਮ ਬਾਬਾ ਮਹਾਰਾਜ ਸਿੰਘ ਜੀ ਹੈ। ਉਹ ਵੀ ਪਟਿਆਲਾ ਰਿਆਸਤ ਦੇ ਇਕ ਪਿੰਡ ਰੱਬੋਂ ਦੇ ਰਹਿਣ ਵਾਲੇ ਸਨ। ਉਸ ਸਮੇਂ ਅਕਾਲ ਪੁਰਖ ਦੇ ਹੁਕਮ ਨਾਲ ਮਹਾਨ ਆਤਮਾਵਾਂ ਭੇਜੀਆਂ ਗਈਆਂ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਸਾਕਾਰ ਰੱਖਿਆ। ਉਸ ਸਮੇਂ ਵਿਚ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਕਰਮ ਖੇਤਰ ਵਿਚ ਆਏ ਜਿਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੇ ਆਰੰਭਕ ਸਮੇਂ ਵਿਚ ਫੌਜ ਵਿਚ ਨੌਕਰੀ ਕੀਤੀ। ਆਪ ਜੀ ਨੂੰ ਸੰਤ ਮਹਾਰਾਜ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਸੰਗਤ ਪ੍ਰਾਪਤ ਹੋਈ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਦੱਸੇ ਹੋਏ ਅਧਿਆਤਮ ਮਾਰਗ ਦੇ ਗੁਪਤ ਭੇਤਾਂ ਦੀ ਪ੍ਰਾਪਤੀ ਬਾਬਾ ਕਰਮ ਸਿੰਘ ਜੀ ਦੀ ਸੰਗਤ ਕਰਨ ਨਾਲ ਪ੍ਰਾਪਤ ਹੋਈ। ਪੈਨਸ਼ਨ ਲੈਣ ਪਿਛੋਂ ਆਪ ਨੇ ਪਿੰਡ ਰਾਮਪੁਰ ਵਿਚ ਪਹੁੰਚ ਕੇ ਗੁਰਦੁਆਰਾ ਰੇਰੂ ਸਾਹਿਬ ਬਣਾਇਆ ਅਤੇ ਉਸ ਥਾਂ ਦੇ ਉਤੇ ਇਕ ਕਾਮਲ ਉਸਤਾਦ ਵਾਂਗੂੰ ਕਰੜੀ ਘਾਲ ਕਮਾਈ ਕਰਕੇ ਬੇਅੰਤ ਜਗਿਆਸੂਆਂ ਨੂੰ ਆਤਮ ਮਾਰਗ ਦੀ ਸੋਝੀ ਦਿਤੀ ਜਿਨ੍ਹਾਂ ਵਿਚੋਂ ਸੰਤ ਮਹਾਰਾਜ 108 ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ ਵਿਸ਼ਵ ਪ੍ਰਸਿੱਧ ਮਹਾਪੁਰਸ਼ ਹੋਏ। ਉਨ੍ਹਾਂ ਦੇ ਜੀਵਨ ਵਿਚੋਂ ਕੁਝ ਘਟਨਾਵਾਂ ਵੰਨਗੀ ਮਾਤਰ ਦਰਜ ਕੀਤੀਆਂ ਜਾਂਦੀਆਂ ਹਨ। ਪਹਿਲੀ ਜੋ ਗਿਆਨੀ ਮੋਹਰ ਸਿੰਘ ਜੀ ਕੁਰਕਸ਼ੇਤਰ ਵਾਲਿਆਂ ਨੇ ਆਪਣੀ ਪੁਸਤਕ 'ਅਮਰ ਕਥਾ' ਵਿਚ ਦਰਜ ਕੀਤੀ ਹੈ, ਜੋ ਸੂਰਬੀਰ ਬਚਨ ਕੇ ਬਲੀ ਦੇ ਰੂਪ ਵਿਚ ਅੰਕਿਤ ਹੈ, ਉਹ ਆਪ ਜੀ ਦੀ ਗਿਆਤ ਲਈ ਛਾਪ ਰਹੇ ਹਾਂ।

ਕਾਂਡ 14

ਸੰਤ ਅਤਰ ਸਿੰਘ ਜੀ ਮਹਾਰਾਜ ਕਰਣੀ ਦੇ ਸੂਰੇ ਤੇ ਬਚਨਾਂ ਦੇ ਪੂਰੇ ਸ਼ਰਨ ਪਾਲਕ ਮਹਾਂਪੁਰਖ ਸਨ।

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥***
***ਅੰਗ - 544***

ਸ਼ਰਨ ਆਇਆਂ ਨੂੰ ਗਲ ਲਾਉਣਾ ਤੇ ਉਨ੍ਹਾਂ ਦੀ ਲਾਜ ਰਖਣੀ ਇਹ ਕੇਵਲ ਪ੍ਰਭੂ ਤੇ ਉਸਦੇ ਸੇਵਕ ਹੀ ਕਰ ਸਕਦੇ ਹਨ। ਜ਼ਿਲੇ ਅੰਮ੍ਰਿਤਸਰ ਦਾ ਇਕ ਮਫ਼ਰੂਰ ਜੋ ਕਿਸੇ ਕਤਲ ਕੇਸ ਵਿਚ ਭਗੌੜਾ ਸੀ, ਸੰਤ ਜੀ ਮਹਾਰਾਜ ਪਾਸ ਆਇਆ। ਇਸ ਨੇ ਆ ਕੇ ਸੰਤ ਜੀ ਮਹਾਰਾਜ ਕੋਲ ਸੱਚੋ-ਸੱਚ ਗੱਲ ਦਸ ਦਿਤੀ। ਆਪ ਤੋਂ ਆਸਰਾ ਮੰਗਿਆ। ਮਹਾਂਪੁਰਖਾਂ ਨੇ ਹਸ ਕੇ ਕਿਹਾ, "ਭਾਈ! ਬਾਬਾ ਬੀਰ ਸਿੰਘ ਨੌਰੰਗਾਬਾਦ ਜੋ ਸਾਡੇ ਵੱਡਿਆਂ ਦੇ ਵੀ ਵੱਡੇ ਸਨ, ਨੇ ਸੰਧਾਂਵਾਲੀਏ ਸਰਦਾਰਾਂ ਨੂੰ ਸ਼ਰਨ ਦੇਣ ਪਿਛੇ ਆਪਣੇ ਆਪ ਨੂੰ ਤੋਪਾਂ ਦੇ ਗੋਲੇ ਨਾਲ ਉਡਵਾ ਲਿਆ ਸੀ। ਪਰ ਸ਼ਰਨ ਆਇਆਂ ਨੂੰ ਡੋਗਰਿਆਂ ਦੇ ਹਵਾਲੇ ਨਹੀਂ ਕੀਤਾ ਸੀ। ਸੋ ਤੂੰ ਜਦ ਏਥੇ ਆ ਹੀ ਗਿਆ ਏਂ ਤੇ ਸ਼ਰਨ ਪੈਣ ਦਾ ਨਾਮ ਲੈ ਕੇ ਆਸਰਾ ਮੰਗਿਆਂ ਏ ਤਦ ਅਸੀਂ ਤੈਨੂੰ ਆਪਣੀ ਜ਼ਬਾਨ ਨਾਲ ਕਦੀ ਏਥੋਂ ਜਾਣ ਲਈ ਨਹੀਂ ਕਹਾਂਗੇ। ਨਾਲ ਹੀ ਹੁਕਮ ਕੀਤਾ "ਮਨ ਦੀ ਮੈਲ ਤੇ ਕੀਤੇ ਪਾਪਾਂ ਦੇ ਪ੍ਰਾਸਚਿਤ ਲਈ ਕਰੜੀ ਕਮਾਈ ਕਰਨੀ ਪੈਂਦੀ ਹੈ।" ਇਸ ਨੇ ਹੱਥ ਬੰਨ੍ਹ ਕੇ ਕਿਹਾ, "ਬਾਬਾ ਜੀ ਮੇਰੇ ਜ਼ੁੰਮੇ ਜੋ ਸੇਵਾ ਲਾਵੋਗੇ ਮੈਂ ਕਰਨ ਨੂੰ ਤਿਆਰ ਹਾਂ।" ਫੇਰ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਭਾਈ! ਤੂੰ ਅਜ ਤੋਂ ਗਊਆਂ ਦੀ ਸੇਵਾ ਕਰੇਂਗਾ। ਮਨੁਖ ਅੰਦਰ ਪਸ਼ੂ ਬੁਧੀ ਦੀ ਪ੍ਰਧਾਨਤਾ ਤੇ ਬਿਬੇਕ ਬੁਧੀ ਦੀ ਕਮੀ ਕਰਕੇ ਪਾਪ ਹੁੰਦੇ ਹਨ। ਸੋ ਤੂੰ ਲੰਗਰ ਨੂੰ ਦੁਧ ਦਹੀਂ ਦੇਣ ਵਾਲੇ ਡੰਗਰਾਂ ਦੀ ਸੇਵਾ ਕਰਿਆ ਕਰ -

***ਪਸੂ ਮਿਲਹਿ ਚੰਗਿਆਈਆ***
***ਖੜੁ ਖਾਵਹਿ ਅੰਮ੍ਰਿਤੁ ਦੇਹਿ॥***
***ਨਾਮ ਵਿਹੂਣੇ ਆਦਮੀ***
***ਧ੍ਰਿਗੁ ਜੀਵਣ ਕਰਮ ਕਰੇਹਿ॥***
***ਅੰਗ -489***

ਤੁਸੀਂ ਉਨ੍ਹਾਂ ਦੀ ਸੇਵਾ ਕਰੋ, ਤੁਹਾਨੂੰ ਪਸ਼ੂ ਬੁਧੀ ਤੋਂ ਛੁਟਕਾਰਾ ਮਿਲ ਜਾਵੇਗਾ। ਫਿਰ ਤੁਹਾਡੇ ਗਲ ਵਿਚ ਪੈਣ ਵਾਲਾ ਰੱਸਾ ਡੰਗਰਾਂ ਦੇ ਰੱਸਿਆਂ ਨਾਲ ਘਸ ਘਸ ਕੇ ਟੁੱਟ ਜਾਵੇਗਾ। ਸਾਰੀ ਉਪਾਧੀ ਮਿਟ ਸਕੇਗੀ। ਆਜ਼ਾਦੀ ਆਉਣ ਪਿਛੋਂ ਸਰਕਾਰ ਨੇ ਹਰ ਜੇਲ੍ਹ ਦੇ ਅਗੇ ਲਿਖ ਕੇ ਲਾਇਆ ਹੈ, 'ਗੁਨਾਹ ਤੋਂ ਨਫ਼ਰਤ ਕਰੋ ਪਰ ਗੁਨਾਹਗਾਰ ਤੋਂ ਨਹੀਂ।' ਪਰ ਧੰਨ ਹਨ ਸੰਤ ਅਤਰ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਅੱਜ ਤੋਂ 60 ਸਾਲ ਪਹਿਲਾਂ ਇਸ ਅਮਰ ਸਚਾਈ ਨੂੰ ਗ੍ਰਹਿਣ ਕਰ ਕੇ ਲੋਕਾਂ ਦੇ ਸਾਹਮਣੇ ਰਖਿਆ। ਭਾਈ ਗੁਰਮੁਖ ਸਿੰਘ ਉਸੇ ਸਮੇਂ ਮਾਲਖਾਨੇ ਦੀ ਸੇਵਾ ਵਿਚ ਜਾ ਲਗਾ। ਕੁਝ ਹੀ ਦਿਨਾਂ ਪਿਛੋਂ ਪੁਲੀਸ ਦੇ ਵਰੰਟ ਆ ਗਏ ਤੇ ਥਾਣੇਦਾਰ ਪੁਲੀਸ ਸਮੇਤ ਆਇਆ। ਜਦੋਂ ਹੁਲੀਆ ਮਿਲਾਇਆ ਗਿਆ ਤਦ ਸ਼ਕਲ ਤਾਂ ਮਿਲਦੀ ਜੁਲਦੀ ਸੀ। ਪਰ ਉਨ੍ਹਾਂ ਦੇ ਗਿਣੇ ਮਿਥੇ ਚਿੰਨ੍ਹ ਗ਼ਾਇਬ ਹੋ ਗਏ ਸਨ। ਦੂਸਰੇ ਹੁਲੀਏ ਅੰਦਰ ਗੁਨਾਹਗਾਰ ਦਾ ਜੋ ਚਿਹਰਾ ਤੇ ਅੱਖਾਂ ਦਰਸਾਈਆਂ ਗਈਆਂ ਸਨ ਉਹ ਚਿੰਨ੍ਹ ਬਿਲਕੁਲ ਨਹੀਂ ਸਨ ਮਿਲਦੇ। ਇਸ ਕਰਕੇ ਪੁਲੀਸ ਅਫਸਰ ਸੰਤ ਜੀ ਮਹਾਰਾਜ ਪਾਸ ਗਿਆ ਤੇ ਆਪਣੀ ਤਸੱਲੀ ਲਈ ਇਸ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਪਾਸ ਅੰਮ੍ਰਿਤਸਰ ਤੋਂ ਇਕ ਕਾਤਲ, ਇਕ ਕਤਲ ਵਿਚ ਭਗੌੜੇ ਦੇ ਵਰੰਟ ਹਨ। ਤੁਹਾਡੇ ਇਸ ਸੇਵਕ ਦੇ ਚਿੰਨ੍ਹ ਤੇ ਹੁਲੀਆ ਉਸ ਨਾਲ ਕੁਝ ਮਿਲਦਾ ਜੁਲਦਾ ਹੈ, ਜੇਕਰ ਇਹ ਉਹ ਹੀ ਆਦਮੀ ਹੈ ਤਾਂ ਤੁਸੀਂ ਇਸ ਨੂੰ ਕਾਨੂੰਨ ਦੇ ਹਵਾਲੇ ਕਰ ਦਿਉ।

"ਸ੍ਰੀ ਮਾਨ ਜੀ! ਸਾਰੇ ਸੰਸਾਰ ਵਿਚ ਅਸੀਂ ਤੇ ਤੁਸੀਂ ਸਾਰੇ ਗੁਨਾਹਾਂ ਦੀਆਂ ਪੰਡਾਂ ਸਿਰਾਂ ਉਤੇ ਚੁਕੀ ਫਿਰਦੇ ਹਾਂ। ਕੌਣ ਜਾਣੇ ਕੌਣ ਵਡਾ ਗੁਨਾਹਗਾਰ ਹੈ। ਕਿਸ ਮਨੁੱਖ ਨੇ ਕੀ ਕੀਤਾ ਏ, ਇਹ ਅਸੀਂ ਕਦੀ ਵਿਚਾਰਿਆ ਨਹੀਂ। ਗੁਨਾਹ ਤੋਂ ਬਿਨਾਂ ਕੋਈ ਮਨੁੱਖ ਹੈ ਨਹੀਂ, ਇਸ ਲਈ ਸਾਡੇ ਜ਼ੁਮੇਂ ਸਤਿਗੁਰਾਂ ਨੇ ਤਾਂ ਇਹ ਸੇਵਾ ਲਗਾਈ ਹੈ ਕਿ ਦੁਨੀਆਂ ਵਿਚੋਂ ਗੁਨਾਹ ਤੇ ਪਾਪ ਦੂਰ ਕਰੀਏ। ਅਸੀਂ ਕੇਵਲ ਇਕ ਇਹ ਸੋਚਦੇ ਹਾਂ ਕਿ ਪਾਪਾਂ ਤੇ ਗਲਤੀਆਂ ਨੂੰ ਰੋਕ ਕਿਵੇਂ ਪਾਈ ਜਾਵੇ। ਦੁਖਾਂ ਦਾ ਮਾਰਿਆ ਇਹ ਸੰਸਾਰ ਸ਼ਾਂਤੀ ਪ੍ਰਾਪਤ ਕਰਨ ਹਿਤ ਸਾਧੂ ਦੀ ਸ਼ਰਨ ਆਉਂਦਾ ਹੈ। ਫਿਰ ਸਾਧੂ ਦੀ ਦ੍ਰਿਸ਼ਟੀ ਵਿਚ ਦ੍ਵੈਤ ਕਿਥੋਂ ਆਵੇ? ਉਹ ਕਿਸ

ਨੂੰ ਗੁਨਾਹਗਾਰ ਤੇ ਕਿਸ ਨੂੰ ਬੇਗੁਨਾਹ ਸਮਝੇ।" ਸੰਤ ਜੀ ਮਹਾਰਾਜ ਨੇ ਪੁਲਿਸ ਅਫ਼ਸਰ ਨੂੰ ਆਖਿਆ।

"ਬਾਬਾ ਜੀ ਤੁਹਾਡੇ ਜੈਸੇ ਮਹਾਂਪੁਰਖਾਂ ਰਾਹੀਂ ਸੜਦੇ ਸੰਸਾਰ ਨੂੰ ਕਲਿਆਣ ਤੇ ਸ਼ਾਂਤੀ ਮਿਲਦੀ ਹੈ। ਇਨਸਾਫ਼ ਮਨੁਖ ਨੂੰ ਗੁਨਾਹਗਾਰ ਸਾਬਤ ਹੋਣ ਉਤੇ ਫਾਂਸੀ ਦੇਂਦਾ ਹੈ। ਅਸੀਂ ਫੇਰ ਕਾਨੂੰਨ ਦੇ ਨਾਮ ਉਤੇ ਤੁਹਾਥੋਂ ਇਹ ਪੁਛਦੇ ਹਾਂ ਕਿ ਤੁਹਾਡਾ ਇਹ ਆਦਮੀ ਕਾਤਿਲ ਤਾਂ ਨਹੀਂ? ਅਸੀਂ ਇਸ ਨੂੰ ਤੁਹਾਡੀ ਜ਼ਮਾਨਤ ਤੇ ਛਡ ਦਿਆਂਗੇ।" ਪੁਲੀਸ ਵਾਲੇ ਅਫ਼ਸਰ ਨੇ ਬੇਨਤੀ ਕੀਤੀ।

"ਕਾਨੂੰਨ ਅੰਨ੍ਹਾ ਹੈ। ਉਹ ਕਈ ਵਾਰੀ ਗੁਨਾਹਗਾਰਾਂ ਨੂੰ ਬਖਸ਼ਦਾ ਹੈ ਤੇ ਬੇਗੁਨਾਹਾਂ ਨੂੰ ਗੁਆਹੀਆਂ ਦੇ ਅਧਾਰ ਤੇ ਸਜ਼ਾ ਦੇ ਦਿੰਦਾ ਹੈ। ਅਸੀਂ ਇਸ ਦੀ ਕੋਈ ਜ਼ਮਾਨਤ ਨਹੀਂ ਦਿੰਦੇ ਤੇ ਨਾ ਹੀ ਇਸ ਨੂੰ ਜ਼ਬਰਦਸਤੀ ਤੁਹਾਡੇ ਹਵਾਲੇ ਕਰਦੇ ਹਾਂ। ਸਗੋਂ ਤੁਹਾਨੂੰ ਸਾਫ ਤੌਰ ਤੇ ਕਹਿੰਦੇ ਹਾਂ ਕਿ ਤੁਸੀਂ ਆਪਣੀਆਂ ਅੱਖਾਂ ਨਾਲ ਤੱਕ ਕੇ ਤੇ ਦਿਮਾਗ ਨਾਲ ਸੋਚ ਕੇ ਇਹ ਫੈਸਲਾ ਕਰੋ ਕਿ ਇਹ ਸੱਜਣ ਉਹ ਹੀ ਹੈ? ਇਸ ਦੇ ਅੰਦਰ ਕਿਸੇ ਖ਼ੂਨੀ ਦੀ ਮਲੀਨ ਆਤਮਾ ਹੈ? ਫਿਰ ਇਹ ਤੁਹਾਡੇ ਉਤੇ ਹੀ ਫੈਸਲਾ ਰਿਹਾ ਕਿ ਇਹ ਸੇਵਕ ਕਾਤਿਲ ਹੈ ਜਾਂ ਗੁਰੂ ਦਾ ਇਕ ਟਹਿਲੂਆ, ਜੋ ਰਾਤ ਦਿਨ ਇਕ ਕਰਕੇ ਡੰਗਰਾਂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦਾ ਹੈ ਬੰਦਾ ਤੁਹਾਡੇ ਸਾਹਮਣੇ ਖਲੋਤਾ ਹੈ ਇਸ ਦਾ ਸਰੀਰ ਤੁਹਾਡੇ ਸਾਹਮਣੇ ਹੈ ਤੇ ਆਤਮਾ ਸਾਡੇ ਸਾਹਮਣੇ। ਅਸੀਂ ਇਸ ਦੇ ਸਰੀਰ ਦੀ ਕੋਈ ਹਾਮੀ ਨਹੀਂ ਭਰਦੇ, ਜੇ ਇਹ ਗੁਨਾਹਗਾਰ ਹੈ ਤਾਂ ਬੇਸ਼ਕ ਫੜ ਲਵੋ।"

ਇਹ ਗੱਲ ਸੁਣਕੇ ਪੁਲੀਸ ਅਫਸਰ ਨੇ ਕੋਲ ਖੜ੍ਹੇ ਗੁਰਮੁਖ ਸਿੰਘ ਵਲ ਤਿੰਨ ਵਾਰੀ ਸਿਰ ਤੋਂ ਪੈਰਾਂ ਤਕ ਤਕਿਆ ਜੋ ਅਡੋਲ ਤੇ ਮਗਨ ਖਲੋਤਾ ਸੀ। ਪੁਲੀਸ ਅਫਸਰ ਨੂੰ ਇਸ ਤਰ੍ਹਾਂ ਪ੍ਰਤੀਤ ਦਿਤਾ ਜਿਵੇਂ ਉਸ ਨੇ ਸਰੋਵਰ ਦੇ ਅੰਮ੍ਰਿਤ ਨੂੰ ਨਾਲੀ ਦਾ ਗੰਦਾ ਪਾਣੀ ਮੰਨ ਲਿਆ ਹੋਵੇ। ਉਸ ਦੇ ਅੰਦਰ ਆਤਮਾ ਨੇ ਕਿਹਾ ਕਿ ਤੂੰ ਕਿਸੇ ਬੇਗੁਨਾਹ ਨੂੰ ਫਸਾ ਕੇ ਕੀ ਕਮਾਈ ਕਰੇਂਗਾ? ਹੋ ਸਕਦਾ ਏ ਇਸ ਦਾ ਸੰਤਾਪ ਮੈਨੂੰ ਕੋਈ ਨੁਕਸਾਨ ਹੀ ਪੁਚਾ ਦੇਵੇ। ਸੋ ਇਸ ਕਰਕੇ ਇਸ ਨੇ ਨਾਲ ਦਿਆਂ ਸਾਥੀਆਂ ਨੂੰ ਉਠਾਇਆ ਤੇ ਡੇਰੇ ਤੋਂ ਬਾਹਰ ਚਲਾ ਗਿਆ। ਇਸ ਤੋਂ ਬਾਅਦ ਥਾਣੇ ਦੇ ਬਾਹਰਲੇ ਪੁਲੀਸ ਵਾਲੇ ਕਈ ਵਾਰੀ ਡੇਰੇ ਆਏ। ਉਸ ਦੀ ਪਰਖ ਕੀਤੀ। ਪਰ ਹਰ ਸਮੇਂ ਮਹਾਂਪੁਰਖਾਂ ਦੀ ਕ੍ਰਿਪਾ ਦ੍ਰਿਸ਼ਟੀ ਇਸ ਨੂੰ ਬਚਾ ਕੇ ਲੈ ਜਾਂਦੀ ਰਹੀ। ਇਹ ਬਾਬਾ ਬਹੁਤ ਦੇਰ ਬਾਅਦ ਵੀ ਸੰਤ ਜੀ ਮਹਾਰਾਜ ਦੀ ਸੇਵਾ ਤੇ ਉਸੇ ਤਰ੍ਹਾਂ ਕਾਇਮ ਰਿਹਾ। ਇਸ ਗੱਲ ਦਾ ਪ੍ਰਭਾਵ ਨਗਰ ਨਿਵਾਸੀ ਤੇ ਸੰਤ ਜੀ ਮਹਾਰਾਜ ਦੇ ਸੇਵਕਾਂ ਤੇ ਇਹ ਪਿਆ ਕਿ ਪਰਮ ਪੁਰਖ ਦੀ ਸੇਵਾ ਸੰਸਾਰਕ ਸੁਖ, ਸ਼ਾਂਤੀ ਤੇ ਪਾਪਾਂ ਰਹਿਤ ਹੀ ਨਹੀਂ ਕਰਦੀ ਸਗੋਂ ਮਹਾਂਪੁਰਖ ਹਰ ਸਮੇਂ ਨਿਕਟੀ ਹੋ ਕੇ ਵਰਤਦੇ ਹਨ -

***ਸੇਵਕ ਕਉ ਨਿਕਟੀ ਹੋਇ ਦਿਖਾਵੈ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ***
***ਤਤਕਾਲ ਹੋਇ ਆਵੈ॥***
***ਤਿਸੁ ਸੇਵਕ ਕੈ ਹਉ ਬਲਿਹਾਰੀ***
***ਜੋ ਅਪਨੇ ਪ੍ਰਭ ਭਾਵੈ॥***
***ਤਿਸ ਕੀ ਸੋਇ ਸੁਣੀ ਮਨੁ ਹਰਿਆ***
***ਤਿਸੁ ਨਾਨਕ ਪਰਸਣਿ ਆਵੈ॥***
***ਅੰਗ - 403***

ਗਿਆਨ ਵਿਚ ਜੀਵਨ ਬਤੀਤ ਕੀਤਿਆਂ ਮਨ ਨਿਰਮਲ ਤੇ ਸਵੱਛ ਹੋ ਜਾਂਦਾ ਹੈ। ਨਾਲ ਹੀ ਆਧ, ਬਿਆਧ, ਉਪਾਧ, ਸਾਰੇ ਪਾਪ ਵੀ ਮਿਟ ਜਾਂਦੇ ਹਨ। ਸੰਤ ਜੀ ਮਹਾਰਾਜ ਉਨ੍ਹਾਂ ਸੇਵਕਾਂ ਪਰ ਬਹੁਤ ਮਿਹਰਬਾਨ ਹੁੰਦੇ ਸਨ ਜੋ ਹਰ ਸਮੇਂ ਲੰਗਰ ਦੀ ਸੇਵਾ, ਲੰਗਰ ਹਿਤ ਬਾਲਣ ਜਾਂ ਫਿਰ ਗੁਰੂ ਕੇ ਲੰਗਰ ਹਿਤ ਅਨਾਜ ਪੈਦਾ ਕਰਨ ਲਈ ਖੇਤਾਂ ਵਿਚ ਆਪਣੇ ਲਹੂ ਨੂੰ ਪਸੀਨਾ ਬਣਾ ਕੇ ਵਹਾਂਦੇ ਸਨ। ਮਿਟੀ ਨਾਲ ਲਿਬੜੇ, ਥਕੇ ਟੁੱਟੇ ਸਰੀਰਾਂ ਨੂੰ ਤਕ ਕੇ ਕਈ ਵਾਰੀ ਮਿਹਰਾਂ ਦੇ ਘਰ ਵਿਚ ਆ ਜਾਂਦੇ ਸਨ ਤੇ ਫੁਰਮਾਉਂਦੇ ਸਨ, "ਭਾਈ! ਵਿਹਲਾ ਰਹਿ ਕੇ ਮਨੁਖ ਕਈ ਘੰਟੇ ਸਮਾਧੀ ਲਗਾ ਕੇ ਤੇ ਸਿਮਰਨ ਕਰਕੇ ਜੋ ਅਨੰਦ ਪ੍ਰਾਪਤ ਕਰਦਾ ਹੈ ਉਹ ਨਿਸ਼ਕਾਮ ਮਿਹਨਤੀ ਤੇ ਉਦਮੀ ਸੱਜਣ ਸੇਵਾ ਅੰਦਰ ਥੱਕ ਟੁਟ ਕੇ ਫੇਰ

ਸਮਾਧੀ ਅੰਦਰ ਮਿੰਟਾਂ ਵਿਚ ਪ੍ਰਾਪਤ ਕਰ ਲੈਂਦਾ ਹੈ। ਸੇਵਕ ਦੀ ਆਤਮਾ ਸਵੱਛ ਤੇ ਨਿਰਮਲ ਹੋ ਜਾਂਦੀ ਹੈ। ਉਸ ਪਰ ਮਹਾਂਪੁਰਖਾਂ ਦਾ ਉਪਦੇਸ਼ ਤੇ ਸਤਿ ਸ਼ਬਦ ਦਾ ਉਸ ਅੰਦਰ ਨਿਵਾਸ ਸਹਿਜੇ ਹੀ ਹੋ ਆਉਂਦਾ ਹੈ। ਸੋ ਸੇਵਾ ਰਾਹੀਂ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਹਾਸਲ ਕਰਨੀ ਆਸਾਨ ਸੀ। ਪਰ ਕੇਵਲ ਮਾਤਰ ਨਾਮ ਜੋ ਸੇਵਾ ਤੋਂ ਬਗੈਰ ਹੋਵੇ ਪ੍ਰਾਪਤੀ ਦੇ ਸਾਧਨ ਉਹਨਾਂ ਦੀ ਦ੍ਰਿਸ਼ਟੀ ਵਿਚ ਕਠਿਨ ਸਨ।

***ਵਿਚਿ ਦੁਨੀਆ ਸੇਵ ਕਮਾਈਐ***
***ਤਾ ਦਰਗਹ ਬੈਸਣੁ ਪਾਈਐ॥***

***ਅੰਗ - 26***

***(ਧੰਨਵਾਦ ਸਹਿਤ 'ਅਮਰ ਕਥਾ' ਵਿਚੋਂ)***

ਪ੍ਰਕ੍ਰਿਤੀ ਦਾ ਆਪਣਾ ਅਟੱਲ ਸੁਭਾਅ ਹੈ ਕਿ ਵਾਹਿਗੁਰੂ ਜੀ ਦੇ ਅਟੱਲ ਨਿਯਮਾਂ ਵਿਚ ਬੰਨ੍ਹੀ ਹੋਈ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੀ। ਅੱਗ ਜਾਲ ਦਿੰਦੀ ਹੈ, ਪਾਣੀ ਡੁਬੋ ਦਿੰਦਾ ਹੈ ਅਤੇ ਉਚਾਈ ਤੋਂ ਸੁਟਿਆ ਬੰਦਾ ਮਰ ਜਾਂਦਾ ਹੈ। ਇਹ ਨਿਯਮ ਸੰਸਾਰ ਦੀ ਕ੍ਰਿਆ ਚਲਾਉਣ ਲਈ ਅਟੱਲ ਹਨ ਪਰ ਵਾਹਿਗੁਰੂ ਜੀ ਉਪਰ ਇਨ੍ਹਾਂ ਦੀ ਅਟੱਲਤਾ ਦਾ ਕੋਈ ਵੀ ਅਸਰ ਨਹੀਂ ਹੁੰਦਾ। ਉਹ ਆਪਣੇ ਪਿਆਰ ਵਾਲਿਆਂ ਦੀ ਇਛਿਆ ਨੂੰ ਅਨੁਭਵ ਕਰਕੇ ਪ੍ਰਕ੍ਰਿਤੀ ਦਾ ਸੁਭਾਅ ਹੀ ਬਦਲ ਦਿੰਦੇ ਹਨ ਅਤੇ ਮਾਇਆ ਦੇ ਅਟੱਲ ਨਿਯਮਾਂ ਨੂੰ ਬਦਲ ਦਿੰਦੇ ਹਨ। ਆਪਣੇ ਪਿਆਰੇ ਨੂੰ ਅੱਗ ਵਿਚ ਜਲਣ ਨਹੀਂ ਦਿੰਦੇ, ਪਾਣੀ ਵਿਚ ਡੁੱਬਣ ਨਹੀਂ ਦਿੰਦੇ, ਜਿਵੇਂ ਕਿ ਪ੍ਰਹਿਲਾਦ ਨੂੰ -

***ਜਲ ਅਗਨੀ ਵਿਚ ਘੱਤਿਆ***
***ਜਲੈ ਨ ਡੁੱਬੈ ਗੁਰ ਪਰਸਾਦ।***

***ਭਾਈ ਗੁਰਦਾਸ ਜੀ, ਵਾਰ 10/2***

ਸੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ -

***ਦੁਸਟ ਸਭਾ ਮਿਲਿ ਮੰਤਰ ਉਪਾਇਆ***
***ਕਰਸਹ ਅਉਧ ਘਨੇਰੀ॥***
***ਗਿਰਿ ਤਰ ਜਲੁ ਜੁਆਲਾ ਭੈ ਰਾਖਿਓ***
***ਰਾਜਾ ਰਾਮਿ ਮਾਇਆ ਫੇਰੀ॥***

***ਅੰਗ - 1165***

ਵਾਹਿਗੁਰੂ ਜੀ ਨੇ ਮਾਇਆ ਦਾ ਸੁਭਾਅ ਬਦਲ ਦਿਤਾ। ਕਦੇ ਕਿਸੇ ਅੱਗ ਨਾਲ ਤਪਦੇ ਥੰਮ੍ਹ ਵਿਚੋਂ ਕੋਈ ਵਿਅਕਤੀ ਪ੍ਰਗਟ ਨਹੀਂ ਹੋ ਸਕਦਾ ਪਰ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਪ੍ਰਭੂ ਇਕ ਥੰਮ੍ਹ ਵਿਚੋਂ ਪ੍ਰਗਟ ਹੋ ਗਿਆ।

***ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥***
***ਹਰਨਾਖਸੁ ਛੇਦਿਓ ਨਖ ਬਿਦਾਰ॥***

***ਅੰਗ - 1194***

ਇਸੇ ਤਰ੍ਹਾਂ ਨਾਲ ਬਾਬਾ ਬੀਰ ਸਿੰਘ ਜੀ ਦੇ ਜੀਵਨ ਵਿਚ ਇਕ ਘਟਨਾ ਦਾ ਜ਼ਿਕਰ ਕਈ ਲਿਖਾਰੀਆਂ ਨੇ ਕੀਤਾ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਜਮਰੌਦ ਦੇ ਕਿਲੇ ਵਿਚ ਸਰਦਾਰ ਹਰੀ ਸਿੰਘ ਦੀ ਹੋਈ ਸ਼ਹੀਦੀ ਬਾਰੇ ਸੁਣ ਕੇ ਫੌਜ ਇਕੱਠੀ ਕਰਕੇ ਕਾਬਲ ਦੇ ਮੁਲਖਈਏ ਦੀ ਰੋਕ ਕਰਨ ਲਈ ਜਾ ਰਹੇ ਹਨ ਤਾਂ ਜਦੋਂ ਆਪ ਸਿੰਧ ਦਰਿਆ ਦੇ ਕਿਨਾਰੇ ਪਹੁੰਚੇ ਤਾਂ ਦਰਿਆ ਚੜ੍ਹਿਆ ਹੋਇਆ ਸੀ, ਉਨ੍ਹਾਂ ਨੇ ਬਾਬਾ ਬੀਰ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਜੇ ਹੁਣ ਆਪਣੀਆਂ ਫੌਜਾਂ ਪਾਰ ਨਾ ਗਈਆਂ ਅਤੇ ਜਮਰੌਦ ਦਾ ਕਿਲਾ ਟੁੱਟ ਗਿਆ, ਬਾਗੀਆਂ ਦੇ ਕਬਜ਼ੇ ਵਿਚ ਆ ਗਿਆ ਤਾਂ ਉਸ ਹੜ੍ਹ ਨੂੰ ਆਪਣੇ ਵਿਚੋਂ ਕੋਈ ਨਹੀਂ ਰੋਕ ਸਕੇਗਾ ਅਤੇ ਮੁੜ ਕੇ ਅਸਾਡੀਆਂ ਧੀਆਂ, ਭੈਣਾਂ ਟਕੇ-ਟਕੇ ਨੂੰ ਇਨ੍ਹਾਂ ਦੇਸ਼ਾਂ ਦੀਆਂ ਮੰਡੀਆਂ ਵਿਚ ਵਿਕਣੀਆਂ ਸ਼ੁਰੂ ਹੋ ਜਾਣਗੀਆਂ। ਇਸ ਵੇਲੇ ਸਭ ਤੋਂ ਵੱਡੀ ਰੁਕਾਵਟ ਅਟਕ ਦੇ ਦਰਿਆ ਵਿਚ ਚਲਦਾ ਪਾਣੀ ਹੈ। ਕ੍ਰਿਪਾ ਕਰੋ, ਤੁਸੀਂ ਸਮਰੱਥ ਪੁਰਸ਼ ਹੋ, ਅਟਕ ਤੋਂ ਰਸਤਾ ਦਿਵਾ ਦੇਵੋ। ਬਾਬਾ ਜੀ ਨੇ ਇਕ ਮਨ, ਇਕ ਚਿੱਤ ਹੋ ਕੇ ਅਰਦਾਸ ਕੀਤੀ ਕਿ ਹੇ ਪ੍ਰਭੂ! ਇਹ ਫੌਜਾਂ ਐਸੇ ਪਵਿੱਤਰ ਕਾਰਜ ਵਾਸਤੇ ਜੂਝਣ ਲਈ ਜਾ ਰਹੀਆਂ ਹਨ ਜਿਸ ਦੇ ਫਲਸਰੂਪ ਲੱਖਾਂ ਬੀਬੀਆਂ, ਬੱਚਿਆਂ ਦੀ ਇਜ਼ਤ ਰੁਲਣੋਂ ਰੁਕ ਜਾਵੇਗੀ। ਕ੍ਰਿਪਾ ਕਰੋ, ਇਹ ਦਰਿਆ ਰਸਤਾ ਦੇ ਦੇਵੇ। ਕੰਢਿਆਂ ਦੇ ਉਪਰ ਦੀ ਵਹਿੰਦਾ ਦਰਿਆ ਹੇਠਾਂ ਉਤਰਨ ਲੱਗ ਗਿਆ। ਬਾਬਾ ਜੀ ਦਰਿਆ ਦੇ ਵਿਚਾਲੇ ਜਾ ਕੇ ਬਹੁਤ ਆਹਿਸਤਾ-ਆਹਿਸਤਾ ਸਹਿਜ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਨ ਲੱਗੇ। ਸਾਰੀਆਂ ਫੌਜਾਂ

ਲੰਘ ਗਈਆਂ। ਸਿਰਫ ਇਕ ਕੰਪਨੀ ਰਹਿ ਗਈ ਜੋ ਇਹ ਕਹਿ ਰਹੀ ਸੀ ਕਿ ਬਾਬਾ ਜੀ ਦੀ ਅਰਦਾਸ ਨਾਲ ਦਰਿਆ ਕਦੇ ਵੀ ਨਹੀਂ ਉਤਰ ਸਕਦਾ। ਇਸ਼ਾਰਾ ਕੀਤਾ ਗਿਆ, ਜਦੋਂ ਉਹ ਕੰਪਨੀ ਦਰਿਆ ਵਿਚ ਦਾਖਲ ਹੋਈ, ਬਾਬਾ ਜੀ ਨੇ ਆਪਣਾ ਹਾਥੀ ਪਰਲੇ ਕੰਢੇ ਵਲ ਨੂੰ ਤੋਰ ਲਿਆ। ਪਰਲੇ ਕੰਢੇ ਤੇ ਜਾ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਸੰਪੂਰਨ ਹੋ ਗਿਆ ਤੇ ਇਹ ਕੰਪਨੀ ਦਰਿਆ ਦੇ ਵਿਚਾਲੇ ਪਹੁੰਚ ਚੁੱਕੀ ਸੀ। ਬਾਬਾ ਜੀ ਦੇ ਨਿਕਲਣ ਦੀ ਦੇਰ ਸੀ ਕਿ ਬਹੁਤ ਉਚੀ ਕਾਂਗ ਆਈ ਤੇ ਇਸ ਪੂਰੀ ਕੰਪਨੀ ਨੂੰ ਰੋੜ੍ਹ ਕੇ ਲੈ ਗਈ। ਇਸ ਤਰ੍ਹਾਂ ਅਨੇਕਾਂ ਹੋਰ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦੀ ਰਖਸ਼ਾ ਕਰਨ ਲਈ ਵਾਹਿਗੁਰੂ ਜੀ ਨੇ ਪ੍ਰਕ੍ਰਿਤੀ ਦਾ ਸੁਭਾਅ ਬਦਲਿਆ। ਕਬੀਰ ਜੀ ਨੂੰ ਗੰਗਾ ਵਿਚ ਡੁਬੋ ਦਿਤਾ, ਪਰ ਡੁੱਬੋਏ ਹੋਏ ਡੁੱਬ ਨਾ ਸਕੇ, ਅਗਨੀ ਉਨ੍ਹਾਂ ਨੂੰ ਸਾੜ ਨਾ ਸਕੀ ਜਿਵੇਂ ਕਿ ਫੁਰਮਾਨ ਹੈ –

*ਗੰਗ ਗੁਸਾਇਨਿ ਗਹਿਰ ਗੰਭੀਰ॥*
*ਜੰਜੀਰ ਬਾਂਧਿ ਕਰਿ ਖਰੇ ਕਬੀਰ॥*
*ਮਨੁ ਨ ਡਿਗੈ*
*ਤਨੁ ਕਾਹੇ ਕਉ ਡਰਾਇ॥*
*ਚਰਨ ਕਮਲ ਚਿਤੁ ਰਹਿਓ ਸਮਾਇ॥*
*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥*
*ਮ੍ਰਿਗਛਾਲਾ ਪਰ ਬੈਠੇ ਕਬੀਰ॥*
*ਕਹਿ ਕੰਬੀਰ ਕੋਊ ਸੰਗ ਨ ਸਾਥ॥*
*ਜਲ ਥਲ ਰਾਖਨ ਹੈ ਰਘੁਨਾਥ॥*
*ਅੰਗ – 1162*

ਇਸ ਤਰ੍ਹਾਂ ਨਾਲ ਅਨੇਕ ਮਹਾਂਪੁਰਸ਼ਾਂ ਦੇ ਜੀਵਨ ਵਿਚ ਐਸੀਆਂ ਘਟਨਾਵਾਂ ਵਰਤੀਆਂ ਹਨ, ਜਿਥੇ ਪ੍ਰਕ੍ਰਿਤੀ ਨੂੰ ਆਪਣਾ ਸੁਭਾਅ ਬਦਲਣਾ ਪਿਆ। ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਦੇ ਜੀਵਨ ਵਿਚ ਇਕ ਘਟਨਾ ਬਿਲਕੁਲ ਇਸਦੇ ਨਾਲ ਰਲਦੀ ਮਿਲਦੀ 'ਗਿਆਨੀ ਮੇਹਰ ਸਿੰਘ ਜੀ' ਨੇ ਕਾਂਡ 18 ਵਿਚ ਲਿਖੀ ਹੈ ਜੋ ਆਪ ਜੀ ਦੇ ਗਿਆਤ ਲਈ ਛਾਪ ਰਹੇ ਹਾਂ ਅਤੇ ਧੰਨਵਾਦ ਸਹਿਤ ਛਾਪਣ ਦੀ ਖੁਲ੍ਹ ਲੈ ਰਹੇ ਹਾਂ।

## ਕਾਂਡ 18

## ਬੇਆਵਾਜ਼ ਖੂਹ ਦਾ ਹਲਟ

ਗੋਖੇ ਦੀ ਛਪੜੀ ਪਰ ਤਪ ਅਸਥਾਨ ਦਾ ਜ਼ਿਕਰ ਅਸੀਂ ਪਹਿਲਾਂ ਹੀ ਕਰ ਆਏ ਹਾਂ। ਇਸ ਅਸਥਾਨ ਦੀ ਇਹੀ ਮਹਾਨਤਾ ਸੀ ਕਿ ਬਾਬਾ ਅਤਰ ਸਿੰਘ ਜੀ ਮਹਾਰਾਜ ਦੀਰਘ ਸਮੇਂ ਤਕ ਇਸੇ ਹੀ ਟੋਏ ਵਿਚ ਸਵੈਸਰੂਪ ਅੰਦਰ ਸਮਾਧੀ ਲਾ ਕੇ ਅਨੰਦ ਮਾਣਦੇ ਸਨ। ਇਕ ਦਿਨ ਅਜੀਬ ਕੌਤਕ ਹੋ ਗਿਆ। ਬਾਬਾ ਜੀ ਸਮਾਧੀ ਲਗਾ ਕੇ ਚਰਨ ਕੰਵਲਾਂ ਦੀ ਮੌਜ ਅੰਦਰ ਹੀ ਝੂਮ ਰਹੇ ਸਨ। ਇਸੇ ਹੀ ਛਪੜੀ ਦੇ ਪਰਲੇ ਕਿਨਾਰੇ ਬਾਬਾ ਜੀ ਦੇ ਇਕ ਤਪ ਅਸਥਾਨ ਤੋਂ ਕੇਵਲ ਵੀਹ ਗਜ਼ ਪਰ ਇਕ ਹਲਟ ਸੀ। ਇਸ ਪਰ ਉਨ੍ਹਾਂ ਨੇ ਲੋਹੇ ਦਾ ਹਲਟ ਰਖਿਆ ਹੋਇਆ ਸੀ। ਸਵੇਰੇ ਤਿੰਨ ਵਜੇ ਬਾਬਾ ਜੀ ਦੇ ਲਿਵਲੀਨ ਹੋਣ ਸਮੇਂ ਹੀ ਮਾਲਕ ਖੂਹ, ਭਾਈ ਚੈਂਚਲ ਸਿੰਘ ਜੀ ਨੇ ਖੂਹ ਜੋੜਿਆ, ਖੂਹ ਦਾ ਕੁੱਤਾ ਟਕ-ਟਕ ਦੀ ਆਵਾਜ਼ ਜ਼ੋਰ ਨਾਲ ਕਰਦਾ ਸੀ। ਰਾਤ ਸਮੇਂ ਲੋਹੇ ਦੇ ਖੂਹ ਤੋਂ ਕੁਤੇ ਦੀ ਆਵਾਜ਼ ਦੂਰ ਤਕ ਚਲੀ ਜਾਂਦੀ ਹੈ ਫਿਰ ਬਾਬਾ ਜੀ ਤਾਂ ਛਪੜੀ ਦੇ ਪਰਲੇ ਕਿਨਾਰੇ ਪਰ ਸਮਾਧੀ ਵਿਚ ਜੁੜੇ ਸਨ। ਭਾਈ ਚੈਂਚਲ ਸਿੰਘ ਦੀ ਨਿਗਾਹ ਝਟ ਪਟ ਹੀ ਮਹਾਰਾਜ ਜੀ ਵਲ ਨੂੰ ਗਈ ਤੇ ਉਸ ਨੂੰ ਅਹਿਸਾਸ ਹੋਇਆ ਕਿ ਉਹ ਕੋਈ ਵਡਾ ਗੁਨਾਹ ਕਰ ਬੈਠਾ ਹੈ। ਸੋ ਉਸ ਨੇ ਅਗੇ ਵਧ ਕੇ ਕੁੱਤਾ ਪਿਛੇ ਹਟਾ ਦਿਤਾ ਤੇ ਬਗੈਰ ਇਸ ਤੋਂ ਹੀ ਖੂਹ ਚਲਾਉਂਦਾ ਰਿਹਾ। ਜਦੋਂ ਹੀ ਬੈਲ ਕਿਧਰੇ ਅਰਾਮ ਲਈ ਖਲੋ ਜਾਣ, ਜਾਂ ਫਿਰ ਇਸ ਨੇ ਖੁਦ ਹੀ ਉਨ੍ਹਾਂ ਦੀ ਧੂਫ ਕਢਾਉਣੀ ਹੋਵੇ ਉਹ ਗਾਧੀ ਅਗੇ ਪਟ ਡਾਹ ਕੇ ਰੋਕ ਲੈਣ ਤੇ ਫਿਰ ਬਲਦਾਂ ਨੂੰ ਅੱਗੇ ਹਿਕ ਦੇਵੇ। ਇਸ ਤਰ੍ਹਾਂ ਦੋ ਚਾਰ ਵਾਰੀ ਕੀਤਾ ਪਰ ਇਸ ਨਾਲ ਇਸ ਦੇ ਪੱਟਾਂ ਚੋਂ ਪੀੜ ਨਿਕਲਣ ਲਗ ਪਈ ਤੇ ਉਹ ਮਹਿਸੂਸ ਕਰਨ ਲਗਾ ਕਿ ਉਹ ਫਿਰ ਹੋਰ ਇਹ ਕਾਰਵਾਈ ਨਹੀਂ ਕਰ ਸਕੇਗਾ। ਹੁਣ ਉਸ ਤੋਂ ਚਲਿਆ ਵੀ ਮੁਸ਼ਕਲ ਨਾਲ ਹੀ ਜਾਂਦਾ ਸੀ। ਉਹ ਸੋਚਦਾ ਸੀ ਕਿ ਹੁਣ ਤਾਂ ਖੂਹ ਦੇ ਮਗਰ ਲਗ ਕੇ ਹੱਕਣਾਂ ਵੀ ਮੁਸ਼ਕਲ ਹੈ ਫਿਰ ਬਲਦਾਂ ਨੂੰ ਸਾਹ ਕਿਸ ਤਰ੍ਹਾਂ ਦਵਾਏਗਾ। ਉਹ ਇਸੇ ਹੀ ਉਧੇੜਬੁਣ

ਵਿਚ ਨੀਵੀਂ ਪਾਈ ਖੜ੍ਹਾ ਸੀ। ਕਦੇ ਸੋਚਦਾ ਕਿ ਚਲੋ ਹਲਟ ਹੀ ਛਡ ਦੇਵੀਏ ਫਿਰ ਤੱਕੀ ਜਾਵੇਗੀ। ਪਰ ਹਲਟ ਦੀ ਵਾਰੀ ਦਾ ਮਸਲਾ ਤੇ ਫਿਰ ਖੇਤੀ ਦੇ ਸੜ ਜਾਣ ਦਾ ਖਤਰਾ ਵੀ ਸੀ। ਇਕ ਪਾਸੇ ਮਹਾਂਪੁਰਖਾਂ ਦੀ ਸਮਾਧੀ ਦਾ ਖਲਲ ਦਾ ਡਰ, ਦੂਸਰੇ ਪਾਸੇ ਘਰ ਦੇ ਨੁਕਸਾਨ ਦਾ ਅੰਦੇਸ਼ਾ ਸੀ। ਕੀ ਕਰੇ, ਕੀ ਨਾ ਕਰੇ, ਇਹੀ ਸੋਚ ਤੇ ਅਮਲ ਬਾਕੀ ਸੀ। ਉਸ ਨੇ ਮਨ ਨਾਲ ਨੁਕਸਾਨ ਬਰਦਾਸ਼ਤ ਕਰਨ ਦਾ ਫੈਸਲਾ ਕੀਤਾ ਤੇ ਅੱਗੇ ਵਧ ਕੇ ਕੁਤਾ ਲਗਾ ਕੇ ਫਿਰ ਬਲਦਾਂ ਨੂੰ ਰੋਕਣ ਲਈ ਕਦਮ ਵਧਾਏ ਹੀ ਸਨ ਕਿ ਉਹ ਕਿਸੇ ਵਿਅਕਤੀ ਨਾਲ ਟਕਰਾ ਗਿਆ। ਜਾਂ ਮੂੰਹ ਚੁਕਿਆ ਤਦ ਸਾਹਮਣੇ ਨੂਰਾਨੀ ਚੇਹਰਾ, ਮਸਤ ਨੇਤਰ, ਰਹਿਮਤ ਦਾ ਭੰਡਾਰ ਤੇ ਵਾਹਿਗੁਰੂ ਜੀ ਦੇ ਅਨਿੰਨ ਭਗਤ ਸੰਤ ਅਤਰ ਸਿੰਘ ਜੀ ਖੜ੍ਹੇ ਸੀ। ਸੰਤ ਜੀ ਮਹਾਰਾਜ ਨੇ ਇਸ ਦੇ ਮੋਢਿਆਂ ਪਰ ਹੱਥ ਰਖ ਕੇ ਇਸ ਨੂੰ ਪੈਰਾਂ ਤਕ ਝੁਕਣੋਂ ਰੋਕਿਆ ਤੇ ਫੁਰਮਾਇਆ-

ਸੰਤ ਮਹਾਰਾਜ - ਭਾਈ ਚੈਂਚਲ ਸਿੰਘ ਅਜਕਲ ਫਸਲਾਂ ਨੂੰ ਸੋਕਾ ਲਗਣ ਦਾ ਖਤਰਾ ਹੈ ਤੇ ਖੂਹ ਦੀ ਵਾਰੀ ਤੁਹਾਡੀ ਕਈ ਦਿਨਾਂ ਪਿਛੋਂ ਹੀ ਆਉਂਦੀ ਹੈ?

ਚੈਂਚਲ ਸਿੰਘ - ਮਹਾਰਾਜ! ਤੁਸੀਂ ਆਪ ਹੀ ਸਭ ਜਾਣਦੇ ਹੋ, ਫਿਰ ਮੈਂ ਬੇਨਤੀ ਕੀ ਕਰਾਂ?

ਸੰਤ ਜੀ ਮਹਾਰਾਜ - ਤੁਸਾਂ ਕੁਤਾ ਹਟਾ ਦਿਤਾ ਹੈ ਫਿਰ ਬੈਲਾਂ ਦੀ ਧੂਫ ਕਿਸ ਤਰ੍ਹਾਂ ਕਢਾਉਂਦੇ ਹੋ?

ਚੈਂਚਲ ਸਿੰਘ - ਮਹਾਰਾਜ ਮੈਂ ਹਰ ਸਮੇਂ ਜਦੋਂ ਬੈਲ ਖਲੋ ਜਾਂਦੇ ਹਨ ਆਪਣੇ ਪੱਟਾਂ ਪਰ ਗਾਧੀ ਦਾ ਜ਼ੋਰ ਲੈ ਕੇ ਬੈਲਾਂ ਨੂੰ ਦਮ ਦਿਵਾਉਂਦਾ ਹਾਂ।

ਸੰਤ ਜੀ ਮਹਾਰਾਜ - ਭਾਈ ਚੈਂਚਲ ਸਿੰਘ! ਦੋ ਬੈਲਾਂ ਦਾ ਭਾਰ ਇਕ ਆਦਮੀ ਕਿਸ ਤਰ੍ਹਾਂ ਆਪਣੇ ਪੱਟਾਂ ਪਰ ਰੋਕ ਸਕਦਾ ਹੈ, ਫਿਰ ਜੇਕਰ ਇਕ ਵਾਰੀ ਕਰ ਲਵੇਗਾ ਤਦ ਇਹ ਕਦੋਂ ਤਕ ਨਿਭੇਗੀ। ਫਿਰ ਚੈਂਚਲ ਸਿੰਘ ਜੀ ਇਕ ਪਾਸੇ ਦੋ ਬੈਲਾਂ ਦਾ ਸੰਤਾਪ ਹੈ, ਦੂਸਰੇ ਪਾਸੇ ਤੁਹਾਡੇ ਪਟ ਵੀ ਚੀਸਾਂ ਮਾਰਦੇ ਹੋਣਗੇ। ਇਹ ਕੇਵਲ ਇਸੇ ਹੀ ਕਰ ਕੇ ਹੈ ਕਿ ਮੈਨੂੰ ਤਕਲੀਫ ਨਾ ਹੋਵੇ, ਮੇਰੀ ਸਮਾਧੀ ਲਿਵ ਤੇ ਸਿਮਰਨ ਵਿਚ ਫ਼ਰਕ ਨਾ ਪਵੇ?

ਚੈਂਚਲ ਸਿੰਘ - ਮਹਾਰਾਜ! ਅਸੀਂ ਗਰੀਬ ਕੋਈ ਸੇਵਾ ਤੇ ਉੱਚਤਾ ਨਹੀਂ ਰਖਦੇ, ਫਿਰ ਇਹ ਪਾਪ ਵੀ ਆਪਣੇ ਜ਼ਿੰਮੇ ਲਈਏ ਕਿ ਆਪ ਦੇ ਸਿਮਰਨ ਤੇ ਸਮਾਧੀ ਵਿਚ ਫ਼ਰਕ ਪਵੇ, ਇਹ ਸਾਡੀ ਸੋਚ ਤੋਂ ਬਾਹਰ ਦੀ ਗੱਲ ਹੈ। ਇਸ ਕਰਕੇ ਖੇਤੀ ਤਾਂ ਮੈਂ ਸਾੜ ਲਵਾਂਗਾ, ਪਰ ਆਪ ਦੀ ਚਰਨ ਕੰਵਲਾਂ ਦੀ ਮੌਜ ਮਾਨਣ ਵਿਚ ਰੋਕ ਹੋਵੇ ਇਹ ਮੈਂ ਨਹੀਂ ਝਲ ਸਕਾਂਗਾ।

ਸੰਤ ਜੀ ਮਹਾਰਾਜ - ਚੈਂਚਲ ਸਿੰਘ ਨੂੰ ਘੁਟ ਕੇ ਜੱਫੀ ਵਿਚ ਲੈ ਲਿਆ ਤੇ ਫੁਰਮਾਇਆ, "ਭਾਈ ਚੈਂਚਲ ਸਿੰਘ ਮੈਂ ਪੱਥਰ ਨਹੀਂ ਹਾਂ ਤੇ ਨਾ ਹੀ ਮੇਰੀ ਸਾਧਨਾ ਉਹ ਹੈ ਜੋ ਸੰਸਾਰ ਭਰ ਦੀ ਸ਼ਾਂਤੀ ਗਵਾ ਕੇ ਆਪਣੇ ਲਈ ਸ਼ਾਂਤੀ ਲਭਦੇ ਹਨ। ਸਾਡੀ ਸਮਾਧੀ ਗੁਰੂ ਨਾਨਕ ਮਹਾਰਾਜ ਦੀ ਬਖਸ਼ਿਸ਼ ਹੈ ਜੋ ਸਮਾਧੀ ਵਿਚ ਵੀ ਤਪਤ ਸੰਸਾਰ ਤੇ ਦੁਖੀ ਦੁਨੀਆਂ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਨ। ਭਾਈ ਤੇਰੇ ਸਿਦਕ ਦਾ ਸਦਕਾ ਅਸੀਂ ਵਾਹਿਗੁਰੂ ਜੀ ਤੇ ਸਾਹਿਬ ਅਗੇ ਪ੍ਰਾਰਥਨਾ ਕਰਾਂਗੇ ਕਿ ਉਹ ਇਸ ਲੋਹੇ ਦੇ ਕੁਤੇ ਨੂੰ ਜੋ ਇਸ ਖੂਹ ਪਰ ਲਗਾ ਹੈ ਸਦਾ ਲਈ ਟਕ-ਟਕ ਕਰਾਉਣਾ ਹਟਾ ਦੇਵੇ ਤਾਂ ਜੋ ਮੇਰੀ ਸਮਾਧੀ ਤੇ ਤੇਰੀ ਧਰਮ ਕਿਰਤ ਦੋਵੇਂ ਹੀ ਚਲਦੀਆਂ ਰਹਿਣ।

ਭਾਈ ਚੈਂਚਲ ਸਿੰਘ ਨੇ ਕੁਤਾ ਲਗਾ ਦਿਤਾ, ਸੰਤ ਜੀ ਮਹਾਰਾਜ ਸਮਾਧੀ ਅੰਦਰ ਚਲੇ ਗਏ। ਚੈਂਚਲ ਸਿੰਘ ਨੇ ਬਲਦ ਹੱਕੇ ਪਰ ਕੁਤਾ ਬੇਆਵਾਜ਼ ਸੀ, ਉਸ ਦੀ ਟਕ ਟਕ ਕਰਨ ਦੀ ਕੁਦਰਤੀ ਆਦਤ ਹਟ ਗਈ। ਚੈਂਚਲ ਸਿੰਘ ਦੇ ਨੇਤਰ ਦਰੱਵ ਗਏ, ਤੇ ਇਸ ਨੇ ਖੂਹ ਪਰ ਖੜ੍ਹੇ ਹੋ ਕੇ ਲਿਵ ਵਿਚ ਲੀਨ ਤੇ ਪਰਮ ਪਦ ਪ੍ਰਾਪਤ ਮਹਾਂਪੁਰਖਾਂ ਨੂੰ ਪ੍ਰਣਾਮ ਕੀਤਾ ਜਿਨ੍ਹਾਂ ਦੀ ਆਗਿਆ ਜੜ੍ਹ ਤੇ ਬੇਜਾਨ ਪਦਾਰਥ ਵੀ ਪ੍ਰਵਾਨ ਕਰਦੇ ਹਨ।

ਅਜ ਮਾਦਾ ਦੀ ਪ੍ਰਕਿਰਤੀ ਦਾ ਮਨੁਖ

ਇਹ ਗੱਲ ਸ਼ਾਇਦ ਪ੍ਰਵਾਨ ਨ ਕਰੇ। ਪਰ ਉਹ ਸੱਜਣ ਹੁਣ ਵੀ ਨਗਰ ਰਾਮਪੁਰ ਦੁਰਾਹੇ ਸਟੇਸ਼ਨ ਤੋਂ ਉਤਰ ਕੇ ਇਹ ਚੀਜ਼ ਪ੍ਰਤਖ ਦੇਖ ਸਕਦਾ ਹੈ ਕਿ ਇਥੇ ਇਕ ਮਹਾਂਪੁਰਖ ਦੀ ਆਗਿਆ ਅਨੁਸਾਰ ਇਕ ਲੋਹੇ ਦਾ ਕੁਤਾ ਜੋ ਟਕ ਟਕ ਕਰਕੇ ਹਰ ਇਕ ਲੋਹੇ ਦੀ ਗੁੱਲੀ ਪਰ ਵਜਦਾ ਤੇ ਇਹ ਦਸਦਾ ਹੈ ਕਿ ਭਾਈ ਹੁਸ਼ਿਆਰ, ਮੈਂ ਜਦੋਂ ਹੀ ਵਜਣੋਂ ਹਟ ਗਿਆ ਤੇ ਮੇਰੀ ਆਵਾਜ਼ ਆਉਣੀ ਬੰਦ ਹੋ ਗਈ ਮੇਰੀ ਖੂਹ ਦਾ ਭਾਰ ਚੁਕ ਕੇ ਰੱਖਣ ਦੀ ਜ਼ੁਮੇਂਵਾਰੀ ਖਤਮ ਹੋ ਜਾਵੇਗੀ। ਪਰ ਹੈਰਾਨੀ ਹੈ ਕਿ ਉਹੀ ਟਕ ਟਕ ਦਾ ਆਦੀ ਕੁਤਾ ਮਹਾਂਪੁਰਖਾਂ ਦੀ ਆਗਿਆ ਵਿਚ ਇਸ ਤਰ੍ਹਾਂ ਗੰਭੀਰ ਹੋ ਗਿਆ ਕਿ ਮਾਨੋਂ ਉਹ ਬਾਹਰ ਮੁਖ ਤੋਂ ਅੰਤਰ ਮੁਖ ਹੋ ਕੇ ਸੁਰਤ ਨੂੰ ਲਿਵ ਵਿਚ ਲੈ ਗਿਆ ਹੈ ਤੇ ਇਹ ਐਲਾਨ ਕਰਦਾ ਹੈ ਕਿ ਮਹਾਂਪੁਰਖ ਉਹ ਨਹੀਂ ਜੋ ਹਰ ਸਮੇਂ ਥੋੜੀ-ਥੋੜੀ ਘਾਲਣਾ ਕਰਕੇ ਦੁਹਾਈ ਦੇਂਦੇ ਹਨ ਸਗੋਂ ਸਤਿ ਪੁਰਖ ਦੀ ਤਾਂ ਪਛਾਣ ਹੀ ਇਹ ਹੈ ਕਿ ਉਹ ਗਹਿਰ ਗੰਭੀਰ ਤੇ ਸ਼ਾਂਤ ਹੋਣ। ਕਿਸੇ ਦੀ ਵਡੱਪਣ ਦਾ ਇਹ ਚਿੰਨ ਨਹੀਂ ਕਿ ਉਹ ਹਰ ਕਿਸੇ ਦੇ ਰਾਹ ਜਾਂਦਿਆਂ ਹੋਇਆਂ ਕੰਨ ਖਾਵੇ ਸਗੋਂ ਕਿਸੇ ਦਾ ਭਾਰ ਚੁਕ ਕੇ ਸਾਹ ਤਕ ਨਾ ਕਢਣਾ ਤੇ ਦੂਸਰੇ ਕੰਨ ਤਕ ਆਵਾਜ਼ ਪਹੁੰਚਣ ਵੀ ਨਾ ਦੇਣੀ ਹੀ ਮਹਾਨਤਾ ਦਾ ਮਹਾਨ ਤੇ ਉਤਮ ਚਿੰਨ ਹੈ। ਮਾਦੀ ਦੁਨੀਆਂ ਦਾ ਉਤਰ ਸਾਹਮਣੇ ਖਲੋਤਾ ਹੈ, ਕਿ ਜੋ ਸਜਣ ਇਸ ਸੰਸਾਰ ਵਿਚ ਵਾਹਿਗੁਰੂ ਜੀ ਦੇ ਨਾਲ ਜੁੜ ਜਾਂਦੇ ਹਨ, ਜਾਨਦਾਰ ਚੀਜ਼ਾਂ ਤਾਂ ਇਕ ਪਾਸੇ, ਮਾਦਾ ਤੇ ਸੁੰਨ ਪਦਾਰਥ ਵੀ ਉਸ ਦੇ ਵਸੀ ਹੋ ਕੇ ਆਗਿਆ ਦਾ ਪਾਲਨ ਕਰਦੇ ਸਨ।

***(ਧੰਨਵਾਦ ਸਹਿਤ 'ਅਮਰ ਕਥਾ' ਵਿਚੋਂ)***

ਮਹਾਂਪੁਰਸ਼ਾਂ ਦੀ ਜੋ ਨਿਤ ਕਿਰਿਆ ਸੀ ਉਸ ਬਾਰੇ ਗਿਆਨੀ ਮੋਹਨ ਸਿੰਘ ਜੀ ਨੇ ਆਪਣੀ ਪੁਸਤਕ 'ਜੀਵਨ ਗਾਥਾ' ਵਿਚ ਵੇਰਵੇ ਸਹਿਤ ਲਿਖਿਆ ਹੈ -

**ਸੰਤਾਂ ਦੀ ਨਿਤ ਕ੍ਰਿਆ**

ਆਪ ਜੀ ਦਾ ਸਰੀਰ ਬੜਾ ਬਲੀ ਤੇ ਕਰੜਾ ਸੀ, ਕਿਸੇ ਵੀ ਕੰਮ ਵਿਚ ਥਕਾਵਟ ਨਹੀਂ ਸਨ ਮੰਨਦੇ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਕਦੇ ਸੰਤ ਜੀ ਮਹਾਰਾਜ ਆਪ ਕਰਿਆ ਕਰਦੇ ਜਾਂ ਤਿਲੋਕ ਸਿੰਘ ਰਾਗੀ, ਕਦੀ ਹੋਰ ਸਿੰਘ ਕਰਦੇ। ਸ਼ਾਮੀਂ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਗੁਰ-ਇਤਿਹਾਸ ਦੀ ਕਥਾ (ਜੋ ਪਹਿਲਾਂ ਕੁਝ ਸਮਾਂ ਰਾਮਪੁਰ ਦਾ ਗਿਆਨੀ ਸੰਪੂਰਨ ਸਿੰਘ ਕਰਦਾ ਰਿਹਾ।) ਫੇਰ ਕੁਝ ਸਮਾਂ ਅਨੰਦਪੁਰ ਸਾਹਿਬ ਦਾ ਸੋਭਾ ਸਿੰਘ, ਕਦੀ ਕਦੀ ਹਰਿਦੁਆਰ ਵਾਲੇ ਪੰਡਿਤ ਪ੍ਰੇਮ ਸਿੰਘ ਜੀ ਵੀ ਮਹੀਨਾ-ਮਹੀਨਾ ਠਹਿਰ ਜਾਂਦੇ ਤੇ ਕਥਾ ਕਰਦੇ। (ਜਿਨ੍ਹਾਂ ਦੇ ਸ਼ਿਸ਼ ਪੰਡਤ ਮਨੀ ਸਿੰਘ ਜੀ ਤੇ ਅਰਜਨ ਸਿੰਘ ਜੀ ਮੁਨੀ ਮਧਸੂਦਨ ਸਿੰਘ ਜੀ ਮਾਧੋ ਹਰਿਦਵਾਰ ਨਿਰਮਲ ਛਾਉਣੀ ਪ੍ਰੇਮੀ ਸਦਨ ਵਿਚ ਨਿਵਾਸ ਰਖਦੇ ਹਨ) ਬਾਅਦ ਵਿਚ ਸਾਧੂ ਸਿੰਘ ਸੂਰਮਾਂ ਗਿਆਨੀ ਆ ਗਿਆ ਜੋ ਸੰਤਾਂ ਤੋਂ ਪਿਛੋਂ ਵੀ ਕਾਫ਼ੀ ਸਮਾਂ ਕਥਾ ਕਰਦਾ ਰਿਹਾ। ਇਹ ਅਸਥਾਨ ਦੇ ਨਿਤਨੇਮ ਦੀ ਮ੍ਰਿਯਾਦਾ ਸੀ।

ਕਥਾ ਦੇ ਭੋਗ ਪਏ ਤੋਂ ਆਪ ਨੇ ਸਾਰੀ ਰਾਤ ਗੋਖੇ ਦੀ ਛਪੜੀ ਤੇ ਬੈਠਕੇ ਭਜਨ ਕਰਨਾ ਜਾਂ ਬਾਹਰਲੀ ਖੂਹੀ ਤੇ ਚਲੇ ਜਾਣਾ, ਦਿਨੇਂ ਹਲ ਵਾਹੁਣਾ ਇਹ ਆਪ ਜੀ ਦੀ ਨਿਤ ਕਿਰਿਆ ਸੀ। ਸਤਿਸੰਗ ਦੇ ਸਮੇਂ ਰਾਪਮੁਰ, ਕਨੇਚ, ਕਟਾਨਾ, ਕਟਾਣੀ, ਦੋਰਾਹਾ, ਨੀਲੋਂ, ਬਿਲਗਾ ਤੇ ਨਵੇਂ ਪਿੰਡ ਤੱਕ ਦੀ ਸੰਗਤ ਪੁਜਦੀ। ਹੋਰ ਵੀ ਇਰਦ ਗਿਰਦ ਦੇ ਪ੍ਰੇਮੀ ਦਰਸ਼ਨਾਂ ਨੂੰ ਆਏ ਹੀ ਰਹਿੰਦੇ। ਰਾਤ ਦੇ ਦੀਵਾਨ ਵਿਚ ਜ਼ਿਆਦਾ ਹਾਜ਼ਰੀ ਹੁੰਦੀ। ਭੋਗ ਪੈਣ ਤੋਂ ਬਾਅਦ ਆਪ 9 ਵਜੇ ਗੋਖੇ ਦੀ ਛਪੜੀ ਕਿਨਾਰੇ ਆ ਜਾਂਦੇ। ਬਾਰਾਂ ਵਜੇ ਬਗੀਚੀ ਵਿਚ ਜਾ ਕੇ ਭੋਰੇ ਵਿਚ ਬਿਰਾਜ ਜਾਣਾ, ਸਵੇਰੇ ਦੋ ਵਜੇ 101 ਡੋਲ ਨਾਲ ਇਸ਼ਨਾਨ ਕਰਨਾ, ਜਿਸ ਡੋਲ ਦਾ ਵਜ਼ਨ ਬੜਾ ਭਾਰੀ ਸੀ, ਹਰੇਕ ਨਹੀਂ ਸੀ ਖਿਚ ਸਕਦਾ, ਕੋਈ ਕੋਈ ਬਲੀ ਹੀ ਖਿਚਦਾ ਸੀ। ਕਾਫੀ ਸਮਾਂ ਲਗ ਜਾਂਦਾ ਤੇ ਆਪ ਜੀ ਉਤਨਾਂ ਚਿਰ ਬਾਣੀ ਦਾ ਪਾਠ ਕਰੀ ਜਾਂਦੇ। ਕਿਸੇ ਨਾਲ ਬਚਨ ਨਹੀਂ ਸਨ ਕਰਦੇ। ਸੰਤਾਂ ਦੇ

ਇਸ਼ਨਾਨ ਵਾਲਾ ਜਲ ਇਕ ਵੱਡੀ ਕੁੰਡ ਵਿਚ ਪਈ ਜਾਂਦਾ, ਜਿਸ ਵਿਚੋਂ ਨਾਲ ਦੇ ਪ੍ਰੇਮੀ ਇਸ਼ਨਾਨ ਕਰੀ ਜਾਂਦੇ ਸਨ। ਫੇਰ ਸਾਥੀਆਂ ਸਮੇਤ ਗੋਖੇ ਦੀ ਛੱਪੜੀ ਕਿਨਾਰੇ ਆ ਕੇ ਭਜਨ ਕਰਨਾ। ਪਹੁ-ਫੁਟਾਲੇ ਗੁਰਦੁਵਾਰੇ ਸਾਹਿਬ ਆ ਜਾਣਾ, ਦੀਵਾਨ ਵਿਚ ਸਜ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਨਾ। ਫੇਰ ਭੋਗ ਪਏ ਤੋਂ ਬਾਅਦ ਅੰਮ੍ਰਿਤ ਵੇਲੇ ਹੀ ਜਲ ਪਾਣੀ ਛਕ ਕੇ ਹਲ ਜੋੜ ਲੈਣਾ। ਦੁਪਹਿਰ ਨੂੰ 1 ਵਜੇ ਨਮਕ ਤੋਂ ਬਗੈਰ ਭਾਜੀ ਨਾਲ ਪ੍ਰਸ਼ਾਦਾ ਛਕ ਕੇ ਬਗੀਚੀ ਵਿਚ ਬਿਰਾਜ ਜਾਣਾ। ਸ਼ਾਮ ਨੂੰ ਥੋੜੀ ਜੇਹੀ ਚਾਹ ਛਕਣੀ। ਹਰ ਸਮੇਂ ਆਪਣਾ ਪਹਿਰਾਵਾ ਬੜਾ ਮਸਕੀਨੀ ਵਾਲਾ ਸਾਦਾ ਰਖਣਾ। ਅਪ ਜੀ ਦਾ ਸਰੂਪ ਮਿਠ-ਬੋਲਣਾ ਤੇ ਮੋਹਣੀ ਮੂਰਤ ਵਾਲਾ ਸੀ। ਜੋ ਵੀ ਦਰਸ਼ਨਾਂ ਨੂੰ ਆਉਂਦਾ, ਹਰ ਇਕ ਦਾ ਮਨ ਸ਼ਾਂਤ ਹੋ ਜਾਂਦਾ। ਆਪ ਜੀ ਨੇ ਹਰੇਕ ਪ੍ਰਾਣੀ ਮਾਤਰ ਦੇ ਭਲੇ ਵਾਸਤੇ ਭਜਨ ਸਿਮਰਨ ਤੇ ਸੇਵਾ ਕਰਨ ਦਾ ਹੀ ਉਪਦੇਸ਼ ਬਖਸ਼ਣਾ। ਹਿਰਦਾ ਕਮਾਈ ਵਾਲਾ ਤੇ ਕੋਮਲ ਸੀ, ਉਪਦੇਸ਼ ਵਿਚ ਬੜੀ ਆਕਰਖਨ ਸ਼ਕਤੀ ਸੀ। ਜੋ ਜੋ ਵੀ ਸੁਣਦਾ, ਸੁਤੇ ਹੀ ਸੁਰਤਾਂ ਜੁੜ ਜਾਂਦੀਆਂ। ਆਪ ਜੀ ਦੇ ਉਪਦੇਸ਼ ਦਾ ਸਦਕਾ ਵੱਡੇ ਵੱਡੇ ਡਾਕੂ ਵੀ ਸੁਧਰ ਗਏ। ਇਉਂ ਰਾਮਪੁਰ ਪਿੰਡ ਦੇ ਬਹੁਤ ਸਾਰੇ ਲੋਕ ਜੋ ਪਹਿਲਾਂ ਬੜੇ ਧਾੜਵੀ ਤੇ ਬਦਮਾਸ਼ ਸਨ, ਸੰਤਾਂ ਦੀ ਕ੍ਰਿਪਾ ਨਾਲ ਉਹ ਵੀ ਗੁਰੂ ਘਰ ਦੇ ਪੂਰਨ ਸ਼ਰਧਾਲੂ ਬਣ ਗਏ।

ਆਪ ਜੀ ਵਿਚ ਨਿਮਰਤਾ ਹੱਦ ਤੋਂ ਜ਼ਿਆਦਾ ਸੀ ਜਦੋਂ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਮੋਹਨ ਸਿੰਘ ਜੀ (ਸਚਖੰਡ ਨਿਵਾਸੀ) ਲਿਖਦੇ ਹਨ।

## ਮਹਾਰਾਜ ਪਟਿਆਲੇ ਦਾ ਦਰਸ਼ਨ ਵਾਸਤੇ ਆਉਣਾ

ਸੰਤ ਜੀ ਮਹਾਰਾਜ ਦਾ ਤੇਜ ਪ੍ਰਤਾਪ ਚੰਦਨ ਵਾਂਗੂੰ ਦਿਨ-ਬ-ਦਿਨ ਫੈਲਦਾ ਗਿਆ। ਮਹਿਮਾ ਵਡਿਆਈ ਵਧਦੀ ਗਈ। ਸ਼ਰਧਾਲੂ ਮਨੋ-ਕਾਮਨਾ ਪੂਰੀਆਂ ਕਰਵਾ ਕੇ ਵਰਸਾਉਂਦੇ ਰਹੇ।

***ਦਿਨੁ ਦਿਨੁ ਚੜੈ ਸਵਾਇਆ***

***ਨਾਨਕ ਹੋਤ ਨ ਘਾਟਿ॥ ਅੰਗ -300***

ਮਹਾਰਾਜਾ ਪਟਿਆਲੇ ਨੇ ਵੀ ਆਪ ਜੀ ਦਾ ਜਸ ਸੁਣਿਆਂ, ਪਰ ਅਜੇ ਤੱਕ ਦਰਸ਼ਨ ਨਹੀਂ ਸਨ ਕੀਤੇ। ਇਸਦੇ ਅੰਦਰ ਪੂਰਨ ਸਾਧੂ ਦਾ ਤਾਂ ਪੂਰਾ ਸਤਿਕਾਰ ਸੀ ਅਤੇ ਆਮ ਭੇਖੀ ਲੋਕਾਂ ਦਾ ਓਹ ਪਖੰਡ ਵੀ ਨਹੀਂ ਸੀ ਰਹਿਣ ਦਿੰਦਾ। ਅਜ ਖਾਸ ਨਿਕਟਵਰਤੀ ਵਜ਼ੀਰ ਤੇ ਇਕ ਦੋ ਨੌਕਰਾਂ ਦੇ ਸਮੇਤ ਗੁਪਤ ਭੇਸ ਵਿਚ ਸੰਤਾਂ ਦੇ ਦਰਸ਼ਨ ਕਰਨ ਰੇਰੂ ਸਾਹਿਬ ਆਇਆ।

ਇਹ ਉਸ ਸਮੇਂ ਦੀ ਵਾਰਤਾ ਹੈ ਜਦੋਂ ਸੰਤ ਜੀ ਮਹਾਰਾਜ ਆਪਣੇ ਹਥੀਂ ਡੇਰੇ ਦੀ ਸੇਵਾ ਕਰਦੇ ਹੁੰਦੇ ਸਨ। ਬਾਅਦ ਵਿਚ ਤਾਂ ਫੇਰ ਪ੍ਰੇਮੀਆਂ ਨੇ ਬੇਨਤੀ ਕਰਕੇ ਸੇਵਾ ਲੈ ਲਈ ਸੀ। ਸੇਵਾ ਦੇ ਸਮੇਂ ਆਪ ਜੀ ਦੇ ਪਹਿਰਾਵੇ ਤੋਂ ਅਨਜਾਣ ਆਦਮੀ ਇਹ ਅੰਦਾਜ਼ਾ ਨਹੀਂ ਸੀ ਲਗਾ ਸਕਦਾ ਕਿ ਏਹੋ ਹੀ ਸੰਤ ਹਨ। ਉਸ ਸਮੇਂ ਸਾਦੇ ਬਸਤਰਾਂ ਵਿਚ ਹੀ ਆਏ ਮਹਾਰਾਜ ਪਟਿਆਲਾ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰੇ ਸਾਹਿਬ ਨਮਸ਼ਕਾਰ ਕੀਤੀ। ਮੰਜੀ ਸਾਹਿਬ ਨੂੰ ਮੱਥਾ ਟੇਕਿਆ ਤੇ ਫੇਰ ਕਮਰਿਆਂ ਦੇ ਦਰਸ਼ਨ ਕਰਨ ਲਗਾ। ਅਗੇ ਇਕ ਕਮਰੇ ਵਿਚ ਸੰਤ ਜੀ ਮਹਾਰਾਜ ਖਦਰ ਦੀ ਚਾਦਰ ਦਾ ਝੁੰਬਾ ਮਾਰ ਕੇ ਬੈਲਾਂ ਵਾਸਤੇ ਆਪਣੇ ਹਥੀਂ ਟੋਕਾ ਕੱਟ ਰਹੇ ਸਨ। ਪਾਸ ਆ ਕੇ ਇਸ ਨੂਰਾਨੀ ਚੇਹਰੇ ਵਾਲੇ ਬ੍ਰਿਧ ਬਾਬੇ ਤੋਂ ਪੁਛਿਆ, "ਬਾਬਾ ਜੀ! ਰੇਰੂ ਸਾਹਿਬ ਵਾਲੇ ਸੰਤ ਕਿਥੇ ਹਨ?" ਉਸ ਸਮੇਂ ਦਿਲਾਂ ਦੀ ਜਾਨਣ ਵਾਲੇ ਅਰਸ਼ੀ ਦਾਤਾਰ ਨੇ ਸਭਨਾਂ ਨੂੰ ਬਿਠਾ ਕੇ ਸਤਿਕਾਰ ਨਾਲ ਪੁਛਿਆ, "ਦਸੋ ਤੁਸੀਂ ਕੀ ਛਕੋਗੇ? ਦੁੱਧ ਛਕਣਾ ਹੈ ਤਾਂ ਹੁਕਮ ਕਰੋ, ਨਹੀਂ ਤਾਂ ਪ੍ਰਸ਼ਾਦਾ ਵੀ ਤਿਆਰ ਹੈ। ਸੰਤ ਵੀ ਹੁਣੇ ਹੀ ਆ ਜਾਂਦੇ ਹਨ।" ਮਹਾਰਾਜੇ ਨੇ ਅਰਜ਼ ਕੀਤੀ, ਦੁੱਧ ਪਾਣੀ ਤਾਂ ਛਕ ਆਏ ਹਾਂ ਸਿਰਫ ਸੰਤਾਂ ਦੇ ਦਰਸ਼ਨ ਕਰਨ ਦੀ ਹੀ ਆਸ਼ਾ ਹੈ। ਸੰਤ ਜੀ ਮਹਾਰਾਜ ਫੇਰ ਟੋਕਾ ਕਰਨ ਲਗ ਪਏ। ਇਤਨੇ ਨੂੰ ਰਾਮਪੁਰ ਤੋਂ ਇਕ ਦੋ ਪ੍ਰੇਮੀ ਆਏ, ਦਰ ਅਗੇ ਨਮਸ਼ਕਾਰ ਕੀਤੀ ਤਾਂ ਸੰਤ ਜੀ ਉਸ ਸਮੇਂ ਬਾਹਰ ਨਿਕਲ ਆਏ ਅਤੇ ਨਲਕੇ ਤੇ ਹੱਥ ਪੈਰ ਧੋਣ ਲਗ ਪਏ। ਫੇਰ ਇਨ੍ਹਾਂ ਪ੍ਰੇਮੀਆਂ ਤੋਂ ਮਹਾਰਾਜੇ ਨੇ ਪੁਛਿਆ ਕਿ ਸੰਤ ਜੀ ਕਿਥੇ

ਹਨ ਅਤੇ ਕਦੋਂ ਆਉਣਗੇ? ਅਸੀਂ ਦਰਸ਼ਨ ਕਰਨੇ ਹਨ। ਇਹ ਸੁਣਕੇ ਇਨ੍ਹਾਂ ਦੇ ਨੇਤਰਾਂ ਚੋਂ ਜਲ ਆ ਗਿਆ ਅਤੇ ਆਖਿਆ, ਏਹੋ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਹਨ ਜੋ ਟੋਕਾ ਕਰ ਰਹੇ ਸਨ। ਇਹ ਸੁਣ ਕੇ ਮਹਾਰਾਜਾ ਤੇ ਹੋਰ ਸਾਰੇ ਪ੍ਰੇਮੀ ਬੈਰਾਗ ਵਿਚ ਭਰ ਗਏ ਅਤੇ ਉਨ੍ਹਾਂ ਦੇ ਨੇਤਰ ਤਰ ਹੋ ਗਏ।

ਏਧਰ ਬਾਬਾ ਜੀ ਮਹਾਰਾਜ ਭੀ ਹਥ ਸਾਫ ਕਰਕੇ ਅਜੇ ਨਲਕੇ ਪਾਸ ਖੜ੍ਹੇ ਸਨ ਤਾਂ ਮਹਾਰਾਜਾ ਤੇ ਹੋਰ ਨਾਲ ਦੇ ਪ੍ਰੇਮੀਂ ਚਰਨੀਂ ਆ ਡਿਗੇ ਅਤੇ ਅਰਜ਼ ਕੀਤੀ, ਦੀਨ ਦਿਆਲ ਜੀ! ਇਤਨੀ ਵਡੀ ਬੇਅਦਬੀ ਕਿ ਸਾਨੂੰ ਮੰਜੇ ਤੇ ਬਿਠਾਇਆ ਤੇ ਆਪ ਹੇਠਾਂ ਬਹਿ ਕੇ ਟੋਕਾ ਕਰਦੇ ਰਹੇ। ਆਪ ਹੀ ਸੰਤ ਹੋ ਤੇ ਕਹਿੰਦੇ ਹੋ, ਸੰਤ ਆ ਜਾਂਦੇ ਹਨ। ਉਸ ਸਮੇਂ ਬਾਬਾ ਜੀ ਸਾਰਿਆਂ ਨੂੰ ਗੁਰਦੁਆਰੇ ਸਾਹਿਬ ਲੈ ਆਏ, ਹਜ਼ੂਰੀ ਵਿਚ ਨਮਸ਼ਕਾਰ ਕਰਕੇ ਸਤਿਗੁਰਾਂ ਅਗੇ ਬੇਨਤੀ ਕੀਤੀ ਕਿ ਕਲਜੁਗ ਵਿਚ ਇਹੋ ਹੀ ਪੂਰਨ ਸੰਤ ਹਨ। ਮੈਂ ਤਾਂ ਕੋਈ ਪ੍ਰੇਮੀ ਆਵੇ ਤਾਂ ਉਸਨੂੰ ਜਲ-ਪਾਣੀ ਤੇ ਪ੍ਰਸ਼ਾਦ ਛਕਾਉਣ ਦੀ ਤੇ ਗੁਰੂ ਦਰਬਾਰ ਵਿਚ ਝਾੜੂ ਬੁਹਾਰੂ ਦੀ ਸੇਵਾ ਹੀ ਕਰਦਾ ਹਾਂ ਪਰ ਲੋਕੀਂ ਮੈਨੂੰ ਹੀ ਸੰਤ ਆਖਣ ਲਗ ਪਏ ਹਨ। ਉਸ ਸਮੇਂ ਸੰਤਾਂ ਨੇ ਸਤਿਗੁਰਾਂ ਅਗੇ ਨਿਮਰਤਾ ਸਹਿਤ ਅਰਦਾਸ ਕੀਤੀ - ਗਰੀਬ ਨਿਵਾਜ਼! ਹਜ਼ੂਰ ਦੇ ਦਰਸ਼ਨਾਂ ਵਾਸਤੇ ਪਟਿਆਲੇ ਤੋਂ ਮਹਾਰਾਜਾ ਸਾਹਿਬ ਆਏ ਹਨ, ਆਪ ਜੀ ਆਪਣੀ ਰਸਨਾ ਤੋਂ ਸ੍ਰੇਸ਼ਟ ਬਚਨਾਂ ਦੁਆਰਾ ਉਪਦੇਸ਼ ਬਖਸ਼ ਕੇ ਨਿਹਾਲ ਕਰੋ। ਉਸ ਵੇਲੇ ਤਾਬਿਆ ਬੈਠੇ ਸਿੰਘ ਨੂੰ ਸੰਤਾਂ ਨੇ ਆਗਿਆ ਕੀਤੀ ਕਿ ਸਤਿਗੁਰਾਂ ਦਾ ਹੁਕਮ ਸੁਣਾਓ। ਜਦੋਂ ਗ੍ਰੰਥੀ ਸਿੰਘ ਨੇ ਬੰਦਨਾ ਕਰਕੇ ਸਤਿਗੁਰਾਂ ਉਪਰੋਂ ਰੁਮਾਲ ਉਤਾਰਿਆ ਤਾਂ ਹਜ਼ੂਰ ਨੇ ਇਸ ਮਹਾਂਵਾਕ ਦੀ ਬਖਸ਼ਿਸ਼ ਕੀਤੀ-

***ਦੇਵਗੰਧਾਰੀ ਮਹਲਾ ੫॥***
***ਤੇਰਾ ਜਨੁ ਰਾਮ ਰਸਾਇਣਿ ਮਾਤਾ॥***
***ਪ੍ਰੇਮ ਰਸਾ ਨਿਧਿ ਜਾ ਕਉ ਉਪਜੀ***
***ਛੋਡਿ ਨ ਕਤਹੂ ਜਾਤਾ॥ ੧॥***
***ਬੈਠਤ ਹਰਿ ਹਰਿ ਸੋਵਤ ਹਰਿ ਹਰਿ***
***ਹਰਿ ਰਸੁ ਭੋਜਨੁ ਖਾਤਾ॥***
***ਅਠਸਠਿ ਤੀਰਥ ਮਜਨੁ ਕੀਨੋ***
***ਸਾਧੂ ਧੂਰੀ ਨਾਤਾ॥੧॥***
***ਸਫਲੁ ਜਨਮੁ ਹਰਿ ਜਨ ਕਾ ਉਪਜਿਆ***
***ਜਿਨਿ ਕੀਨੋ ਸਉਤੁ ਬਿਧਾਤਾ॥***
***ਸਗਲ ਸਮੂਹ ਲੈ ਉਧਰੇ ਨਾਨਕ***
***ਪੂਰਨ ਬ੍ਰਹਮੁ ਪਛਾਤਾ॥***

***ਅੰਗ - 532***

ਇਹ ਬਚਨ ਸੁਣਕੇ ਮਹਾਰਾਜੇ ਨੇ ਸੰਤਾਂ ਨੂੰ ਨਮਸ਼ਕਾਰ ਕੀਤੀ ਤੇ ਕਿਹਾ ਕਿ ਅਜ ਕਲਗੀਆਂ ਵਾਲੇ ਪਾਤਸ਼ਾਹ ਨੇ ਬੜੀ ਮੇਹਰ ਕੀਤੀ ਹੈ ਜੋ ਪੂਰਨ ਸੰਤ ਦੇ ਦਰਸ਼ਨ ਕਰਵਾਏ ਹਨ। ਆਪ ਜੀ ਧੰਨ ਹੋ। ਸਤਿਗੁਰਾਂ ਨੇ ਆਪ ਜੀ ਜੈਸੇ ਮਹਾਂਪੁਰਖਾਂ ਬਾਬਤ ਹੀ ਇਹ ਬਚਨ ਕਥਨ ਕੀਤਾ ਹੈ। ਆਪ ਜੈਸੇ ਮਹਾਂਪੁਰਖਾਂ ਨੇ ਬਿਧਾਤੇ ਪੁਰਖ ਨੂੰ ਸੌਂਤਰਾ ਕਰ ਦਿਤਾ ਹੈ। ਫੇਰ ਬਾਬਾ ਜੀ ਨੇ ਨਾਲ ਦੇ ਸਾਥੀਆਂ ਸਮੇਤ ਮਹਾਰਾਜੇ ਨੂੰ ਬਾਹਰ ਇਕ ਕਮਰੇ ਵਿਚ ਲਿਆ ਕੇ ਦੁੱਧ ਛਕਾਇਆ ਅਤੇ ਸ੍ਰੇਸ਼ਟ ਉਪਦੇਸ਼ ਕੀਤਾ ਕਿ ਪੂਰਬਲੇ ਜਨਮ ਦੇ ਤਪ ਅਤੇ ਪੁੰਨ ਕਰਕੇ ਇਹ ਰਾਜ ਮਿਲਿਆ ਹੈ, ਹੁਣ ਪਰਜਾ ਨੂੰ ਸੰਭਾਲੋ ਤੇ ਆਪਣੇ ਧਰਮ ਕਰਮ ਵਿਚ ਪੱਕੇ ਰਹੋ। ਪਰਜਾ ਨੂੰ ਵੀ ਧਰਮੀ ਬਣਾਓ। ਨਾਮ ਜਪੋ ਤੇ ਨਾਮ ਜਪਾਓ। ਇਨਸਾਫ ਕਰੋ। ਗੁਰੂ ਘਰ ਤੇ ਪੂਰਨ ਸ਼ਰਧਾ ਵਿਸ਼ਵਾਸ ਰਖੋ ਜਿਨ੍ਹਾਂ ਦੀ ਬਖਸ਼ਿਸ਼ ਨਾਲ ਤੁਸੀਂ ਰਾਜ ਦੇ ਮਾਲਕ ਬਣੇ ਹੋ। ਫੇਰ ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਵਿਦਾ ਕੀਤਾ।

ਆਪ ਜੀ ਤੋਂ ਅਨੇਕਾਂ ਜਗਿਆਸੂਆਂ ਨੇ ਅੰਦਰਲੀ ਸੂਝ ਪ੍ਰਾਪਤ ਕੀਤੀ। ਜਿਥੇ ਗੁਰਸਿੱਖਾਂ ਦੇ ਅੰਦਰ ਆਪ ਜੀ ਦਾ ਪਿਆਰ ਭਰਿਆ ਪਿਆ ਸੀ ਉਥੇ ਇਸਲਾਮ ਵਾਲਿਆਂ ਵਿਚ ਵੀ ਬਹੁਤ ਸਤਿਕਾਰ ਤੇ ਪਿਆਰ ਸੀ। ਗਿਆਨੀ ਮੋਹਨ ਸਿੰਘ ਜੀ ਦੇ ਮੁਤਾਬਿਕ ਇਕ ਘਟਨਾ ਦਾ ਜ਼ਿਕਰ ਅਸੀਂ ਆਪ ਜੀ ਨਾਲ ਸਾਂਝਾ ਕਰ ਰਹੇ ਹਾਂ।

### ਨਜੁਲਾ ਖਾਂ ਪਠਾਣ ਨੂੰ ਪੁੱਤਰ ਦੀ ਦਾਤ ਬਖਸ਼ਣੀ

ਇਕ ਅਜੀਮ ਖਾਂ ਪਠਾਣ ਜਿਸ ਦੇ ਖੂਹ

ਤੇ ਸੰਤ ਜੀ ਮਹਾਰਾਜ ਰਾਤ ਨੂੰ ਆ ਕੇ ਬੈਠਿਆ ਕਰਦੇ, ਇਹ ਬਹੁਤ ਸਾਰੀ ਜ਼ਮੀਨ ਤੇ ਕਈ ਖੂਹਾਂ ਦਾ ਮਾਲਕ ਸੀ। ਇਸ ਦਾ ਮਿਤਰ ਨਜੁਲਾ ਖਾਨ ਨਾਮ ਦਾ ਪਠਾਣ ਜੋ ਇਸੇ ਨਗਰ ਦਾ ਨੰਬਰਦਾਰ ਇਲਾਕੇ ਵਿਚ ਮੰਨਿਆਂ ਪ੍ਰਮੰਨਿਆਂ ਰਈਸ ਅਤੇ ਜਰਨੈਲੀ ਪੈਨਸ਼ਨਰ ਸੀ। ਇਸ ਦੀਆਂ ਤਿੰਨ ਬੇਗਮਾਂ ਸਨ ਪਰ ਔਲਾਦ ਤੋਂ ਬਿਨਾਂ ਘਰ ਸੁੰਞਾ ਸੀ। ਇਸ ਨੇ ਕਈ ਵਾਰ ਆਪਣੇ ਮਿਤਰ ਅਜੀਮ ਖਾਂ ਪਾਸ (ਜਿਸਦੇ ਖੂਹ ਤੇ ਸੰਤ ਜੀ ਮਹਾਰਾਜ ਰਾਤ ਨੂੰ ਠਹਿਰਦੇ ਸਨ) ਅੰਦਰਲੀ ਪੀੜਾ ਪ੍ਰਗਟ ਕੀਤੀ। ਧਨ, ਦੌਲਤ, ਜ਼ਮੀਨ, ਜਾਇਦਾਦ ਬੇਅੰਤ ਹੈ, ਘਰ ਵਿਚ ਤਿੰਨ ਬੇਗਮਾਂ ਹਨ, ਮਾਨ ਇਜ਼ਤ ਵੀ ਬੜੀ ਹੈ ਪਰ ਇਕ ਫਰਜੰਦ ਤੋਂ ਬਿਨਾਂ ਇਹ ਸਾਰੇ ਹੀ ਪਦਾਰਥ ਨਿਸਫਲ ਹਨ। ਉਸ ਨੇ ਨਜੁਲਾ ਖਾਂ ਨੂੰ ਧੀਰਜ ਦਿਤਾ ਤੇ ਆਖਿਆ, ਅੱਲਾ ਪਾਕ ਭਲੀ ਕਰੇਗਾ। ਮੇਰੇ ਖੂਹ ਤੇ ਇਕ ਰੱਬੀ ਫਕੀਰ, ਸਚਾ ਆਸ਼ਕ, ਗੁਰੂ ਨਾਨਕ ਦਾ ਮੁਰੀਦ ਰਾਤ ਦੇ ਸਮੇਂ ਆਉਂਦਾ ਹੈ, ਜਿਸਦੀ ਕ੍ਰਿਪਾ ਦਾ ਸਦਕਾ ਜਦੋਂ ਦੇ ਉਸਨੇ ਚਰਨ ਪਾਏ, ਮੇਰੀ ਫਸਲ ਦੂਣੀ ਹੋਣ ਲਗ ਪਈ। ਮੈਨੂੰ ਉਨ੍ਹਾਂ ਦੇ ਬਚਨਾਂ ਤੇ ਪੂਰਨ ਭਰੋਸਾ ਹੈ। ਤੂੰ ਵੀ ਉਨ੍ਹਾਂ ਦੇ ਪਾਸ ਪੁਜ ਕੇ ਚਰਨਾਂ ਵਿਚ ਅਰਜ਼ ਕਰੀਂ, ਜ਼ਰੂਰ ਹੀ ਤੇਰੀ ਇਛਾ ਪੂਰੀ ਹੋ ਜਾਵੇਗੀ।

ਬਾਬਾ ਜੀ ਦੀ ਸਿਫਤ ਸੁਣ ਕੇ ਇਸਦਾ ਮਨ ਬੜਾ ਹੀ ਪ੍ਰਸੰਨ ਹੋਇਆ, ਪਰ ਸ਼ਰ੍ਹਾ ਦੇ ਸੰਗਲਾਂ 'ਚ ਜਕੜੇ ਲੋਕਾਂ ਤੋਂ ਭੈ ਕਰਦਾ ਹੋਇਆ ਦਿਨੇ ਤਾਂ ਇਹ ਨਜੁਲਾ ਖਾਂ ਆ ਨਹੀਂ ਸਕਿਆ, ਰਾਤ ਦੇ ਟਾਇਮ ਗੁਰੂ ਨਾਨਕ ਦੇ ਖਜ਼ਾਨੇ ਦੇ ਮਾਲਕ ਤੋਂ ਦਾਤ ਲੈਣ ਆਇਆ। ਜਿਵੇਂ ਪੰਚਮ ਪਾਤਸ਼ਾਹ ਜੀ ਮਹਾਰਾਜ ਨੇ ਆਪਣੀ ਮੌਜੂਦਗੀ ਵਿਚ ਬਾਬੇ ਬੁਢੇ ਜੀ ਦਾ ਮਾਨ ਵਧਾਇਆ ਸੀ ਇਸੇ ਤਰ੍ਹਾਂ ਪ੍ਰਮੇਸ਼ਰ ਸਦੀਵੀ ਆਪਣੇ ਪਿਆਰਿਆਂ ਦੀ ਮਾਨ ਵਡਿਆਈ ਤੇ ਪ੍ਰਤਿਸ਼ਠਾ ਕਰਵਾ ਕੇ ਪ੍ਰਸੰਨ ਹੁੰਦਾ ਹੈ ਕਿਉਂਕਿ ਉਸਦੇ ਪਿਆਰਿਆਂ ਦੀ ਵਡਿਆਈ ਪ੍ਰਮੇਸ਼ਰ ਦੀ ਵਡਿਆਈ ਹੈ ਉਸਦੇ ਭਗਤਾਂ ਦਾ ਜਸ ਪ੍ਰਮੇਸ਼ਰ ਦਾ ਜਸ ਹੈ-

***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ॥***
***ਹਰਿ ਆਪਣੀ ਵਡਿਆਈ ਭਾਵਦੀ***
***ਜਨ ਕਾ ਜੈਕਾਰੁ ਕਰਾਈ॥***

***ਅੰਗ - 652***

ਇਉਂ ਅਜ ਮੁਸਲਮਾਨ ਪਠਾਨ ਦਾ ਮਨ ਪ੍ਰੇਰ ਕੇ ਰਾਤ ਦੇ ਸਮੇਂ ਮਹਾਂਪੁਰਸ਼ਾਂ ਵਲ ਭੇਜਿਆ। ਰਾਤ ਦੇ ਗਿਆਰਾਂ ਵਜੇ ਹਨ। ਸਿਆਲ ਦੀ ਮੌਸਮ ਅਤੇ ਜੋਰਾਂ ਦੀ ਸਰਦੀ ਪੈ ਰਹੀ ਹੈ, ਲੋਕੀਂ ਉਪਰ ਰਜਾਈਆਂ ਪਾ ਕੇ ਆਪਣੇ ਘਰੀਂ ਸੁਖ ਦੀ ਨੀਂਦ ਸੁਤੇ ਹਨ। ਰੱਬੀ ਬੰਦਿਆਂ ਬਿਨਾਂ ਏਹੋ ਜਿਹੇ ਸਮੇਂ ਕੌਣ ਜਾਗੇ। ਪ੍ਰਮੇਸ਼ਰ ਪ੍ਰਾਪਤੀ ਦੇ ਚਾਹਵਾਨ ਆਪਣੇ ਪ੍ਰੀਤਮ ਦੀ ਯਾਦ ਵਿਚ ਜੁੜੇ ਹਨ ਜਾਂ ਕੋਈ ਪੁਰਾਣਾ ਰੋਗੀ ਆਪਣੇ ਕੀਤੇ ਕਰਮਾਂ ਦਾ ਫਲ ਭੋਗਦਾ ਹੋਇਆ ਜਾਗਦਾ ਹੈ ਜਾਂ ਵਿਸ਼ਿਆਂ ਦਾ ਵਣਜਾਰਾ ਜਾਂ ਡਾਕੂ ਚੋਰ ਜਾਂ ਕੋਈ ਇਸ ਨਜੁਲਾ ਖਾਂ ਵਾਗੂੰ ਸੰਸਾਰੀ ਪਦਾਰਥਾਂ ਦਾ ਮੰਗਤਾ; ਹੋਰ ਕੋਈ ਨਹੀਂ ਜਾਗਦਾ। ਬਾਬਾ ਜੀ ਦੇ ਉਦਾਲੇ ਥੋੜ੍ਹੇ-ਥੋੜ੍ਹੇ ਫਾਸਲੇ ਤੇ ਨਾਲ ਦੇ ਸਾਥੀ ਬੈਠੇ ਸਿਮਰਨ ਕਰ ਰਹੇ ਹਨ। ਆਪ ਦਰਿਆ ਦੇ ਕਿਨਾਰੇ ਤੇ ਪ੍ਰੀਤਮ ਦੀ ਯਾਦ ਵਿਚ ਜੁੜੇ ਬੈਠੇ ਨੇ। ਅਜ ਹੋਰਨਾਂ ਦਿਨਾਂ ਨਾਲੋਂ ਸਰਦੀ ਵੀ ਵਧੇਰੇ ਜੋਰਾਂ ਤੇ ਹੈ, ਸਭਨਾਂ ਦੇ ਸਰੀਰ ਕੰਬਦੇ ਹਨ। ਕੋਈ ਪ੍ਰੇਮੀ ਸ੍ਵਾਸਾਂ ਨੂੰ ਖਿਚ ਕੇ ਗੁਰ ਸ਼ਬਦ ਦੇ ਅਭਿਆਸ ਦੁਆਰਾ ਸਰੀਰ ਨੂੰ ਗਰਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਕੋਈ ਗੁਰਬਾਣੀ ਦੇ ਪਾਠਾਂ ਨੂੰ ਕੰਠੋਂ ਉਚਾਰਦਾ ਹੈ। ਕੀ ਤਕਿਆ ਕਿ ਸੈਦੂ ਨਗਰ ਵਲੋਂ ਹਥ ਵਿਚ ਲਾਲਟੈਣ ਪਕੜੀ ਇਕ ਬ੍ਰਿਧ ਉਮਰ ਦਾ ਪਠਾਨ ਸਿਧਾ ਬਾਬਾ ਜੀ ਵਲ ਚਲਿਆ ਆਉਂਦਾ ਹੈ। ਸਾਥੀ ਸੇਵਕ ਤਾਂ ਭੈ ਭੀਤ ਹੋ ਗਏ ਕਿ ਸ਼ਾਇਦ ਕੋਈ ਮਾਰਨ ਵਾਸਤੇ ਹੀ ਆਉਂਦਾ ਹੈ ਪਰ ਅੰਤਰਯਾਮੀ ਦਾਤੇ ਨੂੰ ਪਤਾ ਸੀ ਕਿ ਸੰਸਾਰੀ ਮੰਗ ਦਾ ਵਣਜਾਰਾ ਆ ਰਿਹਾ ਹੈ। ਪਾਸ ਪੁਜਿਆ, ਲੈਂਪ ਇਕ ਪਾਸੇ ਦੂਰ ਰਖ ਕੇ ਬ੍ਰਿਛ ਨਾਲ ਖੜ੍ਹਿਆਂ ਹੋ ਕੇ ਲੱਕ ਦਾ ਕੁੱਬ ਸਿਧਾ ਕੀਤਾ। ਬਾਬਾ ਬਿਸ਼ਨ ਸਿੰਘ ਸੰਤਾਂ ਦੇ ਪਾਸ ਗਿਆ, ਅਰਜ਼ ਕੀਤੀ ਮਹਾਰਾਜ! ਪਤਾ ਨਹੀਂ ਇਹ ਕੌਣ ਹੈ ਅਤੇ ਐਸ ਵੇਲੇ ਇਥੇ ਕਿਉਂ ਆਇਆ ਹੈ? ਹਜ਼ੂਰ ਨੇ ਹੱਸ ਕੇ ਆਖਿਆ, ਜਾਹ ਇਸਨੂੰ ਪੁਛ, ਕਿਸ ਲਈ ਆਇਆ ਹੈ। ਜਦੋਂ ਬਾਬੇ

ਬਿਸ਼ਨ ਸਿੰਘ ਨੇ ਪੁਛਿਆ, ਖਾਨ ਸਾਹਿਬ! ਕੀ ਗਲ ਹੈ ਕਿਉਂ ਆਏ ਹੋ? ਤਾਂ ਉਸ ਨੇ ਅਰਜ਼ ਕੀਤੀ ਫਕੀਰ ਸਾਹਿਬ ਦੇ ਜਮਾਲ ਦੇ ਦੀਦਾਰ ਕਰਨ ਵਾਸਤੇ ਆਇਆ ਹਾਂ ਕ੍ਰਿਪਾ ਕਰਕੇ ਮੇਰੇ ਵਲੋਂ ਅਰਜ਼ ਕਰੋ। ਜਦੋਂ ਬਿਸ਼ਨ ਸਿੰਘ ਨੇ ਜਾ ਕੇ ਬੇਨਤੀ ਕੀਤੀ ਮਹਾਰਾਜ! ਆਪ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਹੈ ਤਾਂ ਸੰਤਾਂ ਨੇ ਪਾਸ ਬੁਲਾਇਆ। ਇਸ ਨੇ ਭਾਵਨਾ ਨਾਲ ਚਰਨਾਂ ਤੇ ਸੀਸ ਰਖ ਕੇ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, ਹੇ ਅੱਲਾ ਦੇ ਪਿਆਰੇ ਫਕੀਰ ਸਾਂਈ! ਆਪ ਪੀਰਾਨ ਪੀਰ ਗੁਰੂ ਨਾਨਕ ਦੇਵ ਜੀ ਦੇ ਮੁਰੀਦ ਹੋ ਮੇਰੇ ਤੇ ਤਰਸ ਕਰੋ ਮੇਰੀ ਝੋਲੀ ਵਿਚ ਖੈਰ ਪਾਓ, ਮੈਂ ਤੁਹਾਡੇ ਦਰ ਦਾ ਭਿਖਾਰੀ ਬਣ ਕੇ ਆਇਆ ਹਾਂ। ਮਹਾਂਪੁਰਸ਼ਾਂ ਨੇ ਰੱਬੀ ਰੰਗ ਵਿਚ ਰੱਤੇ ਮਸਤੀ ਵਾਲੇ ਨੇਤਰ ਖੋਲੇ ਤੇ ਪੁਛਿਆ ਕਿ ਖਾਨ ਸਾਹਿਬ! ਤੁਸੀਂ ਕੀ ਚਾਹੁੰਦੇ ਹੋ? ਉਸ ਨੇ ਅਰਜ਼ ਕੀਤੀ, ਗਰੀਬ ਨਿਵਾਜ਼, ਮੈਂ ਸੱਤਾਂ ਖੂਹਾਂ ਦੀ ਜ਼ਮੀਨ ਦਾ ਮਾਲਕ ਹਾਂ, ਜਰਨੈਲੀ ਪੈਨਸ਼ਨ ਹੈ, ਘਰ ਤਿੰਨ ਬੇਗਮਾਂ ਹਨ ਪਰ ਪੁਤਰ ਤੋਂ ਬਗੈਰ ਸਾਰਾ ਪਦਾਰਥ ਬਿਗਾਨਾ ਹੀ ਹੈ, ਆਪ ਕ੍ਰਿਪਾ ਕਰੋ। ਸੰਤਾਂ ਨੇ ਪੁਛਿਆ ਕਿਤਨੀ ਕੁ ਉਮਰ ਹੋ ਗਈ। ਉਸਨੇ ਉਤਰ ਦਿਤਾ ਪੀਰ ਜੀ! ਐਸ ਵੇਲੇ ਉਮਰ ਤਾਂ ਪਚਾਨਵੇਂ ਸਾਲਾਂ ਦੇ ਕਰੀਬ ਹੈ। ਸਤਿਪੁਰਸ਼ਾਂ ਆਖਿਆ ਉਮਰ ਤਾਂ ਤੇਰੀ ਬਹੁਤ ਜ਼ਿਆਦਾ ਹੋ ਗਈ ਹੁਣ ਸੁਕੇ ਬ੍ਰਿਛ ਨੂੰ ਫਲ ਲਗਣਾ ਮੁਸ਼ਕਲ ਹੈ, ਇਹ ਸੰਕਲਪ ਛੱਡ ਦੇਹ, ਅੱਲਾ ਦੀ ਬੰਦਗੀ ਕਰ। ਉਸ ਨੇ ਅਰਜ਼ ਕੀਤੀ ਮਹਾਰਾਜ! ਤੁਹਾਡੇ ਪਾਸ ਜਾਣ ਵਾਲੇ ਕਈ ਮੁਸਲਮਾਨ ਵੀਰਾਂ ਨੇ ਮੈਨੂੰ ਦਸਿਆ ਹੈ ਕਿ ਤੁਸੀਂ ਕੱਲ੍ਹ ਦੇ ਦੀਵਾਨ ਵਿਚ ਗੁਰੂ ਨਾਨਕ ਪੀਰ ਦਾ ਬਚਨ ਸੁਣਾਇਆ ਸੀ -

***..........ਸੂਕੇ ਕਾਸਟ ਹਰਿਆ॥***
***ਅੰਗ - 10***

***ਸੂਕੇ ਕਾਸਟ ਹਰੇ ਚਲੂਲ॥***
***ਅੰਗ - 898***

***ਸੂਕੇ ਹਰੇ ਕੀਏ ਖਿਨ ਮਾਹੇ॥***
***ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥***
***ਅੰਗ - 191***

ਆਪ ਸੁਕਿਆਂ ਨੂੰ ਵੀ ਹਰੇ ਭਰੇ ਕਰਨ ਵਾਲੇ ਹੋ, ਮੈਂ ਸ਼ਰਈ ਲੋਕਾਂ ਤੋਂ ਭੈ ਕਰ ਕੇ ਦਿਨ ਦੇ ਸਮੇਂ ਤੁਹਾਡਾ ਦੀਦਾਰ ਨਹੀਂ ਕਰ ਸਕਦਾ ਕਿਉਂਕਿ ਜੋ ਮੁਸਲਮਾਨ ਹਿੰਦੂ ਪੀਰ ਨੂੰ ਨਮਸ਼ਕਾਰ ਕਰਦਾ ਹੈ, ਸ਼ਰਈ ਲੋਕ ਉਸ ਨੂੰ ਕਾਫਰ ਕਹਿੰਦੇ ਹਨ ਅਤੇ ਸ਼ਰਾ ਤੋਂ ਬਾਹਰ ਚਲਣ ਦਾ ਫਤਵਾ ਲਾ ਦਿੰਦੇ ਹਨ। ਆਪ ਮੇਰੇ ਹਾਲ ਤੇ ਤਰਸ ਕਰੋ, ਇਹ ਗੁਰੂ ਨਾਨਕ ਪੀਰ ਦਾ ਦਰ ਹੈ ਜਿਸ ਨੇ ਮਕੇ ਮਦੀਨੇ ਵਿਚ ਆਪਣੇ ਚਰਨ ਪਾਏ ਅਤੇ ਜੋ ਹਿੰਦੂ ਮੁਸਲਮਾਨ ਦੇ ਸਾਂਝੇ ਰਹਿਬਰ ਹੋਏ ਹਨ ਜਿਸਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਆਪ ਜੀ ਨੇ ਇਸ ਦੀ ਬੇਨਤੀ ਸੁਣ ਕੇ ਆਪਣੇ ਦੋਵੇਂ ਨੇਤ੍ਰ ਬੰਦ ਕਰ ਲਏ, ਕਾਫੀ ਸਮਾਂ ਬੰਦ ਰਖੇ, ਮਾਨੋਂ ਦਰਗਾਹੀ ਹੁਕਮ ਦਾ ਇੰਤਜ਼ਾਰ ਕਰ ਰਹੇ ਹਨ। ਕੁਝ ਕੁ ਸਮੇਂ ਤੋਂ ਬਾਅਦ ਨੇਤ੍ਰ ਖੋਲ੍ਹੇ ਅਤੇ ਮੁਸਕਰਾ ਕੇ ਕਿਹਾ, ਚੰਗਾ ਖਾਨ ਸਾਹਿਬ! ਅੱਲਾ ਤਾਲਾ ਦੀ ਮੇਹਰ ਹੋ ਗਈ ਤਾਂ ਅਸੀਂ ਕੁਝ ਕੁ ਦਿਨਾਂ ਤੋਂ ਬਾਅਦ ਪੰਜਾਬ ਨੂੰ ਚਲੇ ਜਾਣਾ ਹੈ। ਜਦੋਂ ਨੌਮੀ ਦੇ ਜੋੜ ਮੇਲੇ ਤੇ ਅਗਲੇ ਸਾਲ ਫੇਰ ਆਵਾਂਗੇ ਤਾਂ ਤੇਰੇ ਘਰ ਲੜਕਾ ਖੇਲ੍ਹਦਾ ਹੋਵੇਗਾ ਪਰ ਤੂੰ ਅੱਜ ਤੋਂ ਹੀ ਜਿੰਨਾਂ ਹੋ ਸਕੇ ਹਿੰਦੂ ਮੁਸਲਮਾਨ ਦੇ ਵਿਤਕਰੇ ਤੋਂ ਬਿਨਾਂ ਦਾਨ ਪੁੰਨ ਕਰੀਂ ਅਤੇ ਪੰਜੇ ਟਾਇਮ ਮਸੀਤ ਵਿਚ ਜਾ ਕੇ ਨਿਮਾਜਾਂ ਪੜ੍ਹੀਂ। ਖੁਦਾ ਅਗੇ ਸਿਜਦਾ ਕਰੀਂ, ਰੋਜੇ ਰਖੀਂ। ਪੰਜਵੀਂ ਇਸ਼ਾ ਦੀ ਨਿਮਾਜ਼ ਜੋ ਦਿਨ ਛਿਪੇ ਤੋਂ ਬਾਅਦ ਪੜ੍ਹੀ ਜਾਂਦੀ ਹੈ ਉਸ ਸਮੇਂ ਮਸੀਤ ਵਿਚ ਖੜੋ ਕੇ ਉਚੀ ਆਵਾਜ਼ ਦੇਵੀਂ ਕਿ ਜੋ ਕੋਈ ਭੁਖਾ ਲੋੜਵੰਦ ਪ੍ਰਸ਼ਾਦੇ ਦਾ ਚਾਹਵਾਨ ਹੈ ਤਾਂ ਆਓ ਪ੍ਰਸ਼ਾਦ ਛਕੋ। ਉਸ ਸਮੇਂ ਜਿਤਨੇ ਵੀ ਆਦਮੀ ਰੋਟੀ ਖਾਣ ਵਾਲੇ ਹੋਵਣ ਉਹਨਾਂ ਨੂੰ ਮਸੀਤ ਵਿਚ ਲਿਆ ਕੇ ਰੋਟੀ ਛਕਾਉਣੀ, ਇਹ ਸਭ ਤੋਂ ਵਡਾ ਪੁੰਨ ਹੈ। ਜੋ ਭੁਖੇ ਨੂੰ ਅੰਨ ਦਾ ਦਾਨ ਕਰਦਾ ਹੈ ਉਸ ਦੀਆਂ ਭੁਖੀਆਂ ਆਂਦਰਾਂ ਰੱਜ ਕੇ ਅਸੀਸਾਂ ਦਿੰਦੀਆਂ ਹਨ ਕਿਉਂਕਿ ਤੁਹਾਡੀ ਸ਼ਰ੍ਹਾ ਬੜੀ ਸਖਤ ਹੈ ਕੋਈ ਭੁਖਾ ਪਿਆਸਾ ਆਦਮੀ ਗਲੀ ਮਹਲੇ ਵਿਚ ਜਾ ਕੇ ਰੋਟੀ ਨਹੀਂ ਮੰਗ ਸਕਦਾ। ਭੁਖਾ ਆਦਮੀ ਸ਼ਾਮ ਨੂੰ ਹਨ੍ਹੇਰੇ ਹੋਏ ਤੋਂ ਮਸੀਤ ਦੀ ਕੰਧ ਤੇ ਚੜ੍ਹ ਕੇ ਅਵਾਜ਼ ਦਿੰਦਾ

ਹੈ, ਮੈਂ ਭੁਖਾ ਹਾਂ ਕੋਈ ਮੇਰੇ ਤੇ ਤਰਸ ਕਰਕੇ ਖੁਦਾ ਨਮਿਤ ਰੋਟੀ ਦੇਵੇ। ਤਾਂ ਜਿਸਦੇ ਮਨ ਵਿਚ ਦਇਆ ਆਉਂਦੀ ਹੈ ਉਸਨੂੰ ਖੁਦਾ ਪ੍ਰੇਰਦਾ ਹੈ, ਉਹ ਉਸ ਜਗ੍ਹਾ ਆ ਕੇ ਰੋਟੀ ਦੇ ਜਾਂਦਾ ਹੈ ਨਹੀਂ ਤਾਂ ਉਸਨੂੰ ਭੁੱਖਾ ਹੀ ਸੌਣਾ ਪੈਂਦਾ ਹੈ। ਪਰ ਗਲੀ ਮਹੱਲੇ ਵਿਚ ਘਰਾਂ ਦੇ ਬੂਹੇ ਅਗੇ ਜਾ ਕੇ ਕੋਈ ਮੰਗ ਨਹੀਂ ਸਕਦਾ। ਇਸੇ ਕਰਕੇ ਅੰਨ ਦਾਨ ਦਾ ਸਭ ਤੋਂ ਵਡਾ ਪੁੰਨ ਹੈ। ਗੁਸਾਈਂ ਤੁਲਸੀ ਦਾਸ ਜੀ ਨੇ ਫੁਰਮਾਇਆ ਹੈ ਕਿ-

***ਲੇਨੇ ਕੋ ਹਰਿ ਨਾਮ ਹੈ***
***ਦੇਨੇ ਕੋ ਅੰਨ ਦਾਨ।***
***ਤਰਨੇ ਕੋ ਨਿਰਮਾਨਤਾ***
***ਡੂਬਨ ਕੋ ਅਭਿਮਾਨ।***

ਗੁਰੂ ਨਾਨਕ ਦੇ ਘਰ ਦੀ ਵੱਡੀ ਮਰਿਆਦਾ ਲੰਗਰ ਚਲਾਉਣ ਦੀ ਹੈ। ਸਤਿਪੁਰਸ਼ਾਂ ਦੇ ਅਤੁੱਟ ਲੰਗਰ ਚਲਦੇ ਹਨ, ਮਾਨੋ ਇਹ ਪੂਰਨ ਸਾਧੂ ਦੀ ਨਿਸ਼ਾਨੀ ਹੈ। ਜੋ ਕਿਸੇ ਨੂੰ ਰੋਟੀ ਕੱਪੜੇ ਮਕਾਨ ਦੁਆਰਾ ਆਰਾਮ ਨਹੀਂ ਦੇ ਸਕਦਾ ਉਹ ਦੂਜੇ ਦਾ ਹੋਰ ਕੀ ਭਲਾ ਕਰ ਸਕੇਗਾ। ਗੁਰੂ ਨਾਨਕ ਦਾ ਮਿਸ਼ਨ ਸੰਗਤ ਪੰਗਤ ਦੀ ਅਭੇਦਤਾ ਹੈ ਅਤੇ ਗ੍ਰਿਸਤੀ ਦਾ ਸਭ ਤੋਂ ਵਡਾ ਏਹੋ ਫਰਜ਼ ਵੀ ਬਣਦਾ ਹੈ। ਭਾਰਤ ਦੇ ਰਿਸ਼ੀ ਭਗਤ ਕਬੀਰ ਜੀ ਫੁਰਮਾਉਂਦੇ ਹਨ -

***ਕਬੀਰ ਜਉ ਗ੍ਰਿਹੁ ਕਰਹਿ***
***ਤ ਧਰਮੁ ਕਰੁ***
***ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ***
***ਤਾ ਕੋ ਬਡੋ ਅਭਾਗੁ॥***

***ਅੰਗ - 1377***

ਇਸ ਤਰ੍ਹਾਂ ਦੇ ਪਵਿਤ੍ਰ ਬਚਨ ਸੁਣ ਕੇ ਇਸਦਾ ਮਨ ਬੜਾ ਪ੍ਰਸੰਨ ਹੋਇਆ ਅਤੇ ਅਰਜ਼ ਕੀਤੀ, ਪੀਰ ਜੀ! ਜੋ ਆਪ ਨਿਮਾਜ਼ਾਂ ਪੜ੍ਹਨ ਦੀ ਆਗਿਆ ਕਰਦੇ ਹੋ ਕ੍ਰਿਪਾ ਕਰਕੇ ਦਸੋ ਇਹ ਨਿਮਾਜ਼ਾਂ ਕਿਸ ਨੇ ਪ੍ਰਚਲਤ ਕੀਤੀਆਂ ਅਤੇ ਇਨ੍ਹਾਂ ਦੇ ਕੀ ਕੀ ਨਾਮ ਹਨ ਤੇ ਪੜ੍ਹਨ ਦਾ ਸਮਾਂ ਵੀ ਕਿਹੜਾ ਹੈ?

ਸੰਤਾਂ ਨੇ ਹੱਸ ਕੇ ਉਤਰ ਦਿਤਾ, ਇਹ ਤੂੰ ਆਪਣੇ ਮੁਸਲਮਾਨ ਭਰਾਵਾਂ ਤੋਂ ਪੁੱਛ, ਸਾਨੂੰ ਕੀ ਪਤਾ ਹੈ। ਇਸਨੇ ਅਰਜ਼ ਕੀਤੀ ਮਹਾਰਾਜ! ਆਪ ਤੋਂ ਕੋਈ ਗਲ ਭੁਲੀ ਨਹੀਂ, ਆਪ ਹਿੰਦੂ, ਮੁਸਲਮਾਨ ਦੇ ਸਾਂਝੇ ਪੀਰ ਹੋ, ਦੋਹਾਂ ਦੇ ਭਲੇ ਦਾ ਉਪਦੇਸ਼ ਕਰਦੇ ਹੋ। ਹਜ਼ੂਰ ਕਹਿਣ ਲਗੇ, ਲੈ ਸੁਣ-

1. ਪਹਿਲੀ ਨਿਮਾਜ਼ ਫਜ਼ਰ ਦੀ ਹੈ ਜੋ ਸੂਰਜ ਨਿਕਲਣ ਤੋਂ ਪਹਿਲਾਂ-ਪਹਿਲਾਂ ਪਹੁ-ਫੁਟਾਲੇ ਤੱਕ ਪੜ੍ਹੀ ਜਾਂਦੀ ਹੈ। ਇਹ ਅੰਧੇਰੇ ਦੇ ਦੁੱਖ ਤੋਂ ਛੁਟ ਕੇ ਬਾਬੇ ਆਦਮ ਨੇ ਪੜ੍ਹੀ ਸੀ ਅਤੇ ਖੁਦਾ ਅਗੇ ਬੰਦਗੀ ਕੀਤੀ ਸੀ।

2. ਦੂਜੀ ਨਿਮਾਜ਼ ਜੁਹਰ ਦੀ ਹੈ ਜੋ ਦੁਪਹਿਰ ਹੋਣ ਤੋਂ ਪੰਜ ਘੜੀਆਂ ਪਹਿਲਾਂ ਪੜ੍ਹੀ ਜਾਂਦੀ ਹੈ। ਅੱਗ ਵਿਚ ਪੈ ਕੇ ਅੱਗ ਠੰਢੀ ਹੋਈ ਜਾਣਕੇ ਇਬਰਾਹੀਮ ਖਲੀਲ ਨੇ ਪੜ੍ਹੀ ਸੀ, ਉਸ ਸਮੇਂ ਅਗਨੀ ਦੇ ਅੰਗਾਰ ਫੁਲ ਬਣ ਗਏ ਸਨ।

3. ਤੀਜੀ ਨਿਮਾਜ਼ ਅਸਰ ਦੀ ਹੈ ਜੋ ਪੰਜ ਘੜੀ ਦਿਨ ਰਹਿਣ ਤੇ ਸੂਰਜ ਦੇ ਛਿਪਣ ਤੱਕ ਪੜ੍ਹੀ ਜਾਂਦੀ ਹੈ, ਇਹ ਮੱਛੀ ਦੇ ਪੇਟ 'ਚੋਂ ਬਾਹਰ ਆ ਕੇ ਯੂਨਸ ਨੇ ਪੜ੍ਹੀ ਸੀ।

4. ਚੌਥੀ ਨਿਮਾਜ਼ ਮਗ਼ਰਬੀ ਹੈ ਜੋ ਸੂਰਜ ਛਿਪਣ ਤੋਂ ਲੈ ਕੇ ਅਕਾਸ਼ ਵਿਚ ਲਾਲੀ ਰਹਿਣ ਤੱਕ ਪੜ੍ਹੀ ਜਾਂਦੀ ਹੈ। ਇਹ ਆਦਮੀਆਂ ਦੇ ਘੇਰੇ 'ਚੋਂ ਛੁਟ ਕੇ ਈਸਾ ਨੇ ਪੜ੍ਹੀ ਸੀ।

5. ਪੰਜਵੀਂ ਇਸ਼ਾ ਦੀ ਨਿਮਾਜ਼ ਹੈ ਜੋ ਅਕਾਸ਼ ਦੀ ਲਾਲੀ ਜਾਣ ਤੋਂ ਬਾਅਦ ਤਿੰਨ ਘੜੀ ਰਾਤ ਗਈ ਤੱਕ ਇਸਦੇ ਪੜ੍ਹਨ ਦਾ ਟਾਇਮ ਹੈ। ਇਹ ਬੱਦਲ ਬਿਜਲੀ ਦੇ ਡਰ ਤੋਂ ਛੁਟ ਕੇ ਮੂਸੇ ਨੇ ਪੜ੍ਹੀ ਸੀ। ਇਹ ਹਨ ਪੰਜ ਨਿਮਾਜ਼ਾਂ ਤੇ ਇਹਨਾਂ ਦੇ ਟਾਇਮ, ਹਰ ਇਕ ਦੇ ਤਾਈਂ ਜੋ ਆਪਣੇ ਆਪ ਨੂੰ ਮੁਸਲਮਾਨ ਹੋਣ ਦਾ ਨਿਸ਼ਚਾ ਰਖਦਾ ਹੈ, ਇਨ੍ਹਾਂ ਦੇ ਪੜ੍ਹਨ ਦਾ ਅਧਿਕਾਰੀ ਹੈ।

ਸੂਫੀ ਫਕੀਰ ਫਰੀਦ ਜੀ, ਬੇਨਿਮਾਜ਼ੇ ਨੂੰ ਕੁੱਤਾ ਕਥਨ ਕਰਦੇ ਹਨ-

***ਫਰੀਦਾ ਬੇ ਨਿਵਾਜਾ ਕੁਤਿਆ***
***ਏਹ ਨ ਭਲੀ ਰੀਤਿ॥***

*ਕਬਹੀ ਚਲਿ ਨ ਆਇਆ*
*ਪੰਜੇ ਵਖਤ ਮਸੀਤਿ॥*

***ਅੰਗ - 1381***

ਜਿਵੇਂ ਗੁਰਸਿਖਾਂ ਵਾਸਤੇ ਪੰਜ ਬਾਣੀਆਂ ਦੇ ਪਾਠ ਦਾ ਨਿਤਨੇਮ, ਹਿੰਦੂ ਲਈ ਤਿੰਨ ਸੰਧਿਆ ਲਾਜ਼ਮੀਂ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵੀ ਕਿਸੇ ਕਾਜ਼ੀ ਨੂੰ ਨਿਮਾਜ਼ਾਂ ਪੜ੍ਹਨ ਦੀ ਤਾਕੀਦ ਕਰਦਿਆਂ ਉਪਦੇਸ਼ ਕੀਤਾ ਹੈ ਕਿ ਅਸਲੀ ਨਿਮਾਜ਼ਾਂ ਇਹ ਹਨ -

*ਪੰਜਿ ਨਿਵਾਜਾ ਵਖਤ ਪੰਜਿ*
*ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ*
*ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ*
*ਤਾ ਮੁਸਲਮਾਣੁ ਸਦਾਇ॥*

***ਅੰਗ - 141***

ਪਹਿਲੀ ਨਿਮਾਜ਼ ਹੈ ਸੱਚ ਬੋਲਣਾ - ਇਸ ਨਾਲ ਸਾਰੇ ਪਾਪ ਮਿਟਦੇ ਹਨ।

*ਸਚੁ ਸਭਨਾ ਹੋਇ ਦਾਰੂ*
*ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ*
*ਜਿਨ ਸਚੁ ਪਲੈ ਹੋਇ॥ ਅੰਗ - 468*

ਦੂਜੀ ਨਿਮਾਜ਼ ਹੈ ਹੱਕ ਹਲਾਲ ਦਾ ਖਾਣਾ, ਠੱਗੀ, ਚੋਰੀ, ਦਗਾ ਫਰੇਬ ਨਹੀਂ ਕਰਨਾ, ਇਸ ਹੱਕ ਦੀ ਕਿਰਤ ਵਿਚੋਂ ਦਾਨ ਕੀਤਿਆਂ ਪਾਪ ਦੂਰ ਹੁੰਦੇ ਹਨ।

*ਕਿਰਤ ਵਿਰਤ ਕਰ ਧਰਮ ਦੀ*
*ਖੱਟਿ ਖਵਾਲਣ ਕਾਰ ਕਰੇਹੀ॥*
*ਭਾਈ ਗੁਰਦਾਸ ਜੀ, ਵਾਰ 1/3*
*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*

***ਅੰਗ - 1245***

ਤੀਜੀ ਨਿਮਾਜ਼ ਹੈ - ਖੁਦਾ ਦੇ ਨਮਿਤ ਗਰੀਬ ਨੂੰ ਖੈਰ ਪਾਉਣੀ। ਭਾਵ ਯਥਾਸ਼ਕਤ ਦਾਨ ਕਰਨਾ। ਇਹ ਵੀ ਵੱਡਾ ਪੁੰਨ ਹੈ -

*ਮਿਠਾ ਬੋਲਣ ਨਿਵ ਚਲਣ*
*ਹਥੋਂ ਵੀ ਕਿਛੁ ਦੇਇ॥*
*ਰਬ ਤਿਨਾ ਦੀ ਬੁਕਲੀਂ*
*ਜੰਗਲ ਕਿਆ ਢੂਢੇਇ॥*

ਅਥਵਾ ਖੁਦਾ ਦੇ ਪਾਸੋਂ ਸਭਨਾਂ ਦੀ ਖੈਰ ਮੰਗਣੀ, ਹਰ ਇਕ ਦਾ ਭਲਾ ਚਾਹੁਣਾ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਮੁਸਲਮਾਨ ਪਾਪੀ, ਪੁੰਨੀ, ਗਰੀਬ, ਅਮੀਰ, ਆਸਤਕ, ਨਾਸਤਕ, ਸਾਧੂ, ਗ੍ਰਿਹਸਤੀ, ਬ੍ਰਾਹਮਣ ਤੇ ਸ਼ੂਦਰ ਸਭ ਦਾ ਭਲਾ ਹੀ ਮੰਗਿਆ ਹੈ -

*ਨਾਨਕ ਨਾਮ ਚੜ੍ਹਦੀ ਕਲਾ॥*
*ਤੇਰੇ ਭਾਣੇ ਸਰਬੱਤ ਦਾ ਭਲਾ॥*

ਤਿੰਨ ਚੀਜ਼ਾਂ ਦੀ ਖੁਦਾ ਤੋਂ ਮੰਗ ਕੀਤੀ-

1. ਨਾਮ ਦੀ - ਜਿਸ ਕਰਕੇ ਜੀਵ ਦੀ ਚੜ੍ਹਦੀ ਕਲਾ ਹੁੰਦੀ ਹੈ, ਮਨ ਢਹਿੰਦੀਆਂ ਕਲਾਂ ਵਲ ਨਹੀਂ ਜਾਂਦਾ।

2. ਭਾਣਾ ਮੰਨਣ ਦੀ ਦਾਤ, ਤੇ

3. ਸਰਬੱਤ ਦਾ ਭਲਾ।

ਇਸੇ ਤਰ੍ਹਾਂ ਫਰੀਦ ਜੀ ਨੇ ਕਥਨ ਕੀਤਾ ਹੈ -

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ*
*ਪਲੈ ਸਭੁ ਕਿਛੁ ਪਾਇ॥*

***ਅੰਗ - 1381***

ਚੌਥੀ ਨਿਮਾਜ਼ ਹੈ ਮਨ ਦੀ (ਨੀਅਤਿ) ਬਿਰਤੀ (ਰਾਸ) ਸਚਾਈ ਵਾਲੀ ਹੋਣੀ - ਸੱਚ ਬੋਲਣਾ, ਸੱਤ ਪ੍ਰਤੱਗੀ ਹੋਣਾ, ਦਿਲ ਦੀ ਸਫ਼ਾਈ ਹੋਣੀ। ਜਿਵੇਂ ਸਾਫ ਪਾਣੀ ਵਿਚ ਸੂਰਜ ਦਾ ਅਕਸ ਨਿਰਮਲ ਤੇ ਪੂਰਾ ਦਿਸਦਾ ਹੈ ਇਸੇ ਤਰ੍ਹਾਂ ਸਾਫ ਹਿਰਦੇ ਵਿਚ ਪ੍ਰਮੇਸ਼ਰ ਦੀ ਜੋਤ ਪ੍ਰਕਾਸ਼ਦੀ ਹੈ, ਸਾਫ ਕਪੜੇ ਨੂੰ ਚੰਗਾ ਰੰਗ ਚੜ੍ਹਦਾ ਹੈ।

ਪੰਜਵੀਂ ਨਿਮਾਜ਼ ਹੈ ਸਿਫਤੀ - ਪ੍ਰਮੇਸ਼ਰ ਦੀ (ਸਨਾਇ) ਸ਼ਨਾਖਤ ਭਾਵ ਪਹਿਚਾਨ ਕਰਨੀ, ਉਸਦੇ ਸਰੂਪ ਦਾ ਗਿਆਨ ਹੋਣਾ (ਕਰਣੀ) ਭਗਤੀ ਰੂਪ ਵਾ ਨੇਕ ਕਰਨੀ ਨੂੰ ਕਰਨ ਦੀਆਂ ਕਲਮਾਂ ਪੜ੍ਹੇ ਤਾਂ ਆਪਣੇ ਆਪ ਨੂੰ ਮੁਸਲਮਾਨ

ਅਖਵਾ ਸਕਦਾ ਹੈ -

***ਮੁਸਲਮਾਣੁ ਮੋਮ ਦਿਲ ਹੋਵੈ॥***

***ਅੰਗ - 1084***

ਸਾਰਿਆਂ ਜੀਵਾਂ ਤੇ ਦਇਆ ਕਰੇ।

ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਸਦਾ ਮਨ ਬੜਾ ਹੀ ਪ੍ਰਸੰਨ ਹੋਇਆ, ਬਾਣੀ ਗਦ-ਗਦ ਹੋ ਗਈ, ਕੰਠ ਰੁਕ ਗਿਆ, ਨੇਤਰਾਂ 'ਚੋਂ ਵੈਰਾਗ ਦਾ ਜਲ ਬਾਹਰ ਆਇਆ ਤੇ ਭਾਵਨਾ ਨਾਲ ਸਿਜਦਾ ਕੀਤਾ ਆਖਿਆ - ਧੰਨ ਹੋ ਆਪ ਪੀਰ ਜੀ! ਕਿਹੋ ਜਿਹੇ ਸੁੰਦਰ ਅੰਮ੍ਰਿਤ ਮਈ ਅਮੋਲਕ ਬਚਨ ਸੁਣਾਏ। ਨਾਲ ਦੇ ਸਾਥੀ ਸਿਖ ਵੀ ਬੜੇ ਹੀ ਪ੍ਰਸੰਨ ਤੇ ਹੈਰਾਨ ਹੋਏ ਕਿ ਮਹਾਰਾਜ ਅਜ ਤਾਂ ਆਪ ਨੇ ਬੜੀ ਅੰਮ੍ਰਿਤ ਦੀ ਵਰਖਾ ਕੀਤੀ।

ਹਜ਼ੂਰ ਦੀ ਆਗਿਆ ਪਾ ਕੇ ਪਠਾਣ ਤਾਂ ਨਮਸ਼ਕਾਰ ਕਰਕੇ ਆਪਣੇ ਘਰ ਵਾਪਸ ਆ ਗਿਆ, ਘਰ ਆ ਕੇ ਸਾਰੇ ਪ੍ਰਵਾਰ ਨੂੰ ਇਹ ਖੁਸ਼ਖ਼ਬਰੀ ਸੁਣਾਈ। ਸਾਰਿਆਂ ਦੇ ਮਨ ਚਾਅ ਨਾਲ ਖਿੜ ਗਏ। ਜਿਨ੍ਹਾਂ ਦੀਆਂ ਆਸਾਂ ਦੇ ਸਾਰੇ ਬੂਹੇ ਬੰਦ ਹੋ ਚੁਕੇ ਸਨ ਉਹ ਮੁੜ ਕੇ ਫੇਰ ਖੁਲ੍ਹ ਗਏ। ਖੁਸ਼ੀ ਵਿਚ ਬੜਾ ਦਾਨ ਪੁੰਨ ਕੀਤਾ ਤੇ ਹਰ ਰੋਜ਼ ਪੰਜੇ ਟਾਇਮ ਮਸੀਤ ਵਿਚ ਜਾ ਕੇ ਨਿਮਾਜ਼ਾਂ ਵੀ ਪੜ੍ਹਦਾ ਹੈ, ਰੋਜ਼ੇ ਵੀ ਰਖਦਾ ਹੈ। ਰਾਤ ਦੇ ਸਮੇਂ ਭੁਖਿਆਂ ਨੂੰ ਆਵਾਜ਼ ਦੇ ਕੇ ਰੋਟੀ ਵੀ ਖਵਾਉਂਦਾ ਹੈ।

ਏਧਰ ਜਿਸ ਸਮੇਂ ਸੰਤ ਜੀ ਮਹਾਰਾਜ ਨੇ ਉਸ ਪਠਾਣ ਨੂੰ ਬੱਚੇ ਦਾ ਵਰ ਦਿਤਾ ਅਤੇ ਉਹ ਹਜ਼ੂਰ ਦੀ ਆਗਿਆ ਪਾ ਕੇ ਆਪਣੇ ਘਰ ਚਲਾ ਗਿਆ ਤਾਂ ਬਾਅਦ ਵਿਚ ਰਾਮਪੁਰ ਪਿੰਡ ਦੇ ਬਾਬਾ ਬਿਸ਼ਨ ਸਿੰਘ ਨੇ ਸੰਤਾਂ ਪਾਸ ਅਰਜ਼ ਕੀਤੀ ਕਿ ਮਹਾਰਾਜ! ਤੁਸੀਂ ਉਸਨੂੰ ਗੁਰੂ ਘਰ ਦਾ ਪ੍ਰੇਮੀਂ ਕਿਉਂ ਨਹੀਂ ਬਣਾਇਆ, ਮੁਸਲਮਾਨੀ ਮਤ ਦਾ ਹੀ ਉਪਦੇਸ਼ ਦੇ ਦਿਤਾ ਹੈ, ਰੋਜ਼ੇ ਰਖਣ ਤੇ ਨਿਮਾਜ਼ਾਂ ਪੜ੍ਹਨ ਦਾ ਹੁਕਮ ਕੀਤਾ ਹੈ। ਸੰਤ ਮੁਸਕਰਾਏ ਤੇ ਕਿਹਾ ਭਾਈ ਬਿਸ਼ਨ ਸਿੰਘ ਜੀ! ਜਿਸ ਜਗ੍ਹਾ ਤੇ ਕੋਈ ਬੂਟਾ ਲਗਿਆ ਹੋਵੇ ਉਸਨੂੰ ਉਥੇ ਹੀ ਵਾੜ ਕਰ ਦੇਵੇ ਤਾਕਿ ਉਹ ਛੇਤੀਂ ਹੀ ਵਧੇ ਫੁਲੇ। ਦੂਜੇ ਥਾਂ ਪੁਟਕੇ ਲਾਇਆਂ ਕੁਮਲਾ ਤੇ ਸੁਕ ਜਾਂਦਾ ਹੈ, ਕਾਮਯਾਬ ਨਹੀਂ ਹੋ ਸਕਦਾ। ਜੇ ਹੋਵੇ ਵੀ ਤਾਂ ਬਹੁਤ ਚਿਰ ਬਾਅਦ ਅਤੇ ਘਟ। ਇਸੇ ਤਰ੍ਹਾਂ ਆਪੋ ਆਪਣੇ ਧਰਮ ਤੇ ਹੀ ਹਰ ਇਕ ਦਾ ਨਿਸ਼ਚਾ ਹੁੰਦਾ ਹੈ ਉਸੇ ਜਗ੍ਹਾ ਹੀ ਉਸ ਬੂਟੇ ਨੂੰ ਉਪਦੇਸ਼ ਦੀ ਵਾੜ ਤੇ ਸ਼ਰਧਾ ਵਧਾਉਣ ਰੂਪ ਨਿਸ਼ਚੇ ਦਾ ਪਾਣੀ ਦੇਵੇ ਜਿਸ ਕਰਕੇ ਉਸ ਦਾ ਭਲਾ ਹੋਵੇ। ਜਿਵੇਂ ਗੈਰ ਮੁਸਲਮਾਨ ਦੀ ਦੀਨ ਇਸਲਾਮ ਤੇ ਸ਼ਰਧਾ ਨਹੀਂ ਹੋ ਸਕਦੀ ਇਸੇ ਤਰ੍ਹਾਂ ਇਹ ਵੀ ਗੁਰੂ ਘਰ ਤੇ ਪੂਰਨ ਨਿਸ਼ਚਾ ਨਹੀਂ ਕਰ ਸਕਦੇ ਅਤੇ ਵਾਸਤਵ ਵਿਚ ਪ੍ਰਮੇਸ਼ਰ ਤਾਂ ਇਕੋ ਹੀ ਹੈ। ਇਹ ਤਾਂ ਹਿੰਦੂ ਤੇ ਮੁਸਲਮਾਨ ਦੋਹਾਂ ਨੇ ਆਪੋ ਆਪਣੇ ਮਤ ਅਨੁਸਾਰ ਖੁਦਾ ਤੇ ਰਾਮ ਦੇ ਨਾਮ ਕਲਪੇ ਹਨ, ਹਰ ਇਕ ਨੂੰ ਉਸਦੇ ਧਰਮ ਨੇ ਹੀ ਪਾਰ ਕਰਨਾ ਹੈ, ਖਿਚ ਕਰਨੀ ਠੀਕ ਨਹੀਂ।

ਇਸ ਤਰ੍ਹਾਂ ਏਕਤਾ ਦੇ ਬਚਨ ਸੁਣ ਕੇ ਬਾਬਾ ਬਿਸ਼ਨ ਸਿੰਘ ਚੁੱਪ ਹੋ ਗਿਆ। ਇਉਂ ਸਮਾਂ ਲੰਘਦਾ ਗਿਆ, ਦਿਨ ਦਾ ਸਮਾਂ ਗੁਰਦੁਆਰੇ ਸਾਹਿਬ ਤੇ ਰਾਤ ਦਾ ਟਾਇਮ ਬਾਬਾ ਜੀ ਦਰਿਆ ਦੇ ਕੰਢੇ ਵਾਹਿਗੁਰੂ ਦੀ ਯਾਦ ਵਿਚ ਲੀਨ ਹੋਏ, ਬਤੀਤ ਕਰਦੇ ਸਨ। ਇਤਨੇ ਨੂੰ ਰਾਮਪੁਰ ਨਗਰ ਤੋਂ ਕੁਝ ਕੁ ਪ੍ਰੇਮੀ ਸੰਤਾਂ ਨੂੰ ਲੈਣ ਵਾਸਤੇ ਆ ਗਏ। ਉਨ੍ਹਾਂ ਦਾ ਪਿਆਰ ਤੇ ਪਿਛਲੀ ਜ਼ੁੰਮੇਵਾਰੀ ਦਾ ਖਿਆਲ ਕਰਕੇ ਬਾਬਾ ਜੀ ਵਾਪਸ ਜਾਣ ਨੂੰ ਤਿਆਰ ਹੋਏ। ਸੈਦੂ ਨਗਰ ਦੀ ਸੰਗਤ ਨੂੰ ਪਤਾ ਲੱਗਾ ਤਾਂ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਇਕਠੇ ਹੋ ਕੇ ਆਏ, ਚਰਨਾਂ ਵਿਚ ਅਰਜ਼ ਕੀਤੀ, ਦਾਤਾ! ਸਾਥੋਂ ਕੀ ਗੁਨਾਹ ਹੋ ਗਿਆ ਜੋ ਵਿਛੋੜਾ ਦੇ ਚਲੇ ਹੋ? ਸੰਤਾਂ ਨੇ ਸਭਨਾਂ ਨੂੰ ਧੀਰਜ ਦਿਤੀ ਤੇ ਕਿਹਾ ਕਿ ਹੁਣ ਤਾਂ ਜ਼ਰੂਰ ਹੀ ਜਾਣਾ ਬਣਦਾ ਹੈ ਪਰ ਅਗਲੇ ਸਾਲ ਫੇਰ ਆ ਜਾਵਾਂਗੇ। ਤੁਸੀਂ ਸਾਰੇ ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰੋ, ਗੁਰੂ ਗੁਰੂ ਜਪੋ, ਦੋਵੇਂ ਸਮੇਂ ਸਾਧ ਸੰਗਤ ਕੀਤਾ ਕਰੋ, ਗੁਰੂ ਨਾਨਕ ਦੇਵ ਜੀ ਮੇਹਰ ਕਰਨਗੇ। ਇਉਂ ਪਵਿਤ੍ਰ ਉਪਦੇਸ਼ ਬਖਸ਼ ਕੇ ਸ੍ਰੀ ਹਜ਼ੂਰ ਗਡੀ ਤੇ ਅਸਵਾਰ ਹੋ ਕੇ ਦੋਰਾਹੇ ਆ ਪਹੁੰਚੇ। ਸੰਗਤ ਨੇ ਬੜਾ ਸਤਿਕਾਰ ਕੀਤਾ, ਭੇਟਾ ਅਰਪੀ, ਨਮਸ਼ਕਾਰਾਂ ਕੀਤੀਆਂ। ਆਪ ਜੀ ਗੁਰਦੁਆਰੇ ਸਾਹਿਬ ਆ

ਪੁਜੇ, ਗੁਰੂ ਦਰਬਾਰ ਵਿਚ ਨਮਸ਼ਕਾਰ ਕੀਤੀ ਤੇ ਪਹਿਲਾਂ ਵਾਂਗੂੰ ਹੀ ਸੰਗਤਾਂ ਨੂੰ ਉਪਦੇਸ਼ ਦੀ ਬਖਸ਼ਿਸ਼ ਕਰਨ ਲਗੇ।

ਜਦੋਂ ਸੰਤ ਮਹਾਰਾਜ ਦੁਬਾਰਾ ਸੈਦੋਂ ਗਏ ਤਾਂ ਉਹ ਬਿਰਧ ਪਠਾਣ ਬੈਂਡ ਵਜਾਉਂਦਾ ਅਤੇ ਫਲਾਂ ਦੇ ਟੋਕਰੇ ਲੈ ਕੇ, ਸੰਤ ਮਹਾਰਾਜ ਜੀ ਪਾਸ ਦਿਨ ਵਿਚ ਹੀ ਹਾਜ਼ਰ ਹੋਇਆ ਅਤੇ ਜੋ ਬੱਚਾ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੋਂ ਬਖਸ਼ਿਆ ਸੀ ਉਹ ਸੰਤ ਮਹਾਰਾਜ ਜੀ ਦੇ ਚਰਨਾਂ ਤੇ ਲਿਟਾ ਦਿਤਾ। ਇਸ ਗੁਰੂ ਨਾਨਕ ਮਹਾਰਾਜ ਜੀ ਦੀ ਬਖਸ਼ਿਸ਼ ਬਾਰੇ ਸੁਣ ਕੇ ਬਹੁਤ ਦੂਰ-ਦੂਰ ਤੱਕ ਮਹਾਂਪੁਰਸ਼ਾਂ ਦੀ ਕੀਰਤੀ ਫੈਲ ਗਈ। ਇਸ ਤਰ੍ਹਾਂ ਆਪ ਦੇ ਜੀਵਨ ਵਿਚ ਅਨੇਕ ਐਸੀਆਂ ਘਟਨਾਵਾਂ ਹਨ ਜਿਨ੍ਹਾਂ ਤੋਂ ਮਹਾਂਪੁਰਸ਼ਾਂ ਦੀ ਵਾਹਿਗੁਰੂ ਜੀ ਨਾਲ ਪ੍ਰਿਅਤਾ ਦੀ ਗਿਆਤ ਹੁੰਦੀ ਹੈ। ਆਪ ਜੀ ਨੇ ਇਕ ਮਹਾਨ ਬਖਸ਼ਿਸ਼ ਕੀਤੀ ਕਿ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਐਨੀ ਉਚੀ ਪਦਵੀ ਬਖਸ਼ਾ ਦਿਤੀ ਕਿ ਉਹ ਪ੍ਰਮੇਸ਼ਰ ਦਾ ਰੂਪ ਹੀ ਹੋ ਗਏ। ਸੰਤ ਅਤਰ ਸਿੰਘ ਜੀ ਦੇ ਸਰੀਰਕ ਤੌਰ ਤੇ ਅਲੋਪ ਹੋਣ ਪਿਛੋਂ ਆਪ ਦਾ ਸ਼ਬਦ ਨਾਦ ਬ੍ਰਹਿਮੰਡ ਵਿਚ ਗੂੰਜ ਉਠਿਆ ਅਤੇ ਸਾਰੇ ਸੰਸਾਰ ਵਿਚ ਫੈਲ ਗਿਆ। ਅੱਜ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਸੰਸਾਰ ਤੋਂ ਵਿਅਕਤੀਗਤ ਰੂਪ ਵਿਚ ਅਲੋਪ ਹੋਣ ਦੇ 21 ਸਾਲ ਪਿਛੋਂ ਵੀ ਉਨ੍ਹਾਂ ਦੀ ਯਾਦ ਐਉਂ ਪ੍ਰਤੱਖ ਭਾਸਦੀ ਹੈ ਕਿ ਉਹ ਕਿਤੇ ਗਏ ਹੀ ਨਹੀਂ। ਇਹ ਸਾਰੀ ਕ੍ਰਿਪਾ ਸੰਤ ਮਹਾਰਾਜ ਅਤਰ ਸਿੰਘ ਜੀ ਦੀ ਸੀ ਜਿਨ੍ਹਾਂ ਨੇ ਗੁਰਸਿੱਖੀ ਜੀਵਨ ਕਮਾ ਕੇ ਸੰਸਾਰ ਨੂੰ ਅਤਰ ਦੀ ਸੁਗੰਧੀ ਵੰਡੀ ਅਤੇ ਗੁਲਾਬ (ਸੰਤ ਈਸ਼ਰ ਸਿੰਘ ਜੀ) ਨੂੰ ਆਪਣੇ ਵਿਚ ਅਭੇਦ ਕਰਕੇ ਸਚਮੁਚ ਹੀ ਈਸ਼ਰ ਬਣਾ ਦਿਤਾ। ਉਨ੍ਹਾਂ ਦੀ ਯਾਦ ਮੈਗਜ਼ੀਨ 'ਆਤਮ ਮਾਰਗ' ਅਤੇ ਇਸ ਪੁਸਤਕ ਵਿਚ ਅਨੇਕਾਂ ਪ੍ਰੇਮੀਆਂ ਨੂੰ ਉਤਸ਼ਾਹ ਦੇਵੇਗੀ ਅਤੇ ਅਨੇਕਾਂ ਪ੍ਰੇਮੀਆਂ ਨੂੰ 'ਆਤਮ ਮਾਰਗ' ਦੀ ਸੋਝੀ ਹੋਵੇਗੀ। ਮਹਾਂਪੁਰਸ਼ ਕਦੇ ਵੀ ਕਿਤੇ ਨਹੀਂ ਜਾਇਆ ਕਰਦੇ। ਅਸੀਂ ਉਨ੍ਹਾਂ ਦੀਆਂ ਬਰਸੀਆਂ ਨਹੀਂ ਮਨਾਉਂਦੇ ਕਿਉਂਕਿ ਉਹ ਸਦਾ-ਸਦਾ ਜਿਉਂਦੇ ਹਨ -

***ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥***

***ਅੰਗ - 273***

ਉਨ੍ਹਾਂ ਦੀ ਘਾਲ ਕਮਾਈ ਤੋਂ ਅਸੀਂ ਪ੍ਰੇਰਨਾ ਅਤੇ ਉਤਸ਼ਾਹ ਲੈ ਕੇ ਗੁਰਸਿੱਖੀ ਮਾਰਗ ਤੇ ਚਲ ਕੇ ਆਤਮ ਮੰਡਲ ਤੇ ਪਹੁੰਚਣ ਦੀ ਲੋਚਾ ਰਖਦੇ ਹਾਂ। ਵਾਹਿਗੁਰੂ ਜੀ ਕ੍ਰਿਪਾ ਕਰਨ, ਸਾਡੀਆਂ ਇਹ ਲੋਚਾ ਪੂਰੀਆਂ ਹੋਣ।

***(ਧੰਨਵਾਦ ਸਹਿਤ 'ਜੀਵਨ ਗਾਥਾ' ਵਿਚੋਂ)***

# ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ

(ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ)

ਸੰਤ ਮਹਾਰਾਜ ਜੀ ਨੂੰ ਮਿਲਿਆ ਖਾਨਦਾਨੀ ਵਿਰਸਾ ਜਿਹੜਾ ਬਚਪਨ ਤੋਂ ਹੀ ਮਹਾਂਪੁਰਸ਼ਾਂ ਦੀ ਸੰਗਤ ਵਿਚ ਅਨੇਕ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਪੈਣ ਕਰਕੇ ਪਲਮਿਆ, ਵਧਿਆ, ਫੁਲਿਆ, ਉਸ ਦੇ ਅਸਰ ਹੇਠ ਜੋ ਵਿਕਾਸ ਸੰਤ ਮਹਾਰਾਜ ਜੀ ਦੇ ਜੀਵਨ ਵਿਚ ਹੋਇਆ ਉਹ ਬਹੁਤ ਹੀ ਸ਼ਲਾਘਾਯੋਗ ਹੈ। ਆਪ ਜੀ ਉਪਰ ਬਚਪਨ ਵਿਚ ਹੀ ਬਾਬਾ ਬੀਰਮਦਾਸ ਜੀ ਵਿਧੌਂਸ਼ੀ ਵਾਲਿਆਂ ਦੀ ਦ੍ਰਿਸ਼ਟੀ ਪੈਣੀ ਅਤੇ ਉਨ੍ਹਾਂ ਦੇ ਮੁੱਖ ਤੋਂ ਸਾਧ ਬਚਨ ਹੋਣਾ ਅਤਿ ਉਤਮ ਅਸ਼ੀਰਵਾਦ ਸੀ ਜਿਸ ਵਿਚ ਉਨ੍ਹਾਂ ਨੇ ਆਪ ਦੇ ਪਿਤਾ ਨੂੰ ਸੰਬੋਧਨ ਕਰਦਿਆਂ ਕਿਹਾ, "ਰਾਮ ਸਿੰਘਾ! ਸੰਤ ਤਾਂ ਲੋਕ ਅਸਾਨੂੰ ਵੀ ਕਹਿੰਦੇ ਹਨ ਪਰ ਤੇਰਾ ਪੁੱਤਰ ਸ੍ਰੀ ਰਾਮ ਚੰਦਰ ਜੀ ਵਾਂਗੂੰ ਮਰਿਆਦਾ ਪਰਸ਼ੋਤਮ ਹੁੰਦਾ ਹੋਇਆ ਪੂਰਨ ਬ੍ਰਹਮਗਿਆਨ ਅਵਸਥਾ ਮਾਣੇਗਾ। ਲੱਖਾਂ ਦੀ ਗਿਣਤੀ ਵਿਚ ਅੰਧਕਾਰਮਈ ਹਿਰਦਿਆਂ ਵਿਚ ਪ੍ਰਕਾਸ਼ ਕਰੇਗਾ ਅਤੇ ਤੁਹਾਡੀ ਕੁਲ ਨੂੰ ਕੁਲਤਾਰਕ ਹੋ ਕੇ ਤਾਰ ਦੇਵੇਗਾ।" ਮਹਾਂਪੁਰਸ਼ਾਂ ਦੇ ਬਚਨ ਸੰਕੇਤਕ ਸਨ ਜੋ ਇਕ ਮਹਾਨ ਜੀਵਨ ਦੇ ਪ੍ਰਗਟਾਵੇ ਲਈ ਬਹੁਤ ਉਤਮ ਸਨ। ਸੰਤ ਮਹਾਰਾਜ ਜੀ ਦਾ ਬਚਪਨ ਬੱਚਿਆਂ ਨਾਲ ਖੇਲ੍ਹਾਂ ਕਰਨੀਆਂ ਇਕ ਅਲੌਕਿਕ ਹੀ ਨਜ਼ਾਰਾ ਦਿੰਦੀਆਂ ਸਨ। ਸਾਰੀ ਦੁਨੀਆਂ ਜਾਣਦੀ ਹੈ ਕਿ ਇਕ ਛੋਟੇ ਤੋਂ ਛੋਟਾ ਬੱਚਾ ਵੀ ਮਾਇਆ ਨਾਲ ਪਿਆਰ ਕਰਦਾ ਹੈ ਉਸ ਨੂੰ ਕੋਈ ਅੰਦਰੋਂ ਹੀ ਸੋਝੀ ਹੁੰਦੀ ਹੈ ਕਿ ਇਹ ਰੁਪਿਆ, ਪੈਸਾ ਕੁਝ ਖਿੱਚਣ ਵਾਲੀ ਚੀਜ਼ ਹੈ ਅਤੇ ਪੈਸੇ ਨੂੰ ਆਪਣੇ ਕੋਲ ਹੀ ਰਖਣਾ ਚਾਹੁੰਦਾ ਹੈ ਪਰ ਸੰਤ ਮਹਾਰਾਜ ਜੀ ਦਾ ਘਰੋਂ ਸੋਨੇ ਦੀਆਂ ਮੋਹਰਾਂ ਚੁਕ ਕੇ ਗਰੀਬ ਬੱਚਿਆਂ ਵਿਚ ਦੇ ਦੇਣਾ ਇਕ ਯਾਦ ਤਾਜ਼ੀ ਕਰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਬਚਪਨ ਵਿਚ ਘਰੋਂ ਕੀਮਤੀ ਚੀਜ਼ਾਂ ਲਿਜਾ ਕੇ ਬਾਹਰ ਲੋੜਵੰਦਾਂ ਵਿਚ ਵੰਡ ਦਿਆ ਕਰਦੇ ਸਨ, ਕਦੇ ਆਪਣੀ ਉਂਗਲੀ 'ਚੋਂ ਮੁੰਦਰੀ ਕੱਢ ਕੇ, ਕਦੇ ਬਹੁਤ ਸੋਹਣਾ ਗੜਵਾ ਕਿਸੇ ਜਾਚਕ ਨੂੰ ਦੇ ਕੇ ਉਸ ਦੀ ਜ਼ਰੂਰਤ ਪੂਰੀ ਕਰਨ ਲਈ ਦੇ ਦਿਆ ਕਰਦੇ ਸਨ। ਸਾਰੇ ਮਹਾਂਪੁਰਸ਼ਾਂ ਦੇ ਜੀਵਨ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਹੀ ਹੋਇਆ ਕਰਦੀਆਂ ਸਨ।

ਕਬੀਰ ਸਾਹਿਬ ਜੀ ਤਾਣਾ ਤਣਨ ਲਈ ਸੂਤ ਲਈਂ ਜਾ ਰਹੇ ਹਨ, ਕਿਸੇ ਲੋੜਵੰਦ ਨੇ ਮੰਗ ਲਿਆ। ਆਪ ਨੇ ਪਰਾਇਆ ਸੂਤ ਉਸ ਨੂੰ ਦੇ ਦਿਤਾ ਉਸ ਸੂਤ ਦੀ ਥਾਂ ਆਪਣੇ ਘਰੋਂ ਸੂਤ ਲੈ ਕੇ ਉਸਦੇ ਵਸਤਰ ਬਣਾ ਦਿਤੇ। ਇਸੇ ਤਰ੍ਹਾਂ ਨਾਲ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਜੀਵਨ ਵਿਚ ਉਦਾਰ ਬਿਰਤੀ ਦੀਆਂ ਕਥਾਵਾਂ ਆਉਂਦੀਆਂ ਹਨ। ਸੋ ਸੰਤ ਮਹਾਰਾਜ ਜੀ ਦਾ ਬੱਚਿਆਂ ਨੂੰ ਸੋਨੇ ਦੀਆਂ ਮੋਹਰਾਂ ਵੰਡ ਦੇਣੀਆਂ ਅਤੇ ਘਰ ਵਿਚ ਖਾਣ ਪੀਣ ਦੀਆਂ ਚੀਜ਼ਾਂ ਵੰਡ ਕੇ ਖਾਣੀਆਂ ਦੂਰ ਭਵਿੱਖਤ ਨੂੰ ਬੀਜ ਰੂਪ ਵਿਚ ਪ੍ਰਗਟ ਕਰਨ ਲਈ ਕੁਝ ਨਕਸ਼ੇ ਬਣਾ ਰਹੀਆਂ ਸਨ। ਪਟਿਆਲੇ ਪੜ੍ਹਾਈ ਸਮੇਂ ਆਪ ਜੀ ਦੀ ਭਜਨ ਬੰਦਗੀ ਦੀ ਲਗਨ ਅਨੇਕਾਂ ਜਗਿਆਸੂਆਂ ਲਈ ਪ੍ਰੇਰਨਾ ਦਾ ਸਰੋਤ ਹੈ।

ਇਕ ਵਾਰੀ ਸੰਤ ਮਹਾਰਾਜ ਜੀ ਨਾਲ ਇਸ ਵਿਸ਼ੇ ਤੇ ਗੱਲਬਾਤ ਹੋ ਰਹੀ ਸੀ ਆਪ ਨੇ ਕਿਹਾ ਕਿ ਟੀ.ਐਲ ਵਿਸਵਾਨੀ ਜੋ ਸੂਬਾ ਸਿੰਧ ਵਿਚ ਮਹਾਤਮਾ ਹਨ, ਬਹੁਤ ਪੜ੍ਹੇ ਲਿਖੇ ਵੀ ਸਨ, ਉਹ ਅਸਾਡੇ ਮਾਡਲ ਸਕੂਲ ਵਿਚ ਆਏ ਉਨ੍ਹਾਂ ਨੇ ਕਿਹਾ ਕਿ 'ਜਪੁਜੀ ਸਾਹਿਬ' ਬੱਚਿਆਂ ਦੇ ਜ਼ਰੂਰ ਯਾਦ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਉਨ੍ਹਾਂ ਨੇ ਭਜਨ ਕਰਨ ਦੀ ਪ੍ਰੇਰਨਾ ਵੀ ਦਿਤੀ। ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਅਸੀਂ ਥੋੜ੍ਹੇ ਦਿਨਾਂ ਵਿਚ ਹੀ 'ਜਪੁਜੀ ਸਾਹਿਬ' ਯਾਦ ਕਰ ਲਿਆ ਅਤੇ ਭਜਨ ਕਰਨ ਦੀ ਮਨ ਵਿਚ ਬੜੀ ਹੀ ਲਾਲਸਾ ਉਠੀ। ਕਿਉਂਕਿ ਅਕਸਰ ਅਸੀਂ ਉਚ ਕੋਟੀ ਦੇ ਮਹਾਂਪੁਰਸ਼ ਬਾਬਾ ਧਿਆਨਾ ਜੀ ਦੇ ਵੀ ਦਰਸ਼ਨ ਕਰਿਆ ਕਰਦੇ ਸੀ। ਸੰਤ ਸੰਤੋਖ ਦਾਸ ਜੀ ਆਪਣੇ ਬਚਨਾਂ ਵਿਚ ਨਾਮ ਜਪਣ ਦੀ ਪ੍ਰੇਰਨਾ ਦਿਆ ਕਰਦੇ ਸਨ, ਉਨ੍ਹਾਂ ਨੇ ਧਰੂ ਅਤੇ ਪ੍ਰਹਿਲਾਦ ਦੇ ਜੀਵਨ ਦੀਆਂ ਸਾਖੀਆਂ ਸੁਣਾ ਕੇ ਸਰੋਤਿਆਂ ਨੂੰ ਭਜਨ ਕਰਨ ਦੀ ਲਗਨ ਲਾਉਣ ਦੀ ਕੋਸ਼ਿਸ਼ ਕਰਨੀ ਅਤੇ ਅਸਾਡੇ ਉਤੇ ਅਛੋਪਲੇ ਹੀ ਭਜਨ ਕਰਨ ਦੀ ਲਾਲਸਾ ਜਾਗਦੀ ਗਈ। ਆਪ ਜੀ ਨੇ ਦੱਸਿਆ ਕਿ ਅੱਠਵੀਂ ਜਮਾਤ ਵਿਚ

ਅਸੀਂ ਮੋਤੀ ਬਾਗ ਵਿਚ ਸੁਧਾਸਰ ਸਰੋਵਰ ਦੇ ਕੰਢੇ ਚਲੇ ਜਾਣਾ ਉਥੇ ਉਦਾਸੀ ਸੰਪਰਦਾ ਦੇ ਮਹਾਤਮਾ ਨਿਵਾਸ ਰਖਿਆ ਕਰਦੇ ਸਨ ਜੋ ਆਪ ਕਰਨੀ ਕਮਾਈ ਵਿਚ ਦ੍ਰਿੜ੍ਹਤਾ ਰਖਦੇ ਸਨ, ਉਹ ਦੋ ਵਜੇ ਇਸ਼ਨਾਨ ਕਰਿਆ ਕਰਦੇ ਸਨ ਅਸੀਂ ਵੀ ਪਹੁੰਚ ਜਾਣਾ ਅਤੇ ਇਸ਼ਨਾਨ ਕਰਕੇ ਭਾਵੇਂ ਗਰਮੀ ਹੋਵੇ ਭਾਵੇਂ ਸਰਦੀ ਹੋਵੇ, ਉਸ ਸਰੋਵਰ ਦੇ ਕੰਢੇ ਬੈਠ ਜਾਣਾ। ਪਹਿਲਾਂ-ਪਹਿਲਾਂ ਅਸੀਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਨੇ ਅਤੇ 25 ਪਾਠ ਜਪੁਜੀ ਸਾਹਿਬ ਦੇ ਕਰਨੇ ਸ਼ੁਰੂ ਕੀਤੇ। ਸੁਖਮਨੀ ਸਾਹਿਬ ਥੋੜ੍ਹੇ ਦਿਨਾਂ ਵਿਚ ਹੀ ਯਾਦ ਹੋ ਗਿਆ ਸੀ। ਉਸ ਤੋਂ ਪਿਛੋਂ ਮਹਾਤਮਾ ਨੇ ਬਚਨ ਕੀਤਾ ਕਿ ਜੇ ਕਿਸੇ ਦੀ ਤਿੰਨ ਘੰਟੇ ਸਮਾਧੀ ਲਗ ਜਾਵੇ ਤਾਂ ਉਹ ਬਹੁਤ ਹੀ ਭਾਗਸ਼ਾਲੀ ਹੋਇਆ ਕਰਦਾ ਹੈ। ਉਸ ਦਿਨ ਤੋਂ ਅਸੀਂ ਗੁਰਮੰਤ੍ਰ ਦਾ ਜਾਪ ਕਰਨਾ ਸ਼ੁਰੂ ਕਰ ਦਿਤਾ ਜੋ ਆਪਣੇ ਆਪ ਹੀ ਰਸਨਾ, ਸੁਆਸ, ਅਨਹਦ ਸ਼ਬਦ, ਆਗਿਆ ਚੱਕਰ ਵਿਚੀਂ ਚੜ੍ਹਦਾ ਹੋਇਆ ਐਸੇ ਮੰਡਲ ਵਿਚ ਪਹੁੰਚ ਗਿਆ ਜਿਸ ਨੂੰ ਜੋਤ ਮੰਡਲ ਆਖਿਆ ਜਾਂਦਾ ਹੈ। ਨਾਮ ਧੁਨ ਪੂਰੇ ਪੰਜ ਘੰਟੇ ਯਾਨਿ ਕਿ ਦੋ ਵਜੇ ਤੋਂ ਸੱਤ ਵਜੇ ਤਕ ਇਕ ਚੌਂਕੜਾ ਮਾਰ ਕੇ ਸੁਣਦੇ ਰਹਿਣਾ ਅਤੇ ਇਸ ਤਰ੍ਹਾਂ ਅਨੁਭਵ ਹੋਣਾ ਕਿ ਅਸਮਾਨ ਤੋਂ ਦੇਵਤਿਆਂ ਰਾਹੀਂ ਇਕ ਪ੍ਰਕਾਸ਼ ਦਾ ਝੂਲਾ ਉਤਰਨਾ ਜਿਸ ਉਪਰ ਅਸੀਂ ਬੈਠ ਜਾਣਾ ਅਤੇ ਝੂੰਮਣੀਆਂ ਲੈਣੀਆਂ ਜਾਂ ਇਸ ਤਰ੍ਹਾਂ ਹੋਇਆ ਕਰਦਾ ਸੀ ਕਿ ਕਮਲ ਫੁੱਲ ਆ ਜਾਣਾ ਉਸ ਉਪਰ ਅਸੀਂ ਸਹਿਜੇ ਹੀ ਬੈਠ ਜਾਣਾ ਉਹ ਪਾਣੀ ਵਿਚ ਤੈਰਦਾ ਰਹਿੰਦਾ ਸੀ। ਸ਼ਬਦ ਧੁਨ ਅਤੇ ਪ੍ਰਕਾਸ਼ ਨੇ ਸਰੀਰ ਵਿਚ ਐਸਾ ਰਸ ਪੈਦਾ ਕਰ ਦੇਣਾ ਜਿਸ ਦਾ ਨਸ਼ਾ ਸਾਰਾ ਦਿਨ ਚੜ੍ਹਿਆ ਰਹਿਣਾ। ਹੁਣ ਸਕੂਲ ਦੀਆਂ ਕਿਤਾਬਾਂ ਪੜ੍ਹਨ ਸਮੇਂ ਅੱਖਰ ਅਲੋਪ ਹੋ ਜਾਣੇ ਉਸ ਦੀ ਥਾਂ ਤੇ ਵਾਹਿਗੁਰੂ ਨਾਮ ਦੀ ਧੁਨੀ ਲਗ ਜਾਣੀ। ਗੁਰੂ ਨਾਨਕ ਪਾਤਸ਼ਾਹ ਦੇ ਸਰੂਪ ਦਾ ਐਨਾ ਪ੍ਰਕਾਸ਼ ਹੋ ਗਿਆ ਕਿ ਜਿਧਰ ਵੀ ਦੇਖਣਾ ਉਹ ਇਕੋ ਹੀ ਸਰੂਪ ਨਜ਼ਰੀ ਪੈਂਦਾ ਸੀ। ਜਦੋਂ ਇਹ ਅਭਿਆਸ ਦੀ ਅਵਸਥਾ ਵਧ ਗਈ ਤਾਂ ਅਸਾਡੇ ਸਰੀਰ ਦੇ ਰਿਸ਼ਤੇ 'ਚੋਂ ਭੂਆ ਦੇ ਪੁੱਤਰ ਸ. ਦਲੀਪ ਸਿੰਘ ਜੀ ਜੋ ਕਿ ਮਹਾਰਾਜ ਪਟਿਆਲਾ ਦੇ ਨਿਜੀ ਸੇਵਕ ਸਨ, ਉਨ੍ਹਾਂ ਨੂੰ ਫਿਕਰ ਪਿਆ, ਉਨ੍ਹਾਂ ਨੇ ਹੁਕਮ ਦੇ ਦਿਤਾ ਕਿ ਕੋਠੀ ਦੇ ਸਾਰੇ ਦਰਵਾਜ਼ਿਆਂ ਨੂੰ ਤਾਲੇ ਲਗ ਜਾਣੇ ਚਾਹੀਦੇ ਹਨ, ਜਿਸ ਕਰਕੇ ਅਸਾਨੂੰ ਬਾਹਰ ਨਿਕਲਣਾ ਬਹੁਤ ਹੀ ਮੁਸ਼ਕਲ ਹੋ ਗਿਆ। ਅਸੀਂ ਆਪਣੀ ਚਾਰਪਾਈ ਤੋਂ ਠੀਕ 1.00 ਵਜੇ ਉਠ ਜਾਣਾ ਅਤੇ ਘਰ ਵਿਚ ਹੀ ਇਸ਼ਨਾਨ ਕਰਕੇ ਪਉੜੀਆਂ ਵਿਚ ਬੈਠ ਜਾਣਾ। ਇਕ ਦਿਨ ਜਦੋਂ ਸ. ਦਲੀਪ ਸਿੰਘ ਜੀ ਡਿਊਟੀ ਤੋਂ ਲੇਟ ਆਏ ਤਾਂ ਉਹ ਪਉੜੀਆਂ ਰਾਹੀਂ ਉਪਰ ਚੜ੍ਹ ਰਹੇ ਸਨ ਤਾਂ ਅਸਾਡੇ ਸਰੀਰ ਵਿਚ ਉਨ੍ਹਾਂ ਦੇ ਪੈਰ ਦੀ ਠੋਕਰ ਲੱਗੀ। ਉਨ੍ਹਾਂ ਨੇ ਕਿਹਾ ਕਿ 'ਗੁਲਾਬ' ਤੂੰ ਹੈਂ? ਕਿਉਂਕਿ ਸੰਤ ਮਹਾਰਾਜ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਮ ਗੁਲਾਬ ਸਿੰਘ ਸੀ। ਮੈਂ ਬਹੁਤ ਧੀਮੀ ਅਵਾਜ਼ ਵਿਚ ਕਿਹਾ ਕਿ ਬਾਈ! ਮੈਂ ਗੁਲਾਬ ਹੀ ਹਾਂ। ਦੂਜਾ ਪ੍ਰਸ਼ਨ ਉਨ੍ਹਾਂ ਨੇ ਉਸੇ ਵੇਲੇ ਮੇਰੇ ਤੇ ਕਰ ਦਿਤਾ ਕਿ ਘਰ ਵਿਚ ਸਾਰੇ ਸੁੱਤੇ ਪਏ ਹਨ, ਤੂੰ ਪੜ੍ਹਨ ਵਾਲਾ ਵਿਦਿਆਰਥੀ ਹੈਂ, ਤੂੰ ਪੂਰੀ ਨੀਂਦ ਕਿਉਂ ਨਹੀਂ ਲੈਂਦਾ? ਮੈਂ ਕਿਹਾ ਬਾਈ ਜੀ! ਮੈਂ ਇਕ ਵਜੇ ਤੋਂ ਬਾਦ ਪੈ ਨਹੀਂ ਸਕਦਾ ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਜੇ ਮੈਂ ਪਿਆ ਰਿਹਾ ਤੇ ਇਸ਼ਨਾਨ ਨਾ ਕੀਤਾ, ਸਿਮਰਨ ਨਾ ਕੀਤਾ ਤਾਂ ਪਤਾ ਨਹੀਂ ਮੈਨੂੰ ਕਿੰਨਾ ਕੁ ਘਾਟਾ ਪੈ ਜਾਵੇਗਾ ਜਿਹੜਾ ਮੈਂ ਪੂਰਾ ਨਹੀਂ ਕਰ ਸਕਣਾ ਕਿਉਂਕਿ ਉਹ ਦਿਨ ਤਾਂ ਲੰਘ ਜਾਣਾ ਹੈ, ਲੰਘਿਆ ਸਮਾਂ ਕਦੇ ਹੱਥ ਨਹੀਂ ਆਇਆ ਕਰਦਾ। ਉਸ ਸਮੇਂ ਮੈਂ ਅੱਠਵੀਂ ਜਮਾਤ ਵਿਚ ਹੁੰਦਾ ਸੀ ਸ. ਦਲੀਪ ਸਿੰਘ ਜੀ ਆਪ ਬਹੁਤ ਅਭਿਆਸੀ ਸਨ ਅਤੇ ਸਬਦਿ ਸੁਰਤਿ ਮਾਰਗ ਦੇ ਪੂਰੀ ਤਰ੍ਹਾਂ ਜਾਣੂੰ ਸਨ ਆਪ ਨੇ ਕਿਹਾ, "ਗੁਲਾਬ ਸਿੰਘ! ਜੇ ਸਚਮੁਚ ਤੈਨੂੰ ਐਨੀ ਹੀ ਲਗਨ ਹੈ ਤਾਂ ਮੈਂ ਤੇਰੇ ਅਤੇ ਤੇਰੇ ਵਾਹਿਗੁਰੂ ਦੇ ਪਿਆਰ ਵਿਚ ਕੋਈ ਦਖਲ ਨਹੀਂ ਦੇਣਾ ਚਾਹੁੰਦਾ। ਜਿਸ ਸਮੇਂ ਤੇਰਾ ਜੀਅ ਕਰੇ ਉਠ, ਸੁਧਾਸਰ ਤੇ ਜਾ ਕੇ ਜਿੰਨਾਂ ਚਿਰ ਤੇਰਾ ਜੀਅ ਕਰੇ ਸਮਾਧੀ ਸਥਿਤ ਹੋ।" ਇਸ ਤਰ੍ਹਾਂ ਦੀ ਅਭਿਆਸੀ ਅਵਸਥਾ ਆਪ ਕਿਸੇ ਨੂੰ ਵੀ ਨਹੀਂ ਜਣਾਇਆ ਕਰਦੇ ਸੀ ਕੋਈ ਭੇਤ ਨਹੀਂ ਦਿੰਦੇ ਸਨ ਕਿ ਆਪ ਸੁਧਾਸਰ ਦੇ ਕੰਢੇ ਇਸ਼ਨਾਨ ਕਰਕੇ ਅਫੁਰ ਸਮਾਧੀ ਵਿਚ ਬਹਿੰਦੇ ਹਨ। ਅਜੇ ਤਕ ਕੋਈ ਮਹਾਂਪੁਰਸ਼ ਜਿਸ ਦੇ ਮਿਲਾਪ ਦੀ ਅਰਦਾਸ ਆਪ ਦੇ ਅੰਦਰ ਸੁਤੇ ਸਿੱਧ ਸੀ, ਉਹ ਨਹੀਂ ਮਿਲੇ ਸਨ। ਵੈਸੇ ਆਪ ਸਾਰੇ ਸਾਧੂਆਂ ਦਾ ਸਤਿਕਾਰ ਪੂਰਾ ਕਰਿਆ ਕਰਦੇ ਸਨ, ਕੋਈ ਤਰਕ ਕਿਸੇ

ਉਪਰ ਨਹੀਂ ਕਰਿਆ ਕਰਦੇ ਸੀ ਭਾਵੇਂ ਸੰਤ ਧਿਆਨੇ ਜੀ ਵਰਗਾ ਦੇਹ ਅਧਿਆਸ ਤੋਂ ਰਹਿਤ ਹੋਵੇ ਜਾਂ ਸੰਤ ਸੰਤੋਖ ਸਿੰਘ ਜੀ ਤ੍ਰਿਪੜੀ ਵਾਲਿਆਂ ਵਰਗਾ ਸੂਖਸ਼ਮ ਬਿਰਤੀ ਦਾ ਗਿਆਨਵਾਨ, ਮਿੱਠ ਬੋਲਾ ਸੰਤ ਹੋਵੇ ਜਾਂ ਹੋਰ ਉਸ ਸਮੇਂ ਦੇ ਉਦਾਸੀ ਮਹਾਤਮਾ ਹੋਣ, ਆਪ ਸਭ ਨਾਲ ਹੀ ਪ੍ਰੇਮ ਤੇ ਸਤਿਕਾਰ ਨਾਲ ਵਰਤਿਆ ਕਰਦੇ ਸਨ।

ਦਸਵੀਂ ਜਮਾਤ ਵਿਚ ਭਾਦਰੋਂ ਦੀਆਂ ਛੁਟੀਆਂ ਵਿਚ ਧੁਰ ਦਰਗਾਹ ਤੋਂ ਪ੍ਰੇਰੇ ਹੋਏ ਭਾਈ ਹੀਰਾ ਸਿੰਘ ਜੀ ਨਾਲ, ਜੋ ਉਸ ਸਮੇਂ ਤੋਪਖਾਨੇ ਵਿਚ ਡਿਊਟੀ ਦਿਆ ਕਰਦੇ ਸਨ, ਨੂੰ ਨਾਲ ਲੈ ਕੇ ਰੇਰੂ ਸਾਹਿਬ ਪਹੁੰਚਦੇ ਹਨ। ਮਹਾਂਪੁਰਸ਼ਾਂ ਦੇ ਪਹਿਲੇ ਮਿਲਾਪ ਵਿਚ ਹੀ ਆਪਣਾ ਸਭ ਕੁਝ, ਤਨ ਵੀ, ਮਨ ਵੀ, ਧਨ ਵੀ, ਇਥੋਂ ਤਕ ਕਿ ਆਪਣਾ ਆਪਾ ਵੀ ਉਥੇ ਹੀ ਅਰਪਣ ਕਰ ਆਏ ਸਨ। ਮਹਾਂਪੁਰਸ਼ਾਂ ਨੇ ਵੀ ਇਕੋ ਨਜ਼ਰ ਨਾਲ ਆਪ ਦੀ ਜਨਮਾਂ ਜਨਮਾਂਤਰਾਂ ਦੀ ਕੀਤੀ ਤਪਸਿਆ ਦੇ ਬਲ ਨੂੰ ਅਨੁਭਵ ਕਰ ਲਿਆ ਸੀ। ਆਪ ਦੇ ਮੁਖਾਰਬਿੰਦ ਤੋਂ ਫੁਰਮਾਨ ਹੋਇਆ ਕਿ ਕਾਕਾ! ਐਨੀ ਦੇਰ ਤੂੰ ਕਿਥੇ ਰਿਹਾ? ਅਸਾਡੇ ਪਾਸ ਸਰਬ ਸ਼੍ਰੋਮਣੀ ਪ੍ਰਮੁੱਖ ਜਥੇਦਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਬ੍ਰਹਮਗਿਆਨੀਆਂ ਵਲੋਂ ਦਿਤੀ ਅਮਾਨਤ ਜੋ ਸੀਨਾ-ਬ-ਸੀਨਾ ਚਲ ਕੇ ਇਸ ਸਰੀਰ ਤਾਈਂ ਪਹੁੰਚੀ ਹੈ ਤੇਰੀ ਹੀ ਅਮਾਨਤ ਹੈ, ਉਹ ਸੁਰਖਸ਼ਿਤ ਹੈ। ਉਸ ਸਮੇਂ ਇਸ ਰਮਜ਼ ਨੂੰ ਸਮਝਣਾ ਬੜਾ ਹੀ ਔਖਾ ਸੀ ਕਿਉਂਕਿ ਆਪ ਇਕ ਅਮੀਰ ਖਾਨਦਾਨੀ ਬਾਲਕ ਹੋਣ ਕਰਕੇ ਬਹੁਤ ਹੀ ਸੋਹਣੇ ਵਸਤਰ, ਚਮਕਦੇ ਬੂਟ ਅਤੇ ਚੀਰੇ ਵਾਲੀ ਦਸਤਾਰ ਸਜਾਇਆ ਕਰਦੇ ਸਨ, ਉਹ ਰੰਗ ਬਰੰਗੀ ਦਸਤਾਰ ਕੁਦਰਤ ਵਲੋਂ ਬਖਸ਼ੇ ਮਹਾਨ ਹੁਸਨ ਨੂੰ ਹੋਰ ਚਮਕਾਅ ਦਿਆ ਕਰਦੀ ਸੀ। ਆਪ ਜੀ ਦੇ ਸਰੀਰ ਦੀ ਬਨਾਵਟ ਅਜਿਹੀ ਸੀ ਕਿ ਜੋ ਵੀ ਇਸ ਵਜੂਦ ਨੂੰ ਦੇਖਦਾ ਸੀ ਉਸ ਨੂੰ ਅੰਦਰੋਂ ਆਪਣਾ-ਆਪਣਾ ਲਗਣ ਲਗ ਜਾਇਆ ਕਰਦਾ ਸੀ ਪਰ ਜਦੋਂ ਸੁਭਾਵਿਕ ਹੀ ਆਪ ਦੇ ਨੇਤਰਾਂ ਨਾਲ ਆਪ ਦੇ ਨੇਤਰ ਮਿਲ ਜਾਣ ਤਾਂ ਆਪ ਦੇ ਨੇਤਰਾਂ ਦੀ ਝਾਲ ਝਲਣੀ ਬਹੁਤ ਔਖੀ ਹੋ ਜਾਂਦੀ ਸੀ ਅਤੇ ਦੂਸਰੇ ਦੇ ਨੇਤਰ ਆਪਣੇ ਆਪ ਹੀ ਢਹਿ ਪਿਆ ਕਰਦੇ ਸਨ, ਇਨ੍ਹਾਂ ਨੇਤਰਾਂ ਵਿਚ ਕੁਝ ਅਜਿਹੀ magnetic (ਚੁੰਬਕ) ਖਿੱਚ ਸੀ ਕਿ ਜੋ ਵੀ ਦੇਖਦਾ ਸੀ ਉਹ ਆਪ ਦੇ ਪਿਆਰ ਵਿਚ ਗੜੂੰਦ ਹੋ ਜਾਇਆ ਕਰਦਾ ਸੀ। ਇਸ ਸੁਭਾਵਿਕ ਗੁਣ ਕਰਕੇ ਹੀ ਆਪ ਦੇ ਬੇਅੰਤ ਮਿਤਰ ਸਨ ਜਿਨ੍ਹਾਂ ਵਿਚ ਆਪ ਦਾ ਵਜੂਦ ਹਰਮਨ ਪਿਆਰਾ ਸੀ। ਜਦੋਂ ਇਮਤਿਹਾਨ ਦੇ ਚੁਕੇ ਤਾਂ ਮਹਾਂਪੁਰਸ਼ਾਂ ਪਾਸ ਆਪ ਗਏ ਤਾਂ ਆਪ ਨੇ ਆਪਣੇ ਸਾਰੇ ਅਮੀਰੀ ਵਸਤਰ, ਸੋਹਣੇ ਬੂਟ, ਸੋਹਣੀ ਸਜਦੀ-ਫਬਦੀ ਦਸਤਾਰ ਉਤਾਰ ਕੇ ਖੱਦਰ ਦਾ ਗੋਡਿਆਂ ਤੋਂ ਲੰਮਾ ਕੁੜਤਾ, ਖੱਦਰ ਦਾ ਹੀ ਨਿੱਕਾ ਦਸਤਾਰਾ ਆਪਣੇ ਸਰੀਰ ਉਤੇ ਸਜਾ ਲਿਆ। ਅਤਿ ਕੀਮਤੀ ਹੀਰੇ ਵਾਂਗੂੰ ਇਸ ਸਾਦੀ ਪੁਸ਼ਾਕ ਵਿਚ ਵੀ ਆਪ ਦਾ ਵਜੂਦ ਹਰ ਦੇਖਣ ਵਾਲੇ ਨੂੰ ਖਿੱਚ ਲਿਆ ਕਰਦਾ ਸੀ। ਸੰਤ ਬਾਬਾ ਅਤਰ ਸਿੰਘ ਜੀ ਦੀ ਸੇਵਾ ਕਮਾਉਣੀ ਬਹੁਤ ਹੀ ਮੁਸ਼ਕਲ ਸੀ ਕਿਉਂਕਿ ਆਪ ਜੀ ਦੀ ਸਾਧਨਾ ਅਜਿਹੀ ਸੀ ਕਿ ਆਰਾਮ ਕਰਨ ਨੂੰ ਕੋਈ ਸਮਾਂ ਹੀ ਨਹੀਂ ਸੀ ਮਿਲਦਾ। ਉਨ੍ਹਾਂ ਦਿਨਾਂ ਵਿਚ ਸੰਤ ਮਹਾਰਾਜ ਜੀ ਆਪਣਾ ਸਾਰਾ ਆਰਾਮ ਛੱਡ ਕੇ, ਸੇਵਾ ਨਿਭਾ ਕੇ ਹੀ ਪ੍ਰਸੰਨਤਾ ਪ੍ਰਾਪਤ ਕਰਿਆ ਕਰਦੇ ਸਨ। ਮਹਾਂਪੁਰਸ਼ਾਂ ਨੇ ਅੰਮ੍ਰਿਤ ਛਕਾ ਕੇ ਗੁਰਮੰਤ੍ਰ ਦੀ ਦਾਤ ਬਖਸ਼ ਦਿਤੀ ਸੀ, ਗੁਰਮੰਤ੍ਰ ਦਾ ਉਚਾਰਨ ਜਦੋਂ ਕੰਨਾਂ ਤਾਈਂ ਹੋ ਕੇ ਆਪ ਦੇ ਅੰਦਰ ਗਿਆ ਤਾਂ ਜਨਮਾਂ-ਜਨਮਾਂਤਰਾਂ ਦੀ ਕੀਤੀ ਹੋਈ ਕਮਾਈ ਇਕ ਦਮ ਸ਼ਾਖਸ਼ਾਤਕਾਰ ਹੋ ਗਈ ਅਤੇ ਉਹ ਉਚਾ ਅਨੁਭਵ ਆਪ ਨੂੰ ਪ੍ਰਾਪਤ ਹੋਇਆ ਜਿਸ ਦੇ ਬਾਰੇ ਕੁਝ ਕਹਿਣਾ ਬਹੁਤ ਹੀ ਮੁਸ਼ਕਲ ਹੈ। ਮਹਾਂਪੁਰਸ਼ਾਂ ਨੇ ਦਇਆ ਕਰਕੇ ਆਪ ਦੇ ਰਹਿੰਦੇ ਖੂੰਹਦੇ ਦੇਹ ਅਧਿਆਸ ਨੂੰ ਵੀ ਅਲੋਪ ਕਰ ਦਿਤਾ ਅਤੇ ਜਗ-ਮਗ ਕਰਦੀ ਜੋਤ ਪ੍ਰਕਾਸ਼ਤ ਹੋ ਉਠੀ ਅਤੇ ਆਤਮ ਸ਼ਾਖਸ਼ਾਤ ਕਰਕੇ ਜੀਵ ਭਾਵ ਤੋਂ ਆਤਮ ਸਰੂਪ ਵਿਚ ਲੀਨ ਹੋ ਗਏ। ਵਾਹਿਗੁਰੂ ਜੀ ਜਦੋਂ ਸਰੀਰ ਵਿਚ ਪ੍ਰਗਟ ਹੋਏ ਤਾਂ ਸਰੀਰ ਵਿਚ ਹੋਰ ਕੁਝ ਵੀ ਬਾਕੀ ਨਾ ਰਿਹਾ, ਨਾ ਕੋਈ ਮਨੌਤ ਬਚੀ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ ਆਪਣਾ ਅਸਲੀ ਸਰੂਪ ਸੰਤ ਮਹਾਰਾਜ ਜੀ ਨੂੰ ਜਣਾ ਦਿਤਾ ਅਤੇ ਉਨ੍ਹਾਂ ਦਾ ਅਸਲੀ ਪ੍ਰਮਾਤਮ ਸਰੂਪ ਸਾਖਸ਼ਾਤ ਕਰਾ ਕੇ ਜੀਵ ਤੋਂ ਈਸ਼ਰ ਬਣਾ ਦਿਤਾ। ਗੁਰੂ ਨਾਨਕ ਦਰ ਤੋਂ ਆਪ ਨੂੰ ਈਸ਼ੂਰ ਦਾ ਨਾਮ ਹੀ ਬਖਸ਼ਿਆ ਗਿਆ ਸੀ ਅਤੇ ਸਾਡੀ ਬੋਲੀ ਵਿਚ ਈਸ਼ਰ ਸਿੰਘ ਨਾਮ

ਰਖਿਆ ਗਿਆ। ਗੁਲਾਬ ਦੀ ਸਾਰੀ ਖੁਸ਼ਬੋ, ਅਰਕ ਰੂਪ ਵਿਚ ਬਦਲੀ ਅਤੇ ਆਪਣੇ ਮੁਰਸ਼ਦ (ਸੰਤ ਅਤਰ ਸਿੰਘ ਜੀ) (ਅਤਰ ਰੂਪ) ਵਿਚ ਲੀਨ ਹੋ ਗਈ ਅਤੇ ਇਹ ਸੁਗੰਧੀ ਹਰ ਥਾਂ ਫੈਲ ਗਈ। ਵੱਡੀਆਂ-ਵੱਡੀਆਂ ਕਰਨੀਆਂ ਕਮਾਈਆਂ ਵਾਲੇ ਮਹਾਂਪੁਰਸ਼ ਆਪ ਜੀ ਵਲ ਖਾਸ ਤਵੱਜੋ ਦਿਆ ਕਰਦੇ ਸਨ ਅਤੇ ਸਹਿਜ ਵਿਚ ਹੀ ਭਵਿਸ਼ ਬਚਨ ਕਰਕੇ ਬਹੁਤ ਕੁਝ ਫੁਰਮਾਇਆ ਕਰਦੇ ਸਨ।

ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਜਦੋਂ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੂੰ ਮਿਲੇ ਤਾਂ ਉਸ ਵੇਲੇ ਆਪ ਨੇ ਸਹਿਜ ਸੁਭਾਅ ਬਚਨ ਕੀਤਾ ਕਿ ਮਹਾਂਪੁਰਸ਼ੋ! ਤੁਹਾਨੂੰ ਵਾਹਿਗੁਰੂ ਜੀ ਨੇ ਆਪਣਾ ਆਪ ਹੀ ਈਸ਼ਰ ਸਿੰਘ ਜੀ ਵਿਚ ਪ੍ਰਗਟ ਕਰਕੇ ਬਹੁਤ ਉਚਾ ਮਾਨ ਦਿਵਾਉਣਾ ਹੈ। ਇਸ ਦੇ ਦਰਸ਼ਨ ਕਰਨ ਵਾਸਤੇ ਰਾਜੇ ਮਹਾਰਾਜੇ ਦਹਿਲੀਜ਼ ਉਪਰ ਖੜ੍ਹੇ ਰਿਹਾ ਕਰਨਗੇ ਅਤੇ ਸਮੇਂ ਦੀ ਉਡੀਕ ਕਰਿਆ ਕਰਨਗੇ। ਮਾਇਆ ਇਨ੍ਹਾਂ ਦੇ ਚਰਨਾਂ ਵਿਚ ਦਾਸੀ ਹੋ ਕੇ ਕਾਰ ਕਮਾਵੇਗੀ ਪਰ ਇਹ ਬਲੀ ਪੁਰਸ਼ ਮਾਇਆ ਦੀ ਕਿਸੇ ਵੀ ਚਾਲ ਵਿਚ ਨਹੀਂ ਆਵੇਗਾ ਸਗਮਾਂ ਕਬੀਰ ਸਾਹਿਬ ਵਾਂਗੂੰ 'ਨਾਕਹੁ ਕਾਟੀ ਕਾਨਹੁ ਕਾਟੀ' ਵਾਲਾ ਹੀ ਵਰਤਾਵਾ ਕਰਕੇ ਹਰ ਕਿਸਮ ਦੀ ਮਾਇਆ ਨੂੰ ਬਹੁਤ ਦੂਰ ਰਖੇਗਾ। ਮਹਾਂਪੁਰਸ਼ੋ! ਹਜ਼ਾਰਾਂ ਜਗਿਆਸੂ ਇਨ੍ਹਾਂ ਦੇ ਬਚਨਾਂ ਨਾਲ ਭਵਸਾਗਰ ਤੋਂ ਤਰਨਗੇ।

ਸੰਤ ਮਹਾਰਾਜ ਜੀ ਰੇਰੂ ਸਾਹਿਬ ਵਾਲਿਆਂ ਨਾਲ ਆਪ ਦਾ ਅਥਾਹ ਪਿਆਰ ਸੀ ਅਤੇ ਉਨ੍ਹਾਂ ਦੇ ਸਰੀਰਕ ਦਰਸ਼ਨ ਬਿਨਾਂ, ਮਛਲੀ ਤੇ ਪਾਣੀ ਦੇ ਦ੍ਰਿਸ਼ਟਾਂਤ ਵਾਂਗ, ਔਖਾ ਸੀ ਰਹਿਣਾ। ਸਚਮੁਚ ਹੀ ਆਪ ਗੁਰੂ ਮਹਾਰਾਜ ਜੀ ਦੇ ਫੁਰਮਾਨ ਅਨੁਸਾਰ –

***ਨਾਨਕ ਸੇਵਕੁ ਸੋਈ ਆਖੀਐ***
***ਜੋ ਸਿਰੁ ਧਰੇ ਉਤਾਰਿ॥***
***ਸਤਿਗੁਰ ਕਾ ਭਾਣਾ ਮੰਨਿ ਲਏ***
***ਸਬਦੁ ਰਖੈ ਉਰ ਧਾਰਿ॥***
***ਸੋ ਜਪੁ ਤਪੁ ਸੇਵਾ ਚਾਕਰੀ***
***ਜੋ ਖਸਮੈ ਭਾਵੈ॥***
***ਆਪੇ ਬਖਸੇ ਮੇਲਿ ਲਏ***
***ਆਪਤੁ ਗਵਾਵੈ॥***
***ਮਿਲਿਆ ਕਦੇ ਨ ਵੀਛੁੜੈ***
***ਜੋਤੀ ਜੋਤਿ ਮਿਲਾਵੈ॥***
***ਨਾਨਕ ਗੁਰ ਪਰਸਾਦੀ ਸੋ ਬੁਝਸੀ***
***ਜਿਸੁ ਆਪਿ ਬੁਝਾਵੈ॥***

***ਅੰਗ – 1247***

ਪ੍ਰਤੱਖ ਰੂਪ ਵਿਚ ਅਜਿਹੀ ਭਾਵਨਾ ਅਧੀਨ ਸੇਵਾ ਕਰਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਜਦੋਂ ਆਪਣਾ ਸਰੀਰ ਅਲੋਪ ਕਰ ਲਿਆ ਤਾਂ ਜੋ ਪ੍ਰਬਲ ਬੈਰਾਗ ਆਪ ਦੇ ਅੰਦਰ ਪ੍ਰਗਟ ਹੋਇਆ ਉਹ ਸਚਮੁਚ ਉਸੇ ਤਰ੍ਹਾਂ ਦਾ ਸੀ –

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ***
***ਤਾ ਕੈ ਪਾਛੈ ਜੀਵਣਾ॥***

***ਅੰਗ – 83***

ਆਪ ਜੀ ਦੀ ਘਾਲਣਾ ਤਾਂ ਕੋਈ ਦਸ ਨਹੀਂ ਸਕਦਾ ਕਿਉਂਕਿ ਆਪ ਕੋਈ ਗੱਲ ਪ੍ਰਗਟ ਨਹੀਂ ਕਰਿਆ ਕਰਦੇ ਸਨ। ਮੈਨੂੰ ਕੋਈ ਪਤਾ ਨਹੀਂ ਕਿ ਮੇਰੇ ਉਪਰ ਆਪ ਐਨੇ ਮਿਹਰਬਾਨ ਕਿਉਂ ਸਨ ਕਿ ਕਈ ਵਾਰੀ ਪ੍ਰਸੰਨਤਾ ਵਿਚ ਆਏ ਗੁਪਤ ਰਹੱਸ ਮੈਨੂੰ ਦਸ ਦਿਆ ਕਰਦੇ ਸਨ। ਆਪ ਨੇ ਇਕ ਵਾਰੀ ਦਸਿਆ ਕਿ ਅਸੀਂ 9 ਸਾਲ ਜ਼ਮੀਨ ਤੇ ਪਿੱਠ ਲਾ ਕੇ ਨਹੀਂ ਸੁੱਤੇ ਅਤੇ ਇਹ ਵੀ ਦਸਿਆ ਕਿ ਅਸੀਂ ਨੀਂਦ ਨੂੰ ਪੂਰੀ ਤਰ੍ਹਾਂ ਨਾਲ ਜਿੱਤ ਲਿਆ ਸੀ। ਸਰੀਰ ਨੂੰ ਥੋੜ੍ਹਾ ਅਰਾਮ ਕਰਾ ਦੇਣਾ, ਪਰ ਆਪ ਕਦੇ ਵੀ ਨੀਂਦ ਵਿਚ ਨਹੀਂ ਸੀ ਆਇਆ ਕਰਦੇ, ਉਹ ਅਵਸਥਾ ਪ੍ਰਾਪਤ ਹੋ ਗਈ ਸੀ –

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ॥***

***ਅੰਗ – 1414***

ਕੀ ਕੋਈ ਸਚਮੁਚ ਐਸੀ ਅਵਸਥਾ ਹੋਇਆ ਕਰਦੀ ਹੈ ਜਿਥੇ ਆਦਮੀ ਨੀਂਦ ਤੋਂ ਬਗੈਰ ਗੁਜ਼ਾਰਾ ਕਰ ਸਕੇ ਕਿਉਂਕਿ ਉਪਰਲੇ ਮਹਾਂਵਾਕ ਵਿਚ ਫੁਰਮਾਨ ਆਉਂਦਾ ਹੈ –

***ਤਿਥੈ ਊਂਘ ਨ ਭੁਖ ਹੈ***

***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***

***ਅੰਗ - 1414***

ਜਦੋਂ ਅਸੀਂ ਸਤਿ ਪੁਰਸ਼ਾਂ ਦੇ ਜੀਵਨਾਂ ਨੂੰ ਪੜ੍ਹਦੇ ਹਾਂ ਤਾਂ ਕਈ ਵਾਰੀ ਉਨ੍ਹਾਂ ਦੇ ਜੀਵਨਾਂ ਵਿਚ ਸਹਿਜ ਨਾਲ ਹੀ ਐਸੇ ਗੁਪਤ ਭੇਤ ਪ੍ਰਗਟ ਹੋਏ ਹੁੰਦੇ ਹਨ। ਜਿਥੋਂ ਤਕ ਭੁੱਖ ਦਾ ਸਬੰਧ ਹੈ ਜੋ ਇਸ ਬਚਨ ਵਿਚ ਦਸਿਆ ਗਿਆ ਹੈ ਉਸ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਰਮ ਸਤਿਕਾਰਯੋਗ ਨਾਰੰਗਵਾਲ ਵਾਲਿਆਂ ਦੇ ਜੀਵਨ ਵਿਚ ਜੇਲ੍ਹ ਚਿੱਠੀਆਂ ਵਿਚ ਐਸੀ ਘਟਨਾ ਦਾ ਵਰਨਣ ਆਉਂਦਾ ਹੈ ਕਿ ਭਾਈ ਸਾਹਿਬ ਨੇ 90 ਦਿਨ ਦੀ ਭੁੱਖ ਹੜਤਾਲ ਰਖ ਦਿਤੀ। ਆਪ ਦਾ ਹਰ ਰੋਜ਼ ਵਜ਼ਨ ਤੋਲਿਆ ਜਾਂਦਾ ਸੀ, 90 ਦਿਨਾਂ ਵਿਚ ਉਸੇ ਤਰ੍ਹਾਂ ਦਾ ਵਜ਼ਨ ਰਿਹਾ। ਉਸ ਵੇਲੇ ਤਾਂ ਪੜ੍ਹਨ ਵੇਲੇ ਬਹੁਤਾ ਵਿਚਾਰ ਕਰਨ ਤੇ ਪੜ੍ਹ ਜਾਂਦੇ ਹਨ ਪਰ ਜਦੋਂ ਅਜਿਹੇ ਮਹਾਂਵਾਕਾਂ ਦੀ ਵਿਚਾਰ ਆਉਂਦੀ ਹੈ ਤਾਂ ਇਸ ਤੱਥ ਦਾ ਸਹਿਜੇ ਹੀ ਗਿਆਨ ਹੋ ਜਾਇਆ ਕਰਦਾ ਹੈ। ਜਿਥੋਂ ਤਕ ਨੀਂਦ ਦਾ ਸਬੰਧ ਹੈ, ਬਹੁਤ ਸਾਰੇ ਮਹਾਂਪੁਰਸ਼ ਐਸੇ ਹੋਏ ਹਨ ਜਿਨ੍ਹਾਂ ਨੇ ਨੀਂਦ ਉਪਰ ਪੂਰਾ ਕਾਬੂ ਪਾ ਲਿਆ ਸੀ। ਗੁਰੂ ਅਮਰਦਾਸ ਜੀ ਬਾਰੇ ਵੀ ਐਸਾ ਜ਼ਿਕਰ ਆਉਂਦਾ ਹੈ ਕਿ ਆਪ ਸੇਵਾ ਵਿਚ ਐਨਾ ਤਤਪਰ ਰਹਿੰਦੇ ਸਨ ਕਿ ਨੀਂਦ ਲਈ ਕੋਈ ਸਮਾਂ ਹੀ ਨਹੀਂ ਸੀ। ਬਹੁਤ ਸਾਰੇ ਯੋਗੀ ਗੋਰਖ ਆਦਿ ਨੀਂਦ ਤੋਂ ਉਪਰ ਜਾ ਚੁੱਕੇ ਸਨ। ਇਸਦਾ ਜੋ ਅਨੁਭਵ ਪ੍ਰਾਪਤ ਹੋਇਆ ਹੈ ਉਹ ਇਸ ਤਰ੍ਹਾਂ ਹੈ ਕਿ ਸਰੀਰ ਤਾਂ ਆਰਾਮ ਕਰਨ ਲਈ ਲੇਟਿਆ ਹੋਇਆ ਹੁੰਦਾ ਹੈ ਪਰ ਜੋ ਅੰਦਰ ਚੇਤਨ ਆਤਮਾ ਹੈ ਉਸ ਵਿਚ ਨੀਂਦ ਦੀ ਅੰਸ ਨਹੀਂ ਹੋਇਆ ਕਰਦੀ। ਜਿਹੜੇ ਸਰੀਰ ਵਿਚੋਂ ਬਿਰਤੀ ਖਿੱਚ ਕੇ ਆਤਮ ਮੰਡਲ ਵਿਚ ਪ੍ਰਵੇਸ਼ ਪਾ ਲੈਂਦੇ ਹਨ ਉਨ੍ਹਾਂ ਦੇ ਸਰੀਰ ਤਾਂ ਸੌਂ ਜਾਂਦੇ ਹਨ ਪਰ ਆਪ ਨਹੀਂ ਸੌਂਇਆ ਕਰਦੇ ਕਿਉਂਕਿ ਪੂਰਨ ਗਿਆਨ ਉਸ ਸਮੇਂ ਤਕ ਨਹੀਂ ਹੋਇਆ ਕਰਦਾ ਜਦੋਂ ਤਕ ਸੌਣਾ ਤੇ ਜਾਗਣਾ ਬਰਾਬਰ ਨਹੀਂ ਹੋਇਆ ਕਰਦਾ। ਮਹਾਂਪੁਰਸ਼ਾਂ ਨੂੰ ਕਦੇ ਸੁਪਨੇ ਨਹੀਂ ਆਇਆ ਕਰਦੇ ਕਿਉਂਕਿ ਉਹ ਆਤਮ ਜਾਗ ਵਿਚ ਲੀਨ ਹੁੰਦੇ ਹਨ ਸਰੀਰ ਦੀ ਚੇਤਨਤਾ lower level (ਹੇਠਲੀ ਪਰਤ) ਦੀ ਚੇਤਨਤਾ ਹੈ ਪਰ ਭਜਨ ਕਰਨ ਦੇ ਬਲ ਨਾਲ ਇਕ ਐਸੀ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ ਜੋ ਸਮਾਧੀ ਵਾਂਗੂੰ ਹੋਇਆ ਕਰਦੀ ਹੈ। ਸਰੀਰ ਤੋਂ ਪੂਰੀ ਤਰ੍ਹਾਂ ਨਾਲ ਬੇਖਬਰੀ ਹੁੰਦੀ ਹੈ ਪਰ ਅੰਦਰ ਸੁਰਤ ਪੂਰੀ ਤਰ੍ਹਾਂ ਜਾਗਦੀ ਹੈ, ਉਸ ਵਿਚ ਫੁਰਨੇ ਨਹੀਂ ਹੁੰਦੇ ਉਹ ਆਤਮ ਅਨੰਦ ਨਾਲ ਸ਼ਰਸ਼ਾਰ ਹੁੰਦੇ ਹਨ। ਬਹੁਤ ਵਾਰੀ ਐਸਾ ਵੀ ਦੇਖਿਆ ਗਿਆ ਹੈ ਕਿ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਬਹੁਤ ਹੀ ਸ਼ੁਧ ਰੂਪ ਵਿਚ, ਬਹੁਤ ਹੀ ਤੇਜ਼ ਰਫਤਾਰ ਵਿਚ ਪੜ੍ਹ ਹੋ ਜਾਇਆ ਕਰਦੀਆਂ ਹਨ।

ਸੰਤ ਮਹਾਰਾਜ ਜੀ ਨੇ ਇਹ ਅਵਸਥਾ ਪ੍ਰਾਪਤ ਕੀਤੀ ਹੋਈ ਸੀ। ਆਪ ਸੁਪਨਿਆਂ ਤੋਂ ਉਪਰ ਸਨ ਅਤੇ ਆਤਮ ਜਾਗ ਵਿਚ ਸਦਾ ਹੀ ਆਤਮ ਸਰੂਪ ਵਿਚ ਸਥਿਤੀ ਰਖਦੇ ਸਨ। ਇਕ ਵਾਰੀ ਦਾ ਜ਼ਿਕਰ ਹੈ ਕਿ ਮੈਂ ਰਾੜੇ ਸਾਹਿਬ ਪੂਰਨਮਾਸ਼ੀ ਦੀ ਰਾਤ ਨੂੰ ਸ. ਮਹਿੰਦਰ ਸਿੰਘ ਜੀ ਜਿਨ੍ਹਾਂ ਨੂੰ ਪਟਵਾਰੀ ਜੀ ਆਖਿਆ ਜਾਂਦਾ ਸੀ, ਦੇ ਨੇੜਲੇ ਕਮਰੇ ਵਿਚ ਆਰਾਮ ਕਰ ਰਿਹਾ ਸੀ। ਅਚਾਨਕ ਇਕ ਧਮਾਕਾ ਹੋਇਆ, ਮੇਰਾ ਆਪਣਾ ਆਪ ਸਰੀਰ ਵਿਚੋਂ ਅਲਹਿਦਾ ਹੋ ਗਿਆ। ਮੈਂ ਹੈਰਾਨ ਹੋ ਰਿਹਾ ਸੀ ਕਿ ਇਕ ਤਾਂ ਮੇਰਾ ਸਰੀਰ ਚਾਰਪਾਈ ਤੇ ਲੇਟਿਆ ਪਿਆ ਹੈ ਅਤੇ ਉਹੋ ਜਿਹਾ ਹੀ ਸਰੀਰ ਇਸ ਲੰਮੇ ਪਏ ਸਰੀਰ ਨੂੰ ਦੇਖ ਰਿਹਾ ਹੈ, ਮੈਨੂੰ ਭਰਮ ਪਿਆ ਕਿ ਮੈਂ ਸਰੀਰ ਛੱਡ ਗਿਆ ਹਾਂ। ਗੁਰਦੁਆਰਾ ਸਾਹਿਬ ਕੀਰਤਨ ਦੀ ਧੁਨ ਸੁਣ ਰਹੀ ਸੀ ਮੈਂ ਕਮਰੇ ਤੋਂ ਬਾਹਰ ਐਉਂ ਨਿਕਲ ਆਇਆ ਜਿਵੇਂ ਕੋਈ ਬਹੁਤ ਹੀ ਸੂਖਸ਼ਮ ਚੀਜ਼ ਕੰਧਾਂ, ਦਰਵਾਜ਼ਿਆਂ ਵਿਚੋਂ ਆਰ-ਪਾਰ ਹੋ ਜਾਵੇ। ਮੈਂ ਕਈ ਪ੍ਰੇਮੀਆਂ ਦੇ ਮੋਢਿਆਂ ਤੇ ਹੱਥ ਰੱਖਿਆ ਅਤੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੈਂ ਸਰੀਰ ਛੱਡ ਗਿਆ ਹਾਂ ਪਰ ਉਨ੍ਹਾਂ ਨੂੰ ਮੇਰੀ ਛੋਹ ਪਤਾ ਹੀ ਨਾ ਲੱਗੇ। ਫੇਰ ਮੈਂ ਸੰਤ ਮਹਾਰਾਜ ਜੀ ਦੇ ਭੋਰੇ ਵਲ ਨੂੰ ਚਲ ਪਿਆ। ਰਸਤੇ ਵਿਚ ਖਿਆਲ ਆਇਆ ਕਿ ਮੈਂ ਆਪਣੇ ਕਮਰੇ ਦਾ ਨੰਬਰ ਤਾਂ ਪੜ੍ਹ ਲਵਾਂ ਅਤੇ ਸਰੀਰ ਦੇ ਉਤੇ ਜਾ ਕੇ ਲੰਮਾ ਪੈ ਗਿਆ। ਇਕ ਜ਼ੋਰ ਦੀ ਝਟਕਾ ਲੱਗਿਆ ਤੇ ਮੈਂ ਸਰੀਰ ਵਿਚ ਪ੍ਰਵੇਸ਼ ਕਰ ਗਿਆ। ਇਕ ਦਮ ਜੋ ਸੀਨ ਮੈਂ ਹੁਣੇ-ਹੁਣੇ ਦੇਖਿਆ ਸੀ ਉਹ ਦੇਖਣ ਦਾ ਜਤਨ ਕੀਤਾ ਤਾਂ ਮੈਂ ਹੈਰਾਨ ਰਹਿ ਗਿਆ ਕਿ ਉਹ ਪ੍ਰੇਮੀ ਅਜੇ ਆਪਣੇ ਕਮਰਿਆਂ ਵਲ ਨੂੰ ਜਾ ਹੀ ਰਹੇ ਸਨ। ਜਿਨ੍ਹਾਂ ਦੇ

ਮੋਢੇ ਫੜ-ਫੜ ਮੈਂ ਦਸਣ ਦਾ ਜਤਨ ਕਰ ਰਿਹਾ ਸਾਂ ਕਿ ਮੈਂ ਸਰੀਰ ਛੱਡ ਗਿਆ ਹਾਂ। ਦੂਸਰੇ ਦਿਨ ਮੈਂ ਸੰਤ ਮਹਾਰਾਜ ਜੀ ਨਾਲ ਇਸ ਬਾਰੇ ਗੱਲ ਕੀਤੀ। ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਬੱਸ, ਇਕ ਝਟਕੇ ਨਾਲ ਹੀ ਡਰ ਗਿਆ? ਸਹਿਜ ਸੁਭਾਅ ਉਨ੍ਹਾਂ ਦੇ ਮੁੱਖ ਤੋਂ ਬਚਨ ਹੋਇਆ ਕਿ ਅਸੀਂ ਤਾਂ ਹਰ ਰੋਜ਼ ਸਰੀਰ ਵਿਚੋਂ ਨਿਕਲ ਕੇ ਸਾਰੇ ਦੇਸਾਂ-ਪ੍ਰਦੇਸ਼ਾਂ ਵਿਚ ਉਨ੍ਹਾਂ ਪ੍ਰੇਮੀਆਂ ਨੂੰ ਮਦਦ ਦਿੰਦੇ ਹਾਂ ਜਿਹੜੇ ਯਾਦ ਕਰ ਰਹੇ ਹੁੰਦੇ ਹਨ। ਉਸ ਸਮੇਂ ਤਾਂ ਮੈਨੂੰ ਇਹ ਗੱਲ ਸਮਝ ਨਾ ਆਈ ਪਰ ਮੈਂ ਜਦੋਂ ਸਾਖੀ ਪੜ੍ਹ ਰਿਹਾ ਸਾਂ ਕਿ ਗੁਰੂ ਨਾਨਕ ਪਾਤਸ਼ਾਹ ਚਾਰਪਾਈ ਤੇ ਬਿਰਾਜ ਰਹੇ ਹਨ, ਮਾਤਾ ਤ੍ਰਿਪਤਾ ਜੀ ਨੇ ਤੁਲਸਾ ਦਾਸੀ ਨੂੰ ਕਿਹਾ ਕਿ ਜਾਹ! ਨਾਨਕ ਨੂੰ ਲੈ ਕੇ ਆ, ਉਹ ਗਰਮ-ਗਰਮ ਪ੍ਰਸ਼ਾਦਾ ਛਕ ਲੈਣ। ਇਹ ਦਾਸੀ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਪਲੰਘ ਦੇ ਨੇੜੇ ਆਉਂਦੀ ਹੈ ਤਾਂ ਦੇਖਦੀ ਹੈ ਕਿ ਆਪ ਬਿਰਾਜੇ ਹੋਏ ਹਨ ਆਵਾਜ਼ ਮਾਰਨ ਦੀ ਥਾਂ ਇਸ ਬੀਬੀ ਨੇ ਆਪਣਾ ਮਸਤਕ ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਅਗੂੰਠੇ ਨਾਲ ਲਾ ਦਿਤਾ ਤਾਂ ਉਸਦੇ ਸਾਰੇ ਪੜਦੇ ਖੁਲ੍ਹ ਗਏ, ਬਜਰ ਕਪਾਟ ਫਟ ਗਏ। ਕੀ ਦੇਖਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਸਮੁੰਦਰ ਦੇ ਕੰਢੇ ਖੜ੍ਹੇ ਇਕ ਗੁਰਸਿੱਖ ਦਾ ਫਸਿਆ ਹੋਇਆ ਜਹਾਜ਼ ਕੱਢ ਰਹੇ ਹਨ। ਉਹ ਗੁਰਸਿੱਖ ਅਰਦਾਸ ਵਿਚ ਜੁੜਿਆ ਹੋਇਆ ਹੈ ਇਸ ਨੇ ਉਸ ਗੁਰਸਿੱਖ ਦੇ ਦਰਸ਼ਨ ਕੀਤੇ ਹੋਏ ਸਨ ਪਛਾਣ ਲਿਆ ਕਿ ਇਹ ਤਾਂ ਭਾਈ ਮਨਸੁਖ ਹੈ, ਜੋ ਅਕਸਰ ਆਪਣੇ ਜਹਾਜ਼ ਰਾਹੀਂ ਭਾਰਤ ਦੇ ਛੋਟੇ ਟਾਪੂਆਂ ਲੰਕਾ ਆਦਿ ਵਿਚ ਆਪਣਾ ਮਾਲ ਵੇਚਣ ਜਾਇਆ ਕਰਦਾ ਹੈ। ਇਸੇ ਤਰ੍ਹਾਂ ਨਾਲ ਰਲਦੀ-ਮਿਲਦੀ ਸਾਖੀ ਗੁਰੂ ਨੌਵੇਂ ਪਾਤਸ਼ਾਹ ਜੀ ਦੀ ਹੈ ਜਿਥੇ ਆਪ ਮੱਖਣਸ਼ਾਹ ਲੁਬਾਣੇ ਦਾ ਫਸਿਆ ਹੋਇਆ ਜਹਾਜ਼ ਕੱਢ ਰਹੇ ਹਨ। ਐਸੀਆਂ ਹੀ ਕਥਾਵਾਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦੇ ਜੀਵਨ ਵਿਚ ਆਉਂਦੀਆਂ ਹਨ। ਆਪ ਦੇ ਪਾਸ ਇਕ ਮਾਈ ਆਉਂਦੀ ਹੈ ਉਹ ਬੇਨਤੀ ਕਰਦੀ ਹੈ ਕਿ ਬਾਬਾ ਜੀ ਕਈ ਸਾਲਾਂ ਤੋਂ ਮੇਰਾ ਪੁੱਤਰ ਪਤਾ ਨਹੀਂ ਕਿਥੇ ਗੁੰਮ ਗਿਆ। ਕ੍ਰਿਪਾ ਕਰੋ ਉਹ ਵਾਪਸ ਘਰ ਆ ਜਾਵੇ। ਬਾਬਾ ਜੀ ਰਾਤ ਨੂੰ ਆਪਣੇ ਸਰੀਰ ਵਿਚੋਂ ਨਿਕਲ ਕੇ ਉਸ ਦੇ ਪੁਤਰ ਪਾਸ ਪਹੁੰਚਦੇ ਹਨ ਅਤੇ ਸਾਕਾਰ ਰੂਪੀ ਦਰਸ਼ਨ ਦੇ ਕੇ ਕਹਿਣ ਲੱਗੇ ਕਿ ਤੂੰ ਇਕ ਦਮ ਵਾਪਸ ਚਲਿਆ ਜਾ। ਜਦੋਂ ਮਾਤਾ ਪੁੱਤਰ ਸਮੇਤ ਬਾਬਾ ਜੀ ਦਾ ਧੰਨਵਾਦ ਕਰਨ ਜਾਂਦੀ ਹੈ ਤਾਂ ਉਸ ਦੇ ਪੁੱਤਰ ਨੇ ਇਕ ਦਮ ਦਰਸ਼ਨ ਕਰਦੇ ਹੀ ਕਿਹਾ ਕਿ ਇਹ ਤਾਂ ਓਹੀ ਪੀਰ ਜੀ ਹਨ ਜਿਨ੍ਹਾਂ ਨੇ ਕਲਕੱਤੇ ਤੋਂ ਮੈਨੂੰ ਗੱਡੀ ਚੜ੍ਹਵਾਇਆ ਸੀ। ਇਸ ਤਰ੍ਹਾਂ ਸੰਤ ਮਹਾਰਾਜ ਜੀ ਦੇ ਜੀਵਨ ਵਿਚ ਇਕ ਵਾਕਿਆ ਆਉਂਦਾ ਹੈ ਜਦੋਂ ਆਪ ਮੇਰੇ ਪਾਸ ਯੂ.ਪੀ. ਵਿਚ 45 ਦਿਨ ਦੇ ਦੀਵਾਨ ਲਾਉਣ ਵਾਸਤੇ ਕ੍ਰਿਪਾ ਕਰਕੇ ਪਹੁੰਚੇ, ਆਪ ਦੇ ਕੀਰਤਨ ਸੁਣਨ ਵਾਸਤੇ ਹਜ਼ਾਰਾਂ ਦੀ ਤਦਾਦ ਵਿਚ ਹੁੰਮ-ਹੁੰਮਾ ਕੇ ਸੰਗਤਾਂ ਆਇਆ ਕਰਦੀਆਂ ਸਨ ਅਤੇ ਦਿਨ ਵਿਚ ਦੋ ਸੌ ਦੇ ਕਰੀਬ ਪ੍ਰੇਮੀਆਂ ਨੂੰ ਅਸੀਂ ਸੰਤ ਮਹਾਰਾਜ ਜੀ ਦੇ ਨਾਲ ਮਿਲਾਇਆ ਕਰਦੇ ਸਾਂ ਜਿਨ੍ਹਾਂ ਦੇ ਆਪਣੇ-ਆਪਣੇ ਨਿਜੀ ਛੋਟੇ-ਮੋਟੇ ਕਾਰਜ ਹੋਇਆ ਕਰਦੇ ਸਨ ਉਨ੍ਹਾਂ ਦੇ ਹੱਲ ਲਈ ਉਹ ਮਹਾਰਾਜ ਜੀ ਤੋਂ ਬਚਨ ਲੈਂਦੇ ਸਨ। ਇਕ ਮਾਈ ਆਈ ਉਸ ਦੇ ਤਿੰਨ ਪੁੱਤਰ ਇਕ ਚਾਰ ਸਾਲ ਤੋਂ, ਦੂਜਾ ਤਿੰਨ ਸਾਲ ਤੋਂ, ਤੀਜਾ 2 ਸਾਲ ਤੋਂ ਕਿਤੇ ਕਮਾਈ ਕਰਨ ਲਈ ਗਏ ਹੋਏ ਸਨ। ਤਿੰਨਾਂ ਨੇ ਕੋਈ ਆਪਣਾ ਅਤਾ-ਪਤਾ ਮਾਈ ਨੂੰ ਨਹੀਂ ਸੀ ਦਿਤਾ ਉਹ ਮਾਈ ਇਕੱਲੀ ਹੀ ਜ਼ਿਲਾ ਰਾਮਪੁਰ, ਬਿਲਾਸਪੁਰ ਦੇ ਨੇੜੇ ਆਪਣੇ ਫਾਰਮ ਵਿਚ ਰਿਹਾ ਕਰਦੀ ਸੀ। ਮਹਾਰਾਜ ਜੀ ਨੇ ਕਿਹਾ ਕਿ ਕੋਈ ਨੀਂ ਮਾਈ! ਤੇਰੇ ਪੁੱਤਰ ਆ ਜਾਣਗੇ। ਦੋ ਦਿਨ ਲੰਘੇ ਤਾਂ ਦੇਖ ਕੇ ਸਾਰੀ ਸੰਗਤ ਹੈਰਾਨ ਹੋ ਗਈ ਕਿ ਤਿੰਨੋ ਪੁੱਤਰ ਅੱਗੇ ਪਿਛੇ ਬਿਸਤਰੇ ਸਿਰਾਂ ਤੇ ਚੁਕੀਂ ਕਈ ਸਾਲਾਂ ਪਿਛੋਂ ਘਰ ਵਾਪਸ ਪੁੱਜ ਗਏ। ਸੋ ਇਸ ਤਰ੍ਹਾਂ ਨਾਲ ਮੈਂ ਸੰਤ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਜਦੋਂ ਆਪ ਸਰੀਰ ਵਿਚੋਂ ਨਿਕਲ ਜਾਂਦੇ ਹੋ ਤਾਂ ਫੇਰ ਸਰੀਰ ਕਿਸ ਅਧਾਰ ਦੇ ਉਤੇ ਜਿਉਂਦਾ ਰਹਿੰਦਾ ਹੈ? ਆਪ ਨੇ ਫੁਰਮਾਨ ਕੀਤਾ ਕਿ ਜਦੋਂ ਸੰਤ ਸਰੀਰ ਵਿਚੋਂ ਨਿਕਲਦੇ ਹਨ ਤਾਂ ਇਕ ਰੋਸ਼ਨੀ ਦੀ ਤਾਰ ਜਿਸ ਨੂੰ ਸਿਲਵਰ ਕੋਡ ਆਖਿਆ ਜਾਂਦਾ ਹੈ ਉਸ ਨਾਲ ਆਪਣੇ ਸਰੀਰ ਨਾਲ ਜੁੜੇ ਰਹਿੰਦੇ ਹਨ। ਇਸੇ ਕਰਕੇ ਐਸੀ ਮਰਿਆਦਾ ਹੈ ਕਿ ਜੇ ਉਹ ਵਿਸ਼ਰਾਮ ਕਰਦੇ ਹੋਣ ਤਾਂ ਸੁਤੇ ਸਮਝ ਕੇ ਜ਼ੋਰ-ਜ਼ੋਰ ਦੀਆਂ ਅਵਾਜ਼ਾਂ ਨਹੀਂ ਮਾਰਨੀਆਂ ਚਾਹੀਦੀਆਂ ਜਿਸ ਦੇ ਕਾਰਨ ਵਜੋਂ silver cord ਟੁੱਟ ਜਾਂਦੀ ਹੈ ਫੇਰ ਸਰੀਰ

ਨਾਲ ਸੰਪਰਕ ਕਰਨਾ ਔਖਾ ਹੋ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਬੇਅੰਤ ਗੁਹਜ ਭੇਤ ਸੰਤ ਮਹਾਰਾਜ ਕਦੇ-ਕਦੇ ਪ੍ਰਗਟ ਕਰ ਦਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ! ਦਿੱਲੀ ਤੋਂ ਇਕ ਪ੍ਰੇਮੀ ਦੀ ਚਿੱਠੀ ਆਈ ਹੈ ਉਸ ਨੇ ਕਿਹਾ ਹੈ ਕਿ ਮੈਂ ਸੰਤ ਮਹਾਰਾਜ ਜੀ ਦਾ ਜੀਵਨ ਲਿਖ ਰਿਹਾ ਹਾਂ ਮੈਨੂੰ ਤੁਸੀਂ ਉਨ੍ਹਾਂ ਦੀਆਂ ਸਾਖੀਆਂ ਭੇਜੋ। ਸੰਤ ਮਹਾਰਾਜ ਜੀ ਮੁਸਕਰਾ ਪਏ ਅਤੇ ਕਹਿਣ ਲੱਗੇ ਕਿ ਸੰਤਾਂ ਦਾ ਜੀਵਨ ਤਾਂ ਸੰਤ ਹੀ ਲਿਖ ਸਕਦੇ ਹਨ। ਦੁਨੀਆਦਾਰਾਂ ਨੂੰ ਉਹ ਅਨੁਭਵ ਪ੍ਰਾਪਤ ਨਹੀਂ ਜਿਸ ਰਾਹੀਂ ਉਹ ਸੰਤਾਂ ਦੀ ਕ੍ਰਿਆ ਨੂੰ ਬੁਝ ਸਕਣ। ਕਿਉਂਕਿ ਬਚਨ ਚਲ ਪਿਆ, ਹੁਣ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਕ੍ਰਿਪਾ ਕਰੋ ਇਸ ਨੂੰ ਥੋੜ੍ਹਾ ਖੋਲ੍ਹ ਕੇ ਦੱਸੋ ਅਸੀਂ ਇਸ ਬਚਨ ਨੂੰ ਸਮਝ ਨਹੀਂ ਸਕੇ। ਆਪ ਨੇ ਫੁਰਮਾਨ ਕੀਤਾ ਕਿ ਸੰਤਾਂ ਦੇ ਜੀਵਨ ਵਿਚ ਪਹਿਲਾਂ ਬੈਰਾਗ ਦੀ ਦਸ਼ਾ ਹੋਇਆ ਕਰਦੀ ਹੈ ਉਹ ਪਿਆਰ ਵਿਚ ਹਸਦੇ ਹਨ, ਪਿਆਰ ਵਿਚ ਰੋਂਦੇ ਹਨ ਉਨ੍ਹਾਂ ਦੀ ਕ੍ਰਿਆ ਨੂੰ ਕੋਈ ਬੁੱਝ ਨਹੀਂ ਸਕਦਾ। ਸਾਧਨ ਪੱਖ ਵਿਚ ਜੋ ਘਾਲ ਕਮਾਈਆਂ ਸ਼ਬਦ ਰਾਹੀਂ ਉਚੀਆਂ ਮੰਜ਼ਲਾਂ ਵਿਚ ਪਹੁੰਚਣ ਲਈ ਕਰਦੇ ਹਨ ਉਹ ਵੀ ਕਿਸੇ ਦੀ ਸਮਝ ਵਿਚ ਨਹੀਂ ਆਇਆ ਕਰਦੀਆਂ। ਕਿਉਂਕਿ ਉਨੀਂ ਸਮਰਥਾ ਦੂਸਰੇ ਵਿਚ ਹੋਇਆ ਨਹੀਂ ਕਰਦੀ ਕਿ ਉਹ ਮਹਾਪੁਰਸ਼ਾਂ ਦੀ ਕ੍ਰਿਆ ਨੂੰ ਜਾਣ ਸਕਣ। ਹੁਣ ਇਹ ਸਵਾਲ ਉਠਦਾ ਹੈ ਕਿ ਦੂਸਰੇ ਦੀ ਕ੍ਰਿਆ ਨੂੰ ਜਾਣਿਆ ਵੀ ਜਾ ਸਕਦਾ ਹੈ ਇਸ ਵਿਚ ਐਸੀਆਂ ਕਥਾਵਾਂ ਆਉਂਦੀਆਂ ਹਨ ਕਿ ਕਬੀਰ ਸਾਹਿਬ ਜੀ ਅੰਮ੍ਰਿਤ ਵੇਲੇ ਆਪਣੇ ਗੁਰੂਦੇਵ ਦੇ ਦਰਸ਼ਨਾਂ ਨੂੰ ਗਏ, ਇਨ੍ਹਾਂ ਦੇ ਗੁਰੂਦੇਵ ਜਿਵੇਂ ਆਪਾਂ ਨਿਤਨੇਮ ਕਰਦੇ ਹਾਂ ਇਸੇ ਤਰ੍ਹਾਂ ਨਾਲ ਪੂਰਨ ਪਦ ਨੂੰ ਪ੍ਰਾਪਤ ਹੋਏ ਹੋਏ ਭੀ ਅੰਤਰੰਗਿ ਉਪਾਸ਼ਨਾ ਕਰਿਆ ਕਰਦੇ ਸਨ। ਇਕ ਦਿਨ ਆਪ ਜੀ ਨੇ ਧੇਅ ਨੂੰ ਇਸ਼ਨਾਨ ਕਰਾ ਕੇ ਚੌਕੀ ਉਪਰ ਸਸ਼ੋਭਤ ਕਰ ਦਿਤਾ ਉਸ ਦੇ ਵਸਤਰ ਪਹਿਨਾਅ ਦਿਤੇ, ਸਿਰ ਉਪਰ ਮੁਕਟ ਰੱਖ ਦਿਤਾ ਪਰ ਮਾਲਾ ਪਾਉਣੀ ਭੁੱਲ ਗਏ। ਕਬੀਰ ਸਾਹਿਬ ਜੀ ਬਾਹਰ ਬੈਠੇ ਆਪਣੇ ਗੁਰੂਦੇਵ ਦੇ ਅੰਤਰ ਆਤਮੇ ਹੋ ਰਹੇ ਅੰਤਰੀਵ ਉਪਾਸ਼ਨਾ ਦਾ ਦ੍ਰਿਸ਼ ਦੇਖ ਰਹੇ ਸਨ। ਹੁਣ ਰਾਮਾਨੰਦ ਜੀ ਦੀ ਜੋ ਸਮਸਿਆ ਸੀ ਉਹ ਇਹ ਸੀ ਕਿ ਜੇ ਉਹ ਮੁਕਟ ਉਤਾਰਦੇ ਹਨ ਤਾਂ ਬੜੀ ਭਾਰੀ ਬੇਅਦਬੀ ਹੋ ਜਾਵੇਗੀ, ਜੇ ਮਾਲਾ ਨਾ ਪਹਿਨਾਈ ਤਾਂ ਉਪਾਸ਼ਨਾ ਅਧੂਰੀ ਰਹਿ ਜਾਵੇਗੀ। ਉਸ ਵੇਲੇ ਕਬੀਰ ਸਾਹਿਬ ਜੀ ਨੇ ਕਿਹਾ ਕਿ ਗੁਰੂਦੇਵ! ਆਪ ਪ੍ਰੇਸ਼ਾਨ ਨਾ ਹੋਵੋ ਆਪ ਮਾਲਾ ਦੇ ਮਣਕਿਆਂ ਦੇ ਜਾਮਨ ਰੂਪ ਵਿਚ ਦਿਤੀ ਗੰਢ ਨੂੰ ਖੋਲ੍ਹ ਲਵੋ ਅਤੇ ਮਾਲਾ ਪਹਿਨਾਅ ਲਵੋ, ਫੇਰ ਗੰਢ ਦੇ ਦੇਣੀ ਮੁਕਟ ਲਾਹੁਣ ਦੀ ਕੀ ਲੋੜ ਹੈ। ਉਸ ਵੇਲੇ ਰਾਮਾਨੰਦ ਜੀ ਨੇ ਕਿਹਾ ਕਿ ਕਬੀਰ! ਤੂੰ ਮੈਨੂੰ ਆਤਮ ਮੰਡਲ ਵਿਚ ਵੀ ਵੇਖ ਰਿਹਾ ਹੈਂ। ਸੋ ਸੰਤ ਮਹਾਰਾਜ ਜੀ ਦਾ ਇਹ ਕਹਿਣਾ ਸੀ ਕਿ ਮਹਾਂਪੁਰਖਾਂ ਦੀ ਘਾਲ ਕਮਾਈ ਦੀ ਅਵਸਥਾ ਨੂੰ ਕੋਈ ਪੂਰਨ ਹੀ ਲਿਖ ਸਕਿਆ ਕਰਦਾ ਹੈ। ਉਥੇ ਮੈਂ ਫੇਰ ਆਪਣੇ ਆਪ ਹੀ ਕਿਹਾ ਕਿ ਮਹਾਰਾਜ ਜੀ! ਥੋੜ੍ਹਾ ਹੋਰ ਖੋਲ੍ਹ ਕੇ ਦਸਣ ਦੀ ਕ੍ਰਿਪਾ ਕਰੋ। ਤਾਂ ਮਹਾਰਾਜ ਜੀ ਨੇ ਦੱਸਿਆ ਕਿ ਅਸੀਂ ਸਾਧਨਾ ਦੀ ਅਵਸਥਾ ਵਿਚ ਬਹੁਤ ਬੈਰਾਗ ਅਵਸਥਾ ਵਿਚ ਹੁੰਦੇ ਹੋਏ ਰਿਧੀ ਸਿੱਧੀ, ਮਾਣਤਾ ਪ੍ਰਭਤਾ ਦੀ ਲੋਚਾ ਨਹੀਂ ਸੀ ਰਖਦੇ। ਇਥੋਂ ਤਕ ਕਿ ਅਸੀਂ ਆਪਣੇ ਸਰੀਰ ਦੀ ਵੀ ਸੰਭਾਲ ਨਹੀਂ ਸੀ ਕਰਿਆ ਕਰਦੇ। ਇਸ ਦੀ ਵੀ ਸੰਭਾਲ ਦੂਜੇ ਹੀ ਕਰਿਆ ਕਰਦੇ ਸਨ, ਕਠਨ ਸਾਧਨਾ ਕਰਕੇ ਖੂਨ ਦੀਆਂ ਇਕ ਦੋ ਬੋਤਲਾਂ ਹੀ ਰਹਿ ਗਈਆਂ ਅਤੇ ਡਾਕਟਰਾਂ ਨੂੰ ਫਿਕਰ ਹੋਇਆ ਅਤੇ ਡਾਕਟਰਾਂ ਨੇ ਆਪਣੇ ਢੰਗ ਨਾਲ ਇਲਾਜ ਕੀਤਾ ਅਤੇ ਸਰੀਰ ਨੂੰ ਸਵੱਸਥ ਕੀਤਾ। ਇਸੇ ਸਮੇਂ ਵਿਚ ਜਦੋਂ ਅਸੀਂ ਸਹੰਸਰਾਰ ਦਲ ਕਮਲ ਵਿਚ ਸੁਰਤ ਰਾਹੀਂ ਪ੍ਰਵੇਸ਼ ਕਰਨ ਲੱਗੇ ਉਸ ਵੇਲੇ ਮਾਇਆ ਦੇ ਅਤੀ ਮਨਮੋਹਣੇ ਸਰੂਪ ਨੇ ਅਸਾਨੂੰ ਅਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਅਤੇ ਇਕੱਲੀ-ਇਕੱਲੀ ਸਿੱਧੀ ਦੀ ਸ਼ਕਤੀ ਦਾ ਵਰਣਨ ਕਰਕੇ ਬੇਨਤੀ ਕੀਤੀ ਕਿ ਤੁਸੀਂ ਇਨ੍ਹਾਂ ਸਿੱਧੀਆਂ ਨੂੰ ਅੰਗੀਕਾਰ ਕਰ ਲਵੋ। ਬਹੁਤ ਉਚੀ ਮਹਿਮਾ ਮੈਂ ਮਾਇਆਵੀ ਜਗਤ ਵਿਚ ਕਰਾਵਾਂਗੀ। ਇਕ-ਇਕ ਸਿਧੀ ਦੀ ਸ਼ਕਤੀ ਬਾਰੇ ਦਸਦਿਆਂ ਅਵਾਜ਼ ਆਉਂਦੀ ਰਹੀ, ਅਸੀਂ ਉਸ ਵਲ ਬਿਲਕੁਲ ਧਿਆਨ ਨਾ ਦਿਤਾ ਕਿਉਂਕਿ ਅਸਾਡੇ ਅੰਦਰ ਵਾਹਿਗੁਰੂ ਦੇ ਮਿਲਾਪ ਤੋਂ ਬਿਨਾਂ ਹੋਰ ਕੋਈ ਚੀਜ਼ ਖਿੱਚ ਪਾ ਹੀ ਨਹੀਂ ਸਕੀ। ਜਦੋਂ ਕੋਈ ਅਸਰ ਨਾ ਹੋਇਆ ਤਾਂ ਉਹ ਸਿੱਧੀਆਂ ਬਹੁਤ ਹੀ ਸੁੰਦਰ ਰੂਪ ਧਾਰ-ਧਾਰ ਕੇ ਆਪਣੇ ਕੌਤਕ

ਕਰਨ ਲੱਗੀਆਂ। ਅਸੀਂ ਉਸ ਵਲ ਵੀ ਕੋਈ ਧਿਆਨ ਨਾ ਦਿਤਾ। ਅਖੀਰ ਉਨ੍ਹਾਂ ਨੇ ਕਿਹਾ ਕਿ ਆਪ ਪੂਰਨ ਪੁਰਸ਼ ਹੋ, ਅਸਾਡਾ ਵੀ ਕਿਸੇ ਤਰ੍ਹਾਂ ਉਧਾਰ ਹੋਣਾ ਚਾਹੀਦਾ ਹੈ। ਅਸੀਂ ਸੰਸਾਰ ਨੂੰ ਤਾਂ ਮੋਂਹਦੀਆਂ ਹਾਂ, ਉਸ ਨੂੰ ਪ੍ਰਭੂ ਮਾਰਗ ਤੋਂ ਭਟਕਾਅ ਦਿੰਦੀਆਂ ਹਾਂ ਅਤੇ ਮੁੜ ਕੇ ਮਾਇਆ ਦੀ ਡੂੰਘੀ ਖੱਡ ਵਿਚ ਸੁੱਟ ਦਿੰਦੀਆਂ ਹਾਂ। ਹੇ ਪ੍ਰਭੂ ਰੂਪ ਜੀ! ਤੂੰ ਅਸਾਡੀ ਤਾਕਤ ਨੂੰ ਪਛਾੜ ਦਿਤਾ ਹੈ, ਹੁਣ ਤੂੰ ਆਗਿਆ ਕਰ ਕਿ ਅਸੀਂ ਦਾਸੀਆਂ ਬਣ ਕੇ ਪਰਉਪਕਾਰ ਵਾਸਤੇ ਸੁਤੇ ਸਿੱਧ ਹੀ ਤੁਹਾਡੀ ਸੇਵਾ ਕਰਦੀਆਂ ਰਹੀਏ। ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਸਾਧਨਾ ਦੇ ਵਿਚ ਇਹ ਇਕ ਐਸਾ ਮੋੜ ਹੈ ਜਿਥੇ ਵੱਡੇ-ਵੱਡੇ ਸਾਧਕ ਉਚੀ ਉਚਾਈ ਤੋਂ ਗਿਰ ਕੇ ਚਕਨਾਚੂਰ ਹੋ ਜਾਇਆ ਕਰਦੇ ਹਨ। ਇਹ ਅਤਿ ਸੂਖਸ਼ਮ ਮਾਇਆ ਹੈ ਇਥੋਂ ਤਕ ਤਾਂ ਵਿਰਲੇ-ਵਿਰਲੇ ਹੀ ਪਹੁੰਚਦੇ ਹਨ ਕਿਉਂਕਿ ਇਸਤ੍ਰੀ ਰੂਪ ਮਾਇਆ ਅਤੇ ਜੜ੍ਹ ਪੈਸਾ ਹਰ ਕਿਸੇ ਦਾ ਮਨ ਮੋਹ ਲੈਂਦਾ ਹੈ। ਪਰ ਇਹ ਸਿੱਧੀਆਂ ਅਤਿ ਸੂਖਮ ਮਾਇਆ ਹੈ ਇਸ ਤੋਂ ਬਚਣਾ ਬਹੁਤ ਹੀ ਮੁਸ਼ਕਲ ਹੈ।

ਆਪ ਉਨ੍ਹਾਂ ਉਚਿਆਈਆਂ ਉਪਰ ਨਿਵਾਸ ਕਰਦੇ ਸਨ ਜਿਥੇ ਆਪਾ ਭਾਵ ਪੂਰਨ ਰੂਪ ਵਿਚ ਲੈਅ ਹੋ ਜਾਂਦਾ ਹੈ ਅਤੇ ਉਸ ਸਰੀਰ ਵਿਚ ਪ੍ਰਮਾਤਮ ਰੂਪ ਹੋ ਕੇ ਕ੍ਰਿਆ ਕਰਦਾ ਹੈ ਇਨ੍ਹਾਂ ਅਵਸਥਾਵਾਂ ਬਾਰੇ ਵਾਹਿਗੁਰੂ ਦੇ ਨੇੜੇ ਹੁੰਦੇ ਹੋਏ ਸੰਸਾਰ ਨੂੰ ਕੋਈ ਭੇਤ ਨਹੀਂ ਦਿੰਦੇ। ਸਾਰੇ ਜੀਵਨ ਦੀ ਕ੍ਰਿਆ ਸਹਿਜ ਨਾਲ ਹੀ ਹੋਣੀ ਸ਼ੁਰੂ ਹੋ ਜਾਂਦੀ ਹੈ, ਇਸ ਕ੍ਰਿਆ ਨੂੰ ਕੋਈ ਜਾਣ ਨਹੀਂ ਸਕਦਾ।

ਇਕ ਵਾਰੀ ਦੀ ਗੱਲ ਹੈ ਜਦੋਂ ਮੈਂ ਚੰਡੀਗੜ੍ਹ ਰਹਿੰਦਾ ਹੁੰਦਾ ਸੀ ਤਾਂ ਕਈ ਪ੍ਰੇਮੀਆਂ ਨੇ ਮਿਲ ਕੇ ਇਕ ਵਿਚਾਰ ਬਣਾਈ ਕਿ ਕੱਲ੍ਹ ਅਤੇ ਪਰਸੋਂ ਦੀਆਂ ਦੋ ਦਿਨ ਦੀਆਂ ਛੁਟੀਆਂ ਹਨ। ਆਪਾਂ ਗੁਰਧਾਮਾਂ ਦੇ ਦਰਸ਼ਨ ਕਰੀਏ। ਅਸੀਂ ਇਹ ਪ੍ਰੋਗਰਾਮ ਬਣਾਇਆ ਕਿ ਸਫਰ ਸਾਇਕਲਾਂ ਉਪਰ ਕਰਨਾ ਹੈ। ਦੂਸਰੇ ਦਿਨ ਅਸੀਂ ਸਾਇਕਲਾਂ ਤੇ ਚੱਲੇ, ਦੱਸ ਸਿੰਘਾਂ ਦੀ ਇਹ ਪਾਰਟੀ ਸੀ ਜਿਸ ਵਿਚ ਵੱਖੋ-ਵੱਖਰੀਆਂ ਸੰਪਰਦਾਵਾਂ ਦੇ ਪ੍ਰੇਮੀ ਸਨ। ਕਈਆਂ ਦਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਉਪਰ ਅਕੀਦਾ ਸੀ, ਸੰਤ ਮਹਾਰਾਜ ਜੀ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਸੰਤ ਅਜੀਤ ਸਿੰਘ ਜੀ ਨਥਲਪੁਰ ਵਾਲੇ, ਪਰਮ ਸਨਮਾਨਯੋਗ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਜਿਨ੍ਹਾਂ ਨੂੰ ਨਾਮਧਾਰੀ ਪ੍ਰੇਮੀ ਸਤਿਗੁਰੂ ਕਹਿ ਕੇ ਪਿਆਰ ਕਰਦੇ ਹਨ ਉਨ੍ਹਾਂ ਦੇ ਕਈ ਅਨੁਆਈ ਅਤੇ ਹੋਰ ਅੱਡੋ-ਅੱਡ ਮਹਾਤਮਾ ਨੂੰ ਮੰਨਣ ਵਾਲੇ ਸਨ। ਅਸੀਂ ਚਮਕੌਰ ਸਾਹਿਬ, ਮਾਛੀਵਾੜੇ ਸਾਹਿਬ ਅਤੇ ਹੋਰ ਕਤਲਗੜ੍ਹ ਆਦਿ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹੋਏ ਜਦੋਂ ਕਟਾਣਾ ਸਾਹਿਬ ਦੇ ਨੇੜੇ ਪਹੁੰਚੇ ਤਾਂ ਥੱਕੇ ਹੋਣ ਕਰਕੇ ਅਸੀਂ ਪੁਲ ਦੇ ਨੇੜੇ ਬੈਠ ਗਏ ਅਤੇ ਰਾਤ ਰਹਿਣ ਦਾ ਪ੍ਰੋਗਰਾਮ ਸੋਚਣ ਲੱਗੇ। ਕਈਆਂ ਦਾ ਖਿਆਲ ਸੀ ਕਿ ਕਟਾਣਾ ਸਾਹਿਬ ਅਤੇ ਰੇਰੂ ਸਾਹਿਬ ਦੇ ਦਰਸ਼ਨ ਕਰਦੇ ਹੋਏ ਆਲਮਗੀਰ ਪਹੁੰਚੀਏ। ਸਵੇਰੇ ਨਾਰੰਗਵਾਲ ਤੋਂ ਹੁੰਦੇ ਹੋਏ ਰਾੜਾ ਸਾਹਿਬ ਵਿਚੀਂ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਕਰਦੇ ਵਾਪਸ ਚੰਡੀਗੜ੍ਹ ਪਹੁੰਚੀਏ। ਅੱਜ ਦਾ ਸਫਰ ਕਾਫੀ ਲੰਮਾ ਹੋ ਗਿਆ ਸੀ। ਮੈਂ ਇਹ ਚਾਹੁੰਦਾ ਸੀ ਕਿ ਅੱਜ ਰਾੜੇ ਸਾਹਿਬ ਪੂਰਨਮਾਸ਼ੀ ਦਾ ਦੀਵਾਨ ਹੈ ਇਹ ਸਾਰੇ ਸਿੰਘ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨ ਅਤੇ ਆਪਣਾ ਸਮਾਂ ਪੂਰੀ ਤਰ੍ਹਾਂ ਸਫਲ ਕਰਨ। ਉਸ ਵੇਲੇ ਮੇਰੀ ਬੇਨਤੀ ਮੰਨੀ ਗਈ ਅਤੇ ਰਾੜੇ ਸਾਹਿਬ ਜਾਣ ਦਾ ਫੈਸਲਾ ਹੋ ਗਿਆ ਪਰ ਉਨ੍ਹਾਂ ਪ੍ਰੇਮੀਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਅਸਾਨੂੰ ਸੰਤ ਮਹਾਰਾਜ ਜੀ ਜਾਂਦਿਆਂ ਨੂੰ ਹੀ ਮਿਲ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਇਕੋ ਸਾਹ ਵਿਚ ਕਈ ਗੱਲਾਂ ਕਰ ਦਿਤੀਆਂ। ਇਕ ਨੇ ਕਿਹਾ ਕਿ ਉਥੇ ਪਹੁੰਚਦਿਆਂ ਹੀ ਥਕੇਵਾਂ ਲਾਹੁਣ ਲਈ ਗਰਮ-ਗਰਮ ਜਲ ਪੰਜ ਇਸ਼ਨਾਨੇ ਵਾਸਤੇ ਚਾਹੀਦਾ ਹੈ। ਦੂਸਰੇ ਨੇ ਕਿਹਾ ਕਿ ਜਲ ਦੇ ਨਾਲ ਸਰੋਂ ਦਾ ਤੇਲ ਵੀ ਚਾਹੀਦਾ ਹੈ, ਤੀਸਰੇ ਨੇ ਕਿਹਾ ਕਿ ਜਦੇ ਹੀ ਸਾਨੂੰ ਗਰਮ-ਗਰਮ ਦੁੱਧ ਮਿਲ ਜਾਣਾ ਚਾਹੀਦਾ ਹੈ, ਚੌਥੇ ਨੇ ਕਿਹਾ ਆਪਾਂ ਥੱਕੇ ਹੋਏ ਹਾਂ ਦੀਵਾਨ ਤਾਂ ਪੂਰੀ ਤਰ੍ਹਾਂ ਸੁਣ ਨਹੀਂ ਸਕਣਾ, ਨੀਂਦ ਆਵੇਗੀ ਇਸ ਥਕੇਵੇ ਨੂੰ ਲਾਹੁਣ ਲਈ ਜੇ ਸੌਣ ਲਈ ਕਮਰਾ ਮਿਲ ਜਾਵੇ ਫੇਰ ਬਹੁਤ ਠੀਕ ਹੋਵੇ। ਉਸ ਤੋਂ ਅਗਲੇ ਨੇ ਕਿਹਾ ਕਿ ਹੇਠਾਂ ਨੂੰ ਗਦੈਲੇ ਤੇ ਉਪਰ ਰਜਾਈਆਂ ਮਿਲ ਜਾਣ ਤਾਂ ਥਕੇਵਾਂ ਪੂਰੀ ਤਰ੍ਹਾਂ ਨਾਲ ਉਤਰ ਜਾਵੇ। ਇਸੇ ਤਰ੍ਹਾਂ ਨਾਲ ਇਕੱਲੇ-ਇਕੱਲੇ ਨੇ ਇਕ-ਇਕ ਸਵਾਲ ਮੈਨੂੰ ਲਿਖਾ ਦਿਤਾ ਅਤੇ ਕਹਿਣ ਲੱਗੇ ਕਿ ਮਹਾਂਪੁਰਸ਼ਾਂ ਤੋਂ ਇਨ੍ਹਾਂ ਪ੍ਰਸ਼ਨਾਂ ਦਾ ਸਮਾਧਾਨ

ਕਰਾਉਣਾ ਹੈ। ਜਦੋਂ ਅਸੀਂ ਚੰਡੀਗੜ੍ਹ ਤੋਂ ਚਲੇ ਸਾਂ ਤਾਂ ਇਕ ਪ੍ਰੇਮੀ ਭਾਈ ਕੁਲਦੀਪ ਸਿੰਘ ਜੀ ਜਿਹੜੇ ਕਿ ਸੇਵਾ ਮੁਕਤ ਹੋ ਕੇ property dealer ਰਹੇ, ਉਸ ਦੇ ਘਰੋਂ ਬੀਬੀ ਨੇ ਇਕ ਚਾਦਰ ਜੋ ਆਪ ਕੱਢੀ ਸੀ, ਉਹ ਚਾਦਰ ਉਸ ਨੇ ਨਾਲ ਦੇ ਕੇ ਕਿਹਾ ਕਿ ਮੇਰੀ ਚਾਦਰ ਮਹਾਰਾਜ ਜੀ ਹੇਠਾਂ ਵਿਛ ਜਾਣੀ ਚਾਹੀਦੀ ਹੈ। ਰੇਰੂ ਸਾਹਿਬ ਤੋਂ ਦੁਰਾਹੇ ਪਹੁੰਚਣ ਸਮੇਂ ਹਨ੍ਹੇਰਾ ਹੋ ਚੁਕਿਆ ਸੀ ਪਰ ਚੰਦ ਦੀ ਚਾਂਦਨੀ ਪੂਰੀ ਤਰ੍ਹਾਂ ਰਸਤਾ ਦਿਖਾ ਰਹੀ ਸੀ, ਦੁਰਾਹੇ ਮੈਂ ਰਜਵਾਂ ਦੁੱਧ ਪਿਲਾਇਆ। ਮੇਰੇ ਮਨ ਵਿਚ ਆਇਆ ਕਿ ਅੱਗੇ ਇਨ੍ਹਾਂ ਸਾਰਿਆਂ ਨੇ ਐਨੀ ਖੇਚਲ ਨਹੀਂ ਸੀ ਝੱਲੀ ਅਤੇ ਸਾਰੇ ਥੱਕ ਚੁਕੇ ਸਨ। ਇਸ ਤਰ੍ਹਾਂ ਕਰਦਿਆਂ ਜਦੋਂ ਰਾੜੇ ਸਾਹਿਬ ਪਹੁੰਚੇ ਤਾਂ ਉਸ ਸਮੇਂ ਸੰਤ ਮਹਾਰਾਜ ਜੀ ਦਾ ਦੀਵਾਨ ਤੇ ਜਾਣ ਦਾ ਸਮਾਂ ਹੋ ਚੁਕਿਆ ਸੀ। ਮੈਂ ਕਿਹਾ, ਪ੍ਰੇਮੀਓਂ! ਆਪਾਂ ਨੇ ਦੁਰਾਹੇ ਦੇਰ ਲਾ ਦਿਤੀ, ਸੰਤ ਮਹਾਰਾਜ ਜੀ ਦਾ ਸਮਾਂ ਹੋ ਚੁਕਿਆ ਹੈ ਉਹ ਦੀਵਾਨ ਤੇ ਹਮੇਸ਼ਾ ਪੂਰੇ ਟਾਈਮ ਤੇ ਚਲੇ ਜਾਂਦੇ ਹਨ ਪਰ ਮੇਰੇ ਮਨ ਵਿਚ ਪੂਰਾ ਵਿਸ਼ਵਾਸ਼ ਹੈ ਕਿ ਉਹ ਅਸਾਡਾ ਇੰਤਜ਼ਾਰ ਕਰ ਰਹੇ ਹਨ। ਸਾਇਕਲ ਰੱਖੇ, ਜਦੋਂ ਭੋਰੇ ਸਾਹਿਬ ਵਲ ਗਏ, ਅਸਾਡੇ ਜਾਣ ਤੋਂ ਪਹਿਲਾਂ ਹੀ ਸੇਵਾਦਾਰ ਨੇ ਦਰਵਾਜ਼ਾ ਖੋਲ੍ਹ ਦਿਤਾ। ਰਾਤ ਦੇ 9 ਵਜ ਚੁਕੇ ਸਨ। ਉਸ ਨੇ ਕਿਹਾ ਕਿ ਸੰਤ ਮਹਾਰਾਜ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ, ਇਹ ਸੁਣ ਕੇ ਸਾਰੇ ਹੈਰਾਨ ਹੋ ਗਏ। ਉਹ ਕਹਿਣ ਲੱਗਿਆ, ਜ਼ਰਾ ਠਹਿਰੋ। ਬਾਥਰੂਮ ਵਲ ਲੈ ਗਿਆ ਜਿਥੇ ਤਾਜ਼ੇ ਪਾਣੀ ਦੀ ਕੁੰਡ ਭਰੀ ਹੋਈ ਸੀ। ਅਸੀਂ ਅਜੇ ਪੰਜ ਇਸ਼ਨਾਨਾ ਕਰਨ ਵਾਸਤੇ ਪੈਂਟਾਂ ਲਾਹੀਆਂ ਹੀ ਸਨ ਉਸੇ ਸਮੇਂ ਜਲ ਦੇ ਭਰੇ ਹੋਏ ਗਰਮ-ਗਰਮ ਬਾਲਟੇ ਆ ਗਏ। ਨਾਲ ਹੀ ਤੇਲ ਆ ਗਿਆ ਅਤੇ ਕਹਿਣ ਲੱਗੇ ਲਓ, ਪੰਜ ਇਸ਼ਨਾਨੇ ਕਰੋ ਤੇ ਅੰਦਰ ਆ ਜਾਵੋ। ਹੱਥ ਮੂੰਹ ਧੋ ਕੇ ਹੀ ਹਟੇ ਤਾਂ ਉਸੇ ਵੇਲੇ ਗਰਮ-ਗਰਮ ਦੁੱਧ ਦੀ ਬਾਲਟੀ ਆ ਗਈ। ਅਸੀਂ ਹੈਰਾਨ ਸਾਂ ਕਿ ਅਸੀਂ ਤਾਂ ਬਹੁਤ ਗਰੀਬ ਆਦਮੀ ਹਾਂ। ਸੰਤ ਮਹਾਰਾਜ ਜੀ ਨੇ ਸਾਡੇ ਹਿਰਦਿਆਂ ਦੀ ਗੱਲ ਜਾਣ ਕੇ ਪਹਿਲਾਂ ਹੀ ਇੰਤਜ਼ਾਮ ਕਰ ਰਖਿਆ ਸੀ। ਅਸੀਂ ਭੋਰਾ ਸਾਹਿਬ ਅੰਦਰ ਚਲੇ ਗਏ, ਨਮਸ਼ਕਾਰ ਕੀਤੀ। ਸੰਤ ਮਹਾਰਾਜ ਜੀ ਨੇ ਉਸੇ ਵੇਲੇ ਬਚਨ ਕਰਨੇ ਸ਼ੁਰੂ ਕਰ ਦਿਤੇ। ਅਸਾਡੇ ਸਾਰੇ ਪ੍ਰਸ਼ਨਾਂ ਦਾ ਸਮਾਧਾਨ ਹੋ ਗਿਆ। ਸਾਰੇ ਇਕ ਦੂਸਰੇ ਵਲ ਦੇਖ ਰਹੇ ਸਨ ਆਪ ਨੇ ਫੁਰਮਾਇਆ ਕਿ ਅਸੀਂ ਅੱਜ ਦੀਵਾਨ ਵਿਚ ਲੇਟ ਹਾਂ ਹੋਰ ਕੋਈ ਤੁਹਾਡਾ ਪ੍ਰਸ਼ਨ ਹੈ ਤਾਂ ਪੁਛੋ। ਤਾਂ ਉਸ ਵੇਲੇ ਜੇਬ ਵਿਚੋਂ ਮੈਂ ਕਾਗਜ਼ ਕੱਢ ਲਿਆ ਜਿਸ ਵਿਚ ਪ੍ਰਸ਼ਨ ਲਿਖੇ ਹੋਏ ਸਨ। ਜਦੋਂ ਪੜ੍ਹਨ ਲੱਗਿਆ ਤਾਂ ਆਪ ਨੇ ਕਾਗਜ਼ ਮੇਰੇ ਹੱਥ 'ਚੋਂ ਫੜ ਲਿਆ, ਆਪ ਨੇ ਪੜ੍ਹ ਕੇ ਕਿਹਾ ਕਿ ਇਹ ਤਾਂ ਸਾਰੇ ਬਚਨ ਆਪਾਂ ਕਰ ਚੁਕੇ ਹਾਂ। ਐਨੇ ਨੂੰ ਆਪ ਨੇ ਜੋਗਿੰਦਰ ਸਿੰਘ ਵਲ ਇਸ਼ਾਰਾ ਕਰਕੇ ਕਿਹਾ ਕਿ ਜੋਗਿੰਦਰ ਸਿੰਘ। ਜੋਗਿੰਦਰ ਸਿੰਘ ਨੇ ਉਸੇ ਵੇਲੇ ਝੋਲੇ ਵਿਚੋਂ ਚਾਦਰ ਕੱਢੀ। ਸੰਤ ਮਹਾਰਾਜ ਜੀ ਪਲੰਘ ਤੋਂ ਉਤਰ ਕੇ ਕਹਿਣ ਲੱਗੇ ਕਿ ਇਹ ਚਾਦਰ ਅਸਾਡੇ ਪਲੰਘ ਤੇ ਵਿਛਾ ਦੇਵੋ। ਸਾਰੇ ਪ੍ਰੇਮੀ ਵੱਖੋ-ਵੱਖਰੀਆਂ ਸੰਪਰਦਾਵਾਂ ਨਾਲ ਸਬੰਧ ਰਖਦੇ ਸਨ ਇਨ੍ਹਾਂ ਵਿਚੋਂ ਸੰਤਾਂ ਉਪਰ ਸਖਤ ਕਿਸਮ ਦੀ ਤਰਕ ਕਰਨ ਵਾਲੇ ਵੀ ਸਨ ਅਤੇ ਸੀਸ ਝੁਕਾ ਕੇ ਕਹਿਣ ਲੱਗੇ, "ਮਹਾਰਾਜ ਜੀ! ਅਸੀਂ ਆਪ ਦਾ ਬਹੁਤ ਸਮਾਂ ਲਿਆ ਹੈ। ਅਸਾਨੂੰ ਇਸ ਲਈ ਖਿਮਾ ਕਰੋ, ਅਸੀਂ ਸਵੇਰੇ ਹੀ ਜਾਣਾ ਹੈ, ਸਾਨੂੰ ਆਗਿਆ ਵੀ ਦੇਵੋ।" ਐਨੇ ਨੂੰ ਇਕ ਸੇਵਾਦਾਰ ਆ ਗਿਆ। ਸੰਤ ਮਹਾਰਾਜ ਜੀ ਨੇ ਕਿਹਾ ਕਿ ਇਹ ਬਾਬੂ ਲੋਕ ਹਨ, ਚੰਡੀਗੜ੍ਹ ਵਿਚ ਰਹਿੰਦੇ ਹਨ, ਸੋਹਲ ਬਹੁਤ ਹਨ ਇਨ੍ਹਾਂ ਨੂੰ ਗਦੈਲੇ ਵੀ ਦੇਣੇ ਅਤੇ ਤਲਾਈਆਂ ਵੀ ਦੇਣੀਆਂ; ਬੰਦੋਬਸਤ ਕਰ ਲਿਆ? ਸੇਵਾਦਾਰ ਕਹਿਣ ਲੱਗਿਆ ਕਿ ਆਪ ਦੇ ਹੁਕਮ ਅਨੁਸਾਰ ਅਸੀਂ ਕਮਰੇ ਵਿਚ ਪਰਾਲੀ ਵਿਛਾਈ ਹੈ, ਉਤੇ ਤਲਾਈਆਂ ਵਿਛਾਈਆਂ ਹਨ, ਰਜ਼ਾਈਆਂ ਹਰ ਬਿਸਤਰੇ ਤੇ ਰੱਖ ਦਿਤੀਆਂ ਹਨ। ਕਮਰੇ ਦਾ ਨੰਬਰ ਦਸ ਦਿਤਾ। ਸੰਤ ਮਹਾਰਾਜ ਜੀ ਦੀਵਾਨ ਵਿਚ ਚਲੇ ਗਏ, ਅਸੀਂ ਸਾਰੇ ਹੈਰਾਨ ਹੋ ਰਹੇ ਸਾਂ ਕਿ ਐਨੇ ਮਹਾਨ ਪਦਵੀ ਦੇ ਮਾਲਕ ਆਪਣੇ ਆਪ ਨੂੰ ਬਿਲਕੁਲ ਹੀ ਨਹੀਂ ਦਰਸਾਉਂਦੇ, ਗੁਪਤ ਵਰਤ ਰਹੇ ਹਨ।

ਸੋ ਇਸ ਤਰ੍ਹਾਂ ਆਪ ਦੇ ਜੀਵਨ ਵਿਚ ਅਨੇਕ ਕਥਾਵਾਂ ਹਨ ਜੋ ਇਸੇ ਆਸ਼ੇ ਨਾਲ ਸਬੰਧ ਰਖਦੀਆਂ ਹਨ। ਆਪ ਜੀ ਅਕਸਰ ਕਿਹਾ ਕਰਦੇ ਸਨ ਕਿ ਇਸ ਸਰੀਰ ਦੀ ਆਯੂ 70 ਸਾਲ ਦੀ ਹੈ, ਨਾਲ ਹੀ ਕਹਿ ਦਿਆ ਕਰਦੇ ਸਨ ਕਿ ਭਾਈ

ਖੁਦਾ ਕੀ ਬਾਤੇਂ ਖੁਦਾ ਹੀ ਜਾਣੇ। ਇਹ ਕਹਿ ਕੇ ਫੇਰ ਭਰਮ ਪਾ ਦਿਆ ਕਰਦੇ ਸਨ। ਆਪ ਨੇ ਜਦੋਂ ਸਰੀਰ ਛੱਡਣਾ ਸੀ ਉਸ ਸਮੇਂ ਆਪ ਜਦੋਂ ਇੰਗਲੈਂਡ ਨੂੰ ਜਾ ਰਹੇ ਸਨ, ਮੈਂ ਦਰਸ਼ਨ ਕਰਨ ਲਈ ਗਿਆ। ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ! ਅਸਾਡੀ ਸੰਗਤ ਨੇ ਇਕ ਕ੍ਰੋੜ ਮੂਲਮੰਤ੍ਰ ਦਾ ਪਾਠ ਕਰ ਲਿਆ ਹੈ ਉਨ੍ਹਾਂ ਨੂੰ ਆਪ ਕ੍ਰਿਪਾ ਕਰਕੇ ਨਾਮ ਜਪਣ ਦੀ ਜੁਗਤ ਦਸ ਦੇਵੋ, ਉਸ ਵੇਲੇ ਸੰਤ ਮਹਾਰਾਜ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਹਾਪੜ ਲੈ ਆਵੋ ਪਰ ਹਾਪੜ ਜਾਣ ਦੀ ਤਰੀਕ ਕੋਈ ਨਿਸ਼ਚਿਤ ਨਹੀਂ ਸੀ ਉਨ੍ਹਾਂ ਦੇ ਗੜ੍ਹਵਾ ਬਰਦਾਰ ਅਰਦਲੀ ਕਹਿ ਰਹੇ ਸਨ ਕਿ ਮਹਾਰਾਜ ਜੀ ਪਤਾ ਨਹੀਂ 17 ਨੂੰ ਜਾਣਾ ਹੈ ਜਾਂ 18 ਨੂੰ ਜਾਣਾ ਹੈ। ਕੋਈ ਫੈਸਲਾ ਨਾ ਹੋ ਸਕਿਆ, ਮੈਂ ਜਦੋਂ ਨਮਸ਼ਕਾਰ ਕਰਕੇ ਬਾਹਰ ਨਿਕਲਣ ਲੱਗਿਆ ਤਾਂ ਆਪ ਨੇ ਫਿਰ ਬੁਲਾ ਲਿਆ। ਕਹਿਣ ਲੱਗੇ ਕਿ ਨਾਮ ਦੀ ਜੁਗਤ ਤੂੰ ਹੀ ਦੱਸ ਦੇ। ਮੈਂ ਕਿਹਾ, "ਸੱਚੇ ਪਾਤਸ਼ਾਹ! ਮੇਰੇ ਗਰੀਬ ਦੀ ਕੀ ਤਾਕਤ ਹੈ ਕਿ ਮੈਂ ਕਿਸੇ ਨੂੰ ਜੁਗਤ ਦੱਸਾਂ, ਪਹਿਲਾਂ ਸਾਧਕ ਦੇ ਸਾਰੇ ਪਾਪ ਖਿਚਣੇ ਪੈਂਦੇ ਹਨ ਫੇਰ ਜੁਗਤ ਦੱਸੀਦੀ ਹੈ, ਉਹ ਫਲੀਭੂਤ ਹੋਵੇ ਜਾਂ ਨਾ, ਇਹ ਤਾਂ ਆਪ ਮਹਾਂਪੁਰਸ਼ਾਂ ਦਾ ਕੰਮ ਹੋਇਆ ਕਰਦਾ ਹੈ। ਅਸੀਂ ਤਾਂ ਰੂਹਾਨੀ ਮਾਰਗ ਵਿਚ ਬਹੁਤ ਹੀ ਗਰੀਬ ਹਾਂ।" ਉਸ ਸਮੇਂ ਆਪ ਗੰਭੀਰ ਹੋ ਗਏ ਅਤੇ ਕਹਿਣ ਲੱਗੇ ਕਿ ਇਕ ਬੰਦੋਬਸਤ ਕਰ ਲੈਂਦੇ ਹਾਂ, ਤੁਸੀਂ ਮੈਨੂੰ ਆਪਣਾ ਸਰੀਰ ਦੇ ਦਿਆ ਕਰੋ ਫੇਰ ਮੈਂ ਆਪੇ ਹੀ ਜੋ ਕੁਝ ਕਰਨਾ ਹੈ ਕਰਾਂਗਾ। ਇਹ ਸੁਣ ਕੇ ਮੈਨੂੰ ਕੁਝ ਵੀ ਸਮਝ ਨਾ ਆਈ। ਕੇਵਲ ਐਨਾ ਹੀ ਕਿਹਾ ਕਿ ਮਹਾਰਾਜ ਜੀ! ਸਰੀਰ ਤਾਂ ਆਪ ਦਾ ਪਹਿਲਾਂ ਹੀ ਹੈ। ਆਪ ਦਾ ਹੀ ਤਨ, ਮਨ ਹੈ, ਧਨ ਹੈ ਮੈਂ ਤਾਂ ਇਕ ਟਰੱਸਟੀ ਦੇ ਤੌਰ ਤੇ ਸਰੀਰ ਵਿਚ ਵਰਤ ਰਿਹਾ ਹਾਂ। ਆਪ ਨੇ ਫੁਰਮਾਇਆ ਕਿ ਫੇਰ ਤਾਂ ਕੋਈ ਗੱਲ ਰਹੀ ਹੀ ਨਾ, ਅਸੀਂ ਜਾਣੀਏ ਅਸਾਡਾ ਕੰਮ। ਮੈਨੂੰ ਇਨ੍ਹਾਂ ਬਚਨਾਂ ਦੀ ਗੰਭੀਰਤਾ ਬਿਲਕੁਲ ਹੀ ਸਮਝ ਨਾ ਆਈ ਕਿ ਸੰਤ ਮਹਾਰਾਜ ਜੀ ਨੇ ਐਡਾ ਬਚਨ ਕਿਉਂ ਕਹਿ ਦਿਤਾ ਪਰ ਜਦੋਂ ਆਪ ਨੇ ਇੰਗਲੈਂਡ ਜਾ ਕੇ ਸਰੀਰ ਛੱਡ ਦਿਤਾ ਤਾਂ ਇਕ ਸਾਲ ਤਾਂ ਮੇਰਾ ਰੋਂਦੇ ਦਾ ਲੰਘ ਗਿਆ, ਹਰ ਵਕਤ ਅੱਖਾਂ ਭਰੀਆਂ ਰਹਿੰਦੀਆਂ ਸਨ। ਹਉਕੇ ਆਉਂਦੇ ਰਹਿੰਦੇ ਸਨ, ਮੇਰਾ ਗਿਆਨ-ਗਿਉਨ ਪਤਾ ਨਹੀਂ ਕਿਧਰ ਚਲਿਆ ਗਿਆ। ਸਰੀਰਕ ਵਿਛੋੜਾ ਸਹਿਣ ਨਹੀਂ ਸੀ ਹੋ ਰਿਹਾ ਪਰ ਜਿਉਂ-ਜਿਉਂ ਸਮਾਂ ਲੰਘਦਾ ਗਿਆ ਤਿਉਂ-ਤਿਉਂ ਇਹ ਭਾਵਨਾ ਬਣਦੀ ਹੀ ਗਈ ਕਿ ਆਪ ਤਾਂ ਸਰੀਰ ਤੋਂ ਓਹਲੇ ਹੋਏ ਹਨ, ਪਰ ਆਪ ਨੇ ਆਪਣਾ ਕੰਮ ਆਪ ਹੀ ਕਰਨਾ ਹੈ। ਆਪ ਜੀ ਨੂੰ ਸਾਰਾ ਪਤਾ ਸੀ ਕਿ ਅਸੀਂ ਇੰਗਲੈਂਡ ਜਾ ਕੇ ਸਰੀਰ ਛੱਡ ਦੇਣਾ ਹੈ। ਗਿਆਨੀ ਮੋਹਨ ਸਿੰਘ ਜੀ 'ਅਜ਼ਾਦ' ਨੇ ਇਸ ਦਾ ਵਰਣਨ ਖੋਲ੍ਹ ਕੇ ਕੀਤਾ ਹੈ। ਸੋ ਇਕੋ ਹੀ ਗੱਲ ਕਹਿਣੀ ਬਣਦੀ ਹੈ ਕਿ ਆਪ ਸਭ ਕੁਝ ਜਾਣਦੇ ਹੋਏ ਪੂਰੀ ਤਰ੍ਹਾਂ ਛੁਪਾ ਕੇ ਰਖਦੇ ਸਨ। ਕਦੇ-ਕਦੇ ਐਸਾ ਵੀ ਫੁਰਮਾਨ ਕਰ ਦਿਆ ਕਰਦੇ ਸਨ ਕਿ ਅਜ ਅਖੌਤੀ ਸੰਤ ਬਜ਼ਾਰੀ ਕੰਜਰੀਆਂ ਵਾਂਗੂੰ ਆਪਣੀ ਕਰਨੀ ਕਮਾਈ ਦਾ ਹੋਕਾ ਦਿੰਦੇ ਹਨ, ਇਕ ਰਾਈ ਦੀ ਪ੍ਰਾਪਤੀ ਕਰਕੇ ਇਕ ਮਣ ਦਸਦੇ ਹਨ। ਫੇਰ ਆਪ ਕਿਹਾ ਕਰਦੇ ਸਨ ਕਿ ਪਹਿਲੇ ਮਹਾਂਪੁਰਸ਼ ਇਕ ਮਣ ਦੀ ਪ੍ਰਾਪਤੀ ਕਰਕੇ ਇਕ ਰਾਈ ਹੀ ਪ੍ਰਗਟ ਕਰਿਆ ਕਰਦੇ ਸਨ। ਆਪ ਪੂਰੀ ਤਰ੍ਹਾਂ ਨਾਲ ਵਾਹਿਗੁਰੂ ਜੀ ਵਿਚ ਅਭੇਦ ਹੁੰਦੇ ਹੋਏ ਕੁਝ ਵੀ ਪ੍ਰਗਟ ਨਹੀਂ ਕਰਿਆ ਕਰਦੇ ਸਨ ਅਤੇ ਨਾ ਹੀ ਕੋਈ ਭੇਤ ਦਿਆ ਕਰਦੇ ਸਨ। ਇਹ ਆਪ ਦੀ ਵਡੱਤਣ ਹੈ ਜੋ ਅਸਾਡੇ ਵਰਗੇ ਜੀਵਾਂ ਲਈ ਪੱਥ ਪ੍ਰਦਰਸ਼ਨ ਕਰਾਉਂਦੀ ਹੈ। ਸੋ ਆਪ ਜੀ ਦੇ ਜੀਵਨ ਵਿਚ ਜੋ ਕੁਝ ਕੌਤਕ ਵਰਤੇ ਉਹ ਪ੍ਰਗਟ ਕਰਦੇ ਹਨ ਇਸ ਮਹਾਂਵਾਕ ਨੂੰ -

***ਸਬਰ ਅੰਦਰਿ ਸਾਬਰੀ***
***ਤਨੁ ਏਵੈ ਜਾਲੇਨਿ॥***
***ਹੋਨਿ ਨਜੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ॥***

***ਅੰਗ - 1384***

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ

### ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ

## ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

### ਰਤਵਾੜਾ ਸਾਹਿਬ ਉਪਲੱਬਧ ਹਨ।

| ਪੁਸਤਕ ਦਾ ਨਾਮ | ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|---|
| 1. ਸੁਰਤਿ ਸਬਦਿ ਮਾਰਗ | 120/- | 70/- | 150/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- | 70/- |
| 3. ਬਾਤ ਅਗੰਮ ਕੀ | 400/- | 235/- | 270/- |
| 4. ਕਿਵ ਸਚਿਆਰਾ ਹੋਈਐ - 1 | 30/- | 35/- | 80/- |
| 5. ਕਿਵ ਸਚਿਆਰਾ ਹੋਈਐ - 2 | 60/- | 65/- | 80/- |
| 6. ਕਿਵ ਸਚਿਆਰਾ ਹੋਈਐ - 3 | 100/- | 100/- | 110/- |
| 7. ਹੋਵੈ ਅਨੰਦੁ ਘਣਾ | | 30/- | |
| 8. ਚਉਥੈ ਪਹਰਿ ਸਬਾਹ ਕੈ | 55/- | 60/- | 70/- |
| 9. ਸੁਰਤਿਆਂ ਉਪਜੈ ਚਾਉ | 55/- | 60/- | |
| 10. ਬਾਬਾਣੀਆਂ ਕਹਾਣੀਆਂ | 50/- | 50/- | |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- | 10/- |
| 12. ਅੰਮ੍ਰਿਤ ਫੁਹਾਰ | | 10/- | |
| 13. ਅਗੰਮ ਅਗੋਚਰ ਦਾ ਮਾਰਗ | 60/- | 70/- | |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- | |
| 15. ਅਮਰ ਜੋਤਾਂ | 20/- | 15/- | 20/- |
| 16. ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | | |
| 17. ਅਮਰ ਗਾਥਾ | 200/- | 100/- | |
| 18. ਧਰਮ ਯੁਧ ਕੇ ਚਾਇ | 50/- | | |
| 19. ਪਵਿੱਤਰ ਪੈਂਡਾ | 25/- | | |
| 20. ਭਗਤ ਪ੍ਰਹਿਲਾਦ | 10/- | 10/- | |
| 21. ਵੈਸਾਖੀ | 10/- | 10/- | |
| 22. ਰਾਜ ਯੋਗ | | | |
| 23. ਸਾਜਨ ਚਲੇ ਪਿਆਰਿਆ | 10/- | 10/- | |

| ਪੁਸਤਕ ਦਾ ਨਾਮ | ਪੰਜਾਬੀ | ਅੰਗਰੇਜ਼ੀ |
|---|---|---|
| 24. ਅਬਿਨਾਸੀ ਜੋਤ ਭਾਗ - 1 | 90/- | |
| 25. ਅਬਿਨਾਸੀ ਜੋਤ ਭਾਗ - 2 | 90/- | |
| 26. ਰੂਹਾਨੀ ਗੁਲਦਸਤਾ ਭਾਗ - 1 | 60/- | |
| 27. ਰੂਹਾਨੀ ਗੁਲਦਸਤਾ ਭਾਗ - 2 | 60/- | |
| 28. ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 29. ਅੰਮ੍ਰਿਤ ਬਚਨ ਸਾਧ ਕੀ ਬਾਣੀ | | |
| 30. ਗੁਰੂ ਅਮਰਦਾਸ ਪਰਸੀਐ | | |
| 31. ਭਗਵਤ ਗੀਤਾ............। | 100/- | |
| 32. ਅਨੰਦਮਈ ਜੀਵਨ ਜਾਚ | 50/- | |
| 33. ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 25/- | |
| 34. ਅਨੁਭਵੀ ਪ੍ਰਵਚਨ | 50/- | |
| 35. ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | 35/- | |
| 36. ਅੰਦਰਲੀ ਖੋਜ | | |
| 37. ਸਿਮਰਤ ਕਹਾਂ ਨਹੀਂ | 135/- | 200/- |
| 38. ਰੂਹਾਨੀ ਪ੍ਰਵਚਨ | 35/- | |
| 39. 'ਸੇਵਾ ਸਿਮਰਨ ਜੁਗਤੀਆਂ | 250/- | |
| 40. 'ਮਾਨੁਖ ਤਨ ਦਾ ਪ੍ਰਯੋਜਨ' | | |
| 41. 'ਯੋਗਾ ਉਪਰ ਲੈਕਚਰ' | | |
| 42. 'ਕਰਮ ਬੰਧਨ ਤੋਂ ਮੁਕਤੀ' | | |
| 43. ਜੀਵਨ ਜੁਗਤਿ | | |
| 44. ਮਾਰਗ ਚੋਣ | 60/- | |
| 45. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ , ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਉਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9592009106, 9417214379 ਤੇ ਸੂਚਿਤ ਕਰ ਸਕਦੇ ਹੋ ।**

**Bank : Punjab & Sind Bank**
**S/B A/C No. 12861000000003,**
**RTGS/IFSC Code - PSIB0021286**
**Branch Code - C1286**

**Our Address: VGRMCT,**

**Gurdwara Ishar Parkash, Ratwara Sahib,**
**(Near Chandigarh) P.o. Mullanpur Garibdas,**
**Teh. Kharar, Distt. S.A.S Nagar (Mohali) 140901, Pb. India**

## ਸੰਸਥਾ ਦੇ ਉਦੇਸ਼

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਰਾਹੀਂ ਪ੍ਰੇਰਣਾ ਦੇ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਦੇ ਲੜ ਲਾਉਣਾ।
2. ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਨਿਰੂਪਣ ਕਰਨ ਲਈ, ਧਾਰਮਿਕ ਵਿਦਿਆ ਅਤੇ ਗੁਰਮਤਿ ਸੰਗੀਤ (ਕੀਰਤਨ) ਲਈ ਵਿਦਿਆਲੇ ਖੋਲ੍ਹਣਾ।
3. ਸਿੱਖ ਇਤਿਹਾਸ ਅਤੇ ਸਮੂਹ ਮਹਾਂਪੁਰਸ਼ਾਂ ਦੇ ਜੀਵਨ ਤੇ ਹੋਰ ਧਰਮਾਂ ਦੇ ਅਧਿਐਨ ਸਬੰਧੀ ਵਿਦਿਅਕ ਅਦਾਰਾ ਸਥਾਪਿਤ ਕਰਨਾ।
4. ਵਿਦਿਆ ਅਤੇ ਖੇਡਾਂ ਦੇ ਖੇਤਰ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ। ਉੱਚ ਦਰਜੇ ਦੀ ਵਿਦਿਆ ਲਈ ਸਕੂਲ ਅਤੇ ਕਾਲਜ ਖੋਲ੍ਹਣੇ।
5. ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਹਰਿਆਲੀ ਭਰਪੂਰ ਕਰਨਾ।
6. ਗਰੀਬ, ਅਪਾਹਜ, ਬੇਸਹਾਰਾ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਵਰਗਾਂ ਲਈ ਲੋੜੀਂਦੀ ਸਹਾਇਤਾ ਦੇਣਾ।
7. ਸਮਾਜ ਦੇ ਸਾਰੇ ਵਰਗਾਂ ਦੇ ਲੋੜਵੰਦਾਂ ਲਈ ਫਰੀ ਦਵਾਈਆਂ ਅਤੇ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨਾ।
8. ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਦੀਆਂ ਸ਼ਾਦੀਆਂ ਲਈ ਆਰਥਿਕ ਸਹਾਇਤਾ ਤੇ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਕਰਨਾ।
9. ਮਰੀਜ਼ਾਂ ਦੇ ਸੁਚੱਜੇ ਇਲਾਜ ਲਈ ਆਧੁਨਿਕ ਤਕਨੀਕ ਨਾਲ ਲੈਸ ਹਸਪਤਾਲ ਸਥਾਪਿਤ ਕਰਨਾ।
10. ਕੁਦਰਤੀ ਆਫਤਾਂ ਸਮੇਂ ਲੋੜਵੰਦਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ।
11. ਭਰੂਣ ਹੱਤਿਆ ਦੇ ਘੋਰ ਪਾਪ ਤੋਂ ਬਚਣ ਲਈ ਸਮਾਜ ਨੂੰ ਗੁਰਮਤਿ ਸਿਧਾਂਤਾਂ ਰਾਹੀਂ ਜਾਗਰੂਕ ਕਰਕੇ ਇਸਨੂੰ ਠੱਲ੍ਹ ਪਾਉਣੀ।
12. ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਤੋਂ ਛੁਟਕਾਰਾ ਦਿਵਾ ਕੇ ਉਹਨਾਂ ਨੂੰ ਸਿੱਖੀ ਦੇ ਅਮੀਰ ਵਿਰਸੇ ਨਾਲ ਜੋੜਨਾ।
13. ਦੇਸ਼ ਤੇ ਵਿਦੇਸ਼ ਵਿਚ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੋੜਨਾ।
14. ਰੁਜਗਾਰ ਪੱਖੋਂ ਆਤਮ ਨਿਰਭਰ ਬਣਨ ਲਈ ਵੱਖ-ਵੱਖ ਕਿੱਤਾਮਈ ਕੋਰਸਾਂ ਦੀ ਫਰੀ ਸਿਖਲਾਈ ਦੇਣੀ।

# ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਪੱਕੇ ਦੀਵਾਨ ਅਤੇ ਸਾਲਾਨਾ ਗੁਰਮਤਿ ਸਮਾਗਮ

## ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਗੱਦੀ ਪੁਰਬ, ਜੋਤੀ ਜੋਤ ਅਤੇ ਸ਼ਹੀਦੀ ਦਿਵਸ

1. **ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ (ਮੋਹਾਲੀ) ਤੇ ਬਾਕੀ ਤਿੰਨ ਐਤਵਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ। (ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।)**
2. **ਸੰਗਰਾਂਦ - ਰਤਵਾੜਾ ਸਾਹਿਬ (ਸਮਾਂ ਸਵੇਰੇ 5.30 ਵਜੇ ਤੋਂ 8.30 ਵਜੇ ਤੱਕ)**
3. **ਪੂਰਨਮਾਸ਼ੀ - ਰਤਵਾੜਾ ਸਾਹਿਬ (ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**
4. **ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।**
5. **ਪੂਰਨਮਾਸ਼ੀ - ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ), (ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

## ਸਾਲਾਨਾ ਗੁਰਮਤਿ ਸਮਾਗਮ

6. **ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਪਵਿੱਤਰ ਜਨਮ ਦਿਹਾੜਾ - 17 ਜੂਨ**
7. **ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦਾ ਪਵਿੱਤਰ ਜਨਮ ਦਿਹਾੜਾ - 8 ਅਗਸਤ**
8. ਸੱਚਖੰਡ ਵਾਸੀ ਸ਼੍ਰੀ ਮਾਨ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਮਿੱਠੀ ਯਾਦ ਵਿਚ 'ਮਹਾਨ ਗੁਰਮਤਿ ਰੂਹਾਨੀ ਸਮਾਗਮ' - 30, 31 ਅਕਤੂਬਰ ਅਤੇ 1,2 ਨਵੰਬਰ
9. ਸੱਚਖੰਡ ਵਾਸੀ ਸ਼੍ਰੀ ਸੰਤ ਬਾਬਾ ਖੁਦਾ ਸਿੰਘ ਜੀ ਦੇ ਬਰਸੀ ਸਮਾਗਮ ਮਿਤੀ ੨੯,੩੦,੩੧ ਜੁਲਾਈ ਨੂੰ ਨਿਰਮਲ ਡੇਰਾ ਹਿਰਦਾਪੁਰ ਖੇੜੀ ਵਿਖੇ ਮਨਾਏ ਜਾਂਦੇ ਹਨ।

## ਸੰਸਥਾ ਵਲੋਂ ਸੰਚਾਲਿਤ ਵੱਖ-ਵੱਖ ਅਦਾਰੇ ਅਤੇ ਉਨ੍ਹਾਂ ਰਾਹੀਂ ਚੱਲ ਰਹੀਆਂ ਸੇਵਾਵਾਂ

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ** - ਰੋਜ਼ਾਨਾ ਹੁੰਦੇ ਨਿਤਨੇਮ, ਨਾਮ-ਅਭਿਆਸ, ਗੁਰਬਾਣੀ ਦੇ ਪਾਠ, ਵਿਆਖਿਆ, ਕੀਰਤਨ ਆਸਾ ਦੀ ਵਾਰ, ਦੇਸ਼-ਪ੍ਰਦੇਸ਼ ਵਿਚੋਂ ਸੰਗਤਾਂ ਵੱਲੋਂ ਕਰਵਾਏ ਜਾਂਦੇ ਸਹਿਜ ਤੇ ਅਖੰਡ ਪਾਠ ਸਾਹਿਬ, ਅੰਮ੍ਰਿਤ ਸੰਚਾਰ, ਗੁਰਪੁਰਬ, ਗੁਰਮਤਿ ਕੈਂਪ, ਦੇਸ਼ਾਂ-ਵਿਦੇਸ਼ਾਂ ਵਿਚ ਧਾਰਮਿਕ ਦੀਵਾਨ ਸਜਾਉਣੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ।

**ਆਤਮ ਮਾਰਗ** - ਗੁਰਮਤਿ ਸਿਧਾਂਤਾਂ ਦੇ ਪ੍ਰਸਾਰ ਲਈ ਰੂਹਾਨੀ ਮਹੀਨਾ ਵਾਰ ਮੈਗਜ਼ੀਨ, ਅਪ੍ਰੈਲ **1995** ਤੋਂ ਸੰਚਾਲਿਤ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ), ਪੁਸਤਕਾਂ, ਆਡੀਉ, ਵੀਡੀਉ ਸੀਡੀਜ਼।

## ਵਿਦਿਅਕ ਅਦਾਰੇ

1. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE)
2. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ - ਇਸ ਵਿਚ ਇਲਾਕੇ ਦੀਆਂ ਬੀਬੀਆਂ ਨੂੰ ਬਿਨਾਂ ਫੀਸ ਤੋਂ ਸਿਲਾਈ, ਕਢਾਈ ਅਤੇ ਬੁਣਤੀ ਇਤਿਆਦਿ ਵਿਚ ਨਿਪੁੰਨਤਾ ਅਤੇ ਆਤਮ ਨਿਰਭਰ ਹੋਣ ਦੀ ਯੋਗਤਾ ਦਿਤੀ ਜਾਂਦੀ ਹੈ। ਇਸ ਸਮੇਂ 100 ਤੋਂ ਵੱਧ ਬੀਬੀਆਂ ਸਿੱਖਿਆ ਲੈ ਰਹੀਆਂ ਹਨ ਜਿਨ੍ਹਾਂ ਦਾ ਟਰਾਂਸਪੋਰਟ ਪ੍ਰਬੰਧ ਵੀ ਸੰਸਥਾ ਵਲੋਂ ਫਰੀ ਕੀਤਾ ਜਾ ਰਿਹਾ ਹੈ।
3. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB)
4. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
5. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐਡ ਕਾਲੇਜ)

   ਇਨ੍ਹਾਂ ਅਦਾਰਿਆਂ ਵਿਚ ਬੱਚਿਆਂ ਨੂੰ ਉਚੇਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਤੇ ਸੁਚੱਜਾ ਸਫਲ ਜੀਵਨ ਜਿਉਣ ਦੀ ਕਲਾ ਵੀ ਸਿਖਾਈ ਜਾਂਦੀ ਹੈ।
6. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ - ਇਸ ਹਸਪਤਾਲ ਵਿਚ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਥੇ ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ 'ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।
7. ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ - ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਲਈ ਯੋਗ ਰਿਹਾਇਸ਼, ਲੋੜੀਂਦੇ ਵਸਤਰ ਅਤੇ ਲੰਗਰ ਦਾ ਪ੍ਰਬੰਧ ਹੈ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫ਼ਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।**

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 year | Rs. 750/750 | |
| 5 Year | Rs. 1200/1220 | |
| life | Rs. 3000/3020 | |

**Foreign Membership**

| | Annual | Life |
|---|---|---|
| U.S.A. | 60 US$ | 600 US$ |
| U.K. | 40 $ | 400 $ |
| Europe | 50 Euro | 500 Euro |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Nameਅਤੇ ਪਤਾ/Address..............................................................................................................

..............................................................................................................................................

......................................Pin Code...................Phone/Mobile No.......................................... E-mail :..................................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ...........................ਮਿਤੀ.............................ਰਾਹੀਂ ਭੇਜ ਰਿਹਾ ਹਾਂ।

ਦਸਖਤ..................................



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਗੁਰੂ ਨਾਨਕ ਪਾਤਸ਼ਾਹ ਦਾ ਧਰਮ ਦਾ ਪੰਥ ਜਿਸਨੂੰ ਗੁਰੂ ਅੰਗਦ ਪਾਤਸ਼ਾਹ ਜੀ ਨੇ ਸੰਭਾਲਿਆ, ਫੇਰ ਅੱਠੇ ਪਾਤਸ਼ਾਹੀਆਂ ਸੰਭਾਲਦੀਆਂ ਰਹੀਆਂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਬਖਸ਼ ਕੇ ਗੁਰਮੁਖਾਂ ਦੇ ਜ਼ਿੰਮੇ ਇਸ ਪੰਥ ਨੂੰ ਫੈਲਦੇ ਰੱਖਣ ਦੀ ਜ਼ਿੰਮੇਵਾਰੀ ਲਾਈ ਗਈ। ਸਾਡੇ ਉਤੇ ਬੜਾ ਵਿਸ਼ਵਾਸ਼ ਕੀਤਾ, ਅਸੀਂ ਸਮੇਂ ਦੀ ਲਿਹਾਜ਼ ਨਾਲ ਚੋਣ ਪ੍ਰਣਾਲੀ ਨੂੰ ਅਪਣਾਇਆ ਜੋ ਅੱਜ ਤਕ ਕਦੇ ਵੀ ਅਤੇ ਕਿਤੇ ਵੀ ਸੁਚੱਜੇ ਹੱਥਾਂ ਵਿਚ ਨਹੀਂ ਆਈ। ਰੌਲਾ-ਰੱਪਾ ਪਾਉਣ ਵਾਲੇ ਪਦਵੀਆਂ ਦੇ ਚਾਹਵਾਨ ਜਿਨ੍ਹਾਂ ਨੂੰ ਰੂਹਾਨੀਅਤ ਦਾ 'ਓ ਅ' ਵੀ ਨਹੀਂ ਆਉਂਦਾ, ਉਹ ਗੁਰਦਵਾਰਿਆਂ ਦੇ ਪ੍ਰਬੰਧ ਵਿਚ ਆ ਕੇ ਰੂਹਾਨੀ ਸਿਧਾਂਤਾਂ ਨੂੰ ਕਮਾਉਣ ਵਲ ਕੋਈ ਵੀ ਧਿਆਨ ਨਹੀਂ ਦੇ ਰਹੇ ਜਿਸਦੇ ਫਲਸਰੂਪ ਬਾਵਜੂਦ ਇਸ ਦੇ ਕਿ ਗੁਰੂ ਗ੍ਰੰਥ ਸਾਹਿਬ ਸਰਵੋਤਮ ਹਨ, ਅਸੀਂ ਨਿਘਾਰ ਵਲ ਹੀ ਜਾ ਰਹੇ ਹਾਂ। ਇਹ 'ਬਾਤ ਅਗੰਮ ਕੀ' ਪੁਸਤਕ ਇਕ ਛੋਟਾ ਜਿਹਾ ਯਤਨ ਹੈ ਜਿਸ ਨੂੰ ਵਾਚ ਕੇ, ਅਮਲ ਕਰਕੇ ਜਗਿਆਸੂਆਂ ਨੂੰ ਕੋਈ ਸੇਧ ਮਿਲਣ ਦੀ ਉਮੀਦ ਹੋ ਸਕਦੀ ਹੈ।



ਸੰਤ ਮਾਤਾ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ